☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਤੀਜਾ ਭਾਗ









http://nehklankharshabad.com/

## ਤਤਕਰਾ


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੦੫ ਜੇਠ ੨੦੧੦ ਬਿਕ੍ਰਮੀ | | ਜੇਠੂਵਾਲ | ਅੰਮ੍ਰਿਤਸਰ | ੦੦੧ |
| ੦੬ ਜੇਠ ੨੦੧੦ ਬਿਕ੍ਰਮੀ | | ਜੇਠੂਵਾਲ | ਅੰਮ੍ਰਿਤਸਰ | ੦੩੭ |
| ੦੬ ਜੇਠ ੨੦੧੦ ਬਿਕ੍ਰਮੀ | ਠਾਕਰ ਸਿੰਘ ਦੇ ਚੰਦੋਆ ਭੇਟ ਕਰਨ ਸਮੇਂ | ਜੇਠੂਵਾਲ | | ੦੪੫ |
| ੦੭ ਜੇਠ ੨੦੧੦ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੦੪੯ |
| ੦੭ ਜੇਠ ੨੦੧੦ ਬਿਕ੍ਰਮੀ | ਜੀਵਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੦੫੭ |
| ੦੮ ਜੇਠ ੨੦੧੦ ਬਿਕ੍ਰਮੀ | ਇੰਦਰ ਸਿੰਘ ਦੇ ਗ੍ਰਿਹਿ | ਝਬਾਲ | ਅੰਮ੍ਰਿਤਸਰ | ੦੭੧ |
| ੦੯ ਜੇਠ ੨੦੧੦ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਿਹਿ | ਗਗੋਬੂਆ | ਅੰਮ੍ਰਿਤਸਰ | ੦੮੧ |
| ੦੯ ਜੇਠ ੨੦੧੦ ਬਿਕ੍ਰਮੀ | ਤੇਜਾ ਸਿੰਘ ਦੇ ਗ੍ਰਿਹਿ | ਭੁਚਰ | ਅੰਮ੍ਰਿਤਸਰ | ੦੮੭ |
| ੧੨ ਜੇਠ ੨੦੧੦ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੧੦੪ |
| ੧੩ ਜੇਠ ੨੦੧੦ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੧੨੭ |
| ੧੩ ਜੇਠ ੨੦੧੦ ਬਿਕ੍ਰਮੀ | ਮਾਸਟਰ ਸੋਹਣ ਸਿੰਘ ਦੇ ਗ੍ਰਿਹਿ | ਰਾਮਪੁਰ | ਅੰਮ੍ਰਿਤਸਰ | ੧੭੩ |
| ੧੪ ਜੇਠ ੨੦੧੦ ਬਿਕ੍ਰਮੀ | ਬੀਬੀ ਸਵਰਨ ਕੌਰ ਦੇ ਅੰਤ ਸਮੇਂ ਵਾਸਤੇ | ਜਲਾਲਾਬਾਦ | ਅੰਮ੍ਰਿਤਸਰ | ੧੮੪ |
| ੧੪ ਜੇਠ ੨੦੧੦ ਬਿਕ੍ਰਮੀ | ਮਾਸਟਰ ਸੋਹਣ ਸਿੰਘ | ਰਾਮਪੁਰ | ਅੰਮ੍ਰਿਤਸਰ | ੧੮੫ |
| ੧੪ ਜੇਠ ੨੦੧੦ ਬਿਕ੍ਰਮੀ | ਮੱਸਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੧੮੯ |
| ੧੫ ਜੇਠ ੨੦੧੦ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੨੦੩ |
| ੧੬ ਜੇਠ ੨੦੧੦ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੨੧੧ |
| ੧੭ ਜੇਠ ੨੦੧੦ ਬਿਕ੍ਰਮੀ | ਮਾਈ ਦੇ ਗ੍ਰਿਹਿ | ਤਰਨ ਤਾਰਨ | ਅੰਮ੍ਰਿਤਸਰ | ੨੨੧ |
| ੧੭ ਜੇਠ ੨੦੧੦ ਬਿਕ੍ਰਮੀ | ਆਤਮਾ ਸਿੰਘ ਦੇ ਗ੍ਰਿਹਿ | ਪੱਟੀ | ਅੰਮ੍ਰਿਤਸਰ | ੨੨੪ |
| ੧੭ ਜੇਠ ੨੦੧੦ ਬਿਕ੍ਰਮੀ | ਗੁਰਮੇਜ ਸਿੰਘ ਦੇ ਗ੍ਰਿਹਿ | ਪੱਟੀ | ਅੰਮ੍ਰਿਤਸਰ | ੨੨੬ |
| ੨੪ ਜੇਠ ੨੦੧੦ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੩੩ |





| | | | |
|---|---|---|---|
| ੨੬ ਜੇਠ ੨੦੧੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੩੭ |
| ੨੮ ਜੇਠ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੩੮ |
| ੩੦ ਜੇਠ ੨੦੧੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੪੫ |
| ੦੪ ਹਾੜ ੨੦੧੦ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੨੫੦ |
| ੦੪ ਹਾੜ ੨੦੧੦ ਬਿਕ੍ਰਮੀ ਧਰਮਬੀਰ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੨੫੫ |
| ੦੬ ਹਾੜ ੨੦੧੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੫੭ |
| ੦੬ ਹਾੜ ੨੦੧੦ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਟਾਂਗਰਾ | ਅੰਮ੍ਰਿਤਸਰ | ੨੫੯ |
| ੦੭ ਮੱਘਰ ੨੦੧੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੬੩ |
| ੧੧ ਮੱਘਰ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੬੯ |
| ੧੨ ਮੱਘਰ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੨੭੨ |
| ੧੩ ਮੱਘਰ ੨੦੧੦ ਬਿਕ੍ਰਮੀ ਮਨਜੀਤ ਸਿੰਘ ਨਵਿਤ | ਜੇਠੂਵਾਲ | ਅੰਮ੍ਰਿਤਸਰ | ੨੭੫ |
| ੧੪ ਮੱਘਰ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੨੯੨ |
| ੧੫ ਮੱਘਰ ੨੦੧੦ ਬਿਕ੍ਰਮੀ ਮਨਜੀਤ ਸਿੰਘ ਦੀ ਦੇਹ ਛਡਾਉਣ ਨਵਿਤ ਜੇਠੂਵਾਲ | | | ੩੨੩ |
| ੧੬ ਮੱਘਰ ੨੦੧੦ ਬਿਕ੍ਰਮੀ ਮਨਜੀਤ ਸਿੰਘ ਦੇ ਅੰਤਮ ਸੰਸਕਾਰ ਨਵਿਤ ਜੇਠੂਵਾਲ | | | ੩੨੯ |
| ੧੭ ਮੱਘਰ ੨੦੧੦ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੩੪੯ |
| ਪਹਿਲੀ ਮਾਘ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੩੮੧ |
| ੨-੩ ਮਾਘ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹਿ | ਬੁੱਗੇ | ਅੰਮ੍ਰਿਤਸਰ | ੪੩੫ |
| ੦੩ ਮਾਘ ੨੦੧੦ ਬਿਕ੍ਰਮੀ ਘਰ ਤੋਂ ਬਾਹਰ ਖੇਤ ਵਿਚ | ਬੁੱਗੇ | ਅੰਮ੍ਰਿਤਸਰ | ੪੪੬ |
| ੦੪ ਮਾਘ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਤੇ ਡਾ ਪਾਲ ਸਿੰਘ ਦੇ ਪਿਛਲੇ ਜਨਮ ਨਵਿਤ | ਭਲਾਈਪੁਰ | ਅੰਮ੍ਰਿਤਸਰ | ੪੬੬ |
| ੦੫ ਮਾਘ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ | ਜੇਠੂਵਾਲ | ਅੰਮ੍ਰਿਤਸਰ | ੪੬੭ |
| ੦੬ ਮਾਘ ੨੦੧੦ ਬਿਕ੍ਰਮੀ ਅਮਰਜੀਤ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੪੭੩ |











3
੦੩







ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।



## ❊ ਪੰਚਮ ਜੇਠ ੨੦੧੦ ਬਿਕ੍ਰਮੀ ਪਿੰਡ ਜੇਠੂਵਾਲ ਵਿਹਾਰ ਹੋਇਆ ❊

੧ ੦੩

ਓਅੰ ਏਕ ਏਕ ਕਰਤਾਰਾ । ਜੋਤ ਸਰੂਪੀ ਰੂਪ ਅਪਾਰਾ । ਵਡ ਵਡ ਭੂਪੀ ਤੀਨ ਲੋਕ ਸਿਕਦਾਰਾ । ਬਿਨ ਰੰਗ ਰੂਪੀ ਏਕਾ ਜੋਤ ਕਰੇ ਪਸਾਰਾ । ਸਾਚਾ ਹਰਿ ਹਰਿ ਸਤਿ ਸਰੂਪੀ ਜਨ ਭਗਤਾਂ ਦੇਵੇ ਨਾਮ ਸਹਾਰਾ । ਕਲਜੁਗ ਅੰਧੇਰ ਸ੍ਰਿਸ਼ਟ ਸਬਾਈ ਅੰਧ ਕੂਪੀ, ਬਿਨ ਗੁਰ ਪੂਰੇ ਕੋਇ ਨਾ ਲਾਵੇ ਪਾਰਾ । ਜੂਠੇ ਝੂਠੇ ਲਾਇਣ ਚਰਨ ਭਬੂਤੀ, ਜਿਨ ਹਰਿ ਮਿਲਿਆ ਨੈਣ ਮੁਧਾਰਾ । ਬੇਮੁਖ ਦਰ ਘਰ ਸਾਚੇ ਲਾਇਣ ਲੂਤੀ, ਆਤਮ ਹੋਈ ਸਰਬ ਹੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਧਰ ਨਿਹਕਲੰਕ ਜੋਤ ਸਰੂਪੀ ਲਿਆ ਅਵਤਾਰਾ । ਤੀਨ ਲੋਕ ਹਰਿ ਆਪੇ ਸਾਜੇ । ਕਰ ਕਿਰਪਾ ਹਰਿ ਗਰੀਬ ਨਿਵਾਜੇ । ਆਪ ਉਪਾਏ ਆਪ ਬਣਾਏ ਆਪ ਸੁਹਾਏ ਵਡ ਰਾਜਨ ਰਾਜੇ । ਪ੍ਰਗਟ ਜੋਤ ਨਿਹਕਲੰਕ ਵਿਚ ਕਲ ਆਇਆ ਦੇਸ ਮਾਝੇ । ਸਾਚਾ ਸ਼ਬਦ ਵਜਾਏ ਡੰਕ, ਸੋਹੰ ਸ਼ਬਦ ਚੜ੍ਹਾਏ ਸੱਚੇ ਤਾਜੇ । ਇਕ ਕਰਾਏ ਰਾਉ ਰੰਕ, ਚਰਨੀ ਡਿਗਣ ਰਾਜਨ ਰਾਜੇ । ਲਿਖਤ ਲੇਖ ਹਰਿ ਆਪ ਲਿਖਾਏ, ਪ੍ਰਗਟ ਹੋ ਵਿਚ ਮਾਝੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ੍ਰਿਸ਼ਟ ਸਬਾਈ ਸਾਜਨ ਸਾਜੇ । ਸਾਜਨ ਸਾਜ ਆਪ ਅਖਵਾਏ । ਸੋਹੰ ਸਾਚੀ ਆਵਾਜ਼ ਗੁਰਸਿਖਾਂ ਕੰਨ ਸੁਣਾਏ । ਆਤਮ ਜਾਏ ਮੰਨ, ਧੰਨ ਧੰਨ ਧੰਨ ਜਣੇਂਦੀ ਮਾਏ । ਹਰਿਆ ਹੋਏ ਮਨ ਤਨ, ਜੋ ਜਨ ਸਰਨਾਈ ਆਏ । ਧਰਮ ਰਾਏ ਨਾ ਲਾਏ ਡੰਨ, ਜੋ ਜਨ ਰਹੇ ਸੇਵ ਕਮਾਏ । ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ, ਵੇਲੇ ਅੰਤ ਹੋਏ ਸਹਾਏ । ਆਪ ਉਠਾਏ ਆਪਣੇ ਜਨ, ਕਰ ਕਿਰਪਾ ਪਾਰ ਲੰਘਾਏ । ਗੁਰਮੁਖ ਸਾਚੇ ਪਾਰ ਕਰਾਏ, ਆਪ ਕਢਾਏ ਆਤਮ ਜਨ । ਸਤਿਜੁਗ ਚੜ੍ਹਾਏ ਸਾਚੇ ਚੰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਜਨ ਸਰਨ ਲਗਾਏ । ਕਿਰਪਾ ਕਰੇ ਆਪ ਗਿਰਧਾਰਾ । ਗੁਰਸਿਖਾਂ ਹਰਿ ਕਰਮ ਵਿਚਾਰਾ । ਮਾਨਸ ਜਨਮ ਵਿਚ ਕਲ ਸੁਧਾਰਾ । ਮਿਟਾਏ ਭਰਮ ਮਿਲਿਆ ਹਰਿ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਅੰਤ ਜੁਗਾਂ ਜੁਗੰਤ ਏਕਾ ਜੋਤ ਨਿਰੰਜਣ ਨਰ ਨਰਾਇਣ ਆਵੇ ਜਾਵੇ ਵਾਰੋ ਵਾਰਾ । ਆਵੇ ਜਾਵੇ ਵਾਰੋ ਵਾਰ । ਜਾਮਾ ਧਾਰੇ ਵਿਚ ਸੰਸਾਰ । ਕਰੇ ਖੇਲ ਅਪਰ ਅਪਾਰ । ਨਾ ਕੋਈ ਜਾਣੇ ਜੀਵ ਗਵਾਰ । ਗੁਰਮੁਖ ਪੂਰੇ ਕਰਨ ਚਰਨ ਪਿਆਰ । ਜਿਸ ਜਨ ਬਖ਼ਸ਼ੇ ਹਰਿ ਸਾਚਾ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤਲੋਕ ਸਚ ਸਚ ਲਾਏ ਦਰਬਾਰ । ਸਾਚਾ ਦਰ ਸੱਚਾ ਦਰਬਾਰੀ । ਪ੍ਰਗਟ ਜੋਤ ਰਾਮ

ਅਵਤਾਰੀ । ਘਨਈਆ ਕ੍ਰਿਸ਼ਨਾ ਨੈਣ ਮੁਧਾਰੀ । ਅਚਰਜ ਖੇਲ ਕਰੇ ਹਰਿ ਹਰਿ ਬਨਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤੀ ਜੋਤ ਸਰੂਪ ਅਚਰਜ ਵਰਤੇ ਵਿਚ ਸੰਸਾਰੀ । ਅਚਰਜ ਖੇਲ ਕੀਆ ਹਰਿ ਸਰਬੱਗ । ਗੁਰਮੁਖ ਸਾਚੇ ਹਰਿ ਚਰਨੀ ਗਏ ਲੱਗ । ਆਪ ਬੁਝਾਏ ਆਤਮ ਤ੍ਰਿਸ਼ਨਾ ਅੱਗ । ਦਰ ਆਏ ਹਰਿ ਮਾਣ ਦਵਾਏ ਹੰਸ ਬਣਾਏ ਕਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਸ਼ਬਦ ਮੁਖ ਲਗਾਏ ਸਾਚਾ ਸਗ । ਮੁਖ ਲਗਾਏ ਸ਼ਬਦ ਸਗਨ । ਗੁਰਸਿਖ ਰਹੇ ਸਦਾ ਮਗਨ । ਸਾਚੀ ਦੇਵੇ ਚਰਨ ਲਗਨ । ਆਪ ਬਿਠਾਏ ਵਿਚ ਗਗਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖ ਸਾਚੇ ਦੀਪਕ ਵਿਚ ਮਾਤ ਜਗਣ । ਆਪਣਾ ਬਿਰਦ ਰਖਾਏ ਆਪ । ਏਕਾ ਸੋਹੰ ਜਪਾਏ ਜਾਪ । ਕੋਟਨ ਕੋਟ ਉਤਾਰੇ ਪਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਆਪ ਮਿਟਾਏ ਤੀਨੋ ਤਾਪ । ਸੰਤ ਜਨਾਂ ਹਰਿ ਦੇ ਵਡਿਆਈ । ਤ੍ਰਿਸ਼ਨਾ ਅਗਨ ਤਨ ਰਹਿਣ ਨਾ ਪਾਈ । ਬੇਮੁਖਾਂ ਆਤਮ ਲਗਨ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤਮ ਅੰਤ ਕਲ ਸਾਚੀ ਜੋਤ ਮਾਤ ਪ੍ਰਗਟਾਈ । ਜੋਤ ਸਰੂਪੀ ਜਾਮਾ ਧਾਰ । ਮਾਤਲੋਕ ਅਵਤਾਰ ਨਰ । ਜਨ ਭਗਤਾਂ ਚੁਕਾਏ ਝੂਠਾ ਡਰ । ਏਕ ਦਿਸਾਏ ਸਾਚਾ ਘਰ । ਜਿਥੇ ਵਸੇ ਨਰਾਇਣ ਨਰ । ਗੁਰਮੁਖ ਸਾਚੇ ਦਰਸ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਸ਼ਾਂਤ ਕਰਾਏ ਅੰਮ੍ਰਿਤ ਮੇਘ ਬਰਸ ਕਰ । ਸੰਤ ਜਨਾਂ ਹਰਿ ਸੰਗ ਸੁਹੇਲਾ । ਆਪ ਕਰਾਇਆ ਸਾਚਾ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਸਾਚਾ ਸ਼ਬਦ ਗੁਰਮੁਖ ਲਗਾਏ ਫਲ ਕੇਲਾ । ਅੰਮ੍ਰਿਤ ਫਲ ਪ੍ਰਭ ਦਰ ਖਾਓ । ਆਪ ਆਪਣੀ ਬੂਝ ਬੁਝਾਓ । ਦਰ ਘਰ ਸਾਚੇ ਏਕਾ ਏਕ ਧਿਆਨ ਲਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਦਰਸ ਆਤਮ ਭੇਵ ਗੁਝ ਖੁਲਾਓ । ਦੇਵੇ ਦਰਸ ਧੀਰਜ ਜਤ । ਬੀਜ ਸੋਹੰ ਬੀਜ ਆਤਮ ਸਾਚੇ ਵਤ । ਆਪੇ ਦੇ ਸਮਝਾਵੇ ਮਤ । ਸਾਚਾ ਨਾਮ ਰਸਨਾ ਚਰਖਾ ਲੈਣਾ ਕੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਜਾਣੇ ਆਪੇ ਮਿਤ ਗਤ । ਸਾਚਾ ਦਾਨ ਹਰਿ ਸਾਚੇ ਦੀਆ । ਆਤਮ ਜੋਤ ਜਗਾਇਆ ਦੀਆ । ਆਪ ਆਪਣਾ ਕੀਆ ਹੀਆ । ਸਤਿਜੁਗ ਰਖਾਏ ਸਾਚੀ ਨੀਆ । ਗੁਰਮੁਖ ਸਾਚੇ ਸੰਤ ਜਨ ਦਰ ਘਰ ਸਾਚੇ ਲੈਣ ਪੂਰਬ ਜਨਮ ਜੋ ਬੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਏਕਾ ਪੀਆ । ਗੁਰ ਗੋਬਿੰਦ ਲੇਖ ਲਿਖਾਰਾ । ਲਿਖਿਆ ਲੇਖ ਅਪਰ ਅਪਾਰਾ । ਦੇਵੇ ਸ਼ਬਦ ਅਗੰਮ ਅਪਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਕਰੇ ਕਰਾਵੇ ਹਰਿ ਕਰਨੇਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਏਕ ਏਕੰਕਾਰਾ । ਗੁਰ ਗੋਬਿੰਦ ਲਿਖਾਏ ਲਿਖਤ । ਪ੍ਰਭ ਅਬਿਨਾਸ਼ੀ ਪੂਰ ਕਰਾਏ ਇਛਤ । ਆਪ ਹੋਏ ਸਰਬ ਰਿਛਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਪਾਏ ਗੁਰਸਿਖਾਂ ਆਤਮ ਝੋਲੀ ਭਿਛਤ । ਗੁਰ ਪੂਰੇ ਤੇਰੇ ਹੱਥ ਵਡਿਆਈ । ਦੁੱਖ ਰੋਗ ਦਰ ਦੇ ਗਵਾਈ । ਆਤਮ ਦੁੱਖ ਰਹੇ ਨਾ ਰਾਈ । ਉਪਜੇ ਸੁਖ ਰਸਨਾ ਹਰਿ ਹਰਿ ਹਰਿ ਜਸ ਗਾਈ । ਉਤਰੇ ਭੁੱਖ ਜੋਤ ਸਰੂਪੀ ਹਰਿ ਦਰਸ਼ਨ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਆਪ ਵਡਿਆਈ । ਦੁੱਖ ਰੋਗ ਦੂਰ ਜਾਏ ਨੱਸ । ਸੋਹੰ ਸ਼ਬਦ ਤੀਰ ਚਲਾਇਆ ਕਸ । ਅੰਮ੍ਰਿਤ ਮੇਘ ਘਰ ਸਾਚੇ ਸਾਚਾ ਰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਚ ਸੰਦੇਸ਼ ਜਗਤ ਰਿਹਾ ਦੱਸ । ਸਚ ਸੰਦੇਸ਼ ਜਗਤ ਗੁਰ ਦੇਵੇ । ਗੁਰਮੁਖ ਵਿਰਲਾ ਦਰ ਲੇਵੇ ਸੋਹੰ ਸਾਚੇ

ਮੇਵੇ ਦੇਵੇ ਹਰਿ ਅਲਖ ਅਭੇਵੇ । ਦਿਵਸ ਰੈਣ ਰੈਣ ਦਿਵਸ ਜਨ ਜਪਿਆ ਜੇਹਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਪੂਰ ਕਰਾਏ ਸੇਵੇ । ਦਰ ਦਵਾਰੇ ਆਇਣ ਸਿੱਖ । ਪ੍ਰਭ ਦਰ ਮੰਗਣ ਸਾਚੀ ਭਿਖ । ਦੇਵੇ ਵਡਿਆਈ ਵਿਚ ਮੁਨ ਰਿਖ । ਸਾਚੇ ਲੇਖ ਪ੍ਰਭ ਦੇਵੇ ਲਿਖ । ਆਤਮ ਉਤਾਰੇ ਤ੍ਰਿਸ਼ਨਾ ਤ੍ਰਿਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਦੇਵੇ ਸਾਚੀ ਭਿੱਖ । ਮੰਗੇ ਦਰ ਸਚ ਦਰਬਾਰਾ । ਦੇਵਣਹਾਰ ਇਕ ਦਾਤਾਰਾ । ਜੋਤ ਸਰੂਪੀ ਹਰਿ ਵਰਤਾਰਾ । ਭਰੇ ਰਹਿਣ ਦਰ ਸਦ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਦੇਵੇ ਚਰਨ ਪਿਆਰਾ । ਆਏ ਦਰ ਚਰਨ ਪ੍ਰਵਾਨ । ਧੁਰ ਦਰਗਾਹੇ ਸਾਚਾ ਮਾਨ । ਮਿਲਿਆ ਹਰਿ ਬਲੀ ਬਲਵਾਨ । ਗੁਰਮੁਖ ਸਾਚੇ ਸਚ ਦਰ ਪ੍ਰਵਾਨ । ਅੰਮ੍ਰਿਤ ਮੇਘ ਬਰਸੇ ਸਾਵਣ, ਆਤਮ ਜੋਤ ਦੀਪ ਜਗਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜੋਤ ਸਰੂਪੀ ਵਿਸ਼ਨੂੰ ਭਗਵਾਨ । ਵਿਸ਼ਨੂੰ ਭਗਵਾਨਿਆਂ ਪਹਿਰਿਆ ਜਾਮਿਆਂ । ਸੋਹੰ ਦੇਵੇ ਨਾਮ ਨਿਧਾਨਿਆਂ । ਗੁਰਮੁਖਾਂ ਆਤਮ ਉਪਜਾਵੇ ਬ੍ਰਹਮ ਗਿਆਨਿਆਂ । ਵੱਜੇ ਤੀਰ ਸੋਹੰ ਆਤਮ ਬਜ਼ਰ ਕਪਾਟੀ ਆਪ ਖੁਲ੍ਹਾਨਿਆਂ । ਦਰ ਆਇਆਂ ਦੇਵੇ ਮਾਣ ਨਿਮਾਣਿਆਂ । ਅੰਮ੍ਰਿਤ ਸਾਚਾ ਸੀਰ ਪਿਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਕਰ ਵਡ ਮਿਹਰਵਾਨਿਆਂ । ਸਾਚਾ ਦਰ ਇਕ ਜਗਦੀਸ਼ । ਸੋਹੰ ਛਤਰ ਝੁਲਾਏ ਸੀਸ । ਵੇਲੇ ਅੰਤ ਕਾਲ ਕਲ ਸ੍ਰਿਸ਼ਟ ਸਬਾਈ ਜਾਏ ਪੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖ ਵਡਿਆਏ, ਕੋਇ ਨਾ ਕਰੇ ਗੁਰਸਿਖ ਤੇਰੀ ਰੀਸ । ਪ੍ਰਭ ਅਬਿਨਾਸ਼ੀ ਅਛਲ ਅਛੇਦਾ । ਭੇਵ ਨਾ ਪਾਇਣ ਚਾਰੇ ਵੇਦਾ । ਨਾ ਮਿਲੇ ਹਰਿ ਵਿਚ ਕਤੇਬਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਅਭੇਦ ਅਭੇਦਾ । ਆਪ ਅਭੇਦ ਸਦਾ ਅਭੇਵ । ਭੇਵ ਨਾ ਪਾਇਣ ਦੇਵੀ ਦੇਵ । ਸੁਰਪਤ ਰਾਜਾ ਇੰਦ ਮੰਗੇ ਦਰ ਸੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤੀ ਜੋਤ ਸਰੂਪ ਗੁਰਸਿਖਾਂ ਸੋਹੰ ਨਾਮ ਜਪਾਵੇ ਜਿਹਵ । ਗੁਰਮੁਖ ਮੰਗੇ ਸਚ ਦਵਾਰ । ਪ੍ਰਭ ਅਬਿਨਾਸ਼ੀ ਦੇਵੇ ਤਾਰ । ਸਰਬ ਘਟ ਵਾਸੀ ਪਾਵੇ ਸਾਰ । ਕਰੇ ਬੰਦ ਖੁਲਾਸੀ ਲੱਖ ਚੁਰਾਸੀ ਗੇੜ ਨਿਵਾਰ । ਜੋ ਜਨ ਹੋਏ ਮਦਿਰਾ ਮਾਸੀ, ਦਰ ਦਰ ਹੋਇਣ ਖਵਾਰ । ਸ੍ਰਿਸ਼ਟ ਸਬਾਈ ਅੰਤ ਨਿਵਾਸੀ, ਬੇਮੁਖ ਹੋਏ ਦੁਸ਼ਟ ਦੁਰਾਚਾਰ । ਗੁਰਮੁਖ ਸਾਚੇ ਮਾਨਸ ਜਨਮ ਹੋਏ ਰਹਿਰਾਸੀ, ਗੁਰ ਚਰਨ ਕਰ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਿਚ ਮਾਤ ਲਿਆ ਅਵਤਾਰ । ਗੁਰਮੁਖ ਸਾਚੇ ਸਚ ਢੰਡੋਰਾ । ਪ੍ਰਭ ਅਬਿਨਾਸ਼ੀ ਜੋਤ ਜਗਾਏ ਵਿਚ ਮਾਤ ਅੰਧ ਘੋਰਾ । ਚਾਰ ਵਰਨ ਪ੍ਰਭ ਭੇਵ ਚੁਕਾਏ ਤੋਰਾ ਮੋਰਾ । ਸੋਹੰ ਸਾਚਾ ਸ਼ਬਦ ਚਲਾਏ ਜੋਤ ਸਰੂਪੀ ਸਾਚਾ ਘੋੜਾ । ਚਾਰ ਵਰਨ ਹਰਿ ਰਸਨਾ ਗਾਏ, ਨਿਹਕਲੰਕ ਤੇਰੇ ਚਰਨ ਆਏ ਦੌੜਾ । ਧੰਨ ਧੰਨ ਧੰਨ ਜਣੇਂਦੀ ਮਾਏ, ਪ੍ਰਭ ਦਰਸ਼ਨ ਜਿਸ ਜਨ ਲੋੜਾ । ਮਾਤ ਗਰਭ ਫਿਰ ਨਾ ਆਏ, ਆਪ ਕਟਾਏ ਚੁਰਾਸੀ ਗੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪ੍ਰਗਟਾਏ, ਗੁਰਸਿਖਾਂ ਵਸਾਏ ਤੇਰੀ ਕਾਇਆ ਨਗਰ ਖੇੜਾ । ਗੁਰਮੁਖ ਸਾਚੇ ਸਚ ਰੰਗ ਮਾਣ । ਆਪਣਾ ਮੂਲ ਆਪ ਪਛਾਣ । ਕਲਜੁਗ ਜੀਵ ਨਾ ਭੁੱਲ ਅੰਞਾਣ । ਵੇਲੇ ਅੰਤ ਆਵੇ ਹਾਣ । ਸੋਹੰ ਵੱਜੇ ਆਤਮ ਬਾਣ । ਸ੍ਰਿਸ਼ਟ ਸਬਾਈ ਸੁੰਞ ਮਸਾਣ । ਮਾਇਆਧਾਰੀ ਹੋਏ ਨਾਦਾਨ । ਆਤਮ ਨਾ ਵਸਿਆ ਹਰਿ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰੇ ਜੋਤ ਬਲੀ ਬਲਵਾਨ । ਗੁਰਮੁਖ ਸਾਚੇ ਸਚ ਰੰਗ ਵੇਖ । ਪ੍ਰਭ ਅਬਿਨਾਸ਼ੀ ਕੀਆ ਭੇਖ । ਸ੍ਰਿਸ਼ਟ ਸਬਾਈ ਲਿਖਾਏ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ

ਜੋਤ ਪ੍ਰਗਟਾਏ ਮੇਟ ਮਿਟਾਏ ਔਲੀਏ ਸ਼ੇਖ਼ । ਗੁਰਮੁਖ ਸਾਚੇ ਸਚ ਘਰ ਵਾਸ । ਸਚਖੰਡ ਨਿਵਾਸੀ ਵਿਚ ਆਤਮ ਰੱਖੇ ਵਾਸ । ਬੈਕੁੰਠ ਨਿਵਾਸੀ ਆਤਮ ਜੋਤ ਕਰੇ ਪ੍ਰਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਦਾਸ । ਦਰ ਘਰ ਅਇਆਂ ਦੇਵੇ ਮਾਣ । ਦਰਗਹਿ ਸਾਚੀ ਕਰ ਪ੍ਰਵਾਨ । ਆਪ ਤੁੜਾਏ ਆਤਮ ਜਿੰਦਾ ਕਿਰਪਾ ਕਰ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਸਾਚੇ ਮੰਗੋ ਇਕ ਭਗਵਾਨ । ਗੁਰਮੁਖ ਸਾਚੇ ਸਚ ਦਰ ਮੰਗ, ਮਾਨਸ ਜਨਮ ਨਾ ਹੋਏ ਭੰਗ । ਆਦਿ ਅੰਤ ਸਾਧ ਸੰਤ ਪ੍ਰਭ ਸਾਚਾ ਵਸੇ ਸੰਗ । ਦਿਵਸ ਰੈਣ ਰੈਣ ਦਿਵਸ ਚੜ੍ਹਾਏ ਏਕਾ ਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਦਾ ਸਹਾਈ ਵਸੇ ਅੰਗ ਸੰਗ । ਏਕਾ ਮੰਗੋ ਸਾਚਾ ਦਰ । ਕਲਜੁਗ ਅੰਤਮ ਜਾਓ ਤਰ । ਉਧਰੇ ਪਾਰ ਨਾਰੀ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਪੁਚਾਏ ਸਾਚੇ ਘਰ । ਧੁਰ ਦਰਗਾਹ ਸਚ ਟਿਕਾਣਾ । ਏਕਾ ਜੋਤ ਜਗੇ ਮਹਾਨਾ । ਜੋਤ ਸਰੂਪੀ ਇਕ ਭਗਵਾਨਾ । ਆਦਿ ਅੰਤ ਜੁਗਾ ਜੁਗੰਤ ਆਵੇ ਜਾਵੇ ਜੋਤ ਸਰੂਪੀ ਪਹਿਰਿਆ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਗੁਰਮੁਖ ਵਿਰਲੇ ਕਲ ਪਛਾਣਾ । ਕਲਜੁਗ ਆਇਆ ਸਤਿਜੁਗ ਲਾਇਆ । ਡੰਕ ਵਜਾਇਆ ਰਾਓ ਰੰਕ ਇਕ ਕਰਾਇਆ । ਦਰ ਆਇਆਂ ਸਭ ਸ਼ੰਕ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਸਰਬ ਜੀਆਂ ਹਰਿ ਜਾਣੇ ਅੰਤਰ । ਗੁਰਸਿਖ ਬਣਾਏ ਤੇਰੀ ਬਣਤਰ । ਦਵਾਏ ਮਾਣ ਜੁਗਾ ਜੁਗੰਤਰ । ਜਗਾਏ ਜੋਤ ਆਤਮ ਅੰਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਏ ਸਾਚਾ ਮੰਤਰ । ਗੁਰਸਿਖ ਤੇਰੀ ਬੁੱਧ ਬਬੇਕ । ਏਕਾ ਰੱਖ ਚਰਨ ਟੇਕ । ਕਲਜੁਗ ਮਾਇਆ ਨਾ ਲਾਗੇ ਸੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਜੋਤ ਜਗਾਏ ਏਕ । ਏਕਾ ਜੋਤੀ ਜਾਏ ਜਗ । ਕਲਜੁਗ ਬੁਝੇ ਤ੍ਰਿਸ਼ਨਾ ਅੱਗ । ਆਪ ਬਣਾਏ ਹੰਸ ਕੱਗ । ਗੁਰਮੁਖ ਸਾਚੇ ਪੰਚਮ ਜੇਠ ਸਿਰ ਤੇਰੇ ਬੰਧੇ ਹਰਿ ਪੱਗ । ਮਾਤਲੋਕ ਦੇਵੇ ਵਡਿਆਈ, ਦੇਵੇ ਵਧਾਈ ਸਾਰਾ ਜਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸਾਚਾ ਜੋ ਜਨ ਜਾਇਣ ਚਰਨੀਂ ਲੱਗ । ਕਿਰਪਾ ਕਰੇ ਆਪ ਨਿਰੰਕਾਰੇ । ਜਗੇ ਜੋਤ ਕਾਇਆ ਮਹਲ ਮੁਨਾਰੇ । ਆਪੇ ਖੋਲੇ ਗੁਰਸਿਖ ਤੇਰੇ ਬੰਦ ਦਵਾਰੇ । ਗੁਰਸਿਖ ਖੁਲ੍ਹੇ ਸੁੰਨ ਤੁੱਟੇ ਮੁਨ, ਰੰਗੇ ਰੰਗ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਭਰੇ ਤੇਰੇ ਭੰਡਾਰੇ । ਆਪ ਭੰਡਾਰੇ ਦੇਵੇ ਭਰ । ਗੁਰਮੁਖਾਂ ਕਿਰਪਾ ਦੇਵੇ ਕਰ । ਆਪ ਵਖਾਏ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਬੈਠਾ ਵੇਖੇ ਹਰਿ । ਭਿੰਨੀ ਰੈਨੜੀਏ ਤੂੰ ਸਦ ਅਡੋਲ । ਗੁਰਸਿਖ ਸੋਹਣ ਗੁਰ ਚਰਨ ਕੋਲ । ਸਤਿਜੁਗ ਫੁਲਵਾੜੀ ਰਹੀ ਮਵਲ । ਆਪ ਉਲਟਾਏ ਗੁਰਸਿਖਾਂ ਨਾਭ ਕਵਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਉਪਰ ਧਵਲ । ਭਿੰਨੀ ਰੈਨੜੀਏ ਤੇਰੀ ਸਾਚੀ ਰੁੱਤ । ਗੁਰਸਿਖ ਬਣਾਏ ਪ੍ਰਭ ਸਾਚੇ ਸੁੱਤ । ਪ੍ਰਗਟੇ ਜੋਤ ਵਿਚ ਮਾਤ ਪਾਰਬ੍ਰਹਮ ਪਰਮੇਸ਼ਵਰ ਅਚੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਨਿਤ ਨਵਿਤ । ਭਿੰਨੀ ਰੈਨੜੀਏ ਰੰਗ ਸਾਚਾ ਜਾਨਣਾ । ਸਾਚਾ ਸੁੱਖ ਹਰਿ ਚਰਨ ਮਾਨਣਾ । ਸੋਹੰ ਦੇਵੇ ਪ੍ਰਭ ਸਾਚਾ ਦਾਨਣਾ । ਗੁਰਮੁਖਾਂ ਆਤਮ ਜੋਤ ਜਗਾਏ ਕੋਟਣ ਭਾਨਣਾ । ਜਗੇ ਜੋਤ ਅਗੰਮ ਅਪਾਰੇ, ਗੁਰਮੁਖ ਸਾਚੇ ਕਲਜੁਗ ਤਾਰੇ, ਪ੍ਰਗਟੇ ਜੋਤ ਕ੍ਰਿਸ਼ਨਾ ਕਾਹਨਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮਾਤ ਜੋਤ ਧਰੇ ਵਿਸ਼ਨੂੰ

ਭਗਵਾਨਣਾ । ਵਿਸ਼ਨੂੰ ਭਗਵਾਨ ਰੰਗ ਅਵਲੜਾ । ਏਕਾ ਏਕ ਸਦ ਵਸੇ ਅਕੱਲੜਾ । ਗੁਰਸਿਖਾਂ ਕਰੇ ਵਿਚ ਮਾਤ ਭਾਰਾ ਪੱਲੜਾ । ਬੇਮੁਖਾਂ
ਉਤਾਰੇ ਤਨ ਖਲੜਾ । ਸਾਚਾ ਨਾਮ ਗੁਰ ਸਾਚਾ ਦੇਵੇ, ਦੱਸੇ ਰਾਹ ਸੁਖਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਜਗਾਏ ਰਾਹ
ਦਿਸਾਏ ਸਤਿਜੁਗ ਸਦ ਅਵੱਲੜਾ । ਸਤਿਜੁਗ ਸਾਚਾ ਰਾਹ ਦਿਸਾਏ । ਏਕਾ ਰਾਹ ਏਕਾ ਥਾਂ ਏਕਾ ਮਾਂ ਧਰਤ ਮਾਤ ਬਣਾਏ । ਏਕਾ ਦਾਤ ਏਕਾ
ਬਾਤ ਏਕਾ ਰਾਤ ਏਕਾ ਨਾਤ ਗੁਰ ਸੰਗਤ ਬਣਾਏ । ਚਾਰ ਵਰਨ ਬਣਾਏ ਭੈਣ ਭਰਾਤ, ਸਾਚੀ ਦਾਤ ਪ੍ਰਭ ਭਿਛਿਆ ਪਾਏ । ਗੁਰਸਿਖਾਂ ਅੰਤਮ
ਪੁੱਛੇ ਬਾਤ, ਵੇਲੇ ਅੰਤ ਹੋਏ ਸਹਾਏ । ਆਤਮ ਵੇਖ ਵਿਚਾਰ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤੀ ਜੋਤ ਸਰੂਪ ਜੋਤ ਨਿਰੰਜਣ ਆਪਣੇ ਰੰਗ ਰੰਗਾਏ । ਰੰਗ ਰੰਗਾਏ ਨਰ ਨਰਾਇਣ । ਆਪਣਾ ਬਿਰਦ ਆਪ ਰਖਾਇਆ, ਗੁਰਸਿਖ ਬਣਾਏ
ਸਾਕ ਸੱਜਣ ਸੈਣ । ਪ੍ਰਭ ਦਰ ਸਾਚੇ ਗੁਰਮੁਖ ਵਿਰਲੇ ਲਹਿਣਾ ਸਾਚਾ ਲੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਪੈਣ ।
ਭਿੰਨੀ ਰੈਨੜੀਏ ਤੇਰਾ ਰਾਹ ਨਿਆਰਾ । ਸਾਚਾ ਸ਼ਬਦ ਹਰਿ ਵਰਤਾਰਾ । ਜਨ ਭਗਤਾਂ ਦੇਵੇ ਨਾਮ ਭੰਡਾਰਾ । ਦੇਵਣਹਾਰ ਇਕ ਦਾਤਾਰਾ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਇਣ ਚਰਨ ਦਵਾਰਾ । ਭਿੰਨੀ ਰੈਣ ਰੰਗ ਮਜੀਠ । ਗੁਰਮੁਖ ਸਾਚੇ ਪ੍ਰਭ ਨੇਤਰ ਡੀਠ । ਏਕਾ ਰੰਗ
ਚੜ੍ਹਾਏ ਆਤਮ ਮਜੀਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇਵੇ ਪੀਠ । ਭਿੰਨੀ ਰੈਨੜੀਏ ਤੈਨੂੰ ਮਿਲੇ ਵਧਾਈ । ਗੁਰਮੁਖ ਸਾਚੇ
ਸੰਤ ਜਨ ਹਰਿ ਲਏ ਮਿਲਾਈ । ਪ੍ਰਭ ਅਬਿਨਾਸ਼ੀ ਮਾਤ ਜੋਤ ਧਰ ਹਰਿ ਕਰੇ ਜਗਤ ਰੁਸ਼ਨਾਈ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੫ ੦੩
ਭਗਵਾਨ, ਤੇਰਾ ਬਣੇ ਸਾਚਾ ਮਿਤ ਸਖਾਈ । ਭਿੰਨੀ ਰੈਨੜੀਏ ਵੇਖ ਸਾਚਾ ਰੰਗ । ਪ੍ਰਭ ਅਬਿਨਾਸ਼ੀ ਗੁਰਸਿਖਾਂ ਵਸੇ ਅੰਗ ਸੰਗ । ਗੁਰਮੁਖ
ਸਾਚੇ ਪ੍ਰਭ ਦਰ ਆਏ ਮੰਗਣ ਸਾਚੀ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਦੇਵੇ ਸਾਚੀ ਗੰਗ । ਗੁਰਸਿਖ ਵੇਖ ਜਗਤ
ਵਿਹਾਰਾ । ਵਰਤੇ ਵਰਤਾਵੇ ਜੋ ਸੰਸਾਰਾ । ਤਰਨਹਾਰ ਗੁਰਸਿਖ ਪਿਆਰਾ । ਜਨਮ ਮਰਨ ਜਿਸ ਡਰਨ ਨਿਵਾਰਾ । ਸਚ ਧਾਮ ਗੁਰ ਚਰਨ ਪਿਆਰਾ ।
ਪੂਰਨ ਬ੍ਰਹਮ ਹਰਿ ਨਾਮ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਵੇ ਸਚ ਦਵਾਰਾ । ਸਾਚਾ ਘਰ ਜਿਥੇ ਵਸੇ ਸਾਚਾ
ਹਰਿ । ਖੁਲ੍ਹੇ ਰਹਿਣ ਸਦਾ ਦਰ । ਗੁਰਮੁਖ ਸਾਚੇ ਲਹਿਣਾ ਲੈਣ, ਪ੍ਰਭ ਅਬਿਨਾਸ਼ੀ ਦੇਵੇ ਵਰ । ਜੋ ਜਨ ਦਰਸ ਪੇਖੇ ਨੈਣ, ਜਮ ਕਾ ਭਓ
ਚੁੱਕੇ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਵਰ । ਸਚ ਵਰ ਪ੍ਰਭ ਸਾਚੇ ਦੀਆ । ਆਤਮ ਜੋਤ ਜਗਾਇਆ ਦੀਆ ।
ਸਚ ਬੀਜ ਪ੍ਰਭ ਸਾਚੇ ਬੀਆ । ਸਾਧ ਸੰਗਤ ਦਰ ਲੈਣ ਪੂਰਬ ਜਨਮ ਜੋ ਬੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਸਤਿਜੁਗ
ਨੀਆ । ਸਤਿਜੁਗ ਤੇਰੀ ਸਾਚੀ ਧਾਰ । ਏਕਾ ਵਰਤੇ ਵਿਚ ਸੰਸਾਰ । ਕੋਇ ਨਾ ਕਰੇ ਦੂਜਾ ਖਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰੇ ਕਰਾਵੇ ਆਪਣੀ ਕਾਰ । ਸਤਿਜੁਗ ਤ੍ਰੇਤਾ ਸਾਚਾ ਰਾਹ । ਲਿਖਤ ਲਿਖਾਏ ਬੇਪਰਵਾਹ । ਦੂਸਰ ਕੋਈ ਦਿਸੇ ਨਾ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਗੁਰਸਿਖਾਂ ਪਕੜੇ ਆਪੇ ਬਾਂਹ । ਸਤਿਜੁਗ ਤੇਰੀ ਸਤਿ ਵਡਿਆਈ । ਏਕਾ ਸ਼ਬਦ ਏਕਾ ਸੁਰਤ ਦੇਵੇ ਹਰਿ ਜੋਤ ਸਵਾਈ ।
ਅਕਾਲ ਮੂਰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੋਏ ਆਪ ਸਹਾਈ । ਸਤਿਜੁਗ ਸਤਿ ਸਤਿ ਕਰ ਮੰਨਣਾ । ਨਿਹਕਲੰਕ ਬੇੜਾ

ਅੰਤ ਬੰਨਣਾ । ਬੇਮੁਖ ਕਲਜੁਗ ਜੀਵ ਧਰਮ ਰਾਏ ਦਰ ਟੰਗਣਾ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਸਾਚਾ ਗੁਰਸਿਖ ਏਕਾ ਮੰਗਣਾ । ਗੁਰਸਿਖ ਆਏ ਸਾਚੇ ਘਰ । ਪ੍ਰਭ ਅਬਿਨਾਸ਼ੀ ਦੇਵੇ ਵਰ । ਆਪ ਚੁਕਾਏ ਜਮ ਕਾ ਡਰ । ਕਿਰਪਾ ਕਰ ਸਾਚਾ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਵਿਚ ਜਾਮਾ ਧਰ । ਜਾਮਾ ਧਰਿਆ ਨਰ ਅਵਤਾਰ । ਪਾਰਬ੍ਰਹਮ ਹਰਿ ਖੇਲ ਅਪਾਰ । ਪੂਰਬ ਕਰਮ ਗੁਰਸਿਖ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਖਾਏ ਸਚ ਦਰਬਾਰ । ਸਚ ਦਵਾਰ ਗੁਰਸਿਖ ਜਾਣ । ਜਿਥੇ ਵਸੇ ਹਰਿ ਭਗਵਾਨ । ਗੁਰਮੁਖ ਸਾਚੇ ਆਤਮ ਦੇਵੇ ਬ੍ਰਹਮ ਗਿਆਨ । ਸੋਹੰ ਦੇਵੇ ਸਾਚਾ ਦਾਨ । ਏਕਾ ਸ਼ਬਦ ਸੁਣਾਵੇ ਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਹਰਿ ਭਰਮ ਭਓ ਕਾਟੇ । ਸੋਹੰ ਸ਼ਬਦ ਵਿਕਾਏ ਸਾਚੇ ਹਾਟੇ । ਆਤਮ ਜੋਤ ਜਗਾਏ ਕਾਇਆ ਮਾਟੇ । ਏਕਾ ਜੋਤ ਤੇਰੇ ਵਿਚ ਜਗਾਏ ਲਲਾਟੇ । ਗੁਰਮੁਖ ਸਾਚਾ ਸੋਹੰ ਰਸਨਾ ਗਾਏ, ਰਸ ਸਾਚਾ ਚਾਟੇ । ਹਉਮੇ ਦੁਬਧਾ ਮੈਲ ਹਰਿ ਸਚ ਕਾਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਕਰਾਏ, ਸਤਿਜੁਗ ਨੇੜ ਲਿਆਏ ਵਾਟੇ । ਸਤਿਜੁਗ ਲਾਏ ਵਰਤੇ ਵਿਚ ਸੰਸਾਰ । ਗੁਰਮੁਖ ਸਾਚਾ ਪਾਵੇ ਸਾਰ । ਦਰ ਘਰ ਸਾਚੇ ਮਤ ਸਾਚੀ ਪਾਵੇ, ਨਾ ਹੋਏ ਕਦੇ ਖ਼ਵਾਰ । ਆਪ ਪਕੜ ਤਰਾਵੇ ਬਾਂਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ । ਭੇਖ ਵਟਾਏ ਜਗਤ ਭੁਲਾਏ । ਭੇਵ ਛੁਪਾਏ ਖੇਲ ਰਚਾਏ । ਦੇਵੀ ਦੇਵ ਕਿਸੇ ਦਿਸ ਨਾ ਆਏ । ਰਿੱਖ ਮੁਨ ਸਭ ਰਹੇ ਤਰਸਾਏ । ਗੁਰਮੁਖ ਸਾਚੇ ਸੰਤ ਜਨ ਸੋਏ ਜਗਾਏ । ਮਾਇਆ ਪਰਦਾ ਲਾਹਿਆ ਤਨ ਆਤਮ ਦੀਪਕ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਪੰਚਮ ਜੇਠ ਆਪ ਖੁਲ੍ਹਾਏ । ਪੰਚਮ ਜੇਠ ਭੇਵ ਖੁਲ੍ਹਾਣਾ । ਸਾਚਾ ਮਾਰਗ ਜਗਤ ਲਗਾਣਾ । ਰਾਜਾ ਰਾਣਾ ਤਖ਼ਤੋਂ ਲਾਹਣਾ । ਵਰਨ ਬਰਨ ਕੋਈ ਰਹਿਣ ਨਾ ਪਾਣਾ । ਅੱਠ ਦੱਸ ਅਠਾਰਾਂ ਇਕ ਕਰਾਣਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਕ ਵਜਾਣਾ । ਪੰਚਮ ਜੇਠ ਜਗਤ ਵਿਚਾਰਿਆ । ਸਾਧ ਸੰਗਤ ਗੁਰ ਮੇਲ ਮਿਲਾ ਰਿਹਾ । ਆਪੇ ਹੋਏ ਸਰਬ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਿਚ ਮਾਤ ਦੇ ਆਇਆ । ਮਾਤਲੋਕ ਵੱਜੀ ਵਧਾਈ । ਸੁਰ ਨਰ ਮਿਲ ਰਸਨਾ ਗਾਈ । ਏਕਾ ਧੁੰਨ ਤੀਨ ਲੋਕ ਉਪਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰ ਕਲਜੁਗ ਦੇਵੇ ਅੰਤ ਮਿਟਾਈ । ਪੰਚਮ ਜੇਠ ਲਿਆ ਅਵਤਾਰਾ । ਏਕਾ ਰਮਈਆ ਰਾਮ ਏਕਾ ਏਕ ਕ੍ਰਿਸ਼ਨ ਮੁਰਾਰਾ । ਏਕਾ ਸ਼ਬਦ ਏਕਾ ਨਾਮ ਜਪਈਆ, ਗੁਰਸਿਖਾਂ ਦਿਸਾਏ ਇਕ ਕਿਨਾਰਾ । ਚਾਰ ਵਰਨ ਬਣਾਏ ਭੈਣਾਂ ਭਈਆ, ਊਚ ਨੀਚ ਨਾ ਕਰੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸ੍ਰਿਸ਼ਟ ਸਬਾਈ ਏਕਾ ਬੰਨ੍ਹੇ ਧਾਰਾ । ਸ੍ਰਿਸ਼ਟ ਸਬਾਈ ਸ਼ਬਦ ਬੰਧਾਵੇ । ਗੁਰਮੁਖ ਸਾਚਾ ਸਚ ਰਸਨਾ ਗਾਵੇ । ਬੇਮੁਖ ਝੂਠੇ ਬੰਨ੍ਹਣ ਦਾਅਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾ ਸਰਬ ਸੂਖ ਆਤਮ ਉਪਜਾਵੇ ।

ਗੋਬਿੰਦ ਗੋਪਾਲ ਮਦਨ ਮੂਰਤ । ਏਕਾ ਜੋਤ ਏਕਾ ਨੂਰਤ । ਏਕਾ ਸ਼ਬਦ ਏਕਾ ਤੂਰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਆਸਾ ਪੂਰਤ । ਹਰਿ ਗੋਬਿੰਦ ਦੀਨ ਦਿਆਲਾ । ਭਗਤ ਵਛਲ ਸਦਾ ਰਖਵਾਲਾ । ਗੁਰਮੁਖ ਸਾਚੇ ਗੋਦ ਉਠਾਏ ਜਿਉਂ ਮਾਤਾ ਬਾਲਾ ।


੬ ੦੩

ਕਲਜੁਗ ਸੋਏ ਆਪ ਜਗਾਏ, ਸੋਹੰ ਪਹਿਨਾਏ ਗਲ ਸਾਚੀ ਮਾਲਾ । ਆਪ ਆਪਣੀ ਸਰਨ ਲਗਾਏ, ਕੱਟੇ ਗਲੋਂ ਜਗਤ ਜੰਜਾਲਾ । ਧਰਨੀ ਧਰ
ਆਪ ਅਖਵਾਏ, ਗੁਰਸਿਖ ਕਰਾਏ ਮਾਲਾ ਮਾਲਾ । ਚਰਨ ਸਰਨ ਇਕ ਰਖਾਏ, ਚਾਰ ਵਰਨ ਸੱਚੀ ਧਰਮਸਾਲਾ । ਸੋਹੰ ਸਾਚਾ ਫਲ ਲਗਾਏ,
ਸਤਿਜੁਗ ਸਾਚੇ ਡਾਲਾ । ਕਲਜੁਗ ਵੇਲਾ ਟਲ ਨਾ ਜਾਏ, ਬੇਮੁਖ ਨਾ ਵਕਤ ਸੰਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ
ਜਨ ਭਗਤਾਂ ਹੋਏ ਆਪ ਰਖਵਾਲਾ । ਹਰਿ ਹਰਿ ਹਰਿ ਗੁਣਵੰਤਾ । ਪੂਰਨ ਪੁਰਖ ਪ੍ਰਭ ਹਰਿ ਭਗਵੰਤਾ । ਜੋਤ ਪ੍ਰਗਟਾਏ ਗੁਰਸਿਖ ਉਪਜਾਏ ਮਾਣ
ਦਵਾਏ ਵਿਚ ਜੀਵ ਜੰਤਾ । ਸੋਹੰ ਸ਼ਬਦ ਜਣਾਏ, ਆਤਮ ਭੇਵ ਚੁਕਾਏ, ਸਾਚੀ ਸੇਵ ਲਗਾਏ, ਆਪ ਬਣਾਏ ਸਾਚੀ ਬਣਤਾ । ਵਡ ਵਡ ਦੇਵੀ
ਦੇਵ ਆਪ ਅਖਵਾਏ, ਕਰੋੜ ਤੇਤੀਸ ਸਰਨ ਲਗਾਏ ਸੁਰਪਤ ਰਾਜੇ ਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਦਿ
ਅੰਤ ਜਨ ਭਗਤਾਂ ਸਦ ਬਖ਼ਸ਼ਿੰਦਾ । ਹਰਿ ਨਰ ਨਰ ਅਵਤਾਰੀ । ਨਰਾਇਣ ਨਰ ਜੋਤ ਅਕਾਰੀ । ਜੋਤੀ ਜੋਤ ਸਰੂਪ ਤੀਨ ਲੋਕ ਸ਼ਬਦ ਪਵਨ
ਕਰੇ ਸਵਾਰੀ । ਸ਼ਬਦ ਪਵਨ ਤੀਨ ਗਵਨ ਏਕਾ ਰੰਗ ਰੰਗੇ ਕਰਤਾਰੀ । ਅੰਮ੍ਰਿਤ ਮੇਘ ਬਰਸਾਵੇ ਗੁਰਮੁਖ ਲਗਾਵੇ ਸਤਿਜੁਗ ਸੱਚੀ ਫੁਲਵਾੜੀ ।
ਦਰਸ ਦਿਖਾਏ ਹਰਸ ਮਿਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਿੱਟੇ ਅਸਵ ਅਸਵਾਰੀ । ਹਰਿ ਘਰ ਦਰ ਘਰ ਸਾਚਾ । ਗੁਰਮੁਖ ਸਾਚੇ
ਸੰਤ ਜਨ ਪ੍ਰਭ ਅਬਿਨਾਸ਼ੀ ਸਾਚਾ ਵਾਚਾ । ਦੇਵੇ ਵਰ ਜਾਓ ਤਰ ਚੁਕਾਓ ਡਰ ਹਰਿ ਸਾਚਾ ਹਿਰਦੇ ਰਾਚਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬੇਮੁਖ ਦਰ ਆਏ ਜਾਏ ਨਾਚਾ । ਸੰਤ ਸੰਗ ਹਰਿ ਸਤਿ ਸਮਾਵੇ । ਸੰਤ ਜਨਾਂ ਹਰਿ ਮਾਰਗ ਲਾਵੇ । ਸੰਤ ਜਨਾਂ ਪ੍ਰਭ ਸਾਚਾ ਨਾਮ ਸਚ ਵਸਤ
ਹਰਿ ਝੋਲੀ ਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਆਤਮ ਲਾਲੋ । ਆਤਮ ਲਾਲ ਨਾਮ ਅਵੱਲੜਾ । ਪ੍ਰਭ ਅਬਿਨਾਸ਼ੀ
ਸੋਹੰ ਦੀਆ ਮਾਤ ਸੁਖਲੜਾ । ਸਾਚਾ ਸ਼ਬਦ ਆਪ ਚਲਾਏ ਲਾਏ ਰੰਗ ਅਵੱਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰ ਗੁਰਸਿਖਾਂ
ਫੜੇ ਪਲੜਾ । ਨਰ ਨਰਾਇਣ ਨਰ ਅਵਤਾਰੀ । ਖੇਲ ਕਰੇ ਹਰਿ ਕਲ ਗਿਰਧਾਰੀ । ਵਿਰਲਾ ਜਾਣੇ ਜੀਵ ਸੰਸਾਰੀ । ਸ੍ਰਿਸ਼ਟ ਸਬਾਈ ਮਾਇਆ
ਧਾਰੀ । ਬੇਮੁਖਾਂ ਹੋਈ ਆਤਮ ਅੰਧ ਅੰਧਿਆਰੀ । ਆਤਮ ਭੁੱਲਿਆ ਨੈਣ ਮੁਧਾਰੀ । ਕਾਇਆ ਕੋਟ ਜਿਸ ਆਪ ਉਸਾਰੀ । ਸ਼ਬਦ ਚੋਟ ਨਾ
ਲੱਗੀ, ਕਾਇਆ ਹੋਈ ਅੰਧਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਰਸ ਦਿਖਾਏ ਵਿਚ ਜੰਗਲ ਜੂਹ ਪਹਾੜੀ । ਨਰਾਇਣ
ਨਰ ਹਰਿ ਨਰ ਅਵਤਾਰਾ । ਜੋਤ ਸਰੂਪੀ ਖੇਲ ਅਪਾਰਾ । ਕਰੇ ਖੇਲ ਵਿਚ ਸੰਸਾਰਾ । ਹੋਏ ਮੇਲ ਸੋਹੰ ਦੇਵੇ ਨਾਮ ਭੰਡਾਰਾ । ਬਿਨ ਬਾਤੀ
ਬਿਨ ਤੇਲ ਜੋਤ ਜਗਾਏ ਅਗੰਮ ਅਪਾਰਾ । ਅਚਰਜ ਪਾਰਬ੍ਰਹਮ ਕਲ ਖੇਲ, ਗੁਰਮੁਖ ਦੇਖੇ ਕਰ ਵਿਚਾਰਾ । ਬੇਮੁਖਾਂ ਬੇੜਾ ਜਾਏ ਠੇਲ, ਅੰਤ
ਆਏ ਪਾਸਾ ਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਉਠਾਇਆ ਖੰਡਾ ਦੋ ਧਾਰਾ । ਸ਼ਬਦ ਖੰਡਾ ਦੋ ਧਾਰੀ । ਉਠਾਏ
ਹੱਥ ਆਪ ਜੋਤ ਨਿਰੰਕਾਰੀ । ਸ੍ਰਿਸ਼ਟ ਸਬਾਈ ਹੋਏ ਦਰ ਭਿਖਾਰੀ । ਬੇਮੁਖਾਂ ਹੋਏ ਕਲਜੁਗ ਕਿਸਮਤ ਮਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾੜ੍ਹੀਂ । ਸੋਹੰ ਖੰਡਾ ਆਪ ਉਠਾਏ । ਵਿਚ ਨਵ ਖੰਡਾਂ ਖੇਡ ਖਿਡਾਏ । ਚਾਰ ਕੁੰਟ ਪੈਣ ਡੰਡਾਂ, ਅੰਤ
ਕਾਲ ਨਾ ਕੋਈ ਛੁਡਾਏ । ਰੋਂਦੀਆਂ ਫਿਰਨ ਨਾਰਾਂ ਰੰਡਾਂ, ਕੰਤ ਸੁਹਾਗ ਨਾ ਕੋਈ ਹੰਢਾਏ । ਬੇਮੁੱਖ ਡੁੱਬਣ ਵਹਿੰਦੇ ਵਹਿਣ ਬੇੜਾ ਆਪ ਡੁਬਾਏ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਨਵ ਖੰਡ ਰੋਵੇ ਵਰਭੰਡ, ਨਾ ਕੋਇ ਹੋਏ ਸਹਾਏ । ਗੁਰਮੁਖ ਸਾਚੇ ਗੁਰ ਚਰਨ ਬਹਾ ਕੇ । ਸੋਹੰ ਸ਼ਬਦ ਦੇਵੇ ਦਾਤ ਵਿਚ ਮਾਤ ਦੇ ਆ ਕੇ । ਸਾਚਾ ਸ਼ਬਦ ਗਿਆਨ ਦੇ, ਹਰਨ ਫਰਨ ਪ੍ਰਭ ਜਾਏ ਖੁਲ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਪੰਚਮ ਜੇਠ ਨੌਂ ਖੰਡ ਪ੍ਰਿਥਮੀ ਵਿਚ ਬ੍ਰਹਿਮੰਡ ਆਪਣਾ ਹੱਥ ਉਠਾ ਕੇ । ਫੜਿਆ ਖੰਡਾ ਹੱਥ ਦੋ ਧਾਰਾ । ਸ੍ਰਿਸ਼ਟ ਸਬਾਈ ਹੋਏ ਦੋ ਧਾੜਾ । ਅਚਰਜ ਖੇਲ ਪ੍ਰਭ ਆਪ ਕਰਾਏ । ਏਕ ਉਠਾਏ ਰੂਸਾ ਧਾੜਾ । ਬੇਮੁਖ ਜੀਵ ਕਲ ਪਿੰਜਾਏ ਜਿਉਂ ਤੇਲੀ ਵਾੜਾ । ਚਾਰੋਂ ਤਰਫ ਕਰਾਏ ਕਾੜ ਕਾੜਾ । ਏਕਾ ਅਗਨ ਲਗਾਏ ਵਿਚ ਜੰਗਲ ਜੂਹ ਪਹਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰਾ ਇਕ ਬਣਾਏ ਅਖਾੜਾ । ਇਕ ਅਖਾੜਾ ਜਾਏ ਬਣ । ਸੂਰਬੀਰ ਪ੍ਰਭ ਆਪ ਉਠਾਏ ਜੋ ਜਨਣੀ ਲਏ ਜਣ । ਆਪਣੀ ਖੇਲ ਆਪ ਵਰਤਾਏ ਸ੍ਰਿਸ਼ਟ ਭਓ ਰਖਾਣਾ ਨਾ ਲੱਭੇ ਤਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਆਪ ਲਿਖਾਏ, ਸ੍ਰਿਸ਼ਟ ਸਬਾਈ ਜੋ ਰਿਹਾ ਬਣ । ਆਪ ਬਣਾਵੇ ਆਪਣੀ ਧਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਆਵੇ ਜਾਵੇ ਵਾਰੋ ਵਾਰਾ । ਜੋਤ ਸਰੂਪੀ ਖੇਲ ਨਿਆਰਾ । ਬਿਨ ਰੰਗ ਰੂਪੀ ਭੇਖ ਧਾਰਾ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ, ਪ੍ਰਭ ਅਬਿਨਾਸ਼ੀ ਨਾ ਪਾਈ ਸਾਰਾ । ਜਗੇ ਜੋਤ ਸਤਿ ਸਰੂਪੀ, ਗੁਰਮੁਖਾਂ ਦੇਵੇ ਨਾਮ ਆਧਾਰਾ । ਵਡ ਵਡ ਸ਼ਾਹ ਵਡ ਭੂਪੀ, ਤੇਰੇ ਖੜੇ ਰਹਿਣ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਜਾਣੇ ਤੇਰਾ ਪਸਰ ਪਸਾਰਾ । ਆਦਿ ਅੰਤ ਵਡ ਪਸਾਰੀ । ਆਦਿ ਅੰਤ ਵਡ ਸੰਸਾਰੀ । ਆਦਿ ਅੰਤ ਜੋਤ ਆਧਾਰੀ । ਆਦਿ ਅੰਤ ਸਾਧ ਸੰਤ ਕਰਮ ਵਿਚਾਰੀ । ਆਦਿ ਅੰਤ ਜੀਵ ਜੰਤ ਰੱਖੇ ਜੋਤ ਅਪਾਰੀ । ਆਦਿ ਅੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵੇ ਜਾਵੇ ਵਾਰੋ ਵਾਰੀ । ਆਵੇ ਜਾਵੇ ਜਗਤ ਰਹਾਵੇ । ਜੋਤ ਜਗਾਵੇ ਗੁਰਮੁਖ ਤਰਾਵੇ । ਬੇਮੁਖ ਖਪਾਵੇ ਸਾਚਾ ਮਾਰਗ ਲਾਵੇ । ਰਾਓ ਰੰਕ ਇਕ ਕਰਾਵੇ । ਊਚ ਨੀਚ ਇਕ ਥਾਂ ਬਹਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਵੇ । ਆਇਆ ਜਗ ਜਗਤ ਕਾ ਦਾਤਾ । ਪੂਰਨ ਪ੍ਰਭ ਸਰਬ ਕਾ ਗਿਆਤਾ । ਏਕਾ ਏਕ ਰੰਗ ਰੰਗਾਏ ਏਕਾ ਸੰਗ ਸਰਬ ਨਿਭਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਹੋਏ ਪਿਤਾ ਮਾਤਾ । ਮਾਤ ਪਿਤ ਪ੍ਰਭ ਆਪੇ ਹੋਏ । ਦੂਸਰ ਅੰਤ ਨਾ ਦੀਸੇ ਕੋਇ । ਬੇਮੁੱਖ ਕਲਜੁਗ ਰਹੇ ਸੋਏ । ਗੁਰਮੁਖ ਸਾਚੇ ਸੰਤ ਜਨ ਦਰ ਆਏ ਮੈਲ ਪਾਪਾਂ ਧੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਬੀਜ ਆਤਮ ਬੋਏ । ਸੋਹੰ ਬੀਜ ਆਪ ਬਿਜਾਇਆ । ਆਤਮ ਠੰਡਾ ਆਪ ਕਰਾਇਆ । ਗੁਰਮੁਖਾਂ ਰੀਝ ਸੋਹੰ ਨਾਮ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਦਹਿਲੀਜ ਸਦ ਡੇਰਾ ਲਾਇਆ । ਆਤਮ ਦਰ ਸਚ ਦਰਵਾਜਾ । ਜਿਥੇ ਵਸੇ ਹਰਿ ਗਰੀਬ ਨਿਵਾਜਾ । ਜਿਸ ਜਨ ਤੇਰਾ ਸਾਜਣ ਸਾਜਾ । ਆਪ ਸਵਾਰੇ ਤੇਰੇ ਕਾਜਾ । ਸੋਹੰ ਦੇਵੇ ਸਾਚਾ ਦਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸ਼ਾਹ ਵਡ ਰਾਜਨ ਰਾਜਾ । ਵਡ ਰਾਜਾ ਵਡ ਸੁਲਤਾਨ । ਸੋਹੰ ਦੇਵੇ ਵਡ ਵਡ ਦਾਨੀ ਦਾਨ । ਗੁਰਸਿਖਾਂ ਕਰੇ ਕਲ ਪਛਾਣ । ਮਹਾਰਾਜ ਸ਼ੇਰ ਸਿੰਘ ਵਾਲੀ ਦੋ ਜਹਾਨ । ਅੰਮ੍ਰਿਤ ਵੇਲਾ ਹਰਿ ਗੁਣ ਗਾਵਣਾ । ਆਤਮ ਦਰ ਆਪ ਖੁਲ੍ਹਾਵਣਾ । ਦੀਪਕ ਜੋਤੀ ਸਚ ਜਗਾਵਣਾ । ਗੁਰਸਿਖ ਮਾਨਸ ਜਨਮ ਮਾਣਕ ਮੋਤੀ ਸੁਫਲ ਕਰਾਵਣਾ । ਜਾਏ ਦੁਰਮਤ ਮੈਲ ਧੋਤੀ, ਚਰਨੀ ਸੀਸ ਝੁਕਾਵਣਾ । ਆਪ ਉਠਾਏ ਆਤਮ ਸੋਤੀ, ਪੂਰ ਕਰਾਏ ਭਾਵਣਾ ।

ਸ੍ਰਿਸ਼ਟ ਸਬਾਈ ਰਹੀ ਸੋਤੀ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਕੜੇ ਦਾਮਨਾ । ਦਾਮਨ ਪਕੜੇ ਦਾਮਨਗੀਰ । ਆਤਮ ਕਰੇ ਸ਼ਾਂਤ ਸਰੀਰ । ਸੋਹੰ ਦੇਵੇ ਸਾਚੀ ਧੀਰ । ਅੰਮ੍ਰਿਤ ਦੇਵੇ ਆਤਮ ਨੀਰ । ਸੋਹੰ ਪਿਲਾਏ ਰਸਨਾ ਸੀਰ । ਮਾਇਆ ਰੂਪੀ ਲਾਹੇ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਟਾਏ ਜਗਤ ਜੰਜੀਰ । ਕਲਜੁਗ ਬੇੜਾ ਦੇਵੇ ਕੱਟ । ਗੁਰਮੁਖ ਲਾਹਾ ਲੈਣਾ ਖੱਟ । ਬੇਮੁਖ ਕਲਜੁਗ ਜੀਵ ਜਿਉਂ ਬਾਜੀਗਰ ਨਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਦਰਸ ਦਿਖਾਏ ਝੱਟ । ਪ੍ਰਗਟੇ ਜੋਤ ਹਰਿ ਹਰ ਘਟ । ਸਾਧ ਸੰਗਤ ਸਦ ਰੱਖੇ ਵਾਸ । ਜਗੇ ਜੋਤ ਇਕ ਅਬਿਨਾਸ਼ । ਤੀਨ ਲੋਕ ਕਰੇ ਆਪਣੇ ਦਾਸ । ਗੁਰਮੁਖ ਸਾਚਾ ਸੰਤ ਜਨ ਸੋਹੰ ਜਪੇ ਸਵਾਸ ਸਵਾਸ । ਬਾਹੋਂ ਪਕੜ ਕਲ ਆਪ ਤਰਾਏ, ਗਲੋਂ ਕਟਾਏ ਜਮ ਕਾ ਫਾਸ । ਅੰਤਮ ਅੰਤ ਦਰਸ ਦਿਖਾਏ, ਗੁਰਸਿਖਾਂ ਕਰਾਏ ਬੰਦ ਖ਼ਲਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਦਾਸਨ ਦਾਸ । ਪ੍ਰਭ ਅਬਿਨਾਸ਼ੀ ਰਾਖੇ ਚੀਤਾ । ਆਪੇ ਪਰਖੇ ਗੁਰਸਿਖ ਨੀਤਾ । ਏਕਾ ਦੇਵੇ ਚਰਨ ਪ੍ਰੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਹੋਏ ਆਤਮ ਸੀਤਲ ਸੀਤਾ । ਸੀਤਲ ਸੀਤ ਸਾਂਤਕ ਸਤਿ । ਗੁਰਮੁਖਾਂ ਦੇਵੇ ਸੋਹੰ ਧੀਰਜ ਯਤ । ਆਪੇ ਜਾਣੇ ਮਿਤ ਗਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਦੇਵੇ ਸਾਚਾ ਤਤ । ਕਰ ਦਰਸ ਦੁੱਖ ਦਲਿਦਰ ਜਾਇਣ ਨੱਸ । ਗੁਰ ਸੰਗਤ ਦਰ ਆਏ ਹੱਸ । ਪ੍ਰਭ ਅਬਿਨਾਸ਼ੀ ਰਾਹ ਸਾਚਾ ਜਾਏ ਦੱਸ । ਹਰਿ ਹਿਰਦੇ ਸਾਚਾ ਜਾਏ ਵਸ । ਕੋਟਨ ਕੋਟ ਪਾਪ ਦਰ ਜਾਇਣ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਆਤਮ ਜੋਤ ਕਰੇ ਪ੍ਰਕਾਸ਼ ਕੋਟ ਰਵ ਸਸ । ਆਤਮ ਜੋਤ ਹਰਿ ਪ੍ਰਕਾਸ਼ੇ । ਦੇਵੇ ਦਰਸ ਪੁਰਖ ਅਬਿਨਾਸ਼ੇ । ਜੋ ਜਨ ਤਜਾਏ ਮਦਿਰਾ ਮਾਸੇ । ਮਾਨਸ ਜਨਮ ਪ੍ਰਭ ਕਰਾਏ ਰਾਸੇ । ਅੰਤਕਾਲ ਕਲ ਪ੍ਰਭ ਸਚਖੰਡ ਕਰਾਏ ਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਵਸੇ ਪਾਸੇ । ਆਸ ਪਾਸ ਰਸਨਾ ਜਪ ਜੀਵ ਸਵਾਸ ਸਵਾਸ । ਜਗੇ ਜੋਤ ਪ੍ਰਭ ਅਬਿਨਾਸ਼ । ਅੰਤਮ ਹੋਏ ਸਹਾਈ ਪ੍ਰਭ ਸਾਚਾ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਪ੍ਰਕਾਸ਼ । ਜੋਤ ਪ੍ਰਕਾਸ਼ ਮਿਟੇ ਅੰਧੇਰ । ਹੋਏ ਅੰਧੇਰ ਵਿਨਾਸ, ਨਾ ਲਾਗੇ ਦੇਰ । ਨਾ ਲੱਗੇ ਦੇਰ ਨਾ ਹੋਏ ਸੰਞ ਸਵੇਰ । ਚੁੱਕੇ ਮੇਰ ਤੇਰ ਨਾ ਰਹੇ ਹੇਰ ਫੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਚੁਕਾਏ ਚੁਰਾਸੀ ਗੇੜ । ਗੇੜ ਚੁਰਾਸੀ ਆਪ ਕਟਾਏ । ਸਵਾਸ ਸਵਾਸ ਨਾਮ ਜਪਾਏ । ਮਦਿਰਾ ਮਾਸੀ ਦਰ ਦੁਰਕਾਏ । ਜੋ ਦਰ ਆਏ ਕਰਨ ਹਾਸੀ, ਧਰਮ ਰਾਏ ਦਏ ਸਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਦਏ ਆਪ ਚੁਕਾਏ । ਲਹਿਣਾ ਲਵੇ ਲਹਿਣੇਦਾਰ । ਦੇਵਣਹਾਰ ਸਰਬ ਸੰਸਾਰ । ਏਕਾ ਹਰਿ ਸੱਚੀ ਸਰਕਾਰ । ਏਥੇ ਓਥੇ ਰਿਹਾ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਏਕੰਕਾਰ । ਏਕਾ ਏਕ ਇਕ ਅਕਾਰਾ । ਏਕਾ ਏਕ ਇਕ ਵਿਹਾਰਾ । ਏਕਾ ਏਕ ਇਕ ਵਰਤਾਰਾ । ਏਕਾ ਏਕ ਏਕਾ ਟੇਕ ਜਗਤ ਪਸਾਰਾ । ਏਕਾ ਏਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰਾ । ਏਕ ਏਕ ਏਕ ਰੰਗ । ਏਕਾ ਏਕ ਸਾਚਾ ਸੰਗ । ਏਕਾ ਏਕ ਸਾਚੀ ਮੰਗੋ ਹਰਿ ਦਰ ਨਾਮ ਮੰਗ । ਏਕਾ ਏਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇ ਸਦਾ ਅੰਗ ਸੰਗ । ਏਕਾ ਏਕ ਏਕਾ ਨੂਰ । ਏਕਾ ਏਕ ਸ਼ਬਦ ਭਰਪੂਰ । ਏਕਾ ਏਕ ਗੁਰਮੁਖ


੯ ੦੩

ਸਾਚੇ ਦੇਵੇ ਸ਼ਬਦ ਤੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਵਸੇ ਨੇੜ ਨਾ ਜਾਣੋ ਦੂਰ । ਏਕਾ ਏਕ ਰੰਗ ਰੰਗੀਲਾ । ਨਾ ਉਹ
ਕਾਲਾ ਨਾ ਉਹ ਪੀਲਾ । ਪ੍ਰਭ ਅਬਿਨਾਸ਼ੀ ਜੋਤੀ ਜੋਤ ਸਰੂਪ ਜੁਗਾ ਜੁਗੰਤ ਸ਼ਬਦ ਰੰਗੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ
ਏਕਾ ਜੋਤ ਲਗਾਏ ਤੀਲਾ । ਸ੍ਰਿਸ਼ਟ ਸਬਾਈ ਜਾਏ ਦਗ । ਝੂਠੇ ਵਹਿਣ ਜਾਇਣ ਵਗ । ਅਗਨ ਜੋਤ ਜਾਏ ਲੱਗ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਹਾਹਾਕਾਰ ਕਰਾਏ, ਜੀਵ ਜੰਤ ਬਿਲਲਾਏ, ਕਰਨ ਹਾਏ ਹਾਏ, ਕੋਈ ਨਾ ਹੋਏ ਸਹਾਏ, ਭੱਜੇ ਜਾਣ ਵਾਹੋ ਦਾਹੇ, ਜਿਉਂ ਸੁੰਞੇ
ਘਰ ਕਗ । ਕਲਜੁਗ ਜੀਵ ਵੇਖ ਵਿਚਾਰ । ਕਲਜੁਗ ਵੇਲਾ ਅੰਤਮ ਮੂਲ ਨਾ ਹਾਰ । ਸਾਚੇ ਸੰਤ ਕਰ ਹਰਿ ਚਰਨ ਪਿਆਰ । ਜਿਸ ਬਣਾਈ
ਤੇਰੀ ਬਣਤ, ਨੇਤਰ ਵੇਖ ਨੈਣ ਮੁਧਾਰ । ਮਹਿੰਮਾ ਪ੍ਰਭ ਬੜੀ ਅਗਣਤ ਜੋਤ ਸਰੂਪੀ ਆਇਆ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪੰਚਮ ਜੇਠ ਵਿਚ ਮਾਤ ਲਿਆ ਅਵਤਾਰ । ਪੰਚਮ ਜੇਠ ਵਡ ਵਡਿਆਈ । ਨਿਹਕਲੰਕ ਕਲ ਜੋਤ ਪ੍ਰਗਟਾਈ । ਘਨਕਪੁਰੀ ਹਰਿ ਭਾਗ ਲਗਾਈ ।
ਸੁਰ ਨਰ ਮੁਨ ਜਨ ਕਰੋੜ ਤੇਤੀਸ ਪ੍ਰਭ ਸਰਨ ਲਗਾਈ । ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨੂੰ ਮਹੇਸ਼ ਦਰ ਖੜੇ ਸੀਸ ਝੁਕਾਈ । ਜੋਤੀ ਜੋਤ ਸਰੂਪ ਹਰਿ,
ਬੈਠਾ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰਖੇ ਵਡਿਆਈ । ਸਾਚਾ ਧਾਮ ਸਦਾ ਅਟੱਲ । ਕਲਜੁਗ ਆਪ
ਕਰਾਏ ਅੰਤ ਜਲ ਥਲ । ਵੇਲੇ ਅੰਤ ਆਪ ਲਿਆਏ ਨਾ ਲਾਏ ਘੜੀ ਪਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਜਾਏ
ਦਲ । ਸ੍ਰਿਸ਼ਟ ਸਬਾਈ ਦਲ ਦੋ ਫਾੜ । ਬੇਮੁਖਾਂ ਉਜਾੜਾ ਆਪਣਾ ਵਾੜ । ਏਕਾ ਉਠੇ ਰੂਸਾ ਧਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੧੦ ਚਾਰ ਕੁੰਟ ਦਿਸਾਏ ਧਰਤ ਮਾਤ ਉਜਾੜ । ਉਠੇ ਰੂਸਾ ਲਸ਼ਕਰ ਭਾਰੀ । ਚਾਰ ਕੁੰਟ ਕਰਾਏ ਆਪ ਖ਼ੁਆਰੀ । ਈਸਾ ਮੂਸਾ ਮੁਹੰਮਦ ਦਿਸੇ ਪਾਸਾ ੧੦
੦੩ ਹਾਰੀ । ਅੰਜੀਲ ਕੁਰਾਨ ਨਾ ਪਾਵੇ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜਾਮਾ ਧਾਰੇ ਨਰਾਇਣ ਨਰ ਅਵਤਾਰੀ । ਉਠੇ ੦੩
ਸ਼ਾਹ ਸਾਚਾ ਰੂਸੀਆ । ਮਿਟਾਏ ਭੇਖ ਸ਼ਾਹ ਅਬਨੂਸੀਆ । ਈਸਾ ਮੂਸਾ ਮੁਹੰਮਦ ਤਨ ਪਹਿਨਾਏ ਕਾਲੇ ਸੂਸੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਅਚਰਜ ਖੇਲ ਵਰਤਾਏ, ਜੋਤ ਜਗਾਏ ਮਾਤ ਪ੍ਰਗਟਾਏ, ਵਿਚ ਗੁਰਸਿਖ ਟਿਕਾਏ, ਨਾ ਕਿਸੇ ਦਿਸਾਏ, ਬਿਨ ਰੰਗ ਰੂਪੀ ਆਪ ਹੋ
ਜਾਏ, ਕਿਆ ਕੋਈ ਕਰੇ ਜਸੂਸੀਆ । ਕਿਆ ਕੋਈ ਜਾਣੇ ਕਿਆ ਵਖਾਣੇ । ਕਰਿਆ ਖੇਲ ਆਪ ਭਗਵਾਨੇ । ਧਰੀ ਜੋਤ ਮਾਤ ਮਹਾਨੇ । ਗੁਰਮੁਖ
ਸਾਚੇ ਆਪ ਪਛਾਣੇ । ਬੇਮੁਖ ਭੁੰਨੇ ਜਿਉਂ ਭਠਿਆਲੇ ਦਾਣੇ । ਮਾਵਾਂ ਭੱਜਣ ਛੱਡ ਬਾਲ ਅਵਾਣੇ । ਨੇਜ਼ਿਆਂ ਉਪਰ ਪ੍ਰਭ ਆਪ ਟਿਕਾਣੇ । ਜੋ
ਜੀਵ ਹੋਏ ਆਤਮ ਕਾਣੇ । ਮਦਿਰਾ ਮਾਸੀ ਹੋਏ ਦੀਵਾਨੇ । ਪ੍ਰਭ ਅਬਿਨਾਸ਼ੀ ਗਏ ਭੁਲਾਣੇ । ਸਰਬ ਘਟ ਵਾਸੀ ਸਰਬ ਪਛਾਣੇ । ਘਨਕਪੁਰਵਾਸੀ
ਨਿਹਕਲੰਕ ਬਲੀ ਬਲਵਾਨੇ । ਸ੍ਰਿਸ਼ਟ ਸਬਾਈ ਕਰੇ ਦਾਸੀ, ਏਕ ਜੋਤ ਜਗੇ ਮਹਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਤੇਰੀ
ਕਵਨ ਜਾਣੇ । ਜਗਤ ਮਹਿੰਮਾ ਅਪਰ ਅਪਾਰ । ਗੁਰਮੁਖ ਵਿਰਲਾ ਕਰੇ ਵਿਚਾਰ । ਬੇਮੁਖ ਸੋਏ ਪੈਰ ਪਸਾਰ । ਧਰਮ ਰਾਏ ਮਾਰੇ ਕਲ ਕਰ
ਖ਼ੁਆਰ । ਗੁਰ ਸਾਚੇ ਪ੍ਰਭ ਸਾਚਾ ਤਾਰੇ, ਪੰਚਮ ਜੇਠ ਜੋ ਆਏ ਚਲ ਚਰਨ ਦਵਾਰ । ਮਾਨਸ ਜਨਮ ਵਿਚ ਮਾਤ ਸਵਾਰੇ, ਫਿਰ ਨਾ ਆਵੇ ਦੂਜੀ
ਵਾਰ । ਆਪ ਬਹਾਏ ਸਚ ਦਵਾਰੇ, ਜਗੇ ਜੋਤ ਅਗੰਮ ਅਪਾਰੇ, ਏਕਾ ਦਿਸੇ ਹਰਿ ਨਿਰੰਕਾਰੇ, ਸਚ ਸ਼ਬਦ ਸੱਚੀ ਧੁਨਕਾਰੇ ਗੁਰਮੁਖ ਸੁਣੇ ਸਚ

ਸੁਨਿਆਰ । ਰੁਣ ਝੁਣ ਰਹੇ ਦਿਵਸ ਰੈਣਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੇ ਭਾਣੇ ਪੂਰਬ ਕਰਮ ਵਿਚਾਰ । ਆਪਣੇ
ਭਾਣੇ ਆਪ ਰਖਾਏ । ਸੁਘੜ ਸਿਆਣੇ ਗੁਰਸਿਖ ਬਣਾਏ । ਮੂਰਖ ਮੁਗਧ ਅੰਵਾਣੇ ਕਲ ਤਰਾਏ । ਸਰਬ ਜੀਆਂ ਹਰਿ ਆਪੇ ਜਾਣੇ, ਭਰਮ ਭੁਲੇਖਾ
ਕਿਆ ਕੋਈ ਪਾਏ । ਸਾਚਾ ਬੇੜਾ ਗੁਰਸਿਖਾਂ ਆਪ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਲ ਜਾਮਾ ਪਾਏ । ਪੰਚਮ
ਜੇਠ ਪੰਚ ਪੰਚਾਇਤ । ਸ੍ਰਿਸ਼ਟ ਸਬਾਈ ਇਕ ਸ਼ਰਾਇਤ । ਸੋਹੰ ਸ਼ਬਦ ਚਾਰ ਕੁੰਟ ਹਦਾਇਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ
ਜੋਤ ਪ੍ਰਗਟਾਏ । ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਇਤ । ਆਪੇ ਵੇਦੀ ਵੇਦ ਪੁਰਾਨਾ । ਆਪੇ ਭੇਦੀ ਅੰਜ਼ੀਲ ਕੁਰਾਨਾ । ਆਪੇ ਜਾਣੇ ਆਪਣਾ
ਭਾਣਾ । ਆਪੇ ਆਪਣੇ ਰੰਗ ਸਮਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਵਰਤਾਨਾ । ਆਪਣੇ ਭਾਣੇ ਆਪ ਸਮਾਇਆ ।
ਆਪਣਾ ਭੇਵ ਨਾ ਕਿਸੇ ਜਣਾਇਆ । ਇੰਦ ਇੰਦਰਾਸਣ ਰਹੇ ਗਾਇਆ । ਸਿੰਘ ਸਿੰਘਾਸਣ ਡੇਰਾ ਲਾਇਆ । ਗੁਰਮੁਖ ਹੋਏ ਦਾਸ ਦਾਸਨ ਹਰਿ
ਦਰਸ ਦਿਖਾਇਆ । ਸੰਤ ਜਨ ਹਰਿ ਸਦ ਵਡਿਆਇਆ । ਸ੍ਰਿਸ਼ਟ ਸਬਾਈ ਅੰਤ ਵਿਨਾਸਣ, ਸਾਚਾ ਲੇਖ ਆਪ ਲਿਖਾਇਆ । ਜੋਤੀ ਜੋਤ ਜੋਤ
ਪ੍ਰਕਾਸ਼ਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਧਰਾਇਆ । ਨਾਉਂ ਧਰਾਏ ਨਰਾਇਣ ਨਰ ਅਵਤਾਰਾ । ਆਵੇ ਜਾਵੇ
ਵਾਰੋ ਵਾਰਾ । ਰਾਜ ਹੰਸ ਹੰਸ ਰਾਜ ਬਨਿਆ ਬੰਸ ਸਾਰਾ । ਸਾਜਣ ਸਾਜ ਕਰਾਏ ਕਾਜ, ਕਰੇ ਖੇਲ ਅਪਰ ਅਪਾਰਾ । ਜੋਤ ਸਰੂਪੀ ਜੋਤ ਹਰਿ,
ਆਦਿ ਅੰਤ ਇਕ ਵਰਤਾਰਾ । ਆਦਿ ਅੰਤ ਇਕ ਵਰਤਾਰੀ । ਆਪੇ ਧਰੇ ਜੋਤ ਸ੍ਰਿਸ਼ਟ ਸਬਾਈ ਕਰੇ ਉਜਿਆਰੀ । ਬੇਮੁੱਖਾਂ ਵਿਚ ਮਾਤ ਪ੍ਰਭ
ਸਾਚਾ ਕਰੇ ਖਵਾਰੀ । ਜੋਤੀ ਜੋਤ ਸਰੂਪ ਹਰਿ ਅਚਰਜ ਖੇਲ ਕਰੇ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ
ਨਰ ਅਵਤਾਰੀ । ਅਚਰਜ ਖੇਲ ਕਰੇ ਗਿਰਧਾਰਾ । ਮਾਤਲੋਕ ਲਿਆ ਅਵਤਾਰਾ । ਦੂਤਾਂ ਦੁਸ਼ਟਾਂ ਹਰਿ ਆਪ ਸੰਘਾਰਾ । ਜੋਤੀ ਜੋਤ ਸਰੂਪ
ਹਰਿ, ਆਪੇ ਜਾਣੇ ਆਪਣੀ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਆਪਣੀ ਸਾਰ ਆਪ ਹੀ
ਜਾਣ । ਆਪੇ ਆਪਣੀ ਕਰੇ ਪਛਾਣ । ਜੀਵ ਜੰਤ ਸਭ ਹੋਏ ਨਾਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰੇ ਬਲੀ ਬਲਵਾਨ ।
ਆਇਆ ਪ੍ਰਭ ਵਡ ਵਡ ਬਲਕਾਰੀ । ਤਰੇਤਾ ਭਇਓ ਰਾਮ ਅਵਤਾਰੀ । ਦੁਸ਼ਟ ਰਾਵਣ ਕਰੇ ਸੰਘਾਰੀ । ਅਚਰਜ ਖੇਲ ਰੰਗ ਕਰਤਾਰੀ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਜਣ ਨਰਾਇਣ ਨਾਰ ਅਵਤਾਰੀ । ਨਰਾਇਣ ਅਵਤਾਰਾ ਜਾਮਾ ਧਾਰਾ ਜਿਉਂ ਕ੍ਰਿਸ਼ਨ ਮੁਰਾਰਾ । ਬੇਮੁਖਾਂ
ਅੰਤ ਕਰੇ ਖਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਦਿ ਅੰਤ ਏਕਾ ਏਕੰਕਾਰਾ । ਕ੍ਰਿਸ਼ਨ ਮੁਰਾਰੀ ਵਡ ਗਿਰਧਾਰੀ ।
ਆਪਣਾ ਖੇਲ ਕੀਆ ਅਚਰਜ ਵਰਤੇ ਵਿਚ ਸੰਸਾਰੀ । ਜੋਤੀ ਜੋਤ ਸਰੂਪ ਨਾ ਕੋਈ ਪਾਵੇ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਨਰਾਇਣ ਨਰ ਅਵਤਾਰੀ । ਆਪਣਾ ਆਪ ਨਾ ਜੀਵ ਪਛਾਣੇ । ਮਾਇਆ ਮਮਤਾ ਵਿਚ ਰੁਲੇ ਜੀਵ ਅੰਵਾਣੇ । ਆਤਮ ਰੰਗਤਾ ਸਦ ਰਖਾਣੇ ।
ਜੋਤੀ ਜੋਤ ਸਰੂਪ ਹਰਿ, ਆਪ ਚਲਾਏ ਆਪਣੇ ਭਾਣੇ । ਆਪਣੇ ਭਾਣੇ ਆਪ ਸਮਾਣਾ । ਅਰਜਨ ਹੱਥ ਫੜਾਏ ਤੀਰ ਕਮਾਨਾ । ਆਪੇ ਆਪ
ਮਹਾਂਸਾਰਥੀ ਜਗਤ ਅਖਵਾਣਾ । ਜੋਤੀ ਜੋਤ ਸਰੂਪ ਹਰਿ, ਆਪੇ ਵਰਤੇ ਆਣਾ ਭਾਣਾ । ਮੋਹਣ ਮਾਧਵ ਕ੍ਰਿਸ਼ਨ ਮੁਰਾਰੀ । ਅਚਰਜ ਖੇਲ ਕਰੇ

ਵਿਚ ਮਾਤ ਨਾ ਜਾਣੇ ਜੀਵ ਗਵਾਰੀ । ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਮਾਇਆ ਪਸਰ ਪਸਾਰੀ । ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਵਾਰੋ ਵਾਰੀ । ਮਾਤ ਜੋਤ ਧਰ ਭਗਵਾਨ । ਸ੍ਰਿਸ਼ਟ ਸਬਾਈ ਦੇਵੇ ਗਿਆਨ । ਪੰਜੇ ਪਾਂਡੋ ਗਏ ਜਾਣ । ਸੱਚੀ ਸ਼ਬਦ ਧੁਨ ਚਰਨ ਧੂੜ ਅਸ਼ਨਾਨ । ਜੋਤੀ ਜੋਤ ਸਰੂਪ ਹਰਿ ਜਨ ਭਗਤਾਂ ਕਰੇ ਆਪ ਪਛਾਣ । ਗੁਰਮੁਖ ਸਾਚੇ ਦਇਆ ਕਮਾਏ । ਕਰ ਤਰਸ ਸਾਚਾ ਨਾਮ ਭਿਛਿਆ ਪਾਏ । ਆਤਮ ਇਛਿਆ ਪੂਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਏ । ਸਰਨ ਲਗਾਵੇ ਸਰਨਾ ਨਿਧ । ਕਾਰਜ ਕੀਨੇ ਗੁਰਸਿਖ ਸਿੱਧ । ਘਰ ਉਪਜਾਵੇ ਰਿਧ ਸਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਘਰ ਉਪਜਾਵੇ ਨਵ ਨਿਧ । ਨਵ ਨਿਧ ਨੌਂ ਦਰ । ਗੁਰਮੁਖ ਸਾਚਾ ਲਏ ਵਰ । ਜਿਥੇ ਵਸੇ ਸਾਚਾ ਹਰਿ । ਸਚ ਧਾਮ ਸਚ ਰਾਮ ਸਚ ਕਾਮ ਸਾਚਾ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਖੁਲ੍ਹਾਏ ਆਤਮ ਦਰ । ਆਤਮ ਦਰ ਦੇਵੇ ਖੋਲ੍ਹ । ਆਪ ਖੁਲ੍ਹਾਏ ਝੂਠਾ ਪੋਲ । ਸੋਹੰ ਸ਼ਬਦ ਵਜਾਵੇ ਢੋਲ । ਮਾਨਸ ਜਨਮ ਕਲ ਲੇਖੇ ਲਾਵੇ, ਲੱਖ ਚੁਰਾਸੀ ਅਨਮੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤਨ ਮਨ ਗੁਰ ਚਰਨ ਘੋਲ । ਤਨ ਮਨ ਧਨ ਗੁਰ ਚਰਨ ਦਵਾਰੇ । ਦੇਵੇ ਮਾਣ ਵਿਚ ਸੰਸਾਰੇ । ਸਰਬ ਘਟ ਵਾਸੀ ਦੇਵੇ ਦਰਸ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵਿਚ ਜਾਮਾ ਧਾਰੇ । ਪੁਰੀ ਘਨਕ ਵਿਚ ਜਾਮਾ ਧਾਰ । ਪ੍ਰਭ ਅਬਿਨਾਸ਼ੀ ਲਿਆ ਅਵਤਾਰ । ਭਰਮ ਭੁਲੇਖੇ ਭੁੱਲਾ ਸਰਬ ਸੰਸਾਰ । ਗੁਰਮੁਖ ਵਿਰਲਾ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਮ੍ਰਿਤ ਆਤਮ ਦੇਵੇ ਸਾਚੀ ਧਾਰ । ਅੰਮ੍ਰਿਤ ਸਾਚਾ ਸੀਰ ਪਿਲਾਇਆ । ਦੂਈ ਦਵੈਤ ਪੜਦਾ ਲਾਹਿਆ । ਏਕਾ ਜੋਤ ਕਰੇ ਰੁਸ਼ਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਲੋਂ ਲਾਹੇ ਜਗਤ ਮਾਇਆ । ਜਗਤ ਮਾਇਆ ਲੱਥੇ ਚੀਰ । ਸੰਤ ਮਨੀ ਸਿੰਘ ਵੱਜਾ ਸ਼ਬਦ ਤੀਰ । ਦੂਰੋਂ ਪੈਂਡਾ ਆਵੇ ਚੀਰ । ਆਤਮ ਬੰਨ੍ਹੇ ਨਾ ਅਜੇ ਧੀਰ । ਬਿਨ ਪ੍ਰਭ ਸਾਚੇ ਨਾ ਜਾਏ ਹਉਮੇ ਪੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਹਸਤ ਕੀੜ । ਆਇਆ ਦਰ ਸਚ ਦਰਬਾਰੇ । ਪੁਰੀ ਘਨਕ ਹਰਿ ਚਰਨ ਨਿਮਸਕਾਰੇ । ਖਾਲੀ ਭਰੇ ਪ੍ਰਭ ਭੰਡਾਰੇ । ਆਤਮ ਜੋਤ ਕਰੇ ਅਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕਰੇ ਪ੍ਰਕਾਸ਼ ਸੰਤ ਮਨੀ ਸਿੰਘ ਦਸਮ ਦਵਾਰੇ । ਦਸਮ ਦਵਾਰ ਆਪ ਖੁਲ੍ਹਾਇਆ । ਆਪ ਆਪਣਾ ਰਾਹ ਬਤਾਇਆ । ਦੂਈ ਦਵੈਤੀ ਪੜਦਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਧੁਨ ਉਪਜਾਇਆ । ਆਤਮ ਧੁਨੀ ਉਪਜੇ ਧੁਨ । ਸੰਤ ਮਨੀ ਸਿੰਘ ਖੁਲ੍ਹੇ ਸੁੰਨ । ਪ੍ਰਭ ਅਬਿਨਾਸ਼ੀ ਕਵਣ ਜਾਣੇ ਤੇਰੇ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਗੁਰਮੁਖ ਸਾਚੇ ਵਿਚ ਮਾਤ ਦੇ ਚੁਣ । ਸੰਤ ਮਨੀ ਸਿੰਘ ਦਰ ਸਾਚੇ ਆਇਆ । ਦਰ ਘਰ ਸਾਚੇ ਪ੍ਰਭ ਅਬਿਨਾਸ਼ੀ ਸਾਚਾ ਪਾਇਆ । ਹਰਿ ਹਿਰਦੇ ਵਾਚਾ ਵੇਖ ਭਾਂਡਾ ਕਾਚਾ ਤਨ ਮਨ ਧਨ ਪ੍ਰਭ ਸਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਵਿਚ ਧਰਾਇਆ । ਆਪ ਆਪਣਾ ਵਿਚ ਟਿਕਾਏ । ਅਗਿਆਨ ਅੰਧੇਰ ਸਰਬ ਮਿਟਾਏ । ਸੰਞ ਸਵੇਰ ਇਕ ਕਰਾਏ । ਹਰਨ ਫਰਨ ਦਏ ਖੁਲ੍ਹਾਏ । ਮਰਨ ਡਰਨ ਸਰਬ ਚੁਕਾਏ । ਏਕਾ ਏਕ ਕਰਨ ਸਾਚੀ ਸਰਨ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਭਵਨ ਦੀ ਬੂਝ ਬੁਝਾਏ । ਸੰਤ ਮਨੀ ਸਿੰਘ ਸੇਵਾ ਲੱਗ । ਪ੍ਰਭ ਅਬਿਨਾਸ਼ੀ ਪਕੜੇ ਪੱਗ । ਕਲਜੁਗ ਮਾਇਆ

ਵਿਚ ਨਾ ਲੱਗ । ਪੱਲਾ ਫੇਰ ਵਿਚ ਸਾਰੇ ਜੱਗ । ਘਰ ਘਰ ਲੱਗੀ ਦਿਸੇ ਅੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਰਾਓ ਰੰਕ ਚਰਨੀ ਜਾਏ ਲੱਗ । ਸੰਤ ਮਨੀ ਸਿੰਘ ਊਚ ਪੁਕਾਰੇ । ਪ੍ਰਭ ਅਬਿਨਾਸ਼ੀ ਜਾਮਾ ਧਾਰੇ । ਘਨਕਪੁਰੀ ਵਿਚ ਲਿਆ ਅਵਤਾਰੇ । ਭੁੱਲੇ ਜੀਵ ਹਰਿ ਗਵਾਰੇ । ਦੁਸ਼ਟ ਦੁਰਾਚਾਰੀ ਨਾ ਪਾਇਣ ਸਾਰੇ । ਗੁਰਮੁਖ ਸਾਚੇ ਸੰਤ ਜਨ ਦਰ ਆਇਣ ਕਰਨ ਚਰਨ ਨਿਮਸਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਮਨੀ ਸਿੰਘ ਦੇਵੇ ਸ਼ਬਦ ਹੁਲਾਰੇ । ਸ਼ਬਦ ਹੁਲਾਰਾ ਰਿਹਾ ਝੂਲ । ਆਪ ਚੁਕਾਇਆ ਪਿਛਲਾ ਮੂਲ । ਗੁਰਮੁਖ ਗੁਰਸਿਖ ਸਾਚਾ ਦਰ ਨਾ ਜਾਣਾ ਭੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਭੰਨੀ ਚੌਥੀ ਚੂਲ । ਚੌਥੀ ਚੂਲ ਗਈ ਤੁੱਟ । ਕਲਜੁਗ ਭਾਗ ਗਏ ਨਿਖੁੱਟ । ਬੇਮੁਖ ਕਲਜੁਗ ਜੀਵ ਲਹਿਣਾ ਦੇਣਾ ਕਦੇ ਨਾ ਜਾਏ ਛੁੱਟ । ਸ੍ਰਿਸ਼ਟ ਸਬਾਈ ਪਾਏ ਭੀੜ, ਆਪੇ ਮਾਰੇ ਪਕੜ ਗਲ ਘੁੱਟ । ਈਸਾ ਮੂਸਾ ਮੁਹੰਮਦੀ ਜੜ੍ਹ ਦੇਵੇ ਪੁੱਟ । ਗੁਰਮੁਖ ਸਾਚੇ ਸੰਤ ਜਨ ਦਰ ਸਾਚੇ ਲਾਹਾ ਲੈਣ ਨਾਮ ਦਾਨ ਅਤੁੱਟ । ਅੰਮ੍ਰਿਤ ਆਤਮ ਪ੍ਰਭ ਸਾਚਾ ਬਰਖੇ, ਗੁਰਮੁਖ ਸਾਚੇ ਪੀ ਲੈਣਾ ਘੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਭੰਡਾਰੀ ਵਡ ਸੰਸਾਰੀ ਸਦ ਭੰਡਾਰੇ ਰਹਿਣ ਅਤੁਟ । ਅਤੁੱਟ ਭੰਡਾਰ ਹਰਿ ਕਾ ਜਾਣ । ਨਿਖੁੱਟ ਨਾ ਜਾਏ ਵਿਚ ਜਹਾਨ । ਛੁੱਟ ਨਾ ਜਾਏ ਗੁਰਸਿਖ ਤੇਰਾ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰੇ ਭਗਵਾਨ । ਸੰਤ ਮਨੀ ਸਿੰਘ ਤੇਰੀ ਵਡਿਆਈ । ਸਾਚੀ ਸੁਰਤ ਸਾਚੀ ਧੁਨ ਸ਼ਬਦ ਅਨਹਦ ਉਪਜਾਈ । ਤੁਟੀ ਮੁਨ ਹੋਈ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਲਿਵ ਚਰਨ ਰਖਾਈ । ਸੰਤ ਮਨੀ ਸਿੰਘ ਮਾਣ ਦਵਾ ਕੇ । ਆਪ ਆਪਣੀ ਸੇਵਾ ਲਾ ਕੇ । ਸੁਰਤ ਸ਼ਬਦ ਹਰਿ ਮੇਲ ਮਿਲਾ ਕੇ । ਆਤਮ ਜੋਤੀ ਦੀਪ ਜਗਾ ਕੇ । ਸੋਹੰ ਸਾਚੀ ਦਾਤ ਪ੍ਰਭ ਝੋਲੀ ਪਾ ਕੇ । ਏਕਾ ਸਾਚਾ ਰੰਗ ਪ੍ਰਭ ਚੜ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਧਰਨੀ ਧਰ ਦੇਵੇ ਵਰ ਡਿਗੇ ਚਰਨੀ ਆ ਕੇ । ਚਰਨੀ ਡਿਗ ਹਾਜ਼ਰ ਹਜ਼ੂਰ । ਪ੍ਰਭ ਅਬਿਨਾਸ਼ੀ ਪਾਇਆ ਸੋਲਾਂ ਕਲਾ ਭਰਪੂਰ । ਸੋਹੰ ਸ਼ਬਦ ਦੇਵੇ ਆਤਮ ਤੂਰ । ਜੋਤ ਸਰੂਪੀ ਕਰੇ ਆਤਮ ਨੂਰੋ ਨੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਂਤਕ ਸਤਿ ਵਰਤਾਏ ਸੰਤ ਮਨੀ ਸਿੰਘ ਸਤਿ ਸਰੂਰ । ਸਾਂਤਕ ਸਤਿ ਸੀਤਲ ਧਾਰਾ । ਦੇਵੇ ਹਰਿ ਵਸਤ ਹਰਿ ਥਾਰਾ । ਗੁਰਮੁਖ ਸਾਚੇ ਆਪ ਰਖਾਏ ਆਪਣੇ ਚਰਨ ਦਵਾਰਾ । ਜਿਥੇ ਵਸੇ ਨਰਾਇਣ ਨਰ ਜੋਤ ਸਰੂਪੀ ਖੇਲ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਗੁਰਸਿਖਾਂ ਕਰ ਪਿਆਰਾ । ਗੁਰਸਿਖ ਗੁਰਮੁਖ ਆਤਮ ਸੋਧ । ਸ਼ਬਦ ਲਿਖਾਏ ਪ੍ਰਭ ਅਗਾਧ ਬੋਧ । ਕਲਮ ਉਠਾਏ ਵਡ ਜੋਧਨ ਜੋਧ । ਗੁਰਸਿਖ ਉਠਾਏ ਪ੍ਰਭ ਆਪਣੀ ਗੋਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਏ ਕਲਮ ਨਾਲ ਸ੍ਰਿਸ਼ਟੀ ਲਏ ਸੋਧ । ਸੰਤ ਮਨੀ ਸਿੰਘ ਲਿਖਤ ਲਿਖਾਵੇ । ਪ੍ਰਭ ਅਬਿਨਾਸ਼ੀ ਰਸਨਾ ਗਾਵੇ । ਦਿਵਸ ਰੈਣ ਨਾ ਮਨੋਂ ਭੁਲਾਵੇ । ਸਾਚੇ ਭਾਣੇ ਵਿਚ ਸਦ ਸਮਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਮ ਦਵਾਰ ਬੂਝ ਬੁਝਾਵੇ । ਦਸਮ ਦਵਾਰ ਸਤਿ ਧਿਆਨਾ । ਆਤਮ ਉਪਜਿਆ ਬ੍ਰਹਮ ਗਿਆਨਾ । ਹੋਇਆ ਦਰਸ ਕ੍ਰਿਸ਼ਨ ਕਾਹਨਾ । ਮਿਟਾਈ ਹਰਸ ਮਿਲ ਭਗਵਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਕਲ ਪਹਰਿਆ ਬਾਣਾ । ਸੰਤ ਮਨੀ ਸਿੰਘ ਤਨ ਸਾਚਾ ਮੰਦਰ । ਦੀਪਕ ਜੋਤੀ ਜਗੇ ਅੰਦਰ । ਕਾਇਆ ਅੰਧੇਰੀ ਝੂਠੀ ਕੰਦਰ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਆਪ ਤੁੜਾਇਆ ਆਤਮ ਜੰਦਰ । ਆਤਮ ਜੰਦਰ ਆਪ ਤੁੜਾਏ । ਸਾਚਾ ਮੰਦਰ ਆਪ ਬਣਾਏ । ਹਰਿ ਵਸੇ ਅੰਦਰ ਬੇਮੁਖਾਂ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਜਾਣੇ ਜਿਸ ਜਨ ਦਇਆ ਕਮਾਏ । ਨਵਖੰਡ ਵਿਚ ਵਰਭੰਡ, ਚਮਕੇ ਚੰਡ ਪਵੇ ਵੰਡ, ਰੋਵਣ ਰੰਡ ਕੱਟੀ ਗੰਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਖੰਡ ਖੰਡ । ਖੰਡ ਖੰਡ ਖੰਡਾ ਦੋ ਧਾਰੀ । ਵੰਡ ਵੰਡ ਕਰੇ ਸ੍ਰਿਸ਼ਟੀ ਸਾਚੀ । ਡਨ ਲਗਾਏ ਜੀਵ ਦੁਸ਼ਟ ਦੁਰਾਚਾਰੀ । ਤਨ ਜਲਾਏ ਹੋਏ ਹੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਾਏ ਵਰਤਾਏ ਆਪ ਵਿਚ ਸੰਸਾਰੀ । ਸਚ ਚੰਡੀ ਸ਼ਬਦ ਚਮਕਾਨੀ । ਦਾਮਨ ਦਮਕ ਦਮਕੇ ਦਾਮਨੀ । ਆਪੇ ਆਪ ਸੰਘਾਰੇ ਜਿਉਂ ਰਾਮਾ ਰਾਵਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਵਰਤਾਵਨੀ । ਕਲਜੁਗ ਜੀਵ ਜਾਗ, ਭਰਮ ਨਾ ਭੁੱਲ । ਕਲਜੁਗ ਜੀਵ ਜਾਗ, ਮਾਇਆ ਵਿਚ ਨਾ ਰੁਲ । ਕਲਜੁਗ ਜੀਵ ਜਾਗ, ਸਚ ਭੰਡਾਰਾ ਗਿਆ ਖੁਲ੍ਹ । ਕਲਜੁਗ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲਗਾਏ ਭਾਗ, ਦੇਵੇ ਨਾਮ ਅਨਮੁਲ । ਕਲਜੁਗ ਜੀਵ ਜਾਗ, ਸਚ ਸੰਦੇਸ਼ । ਕਲਜੁਗ ਜੀਵ ਜਾਗ, ਜੋਤ ਪ੍ਰਗਟਾਈ ਪ੍ਰਭ ਮਾਝੇ ਦੇਸ । ਕਲਜੁਗ ਜੀਵ ਜਾਗ, ਪ੍ਰਭ ਅਬਿਨਾਸ਼ੀ ਕਲ ਆਇਆ ਜੋਤ ਸਰੂਪੀ ਕਰ ਕੇ ਭੇਸ । ਕਲਜੁਗ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪ੍ਰਭ ਸਾਚੇ ਕੋ ਸਦਾ ਆਦੇਸ । ਕਲਜੁਗ ਜੀਵ ਜਾਗ, ਕਿਉਂ ਹੋਏ ਭਾਗ ਮੰਦ । ਕਲਜੁਗ ਜੀਵ ਜਾਗ, ਆਤਮ ਹੋਈ ਪਾਪਾਂ ਕੰਧ । ਕਲਜੁਗ ਜੀਵ ਜਾਗ, ਆਤਮ ਦਵਾਰ ਹੋਇਆ ਬੰਦ । ਕਲਜੁਗ ਜੀਵ ਜਾਗ, ਪ੍ਰਭ ਸਾਚਾ ਸੁਣਾਏ ਰਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਨ ਦਰ ਮੰਗ । ਕਲਜੁਗ ਜੀਵ ਜਾਗ ਵਕਤ ਸੁਹੰਜਣਾ । ਕਲਜੁਗ ਜੀਵ ਜਾਗ, ਕਲਜੁਗ ਜੋਤ ਪ੍ਰਗਟਾਏ ਨਰਾਇਣ ਨਿਰੰਜਣਾ । ਕਲਜੁਗ ਜੀਵ ਜਾਗ, ਬਣ ਸਾਚਾ ਸਾਕ ਸੈਣ ਸੱਜਣਾ । ਕਲਜੁਗ ਜੀਵ ਜਾਗ, ਭਾਂਡਾ ਕਾਚਾ ਅੰਤਕਾਲ ਕਲ ਭੱਜਣਾ । ਕਲਜੁਗ ਜੀਵ ਜਾਗ, ਮਾਇਆ ਨਾਲ ਨਾ ਕਿਸੇ ਰੱਜਣਾ । ਕਲਜੁਗ ਜੀਵ ਜਾਗ, ਪ੍ਰਭ ਸਾਚੇ ਅੰਤ ਤੇਰਾ ਪਰਦਾ ਕੱਜਣਾ । ਕਲਜੁਗ ਜੀਵ ਜਾਗ, ਵੇਲਾ ਅੰਤਕਾਲ ਗੋਲਾ ਮੌਤ ਸਿਰ ਤੇ ਵੱਜਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੀ ਅੰਮ੍ਰਿਤ ਦਰ ਤੇ ਰਜਣਾ । ਕਲਜੁਗ ਜੀਵ ਜਾਗ, ਛੱਡ ਭਰਮ ਭੁਲੇਖਾ । ਉਠ ਜੀਵ ਜਾਗ, ਪ੍ਰਭ ਚੁਕਾਏ ਪਿਛਲਾ ਲੇਖਾ । ਉਠ ਜੀਵ ਜਾਗ, ਕਲ ਰਹੇ ਨਾ ਵੇਖੀ ਵੇਖਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਔਲੀਏ ਸ਼ੇਖਾ । ਉਠ ਜੀਵ ਜਾਗ, ਅੰਤ ਅਖੀਰ । ਉਠ ਜੀਵ ਜਾਗ, ਚਾਰ ਕੁੰਟ ਹੋਏ ਵਹੀਰ । ਉਠ ਜੀਵ ਜਾਗ, ਸੋਹੰ ਸ਼ਬਦ ਚਲਾਏ ਤੀਰ । ਉਠ ਜੀਵ ਜਾਗ, ਆਪ ਮੇਟ ਮਿਟਾਏ ਔਲੀਏ ਪ੍ਰਭ ਸਾਚਾ ਪੀਰ ਫਕੀਰ । ਉਠ ਜੀਵ ਜਾਗ, ਕੋਈ ਨਾ ਦੇਵੇ ਧੀਰ ਦਸਤਗੀਰ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖਿਚਾਏ ਅਠ ਸੱਠ ਤੀਰਥ ਨੀਰ । ਉਠ ਜੀਵ ਜਾਗ, ਸੁਣ ਸਾਚਾ ਰਾਗ, । ਉਠ ਜੀਵ ਜਾਗ, ਧੋ ਪਾਪਾ ਦਾਗ । ਉਠ ਜੀਵ ਜਾਗ, ਬੁਝਾ ਤ੍ਰਿਸ਼ਨਾ ਆਗ । ਉਠ ਜੀਵ ਜਾਗ, ਬਣ ਹੰਸ ਕਾਗ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਲਗਾਇਆ ਪਹਿਲੀ ਮਾਘ । ਉਠ ਜੀਵ ਜਾਗ, ਕਲ ਅੰਧ ਅੰਧਘੋਰ । ਉਠ ਜੀਵ ਜਾਗ, ਪੰਚਾਂ ਲੁਟਿਆ ਘਰ ਤੇਰਾ ਬਣ ਚੋਰ । ਉਠ ਜੀਵ ਜਾਗ, ਨਾ ਬਣ ਹਰਾਮ ਖੋਰ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ

ਦੇਵੇ ਸ਼ਬਦ ਘਨਘੋਰ । ਉਠ ਜੀਵ ਜਾਗ, ਚਰਨ ਪ੍ਰੀਤੀ ਲੈ ਜੋੜ । ਉਠ ਜੀਵ ਜਾਗ, ਕਿਉਂ ਮੁਖ ਭਵਾਇਆ । ਉਠ ਜੀਵ ਜਾਗ, ਕਿਉਂ ਦੁੱਖ ਉਠਾਇਆ । ਉਠ ਜੀਵ ਜਾਗ, ਕਿਉਂ ਸੁਖ ਗਵਾਇਆ । ਉਠ ਜੀਵ ਜਾਗ, ਕਿਉਂ ਮੁਖ ਛੁਪਾਇਆ । ਉਠ ਜੀਵ ਜਾਗ, ਕਿਉਂ ਆਤਮ ਤ੍ਰਿਸ਼ਨਾ ਭੁੱਖ ਵਧਾਇਆ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਉਠ ਜੀਵ ਜਾਗ, ਜਗਤ ਅੰਧੇਰ । ਉਠ ਜੀਵ ਜਾਗ, ਏਕਾ ਅਗਨ ਲੱਗੇ ਚਾਰ ਚੁਫੇਰ । ਉਠ ਜੀਵ ਜਾਗ, ਦੁਸ਼ਟ ਦੁਰਾਚਾਰ ਮਾਰੇ ਘੇਰ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮਾਰ ਮਾਰੇ ਕਰਾਏ ਢੇਰ । ਉਠ ਜੀਵ ਜਾਗ, ਢੱਠੇ ਢੇਰੀ । ਉਠ ਜੀਵ ਜਾਗ, ਮਾਤਲੋਕ ਨਾ ਪਾਵੇ ਫੇਰੀ । ਉਠ ਜੀਵ ਜਾਗ, ਵੇਲਾ ਅੰਤ ਨਾ ਲੱਗੇ ਦੇਰੀ । ਉਠ ਜੀਵ ਜਾਗ, ਏਕਾ ਸ਼ਬਦ ਝੁਲਾਏ ਜਗਤ ਅੰਧੇਰੀ । ਸ਼ਬਦ ਅੰਧੇਰੀ ਜਾਏ ਝੁੱਲ । ਸ੍ਰਿਸ਼ਟ ਸਬਾਈ ਜਾਏ ਰੁੱਲ । ਗੁਰਮੁਖ ਸਾਚੇ ਸੰਤ ਜਨ, ਪ੍ਰਭ ਦਰ ਪਾਇਣ ਅਨਮੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅੰਧੇਰ ਜਗਤ ਜਾਏ ਝੁੱਲ । ਸ਼ਬਦ ਅੰਧੇਰ ਆਪ ਝੁਲਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਸਾਚਾ ਲੇਖ ਪੰਚਮ ਜੇਠ ਲਿਖਾਵਣਾ । ਦਾੜ੍ਹਾਂ ਹੇਠ ਸ੍ਰਿਸ਼ਟ ਚਬਾਵਣਾ । ਕਲਜੁਗ ਜੀਵ ਕੌੜਾ ਰੇਠ ਰਹਿਣ ਨਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਵਣਾ । ਵਡ ਵਡ ਸੇਠ ਵਡ ਸਿਠਾਣੀਆਂ । ਭੱਜੇ ਫਿਰਨ ਮੁਗਲ ਮੁਗਲਾਣੀਆਂ । ਨਾ ਕੋਈ ਦਿਸੇ ਸ਼ਾਹ ਸੁਲਤਾਨੀਆਂ । ਚਾਰੋਂ ਕੁੰਟ ਹੋਏ ਵੈਰਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਝੁਲਾਏ ਸੋਹੰ ਤੇਰੀ ਸਚ ਨਿਸ਼ਾਨੀਆਂ । ਮਾਇਆਧਾਰੀ ਆਤਮ ਅੰਧੇ । ਵਿਸ਼ੇ ਵਿਕਾਰੀ ਆਤਮ ਗੰਦੇ । ਜਗਤ ਉਲਝਾਏ ਕਾਇਆ ਧੰਦੇ । ਆਤਮ ਵੱਜੇ ਬੇਮੁਖਾਂ ਜੰਦੇ । ਬੇਮੁਖ ਆਪਣਾ ਆਪ ਗਵਾਇਆ ਪਰਮਾਨੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਉਪਜਾਏ ਸਾਚੇ ਚੰਦੇ । ਮਾਇਆਧਾਰੀ ਮਾਇਆ ਰੂਪ । ਕਲਜੁਗ ਭੁੱਲੇ ਵਡ ਵਡ ਭੂਪ । ਆਤਮ ਨਗਰੀ ਹੋਈ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਜੋਤ ਸਰੂਪ । ਮਾਇਆਧਾਰੀ ਮਦਿਰਾ ਮਾਸੀ । ਵੇਖ ਭੇਖ ਖੁਲਾਏ ਘਨਕਪੁਰ ਵਾਸੀ । ਨਾ ਕੋਈ ਦੀਸੇ ਸ਼ਾਹੋ ਸ਼ਾਬਾਸ਼ੀ । ਸ੍ਰਿਸ਼ਟ ਸਬਾਈ ਧਰਮ ਰਾਏ ਚੜ੍ਹਾਏ ਫਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਰਨ ਪਾਰ ਜੋ ਜਨ ਸੋਹੰ ਗਾਇਣ ਸਵਾਸ ਸਵਾਸੀ । ਧਰਮ ਰਾਏ ਧਰਮ ਦਵਾਰਾ । ਓਥੇ ਲੱਭੇ ਪਾਪਾਂ ਅਫਾਰਾ । ਕਰਾਏ ਮਾਰ ਹੋਏ ਦੁੱਖ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰੇ ਆਪ ਵਿਹਾਰਾ । ਆਪ ਆਪਣਾ ਕਰ ਵਿਹਾਰਾ । ਸਤਿਜੁਗ ਬਣਾਏ ਸਾਚੀ ਸਰਕਾਰਾ । ਸਚ ਸੁੱਚ ਰਖਾਏ ਸਾਚਾ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਕਰੇ ਆਪ ਵਰਤਾਰਾ । ਪੰਚਮ ਪੰਚਮ ਪੰਚਮ ਵਿਚ ਜਹਾਨ । ਸੋਹੰ ਰੱਖੇ ਸਾਚੀ ਆਨ । ਆਪ ਚੁਕਾਏ ਜਮ ਕੀ ਕਾਨ । ਏਕਾ ਤਨ ਲਗਾਏ ਸ਼ਬਦ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਰਖਾਏ ਜਗਤ ਆਣ । ਏਕਾ ਆਣ ਜਗਤ ਰਖਾਏ । ਏਕਾ ਬਾਣ ਸ਼ਬਦ ਲਗਾਏ । ਏਕਾ ਮਾਣ ਏਕਾ ਤਾਣ ਚਰਨ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਰਹਿਣ ਨਾ ਪਾਏ । ਨਾ ਕੋਈ ਦੂਸਰ ਨਾ ਕੋਈ ਦੂਜ । ਏਕ ਬੁਝਾਵੇ ਸਾਚੀ ਬੂਝ । ਸੋਹੰ ਸ਼ਬਦ ਸਾਚੀ ਸੂਝ । ਗੁਰਮੁਖ ਸਾਚੇ ਸੰਤ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਭੇਵ ਗੂਝ । ਗੁਰਮੁਖ

ਸਾਚੇ ਬੂਝ ਬੁਝਾਈ । ਗੁਰਮੁਖ ਸਾਚੇ ਨਾਦ ਧੁਨ ਉਪਜਾਈ । ਗੁਰਮੁਖ ਸੁੰਨ ਸਮਾਧ ਖੁਲ੍ਹਾਈ । ਗੁਰਮੁਖਾਂ ਦੇਵੇ ਆਪ ਵਡਿਆਈ । ਗੁਰਮੁਖ ਮਿਲੇ ਸਾਚਾ ਸੁਖ, ਪ੍ਰਭ ਵਰਨ ਸੇਵ ਕਮਾਈ । ਗੁਰਮੁਖ ਸੁਫਲ ਮਾਤ ਕੁਖ, ਚਲ ਆਏ ਹਰਿ ਸਰਨਾਈ । ਗੁਰਮੁਖ ਉਤਰੇ ਭੁੱਖ ਮਿਟੇ ਦੁੱਖ ਪ੍ਰਭ ਸਾਚਾ ਦਰਸ਼ਨ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਮਾਤ ਵਡਿਆਈ । ਗੁਰਮੁਖ ਗੁਰ ਏਕਾ ਜਾਣ । ਗੁਰਮੁਖ ਗੁਰ ਸਚ ਪਛਾਣ । ਗੁਰਮੁਖ ਗੁਰ ਦੇਵੇ ਮਾਣ । ਗੁਰਮੁਖ ਸਾਚੇ ਪ੍ਰਭ ਸਾਚੇ ਤਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰਮੁਖ ਗੁਰ ਵੇਖ ਵਿਚਾਰੇ । ਗੁਰਮੁਖ ਗੁਰ ਸਾਚਾ ਤਾਰੇ । ਪਾਰਬ੍ਰਹਮ ਹਰਿ ਖੇਲ ਅਪਾਰੇ । ਵੇਖੇ ਵਿਗਸੇ ਕਰੇ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲੇਖ ਲਿਖਾਰੇ । ਪੰਚਮ ਜੇਠ ਲਿਖਤ ਲਿਖਾਇਤ, ਸਾਚਾ ਕਰਮ ਕਮਈਆ । ਗੁਰਮੁਖ ਪੜ੍ਹਾਏ ਇਕ ਜਮਾਇਤ, ਸੋਹੰ ਨਾਮ ਜਪਈਆ । ਏਕ ਬਣਾਏ ਸ਼ਰਅ ਸ਼ਰਾਇਤ, ਏਕਾ ਰਾਹ ਚਲਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤ ਮਿਟਈਆ । ਏਕਾ ਦੂਜਾ ਕੱਟੇ ਰੋਗ । ਆਪ ਮਿਟਾਏ ਚਿੰਤਾ ਸੋਗ । ਸੋਹੰ ਦੇਵੇ ਸਾਚਾ ਜੋਗ । ਗੁਰਮੁਖ ਸਾਚੇ ਕਲ ਲੈਣਾ ਭੋਗ । ਬੇਮੁਖਾਂ ਲੱਗੇ ਕਰਮ ਵਿਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕੱਟੇ ਹਉਮੇ ਰੋਗ । ਹਉਮੇ ਰੋਗ ਆਪ ਨਿਵਾਰੇ । ਸੋਹੰ ਨਾਮ ਦੇਵੇ ਵਸਤ ਅਪਾਰੇ । ਜੋ ਜਨ ਆਏ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਸਰਬ ਸਾਰੇ । ਸਰਬ ਸਾਰ ਆਪੇ ਜਾਣ । ਗੁਰਮੁਖ ਸਾਚੇ ਕਰ ਪਛਾਣ । ਆਪ ਚੁਕਾਏ ਜਮ ਕੀ ਕਾਣ । ਮਿਲਿਆ ਮੇਲ ਹਰਿ ਭਗਵਾਨ । ਮਹਾਰਾਜ ਸ਼ੇਰ ਸਿੰਘ ਬਲੀ ਬਲਵਾਨ । ਵਿਸ਼ਨੂੰ ਭਗਵਾਨ ਤ੍ਰੈਲੋਕੀ ਨਾਥਾ । ਆਪ ਨਿਭਾਏ ਸਗਲਾ ਸਾਥਾ । ਸਚ ਚਲਾਏ ਜਗਤ ਗਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਾਥਾ । ਸਰਬ ਕਲਾ ਆਪ ਭਰਪੂਰੇ । ਪ੍ਰਭ ਅਬਿਨਾਸ਼ੀ ਸਾਚਾ ਨੂਰੇ । ਆਪ ਉਠਾਏ ਮਿਟਾਏ ਵਡ ਵਡ ਸੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰਾਏ ਚੂਰੇ । ਸ੍ਰਿਸ਼ਟ ਸਬਾਈ ਪੰਚਮ ਜੇਠ ਭਾਗ ਲਗਾਵਣਿਆ । ਸੋਹੰ ਸਾਚਾ ਰਾਗ ਸੁਨਾਵਣਿਆ । ਮਾਤ ਜੋਤ ਧਰੇ ਬਾਵਨ ਰੂਪ ਵਟਾਵਣਿਆ । ਜਿਉਂ ਕਾਹਨਾ ਕੰਸ ਹਰੇ ਦੁਸ਼ਟ ਮੁਕਾਵਣਿਆ । ਗੁਰਮੁਖ ਸਾਚੇ ਸੰਤ ਜਨ ਦਰ ਤਰੇ, ਦਰ ਘਰ ਸਾਚੇ ਭਾਗ ਲਗਾਵਣਿਆ । ਪ੍ਰਭ ਅਬਿਨਾਸ਼ੀ ਜੋ ਜਨ ਵਰੇ, ਕਰ ਕਿਰਪਾ ਚਰਨ ਲਗਾਵਣਿਆ । ਸਾਚੀ ਤਰਨੀ ਜੋ ਜਨ ਤਰੇ, ਪ੍ਰਗਟ ਜੋਤ ਦਰਸ ਦਿਖਾਵਣਿਆ । ਗੁਰਮੁਖ ਸਾਚਾ ਰਸਨਾ ਗਾਏ ਨਰ ਹਰੇ, ਸਾਚੇ ਤੀਰਥ ਨੁਹਾਵਣਿਆਂ । ਪ੍ਰਭ ਅਬਿਨਾਸ਼ੀ ਸਾਚਾ ਪਾਏ, ਸਾਚਾ ਸੁਖ ਉਪਜਾਵਣਿਆ । ਪ੍ਰਭ ਅਬਿਨਾਸ਼ੀ ਖੇਲ ਰਚਾਏ, ਭਾਂਡਾ ਕਲਜੁਗ ਭੰਨਾਵਣਿਆ । ਸਤਿਜੁਗ ਸਾਚੀ ਲਿਖਤ ਲੇਖ ਪੰਚਮ ਲਿਖਵਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਖੁਲ੍ਹਾਵਣਿਆ । ਗੁਰਮੁਖ ਸਾਚੇ ਜੋਤੀ ਜੋਤ ਜਗਾਵਣਿਆ । ਗੁਰਮੁਖ ਸਾਚੇ ਹਰਿ ਆਪਣੀ ਸਰਨ ਲਗਾਵਣਿਆ । ਗੁਰਮੁਖ ਸਾਚੇ ਸਾਚਾ ਦਰਸ ਦਿਖਾਵਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੁਕਾਏ ਆਵਣ ਜਾਵਣਿਆ । ਪੰਚਮ ਜੇਠ ਪੰਜ ਘਰ ਵਸੇ । ਸਾਚਾ ਰਾਹ ਪ੍ਰਭ ਸਾਚਾ ਦੱਸੇ । ਗੁਰਮੁਖ ਸਾਚਾ ਪ੍ਰਭ ਦਰ ਵਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਲਾਏ ਸਵਾਸ ਸਵਾਸੇ । ਸਵਾਸ ਸਵਾਸ ਜਪ ਏਕਾ ਏਕ । ਏਕਾ ਸੋਹੰ ਸਾਚੀ ਟੇਕ । ਗੁਰਮੁਖਾਂ ਕਰੇ ਬੁੱਧ ਬਬੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਖਾਣੇ ਏਕਾ ਏਕ ।

੧੬ ੦੩

ਉਠੋ ਸਿੰਘੋ ਹਰਿ ਹਾਜਰ ਹਜੂਰੇ । ਦੇਵੇ ਦਰਸ ਜੋ ਜਨ ਆਏ ਨੇੜੇ ਦੂਰੇ । ਪ੍ਰਗਟ ਜੋਤ ਹਰਿ ਸਾਚਾ ਨੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਰਬ ਕਲਾ ਭਰਪੂਰੇ । ਸਰਬ ਕਲਾ ਆਪ ਸੰਪੂਰਨ । ਸੋਹੰ ਸ਼ਬਦ ਉਪਜਾਵੇ ਸਾਚੀ ਤੂਰਨ । ਕਿਸੇ ਨਾ ਦਿਸੇ ਹਰਿ ਸਾਚਾ ਜਾਨਣ ਦੂਰਨ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਸਰਬ ਪੂਰਨ । ਆਸਾ ਮਨਸਾ ਸਰਬ ਪੂਰੀ । ਆਤਮ ਲੱਭੀ ਸਰਬ ਵਸੂਰੀ । ਪ੍ਰਭ ਅਬਿਨਾਸ਼ੀ
ਚਿੰਤਾ ਕਰੇ ਦੂਰੀ । ਕੋਈ ਨਾ ਜਾਏ ਦਰ ਘਰ ਸਾਚੇ ਝੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਜਿਉਂ ਕੋਹਤੂਰੀ ।
ਸਾਚਾ ਲਹਿਣਾ ਦੇਵੇ ਆਪ । ਸੋਹੰ ਸਚ ਜਪਾਵੇ ਜਾਪ । ਕੋਟਨ ਕੋਟ ਉਤਾਰੇ ਪਾਪ । ਗੁਰਸਿਖ ਤੇਰਾ ਹੋਏ ਵਡ ਪ੍ਰਤਾਪ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਆਪੇ ਹੋਏ ਮਾਈ ਬਾਪ । ਮਾਤ ਪਿਤ ਸ਼ਬਦ ਗਿਆਨਾ । ਸਾਚਾ ਦੇਵੇ ਨਾਮ ਨਿਧਾਨਾ । ਸੋਹੰ ਸ਼ਬਦ ਜਗਤ ਨਿਸ਼ਾਨਾ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਧਿਆਨਾ । ਇਕ ਸ਼ਬਦ ਚਰਨ ਗੁਰ ਪਿਆਰਾ । ਇਕ ਸਤਿ ਸ਼ਬਦ ਦੀ ਧਾਰਾ । ਇਕ
ਮਤ ਸ਼ਬਦ ਅਪਾਰਾ । ਇਕ ਸ਼ਬਦ ਵਰਤਾਏ ਵਿਚ ਸੰਸਾਰਾ । ਇਕ ਸ਼ਬਦ ਪੰਚਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੋਲ੍ਹੇ ਜਗਤ
ਭੰਡਾਰਾ । ਸ਼ਬਦ ਭੰਡਾਰ ਗਿਆ ਖੁਲ੍ਹ । ਦੇਵੇ ਪ੍ਰਭ ਆਪ ਅਨਮੁਲ । ਆਪ ਸਵਾਰੇ ਪਿਛਲੀ ਕੁਲ । ਆਤਮ ਦੀਪਕ ਨਾ ਹੋਏ ਗੁਲ । ਕਾਇਆ
ਅਗਨ ਬੁਝੇ ਚੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੁਲਾਏ ਸਾਚੇ ਤੁਲ । ਸਾਚੇ ਤੋਲ ਆਪ ਤੁਲਾਏ । ਵਡ ਅਨਮੋਲ ਨਾਮ
ਦਵਾਏ । ਚਰਨ ਕਵਲ ਜੋ ਪ੍ਰੀਤ ਕਮਾਏ । ਸੋਹੰ ਸ਼ਬਦ ਪ੍ਰਭ ਆਤਮ ਢੋਲ ਵਜਾਏ । ਆਤਮ ਪਰਦੇ ਦੇਵੇ ਖੋਲ੍ਹ, ਸਵੱਛ ਸਰੂਪੀ ਦਰਸ ਦਿਖਾਏ ।
੧੭ ੦੩ ਜੋ ਜਨ ਰਹੇ ਰਸਨਾ ਬੋਲ, ਧੁਰ ਦਰਗਾਹੋਂ ਪ੍ਰਭ ਪਾਰ ਕਰਾਏ । ਜੋਤ ਸਰੂਪ ਪ੍ਰਭ ਵਸੇ ਕੋਲ, ਆਤਮ ਪਰਦਾ ਵੇਖੇ ਫੋਲ, ਪ੍ਰਭ ਅਬਿਨਾਸ਼ੀ ਦਰਸ ੧੭ ੦੩
ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਡਗਮਗਾਏ । ਆਤਮ ਵੇਖ ਜੀਵ ਵਿਚਾਰ । ਏਕਾ ਸ਼ਬਦ ਸਾਚੀ ਧਾਰ । ਏਕਾ
ਧਰਮ ਵਿਚ ਸੰਸਾਰ ਕਰੇ ਨੈਣ ਮੁਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਸਰਕਾਰ । ਸਚ ਸਰਕਾਰ ਸੱਚੀ ਸਿਕਦਾਰੀ । ਜੋਤ
ਸਰੂਪੀ ਹਰਿ ਨਿਰੰਕਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਲੇਖਾ ਚੁਕਾਵੇ ਆਵੇ ਜਾਵੇ ਵਾਰੋ ਵਾਰੀ । ਗੁਰਮੁਖਾਂ ਜਾਏ ਤਾਰੀ, ਬੇਮੁਖਾਂ ਕਰੇ ਖ਼ਵਾਰੀ ।
ਏਕਾ ਦਿਸੇ ਪਾਸਾ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਓ ਚਰਨ ਬਲਿਹਾਰੀ । ਚਰਨ ਬਲਿਹਾਰੋ ਆਪਣਾ ਆਪ
ਗੁਰ ਸਾਚੇ ਵਾਰੋ । ਨਾ ਕੋਈ ਭਰਮ ਭੁਲੇਖਾ ਸਚ ਦਰਬਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਭੁੱਖ ਦਰ ਸਰਬ ਨਿਵਾਰੋ । ਦੁੱਖ
ਭੁੱਖ ਪ੍ਰਭ ਦੇਵੇ ਨਿਵਾਰ । ਸਾਚਾ ਸ਼ਬਦ ਦੇਵੇ ਇਕ ਆਧਾਰ । ਉਜਲ ਮੁਖ ਵਿਚ ਸੰਸਾਰ । ਉਲਟਾ ਰੁੱਖ ਨਾ ਹੋਏ ਦੂਜੀ ਵਾਰ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਰ ਕਿਰਪਾ ਜਾਏ ਤਾਰ । ਸਾਚਾ ਪ੍ਰਭ ਸਾਚਾ ਸੰਗੀ । ਪੂਰਨ ਕਰੇ ਆਸ ਜੋ ਦਰ ਮੰਗੀ । ਕੋਈ
ਨਾ ਜਾਏ ਭੁੱਖੀ ਨੰਗੀ । ਆਤਮ ਨਾਮ ਪ੍ਰਭ ਸਾਚੇ ਰੰਗੀ । ਸੋਹੰ ਧਾਰ ਵਗਾਏ ਜਿਉਂ ਜਲ ਧਾਰ ਗੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਹੋਏ ਸਹਾਈ ਸਦਾ ਅੰਗ ਸੰਗੀ । ਅੰਗ ਸੰਗ ਸਦਾ ਸਹਾਈ । ਮਾਨਸ ਜਨਮ ਨਾ ਹੋਏ ਭੰਗ, ਜੋ ਜਨ ਆਏ ਸਰਨਾਈ । ਅੰਤਮ ਕਲਜੁਗ
ਨਾ ਹੋਵੇ ਨੰਗ, ਪ੍ਰਭ ਸਾਚਾ ਸਿਰ ਹੱਥ ਟਿਕਾਈ । ਆਪੇ ਕੱਟੇ ਭੁੱਖ ਨੰਗ ਵਿਚ ਮਾਤ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਦਇਆ ਕਮਾਈ । ਭੁੱਖਾ ਨੰਗਾ ਗਰੀਬ ਨਿਮਾਣਾ । ਦਰ ਘਰ ਸਾਚੇ ਹੋਏ ਪ੍ਰਵਾਨਾ । ਦੂਰ ਦੂਰ ਧਕਾਵੇ ਰਾਜਾ ਰਾਣਾ । ਹਰਿ ਆਪਣੀ ਗੋਦ ਉਠਾਏ, ਨੀਚੋਂ ਨੀਚ ਬਾਲ ਅੰਞਾਣਾ । ਆਤਮ ਦੇਵੇ ਸੋਧ ਦੇਵੇ ਮਾਣ ਵਿਸ਼ਨੂੰ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਉ ਰੰਕ ਇਕ ਕਰਾਣਾ । ਇਕ ਕਰਾਏ ਰਾਉ ਰੰਕ । ਸੋਹੰ ਸ਼ਬਦ ਵਜਾਏ ਸਾਚਾ ਡੰਕ । ਆਪ ਸੁਹਾਏ ਦਵਾਰ ਬੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖ ਤਾਰੇ ਜਿਉਂ ਰਾਜਾ ਜਨਕ । ਭਗਤ ਜਨਕ ਪ੍ਰਭ ਆਪ ਤਾਰਿਆ । ਕਿਰਪਾ ਕਰ ਅਪਰ ਅਪਾਰਿਆ । ਦਿਤਾ ਵਰ ਹਰਿ ਸ਼ਬਦ ਉਚਾਰਿਆ । ਗਿਆ ਤਰ ਧਰਮ ਰਾਏ ਦਰ ਨਿਮਸਕਾਰਿਆ । ਚੁਕਿਆ ਡਰ ਖ਼ਾਲੀ ਹੋਏ ਨਰਕ ਭੰਡਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਦਿ ਅੰਤ ਗੁਰਮੁਖਾਂ ਕਾਜ ਸਵਾਰਿਆ । ਕਾਜ ਸਵਾਰੇ ਦੀਨ ਕੇ ਦਾਤੇ । ਪੰਚਮ ਜੇਠ ਵੇਲੇ ਪ੍ਰਭਾਤੇ । ਸੋ ਜਨ ਉਧਰੇ ਜੋ ਜਨ ਰਸਨਾ ਸੋਹੰ ਗਾਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਸਾਚੇ ਨਾਤੇ । ਸਾਚਾ ਨਾਤਾ ਚਰਨ ਬੰਨ੍ਹ । ਸੋਹੰ ਸ਼ਬਦ ਸੁਣਾਵੇ ਕੰਨ । ਹਰਿਆ ਹੋਵੇ ਮਨ ਤਨ । ਆਪ ਮਿਟਾਏ ਝੂਠਾ ਜਨ । ਭਾਂਡਾ ਭਉ ਪ੍ਰਭ ਦੇਵੇ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਬੇੜਾ ਦੇਵੇ ਬੰਨ੍ਹ । ਪੰਚਮ ਜੇਠ ਰੰਗ ਰੰਗਾ ਰਿਹਾ । ਅੰਗ ਸੰਗ ਆਪ ਨਿਭਾ ਰਿਹਾ । ਪ੍ਰਭ ਦਰ ਮੰਗਣ ਸਾਚੀ ਮੰਗ, ਸਾਚਾ ਨਾਮ ਰੰਗ ਮਜੀਠ ਚੜ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪ ਆਪਣੀ ਜੋਤ ਜਗਾ ਰਿਹਾ । ਜੋਤ ਜਗਾਏ ਪ੍ਰਭ ਸਾਚਾ ਬੀਠਲਾ । ਗੁਰਮੁਖ ਸਾਚੇ ਘਰ ਸਾਚੇ ਡੀਠਲਾ । ਕੋਈ ਨਾ ਦਿਸੇ ਦਰ ਤੇ ਕੌੜਾ ਰੀਠਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਚੜ੍ਹਾਏ ਰੰਗ ਮਜੀਠਲਾ । ਪੰਚਮ ਜੇਠ ਪੰਚਮ ਗਿਰਧਾਰ । ਵੇਖੇ ਵਿਗਸੇ ਕਰੇ ਵਿਚਾਰ । ਕਿਆ ਕੋਈ ਜਾਣੇ ਪ੍ਰਭ ਦੀ ਸਾਰ । ਆਪਣਾ ਆਪ ਕਰੇ ਵਰਤਾਰ । ਵਰਤੇ ਵਰਤਾਵੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੀਸ ਧਰੇ ਬੈਠ ਦਸਤਾਰ । ਸਿਰ ਦਸਤਾਰ ਆਪਣੇ ਬੰਨ੍ਹ । ਕਲਜੁਗ ਜੀਵ ਦੇਵੇ ਭਾਂਡੇ ਭੰਨ । ਬੇਮੁਖਾਂ ਮਾਤ ਦੇਵੇ ਡੰਨ । ਗੁਰਸਿਖਾਂ ਬੇੜਾ ਜਾਏ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਸੁਣਾਵੇ ਕੰਨ । ਗੁਰਸਿਖ ਹੰਸ ਸਰੋਵਰ ਚੁਗ ਲਓ ਮੋਤੀ । ਆਤਮ ਜੋਤ ਜਗਾਵੇ ਜੋਤੀ । ਦੁਰਮਤ ਮੈਲ ਜਾਏ ਧੋਤੀ । ਚਾਰ ਵਰਨ ਬਣ ਜਾਏ ਏਕਾ ਗੋਤੀ । ਸ੍ਰਿਸ਼ਟ ਸਬਾਈ ਰਹੀ ਸੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪਣੇ ਹੱਥ ਉਠਾਏ ਸੋਟੀ । ਏਕਾ ਸੋਟੀ ਸ਼ਬਦ ਹੁਲਾਰਾ । ਸ੍ਰਿਸ਼ਟ ਸਬਾਈ ਹੋਵੇ ਖਵਾਰਾ । ਚਾਰ ਕੁੰਟ ਹਾਹਾਕਾਰਾ । ਆਪ ਛੁਡਾਏ ਬੱਤੀ ਧਾਰਾ । ਘਰ ਘਰ ਰੋਵਣ ਨਾਰੀ ਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜਿਸ ਵਸਾਰਾ । ਵੇਦ ਅਥਰਬਣ ਆਪ ਮਿਟਾਇਆ । ਅਰਬਣ ਖਰਬਣ ਰਹਿਣ ਨਾ ਪਾਈਆ । ਦੇਸ ਸੰਬਲ ਪ੍ਰਭ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਹੋਏ ਰੁਸ਼ਨਾਇਆ । ਪੰਚਮ ਜੇਠ ਜਟਾ ਜੂਟ ਧਾਰ । ਆਪੇ ਹੋਏ ਅਸਵ ਅਸਵਾਰ । ਸ਼ਬਦ ਸਰੂਪੀ ਪਵਣ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਕਰਾਏ ਹਾਹਾਕਾਰ । ਪਵਣ ਅਸਵਾਰਾ ਪ੍ਰਭ ਗਿਰਧਾਰਾ । ਸ਼ਬਦ ਦੋ ਧਾਰਾ ਚਲੇ ਵਾਰੋ ਵਾਰਾ । ਏਕਾ ਅਗਨ ਲਗਾਏ ਵਿਚ ਬਹੱਤਰ ਨਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਮੌਤ ਬਣਾਏ ਲਾੜੀ ਲਾੜਾ । ਲਾੜੀ ਮੌਤ ਜਗਤ ਪ੍ਰਨਾਏ । ਵੇਲੇ ਅੰਤ ਨਾ ਕੋਈ ਬਚਾਏ । ਧਰਮ ਰਾਏ

ਦੇ ਦਰ ਬਹਾਏ । ਜਮ ਦੂਤਾਂ ਦੇ ਹੱਥ ਫੜਾਏ । ਪੁਠੇ ਕਰ ਦਰ ਟੰਗਾਏ । ਅਗਨ ਕੁੰਡ ਦੇ ਵਿਚ ਜਲਾਏ । ਮਦਿਰਾ ਮਾਸੀ ਜੀਵ ਹਲਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੁੰਭੀ ਨਰਕ ਦੇ ਸਜਾਏ । ਕੁੰਭੀ ਨਰਕ ਨਰਕ ਨਿਵਾਸਾ । ਜਿਸ ਜਨ ਰਸਨਾ ਲਾਇਆ ਮਦਿਰਾ ਮਾਸਾ । ਝੂਠਾ ਜਾਨਣ ਖੇਲ ਤਮਾਸ਼ਾ । ਦਰ ਘਰ ਆਏ ਕਰ ਜਾਇਨ ਹਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਰੇ ਪ੍ਰਕਾਸ਼ਾ । ਮਦਿਰਾ ਮਾਸੀ ਮਾਇਆਧਾਰੀ । ਅੰਤਮ ਬਾਜੀ ਕਲਜੁਗ ਹਾਰੀ । ਭੁੱਲਿਆ ਕਲਜੁਗ ਆਪਣਾ ਆਪ ਜੀਵ ਸੰਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਰੇ ਖ਼ਵਾਰੀ । ਵੇਲੇ ਅੰਤ ਹੋਏ ਖਵਾਰ । ਧਰਮ ਰਾਏ ਮਾਰੇ ਡਾਹਡੀ ਮਾਰ । ਕੋਈ ਨਾ ਓਥੇ ਦਿਸੇ ਸਹਾਰ । ਸੰਗ ਨਾ ਚਲੇ ਝੂਠੀ ਨਾਰ । ਕੋਈ ਨਾ ਪਾਵੇ ਬੇਮੁਖਾ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਕਰੇ ਖਵਾਰ । ਬੇਮੁਖ ਮੂੜ੍ਹ ਜਗਤ ਅੰਞਾਣਾ । ਪ੍ਰਭ ਅਬਿਨਾਸ਼ੀ ਮਨੋਂ ਭੁਲਾਣਾ । ਮਦਿਰਾ ਮਾਸੀ ਸਾਚਾ ਜਾਣੇ ਖਾਣਾ । ਹੋਇਆ ਝੂਠੇ ਵਸ ਅੰਤ ਪਛਾਣਾ । ਨਾ ਕੋਈ ਜਾਏ ਨੱਸ, ਵੇਲੇ ਅੰਤ ਦੇਵੇ ਸਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਧਰਿਆ ਭੇਖ ਹਰਿ ਭਗਵੰਤਾ । ਕਿਆ ਕੋਈ ਜਾਣੇ ਜੀਵ ਜੰਤਾ । ਮਾਇਆ ਪਾਏ ਜਗਤ ਬੇਅੰਤਾ । ਗੁਰਮੁਖ ਜਗਾਏ ਸਾਚਾ ਸੰਤਾ । ਦੇਵੇ ਵਡਿਆਈ ਆਦਿਨ ਅੰਤਾ । ਸੋਹੰ ਤਨ ਪਹਿਨਾਏ ਪ੍ਰਭ ਸਾਚਾ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਸਦਾ ਰਹੰਤਾ । ਆਤਮ ਘਰ ਵੱਜੀ ਵਧਾਈ, ਹੋਏ ਮੰਗਲਾਚਾਰ । ਆਤਮ ਘਰ ਵੱਜੀ ਵਧਾਈ, ਪ੍ਰਭ ਦੇਵੇ ਸ਼ਬਦ ਹੁਲਾਰ । ਆਤਮ ਘਰ ਵੱਜੇ ਵਧਾਈ, ਪ੍ਰਭ ਸਾਚਾ ਦੇਵੇ ਸ਼ਬਦ ਧੁਨਕਾਰ । ਆਤਮ ਘਰ ਵੱਜੇ ਵਧਾਈ, ਅੰਮ੍ਰਿਤ ਚਲੇ ਸਾਚੀ ਧਾਰ । ਆਤਮ ਘਰ ਵੱਜੀ ਵਧਾਈ, ਉਲਟਿਆ ਕਵਲ ਖਿੜੀ ਗੁਲਜ਼ਾਰ । ਸਾਚੇ ਘਰ ਵੱਜੀ ਵਧਾਈ, ਪ੍ਰਭ ਖੋਲ੍ਹੇ ਬੰਦ ਕਵਾੜ । ਸਾਚੇ ਘਰ ਵੱਜੇ ਵਧਾਈ, ਬੱਤੀ ਦੰਦ ਰਹੇ ਹਰਿ ਰਸਨ ਉਚਾਰ । ਸਾਚੇ ਘਰ ਵੱਜੀ ਵਧਾਈ, ਪੱਤਤ ਪਾਪੀ ਦਰ ਆਏ ਉਤਰੇ ਪਾਰ । ਸਾਚੇ ਘਰ ਵੱਜੀ ਵਧਾਈ, ਜੋਤ ਸਰੂਪ ਪ੍ਰਗਟੇ ਨਰ ਅਵਤਾਰ । ਸਾਚੇ ਘਰ ਵੱਜੇ ਵਧਾਈ, ਰਾਮ ਰਮਈਆ ਆਇਆ ਕ੍ਰਿਸ਼ਨ ਮੁਰਾਰ । ਸਾਚੇ ਘਰ ਵੱਜੀ ਵਧਾਈ, ਏਕਾ ਜੋਤ ਖੇਲ ਅਪਾਰ । ਸਾਚੇ ਘਰ ਵੱਜੀ ਵਧਾਈ, ਕਲਜੁਗ ਬੇੜਾ ਲਾਏ ਪਾਰ । ਸਾਚੇ ਘਰ ਵੱਜੇ ਵਧਾਈ, ਲੱਖ ਚੁਰਾਸੀ ਦੇਵੇ ਗੇੜ ਨਿਵਾਰ । ਸਾਚੇ ਘਰ ਵੱਜੀ ਵਧਾਈ, ਝੂਠਾ ਝੇੜਾ ਕੀਨਾ ਜਗਤ ਗਵਾਰ । ਸਾਚੇ ਘਰ ਵੱਜੀ ਵਧਾਈ, ਬੰਨ੍ਹ ਬੇੜਾ ਪ੍ਰਭ ਸਾਚੇ ਭਵ ਜਲ ਕੀਆ ਪਾਰ । ਸਾਚੇ ਘਰ ਵੱਜੀ ਵਧਾਈ, ਗੁਰ ਸੰਗਤ ਆਈ ਗੁਰ ਦਰਬਾਰ । ਸਾਚੇ ਘਰ ਵੱਜੀ ਵਧਾਈ, ਦਿਵਸ ਰੈਣ ਹੋਇਆ ਮੰਗਲਾਚਾਰ । ਸਾਚੇ ਘਰ ਵੱਜੀ ਵਧਾਈ, ਦੁੱਖੀਆਂ ਦੁੱਖ ਹਰਿ ਦਏ ਨਿਵਾਰ । ਸਾਚੇ ਘਰ ਵੱਜੀ ਵਧਾਈ, ਜੋਤ ਸਰੂਪੀ ਪ੍ਰਗਟਿਆ ਹਰਿ ਅਗੰਮ ਪਾਰ । ਸਾਚੇ ਘਰ ਵੱਜੀ ਵਧਾਈ, ਪੰਚਮ ਜੇਠ ਨਿਹਕਲੰਕ ਨਰਾਇਣ ਨਰ ਅਵਤਾਰ । ਸਾਚੇ ਘਰ ਵੱਜੀ ਵਧਾਈ, ਦਰ ਮੰਗਲ ਗਾਇਆ । ਸਾਚੇ ਘਰ ਵੱਜੀ ਵਧਾਈ, ਪ੍ਰਭ ਅਬਿਨਾਸ਼ੀ ਸਾਚਾ ਪਾਇਆ । ਸਾਚੇ ਘਰ ਵੱਜੀ ਵਧਾਈ, ਨੌਂ ਨਿਧ ਪ੍ਰਭ ਦੇ ਉਪਜਾਇਆ । ਸਾਚੇ ਘਰ ਵੱਜੀ ਵਧਾਈ, ਆਤਮ ਵਿਚ ਹਰਿ ਸ਼ਬਦ ਚਲਾਇਆ । ਸਾਚੇ ਘਰ ਵੱਜੀ ਵਧਾਈ, ਕਾਰਜ ਸਿੱਧ ਜੋ ਦਰ ਤੇ ਆਇਆ । ਸਾਚੇ ਘਰ ਵੱਜੀ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਗੁਰ ਸੰਗਤ ਦਰਸ ਦਿਖਾਇਆ । ਸਾਚੇ ਘਰ ਵੱਜੀ ਵਧਾਈ, ਗੁਰਮੁਖ ਸਾਚੇ ਜਾਗੇ । ਸਾਚੇ


੧੯
੦੩

੨੦
੦੩

ਘਰ ਵੱਜੀ ਵਧਾਈ, ਪ੍ਰਭ ਅਬਿਨਾਸ਼ੀ ਚਰਨੀ ਲਾਗੋ । ਸਾਚੇ ਘਰ ਵੱਜੀ ਵਧਾਈ, ਆਤਮ ਧੋਵੇ ਝੂਠੇ ਦਾਗੋ । ਸਾਚੇ ਘਰ ਵੱਜੀ ਵਧਾਈ, ਅਨਹੱਦ ਸ਼ਬਦ ਸਚ ਸੁਹਾਗੋ । ਸਾਚੇ ਘਰ ਵੱਜੀ ਵਧਾਈ, ਸਤਿਜੁਗ ਲਾਏ ਪ੍ਰਭ ਪਹਿਲੀ ਮਾਘੋ । ਸਾਚੇ ਘਰ ਵੱਜੀ ਵਧਾਈ, ਪ੍ਰਭ ਹੰਸ ਬਣਾਏ ਕਾਗੋ । ਸਾਚੇ ਘਰ ਵੱਜੀ ਵਧਾਈ, ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਭਾਗੋ । ਵਡ ਵਡ ਭਾਗ ਹੋਏ ਦਰ ਸਾਚੇ । ਪ੍ਰਭ ਅਬਿਨਾਸ਼ੀ ਵਿਚ ਬੈਠਾ ਹਿਰਦੇ ਵਾਚੇ । ਸਾਚੇ ਲੇਖ ਲਿਖਾਏ ਧੁਰਦਰਗਾਹੀ ਸਾਚੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਹਰਿ ਘਰ ਸਾਚੋ ਸਾਚੇ । ਸਾਚਾ ਦਰ ਦੇਵੇ ਵਰ, ਨਾ ਜਾਣਾ ਡਰ । ਸਾਚਾ ਸੁੱਖ ਹਰਿ ਨਾਮ ਲੈ ਜਾਓ ਘਰ । ਭਰਮ ਭੁਲੇਖਾ ਜਾਓ ਨਿਵਾਰ । ਸਾਚਾ ਲੇਖਾ ਪ੍ਰਭ ਆਤਮ ਦੇਵੇ ਧਰ । ਸਤਿਜੁਗ ਸਾਚਾ ਸ਼ਬਦ ਗੁਰ ਸੰਗਤ ਲੈਣਾ ਵਰ । ਦਰ ਆਈ ਸੰਗਤ ਪ੍ਰਭ ਦਏ ਭੰਡਾਰੇ ਭਰ । ਏਕਾ ਚੜ੍ਹਾਏ ਨਾਮ ਰੰਗਤ, ਆਪ ਬਹਾਏ ਸਾਚੇ ਘਰ । ਜੋ ਜਨ ਆਏ ਸਾਚੀ ਸੰਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਨਸ ਜਨਮ ਦੇਵੇ ਸੁਫਲ ਕਰ । ਮਾਨਸ ਜਨਮ ਸੁਫਲ ਕਰਾਇਆ । ਸਰਨ ਸਰਨਾਈ ਜੋ ਜਨ ਆਇਆ । ਸਾਚੀ ਤਰਨੀ ਆਪ ਤਰਾਇਆ । ਕਰਨੀ ਭਰਨੀ ਹਰਿ ਦੇ ਸਜਾਇਆ । ਜਮ ਕੀ ਡਰਨੀ ਪ੍ਰਭ ਦੇ ਚੁਕਾਇਆ । ਹਰਨੀ ਫਰਨੀ ਪ੍ਰਭ ਦੇ ਖੁਲ੍ਹਾਇਆ । ਸਚ ਦਾਤ ਵਿਚ ਮਾਤ ਦੇ ਧਰਨੀ, ਸੋਹੰ ਸਾਚਾ ਸ਼ਬਦ ਸੁਣਾਇਆ । ਸ੍ਰਿਸ਼ਟ ਸਬਾਈ ਹੋਈ ਦਰਨੀ, ਪ੍ਰਭ ਆਪਣਾ ਖੇਲ ਰਚਾਇਆ । ਕੋਈ ਨਾ ਜਾਣੇ ਪ੍ਰਭ ਕੀ ਕਰਨੀ, ਭਰਮ ਭੁਲੇਖੇ ਜਗਤ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਦਾ ਮਾਇਆ ਪਾਇਆ । ਮਾਇਆ ਪਰਦਾ ਲਾਲਚ ਚੋਲੀ । ਸ੍ਰਿਸ਼ਟ ਸਬਾਈ ਹੋਈ ਗੋਲੀ । ਝੂਠੇ ਕੰਡੇ ਪ੍ਰਭ ਸਾਚੇ ਤੋਲੀ । ਧਰਮ ਰਾਏ ਦੇ ਦਰ ਤੇ ਟੰਗ, ਜੋ ਗੁਰਮੁਖ ਸਾਚੇ ਮਾਰੇ ਬੋਲੀ । ਆਪੇ ਕਰੇ ਖੰਡ ਖੰਡ ਖੰਡੇ, ਪੰਚਮ ਜੇਠ ਦੇਵੇ ਭੇਵ ਖੋਲ੍ਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਲਗਾਏ ਸਾਚਾ ਢੋਲੀ । ਸਾਚਾ ਸ਼ਬਦ ਸਾਚਾ ਢੋਲਾ । ਚਾਰ ਵਰਨ ਏਕਾ ਬੋਲਾ । ਪ੍ਰਭ ਅਬਿਨਾਸ਼ੀ ਗੁਰ ਸੰਗਤ ਦੇਵੇ ਨਾਮ ਅਨਮੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠੀ ਦੇਹ ਤਜਾਏ ਛੱਡਿਆ ਕਾਇਆ ਚੋਲਾ । ਝੂਠੀ ਦੇਹ ਆਪ ਤਜਾਏ । ਆਪ ਆਪਣਾ ਖੇਲ ਰਚਾਏ । ਸ਼ਬਦੀ ਸ਼ਬਦ ਸ਼ਬਦ ਸਰੂਪ ਹੋ ਜਾਏ । ਪਵਣ ਸਰੂਪੀ ਪਵਣ ਹੋ ਆਏ । ਸੋਹੰ ਸਾਚੀ ਮਾਤ ਅਲਖ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਜੋਤ ਵਿਚ ਜਾਏ ਮਾਤ ਧਰਾਏ । ਕਾਇਆ ਚੋਲਾ ਆਪ ਤਜਾਇਆ । ਝੂਠਾ ਡੋਲਾ ਵਿਚ ਖ਼ਾਕ ਰਲਾਇਆ । ਰੋਲ ਘਚੋਲਾ ਵਿਚ ਮਾਤ ਦੇ ਪਾਇਆ । ਅੰਧਾ ਬੋਲਾ ਕੋਈ ਦਿਸ ਨਾ ਆਇਆ । ਕਲਾ ਸੰਪੂਰਨ ਸੋਲਾਂ ਪ੍ਰਭ ਜੋਤ ਪ੍ਰਗਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਡੇਰਾ ਲਾਇਆ । ਜੋਤ ਸਰੂਪੀ ਡੇਰਾ ਲਾਏ । ਗੁਰਮੁਖ ਸਾਚੇ ਆਪ ਜਗਾਏ । ਬਣਾਏ ਸਾਚੀ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚ ਜੀਵ ਜੰਤ । ਦੇਵੇ ਵਡਿਆਈ ਸੋਹੰ ਸਾਚਾ ਨਿਸ਼ਾਨਾ । ਅਚਰਜ ਖੇਲ ਕਰੇ ਕਲ ਕਰਤਾ ਜਿਉਂ ਕ੍ਰਿਸ਼ਨਾ ਕਾਹਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ ਗਾਨਾ ਬੱਧਾ ਗੁਰਸਿਖ ਹੱਥ । ਆਪ ਚੜ੍ਹਾਇਆ ਸੋਹੰ ਸਾਚੇ ਰਥ । ਵਿਚ ਮਾਤ ਦਵਾਈ ਗੁਰਮੁਖ ਸਾਚੇ ਤੇਰੇ ਆਤਮ ਸਾਚੀ ਵਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸੋਲਾ ਕਲਾ ਸਮਰਥ । ਸੋਲਾਂ ਕਲਾ ਪ੍ਰਭ ਸੰਪੂਰਨ । ਲਿਖਾਇਆ ਲੇਖ ਨਾ ਹੋਏ ਅਧੂਰਨ । ਗੁਰਮੁਖਾਂ ਸਦ ਵਸੇ ਨੇੜੇ, ਬੇਮੁਖਾਂ

ਦਿਸੇ ਦੂਰਨ । ਵੇਲਾ ਗਿਆ ਹੱਥ ਨਾ ਆਵੇ, ਜੂਠੇ ਝੂਠੇ ਅੰਤਕਾਲ ਕਲ ਝੂਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਉਪਜਾਏ ਸੋਹੰ ਸ਼ਬਦ ਸਾਚੀ ਤੂਰਨ । ਸਾਚੀ ਤੂਰਨ ਸਾਚੀ ਧਾਰਾ । ਸਾਚਾ ਰੂਪ ਅਗੰਮ ਅਪਾਰਾ । ਜੋਤ ਸਰੂਪੀ ਖੇਲ ਅਪਾਰਾ । ਵੇਖ ਵੇਖ ਭੁਲਿਆ ਸੰਸਾਰਾ । ਅਚਰਜ ਭੇਖ ਕੀਆ ਕਰਤਾਰਾ । ਗੁਰਮੁਖ ਸਾਚੇ ਵੇਖ ਖਿਚ ਲਿਆਏ ਚਰਨ ਦਵਾਰਾ । ਆਪ ਲਿਖਾਏ ਸਾਚੇ ਲੇਖ, ਪੰਚਮ ਜੇਠ ਬਣੇ ਲਿਖਾਰਾ । ਆਪ ਮਿਟਾਏ ਝੂਠੀ ਰੇਖ, ਪ੍ਰਭ ਅਬਿਨਾਸ਼ੀ ਨਿਹਕਲੰਕ ਨਰਾਇਣ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਪਾਵੇ ਸਾਰਾ । ਆਦਿ ਅੰਤ ਅੰਤ ਗੁਰ ਆਦਿ । ਪ੍ਰਭ ਅਬਿਨਾਸ਼ੀ ਵਿਚ ਬ੍ਰਹਿਮਾਦ । ਸਾਚਾ ਸ਼ਬਦ ਵਜਾਏ ਸੋਹੰ ਨਾਦ । ਸ਼ਬਦ ਲਿਖਾਏ ਬੋਧ ਅਗਾਧ । ਗੁਰਮੁਖਾਂ ਦੇਵੇ ਸਾਚੀ ਦਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਿਵਸ ਰੈਣ ਸਦ ਰਸਨਾ ਅਰਾਧ । ਸਚ ਬੰਕ ਸਚ ਦਵਾਰਾ । ਸਚ ਟੇਕ ਇਕ ਏਕੰਕਾਰਾ । ਮਿਟਾਏ ਭੇਖ ਇਕ ਕਰਾਏ ਰਾਓ ਰੰਕ ਵਿਚ ਸੰਸਾਰਾ । ਨਾ ਕੋਈ ਦਿਸੇ ਔਲੀਆ ਪੀਰ ਸ਼ੇਖ਼, ਸਦੀ ਚੌਧਵੀਂ ਆਈ ਹਾਰਾ । ਕਲਜੁਗ ਅੰਤਮ ਮਿਟਾਈ ਰੇਖ, ਪੰਚਮ ਜੇਠ ਹਰਿ ਕਰੇ ਧੁੰਦੂਕਾਰਾ । ਸਾਧ ਸੰਗਤ ਦਰ ਘਰ ਵਧਾਈ, ਹਰਿ ਪਾਇਆ ਅਗੰਮ ਅਪਾਰਾ । ਸੋਹੰ ਰਸਨਾ ਜੈ ਜੈ ਜੈਕਾਰ ਕਰਾਈ, ਉਪਜੇ ਸ਼ਬਦ ਸੱਚੀ ਧੁਨਕਾਰਾ । ਪੰਚਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਕਰੇ ਸਚ ਵਿਹਾਰਾ । ਸਚ ਵਿਹਾਰ ਆਪ ਕਰਾਏ । ਸਚ ਦਸਤਾਰ ਸੀਸ ਟਿਕਾਏ । ਬੀਸ ਇਕੀਸ ਇਕੀਸ ਬੀਸ ਇਕ ਹੋ ਜਾਏ । ਰਾਗਨੀ ਤੀਸ ਪ੍ਰਭ ਸੰਗ ਰਲਾਏ । ਛਤੀਸ ਰਾਗ ਹਰਿ ਕੰਨ ਸੁਣਾਏ । ਰਾਗੀ ਨਾਦੀ ਕੋਈ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਏ ਭੁਲਾਏ । ਸਾਚੀ ਜੋਤ ਵਿਚ ਮਾਤ ਦੇ ਜਾਗੀ, ਪੰਚਮ ਜੇਠ ਹੋਏ ਰੁਸ਼ਨਾਏ । ਸੋ ਜਨ ਉਧਰੇ ਪਾਰ ਜੋ ਪ੍ਰਭ ਸਰਨ ਲਾਗੀ, ਕਰ ਕਿਰਪਾ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਹੱਥ ਟਿਕਾਏ । ਸਾਚਾ ਜੋਗ ਸਰਨ ਗੁਰ । ਮੇਲ ਮਿਲਾਇਆ ਲਿਖਿਆ ਧੁਰ । ਗੁਰ ਦਰਸ਼ਨ ਕੋ ਤਰਸਣ ਸੁਰ । ਸਾਧ ਸੰਗਤ ਦਰ ਆਈ ਤੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰ ਘਰ ਹਰਿ ਸਾਚਾ ਪਾਇਆ । ਆਪ ਉਪਜਾਏ ਆਤਮ ਸੁਰ । ਆਤਮ ਸੁਰਤ ਦੇਵੇ ਖੋਲ੍ਹ । ਅਕਾਲ ਮੂਰਤ ਵਸੇ ਕੋਲ । ਸਾਚੀ ਤੂਰਤ ਸੋਹੰ ਸ਼ਬਦ ਵਜਾਏ ਢੋਲ । ਸਰਬ ਜੀਆਂ ਹਰਿ ਆਸਾ ਪੂਰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਗੁਰ ਸੰਗਤ ਚੋਹਲ । ਸਾਚਾ ਚੋਲੜਾ ਤਨ ਰੰਗਾਏ । ਵਡ ਅਨਮੋਲੜਾ ਪ੍ਰਭ ਰੰਗ ਰੰਗਾਏ । ਜੇ ਕੋਈ ਮਾਰੇ ਬੋਲੜਾ, ਵਿਚ ਸੰਸਾਰ ਰਹਿਣ ਨਾ ਪਾਏ । ਸੋਹੰ ਸ਼ਬਦ ਕੁੰਡਾ ਪ੍ਰਭ ਸਾਚੇ ਖੋਲ੍ਹੜਾ, ਪੰਚਮ ਜੇਠ ਸਚ ਭੰਡਾਰ ਲਗਾਏ । ਸਚ ਭੰਡਾਰਾ ਆਪ ਖੁਲ੍ਹਾਇਆ । ਗੁਰਮੁਖ ਸਾਚੇ ਸੰਤ ਤਰਾਇਆ । ਸੋਹੰ ਸਾਚਾ ਨਾਉਂ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਮੁਖਾਂ ਸੰਗ ਸਮਾਇਆ । ਪੰਚਮ ਜੇਠ ਤੇਰੀ ਸਾਚੀ ਰੁੱਤ । ਗੁਰ ਸੰਗਤ ਮਿਲ ਗਈ ਧੁਰਤ । ਧਰਮ ਰਾਏ ਨਾ ਮਾਰੇ ਜੁੱਤ । ਗੁਰਮੁਖ ਬਣਾਏ ਸਾਚੇ ਸੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਪਾਰਬ੍ਰਹਮ ਅਚੁਤ । ਪਾਰਬ੍ਰਹਮ ਤੇਰੀ ਪੂਰਨ ਘਾਲ, ਗੁਰ ਸੰਗਤ ਤੇਰੀ ਸੂਲੀ ਸੂਲ । ਬੇਮੁਖਾਂ ਮਾਰੇ ਹਰਿ ਤਰਸੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵ ਗਏ ਭੂਲ । ਘਨਕਪੁਰ ਵਾਸੀ ਜੋਤ ਪ੍ਰਕਾਸ਼ੀ ਕਰੇ ਬੰਦ ਖਲਾਸੀ । ਕਲਜੁਗ ਕੱਟੇ ਗਲੋਂ ਸਿਲਕ ਜਮ ਫਾਸੀ । ਦਰ ਆਏ ਮਾਨਸ ਜਨਮ ਹੋਏ ਰਾਸੀ ।

੨੧ ੦੩

ਸੋਹੰ ਭਿਛਿਆ ਗੁਰਮੁਖ ਸਾਚੇ ਬਲ ਬਲ ਜਾਸੀ । ਸਾਚੇ ਤੀਰਥ ਆਤਮ ਨੁਹਾਏ, ਆਤਮ ਚਿੰਤਾ ਸਰਬ ਗਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਏਕਾ ਵਸੇ ਪੁਰਖ ਅਬਿਨਾਸ਼ੀ । ਏਕਾ ਏਕ ਪੁਰਖ ਅਬਿਨਾਸ਼ । ਏਕਾ ਜੋਤ ਕਰੇ ਪ੍ਰਕਾਸ਼ । ਗੁਰਸਿਖਾਂ ਹੋਇਆ ਦਾਸ । ਬੇਮੁਖਾਂ ਕਲ ਕਰੇ ਨਾਸ । ਗੁਰਸਿਖਾਂ ਸੋਹੰ ਸ਼ਬਦ ਜਪਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚ ਜੇਠ ਮਾਨਸ ਜਨਮ ਕਰਾਏ ਰਾਸ । ਮਾਨਸ ਜਨਮ ਆਪ ਸਵਾਰਿਆ । ਮਾਤਲੋਕ ਵਿਚ ਜਾਮਾ ਧਾਰਿਆ । ਨਰਾਇਣ ਨਰ ਪੂਰਨ ਅਵਤਾਰਿਆ । ਸੋਹੰ ਸ਼ਬਦ ਛਤਰ ਝੁਲਾ ਰਿਹਾ । ਵਡ ਵਡ ਸਯਦ ਸ਼ੇਖ਼ ਮੁਲਾਨਾ ਪ੍ਰਭ ਦਰ ਦੁਰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਵਰਤਾ ਰਿਹਾ । ਏਕਾ ਓਟ ਹਰਿ ਤਕਾਨਾ, ਜੋਤ ਸਰੂਪੀ ਪਹਰਿਆ ਬਾਣਾ, ਪ੍ਰਭ ਆਪਣੇ ਰੰਗ ਵਖਾ ਰਿਹਾ । ਆਪ ਉਠਾਏ ਬਾਲ ਅੰਞਾਣੇ, ਜੋ ਜਨ ਸੀਸ ਝੁਕਾ ਰਿਹਾ । ਮਾਤ ਬਣਾਏ ਸੁਘੜ ਸਿਆਣਾ, ਸਾਚੇ ਮਾਣ ਦਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਰਤੇ ਕਲਜੁਗ ਭਾਣਾ, ਆਪਣੀ ਬੂਝ ਬੁਝਾ ਰਿਹਾ । ਝੂਠਾ ਭੇਖ ਜਗਤ ਮਿਟਾਵਣਾ । ਸਚ ਧਰਮ ਦਾ ਛਤਰ ਝੁਲਾਵਣਾ । ਏਕਾ ਝੰਡਾ ਨਾਮ ਝੁਲਾਵਣਾ । ਰਾਜਾ ਰਾਣਾ ਸਰਨੀ ਲਾਵਣਾ । ਵਾਲੀ ਦੋ ਜਹਾਨ ਆਪਣਾ ਡੰਕ ਵਜਾਵਣਾ । ਬੇਮੁਖਾਂ ਉਖਾੜੇ ਜੜ੍ਹ, ਸੋਹੰ ਖੰਡਾ ਹੱਥ ਉਠਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਧਾਮ ਸੁਹਾਵਣਾ । ਗੁਰਮੁਖਾਂ ਬੁਝਾਏ ਆਤਮ ਦਾਗ਼ । ਬੇਮੁਖਾਂ ਮਾੜੇ ਹੋਏ ਭਾਗ । ਗੁਰਸਿਖ ਸਾਚੇ ਜਾਇਣ ਜਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਲਾਏ ਭਾਗ । ਜਮਨ ਕਿਨਾਰੇ ਆਏ ਚਲ । ਸ਼ਬਦ ਸਰੂਪੀ ਫੇਰੇ ਹੱਲ । ਅੰਤਮ ਅੰਤ ਕਰੇ ਨਬੇੜਾ, ਵੇਲਾ ਅੰਤ ਨਾ ਜਾਏ ਟਲ, ਨਾ ਲਾਏ ਘੜੀ ਪਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਦ ਅਚੱਲ । ਅਚਲ ਅਚੱਲ ਨਿਹਚਲ ਧਾਮਾ । ਜਿਥੇ ਵਸੇ ਹਰਿ ਭਗਵਾਨਾ । ਆਪ ਮਿਟਾਏ ਕਲਜੁਗ ਧਾਮਾ । ਏਕਾ ਸ਼ਬਦ ਵਜਾਵੇ ਸਚ ਦਮਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮਾ । ਸੋਹੰ ਨਾਮ ਪ੍ਰਭ ਦੇਵੇ ਵੰਡ । ਬੇਮੁਖਾਂ ਦੇਵੇ ਕੰਡ । ਬੇਮੁਖ ਦਰ ਤੇ ਆਇਣ ਜਾਇਣ ਆਤਮ ਹੋਈ ਰੰਡ । ਮਦਿਰਾ ਮਾਸੀ ਦਰ ਦੁਰਕਾਰੀ, ਆਤਮ ਹੋਈ ਰੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਖੰਡ ਖੰਡ । ਸਾਚਾ ਖੰਡਾ ਆਪ ਉਠਾਇਆ । ਸ਼ਬਦ ਡੰਡਾ ਮਗਰ ਲਗਾਇਆ । ਚੰਡ ਪ੍ਰਚੰਡ ਵਸ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਰਾਓ ਉਮਰਾਓ ਸਰਨ ਲਗਾਇਆ । ਰਾਓ ਉਮਰਾਓ ਸਰਨ ਲਗਾਏ । ਆਪਣੀ ਖੇਲ ਆਪ ਰਚਾਏ । ਚਾਰ ਕੁੰਟ ਸੋਹੰ ਸਾਚਾ ਡੰਕ ਵਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਣਾ ਸੰਗਰੂਰ ਪਕੜ ਉਠਾਏ । ਰਾਣਾ ਸੰਗਰੂਰ ਉਠਾਣਾ ਚੁਣ । ਸਾਚਾ ਨਾਮ ਦਿਵਾਣਾ ਗੁਣ । ਸਾਚਾ ਸ਼ਬਦ ਉਪਜਾਣੀ ਧੁਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਗੁਰਸਿਖ ਪੱਲਾ ਦੇਣਾ ਫੇਰ । ਵੇਲਾ ਅੰਤ ਨਾ ਆਉਣਾ ਕਲਜੁਗ ਫੇਰ । ਰਾਜੇ ਰਾਣੇ ਪ੍ਰਭ ਚਰਨ ਲਿਆਵੇ ਘੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਰਾਏ ਕਲਜੁਗ ਢੇਰ । ਆਪੇ ਢਾਹੇ ਕਰੇ ਢੇਰੀ । ਬੇਮੁਖ ਪ੍ਰਭ ਸਾਚਾ ਆਪ ਕਟਾਏ ਜਿਉਂ ਬਾਡੀ ਬੇਰੀ । ਏਕਾ ਸ਼ਬਦ ਝੁਲਾਏ ਜਗਤ ਅੰਧੇਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸੋਹੰ ਨਾਮ ਦੇਵੇ ਸਚ ਦਲੇਰੀ । ਗੁਰਮੁਖ ਸਾਚੇ ਸੰਤ ਜਨੋ ਦਰ ਆਓ ਹੱਸ । ਦੁੱਖ ਦਰਦ ਸਭ ਜਾਇਣ

ਨੱਸ । ਦਰ ਘਰ ਸਾਚੇ ਜਾਓ, ਰਾਹ ਸਾਚਾ ਪ੍ਰਭ ਜਾਏ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਗਾਓ, ਰਾਤੀ ਸੁਤਿਆਂ ਵਸ । ਸਾਚਾ ਨਾਮ ਜਗਤ ਚਲਾਵਣਾ । ਸਾਚਾ ਡੰਕ ਦਰ ਦਰ ਘਰ ਘਰ ਵਜਾਵਣਾ । ਚਾਰ ਕੁੰਟ ਦਿਵਸ ਰੈਣ ਏਕਾ ਖੇਲ ਵਰਤਾਵਣਾ । ਅਗਨ ਜੋਤ ਜਗਤ ਲਗਾਏ ਬਰਖੇ ਮੇਘ ਜਿਉਂ ਸਾਵਣਾ । ਬੇਮੁਖ ਪਾਉਣ ਝੂਠੀ ਡੰਡ, ਪ੍ਰਭ ਅਬਿਨਾਸ਼ੀ ਨਾ ਰਸਨਾ ਗਾਵਣਾ । ਮਹਾਰਾਜ ਸ਼ੇਰ ਸਿੰਘ ਧਰਤ ਮਾਤ ਰਣਭੂਮ ਬਣਾਏ ਨਾ ਕਿਸੇ ਅੰਤ ਛਡਾਵਣਾ । ਵੇਲੇ ਅੰਤ ਨਾ ਕੋਇ ਛੁਡਾਸੀ । ਪ੍ਰਭ ਅਬਿਨਾਸ਼ੀ ਗਲ ਪਾਏ ਫਾਸੀ । ਕਲਜੁਗ ਜੀਵ ਲਾੜੀ ਮੌਤ ਪ੍ਰਨਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਏ ਨਾ ਕੋਈ ਮੇਟ ਮਿਟਾਏ, ਨਾ ਕੋਈ ਕਰੇ ਬੰਦ ਖੁਲਾਸੀ । ਗੁਰਸਿਖ ਸਾਚੇ ਮਨ ਵਿਚਾਰੀ । ਆਇਆ ਹਰਿ ਸ਼ਬਦ ਉਡਾਰੀ । ਪ੍ਰਭ ਸਾਚਾ ਆਇਆ ਸ਼ਬਦ ਲਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਜਗਾਏ ਜੋਤ ਅਪਾਰੀ । ਪੁਰੀ ਘਨਕ ਜੋਤ ਜਗਾਈ । ਗੁਰਮੁਖਾਂ ਹਰਿ ਬੂਝ ਬੁਝਾਈ । ਪ੍ਰਭ ਦਰ ਆਏ ਮਿਲੇ ਵਡਿਆਈ । ਹੰਗਤਾ ਮਾਣ ਦੇਵੇ ਗਵਾਈ । ਮਹਾਰਾਜ ਸ਼ੇਰ ਸਿੰਘ ਇਕ ਅਕਾਰ ਜੋਤ ਰਖਾਈ । ਜੋਤ ਅਕਾਰ ਜਗਤ ਜਹਾਨੇ । ਸੋਹੰ ਦੇਵੇ ਨਾਮ ਨਿਧਾਨੇ । ਮਾਣ ਗਵਾਏ ਤੋੜੇ ਅਭਿਮਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪਕੜ ਲਿਆਏ ਰਾਜੇ ਰਾਣੇ । ਰਾਜੇ ਰਾਣੇ ਚਰਨ ਦਵਾਰੀ । ਪ੍ਰਭ ਅਬਿਨਾਸ਼ੀ ਦੇਵੇ ਨਾਮ ਅਪਰ ਅਪਾਰੀ । ਸਚ ਸ਼ਬਦ ਸਤਿ ਅਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਚਰਨ ਦਵਾਰੀ । ਚਰਨ ਦਵਾਰੇ ਜੋ ਆਏ ਢੁਕ । ਲਹਿਣਾ ਦੇਣਾ ਜਾਏ ਮੁੱਕ । ਆਤਮ ਵਹਿਣ ਜਾਏ ਸੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਮੁਖ ਪਾਏ ਥੁੱਕ ।



ਆਤਮ ਤ੍ਰਿਸ਼ਨਾ ਜਗਤ ਅਪਾਰ । ਮਾਨਸ ਜਨਮ ਦਿਸੇ ਕੂੜਾ ਕੁੜਿਆਰ । ਸਾਚਾ ਧਨ ਨਾ ਆਇਆ ਹਿੱਸੇ, ਖ਼ਾਲੀ ਰਹੇ ਘਰ ਭੰਡਾਰ । ਆਤਮ ਰਹੇ ਚਿੰਤਾ ਦੁੱਖ, ਦਿਵਸ ਰੈਣ ਰਹੇ ਦੁਖਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚਾ ਪਾਇਆ ਆਏ ਸਚ ਦਰਬਾਰ । ਸਾਚਾ ਦਰ ਸਾਚਾ ਪਾਲੀ । ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਆਪੇ ਮਾਲੀ । ਆਪੇ ਬੀਜ ਬਿਜਾਵੇ ਆਪੇ ਕਰੇ ਅੰਤ ਰਖਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਆਏ ਤੇਰੇ ਸਵਾਲੀ । ਦਰ ਸਵਾਲੀ ਮੰਗਣ ਮੰਗ । ਆਪ ਨਿਭਾਏ ਆਪਣਾ ਸੰਗ । ਸਾਚਾ ਪ੍ਰਭ ਬਤਾਵੇ ਸੋਹੰ ਸਾਚਾ ਢੰਗ । ਗੁਰਮੁਖ ਸਾਚਾ ਰਸਨਾ ਗਾਵੇ, ਆਪੇ ਚਾੜ੍ਹੇ ਸਾਚਾ ਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰ ਕਰਾਏ ਜੋ ਦਰ ਮੰਗੇ ਸਾਚੀ ਮੰਗ । ਗੁਰਮੁਖ ਸਾਚੇ ਸਚ ਵਿਚਾਰ । ਸੋਹੰ ਸਾਚਾ ਰਸਨ ਉਚਾਰ । ਮਦਿਰਾ ਮਾਸ ਦੇ ਨਿਵਾਰ । ਸਾਚੀ ਖਿੜੇ ਘਰ ਗੁਲਜ਼ਾਰ । ਏਕਾ ਗੇੜਾ ਗਿੜੇ ਸ਼ਬਦ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਧਰੇ ਗੁਰਸਿਖਾਂ ਸੁਣ ਪੁਕਾਰ । ਆਤਮ ਜੋਤੀ ਸਾਚਾ ਨੂਰ । ਗੁਰਮੁਖਾਂ ਆਤਮ ਕਰੇ ਭਰਪੂਰ । ਆਪ ਉਪਜਾਏ ਘਰ ਸਾਚਾ ਸੁੱਖ ਗੁਰ ਸੂਰ । ਜੇ ਜਨ ਆਏ ਦੂਰੋਂ ਚਲ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰ । ਸਾਚਾ ਸ਼ਬਦ ਸ਼ਬਦ ਗਿਆਨਾ । ਆਤਮ ਖਿਚੇ ਤੀਰ ਨਿਸ਼ਾਨਾ । ਏਕਾ ਚਲੇ

ਸ਼ਬਦ ਨਿਸ਼ਾਨਾ । ਸਾਚਾ ਗੁਰ ਨਾ ਮਨੋਂ ਭੁਲਾਣਾ । ਸੋਹੰ ਸਾਚਾ ਰਸਨਾ ਗਾਣਾ । ਮਦਿਰਾ ਮਾਸ ਨੂੰ ਹੱਥ ਨਾ ਲਾਣਾ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਸਾਚਾ ਦੇਵੇ ਵਰ, ਗੁਣਵੰਤ ਗੁਣ ਨਿਧਾਨਾ । ਦੁੱਖ ਦਰਦ ਜੋ ਦੇਵੇ ਵੰਡ । ਸਿਰ ਉਠਾਈ ਜੋ ਔਖੀ ਪੰਡ । ਬਾਲ ਜਵਾਨੀ
ਗਈ ਹੰਢ । ਆਤਮ ਅਜੇ ਨਾ ਹੋਏ ਠੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਏ ਪੱਲੇ ਬੰਨ੍ਹਣੀ ਸਾਚੀ ਗੰਢ । ਦੁੱਖ
ਦਰਦ ਹਰਿ ਆਪ ਨਿਵਾਰਿਆ । ਸਾਚਾ ਸੁਖ ਮਨ ਤਨ ਉਪਜਾ ਰਿਹਾ । ਸੋਹੰ ਸਾਚੀ ਧੁਨ ਪ੍ਰਭ ਸਾਚਾ ਨਾਮ ਦਵਾ ਰਿਹਾ । ਰੱਖ ਚਿਤ ਪਾਰਬ੍ਰਹਮ,
ਰੰਗ ਚੜ੍ਹੇ ਚਲੂਲ । ਰੱਖ ਚਿਤ ਪਾਰਬ੍ਰਹਮ, ਕਲਜੁਗ ਵਿਚ ਨਾ ਭੂਲ । ਰੱਖ ਚਿਤ ਪਾਰਬ੍ਰਹਮ, ਵਸੇ ਕਾਇਆ ਅੰਦਰ ਅਸਥੂਲ । ਰੱਖ ਚਿਤ
ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਚੁਕਾਏ ਸਾਚਾ ਮੂਲ । ਰੱਖ ਚਿਤ ਪਾਰਬ੍ਰਹਮ, ਸ਼ਬਦ ਘਨਘੋਰ । ਰੱਖ ਚਿਤ ਪਾਰਬ੍ਰਹਮ,
ਆਤਮ ਉਪਜੇ ਸਾਚੀ ਧੁਨ ਮਿਟਾਏ ਮੋਰ ਤੋਰ । ਰੱਖ ਚਿਤ ਪਾਰਬ੍ਰਹਮ, ਆਤਮ ਤੋੜੇ ਸਾਚੀ ਸੁੰਨ ਆਪ ਮਿਟਾਇਆ ਕਾਇਆ ਅੰਧਘੋਰ । ਰੱਖ
ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਝੂਠਾ ਦਿਸੇ ਜਗਤ ਸ਼ੋਰ । ਰੱਖ ਚਿਤ ਪਾਰਬ੍ਰਹਮ, ਅਗੰਮ ਅਪਾਰਾ । ਰੱਖ ਚਿਤ ਪਾਰਬ੍ਰਹਮ,
ਜੋਤ ਸਰੂਪੀ ਨਰ ਅਵਤਾਰਾ । ਰੱਖ ਚਿਤ ਪਾਰਬ੍ਰਹਮ, ਆਦਿ ਅੰਤ ਇਕ ਅਕਾਰਾ । ਰੱਖ ਚਿਤ ਪਾਰਬ੍ਰਹਮ, ਦੇਵਣਹਾਰ ਸਰਬ ਸੰਸਾਰਾ । ਰੱਖ
ਚਿਤ ਪਾਰਬ੍ਰਹਮ, ਭਰੇ ਰਹਿਣ ਸਦ ਭੰਡਾਰਾ । ਰੱਖ ਚਿਤ ਪਾਰਬ੍ਰਹਮ, ਮਾਨਸ ਜਨਮ ਨਾ ਹੋਏ ਕਲ ਖਵਾਰਾ । ਰੱਖ ਚਿਤ ਪਾਰਬ੍ਰਹਮ, ਫਿਰ
ਨਾ ਆਵੇ ਦੂਜੀ ਵਾਰਾ । ਰੱਖ ਚਿਤ ਪਾਰਬ੍ਰਹਮ, ਉਜਲ ਮੁਖ ਕਰੇ ਵਿਚ ਸੰਸਾਰਾ । ਰੱਖ ਚਿਤ ਪਾਰਬ੍ਰਹਮ, ਸੋਹੰ ਫੇਰੇ ਸਿਰ ਪਾਪਾਂ ਆਰਾ ।
ਰੱਖ ਚਿਤ ਪਾਰਬ੍ਰਹਮ, ਸੁਫਲ ਕਰਾਏ ਮਾਤਾ ਬੱਤੀ ਧਾਰਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ
ਨਰ ਅਵਤਾਰਾ । ਰੱਖ ਚਿਤ ਪਾਰਬ੍ਰਹਮ, ਬੋਧ ਅਗਾਧੀ । ਰੱਖ ਚਿਤ ਪਾਰਬ੍ਰਹਮ, ਕਲਜੁਗ ਝੂਠੀ ਦੇਹੀ ਆਤਮ ਸਾਧੀ । ਰੱਖ ਚਿਤ ਪਾਰਬ੍ਰਹਮ,
ਸਾਚੀ ਜੋਤ ਪੰਚਮ ਜੇਠ ਵਿਚ ਮਾਤ ਦੇ ਲਾਧੀ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਆਪ ਸੁਣਾਏ ਅਨਾਦੀ । ਰੱਖ ਚਿਤ ਪਾਰਬ੍ਰਹਮ, ਹਰਿ
ਮੇਲ ਮਿਲਾਏ ਸੁਰਤ ਚਲਾਏ ਬ੍ਰਹਿਮਾਦੀ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ । ਰੱਖ ਚਿਤ ਪਾਰਬ੍ਰਹਮ,
ਪੂਰਨ ਜੋਤ ਇਕ ਭਗਵੰਤ । ਸੋਹੰ ਦੇਵੇ ਹਰਿ ਸਾਚਾ ਮੰਤ । ਕਲਜੁਗ ਭੁੱਲੇ ਸਰਬ ਜੀਵ ਜੰਤ । ਆਪ ਬਣੇ ਪ੍ਰਭ ਸਾਚਾ ਕੰਤ । ਪਕੜ ਪਛਾੜੇ
ਵਡ ਵਡ ਦੇਵ ਦੰਤ । ਗੁਰਮੁਖਾਂ ਦਰ ਬਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਬੜੀ ਅਗਣਤ । ਰੱਖ ਚਿਤ ਪਾਰਬ੍ਰਹਮ, ਜਿਸ
ਸਾਜਨ ਸਾਜਾ । ਰੱਖ ਚਿਤ ਪਾਰਬ੍ਰਹਮ, ਤੇਰੇ ਆਤਮ ਦਰ ਵਸੇ ਖੋਲ੍ਹੇ ਦਸਮ ਦਰਵਾਜਾ । ਰੱਖ ਚਿਤ ਪਾਰਬ੍ਰਹਮ, ਆਪ ਸਵਾਰੇ ਤੇਰਾ ਕਾਜਾ ।
ਰੱਖ ਚਿਤ ਪਾਰਬ੍ਰਹਮ, ਸਾਚੀ ਸ਼ਬਦ ਧੁਨ ਉਪਜਾਏ ਮਾਰੇ ਏਕਾ ਅਵਾਜਾ । ਰੱਖ ਚਿਤ ਪਾਰਬ੍ਰਹਮ, ਸਾਚਾ ਸ਼ਬਦ ਜਪਾਏ ਪਾਰ ਲੰਘਾਏ ਸੋਹੰ ਦੇਵੇ
ਦਰਗਹਿ ਸਾਚੀ ਦਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ੍ਰਿਸ਼ਟ ਪਾਈ ਭਾਜਾ । ਰੱਖ ਚਿਤ ਪਾਰਬ੍ਰਹਮ, ਉਤਮ ਜਾਤਾ । ਰੱਖ ਚਿਤ
ਪਾਰਬ੍ਰਹਮ, ਸਰਬ ਜੀਆਂ ਕਾ ਏਕਾ ਦਾਤਾ । ਰੱਖ ਚਿਤ ਪਾਰਬ੍ਰਹਮ, ਪੂਰਨ ਜੋਤ ਪੁਰਖ ਵਿਧਾਤਾ । ਰੱਖ ਚਿਤ ਪਾਰਬ੍ਰਹਮ, ਆਪਣੇ ਰੰਗ ਸਦਾ
ਪ੍ਰਭ ਰਾਤਾ । ਰੱਖ ਚਿਤ ਪਾਰਬ੍ਰਹਮ, ਗੁਰਮੁਖ ਵਿਰਲੇ ਕਲ ਪਛਾਤਾ । ਰੱਖ ਚਿਤ ਪਾਰਬ੍ਰਹਮ, ਗੁਰਮੁਖ ਸਾਚੇ ਪ੍ਰਭ ਦੇਵੇ ਚਰਨੀ ਸਾਚਾ ਨਾਤਾ ।


੨੪ ੦੩

ਰੱਖ ਚਿਤ ਪਾਰਬ੍ਰਹਮ, ਆਤਮ ਜੋਤ ਜਗਾਏ ਦਰਸ ਦਿਖਾਏ ਪ੍ਰਭ ਸਾਚਾ ਪੁਰਖ ਬਿਧਾਤਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਧ ਅੰਧੇਰ ਮਿਟਾਏ ਜਿਉਂ ਚੌਧਵੀਂ ਚੰਦ ਰਾਤਾ । ਰੱਖ ਚਿਤ ਪਾਰਬ੍ਰਹਮ, ਮਿਟਾ ਅੰਧੇਰਾ । ਰੱਖ ਚਿਤ ਪਾਰਬ੍ਰਹਮ, ਮਿਟੇ ਚੁਰਾਸੀ ਗੇੜਾ । ਰੱਖ ਚਿਤ ਪਾਰਬ੍ਰਹਮ, ਇਕ ਕਰਾਏ ਸੰਞ ਸਵੇਰਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਤ ਜੋਤ ਪ੍ਰਗਟਾਏ ਨਾ ਲਾਏ ਦੇਰਾ । ਰੱਖ ਚਿਤ ਪਾਰਬ੍ਰਹਮ, ਸਰਬ ਸਮਾਨਾ । ਰੱਖ ਚਿਤ ਪਾਰਬ੍ਰਹਮ, ਦਰ ਸਾਚੇ ਬਣ ਬਾਲ ਅੰਞਾਣਾ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਹਰਿ ਜਾਪ ਜਪਾਨਾ । ਰੱਖ ਚਿਤ ਪਾਰਬ੍ਰਹਮ, ਪੂਰਨ ਜੋਤ ਦੇਵੇ ਭਗਵਾਨਾ । ਰੱਖ ਚਿਤ ਪਾਰਬ੍ਰਹਮ, ਆਪ ਬਹਾਏ ਸਚ ਟਿਕਾਣਾ । ਰੱਖ ਚਿਤ ਪਾਰਬ੍ਰਹਮ, ਏਕਾ ਜੋਤ ਜਗੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਰੱਖ ਚਿਤ ਪਾਰਬ੍ਰਹਮ, ਬਣ ਵਡ ਵਡ ਹੰਸ । ਰੱਖ ਚਿਤ ਪਾਰਬ੍ਰਹਮ, ਪ੍ਰਭ ਆਪ ਬਣਾਏ ਸਾਚਾ ਬੰਸ । ਰੱਖ ਚਿਤ ਪਾਰਬ੍ਰਹਮ, ਪ੍ਰਭ ਦੇਵੇ ਵਡਿਆਈ ਵਿਚ ਮਾਤ ਸਹੰਸ । ਰੱਖ ਚਿਤ ਪਾਰਬ੍ਰਹਮ, ਕਲਜੁਗ ਮਾਇਆ ਵਿਚ ਨਾ ਫੰਸ । ਰੱਖ ਚਿਤ ਪਾਰਬ੍ਰਹਮ, ਬੇਮੁਖਾਂ ਮੇਟ ਮਿਟਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਉਂ ਕਾਹਨਾ ਕੰਸ । ਰੱਖ ਚਿਤ ਪਾਰਬ੍ਰਹਮ, ਦੀਨ ਦਿਆਲਾ । ਰੱਖ ਚਿਤ ਪਾਰਬ੍ਰਹਮ, ਗੁਰ ਗੋਪਾਲਾ । ਰੱਖ ਚਿਤ ਪਾਰਬ੍ਰਹਮ, ਸੋਹੰ ਦੇਵੇ ਸੱਚਾ ਧਨ ਮਾਲਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਹੋਏ ਨਾ ਜਗਤ ਕੰਗਾਲਾ । ਰੱਖ ਚਿਤ ਪਾਰਬ੍ਰਹਮ, ਗੁਰਮੁਖ ਵਿਰਲੇ ਵਿਚ ਮਾਤ ਪ੍ਰਭ ਭਾਲਾ । ਰੱਖ ਚਿਤ ਪਾਰਬ੍ਰਹਮ, ਸੋਹੰ ਦੇਵੇ ਪ੍ਰਭ ਸਾਚਾ ਸ਼ਬਦ ਸੁਖਾਲਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਹੋਏ ਗੁਰਸਿਖ ਤੇਰਾ ਰਖਵਾਲਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਜਗ ਜੀ । ਰੱਖ ਚਿਤ ਪਾਰਬ੍ਰਹਮ, ਅੰਤਕਾਲ ਕਲ ਲੈ ਜਾਣਾ ਕੀ । ਰੱਖ ਚਿਤ ਪਾਰਬ੍ਰਹਮ, ਝੂਠੇ ਦਿਸਣ ਪੁੱਤਰ ਧੀ । ਰੱਖ ਚਿਤ ਪਾਰਬ੍ਰਹਮ, ਪ੍ਰਭ ਸਾਚਾ ਅੰਮ੍ਰਿਤ ਆਤਮ ਬਰਸੇ ਮੀਂਹ । ਰੱਖ ਚਿਤ ਪਾਰਬ੍ਰਹਮ, ਪਹਿਲੀ ਮਾਘ ਪ੍ਰਭ ਸਤਿਜੁਗ ਰਖਾਏ ਸਾਚੀ ਨੀਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਜਗ ਜੀ । ਰੱਖ ਚਿਤ ਪਾਰਬ੍ਰਹਮ, ਜਗਤ ਪਿਤ । ਰੱਖ ਚਿਤ ਪਾਰਬ੍ਰਹਮ, ਰੱਖ ਚਰਨ ਹਿੱਤ । ਰੱਖ ਚਿਤ ਪਾਰਬ੍ਰਹਮ, ਮਿਲ ਪ੍ਰਭ ਅਬਿਨਾਸ਼ੀ ਸਾਚਾ ਮਿਤ । ਰੱਖ ਚਿਤ ਪਾਰਬ੍ਰਹਮ, ਆਪੇ ਜਾਣੇ ਗੁਰਸਿਖ ਤੇਰੀ ਗਤ ਮਿਤ । ਰੱਖ ਚਿਤ ਪਾਰਬ੍ਰਹਮ, ਮਾਨਸ ਜਨਮ ਜਾਏ ਕਲ ਜਿੱਤ । ਰੱਖ ਚਿਤ ਪਾਰਬ੍ਰਹਮ, ਸਰਬ ਦੁੱਖ ਭੰਜਨ । ਰੱਖ ਚਿਤ ਪਾਰਬ੍ਰਹਮ, ਆਤਮ ਜੋਤ ਜਗਾਏ ਨਿਰੰਜਣ । ਰੱਖ ਚਿਤ ਪਾਰਬ੍ਰਹਮ, ਨੇਤਰ ਦੇਵੇ ਪ੍ਰਭ ਸਾਚਾ ਅੰਞਣ । ਰੱਖ ਚਿਤ ਪਾਰਬ੍ਰਹਮ, ਸ਼ਬਦ ਢੰਡੋਰਾ ਆਤਮ ਵੱਜਣ । ਰੱਖ ਚਿਤ ਪਾਰਬ੍ਰਹਮ, ਆਪੇ ਬਣੇ ਸਾਕ ਸੈਣ ਸੱਜਣ । ਰੱਖ ਚਿਤ ਪਾਰਬ੍ਰਹਮ, ਪ੍ਰਭ ਅਬਿਨਾਸ਼ੀ ਚਰਨ ਧੂੜੀ ਸਾਚਾ ਮਜਨ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਮਾਤ ਦੇ ਗੱਜਣ । ਰੱਖ ਚਿਤ ਪਾਰਬ੍ਰਹਮ, ਕਲ ਖੇਲ ਨਿਆਰਾ । ਰੱਖ ਚਿਤ ਪਾਰਬ੍ਰਹਮ, ਹਰਿ ਭੇਖ ਅਪਾਰਾ । ਰੱਖ ਚਿਤ ਪਾਰਬ੍ਰਹਮ, ਬਿਨ ਰੰਗ ਰੂਪੀ ਨਾ ਕੋਈ ਪਾਵੇ ਸਾਰਾ । ਰੱਖ ਚਿਤ ਪਾਰਬ੍ਰਹਮ, ਆਦਿ ਜੁਗਾਦੀ ਜੋਤ ਆਧਾਰਾ । ਰੱਖ ਚਿਤ ਪਾਰਬ੍ਰਹਮ, ਜੁਗਾ ਜੁਗੰਤ ਪ੍ਰਭ ਅਬਿਨਾਸ਼ੀ ਸਦ ਸਦਾ ਨਿਰਾਹਾਰਾ । ਰੱਖ ਚਿਤ ਪਾਰਬ੍ਰਹਮ, ਆਪ ਖੁਲ੍ਹਾਏ ਤੇਰਾ ਸਚ ਦਵਾਰਾ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਭਰੇ ਤੇਰੇ ਆਤਮ ਸਚ ਭੰਡਾਰਾ । ਰੱਖ ਚਿਤ ਪਾਰਬ੍ਰਹਮ, ਵੇਲਾ ਅੰਤ ਆ ਗਿਆ ਨਾ ਭੁੱਲ


੨੫ ੦੩

ਜੀਵ ਗਵਾਰਾ । ਰੱਖ ਚਿਤ ਪਾਰਬ੍ਰਹਮ, ਸਾਚਾ ਸ਼ਬਦ ਪੰਚਮ ਜੇਠ ਹਰਿ ਅਵਤਾਰਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਪੱਲੇ ਪ੍ਰਭ ਸਾਚੇ ਦੀ ਸਾਇਆ ਹੇਠ, ਪੰਚਮ ਜੇਠ ਆਪੇ ਆਪ ਬਣੇ ਰਖਵਾਰਾ । ਰੱਖ ਚਿਤ ਪਾਰਬ੍ਰਹਮ, ਮਿਟਾਏ ਵਡ ਵਡ ਸੇਠ, ਬੇਮੁੱਖਾਂ ਦੁੱਖ ਲੱਗੇ ਭਾਰਾ । ਰੱਖ ਚਿਤ ਪਾਰਬ੍ਰਹਮ, ਆਪ ਭੰਨਾਏ ਕੌੜੇ ਰੇਠ, ਮਦਿਰਾ ਮਾਸੀ ਮੁਗਧ ਗਵਾਰਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਪ੍ਰਭ ਅਬਿਨਾਸ਼ੀ ਜਾਮਾ ਧਾਰੇ । ਆਪ ਆਪਣਾ ਬਿਰਦ ਆਪ ਸੰਭਾਲੇ । ਸੋਹੰ ਦੇਵੇ ਪੰਚਮ ਜੇਠ ਗੁਰਸਿਖਾਂ ਦੇਵੇ ਦੋਸ਼ਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਵੇ । ਪੰਚਮ ਜੇਠ ਪੰਚ ਪਰਧਾਨਾ । ਚਾਰ ਵਰਨ ਦੇਵੇ ਏਕਾ ਮਾਨਾ । ਚਾਰ ਯਾਰਾਂ ਵਕਤ ਚੁਕਾਨਾ । ਸਚ ਧਰਮ ਆਪ ਚਲਾਣਾ । ਪੂਰਨ ਕਰਮ ਹਰਿ ਕਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾਨਾ । ਸੋਹੰ ਵਰਤੇ ਵਿਚ ਸੰਸਾਰ । ਘਰ ਘਰ ਗਾਇਣ ਨਾਰੀ ਨਾਰ । ਸਾਚੀ ਧੁੰਨ ਸੱਚੀ ਧੁਨਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤੀ ਜੋਤ ਅਕਾਰ । ਜੋਤੀ ਜੋਤ ਹੋਏ ਅਕਾਰਾ । ਚਾਰ ਵਰਨ ਏਕਾ ਗੋਤ ਕਰੇ ਸੰਸਾਰਾ । ਧੁਰ ਮੇਲ ਰੰਗੇ ਰੰਗ ਕਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਇਕ ਵਰਤਾਰਾ । ਸਾਚੀ ਸਿਖਿਆ ਦੇਵੇ, ਲੈਣੀ ਸਿੱਖ । ਸਚ ਲੇਖ ਸਚ ਦਰ ਪ੍ਰਭ ਦਏ ਲਿਖ । ਸਚ ਦਰਬਾਰੇ ਮੰਗੋ ਸਚ ਨਾਮ ਪ੍ਰਭ ਦਏ ਭਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚ ਮੁਨ ਰਿਖ । ਰੰਗ ਰੰਗੀਲਾ ਪ੍ਰਭ ਸਾਚਾ ਪਾਓ । ਸੋਹੰ ਮਜਨ ਤਿਲਕ ਲਗਾਓ । ਬੇਮੁਖ ਭਾਂਡੇ ਕਲਜੁਗ ਭੱਜਣ, ਵੇਲਾ ਗਿਆ ਹੱਥ ਨਾ ਆਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਰਖਾਓ । ਰੰਗੋ ਰੰਗ ਹਰਿ ਸਾਚਾ । ਪ੍ਰਭ ਅਬਿਨਾਸ਼ੀ ਹਿਰਦੇ ਵਾਚਾ । ਬੇਮੁਖ ਦਰ ਆਏ ਘਰ ਸਾਚਾ ਨਾਚਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਤੇਰੇ ਹਿਰਦੇ ਰਾਚਾ । ਵਡ ਜੋਧਾ ਦਾਨਾ ਸੂਰਬੀਰ । ਸੋਹੰ ਸ਼ਬਦ ਲਗਾਵੇ ਸਾਚਾ ਤੀਰ । ਚਾਰ ਕੁੰਟ ਪੈ ਜਾਏ ਵਹੀਰ । ਕਲਜੁਗ ਤੇਰਾ ਹੋਇਆ ਅਖੀਰ । ਬੇਮੁਖਾਂ ਹੱਥ ਨਾ ਆਵੇ ਤੀਰ । ਕੋਈ ਨਾ ਦੇਵੇ ਕਿਸੇ ਧੀਰ । ਬਾਲਕਾਂ ਛੁੱਟਾ ਮਾਤਾ ਸੀਰ । ਝੂਠੇ ਕੱਟੇ ਗਲੋਂ ਜਗਤ ਜ਼ੰਜੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਕਰਾਏ ਆਪ ਵਹੀਰ । ਵਹੀਰ ਵਹਾਰ ਯਾਰਾਂ ਅਹਿਮਦ ਮੁਹੰਮਦ ਹੋਏ ਖ਼ਵਾਰਾ । ਵਿਚ ਮਾਤ ਨਾ ਦਿਸੇ ਕੋਈ ਕਿਨਾਰਾ । ਈਸਾ ਮੂਸਾ ਹੋਏ ਦੋ ਫਾੜਾ । ਏਕਾ ਉਠੇ ਰੂਸਾ ਧਾੜਾ । ਚਾਰ ਕੁੰਟ ਕਰਾਏ ਆਪ ਉਜਾੜਾ । ਸੋ ਜਨ ਉਧਰੇ ਪਾਰ, ਨਿਹਕਲੰਕ ਜੋ ਤੇਰੇ ਚਰਨ ਛੁਹਾਏ ਦਾਹੜਾ । ਹਰਿ ਹਰੀ ਹਰਿ ਸਾਚਾ ਮਾਣ । ਹਰਿ ਹਰੀ ਹਰਿ ਦੇਵੇ ਮਾਣ । ਹਰੀ ਹਰਿ ਚਰਨ ਮਸਾਣ । ਹਰੀ ਹਰਿ ਹਰਿ ਵਿਟਹੋਂ ਕੁਰਬਾਨ । ਹਰੀ ਹਰਿ ਏਕਾ ਜੋਤ ਜਗੇ ਭਗਵਾਨ । ਹਰੀ ਹਰਿ ਜੋਤ ਸਰੂਪ ਸਰਬ ਜੀਆਂ ਦਾ ਜਾਣੀ ਜਾਣ । ਹਰੀ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਹਰੀ ਹਰਿ ਜਨ ਜਾਣੋ । ਹਰੀ ਹਰਿ ਆਤਮ ਰਸ ਮਾਣੋ । ਹਰੀ ਹਰਿ ਦੇਵੇ ਦਰਸ ਤੋੜੇ ਅਭਿਮਾਨੋ । ਹਰੀ ਹਰਿ ਦਰਗਹਿ ਸਾਚੀ ਕਰੇ ਪ੍ਰਵਾਨੋ । ਹਰੀ ਹਰਿ ਸੋਹੰ ਦੇਵੇ ਸਚ ਨਿਸ਼ਾਨੋ । ਹਰੀ ਹਰਿ ਆਪ ਮਿਲਾਏ ਕਰ ਕਰ ਕਰ ਬਿਧ ਨਾਨੋ । ਹਰੀ ਹਰਿ ਸੋਹੰ ਖਿਚੇ ਤੀਰ ਕਮਾਨੋ । ਹਰੀ ਹਰਿ ਸ਼ਬਦ ਲਿਖਾਏ ਵਿਚ ਜ਼ਬਾਨੋਂ । ਹਰੀ ਹਰਿ ਮੇਟ ਮਿਟਾਏ ਅੰਜੀਲ ਕੁਰਾਨੋ । ਹਰੀ ਹਰਿ ਰਹਿਣ ਨਾ ਪਾਏ ਵੇਦ ਪੁਰਾਨੋ । ਹਰੀ ਹਰਿ ਖਾਣੀ


੨੯
੦੩

ਬਾਣੀ ਮਿਟੇ ਨਿਸ਼ਾਨੋ । ਹਰੀ ਹਰਿ ਏਕਾ ਜੋਤ ਜਗੇ ਮਹਾਨੋ । ਹਰੀ ਹਰਿ ਖਿਚੇ ਨੀਰ ਅੱਠ ਸੱਠ ਤੀਰਥ ਨਾ ਕੋਈ ਦੱਸ ਸਚ ਟਿਕਾਣੋ । ਹਰੀ ਹਰਿ ਪ੍ਰਗਟੇ ਜੋਤ ਵਡ ਬਲੀ ਬਲਵਾਨੋ । ਗੁਰਮੁਖ ਸਾਚੇ ਜਾਣੋ ਵਡ ਮਿਹਰਵਾਨੋ । ਹਰੀ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ ਸੁਫਲ ਕਰਾਓ ਜ਼ਬਾਨੋ । ਹਰੀ ਹਰਿ ਕਲ ਸਾਚਾ ਗੁਰ । ਹਰੀ ਹਰਿ ਮੇਲ ਮਿਲਾਇਆ ਲਿਖਿਆ ਧੁਰ । ਹਰੀ ਹਰਿ ਗੁਰਮੁਖ ਸਾਚੇ ਚਰਨ ਗਏ ਜੁਰ । ਹਰੀ ਹਰਿ ਆਪ ਚੜ੍ਹਾਏ ਗੁਰਮੁਖ ਸਾਚੇ ਘੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭੇ ਤੋੜ । ਚਰਨ ਪ੍ਰੀਤੀ ਆਪ ਦਵਾਏ । ਕਲਜੁਗ ਬੰਧਨ ਆਪ ਤੁੜਾਏ । ਪਰਮਾਨੰਦ ਸੁਖ ਉਪਜਾਏ । ਤ੍ਰੈਲੋਕੀ ਨੰਦਨ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਆਪ ਆਪਣਾ ਸਿਰ ਰੱਖੇ ਹੱਥ । ਪ੍ਰਭ ਦੀ ਮਹਿੰਮਾ ਬੜੀ ਅਕੱਥ । ਕਰ ਦਰਸ ਸਗਲ ਵਸੂਰੇ ਜਾਇਣ ਲੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਅੰਤਮ ਅੰਤ ਕਲਜੁਗ ਬੇਮੁਖਾਂ ਪਾਏ ਨੱਥ । ਗੁਰਮੁਖ ਹਰਿ ਆਪ ਜਗਾਏ । ਬੇਮੁਖ ਹਰਿ ਆਪ ਖਪਾਏ । ਗੁਰਸਿਖ ਹਰਿ ਆਪ ਤਰਾਏ । ਬੇਮੁਖ ਦਰ ਰਹਿਣ ਨਾ ਪਾਏ । ਬੇਮੁਖ ਗੂੜ੍ਹੀ ਨੀਂਦ ਸਵਾਏ । ਗੁਰਸਿਖ ਹਰਿ ਦਰ ਘਰ ਸਾਚੇ ਦਰਸ਼ਨ ਪਾਏ । ਬੇਮੁਖ ਦਰ ਆਏ ਨਾਚੇ ਜਾਏ ਪਿਛੋਂ ਪਛਤਾਏ । ਗੁਰਮੁਖ ਸਾਚੇ ਦਰ ਸਾਚਾ ਮਾਣ ਦਵਾਏ । ਬੇਮੁਖ ਭਾਂਡੇ ਕਾਚੇ, ਵੇਲਾ ਅੰਤ ਭੰਨ ਵਖਾਏ । ਗੁਰਮੁਖ ਸੋਹੰ ਪਾਏ ਸਾਚੋ ਸਾਚੇ, ਚਰਨ ਸੇਵ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਸਦ ਰਹਾਏ । ਸਚ ਨਬੇੜਾ ਦੇਣਾ ਕਰ, ਝੂਠਾ ਝੇੜਾ ਚੁੱਕੇ ਡਰ । ਮਾਤਲੋਕ ਖੁਲ੍ਹਾ ਵੇਹੜਾ ਪ੍ਰਭ ਆਪ ਬਣਾਏ ਸਾਚਾ ਦਰ । ਗੁਰ ਸੰਗਤ ਗੁਰ ਦਰ ਆਏ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦੇਵੇ ਭੰਡਾਰੇ ਭਰ । ਸਾਧ ਸੰਗਤ ਹਰਿ ਮੰਗਲ ਗਾਈ । ਸਾਚੀ ਰੁੱਤ ਹਰਿ ਆਪ ਸਹਾਈ । ਪ੍ਰਗਟ ਜੋਤ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਲਏ ਬਹਾਈ । ਦਰ ਘਰ ਸਾਚੇ ਆਪ ਬਹਾਇਆ । ਦਰਗਹਿ ਸਾਚੀ ਮਾਣ ਦਵਾਇਆ । ਵੇਲੇ ਅੰਤ ਹੋਏ ਸਹਾਇਆ । ਧਰਮ ਰਾਏ ਨਾ ਦਏ ਸਜਾਇਆ । ਬਾਹੋਂ ਪਕੜ ਗੁਰਸਿਖ ਤਰਾਇਆ । ਜੋਤ ਸਰੂਪੀ ਅੰਗ ਸੰਗ ਸਦ ਆਪ ਰਹਾਇਆ । ਪ੍ਰਭ ਦਰ ਮੰਗੇ ਸਾਚੀ ਮੰਗ, ਅੰਤ ਜੋਤੀ ਮੇਲ ਮਿਲਾਇਆ । ਮਾਤਲੋਕ ਮਾਨਸ ਜਨਮ ਨਾ ਹੋਏ ਭੰਗ, ਬੈਕੁੰਠ ਨਿਵਾਸੀ ਵਿਚ ਬੈਕੁੰਠ ਨਿਵਾਸ ਰਖਾਇਆ । ਬੇਮੁਖਾਂ ਪ੍ਰਭ ਦੇਵੇ ਦੰਡ, ਧਰਮ ਰਾਏ ਦੇ ਸਜਾਇਆ । ਕਲਜੁਗ ਅੰਤਮ ਹੋਏ ਨੰਗ, ਸਾਚਾ ਨਾਮ ਨਾ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੇਵੇ ਵੰਡ, ਸੋਹੰ ਸ਼ਬਦ ਜੈ ਜੈ ਜੈਕਾਰ ਕਰਾਇਆ । ਸੋਹੰ ਸ਼ਬਦ ਕਰਾਏ ਜੈਕਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਚਾਰ ਵਰਨ ਬਹਾਏ ਇਕ ਦਰਬਾਰਾ । ਦਰ ਘਰ ਆਏ ਸਾਚੇ ਤਰਨ, ਬੇਮੁਖਾਂ ਲਾਹੇ ਆਤਮ ਅਫਾਰਾ । ਆਪ ਚੁਕਾਏ ਮਰਨ ਡਰਨ, ਜੋ ਜਨ ਸਰਨ ਚਰਨ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਅਵਤਾਰਾ । ਜਾਮਾ ਧਾਰਾ ਗੁਰਸਿਖ ਆਇਣ ਦਵਾਰਾ । ਸੁਣੇ ਪੁਕਾਰੇ ਆਵੇ ਵਾਰੋ ਵਾਰਾ । ਮਾਤਲੋਕ ਹਰਿ ਸਾਚੇ ਸਾਚੀ ਤੇਰੀ ਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲਏ ਅਵਤਾਰਾ । ਪੰਚਮ ਜੇਠ ਜੋਤ ਜਗਾਏ । ਏਕਾ ਜੋਗ ਨਾਮ ਦਵਾਏ । ਆਤਮ ਰੋਗ ਸਰਬ ਮਿਟਾਏ । ਨਿਜ਼ਾਨੰਦ ਵਿਚ ਵਾਸ ਰਖਾਏ । ਸੋਹੰ ਸਵਾਸ ਸਵਾਸ ਜਪਾਏ ।


੨੧ ੦੩

ਮਾਨਸ ਜਨਮ ਰਾਸ ਕਰਾਏ । ਮਦਿਰਾ ਮਾਸ ਰਸਨ ਤਜਾਏ । ਪੂਰਨ ਆਸ ਹਰਿ ਆਪ ਕਰਾਏ । ਸਾਚੀ ਧੁਨ ਸ਼ਬਦ ਉਪਜਾਏ । ਬੈਕੁੰਠ ਨਿਵਾਸੀ
ਘਰ ਸਾਚੇ ਸਾਚੀ ਜੋਤ ਜਗਾਏ । ਬੇਮੁਖ ਕਲਜੁਗ ਜੀਵ ਕੌੜੇ ਰੀਠੇ ਆਪ ਭੰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜੇ ਰਾਣੇ ਡੰਨੇ
ਮਾਤ ਜੋਤ ਪ੍ਰਗਟਾਏ । ਰਾਜੇ ਰਾਣੇ ਪ੍ਰਭ ਦੇਵੇ ਡੰਨ । ਸ਼ਬਦ ਸਰੂਪੀ ਲਿਆਵੇ ਬੰਨ੍ਹ । ਗੁਰਮੁਖ ਮੰਨੇ ਧੰਨ ਧੰਨ । ਪੰਚਮ ਜੇਠ ਸ਼ਬਦ ਲਿਖਾਏ
ਜਗਤ ਵਰਤਾਏ, ਸ੍ਰਿਸ਼ਟ ਸਬਾਈ ਮਿਟਾਏ ਆਤਮ ਜਨ । ਭਰਮ ਭੁਲੇਖਾ ਕਰੋ ਦੂਰ । ਦਰ ਘਰ ਸਾਚਾ ਹਰਿ ਸਾਚਾ ਸ਼ਾਹੋ ਖੜਾ ਹਜ਼ੂਰ । ਦੇਵੇ
ਵਡਿਆਈ ਗੁਰਸਿਖਾਂ ਮਨ ਵਧਾਈ । ਪੰਚਮ ਜੇਠ ਗੁਰਸਿਖਾਂ ਆਤਮ ਕਰੇ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ
ਕਾਇਆ ਕਰੇ ਨੂਰੋ ਨੂਰ । ਗੁਰਸਿਖ ਤੇਰੀ ਕਾਇਆ ਨੂਰ ਨੁਰਾਨੀ । ਸੋਹੰ ਸੁਣਾਏ ਆਤਮ ਲਾਏ ਸਾਚੀ ਕਾਨੀ । ਸ੍ਰਿਸ਼ਟ ਸਬਾਈ ਹੋਈ ਹੈਰਾਨੀ ।
ਗੁਰਮੁਖਾਂ ਦੇਵੇ ਸ਼ਬਦ ਨਿਸ਼ਾਨੀ । ਦਰ ਆਏ ਪ੍ਰਭ ਸਾਚਾ ਮਾਣ ਗਵਾਏ, ਵਡ ਵਡ ਆਤਮ ਧਿਆਨੀ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟ ਭੁੱਲੇ ਕਲਜੁਗ
ਜੀਵ ਗਿਆਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਣ ਨਿਧਾਨੀ । ਗੁਣ ਨਿਧਾਨ ਗੁਣਵੰਤ । ਪੂਰਨ ਜੋਤ ਆਪ
ਭਗਵੰਤ । ਆਪ ਬਣਾਏ ਸਾਚੀ ਬਣਤ । ਮਹਿੰਮਾ ਜਗਤ ਸਦਾ ਅਗਣਤ । ਆਪ ਬਣਾਏ ਸਾਚੀ ਬਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਿਆ ਕੋਈ ਜਾਣੇ ਤੇਰਾ ਆਦਿ ਅੰਤ । ਆਦਿ ਅੰਤ ਕਿਸ ਜਨ ਜਾਣਿਆਂ । ਪ੍ਰਭ ਅਬਿਨਾਸ਼ੀ ਨਾ ਕਿਸੇ ਜਨ ਵਖਾਣਿਆਂ । ਸਾਚੇ ਚਲਣ ਹਰਿ
ਸਾਚੇ ਤੇਰੇ ਭਾਣਿਅ । ਆਪੇ ਹੋਏ ਵਡ ਵਡ ਮਹਾਂਰਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖਾਂ ਆਪਣੀ ਗੋਦ ਉਠਾਏ
੨੮ ੦੩ ਬਾਲ ਅੰਞਾਣਿਆਂ । ਗੁਰਮੁਖਾਂ ਹਰਿ ਕੀਆ ਪਿਆਰ । ਆਪ ਦਿਖਾਇਆ ਆਪਣਾ ਦਰਬਾਰ । ਕਰਮ ਧਰਮ ਜਰਮ ਹਰਿ ਲਿਆ ਵਿਚਾਰ । ੨੮ ੦੩
ਮਿਟਾਈ ਸ਼ਰਮ ਵਿਚ ਸੰਸਾਰ । ਕਲਜੁਗ ਜੋ ਰਹੇ ਸੋਏ, ਵੇਲੇ ਅੰਤ ਹੋਇਣ ਖ਼ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ
ਜਾਏ ਤਾਰ । ਦਰ ਆਏ ਸਚ ਦਰਵਾਜੇ । ਕਿਰਪਾ ਕਰੀ ਪ੍ਰਭ ਗਰੀਬ ਨਿਵਾਜੇ । ਪੰਚਮ ਜੇਠ ਪ੍ਰਗਟੇ ਜੋਤ ਵਿਚ ਦੇਸ ਮਾਝੇ, ਜੋਤ ਸਰੂਪੀ ਸ਼ਬਦ
ਧਰ, ਸ਼ਬਦ ਵਜਾਏ ਅਨਹਦ ਵਾਜੇ । ਚਾਰ ਕੁੰਟ ਦਹਿ ਦਿਸ਼ ਪ੍ਰਭ ਸਾਚਾ ਗਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਾਜਣ
ਸਾਜੇ । ਆਪ ਆਪਣਾ ਸਾਜਨ ਸਾਜਨਾ । ਆਪੇ ਹੋਏ ਵਡ ਵਡ ਰਾਜਨ ਰਾਜਨਾ ।, ਆਪੇ ਚੜ੍ਹੇ ਨਿਹਕਲੰਕ ਸਾਚੇ ਤਾਜਨਾ । ਚਾਰ ਕੁੰਟ ਬੇਮੁਖਾਂ
ਅੱਗੜ ਪਿੱਛੜ ਪੈਣ ਭਾਂਜੜਾਂ । ਸਾਧ ਸੰਗਤ ਦਰ ਸਾਚੇ ਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਸ਼ਬਦ ਲਗਾਏ ਸਾਚੀ ਅਵਾਜਨਾ ।
ਪੰਚਮ ਜੇਠ ਹਰਿ ਦਇਆ ਕਮਾਏ । ਗੁਰਮੁਖ ਸਾਚੇ ਸੇਵ ਲਗਾਏ । ਆਪਣਾ ਹੁਕਮ ਆਪ ਫ਼ਰਮਾਏ । ਸਿੰਘ ਤੇਜਾ ਪ੍ਰਭ ਦੇ ਵਡਿਆਏ । ਆਤਮ
ਸੁਖੀ ਸਿੱਖੀ ਮੁਖ ਰਖਾਏ । ਦੁੱਖ ਭੁੱਖ ਰਹੇ ਨਾ ਰਾਏ । ਸਾਚਾ ਚਵਰ ਪ੍ਰਭ ਹੱਥ ਫੜਾਏ । ਸੀਸ ਆਪਣੇ ਛਤਰ ਝੁਲਾਏ । ਸਚ ਜਗਦੀਸ਼
ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਤੇਰੀ ਇਕ ਸਰਨਾਏ । ਪੰਜ ਜੇਠ ਪ੍ਰਭ ਦੇਵੇ ਵਧਾਈ । ਸਿੰਘ ਇੰਦਰ ਹਰਿ ਮਾਣ
ਰਖਾਈ । ਸੱਜੇ ਪਾਸੇ ਲਏ ਖੜਾਈ । ਚੌਥੀ ਕੂਟ ਪ੍ਰਭ ਪਹਿਰਾ ਲਾਈ । ਤ੍ਰੈ ਕੂਟ ਹਰਿ ਸ਼ਬਦ ਵਜਾਈ । ਸਾਚਾ ਸੋਹੰ ਸੰਗ ਰਲਾਈ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਮਾਤ ਵਡਿਆਈ । ਪੰਚਮ ਜੇਠ ਲਾਹਾ ਲੈਣ । ਸਿੰਘ ਪ੍ਰੀਤਮ ਮੰਨ ਸਾਡਾ ਕਹਿਣ । ਦਰਸ ਪੇਖੇ

ਤੀਜੇ ਨੈਣ । ਫੇਰ ਨਾ ਵਹਿਣਾ ਝੂਠੇ ਵਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਲਹਿਣਾ ਦੇਣ । ਸੱਚਾ ਹੁਕਮ ਸੱਚਾ ਫਰਮਾਣ । ਆਪੇ ਦੇਵੇ ਚਰਨ ਧਿਆਨ । ਗੁਰਸਿਖਾਂ ਦਰ ਘਰ ਦੇਵੇ ਮਾਣ । ਉਠੋ ਸਿੰਘ ਪ੍ਰੇਮ ਸੇਵਾ ਕਰੀ ਜਿਸ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਦੇਵੇ ਮਾਣ । ਤੀਜੇ ਕੂਟ ਕਰ ਧਿਆਨ । ਠਾਕਰ ਸਿੰਘ ਹਰਿ ਠਾਕ ਰਹਾਇਆ । ਚੌਥੀ ਕੂਟੇ ਹਰਿ ਆਪ ਬਹਾਇਆ । ਸੋਹੰ ਝੂਟੇ ਹਰਿ ਆਪ ਝੁਟਾਇਆ । ਫੱਲ ਲੱਗਾ ਕਦੇ ਨਾ ਤੁਟੇ, ਪ੍ਰਭ ਵਿਚ ਮਾਤ ਦੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖਾਂ ਦੇ ਵਡਿਆਇਆ । ਸੋਹਣ ਸਿੰਘ ਬਲੀ ਬਲ ਧਾਰ । ਆਏ ਖੜ ਪ੍ਰਭ ਚਰਨ ਦਵਾਰ । ਏਕਾ ਦਿਸੇ ਸਚ ਦਰਬਾਰ । ਏਕਾ ਏਕ ਹਰਿ ਨਿਰੰਕਾਰ । ਜਗੇ ਜੋਤ ਅਗੰਮ ਅਪਾਰ । ਏਕਾ ਸ਼ਬਦ ਵਿਚ ਮਾਤ ਚਲੇ ਸਾਚੀ ਦੋ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਧਾਮ ਇਕ ਕਰਾਏ ਚਰਨ ਪਿਆਰ । ਗੁਰਮੁਖ ਸਿੰਘ ਉਠੋ ਗੋਬਿੰਦ ਰਾਏ । ਪ੍ਰਭ ਅਬਿਨਾਸ਼ੀ ਰਿਹਾ ਸੁਣਾਏ । ਘਨਕਪੁਰ ਵਾਸੀ ਸਾਚੇ ਲੇਖ ਦਏ ਲਿਖਾਏ । ਜੋ ਜਨ ਤਜਾਏ ਮਦਿਰਾ ਮਾਸੀ, ਪ੍ਰਭ ਸਾਚੇ ਧਾਮ ਦੇ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾ ਨਵ ਦਵਾਰ ਬੰਦ ਕਰਾਏ, ਦਸਵਾਂ ਆਪ ਖੁਲ੍ਹਾਏ । ਸਿੰਘ ਆਤਮਾ ਪ੍ਰਭ ਦੇ ਵਡਿਆਈ । ਭੋਲੀ ਭਾਲੀ ਦੇਹ ਉਪਜਾਈ । ਸਾਚੀ ਡੋਲੀ ਨਾਮ ਚੜ੍ਹਾਈ । ਗੁਰਮੁਖ ਸਾਚੇ ਪੂਰੇ ਤੋਲ ਤੋਲੀ ਆਏ ਹਰਿ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਦਰ ਬੰਦ ਕਰਾਈ । ਜੀਵਣ ਸਿੰਘ ਉਠ ਉਠ ਜਾਗ । ਆਤਮ ਧੋ ਪਿਛਲੇ ਦਾਗ਼ । ਸਚ ਸੁਣਾਏ ਪ੍ਰਭ ਸਾਚਾ ਰਾਗ । ਪੰਚਮ ਜੇਠ ਤੇਰੀ ਪਕੜੇ ਆਪੇ ਵਾਗ । ਗੁਰਸਿਖ ਬਣਾਏ ਹੰਸ ਕਾਗ । ਸੋਹੰ ਲਾਏ ਆਤਮ ਜਾਗ । ਆਪੇ ਦੇਵੇ ਵਡਿਆਈ ਵਡ ਵਡ ਬਣਾਏ ਭਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਰਤੇ ਸਾਂਗ । ਤੀਜਾ ਨੈਣ ਤੀਜੀ ਧਾਰਾ । ਗੁਰਮੁਖ ਸਾਚੇ ਬੂਝ ਬੁਝਾਰਾ । ਏਕਾ ਵੇਖ ਸ਼ਬਦ ਹੁਲਾਰਾ । ਪ੍ਰਭ ਅਬਿਨਾਸ਼ੀ ਖੋਲ੍ਹੇ ਤੇਰਾ ਆਤਮ ਦਰ ਦਵਾਰਾ । ਸਿੰਘ ਪਾਲ ਉਠ ਬੋਲ ਸੋਹੰ ਸਚ ਜੈਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚਾ ਸ਼ਬਦ ਲਿਖਾਰਾ, ਭਾਂਡਾ ਭਰਮ ਭਓ ਨਿਵਾਰਾ । ਆਸਾ ਸਿੰਘ ਰੱਖ ਪੂਰਨ ਆਸ । ਰੱਖੇ ਪ੍ਰਭ ਸੁਖਾਲੇ ਸਵਾਸ । ਆਪੇ ਹੋਏ ਤੇਰਾ ਦਾਸ । ਸੋਹੰ ਸ਼ਬਦ ਚਲਾਏ ਬਾਣੀ ਸੱਤ ਅਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚਾ ਸ਼ਬਦ ਲਿਖਾਸ । ਪ੍ਰਭ ਅਬਿਨਾਸ਼ੀ ਦਰ ਦਰਬਾਰੀ । ਗੁਰਸਿਖਾਂ ਜਾਏ ਪੈਜ ਸਵਾਰੀ । ਸਿੰਘ ਦਲੀਪ ਤੇਰੇ ਹੱਥ ਫੜਾਏ ਸਾਚੀ ਆਪ ਕਟਾਰੀ । ਮਾਨਸ ਜਨਮ ਸੁਫਲ ਕਰਾਏ । ਫਿਰ ਮਾਤ ਨਾ ਆਏ ਦੂਜੀ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਡਾਏ ਸ਼ਬਦ ਉਡਾਰੀ । ਸਿੰਘ ਗੁਰਦਿਆਲ ਵੇਖ ਗੁਰ ਕਾ ਘਰ । ਚਰਨ ਸੇਵ ਦੇਵੇ ਸਾਚਾ ਵਰ । ਚਰਨ ਲਾਗ ਕਲ ਜਾਏ ਤਰ । ਆਪ ਚੁਕਾਇਆ ਜਮ ਕਾ ਡਰ । ਸ਼ਬਦ ਸਰੂਪੀ ਆਪ ਖੁਲ੍ਹਾਏ ਆਤਮ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਿਰਪਾ ਕਰ । ਤੇਜ ਭਾਨ ਸਚ ਕਰ ਜਾਣ । ਆਤਮ ਤੁਟੇ ਸਰਬ ਮਾਣ । ਸੋਹੰ ਵੱਜੇ ਸਾਚਾ ਬਾਣ । ਏਕਾ ਝੁੱਲੇ ਸ਼ਬਦ ਨਿਸ਼ਾਨ । ਵਡ ਵਡ ਰਾਓ ਉਮਰਾਓ ਤੇਰੀ ਚਰਨੀ ਡਿਗਣ ਆਣ । ਵਡ ਵਡ ਸ਼ਾਹਨ ਸ਼ਾਹੋ ਪ੍ਰਭ ਦੇਵੇ ਸਾਚਾ ਮਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰੇ ਆਪ ਪਛਾਣ । ਗੁਰਸਿਖਾਂ ਹਰਿ ਆਪ ਪਛਾਣੇ । ਆਪ ਆਪਣੇ ਸੰਗ ਰਲਾਣੇ । ਸਾਚਾ ਸੰਗ ਇਕ ਭਗਵਾਣੇ ।

ਆਤਮ ਚਾੜ੍ਹੇ ਰੰਗ ਦੂਈ ਦਵੈਤ ਮਾਤ ਮਿਟਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਲ ਆਪ ਤਰਾਣੇ । ਗੁਰਮੁਖ ਸਾਚਾ ਪਾਰ ਉਤਾਰਿਆ । ਦੁੱਖ ਦਲਿਦਰ ਸਰਬ ਨਵਾਰਿਆ । ਪ੍ਰਗਟ ਜੋਤ ਜਿਉਂ ਘਰ ਬਿਦਰ ਭੋਗ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰ ਸਿੰਘ ਸੋਹਣ ਆਪ ਤਰਾ ਲਿਆ । ਸਿੰਘ ਬਿਸ਼ਨ ਹਰਿ ਦੇਵੇ ਦਾਤ । ਗੁਰਮੁਖਾਂ ਪੁਛੇ ਆਪੇ ਵਾਤ । ਕਲਜੁਗ ਨਾ ਹੋਈ ਅੰਧੇਰੀ ਰਾਤ । ਸੋਹੰ ਸ਼ਬਦ ਸੁਣਾਵੇ ਸਾਚੀ ਗਾਥ । ਆਪ ਚੜ੍ਹਾਏ ਸਾਚੇ ਰਾਥ । ਪੰਚਮ ਜੇਠ ਪ੍ਰਗਟ ਜੋਤ ਦਰਸ ਦਿਖਾਏ ਤ੍ਰਲੋਕੀ ਨਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਦ ਰਹੇ ਸਾਥ । ਦਰਸ਼ਨ ਸਿੰਘ ਦੀਆ ਦਰ ਮਾਣ । ਆਤਮ ਜੋਤ ਧਰੇ ਭਗਵਾਨ । ਖੁਲ੍ਹੇ ਸੋਤ ਉਪਜੇ ਬ੍ਰਹਮ ਗਿਅਨ । ਦੇਵੇ ਵਡਿਆਈ ਪ੍ਰਭ ਸਾਚਾ ਵਾਲੀ ਦੋ ਜਹਾਨ । ਹੋਏ ਰੁਸ਼ਨਾਈ ਦਰ ਸਾਚੇ ਬੂਝ ਬੁਝਾਈ, ਭਰਮ ਭੁਲੇਖੇ ਸਰਬ ਮਿਟ ਜਾਣ । ਮਿਲੇ ਵਡਿਆਈ ਆਇਆ ਸਰਨਾਈ, ਹਰਿ ਸਾਚੀ ਕਲਮ ਫੜਾਈ । ਲੇਖ ਲਿਖਾਏ ਵਡ ਬਲੀ ਬਲਵਾਨ । ਦਰਗਹਿ ਸਾਚੀ ਮਾਣ ਦਵਾਏ, ਜਿਥੇ ਵਸੇ ਆਪ ਭਗਵਾਨ । ਗੁਰਸਿਖਾਂ ਪੂਰਨ ਹੋਈ ਆਸ, ਸੋਹੰ ਸ਼ਬਦ ਸਵਾਸ ਸਵਾਸ ਗਾਵਣਾ । ਪ੍ਰਭ ਅਬਿਨਾਸ਼ੀ ਆਤਮ ਅੰਧ ਅੰਧੇਰ ਮਿਟਾਵਣਾ । ਵਾਸ ਨਾ ਹੋਏ ਗਰਭ ਦਸ ਮਾਸ ਰਸਨਾ ਤਜਾਵਣਾ । ਪ੍ਰਭ ਸਾਚਾ ਕਰੇ ਬੰਦ ਖਲਾਸ, ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਹਰਿ ਹਿਰਦੇ ਸਚ ਰੱਖੇ ਵਾਸ, ਦਿਵਸ ਰੈਣ ਹਰਿ ਰਸ ਗਾਵਣਾ । ਜਗਾਏ ਜੋਤ ਮਾਤ ਪਤਾਲ ਅਕਾਸ਼, ਬੇਮੁਖ ਮਿਟਾਏ ਜਿਉਂ ਰਾਮਾ ਰਾਵਣਾ । ਹੰਕਾਰੀਆਂ ਕਰੇ ਨਾਸ, ਮੋਹਣ ਮਾਧਵ ਭੇਖ ਵਟਾਵਣਾ । ਜਿਉਂ ਜਨ ਅਰਜਨ ਹੋਇਆ ਦਾਸ, ਪੰਚਮ ਜੇਠ ਹਰਿ ਸ਼ਬਦ ਲਿਖਾਵਣਾ । ਗੁਰਮੁਖ ਸਾਚੇ ਹੋਵੋ ਪਾਸ, ਵੇਲਾ ਗਿਆ ਹੱਥ ਨਾ ਆਵਣਾ । ਮਾਨਸ ਜਨਮ ਹੋਵੇ ਰਾਸ, ਅੰਮ੍ਰਿਤ ਮੇਘ ਹਰਿ ਆਪ ਵਰਸਾਵਣਾ । ਸੋਹੰ ਗਾਵਣਾ ਸਵਾਸ ਸਵਾਸ, ਸਾਚੇ ਤੀਰਥ ਗੁਰ ਚਰਨੀ ਨਹਾਵਣਾ । ਨਿਹਕਲੰਕ ਦਰ ਹੋਵੇ ਦਾਸ, ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਮਾਤ ਜੋਤ ਧਰੇ ਪ੍ਰਭ ਅਬਿਨਾਸ਼, ਭਾਂਡਾ ਭਰਮ ਭਉ ਭਨਾਵਣਾ । ਸਾਚੇ ਸ਼ਬਦ ਰਖਾਵਣਾ ਵਾਸ, ਦਿਵਸ ਰੈਣ ਮਿਲੇ ਨਾ ਸਾਵਣਾ । ਗੁਰਮੁਖਾਂ ਉਪਜਾਏ ਸ਼ਬਦ ਅਕਾਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਵਣਾ । ਗੁਰਮੁਖ ਉਤਰਨ ਪਹਿਲੇ ਪੂਰ । ਅੱਗਾ ਨੇੜੇ ਆ ਗਿਆ ਪਿੱਛਾ ਰਹਿ ਗਿਆ ਦੂਰ । ਪ੍ਰਭ ਸਾਚਾ ਵਕਤ ਸੁਹਾ ਗਿਆ । ਆਤਮ ਧਰੇ ਜੋਤ ਕੋਹਤੂਰ । ਜੋ ਜਨ ਪ੍ਰਭ ਚਰਨੀ ਪੰਚਮ ਜੇਠ ਆ ਗਿਆ, ਪ੍ਰਭ ਆਤਮ ਕਰੇ ਭਰਪੂਰ । ਜੋ ਜਨ ਸੋਹੰ ਸਾਚ ਗਾ ਗਿਆ, ਦੁੱਖ ਦਰਦ ਕੀਨੇ ਦੂਰ । ਜੋ ਜਨ ਮਦਿਰਾ ਮਾਸ ਤਜਾ ਗਿਆ । ਪ੍ਰਭ ਸਾਚਾ ਹੋਏ ਹਜ਼ੂਰ । ਦਰ ਆਏ ਭੁੱਲ ਬਖ਼ਸ਼ਾ ਗਿਆ, ਪ੍ਰਭ ਦੇਵੇ ਚਰਨ ਧੂੜ । ਆਪਣਾ ਆਪ ਗੁਰ ਦਰ ਬਣਾ ਗਿਆ, ਮਾਤਲੋਕ ਵਿਚ ਹੋਇਆ ਸੂਰ । ਪ੍ਰਭ ਸਰਨਈ ਮਿਲੇ ਵਡਿਆਈ, ਪੰਚਮ ਜੇਠ ਗੁਰ ਸੰਗਤ ਤੈਨੂੰ ਮਿਲੇ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਤੇਰੇ ਹੱਥ ਟਿਕਾ ਗਿਆ, ਸਰਬ ਕਲਾ ਭਰਪੂਰ । ਗੁਰਸਿਖ ਤੇਰੀ ਪੂਰਨ ਘਾਲਾ । ਸਾਧ ਸੰਗਤ ਤੇਰੇ ਕੱਟੇ ਸਰਬ ਜੰਜਾਲਾ । ਪਤਿਪਰਮੇਸ਼ਵਰ ਤੇਰਾ ਹੋਏ ਆਪ ਰਖਵਾਲਾ । ਸੋਹੰ ਸਾਚਾ ਸ਼ਬਦ ਤੇਰੇ ਤਨ ਪਹਿਨਾਏ ਮਾਲਾ । ਜੋ ਜਨ ਆਏ ਦਰ ਘਰ ਸਾਚੇ, ਅੰਤਮ ਕਲ ਨਾ ਹੋਏ ਕੰਗਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਰਦਾ ਪਾਏ ਸੋਹੰ ਦੇਵੇ ਤਨ ਰੁਮਾਲਾ । ਸੋਹੰ ਦੇਵੇ ਤਨ ਰੁਮਾਲ । ਆਤਮ ਜੋਤੀ ਦੇਵੇ ਬਾਲ । ਸਤਿਜੁਗ ਗੁਰਮੁਖ ਉਪਜਾਏ ਮਾਤਲੋਕ ਅਨਮੁਲੜੇ ਲਾਲ ।

ਪੰਚਮ ਜੇਠ ਪ੍ਰਭ ਅਬਿਨਾਸ਼ੀ ਆਪਣੇ ਚਰਨ ਲਏ ਬਹਾਲ । ਕਿਰਪਾ ਕਰੇ ਘਨਕਪੁਰ ਵਾਸੀ ਦੇਵੇ ਸ਼ਬਦ ਗੁਰਸਿਖ ਰੱਖ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਕੀਨੀ ਮਾਲੋ ਮਾਲ । ਸਾਚਾ ਧਨ ਸੱਚਾ ਮਾਲ । ਸੋਹੰ ਵਸਤ ਰੱਖ ਸੰਭਾਲ । ਅੰਤਕਾਲ ਤੇਰੇ ਚਲੇ ਨਾਲ ਮਾਤ ਪਿਤ ਭਾਈ ਭੈਣ ਸੱਜਣ ਸਾਕ ਸੈਣ ਨਾ ਦੇਵਣ ਬਹਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਵੇਲੇ ਅੰਤ ਕਰੇ ਸੰਭਾਲ । ਵੇਲਾ ਅੰਤ ਹਰਿ ਆਪ ਸੰਭਾਲਣਾ । ਹਰਿ ਹਰਿ ਪ੍ਰਭ ਸਾਚੇ ਆਪਣੀ ਗੋਦ ਆਪ ਉਠਾਵਣਾ । ਆਪ ਬਠਾਵੇ ਪਕੜ ਗੋਦੀ, ਆਪਣੇ ਦਰ ਬਹਾਵਣਾ । ਵਡ ਵਡ ਸੂਰ ਵਡ ਵਡ ਜੋਧਨ ਜੋਧੀ, ਸ੍ਰਿਸ਼ਟ ਸਬਾਈ ਆਪ ਨਿਵਾਵਣਾ । ਸ਼ਬਦ ਲਿਖਾਏ ਅਗਾਧ ਬੋਧੀ, ਭੇਦ ਕਿਸੇ ਨਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਗੁਰਸਿਖਾਂ ਦਰਸ ਦਿਖਾਏ, ਜਿਉਂ ਧਾਰੇ ਰੂਪ ਬਾਵਨਾ । ਬਾਵਨ ਰੂਪ ਧਾਰ ਹਰਿ ਬਲ ਉਧਾਰਿਆ । ਬਲਖ ਬਖਾਰਾ ਆਪ ਸਵਾਰਿਆ । ਬਲਖ ਨਗਰੀ ਸਚ ਦਵਾਰਿਆ । ਧਰਤ ਮਾਤ ਦੇ ਵਿਚ ਲਿਖਾ ਰਿਹਾ । ਮੁਕਤ ਜੁਗਤ ਦਾ ਰਾਹ ਬਤਾ ਰਿਹਾ । ਦੋ ਕਰਸਾ ਕਰ ਤਿੰਨ ਲੋਏ ਸਭ ਦਾ ਮਾਣ ਗਵਾ ਲਿਆ । ਗੁਰਮੁਖ ਸਾਚੇ ਸੰਤ ਜਨ ਆਪਣਾ ਆਪ ਜਣਾ ਰਿਹਾ । ਕਿਰਪਾ ਕਰ ਸਾਚਾ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਗਲੇ ਲਗਾ ਰਿਹਾ । ਗਲੇ ਲਗਾਵੇ ਦੇਵੇ ਧਰਵਾਸ । ਬਾਲਕ ਧਰੂ ਨਾ ਹੋਏ ਉਦਾਸ । ਰਾਮ ਰਮਈਆ ਸਾਚਾ ਗਾਵੇ ਏਕ ਸਵਾਸ ਸਵਾਸ । ਬਾਲ ਅਵਸਥਾ ਨਾ ਹੋਏ ਸਹਾਈ, ਆਤਮ ਜੋਤ ਕਰੇ ਪ੍ਰਕਾਸ਼ । ਅੱਠ ਸੌ ਬਰਸ ਰਾਜ ਕਰਾਈ, ਸਾਚਾ ਧਾਮ ਦੇਵੇ ਗੁਣਤਾਸ । ਚਾਰ ਜੁਗ ਮਿਲੀ ਵਡਿਆਈ, ਪ੍ਰਭ ਰੱਖੇ ਚਰਨ ਪਾਸ । ਚੌਥੇ ਜੁਗ ਪ੍ਰਭ ਅੰਤ ਕਰਾਈ, ਸੇਵ ਕਮਾਈ ਹੋਈ ਰਾਸ ।



ਸਤਿਗੁਰ ਸਾਚੇ ਸਾਚੇ ਮਾਰਗ ਲਾਈ, ਸਿੰਘ ਸਵਰਨ ਹੋਏ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਕੁੰਠ ਨਿਵਾਸੀ ਏਕਾ ਜੋਤ ਕਰੇ ਪ੍ਰਕਾਸ਼ । ਭਗਤ ਪ੍ਰਹਿਲਾਦ ਹਰਿ ਆਪ ਉਧਾਰਿਆ । ਕਿਰਪਾ ਕਰ ਆਪ ਗਿਰਧਾਰਿਆ । ਤੋੜੇ ਮਾਣ ਸਰਬ ਹੰਕਾਰਿਆ । ਏਕਾ ਵਸਤ ਰੱਖੇ ਤਖ਼ਤ, ਝੂਠੀ ਖੇਡ ਬਣਾ ਰਿਹਾ । ਏਕਾ ਰਾਮ ਰਮਈਆ ਕੰਠ, ਰਸਨਾ ਆਪ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪ ਵਰਤਾ ਰਿਹਾ । ਪ੍ਰਗਟ ਜੋਤ ਹਰਿ ਸਾਚਾ ਸਭ ਦੁਸ਼ਟ ਨਸ਼ਟ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਨ ਭਗਤਾਂ ਪੈਜ ਰਖਾ ਰਿਹਾ । ਭਗਤ ਅਮਰੀਕ ਆਪੇ ਤਾਰ । ਸਾਚੇ ਦੇਵੇ ਨਾਮ ਅਧਾਰ । ਏਕਾ ਬਖ਼ਸ਼ੇ ਚਰਨ ਪਿਆਰ । ਜਨ ਭਗਤ ਪ੍ਰਭ ਪਾਵੇ ਸਾਰ । ਦਸ ਅੱਠ ਅਠਾਰਾਂ ਕਰੇ ਖਾਲੀ ਦੇਵੇ ਨਾਮ ਆਧਾਰ । ਧਰਮ ਰਾਏ ਦੇ ਜਾਏ ਵਿਚ ਦਰਬਾਰ । ਆਪੇ ਜਾਏ ਸੁਣੇ ਪੁਕਾਰ । ਦੁਖੀਏ ਜੀਵ ਕਰਨ ਹਾਹਾਕਾਰ । ਜਨ ਭਗਤ ਦੇਵੇ ਸਰਬ ਤਾਰ । ਆਦਿ ਜੁਗਾਦਿ ਜੁਗੋ ਜੁਗ ਪ੍ਰਭ ਸਾਚਾ ਵਰਤੇ ਸਚ ਵਿਹਾਰ । ਭਗਤ ਜਨਕ ਕਿਰਪਾ ਕਰੀ ਅਪਾਰ । ਏਕਾ ਤੋਲਾ ਆਪ ਤੁਲਾਈਆ । ਸਾਚਾ ਬੋਲਾ ਨਾਮ ਰਖਾਈਆ । ਤਨ ਮਨ ਧਨ ਪ੍ਰਭ ਸਾਚੇ ਘੋਲਾ, ਅੰਤ ਸਾਚ ਰਖਈਆ । ਜੋਤੀ ਜੋਤ ਸਰੂਪ ਹਰਿ, ਭਾਰਾ ਪਾਸਾ ਨਾਮ ਰਖਈਆ । ਉਧਰੀ ਤਾਰਾ ਸਾਚੀ ਨਾਰ । ਗੁਰ ਸੰਗਤ ਸੰਗ ਕੀਆ ਅਪਾਰ । ਦਰ ਘਰ ਸਾਚਾ ਛੱਡ ਆਈ ਹਰਿ ਦਰਬਾਰ । ਆਪਣਾ ਕੀਆ ਲੈਣਾ ਵਡ, ਜੀਵ ਜੰਤ ਕੋਈ ਨਾ ਕਰੇ ਵਿਚਾਰ । ਅੱਗੇ ਦਿਸੇ ਅੰਧੇਰੀ ਖੱਡ, ਧਰਮ ਰਾਏ ਵਿਚ ਦੇਵੇ ਡਾਰ । ਜੂਠਾ ਝੂਠਾ ਭੇਖ ਕਲ ਦੇਣਾ ਛੱਡ, ਪ੍ਰਭ ਦੇਵੇ ਨਾਮ ਆਧਾਰ । ਜੋਤੀ ਜੋਤ ਸਰੂਪ ਹਰਿ, ਆਦਿ ਜੁਗਾਦਿ ਜਨ ਭਗਤਾਂ ਪਾਵੇ ਸਾਰ । ਆਦਿ ਜੁਗਾਦਿ ਭਗਤ

੩੧ ੦੩

ਉਧਾਰੀ । ਘਰ ਬਿਦਰ ਜਾਏ ਕ੍ਰਿਸ਼ਨ ਮੁਰਾਰੀ । ਤੁੱਟੇ ਮਾਣ ਦਰਯੋਧਨ ਹੰਕਾਰੀ । ਸੁੰਞੇ ਦਿਸਣ ਮਹਿਲ ਮੁਨਾਰੀ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਕਾਇਆ ਸੇਜ ਸਵਾਰੀ । ਜੋਤੀ ਜੋਤ ਸਰੂਪ ਰੁੱਖਾ ਸੁੱਖਾ ਖਾਏ ਕਰੇ ਭਗਤ ਤੇਰੀ ਜੈਕਾਰੀ । ਰੁੱਖਾ ਸੁੱਖਾ ਆਪੇ ਖਾਧਾ । ਜਨ ਭਗਤਾਂ ਕਰਾਏ ਮਾਤ ਵਾਧਾ । ਆਪੇ ਬਣੇ ਪਿਉ ਦਾਦਾ । ਏਕਾ ਸ਼ਬਦ ਉਪਜਾਏ ਨਾਦਾ । ਜੋਤੀ ਜੋਤ ਸਰੂਪ ਹਰਿ ਜਨ ਭਗਤ ਲੇਖ ਲਿਖਾਏ ਸ਼ਬਦ ਬੋਧ ਅਗਾਧਾ । ਭਗਤ ਸੁਦਾਮਾ ਆਪੇ ਤਾਰ । ਪੂਰਨ ਕਰਮ ਲਿਆ ਵਿਚਾਰ । ਬਾਲ ਅਵਸਥਾ ਕੀਆ ਪਿਆਰ । ਸਾਚਾ ਅਸਤ ਦੀਆ ਗਿਰਧਾਰ । ਜੋਤੀ ਜੋਤ ਸਰੂਪ ਹਰਿ ਆਪਣੇ ਖੇਲ ਕਰੇ ਕਰਤਾਰ । ਦਲਿਦਰੀ ਆਇਆ ਸਾਚੇ ਦਰ । ਮਨੋ ਨਾ ਮੰਗਿਆ ਕੋਈ ਵਰ । ਚੁਪ ਚੁਪੀਤਾ ਰਿਹਾ ਕਰ । ਦੂਰੋਂ ਦਿਸੇ ਆਪਣਾ ਦਰ । ਜਿਥੇ ਰਿਹਾ ਭੁੱਖਾ ਮਰ । ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ ਆਪੇ ਦੇਵੇ ਕਿਰਪਾ ਕਰ । ਆਪੇ ਕਰੇ ਬੰਦ ਖੁਲਾਸੀ, ਕਿਲ੍ਹਾ ਕੋਟ ਪ੍ਰਭ ਦੇਵੇ ਸਾਚਾ ਘਰ । ਸ੍ਰਿਸ਼ਟ ਸਬਾਈ ਹੋਏ ਉਦਾਸੀ, ਜੋਤੀ ਜੋਤ ਸਰੂਪ ਨਿਰੰਜਣ ਜਨ ਭਗਤਾਂ ਕਰੇ ਬੰਦ ਖਲਾਸੀ । ਜੈ ਦਿਉ ਪ੍ਰਭ ਨਾਮਾ ਤਾਰਿਆ । ਭਗਤ ਜਨਾਂ ਹਰਿ ਕਾਜ ਸਵਾਰਿਆ । ਰਵਦਾਸ ਚੁਮਾਰ ਸੰਗ ਰਲਾ ਲਿਆ । ਏਕਾ ਬਹਾਰ ਜਗਤ ਰਖਾ ਲਿਆ । ਸੋਹੰ ਧਾਰਾ ਇਕ ਰਖਾ ਲਿਆ । ਜਗਤ ਭਿਖਾਰਾ ਹਰਿ ਆਪ ਬਣਾ ਲਿਆ । ਭਾਣਾ ਹਰਿ ਵਰਤਾਰਾ ਗੁਰਮੁਖਾਂ ਝੋਲੀ ਨਾਮ ਭਰਾ ਲਿਆ । ਆਪੇ ਦੇਵੇ ਸ਼ਬਦ ਲਲਕਾਰਾ, ਬੇਮੁਖਾਂ ਆਪ ਡਰਾ ਰਿਹਾ । ਗੁਰਸਿਖਾਂ ਦੇਵੇ ਸ਼ਬਦ ਹੁਲਾਰਾ, ਸੋਹੰ ਝੂਲੇ ਆਪ ਝੁਲਾ ਰਿਹਾ । ਪ੍ਰਗਟ ਜੋਤ ਮਾਤ ਕ੍ਰਿਸ਼ਨ ਮੁਰਾਰਾ, ਜੋਤ ਸਰੂਪੀ ਭੇਖ ਵਟਾ ਲਿਆ । ਜੋ ਜਨ ਰਸਨਾ ਗਾਏ ਨਾਰੀ ਨਾਰਾ, ਪ੍ਰਭ ਸਾਚੇ ਮਾਰਗ ਪਾ ਲਿਆ । ਕਰਮ ਧਰਮ ਹਰਿ ਆਪ ਵਿਚਾਰਾ, ਦਰਗਾਹ ਲੇਖਾ ਪੰਚਮ ਜੇਠ ਚੁਕਾ ਲਿਆ । ਆਪ ਕਰਾਏ ਆਪਣੀ ਕਾਰਾ, ਗੁਰਮੁਖਾਂ ਮਾਣ ਦਵਾ ਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਸਾਚੇ ਧਾਮ ਬਹਾ ਲਿਆ । ਸਦਨਾ ਸੈਣ ਕਬੀਰ ਤਾਰੇ । ਏਕਾ ਦੀਆ ਨਾਮ ਮੁਰਾਰੇ । ਝੂਠੇ ਚਾਮ ਝੂਠ ਦਾਮ ਜਗੀ ਜੋਤ ਕਾਇਆ ਮਹਿਲ ਮੁਨਾਰੇ । ਜੋਤੀ ਜੋਤ ਸਰੂਪ ਨਿਰੰਜਣ ਆਵੇ ਜਾਵੇ ਵਾਰੋ ਵਾਰੇ । ਧੰਨਾ ਜੱਟ ਪ੍ਰਭ ਦਿਤਾ ਤਾਰ । ਇਕ ਕਰਾਇਆ ਚਰਨ ਪਿਆਰ । ਪ੍ਰਗਟ ਜੋਤ ਭੋਗ ਲਗਾਇਆ ਪ੍ਰਭ ਸਾਚੇ ਕਿਰਪਾ ਧਾਰ । ਭੁੱਲੇ ਰੁੱਲੇ ਪ੍ਰਭ ਮਾਰਗ ਪਾਇਆ, ਕਿਰਪਾ ਕਰ ਅਪਾਰ । ਜੋਤੀ ਜੋਤ ਸਰੂਪ ਨਿਰੰਜਣ ਵਿਚ ਮਾਤ ਆਵੇ ਜਾਵੇ ਵਾਰੋ ਵਾਰ । ਗਨਕਾ ਪਾਪਣ ਆਪੇ ਤਾਰੀ । ਉਤਰੀ ਪਾਰ ਦੁਬਦਾ ਉਤਾਰੀ । ਪਾਪਨ ਪੂਤਨਾ ਹੋਏ ਖਵਾਰੀ । ਮੋਹਣ ਮੰਮੇ ਪਾਇਆ ਹਰਿ ਨੈਣ ਮੁਧਾਰੀ । ਅੰਤਮ ਅੰਤ ਹਰਿ ਆਪ ਕਰਾਇਆ, ਡਿੱਗੀ ਜਾਏ ਵਾਂਗ ਪਹਾੜੀ । ਲਹਿਣਾ ਦੇਣਾ ਪ੍ਰਭ ਆਪ ਚੁਕਾਇਆ, ਦਰ ਘਰ ਸਾਚੇ ਆਪ ਬਣਾਏ ਸਾਚੀ ਲਾੜੀ । ਬੱਧਕ ਬੱਧਾ ਮਾਰੇ ਤੀਰ । ਚਰਨ ਕਵਲ ਨੂੰ ਗਿਆ ਚੀਰ । ਪ੍ਰਭ ਅਬਿਨਾਸ਼ੀ ਆਪੇ ਦੇਵੇ ਧੀਰ । ਮਾਣ ਦਵਾਏ ਭਰਮ ਚੁਕਾਏ, ਅੰਮ੍ਰਿਤ ਦੇਵੇ ਸਾਚਾ ਸੀਰ । ਜੋਤੀ ਜੋਤ ਸਰੂਪ ਨਿਰੰਜਣ ਜਨ ਭਗਤਾਂ ਲੱਥਣ ਨਾ ਦੇਵੇ ਮਾਤ ਦੇ ਚੀਰ । ਆਤਮ ਸ਼ਬਦ ਪ੍ਰਭ ਆਪ ਜਣਾਈ । ਉਜਲ ਬੁੱਧ ਵਿਚ ਮਾਤ ਕਰਾਈ । ਆਪ ਉਪਜਾਵੇ ਨਵ ਨਿਧ, ਪੰਚਮ ਜੇਠ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇਵੇ ਆਪ ਵਧਾਈ । ਗੁਰ ਸੰਗਤ ਹੋਏ ਤੇਰਾ ਵਾਧਾ । ਪ੍ਰਭ ਅਬਿਨਾਸ਼ੀ ਸਾਚਾ ਲਾਧਾ । ਕੋਈ ਨਾ ਛੁੱਟੇ ਪ੍ਰਭ ਕਾ ਬਾਧਾ । ਏਕਾ ਧੁਨ ਉਪਜਾਈ ਸੋਹੰ ਸਾਚੀ ਨਾਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਕਰਾਏ

ਜਿਸ ਜਨ ਰਸਨਾ ਅਰਾਧਾ । ਸੰਤ ਮਨੀ ਸਿੰਘ ਹਰਿ ਹਰਿ ਸਮਝਾਇਆ । ਆਤਮ ਸਾਚਾ ਗਿਆਨ ਦਵਾਇਆ । ਚਿੱਟਾ ਅਸਤਰ ਸਾਚਾ ਬਸਤਰ ਤਨ ਪਹਿਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪਣਾ ਬਾਣਾ ਆਪ ਉਲਟਾਇਆ । ਸੰਤ ਮਨੀ ਸਿੰਘ ਸਤਿ ਸਮਾਲੀ । ਆਤਮ ਚੜ੍ਹੀ ਸਾਚੀ ਲਾਲੀ । ਬੇਮੁਖਾਂ ਦਿਸਾਏ ਵਿਚ ਮਾਤ ਘਟਾ ਕਾਲੀ । ਗੁਰਸਿਖਾਂ ਕਟਾਏ ਪ੍ਰਭ ਸਾਚਾ ਜਗਤ ਜੰਜਾਲੀ । ਆਪੇ ਹੋਏ ਏਥੇ ਓਥੇ ਦੋ ਜਹਾਨਾਂ ਵਾਲੀ । ਗੁਰਮੁਖ ਸਾਚੇ ਸੰਤ ਜਨ ਪੰਜ ਜੇਠ ਬਣੇ ਸਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰੇ ਨਿਹਕਲੰਕ ਨਰਾਇਣ ਨਰ ਸੁੱਕੇ ਫਲ ਲਗਾਏ ਡਾਲੀ । ਸਤਿਗੁਰ ਮਨੀ ਸਿੰਘ ਸਤਿ ਕਰ ਮੰਨਿਆ । ਪ੍ਰਭ ਅਬਿਨਾਸ਼ੀ ਬੇੜਾ ਬੰਨ੍ਹਿਆ । ਆਪੇ ਹੋਏ ਦਾਸਨ ਦਾਸ, ਮਾਲ ਚਰਾਏ ਜਿਉਂ ਧੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਦਰ ਆਈ ਸੰਗਤ ਆਤਮ ਜਾਨਿਆ । ਸਤਿ ਸਰੂਪ ਸਾਚੀ ਬੁੱਧ ਰਾਖੀ । ਪ੍ਰਭ ਅਬਿਨਾਸ਼ੀ ਸਾਚਾ ਲਾਖੀ । ਆਪੇ ਕਰੇ ਗੁਰਸਿਖ ਫੁਲਵਾੜੀ ਰਾਖੀ । ਏਕਾ ਸ਼ਬਦ ਧੁਨ ਦਰ ਭਾਖੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਪ੍ਰਗਟਾਏ ਅਲਖਣਾ ਅਲਾਖੀ । ਅਲੱਖਣ ਅਲਖ ਨਾ ਕੋਈ ਲਿਖਾਏ । ਆਪੇ ਭਾਣੇ ਵਿਚ ਸਮਾਏ । ਸੁਘੜ ਸਿਆਣੇ ਪ੍ਰਭ ਭੁਲਾਏ । ਮਾਇਆ ਰੂਪੀ ਪਰਦਾ ਪਾਏ । ਵਡ ਵਡ ਭੂਪੀ ਗਏ ਮੁਖ ਭਵਾਏ । ਆਤਮ ਹੋਈ ਕਲਜੁਗ ਅੰਧ ਕੂਪੀ, ਕਿਸੇ ਨਾ ਦਿਸੇ ਸਾਚਾ ਹਰਿ ਰਾਏ । ਪ੍ਰਭ ਅਬਿਨਾਸ਼ੀ ਸਾਚਾ ਸੰਤ ਸੁਹੇਲੀ, ਪੰਚਮ ਆਇਆ ਜੋਤ ਪ੍ਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਜੋਤ ਜਗਾਏ ਜਗਤ ਅਕਾਲੀ । ਕਲਜੁਗ ਤੇਰੀ ਪਾਈ ਚਾਲੀ । ਸਤਿਜੁਗ ਲਗਾਏ ਪ੍ਰਭ ਸਾਚਾ ਮਾਲੀ । ਗੁਰਮੁਖ ਸਾਚੇ ਸੰਤ ਜਨ ਪ੍ਰਭ ਆਪ ਉਪਜਾਏ, ਸਾਚੀ ਦੇਵੇ ਨਾਮ ਲਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਪਾਰ ਕਰਾਏ, ਨਾ ਮੰਗੇ ਕਿਸੇ ਦਲਾਲੀ । ਦਿਲ ਦਲਾਲੀ ਨਾ ਕੋਈ ਦੇਵੇ । ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਗੁਰਮੁਖ ਵਿਰਲਾ ਰਸਨਾ ਸੇਵੇ । ਪੰਜ ਜੇਠ ਪ੍ਰਭ ਸਾਚਾ ਲਹਿਣਾ ਦੇਣਾ ਆਪ ਦੇਵੇ । ਸੋਹੰ ਸ਼ਬਦ ਮੁਖ ਲਗਾਏ, ਗੁਰਸਿਖਾਂ ਸਾਚੇ ਮੇਵੇ । ਮਾਤ ਜਨਮ ਸੁਫਲ ਕਰਾਏ, ਦੇਵੇ ਵਡਿਆਈ ਵਿਚ ਦੇਵੀ ਦੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਭੁੱਲੇ ਭਰਮ ਭੁਲੇਵੇ । ਭਰਮ ਭੁਲੇਖੇ ਨਾ ਜਾਣਾ ਭੁੱਲ । ਕਲਜੁਗ ਮਾਇਆ ਵਿਚ ਨਾ ਜਾਣਾ ਰੁੱਲ । ਝੂਠੀ ਕਾਇਆ ਝੂਠੀ ਚੁਲ੍ਹ । ਸਚ ਭੰਡਾਰਾ ਸਭ ਦਾ ਗਿਆ ਖੁਲ੍ਹ । ਪੰਚਮ ਜੇਠ ਹੋਏ ਅਵਤਾਰ, ਗੁਰਮੁਖ ਆਓ ਭਰ ਲੈ ਜਾਓ ਆਤਮ ਚੋਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ ਵਡ ਵਡ ਅਨਮੁਲਾ । ਵਡ ਦਾਤਾ ਹਰਿ ਗਹਿਰ ਗੰਭੀਰਾ । ਕਰ ਦਰਸ ਹੋਏ ਸ਼ਾਂਤ ਸਰੀਰਾ । ਕਲਜੁਗ ਨਾ ਲੱਭੇ ਆਤਮ ਚੀਰਾ । ਆਪ ਉਪਜਾਏ ਵਿਚ ਮਾਤ ਸਾਚਾ ਹੀਰਾ । ਥਾਉਂ ਥਾਈਂ ਆਪ ਰਖਾਏ, ਸੋਹੰ ਸਾਚਾ ਜਾਪ ਜਪਾਏ, ਮੇਟ ਮਿਟਾਏ ਅਠ ਸਠ ਤੀਰਥ ਨੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਜਾਮ ਪਿਲਾਏ ਜਿਉਂ ਬਾਲਕ ਮਾਤਾ ਸੀਰਾ । ਮਾਤਾ ਸੀਰ ਦੋਏ ਧਾਰ । ਗੁਰਮੁਖਾਂ ਪ੍ਰਭ ਕਰੇ ਪਿਆਰ । ਪੰਜ ਜੇਠ ਕਰ ਸਚ ਵਿਹਾਰ । ਕਿਰਪਾ ਕਰ ਅਵਤਾਰ ਨਰ । ਗੁਰਸਿਖਾਂ ਬੇੜਾ ਲਾਏ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲਾਏ ਆਪੇ ਬੈਠ ਵਿਚ ਦਰਬਾਰ । ਸਚ ਦਰਬਾਰ ਆਪ ਲਗਾਇਆ । ਸਚ ਘਰ ਬਾਹਰ ਆਪ ਵਸਾਇਆ । ਸਚ ਦਰ ਦਵਾਰਾ ਆਪ ਰਖਾਇਆ । ਕਲਜੁਗ ਝੂਠਾ ਭੇਖ ਆਪ ਮਿਟਾਇਆ । ਵਡ

ਲੇਖ ਲਿਖਾਰਾ ਆਪ ਹੋ ਆਇਆ । ਸੋਹੰ ਸ਼ਬਦ ਫੜ ਖੰਡਾ ਦੋ ਧਾਰਾ, ਬੇਮੁਖਾਂ ਪਾਰ ਕਰਾਇਆ । ਗੁਰਮੁਖ ਵਿਰਲੇ ਕਲ ਪਛਾਣਿਆਂ, ਪ੍ਰਭ ਅਬਿਨਾਸ਼ੀ ਲਿਆ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜੇ ਰਾਣਿਆਂ ਕਰੇ ਖਵਾਰਿਆ । ਚਿੱਟਾ ਬਾਣਾ ਚਿੱਟਾ ਘੋੜਾ । ਸ਼ਬਦ ਸਰੂਪੀ ਚਿੱਟਾ ਜੋੜਾ । ਗੁਰਮੁਖ ਵੇਲਾ ਰਹਿ ਗਿਆ ਥੋੜਾ । ਕਲਜੁਗ ਝੂਠ ਸਤਿਜੁਗ ਸਾਚਾ ਲੱਗੇ ਬੋਹੜਾ । ਨਾ ਕੋਈ ਮੇਟੇ ਮੇਟ ਮਿਟਾਏ ਨਾ ਕੋਈ ਅਟਕਾਏ ਵਿਚ ਰੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਚਾਰ ਕੁੰਟ ਵਿਚ ਰਹੇ ਦੌੜਾ । ਚਾਰ ਕੁੰਟ ਸ਼ਬਦ ਸਵਾਰੀ । ਪਵਣ ਉਨੰਜਾ ਹਾਹਾਕਾਰੀ । ਕਰੇ ਖੇਲ ਹਰਿ ਨਿਆਰੀ । ਚਾਰ ਕੁੰਟ ਏਕਾ ਧੁਨ ਉਪਜਾਏ ਸਾਚੀ ਧੁਨਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਮਹਲ ਅਟਾਰੀ । ਮਹੱਲ ਅਟਾਰੀਆਂ ਜਾਇਣ ਮਿਟ । ਘਰ ਘਰ ਨਾਰਾਂ ਰਹੀਆਂ ਪਿੱਟ । ਪਤਿਪਰਮੇਸ਼ਵਰ ਗਏ ਪਿੱਛੇ ਸਿਟ । ਲੱਗਾ ਰੋਗ ਏਕਾ ਖਿਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਸਿਰ ਆਪ ਲਗਾਈ ਸੋਹੰ ਇੱਟ । ਇਕ ਅਕਾਰੀ ਇਕ ਉਸਾਰੀ ਇਕ ਦਰਬਾਰੀ ਇਕ ਘਰ ਬਾਹਰੀ । ਇਕ ਸਰਦਾਰੀ ਇਕ ਵਿਹਾਰੀ ਇਕ ਜੋਤ ਨਿਰੰਕਾਰੀ । ਏਕਾ ਏਕ ਵਰਤੇ ਵਰਤਾਵੇ ਵਿਚ ਸੰਸਾਰੀ । ਕਲਜੁਗ ਦੇਵੇ ਗੁਰਮੁਖਾਂ ਸ਼ਬਦ ਏਕ, ਭੁੱਲੇ ਜੀਵ ਗਵਾਰੀ । ਆਪੇ ਕਰੇ ਬੁੱਧ ਬਬੇਕ, ਸੋਹੰ ਦੇਵੇ ਨਾਮ ਖੁਮਾਰੀ । ਕਲਜੁਗ ਅਗਨ ਗੁਰਸਿਖ ਤੇਰੇ ਤਨ ਨਾ ਲਾਏ ਸੇਕ, ਪ੍ਰਭ ਆਪ ਬਹਾਏ ਚਰਨ ਦਵਾਰੀ । ਜੋਤ ਸਰੂਪੀ ਕੀਆ ਭੇਖ, ਆਪ ਮਿਟਾਏ ਵਡ ਵਡ ਹੰਕਾਰੀ । ਕਲਜੁਗ ਜੀਵ ਰਹੇ ਵੇਖਾ ਵੇਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਸਾਰੀ । ਧਰਤ ਮਾਤ ਪ੍ਰਭ ਦੇਵੇ ਦਾਤ । ਗੁਰਸਿਖ ਤੁਹਾਡਾ ਸੰਗ ਬਣਾਏ ਪੰਚਮ ਜੇਠ ਭਿੰਨੜੀ ਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਚ ਕਰਾਮਾਤ । ਵਲ ਕਰਾਮਾਤੀ ਗੁਰਸਿਖ ਪੜ੍ਹਾਏ ਇਕ ਜਮਾਤੀ । ਵਰਨ ਚਾਰ ਹਰਿ ਦੇਵੇ ਦਾਤੀ । ਗੁਰਸਿਖਾਂ ਪ੍ਰਭ ਦਰਸ ਦੇਵੇ ਸੁਤਿਆਂ ਰਾਤੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਕਰਾਏ ਭੈਣ ਭਰਾਤੀ । ਚਾਰ ਵਰਨ ਇਕ ਕਰਾਇਆ । ਚਾਰ ਵਰਨ ਇਕ ਸਰਨਾਇਆ । ਚਾਰ ਵਰਨ ਤਰਨੀ ਤਰਨ ਧਰਨੀ ਧਰਨ ਪ੍ਰਭ ਸਾਚੇ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਚਾਰੇ ਕੁੰਟ ਆਪਣਾ ਸ਼ਬਦ ਚਲਾਇਆ । ਚਾਰ ਕੁੰਟ ਵੇਖ ਵਿਚਾਰੋ । ਪ੍ਰਭ ਅਬਿਨਾਸ਼ੀ ਆਪਣਾ ਖੇਲ ਕਰੇ ਅਪਾਰੋ । ਵੇਖੋ ਸੁਣੋ ਕਲਜੁਗ ਹੋਏ ਹਾਹਾਕਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਣੇ ਸਚ ਭਤਾਰੋ । ਸਚ ਭਤਾਰਾ ਸਾਚਾ ਮੀਤ । ਗੁਰ ਸੰਗਤ ਦਰ ਗਾਏ ਗੀਤ । ਆਪੇ ਬਖ਼ਸ਼ੇ ਚਰਨ ਪ੍ਰੀਤ । ਵਿਚ ਮਾਤ ਪ੍ਰਭ ਪਰਖੇ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਸਦ ਗੁਣ ਗਾਓ, ਮਾਨਸ ਮਾਨਸ ਜਨਮ ਜਾਓ ਜਗ ਜੀਤ । ਚਾਰ ਵਰਨ ਚਾਰ ਕਿਨਾਰ । ਚਾਰ ਕਿਨਾਰ ਜੁਗ ਚੌਥੇ ਦੇਵੇ ਹਾਰ । ਚਾਰ ਯਾਰ ਪ੍ਰਭ ਦਰ ਕਰਾਏ ਖ਼ਵਾਰ । ਪੰਚਮ ਜੇਠ ਪ੍ਰਭ ਸਾਚਾ ਪੰਚ ਬਣਾਏ ਸੱਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਸਾਚੀ ਧਾਰ । ਆਪਣੀ ਧਾਰਾ ਦੇਵੇ ਬੰਨ੍ਹ । ਗੁਰ ਸੰਗਤ ਦਰ ਜਾਏ ਮਨ । ਸਾਚਾ ਸ਼ਬਦ ਸੁਣਾਏ ਕੰਨ । ਹਰਿਆ ਕਰੇ ਮਨ ਤਨ । ਆਪ ਚੁਕਾਏ ਜਮ ਕਾ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬੇੜਾ ਦੇਵੇ ਬੰਨ੍ਹ । ਚਾਰੇ ਕੁੰਟਾਂ ਚਾਰੇ ਘਰ । ਚੌਥੇ ਪੌੜੇ ਗੁਰਸਿਖ ਜਾਏ ਚੜ੍ਹ । ਆਪੇ ਜਾਇਣ ਅੰਦਰ ਵੜ । ਅੱਗੇ ਨਾ ਕਿਸੇ ਕੋਈ ਦਿਸੇ ਕਿਲਾ ਗੜ੍ਹ । ਕਲਜੁਗ ਪਾਪ ਨਾ ਰੁੜ੍ਹਾਏ ਹੜ੍ਹ । ਤੀਨੋ

ਤਾਪ ਦਰ ਸਾਚੇ ਬੈਠੇ ਦੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਚ ਧਾਮ ਲਗਾਏ ਸਾਚੀ ਜੜ੍ਹ । ਚਾਰ ਕੰਨੀ ਗੁਰ ਸੰਗਤ ਸਾਚੀ ਵੰਨੀ । ਸਾਚੇ ਸਿਹਰਾ ਪ੍ਰਭ ਸਾਚੇ ਗੁਰਸਿਖਾਂ ਸਿਰ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸ੍ਰਿਸ਼ਟ ਸਬਾਈ ਕਰੇ ਅੰਨ੍ਹੀ । ਸ਼ਬਦ ਸਿਹਰਾ ਪ੍ਰਭ ਦੇਵੇ ਬੰਨ੍ਹ । ਆਤਮ ਅੰਧੇਰ ਪ੍ਰਭ ਕੱਢੇ ਜਨ । ਨਾ ਲਾਏ ਦੇਰ ਬੇਮੁਖਾਂ ਜਾਏ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਕਲਜੁਗ ਝੂਠੇ ਦੇਵੇ ਭੰਨ । ਚੌਥਾ ਜੁਗ ਦਸਵਾਂ ਗੇੜ । ਆਪ ਮਿਟਾਏ ਝੂਠਾ ਝੇੜ । ਰਾਜੇ ਰਾਣੇ ਆਪ ਮਿਟਾਏ ਖਪਾਏ ਭੇੜ ਭੇੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੇਰ ਰਖਾਏ ਵਿਚ ਚੁਰਾਸੀ ਗੇੜ । ਚਾਰ ਕੁੰਨ ਪ੍ਰਭ ਦੇਵੇ ਗੰਢ । ਗੁਰਸਿਖਾਂ ਆਤਮ ਵਰਸੇ ਠੰਡ । ਪੰਚਮ ਜੇਠ ਟੁੱਟੀ ਆਪ ਲਏ ਗੰਢ । ਆਪ ਉਤਾਰੇ ਸਿਰੋਂ ਪਾਪਾਂ ਗੰਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਆਤਮ ਕਦੇ ਨਾ ਹੋਏ ਰੰਡ । ਆਤਮ ਤੇਰੀ ਸਦ ਸੁਹਾਗਣ । ਗੁਰਮੁਖ ਸਾਚੇ ਪ੍ਰਭ ਦਰ ਜਾਗਣ । ਚਰਨ ਸੇਵਾ ਹਰਿ ਸਾਚੀ ਲਾਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਉਪਜਾਏ ਸਾਚਾ ਰਾਗਣ । ਸਾਚਾ ਰਾਗ ਰੰਗ ਕਲ ਵੇਖ । ਪ੍ਰਭ ਅਬਿਨਾਸ਼ੀ ਧਾਰੇ ਭੇਖ । ਆਪ ਮਿਟਾਏ ਔਲੀਏ ਸ਼ੇਖ਼ । ਭੁੱਲ ਭੁਲਾਈ ਸ੍ਰਿਸ਼ਟ ਸਬਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਸਗਲਾ ਲੇਖ । ਪੰਚਮ ਜੇਠ ਹਰਿ ਜਾਮਾ ਧਾਰੇ । ਸਾਧ ਸੰਗਤ ਆਏ ਚਲ ਦਵਾਰੇ । ਦਸ ਬਰਸ ਵੇਖ ਵਿਚਾਰੇ । ਆਪੇ ਦੇਵੇ ਸ਼ਬਦ ਬੁਝਾਰੇ । ਕਲਜੁਗ ਜੀਵ ਹੋਏ ਗਵਾਰੇ । ਝੂਠਾ ਜਾਨਣ ਭੇਖ ਭਿਖਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਬੇਮੁਖਾਂ ਦਰ ਦੁਰਕਾਰੇ । ਬੇਮੁਖ ਦੁਰਕਾਰਿਆ ਦਰ ਆਏ ਹੰਕਾਰਿਆ । ਨਰਕ ਨਿਵਾਸ ਪ੍ਰਭ ਸਾਚੇ ਡਾਰਿਆ । ਮਦਿਰਾ ਮਾਸ ਜੋ ਰਸਨ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾ ਰਿਹਾ । ਪਤਿਪਰਮੇਸ਼ਵਰ ਹਰਿ ਭਤਾਰ । ਰਾਮ ਰਮਈਆ ਨਰ ਅਵਤਾਰ । ਸੋਹੰ ਚਲਾਈ ਸਾਚੀ ਨਈਆ, ਗੁਰਸਿਖ ਉਤਰੇ ਪਾਰ । ਚਾਰ ਵਰਨ ਬਣਾਏ ਭੈਣਾਂ ਭਈਆ, ਸਾਚਾ ਦੇਵੇ ਨਾਮ ਅਧਾਰ । ਏਕਾ ਰੰਗ ਆਪ ਚੜ੍ਹਈਆ, ਸੋਹੰ ਦੇਵੇ ਸ਼ਬਦ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪਣੇ ਸਿਰ ਧਰੇ ਦਸਤਾਰ । ਸਚ ਦਸਤਾਰ ਸਚ ਕਰਤਾਰ । ਸਚ ਵਸਤ ਪਾਵੇ ਥਾਰ । ਸੱਚਾ ਲੱਗਾ ਇਕ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰੇ ਆਪ ਵਿਹਾਰ । ਸਚ ਦਸਤਾਰਾ ਸੀਸ ਸਜਾਵਣਾ । ਸੋਹੰ ਸਾਚਾ ਬੀਜ ਬਿਜਾਵਣਾ । ਤਨ ਮਨ ਆਤਮ ਭੀਜ ਗੁਰਸਿਖ ਰਖਾਵਣਾ । ਆਪ ਕਰਾਏ ਸਾਚੀ ਰੀਝ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਵਣਾ । ਸ਼ਬਦ ਘੇਰਾ ਪ੍ਰਭ ਸਾਚੇ ਪਾਇਆ । ਸਿਰ ਬੰਨ੍ਹ ਦਸਤਾਰ ਬੇੜਾ ਹਰਿ ਆਪ ਬੰਨ੍ਹਾਇਆ । ਸਚ ਨਬੇੜਾ ਆਪ ਕਰਾਇਆ । ਝੂਠਾ ਝੇੜਾ ਜਗਤ ਮੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਇਹ ਬਚਨ ਸੁਣਾਇਆ । ਗੁਰ ਸੰਗਤ ਹਰਿ ਘੇਰਾ ਪਾ । ਗੁਰਸਿਖਾਂ ਚਰਨ ਪ੍ਰੀਤੀ ਦੇਵੇ ਸਾਚਾ ਰਾਹ । ਬੇਮੁਖਾਂ ਦਰ ਦੁਰਕਾ । ਬੇਮੁਖ ਜੀਵ ਵਿਚ ਸਾਧ ਸੰਗਤ ਰਹਿਣ ਨਾ ਪਾ । ਹੋਏ ਨਿਮਾਣਾ ਗੁਰਸਿਖ ਪ੍ਰਭ ਦਰ ਤੇਰਾ ਦੇਵੇ ਮੂਲ ਚੁਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਸਾਚੀ ਥਾਂ । ਗੁਰਸਿਖ ਜੇ ਹੋਏ ਆਤਮ ਖੋਟੀ । ਬੇਮੁਖ ਬੰਨ੍ਹਾਏ ਪਕੜ ਚੋਟੀ । ਆਪ ਕਟਾਏ ਬੋਟੀ ਬੋਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗਿਆਂ ਦੇਵੇ ਨਾ ਕਿਸੇ ਰੋਟੀ । ਗੁਰ ਸੰਗਤ ਵਿਚ ਜਿਸ ਜਨ ਰਹਿਣਾ । ਮੰਨਣਾ ਪਵੇ ਸਾਚਾ

੩੯
੦੩

ਕਹਿਣਾ । ਸਾਧ ਸੰਗਤ ਜਾਣੋ ਮਾਈ ਭੈਣਾ । ਬੇਮੁਖ ਦਰ ਸਾਚੇ ਘਰ ਸਾਚੇ ਮੂਲ ਨਾ ਰਹਿਣਾ । ਪ੍ਰਭ ਅਬਿਨਾਸ਼ੀ ਆਪ ਸੁਣਾਏ ਦਰ ਦਰਵਾਜਿਉਂ ਹੋ ਬਾਹਰ ਬਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਤਨ ਪਹਿਨਾਏ ਸੋਹੰ ਸਾਚਾ ਗਹਿਣਾ । ਬੇਮੁਖ ਦਰ ਤੋਂ ਕੀਨੇ ਦੂਰ । ਪ੍ਰਭ ਅਬਿਨਾਸ਼ੀ ਵਿਚ ਮਾਤ ਕੀਨੇ ਚੂਰ ਚੂਰ । ਗੁਰਮੁਖਾਂ ਆਤਮ ਕਰੇ ਭਰਪੂਰ । ਪ੍ਰਭ ਅਬਿਨਾਸ਼ੀ ਖੜਾ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਆਸਾ ਪੂਰ । ਬੇਮੁਖ ਦਰ ਤੋਂ ਜਾਇਣ ਭੱਜ । ਪ੍ਰਭ ਅਬਿਨਾਸ਼ੀ ਬੰਨੇ ਸਿਰ ਤੇਰੇ ਛੱਜ । ਕੋਈ ਨਾ ਰੱਖੇ ਤੇਰੀ ਲੱਜ । ਸ਼ਬਦ ਦਮਾਮਾ ਗਿਆ ਵੱਜ । ਗੁਰ ਸੰਗਤ ਪ੍ਰਭ ਸਾਚਾ ਪੜਦੇ ਲਏ ਕੱਜ । ਕਲਜੁਗ ਜੀਵ ਭੰਨੇ ਵਾਂਗ ਕੱਚੀ ਵੰਗ । ਗੁਰਸਿਖ ਸਾਚੇ ਸਚ ਭੰਡਾਰ ਖੁਲ੍ਹਾਇਆ, ਪੀ ਅੰਮ੍ਰਿਤ ਦਰ ਜਾਇਣ ਰੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਰਿਹਾ ਗੱਜ । ਗੁਰਸਿਖਾਂ ਰੱਖੇ ਧੀਰ । ਬੇਮੁਖਾਂ ਕਰੇ ਵਹੀਰ । ਕਰੇ ਦੋ ਫਾੜ ਪ੍ਰਭ ਆਪਣੀ ਹੱਥੀਂ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਨਾ ਦੇਵੇ ਧੀਰ । ਆਤਮ ਤੋੜੇ ਧੀਰ ਧਿਆਨਾ । ਚਲਾਏ ਤੀਰ ਸ਼ਬਦ ਵਿਸ਼ਨੂੰ ਭਗਵਾਨਾ । ਚਾਰ ਕੁੰਟ ਹੋਏ ਸੁੰਞ ਮਸਾਨਾ । ਗੁਰਸਿਖ ਚਿੱਤ ਪੰਚਮ ਜੇਠ ਚਰਨ ਲਗਾਨਾ । ਆਪੇ ਰੱਖੇ ਆਪਣੀ ਸਾਇਆ ਹੇਠ, ਵੇਲੇ ਅੰਤ ਆਪ ਛੁਡਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਲੈ ਜਾਏ ਚੜ੍ਹਾਏ ਵਿਚ ਬਬਾਨਾ । ਸ਼ਬਦ ਬਬਾਣ ਆਪ ਚੜ੍ਹਾਏ । ਕਲਜੁਗ ਜੀਵ ਅੰਜਾਣ ਰਹੇ ਕੁਰਲਾਏ । ਸਾਚੇ ਧਾਮ ਹਰਿ ਸਾਚਾ ਮਾਣ ਦਵਾਏ । ਆਵਣ ਜਾਵਣ ਲੱਖ ਚੁਰਾਸੀ ਗੇੜ ਕਟਾਏ । ਵਡ ਬਲੀ ਬਲਵਾਨ, ਆਪਣੀ ਭੁਜਾ ਲਏ ਉਠਾਏ । ਵਡ ਵਡ ਸ਼ਾਹ ਸੁਲਤਾਨ, ਪ੍ਰਭ ਸਾਚਾ ਦੇਵੇ ਖ਼ਾਕ ਰੁਲਾਏ । ਗੁਰਮੁਖਾਂ ਹੋਏ ਮਿਹਰਵਾਨ, ਆਪਣਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਤਿਗੁਰ ਮਨੀ ਸਿੰਘ ਤੇਰੇ ਸਿਰ ਦਸਤਾਰ ਬੰਧਾਏ । ਸਤਿਗੁਰ ਮਨੀ ਸਿੰਘ ਸਿਰ ਦਸਤਾਰਾ । ਚਾਰ ਵਰਨ ਆਏ ਤੇਰੇ ਚਰਨ ਦਵਾਰਾ । ਭਰਮ ਭੁਲੇਖਾ ਤੋੜੇ ਹੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗੇ ਕਰਤਾਰਾ । ਆਪ ਆਪਣਾ ਕਰਮ ਵਿਚਾਰ । ਵੇਖਾ ਵੇਖੀ ਨਾ ਜਾਣਾ ਹਾਰ । ਸਾਚਾ ਦਰ ਹਰਿ ਕਾ ਦਵਾਰ । ਪੂਰਨ ਨਿਆਉਂ ਕਰੇ ਕਰਤਾਰ । ਬੇਮੁਖਾਂ ਦਰ ਕਰੇ ਖਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਾਏ ਆਪੇ ਸਾਰ । ਸਚ ਕਰਮ ਹਰਿ ਆਪ ਰੰਗਾਏ । ਸਚ ਧਰਮ ਹਰਿ ਰਸਨਾ ਗਾਵਣਾ । ਸਚ ਕਰਮ ਹਰਿ ਸਾਚਾ ਪਾਵਣਾ । ਜਨਮ ਜਨਮ ਦੀ ਮੈਲ ਗਵਾਵਣਾ । ਗੁਰਸਿਖਾਂ ਸਤਿ ਸੰਗ ਨਿਭਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਵਣਾ । ਸਾਚਾ ਕਰਮ ਹਰਿ ਵਿਚ ਮਾਤ ਦੇ ਕਰਤਾ । ਸਚ ਕਰਮ ਗੁਰਸਿੱਖ ਕਮਾਵੇ ਪ੍ਰਭ ਅਬਿਨਾਸ਼ੀ ਭਾਂਡੇ ਭਰਤਾ । ਸਚ ਕਰਮ ਨਾ ਕੋਈ ਭੁੱਲ ਜਾਵੇ, ਪ੍ਰਭ ਤਾਰਨਹਾਰ ਕਰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਰੇਖ ਸਚੀ ਧਰਤੀ । ਸਚ ਕਰਮ ਸਚ ਮਾਣੋ ਰਸ । ਸਚ ਕਰਮ ਹਰਿ ਜੋਤ ਜਗਾਏ, ਗੁਰਸਿਖ ਆਓ ਨੱਸ । ਸਚ ਕਰਮ ਹਰਿ ਸੋਏ ਜਗਾਏ, ਗੁਰਸਿਖ ਸਾਚੇ ਹੋਵੇ ਵਸ, ਸਚ ਕਰਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਰਾਹ ਜਾਏ ਦੱਸ । ਸਚ ਕਰਮ ਰਸ ਭੋਗੀ । ਸਚ ਕਰਮ ਗੁਰਸਿਖ ਨਾ ਹੋਏ ਕਦੇ ਵਿਜੋਗੀ । ਸਚ ਕਰਮ ਸਚ ਧਰਮ ਸਾਚਾ ਰਸ ਵਿਚ ਮਾਤ ਦੇ ਭੋਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਗਾਏ ਸੋਹੰ ਚੋਗੀ । ਸਚ ਕਰਮ ਮੁਖ ਬੋਲੋ ਸਚ । ਸਚ ਕਰਮ ਨਾ

ਝੂਠ ਵਿਹਾਜੋ ਕੱਚ । ਸਚ ਕਰਮ ਪ੍ਰਭ ਦਰ ਆਏ ਨਾ ਜਾਣਾ ਨੱਚ । ਸਚ ਕਰਮ ਅਗਨ ਤ੍ਰਿਸ਼ਨਾ ਵਿਚ ਨਾ ਜਾਣਾ ਮੱਚ । ਸਚ ਕਰਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਿਖਾਏ ਸੱਚੋ ਸਚ । ਸਚ ਕਰਮ ਸਚ ਸ਼ਬਦ ਕਮਾਵਣਾ । ਸਚ ਕਰਮ ਹਰਿ ਧਾਮ ਸੁਹਾਵਣਾ । ਸਚ ਕਰਮ ਹਰਿ ਸੋਹੰ ਸਾਚਾ ਜਾਮ ਪਿਲਾਵਣਾ । ਸਚ ਕਰਮ ਏਕਾ ਸਾਚਾ ਨਾਮ ਦਵਾਵਣਾ । ਸਚ ਕਰਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਗੁਰਸਿਖ ਭੈਣ ਭਰਾ ਬਣਾਵਣਾ । ਸਚ ਕਰਮ ਸੀਤਲ ਸਤਿ । ਸਚ ਕਰਮ ਪ੍ਰਭ ਆਤਮ ਦੇਵੇ ਸਾਚੀ ਮੱਤ । ਸਚ ਕਰਮ ਗੁਰਸਿਖ ਤੇਰਾ ਕਦੇ ਨਾ ਟੁੱਟੇ ਜੱਤ । ਸਚ ਕਰਮ ਮਾਇਆ ਲਾਲਚ ਨਾ ਪੀਣੀ ਝੂਠੀ ਰੱਤ । ਸਚ ਕਰਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਗੁਰਸਿਖਾਂ ਘਟ ਘਟ । ਸਚ ਕਰਮ ਕਲ ਸਚ ਸੰਦੇਸ਼ । ਪ੍ਰਭ ਅਬਿਨਾਸ਼ੀ ਗੁਰਸਿਖ ਸਾਚੇ ਵਿਚ ਪ੍ਰਵੇਸ਼ । ਪੰਚਮ ਜੇਠ ਜੋਤ ਸਰੂਪੀ ਕੀਆ ਵੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਲਟਿਆ ਆਪਣਾ ਭੇਸ । ਸਚ ਕਰਮ ਭਰਤ ਭਉ ਭਾਗੇ । ਸਚ ਕਰਮ ਗੁਰਸਿਖ ਸੋਇਆ ਪ੍ਰਭ ਦਰ ਜਾਗੇ । ਸਚ ਕਰਮ ਪ੍ਰਭ ਅਬਿਨਾਸ਼ੀ ਧੋਏ ਆਤਮ ਦਾਗੇ । ਸਚ ਕਰਮ ਆਪ ਉਪਜਾਏ ਅਨਹਦ ਸਾਚੇ ਰਾਗੇ । ਸਚ ਕਰਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਤਮ ਸਾਧੇ । ਸਚ ਕਰਮ ਨਾ ਮੰਗੋ ਭਿਖ । ਸਚ ਕਰਮ ਪ੍ਰਭ ਪੰਚਮ ਜੇਠ ਜਾਏ ਲਿਖ । ਸਚ ਕਰਮ ਹਰਿ ਰਸਨਾ ਗਾਓ ਲਾਹੋ ਆਤਮ ਵਿਖ । ਸਚ ਕਰਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਉਪਜਾਏ ਜਿਉਂ ਕਵਲ ਬਿਰਖ । ਸਚ ਕਰਮ ਸਰਬ ਘਰ ਵਰਤੇ । ਜੋ ਜਨ ਆਏ ਸਾਚੇ ਦਰ ਤੇ । ਸਚ ਕਰਮ ਹਰਿ ਭਰਮ ਨਿਵਰਤੇ । ਸਚ ਕਰਮ ਗੁਰਸਿਖ ਸਾਚੇ ਕਲਜੁਗ ਤਰਤੇ । ਸਚ ਕਰਮ ਵੇਲੇ ਅੰਤ ਨਹੀਉਂ ਡਰਤੇ । ਸਚ ਕਰਮ ਪ੍ਰਭ ਦਾ ਭਾਣਾ ਸਿਰ ਤੇ ਜਰਤੇ । ਸਚ ਕਰਮ ਆਪ ਵਸਾਇਣ ਹਰਿ ਸਾਚਾ ਦਰ ਤੇ । ਸਚ ਕਰਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਵਰਤੇ ।



## ❋ ੬ ਜੇਠ ੨੦੧੦ ਬਿਕ੍ਰਮੀ ਪਿੰਡ ਜੇਠੂਵਾਲ ❋

ਨਿਰਮਲ ਸਰੀਰ ਤੁਟੀ ਧੀਰ । ਤਨ ਕਾਇਆ ਵਿਚ ਰਹੇ ਪੀੜ । ਅੱਖੀਂ ਦਿਵਸ ਰੈਣ ਰਹੇ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਰ ਆਇਆਂ ਕੱਟੇ ਭੀੜ । ਸਿਰ ਪੈਰਾਂ ਤਨ ਲੱਗੇ ਅੱਗ । ਝੂਠਾ ਦਿਸੇ ਸਾਰਾ ਜਗ । ਪ੍ਰਭ ਸਾਚੇ ਦੇ ਪਕੜੇ ਪਗ । ਪ੍ਰਭ ਚਰਨ ਗਿਆ ਲੱਗ । ਆਪ ਬੰਧਾਏ ਸੋਹੰ ਤਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਓ, ਦੁੱਖ ਕਲੇਸ਼ ਜਾਇਣ ਦਗ । ਸੋਹੰ ਸ਼ਬਦ ਅੱਗ ਤਪ । ਕੋਟਨ ਕੋਟ ਹਰਿ ਉਤਾਰੇ ਪਪ । ਕਲਜੁਗ ਮਾਇਆ ਨਾ ਡੰਗੇ ਸੱਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਤਾਰੇ ਕਾਇਆ ਦੁੱਖ, ਆਪੇ ਬਣੇ ਮਾਈ ਬਪ । ਆਪੇ ਹੋਏ ਮਾਈ ਬਾਪ । ਆਪੇ ਮਾਰੇ ਤੀਨੋ ਤਾਪ । ਸਾਚਾ ਦੇਵੇ ਏਕਾ ਸੋਹੰ ਜਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਸਰਬ ਸੰਤਾਪ । ਆਤਮ ਦੁੱਖੜੇ ਦੇਵੇ ਕੱਢ । ਆਪ ਕਰਾਏ ਸੁਖਾਲੇ ਹੱਡ । ਜੋਤ ਜਗਾਏ ਕਾਇਆ ਅੰਧੇਰੀ ਖੱਡ । ਦੁੱਖ ਰੋਗ ਪ੍ਰਭ ਦੇਵੇ ਵੱਢ । ਸਾਚਾ ਦਾਨ ਜੋ ਦਰ ਮੰਗੇ ਖ਼ਾਲੀ ਝੋਲੀ ਅੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ

ਲਡਾਏ ਆਪਣੇ ਲਡ । ਮੰਗੇ ਦਾਤ ਸਾਚੀ ਭਿਛਿਆ । ਪੂਰ ਕਰਾਏ ਪ੍ਰਭ ਸਾਚਾ ਇਛਿਆ । ਆਪੇ ਕਰੇ ਗੁਰਸਿਖ ਰਿਛਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਾਚੀ ਸਿਖਿਆ । ਸਾਚੀ ਸਿਖਿਆ ਸਿੱਖ ਵਿਚਾਰ । ਦਿਵਸ ਰੈਣ ਹਰਿ ਰਸਨ ਉਚਾਰ । ਸੋਹੰ ਸਾਚੀ ਸ਼ਬਦ ਧਾਰ । ਭਰਮ ਭੁਲੇਖਾ ਦੇਵੇ ਨਿਵਾਰ । ਆਤਮ ਲੇਖਾ ਨਾ ਰਹੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਰਨ ਜਨਮ ਦੋਏ ਦਏ ਸਵਾਰ । ਜਨਮ ਮਰਨ ਨਾ ਲਾਗੇ ਦੁੱਖ । ਆਪ ਨਿਵਾਰੇ ਸਰਬ ਭੁੱਖ । ਸੁਫਲ ਕਰਾਏ ਮਾਤ ਕੁੱਖ । ਕਾਇਆ ਅਗਨ ਬੁਝੇ ਧੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਸਾਚਾ ਘਰ ਸਾਚਾ ਵਰ ਸਾਚਾ ਮੰਗੋ ਸਦਾ ਸਦਾ ਆਤਮ ਸੁੱਖ । ਆਤਮ ਸੁੱਖੀਆ ਸੱਜਣ ਸੁਹੇਲਾ । ਵਿਛੜਿਆਂ ਕਲ ਆਪ ਕਰਾਇਆ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਵਿਚ ਜੰਗਲ ਜੂਹ ਪਹਾੜ ਬੇਲਾ । ਸਾਚਾ ਰਾਮ ਨਾਮ ਰਸਨਾ ਲੈਣ । ਗੁਰਮੁਖ ਸਾਚੇ ਰਸਨਾ ਕਹਿਣ । ਸਾਚਾ ਲਹਿਣਾ ਪ੍ਰਭ ਦਰ ਲੈਣ । ਦਰਸ ਪੇਖਣ ਦਰ ਆਏ ਨੈਣ । ਸਾਧ ਸੰਗਤ ਵਿਚ ਰਲ ਕੇ ਬਹਿਣ । ਸਰਬ ਬਣਾਏ ਪ੍ਰਭ ਭਾਈ ਭੈਣ । ਕਲਜੁਗ ਮਾਇਆ ਨਾ ਖਾਏ ਡੈਣ । ਆਪੇ ਹੋਏ ਸਾਕ ਸੱਜਣ ਸੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਇਣ । ਰਸਨਾ ਗਾਓ ਸਰਬ ਸੁੱਖ ਪਾਓ । ਤਨ ਕਲੇਸ਼ ਦੁੱਖ ਮਿਟਾਓ । ਪ੍ਰਭ ਸਾਚੇ ਕੋ ਕਰੋ ਆਦੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਹਰਿ ਸਾਚਾ ਪਾਓ । ਦਿਵਸ ਹਰਿ ਸਾਚਾ ਗਾਵਣਾ । ਦਰ ਘਰ ਸਾਚੇ ਆਏ ਹਰਿ ਪੂਰ ਕਰਾਈ ਭਾਵਨਾ । ਗੁਰਸਿਖ ਸਾਚੇ ਹਿਰਦੇ ਵਾਚੇ ਕਾਇਆ ਤਨ ਤੰਦੂਰ ਬੁਝਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰ ਕਰਾਵਣਾ । ਆਸਾ ਮਨਸਾ ਹੋਈ ਪੂਰੀ । ਜੋ ਜਨ ਆਏ ਚਲ ਹਜ਼ੂਰੀ । ਆਤਮ ਦੇਵੇ ਸਤਿ ਸਰੂਰੀ । ਸਰਬ ਕਲਾ ਪ੍ਰਭ ਸਾਚਾ ਭਰਪੂਰੀ । ਪ੍ਰਭ ਸਾਚਾ ਸੀਰ ਪਿਲਾਏ, ਜੋ ਦਰ ਬਣੇ ਕਾਲੀ ਬੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਕ ਭਵਿਖਤ ਲਿਖਾਏ ਨਾ ਕੋਈ ਹੋਏ ਅਧੂਰੀ । ਰਾਗ ਰੰਗ ਧਨ ਝੂਠਾ ਮਾਲ । ਆਤਮ ਰਹੇ ਸਦਾ ਕੰਗਾਲ । ਸੋਹੰ ਦੇਵੇ ਪ੍ਰਭ ਸਾਚਾ ਲਾਲ । ਖਰਚ ਖਾਏ ਗੁਰਸਿਖ ਏਥੇ ਓਥੇ ਤੇਰੇ ਨਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪ ਸਮਝਾਏ ਜਿਓਂ ਬਾਲਕ ਮਾਤਾ ਬਾਲ । ਗੁਰਸਿਖ ਅੰਵਾਣੇ ਬਾਲੇ । ਪ੍ਰਭ ਅਬਿਨਾਸ਼ੀ ਸੁਰਤ ਸੰਭਾਲੇ । ਬਾਹੋਂ ਪਕੜ ਕਲ ਗਲੇ ਲਗਾਲੇ । ਆਪੇ ਕੱਟੇ ਜਗਤ ਜੰਜਾਲੇ । ਸੋਹੰ ਦੇਵੇ ਸਾਚਾ ਧੰਨ ਮਾਲੇ । ਕੋਈ ਨਾ ਜਾਏ ਹਰਿ ਦਰ ਤੋਂ ਖ਼ਾਲੇ । ਦੁੱਧ ਪੁੱਤ ਦੇ ਭਰੇ ਪਿਆਲੇ । ਆਤਮ ਦੁੱਖ ਸਰਬ ਮਿਟਾ ਲੇ । ਏਕਾ ਸੁੱਖ ਹਰਿ ਨਾਮ ਪਿਆਏ । ਉਜਲ ਮੁਖ ਜੋ ਜਨ ਰਸਨਾ ਗਾ ਲੇ । ਸੁਫਲ ਕਰਾਏ ਮਾਤ ਕੁੱਖ ਜੋ ਜਨ ਚਰਨੀ ਸੀਸ ਨਿਵਾ ਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆ ਮਾਣ ਦਵਾ ਲੇ । ਦਰ ਘਰ ਆਇਆ ਮਿਲਿਆ ਮਾਣ । ਆਤਮ ਟੁੱਟੀ ਜਮ ਕੀ ਕਾਨ । ਪ੍ਰਭ ਅਬਿਨਾਸ਼ੀ ਲਏ ਪਛਾਣ । ਬੇਮੁਖ ਝੂਠੇ ਦਰ ਤੋਂ ਭੱਜ ਜਾਣ । ਗੁਰਮੁਖ ਸਾਚੇ ਸੰਤ ਜਨ ਪ੍ਰਭ ਚਰਨੀ ਡਿਗਣ ਆਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਵਣ ਪਾਣੀ ਆਪੇ ਵਸੇ ਜੋਤ ਸਰੂਪੀ ਇਕ ਮਸਾਣ । ਪਵਣ ਪਾਣੀ ਖਾਣੀ ਬਾਣੀ । ਪ੍ਰਭ ਸਾਚੇ ਏਕਾ ਜੋਤ ਜਗਾਣੀ । ਸੋਹੰ ਦੇਵੇ ਮਾਤ ਸਚ ਨਿਸ਼ਾਨੀ । ਗੁਰਸਿਖਾਂ ਹਰਿ ਬਣਿਆ ਬਾਨੀ । ਆਤਮ ਹੋਏ ਸਰਬ ਦੀ ਦਾਨੀ । ਚਰਨ ਧੂੜ ਕਰੇ ਇਸ਼ਨਾਨੀ । ਕਲਜੁਗ ਜੀਵ

ਹੋਏ ਮੂੜ੍ਹ, ਭੁੱਲੇ ਫਿਰਨ ਜਗਤ ਗਿਆਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਹੰਕਾਰ ਨਿਵਾਰੇ ਜੋ ਦਰ ਆਏ ਬਣ ਵਡ ਵਡ ਵਿਦਵਾਨੀ । ਵਿਦਵਾਨ ਵਿਦਵਾਨ ਵਿਦਵਾਨ । ਕਿਆ ਕੋਈ ਕਰੇ ਪ੍ਰਭ ਪਛਾਣ । ਸੋ ਜਨ ਜਾਣੇ ਜਿਸ ਕਿਰਪਾ ਕਰੇ ਭਗਵਾਨ । ਕਰ ਕਿਰਪਾ ਸੋਹੰ ਦੇਵੇ ਸਾਚਾ ਦਾਨ । ਗੁਰਮੁਖ ਸਾਚੇ ਸੰਤ ਜਨ ਪ੍ਰਭ ਚਰਨ ਲਾਗ ਕਲ ਤਰ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਿਠਾਏ ਵਿਚ ਬਬਾਨ । ਸਚ ਬਬਾਨ ਜਾਣਾ ਚੜ੍ਹ । ਪ੍ਰਭ ਅਬਿਨਾਸ਼ੀ ਫੜਾਇਆ ਲੜ । ਸਾਚੇ ਅੰਦਰ ਜਾਣਾ ਵੜ । ਆਪ ਤੁੜਾਏ ਕਾਇਆ ਕੋਟ ਕਿਲ੍ਹਾ ਗੜ੍ਹ । ਗੁਰਮੁਖ ਸਾਚੇ ਪ੍ਰਭ ਸਾਚੇ ਧਾਮ ਬਹਾਏ ਲਗਾਏ ਤੇਰੀ ਜੜ੍ਹ । ਧਾਮ ਅਵੱਲੜਾ ਇਕ ਵਸੇ ਇਕੱਲੜਾ । ਗੁਰਮੁਖ ਸਾਚੇ ਗਲ ਪਾਓ ਪੱਲੜਾ । ਵੇਲਾ ਅੰਤਮ ਅੰਤ ਪ੍ਰਭ ਬੇਮੁਖਾਂ ਲਾਹੇ ਖੱਲੜਾ । ਏਕਾ ਏਕ ਦਿਸਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਭਾਰਾ ਕਰੇ ਪੱਲੜਾ । ਗੁਰਮੁਖ ਸਾਚੇ ਲੈਣਾ ਸ਼ਬਦ ਅਨਮੋਲ । ਪ੍ਰਭ ਅਬਿਨਾਸ਼ੀ ਵਸੇ ਤੇਰੇ ਆਤਮ ਦਰ ਦਰਵਾਜੇ ਕੋਲ । ਪ੍ਰਭ ਅਬਿਨਾਸ਼ੀ ਤੇਰੇ ਆਤਮ ਪਰਦੇ ਖੋਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਉਪਰ ਧਵਲ । ਧਰਤ ਧਵਲ, ਪ੍ਰਭ ਰਿਹਾ ਮਵਲ, ਕਾਹਨਾ ਸਵਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤਰਾਏ ਜਿਉਂ ਫੁੱਲ ਕਵਲ । ਗੁਰ ਸੂਰਾ, ਗੁਰ ਗਹਿਰ ਗੰਭੀਰਾ । ਸਰਬ ਕਲਾ ਭਰਪੂਰਾ । ਗੁਰਸਿਖਾਂ ਦੇਵੇ ਆਤਮ ਧੀਰ, ਸਾਚਾ ਸ਼ਬਦ ਉਪਜਾਏ ਸਾਚੀ ਤੂਰਾ । ਬਜ਼ਰ ਕਪਾਟੀ ਦੇਵੇ ਚੀਰ, ਆਤਮ ਜੋਤੀ ਨੂਰੋ ਨੂਰਾ । ਤੁੱਟੇ ਮੁਨ ਛੁੱਟੇ ਸੁੰਨ ਅੰਮ੍ਰਿਤ ਵਰਖੇ ਪ੍ਰਭ ਸਾਚਾ ਸੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚੁਣ ਆਪ ਬੰਨ੍ਹਾਏ ਆਤਮ ਧੀਰਾ । ਧੀਰਜ ਧੀਰ ਪ੍ਰਭ ਦੇਵੇ ਬੰਨ੍ਹ । ਸਾਚਾ ਸ਼ਬਦ ਪ੍ਰਭ ਸੁਣਾਏ ਕੰਨ । ਕੋਇ ਨਾ ਲਾਏ ਝੂਠਾ ਜਨ । ਧਰਮ ਰਾਏ ਨਾ ਲਾਏ ਡੰਨ । ਪ੍ਰਭ ਅਬਿਨਾਸ਼ੀ ਗੁਰਸਿਖ ਤੇਰਾ ਬੇੜਾ ਦੇਵੇ ਬੰਨ੍ਹ । ਭਰਮ ਭੁਲੇਖਾ ਝੂਠਾ ਲੇਖਾ, ਭਾਂਡਾ ਭਰਮ ਭਓ ਪ੍ਰਭ ਦੇਵੇ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਗੁਰਸਿਖ ਤੇਰੇ ਤਨ । ਸਾਚੇ ਤਨ ਜੋਤ ਜਗਾ ਲੀ । ਸਾਚਾ ਦੀਪਕ ਪ੍ਰਭ ਸਾਚੇ ਬਾਲੀ । ਏਕਾ ਦੇਵੇ ਰੰਗ ਗੁਲਾਲੀ । ਆਪੇ ਬਣੇ ਤੇਰੇ ਦਰ ਪ੍ਰਭ ਸਾਚਾ ਵਾਲੀ । ਦਿਵਸ ਰੈਣ ਰੈਣ ਦਿਵਸ ਗੁਰਮੁਖ ਤੇਰੇ ਆਪ ਕਰੇ ਰਖਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਆਪੇ ਮਾਲੀ । ਸਰਬ ਜੀਆਂ ਹਰਿ ਸਾਚਾ ਦਾਤਾ । ਸਾਚਾ ਦੇਵੇ ਸ਼ਬਦ ਸੋਹੰ ਗੁਰਮੁਖ ਹੋਏ ਜਗਤ ਗਿਆਤਾ । ਜੋਤੀ ਜੋਤ ਸਰੂਪ ਨਿਰੰਜਣ, ਜਨ ਭਗਤਾਂ ਬਣੇ ਆਪੇ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਚਰਨ ਬੰਨਾਏ ਸਾਚਾ ਨਾਤਾ । ਚਰਨੀ ਨਾਤਾ ਪੁਰਖ ਬਿਧਾਤਾ । ਕਲਜੁਗ ਮਿਟਾਏ ਅੰਧੇਰੀ ਰਾਤਾ । ਸੋਹੰ ਦੇਵੇ ਸਾਚੀ ਦਾਤਾ । ਸਾਚਾ ਸ਼ਬਦ ਵਡ ਕਰਾਮਾਤਾ । ਚਾਰ ਵਰਨ ਪੜ੍ਹਾਏ ਇਕ ਜਮਾਤਾ । ਅਠਾਰਾਂ ਬਰਨ ਮੇਟ ਮਿਟਾਤਾ । ਊਚ ਨੀਚ ਪ੍ਰਭ ਇਕ ਕਰਾਤਾ । ਰਾਜਾ ਰਾਣਾ ਤਖ਼ਤੋਂ ਲਾਹਤਾ । ਸੁਘੜ ਸਿਆਣਿਆਂ ਮਾਣ ਦਵਾਤਾ । ਜੋ ਜਨ ਹੋਏ ਦਰ ਬਾਲ ਅੰਞਾਣੇ, ਪ੍ਰਭ ਆਪਣੀ ਗੋਦ ਉਠਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਆਪੇ ਗਿਆਤਾ । ਆਪੇ ਗਿਆਤਾ ਆਪੇ ਗਿਆਨੀ । ਆਪੇ ਦੇਵੇ ਸੋਹੰ ਸਚ ਨਿਸ਼ਾਨੀ । ਰਸਨਾ ਖਿਚ ਲਿਆਏ ਆਤਮ ਲਾਏ ਸਾਚੀ ਕਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਨੀ । ਜਾਣੀ ਜਾਣ ਆਪ ਭਗਵਾਨ । ਸੋਹੰ ਝੂਲੇ ਸਚ ਨਿਸ਼ਾਨ । ਚਾਰ ਵਰਨ ਪ੍ਰਭ ਰਸਨਾ ਗਾਨ । ਰਾਓ ਰੰਕ ਇਕ ਹੋ ਜਾਨ । ਸ਼ਾਹੋ ਮਿਟਾਏ ਸ਼ੰਕ,

ਆਉਣ ਪ੍ਰਭ ਦਰਬਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਕਿਰਪਾ ਕਰੇ ਗੁਰਸਿਖਾਂ ਆਪ ਮਹਾਨ । ਪ੍ਰਭ ਅਬਿਨਾਸ਼ੀ ਜੋਤ ਧਰ । ਰਾਓ ਰੰਕ ਜਾਏ ਇਕ ਕਰ । ਚਾਰ ਵਰਨ ਖੁਲ੍ਹਾਏ ਇਕ ਦਰ । ਗੁਰਮੁਖ ਦਰ ਤੇ ਜਾਇਣ ਤਰ । ਨਿਹਕਲੰਕ ਤੇਰੀ ਸਰਨੀ ਜਾਇਣ ਪਰ । ਮਾਤ ਜੋਤ ਪ੍ਰਗਟਾਈ ਹਰਿ ਸਾਚੇ ਕਲਗੀ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭੇਵ ਖੁਲ੍ਹਾਈ ਸ੍ਰਿਸ਼ਟ ਸਬਾਈ ਮਾਨਸ ਜਨਮ ਕਲ ਗਈ ਹਰ । ਮਾਨਸ ਜਨਮ ਕਲ ਹਾਰਿਆ । ਬੇਮੁਖ ਨਾ ਆਏ ਚਲ ਦਵਾਰਿਆ । ਭਰਮ ਭੁਲੇਖਾ ਪ੍ਰਭ ਸਾਚਾ ਪਾ ਰਿਹਾ । ਅੰਤਮ ਲੇਖਾ ਕਲਜੁਗ ਮੁਕਾ ਲਿਆ । ਜੋ ਜਨ ਰਹੇ ਵੇਖੀ ਵੇਖਾ ਪ੍ਰਭ ਸਾਚਾ ਨਸ਼ਟ ਕਰਾ ਰਿਹਾ । ਗੁਰਮੁਖ ਸਾਚੇ ਪ੍ਰਭ ਨੇਤਰ ਪੇਖਾ । ਪ੍ਰਭ ਆਤਮ ਜੋਤੀ ਆਪ ਜਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਮਾਣਕ ਮੋਤੀ ਗਲ ਆਪਣੇ ਵਿਚ ਲਟਕਾ ਰਿਹਾ । ਗੁਰਸਿਖ ਦਰ ਸਾਚਾ ਮੋਤੀ । ਦੁਰਮਤ ਮੈਲ ਜਾਏ ਧੋਤੀ । ਆਪ ਉਠਾਏ ਆਤਮ ਸੋਤੀ । ਚਾਰ ਵਰਨ ਕਰਾਏ ਏਕਾ ਗੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪਣੇ ਹੱਥ ਫੜਾਏ ਸੋਹੰ ਏਕ ਸੋਟੀ । ਸੋਹੰ ਸਾਚਾ ਹੱਥ ਉਠਾਵਣਾ । ਸ੍ਰਿਸ਼ਟ ਸਬਾਈ ਲੇਖ ਲਿਖਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਵਣਾ । ਊਚ ਨੀਚ ਦਾ ਭੇਵ ਮਿਟਾਵਣਾ । ਗਊ ਗਰੀਬ ਨੂੰ ਮਾਣ ਦਵਾਵਣਾ । ਹੱਥ ਆਪਣੇ ਨਿਮਾਣਿਆਂ ਨਿਤਾਣਿਆਂ ਪ੍ਰਭ ਸਾਚੇ ਸੀਸ ਛਤਰ ਝੁਲਾਵਣਾ । ਵਡ ਵਡ ਸੇਠ ਸਿਠਾਣਿਆਂ ਪ੍ਰਭ ਵਿਚ ਖ਼ਾਕ ਰੁਲਾਵਣਾ । ਵਡ ਵਡ ਰਾਓ ਉਮਰਾਓ ਪ੍ਰਭ ਦਰ ਦਰ ਭੀਖ ਮੰਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਸਰੂਪੀ ਸ੍ਰਿਸ਼ਟ ਸਬਾਈ ਆਪਣਾ ਖੇਲ ਵਰਤਾਵਣਾ । ਸ੍ਰਿਸ਼ਟ ਸਬਾਈ ਵੱਜੇ ਡੰਕ । ਆਪ ਮਿਟਾਏ ਆਤਮ ਸ਼ੰਕ । ਏਕ ਲਗਾਏ ਆਤਮ ਤਨਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਫਿਰਾਏ ਮਨ ਕਾ ਮਣਕ । ਮਨ ਕਾ ਮਣਕਾ ਪ੍ਰਭ ਦੇਵੇ ਫੇਰ । ਗੁਰਸਿਖਾਂ ਮਿਟਾਏ ਮੇਰ ਤੇਰ । ਆਤਮ ਜੋਤ ਜਗਾਏ ਨਾ ਲਾਏ ਦੇਰ । ਆਤਮ ਅੰਧੇਰ ਮਿਟਾਏ, ਨਾ ਆਤਮ ਰਹੇ ਅੰਧੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਕਰਾਏ ਸੰਞ ਸਵੇਰ । ਆਤਮ ਅੰਧੇਰਾ ਅੰਧ ਅਗਿਆਨ । ਕਲਜੁਗ ਭੁੱਲੇ ਜੀਵ ਅੰਞਾਣ । ਮਾਇਆ ਝੂਠੀ ਵਿਚ ਰੁੱਲੇ, ਭੁੱਲਿਆ ਹਰਿ ਭਗਵਾਨ । ਮਾਨਸ ਜਨਮ ਗਵਾਇਆ ਅਨਮੁਲੇ, ਆਪਣਾ ਆਪ ਨਾ ਸਕੇ ਪਛਾਣ । ਝੂਠੇ ਕੰਡੇ ਕਲਜੁਗ ਤੁਲੇ, ਜੂਠੇ ਝੂਠੇ ਹੋਏ ਬੇਈਮਾਨ । ਗੁਰ ਗੋਬਿਦ ਤੇਰਾ ਬਚਨ ਸਾਰੇ ਭੁੱਲੇ, ਲਿਖਾਈ ਲਿਖਤ ਜੋ ਬੈਠ ਵਿਚ ਦੀਵਾਨ । ਸ੍ਰਿਸ਼ਟ ਸਬਾਈ ਅੱਗ ਨਾ ਮਿਲੇ ਕਿਸੇ ਚੁੱਲ੍ਹੇ, ਕਰੇ ਖੇਲ ਆਪ ਬਲੀ ਬਲਵਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਤੇਰੀ ਸਚ ਵਡਿਆਈ । ਪੁਰੀ ਅਨੰਦ ਜੋ ਲਿਖਤ ਲਿਖਾਈ । ਸਰਸਾ ਵਿਚ ਜੋ ਆਪ ਟਿਕਾਈ । ਏਕਾ ਓਟ ਨਿਹਕਲੰਕ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਵਾਕ ਭਵਿਖਤ ਦੇ ਲਿਖਾਈ । ਪਿਛਲਾ ਲੇਖਾ ਪ੍ਰਭ ਫੇਰ ਲਿਖਾਵਣਾ । ਗੁਰ ਗੋਬਿੰਦ ਪ੍ਰਗਟ ਜੋਤ ਫੇਰ ਵਿਚ ਮਾਤ ਦੇ ਆਵਣਾ । ਅੰਮ੍ਰਿਤ ਆਤਮ ਸਾਚਾ ਦਰ ਪ੍ਰਭ ਸਾਚੇ ਆਪ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਨਸ਼ਟ ਕਰਾਵਣਾ । ਰਾਮਦਾਸ ਸੱਚਾ ਦਰਬਾਰੀ । ਸਰ ਅੰਮ੍ਰਿਤ ਜਿਸ ਨੀਂਹ ਉਸਾਰੀ । ਓਥੇ ਧੀਆਂ ਭੈਣਾਂ ਕਰਨ ਖਵਾਰੀ । ਮਾਇਆਧਾਰੀ ਹੋਏ ਵਪਾਰੀ । ਜੂਏ ਬਾਜੀ ਆਪਣੀ ਹਾਰੀ । ਝੂਠੀ ਖੇਡ ਖਿਡਾਏ ਬੇਮੁਖ ਜੀਵ ਸੰਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਲਜੁਗ ਕਰੇ ਖਵਾਰੀ ।

ਬੇਮੁਖਾਂ ਪ੍ਰਭ ਮੇਟ ਮਿਟਾਵਣਾ । ਸਾਚੇ ਦਰ ਕੋਈ ਰਹਿਣ ਨਾ ਪਾਵਣਾ । ਅੰਤਮ ਲੇਖਾ ਆਪ ਚੁਕਾਵਣਾ । ਝੂਠਾ ਭੇਖ ਪ੍ਰਭ ਸਰਬ ਮਿਟਾਵਣਾ । ਸਰ ਅੰਮ੍ਰਿਤ ਪ੍ਰਭ ਥੇਹ ਕਰਾਵਣਾ । ਦੂਜੀ ਵੇਰ ਫੇਰ ਵਸਾਵਣਾ । ਸਚ ਧਰਮ ਹਰਿ ਸਚ ਸਚ ਮਾਰਗ ਲਾਵਣਾ । ਕਲਗੀ ਧਰ ਫੇਰ ਅਖਵਾਵਣਾ । ਜਮਨ ਕਿਨਾਰੇ ਡੇਰਾ ਲਾਵਣਾ । ਦਿੱਲੀ ਤਖ਼ਤ ਹਰਿ ਚਰਨ ਟਿਕਾਵਣਾ । ਆਪਣੇ ਸੀਸ ਛਤਰ ਝੁਲਾਵਣਾ । ਰਾਣਿਆਂ ਮਹਾਂਰਾਣਿਆਂ ਪ੍ਰਭ ਸਰਨ ਲਗਾਵਣਾ । ਗੁਰਮੁਖ ਸਾਚੇ ਕਰ ਕਿਰਪਾ ਪਾਰ ਲਗਾਵਣਾ । ਸ੍ਰਿਸ਼ਟ ਸਬਾਈ ਆਤਮ ਸੋਧ, ਸ਼ਬਦ ਸਰੂਪੀ ਗਿਆਨ ਦਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਪ੍ਰਿਥਮੀ ਏਕਾ ਡੰਕ ਵਜਾਵਣਾ । ਨੌਂ ਖੰਡ ਕਲਜੁਗ ਅੰਤਮ ਹੋਈ ਰੰਡ । ਚਾਰ ਚੁਫੇਰ ਪਏ ਡੰਡ । ਵਡ ਵਡ ਪੀਰਾਂ ਟੁੱਟੇ ਘੁਮੰਡ । ਕਿਸੇ ਨਾ ਪੱਲੇ ਬੱਧੀ ਰਹੀ ਗੰਢ । ਬੇਮੁਖਾਂ ਕਲਜੁਗ ਆਈ ਕੰਡ । ਨਾ ਸੁਹਾਗਣ ਨਾ ਰੰਡ । ਜੂਠੇ ਝੂਠੇ ਪਾਇਣ ਡੰਡ । ਮਾਇਆਧਾਰੀ ਆਪਣੀਆਂ ਵੰਡਾਂ ਲੈਣ ਵੰਡ । ਗਰੀਬ ਨਿਮਾਣਿਆਂ ਬੇਮੁਖਾਂ ਕੀਆ ਖੰਡ ਖੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਤੋੜੇ ਸਰਬ ਘੁਮੰਡ । ਰਾਜਿਆਂ ਰਾਣਿਆਂ ਮਾਣ ਗਵਾਣਾ । ਗਰੀਬਾਂ ਬਾਲ ਅੰਞਾਣਿਆਂ ਮਾਣ ਦਵਾਣਾ । ਵਡ ਵਡ ਸ਼ਾਹ ਸੁਲਤਾਨਿਆਂ, ਪ੍ਰਭ ਖ਼ਾਕ ਰੁਲਾਣਾ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਪਹਰਿਆ ਬਾਣਾ । ਸੋਹੰ ਦੇਵੇ ਸਚ ਨਿਸ਼ਾਨਿਆਂ । ਸਤਿਜੁਗ ਸਾਚਾ ਮਾਰਗ ਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਥਾਂ ਬਹਾਨਿਆਂ । ਚਾਰ ਵਰਨ ਇਕ ਘਰ ਬਾਹਰ । ਚਾਰ ਵਰਨ ਇਕ ਸਰਕਾਰ । ਚਾਰ ਵਰਨ ਇਕ ਜੋਤ ਅਕਾਰ । ਚਾਰ ਵਰਨ ਏਕਾ ਏਕ ਕਰਾਏ ਪ੍ਰਭ ਸਾਚਾ ਸਚ ਵਿਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਕਲੰਕਨਿਹ ਅੰਤਮ ਦੇਵੇ ਹਾਰ । ਚਾਰ ਵਰਨ ਹਰਿ ਸਚ ਮਾਰਗ ਲਾਏ । ਏਕਾ ਆਪਣਾ ਨਾਮ ਜਪਾਏ । ਦੂਸਰ ਕੋਈ ਰਹਿਣ ਨਾ ਪਾਏ । ਏਕਾ ਦੂਆ ਭੇਵ ਚੁਕਾਏ । ਓਅੰ ਸੋਹੰ ਇਕ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਸਾਚੇ ਲੱਗੇ ਪਹਿਲੀ ਮਾਘ । ਪ੍ਰਭ ਸਾਚਾ ਹੱਥ ਆਪਣੇ ਪਕੜੇ ਵਾਗ । ਗੁਰਮੁਖਾਂ ਆਤਮ ਧੋਏ ਦਾਗ । ਸਾਚਾ ਸ਼ਬਦ ਸੁਣਾਵੇ ਅਨਹਦ ਰਾਗ । ਕਲਜੁਗ ਸੋਏ ਗੁਰਸਿਖ ਗਏ ਜਾਗ । ਪੰਚਮ ਜੇਠ ਪ੍ਰਭ ਦਰ ਆਏ ਪੂਰਨ ਹੋਏ ਭਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹੰਸ ਬਣਾਏ ਕਾਗ । ਕਾਗ ਹੰਸ ਗੁਰਸਿਖ ਵਡਿਆਈ ਵਿਚ ਸਹੰਸ । ਸਤਿਜੁਗ ਬਣਾਏ ਸਾਚਾ ਬੰਸ । ਆਪ ਉਪਜਾਏ ਆਪਣੀ ਅੰਸ । ਬੇਮੁਖ ਖਪਾਏ ਜਿਉਂ ਕਾਹਨਾ ਕੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚ ਰਹੰਸ । ਜਗਤ ਰਹੰਤਾ ਖੇਲ ਕਰੰਤਾ । ਪ੍ਰਭ ਭਗਵੰਤਾ ਜੋਤ ਜਗੰਤਾ ਭੇਖ ਮਿਟੰਤਾ । ਲੇਖ ਲਿਖੰਤਾ ਵੇਖ ਵਖੰਤਾ । ਗੁਰਮੁਖ ਸਾਚੇ ਸੰਤ ਜਨ ਆਪ ਬਣਾਏ ਸਾਚੀ ਬਣਤਾ । ਗੁਰਮੁਖਾਂ ਹਰਿ ਬਣਤ ਬਣਾਏ । ਆਪ ਆਪਣੀ ਸਰਨ ਲਗਾਏ । ਸਾਰੰਗ ਧਰ ਭਗਵਾਨ ਬੀਠਲਾ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਜਪਾਏ । ਅਚਰਜ ਖੇਲ ਹਰਿ ਪ੍ਰਭ ਕੀਆ । ਨਾ ਕੋਈ ਜਾਣੇ ਪ੍ਰਭ ਕਾ ਹੀਆ । ਸੋਹੰ ਬੀਜ ਸਾਚਾ ਬੀਆ । ਸਤਿਜੁਗ ਲਗਾਏ ਸਚ ਫੁਲਵਾੜੀ ਆਪਣਾ ਹੀਆ ਆਪੇ ਕੀਆ । ਗੁਰਸਿਖ ਬਣਾਏ ਸਾਚਾ ਵਾੜਾ, ਪ੍ਰਭ ਅਬਿਨਾਸ਼ੀ ਜੋ ਚਰਨ ਛੁਹਾਏ ਦਾਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਘੋੜੀ ਆਪ ਚੜ੍ਹਾਏ ਗੁਰਸਿਖ ਸਾਚਾ ਲਾੜਾ । ਸ਼ਬਦ ਘੋੜੀ ਹਰਿ ਆਪ ਚੜ੍ਹਾਇਆ । ਸੋਹੰ ਸਿਹਰਾ ਸਿਰ ਬੰਧਾਇਆ । ਜੋਤ ਲਾੜੀ ਨਾਲ

ਵਿਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹੱਤਰ ਨਾੜੀ ਜੋਤ ਜਗਾਇਆ । ਲਾੜੀ ਜੋਤ ਗੁਰਸਿਖ ਪਰਨਾਈ । ਪੰਚਮ ਜੇਠ ਮਿਲੇ ਵਡਿਆਈ । ਗੁਰਸਿਖ ਤੇਰੇ ਆਤਮ ਸਚ ਹੋਏ ਰੁਸ਼ਨਾਈ । ਦਿਵਸ ਰੈਣ ਪ੍ਰਭ ਸਾਚਾ ਏਕਾ ਰੰਗ ਰੰਗਾਈ । ਸਾਚਾ ਬਣੇ ਸੱਜਣ ਸੈਣ ਅੰਗ ਸੰਗ ਹੋਏ ਸਹਾਈ । ਸੋਹੰ ਦੇਵੇ ਪ੍ਰਭ ਸਚਾ ਲਹਿਣ, ਰਸਨ ਸਦ ਸਦ ਗਾਈ । ਆਪ ਖੁਲ੍ਹਾਵੇ ਤੀਜਾ ਨੈਣ , ਦਸਮ ਦਵਾਰ ਬੂਝ ਬੁਝਾਈ । ਗੁਰਮੁਖ ਵੇਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਜਗਾਈ । ਨੈਣ ਤੀਜਾ ਆਪ ਖੁਲ੍ਹਾਇਆ । ਕਵਲ ਨਾਭ ਹਰਿ ਆਪ ਉਲਟਾਇਆ । ਅੰਮ੍ਰਿਤ ਝਿਰਨਾ ਹਰਿ ਆਪ ਝਿਰਾਇਆ । ਫੁਰੇ ਫੁਰਨਾ ਹਰਿ ਧਰਨੀ ਧਰਨਾ ਵਿਚ ਸਮਾਇਆ । ਕਰਨੀ ਕਰਨਾ ਚੁਕਾਏ ਡਰਨਾ ਦੀਪਕ ਜੋਤੀ ਆਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਆਤਮ, ਸਿੰਘ ਸਿੰਘਾਸਣ ਡੇਰਾ ਲਾਇਆ । ਆਤਮ ਤੇਰਾ ਸਚ ਸਿੰਘਾਸਣ । ਪ੍ਰਭ ਸਾਚੇ ਦਾ ਸਾਚਾ ਆਸਣ । ਕਲ ਸ੍ਰਿਸ਼ਟ ਸਬਾਈ ਸਾਰੀ ਨਾਸਣ । ਏਕਾ ਜੋਤ ਸਦ ਪ੍ਰਕਾਸ਼ਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖ ਹੋਇਆ ਦਾਸ ਦਾਸਣ । ਦਾਸਣ ਦਾਸ ਹੋਇਆ ਗੁਰਸਿਖ । ਪ੍ਰਭ ਦਰ ਮੰਗੇ ਸਾਚੀ ਭਿਖ । ਸਚ ਲੇਖ ਪ੍ਰਭ ਦੇਵੇ ਲਿਖ । ਆਤਮ ਨਿਵਾਰੇ ਤ੍ਰਿਸ਼ਨਾ ਤ੍ਰਿਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਬਿਧਨਾ ਲੇਖ ਦਿਤੇ ਲਿਖ । ਲਿਖਿਆ ਲੇਖ ਆਪ ਮਿਟਾਵਣਾ । ਸਾਚਾ ਲੇਖ ਫੇਰ ਲਿਖਾਵਣਾ । ਸਚ ਧਾਮ ਦੇ ਵਿਚ ਬਹਾਵਣਾ । ਰਮਈਆ ਰਾਮ ਜੋਤ ਜਗਾਵਣਾ । ਦੂਜਾ ਕੋਈ ਰਹਿਣ ਨਾ ਪਾਵਣਾ । ਗੁਰ ਚਰਨ ਤੀਰਥ ਗੁਰਸਿਖ ਸਾਚੇ ਨ੍ਹਾਵਣਾ । ਆਤਮ ਸਤਿ ਪ੍ਰਭ ਸੋਹੰ ਸਚ ਲਿਖਾਵਣਾ । ਜੋਤ ਖਿਚਾਏ ਪ੍ਰਭ ਅਠਸਠ ਤੀਰਥ ਨੀਰ, ਪੰਚਮ ਜੇਠ ਪ੍ਰਭ ਸ਼ਬਦ ਲਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵਿਚ ਜਾਮਾ ਪਾਵਣਾ । ਪੁਰੀ ਘਨਕ ਹਰਿ ਜਾਮਾ ਪਾਇਆ । ਪੁਰੀ ਘਨਕ ਹਰਿ ਆਪਨੀ ਜੋਤ ਜਗਾਇਆ । ਤੀਨ ਲੋਕ ਹੋਏ ਰੁਸ਼ਨਾਇਆ । ਗੁਰਮੁਖ ਸਾਚੇ ਹਰਿ ਸਾਚੇ ਤੇਰੇ ਦਰਸ ਤਿਹਾਇਆ । ਪ੍ਰਗਟ ਜੋਤ ਪੰਜ ਜੇਠ ਪ੍ਰਭ ਸਾਚਾ ਤ੍ਰਿਖਾ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭੁੱਖਾਂ ਸਭ ਗਵਾਇਆ । ਆਤਮ ਉਤਰੇ ਸਗਲ ਵਸੂਰੇ । ਜੋ ਜਨ ਆਏ ਚਲ ਹਜ਼ੂਰੇ । ਆਪ ਉਪਜਾਏ ਅਨਹਦ ਸਾਚੀ ਤੂਰੇ । ਪ੍ਰਭ ਅਬਿਨਾਸ਼ੀ ਹਿਰਦੇ ਵਸੇ, ਬੇਮੁਖ ਜਾਨਣ ਦੂਰੇ । ਜੋਤ ਸਰੂਪੀ ਰਾਹ ਸਾਚਾ ਦੱਸੇ, ਸ੍ਰਿਸ਼ਟ ਸਬਾਈ ਕੂੜੋ ਕੂੜੇ । ਕਰੇ ਪ੍ਰਕਾਸ਼ ਕੋਟ ਰਵ ਸਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਆਸਾ ਪੂਰੇ । ਆਸਾ ਮਨਸਾ ਪੂਰ ਕਰਾਈ । ਗੁਰਮੁਖ ਸਾਚੇ ਸ਼ਬਦ ਛਤਰ ਸੀਸ ਟਿਕਾਈ । ਬੀਸ ਇਕੀਸ ਭੇਵ ਚੁਕਾਈ । ਸੰਗ ਰਾਗਣੀ ਤੀਸ ਰਲਾਈ । ਛਤੀਸ ਰਾਗ ਰਹੇ ਰਸਨਾ ਪ੍ਰਭ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਕੋਈ ਨਾ ਪਾਈ । ਰਾਗ ਰਾਗਣੀ ਸਾਚਾ ਪਾਇਆ । ਪ੍ਰਭ ਅਬਿਨਾਸ਼ੀ ਭੇਵ ਨਾ ਪਾਇਆ । ਚਾਰ ਵੇਦ ਚਾਰ ਮੁਖ ਬ੍ਰਹਮਾ ਰਹੇ ਅਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਜੋਤ ਸਰੂਪ ਆਦਿ ਅੰਤ ਕਿਸੇ ਨਾ ਪਾਇਆ । ਰਸਨ ਉਚਾਰੇ ਚਾਰੇ ਵੇਦ । ਫਿਰ ਭੀ ਪਾਇਆ ਨਾ ਪ੍ਰਭ ਦਾ ਭੇਦ । ਪ੍ਰਭ ਅਬਿਨਾਸ਼ੀ ਅਛਲ ਅਛੇਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣਾ ਭੇਦ । ਵੇਦ ਪੁਰਾਨਾਂ ਨਾ ਪਛਾਣਿਆਂ । ਕੁਰਾਨ ਅੰਜੀਲਾਂ ਲੇਖ ਲਿਖਾਣਿਆਂ । ਆਪ ਉਠਾਏ ਸੱਤਰ ਲੱਖ ਪਠਾਣਿਆਂ । ਏਕਾ ਬੰਨ੍ਹੇ ਹੱਥੀਂ ਗਾਨਿਆਂ । ਕਲਜੁਗ ਤੇਰੇ ਕੰਢੇ ਖੜ, ਪ੍ਰਭ ਵੇਖੇ ਰੰਗ ਮਹਾਨਿਆਂ । ਆਪ ਉਖਾੜੇ ਬੇਮੁਖਾਂ

ਜੜ੍ਹ, ਸ਼ੌਹ ਦਰਿਆ ਵਿਚ ਰੁੜ੍ਹਾਏ, ਗੁਰਮੁਖ ਸਾਚੇ ਪਕੜੇ ਲੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆਂ । ਗੁਰਮੁਖ ਸਾਚਾ ਪਕੜੇ ਲੜ । ਹਰਿ ਕੀ ਪੌੜੀ ਗਿਆ ਚੜ੍ਹ, ਕਲਜੁਗ ਜੀਵ ਭੁੱਲੇ ਨਿਧਾਨਾ । ਪ੍ਰਭ ਅਬਿਨਾਸ਼ੀ ਅੰਦਰ ਬੈਠਾ ਵੜ, ਕਿਉਂ ਭੁਲਿਆ ਮੂਰਖ ਮੁਗਧ ਅੰਞਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥ ਸਰਬ ਜੀਆਂ ਦਾ ਜਾਣੀ ਜਾਣਾ । ਤ੍ਰੈਲੋਕੀ ਨਾਥਾ ਸਗਲਾ ਸਾਥਾ । ਆਪ ਚੜ੍ਹਾਏ ਸੋਹੰ ਸਾਚਾ ਰਾਥਾ । ਸਤਿਜੁਗ ਚਲਾਏ ਸਾਚੀ ਗਾਥਾ । ਗੁਰਸਿਖਾਂ ਲੇਖ ਲਿਖਾਏ ਮਾਥਾ । ਆਤਮ ਦੁੱਖੜਾ ਸਾਰਾ ਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਸਗਲਾ ਸਾਥਾ । ਸਗਲਾ ਸਾਥ ਨਿਭੇ ਤੋੜ । ਚਰਨ ਪ੍ਰੀਤੀ ਲੈਣੀ ਜੋੜ । ਪ੍ਰਭ ਸਾਚੇ ਦੀ ਸਾਚੀ ਲੋੜ । ਏਕਾ ਮਨ ਨਾਮ ਹਰਿ ਸਾਚਾ ਕਾਇਆ ਝੂਠੀ ਦਿਸੇ ਕੂੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਗੁਰਸਿਖ ਉਪਜਾਏ ਜਿਉਂ ਪਰਭਾਸ ਵਿਚ ਲੱਗਾ ਬੋਹੜ । ਮਾਂਗੋ ਦਰਸ ਗੁਰ ਦਰ ਗੁਰਦੇਵ । ਪੂਰਨ ਹੋਏ ਗੁਰਸਿਖ ਤੇਰੀ ਸੇਵ । ਜੋਤ ਸਰੂਪੀ ਸਾਚਾ ਹਰਿ ਅਲਖ ਅਭੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਆਤਮ ਸਾਚਾ ਮੇਵ । ਆਤਮ ਮੇਵਾ ਸਾਚਾ ਖਾਣਾ । ਸਾਚਾ ਵਾਸ ਕਰੇ ਆਪ ਭਗਵਾਨਾ । ਮਾਨਸ ਜਨਮ ਹੋਏ ਰਾਸ, ਲੱਖ ਚੁਰਾਸੀ ਹਰਿ ਗੇੜ ਕਟਾਨਾ । ਸੋਹੰ ਜਪਾਏ ਸਵਾਸ ਸਵਾਸ, ਪੁਰੀ ਸੱਚੀ ਵਿਚ ਆਪ ਬਠਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕਰ ਚਰਨ ਧਿਆਨਾ । ਗੁਰ ਚਰਨ ਸਤਿ ਦਵਾਰਾ । ਗੁਰਮੁਖਾਂ ਮਿਲੇ ਨਾਮ ਅਧਾਰਾ । ਗੁਰ ਚਰਨ ਖੁੱਲ੍ਹੇ ਹਰਨ ਫਰਨ ਮਿਲੇ ਸਚ ਘਰ ਬਾਹਰਾ । ਗੁਰ ਚਰਨ ਚੁੱਕੇ ਡਰਨ, ਗੁਰਮੁਖ ਸਾਚੇ ਤਰਨ, ਸੋਹੰ ਦੇਵੇ ਹਰਿ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਹੋਏ ਵਰਤਾਰਾ । ਸਾਚਾ ਹਰਿ ਸਚ ਭੰਡਾਰੀ । ਜੋਤ ਸਰੂਪੀ ਨਰ ਅਵਤਾਰੀ । ਸ੍ਰਿਸ਼ਟ ਸਬਾਈ ਹੋਏ ਭਿਖਾਰੀ । ਗੁਰਮੁਖ ਸੋਹਣ ਹਰਿ ਤੇਰੇ ਚਰਨ ਦਵਾਰੀ । ਏਕਾ ਏਕ ਬਿਠਾਏ ਸੋਹੰ ਸਾਚੇ ਸ਼ਬਦ ਅਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਜੇਠ ਹਰਿ ਨਿਰੰਕਾਰੀ । ਹਰਿ ਨਿਰੰਕਾਰਾ ਖੇਲ ਅਪਾਰਾ । ਜੋਤ ਸਰੂਪੀ ਕੀਆ ਪਸਾਰਾ । ਆਦਿ ਅੰਤ ਨਾ ਕਿਸੇ ਵਿਚਾਰਾ । ਗੁਰਮੁਖ ਸਾਚਾ ਕੋਈ ਪਾਵੇ ਸਾਰਾ । ਜਿਸ ਜਨ ਖੋਲ੍ਹੇ ਆਤਮ ਦਰ ਦਵਾਰਾ । ਜੋਤੀ ਜੋਤ ਸਰੂਪ ਨਿਰੰਜਣ ਬੈਠਾ ਕਰੇ ਆਪ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰੀ ਜੋਤ ਧਰੀ ਕਿਰਪਾ ਕਰੀ, ਤੀਰਥ ਅੰਮ੍ਰਿਤ ਨਹਾਵਣਾ । ਅੰਮ੍ਰਿਤ ਆਤਮ ਸਾਚਾ ਸਰੀ, ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਨਿਮਸਕਾਰ ਜਿਸ ਜਨ ਕਰੀ, ਪ੍ਰਭ ਅਬਿਨਾਸ਼ੀ ਪੂਰਾ ਪਾਵਣਾ । ਪ੍ਰਭ ਅਬਿਨਾਸ਼ੀ ਪੂਰਾ ਪਾਓ । ਆਤਮ ਸਾਚੀ ਜੋਤ ਜਗਾਓ । ਭਰਮ ਭੁਲੇਖੇ ਵਿਚ ਭੁੱਲ ਨਾ ਜਾਓ । ਕਲਜੁਗ ਮਾਇਆ ਵਿਚ ਰੁਲ ਨਾ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੇ ਕੰਡੇ ਗੁਰਸਿਖ ਆਪਣਾ ਆਪ ਤੁਲਾਓ । ਸੋਹੰ ਕੰਡੇ ਜਾਣਾ ਤੁਲ । ਮਦਿਰਾ ਮਾਸ ਰਸਨਾ ਨਾ ਲਾਣਾ ਭੁੱਲ । ਕਲੰਕ ਨਾ ਲਵਾਣਾ ਬੇਮੁਖ ਆਪਣੀ ਕੁਲ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਈ ਸ਼ਬਦ ਪੰਘੂੜਾ ਸਾਚਾ ਝੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਅਨਮੁਲ । ਅਨਮੁਲ ਲਾਲ ਦੇਵੇ ਗੋਪਾਲ ਹੋਏ ਦਿਆਲ । ਗੁਰਸਿਖ ਸਾਚੇ ਵਸਤ ਸੰਭਾਲ । ਆਦਿ ਅੰਤ ਤੇਰੇ ਨਿਭੇ ਨਾਲ । ਕਦੇ ਨਾ ਹੋਏ ਜਗਤ ਕੰਗਾਲ । ਸਾਚਾ ਵੇਖ ਨਾਮ ਸੱਚਾ ਧੰਨ ਮਾਲ । ਆਤਮ ਦੀਪਕ ਜੋਤੀ ਪ੍ਰਭ ਸਾਚਾ ਦੇਵੇ ਬਾਲ ।

ਆਪ ਉਠਾਏ ਆਤਮ ਸੋਤੀ, ਸੁਰਤ ਸ਼ਬਦ ਪ੍ਰਭ ਦੇਵੇ ਉਠਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਉਪਜਾਵੇ ਸਾਚੇ ਲਾਲ । ਸ਼ਬਦ ਪਵਣ ਵੱਜੇ ਮਰਦੰਗ । ਮਾਈ ਗੌਰਜਾਂ ਤੇਰੇ ਭੰਨੇ ਅੰਗ । ਕਿੰਗਰੇ ਕਿੰਗਰੇ ਨਾ ਵੱਜੇ ਤੇਰਾ ਮਰਦੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰੇ ਤੈਨੂੰ ਨੰਗ । ਭੂਤ ਪ੍ਰੇਤ ਬੀਰ ਬੈਤਾਲੇ । ਦਿਵਸ ਰੈਣ ਸਦ ਰਹਿਣ ਨਾਲੇ । ਅੱਠੇ ਪਹਿਰ ਨਾ ਦੇਣ ਸੁਰਤ ਸੰਭਾਲੇ । ਦਰ ਘਰ ਹੋਇਆ ਵਾਂਗ ਕੁਠਾਲੇ । ਜੀਵ ਜੰਤ ਹੋਏ ਬੇਹਾਲੇ । ਦੁੱਖ ਰੋਗ ਲੱਗਾ ਤਨ ਨਾਲੇ । ਮਾਤਲੋਕ ਪਏ ਵੱਡੇ ਜੰਜਾਲੇ । ਬਿਨ ਪ੍ਰਭ ਪੂਰੇ ਕੋਇ ਨਾ ਕਿਸੇ ਸੰਭਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਮੂੰਹ ਕਾਲੇ । ਸਿੱਧ ਬੀਰ ਭੂਤ ਪ੍ਰੇਤ । ਵਡ ਵਡ ਦੇਵ ਦੰਤ ਰਹੰਤ । ਲਗਾਏ ਸੋਹੰ ਸ਼ਬਦ ਬੈਂਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਤੇਰੇ ਨੇੜ ਨਾ ਆਏ ਕੋਈ ਜਿੰਨ ਜਨੇਤ । ਹਾਕਨ ਡਾਕਨ ਨੇੜ ਨਾ ਆਏ । ਪ੍ਰਭ ਅਬਿਨਾਸ਼ੀ ਮੂੰਡ ਮੁੰਡਾਏ । ਸਰਬ ਘਟ ਵਾਸੀ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਦਰਦ ਦਏ ਗਵਾਏ । ਦ੍ਰਿਸ਼ਟ ਮੁਸ਼ਟ ਸਭ ਦੇਵੇ ਬੰਨ੍ਹ । ਛਲ ਛਿਦਰਾਂ ਵਿਚ ਮਾਰੇ ਕੰਧ । ਟੂਣਾ ਜਾਦੂ ਬੰਨੇ ਸੋਹੰ ਕੱਚੇ ਤੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਪਵਣ ਸਰੂਪੀ ਫਰਨ ਮਸਾਣ । ਮਸਾਣ ਪੌਣ ਫੜ ਲੈਂਦੇ ਧੌਣ । ਬਿਨ ਪ੍ਰਭ ਪੂਰੇ ਛੁਡਾਵੇ ਕੌਣ । ਦਿਵਸ ਰੈਣ ਨਾ ਦੇਂਦੇ ਸੌਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸ਼ਾਂਤ ਕਰਾਏ ਜਿਉਂ ਅੰਮ੍ਰਿਤ ਬਰਖ਼ੇ ਸਾਉਣ । ਸਾਚਾ ਤੇਜ ਆਪ ਰਖਾਏ । ਚੋਰ ਖੋਰ ਕੋਈ ਨੇੜ ਨਾ ਆਏ । ਕਾਇਆ ਡੋਰ ਆਪਣੇ ਹੱਥ ਰਖਾਏ । ਮਾਨਸ ਜਨਮ ਕਲ ਜਾਏ ਸੌਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ । ਤਪ ਸਭ ਪ੍ਰਭ ਆਪ ਮਿਟਾਏ । ਦੂਤੀ ਦੁਸ਼ਟ ਦਏ ਖਪਾਏ । ਅਮਕਾ ਕਾਜ਼ੀ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵ ਪਰੀ ਮਵਕਲ ਆਪੇ ਦੇ ਸਜਾਏ । ਦਰੋਹੀ ਪਾਵਣ ਸਚ ਖ਼ੁਦਾਏ । ਪ੍ਰਭ ਅਬਿਨਾਸ਼ੀ ਨਬੀ ਰਸੂਲ ਨਾ ਕੋਇ ਛੁਡਾਏ । ਦਸਤਗੀਰ ਨਾ ਕੋਈ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਮਾਰ ਆਪ ਕਰਾਏ । ਸਾਚੀ ਕਿਰਪਾ ਆਪ ਕਰਾਏ । ਛੇਆ ਦੇਵੀ ਹੋਏ ਸਹਾਏ । ਕਾਲ ਬਾਲ ਕੋਈ ਨੇੜ ਨਾ ਆਏ । ਉਲਟ ਵਾਹੂ ਪ੍ਰਭ ਦੇ ਸਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਮਾਰ ਆਪ ਕਰਾਏ । ਅਹਿਮਦ ਮੁਹੰਮਦ ਭੌਂਦਾ ਬੀਰ । ਖਿਲੰਤਾ ਸਲਸਲਾ ਤੁਟੇ ਧੀਰ । ਨਿਰੰਦੀ ਨੇਸਰੀ ਕੇਸਰੀ ਪ੍ਰਭ ਸਾਚਾ ਲਾਏ ਤੀਰ । ਅੰਚਨੀ ਕੰਚਨੀ ਨਿਰੰਚਨੀ ਕਲਾ ਸੋਦਰੀ ਸ਼ਕਤੀ ਭਵਤੀ ਪ੍ਰਭ ਸ਼ਬਦ ਬੰਧਾਏ ਜ਼ੰਜੀਰ । ਲੋਹੇ ਕਾ ਸੰਗਲ ਪਾਏ ਗਲੇ, ਸਾਰ ਕੀ ਮੁੰਗਲੀ ਮਾਰੇ ਸਿਰੇ, ਕੋਈ ਨਾ ਦੇਵੇ ਅੰਤਮ ਧੀਰ । ਸਾਚਾ ਆਪ ਕਰੇ ਆਕਾਰ । ਹੁਕਮ ਤੇ ਬਾਹਰ ਸਿਰ ਮਾਰ । ਸੰਤ ਕਾ ਦੋਖੀ ਹੋਏ ਖ਼ੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਦਰਦ ਦੇਵੇ ਨਿਵਾਰ । ਸ਼ਬਦ ਬਾਣ ਆਪ ਲਗਾਏ । ਸਰਬ ਮੁਸ਼ਕਲ ਪ੍ਰਭ ਅਸਾਨ ਬਣਾਏ । ਮਸਾਣ ਪੌਣ ਕੋਈ ਨੇੜ ਨਾ ਆਏ । ਜਮ ਕਾ ਬੇਟਾ ਪਰੇ ਹਟਾਏ । ਕਾਲ ਕਾ ਬੇਟ ਨੇੜ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਆਪੇ ਹੋਏ ਸਹਾਏ ।

ਚਿੱਟਾ ਮਿੱਠਾ ਦੁੱਧ ਪੀ ਆਤਮ ਕਰੇ ਸੁੱਧ । ਪ੍ਰਭ ਸਾਚਾ ਦੇਵੇ ਬੁੱਧ । ਨਿਰਮਲ ਪੀਣਾ ਦੁੱਧ । ਆਪ ਰਹਾਏ ਜਲ ਥਲ, ਗੁਰਸਿਖਾਂ ਘਰ ਉਪਜਾਏ ਨੌਂ ਨਿਧ । ਜੋ ਜਨ ਦਰ ਆਏ ਸਾਚੇ ਭੁੱਲ, ਪ੍ਰਭ ਸਾਚਾ ਚਰਨ ਲਗਾਏ ਪੰਚਮ ਜੇਠ ਕੀਨੀ ਬਿਧ । ਜੋ ਜਨ ਆਏ ਪ੍ਰਭ ਦਰਸ ਧਿਆਏ,

ਪ੍ਰਭ ਵਸ ਕਰਾਏ ਰਿੱਧ ਸਿੱਧ । ਜੋ ਜਨ ਆਏ ਭੇਖ ਵਟਾਏ, ਪ੍ਰਭ ਭਜਾਏ ਜਿਉਂ ਕੇਹਰ ਗਿਦ । ਜੋ ਜਨ ਆਏ ਵੇਖ ਵਖਾਏ, ਪ੍ਰਭ ਆਤਮ ਕੀਨੀ ਸੁੱਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਕਾਰਜ ਕੀਨੇ ਸੁਧ । ਮਿੱਠਾ ਜਲ ਸਚ ਮਿਠਾਸ । ਪੂਰਨ ਕਰਾਏ ਪ੍ਰਭ ਸਾਚਾ ਆਸ । ਆਤਮ ਸਾਚੀ ਜੋਤ ਧਰ ਏਕਾ ਜੋਤ ਕਰੇ ਪ੍ਰਕਾਸ਼ । ਆਵੇ ਜਾਵੇ ਨਰ ਹਰੇ, ਏਕਾ ਪੁਰਖ ਸਦਾ ਅਬਿਨਾਸ਼ । ਗੁਰਮੁਖ ਸਾਚੇ ਦਰ ਤਰੇ, ਸੋਹੰ ਗਾਇਆ ਮੁਖ ਸਵਾਸ । ਖ਼ਾਲੀ ਭੰਡਾਰੇ ਆਪੇ ਭਰੇ, ਕੋਈ ਨਾ ਜਾਏ ਦਰ ਤੋਂ ਨਿਰਾਸ । ਘਰ ਸਾਚੇ ਆਏ ਕਾਜ ਸਰੇ, ਤ੍ਰਿਖਾ ਅਗਨ ਬੁਝਾਏ ਪਿਆਸ । ਨਾ ਉਹ ਜਨਮੇ ਨਾ ਉਹ ਮਰੇ, ਗੁਰਮੁਖ ਪ੍ਰਭ ਮਿਲਣ ਦੀ ਰੱਖ ਆਸ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਵਰੇ, ਮਾਤਲੋਕ ਨਾ ਹੋਏ ਉਦਾਸ । ਪ੍ਰਗਟਾਈ ਜੋਤ ਪ੍ਰਭ ਸਚੇ ਘਰੇ, ਪ੍ਰਭ ਸਾਚੇ ਕੋ ਸ਼ਾਬਾਸ਼ । ਗੁਰ ਸੰਗਤ ਆਏ ਦਰ ਤਰੇ, ਮਾਨਸ ਜਨਮ ਕਰਾਇਆ ਰਾਸ । ਜਲ ਮਿਠਾ ਸਾਚੀ ਧਾਰਾ । ਪ੍ਰਭ ਡਿਠਾ ਟੁੱਟਾ ਹੰਕਾਰਾ । ਕਲਜੁਗ ਜੀਵ ਕੌੜਾ ਰੀਠਾ, ਪ੍ਰਭ ਭੰਨੇ ਕਰ ਖਵਾਰਾ । ਮੂਰਖ ਮੁਗਧ ਮਾਇਆ ਲੂਠਾ, ਅਬਿਨਾਸ਼ੀ ਹਰਿ ਨਾ ਪਾਏ ਸਾਰਾ । ਸਾਚਾ ਪੀਸਣ ਪ੍ਰਭ ਸਾਚੇ ਪੀਸਾ, ਦੋ ਪੁੜ ਰਸਨਾ ਭਾਰਾ । ਗੁਰਮੁਖ ਸਾਚੇ ਕਿਆ ਕੋਈ ਕਰੇ ਰੀਸਾ, ਦੇਵੇ ਦਰਸ ਅਗੰਮ ਅਪਾਰਾ । ਆਪ ਝੁਲਾਏ ਸਿਰ ਛਤਰ ਸੀਸਾ, ਮੋਰ ਮੁਕਟ ਲਗਾਏ ਸਿਰ ਗਿਰਧਾਰਾ । ਨਾ ਕੋਈ ਦਿਸੇ ਮੁਹੰਮਦੀ ਈਸਾ, ਪ੍ਰਭ ਫੜਿਆ ਸ਼ਬਦ ਕਟਾਰਾ । ਆਪ ਪੜ੍ਹਾਏ ਸ਼ਬਦ ਹਦੀਸਾ, ਵਕਤ ਚੁਕਾਏ ਚਾਰ ਯਾਰਾਂ । ਭੇਵ ਮਿਟਾਏ ਬੀਸ ਇਕੀਸਾ, ਪੰਚਮ ਦੇਵੇ ਸ਼ਬਦ ਅਪਾਰਾ । ਏਕਾ ਜੋਤ ਜਗੇ ਜਗਦੀਸ਼ਾ, ਨਿਹਕਲੰਕ ਨਰਾਇਣ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸੋਹੰ ਸਚ ਭੰਡਾਰਾ । ਸੋਹੰ ਨਾਮ ਪ੍ਰਭ ਦੇਵੇ ਵੰਡ । ਗੁਰ ਸੰਗਤ ਆਤਮ ਪਾਏ ਠੰਡ । ਆਪੇ ਪੀਚੇ ਆਤਮ ਗੰਢ । ਦਸਵਾਂ ਦਵਾਰ ਪ੍ਰਭ ਆਪਣੇ ਵਿਚ ਲਿਆ ਵੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਸਦ ਸਹਾਈ ਕਦੀ ਨਾ ਹੋਵੇ ਰੰਡ । ਗੁਰਸਿਖ ਸਾਚਾ ਸ਼ਬਦ ਸੁਹਾਗਣ । ਪ੍ਰਭ ਅਬਿਨਾਸ਼ੀ ਚਰਨੀ ਲਾਗਣ । ਆਪ ਉਪਜਾਏ ਸਾਚਾ ਰਾਗਣ । ਕਲਜੁਗ ਸੋਏ ਗੁਰਸਿਖ ਜਾਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਮਾਇਆ ਨਾਗਣ । ਮਾਇਆ ਨਾਗਣ ਨਾ ਜਾਏ ਡੱਸ । ਸ਼ਬਦ ਤੀਰ ਪ੍ਰਭ ਆਪ ਚਲਾਇਆ ਕਸ । ਅੰਮ੍ਰਿਤ ਸਾਚਾ ਸੀਰ ਪਿਲਾਇਆ, ਹਰਿ ਹਿਰਦੇ ਹੋਇਆ ਵਸ, ਗੁਰਮੁਖ ਸਾਚੀ ਧੀਰ ਧਰਾਇਆ, ਰਾਹ ਸਾਚਾ ਜਾਏ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਇਆ ਵਸ । ਕਿਆ ਮਿੱਠਾ ਕਿਆ ਫਿੱਕਾ । ਆਦਿ ਜੁਗਾਦਿ ਏਕਾ ਇਕਾ । ਸੋਹੰ ਸ਼ਬਦ ਪੰਚਮ ਜੇਠ ਗੁਰਸਿਖਾਂ ਲਗਾਏ ਪ੍ਰਭ ਸਾਚਾ ਟਿੱਕਾ । ਵਾਲੀ ਦੋ ਜਹਾਨ ਵਿਚ ਵਰਭੰਡ ਆਪ ਚਲਾਏ ਆਪਣਾ ਸਿੱਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਇਹ ਮਿੱਠਾ ਨਾ ਇਹ ਫਿੱਕਾ । ਮਿੱਠਾ ਫਿੱਕਾ ਏਕਾ ਰੰਗ । ਗੁਰਮੁਖ ਸਾਚੇ ਵੇਖ ਨਿਸੰਗ । ਸੋਹੰ ਸ਼ਬਦ ਪ੍ਰਭ ਆਤਮ ਕਸੇ ਤੰਗ । ਸ੍ਰਿਸ਼ਟ ਸਬਾਈ ਭੇੜ ਭਿੜਾਏ, ਆਪ ਕਰਾਏ ਨਵ ਖੰਡ ਜੰਗ । ਲੱਖ ਚੁਰਾਸੀ ਆਪ ਖਪਾਏ, ਧਰਤ ਮਾਤ ਹੋਏ ਰੰਡ । ਗੁਰਮੁਖ ਸਾਚੇ ਆਪ ਉਠਾਏ, ਕਲਜੁਗ ਨਾ ਆਈ ਕੰਡ । ਸਾਚੇ ਧਾਮ ਆਪ ਬਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੰਗ । ਮਿੱਠਾ ਮਿੱਠਾ ਸਾਚੀ ਮੀਠ । ਗੁਰਸਿਖ ਵੇਖ ਰੰਗ ਮਜੀਠ । ਸਾਚਾ ਰੰਗ ਪ੍ਰਭ ਰਿਹਾ ਪੀਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਖਪਾਏ ਕੌੜੇ ਰੀਠ ।

❊ ੬ ਜੇਠ ੨੦੧੦ ਬਿਕ੍ਰਮੀ ਪਿੰਡ ਜੇਠੂਵਾਲ ਠਾਕਰ ਸਿੰਘ ਚੰਦੋਆ ਦੇ ਭੇਟ ਕਰਨ ਸਮੇਂ ਵਿਹਾਰ ਹੋਇਆ ❊

ਆਹਰ ਕੀਆ ਸਿੱਖ ਬਲਵਾਨ । ਧਰਿਆ ਸਿਰ ਹੱਥ ਆਪ ਭਗਵਾਨ । ਚੰਦ ਚੰਦੋਆ ਦਿਤਾ ਤਾਣ । ਰੋਸ਼ਨ ਹੋਏ ਵਿਚ ਜਹਾਨ । ਸਿੰਘ ਆਸਣ ਬੈਠਾ ਵਾਲੀ ਦੋ ਜਹਾਨ । ਗੁਰਸਿਖ ਸਾਚੇ ਸੰਤ ਜਨ ਪ੍ਰਭ ਸੀਸ ਚਵਰ ਝੁਲਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਦੇਵੇ ਦਾਨ । ਚੰਦ ਚੰਦੋਆ ਆਪ ਰਖਾਇਆ । ਗੁਰਮੁਖ ਸੋਇਆ ਆਪ ਜਗਾਇਆ । ਪਹਿਲੀ ਕੰਨੀ ਸਤਿਜੁਗ ਪ੍ਰਭ ਸਾਚੇ ਗੁਰਮੁਖ ਸਾਚਾ ਜੋਇਆ । ਸਤਿਜੁਗ ਨੀਂਹ ਸਾਚੀ ਬੰਨ੍ਹੀ, ਸੋਹੰ ਬੀਜ ਆਤਮ ਬੋਇਆ । ਗੁਰਮੁਖ ਸਾਚੇ ਆਤਮ ਧਨ ਧਨੀ, ਪ੍ਰਭ ਅਬਿਨਾਸ਼ੀ ਦਰ ਦਵਾਰੇ ਆਣ ਖਲੋਇਆ । ਸਾਧ ਸੰਗਤ ਪ੍ਰਭ ਸ਼ਬਦ ਸੁਣਾਏ ਕੰਨੀ, ਭਰਮ ਭੁਲੇਖਾ ਸਭ ਦਾ ਲਾਹਿਆ । ਸੋਹੰ ਲਾੜਾ ਸਾਚੀ ਵੰਨੀ, ਗੁਰਮੁਖ ਸਾਚੇ ਨਾਲ ਪਰਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਪਰਦਾ ਪਾਇਆ । ਪਰਦਾ ਪਾਏ ਨੀਲੀ ਤਤ । ਆਪ ਰਖਾਏ ਧੀਰਜ ਯਤ । ਸਾਚਾ ਲਹਿਣਾ ਸੋਹੰ ਦੇਵੇ ਏਕਾ ਤਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਮਤ । ਦੇਵੇ ਮਤ ਮਤ ਨਾ ਭੁਲਣਾ । ਆਪ ਝੁਲਾਏ ਸੋਹੰ ਸਾਚਾ ਝੂਲਣਾ । ਬੇਮੁਖਾਂ ਕਲਜੁਗ ਅੰਤਮ ਪ੍ਰਭ ਸਾਚੇ ਜੂੜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਾਰ ਉਤਾਰੇ ਪੰਚਮ ਜੇਠ ਮਸਤਕ ਲਾਏ ਧੂੜਨਾ । ਮਸਤਕ ਧੂੜੀ ਆਪ ਲਗਾਈ । ਕਿਰਪਾ ਕਰੇ ਆਪ ਰਘੁਰਾਈ । ਸਾਧ ਸੰਗਤ ਸੱਚੇ ਮੇਲ ਮਿਲਾਈ । ਗ਼ਰੀਬ ਨਿਮਾਣਾ ਸੰਗ ਰਲਾਈ । ਭੁੱਖਾ ਨੰਗਾ ਆਪ ਉਠਾਈ । ਮਦਿਰਾ ਮਾਸ ਜੋ ਖਾਏ ਚੰਗਾ, ਪ੍ਰਭ ਸਾਚਾ ਦਰ ਦੇਵੇ ਦੁਰਕਾਈ । ਕਲਜੁਗ ਪਾਪੀ ਗੰਦਾ, ਧਰਮ ਰਾਏ ਦੇ ਸਜਾਈ । ਅੰਤਮ ਹੋਇਆ ਆਤਮ ਅੰਧਾ, ਨਾ ਆਇਆ ਚਲ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਪ ਵਡਿਆਈ । ਸਾਚਾ ਤਾਣਾ ਆਪ ਤਣਾਇਆ । ਆਣਾ ਜਾਣਾ ਆਪ ਚੁਕਾਇਆ । ਸੁਘੜ ਸਿਆਣਾ ਆਪ ਬਣਾਇਆ । ਆਪਣਾ ਭਾਣਾ ਆਪ ਵਖਾਇਆ । ਸੋਹੰ ਗਾਣਾ ਹੁਕਮ ਸੁਣਾਇਆ । ਗੁਰਮੁਖ ਸਾਚੇ ਭੁੱਲ ਨਾ ਜਾਣਾ, ਪ੍ਰਭ ਸਾਚਾ ਦੇ ਸਜਾਇਆ । ਜੋਤ ਸਰੂਪੀ ਹਰਿ ਪਹਰਿਆ ਬਾਣਾ, ਨਿਹਕਲੰਕੀ ਨਾਮ ਰਖਾਇਆ । ਪਕੜ ਪਛਾਣੇ ਰਾਜਾ ਰਾਣਾ, ਤਖ਼ਤ ਤਾਜ ਸਰਬ ਮਿਟਾਇਆ । ਕਿਸੇ ਘਰ ਨਾ ਲੱਭੇ ਦਾਣਾ, ਕਲੂ ਕਾਲ ਹਰਿ ਆਪ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਚਾ ਬਾਣਾ ਤਨ ਲਗਾਇਆ । ਲੱਗਾ ਬਾਣਾ ਸਾਚੇ ਤਨ । ਕੱਚੇ ਭਾਡੇ ਜਾਏ ਭੰਨ । ਗੁਰਮੁਖ ਸਾਚੇ ਆਪ ਚੜ੍ਹਾਏ ਸਾਚੇ ਚੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ, ਨਾ ਲੱਗੇ ਕਦੇ ਸੰਨ੍ਹ । ਸਾਂਤਕ ਤੇਰੀ ਸਾਚੀ ਧਾਰ, ਸਾਂਤਕ ਵਰਤੇ ਵਿਚ ਸੰਸਾਰ । ਸਾਂਤਕ ਤੇਰੀ ਸਾਚੀ ਧਾਰ, ਸਤਿ ਸਤਿ ਹਰਿ ਸਤਿ ਵਰਤਾਏ ਜੋਤ ਜਗਾਏ ਅਗੰਮ ਅਪਾਰ । ਸਾਂਤਕ ਤੇਰੀ ਸਾਚੀ ਧਾਰ, ਸਤਿਜੁਗ ਲਗਾਣਾ ਪ੍ਰਭ ਕਰਮ ਵਿਚਾਰ । ਸਾਂਤਕ ਤੇਰੀ ਸਾਚੀ ਧਾਰ, ਸਚ ਸਚ ਸਚ ਪ੍ਰਭ ਦੇਵੇ ਸ਼ਬਦ ਅਧਾਰ । ਸਾਂਤਕ ਤੇਰਾ ਸਤਿ ਵਿਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਰੰਗਣ ਦੇ ਜਾਏ ਤਾਰ । ਸਾਂਤਕ ਤੇਰਾ ਸਤਿ ਸਰੂਪ । ਸਾਂਤਕ ਤੇਰਾ ਰੰਗ ਅਨੂਪ । ਸਾਂਤਕ ਸਤਿ ਸਤਿ ਹਰਿ ਸਾਚਾ ਵਰਤੇ, ਨਾ ਕੋਈ ਵਖਾਣੇ ਰੰਗ ਰੂਪ । ਸਾਂਤਕ ਤੇਰਾ ਸਾਚਾ ਰੂਪ । ਗੁਰਮੁਖ ਸਾਚੇ ਸੁਘੜ ਸਿਆਣੇ ਪ੍ਰਭ ਆਪ ਬਿਠਾਏ, ਪ੍ਰਭ ਆਪ ਬਿਠਾਏ ਚਾਰ ਕੁੰਟ ਜਿਉਂ ਵਡ ਵਡ ਭੂਪ । ਸਾਂਤਕ ਤੇਰੀ ਸਾਚੀ ਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ


੪੬ ੦੩

ਚਲਾਏ ਸਾਚੀ ਨਾਏ । ਸਾਂਤਕ ਤੇਰਾ ਸਾਚਾ ਵਾਸ, ਏਕਾ ਜੋਤ ਕਰੇ ਪ੍ਰਕਾਸ਼ । ਸਾਂਤਕ ਤੇਰਾ ਸੱਚਾ ਵਾਸ, ਸ੍ਰਿਸ਼ਟ ਸਬਾਈ ਤਜਾਏ ਰਸਨਾ ਮਦਿਰਾ ਮਾਸ । ਸਾਂਤਕ ਤੇਰਾ ਸੱਚਾ ਵਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪ ਤਰਾਏ ਆਪੇ ਆਪ । ਸਾਂਤਕ ਤੇਰਾ ਸੱਚਾ ਮੇਘ, ਪ੍ਰਭ ਅਬਿਨਾਸ਼ੀ ਆਪ ਉਠਾਏ ਸੋਹੰ ਤੇਗ । ਗੁਰਮੁਖ ਸਾਚੇ ਕਲਜੁਗ ਲਏ ਵੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਰੱਖ ਚਰਨ ਟੇਕ । ਸਾਂਤਕ ਤੇਰਾ ਉਜਲ ਮੁਖ । ਪ੍ਰਭ ਅਬਿਨਾਸ਼ੀ ਆਪ ਕਟਾਏ ਜਗਤ ਭੁੱਖ । ਕਿਸੇ ਨਾ ਦਿਸੇ ਆਤਮ ਦੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੁੱਕੇ ਹਰੇ ਕਰਾਏ ਕਲਜੁਗ ਜੀਵ ਰੁੱਖ । ਸਾਂਤਕ ਤੇਰਾ ਸਾਚਾ ਵਹਿਣ । ਗੁਰਮੁਖ ਸਾਚੇ ਪ੍ਰਭ ਚਰਨੀ ਬਹਿਣ । ਗੁਰਮੁਖ ਸਾਚੇ ਸੰਤ ਜਨ ਪ੍ਰਭ ਦਰ ਸਾਚੇ ਲਹਿਣਾ ਲੈਣ । ਸਾਂਤਕ ਤੇਰੀ ਸਾਚੀ ਰੈਣ, ਪੰਚਮ ਜੇਠ ਗੁਰ ਸੰਗਤ ਮਿਲ ਪ੍ਰਭ ਅਬਿਨਾਸ਼ੀ ਰਸਨਾ ਗਾਇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਖੋਲ੍ਹੇ ਤੀਜਾ ਨੈਣ । ਸਾਂਤਕ ਤੇਰਾ ਸਾਚਾ ਰੰਗ, ਪ੍ਰਭ ਅਬਿਨਾਸ਼ੀ ਆਪ ਨਿਭਾਏ ਸਾਚਾ ਸੰਗ । ਸਾਂਤਕ ਤੇਰਾ ਸਾਚਾ ਗੁਰ ਸੰਗਤ ਪ੍ਰਭ ਅਬਿਨਾਸ਼ੀ ਕੱਟੇ ਤੇਰੀ ਭੁੱਖ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਲਾਏ, ਆਤਮ ਚੜ੍ਹਾਏ ਸਾਚੀ ਕੰਗ । ਸਾਂਤਕ ਤੇਰਾ ਸਾਚਾ ਨੀਰ, ਸੋਹੰ ਚਲੇ ਤੇਰਾ ਸਾਚਾ ਤੀਰ । ਮੇਟ ਮਿਟਾਏ ਖਵਾਜ਼ਾ ਖ਼ਿਜ਼ਰ ਪੀਰ । ਸਾਂਤਕ ਤੇਰਾ ਸਾਚਾ ਸੀਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਖਿਚਾਏ ਅਠਸਠ ਤੀਰਥ ਨੀਰ । ਸਾਂਤਕ ਸਾਚੇ ਰੰਗ ਰੰਗਾਉਣਾ । ਪ੍ਰਭ ਅਬਿਨਾਸ਼ੀ ਭੇਵ ਖੁਲ੍ਹਾਉਣਾ । ਘਨਕਪੁਰ ਵਾਸੀ ਪ੍ਰਗਟ ਜੋਤ ਵਿਚ ਮਾਤ ਸਤਿਜੁਗ ਸਾਚਾ ਲਾਵਣਾ । ਚਾਰ ਕੁੰਟ ਕਰਾਏ ਚਰਨ ਦਾਸੀ, ਸੋਹੰ ਸਾਚਾ ਜਾਪ ਜਪਾਵਣਾ । ਕੋਈ ਨਾ ਦਿਸੇ ਮਦਿਰਾ ਮਾਸੀ, ਸਚ ਮਾਰਗ ਪ੍ਰਭ ਸਾਚੇ ਲਾਵਣਾ । ਸ੍ਰਿਸ਼ਟ ਸਬਾਈ ਹੋਏ ਦਾਸੀ, ਗੁਰਸਿਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਗਾਵਣਾ । ਸਾਂਤਕ ਤੇਰਾ ਸਤਿ ਵਰਤਾਰਾ । ਸਤਿਜੁਗ ਲਾਏ ਸਾਚਾ ਗਿਰਧਾਰਾ । ਬੇਮੁਖ ਕੋਈ ਨਾ ਦਿਸੇ ਮੂਰਖ ਮੁਗਧ ਗਵਾਰਾ । ਪ੍ਰਭ ਅਬਿਨਾਸ਼ੀ ਸੋਹੰ ਸ਼ਬਦ ਸ੍ਰਿਸ਼ਟ ਸਬਾਈ ਸਿਰ ਰੱਖੇ ਆਰਾ । ਆਪੇ ਚੀਰ ਚਿਰਾਏ ਜਗਤ ਕਰੇ ਦੋ ਫਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਆਪ ਪਿੰਜਾਏ ਜਿਉਂ ਤੇਲੀ ਵਾੜਾ । ਸਾਂਤਕ ਤੇਰਾ ਰੰਗ ਮਜੀਠ । ਗੁਰ ਸੰਗਤ ਪ੍ਰਭ ਅਬਿਨਾਸ਼ੀ ਸਾਚਾ ਡੀਠ । ਸੋਹੰ ਸਾਚਾ ਰੰਗ ਚੜ੍ਹਾਏ ਆਤਮ ਇਕ ਮਜੀਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦੇਵੇ ਪੀਠ । ਸਾਂਤਕ ਤੇਰਾ ਰੰਗ ਚਲੂਲ । ਪ੍ਰਭ ਅਬਿਨਾਸ਼ੀ ਮਾਤ ਨਾ ਭੂਲ । ਏਕਾ ਜੋਤ ਪ੍ਰਕਾਸ਼ ਪ੍ਰਭ ਸਾਚਾ ਕੰਤ ਕੰਤੂਹਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੁਖ ਲਗਾਏ ਸੋਹੰ ਸਾਚਾ ਫੂਲ । ਸਾਂਤਕ ਤੇਰੀ ਸਤਿ ਫੁਲਵਾੜੀ । ਸਤਿਜੁਗ ਸਾਚੇ ਪ੍ਰਭ ਅਬਿਨਾਸ਼ੀ ਗੁਰਸਿਖ ਫਿਰੇ ਤੇਰੇ ਪਿਛੇ ਅਗਾੜੀ । ਗੁਰਮੁਖ ਸਾਚੇ ਸੰਤ ਜਨ ਪੰਚਮ ਜੇਠ ਚਰਨ ਛੁਹਾਏ ਦਾਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ ਵਿਚ ਜੰਗਲ ਜੂਹ ਪਹਾੜੀ । ਸਾਂਤਕ ਸਾਚਾ ਨੇਤਰ ਪੇਖ । ਗੁਰਮੁਖ ਸਾਚੇ ਕਲਜੁਗ ਛੱਡ ਝੂਠਾ ਭੇਖ । ਧੁਰਦਰਗਾਹੀ ਆਪ ਮਿਟਾਏ ਬਿਧਨਾ ਲਿਖੇ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਬੁੱਧ ਬਬੇਕ । ਸਾਂਤਕ ਵਰਤੇ ਸਾਚੀ ਧੁਨ । ਗੁਰਮੁਖ ਸਾਚੇ ਆਤਮ ਕੰਨ ਸੁਣ । ਪ੍ਰਭ ਅਬਿਨਾਸ਼ੀ ਸਾਚੋ ਸਾਚੇ ਚਰਨ ਲਗਾਏ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਜੋਤ ਸਰੂਪ ਪਹਰਿਆ ਬਾਣਾ ।


੪੭
੦੩

ਲੱਖ ਚੁਰਾਸੀ ਵਿਚ ਸਮਾਣਾ । ਏਕਾ ਜਗੇ ਜੋਤ ਭਗਵਾਨਾ । ਤੀਨ ਲੋਕ ਸਚ ਟਿਕਾਣਾ । ਲੋਕ ਪ੍ਰਲੋਕ ਪ੍ਰਭ ਸਾਚਾ ਰੱਖੇ ਏਕਾ ਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਦਾਨੀ ਦਾਨਾ । ਤੀਨ ਲੋਕ ਪ੍ਰਭ ਦੇਵੇ ਬੰਨ੍ਹ । ਸ੍ਰਿਸ਼ਟ ਸਬਾਈ ਹੋਏ ਅੰਧ । ਆਤਮ ਹੋਈ ਪਾਪਾਂ ਕੰਧ । ਪ੍ਰਭ ਅਬਿਨਾਸ਼ੀ ਨਾ ਰਸਨਾ ਗਾਇਆ ਵਿਚੋਂ ਬੱਤੀ ਦੰਦ । ਮਦਿਰਾ ਮਾਸ ਮੁਖ ਲਗਾਇਆ । ਕਲਜੁਗ ਜੀਵ ਝੂਠਾ ਗੰਦ । ਆਪਣਾ ਆਪ ਕਿਉਂ ਭੁਲਾਇਆ, ਗਵਾਇਆ ਆਤਮ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਵਡ ਬ੍ਰਹਿਮਾਦੀ ਗੁਰਸਿਖ ਗੁਰਮੁਖ ਚੜ੍ਹਾਏ ਸਾਚਾ ਚੰਦ । ਸਾਂਤਕ ਸਤਿਜੁਗ ਸਾਚਾ ਮੰਨ । ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ । ਸੁਣੇ ਲੋਕਾਈ ਗੁਰਮੁਖ ਸਾਚਾ ਕਹੇ ਧੰਨ ਧੰਨ । ਭਰਮ ਭੁਲੇਖਾ ਦੇ ਮੁਕਾਈ ਬੇਮੁਖਾਂ ਲਾਏ ਡੰਨ । ਗੁਰਸਿਖਾਂ ਮਨ ਵੱਜੀ ਵਧਾਈ, ਸਤਿਜੁਗ ਬੇੜਾ ਉਠਾਏ ਆਪਣਾ ਕੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨਿਵਾਰੇ ਬੇਮੁਖਾਂ ਜਨ । ਆਪ ਆਪਣੇ ਕੰਠ ਲਗਾਏ, ਸੰਤ ਜਨਾਂ ਬਖ਼ਸ਼ਿੰਦਾ । ਆਪ ਆਪਣੇ ਮਾਰਗ ਲਾਏ, ਵਡ ਦਾਤਾ ਗੁਣੀ ਗਹਿੰਦਾ । ਸਾਚੀ ਰੰਗਣ ਨਾਮ ਚੜ੍ਹਾਏ, ਆਪ ਮਿਟਾਏ ਆਤਮ ਚਿੰਦਾ । ਗੁਰਮੁਖ ਮੰਗਣ ਕਿਤੇ ਨਾ ਜਾਏ, ਦੇਵਣਹਾਰ ਇਕ ਗੁਣੀ ਗਹਿੰਦਾ । ਸਾਚੀ ਰੰਗਣ ਨਾਮ ਚੜ੍ਹਾਏ, ਆਪ ਤੁੜਾਏ ਆਤਮ ਜਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣੀ ਗਹਿੰਦਾ । ਆਪ ਮਿਟਾਏ ਚਿੰਤਾ ਰੋਗ । ਗੁਰਮੁਖ ਨਾ ਹੋਏ ਕਦੀ ਸੋਗ ਸਾਚਾ ਭੋਗ ਲੈਣਾ ਭੋਗ । ਸੋਹੰ ਸ਼ਬਦ ਸਾਚਾ ਜੋਗ । ਰਸਨਾ ਗਾਓ ਪ੍ਰਭ ਦੇਵੇ ਦਰਸ ਅਮੋਘ । ਪ੍ਰਭ ਸਾਚਾ ਸਰਨ ਲਗ ਜਾਓ । ਆਪ ਮਿਟਾਏ ਹਉਮੇ ਰੋਗ । ਸਾਚੀ ਭਿਛਿਆ ਨਾਮ ਪਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲਿਖਿਆ ਧੁਰੋਂ ਸੰਜੋਗ । ਲਿਖਿਆ ਧੁਰ ਪ੍ਰਭ ਸਾਚੇ ਦੇਣਾ । ਝੂਠਾ ਜਗਤ ਮਾਰੇ ਮੇਹਣਾ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਪੇਖ ਤੀਜੇ ਨੈਣਾ । ਸਚ ਘਰ ਹਰਿ ਆਤਮ ਵੇਖ, ਅੱਠੇ ਪਹਿਰ ਜਿਥੇ ਰਹਿਣਾ । ਸੋਹੰ ਲੱਗੇ ਸਾਚੀ ਮੇਖ, ਧਰਮ ਰਾਏ ਨਾ ਲੇਵੇ ਲਹਿਣਾ । ਜੋਤ ਸਰੂਪੀ ਹਰਿ ਧਾਰਿਆ ਭੇਖ, ਗੁਰ ਸੰਗਤ ਪ੍ਰਭ ਚਰਨੀ ਬਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਕਹਿਣਾ । ਰਸਨਾ ਗਾਓ ਪ੍ਰਭ ਗੰਭੀਰ । ਕਾਇਆ ਸੀਤਲ ਸ਼ਾਂਤ ਸਰੀਰ । ਝੂਠਾ ਦਿਸੇ ਦੇਹੀ ਪੀਤਲ, ਨਾਲ ਨਾ ਜਾਣੇ ਅੰਗ ਅਖੀਰ । ਸੋਹੰ ਨਾਮ ਕਰੇ ਆਤਮ ਸੀਤਲ, ਪ੍ਰਭ ਸਾਚਾ ਦੇਵੇ ਧੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਗਹਿਰ ਗੰਭੀਰ । ਗਹਿਰ ਗੰਭੀਰ ਵਡ ਵਡ ਹੰਸ । ਦੇਵੇ ਵਡਿਆਈ, ਵਿਚ ਸਹੰਸ । ਬੇਮੁਖਾਂ ਦੇ ਖਪਾਈ, ਜਿਉਂ ਕਾਹਨਾ ਕੰਸ । ਗੁਰਮੁਖ ਸਾਚੇ ਤੇਰੇ ਮਨ ਵਧਾਈ, ਪ੍ਰਭ ਬਣਾਈ ਸਾਚੀ ਅੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਸਤਿਜੁਗ ਸਾਚੇ ਰਾਜ ਹੰਸ । ਰਾਜ ਹੰਸ ਰਾਜ ਪ੍ਰਮੁਖ । ਆਪ ਉਤਾਰੇ ਤ੍ਰਿਸ਼ਨਾ ਭੁੱਖ । ਕਲਜੁਗ ਮਾਇਆ ਨਾ ਲੱਗੇ ਦੁੱਖ । ਪ੍ਰਭ ਸਾਚਾ ਜੋਤ ਪ੍ਰਗਟਾਏ ਜਨ ਭਗਤ ਰਹੇ ਸੁਖਣਾ ਸੁੱਖ । ਪੰਚਮ ਜੇਠ ਹੋਏ ਵਧਾਈ ਉਜਲ ਹੋਏ ਮੁਖ । ਸਾਧ ਸੰਗਤ ਸਦ ਰਸਨਾ ਗਾਈ, ਮਾਤ ਗਰਭ ਨਾ ਹੋਵੇ ਉਲਟਾ ਰੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਤੇਰੀ ਤ੍ਰਿਸ਼ਨਾ ਭੁੱਖ । ਸਚ ਸ਼ਬਦ ਹਰਿ ਤੀਰ ਕਮਾਨਾ । ਸੋਹੰ ਚਲੇ ਲੱਗੇ ਸਚ ਨਿਸ਼ਾਨਾ । ਆਪ ਉਠਾਏ ਬਲੀ ਬਲਵਾਨਾ । ਸ੍ਰਿਸ਼ਟ ਸਬਾਈ ਭੇੜ ਭਿੜਾਨਾ । ਏਕਾ ਗੇੜ ਸਰਬ ਮੁਕਾਣਾ । ਬੇਮੁੱਖ ਕਲ ਹੋਏ ਢੇਰ, ਪ੍ਰਭ ਅਬਿਨਾਸ਼ੀ ਅੰਤ ਕਰਾਨਾ । ਗੁਰਮੁਖਾਂ ਲਹਿਣਾ ਦੇਣਾ ਦਏ ਨਬੇੜ, ਪ੍ਰਭ ਆਪਣੀ ਸਰਨ ਲਗਾਣਾ ।

ਸੋਹੰ ਮਿਟਾਏ ਆਤਮ ਝੇੜ, ਸਭ ਦੇ ਅੰਦਰ ਆਪ ਰਖਾਣਾ । ਗੁਰਮੁਖ ਚਰਨ ਲਿਆਏ ਘੇਰ, ਜੋਤੀ ਜੋਤ ਹਰਿ ਜੋਤੀ ਮੇਲ ਮਿਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਹੱਥੀਂ ਗਾਨਾ । ਹੱਥੀਂ ਗਾਨਾ ਦੇਵੇ ਬੰਨ੍ਹ । ਬੇਮੁਖ ਜੂਠਿਆਂ ਝੂਠਿਆਂ ਪ੍ਰਭ ਸਾਚਾ ਦੇਵੇ ਡੰਨ । ਕਲਜੁਗ ਅੰਧੇ ਮੂਠਿਆਂ, ਪ੍ਰਭ ਆਪ ਕਟਾਏ ਕੰਨ । ਬੇਮੁਖਾਂ ਹੱਥ ਫੜਾਏ ਠੂਠਿਆਂ, ਆਤਮ ਹੰਕਾਰ ਦੇਵੇ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਰਸਨ ਕਰਾਏ ਧੰਨ ਧੰਨ । ਨੈਣ ਮੁਧਾਰੀ ਮੂਧ ਮੁਧਾਰਿਆ । ਬਾਸ਼ਕ ਸੇਜਾ ਆਸਣ ਲਾ ਰਿਹਾ । ਬ੍ਰਹਮਾ ਵਿਸ਼ਨ ਮਹੇਸ਼ਾ ਸੇਵਾ ਲਾਇਆ । ਪ੍ਰਭ ਸਾਚਾ ਵੇਸਨ ਵੇਸਾ, ਭੇਵ ਕਿਸੇ ਨਾ ਪਾਇਆ । ਗੁਰਮੁਖ ਸਾਚੇ ਨੇਤਰ ਪੇਖਾ, ਪੰਚਮ ਜੇਠ ਦੇ ਵਡਿਆਇਆ । ਪੰਚਮ ਜੇਠ ਮਿਲੇ ਵਡਿਆਈ । ਪ੍ਰਭ ਸਾਚੇ ਰੁੱਤ ਸੁਹਾਈ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਸੰਤ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈ ।

### ❊ ੭ ਜੇਠ ੨੦੧੦ ਬਿਕ੍ਰਮੀ ਪਿੰਡ ਜੇਠੂਵਾਲ ਮਾਤਾ ਬਿਸ਼ਨ ਕੌਰ ਦੇ ਗ੍ਰਿਹ ❊

ਸਪਤਮ ਜੇਠ ਪੁਰਖ ਪ੍ਰਭ ਦੀਨਾ । ਪ੍ਰਭ ਅਬਿਨਾਸ਼ੀ ਦਾਨਾ ਬੀਨਾ । ਸਾਚਾ ਨਾਮ ਰਸ ਪ੍ਰਭ ਦਰ ਪੀਨਾ । ਸ਼ਾਂਤ ਕਰਾਏ ਗੁਰਸਿਖ ਸੀਨਾ । ਅੰਮ੍ਰਿਤ ਮੇਘ ਹਰਿ ਬਰਸਾਏ, ਜਿਸ ਜਨ ਰਸਨਾ ਚੀਨਾ । ਸਾਚੇ ਘਰ ਦੇ ਵਸਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਜਿਹਾ ਕੀਨਾ । ਸਚ ਘਰ ਹਰਿ ਸਦ ਵਸੰਦਾ । ਗੁਰਸਿਖ ਬਣਾਏ ਸਾਚਾ ਬੰਦਾ । ਕਲਜੁਗ ਵੇਖ ਜੂਠਾ ਝੂਠਾ ਧੰਦਾ । ਮਦਿਰਾ ਮਾਸੀ ਦਰ ਨਾ ਆਏ, ਧੁਰਦਰਗਾਹੀ ਹੋਇਆ ਗੰਦਾ । ਗੁਰਮੁਖ ਸਾਚੇ ਹਰਿ ਆਪ ਤਰਾਏ, ਸੋਹੰ ਤੀਰ ਚਲਾਏ, ਤੁੜਾਏ ਆਤਮ ਜਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਸਦ ਬਖ਼ਸ਼ਿੰਦਾ । ਬਖ਼ਸ਼ਣਹਾਰ ਬਖ਼ਸ਼ਣਜੋਗ । ਗੁਰਸਿਖ ਆਤਮ ਨਾ ਹੋਏ ਵਿਯੋਗ । ਕਦੇ ਨਾ ਹੋਏ ਚਿੰਤਾ ਸੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕੱਟੇ ਹਉਮੇ ਰੋਗ । ਹਉਮੇ ਰੋਗ ਦੇਵੇ ਨਿਵਾਰ । ਸੋਹੰ ਦੇਵੇ ਸਾਚੀ ਧਾਰ । ਅੰਮ੍ਰਿਤ ਝਿਰਨਾ ਝਿਰੇ ਅਪਾਰ । ਆਤਮ ਖਿੜੇ ਗੁਰਸਿਖ ਤੇਰੇ ਗੁਲਜ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਵੇਖ ਕਰਤਾਰ । ਸਾਚਾ ਰੰਗ ਪ੍ਰਭ ਸਾਚੇ ਕੀਨਾ । ਆਪ ਉਠਾਏ ਰੂਸਾ ਚੀਨਾ । ਆਪ ਮਿਟਾਏ ਮੁਹੰਮਦੀ ਦੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਵਡ ਸੂਰਬੀਨਾ । ਆਪਣਾ ਰੰਗ ਆਪ ਵਰਤਾ ਕੇ । ਗੁਰਮੁਖ ਤਾਕੀ ਆਤਮ ਆਪ ਖੁਲ੍ਹਾ ਕੇ । ਏਕਾ ਟਾਂਕ ਸ਼ਬਦ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਜੋਤ ਪ੍ਰਗਟਾ ਕੇ । ਪ੍ਰਗਟੇ ਜੋਤ ਜਗਤ ਅੰਧੇਰਾ । ਪ੍ਰਭ ਅਬਿਨਾਸ਼ੀ ਪਾਇਆ ਫੇਰਾ । ਗੁਰਸਿਖ ਬਣਾਏ ਆਪਣਾ ਚੇਰਾ । ਬੇਮੁਖ ਖਪਾਏ ਨਾ ਲਾਏ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਢਾਹਿਆ ਢੇਰਾ । ਕਲਜੁਗ ਢਾਇਆ ਗਿਆ ਢੱਠ । ਅਗਨ ਜੋਤ ਪ੍ਰਭ ਲਗਾਏ, ਸ੍ਰਿਸ਼ਟ ਸਬਾਈ ਬਣਾਏ ਭੱਠ । ਛਿੰਨ ਭੰਗਰ ਇਹ ਖੇਲ ਵਰਤਾਏ, ਉਲਟੀ ਗੇੜੇ ਕਲਜੁਗ ਲੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਰੱਖੇ ਹੱਠ । ਹੱਠ ਹਠੀਲਾ ਛੈਲ ਛਬੀਲਾ । ਅਗਨ ਜੋਤ ਲਗਾਏ ਤੀਲਾ । ਆਪ

ਉਠਾਏ ਚਾਰ ਤਰਫ ਦੁੜਾਏ ਰਹਿਣ ਨਾ ਪਾਏ ਮੈਕਾਈਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ, ਗੁਰਮੁਖ ਚਰਨ ਮਿਲਣ
ਦਾ ਕਰ ਲਓ ਹੀਲਾ । ਆਤਮ ਉਦਮ ਆਪਣੇ ਧਾਰੋ । ਪ੍ਰਭ ਅਬਿਨਾਸ਼ੀ ਚਰਨ ਨਿਮਸਕਾਰੋ । ਕਲਜੁਗ ਨਾ ਸੌਣਾ ਪੈਰ ਪਸਾਰੋ । ਪ੍ਰਭ ਅਬਿਨਾਸ਼ੀ
ਦੇਵੇ ਸੋਹੰ ਸਾਚੀ ਧਾਰੋ । ਵਕਤ ਚੁਕਾਏ ਪ੍ਰਭ ਸਾਚਾ ਚਾਰ ਯਾਰੋ । ਪੰਚਮ ਜੇਠ ਪੰਚਮ ਪ੍ਰਧਾਨ ਪੰਚਮ ਬਣੇ ਸਾਚੀ ਸਰਕਾਰੋ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬਣਾਈ ਸਾਚੀ ਧਾਰੋ । ਪੰਚਾਂ ਹੁਕਮ ਇਕ ਫ਼ਰਮਾਣ । ਪੰਚਮ ਰਾਜ ਤਖ਼ਤ ਸੁਲਤਾਨ । ਪੰਚਮ ਸ਼ਬਦ ਜਗਤ
ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਵਿਚ ਮਾਤ ਆਪ ਕਰੇ ਪ੍ਰਧਾਨ । ਪੰਚਮ ਪੰਚਮ ਪੰਚਮ ਹੱਥ ਰਾਜ । ਏਕਾ ਰੱਖੇ ਸਿਰ
ਆਪਣੇ ਪ੍ਰਭ ਤਾਜ । ਗੁਰਸਿਖਾਂ ਪ੍ਰਭ ਸਾਚਾ ਆਪੇ ਰੱਖੇ ਲਾਜ । ਪ੍ਰਗਟ ਵਿਚ ਮਾਤ ਆਪ ਸਵਾਰੇ ਕਾਜ । ਸੋਹੰ ਸ਼ਬਦ ਆਪ ਉਡਾਏ, ਚਾਰ
ਕੁੰਟ ਸਾਚਾ ਬਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਜ ਪੰਚਾਇਤ ਬਣਾਏ ਰਾਜ । ਪੰਚਮ ਦੇਵੇ ਹਰਿ ਸਰਦਾਰੀ । ਪੰਚਮ ਹੋਵੇ
ਮਾਤ ਸਿਕਦਾਰੀ । ਪੰਚਮ ਪੰਚਮ ਵਰਤੇ ਵਿਚ ਸੰਸਾਰੀ । ਪੰਚਮ ਜੇਠ ਨਿਹਕਲੰਕ ਮਾਤ ਜੋਤ ਪ੍ਰਗਟਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਭਨਾਂ ਜੀਆਂ ਕਰੇ ਆਪ ਅਕਾਰੀ । ਪੰਚਮ ਦੇਵੇ ਪ੍ਰਭ ਸਾਚਾ ਗੁਣ । ਸ੍ਰਿਸ਼ਟ ਸਬਾਈ ਵਿਚੋਂ ਚੁਣ । ਆਪ ਉਪਜਾਏ ਸ਼ਬਦ ਧੁਨ । ਗੁਰਮੁਖ
ਸਾਚੇ ਸੰਤ ਜਨ ਦਰ ਘਰ ਸਾਚੇ ਲਏ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਆਪ ਸਮਾਣੇ, ਕਿਆ ਕੋਈ ਜਾਣੇ ਤੇਰੇ ਗੁਣ ।
ਆਪਣੇ ਰੰਗ ਆਪ ਸਮਾਇਆ । ਭੇਖਾਧਾਰੀ ਭੇਖ ਵਟਾਇਆ । ਲੇਖਾ ਲਿਖਿਆ ਸਚ ਭਗਵਾਨ ਨਾ ਕਿਸੇ ਵਖਾਣਿਆ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਆਪੇ ਪਹਿਰੇ ਆਪਣੇ ਬਾਣਿਆ । ਆਪਣਾ ਬਾਣਾ ਆਪੇ ਪਾਇਆ । ਝੂਠੀ ਕਾਇਆ ਦੇਹ ਤਜਾਇਆ । ਜੋਤੀ ਜੋਤ ਸਰੂਪ
ਹਰਿ, ਜੋਤੀ ਖੇਲ ਰਚਾਇਆ । ਅਚਰਜ ਖੇਲ ਮਾਤ ਕਰ, ਗੁਰਮੁਖ ਸਾਚੇ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ
ਰੰਗ ਰੂਪੀ ਨਜ਼ਰ ਕਿਸੇ ਨਾ ਆਇਆ । ਰੂਪ ਰੰਗ ਨਾ ਕੋਇ ਵੇਖੇ । ਪ੍ਰਭ ਅਬਿਨਾਸ਼ੀ ਧਾਰੇ ਭੇਖੇ । ਗੁਰਸਿਖ ਲਗਾਏ ਸਾਚੇ ਲੇਖੇ । ਦਰ
ਘਰ ਆਏ ਸਾਚੇ ਪ੍ਰਭ ਸਾਚਾ ਨੇਤਰ ਪੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕੱਢੇ ਭਰਮ ਭੁਲੇਖੇ । ਤੁਟੇ ਮਾਣ ਮਰਦ ਮਰਦਾਨ ।
ਚਰਨ ਧੂੜ ਗੁਰਸਿਖ ਕਰ ਇਸ਼ਨਾਨ । ਆਤਮ ਵੱਜੇ ਸ਼ਬਦ ਸੱਚਾ ਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖ ਚਰਨ ਧਿਆਨ ।
ਚਰਨ ਧਿਆਨ ਰਾਖੋ ਚੀਤਾ । ਪ੍ਰਭ ਅਬਿਨਾਸ਼ੀ ਸਾਚਾ ਮੀਤਾ । ਨਾਮ ਨਿਧਾਨ ਪ੍ਰਭ ਦਰ ਪੀਤਾ । ਚਤੁਰ ਸੁਜਾਨ ਪ੍ਰਭ ਸਾਚੇ ਕੀਤਾ । ਵੱਡੇ
ਬਲੀ ਬਲਵਾਨ ਮਿਲ ਸਾਚੀ ਰੀਤਾ । ਵਾਲੀ ਦੋ ਜਹਾਨ ਸ੍ਰਿਸ਼ਟ ਸਬਾਈ ਪਰਖੇ ਨੀਤਾ । ਗੁਰ ਚਰਨ ਜਾਓ ਸਦ ਕੁਰਬਾਨ, ਮਾਨਸ ਜਨਮ ਜਾਓ
ਜਗ ਜੀਤਾ । ਪ੍ਰਭ ਅਬਿਨਾਸ਼ੀ ਹੋਏ ਮਿਹਰਵਾਨ, ਆਪ ਚਲਾਏ ਆਪਣੀ ਰੀਤਾ । ਗੁਰਮੁਖ ਸਾਚੇ ਸਤਿ ਕਰ ਮਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਏਕਾ ਸਾਚੀ ਚਰਨ ਪ੍ਰੀਤਾ । ਚਰਨ ਪ੍ਰੀਤੀ ਚਰਨ ਧੂੜ । ਚਤੁਰ ਸੁਜਾਨ ਬਣਾਏ ਜੋ ਦਰ ਆਏ ਮੂੜ੍ਹ । ਸੋਹੰ ਸਾਚਾ ਨਾਮ ਜਪਾਏ,
ਆਤਮ ਰੰਗਤ ਚਾੜ੍ਹੇ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖ ਲਗਾਏ ਚਰਨ ਧੂੜ । ਚਰਨ ਧੂੜ ਲਾਏ ਮੁਖ ।
ਸੁਫਲ ਕਰਾਏ ਮਾਤ ਕੁੱਖ । ਕੋਈ ਨਾ ਰਹੇ ਕਾਇਆ ਦੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਦੇਵੇ ਸਾਚਾ ਸੁਖ ।

ਸਾਚੀ ਸਿਖਿਆ ਉਜਲ ਮੁਖੀਆ । ਲੱਬੀ ਭੁਖੀਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਆਇਆ ਤੇਰੇ ਦੁੱਖੀਆ । ਦੁੱਖ ਦਲਿਦਰ ਪ੍ਰਭ ਦੇਵੇ ਕੱਢ । ਕਰੇ ਸੁਖਾਲੇ ਬੇਮੁੱਖਾਂ ਹੱਡ । ਕਲਜੁਗ ਡਿਗਣ ਅੰਧੇਰੀ ਖੱਡ । ਚਰਨ ਪ੍ਰੀਤੀ ਦੇਵਣ ਛੱਡ । ਆਪਣਾ ਕੀਆ ਲੈਣ ਵੱਢ । ਬਾਹੋਂ ਪਕੜ ਪ੍ਰਭ ਸਾਚਾ ਬਾਹਰ ਦੇਵੇ ਕੱਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪ ਲਡਾਏ ਆਪਣਾ ਲਡ । ਗੁਰ ਗੋਬਿੰਦ ਇਕ ਦਰਬਾਰੀ । ਸਾਚਾ ਤਖ਼ਤ ਸੱਚੀ ਸਿਕਦਾਰੀ । ਗੁਰ ਸੰਗਤ ਪ੍ਰਭ ਸਾਚਾ ਜਾਏ ਤਾਰੀ । ਦਰ ਘਰ ਸਾਚੇ ਆਵਣ ਵਾਰੋ ਵਾਰੀ । ਗੁਰ ਗੋਬਿੰਦ ਦੋਏ ਬੈਠ ਕਰਨ ਚਰਨ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੀਸ ਸਾਚਾ ਛਤਰ ਝੁਲਾਰੀ । ਗੁਰ ਸੰਗਤ ਹਰਿ ਮਾਣ ਦਵਈਆ । ਸਤਿਜੁਗ ਚੜ੍ਹਾਏ ਸਾਚੀ ਨਈਆ । ਆਪੇ ਆਪ ਬਣੇ ਰਖਵਈਆ । ਧਰਤ ਮਾਤ ਬਣਾਏ ਸਾਚੀ ਮਈਆ । ਚਾਰ ਵਰਨ ਕਰਾਏ ਭੈਣਾਂ ਭਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਈਆ । ਗੁਰ ਸੰਗਤ ਮਨ ਧਰੇ ਧੀਰ । ਆਤਮ ਕੱਢੇ ਪ੍ਰਭ ਸਾਚਾ ਪੀੜ । ਅੰਤਮ ਅੰਤ ਨਾ ਲੱਥਣ ਚੀਰ । ਸੋਹੰ ਸਾਚਾ ਅੰਮ੍ਰਿਤ ਆਤਮ ਦੇਵੇ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਂਤ ਕਰਾਏ ਸਰੀਰ । ਸ਼ਾਂਤ ਸਰੀਰਾ ਟੁੱਟੇ ਜੰਜ਼ੀਰਾ, ਪ੍ਰਭ ਆਪਣਾ ਆਪ ਉਠਾਇਆ ਬੀੜਾ । ਹਰਿ ਭਜਨ ਹਰਿ ਹੋਏ ਸਹਾਈ । ਹਰਿ ਭਜਨ ਹਰਿ ਦੇਵੇ ਵਡਿਆਈ । ਹਰਿ ਭਜਨ ਗੁਰਮੁਖ ਦਾਤ ਪ੍ਰਭ ਦਰ ਤੇ ਪਾਈ । ਹਰਿ ਭਜਨ ਵਡ ਕਰਾਮਾਤ, ਆਤਮ ਤ੍ਰਿਖਾ ਦੇ ਬੁਝਾਈ । ਹਰਿ ਭਜਨ ਇਕ ਰਖਾਏ ਨਾਤ, ਆਤਮ ਜੋਤੀ ਆਪ ਜਗਾਈ । ਹਰਿ ਭਜਨ ਗੁਰਸਿਖਾਂ ਮਿਟਾਏ ਅੰਧੇਰੀ ਰਾਤ, ਦਿਵਸ ਰੈਣ ਰਹੇ ਰਸਨਾ ਗਾਈ । ਹਰਿ ਭਜਨ ਅੰਤਮ ਪੁੱਛੇ ਗੁਰਸਿਖਾਂ

੫੧ ਬਾਤ, ਵੇਲੇ ਅੰਤ ਹੋਏ ਸਹਾਈ । ਹਰਿ ਭਜਨ ਅੰਦਰ ਵੇਖ ਮਾਰ ਝਾਤ, ਸਚ ਵਸਤ ਤੇਰੇ ਘਰ ਟਿਕਾਈ । ਹਰਿ ਭਜਨ ਮਿਟਾਏ ਜ਼ਾਤ ਪਾਤ, ੫੧

੦੩ ਭਰਮ ਭੁਲੇਖਾ ਰਹੇ ਨਾ ਰਾਈ । ਹਰਿ ਭਜਨ ਦੇਵੇ ਦਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਤ ਆਪ ਰਘੁਰਾਈ । ਹਰਿ ਭਜਨ ੦੩

ਕਲ ਸਾਚਾ ਜੋਗ । ਹਰਿ ਭਜਨ ਰਸ ਸਾਚਾ ਭੋਗ । ਹਰਿ ਭਜਨ ਗੁਰਮੁਖਾਂ ਮੇਟੇ ਸਰਬ ਵਿਯੋਗ । ਹਰਿ ਭਜਨ ਰਸਨਾ ਜਪ ਮਿਟਾਏ ਹਉਮੇ ਰੋਗ । ਹਰਿ ਭਜਨ ਸੋਹੰ ਸ਼ਬਦ ਚੁਗਾਏ ਚੋਗ । ਹਰਿ ਭਜਨ ਹਰਿ ਦੇਵੇ ਦਰਸ ਅਮੋਘ । ਹਰਿ ਭਜਨ ਹਰਿ ਆਪ ਮਿਟਾਏ ਚਿੰਤਾ ਸੋਗ । ਹਰਿ ਭਜਨ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਧੋਗ । ਹਰਿ ਭਜਨ ਆਤਮ ਉਜਿਆਰੀ । ਹਰਿ ਭਜਨ ਦੇਵੇ ਗਿਰਧਾਰੀ । ਹਰਿ ਭਜਨ ਗੁਰਮੁਖ ਸਾਚੇ ਦੁਰਮਤ ਉਤਾਰੀ । ਹਰਿ ਭਜਨ ਹਰਿ ਦੇਵੇ ਦਾਤ ਸ਼ਬਦ ਭੰਡਾਰੀ । ਹਰਿ ਭਜਨ ਸਾਚਾ ਰਾਜ ਸੱਚੀ ਸਿਕਦਾਰੀ । ਹਰਿ ਭਜਨ ਚਰਨ ਲਗਾਏ ਸੱਚਾ ਦਰਬਾਰੀ । ਹਰਿ ਚਰਨ ਫਿਰਨ ਆਏ ਵਡ ਹੰਕਾਰੀ । ਹਰਿ ਚਰਨ ਗੁਰਸਿਖ ਸਾਚੇ ਆਤਮ ਧਾਰੀ । ਹਰਿ ਚਰਨ ਆਤਮ ਜੋਤ ਜਗਾਏ ਅਗੰਮ ਅਪਾਰੀ । ਹਰਿ ਭਜਨ ਪ੍ਰਗਟ ਹੋਏ ਆਪ ਨਿਰੰਕਾਰੀ । ਹਰਿ ਚਰਨ ਵੇਖੇ ਵਿਗਸੇ ਕਰੇ ਵਿਚਾਰੀ । ਹਰਿ ਭਜਨ ਕਾਇਆ ਕੋਟ ਕਿਲਾ ਉਸਾਰੀ । ਹਰਿ ਭਜਨ ਸੋਹੰ ਦੇਵੇ ਸਚ ਅਟਾਰੀ । ਹਰਿ ਭਜਨ ਵਿਚ ਮਾਤ ਨਾ ਹੋਏ ਖਵਾਰੀ । ਹਰਿ ਭਜਨ ਸਾਚੇ ਧਾਮ ਆਪ ਬਹਾਏ ਬਨਵਾਰੀ । ਹਰਿ ਭਜਨ ਏਕਾ ਰੰਗ ਰੰਗੇ ਅਪਾਰੀ । ਹਰਿ ਭਜਨ ਗੁਰਮੁਖ ਖੁਲ੍ਹਾਏ ਦਸਮ ਦਵਾਰੀ । ਹਰਿ ਭਜਨ ਏਕਾ ਜੋਤ ਪ੍ਰਭ ਇਕ ਉਧਾਰੀ । ਹਰਿ ਭਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਮੁਖਾਂ ਨਾਮ ਅਪਾਰੀ । ਹਰਿ ਭਜਨ ਹਰਿ ਕਾ

ਧਿਆਨ । ਹੋਏ ਮੇਲ ਭਗਤ ਭਗਵਾਨ । ਹਰਿ ਭਜਨ ਚਰਨ ਧੂੜ ਇਸ਼ਨਾਨ । ਹਰਿ ਭਜਨ ਆਤਮ ਸਹਿੰਸੇ ਸਰਬ ਮਿਟ ਜਾਣ । ਹਰਿ ਭਜਨ ਏਕਾ ਸ਼ਬਦ ਉਪਜਾਵੇ ਕਾਨ । ਹਰਿ ਭਜਨ ਸਾਚੀ ਧੁਨ ਦੇਵੇ ਮਹਾਨ । ਹਰਿ ਭਜਨ ਆਤਮ ਮਾਰੇ ਸਾਚਾ ਬਾਣ । ਹਰਿ ਭਜਨ ਸਾਚਾ ਦੇਵੇ ਸ਼ਬਦ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਾਚਾ ਦਾਨ । ਹਰਿ ਭਜਨ ਵਡ ਰਾਜਨ ਰਾਜ । ਹਰਿ ਭਜਨ ਪ੍ਰਭ ਸੋਹੰ ਬੰਨ੍ਹਾਏ ਗੁਰਸਿਖਾਂ ਸਿਰ ਤਾਜ । ਹਰਿ ਭਜਨ ਆਪ ਲਗਾਏ ਘਰ ਦਸਵੇਂ ਸਾਚੀ ਆਵਾਜ਼ । ਹਰਿ ਭਜਨ ਗੁਰਸਿਖ ਚੜ੍ਹਾਏ ਸਾਚੇ ਜਹਾਜ । ਹਰਿ ਭਜਨ ਸ਼ਬਦ ਸਰੂਪੀ ਉਡਾਵੇ ਬਾਜ । ਹਰਿ ਭਜਨ ਗੁਰਸਿਖ ਸਵਾਰੇ ਆਪੇ ਕਾਜ । ਹਰਿ ਭਜਨ ਆਪ ਮਿਟਾਏ ਜਗਤ ਤ੍ਰਿਸ਼ਨਾ ਤ੍ਰਿਖਾ ਡਾਂਜ । ਹਰਿ ਭਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਚਰਨ ਰਖਾਏ ਸਾਚੀ ਸਾਂਝ । ਹਰਿ ਭਜਨ ਸਚ ਧਨ ਮਾਲ । ਰਸਨਾ ਜਪ ਨਾ ਹੋਏ ਕੰਗਾਲ । ਹਰਿ ਭਜਨ ਆਤਮ ਹੋਏ ਲਾਲੋ ਲਾਲ । ਹਰਿ ਭਜਨ ਸਾਚਾ ਦੀਪਕ ਜੋਤ ਜਗੇ ਮਿਸਾਲ । ਹਰਿ ਭਜਨ ਸਚ ਸ਼ਬਦ ਸੁਰਤ ਸੰਭਾਲ । ਹਰਿ ਭਜਨ ਭੱਜਣ ਨਾ ਮਾਨਸ ਜਵਾਨੀ ਡਾਲ । ਹਰਿ ਭਜਨ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭੇ ਨਾਲ । ਹਰਿ ਭਜਨ ਹਰਿ ਹਰਿ ਦਾ ਵਾਸ । ਹਰਿ ਭਜਨ ਆਪ ਦਵਾਏ ਗੁਰਸਿਖਾਂ ਸਵਾਸ ਸਵਾਸ । ਹਰਿ ਭਜਨ ਮਾਤ ਗਰਭ ਹੋਏ ਸਹਾਈ, ਆਤਮ ਰੱਖੇ ਵਾਸ । ਹਰਿ ਭਜਨ ਮਾਇਆ ਮਮਤਾ ਕਰੇ ਨਾਸ । ਹਰਿ ਭਜਨ ਸ਼ਬਦ ਉਡਾਰੀ ਆਪ ਲਗਾਏ ਮਾਤ ਪਤਾਲ ਅਕਾਸ਼ । ਹਰਿ ਭਜਨ ਗੁਰਮੁਖ ਕਰਾਏ ਸਚ ਘਰ ਵਾਸ । ਹਰਿ ਭਜਨ ਗੁਰਮੁਖਾਂ ਕਰੇ ਬੰਦ ਖਲਾਸ । ਹਰਿ ਭਜਨ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਹੋਏ ਚਰਨ ਦਾਸ । ਹਰਿ ਭਜਨ ਸ਼ਬਦ ਘਨਘੋਰ । ਹਰਿ ਭਜਨ ਹਰਿ ਸ਼ਬਦ ਚੁਕਾਏ ਮੋਰ ਤੋਰ । ਹਰਿ ਭਜਨ ਗੁਰਸਿਖ ਉਡਾਏ ਪਤੰਗ ਡੋਰ । ਹਰਿ ਭਜਨ ਹਰਿ ਦਿਵਸ ਰੈਣ ਰਖਾਏ, ਸਾਚੀ ਅਨਹਦ ਸਾਚੀ ਧੁਨ ਉਪਜਾਏ, ਸੁਨ ਮੁਨ ਆਪ ਖੁਲ੍ਹਾਏ, ਪੈਂਦੀ ਰਹੇ ਸਦਾ ਘਨਘੋਰ । ਹਰਿ ਭਜਨ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹੇ ਪੰਜੇ ਚੋਰ । ਪੰਜੇ ਚੋਰ ਵਸਣ ਤਨ । ਹਰਿ ਭਜਨ ਨਾ ਲੱਗਣ ਦੇਵੇ ਆਤਮ ਸੰਨ੍ਹ । ਹਰਿ ਭਜਨ ਪ੍ਰਭ ਅਬਿਨਾਸ਼ੀ ਆਪ ਸੁਣਾਏ ਕੰਨ । ਹਰਿ ਭਜਨ ਲੱਗਣ ਦੇਵੇ ਨਾ ਝੂਠਾ ਡੰਨ । ਹਰਿ ਭਜਨ ਅੰਤਮ ਬੇੜਾ ਦੇਵੇ ਬੰਨ੍ਹ । ਹਰਿ ਭਜਨ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰਾਏ ਧੰਨ ਧੰਨ । ਹਰਿ ਭਜਨ ਸ਼ਬਦ ਇਸ਼ਾਰਾ । ਹਰਿ ਭਜਨ ਆਪ ਖੁਲ੍ਹਾਏ ਦਸਮ ਦਵਾਰਾ । ਆਪ ਵਖਾਏ ਪਾਰ ਕਿਨਾਰਾ । ਆਪ ਕਰਾਏ ਜੋਤ ਅਕਾਰਾ । ਆਪ ਆਪਣਾ ਕੀਆ ਪਸਾਰਾ । ਸਚ ਸ਼ਬਦ ਸੱਚੀ ਧੁਨਕਾਰਾ । ਅਨਹਦ ਵੱਜੇ ਪਵਣ ਹੁਲਾਰਾ । ਆਵਣ ਗਵਣ ਬੂਝ ਬੁਝਾਰਾ । ਅੰਮ੍ਰਿਤ ਮੇਘ ਬਰਸੇ ਸਵਣ, ਉਲਟ ਕਵਲ ਚਲੇ ਫੁਹਾਰਾ । ਗੁਰਮੁਖ ਆਤਮ ਹੋਈ ਬਵਲ, ਪ੍ਰਭ ਅਬਿਨਾਸ਼ੀ ਪਾਵੇ ਸਾਰਾ । ਹੋਏ ਪ੍ਰਕਾਸ਼ ਉਪਰ ਧਵਲ, ਪੰਚਮ ਜੇਠ ਕੀਆ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਮਾਣ ਦਵਾਏ, ਸਾਚੀ ਭਿਛਿਆ ਝੋਲੀ ਪਾਏ, ਮੰਗਿਆ ਜਿਸ ਦਵਾਰ । ਮੰਗੇ ਦਾਨ ਦੇਵੇ ਦੀਨਾ ਨਾਥ । ਹੋਏ ਸਹਾਈ ਨਿਭਾਏ ਸਗਲਾ ਸਾਥ । ਸਾਚੇ ਲੇਖ ਲਿਖਾਏ ਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟੇ ਜੋਤ ਆਪ ਪੰਚਮ ਜੇਠ ਤ੍ਰੈਲੋਕੀ ਨਾਥ । ਗੁਰ ਚਰਨ ਜਿਸ ਜਨ ਮੰਗਣਾ । ਮਦਿਰਾ ਮਾਸ ਰਸਨਾ ਤੱਜਣਾ । ਪੀ ਅੰਮ੍ਰਿਤ ਦਰ ਤੇ ਰੱਜਣਾ । ਪ੍ਰਭ ਸਾਚੇ ਪਰਦਾ ਕੱਜਣਾ । ਕਾਇਆ ਝੂਠਾ ਭਾਂਡਾ ਅੰਤਕਾਲ


੫੨
੦੩

ਕਲ ਭੱਜਣਾ । ਗੁਰ ਚਰਨ ਧੂੜ ਦਰ ਸਾਚੇ ਸਾਚਾ ਮਜਨਾ । ਸੋਹੰ ਸ਼ਬਦ ਨਗਾਰਾ ਚਾਰ ਕੁੰਟ ਵਜਣਾ । ਅੰਮ੍ਰਿਤ ਆਤਮ ਝਿਰਨਾ ਝਿਰੇ ਅਪਾਰਾ, ਦੇਵੇ ਦਾਤ ਹਰਿ ਸਾਚਾ ਸਾਕ ਸੈਣ ਸੱਜਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਵੇਲਾ ਗਿਆ ਫੇਰ ਨਾ ਲੱਜਣਾ । ਗੁਰਮੁਖ ਗੁਰ ਹੁਕਮ ਕਮਾਵੇ । ਪ੍ਰਭ ਅਬਿਨਾਸ਼ੀ ਸੰਗ ਰਹਾਵੇ । ਸਾਚੀ ਵਸਤੂ ਵਿਚ ਟਿਕਾਵੇ । ਅੰਮ੍ਰਿਤ ਸਾਚਾ ਮੁਖ ਚਵਾਵੇ । ਸੋਹੰ ਸ਼ਬਦ ਦੇਵੇ ਆਤਮ ਧੀਰਜ ਟੁੱਟ ਨਾ ਜਾਏ । ਵਿਚੋਂ ਕੱਢ ਹਉਮੇ ਪੀੜ, ਮਾਨਸ ਜਨਮ ਨਿਖੁਟ ਨਾ ਜਾਵੇ । ਬਜ਼ਰ ਕਪਾਟੀ ਦੇਵੇ ਚੀਰ, ਆਤਮ ਜਿੰਦਾ ਆਪ ਤੁੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਸਾਚੀ ਕਿਰਪਾ ਆਪ ਕਰਾਵੇ । ਮਦਿਰਾ ਮਾਸ ਗੁਰਸਿਖ ਤਿਆਗੀ । ਆਤਮ ਰਹੇ ਸਦਾ ਵੈਰਾਗੀ । ਏਕਾ ਪ੍ਰੀਤ ਚਰਨ ਗੁਰ ਲਾਗੀ । ਕਲ ਹੋਇਆ ਵਡ ਵਡ ਭਾਗੀ । ਪ੍ਰਭ ਸਾਚਾ ਧੋਏ ਆਤਮ ਦਾਗੀ । ਆਪ ਬਣੇ ਸਤਿਜੁਗ ਸਾਚਾ ਵਾਗੀ । ਸੋਹੰ ਸ਼ਬਦ ਵਜਾਏ ਧੁਨ ਸਾਚਾ ਰਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਗੁਰਮੁਖ ਸਾਚੇ ਚਰਨ ਲਾਗੀ । ਮਦਿਰਾ ਮਾਸ ਰਸਨ ਨਾ ਲਾਵਣਾ । ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਭਰਮ ਭੁਲੇਖਾ ਸਰਬ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਆਪ ਸੁਣਾਵਣਾ । ਸਚ ਸ਼ਬਦ ਹਰਿ ਆਪ ਜਣਾਏ । ਸੋਹੰ ਸਾਚਾ ਰਸਨਾ ਗਾਏ । ਸ਼ਬਦ ਤਮਾਚਾ ਆਪ ਲਗਾਏ । ਆਪੇ ਢਾਲੇ ਸਾਚੇ ਢਾਂਚੇ, ਨਾਮ ਕੁਠਾਲੀ ਆਪੇ ਪਾਏ । ਸਚ ਸਚ ਪ੍ਰਭ ਦੇ ਸੁਹਾਗਾ, ਕੰਚਨ ਰੂਪ ਚੜ੍ਹਾਏ । ਪ੍ਰਭ ਚਰਨ ਜੋ ਜਨ ਲਾਗਾ, ਪ੍ਰਗਟ ਜੋਤ ਦਰਸ ਦਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇਵੇ ਅੰਤ ਸਜਾਏ । ਪ੍ਰਭ ਚਰਨ ਸੇਵ ਜਨ ਕਮਾਏ । ਸਾਚਾ ਜੋੜ ਆਪ ਜੁੜਾਏ । ਲੱਗੀ ਪ੍ਰੀਤੀ ਤੋੜ ਨਿਭਾਏ । ਹਰਿਜਨ ਕੀਤੀ ਨਾ ਕੋਈ ਮੋੜੇ ਨਾ ਮੋੜ ਮੁੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜ ਆਪ ਚੜ੍ਹਾਏ । ਪੂਰਬ ਕਰਮ ਹਰਿ ਵਿਚਾਰ । ਫੂਲਣ ਬਖ਼ਸ਼ੇ ਮਾਲਾ ਹਾਰ । ਉਲਟੀ ਨਾਭੀ ਵਗੇ ਅੰਮ੍ਰਿਤ ਧਾਰ । ਪ੍ਰਭ ਅਬਿਨਾਸ਼ੀ ਜੋਤ ਸਾਚੀ ਲੱਭੀ, ਨਿਰਮਲ ਜੋਤ ਕਰੇ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਦਏ ਸਵਾਰ । ਫੂਲ ਫੂਲੇ ਵਿਚ ਸੰਸਾਰ । ਪੂਰੇ ਤੋਲ ਤੁਲਣਾ ਲਹਿਣਾ ਲੈਣਾ ਹਾਰ । ਪ੍ਰਭ ਅਬਿਨਾਸ਼ੀ ਵਡ ਅਨਮੁਲਣਾ, ਨਾ ਲੈਣਾ ਮਨੋਂ ਵਿਸਾਰ । ਸੋਹੰ ਪੰਘੂੜਾ ਸਾਚਾ ਝੂਲਣਾ, ਪ੍ਰਭ ਦੇਵੇ ਸ਼ਬਦ ਅਧਾਰ । ਹਰਿ ਪਾਇਆ ਕੰਤ ਕੰਤੂਲਣਾ, ਸੁਣ ਲੱਥਾ ਪਾਪਾਂ ਭਾਰ । ਵਡ ਵਡ ਸ਼ਾਹੋ ਵਡ ਵਡ ਦੂਲੋ, ਕਿਰਪਾ ਕਰੀ ਹਰਿ ਅਪਰ ਅਪਾਰ । ਆਪ ਬੰਧਾਏ ਸਾਚਾ ਰੂਲੋ, ਸੋਹੰ ਰੱਖੇ ਸਾਚੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਏ ਤਾਰ । ਆਤਮ ਫੁਲ ਖਿੜੇ ਗੁਲਜ਼ਾਰ । ਅੰਮ੍ਰਿਤ ਝਿਰਨਾ ਝਿਰੇ ਅਪਾਰ । ਕਿਰਨਾ ਕਿਰੇ ਜੋਤ ਅਪਾਰ । ਹਰਨਾ ਫਰਨਾ ਹਰਿ ਖੁਲ੍ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਵਿਚਾਰ । ਹਾਰੋ ਹਾਰ ਆਪ ਕਰ । ਸਾਚੀ ਧਾਰ ਮਾਤ ਧਰ । ਨਾਰੀ ਨਾਰੀ ਏਕ ਕਰ । ਸ਼ਬਦ ਹੁਲਾਰਾ ਦੇਵੇ ਹਰਿ । ਪਵਣ ਮਸਾਣੀ ਚੁੱਕੇ ਡਰ । ਸਚ ਦਰਬਾਰਾ ਲੈਣਾ ਵਰ । ਏਕਾ ਪੁਰਖ ਅਪਾਰਾ ਚਰਨੀ ਲਾਗ ਜਾਣਾ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ । ਫੂਲ ਫੂਲਾਂ ਫੁੱਲ । ਪੂਰੇ ਤੋਲ ਜਾਣਾ ਤੁੱਲ । ਆਤਮ ਪ੍ਰੀਤੀ ਪ੍ਰਭ ਚਰਨ ਕਵਲ, ਅੰਮ੍ਰਿਤ ਆਤਮ ਨਾ ਜਾਏ ਡੁੱਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰਿਖਾ ਅਗਨ ਬੁਝਾਏ ਕਾਇਆ ਝੂਠੀ ਕੁਲ । ਅਗਨ ਤ੍ਰਿਸ਼ਨਾ ਦਏ ਨਿਵਾਰ । ਸਾਚਾ ਸ਼ਬਦ ਦੇਵੇ ਅਧਾਰ ।

ਰਸਨਾ ਗਾਏ ਜਾਏ ਹਰਿ ਕੇ ਦਵਾਰ । ਅਮਰਾ ਪਦ ਪਾਏ ਆਪ ਵਸਾਏ ਹਰਿ ਸਾਚਾ ਘਰ ਬਾਹਰ । ਆਪੇ ਆਪ ਸਦ ਲੈ ਜਾਏ, ਵੇਲੇ ਅੰਤ ਹੋਏ ਸਹਾਰ । ਸੋਹੰ ਸਾਚਾ ਨਾਦ ਵਜਾਏ, ਸ਼ਬਦ ਧੁਨ ਉਪਜੇ ਧੁਨਕਾਰ । ਗੁਰਮੁਖ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਲੰਘਾਏ ਪਾਰ । ਸਾਚਾ ਫੂਲ ਸੋਹੰ ਹਾਰਾ । ਮਿਲਿਆ ਹਰਿ ਸਾਚੇ ਦਾ ਸਚ ਦਵਾਰਾ । ਆਤਮ ਭਰਿਆ ਜਿਸ ਭੰਡਾਰਾ । ਸ਼ਬਦ ਸਰੂਪੀ ਮੇਲ ਮਿਲਾਰਾ । ਅਚਰਜ ਖੇਲ ਕਰੇ ਕਰਤਾਰਾ । ਬਿਨ ਬਾਤੀ ਬਿਨ ਤੇਲ ਕਰੇ ਉਜਿਆਰਾ । ਆਪੇ ਸੱਜਣ ਸੁਹੇਲ ਬਣੇ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸੀਸ ਬੰਧਾਏ ਸੋਹੰ ਸਚ ਦਸਤਾਰਾ । ਸੋਹੰ ਬਖ਼ਸ਼ੇ ਸਾਚਾ ਤਾਜ । ਆਪੇ ਰੱਖੇ ਗੁਰਸਿਖ ਲਾਜ । ਕਾਇਆ ਕੋਟ ਦੇਵੇ ਸੁਖ ਰਾਜ । ਲਾਏ ਸ਼ਬਦ ਚੋਟ ਪੰਜੇ ਜਾਇਣ ਭਾਗ । ਆਤਮ ਕੱਢੇ ਝੂਠਾ ਖੋਟ, ਏਕਾ ਉਪਜੇ ਸਾਚਾ ਰਾਗ । ਬੇਮੁੱਖ ਆਲ੍ਹਣਿਉਂ ਡਿਗੇ ਬੋਟ, ਮਾੜੇ ਹੋਏ ਭਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਧੋਵੇ ਦਾਗ । ਫੂਲ ਕਿਆਰੀ ਸਚ ਫੁਲਵਾੜੀ । ਆਪੇ ਕਰੇ ਪ੍ਰਭ ਸਾਚਾ ਕਾਰੀ । ਸੋਹੰ ਦੇਵੇ ਮਾਤ ਸਰਦਾਰੀ । ਆਪ ਮਿਟਾਏ ਕਾਇਆ ਰਾਤ ਅੰਧਿਆਰੀ । ਏਕਾ ਧਰੇ ਪ੍ਰਭ ਸਾਚਾ ਜੋਤ, ਦਰ ਆਇਆਂ ਕਾਜ ਸਰੇ । ਜੋ ਜਨ ਸਰਨੀ ਪਰੇ । ਜਨਮ ਮਰਨ ਨਾ ਆਵੇ ਡਰੇ । ਸਾਚੀ ਤਰਨੀ ਗੁਰਸਿਖ ਤਰੇ । ਜੋ ਜਨ ਆਏ ਸੱਚੇ ਦਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸਾ ਸਭ ਕਰੇ । ਪੂਰਨ ਆਸਾ ਆਸਾ ਹਾਰੀ । ਪੂਰਾ ਗੁਰ ਗੁਰਸਿਖਾਂ ਜਾਏ ਤਾਰੀ । ਪੂਰਾ
੫੪ ਗੁਰ ਸਾਚਾ ਸ਼ਬਦ ਬਣੇ ਖਿਲਾੜੀ । ਪੂਰਾ ਗੁਰ ਗੁਰਸਿਖ ਲਗਾਏ ਸੱਚੀ ਫੁਲਵਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ੫੪
੦੩ ਪਿਛਾ ਅਗਾੜੀ । ਫੂਲ ਫੁਲਿਆ, ਪ੍ਰਭ ਅਬਿਨਾਸ਼ੀ ਸਦਾ ਅਟਲਿਆ । ਗੁਰਮੁਖ ਸਾਚਾ ਰਹੇ ਨਾ ਇਕਲਿਆ । ਸੋਹੰ ਸ਼ਬਦ ਅੱਠੇ ਪਹਿਰ ਰਹੇ ੦੩
ਤੇਰੇ ਸੰਗ ਰਲਿਆ । ਆਤਮ ਦਰ ਦਰਵਾਜਾ ਸਾਚਾ ਮੱਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਓ ਸਦ ਸਦ ਬਲਿਆ । ਫੂਲ ਵਾਸ਼ਨਾ ਜੋਤ ਪ੍ਰਕਾਸ਼ਨਾ । ਹਰਿ ਹੰਕਾਰ ਵਿਨਾਸਨਾ । ਹੋਏ ਦਾਸ ਦਾਸਨਾ । ਚਲਾਏ ਸ਼ਬਦ ਸਵਾਸ ਸਵਾਸਨਾ । ਆਪ ਕਰਾਏ ਸਾਚਾ ਵਾਸਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਮਾਤ ਪਤਾਲ ਅਕਾਸ਼ਨਾ । ਹਰਿ ਘਰ ਸਾਚਾ ਆਸਾ ਵਰਿਆ । ਸਤਮ ਜੇਠ ਦਿਵਸ ਭਾਗੀ ਭਰਿਆ । ਗੁਰ ਸੰਗਤ ਮਿਲ ਗੁਰਸਿਖ ਤਰਿਆ । ਦਰ ਚਾੜ੍ਹੇ ਨਾਮ ਰੰਗਤ, ਜੋ ਦਰ ਦਵਾਰੇ ਆਏ ਖੜਿਆ । ਹੋਏ ਸਹਾਈ ਜਿਉਂ ਨਾਨਕ ਅੰਗਦ, ਸਾਚੀ ਜੋਤ ਪ੍ਰਭ ਸਾਚਾ ਦੇਵੇ ਧਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਵਡ ਬ੍ਰਹਿਮਾਦੀ ਸਰਬ ਜੀਆਂ ਦਾ ਆਸਾ ਵਰਿਆ । ਆਵਣਾ ਜਾਵਣਾ ਖੇਲ ਵਖਾਣਾ । ਲੇਖ ਲਿਖਾਵਣਾ ਸੋਹੰ ਸਾਚੀ ਮੇਖ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਵਣਾ । ਰਸਨਾ ਗਾਓ ਆਤਮ ਰਹਿਰਾਸ । ਖਾਲੀ ਜਾਏ ਨਾ ਕੋਈ ਸਵਾਸ । ਦਿਵਸ ਰੈਣ ਹਰਿ ਸਦੇ ਵਸੇ ਪਾਸ । ਪ੍ਰਭ ਅਬਿਨਾਸ਼ੀ ਸਰਬ ਗੁਣਤਾਸ । ਜਨ ਭਗਤਾਂ ਹਿਰਦੇ ਰੱਖੇ ਵਾਸ । ਆਤਮ ਸਾਚੀ ਜੋਤ ਕਰੇ ਪ੍ਰਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸ਼ਬਦ ਧਰਵਾਸ । ਸ਼ਬਦ ਧੀਰਜ ਦੇਵੇ ਧਰਵਾਸਾ । ਗੁਰਸਿਖਾਂ ਪੂਰਨ ਕਰੇ ਆਸਾ । ਆਪੇ ਦੇਵੇ ਨਾਮ ਭਰਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਕਲ ਦੁੱਖੜਾ ਨਾਸਾ । ਦੁਖਾਂ ਰੋਗਾਂ ਢੇਰੀ ਢਾਹੇ । ਉਜੜੇ ਹੋਏ ਫੇਰ ਵਸਾਏ । ਪ੍ਰਭ ਦਰ ਆਏ ਜੋ ਬਿਲਲਾਏ ।

ਦੁਖੀਏ ਭੁਖੀਏ ਗਲੇ ਲਗਾਏ । ਆਤਮ ਸੁਖੀਏ ਆਪ ਕਰਾਏ । ਮਾਤ ਕੁਖੀਏ ਸੁਫਲ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਰਸਨਾ ਗਾਓ ਹਰਿ ਗੁਣਵੰਤ । ਪ੍ਰਭ ਅਬਿਨਾਸ਼ੀ ਪੂਰਨ ਭਗਵੰਤ । ਦੇਵੇ ਵਡਿਆਈ ਆਪ ਬਣਾਏ ਸਾਚੇ ਸੰਤ । ਹੋਏ ਸਹਾਏ ਸਰਬ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ ਜੋਤ ਸੋਹੰ ਦੇਵੇ ਸਾਚਾ ਮੰਤ । ਸੋਹੰ ਸਾਚਾ ਮੰਤ ਸਚ ਦਰਬਾਰਿਆ । ਗੁਰਮੁਖ ਸਾਚੇ ਦਰ ਤੇ ਪਾਇਆ । ਸਾਚਾ ਨ੍ਹਾਵਣ ਤੀਰਥ ਨਹਾਇਆ । ਸਾਚਾ ਸੀਰਥ ਪ੍ਰਭ ਮੁੱਖ ਚਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਸਾਚਾ ਮਾਰਗ ਲਾਇਆ । ਸਾਚਾ ਮਾਰਗ ਆਪ ਲਗਾਏ । ਜੂਠ ਝੂਠ ਪ੍ਰਭ ਨਸ਼ਟ ਕਰਾਏ । ਊਚ ਨੀਚ ਦਾ ਭੇਖ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਏ । ਆਪ ਉਠਾਏ ਗੁਰਸਿਖ ਸੋਇਆ । ਸੋਹੰ ਬੀਜ ਸਾਚਾ ਬੋਇਆ । ਪਾਪਾਂ ਮੈਲ ਦੇਵੇ ਧੋਇਆ । ਹਰਿ ਬਿਨ ਅਵਰ ਨਾ ਦੀਸੇ ਕੋਇਆ । ਬੇਮੁਖ ਜੀਵ ਕਲਜੁਗ ਰੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਰਸ ਦਿਖਾਏ ਪੰਚਮ ਜੇਠ ਪ੍ਰਗਟ ਹੋਇਆ । ਪ੍ਰਗਟੇ ਜੋਤ ਪੰਚਮ ਜੇਠ । ਗੁਰਸਿਖ ਰਖਾਏ ਆਪਣੀ ਸਾਇਆ ਹੇਠ । ਸਰਨ ਲਗਾਏ ਵਡ ਵਡ ਸੇਠ । ਕਲਜੁਗ ਜੀਵ ਬਣਾਏ ਕੌੜੇ ਰੇਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਦੇਵੇ ਵਡਿਆਈ, ਸਤਿਜੁਗ ਸਾਚੀ ਨੀਂਹ ਰਖਾਈ, ਜੋਤ ਵਿਚ ਮਾਤ ਹਰਿ ਆਈ । ਨਿਹਕਲੰਕ ਨਾਉਂ ਰਖਾਈ ਪੰਚਮ ਜੇਠ । ਪੰਚਮ ਜੇਠ ਜੇਠ ਸਿਠਾਣਿਆਂ । ਤੋੜੇ ਮਾਣ ਸਰਬ ਮਹਾਂਰਾਣਿਆਂ । ਬੇਮੁੱਖ ਭੁੰਨੇ ਜਿਉਂ ਭਠਿਆਲੇ ਦਾਣਿਆਂ । ਸੋਹੰ ਚਲਾਏ ਸਾਚਾ ਬਾਣਿਆਂ । ਸਾਚਾ ਹੁਕਮ ਧੁਰਦਰਗਾਹੀ ਸਚ ਕਰੇ ਫੁਰਮਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਗਲ ਲਗਾਏ ਬਾਲ ਅੰਞਾਣਿਆਂ । ਸਾਚਾ ਸ਼ਬਦ ਸੱਚਾ ਸੁਲਤਾਨ । ਸੋਹੰ ਪਹਿਨੇ ਤੀਰ ਕਮਾਨ । ਧੀਰਜ ਫੜੇ ਹੱਥ ਕਿਰਪਾਨ । ਗੁਰਮੁਖਾਂ ਦੇਵੇ ਸਾਚਾ ਦਾਨ । ਸਾਚੇ ਤਖ਼ਤ ਬੈਠਾ ਵਡ ਰਾਜਾ ਰਾਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਤਮ ਸਿੰਘਾਸਣ ਰਿਹਾ ਮਾਣ । ਆਤਮ ਸਿੰਘਾਸਣ ਸਾਚਾ ਸ਼ਾਹੋ । ਡੇਰਾ ਲਾਇਆ ਬੇਪਰਵਾਹੋ । ਦਿਸ ਨਾ ਆਇਆ ਅਗੰਮ ਅਥਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਦ ਰੱਖ ਮਿਲਣ ਦਾ ਚਾਓ । ਪ੍ਰਭ ਮਿਲਣ ਦਾ ਰਾਖੋ ਚਾਅ । ਆਪ ਬਹਾਵੇ ਸਾਚੇ ਥਾਂ । ਆਵਣ ਜਾਵਣ ਗੇੜ ਮੁਕਾ । ਪਤਤ ਪਾਵਣ ਦਇਆ ਕਮਾ । ਭਗਤ ਭਗਵਾਨ ਦੇਵੇ ਮੇਲ ਮਿਲਾ । ਜੋਤੀ ਜੋਤ ਹਰਿ ਜੋਤੀ ਖੇਲ ਕਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਗੁਰਸਿਖ ਬਹਾਏ ਸਾਚੇ ਥਾਂ । ਸਚਖੰਡ ਹਰਿ ਕਾ ਦਵਾਰ । ਝਿਲਮਿਲ ਝਿਲਮਿਲ ਹੋਏ ਝਿਲਕਾਰ । ਬਾਲੂ ਬਿਮਲ ਜਿਉਂ ਚਮਤਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਜੋਤ ਕਰੇ ਅਕਾਰ । ਏਕਾ ਜੋਤ ਇਕ ਅਕਾਰ । ਏਕਾ ਰੰਗ ਇਕ ਪਸਾਰ । ਗੁਰ ਨਾਨਕ ਜਾਏ ਹਰਿ ਦਰਬਾਰ । ਦਰ ਘਰ ਸਾਚੇ ਕਰੇ ਨਿਮਸਕਾਰ । ਆਤਮ ਭਰੇ ਹਰਿ ਭੰਡਾਰ । ਦੇਵੇ ਸ਼ਬਦ ਜੋਤ ਅਧਾਰ । ਸਤਿ ਨਾਮ ਮੰਤਰ ਅਪਾਰ । ਸ੍ਰਿਸ਼ਟ ਸਬਾਈ ਲਾਏ ਪਾਰ । ਚਾਰ ਕੁੰਟ ਕਰਾਏ ਸਚ ਵਿਹਾਰ । ਬੇਮੁਖ ਨਸ਼ਟ ਕਰਾਏ ਦੁਸ਼ਟ ਦੁਰਾਚਾਰ । ਜੋਤੀ ਜੋਤ ਸਰੂਪ ਹਰਿ ਆਪੇ ਕਰੇ ਆਪਣਾ ਵਰਤਾਰ । ਸਚ ਦਵਾਰਾ ਨਾਨਕ ਮੰਗਿਆ । ਜੋਤ ਸਰੂਪੀ ਸਾਚੇ ਰੰਗਿਆ । ਹੋਏ ਸਹਾਈ ਸਦਾ ਅੰਗ ਸੰਗਿਆ । ਸ਼ਬਦ ਅਸਵ ਅਸਵਾਰ ਕਸਾਏ ਤੰਗਿਆ । ਜੋਤੀ ਜੋਤ ਸਰੂਪ ਹਰਿ, ਵਰ ਦੇਵੇ ਜੋ ਦਰ ਸਾਚੇ ਮੰਗਿਆ । ਸਾਚਾ

ਨਾਮ ਜਗਤ ਸੁਣਾਇਆ । ਸਚ ਜਾਪ ਦਾ ਨਾਮ ਜਪਾਇਆ । ਹਉਮੇ ਸਾਰਾ ਤਾਪ ਗਵਾਇਆ । ਬੇਮੁਖਾਂ ਅੰਤਮ ਆਪ ਭੁਲਾਇਆ । ਨਿਹਕਲੰਕ ਕਲ ਜਾਮਾ ਪਾਇਆ । ਬੇਮੁਖਾਂ ਦੇਵੇ ਅੰਤ ਸਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਨਾਮ ਅਖਵਾਇਆ । ਨਰਾਇਣ ਨਰ ਤੇਰੀ ਸਿਕਦਾਰੀ । ਤੀਨ ਲੋਕ ਤੇਰੇ ਚਰਨ ਪਨਿਹਾਰੀ । ਸਾਚਾ ਸ਼ਬਦ ਤੇਰਾ ਲਸ਼ਕਰ ਭਾਰੀ, ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾਹੜੀ । ਚਾਰ ਕੁੰਟ ਕਰਾਏ ਉਜਾੜ ਉਜਾੜੀ । ਏਕਾ ਜੋਤ ਅਗਨ ਲਗਾਏ ਜੰਗਲ ਜੂਹ ਪਹਾੜੀ । ਗੁਰਮੁਖ ਸਾਚੇ ਮਗਨ ਰਖਾਏ, ਗੁਰ ਚਰਨ ਲੱਗੇ ਆਤਮ ਤਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਵਿਚ ਬਹੱਤਰ ਨਾੜੀ । ਨਾੜੀ ਨਾੜੀ ਹਰਿ ਕਾ ਵਾਸ । ਸਾਚੀ ਜੋਤ ਕਰੇ ਪ੍ਰਕਾਸ਼ । ਜੋ ਜਨ ਹੋਏ ਹਰਿ ਕਾ ਦਾਸ । ਪ੍ਰਭ ਅਬਿਨਾਸ਼ੀ ਆਤਮ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਏ ਸਵਾਸ ਸਵਾਸ । ਸਵਾਸ ਸਵਾਸ ਸ਼ਬਦ ਚਲਾਵੇ । ਦੀਪਕ ਜੋਤ ਆਪ ਜਗਾਵੇ । ਮਾਣਕ ਮੋਤੀ ਗੁਰਸਿਖ ਬਣਾਵੇ । ਦੁਰਮਤ ਮੈਲ ਧੋਤੀ ਹਰਿ ਦਰਸ਼ਨ ਪਾਵੇ । ਆਪ ਜਗਾਵੇ ਆਤਮ ਸੋਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਇਆ ਕਮਾਵੇ । ਆਤਮ ਸੋਤੀ ਆਪ ਜਗਾਵੇ । ਕਾਗੋਂ ਹੰਸ ਆਪ ਬਣਾਏ । ਸਾਚੀ ਚੋਗ ਨਾਮ ਚੁਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਭਾਏ ਸੰਗ ਦਇਆ ਕਮਾਏ । ਪ੍ਰਭ ਅਬਿਨਾਸ਼ੀ ਰੱਖ ਸਨਮੁੱਖ । ਆਤਮ ਤ੍ਰਿਸ਼ਨਾ ਉਤਰੇ ਭੁੱਖ । ਆਤਮ ਲੱਗੇ ਨਾ ਝੂਠਾ ਦੁੱਖ । ਮਾਤ ਗਰਭ ਨਾ ਹੋਵੇ ਉਲਟਾ ਰੁਖ । ਸੁਫਲ ਕਰਾਏ ਮਾਤ ਕੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦਰਸ਼ਨ ਪਾਓ, ਆਪ ਨਿਵਾਰੇ ਭੁਖਿਆਂ ਭੁੱਖ । ਤ੍ਰਿਸ਼ਨਾ ਭੁੱਖ ਨਿਵਾਰ । ਸੋਹੰ ਦੇਵੇ ਤਨ ਸ਼ਿੰਗਾਰ । ਆਤਮ ਦੇਵੇ ਬੰਨ੍ਹ, ਨਾ ਜਾਵੇ ਦਹਿ ਦਿਸ਼ ਧਾਰ । ਪ੍ਰਭ ਸ਼ਬਦ ਸੁਣਾਵੇ ਕੰਨ, ਸੋਹੰ ਸਾਚੀ ਗੁੰਜਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਧਾਰ । ਧੰਨ ਧੰਨ ਧਨਈਆ । ਨਈਆ ਆਪ ਚੜ੍ਹਾਏ ਸੋਹੰ ਚੱਪੂ ਸ਼ਬਦ ਲਗਈਆ । ਭਵ ਜਲ ਬੇੜਾ ਪਾਰ ਕਰਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਦਵਈਆ । ਸਾਚਾ ਨਾਮ ਸ਼ਬਦ ਅਪਾਰਾ । ਉਤਰੇ ਪਾਰ ਨਾਰੀ ਨਾਰਾ । ਬਿਰਧਾਂ ਬਾਲਾਂ ਪ੍ਰਭ ਪਾਵੇ ਸਾਰਾ । ਜੋ ਜਨ ਆਏ ਦਰ ਦਵਾਰਾ । ਸੋਹੰ ਨਾਮ ਰਸਨਾ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਗਿਰਧਾਰਾ । ਗਿਰਵਰ ਗਿਰਧਾਰਾ ਦੇਵਣਹਾਰ ਦਾਤਾਰਾ । ਸਰਬ ਜੀਆਂ ਦੀ ਪਾਵੇ ਸਾਰਾ । ਪੂਰਨ ਜੋਤ ਸਚ ਕਰੇ ਵਿਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲਿਆ ਅਵਤਾਰਾ । ਪੰਚਮ ਜੇਠ ਮਾਤਮ ਮਾਤੀ । ਪ੍ਰਗਟੇ ਜੋਤ ਹਰਿ ਪ੍ਰਭਾਤੀ । ਗੁਰਸਿਖਾਂ ਦੇਵੇ ਆਤਮ ਬੂੰਦ ਸਵਾਂਤੀ । ਬੇਮੁਖਾਂ ਆਤਮ ਲਾਏ ਕਾਤੀ । ਦੇਵੇ ਦਰਸ ਹਰਿ ਸੁਤਿਆਂ ਰਾਤੀ । ਗੁਰਮੁਖ ਪੜ੍ਹਾਏ ਇਕ ਜਮਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਮਿਲਿਆ ਕਮਲਾਪਾਤੀ । ਕਵਲ ਪੱਤ ਰੱਖੇ ਜੱਤ, ਦੇਵੇ ਮਤ ਸਾਚਾ ਤਤ, ਸੋਹੰ ਬੀਜੇ ਸਚ ਵਤ । ਨਿਰਮਲ ਦੇਹ ਨਾ ਲੱਗੇ ਰੱਤ । ਸਾਚਾ ਨਾਮ ਰਸਨਾ ਚਰਖੇ ਲੈਣਾ ਕੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਰੱਖੇ ਆਪੇ ਪਤ । ਪਤਿਪਰਮੇਸ਼ਵਰ ਸਰਬ ਪ੍ਰਧਾਨ । ਗੁਰਸਿਖ ਬਣਾਏ ਚਤੁਰ ਸੁਜਾਨ । ਸੋਹੰ ਦੇਵੇ ਸਾਚਾ ਨਾਮ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਡ ਬਲੀ ਬਲਵਾਨ ।


੫੬
੦੩

### ✻ ੭ ਜੇਠ ੨੦੧੦ ਬਿਕ੍ਰਮੀ ਪਿੰਡ ਜੇਠੂਵਾਲ ਜੀਵਣ ਸਿੰਘ ਦੇ ਗ੍ਰਿਹਿ ਜ਼ਿਲਾ ਅੰਮ੍ਰਿਤਸਰ ✻

ਲਿਖੀ ਲਿਖਤ ਹਰਿ ਆਪ ਮਿਟਾਏ । ਸਾਚਾ ਲੇਖ ਫੇਰ ਲਿਖਾਏ । ਝੂਠਾ ਭੇਖ ਰਹੇ ਨਾ ਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਆਪਣੇ ਭਾਏ । ਆਪਣੇ ਭਾਣੇ ਆਪ ਚਲਾਵਣਾ । ਗੁਰਮੁਖ ਭੁੱਲਿਆਂ ਰਾਹੇ ਪਾਵਣਾ । ਵਿਚ ਸੰਸਾਰ ਫਲੇ ਫੁਲਿਆ, ਪ੍ਰਭ ਅਬਿਨਾਸ਼ੀ ਰਸਨਾ ਗਾਵਣਾ । ਚਰਨ ਪ੍ਰੀਤੀ ਘੋਲ ਘੁਲਿਆ, ਆਤਮ ਰਸ ਹਰਿ ਸਚ ਦਵਾਣਾ । ਸਚ ਭੰਡਾਰਾ ਪ੍ਰਭ ਦਾ ਖੁਲ੍ਹਿਆ, ਦਰ ਮੰਗਿਆ ਦਾਨ ਪ੍ਰਭ ਸਾਚੇ ਝੋਲੀ ਪਾਵਣਾ । ਆਦਿ ਬਿਆਧ ਮਿਟਾਈ । ਆਤਮ ਸਾਧ ਦਇਆ ਕਮਾਈ । ਵਿਚ ਵਿਰੋਧ ਰਹੇ ਨਾ ਰਾਈ । ਏਕੋ ਏਕ ਪਾਇਆ ਹਰਿ ਰਘੁਰਾਈ । ਸਾਚੀ ਦੇਵੇ ਨਾਮ ਵਡਿਆਈ । ਪ੍ਰਭ ਅਬਿਨਾਸ਼ੀ ਮਾਧਵ ਮਾਧ ਹੋਏ ਆਪ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖੀ ਲਿਖਤ ਦੇਵੇ ਮਿਟਾਈ । ਲਿਖਿਆ ਲੇਖ ਧੁਰਦਰਗਾਹੀ । ਪ੍ਰਭ ਸਾਚੇ ਆਪੇ ਆਪ ਦਏ ਮਿਟਾਈ । ਸਾਚਾ ਲੇਖਾ ਘਰ ਸਾਚੇ ਆਪ ਦਏ ਲਿਖਾਈ । ਗੁਰਮੁਖ ਸਾਚੇ ਆਪ ਤਰਾਏ ਫੜ ਕੇ ਦੋਵੇਂ ਬਾਹੀਂ । ਫੜੇ ਦੋਵੇਂ ਬਾਹੀਂ, ਕਲਜੁਗ ਜੀਵ ਭੁੱਲਿਆ ਪ੍ਰਭ ਸਾਚਾ ਪਾਏ ਰਾਹੀ । ਪੂਰੇ ਤੋਲ ਜੋ ਜਨ ਤੁਲਿਆ, ਦੇਵੇ ਵਡਿਆਈ ਸਭਨੀ ਥਾਈਂ । ਹਰਿ ਦਵਾਰਾ ਸਦਾ ਰਹੇ ਖੁੱਲਿਆ, ਗੁਰਮੁਖ ਸਾਚੇ ਝੋਲੀ ਭਰ ਘਰ ਲੈ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਨਾ ਭੁੱਲਿਆ, ਪ੍ਰਭ ਸਾਚਾ ਹੋਏ ਸਹਾਈ । ਭੁਲਣਾ ਭੁਲਾਣਾ, ਰੁੱਲਣਾ ਰੁਲਾਣਾ, ਕੁਲਣਾ ਗਾਵਣਾ, ਦਰ ਘਰ ਸਾਚੇ ਗੁਰਮੁਖ ਸਾਚੇ ਭੁੱਲ ਬਖ਼ਸ਼ਾਣਾ । ਆਤਮ ਕਾਇਆ ਭਾਂਡੇ ਕਾਚੇ, ਪ੍ਰਭ ਸਾਚੀ ਵਸਤ ਟਿਕਾਣਾ । ਹਰਿ ਹਿਰਦੇ ਜਨ ਸਾਚਾ ਵਾਚੇ, ਪ੍ਰਭ ਸਾਚੀ ਲਿਖਤ ਲੇਖ ਕਰਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਵਕਤ ਸੁਹਾਣਾ । ਵਕਤ ਸੁਹਾਵਾ ਆਪੇ ਕੀਆ । ਸੋਹੰ ਬੀਜ ਸਾਚਾ ਬੀਆ । ਆਤਮ ਜੋਤ ਜਗਾਇਆ ਸਾਚਾ ਦੀਆ । ਗੁਰਸਿਖ ਤੇਰੀ ਆਤਮ ਜੋਤ ਜਗਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਕਰਾਏ ਤੇਰਾ ਜੀਆ । ਨਿਰਮਲ ਜੀਆ ਨਿਰਮਲ ਬੁੱਧ । ਆਪ ਕਰਾਏ ਗੁਰਮੁਖ ਕਾਰਜ ਸਿਧ । ਆਪ ਬਣਾਏ ਆਪਣੀ ਬਿਧ । ਤਨ ਮਨ ਦਰ ਘਰ ਸਾਚੇ ਆਪ ਉਪਜਾਏ ਘਰ ਨਵ ਨਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੀ ਬਿਧ । ਨਵ ਨਿਧ ਹਰਿ ਆਪ ਉਪਜਾਵੇ । ਦੁੱਖ ਭੁੱਖ ਹਰਿ ਰੋਗ ਗਵਾਵੇ । ਸਾਚਾ ਸੁਖ ਹਰਿ ਘਰ ਉਪਜਾਵੇ । ਉਜਲ ਮੁਖ ਜਗਤ ਰਹਿ ਜਾਵੇ । ਗੁਰ ਚਰਨੀ ਜੋ ਜਨ ਸੀਸ ਝੁਕਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਦਿਵਸ ਰੈਣ ਸਦ ਰਸਨਾ ਗਾਵੇ । ਰਸਨਾ ਗਾਵਣਾ ਦੁੱਖ ਮਿਟਾਵਣਾ, ਭੁੱਖ ਗਵਾਵਣਾ, ਸੁਖ ਉਪਜਾਵਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਤਰ ਪੇਖ ਆਤਮ ਸ਼ਾਂਤ ਕਰਾਵਣਾ । ਨੇਤਰ ਪੇਖ ਦੀਨ ਦਿਆਲਾ । ਭਗਤ ਵਛਲ ਹਰਿ ਹਰਿ ਕਿਰਪਾਲਾ । ਗੁਰਸਿਖਾਂ ਦੇਵੇ ਆਪੇ ਬਾਲਾ । ਚਰਨ ਪ੍ਰੀਤੀ ਲਗਾਣ ਘਾਲਾ । ਸੁੱਕੇ ਫੂਲ ਲਗਾਏ ਡਾਲਾ । ਆਪੇ ਬਣੇ ਗੁਰਸਿਖ ਤੇਰਾ ਗੁਰ ਦਲਾਲਾ । ਸੋਹੰ ਦੇਵੇ ਆਤਮ ਸਾਚੀ ਮਾਲਾ । ਗਲੋਂ ਕੱਟੇ ਪ੍ਰਭ ਸਾਚਾ ਜਗਤ ਜੰਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਕਦੇ ਨਾ ਕੰਗਾਲਾ । ਆਪ ਜੰਜਾਲਾ ਦੇਵੇ ਕੱਟ । ਸੋਹੰ ਤਨ ਪਹਿਨਾਏ ਸਾਚਾ ਪਟ । ਹਉਮੇ ਮੈਲ ਪ੍ਰਭ ਸਾਚਾ ਆਤਮ ਦੇਵੇ ਕੱਟ । ਏਕਾ ਆਤਮ ਨੀਰ ਵਹਾਏ, ਏਕਾ ਤੀਰਥ ਏਕਾ ਤੱਟ । ਪ੍ਰਭ ਅਬਿਨਾਸ਼ੀ ਜੋਤ ਜਗਾਏ ਵਸੇ ਘਟ ਘਟ । ਮਹਾਰਾਜ ਸ਼ੇਰ ਸਿੰਘ

੫੮
੦੩

ਵਿਸ਼ਨੂੰ ਭਗਵਾਨ, ਦਿਵਸ ਰੈਣ ਪਹਿਨਾਏ ਸਾਚਾ ਪਟ । ਭੁੱਖ ਦੁੱਖ ਗਿਆ ਰੋਗ । ਆਪ ਮਿਟਾਏ ਚਿੰਤਾ ਸੋਗ । ਦੇਵੇ ਦਰਸ ਹਰਿ ਅਮੋਘ । ਏਕਾ ਸੋਹੰ ਬਖ਼ਸ਼ੇ ਸਾਚਾ ਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਆਪਣ ਚੋਜ । ਚੋਜਨ ਚੋਜੀ ਖੋਜਨ ਖੋਜੀ । ਆਪੇ ਦੇਵੇ ਪ੍ਰਭ ਸਾਚਾ ਰੋਜੀ । ਪ੍ਰਗਟੇ ਜੋਤ ਹਰਿ ਹਰਿ ਹਰਿ ਚਤੁਰ ਭੋਜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਰਖਾਏ ਆਪਣੇ ਮੌਜੀ । ਮੌਜ ਮੇਲਾ ਵਕਤ ਸੁਹੇਲਾ । ਸਚ ਖੇਲ ਪ੍ਰਭ ਸਾਚੇ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਇਆ ਆਪਣਾ ਮੇਲਾ । ਮੇਲ ਮਿਲਾਵਾ ਆਪਣਾ ਕਰ । ਦੁੱਖ ਦਰਦ ਹਰਿ ਜਾਏ ਹਰ । ਜਨਮ ਕਰਮ ਦੋਏ ਸੁਫਲ ਕਰ । ਗੁਰਸਿਖ ਸਾਚੇ ਤੇਰੀ ਸਰਨੀ ਜਾਇਣ ਪੜ । ਚਰਨ ਧੂੜੀ ਮਿਲੇ ਮਜੂਰੀ । ਪ੍ਰਭ ਅਬਿਨਾਸ਼ੀ ਸਦਾ ਹਜ਼ੂਰੀ । ਗੁਰਮੁਖ ਸਾਚੇ ਆਤਮ ਨੂਰੋ ਨੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸਰਬ ਕਲਾ ਭਰਪੂਰੀ । ਭਰਪੂਰਾ ਵਡ ਸੂਰਾ । ਸਦ ਵਸੇ ਨੇੜਨਾ ਨਾ ਜਾਣੋ ਦੂਰਾ । ਜੋਤ ਸਰੂਪੀ ਹਾਜ਼ਰ ਹਜ਼ੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਸ਼ਬਦ ਸਰੂਰਾ । ਸ਼ਬਦ ਨਾਮ ਲੇਖਾ ਲਿਖ । ਦੂਈ ਦਵੈਤ ਉਤਾਰੇ ਤ੍ਰਿਖ । ਸਾਚੀ ਦੇਵੇ ਨਾਮ ਭਿੱਖ । ਕਾਇਆ ਲੋਭ ਨਾ ਰਹੇ ਵਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਸਤਿਜੁਗ ਹੋਵੇ ਪੂਰਨ ਸਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ । ਨਿਜ਼ਾਨੰਦ ਨਿਜ ਘਰ ਮੇਂ ਪਾਓ । ਪਰਮਾਨੰਦ ਦੇ ਵਿਚ ਸਮਾਓ । ਬੰਦ ਬੰਦ ਵਿਚ ਜੋਤ ਜਗਾਓ । ਆਤਮ ਕੰਧ ਪਰੇ ਹਟਾਓ । ਸੋਹੰ ਛੰਦ ਆਪ ਸੁਣੋ ਅਵਰ ਸੁਣਾਓ । ਮਦਿਰਾ ਮਾਸ ਰਸਨਾ ਲਾਵਣਾ ਗੰਦ, ਪ੍ਰਭ ਅਬਿਨਾਸ਼ੀ ਦੇ ਸਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਬੇਪਰਵਾਹੋ । ਮਦਿਰਾ ਮਾਸੀ ਆਤਮ ਅੰਧੇ । ਬੱਤੀ ਦੰਦੇ ਕਰਾਏ ਗੰਦੇ । ਆਤਮ ਦਰ ਦਰਵਾਜੇ ਵੱਜੇ ਜੰਦੇ । ਆਤਮ ਹੋਇਆ ਅੰਧੇਰ ਜਿਉਂ ਮੱਸਿਆ ਚੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਦੇ ਸਜ਼ਾਏ ਸੋਹੰ ਰੰਦੇ ਰੰਦੇ । ਸੋਹੰ ਰੰਦੇ ਆਪ ਰੰਗਾਵਣਾ । ਹੱਡ ਮਾਸ ਹਰਿ ਆਪ ਵਡ ਵਡ ਖੱਡ ਪਾਵਣਾ । ਅਠਾਈ ਕੁੰਡ ਵਿਚ ਫਿਰਾਵਣਾ । ਧਰਮ ਰਾਏ ਦੇ ਹੱਥ ਫੜਾਵਣਾ । ਤਤੀਆਂ ਤਵੀਆਂ ਉਤੇ ਬਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਨਸ਼ਟ ਕਰਾਵਣਾ । ਧਰਮ ਰਾਏ ਦਰ ਸਚ ਪੁਕਾਰੇ । ਖ਼ਾਲੀ ਭਰ ਹਰਿ ਮੇਰੇ ਭੰਡਾਰੇ । ਕਲਜੁਗ ਜੀਵ ਹੋਏ ਬੇਮੁਖ ਸਾਰੇ । ਅੰਧ ਅੰਧਿਆਰ ਵਰਤਿਆ ਵਿਚ ਸੰਸਾਰੇ । ਠੱਗ ਚੋਰ ਯਾਰ ਲੁੱਟਣ ਘਰ ਬਾਹਰੇ । ਝੂਠੀ ਹੋਈ ਮਾਤ ਸਰਕਾਰੇ । ਡਾਕੇ ਵੱਜਣ ਦਿਨ ਦਿਹਾੜੇ । ਨਿਹਕਲੰਕ ਆਇਆ ਕਲ ਜਾਮਾ ਧਾਰ, ਘਰ ਘਰ ਪੈਣ ਪਵਾੜੇ । ਪ੍ਰਭ ਸਾਚਾ ਦਇਆ ਕਮਾਏ । ਗੁਰਸਿਖਾਂ ਨਾਮ ਜਪਾਏ । ਜਗਤ ਭੰਵਰ ਚੋਂ ਬਾਹਰ ਕਢਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਰਮ ਦੀ ਜੈ ਜੈ ਜੈਕਾਰ ਕਰਾਏ । ਸਚ ਧਰਮ ਸਚ ਜੈਕਾਰਾ । ਸਚ ਸਚ ਕਰੇ ਜਗਤ ਵਿਹਾਰਾ । ਚਾਰ ਵਰਨ ਇਕ ਰਖਾਏ ਸਚ ਦਵਾਰਾ । ਊਚ ਨੀਚ ਨਾ ਪ੍ਰਭ ਵਿਚਾਰਾ । ਸੂਚੋ ਸੂਚ ਆਪ ਗਿਰਧਾਰਾ । ਚਾਰ ਕੁੰਟ ਦਰ ਆਏ ਸਾਚੇ ਗੁਰਚਰਨ ਕਰੇ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁੱਚ ਕਰੇ ਵਰਤਾਰਾ । ਸਚ ਸੁੱਚ ਤੇਰਾ ਵਰਤਾਰ । ਸਚ ਸੁੱਚ ਤੇਰਾ ਅਧਾਰ । ਸਚ ਸੁੱਚ ਤੇਰਾ ਹਰਿ ਸਿਕਦਾਰ । ਸਚ ਸੁੱਚ ਤੇਰੀ ਸਾਚੀ ਧਾਰ । ਸਚ ਸੁੱਚ ਵਰਤਾਵੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਲਾਏ ਪਾਰ । ਸਚ ਸੁੱਚ

ਸਤਿ ਸੰਤੋਖ । ਸਚ ਸੁੱਚ ਗੁਰਸਿਖਾਂ ਦੇਵੇ ਮੋਖ । ਸਚ ਸੁੱਚ ਆਤਮ ਨਿਵਾਰੇ ਸਭ ਦੋਖ । ਸਚ ਸੁੱਚ ਆਪ ਗਵਾਏ ਤ੍ਰਿਸ਼ਨਾ ਭੋਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰਾਏ ਉਜਲ ਮੁਖ । ਉਜਲ ਮੁਖ ਗੁਰਸਿਖ ਤੇਰਾ । ਪ੍ਰਭ ਅਬਿਨਾਸ਼ੀ ਆਪ ਕਰਾਏ ਨਬੇੜਾ । ਆਪ ਕਟਾਏ ਤੇਰਾ ਲੱਖ ਚੁਰਾਸੀ ਗੇੜਾ । ਆਵਣ ਜਾਵਣ ਜਾਵਣ ਆਵਣ, ਆਪ ਮੁਕਾਏ ਝੇੜਾ । ਪ੍ਰਭ ਅਬਿਨਾਸ਼ੀ ਪਤਿਤ ਪਾਵਣ, ਬੰਨ੍ਹ ਵਖਾਏ ਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਪਾਰ ਲੰਘਾਏ ਕਿਹੜਾ । ਗੁਰਮੁਖਾਂ ਹਰਿ ਕਰਮ ਵਿਚਾਰਿਆ । ਜਨਮ ਮਰਨ ਹਰਿ ਆਪ ਸਵਾਰਿਆ । ਸਾਚਾ ਧਰਮ ਸਾਚਾ ਵਰਨ ਵਿਚ ਸਾਚੀ ਜੋਤ ਜਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਮੇਲ ਮਿਲਾ ਰਿਹਾ । ਮਿਲਿਆ ਮੇਲ ਸਚ ਕਰਤਾਰਾ । ਚੜ੍ਹੇ ਰੰਗ ਅਪਰ ਅਪਾਰਾ । ਨਾ ਆਵੇ ਭੁੱਖ ਨੰਗ, ਸੋਹੰ ਦੇਵੇ ਸ਼ਬਦ ਭੰਡਾਰਾ । ਜੋ ਦਰ ਮੰਗੇ ਸਾਚੀ ਮੰਗ, ਦੇਵਣਹਾਰ ਹਰਿ ਦਾਤਾਰਾ । ਹੋਏ ਸਹਾਈ ਸਦਾ ਅੰਗ ਸੰਗ, ਦਿਵਸ ਰੈਣ ਹੋਏ ਰਖਵਾਰਾ । ਆਪ ਚੜ੍ਹਾਏ ਅੰਮ੍ਰਿਤ ਸਾਚੀ ਕੰਗ, ਆਤਮ ਚਲੇ ਸਚ ਫੁਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣੇ ਆਪ ਵਰਤਾਰਾ । ਅੰਮ੍ਰਿਤ ਮੇਘ ਆਪ ਬਰਸਾਏ । ਗੁਰਮੁਖ ਸਾਚੇ ਆਪ ਤਰਾਏ । ਵਿਚ ਦੇਸ ਮਾਝੇ ਜੋਤ ਜਗੀ ਹਰਿ ਰਾਏ । ਅਨਹਦ ਸ਼ਬਦ ਅਨਾਹਦ ਵਾਜੇ ਦਿਵਸ ਰੈਣ ਹਰਿ ਰਿਹਾ ਵਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਗੁਰਮੁਖ ਸਾਚੇ ਵਿਚ ਸਮਾਏ । ਗੁਰਮੁਖ ਸਾਚੇ ਪ੍ਰਭ ਡੇਰਾ ਲਾਇਆ । ਆਪ ਆਪਣਾ ਭੇਵ ਰਖਾਇਆ । ਵਡ ਵਡ ਦੇਵੀ ਦੇਵ ਸਰਬ ਭੁਲਾਇਆ । ਗੁਰਮੁਖ ਸਾਚੀ ਸੇਵ ਆਪ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਮੇਵ ਮੁਖ ਲਗਾਇਆ । ਪੂਰਨ ਜੋਤ ਪੂਰਨ ਪ੍ਰਕਾਸ਼ । ਅਗਿਆਨ ਅੰਧੇਰਾ ਜਾਏ ਵਿਨਾਸ । ਦੁੱਖਾਂ ਡੇਰਾ ਹੋਇਆ ਨਾਸ । ਪ੍ਰਭ ਅਬਿਨਾਸ਼ੀ ਪਾਇਆ ਫੇਰਾ, ਗੁਰਸਿਖਾਂ ਹੋਇਆ ਦਾਸ । ਆਪ ਚੁਕਾਏ ਤੇਰਾ ਮੇਰਾ, ਗੁਰਸਿਖਾਂ ਸੋਹੰ ਜਪਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸ । ਰਾਜ ਦਵਾਰਾ ਹਰਿ ਭਗਵੰਤ । ਗੁਰਮੁਖ ਸਾਚੇ ਮੰਗਣ ਸੰਤ । ਆਪ ਬਣਾਏ ਸਾਚੀ ਬਣਤ । ਦੇਵੇ ਵਡਿਆਈ ਵਿਚ ਵਿਚ ਜੀਵ ਜੰਤ । ਪ੍ਰਭ ਸਾਚੇ ਦੀ ਮਹਿੰਮਾ ਬੜੀ ਅਗਣਤ । ਸੋਹੰ ਦੇਵੇ ਸਾਚਾ ਮੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਸਾਚਾ ਕੰਤ । ਸ੍ਰਿਸ਼ਟ ਸਬਾਈ ਏਕਾ ਕੰਤਾ । ਲੱਖ ਚੁਰਾਸੀ ਵਿਚ ਰਹੰਤਾ । ਬੰਦ ਖਲਾਸੀ ਆਪ ਕਰੰਤਾ । ਸਰਬ ਘਟ ਵਾਸੀ ਆਪ ਅਖਵੰਤਾ । ਘਨਕਪੁਰੀ ਵਿਚ ਜੋਤ ਜਗੰਤਾ । ਏਕਾ ਜੋਤ ਮਾਤ ਪ੍ਰਕਾਸ਼ੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ । ਆਦਿ ਅੰਤ ਅੰਤ ਆਦਿ ਪ੍ਰਭ ਅਬਿਨਾਸ਼ੀ ਸਾਚਾ ਅਰਾਧ । ਦਿਵਸ ਰੈਣ ਸਦ ਰਖਣਾ ਯਾਦ । ਸੋਹੰ ਸ਼ਬਦ ਵਜਾਏ ਸਾਚਾ ਧੁਨ ਨਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਜੋਤ ਆਦਿ ਜੁਗਾਦਿ । ਜੁਗਾ ਜੁਗੰਤਰ ਆਪੇ ਦੇਵੇ ਆਪਣਾ ਮੰਤਰ, ਜਨ ਭਗਤਾ ਬਣਾਏ ਸਾਚੀ ਬਣਤਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਜਾਣੇ ਘਟ ਘਟ ਅੰਤਰ । ਆਦਿ ਜੁਗਾਦਿ ਜੁਗਾ ਜੁਗੀਸ਼ਰ । ਸਰਬ ਜੀਆਂ ਦਾ ਏਕਾ ਈਸ਼ਰ । ਗੁਰਮੁਖ ਸਾਚੇ ਆਪ ਉਠਾਏ ਚਰਨ ਲਗਾਏ, ਸੌ ਜਨਮ ਰਹੇ ਤਪੀਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਏਕਾ ਜਗਦੀਸ਼ਰ । ਜਗਦੀਸ਼ ਪੀਤ ਪਤੰਬਰ । ਆਪ ਕਰਾਏ ਆਪਣਾ ਅਡੰਬਰ । ਗੁਰਸਿਖਾਂ ਸੰਗ ਪੰਚਮ ਜੇਠ ਆਪਣਾ ਆਪ ਰਚਾਏ ਸਵੰਬਰ । ਮਹਾਰਾਜ ਸ਼ੇਰ ਸਿੰਘ

੫੯ ੦੩

ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਵਿਸ਼ਨੂੰ ਵਿਸ਼ਵੰਬਰ । ਵਿਸ਼ਨੂੰ ਵਿਸ਼ਨੂੰ ਵਿਸ਼ਨੂੰ ਭਗਵਾਨ । ਬ੍ਰਹਮਾ ਬੈਠ ਚਾਰ ਮੁਖ ਕਰੇ ਵਿਖਿਆਨ । ਸ਼ਿਵ ਸ਼ੰਕਰ ਲਾਏ ਬੈਠ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਬਲੀ ਬਲਵਾਨ । ਸ਼ਿਵ ਸ਼ੰਕਰ ਹਰਿ ਧਿਆਨ ਲਗਾਇਆ । ਜਟਾ ਜੂਟ ਸੀਸ ਰਖਾਇਆ । ਬਾਸ਼ਕ ਤਸ਼ਕ ਗਲ ਲਟਕਾਇਆ । ਹਜ਼ਾਰ ਅਠਾਸੀ ਬਰਸ ਹਰਿ ਰਸਨ ਧਿਆਇਆ । ਪ੍ਰਗਟ ਹੋਏ ਹਰਿ ਜੋਤ ਜੋਤ ਸਰੂਪ ਆਪਣਾ ਦਰਸ ਦਿਖਾਇਆ । ਅਠਾਸੀ ਹਜ਼ਾਰ ਬਰਸ ਕੀਆ ਹਰਿ ਤਪੀਸ਼ਰ । ਮਿਲਿਆ ਫਿਰ ਹਰਿ ਸਾਚਾ ਜਗਦੀਸ਼ਰ । ਪ੍ਰਭ ਅਬਿਨਾਸ਼ੀ ਜੋਤ ਸਰੂਪ ਸਰਬ ਜੀਆਂ ਦਾ ਏਕਾ ਈਸ਼ਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਧਿਆਨ ਮੁਨੀ ਰਖੀਸ਼ਰ । ਹਰਿ ਸਾਚਾ ਨਹੀਂ ਭੁਲਾਵਣਾ । ਦਿਵਸ ਰੈਣ ਰਸਨਾ ਗਾਵਣਾ । ਆਪਣਾ ਮੂਲ ਨਹੀਂ ਗਵਾਵਣਾ । ਮਦਿਰਾ ਮਾਸ ਰਸਨ ਨਾ ਲਾਵਣਾ । ਕਾਇਆ ਕੋਟ ਸੁਫਲ ਕਰਾਵਣਾ । ਪ੍ਰਭ ਸਾਚਾ ਰਿਦੇ ਵਸਾਵਣਾ । ਸੋਹੰ ਸਾਚਾ ਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭਰਪੂਰ ਸ਼ਬਦ ਕਰਾਵਣਾ । ਪੂਰਨ ਆਸਾ ਦੇਵੇ ਕਰ । ਜੋ ਦਰ ਮੰਗੇ ਆਏ ਸਾਚੇ ਘਰ । ਮਿਲੇ ਨਾਮ ਵਸਤ ਪ੍ਰਭ ਸਾਚਾ ਕਿਰਪਾ ਦੇਵੇ ਕਰ । ਨਾਮ ਖੁਮਾਰੀ ਰਹਿਣਾ ਮਸਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਭੰਡਾਰੇ ਦਏ ਭਰ ।


੬੦ ੦੩

ਦਰ ਮੰਗਣ ਆਇਆ ਮੰਗਤਾ । ਪ੍ਰਭ ਤੋੜੇ ਰੋਗ ਹੰਗਤਾ । ਆਪ ਰਲਾਏ ਵਿਚ ਸੰਗਤਾ । ਨਾਮ ਸਾਚੇ ਸਚ ਰੰਗਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਦਰ ਤੇਰੇ ਮੰਗਤਾ । ਮੰਗਿਆ ਵਰ ਹਰਿ ਸਾਚੇ ਮੰਦਰ । ਪ੍ਰਭ ਮਮਤਾ ਰੋਗ ਮਿਟਾਏ ਤਨ ਕਾਇਆ ਅੰਦਰ । ਹਰਿ ਸਾਚੀ ਜੋਤ ਜਗਾਏ ਆਪ ਤੁੜਾਏ ਮਨ ਕਾ ਜੰਦਰ । ਸਾਚੀ ਜੋਤ ਹੋਏ ਰੁਸ਼ਨਾਏ, ਮਿਟਾਏ ਅੰਧੇਰ ਕਾਇਆ ਅੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵੱਛ ਸਰੂਪੀ ਦਰਸ ਦਿਖਾਏ ਪ੍ਰਗਟ ਹੋਏ ਆਤਮ ਅੰਦਰ । ਸਵੱਛ ਸਰੂਪੀ ਸਵੱਛ ਸਰੂਪਾ । ਪ੍ਰਭ ਅਬਿਨਾਸ਼ੀ ਵਡ ਵਡ ਭੂਪਾ । ਹਰਿ ਹਿਰਦੇ ਸਦ ਰੱਖੇ ਵਾਸ, ਨਾ ਜਾਣੇ ਕੋਈ ਰੰਗ ਰੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਕਰੇ ਪ੍ਰਕਾਸ਼ ਦੇਹੀ ਅੰਧ ਕੂਪਾ ਅੰਧ ਕੂਪ ਜੋਤ ਪ੍ਰਕਾਸ਼ਿਆ । ਅਗਿਆਨ ਅੰਧੇਰ ਸਰਬ ਵਿਨਾਸਿਆ । ਨਾ ਲਾਈ ਦੇਰ ਹਰਿ ਅਬਿਨਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਜੋ ਜਨ ਹੋਏ ਦਾਸਨ ਦਾਸਿਆ । ਦਾਸਨ ਦਾਸ ਦਾਸ ਦਸੀਤਾ । ਸਾਚਾ ਮਾਣ ਚਰਨ ਪ੍ਰੀਤਾ । ਸੋਹੰ ਮਾਣ ਅਠਾਰਾਂ ਧਿਆਏ ਗੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰ ਅਟੱਲ ਰਖਾਏ ਚੀਤਾ । ਨਿਰਮਲ ਦੇਹਾ ਨਿਰਮਲ ਚਿੱਤ । ਪ੍ਰਭ ਅਬਿਨਾਸ਼ੀ ਕਰ ਸਾਚਾ ਹਿੱਤ । ਆਪ ਬਣਾਏ ਆਪਣਾ ਮਿਤ । ਗੁਰਮੁਖ ਤੇਰਾ ਬਣੇ ਮਾਤ ਪਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨ ਉਚਾਰ, ਮਾਨਸ ਜਨਮ ਜਾਓ ਕਲ ਜਿੱਤ । ਮਾਨਸ ਜਨਮ ਜਿਤ ਕਲ ਜਾਵਣਾ । ਸਾਚਾ ਹਿਤ ਹਰਿ ਅਖਵਾਵਣਾ । ਆਤਮ ਸਿੰਚ ਸੋਹੰ ਸਾਚਾ ਬੀਜ ਬਿਜਾਵਣਾ । ਉਠ ਸਵੇਰੇ ਨਿਤ, ਪ੍ਰਭ ਅਬਿਨਾਸ਼ੀ ਰਸਨਾ ਗਾਵਣਾ । ਵੇਲਾ ਜਾਏ ਬੀਤ ਫੇਰ ਹੱਥ ਨਾ ਆਵਣਾ । ਆਪ ਚਲਾਏ ਆਪਣੀ ਰੀਤ, ਸਤਿਜੁਗ ਸਾਚਾ ਮਾਰਗ ਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਕੜੇ ਦਾਮਨਾ । ਦਾਮਨ ਪਕੜੇ ਧੁਰ ਦਰਗਾਹ । ਸਾਚੇ ਧਾਮ

ਹਰਿ ਦਏ ਬਹਾ । ਓਥੇ ਲੇਖਾ ਮੰਗੇ ਕੋਈ ਨਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਮੇਲ ਦਏ ਮਿਲਾ । ਮਨ ਤਨ ਸੀਤਲ ਸ਼ਬਦ ਧਾਰ । ਕਾਇਆ ਕਲਜੁਗ ਹੋਈ ਸੀਤਲੀ, ਸੋਹੰ ਸੁਹਾਗਾ ਉਪਰ ਡਾਰ । ਸਤਿਗੁਰ ਰਾਖੇ ਚੀਤਲੀ, ਦੇਵਣਹਾਰ ਇਕ ਦਾਤਾਰ । ਆਪ ਚਲਾਏ ਸਾਚੀ ਰੀਤਲੀ, ਪ੍ਰਭ ਪੂਰਨ ਅਵਤਾਰ । ਹਰਿ ਰਾਖੇ ਸਾਚੀ ਮੀਤਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਨਾਮ ਅਧਾਰ । ਕਾਇਆ ਤਾਕੀ ਚਾਰ ਦਵਾਰੀ । ਪੰਜੇ ਬੈਠੇ ਬਣ ਹੰਕਾਰੀ । ਸਿਰ ਅੱਠਾਂ ਰੱਖੇ ਆਪ ਸਵਾਰੀ । ਨਾਵੇਂ ਲੱਠਾਂ ਰਿਹਾ ਭਵਾਈ । ਦਸਮੇਂ ਗੰਢ ਆਪ ਖੁਲ੍ਹਾਈ । ਆਤਮ ਭੱਠਾ ਆਪੇ ਚਾੜ੍ਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੀ । ਕਾਇਆ ਕੂੜ ਕੂੜ ਕੁੜਿਆਰੀ । ਝੂਠੀ ਦੇਹ ਜੀਵ ਤਨ ਸ਼ਿੰਗਾਰੀ । ਅੰਤਮ ਬਾਜੀ ਜਾਏ ਹਾਰੀ । ਝੂਠੀ ਕਾਇਆ ਸਾਜੀ ਮਹੱਲ ਅਟਾਰੀ । ਵਿਚ ਬੱਧਾ ਸਾਚਾ ਤਾਜੀ, ਸੋਹੰ ਸ਼ਬਦ ਕਰ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਤੇਰੀ ਪੈਜ ਸਵਾਰੀ । ਕਾਇਆ ਕਪੜਾ ਕੂੜ ਹੰਢਾਵਣਾ । ਤੀਰਥ ਛੱਪੜ ਝੂਠਾ ਨ੍ਹਾਵਣਾ । ਨਾ ਕੋਈ ਸਕੇ ਅਪੜ, ਪ੍ਰਭ ਅਬਿਨਾਸ਼ੀ ਹੱਥ ਨਾ ਆਵਣਾ । ਮਾਇਆ ਰੂਪੀ ਦਿਤਾ ਕੱਪੜ, ਭਰਮ ਭੁਲੇਖਾ ਡਾਹਡਾ ਪਾਵਣਾ । ਆਪ ਕਰਾਏ ਪਾਪੀ ਪੱਪੜ, ਵਿਸ਼ੇ ਵਿਕਾਰਾਂ ਵਿਚ ਰੁਲਾਵਣਾ । ਸੋਹੰ ਸ਼ਬਦ ਮਾਰੇ ਥੱਪੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਾਰਗ ਪਾਵਣਾ । ਕਾਇਆ ਕੰਚਨ ਕਾਚੀ ਵੰਗ । ਹਰਿ ਕਾ ਸਾਚਾ ਨਾਮ ਚਾੜ੍ਹੇ ਸਾਚਾ ਰੰਗ । ਝੂਠਾ ਤਨ ਝੂਠਾ ਮਨ ਝੂਠਾ ਧਨ, ਦਰਸ ਦਾਨ ਸਦ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ ਸੰਗ । ਕਾਇਆ ਕਿਲਾ ਕੋਟ ਗੜ੍ਹ । ਪ੍ਰਭ ਅਬਿਨਾਸ਼ੀ ਬੈਠਾ ਅੰਦਰ ਵੜ । ਦਿਸ ਕਿਸੇ
੬੧ ਨਾ ਆਇਆ ਪ੍ਰਭ ਸਾਚੇ ਵੱਟੀ ਦੜ । ਗੁਰਮੁਖਾਂ ਆਪ ਜਗਾਇਆ, ਆਪ ਲਗਾਈ ਸਾਚੀ ਜੜ੍ਹ । ਬੇਮੁਖਾਂ ਪ੍ਰਭ ਆਪ ਰੁੜ੍ਹਾਇਆ, ਕੋਈ ਨਾ ੬੧
੦੩ ਅੱਗੇ ਰਹੇ ਖੜ । ਵਹਿੰਦੇ ਵਹਿਣ ਜਗਤ ਵਿਹਾਇਆ, ਪ੍ਰਭ ਅਬਿਨਾਸ਼ੀ ਛੱਡਿਆ ਲੜ । ਗੁਰਮੁਖ ਸਾਚਾ ਆਣ ਤਰਾਇਆ, ਮਹਾਰਾਜ ੦੩
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਗਿਆ ਚੜ੍ਹ । ਕਾਇਆ ਹਸਤ ਅਸਤ ਅਸਵਾਰਾ । ਸਾਚਾ ਵਸਤ ਸ਼ਬਦ ਅਪਾਰਾ । ਫੜਿਆ ਦਸਤ ਸੋਹੰ ਕਟਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰਾ । ਕਾਇਆ ਕੂੜ ਕੁਟੰਬਾ । ਝੂਠੀ ਜਗਤ ਗੁਲਜ਼ਾਰ ਦਿਸੇ ਚੰਬਾ । ਸੋਹੰ ਸ਼ਬਦ ਕਮਾਵੇ ਰਸਨਾ ਗਾਵੇ, ਪ੍ਰਭ ਆਪ ਉਡਾਏ ਬਿਨ ਖੰਭਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾ । ਕਾਇਆ ਕੂੜ ਕੂੜ ਕੁੜਿਆਰੀ । ਪ੍ਰਭ ਅਬਿਨਾਸ਼ੀ ਕਰੇ ਖਵਾਰੀ । ਝੂਠੀ ਮਾਇਆ ਦੇ ਵਿਚ ਰੁਲੀ, ਬਾਜੀ ਆਪਣੀ ਅੰਤਮ ਹਾਰੀ । ਜਗਤ ਅੰਧੇਰੀ ਝੂਠੀ ਝੁੱਲੀ, ਪੱਤ ਨਾ ਲੱਗੇ ਰਹਿਣ ਆਪਣੀ ਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਿਕਦਾਰੀ । ਕਾਇਆ ਮਰਦੰਗ ਵੱਜਣ ਢੋਲ ਨਗਾਰੇ । ਹੋਏ ਰੁਸ਼ਨਾਈ ਵਸੇ ਅੰਗ ਸੰਗ, ਸਾਚੀ ਸ਼ਬਦ ਹੋਏ ਧੁਨਕਾਰੇ । ਏਕਾ ਚਾੜ੍ਹੇ ਸਾਚਾ ਰੰਗ, ਸਾਚਾ ਦਿਸੇ ਹਰਿ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਟਿਕਾਏ ਤੇਰੇ ਕਾਇਆ ਮਹੱਲ ਮੁਨਾਰੇ । ਕਾਇਆ ਕੋਠੀ ਮਹੱਲ ਮੁਨਾਰਾ । ਪ੍ਰਭ ਅਬਿਨਾਸ਼ੀ ਦਿਵਸ ਰੈਣ ਰਸਨ ਉਚਾਰਾ । ਸਰਬ ਘਟ ਵਾਸੀ ਆਪੇ ਵਿਚ ਕਰੇ ਪਸਾਰਾ । ਘਨਕਪੁਰ ਵਾਸੀ ਨਿਰਮਲ ਜੋਤ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਸਵਾਂ ਆਪ ਖੁਲਾਰਾ । ਦਵਾਰ ਦਸਵਾਂ ਆਪ ਖੁਲ੍ਹਾਏ । ਆਤਮ ਤਾਲਾ ਆਪੇ ਲਾਹੇ । ਦੀਪਕ

੬੨ ੦੩

ਜੋਤੀ ਬਾਲ ਕਰੇ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਹੋਏ ਸਹਾਏ । ਦੀਪਕ ਜੋਤ ਆਪ ਜਗਾਈ । ਗੁਰਸਿਖਾਂ ਦੇਵੇ ਹਰਿ ਵਡਿਆਈ । ਸੋਹੰ ਵਸਤ ਹਰਿ ਝੋਲੀ ਪਾਈ । ਸਚ ਦਾਤ ਸਚ ਵਸਤ ਹਰਿ ਹੱਥ ਫੜਾਈ । ਬਿਨ ਕਲਮ ਦਵਾਤ, ਹਰਿ ਲਿਖਤ ਲਿਖਾਈ । ਵਿਚ ਅੰਦਰ ਮਾਰ ਝਾਤ, ਹਰਿ ਬੈਠਾ ਜੋਤ ਜਗਾਈ । ਆਪੇ ਪੁੱਛੇ ਤੇਰੀ ਵਾਤ, ਜੀਵ ਭੁੱਲ ਨਾ ਜਾਈ । ਕਲਜੁਗ ਮਿਟਾਏ ਅੰਧੇਰੀ ਰਾਤ, ਸੋਹੰ ਜੋਤ ਕਰੇ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈ । ਮਿਲਿਆ ਕੰਤ ਸਚ ਸੁਖ ਭਾਗੀ । ਚਰਨ ਪ੍ਰੀਤੀ ਸਾਚੀ ਲਾਗੀ । ਹਰਿ ਹਰਿ ਹਰਿ ਸਾਚਾ ਆਤਮ ਧੋਏ ਪਾਪਾਂ ਦਾਗੀ । ਘਰ ਹਰਿ ਦਰ ਸਾਚਾ ਉਪਜਾਵੇ ਸ਼ਬਦ ਧੁਨ ਅਨਰਾਗੀ । ਹਰਿ ਸਰ ਤਰ ਦਰਸ ਕਰ ਆਇਆ ਦਿਨ ਵਡ ਵਡਭਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਭਵ ਜਲ ਬੇੜਾ ਪਾਰ ਕਰਾਏ, ਨਗਰ ਖੇੜਾ ਆਪ ਵਸਾਏ, ਗੁਰਮੁਖਾਂ ਬਣੇ ਆਪ ਵਾਗੀ । ਨਗਰ ਖੇੜਾ ਖੁਲ੍ਹਾ ਵਿਹੜਾ । ਪ੍ਰਭ ਅਬਿਨਾਸ਼ੀ ਆਪ ਬੰਨ੍ਹੇ ਬੇੜਾ । ਦਰ ਘਰ ਸਾਚੇ ਹਰਿ ਸਾਚਾ ਸੁਣੇ ਝੇੜਾ । ਬਿਨ ਗੁਰ ਪੂਰੇ ਅੰਤ ਪਾਰ ਲੰਘਾਏ ਕਿਹੜਾ । ਪਿਛਾ ਰਿਹਾ ਦੂਰ ਅਗੇ ਆਇਆ ਨੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੁਕਾਏ ਕਲਜੁਗ ਝੇੜਾ । ਕਲਜੁਗ ਝੇੜਾ ਆਪ ਮੁਕਾਉਣਾ । ਬੇਮੁਖਾਂ ਬੇੜਾ ਆਪ ਡੁਬਾਉਣਾ । ਗੁਰਸਿਖਾਂ ਹਰਿ ਪਾਰ ਕਰਾਉਣਾ । ਸੋਹੰ ਨਈਆ ਆਪ ਚੜ੍ਹਾਉਣਾ । ਮਾਤ ਪਿਤ ਹਰਿ ਆਪ ਅਖਵਾਉਣਾ । ਆਪੇ ਪੁੱਛੇ ਵਾਤ, ਦਿਵਸ ਰੈਣ ਰਸਨਾ ਗਾਉਣਾ । ਸੋਹੰ ਦੇਵੇ ਸਾਚੀ ਦਾਤ, ਸਚ ਨਾਮ ਹਰਿ ਝੋਲੀ ਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਉਣਾ । ਸਰਨ ਲਗਾਏ ਹਰਿ ਕਾ ਰੂਪ । ਖਿਚ ਲਿਆਏ ਵਡ ਵਡ ਭੂਪ । ਜੋਤ ਪ੍ਰਗਟਾਏ ਬਿਨ ਰੰਗ ਰੂਪ । ਮਹਿੰਮਾ ਕਰੇ ਜਗਤ ਅਨੂਪ । ਹੋਵੇ ਪ੍ਰਕਾਸ਼ ਵਿਚ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਮਾਤ ਪ੍ਰਗਟਾਏ ਗੁਰਸਿਖਾਂ ਦਿਸੇ ਸਤਿ ਸਰੂਪ । ਸਤਿ ਸਰੂਪਿਆ, ਰੰਗ ਅਨੂਪਿਆ, ਵਡ ਸ਼ਾਹੋ ਵਡ ਵਡ ਭੂਪਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਕਰੇ ਪ੍ਰਕਾਸ਼ ਅੰਧ ਅੰਧੇਰ ਮਿਟਾਏ ਝੂਠੀ ਸ੍ਰਿਸ਼ਟ ਮਾਤ ਅੰਧ ਕੂਪਿਆ । ਅੰਧ ਅੰਧੇਰਾ ਆਪ ਮਿਟਾਉਣਾ । ਸਚ ਵਿਹਾਰ ਆਪ ਕਰਾਉਣਾ । ਸਾਚੀ ਕਾਰੇ ਸ੍ਰਿਸ਼ਟ ਲਗਾਉਣਾ । ਸਾਚੀ ਧਾਰੇ ਸ਼ਬਦ ਚਲਾਉਣਾ । ਸਾਚੀ ਮਾਰੇ ਬੇਮੁਖਾਂ ਕਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਰ ਨਾਰੇ, ਦਰ ਆਏ ਜਿਸ ਦਰਸ਼ਨ ਪਾਉਣਾ । ਨਰ ਨਾਰੀ ਜੋ ਆਇਣ ਦਰ । ਕਰ ਦਰਸ ਜਾਇਣ ਤਰ । ਖ਼ਾਲੀ ਭੰਡਾਰੇ ਪ੍ਰਭ ਸਾਚਾ ਦੇਵੇ ਭਰ । ਕਲਜੁਗ ਲੱਗੇ ਦੁਖੜੇ ਹਰਿ ਹਰੇ ਦੇਵੇ ਕਰ । ਉਜਲ ਹੋਏ ਮੁਖੜੇ, ਪ੍ਰਭ ਚਰਨੀ ਗਏ ਤਰ । ਤਨ ਲੱਥੇ ਸਭ ਦੁੱਖੜੇ, ਜਮ ਕਾ ਲੱਥਾ ਡਰ । ਜੋ ਜਨ ਆਏ ਦਰ ਤੇ ਭੁੱਖੜੇ । ਪ੍ਰਭ ਦੇਵੇ ਸਾਚਾ ਵਰ । ਮਾਤ ਸੁਫਲ ਕਰਾਏ ਕੁੱਖੜੇ, ਜਿਸ ਰਸਨਾ ਲਿਆ ਉਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨੁਹਾਏ ਤੀਰਥ ਸਾਚੇ ਸਰ । ਸਚ ਸਰੋਵਰ ਸਾਚਾ ਜਾਣ । ਅੰਤਰ ਆਤਮ ਕਰ ਇਸ਼ਨਾਨ । ਸੋਹੰ ਮੰਤਰ ਜਪ ਮਿਲੇ ਭਗਵਾਨ । ਬੈਠਾ ਰਹੇ ਸਦ ਇਕੰਤਰ, ਏਕਾ ਲਗਨ ਹਰਿ ਚਰਨ ਧਿਆਨ । ਆਪ ਬਣਾਏ ਤੇਰੀ ਬਣਤਰ, ਦੇਵੇ ਦਰਸ ਹਰਿ ਦਇਆਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਚੁਕਾਏ ਜਮ ਕੀ ਕਾਨ । ਜਮ ਜਮਦੂਤ ਨਾ ਆਵਣ ਨੇੜੇ । ਹਰਿ ਸਾਚਾ ਜਿਸ ਵਸੇ ਖੇੜੇ । ਆਪ ਮਿਟਾਏ ਚੁਰਾਸੀ ਗੇੜੇ । ਸਾਚੇ ਸ਼ਬਦ ਬੰਧਾਏ ਬੇੜੇ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸਚ ਨਬੇੜੇ । ਭਗਤ ਭੰਡਾਰਾ ਆਪ ਚਲਾਇਆ । ਗੁਰਮੁਖ ਸਾਚੇ ਸੇਵਾ ਲਾਇਆ । ਅੰਨ ਦਾਨ ਜਿਸ ਜਨ ਕਰਾਇਆ । ਤਨ ਮਨ ਹਰਿ ਹਰਾ ਕਰਾਇਆ । ਸਾਚਾ ਧੰਨ ਹਰਿ ਝੋਲੀ ਪਾਇਆ । ਆਤਮ ਜਨ ਸਰਬ ਕਢਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਤੁਟ ਭੰਡਾਰਾ ਆਪ ਰਖਾਇਆ । ਗੁਰ ਸੰਗਤ ਸੇਵਾ ਕਰੀ ਵਿਚਾਰ । ਮਾਨਸ ਜਨਮ ਲਿਆ ਸੁਧਾਰ । ਪੰਚਮ ਜੇਠ ਪ੍ਰਭ ਸਾਚੀ ਦੱਸੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਤਾਰ । ਸੇਵਕ ਸੇਵਾ ਕਰੀ ਪਿਆਰੀ । ਸਾਚਾ ਨਾਮ ਮਿਲੇ ਨਾਮ ਖੁਮਾਰੀ । ਸ਼ਾਹੋ ਸ਼ਬਦ ਸਚ ਅਟਾਰੀ । ਜਿਥੇ ਵਸੇ ਹਰਿ ਮੁਰਾਰੀ । ਓਥੇ ਹੋਏ ਨਾ ਰੈਣ ਅੰਧਿਆਰੀ । ਏਕਾ ਜੋਤ ਜਗੇ ਨਿਰੰਕਾਰੀ । ਬੈਠਾ ਅਡੋਲ ਆਪ ਗਿਰਧਾਰੀ । ਝਿਲਮਿਲ ਝਿਲਮਿਲ ਹੋਇਆ ਵੇਖੇ ਰੰਗ ਰੰਗੀ ਕਰਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਸੱਚਾ ਦਰਬਾਰੀ । ਸਚਖੰਡ ਸਚ ਅਰਦਾਸਾ । ਤੀਨ ਲੋਕ ਹਰਿ ਰੱਖੇ ਵਾਸਾ । ਖੰਡ ਬ੍ਰਹਿਮੰਡ ਵਿਚ ਵਰਭੰਡ ਜੀਵ ਜੰਤ ਦੇਹ ਵਿਚ ਨਿਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਬੰਦ ਖੁਲਾਸਾ । ਸੇਵਾ ਘਾਲੀ ਪ੍ਰਭ ਸਾਚਾ ਬਣੇ ਆਪੇ ਪਾਲੀ । ਗੁਰਸਿਖਾਂ ਕਰੇ ਦਿਵਸ ਰੈਣ ਸੁਖਾਲੀ । ਆਤਮ ਜੋਤੀ ਆਪ ਜਗਾਏ ਜਿਉਂ ਕੱਤਕ ਵਿਚ ਦੀਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਵਾਲੀ । ਆਤਮ ਜੋਤੀ ਆਪੇ ਬਾਲੇ । ਗੁਰ ਸੰਗਤ ਦਰ ਸੇਵਾ ਘਾਲੇ । ਚਰਨ ਪ੍ਰੀਤੀ ਨਿਭੇ ਨਾਲੇ । ਆਪਣੀ ਗੋਦ ਆਪ ਉਠਾਲੇ । ਆਪਣਾ ਬਿਰਦ ਪ੍ਰਭ ਸਾਚਾ ਆਪ ਸੰਭਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਦ ਵਸੇ ਨਾਲੇ । ਸੇਵਕ ਸੇਵਾ ਕਰਮ ਕਮਾਇਆ । ਸਾਚਾ ਧਰਮ ਜਗਤ ਰਖਾਇਆ । ਮਾਨਸ ਜਨਮ ਸੁਫਲ ਕਰਾਇਆ । ਪੰਜ ਜੇਠ ਦਿਵਸ ਮਨਾਇਆ । ਧੰਨ ਧੰਨ ਧੰਨ ਗੁਰਸਿਖ ਜਿਸ ਆਏ ਦਰਸ਼ਨ ਪਾਇਆ । ਉਜਲ ਹੋਏ ਮੁੱਖ, ਧਰਮ ਰਾਏ ਨਾ ਦਏ ਸਜਾਇਆ । ਸਭ ਉਤਾਰੇ ਤ੍ਰਿਸ਼ਨਾ ਭੁੱਖ, ਸੋਹੰ ਸਾਚਾ ਵਾਸ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਆਪ ਕਰਾਇਆ । ਗੁਰ ਸੰਗਤ ਦਰ ਸੇਵਾ ਕੀਨੀ । ਕਲਜੁਗ ਰੈਣ ਬਣਾਈ ਸਾਚੀ ਭੀਨੀ । ਧੰਨ ਧੰਨ ਧੰਨ ਗੁਰਸਿਖ ਤੇਰਾ ਮੁਖੜਾ, ਪ੍ਰਭ ਅਬਿਨਾਸ਼ੀ ਰਸਨਾ ਚੀਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਦਰ ਸਾਚੇ ਦੀਨੀ । ਦੇਵੇ ਦਾਤ ਦਇਆ ਹਰਿ ਦਾਨ । ਮੰਗਿਆ ਇਕ ਦਾਤਾ ਭਗਵਾਨ । ਅੰਤਮ ਅੰਤ ਆਪ ਮੁਕਾਏ ਜਮ ਕੀ ਕਾਨ । ਡੰਨ ਨਾ ਲੱਗੇ ਵਿਚ ਜਹਾਨ । ਗੁਰਸਿਖਾਂ ਸੇਵਾ ਪ੍ਰਭ ਲਾਈ ਲੇਖੇ, ਸ੍ਰਿਸ਼ਟ ਸਬਾਈ ਪਈ ਵੇਖੇ, ਪੰਚਮ ਜੇਠ ਵਾਲੀ ਦੋ ਜਹਾਨ । ਗੁਰਸਿਖ ਪ੍ਰਭ ਲਾਏ ਲੇਖੇ । ਪ੍ਰਭ ਦਰ ਆਏ ਦਰਸ ਨੇਤਰ ਪੇਖੇ । ਅਗਿਆਨ ਅੰਧੇਰ ਮਿਟਾਏ ਭਰਮ ਭੁਲੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਲਾਇਆ ਲੇਖੇ । ਭਰਮ ਭੁਲੇਖਾ ਦੇਵੇ ਕੱਢ । ਕਰੇ ਸੁਖਾਲੇ ਕਾਇਆ ਹੱਡ । ਪ੍ਰਭ ਅਬਿਨਾਸ਼ੀ ਬਾਹੋਂ ਪਕੜ ਬਾਹਰ ਦੇਵੇ ਕੱਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਪ੍ਰਗਟਾਈ । ਸਾਚਾ ਲੜ ਨਾ ਦੇਣਾ ਛੱਡ । ਸਾਚਾ ਲੜ ਨਾ ਛੱਡਣਾ । ਆਪਣਾ ਕੀਆ ਆਪੇ ਵੱਢਣਾ । ਸਾਚੋ ਸਾਚਾ ਸਚ ਪ੍ਰਭ ਸੋਹੰ ਵਿਚ ਮਾਤ ਦੇ ਗੱਡਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਦਾਨ ਨਾਮ ਗੁਰਮੁਖਾਂ ਵੰਡਣਾ । ਵੰਡ ਵੰਡਾਇਆ ਸਾਚਾ ਨਾਮ । ਆਤਮ ਠੰਡਾ ਕਰਾਇਆ ਪੂਰਨ ਹੋਏ ਕਾਮ । ਸੋਹੰ ਸਾਚੀ ਗੰਢ ਪੱਲੇ ਬੰਧਾਇਆ, ਘਰ ਸਾਚੇ ਆਇਆ ਸ਼ਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ



੬੩ ੦੩

ਕੀਆ ਕਾਮ । ਪੂਰਨ ਕਾਮਾ, ਪੂਰਨ ਰਾਮਾ, ਪੂਰਨ ਸ਼ਾਮਾ । ਜੋਤ ਸਰੂਪੀ ਪਹਰਿਆ ਬਾਣਾ । ਸੋਹੰ ਦੇਵੇ ਵਾਲੀ ਦੋ ਜਹਾਨਾਂ । ਸਤਿਜੁਗ ਸਾਚਾ ਇਕ ਨਿਸ਼ਾਨਾ । ਗੁਰਸਿਖਾਂ ਹੱਥ ਬੱਧਾ ਗਾਨਾ । ਜੋਤੀ ਜੋਤ ਕਰੇ ਪ੍ਰਕਾਸ਼ ਕੋਟਨ ਕੋਟ ਭਾਨਾ । ਕਦੇ ਨਾ ਹੋਏ ਕਲਜੁਗ ਨਾਸ, ਜਿਸ ਜਨ ਰਸਨਾ ਗਾਣਾ । ਮਿਲਿਆ ਹਰਿ ਪੁਰਖ ਅਬਿਨਾਸ਼ੀ, ਜੋਤ ਸਰੂਪੀ ਮੇਲ ਮਿਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਣਾ । ਹਰਿ ਹਰਿ ਹਰਿ ਦਰ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਸਾਚਾ ਪਾਇਆ । ਜੋ ਜਨ ਹੋਏ ਦਾਸਨ ਦਾਸੀ, ਪ੍ਰਭ ਸਾਚਾ ਦਇਆ ਕਮਾਇਆ । ਪ੍ਰਗਟ ਜੋਤ ਘਨਕਪੁਰ ਵਾਸੀ, ਆਪਣਾ ਦਰਸ ਦਿਖਾਇਆ । ਰੂਪ ਰੰਗ ਨਾ ਰੇਖ ਰਖਾਸੀ, ਜੋਤ ਸਰੂਪੀ ਗੁਰਸਿਖ ਸਮਾਇਆ । ਸ਼ਬਦ ਸਰੂਪੀ ਵੇਖ ਵਖਾਸੀ, ਆਤਮ ਸਾਚੀ ਬੂਝ ਬੁਝਾਇਆ । ਗੁਰਮੁਖ ਸਾਚਾ ਪ੍ਰਭ ਦਰ ਪਾਸੀ, ਸਾਚਾ ਲਹਿਣਾ ਲੈਣ ਜੋ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਆਪ ਚੁਕਾਇਆ । ਸਾਧ ਸੰਗਤ ਸਦ ਸਦ ਸਦ ਵਧਾਈ । ਪੰਚਮ ਜੇਠ ਹਰਿ ਦਰ ਤੇ ਆਈ । ਅਸਟਮ ਨੂੰ ਹਰਿ ਵਿਦਾ ਕਰਾਈ । ਹਉਮੇ ਮਮਤਾ ਰੋਗ ਗਵਾਈ । ਤ੍ਰਿਖਾ ਤ੍ਰਿਸ਼ਨਾ ਆਪ ਬੁਝਾਈ । ਕਾਹਨਾ ਕ੍ਰਿਸ਼ਨਾ ਜੋਤ ਪ੍ਰਗਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਵਿਦਾ ਕਰਾਈ । ਗੁਰ ਸੰਗਤ ਜਾਏ ਆਪਣੇ ਘਰ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ । ਕਰ ਦਰਸ ਕਲ ਜਾਓ ਤਰ । ਜੋ ਦਰ ਆਏ ਨਾਰੀ ਨਰ । ਬਿਰਧਾਂ ਬਾਲਾਂ ਮਿਲਿਆ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਇਕ ਦਿਸਾਏ ਸਾਚਾ ਸਰ । ਸਾਚਾ ਤੀਰਥ ਚਰਨੀ ਨਹਾਵਣਾ । ਚਰਨ ਧੂੜ ਲੈ ਮਸਤਕ ਲਾਵਣਾ । ਸੋਹੰ ਸਾਚਾ ਰਸਨਾ ਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਜਾਏ ਨਾ ਮਨੋਂ ਭੁਲਾਵਣਾ । ਘਰ ਘਰ ਝੂਠੇ ਧੰਦੇ । ਪੂਰੇ ਤੋਲ ਤੁਲਣਾ, ਆਤਮ ਅੰਧੇ । ਕਲਜੁਗ ਮਾਇਆ ਵਿਚ ਨਾ ਰੁਲਣਾ, ਨਾ ਹੋਇਣ ਭਾਗ ਮੰਦੇ । ਸਚ ਦਵਾਰ ਪ੍ਰਭ ਦਾ ਖੁਲ੍ਹਣਾ, ਰਹਿਣ ਨਾ ਦੇਵੇ ਪਾਪੀ ਗੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ ਆਪ ਬਣਾਏ ਸਾਚੇ ਬੰਦੇ । ਬੰਦੀ ਤੋੜ ਤੋੜੇ ਅਭਿਮਾਨਾ । ਆਪ ਦਿਸਾਏ ਸਚ ਟਿਕਾਣਾ । ਜਿਥੇ ਵਸੇ ਆਪ ਭਗਵਾਨਾ । ਜੋਤ ਸਰੂਪੀ ਇਕ ਅਸਥਾਨਾ । ਦਿਵਸ ਰੈਣ ਇਕ ਰੰਗ ਰੰਗਾਣਾ । ਗੁਰਮੁਖ ਸਾਚੇ ਲਹਿਣਾ ਲੈਣ, ਹਰਿ ਚਰਨ ਪ੍ਰੀਤੀ ਸੇਵ ਕਮਾਣਾ । ਦਰਸ ਪੇਖੇ ਹਰਿ ਸਾਚੇ ਨੈਣ, ਪ੍ਰਭ ਅਬਿਨਾਸ਼ੀ ਭੁੱਲ ਨਾ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਗਾਣਾ । ਭਰਮ ਭੁਲੇਖਾ ਵਿਚ ਨਾ ਭੁਲਣਾ । ਕਲਜੁਗ ਮਾਇਆ ਵਿਚ ਨਾ ਰੁਲਣਾ । ਕਲਜੁਗ ਅੰਧੇਰ ਏਕਾ ਝੁਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਬਖ਼ਸ਼ੇ ਜੋ ਦਰ ਆਏ ਬਖ਼ਸ਼ਾਏ ਭੁੱਲਣਾ । ਭੁੱਲਿਆ ਰੁੱਲਿਆ ਆਏ ਦਰ । ਪ੍ਰਭ ਅਬਿਨਾਸ਼ੀ ਪਕੜੇ ਲੜ । ਦਰ ਦਵਾਰੇ ਅੱਗੇ ਖੜ । ਕਿਲ੍ਹਾ ਕੋਟ ਤੋੜੇ ਤੇਰਾ ਹੰਕਾਰੀ ਗੜ੍ਹ । ਕਰੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਕੀ ਪੌੜੀ ਜਾਏ ਚੜ੍ਹ । ਹਰਿ ਕੀ ਪੌੜੀ ਸਚ ਅਸਥਾਨਾ । ਏਕਾ ਘਰ ਏਕਾ ਟਿਕਾਨਾ । ਏਕਾ ਦਰ ਇਕ ਭਗਵਾਨਾ । ਏਕਾ ਸਰ ਇਕ ਇਸ਼ਨਾਨਾ । ਏਕਾ ਦਰ ਏਕਾ ਦਾਤਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਣਾ । ਧੀਰਜ ਸਤਿ ਸੰਤੋਖ ਗਿਆਨ । ਪ੍ਰਭ ਅਬਿਨਾਸ਼ੀ ਸਾਚਾ ਮਾਨ । ਕਲਜੁਗ ਭੁਲਿਆ ਜੀਵ ਨਿਧਾਨ । ਵੇਲੇ ਅੰਤ ਨਾ ਬਣੀ ਬਾਲ ਅੰਞਾਣ । ਸ਼ਬਦ ਸਰੂਪੀ ਵੱਜੇ ਬਾਣ । ਬੇਮੁਖਾਂ ਪ੍ਰਭ ਦੇਵੇ ਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਜਿਥੇ ਵਸੇ ਸਾਚਾ ਕਾਹਨ । ਕਾਹਨ ਘਨਈਆ ਨੈਣ ਮੁਧਾਰਾ । ਸਾਚੀ ਜੋਤ ਸਚ ਪਸਾਰਾ । ਇਕ ਰੰਗ ਰੂਪ ਏਕੰਕਾਰਾ । ਸਤਿ ਸਰੂਪ ਸਚ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗ ਅਨੂਪਿ ਅਪਰ ਅਪਾਰਾ । ਅਪਰ ਅਪਾਰ ਅੰਤਰ ਜਾਨਤ । ਗੁਰਮੁਖ ਸਾਚੇ ਹਰਿ ਸਾਚਾ ਮਾਨਤ । ਵੇਲੇ ਅੰਤ ਪ੍ਰਭ ਸਾਚਾ ਕਰੇ ਪਛਾਨਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੀ ਆਨਤ । ਆਪ ਰਖਾਏ ਆਪਣੀ ਆਨਾ । ਸਚ ਸੁੱਚ ਦਾ ਮੀਂਹ ਬਰਸਾਨਾ । ਜੂਠ ਝੂਠ ਸਭ ਨਸ਼ਟ ਕਰਾਣਾ । ਰੰਗ ਅਨੂਠ ਇਕ ਚੜ੍ਹਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਣਾ । ਏਕਾ ਏਕ ਏਕਾ ਟੇਕ । ਏਕਾ ਬੁੱਧ ਕਰੇ ਬਬੇਕ । ਏਕਾ ਕਲਜੁਗ ਮਾਇਆ ਨਾ ਲਾਗੇ ਸੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਨੇਤਰ ਪੇਖ । ਮਾਇਆ ਅਗਨ ਨਾ ਲਾਗੇ ਤਨ । ਦੁੱਖੀਆ ਹੋਏ ਨਾ ਆਤਮ ਮਨ । ਧਰਮ ਰਾਏ ਨਾ ਲਾਏ ਡੰਨ । ਬੇਮੁਖ ਜੀਵ ਆਤਮ ਹੋਈ ਅੰਨ੍ਹ । ਝੂਠ ਭਾਂਡੇ ਪ੍ਰਭ ਸਾਚਾ ਦੇਵੇ ਭੰਨ । ਗੁਰਸਿਖਾਂ ਬੇੜਾ ਦੇਵੇ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਏ ਸਾਚੇ ਜਨ । ਜਨ ਬਣਾਇਆ, ਤਨ ਵਸਾਇਆ, ਮਨ ਮਨਾਇਆ, ਧੀਰ ਧਰਾਇਆ । ਸੋਹੰ ਸਾਚਾ ਤੀਰ ਚਲਾਇਆ । ਅੰਮ੍ਰਿਤ ਸਾਚਾ ਸੀਰ ਪਿਆਇਆ । ਹਉਮੇ ਵਿਚੋਂ ਪੀੜ ਕਢਾਇਆ । ਵਡ ਵਡ ਸੂਰਬੀਰ ਆਪ ਅਖਵਾਇਆ । ਗੁਰਮੁਖਾਂ ਦੇਵੇ ਧੀਰ, ਏਕਾ ਧਿਆਨ ਚਰਨ ਲਗਾਇਆ । ਕਲਜੁਗ ਅੰਤਮ ਨਾ ਲੱਭਣ ਚੀਰ, ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਆਪੇ ਕੱਟੇ ਗੁਰਮੁਖ ਤੇਰੀ ਭੀੜ । ਆਪ ਆਪਣਾ ਸਿਰ ਹੱਥ ਟਿਕਾਇਆ । ਸੋਹੰ ਬੱਧੀ ਸਾਚੀ ਬੀੜ, ਸਤਿਜੁਗ ਬੇੜਾ ਆਪ ਚਲਾਇਆ । ਬੇਮੁਖਾਂ ਹਰਿ ਜਾਏ ਪੀੜ, ਸਤਿਜੁਗ ਸਾਚੇ ਦਿਸ ਨਾ ਆਇਆ । ਕਿਆ ਹਸਤ ਕਿਆ ਕੀੜ, ਸ੍ਰਿਸ਼ਟ ਸਬਾਈ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਸਰੂਪੀ ਜਾਮਾ ਪਾਇਆ । ਜਾਮਾ ਪਾਏ, ਜਗਤ ਜਗਾਏ, ਸ਼ਬਦ ਚਲਾਏ, ਵਕਤ ਸੁਹਾਏ, ਭਗਤ ਉਠਾਏ, ਦਰਸ ਦਿਖਾਏ, ਤ੍ਰਿਖਾ ਬੁਝਾਏ, ਸਾਚਾ ਨਾਮ ਭਿਛਿਆ ਪਾਏ । ਆਤਮ ਵਿਖਾ ਸਰਬ ਲੁਹਾਏ । ਆਤਮ ਤ੍ਰਿਸ਼ਨਾ ਆਪ ਬੁਝਾਏ । ਨੇਤਰ ਪੇਖ ਦੁੱਖ ਰੋਗ ਮਿਟਾਏ । ਵੇਖਾ ਵੇਖ ਕੋਈ ਭੁੱਲ ਨਾ ਜਾਏ । ਕਲਜੁਗ ਮਾਇਆ ਵਿਚ ਕੋਈ ਰੁਲ ਨਾ ਜਾਏ । ਅੰਮ੍ਰਿਤ ਆਤਮ ਹਰਿ ਸਾਚਾ ਦੇਵੇ ਡੁੱਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੇ ਤੋਲ ਤੁਲਾਏ । ਪੂਰੇ ਤੋਲ ਸਾਚਾ ਕੰਡਾ । ਆਪ ਤੁਲਾਏ ਖੰਡ ਬ੍ਰਹਿਮੰਡ ਸਰਬ ਵਰਭੰਡਾ । ਆਪਣੇ ਹੱਥ ਉਠਾਏ ਸੋਹੰ ਸਾਚਾ ਡੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦੇਵੀ ਦੇਵ ਵਡ ਚੰਡ ਪ੍ਰਚੰਡਾ । ਸਾਚਾ ਤੋਲਾ ਏਕਾ ਧਾਰਨ । ਹਰਿ ਅਬਿਨਾਸ਼ੀ ਭਗਤ ਉਧਾਰਨ । ਘਨਕਪੁਰ ਵਾਸੀ ਪਾਵੇ ਸਾਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬਣਾਏ ਆਪ ਸੱਚੀ ਸਰਕਾਰਨ । ਸਤਿਜੁਗ ਬਣੇ ਸੱਚੀ ਸਰਕਾਰਾ । ਆਪੇ ਦੱਸੇ ਸਚ ਵਿਹਾਰਾ । ਸਚ ਸੁੱਚ ਦਰ ਕਰੇ ਵਪਾਰਾ । ਕਰਮ ਧਰਮ ਦਾ ਇਕ ਜੈਕਾਰਾ । ਸਿਦਕੀ ਸਰਦਾਰ ਊਚ ਅਪਾਰਾ । ਸਾਚੇ ਤਖ਼ਤ ਬੈਠੇ ਆਪ ਹੋਏ ਸਿਕਦਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣੇ ਛਤਰ ਝੁਲਾਰਾ । ਸਚ ਸੁੱਚ ਕਰੇ ਸਿਕਦਾਰ । ਕੂੜ ਕੜਾਵੇ ਦੇਵੇ ਮਾਰ । ਅਗਨ ਕੁੰਡ ਵਿਚ ਦੇਵੇ ਡਾਰ । ਸ਼ਬਦ ਖੰਡਾ ਉਠਾਵੇ ਦੋ ਧਾਰ । ਪ੍ਰਭ ਸਾਚਾ ਜੋ ਜਨ ਸਰਨੀ ਲਾਗੇ, ਅੰਤਮ ਅੰਤ ਉਤਰੇ ਪਾਰ । ਬੇਮੁਖ ਦਰ ਤੇ ਜਾਇਣ ਭਾਗੇ, ਪ੍ਰਭ ਸਾਚਾ ਕਰੇ ਖਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ

ਪੰਚਮ ਪੰਚਾਇਤ ਕਰੇ ਸਰਕਾਰ । ਚਰਨ ਮਜਨ ਰਾਮ ਮੁਰਾਰੀ । ਕਿਰਪਾ ਕਰੇ ਆਪ ਗਿਰਧਾਰੀ । ਗੁਰ ਸੰਗਤ ਦਰ ਆਏ ਤਾਰੀ । ਦੇਵੇ ਨਾਮ ਰੰਗਤ ਸ਼ਬਦ ਖੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਅਧਾਰੀ । ਸਰਬ ਜੀਆਂ ਹਰਿ ਸਾਚਾ ਗਾਇਆ । ਪ੍ਰਗਟ ਹੋ ਹਰਿ ਦਰਸ ਦਿਖਾਇਆ । ਗੁਰਸਿਖ ਸੇਵਾ ਲੇਖੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰ ਘਰ ਸਾਚੇ ਭੋਗ ਲਗਾਇਆ । ਲੱਗੇ ਭੋਗ ਭਗਤ ਦਵਾਰ । ਆਤਮ ਖੋਲ੍ਹੇ ਤਨ ਕਵਾੜ । ਬੇਮੁਖਾਂ ਕਾਇਆ ਹੋਈ ਉਜਾੜ । ਕਲਜੁਗ ਝੂਠੇ ਲੱਗੇ ਰਹਿਣ ਝਾੜ । ਗੁਰਮੁਖਾਂ ਸੋਹੰ ਸ਼ਬਦ ਕਰਾਏ ਸਾਚੀ ਵਾੜ । ਸ਼ਬਦ ਮਾਰ ਪ੍ਰਭ ਸਾਚਾ ਦੇਵੇ ਝਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਗੁਰਸਿਖ ਸਾਚੇ ਲਾੜ । ਲਾਏ ਭੋਗ ਭਗਤ ਅਧਾਰੀ । ਦਰ ਘਰ ਆਏ ਪੈਜ ਸਵਾਰੀ । ਕਾਹਨਾ ਕ੍ਰਿਸ਼ਨਾ ਹਰਿ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਅੱਠੇ ਪਹਿਰ ਚਿੱਟੇ ਅਸਵ ਅਸਵਾਰੀ । ਸ਼ਬਦ ਅਧਾਰਾ ਅਸਵ ਅਸਵਾਰਾ । ਜੋਤ ਅਕਾਰਾ ਵਿਚ ਸੰਸਾਰਾ । ਤੀਨ ਲੋਕ ਕਰੇ ਚਰਨ ਪਨਿਹਾਰਾ । ਮਾਤ ਪਤਾਲ ਅਕਾਸ਼ ਏਕਾ ਰੰਗ ਰੰਗੇ ਕਰਤਾਰਾ । ਗੁਰਮੁਖਾਂ ਸੋਹੰ ਦੇਵੇ ਸ਼ਬਦ ਅਧਾਰਾ । ਬੇਮੁਖਾਂ ਪ੍ਰਭ ਸਾਚਾ ਕਰੇ ਨਾਸ ਗੁਰਮੁਖਾਂ ਆਤਮ ਨਾਮ ਭਰੇ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖਾਂ ਆਪ ਬਣੇ ਵਰਤਾਰਾ । ਭੋਗ ਲਗਾਇਆ ਹਰਿ ਹਰਿ ਭਗਵੰਤ । ਗੁਰਸਿਖਾਂ ਚੋਗ ਚੁਗਾਏ, ਆਪ ਬਣਾਏ ਸਾਚੀ ਬਣਤ । ਆਪ ਆਪਣੀ ਜੋਤ ਜਗਾਏ, ਬੇਮੁਖ ਭੁੱਲੇ ਸਰਬ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹਰਿ ਸਾਚਾ ਕੰਤ । ਭੋਗ ਭਗਤ ਘਰ ਲੱਗੇ । ਆਤਮ ਜੋਤੀ ਸਾਚੀ ਜਗੇ । ਸ਼ਬਦ ਅੰਧੇਰੀ ਏਕਾ ਵਗੇ । ਸ੍ਰਿਸ਼ਟ ਸਬਾਈ ਦਗੇ । ਗੁਰਮੁਖ ਸਾਚੇ ਪ੍ਰਭ ਚਰਨੀ ਲੱਗੇ । ਬੈਕੁੰਠ ਨਿਵਾਸੀ ਲਾਏ ਅੱਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸੀਸ ਨਿਵਾਏ ਪੱਗੇ । ਕਰ ਕਿਰਪਾ ਹਰਿ ਮੇਲ ਮਿਲਾਇਆ । ਰੰਗ ਰੰਗੀਲਾ ਮਾਧਵ ਪਾਇਆ । ਜਿਉਂ ਜਾਦਵ ਵਿਚ ਕ੍ਰਿਸ਼ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਜਾਮਾ ਧਾਰੇ ਹਰਿ ਹਰਿ ਗੋਬਿੰਦਾ । ਆਪ ਮਿਟਾਏ ਸਗਲੀ ਚਿੰਦਾ । ਬੇਮੁਖ ਦੇ ਸਜਾਏ, ਦਰ ਘਰ ਸਾਚੇ ਆਏ ਕਰਨ ਜੋ ਨਿੰਦਾ । ਗੁਰਸਿਖਾਂ ਮਾਣ ਦਵਾਏ, ਆਪ ਮਿਟਾਏ ਸਾਚੀ ਚਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਮਰਗਿੰਦਾ । ਵਡ ਮਰਗਿੰਦਾ ਦਰਸ ਦਿਖੰਦਾ, ਵਕਤ ਸੁਹੰਦਾ, ਭਗਤ ਤਰੰਦਾ, ਮਾਨਸ ਜਨਮ ਸੁਫਲ ਕਰੰਦਾ, ਸੋਹੰ ਸ਼ਬਦ ਹਰਿ ਹਰਿ ਚਲੰਦਾ । ਦਰ ਘਰ ਸਾਚੇ ਰਹਿਣ ਨਾ ਪਾਏ, ਮਦਿਰਾ ਮਾਸੀ ਗੰਦਾ । ਆਪੇ ਦੇ ਸਜਾਏ, ਧਰਮ ਰਾਏ ਨੇ ਪਾਇਆ ਫੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਭੁਲਾਏ ਆਤਮ ਹੋਏ ਅੰਧਾ । ਆਤਮ ਅੰਧਾ ਅੰਧ ਅੰਧਿਆਰਾ । ਕੂੜਾ ਹੋਏ ਸਰਬ ਪਸਾਰਾ । ਮਾਨਸ ਜਨਮ ਆਪਣਾ ਹਾਰਾ । ਭੁੱਲਿਆ ਹਰਿ ਸਾਚਾ ਕਰਤਾਰਾ । ਅੰਮ੍ਰਿਤ ਡੁੱਲਿਆ ਸਚ ਭਤਾਰਾ । ਕਲਜੁਗ ਮਾਇਆ ਦੇ ਵਿਚ ਰੁਲਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਪਾਏ ਤੇਰੀ ਸਾਰਾ । ਸਰਨ ਤੇਰੀ ਜਾਣੇ ਕੋਇ । ਦੋ ਜਹਾਨੀ ਬੈਠ ਰੋਏ । ਪਾਪਾਂ ਮੈਲ ਕਵਣ ਧੋਏ । ਜਮ ਜਮਦੂਤ ਸੀਖਾ ਵਿਚ ਨੈਣ ਪਰੋਏ । ਸੰਗੀ ਸਾਥੀ ਹੋਇ ਨਾ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਹਾਈ ਆਪੇ ਹੋਏ । ਬੇਮੁਖ ਝੂਠਾ ਜਗਤ ਵਿਹਾਰਾ । ਗੁਰਮੁਖ ਸਾਚੇ ਏਕਾ ਸਾਚਾ ਗੁਰ ਦਰਬਾਰਾ । ਆਓ ਦਰ ਕਲ ਜਾਓ ਤਰ

ਚਰਨ ਕਰ ਨਿਮਸਕਾਰਾ । ਆਵਣ ਜਾਵਣ ਚੁੱਕੇ ਡਰ, ਹਰਿ ਦੇਵੇ ਚਰਨ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਅਧਾਰਾ । ਨਾਮ ਅਧਾਰੀ, ਸਤਿਜੁਗ ਤਾਰੀ, ਕਰੇ ਆਤਮਕਾਰੀ, ਜਾਵੇ ਤਾਰੀ, ਆਏ ਦਰਬਾਰੀ, ਆਤਮ ਦੇਵੇ ਨਾਮ ਖ਼ੁਮਾਰੀ । ਭਵ ਸਾਗਰ ਤੋਂ ਪਾਰ ਉਤਾਰੀ । ਕਾਇਆ ਗਾਗਰ ਜੋਤ ਅਪਾਰੀ । ਚਿੱਟੀ ਚਾਦਰ ਸ਼ਬਦ ਪਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਾਏ ਆਪੇ ਸਾਰੀ । ਚਿੱਟੀ ਚਾਦਰ ਚੰਦ ਚੰਦਰਾਇਣ । ਚੰਦ ਚੰਦਰਮਾ ਵੇਖੇ ਨੈਣ । ਤੀਜੀ ਰਲੇ ਨਾਲ ਭਿੰਨੜੀ ਰੈਣ । ਪੰਚਮ ਜੇਠ ਮਿਲ ਤਿੰਨੇ ਬਹਿਣ । ਆਪ ਬਣਾਏ ਭਾਈ ਭੈਣ । ਸਾਚਾ ਲਾਹਾ ਆਪੇ ਲੈਣ । ਗੁਰਮੁਖ ਸਾਚੇ ਸੰਤ ਜਨ ਪ੍ਰਭ ਅਬਿਨਾਸ਼ੀ ਰਸਨਾ ਕਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਘਰ ਘਰ ਪਵਾਏ ਵੈਣ । ਚੰਦ ਚੰਦਰਮਾ ਸੀਤਲ ਧਾਰੀ । ਰਥ ਰਥਵਾਹੀ ਸਚ ਅਸਵਾਰੀ । ਭਵ ਸਾਗਰ ਵਿਚੋਂ ਜਾਏ ਤਾਰੀ । ਵੇਲੇ ਅੰਤ ਨਾ ਆਏ ਹਾਰੀ । ਕਿਰਪਾ ਕਰੇ ਆਪ ਬਨਵਾਰੀ । ਸਤਿਜੁਗ ਸਾਚੇ ਫੇਰ ਦੇਵੇ ਸਿਕਦਾਰੀ । ਸੀਤਲ ਸੀਤਲਾ ਹੋਵੇ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗਿਆ ਇਕ ਸੱਚਾ ਦਰਬਾਰੀ । ਸੂਰਜ ਤਪ ਅਗਰ ਅਘਾਏ । ਕਲਜੁਗ ਪਾਪ ਰਿਹਾ ਤਪਾਏ । ਪ੍ਰਭ ਸਾਚੇ ਦੀ ਆਏ ਸਰਨਾਏ । ਕਰੇ ਬੇਨੰਤੀ ਸੁਣੋ ਹਰਿ ਰਾਏ । ਜੂਠ ਝੂਠ ਦਾ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਆਪਣਾ ਖੇਲ ਆਪ ਵਰਤਾਏ । ਸੂਰ ਸੂਰੀਆ ਭਾਨਣ ਭਾਣਾ । ਮੰਗੇ ਦਰ ਏਕਾ ਦਾਨਾ । ਕਲਜੁਗ ਜੀਵ ਪਾਪੀ ਹਰ, ਭੁੱਲਿਆ ਜਿਨ੍ਹਾਂ ਹਰਿ ਭਗਵਾਨਾ । ਧਰਮ ਮਾਤ ਵਿਚ ਆਵੇ ਡਰ, ਜੋਤੀ ਜੋਤ ਹਰਿ ਆਪ ਲਗਾਣਾ । ਦਰ ਦਵਾਰੇ ਆਏ ਖੜ, ਕਿਰਪਾ
੬੭
੦੩
ਕਰੇ ਹਰਿ ਆਪ ਭਗਵਾਨਾ । ਸੂਰਾ ਸੂਰੀਆ ਸੁਣੇ ਪੁਕਾਰ । ਆਪੇ ਲਏ ਥੱਲੇ ਉਤਾਰ । ਅਗਨ ਜੋਤ ਲਏ ਸਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰੇ ਆਪ ਵਿਹਾਰ । ਚੰਦ ਸਿਤਾਰੇ ਸਰਬ ਪੁਕਾਰੇ । ਵੇਖਣ ਜਾਇਣ ਸਰਬ ਦਵਾਰੇ । ਦਿਵਸ ਰੈਣ ਰੈਣ ਦਿਵਸ ਬੇਮੁਖ ਰਹੇ ਝੱਖ ਮਾਰੇ । ਝੂਠੇ ਬੰਦੇ ਪਾਪੀ ਗੰਦੇ ਮਾਇਆ ਧਾਰੀ, ਗਰੀਬਾਂ ਕਰਨ ਖਵਾਰੀ, ਮਹਾਰਾਜ ਸ਼ੇਰ ਸਿੰਘ ਸੁਣੇ ਪੁਕਾਰਾ, ਹਰਿ ਦਾਤਾਰਾ, ਜਾਮਾ ਧਾਰਾ, ਜੋਤ ਸਰੂਪੀ ਕੀਆ ਅਕਾਰਾ । ਸੋਹੰ ਫੜਿਆ ਸ਼ਬਦ ਕਟਾਰਾ । ਚੌਥੇ ਜੁਗ ਆਈ ਹਾਰਾ । ਨਾ ਕੋਈ ਦਿਸੇ ਸ਼ਾਹਦਾਰਾ । ਏਕਾ ਦਿਸੇ ਸਾਚਾ ਹਰਿ ਅਸਵ ਅਸਵਾਰਾ । ਜੋਤ ਸਰੂਪੀ ਸ਼ਬਦ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰੰਜਣ ਨਰ ਨਰਾਇਣ ਨਰ ਅਵਤਾਰਾ । ਤੀਨਾਂ ਲੋਕਾਂ ਸੁਣੇ ਪੁਕਾਰੀ । ਬ੍ਰਹਮਾ ਵਿਸ਼ਨ ਖੜੇ ਦਰਬਾਰੀ । ਦਿਵਸ ਰੈਣ ਕਰਨ ਚਰਨ ਨਿਮਸਕਾਰੀ । ਪ੍ਰਭ ਅਬਿਨਾਸ਼ੀ ਧਰਮ ਮਾਤ ਹੋਈ ਬੜੀ ਖਵਾਰੀ । ਕਲਜੁਗ ਜੀਵ ਆਪਣਾ ਮੂਲ ਗਏ ਹਾਰੀ । ਭਾਈ ਭੈਣਾਂ ਬਣੇ ਵਪਾਰੀ । ਪੈਸਾ ਮੰਗਣ ਕਰਨ ਖ਼ਵਾਰੀ । ਪ੍ਰਭ ਅਬਿਨਾਸ਼ੀ ਗਲੋਂ ਕੱਟ ਜਗਤ ਬਿਮਾਰੀ । ਤੱਟ ਤੀਰਥ ਨਾ ਰਹੇ ਸਹਾਰੀ । ਬੇਮੁਖ ਕਲਜੁਗ ਜੀਵ ਜਿਨ੍ਹਾਂ ਹੱਥ ਮਿਲੀ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਪੰਚਮ ਜੇਠ ਆਪਣੇ ਫੜੇ ਹੱਥ ਕਟਾਰੀ । ਸਾਚਾ ਖੰਡਾ ਆਪ ਉਠਾਵਣਾ । ਬੇਮੁਖਾਂ ਨਸ਼ਟ ਕਰਾਵਣਾ । ਧਰਮ ਰਾਏ ਦੇ ਦਰ ਪੁਠੇ ਟੰਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਅੰਗੂਠੇ ਦਰ ਸਾਚੇ ਲਗਾਵਣਾ । ਦਰ ਘਰ ਸਾਚੇ ਲਾਏ ਅੰਗੂਠਾ । ਆਤਮ ਰੰਗ ਚੜ੍ਹਾਏ ਇਕ ਅਨੂਠਾ । ਪੰਚਮ ਜੇਠ ਜੋਤ ਜਗਾ ਹਰਿ ਸਾਚਾ ਤੂਠਾ । ਆਪ ਆਪਣੇ ਹੱਥ ਰਖਾਏ, ਇਕ ਬਣਾਏ ਮੁਠਾ ।

੬੭
੦੩

ਗੁਰਮੁਖ ਸਾਚੇ ਆਪ ਮਨਾਏ, ਜੋ ਦਰ ਆਏ ਰੁੱਠਾ । ਬੇਮੁਖ ਆਪ ਜਲਾਏ ਜਿਉਂ ਅਗਨ ਲਗਾਏ ਭੁੱਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੁਕਿਆ ਰਹਿਣ ਨਾ ਦੇਵੇ ਵਿਚ ਗੁਠਾ । ਮਦਨ ਮੁਰਤੀ ਇਕ ਗੋਪਾਲ । ਦੇਵਣਹਾਰ ਹਰਿ ਇਕ ਸਾਚਾ ਭਾਲ । ਝੂਠਾ ਵਣਜ ਮਾਤ ਨਾ ਕਰਨਾ, ਏਕਾ ਬਣਾਏ ਸਾਚਾ ਲਾਲ । ਸਚ ਵਸਤ ਹਰਿ ਏਕਾ ਦੇਵੇ, ਗੁਰਸਿਖ ਘਰ ਰੱਖਣੀ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਸਹਾਈ ਆਪੇ ਵਸੇ ਤੇਰੇ ਨਾਲ । ਸਤਿ ਪ੍ਰਸਾਦ ਲਾਵਣਾ ਮੁਖ । ਪ੍ਰਭ ਦਰ ਗਵਾਵਣਾ ਕਾਇਆ ਦੁੱਖ । ਘਰ ਸਚ ਵਸਾਵਣਾ, ਏਕਾ ਆਤਮ ਸੁਖ । ਭਰਮ ਭੁਲੇਖਾ ਸਾਰਾ ਲਾਹਵਣਾ, ਭੁੱਲ ਨਾ ਜਾਣਾ ਕਿਸੇ ਮਨੁੱਖ । ਪ੍ਰਭ ਅਬਿਨਾਸ਼ੀ ਸਾਚਾ ਗਾਵਣਾ, ਉਜਲ ਕਰਾਏ ਮੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰ ਘਰ ਹਰਿ ਸਾਚਾ ਪਾਇਆ । ਪੰਚਮ ਜੇਠ ਸੁਖਣਾ ਸੁੱਖ । ਸੁੱਖਣਾ ਸੁੱਖੀ ਸੰਗਤ ਸਾਰੀ । ਪੰਚਮ ਜੇਠ ਕਰੀ ਤਿਆਰੀ । ਕਰੀ ਬੇਨੰਤੀ ਸੰਗਤ ਸਾਰੀ । ਸੁਣੇ ਆਪ ਹਰਿ ਅਵਤਾਰੀ । ਪੰਚਮ ਜੇਠ ਪ੍ਰਭ ਸਾਚੇ ਮਾਤ ਜੋਤ ਉਤਾਰੀ । ਗੁਰਸਿਖਾਂ ਜਾਏ ਜਨਮ ਸਵਾਰੀ । ਭਰਮ ਭੁਲੇਖੇ ਦਏ ਨਿਵਾਰੀ । ਜੋ ਜਨ ਆਏ ਸਚ ਦਰਬਾਰੀ । ਕੋਈ ਨਾ ਰਹੇ ਖੜਾ ਦਰ ਅੱਗੇ ਹੰਕਾਰੀ । ਸ਼ਬਦ ਸਰੂਪੀ ਆਪ ਉਠਾਏ ਖੰਡਾ ਦੋ ਧਾਰੀ । ਆਓ ਉਠੋ ਨੇਤਰ ਪੇਖੋ ਚਿੰਤਾ ਕਰੋ ਨਾ ਕੋਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਭੇਖਾਧਾਰੀ । ਭੇਖਾਧਾਰੀ ਨਾ ਲੈਣਾ ਜਾਣ । ਪ੍ਰਭ ਅਬਿਨਾਸ਼ੀ ਕਰੋ ਪਛਾਣ । ਭੁੱਲ ਨਾ ਜਾਣਾ ਜੀਵ ਅੰਞਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਆਤਮ ਹੋਵੇ ਜਿਸ ਹੰਕਾਰਾ । ਉਠੇ ਆਵੇ ਚਲ ਦਵਾਰਾ । ਭਾਂਡਾ ਭਰਮ ਪ੍ਰਭ ਦਏ ਨਿਵਾਰਾ । ਬੂਝ ਬੁਝਾਏ ਆਪ ਗਿਰਧਾਰਾ । ਗੁਰਸਿਖ ਵਸੇ ਚੌਥੇ ਪਦ, ਪ੍ਰਭ ਲਏ ਸੱਦ, ਬੇਮੁਖ ਹੋਏ ਰੱਦ, ਗੁਰਮੁਖ ਸਾਚੇ ਜਾਓ ਗਦ ਗਦ, ਆਪ ਬਹਾਏ ਚਰਨ ਦਵਾਰਾ । ਸੋਹੰ ਪਿਲਾਏ ਸਾਚੀ ਮਦਿ, ਦਿਵਸ ਰੈਣ ਰਹੇ ਖੁਮਾਰਾ । ਏਕਾ ਵੱਜੇ ਸਾਚਾ ਨਦ, ਸਾਚੀ ਧੁਨ ਕਰੇ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਅੰਧ ਅਧਿਆਰਾ । ਅੰਧ ਅੰਧਿਆਰਾ ਆਪੇ ਮੇਟੇ । ਗੁਰ ਸੰਗਤ ਹਰਿ ਸ਼ਬਦ ਪੇਟੇ । ਆਪ ਬਣਾਏ ਆਪਣੇ ਬੇਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਵਟ ਖੇਟੇ । ਗੁਰ ਸਾਚਾ ਆਤਮ ਮਾਨਾ । ਜੋਤ ਸਰੂਪੀ ਪਵਨ ਸਮਾਨਾ । ਤੀਨ ਲੋਕ ਹਰਿ ਬੂਝ ਬੁਝਾਨਾ । ਸਾਚਾ ਮੇਘ ਸਵਣ ਵਰਸਾਨਾ । ਆਤਮ ਧੁਨ ਸਰਬ ਵਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖਾਂ ਸਾਚਾ ਲੇਖ ਲਿਖਾਣਾ । ਗੁਰਸਿਖਾਂ ਸੇਵਾ ਸਾਚੀ ਕੀਤੀ । ਆਪੇ ਦੇਵੇ ਚਰਨ ਪ੍ਰੀਤੀ । ਪ੍ਰਭ ਅਬਿਨਾਸ਼ੀ ਪਰਖੇ ਨੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇ ਵਡਿਆਈ, ਸਦਾ ਰਹੇ ਜਗ ਜੀਤੀ । ਸਦਾ ਜਗ ਜੀਵਣਾ, ਅੰਮ੍ਰਿਤ ਪੀਵਣਾ । ਸੋਹੰ ਬੀਜ ਸਾਚਾ ਬੀਜਣਾ । ਤਨ ਪਾਟਾ ਆਵੇ ਘਾਟਾ, ਸੋਹੰ ਧਾਗਾ ਲੈ ਕੇ ਸੀਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਚਾਟਾ, ਸਦਾ ਸਦਾ ਜਗ ਜੀਵਣਾ । ਸਾਚਾ ਹੱਟ ਸੱਚਾ ਪਸਾਰੀ । ਸਾਚੀ ਵਸਤ ਰੱਖੇ ਅਪਾਰੀ । ਸੌਦਾ ਲੈਣਾ ਵਾਰੋ ਵਾਰੀ । ਜੋ ਜਨ ਆਏ ਚਲ ਦਰਬਾਰੀ । ਪ੍ਰਭ ਬੈਠਾ ਵਡ ਭੰਡਾਰੀ । ਗੁਰਸਿਖ ਮੰਗਣ ਚਰਨ ਦਵਾਰੀ । ਪ੍ਰਭ ਦੇਵਣਹਾਰ ਦਾਤਾਰੀ । ਗੁਰਸਿਖਾਂ ਜਾਏ ਪੈਜ ਸਵਾਰੀ । ਜੋ ਦਰ ਆਏ ਬਿਰਧ ਬਾਲ ਨਰ ਨਾਰੀ । ਕਾਮ ਕਰੋਧ ਦਏ ਨਿਵਾਰ, ਆਤਮ ਦੇਵੇ ਸ਼ਬਦ ਖੁਮਾਰੀ । ਪੁੱਤ ਦੁੱਧ ਦੇ ਭਰੇ ਭੰਡਾਰ, ਦਰ ਆਏ ਜੋ ਭਿਖਾਰੀ । ਗੁਰਸਿਖ


੬੮
੦੩

ਨਾ ਹੋਏ ਕਲ ਖਵਾਰ, ਮੰਗਿਆ ਇਕ ਸੱਚਾ ਦਰਬਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਉਂ ਲੈਣਾ ਖੱਟ, ਮਾਨਸ ਜਨਮ ਨਾ ਆਣਾ ਦੂਜੀ ਵਾਰੀ । ਸਾਚੀ ਹੱਟ ਹਰਿ ਆਪ ਲਗਾਈ । ਏਕਾ ਵਸਤਰ ਨਾਮ ਪਹਿਨਾਈ । ਸ਼ਬਦ ਸ਼ਸਤਰ ਹਰਿ ਹੱਥ ਫੜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਏ ਆਪ ਸਹਾਈ । ਦਰ ਘਰ ਗੁਰ ਸਾਚਾ ਹੱਟ । ਸਾਚਾ ਤੀਰਥ ਸਾਚਾ ਤੱਟ । ਕਲਜੁਗ ਝੂਠੀ ਖੇਲ ਜਿਉਂ ਬਾਜ਼ੀਗਰ ਨਟ । ਕਲਜੁਗ ਪ੍ਰਭ ਭੰਨਿਆ ਤੇਰਾ ਕਾਇਆ ਮੱਟ । ਸੋਹੰ ਸਾਚਾ ਸ਼ਬਦ ਹਰਿ ਚਰਨ ਲਾਗ, ਦਿਵਸ ਰੈਣ ਸਦ ਰਸਨਾ ਰਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਲ ਮਿਲਾਏ ਤੇਰੀ ਦੂਈ ਦਵੈਤ ਫਟ । ਸਚ ਪ੍ਰਭ ਦਾ ਬਣ ਸੁਦਾਗਰ । ਨਿਰਮਲ ਕਰਮ ਹੋਏ ਉਜਾਗਰ । ਪ੍ਰਭ ਪਾਰ ਕਰਾਏ ਗੁਰਮੁਖ ਸਿੰਘ ਸਿੱਖ ਭਵ ਸਾਗਰ । ਆਪ ਕਰਾਏ ਦਰ ਆਇਆਂ ਆਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਗੁਰਸਿਖਾਂ ਉਪਰ ਆਪ ਰਖਾਏ ਚਿੱਟੀ ਚਾਦਰ । ਸੱਚਾ ਸੌਦਾ ਵੇਖ ਵਿਚਾਰ । ਪ੍ਰਭ ਅਬਿਨਾਸ਼ੀ ਹਰਿ ਕਰਤਾਰ । ਭਰਮ ਭੁਲੇਖੇ ਦੇਵੇ ਸਰਬ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਦੇਵੇ ਗੇੜ ਨਿਵਾਰ । ਪ੍ਰਭ ਅਬਿਨਾਸ਼ੀ ਚਰਨ ਪਨਿਹਾਰਾ । ਆਪੇ ਖੋਲ੍ਹੇ ਦਸਮ ਦਵਾਰਾ । ਉਪਜੇ ਧੁਨ ਸੱਚੀ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਪਣਾ ਰੰਗ ਦਿਖਾਏ ਅਪਾਰਾ । ਗੁਰ ਸੰਗਤ ਤੇਰਾ ਪ੍ਰੇਮੀ ਤੀਰ । ਸਿੰਘ ਸਿੰਘਾਸਣ ਦੇਵੇ ਚੀਰ । ਵਿਸ਼ਨੂੰ ਵੰਸੀ ਪਾਏ ਵਹੀਰ । ਕੋਟਨ ਕੋਟ ਜੋ ਜਨ ਆਏ ਚੀਰ । ਗੁਰਮੁਖਾਂ ਆਤਮ ਪ੍ਰੇਮ ਕਰ, ਆਪ ਵਹਾਏ ਨੇਤਰ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਸਚ ਪਿਲਾਇਆ ਆਤਮ ਸੀਰ । ਨੇਤਰ ਨੇਤਰ ਨੀਰ ਨਿਰਾਲਾ । ਪੀਰ ਫ਼ਕੀਰ ਨਾ ਕਿਸੇ ਸੰਭਾਲਾ । ਦਸਤਗੀਰ ਨਾ ਹੋਏ ਰਖਵਾਲਾ । ਸਾਚਾ ਮਾਹੀ ਆਪ ਗੋਪਾਲਾ । ਕਲ ਪਏ ਦੁਹਾਈ ਆਪ ਹੋਏ ਰਖਵਾਲਾ । ਝੂਠੀ ਮਿਟਾਏ ਸ਼ਾਹੀ, ਤੋੜੇ ਸਰਬ ਜ਼ੰਜਾਲਾ । ਗੁਰਸਿਖਾਂ ਫੜੇ ਬਾਹੀਂ, ਗੁਰਸਿਖਾਂ ਕਰੇ ਪ੍ਰਿਤਪਾਲਾ । ਆਪ ਬਹਾਏ ਸਾਚੇ ਥਾਏਂ, ਸਾਚੇ ਘਰ ਆਪ ਰਖਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਪ੍ਰੀਤਮ ਗੁਸਿੱਖਾਂ ਕਰੇ ਪ੍ਰਿਤਪਾਲਾ । ਪ੍ਰੀਤ ਪ੍ਰੀਤਮ ਗਈ ਲੱਗ । ਦੂਈ ਦਵੈਤ ਨਾ ਰਹੀ ਅੱਗ । ਕੂੜਾ ਨਾਤਾ ਤੁਟਾ ਤਗ । ਆਤਮ ਜੋਤੀ ਜਾਏ ਜਗ । ਸਚ ਸ਼ਬਦ ਸਿਰ ਧਰੇ ਪੱਗ । ਦੇਵੇ ਵਡਿਆਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੱਗ । ਪੱਗ ਪਗੜੀ ਸਿਰ ਬੱਧਾ ਸਿਹਰਾ । ਦੂਈ ਦਵੈਤ ਢਾਇਆ ਡੇਰਾ । ਗੁਰਸਿਖ ਬਣਾਇਆ ਆਪਣਾ ਚੇਰਾ । ਪੰਚਮ ਜੇਠ ਨਾ ਲਾਇਆ ਡੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਇਆ ਆਵਣ ਜਾਵਣ ਗੇੜਾ । ਆਵਣ ਜਾਵਣ ਆਪ ਮਿਟਾਇਆ । ਰਾਜਸ ਤਾਮਸ ਮਗਰੋਂ ਲਾਹਿਆ । ਸਾਂਤਕ ਰੂਪ ਹਰਿ ਸਾਂਤਕ ਸਤਿ ਸਤਿ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਠੰਡ ਵਰਤਾਇਆ । ਘਰ ਸਾਚਾ ਠੰਡਾ ਦਰਬਾਰਾ । ਅੰਮ੍ਰਿਤ ਚਲੇ ਇਕ ਫੁਹਾਰਾ । ਸਾਚੀ ਬਰਖੇ ਏਕਾ ਧਾਰਾ । ਗੁਰਮੁਖ ਵਿਰਲਾ ਨੁਹਾਏ ਕਰੇ ਚਰਨ ਨਿਮਸਕਾਰਾ । ਦਰ ਘਰ ਸਾਚੇ ਪਾਵੇ ਜੋ ਮੰਗੇ ਹਰਿ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰਾ । ਜਨਮ ਮਰਨ ਅਜੇ ਨਾ ਜਾਣਿਆ । ਕਲਜੁਗ ਭੁੱਲੇ ਜੀਵ ਨਿਧਾਣਿਆਂ । ਕਲਜੁਗ ਮਾਇਆ ਅਗਨ ਲੱਗੀ ਵਿਚ ਸ਼ੈਤਾਨਿਆਂ । ਐਵੇਂ ਫੁੱਲਿਆ ਫਿਰੇ ਮਸਤਾਨਿਆਂ । ਸਚਾ ਰਾਹ ਹੱਥ ਨਾ ਆਇਆ, ਬੇਮੁੱਖ ਕੀ ਕਰੇ ਦਾਨਿਆ । ਸਾਚਾ ਨਾਮ ਨਾ

ਰਸਨਾ ਗਾਇਆ, ਕਿਥੋਂ ਮਿਲੇ ਹਰਿ ਭਗਵਾਨਿਆਂ । ਭਰਮ ਭੁਲੇਖਾ ਝੂਠਾ ਲੇਖਾ, ਪ੍ਰਭ ਅਬਿਨਾਸ਼ੀ ਅਜੇ ਨਾ ਦੇਖਾ, ਕਿਥੋਂ ਮੰਗੇ ਸਾਚਾ ਲੇਖਾ, ਕਵਣ ਮਿਟਾਏ ਤੇਰੀ ਪਿਛਲੀ ਲਿਖੀ ਰੇਖਾ , ਮਾਇਆ ਧਾਰੀ ਅੰਧ ਅੰਧਿਆਰੀ । ਪਾਪਾਂ ਹੋਈ ਜੀਵ ਹੈਂਸਿਆਰੀ । ਜੂਠੀ ਝੂਠੀ ਜੀਵ ਅਟਾਰੀ । ਪ੍ਰਭ ਅਬਿਨਾਸ਼ੀ ਨਾ ਮਨੋਂ ਵਸਾਰੀ । ਹਰਿ ਕਾ ਨਾਮ ਸਚ ਸਵਾਰੀ । ਸ਼ਬਦ ਸਰੂਪੀ ਵੇਖ ਅਟਾਰੀ । ਜਿਥੇ ਦਿਸੇ ਹਰਿ ਮੁਰਾਰੀ । ਜਨਮ ਮਰਨ ਹਰਿ ਗੇੜ ਨਿਵਾਰੀ । ਜੋਤ ਸਰੂਪੀ ਮੇਲ ਮਿਲਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਸਾਚਾ ਸ਼ਬਦ ਦੇਵੇ ਅਸਵਾਰੀ । ਸਾਚਾ ਸ਼ਬਦ ਪ੍ਰਭ ਵਖਾਣ । ਕਲਜੁਗ ਜੀਵ ਨਾ ਭੁੱਲ ਨਿਧਾਨ । ਮਾਇਆ ਵਿਚ ਨਾ ਰੁਲੀਂ ਬਣ ਅੰਤ ਨਾਦਾਨ । ਅੰਮ੍ਰਿਤ ਆਤਮ ਨਾ ਜੀਵ ਡੋਹਲੀਂ, ਜੋਤੀ ਜੋਤ ਸਰੂਪ ਹਰਿ, ਗੁਰਸਿਖਾਂ ਮੇਲ ਮਿਲਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨ । ਨਾਮ ਨਿਧਾਨਾ ਹਰਿ ਦਰ ਪਾਓ । ਆਤਮ ਝੂਠਾ ਤਾਕ ਖੁਲ੍ਹਾਓ । ਕਲਜੁਗ ਜੀਵ ਹੰਸ ਕਾਗ ਬਣ ਜਾਓ । ਆਤਮ ਧੋ ਹੰਗਤਾ ਦਾਗ, ਸੋਹੰ ਸਾਚਾ ਰਸਨਾ ਗਾਓ । ਪ੍ਰਭ ਅਬਿਨਾਸ਼ੀ ਪਕੜੇ ਵਾਗ, ਜਨਮ ਮਰਨ ਵਿਚ ਫੇਰ ਨਾ ਆਓ । ਗੁਰਸਿਖ ਸੋਇਆ ਜਾਏ ਜਾਗ, ਲੱਖ ਚੁਰਾਸੀ ਜੂਨ ਕਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦਰਸ਼ਨ ਪਾਓ । ਕਿਆ ਵੇਖੇ ਕਿਆ ਕਰੇ ਵਿਚਾਰਾ । ਸਾਚੇ ਪ੍ਰਭ ਨਾ ਜਾਣੇ ਸਾਰਾ । ਸਾਚੀ ਧੁਨ ਸੱਚੀ ਸਰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਗੇੜ ਨਿਵਾਰਾ । ਅੰਮ੍ਰਿਤ ਮੇਘ ਆਪ ਬਰਸਾਏ । ਆਤਮ ਤ੍ਰਿਖਾ ਸਰਬ ਮਿਟਾਏ । ਬੇਮੁਖ ਆਤਮ ਅਗਨ ਲਗਾਏ । ਦਰ ਦਰ ਫਿਰਨ ਹਲਕਾਏ, ਕੋਇ ਨਾ ਪਾਏ ਸਾਚੀ ਥਾਂਏ, ਜਿਥੇ ਵਸੇ ਹਰਿ ਰਘੁਰਾਏ । ਗੁਰਸਿਖ ਸਾਚਾ ਸੇਵ ਕਮਾਏ । ਪ੍ਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਮੇਘ ਬਰਸਾਏ । ਅੰਮ੍ਰਿਤ ਪੀਣਾ ਅੰਮ੍ਰਿਤ ਧਾਰ । ਮਾਨਸ ਜਨਮ ਲੈਣਾ ਸਵਾਰ । ਭੁੱਲਿਆਂ ਰੁੱਲਿਆਂ ਪ੍ਰਭ ਦੇਵੇ ਤਾਰ । ਪੂਰਬ ਕਰਮ ਲਏ ਵਿਚਾਰ । ਮਹਾਰਾਜ ਸ਼ੇਰ ਸਿੰਘ ਗੁਰਸਿਖਾਂ ਪਾਏ ਸਾਰ । ਆਤਮ ਰਸ ਹਰਿ ਸਾਚਾ ਗਾਵਣਾ । ਆਤਮ ਜੋਤੀ ਦੀਪ ਜਗਾਵਣਾ । ਅੰਧ ਅੰਧਿਆਰ ਸਰਬ ਮਿਟਾਵਣਾ । ਏਕਾ ਅਕਾਰ ਜੋਤ ਕਰਾਵਣਾ । ਸੋਹੰ ਧਾਰ ਹਰਿ ਇਕ ਰਖਾਵਣਾ । ਵਕਤ ਵਿਚਾਰ ਪ੍ਰਭ ਸਾਚੇ ਸਾਚਾ ਮਾਰਗ ਲਾਵਣਾ । ਚਾਰ ਵਰਨ ਆਵੇ ਇਕ ਦਵਾਰ, ਏਕਾ ਡੰਕ ਵਜਾਵਣਾ । ਰਾਓ ਉਮਰਾਓ ਕਰ ਖ਼ਵਾਰ, ਰਾਜਾ ਰਾਣਾ ਤਖ਼ਤੋਂ ਲਾਹਵਣਾ । ਆਪ ਸੁਹਾਏ ਥਾਨ ਬੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤਾ ਜਾਮਾ ਪਾਵਣਾ । ਪੰਚਮ ਜੇਠ ਖ਼ੁਸ਼ੀ ਮਨਾਏ । ਗੁਰ ਸੰਗਤ ਹਰਿ ਵਿਦਾ ਕਰਾਏ । ਸੋਹੰ ਦਾਤ ਭਿਛਿਆ ਪਾਏ । ਸਤਿ ਕਰਾਮਾਤ ਇਕ ਕਰਾਏ । ਇਕ ਜਮਾਤ ਹਰਿ ਆਪ ਪੜ੍ਹਾਏ । ਆਪੇ ਪੁੱਛੇ ਵਾਤ, ਅੰਤਮ ਅੰਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਉਠੇ ਸੰਗਤ ਕਰੇ ਤਿਆਰੀ । ਪ੍ਰਭ ਚਰਨ ਜਾਓ ਬਲਿਹਾਰੀ । ਮਾਨਸ ਜਨਮ ਹਰਿ ਜਾਏ ਸਵਾਰੀ । ਜੋ ਜਨ ਕਰੇ ਨਿਮਸਕਾਰੀ । ਦਰ ਘਰ ਸਾਚੇ ਦੇਵੇ ਸੱਚੀ ਸਰਦਾਰੀ । ਜਿਥੇ ਵਸੇ ਹਰਿ ਆਪ ਮੁਰਾਰੀ । ਰਾਮ ਰਮਈਆ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਕਲ ਭੇਖਾਧਾਰੀ । ਭੇਖ ਧਰ ਦਇਆ ਕਮਾਏ । ਪੰਚਮ ਜੇਠ ਸੋਹੰ ਸ਼ਬਦ ਮੁਖ ਲਗਾਏ ਮੇਵਾ । ਪੰਚਮ ਜੇਠ ਹਰਿ ਜੋਤ ਪ੍ਰਗਟਾਏ, ਪ੍ਰਭ ਅਬਿਨਾਸ਼ੀ ਅਲਖ ਅਭੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਰਥੀ ਜਾਏ ਨਾ ਤੇਰੀ ਸੇਵਾ ਘਾਲੀ ।

੭੦ ੦੩

ਗੁਰ ਦਰਬਾਰ ਗੁਰਮੁਖਾਂ ਜਾਏ ਹਰਿ ਤਾਰ । ਦੇਵੇ ਦਰਸ ਅਗੰਮ ਅਪਾਰ । ਮਿਟਾਏ ਹਰਸ ਆਤਮ ਤ੍ਰਿਸ਼ਨਾ ਭੁੱਖ ਨਿਵਾਰ । ਕਾਹਨਾ ਕ੍ਰਿਸ਼ਨਾ ਸਾਚੀ ਜੋਤ ਅਕਾਰ । ਬ੍ਰਹਮਾ ਵਿਸ਼ਨ ਖੜੇ ਰਹਿਣ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ । ਨਰ ਅਵਤਾਰ ਜਾਮਾ ਧਾਰਿਆ । ਗੁਰਮੁਖ ਸਾਚੇ ਵਿਚ ਸਮਾ ਰਿਹਾ । ਬਿਨ ਰੰਗ ਰੂਪੀ ਦਿਸ ਨਾ ਆ ਰਿਹਾ । ਭਰਮ ਭੁਲੇਖੇ ਸ੍ਰਿਸ਼ਟ ਭੁਲਾ ਰਿਹਾ । ਗੁਰਮੁਖ ਸਾਚੇ ਆਪਣੇ ਲੇਖੇ ਲਾ ਰਿਹਾ । ਵਿਚ ਮਾਤ ਪ੍ਰਗਟ ਆਪੇ ਵੇਖੇ ਜੋ ਜਨ ਸੋਹੰ ਰਸਨਾ ਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰਗ ਸਤਿਜੁਗ ਸਾਚਾ ਲਾ ਰਿਹਾ । ਜੋਤ ਸਰੂਪੀ ਜਾਮਾ ਪਾਏ । ਸਤਿਜੁਗ ਸਾਚਾ ਮਾਰਗ ਲਾਏ । ਕਲਜੁਗ ਝੂਠਾ ਭੇਖ ਮਿਟਾਏ । ਗੁਰਮੁਖ ਸਾਚੇ ਸੰਤ ਜਨ ਪ੍ਰਭ ਸਾਚਾ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਕਰਾਏ । ਚਾਰ ਵਰਨ ਇਕ ਦਵਾਰਾ । ਚਾਰ ਵਰਨ ਇਕ ਘਰ ਬਾਹਰਾ । ਚਾਰ ਵਰਨ ਏਕਾ ਸਰਨ ਨਿਹਕਲੰਕ ਨਰਾਇਣ ਨਰ ਅਵਤਾਰਾ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦੇਵਣਹਾਰਾ । ਚਾਰ ਵਰਨ ਇਕ ਸੰਗ । ਪ੍ਰਭ ਅਬਿਨਾਸ਼ੀ ਚਾੜ੍ਹੇ ਸਾਚਾ ਰੰਗ । ਆਪ ਮਿਟਾਏ ਆਤਮ ਭੁੱਖ ਨੰਗ । ਜੋਤ ਸਰੂਪੀ ਸ਼ਬਦ ਅਸਵਾਰੀ ਕਾਇਆ ਘੋੜਾ ਕਸੇ ਤੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਵਡ ਸੂਰਾ ਸਰਬੰਗ । ਵਡ ਸੂਰਾ ਸੂਰਬੀਰ । ਕਿਆ ਕੋਈ ਜਾਣੇ ਵਡ ਪੀਰਨ ਪੀਰ । ਭੁੱਲੇ ਵਿਚ ਮਾਤ ਔਲੀਏ ਦਸਤਗੀਰ । ਕਲਜੁਗ ਅੰਤਮ ਆਪ ਤੁੜਾਏ ਪਾਪਾਂ ਬੱਧੀ ਜੰਜ਼ੀਰ । ਸੋਹੰ ਖੰਡਾ ਹੱਥ ਉਠਾਏ ਚਾਰ ਕੁੰਟ ਕਰਾਏ ਵਹੀਰ । ਬੇਮੁਖਾਂ ਹਰਿ ਦਿਸ ਨਾ ਆਏ, ਨਾ ਕੋਈ ਦੇਵੇ ਧੀਰ । ਘਰ ਘਰ ਰੋਵਣ ਨਾਰੀਆਂ ਰੰਡਾਂ, ਵਹਿੰਦੇ ਰਹਿਣ ਨੇਤਰ ਨੀਰ । ਕਲਜੁਗ ਤੇਰਾ ਅੰਤਮ ਅੰਤ ਕਰਾਏ ਅਖੀਰ । ਵਹਿੰਦੇ ਵਹਿਣ ਜਾਇਣ ਸ਼ਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਵਡ ਪੀਰਨ ਪੀਰ । ਮਾਤ ਜੋਤ ਪ੍ਰਗਟਾਏ । ਆਪਣਾ ਭੇਵ ਆਪ ਖੁਲ੍ਹਾਏ । ਸੋਹੰ ਸਾਚਾ ਸ਼ਬਦ ਚਲਾਏ । ਸਤਿਜੁਗ ਸਾਚਾ ਮਰਗ ਲਾਏ । ਜੂਠ ਝੂਠ ਹਰਿ ਨਸ਼ਟ ਕਰਾਏ । ਰੰਗ ਅਨੂਠ ਆਪ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਇਕ ਕਰਾਏ । ਸਚ ਭਗਵਾਨਣਾ, ਪ੍ਰਭ ਸਾਚਾ ਮਾਨਣਾ । ਭਰਮ ਭੁਲੇਖਾ ਸਰਬ ਨਿਕਾਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਿਚ ਮਾਤ ਜੋਤ ਪ੍ਰਗਟਾਨਣਾ । ਮਾਤਲੋਕ ਵੱਜਾ ਡੰਕ । ਇਕ ਕਰਾਏ ਰਾਓ ਰੰਕ । ਆਪ ਮਿਟਾਏ ਆਤਮ ਸ਼ੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜੋਤ ਜਗਾਏ ਆਤਮ ਲਾਏ ਸਾਚੀ ਤਨਕ ।



੭੫ ੦੩

### ❊ ੮ ਜੇਠ ੨੦੧੦ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਪਿੰਡ ਝਬਾਲ ਜ਼ਿਲਾ ਅੰਮ੍ਰਿਤਸਰ ❊

ਸਾਚਾ ਵਕਤ ਹਰਿ ਵਿਚਾਰਿਆ । ਅਸ਼ਟਮ ਜੇਠ ਉਠ ਪਧਾਰਿਆ । ਸਾਧ ਸੰਗਤ ਸੰਗ ਰਲਾ ਰਿਹਾ । ਜਿਉਂ ਅੰਗਦ ਅੰਗ ਲਗਾ ਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਪਣੇ ਭਾਣੇ ਵਿਚ ਸਮਾ ਰਿਹਾ । ਅਸ਼ਟਮ ਜੇਠ ਅਸ਼ਟ ਕਰ ਮਾਣ । ਪ੍ਰਭ ਅਬਿਨਾਸ਼ੀ ਪੂਰਨ ਭਗਵਾਨ । ਧਰੇ ਜੋਤ ਮਾਤ ਮਹਾਨ । ਗੁਰਸਿਖਾਂ ਦੇਵੇ ਆਤਮ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਾਲੀ ਦੋ ਜਹਾਨ । ਗੁਰਮੁਖ ਤੇਰੀ

ਆਤਮ ਜਾਗੀ । ਅਸ਼ਟਮ ਜੇਠ ਆਇਆ ਦਿਨ ਵਡ ਵਡਭਾਗੀ । ਚਰਨ ਧੂੜ ਤੇਰੇ ਮਸਤਕ ਲਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਰਨ ਪ੍ਰੀਤੀ ਸਾਚੀ ਲਾਗੀ । ਚਰਨ ਪ੍ਰੀਤੀ ਸੇਵ ਕਮਾਈ । ਦਰ ਘਰ ਆਏ ਪ੍ਰਭ ਸਾਚਾ ਦੇ ਵਧਾਈ । ਅਸ਼ਟਮ ਜੇਠ ਹੋਏ ਰੁਸ਼ਨਾਈ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਪੈਜ ਰਖਾਈ । ਪੈਜ ਰਖਾਏ ਸਚ ਦਰਬਾਰੇ । ਜਿਥੇ ਵਸੇ ਹਰਿ ਨਿਰੰਕਾਰੇ । ਸਾਚਾ ਰੰਗ ਅਨੂਪ
ਅਪਾਰੇ । ਬੈਠਾ ਵਡ ਸ਼ਾਹੋ ਵਡ ਭੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਸਰਕਾਰੇ । ਸਚ ਸਰਕਾਰ ਸੱਚਾ ਸਿਕਦਾਰਾ । ਤੀਨ ਲੋਕ
ਹਰਿ ਪਾਵੇ ਸਾਰਾ । ਖੰਡ ਬ੍ਰਹਿਮੰਡ ਵਰਭੰਡ ਹਰਿ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ ।
ਆਇਆ ਦਰ ਹਰਿ ਭਗਵੰਤਾ । ਕਾਜ ਸਵਾਰੇ ਗੁਰਮੁਖ ਸਾਚੇ ਸੰਤਾ । ਕਲਜੁਗ ਜੀਆਂ ਮਾਇਆ ਪਾਏ ਪ੍ਰਭ ਬੇਅੰਤਾ । ਗੁਰਮੁਖ ਸਾਚੇ ਆਪ
ਉਠਾਏ ਪ੍ਰਭ ਅਬਿਨਾਸ਼ੀ ਸਾਚਾ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤਾ । ਗੁਰਮੁਖ ਸਾਚਾ ਆਪ ਉਠਾਇਆ । ਆਪ
ਆਪਣੀ ਸੇਵਾ ਲਾਇਆ । ਸਾਚਾ ਮੇਵਾ ਨਾਮ ਦਵਾਇਆ । ਵਡ ਵਡ ਦੇਵੀ ਦੇਵਾ ਕਰੋੜ ਤੇਤੀਸ ਚਰਨ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਭੇਵ ਕਿਸੇ ਨਾ ਪਾਇਆ । ਗੁਰਮੁਖ ਤੇਰੀ ਸਚ ਅਟਾਰੀ । ਜਿਥੇ ਵਸੇ ਆਪ ਮੁਰਾਰੀ । ਆਪੇ ਕਰੇ ਆਤਮ
ਕਾਰੀ । ਬੇਮੁਖਾਂ ਕਰੇ ਹਰਿ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਨਰਾਇਣ ਨਰ ਅਵਤਾਰਾ ।
ਗੁਰਸਿਖ ਤੇਰਾ ਵਸਾਇਆ ਹਰਿ ਸੱਚਾ ਘਰ ਬਾਹਰਾ । ਆਪੇ ਹੋਏ ਤੇਰਾ ਸਿਕਦਾਰਾ । ਸਤਿਜੁਗ ਉਪਜੇ ਧਾਮ ਨਿਆਰਾ । ਮਹਾਰਾਜ ਸ਼ੇਰ ਸਿੰਘ
 ਵਿਸ਼ਨੂੰ ਭਗਵਾਨ, ਆਪੇ ਹੋਏ ਲੇਖ ਲਿਖਾਰਾ । ਸਾਚਾ ਧਾਮ ਬਣੇ ਤੇਰਾ ਸਾਚਾ ਘਰ । ਸਰਬ ਥਾਈਂ ਬਾਕੀ ਆਏ ਡਰ । ਆਪਣੀ ਕਰਨੀ ਜਾਇਣ ੭੨ ੦੩
ਕਰ । ਬੇਮੁਖ ਆਪਣੀ ਭਰਨੀ ਲੈਣ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚਾ ਸਰ । ਸਾਚਾ ਦਰ ਸਾਚਾ ਘਰ ।
ਸਾਚਾ ਵਰ ਮਿਲਿਆ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਰਨੀ ਰਿਹਾ ਕਰ । ਕਰਨੀ ਕਰੇ ਕਰਣੇਹਾਰਾ । ਕਲਜੁਗ
ਜੀਵ ਭੁੱਲਾ ਮੂਰਖ ਮੁਗਧ ਗਵਾਰਾ । ਪ੍ਰਭ ਅਬਿਨਾਸ਼ੀ ਨਾ ਰਿਦੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਲਿਆ ਅਵਤਾਰਾ ।
ਕਲਜੁਗ ਜੀਵ ਵੇਖ ਵਿਚਾਰ । ਮਾਨਸ ਜਨਮ ਨਾ ਕਲਜੁਗ ਹਾਰ । ਭੁੱਲੇ ਭਰਮ ਕਿਉਂ ਗਵਾਰ । ਆਪ ਆਪਣਾ ਕਾਜ ਸਵਾਰ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਪੰਚਮ ਜੇਠ ਲਿਆ ਅਵਤਾਰ । ਆਇਆ ਚਰਨ ਸੱਚੇ ਗੁਰਦੇਵ । ਆਤਮ ਪ੍ਰੀਤੀ ਕਰੀ ਸੱਚੀ ਸੇਵ । ਸੋਹੰ ਮਿਲੇ
ਆਤਮ ਸਾਚਾ ਮੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਮਾਤ ਜੋਤ ਪ੍ਰਗਟਾਈ ਅਲਖ ਅਭੇਵ । ਅਛਲ ਅਛੇਦਾ ਅਲਖ ਅਲੇਖਾ । ਕਿਆ
ਕੋਈ ਪਾਵੇ ਪ੍ਰਭ ਕਾ ਭੇਤਾ । ਗਾਏ ਥੱਕੇ ਚਾਰੇ ਵੇਦਾ । ਝੂਠੇ ਜੂਠੇ ਪੜ੍ਹਨ ਕਤੇਬਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸ੍ਰਿਸ਼ਟ ਸਬਾਈ
ਜੁਗੋ ਜੁਗ ਅਛਲ ਅਛੇਦਾ । ਸ੍ਰਿਸ਼ਟ ਸਬਾਈ ਜਾਏ ਛਲ । ਆਪ ਛਲਾਈ. ਮਾਇਆ ਪਾਈ ਕਲ । ਖ਼ਾਕ ਰਲਾਈ ਸੁੱਧ ਨਾ ਪਾਈ, ਸਚ ਦਰਬਾਰ
ਨਾ ਆਏ ਚੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਅੰਤਮ ਅੰਤ ਕਲ ਆਪ ਲੁਹਾਏ ਖੱਲ । ਗੁਰਸਿਖ ਹਰਿ ਰਸਨ ਉਚਾਰੇ । ਰਸਨਾ
ਰਸ ਦੇਵੇ ਕਰਤਾਰੇ । ਹੋਏ ਵਸ ਜੋਤ ਮੁਰਾਰੇ । ਰਾਹ ਸਾਚਾ ਜਾਏ ਦੱਸ, ਜਨ ਭਗਤਾਂ ਲੇਖ ਲਿਖਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

ਜੋਤ ਪ੍ਰਗਟਾਈ ਸਚ ਦਵਾਰੇ । ਗੁਰਸਿਖ ਗੁਰ ਸਾਚਾ ਜਾਣਿਆ । ਪ੍ਰਭ ਅਬਿਨਾਸ਼ੀ ਆਪ ਪਛਾਣਿਆਂ । ਦਰ ਘਰ ਆਵੇ ਹੋਵੇ ਮਾਣਿਆਂ । ਦਰਗਹਿ ਸਾਚੀ ਮਿਲੇ ਸਚ ਟਿਕਾਣਿਆਂ । ਵੇਲੇ ਅੰਤ ਜਮ ਨੇੜ ਨਾ ਆਣਿਆਂ । ਪ੍ਰਭ ਅਬਿਨਾਸ਼ੀ ਸਾਚਾ ਕੰਤ ਗਲੇ ਲਗਾਣਿਆਂ । ਆਪ ਬਣਾਏ ਸਾਚੀ ਬਣਤ, ਸੋਹੰ ਨਾਮ ਜਪਾਣਿਆਂ । ਦੇਵੇ ਵਡਿਆਈ ਵਿਚ ਜੀਵ ਜੰਤ, ਜੋਤ ਸਰੂਪੀ ਪਹਿਰੇ ਬਾਣਿਆਂ । ਏਕਾ ਸ਼ਬਦ ਸੱਚਾ ਗੁਰ ਮੰਤ, ਹਰਿ ਸਾਚੇ ਮਾਤ ਵਖਾਣਿਆਂ । ਕੋਈ ਨਾ ਜਾਣੇ ਹਰਿ ਕਾ ਅੰਤ, ਕਲਜੁਗ ਭੁੱਲੇ ਜੀਵ ਨਿਧਾਨਿਆਂ । ਧਰੇ ਜੋਤ ਹਰਿ ਸਾਚਾ ਕੰਤ, ਗੁਰਮੁਖ ਵਿਰਲੇ ਕਲ ਪਛਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਘਰ ਆਏ ਗੁਣ ਨਿਧਾਨਿਆਂ । ਗੁਰਸਿਖ ਤੇਰੇ ਗੁਣ ਗੰਭੀਰਾ । ਸ਼ਬਦ ਸੁੱਤ ਆਪ ਦੇਵੇ ਧੀਰਾ । ਸਾਂਤਕ ਵਰਤੇ ਤੇਰੇ ਸਤਿ ਸਰੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਿਆਏ ਅੰਮ੍ਰਿਤ ਸਾਚਾ ਸੀਰਾ । ਅੰਮ੍ਰਿਤ ਆਤਮ ਦੇਵੇ ਧਾਰ । ਸੁਰਤ ਸ਼ਬਦ ਹਰਿ ਮੇਲ ਮਿਲਾਰ । ਖੁਲ੍ਹੇ ਸੁੰਨ ਤੁੱਟੇ ਮੁਨ, ਉਪਜੇ ਧੁਨ ਸੱਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਘਰ ਆਏ ਜਾਏ ਪੈਜ ਸਵਾਰ । ਗੁਰਮੁਖ ਗੁਰ ਚਰਨੀ ਲਾਗਾ । ਪਾਪਾਂ ਧੋਇਆ ਝੂਠਾ ਦਾਗਾ । ਕਵਲ ਨੈਣ ਹਰਿ ਸ਼ਬਦ ਧੁਨ ਉਪਜਾਏ ਸਾਚਾ ਰਾਗਾ । ਸਾਚਾ ਲਾਹਾ ਪ੍ਰਭ ਦਰ ਲੈਣ, ਵਿਚ ਮਾਤ ਜੋ ਜਨ ਜਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸ਼ਟਮ ਜੇਠ ਲਿਖਾਏ ਦਿਵਸ ਭਾਗਾ । ਗੁਰਮੁਖ ਤੇਰੀ ਰਹਿਰਾਸ । ਪ੍ਰਭ ਅਬਿਨਾਸ਼ੀ ਹੋਇਆ ਦਾਸ । ਆਪ ਬੁਝਾਏ ਆਤਮ ਤ੍ਰਿਖਾ ਪਿਆਸ । ਜੋਤ ਸਰੂਪੀ ਹਰਿ ਹਿਰਦੇ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਪ੍ਰਕਾਸ਼ । ਆਤਮ ਜੋਤ ਹਰਿ ਪ੍ਰਕਾਸ਼ੇ । ਅਗਿਆਨ ਅੰਧੇਰ ਸਰਬ ਵਿਨਾਸੇ । ਏਕਾ ਸ਼ਬਦ ਚਲਾਏ ਸੋਹੰ ਸਵਾਸ ਸਵਾਸੇ । ਮਾਨਸ ਜਨਮ ਵਿਚ ਮਾਤ ਕਰਾਏ ਰਾਸੇ । ਅੰਤਕਾਲ ਕਰੇ ਬੰਦ ਖੁਲਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਨਿਰੰਜਣ ਕਰ ਦਰਸ ਤੇਰੀ ਮਿਟੇ ਹਰਸ ਤੇਰਾ ਆਤਮ ਦੁੱਖੜਾ ਨਾਸੇ । ਗੁਰਸਿਖ ਰੱਖ ਇਕ ਗੁਰ ਓਟ । ਸੋਹੰ ਲਗਾਵੇ ਆਤਮ ਸਾਚੀ ਚੋਟ । ਅੰਤਮ ਅੰਤਕਾਲ ਕਲਜੁਗ ਬੇਮੁਖਾਂ ਦਿਸੇ ਇਕ ਲੰਗੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਬੇਮੁਖਾਂ ਕੱਢੇ ਖੋਟ । ਜੋਤ ਜਗਾਏ, ਸ੍ਰਿਸ਼ਟ ਖਪਾਏ, ਦੇਰ ਨਾ ਲਾਏ, ਅੰਧੇਰ ਰਖਾਏ, ਹੇਰ ਫੇਰ ਕਰ ਜਗਤ ਭੁਲਾਏ, ਪੰਚਮ ਜੇਠ ਸੰਞ ਸਵੇਰ ਨਾ ਕਿਸੇ ਦਿਖਾਏ । ਮੇਰ ਤੇਰ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਗਾਏ । ਜਗਤ ਭੁਲੇਖਾ ਆਪੇ ਪਾਇਆ । ਵੇਖਾ ਵੇਖੀ ਜਗਤ ਭੁਲਾਇਆ । ਆਪੇ ਮੰਗੇ ਸਾਚਾ ਲੇਖਾ, ਧਰਮ ਰਾਏ ਦੇ ਦਰ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪਣੀ ਸਰਨ ਲਗਾਇਆ । ਗੁਰਸਿਖਾਂ ਦੇਵੇ ਹਰਿ ਆਪ ਵਡਿਆਈ । ਪ੍ਰਭ ਚਰਨ ਜੋ ਸੇਵ ਕਮਾਈ । ਲਹਿਣਾ ਦੇਣਾ ਹਰਿ ਦੇ ਚੁਕਾਈ । ਏਥੇ ਓਥੇ ਹੋਏ ਸਹਾਈ । ਸਾਚੀ ਲਿਖਤ ਰਿਹਾ ਲਿਖਾਈ । ਸਤਿਜੁਗ ਸਾਚੇ ਦੇ ਉਪਾਈ । ਸਾਚਾ ਧਾਮ ਝਬਾਲ ਬਣਾਈ । ਇੰਦਰ ਸਿੰਘ ਤੇਰੇ ਹੱਥ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕੁੱਲੀ ਭਾਗ ਲਗਾਈ । ਤੇਰੀ ਕੁੱਲੀ ਲੱਗੇ ਭਾਗ । ਬੇਮੁਖਾਂ ਘਰ ਲੱਗੇ ਆਗ । ਕਲਜੁਗ ਜੀਵ ਝੂਠੇ ਵਿਸ਼ੇ ਵਿਕਾਰਾਂ ਲੱਗੇ ਦਾਗ । ਇਕ ਨਾ ਉਪਜਿਆ ਸਾਚਾ ਰਾਗ । ਸੋਹੰ ਵੱਜਾ ਨਾ ਸਾਚਾ ਨਾਦ । ਸੁਰਤ ਸ਼ਬਦ ਨਾ ਆਪ ਨਾ ਕੋਈ ਜਾਣੇ ਬ੍ਰਹਮ ਬ੍ਰਹਿਮਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ

ਆਦਿ ਜੁਗਾਦਿ । ਆਦਿ ਜੁਗਾਦੀ ਏਕਾ ਏਕਾ । ਗੁਰਮੁਖ ਸਾਚੇ ਰਾਖੋ ਟੇਕਾ । ਕਰੇ ਬੁਧ ਬਬੇਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਤਨ ਨਾ ਲਾਗਣ ਦੇਵੇ ਸੇਕਾ । ਸਾਚਾ ਤਨ ਸਾਚਾ ਨੂਰ । ਆਤਮ ਆਸਾ ਕਰੇ ਭਰਪੂਰ । ਸੋਹੰ ਸ਼ਬਦ ਉਪਜਾਵੇ ਸਾਚੀ ਤੂਰ । ਪ੍ਰਭ ਅਬਿਨਾਸ਼ੀ ਹਿਰਦੇ ਵਸੇ ਬੇਮੁਖ ਜਾਣੇ ਦੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਖੜਾ ਹਜ਼ੂਰ । ਹਾਜ਼ਰ ਹਜ਼ੂਰਾ । ਸਰਬ ਕਲਾ ਭਰਪੂਰਾ । ਆਪ ਮੁਕਾਏ ਆਤਮ ਚਿੰਤਾ ਸਗਲ ਵਸੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਬੀਰਾ । ਸੂਰਬੀਰ ਵਡ ਦਾਤਾਰਾ । ਗੁਰਮੁਖ ਮੰਗੇ ਆਏ ਦਵਾਰਾ । ਸੋਹੰ ਦੇਵੇ ਸੱਚਾ ਭੰਡਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਦੇਵਣਹਾਰ ਇਕ ਦਾਤਾਰਾ । ਕੋਟਨ ਕੋਟ ਖੜ੍ਹੇ ਰਹਿਣ ਤੇਰੇ ਦਵਾਰਾ । ਸੋ ਜਨ ਉਧਰੇ ਪਾਰ ਸੋਹੰ ਜਿਸ ਜਨ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਅਧਾਰਾ । ਨਾਮ ਅਧਾਰੀ ਸ਼ਬਦ ਖੁਮਾਰੀ । ਮਾਇਆ ਮਮਤਾ ਸਰਬ ਨਿਵਾਰੀ । ਗੁਰਸਿਖ ਆਤਮ ਹੋਏ ਨਾ ਹੰਕਾਰੀ । ਆਪੇ ਰੱਖੇ ਪੈਜ ਮੁਰਾਰੀ । ਆਵੇ ਜਾਵੇ ਸੱਤਰ ਜਾਮਾ ਭਗਤ ਉਧਾਰੀ । ਤੀਨ ਲੋਕ ਸੱਚੀ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਜਣ ਸਾਚੀ ਰੱਖੇ ਸਿਕਦਾਰੀ । ਤੀਨ ਲੋਕ ਸੱਚਾ ਸਿਕਦਾਰਾ । ਆਪੇ ਕਰੇ ਸਰਬ ਵਿਹਾਰਾ । ਜੀਵ ਜੰਤ ਕਿਆ ਕੋਈ ਵਿਚਾਰਾ । ਗੁਰਮੁਖ ਵਿਰਲਾ ਪਾਵੇ ਸਾਰਾ । ਜਿਸ ਜਨ ਦੇਵੇ ਦਰਸ ਅਪਾਰਾ । ਕਿਰਪਾ ਕਰੀ ਪ੍ਰਭ ਅਬਿਨਾਸ਼ੀ, ਖੋਲ੍ਹੇ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ, ਲੈਣਾ ਵਰ, ਚੁੱਕੇ ਡਰ, ਜਾਓ ਤਰ, ਖੁੱਲ੍ਹੇ ਦਰ, ਆਤਮ ਸਰ, ਕਾਇਆ ਭੰਡਾਰੇ ਲੈਣੇ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਹਰੀ ਹਰਿ । ਰਾਗ ਰੰਗ ਹਰਿ ਗੁਣ ਗਾਵਣਾ । ਪ੍ਰਭ ਦਰ ਮੰਗੋ ਸਾਚੀ ਮੰਗ, ਹੋਵੇ ਪੂਰਨ ਭਾਵਨਾ । ਕਲਜੁਗ ਜੀਵ ਨਾ ਸਾਕ ਸੰਗ ਪਕੜੇ ਤੇਰਾ ਦਾਮਨਾ । ਗੁਰਮੁਖਾਂ ਸਦ ਸਹਾਈ ਰਹੇ ਅੰਗ ਸੰਗ । ਦਰ ਘਰ ਸਾਚੇ ਦੇ ਵਡਿਆਈ, ਮਾਨਸ ਜਨਮ ਨਾ ਹੋਵੇ ਭੰਗ । ਬੇਮੁੱਖ ਝੂਠੇ ਆਪ ਭੰਨਾਏ ਜਿਉਂ ਕਾਚੀ ਵੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਆਪਣੇ ਸੰਗ । ਸਚ ਕਰਮ ਗੁਰ ਚਰਨ ਪਿਆਰ । ਕਰ ਕਿਰਪਾ ਕਲ ਦੇਵੇ ਤਾਰ । ਤਾਰਨਹਾਰ ਆਪ ਦਾਤਾਰ । ਸਾਚਾ ਦੇਵੇ ਸ਼ਬਦ ਅਧਾਰ । ਦੇਵੇ ਸ਼ਬਦ ਜਾਏ ਤਾਰ । ਜੋ ਜਨ ਆਏ ਚਲ ਦਰਬਾਰ । ਭੁੱਖੇ ਨੰਗੇ ਹੋਇਣ ਪਾਰ । ਬੇਮੁਖਾਂ ਹਰਿ ਦੇਵੇ ਦਰ ਦੁਰਕਾਰ । ਵੇਲੇ ਅੰਤ ਹੋਇਣ ਖਵਾਰ । ਗੁਰਮੁਖ ਸਾਚੇ ਸੰਤ ਜਨ ਪ੍ਰਭ ਸਾਚਾ ਦੇਵੇ ਤਾਰ । ਜੋਤੀ ਜੋਤ ਸਰੂਪ ਹਰਿ ਵਿਚ ਮਾਤ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲਿਆ ਅਵਤਾਰ । ਨਿਹਕਲੰਕ ਤੇਰਾ ਅਵਤਾਰਾ । ਨਿਹਕਲੰਕ ਭਗਤ ਉਧਾਰਾ । ਨਿਹਕਲੰਕ ਸਤਿਜੁਗ ਸ਼ਬਦ ਚਲਾਵੇ ਜਗਤ ਅਪਾਰਾ । ਨਿਹਕਲੰਕ ਰਾਓ ਰੰਕ ਇਕ ਕਰਾਏ ਸਚ ਦਰਬਾਰਾ । ਨਿਹਕਲੰਕ ਵਜਾਏ ਡੰਕ ਸੁਹਾਏ ਬੰਕ ਜਿਸ ਆਏ ਚਲ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰਾਇਣ ਨਰ ਅਵਤਾਰਾ । ਜੋਤ ਸਰੂਪੀ ਜਾਮਾ ਧਾਰਾ । ਕਰੇ ਖੇਲ ਕਲ ਅਪਰ ਅਪਾਰਾ । ਸ੍ਰਿਸ਼ਟ ਸਬਾਈ ਮਾਨਸ ਜਨਮ ਗਏ ਕਲ ਹਾਰਾ । ਗੁਰਮੁਖ ਵਿਰਲੇ ਸੰਤ ਜਨ ਦਰ ਸਾਚੇ ਉਤਰੇ ਪਾਰਾ । ਸੋਹੰ ਸ਼ਬਦ ਸੁਣਾਏ ਕੰਨ, ਆਪ ਚੁਕਾਏ ਜਮ ਕਾ ਡਰ, ਗੁਰਮੁਖ ਦਰਸ ਦਿਖਾਏ ਸਾਚਾ ਹਰਿ, ਭਾਂਡਾ ਭਰਮ ਭਉ ਦੇਵੇ ਭੰਨ, ਪ੍ਰਭ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ

ਜੋਤ ਸਰੂਪ ਤੇਰੇ ਆਤਮ ਦਰ ਦਵਾਰੇ ਖੜਾ । ਆਤਮ ਦਰ ਸਚ ਵਿਚਾਰੋ । ਹਰਿ ਪਾਵੋ ਪੂਰਨ ਪੁਰਖ ਅਪਾਰੋ । ਏਕਾ ਜੋਤ ਜਗਾਏ ਪ੍ਰਭ ਅਬਿਨਾਸ਼ੀ ਸਾਚਾ ਹਿਰਦੇ ਵਾਚਾ ਅਗੰਮ ਅਪਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਆਪ ਬੰਧਾਏ ਸ੍ਰਿਸ਼ਟ ਸਬਾਈ ਏਕਾ ਧਾਰੋ । ਸ੍ਰਿਸ਼ਟ ਸਬਾਈ ਏਕਾ ਧਾਰ । ਏਕਾ ਸ਼ਬਦ ਚਲੇ ਵਿਚ ਸੰਸਾਰ । ਚਾਰ ਵਰਨ ਹਰਿ ਆਪ ਸੁਨਾਰ । ਏਕਾ ਸ਼ਬਦ ਏਕਾ ਡੰਕ ਚਾਰ ਕੁੰਟ ਕਰਾਏ ਜੈ ਜੈਕਾਰ । ਵਡ ਵਡ ਰਾਜੇ ਰਾਣਿਆਂ, ਪ੍ਰਭ ਸਾਚੇ ਕਰੇ ਖਵਾਰ । ਗਰੀਬ ਬਾਲ ਅੰਞਾਣਿਆਂ, ਪ੍ਰਭ ਸਾਚਾ ਦੇਵੇ ਤਾਰ । ਗੁਰਮੁਖਾਂ ਸੁਘੜ ਸਿਆਣਿਆਂ, ਪ੍ਰਭ ਸਾਚਾ ਦੇਵੇ ਚਰਨ ਪਿਆਰ । ਕਲਜੁਗ ਜੀਵ ਮੂਰਖ ਮੁਗਧ ਬਾਲ ਅੰਞਾਣਿਆਂ, ਪ੍ਰਭ ਸਾਚਾ ਮਾਰੇ ਮਾਰ । ਪ੍ਰਭ ਅਬਿਨਾਸ਼ੀ ਗਏ ਭੁਲਾਣਿਆਂ, ਮਦਿਰਾ ਮਾਸ ਕਰੇ ਅਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਨਿਹਕਲੰਕ ਨਰਾਇਣ ਨਰ ਅਵਤਾਰ । ਮਦਿਰਾ ਮਾਸੀ ਜੋ ਜਨ ਹੋਏ । ਸਚ ਦਰਬਾਰੇ ਰਹੇ ਨਾ ਕੋਇ । ਧਰਮ ਰਾਏ ਦੇ ਅੱਗੇ ਰੋਏ । ਪਾਪਾਂ ਵਿਚ ਰਹੇ ਪਰੋਏ । ਆਤਮ ਭੇਵ ਰਹੇ ਨਾ ਕੋਇ । ਬੇਮੁਖ ਜੀਵ ਕਲਜੁਗ ਰਹੇ ਸੋਏ । ਪ੍ਰਭ ਅਬਿਨਾਸ਼ੀ ਪ੍ਰਗਟ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ ਗੁਰਮੁਖ ਵਿਰਲਾ ਜਾਣੇ ਕੋਇ । ਸਚਖੰਡ ਧਰਮ ਜੈਕਾਰਾ । ਸੋਹੰ ਨਾਮ ਪ੍ਰਭ ਰਿਹਾ ਵੰਡ, ਗੁਰਮੁਖ ਵਿਰਲਾ ਪਾਵੇ ਸਾਰਾ । ਬੇਮੁਖਾਂ ਆਤਮ ਹੋਈ ਰੰਡ, ਛੱਡਿਆ ਹਰਿ ਦਰਬਾਰਾ । ਕਲਜੁਗ ਅੰਤਮ ਆਈ ਕੰਡ, ਕੋਈ ਨਾ ਪਾਵੇ ਸਾਰਾ । ਝੂਠੀ ਕਰਨ ਜਗਤ ਵਿਚ ਵੰਡ, ਝੂਠਾ ਦਿਸੇ ਸਰਬ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਕਰੇ ਸਰਬ ਖੁਆਰਾ । ਸਰਬ ਖੁਆਰੀ ਦੇਵੇ ਕਰ । ਦਰ ਦਰ ਘਰ ਘਰ ਆਵੇ ਡਰ । ਕੋਈ ਨਾ ਦਿਸੇ ਸਾਚਾ ਸਰ । ਖਿਚੇ ਜੋਤ ਅਵਤਾਰ ਨਰ । ਗੁਰਮੁਖ ਭੰਡਾਰਾ ਤੇਰਾ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਉਚਰ । ਭੰਡ ਭੰਡਾਰਾ ਤੇਰਾ ਭਰਿਆ । ਪ੍ਰਭ ਅਬਿਨਾਸ਼ੀ ਆਸਾ ਵਰਿਆ । ਸੋਹੰ ਦਾਤ ਅੱਗੇ ਧਰਿਆ । ਮਾਨਸ ਜਨਮ ਹੋਏ ਰਹਿਰਾਸਾ, ਆਵਣ ਜਾਵਣ ਗੇੜ ਨਿਵਰਿਆ । ਪੂਰਨ ਕੀਆ ਚਰਨ ਭਰਵਾਸਾ, ਕਰ ਦਰਸ ਪਾਰ ਪਰਿਆ । ਆਤਮ ਜੋਤ ਕਰੇ ਪ੍ਰਕਾਸ਼ਾ । ਪ੍ਰਭ ਅਬਿਨਾਸ਼ੀ ਦਰ ਸਾਚੇ ਖੜਿਆ । ਹਉਮੇ ਦੁਖੜਾ ਆਤਮ ਨਾਸਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰਿਆ । ਗੁਰਸਿਖ ਰਾਜ ਜੋਗ ਸਚ ਲੀਨਾ । ਸਾਚਾ ਨਾਮ ਮਹਾਂ ਰਸ ਪੀਨਾ । ਪ੍ਰਭ ਅਬਿਨਾਸ਼ੀ ਸਾਚਾ ਦਾਨਾ ਬੀਨਾ । ਪਾਰ ਉਤਾਰੇ ਕਿਰਪਾ ਧਾਰੇ ਜਿਸ ਜਨ ਰਸਨਾ ਚੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਸ਼ਾਂਤ ਕਰਾਏ ਜਿਉਂ ਜਲ ਮੀਨਾ । ਗੁਰਮੁਖ ਤੇਰੀ ਆਤਮ ਸਤਿ । ਸਾਂਤਕ ਸਾਂਤਕ ਸਤਿ ਵਰਤਾਵੇ ਸਤਿ । ਆਪੇ ਦੇ ਸਮਝਾਵੇ ਮੱਤ । ਗੁਰਮੁਖ ਹਰਿ ਜਾਣੇ ਮਿਤ ਗਤ । ਸਚ ਸ਼ਬਦ ਧੀਰਜ ਦੇਵੇ ਜਤ । ਵੇਲੇ ਕਲਜੁਗ ਅੰਤਮ ਅੰਤ ਪ੍ਰਭ ਸਾਚਾ ਰੱਖੇ ਪਤ । ਸੋਹੰ ਸਾਚਾ ਸਚ ਬੀਜਾਏ ਆਤਮ ਸਾਚੇ ਵਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਰਖਾਏ ਸਾਚਾ ਤਤ । ਗੁਰਮੁਖਾਂ ਹਰਿ ਕਰਮ ਵਿਚਾਰੇ । ਮਾਨਸ ਜਨਮ ਕਲ ਸਵਾਰੇ । ਭਰਮ ਭੁਲੇਖੇ ਸਰਬ ਨਿਵਾਰੇ । ਸਾਚਾ ਲੇਖਾ ਆਪ ਲਿਖਾਰੇ । ਆਪ ਬਹਾਏ ਸਚ ਦਰਬਾਰੇ । ਜਿਥੇ ਵਸੇ ਨਰ ਨਰਾਇਣ ਏਕਾ ਜੋਤ ਜਗੇ ਅਪਾਰੇ । ਜੋਤੀ ਜੋਤ ਸਰੂਪ ਹਰਿ, ਨਾ ਕੋਈ ਪਾਵੇ ਸਾਰੇ । ਗੁਰਮੁਖ ਸਾਚੇ ਰੱਖੀ ਆਸ । ਦੇਵੇ ਦਰਸ ਆਪ ਪੁਰਖ ਅਬਿਨਾਸ਼ । ਆਤਮ ਤ੍ਰਿਖਾ ਬੁਝਾਏ ਪਿਆਸ । ਹਰਿ ਹਿਰਦੇ

ਪ੍ਰਭ ਸਾਚਾ ਵਸਿਆ, ਦਿਵਸ ਰੈਣ ਸਦ ਰਹੇ ਪਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਗਾਏ ਸਵਾਸ ਸਵਾਸ । ਗੁਰਸਿਖ ਤੇਰਾ ਕਰਮ ਵਿਚਾਰਿਆ । ਮਾਨਸ ਜਨਮ ਆਪ ਸਵਾਰਿਆ । ਭਵ ਸਾਗਰ ਤੋਂ ਪਾਰ ਉਤਾਰਿਆ । ਸਾਚਾ ਦੇਵੇ ਸ਼ਬਦ ਅਧਾਰਿਆ । ਆਤਮ ਜੋਤੀ ਦੀਪ ਕਰੇ ਉਜਿਆਰਿਆ । ਏਕਾ ਰੰਗ ਰੰਗੇ ਕਰਤਾਰਾ ਸਚ ਸਰਕਾਰਿਆ । ਮਾਨਸ ਜਨਮ ਨਾ ਹੋਏ ਭੰਗ, ਵਿਚ ਮਾਤ ਨਾ ਆਵੇ ਹਾਰਿਆ । ਸਾਚਾ ਨਾਮ ਚੜ੍ਹਾਇਆ ਰੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਉਚਾਰਿਆ । ਗੁਰਮੁਖ ਤੇਰਾ ਆਤਮ ਪਿਆਰ । ਪ੍ਰਭ ਅਬਿਨਾਸ਼ੀ ਲਏ ਵਿਚਾਰ । ਲੇਖਾ ਦੇਵੇ ਸਚ ਦਰਬਾਰ । ਏਥੇ ਓਥੇ ਰਹਿਣ ਨਾ ਦੇਵੇ ਸਿਰ ਉਧਾਰ । ਕਰਮ ਧਰਮ ਹਰਿ ਦੋਵੇਂ ਲਏ ਵਿਚਾਰ । ਬੇਮੁਖਾਂ ਦਰ ਆਏ ਸ਼ਰਮ, ਜੂਠੇ ਝੂਠੇ ਰਹੇ ਝੱਖ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲਾਏ ਪਾਰ । ਗੁਰਮੁਖ ਸਾਚੇ ਰੰਗ ਰੰਗਾਇਆ । ਏਕਾ ਸਾਚਾ ਰੰਗ ਚੜ੍ਹਾਇਆ । ਅੰਗ ਸੰਗ ਸੰਗ ਅੰਗ ਪ੍ਰਭ ਸਾਚਾ ਹੋਏ ਸਹਾਇਆ । ਪ੍ਰਭ ਦਰ ਮੰਗੀ ਸਾਚੀ ਮੰਗ, ਸਚ ਦਾਨ ਪ੍ਰਭ ਭਿਛਿਆ ਪਾਇਆ । ਮਾਨਸ ਜਨਮ ਨਾ ਹੋਇਆ ਭੰਗ, ਵੇਲੇ ਅੰਤ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬੇੜਾ ਪਾਰ ਕਰਾਇਆ । ਭਗਤ ਵਛਲ ਆਪ ਗਿਰਧਾਰੀ । ਗੁਰਮੁਖ ਸਾਚੇ ਪੈਜ ਸਵਾਰੀ । ਸਾਚਾ ਦੇਵੇ ਨਾਮ ਅਧਾਰੀ । ਸੋਹੰ ਸ਼ਬਦ ਸੱਚੀ ਅਟਾਰੀ । ਜਿਥੇ ਵਸੇ ਹਰਿ ਨਿਰੰਕਾਰੀ । ਆਓ ਸਿੱਖੋ ਕਰੋ ਸਵਾਰੀ । ਸ਼ਬਦ ਪਵਣ ਹਰਿ ਦੇਵੇ ਅਸਵ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਗੁਰਸਿਖ ਦਵਾਰੇ ਸਾਚੇ ਆਓ । ਭਰਮ ਭੁਲੇਖਾ ਸਰਬ ਗਵਾਓ । ਪਿਛਲਾ ਲੇਖਾ ਮਾਤ ਚੁਕਾਓ । ਅਗਲਾ ਲੇਖਾ ਧੁਰਦਰਗਾਹੀ ਸਾਚੇ ਦਰ ਆਏ ਮੁਕਾਓ । ਕਿਉਂ ਰਹੇ ਵਿਚ ਭਰਮ ਭੁਲੇਖਾ, ਕੋਈ ਮਿਲੇ ਨਾ ਸਾਚਾ ਥਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਅਗੰਮ ਅਥਾਹੋ । ਅਗੰਮ ਅਥਾਹ, ਬੇਪ੍ਰਵਾਹ, ਹੋਏ ਸਹਾ, ਸਾਚਾ ਹਿਰਦੇ ਦੇਵੇ ਨਾਮ ਵਸਾ । ਜੋ ਜਨ ਰਸਨਾ ਲਏ ਗਾ । ਸੋਹੰ ਚਾਬੀ ਦੇਵੇ ਲਾ । ਸਾਚਾ ਤਨ ਹਰਿ ਰਬਾਬੀ ਸਾਚੀ ਕਿੰਗ ਦਏ ਵਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾੜੀ ਬਹੱਤਰ ਏਕਾ ਦੇਵੇ ਰਾਗ ਸੁਣਾ । ਕਾਇਆ ਖਾਟ ਖਟ ਖਟੋਲਾ । ਏਕਾ ਓੜ੍ਹ ਸ਼ਬਦ ਚੋਲਾ । ਏਕਾ ਬੋਲੇ ਸੋਹੰ ਬੋਲਾ । ਏਕਾ ਤੋਲ ਤੁਲੋ ਪ੍ਰਭ ਸਾਚਾ ਹੋਏ ਤੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਾ ਸੰਪੂਰਨ ਸੋਲਾਂ । ਸੋਲਾਂ ਕਲਾ ਸੰਪੂਰਨ ਆਪ ਸਵਾਮੀ । ਆਸਾ ਮਨਸਾ ਪੂਰਨ ਵਡ ਨੇਹਕਾਮੀ । ਏਕਾ ਸ਼ਬਦ ਉਪਜਾਵੇ ਸਾਚੀ ਤੂਰਨ, ਸਾਚਾ ਨਾਮ ਸ਼ਬਦ ਦਮਾਮੀ । ਬੇਮੁਖ ਕਲਜੁਗ ਬੈਠੇ ਝੂਰਨ, ਹੋਏ ਨਿਮਕ ਹਰਾਮੀ । ਬੈਠੇ ਵੇਖਣ ਦੂਰਨਾ, ਆਤਮ ਘਾਟਾ ਨਾਮ ਖਾਮੀ । ਵੱਟਣ ਮੂੰਹ ਜਿਉਂ ਪੇਟੇ ਵਿਚ ਸੂਲਣ, ਵਿਸ਼ਟਾ ਖਾਇਣ ਭੋਗਣ ਕਾਮੀ । ਪ੍ਰਭ ਅਬਿਨਾਸ਼ੀ ਕੀਤੇ ਚੂਰਨ, ਜਿਨ੍ਹਾਂ ਮਿਲਿਆ ਹਰਿ ਸਵਾਮੀ । ਗੁਰਮੁਖ ਸਾਚੇ ਕਲ ਸਾਚੇ ਸੂਰਨ, ਜਿਨ੍ਹਾਂ ਪਾਇਆ ਹਰਿ ਸਾਚਾ ਅੰਤਰਜਾਮੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਬਣਿਆ ਬਾਨੀ । ਸਾਚਾ ਬਾਨੀ ਆਪ ਭਗਵਾਨਾ । ਗੁਰਮੁਖ ਸਾਚੇ ਸਿੱਖ ਹਰਿ ਸਾਚੇ ਸੰਗ ਰਲਾਨਾ । ਕਲਜੁਗ ਅੰਤਮ ਲੇਖ ਲਿਖ, ਸਤਿਜੁਗ ਫੇਰ ਉਪਜਾਨਾ । ਸਾਚੀ ਦੇਵੇ ਨਾਮ ਭਿਖ, ਸਾਚਾ ਵਕਤ ਫੇਰ ਸੁਹਾਨਾ । ਦੇਵੇ ਵਡਿਆਈ ਵਿਚ ਮੁਨ ਰਿਖ, ਜਨ ਸੰਤਾਂ ਸਿਰ ਤਾਜ ਰਖਾਣਾ । ਆਤਮ ਉਤਾਰੇ ਤ੍ਰਿਸ਼ਨਾ ਭੁੱਖ, ਸਾਚਾ ਅੰਮ੍ਰਿਤ ਸਾਚਾ ਸੀਰ ਪਿਲਾਵਣਾ । ਸਾਚੀ ਸਿਖਿਆ ਗੁਰਸਿਖ

ਲੈਣੀ ਸਿੱਖ, ਮਦਿਰਾ ਮਾਸ ਤਜਾਵਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲੇ ਹਰਿ ਆਪ ਭਗਵਾਨਣਾ । ਸਾਚੀ ਸਿਖਿਆ ਸਿਖੀ ਦਾਨ । ਗੁਰਮੁਖ ਸਾਚੇ ਸਚ ਨਿਸ਼ਾਨ । ਮੂਰਖ ਮੁਗਧ ਨਾ ਬਣ ਅੰਵਾਣ । ਵੇਲਾ ਕਲਜੁਗ ਅੰਤ ਪਛਾਣ । ਬਣ ਗੁਰਮੁਖ ਸਾਚਾ ਸੰਤ, ਹਰਿ ਚਰਨ ਕਰ ਧਿਆਨ । ਆਪ ਬਣਾਏ ਤੇਰੀ ਬਣਤ, ਜਿਸ ਦੀਆ ਜੀਆ ਦਾਨ । ਹਰਿ ਹਰਿ ਮਹਿੰਮਾ ਬੜੀ ਅਗਣਤ, ਕਿਆ ਕੋਈ ਕਰੇ ਵਖਾਨ । ਕਲਜੁਗ ਮਾਇਆ ਪਾਏ ਬੇਅੰਤ, ਭਰਮ ਭੁਲੇਖੇ ਆਇਆ ਪਾਣ । ਗੁਰਮੁਖ ਸਾਚਾ ਆਪ ਬਣਾਇਆ ਸੰਤ, ਜਿਸ ਘਰ ਡੇਰਾ ਲਾਇਆ ਆਣ । ਹਰਿ ਪਾਇਆ ਪ੍ਰਭ ਅਬਿਨਾਸ਼ੀ ਸਾਚਾ ਕੰਤ, ਕਲ ਆਇਆ ਪੁਰਖ ਸੁਜਾਨ । ਮਿਲੇ ਵਡਿਆਈ ਵਿਚ ਜੀਵ ਜੰਤ, ਦੇਵੇ ਹਰਿ ਸਾਚਾ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸੋਹੰ ਸਾਚਾ ਨਾਮ ਨਿਸ਼ਾਨ । ਸਚ ਨਿਸ਼ਾਨ ਆਪ ਝੁਲਾਏ, ਗੁਰਮੁਖ ਧਰਤ ਮਾਤ ਉਪਰ ਪ੍ਰਭ ਆਪ ਰਖਾਏ, ਜਿਉਂ ਸਾਗਰ ਕਵਲ ਫੁਲ । ਕਲਜੁਗ ਅੰਤਮ ਸੋਹੰ ਬੀਜ ਬਿਜਾਏ, ਸਤਿਜੁਗ ਸਾਚੇ ਜਾਏ ਮਵਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ । ਦੇਵੇ ਵਡਿਆਈ, ਗੁਰਸਿਖਾਂ ਹੋਏ ਸਹਾਈ, ਬਣਤ ਬਣਾਈ, ਪੈਜ ਰਖਾਈ, ਮਿਲੇ ਵਧਾਈ, ਜੋਤ ਪ੍ਰਗਟਾਈ, ਗੁਰਸਿਖ ਤਰਾਈ, ਘਰ ਸਾਚੇ ਆਏ ਦਰਸ਼ਨ ਪਾਈ, ਤ੍ਰਿਖਾ ਮਿਟਾਈ ਭੁੱਖ ਰਹੇ ਨਾ ਰਾਈ । ਸਤਿਜੁਗ ਸਾਚੇ ਮਿਲੇ ਵਡਿਆਈ । ਭਾਂਡੇ ਕਾਚੇ ਹਰਿ ਦੇ ਭੰਨਾਈ । ਬੇਮੁਖ ਦਰ ਤੇ ਆਏ ਨਾਚੇ, ਦਰ ਘਰ ਸਾਚੇ ਰਹਿਣ ਨਾ ਪਾਈ । ਗੁਰਮੁਖ ਸਾਚੇ ਹਿਰਦੇ ਵਾਚੇ, ਹਰਿ ਦੇਵੇ ਚਰਨ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪਣੇ ਹੱਥ ਰੱਖੇ ਵਡਿਆਈ । ਗੁਰਸਿਖ ਗੁਰ ਏਕਾ ਧਾਰ । ਏਕਾ

੭੭ ੦੩

ਜਗਤ ਇਕ ਵਿਹਾਰ । ਏਕਾ ਸ਼ਬਦ ਏਕਾ ਧਾਰ । ਏਕਾ ਹਰਿ ਪ੍ਰਭ ਏਕਾ ਕਰਤਾਰ । ਗੁਰਸਿਖ ਸਾਚੇ ਦਰ ਘਰ ਆਏ ਜਾਏ ਤਾਰ । ਕਰਮ ਧਰਮ ਜਰਮ ਪ੍ਰਭ ਸਾਚਾ ਲਏ ਵਿਚਾਰ । ਬੇਮੁਖਾਂ ਨਿਵਾਰੇ ਭਰਮ, ਜੋ ਆਏ ਚਰਨ ਦਵਾਰ । ਦੂਤਾਂ ਦੁਸ਼ਟਾਂ ਆਏ ਸ਼ਰਮ, ਬੈਠੇ ਬੈਠ ਰਹੇ ਝੱਖ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰਾ ਆਤਮ ਭਰੇ ਭੰਡਾਰ । ਆਤਮ ਭਾਂਡਾ ਆਪ ਭਰਾਨਾ । ਏਕਾ ਅੰਮ੍ਰਿਤ ਮੇਘ ਬਰਸਾਨਾ । ਸਾਚੀ ਦੇਗ ਘਰ ਸਾਚੇ ਏਕਾ ਸ਼ਬਦ ਵਰਤਾਨਾ । ਚਾਰ ਵਰਨ ਮਿਲ ਦਰ ਘਰ ਸਾਚੇ ਆਨਾ । ਪੀ ਪੀ ਅੰਮ੍ਰਿਤ ਸਰ ਇੰਦਰ ਸਿੰਘ ਤੇਰੇ ਸਾਚੇ ਘਰ, ਮਾਨਸ ਜਨਮ ਸੰਸਾਰੀ ਜੀਵਾਂ ਸੁਫਲ ਕਰਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਛਤਰ ਨਿਸ਼ਾਨ ਵਾਲੀ ਦੋ ਜਹਾਨ ਦੇਵੇ ਮਾਣ, ਲੇਖੇ ਲਾਣ ਚੁੱਕੇ ਕਾਣ ਵਿਚ ਜਹਾਨ, ਤੇਰਾ ਨਾਉਂ ਰਖਾਣਾ । ਤੇਰਾ ਨਾਉਂ ਸਚ ਨਿਸ਼ਾਨਾ । ਦੇਵੇ ਮਾਣ ਹਰਿ ਭਗਵਾਨਾ । ਸਚ ਸਰੋਵਰ ਤੇਰਾ ਧਾਮ, ਪੂਰ ਕਰਾਏ ਹਰਿ ਸਾਚਾ ਕਾਮਾ । ਪਹਿਰੇ ਮਾਤਲੋਕ ਵਿਚ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਚ ਸਰੋਵਰ ਤੇਰਾ ਧਾਮ । ਪੂਰ ਕਰਾਏ ਹਰਿ ਸਾਚਾ ਕਾਮ । ਕਾਇਆ ਕੌੜੀ ਚਿੱਟੇ ਦਾਗ ਪ੍ਰਭ ਆਪ ਕਰਾਏ ਸ਼ਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਾਤ ਹਰਿ ਬਖ਼ਸ਼ੇ ਹਰਿ ਨਾਮ । ਸਚ ਸਰੋਵਰ ਆਪ ਬਨਾਵਣਾ । ਸਤਿਜੁਗ ਸਾਚੇ ਵਿਚ ਉਪਜਾਵਣਾ । ਸੌ ਚਾਰ ਕਰਮ ਦਾ ਗੇੜ ਰਖਾਵਣਾ । ਊਚ ਨੀਚ ਨੀਚ ਊਚ ਇਕ ਰੰਗ ਰੰਗਾਵਣਾ । ਸਚ ਸੁੱਚ ਪ੍ਰਭ ਅਬਿਨਾਸ਼ੀ ਵਿਚ ਅੰਮ੍ਰਿਤ ਸਾਚਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਨਿਹਕਲੰਕ ਨਰਾਇਣ ਨਰ ਅਵਤਾਰ ਆਪਣਾ ਚਰਨ ਛੁਹਾਵਣਾ । ਆਪਣਾ ਚਰਨ ਆਪ ਛੁਹਾਏ । ਸਰ ਸਰੋਵਰ ਆਪ ਬਣਾਏ । ਸਤਿਜੁਗ

੭੭ ੦੩

ਸਾਚਾ ਰਾਹ ਦਿਸਾਏ । ਪਤਿਪਰਮੇਸ਼ਵਰ ਦਇਆ ਕਮਾਏ । ਜਗਤ ਨਿਸ਼ਾਨੀ ਅਟਲ ਰਹਿ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੂਰਨ ਘਾਲ ਕਰਾਏ । ਪੂਰਨ ਸੇਵ ਪ੍ਰਭ ਦਰ ਕਮਾਈ । ਤਨ ਮਨ ਧਨ ਹਰਿ ਅੱਗੇ ਟਿਕਾਈ । ਚੰਦੋਆ ਚੰਦਨ ਭੇਟ ਚੜ੍ਹਾਈ । ਸੌ ਚਾਰ ਵਿਚ ਲਿਆ ਬਣਾਈ । ਸੋਹਣਾ ਮੰਦਰ ਦੇ ਹਰਿ ਬਣਾਈ । ਵਸੇ ਅੰਦਰ ਹਰਿ ਜੋਤ ਜਗਾਈ । ਬੇਮੁਖ ਜੀਵ ਨਚਾਏ ਜਿਉਂ ਬੰਦਰ, ਦਰ ਘਰ ਸਾਚੇ ਰਹਿਣ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾ ਦੇਵੇ ਆਪ ਵਡਿਆਈ । ਸਾਚਾ ਤੀਰਥ ਸਾਚਾ ਤੱਟ । ਪ੍ਰਭ ਅਬਿਨਾਸ਼ੀ ਵਸੇ ਘਟ ਘਟ । ਦੁੱਖ ਰੋਗ ਸਾਰੇ ਦੇਵੇ ਕੱਟ । ਜੋ ਜਨ ਆਏ ਸਰ ਸਰੋਵਰ ਰਸਨਾ ਲਏ ਭੁਮਿਕਾ ਚੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨਿਵਾਰੇ ਪੇਟ ਅਫਾਰੇ, ਜਿਨ੍ਹਾਂ ਵਧਾਏ ਪੇਟ ਮੱਟ । ਮਾਤ ਜੋਤ ਪ੍ਰਗਟਾਏ, ਸਾਚੇ ਗੁਰਮੁਖ ਸਾਚਾ ਲਾਹਾ ਲੈਣ ਖੱਟ । ਲਹਿਣਾ ਖੱਟੋ, ਪਾਪ ਕੱਟੋ, ਨਾਮ ਸਾਚਾ ਵੱਟੋ, ਅੰਮ੍ਰਿਤ ਸਾਚਾ ਝੱਟੋ, ਸੋਹੰ ਤਨ ਹੰਡਾਓ ਪੱਟੋ । ਜੋਤ ਜਗਾਓ ਆਤਮ ਮੱਟੋ । ਝੂਠਾ ਖੇਲ ਸ੍ਰਿਸ਼ਟ ਸਬਾਈ, ਜਿਉਂ ਬਾਜ਼ੀਗਰ ਨਟੋ । ਸੰਸਾਰੀ ਮਾਇਆ ਝੂਠੀ ਛਾਇਆ, ਜਿਉਂ ਖੋਤੇ ਉਪਰ ਛੱਟੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਗੁਰਸਿਖਾਂ ਦੇ ਵਡਿਆਈ ਦਿਵਸ ਰੈਣ ਸਦ ਰਸਨਾ ਰਟੋ । ਗੁਰਸਿਖ ਤੇਰਾ ਰਾਮ ਸਹਾਈ । ਆਦਿ ਅੰਤ ਜਿਸ ਬਣਤ ਬਣਾਈ । ਰਸਨਾ ਗਾਇਆ ਹਰਿ ਸਾਚਾ ਕੰਤ, ਦੇਵੇ ਆਪ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖੀ ਓਟ ਸਰਨਾਈ । ਏਕਾ ਓਟ ਰੱਖੀ ਸਰਨਾਇਆ । ਸਾਚਾ ਫਲ ਪ੍ਰਭ ਦਰ ਤੇ ਪਾਇਆ । ਜਾਓ ਬਲ ਬਲ ਬਲ ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਨਾ ਵੇਖੋ ਅੱਜ ਤੇ ਕਲ, ਵੇਲਾ ਗਿਆ ਹੱਥ ਨਾ ਆਇਆ । ਪ੍ਰਭ ਭੁਲਾਏ ਕਰ ਵਲ ਛਲ, ਗੁਰ ਸੰਗਤ ਮੇਲ ਮਿਲਾਇਆ । ਸੋਹੰ ਦੇਵੇ ਆਤਮ ਸਾਚਾ ਫਲ, ਗੁਰਮੁਖਾਂ ਚੋਗ ਚੁਗਾਇਆ । ਆਤਮ ਦੀਪਕ ਜਾਏ ਬਲ, ਜਿਸ ਜਨ ਰਸਨਾ ਗਾਇਆ । ਅੰਤਮ ਵੇਲਾ ਜਾਏ ਨਾ ਟਲ, ਪ੍ਰਭ ਸਾਚਾ ਰਿਹਾ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਬੇੜਾ ਪਾਰ ਕਰਾਇਆ । ਬੇੜਾ ਤੇਰਾ ਦੇਵੇ ਬੰਨ੍ਹ । ਆਪ ਉਠਾਏ ਆਪਣੇ ਕੰਧ । ਸਤਿਜੁਗ ਚੜ੍ਹਾਏ ਸਾਚਾ ਚੰਦ । ਸ੍ਰਿਸ਼ਟ ਸਬਾਈ ਕਹੇ ਧੰਨ ਧੰਨ । ਗੁਰਸਿਖ ਜਿਸ ਆਤਮ ਗਿਆ ਮੰਨ । ਪ੍ਰਭ ਅਬਿਨਾਸ਼ੀ ਏਕਾ ਸ਼ਬਦ ਸੁਣਾਇਆ ਕੰਨ । ਭਰਮ ਭੁਲੇਖਾ ਝੂਠ ਕਢਿਆ ਜਨ । ਸਚ ਵਸਤ ਲਈ ਸੰਭਾਲ । ਪੰਜਾਂ ਚੋਰਾਂ ਨਾ ਲਾਈ ਸੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਬੇਮੁਖਾਂ ਦੇਵੇ ਡੰਨ । ਵਾਹ ਵਾਹ ਗੁਰ ਪਾਇਆ । ਵਾਹ ਵਾਹ ਦਰ ਸਾਚੇ ਮਾਣ ਗਵਾਇਆ । ਵਾਹ ਵਾਹ ਆਪ ਢਾਲੇ ਸਾਚੇ ਢਾਂਚੇ, ਜਿਸ ਹਰਿ ਸਰਨੀ ਆਇਆ । ਵਾਹ ਵਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮੇਲ ਮਿਲਾਇਆ । ਸੰਜੋਗੀ ਮੇਲ ਕਿਆ ਕੋਈ ਜਾਣੇ । ਜੁਗਾ ਜੁਗੰਤਰ ਵਿਛੜੇ, ਪ੍ਰਭ ਸਾਚਾ ਕਲਜੁਗ ਮੇਲ ਮਿਲਾਣੇ । ਘਟ ਪੀੜ ਜਾਣੇ ਅੰਤਰੇ, ਜਨ ਭਗਤਾਂ ਆਪ ਪਛਾਣੇ । ਆਪ ਬਣਾਏ ਸਾਚੀ ਬਣਤਰੇ, ਆਤਮ ਧਾਮ ਸੁਹਾਨੇ । ਸਾਇਆ ਹੇਠ ਬਹਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸੰਗ ਨਿਭਾਣੇ । ਸੰਗ ਸੰਗ ਹਰਿ ਸੰਗ ਨਿਭਾਵਣਾ । ਰੰਗ ਰੰਗ ਹਰਿ ਏਕਾ ਰੰਗ ਰੰਗਾਵਣਾ । ਸੰਗ ਅੰਗ ਅੰਗ ਸੰਗ ਜਨ ਸਾਚੀ ਮੰਗੇ ਸ਼ਬਦ ਦਾਤ, ਪ੍ਰਭ ਸਾਚੇ ਝੋਲੀ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜਲ ਮੁਖ ਵਿਚ ਮਾਤ ਕਰਾਵਣਾ । ਉਜਲ ਮੁੱਖੜਾ ਆਪ ਕਰਾ ਕੇ । ਕਲਜੁਗ ਅੰਧੇਰੀ ਰਾਤ ਮਿਟਾ

ਕੇ । ਏਕਾ ਜਾਤ ਏਕਾ ਪਾਤ ਸ੍ਰਿਸ਼ਟ ਸਬਾਈ ਆਪ ਬਣਾ ਕੇ । ਏਕਾ ਏਕ ਪੜ੍ਹਾਏ ਜਮਾਇਤ, ਸੋਹੰ ਮਨ ਮੰਦਰ ਵਿਚ ਬਹਾ ਕੇ । ਘਰ ਘਰ ਭਾਂਡੇ ਭਰੇ ਬਹੁ ਭਾਂਤ, ਏਕਾ ਰੱਖੇ ਜੋਤ ਜਗਾ ਕੇ । ਬੈਠਾ ਰਹੇ ਸਦ ਇਕਾਂਤ, ਹਰਿ ਆਪਣਾ ਆਪ ਛੁਪਾ ਕੇ । ਗੁਰਮੁਖ ਸਾਚਾ ਵੇਖ ਮਾਰ ਝਾਤ, ਹਰਿ ਦੇਵੇ ਦਰਸ ਜੋਤ ਪ੍ਰਗਟਾ ਕੇ । ਆਪੇ ਪੁੱਛੇ ਤੇਰੀ ਵਾਤ, ਸਤਿਜੁਗ ਸਾਚਾ ਮਾਤ ਲਾ ਕੇ । ਆਪੇ ਦੇਵੇ ਸਾਚੀ ਦਾਤ, ਸਾਚਾ ਜਾਏ ਧਾਮ ਬਣਾ ਕੇ, ਸਾਚੀ ਪਾਏ ਵਿਚ ਕਰਾਮਾਤ, ਲੰਗੜੇ ਲੂਲ੍ਹੇ ਉਤਰਨ ਪਾਰ ਵਿਚ ਸਾਚੇ ਤੀਰਥ ਨੁਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਏ ਮਾਣ ਦਵਾ ਕੇ । ਮਾਣ ਤਾਣ ਹਰਿ ਆਪੇ ਰੱਖੇ । ਸਤਿਜੁਗ ਸਾਚੇ ਕੀਨੇ ਵੱਖੇ । ਲੇਖ ਲਿਖਾਵੇ ਅਲਖਣਾ ਅਲੱਖੇ । ਕਲਜੁਗ ਜੀਵ ਹੋਏ ਕੱਖੇ । ਮਾਇਆ ਮੋਹ ਅਗਨ ਵਿਚ ਭੱਖੇ । ਮਦਿਰਾ ਮਾਸ ਮੁਖ ਵਿਚ ਰੱਖੇ । ਅੰਤਕਾਲ ਕਲ ਜਾਇਣ ਦੋਵੇਂ ਹੱਥ ਸਖੇ । ਗੁਰਮੁਖਾਂ ਪ੍ਰਭ ਸਾਚਾ ਲਜਪਤ ਆਪੇ ਰੱਖੇ । ਏਕਾ ਬੰਧਾਵੇ ਸਾਚਾ ਚਰਨ ਨਤੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਨੇਤਰ ਪੇਖੇ । ਨੇਤਰ ਪੇਖ ਪੀੜ ਕਢਾਓ । ਕਾਇਆ ਮਾਇਆ ਝੂਠਾ ਕੱਪੜਾ, ਝੂਠੇ ਚੀਰ ਲੁਹਾਓ । ਕਿਉਂ ਨਹਾਵੇ ਤੀਰਥ ਛੱਪੜਾ, ਗੁਰ ਚਰਨ ਤੀਰਥ ਨਹਾਓ । ਦਰ ਘਰ ਸਾਚੇ ਸਾਚਾ ਅਪੜਾ, ਪ੍ਰਭ ਅਬਿਨਾਸ਼ੀ ਪਕੜੇ ਬਾਂਹੋ । ਬੇਮੁਖਾਂ ਪ੍ਰਭ ਆਪ ਤੁਲਾਏ ਜਿਉਂ ਪਾਪੜ ਪਪੜਾ, ਧੁਰਦਰਗਾਹੀ ਮਿਲੇ ਨਾ ਥਾਓ । ਅੱਗੇ ਮਿਲੇ ਨਾ ਤਨ ਤੇ ਕਪੜਾ, ਨੰਗਾ ਦੋਜਕ ਚਲਿਆ ਅੰਧੇਰ ਰਾਹੋ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਤੇਰਾ ਸਾਚਾ ਬਪੜਾ, ਆਪੇ ਹੋਏ ਸਹਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਗਾਓ । ਸਚ ਭੂਮਿਕਾ ਸਚ ਅਸਥਾਨ । ਧਰਿਆ ਚਰਨ ਆਪ ਭਗਵਾਨ । ਪਵਣ ਪਾਣੀ ਹਰਿ ਦੇਵੇ ਮਾਣ । ਮੜ੍ਹੀ ਮਸਾਣੀ ਜੀਵ ਨਾ ਜਾਣ । ਸਭਨੀਂ ਥਾਈਂ ਹਰਿ ਪ੍ਰਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਾਮ ਸਚ ਚਰਨ ਛੁਹਾਇਆ । ਸਚ ਰਾਮ ਹਰਿ ਕਰਮ ਕਮਾਇਆ । ਸਚ ਜਾਮ ਹਰਿ ਨਾਮ ਪਿਆਇਆ । ਸਚ ਧਾਮ ਅੰਮ੍ਰਿਤ ਬਰਸਾਇਆ । ਸਚ ਕਾਮ ਸੋਹੰ ਸਾਚਾ ਰਸਨਾ ਗਾਇਆ । ਨਾ ਲੱਗੇ ਦਾਮ, ਪ੍ਰਭ ਅਬਿਨਾਸ਼ੀ ਅਨਮੁਲੜਾ ਆਪ ਵਰਤਾਇਆ । ਹਰੇ ਕਰੇ ਸੁੱਕੇ ਚਾਮ, ਹਰਿ ਹਰਿ ਨਾਮ ਪ੍ਰਭ ਰਸਨਾ ਗਾਇਆ । ਅੰਤਮ ਕੋਇ ਨਾ ਪੱਲੇ ਬੱਧੇ ਦਾਮ, ਖਾਲੀ ਹੱਥੀਂ ਬਾਹਰ ਕਢਾਇਆ । ਏਕਾ ਹੋਏ ਸਹਾਈ ਰਾਮ, ਮਾਤ ਪਿਤ ਭੈਣ ਭਾਈ ਸੱਜਣ ਸਾਕ ਸੈਣ ਭਾਂਡਾ ਅੱਧਵਿਚਕਾਰ ਦੇ ਭੰਨਾਇਆ । ਮੜ੍ਹੀ ਮਸਾਣੀ ਗੋਰ ਬਣਾਈ ਝੂਠੀ ਕਾਇਆ ਝੂਠੀ ਮਾਇਆ ਵਿਚ ਰਲਾਈ । ਏਕਾ ਤੇਲ ਅਗਨ ਲਗਾਈ, ਝੂਠੀ ਮਾਟੀ ਵਿਚ ਖ਼ਾਕ ਰਲ ਜਾਣੀ । ਓ ਬੇਮੁੱਖ ਚੜ੍ਹ ਜਾ ਔਖੀ ਘਾਟੀ, ਪ੍ਰਭ ਸੋਹੰ ਦੇਵੇ ਨਾਮ ਨਿਸ਼ਾਨੀ । ਆਪ ਲਗਾਏ ਸਾਚੀ ਹੱਟੀ, ਲੱਗੇ ਮੂਲ ਨਾ ਇਕ ਦਵਾਨੀ । ਪਾਪਾਂ ਮੈਲ ਜਾਏ ਕਾਟੀ, ਜੋ ਜਨ ਜਾਏ ਚਰਨ ਕੁਰਬਾਨੀ । ਸਾਚਾ ਲਾਹਾ ਗੁਰਸਿਖ ਖਾਟੀ, ਵੇਲੇ ਅੰਤ ਨਾ ਫੇਰ ਪਛਤਾਣੀ । ਏਕਾ ਜੋਤ ਜਗਾਏ ਲਲਾਟੀ, ਦੇਵੇ ਨੂਰ ਸੱਚਾ ਨੁਰਾਨੀ । ਕਾਇਆ ਚੋਲੀ ਤੇਰੀ ਪਾਟੀ, ਆਪੇ ਸੀਂ ਆਪਣੀ ਪਸ਼ੇਮਾਨੀ । ਅੱਗੇ ਨੇੜੇ ਦਿਸੇ ਵਾਟੀ, ਪ੍ਰਭ ਸਾਚਾ ਜਾਏ ਡਾਨੀ । ਸੋਹੰ ਦਰ ਸਾਚੇ ਪਾਏਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਚ ਨਿਸ਼ਾਨੀ । ਸਚ ਨਿਸ਼ਾਨਾ ਲਹਿਣਾ ਦੇਣ । ਆਤਮ ਗਹਿਣਾ ਗੁਰਸਿਖ ਪਹਿਣ । ਤੀਜੇ ਨੈਣਾਂ ਮਨ ਸੁਖ ਲੈਣ । ਮਿਲ ਸਾਧ ਸੰਗਤ ਵਿਚ ਬਹਿਣਾ , ਭਰਮ ਭੁਲੇਖੇ ਸਾਰੇ ਲਹਿਣ । ਕਲਜੁਗ ਨਾ ਵਹਿਣਾ ਝੂਠੇ ਵਹਿਣ, ਅੰਤ ਪੇਖੋ ਆਪਣੇ ਨੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਮਗਰ ਲਗਾਈ ਬੇਮੁਖਾਂ ਖਾਈ

ਜਾਏ ਡੈਣ । ਕਲਜੁਗ ਮਾਇਆ ਮਗਰ ਲਗਾਈ, ਭੈਣ ਭਰਾਵਾਂ ਬਣ ਨਾ ਆਈ । ਮਾਓ ਪੁੱਤਾਂ ਨਾ ਮਿਲੇ ਵਡਿਆਈ । ਧੀਆਂ ਪੁੱਤਾਂ ਹੋਵੇ ਅੰਤ ਲੜਾਈ । ਦੁੱਧਾਂ ਪੁੱਤਾਂ ਵੰਡ ਪੂਰੀ ਨਾ ਆਈ । ਖੰਡ ਖੰਡ ਵੰਡ ਵੰਡ ਆਪਣੇ ਹੱਥ ਰਖਾਈ । ਅੰਤਮ ਅੰਤ ਆਏ ਨਾ ਲਏ ਕੋਈ ਛੁਡਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਔਧ ਮੁਕਾਈ । ਵੰਡ ਵੰਡੀਆਂ ਆਪੇ ਪਾ ਕੇ । ਕਲਜੁਗ ਟੇਡੀਆਂ ਡੰਡੀਆਂ ਕਲਜੁਗ ਜੀਵ ਚਲਾ ਕੇ । ਕਲਜੁਗ ਜੀਵ ਸੁਹਾਗਣ ਨਾਰਾਂ ਰੰਡੀਆਂ ਆਪ ਕਰਾ ਕੇ । ਅੰਮ੍ਰਿਤ ਵੇਲੇ ਉਠ ਨਾ ਜਾਗਣ, ਪ੍ਰਭ ਅਬਿਨਾਸ਼ੀ ਨਾ ਵੇਖਿਆ ਰਸਨਾ ਗਾ ਕੇ । ਝੂਠੇ ਧੰਦੇ ਝੂਠੇ ਰਾਗਣ, ਸਾਚਾ ਰਾਮ ਮਨੋਂ ਭੁਲਾ ਕੇ । ਦਰ ਘਰ ਸਾਚਾ ਦੇਣ ਤਿਆਗਣ, ਕਾਮ ਕਰੋਧ ਹੰਕਾਰ ਵਧਾ ਕੇ । ਦਰ ਸਾਚੇ ਤੋਂ ਦੂਰ ਭਾਗਨ, ਮਦਿਰਾ ਮਾਸੀ ਮੁਖ ਛੁਪਾ ਕੇ । ਗੁਰਮੁਖ ਸਾਚੇ ਗੁਰ ਦਰ ਜਾਗਣ, ਪ੍ਰਭ ਰੱਖੇ ਅੰਗ ਲਗਾ ਕੇ । ਕਲਜੁਗ ਹੋਏ ਭਾਗ ਵਡ ਭਾਗਣ, ਪ੍ਰਭ ਸਾਚਾ ਰੱਖੇ ਗੋਦ ਉਠਾ ਕੇ । ਆਪ ਬਣਾਏ ਹੰਸ ਕਾਗਨ, ਸੋਹੰ ਚੋਗ ਚੁਗਾ ਕੇ । ਸੋਹੰ ਸ਼ਬਦ ਉਪਜਾਏ ਸਾਚਾ ਰਾਗਨ, ਸਾਚੀ ਧੁਨ ਆਪ ਉਪਜਾ ਕੇ । ਜੋ ਜਨ ਪ੍ਰਭ ਚਰਨੀ ਲਾਗਣ, ਪ੍ਰਭ ਜਾਏ ਮਾਣ ਦਵਾ ਕੇ । ਆਪ ਬੁਝਾਏ ਤ੍ਰਿਸ਼ਨਾ ਆਗਨ, ਸ਼ਬਦ ਸਰੂਪੀ ਤੀਰ ਚਲਾ ਕੇ । ਕਾਮ ਕਰੋਧ ਹਰਿ ਦਰ ਤੋਂ ਭਾਗਣ, ਸਚ ਆਸਣ ਬੈਠਾ ਡੇਰਾ ਲਾ ਕੇ । ਕਲਜੁਗ ਮਾਇਆ ਨਾ ਡੱਸੇ ਨਾਗਨ, ਜੋ ਜਨ ਜਾਇਣ ਦਰਸ਼ਨ ਪਾ ਕੇ । ਆਪ ਤੁੜਾਏ ਝੂਠੇ ਤਾਗਨ, ਕਲਜੁਗ ਜੀਵ ਜੋ ਬੈਠੇ ਪਾ ਕੇ । ਗੁਰਮੁਖਾਂ ਮਿਟਾਏ ਆਤਮ ਦਾਗ, ਸਚ ਨਾਮ ਦੀ ਭੱਠੀ ਚੜ੍ਹਾ ਕੇ । ਆਪ ਫੜੇ ਅੰਤਕਾਲ ਕਲ ਵਾਗਣ, ਸ਼ਬਦ ਘੋੜੀ ਖੜੇ ਚੜ੍ਹਾ ਕੇ । ਗੁਰਸਿਖ ਤੇਰੇ ਵਡ ਵਡ ਭਾਗਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਾਏ ਜੋੜ ਜੁੜਾ ਕੇ । ਜੁੜਿਆ ਜੋੜ ਨਾ ਜਾਏ ਟੁੱਟ । ਲੱਖ ਚੁਰਾਸੀ ਜਾਏ ਛੁੱਟ । ਸਾਚਾ ਨਾਮ ਲਿਆ ਲੁੱਟ । ਬੇਮੁੱਖਾਂ ਜੜ੍ਹ ਦੇਵੇ ਪੁੱਟ । ਧੁਰ ਦਰਗਾਹੋਂ ਕੱਢੇ ਕੁੱਟ । ਜਮਦੂਤਾਂ ਗਲ ਲੈਣਾਂ ਘੁੱਟ । ਨਾ ਹੋਏ ਸਹਾਈ ਕੋਈ ਮਾਂ ਪੁੱਤ । ਝੂਠੇ ਦਿਸਣ ਖਾਲੀ ਬੁੱਤ । ਧਰਮ ਰਾਏ ਦਰ ਪੈਂਦੇ ਜੁੱਤ । ਕਲਜੁਗ ਜੀਵ ਭੌਂਦੇ ਫਿਰਨ ਕੁੱਤ । ਸਾਚੇ ਘਰ ਸਾਚੇ ਦਰ ਵੱਡੀ ਜਾਵੇ ਨੱਕ ਗੁੱਤ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਆਪ ਸੁਹਾਏ ਸਾਚੀ ਰੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਾਖੋ ਚਿੱਤ । ਚਿੱਤ ਚਿਤਾਰਨਾ ਹਰਿ ਕਾਜ ਸਵਾਰਨਾ । ਆਵਣ ਜਾਵਣ ਗੇੜ ਨਿਵਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਉਚਾਰਨਾ । ਰਸਨਾ ਉਚਾਰੋ ਲੇਖ ਲਿਖਾਰੋ । ਬਣ ਭਿਖਾਰੋ ਮੰਗੋ ਦਰ ਦਵਾਰੇ । ਦੇਵਣਹਾਰ ਇਕ ਦਾਤਾਰੋ । ਖਾਲੀ ਭਰੇ ਸਰਬ ਭੰਡਾਰੋ । ਦਰ ਘਰ ਸਾਚੇ ਕਰੋ ਨਿਮਸਕਾਰੋ । ਲਹਿਣਾ ਦੇਣਾ ਸਾਚਾ ਦੇਵੇ ਕਦੇ ਨਾ ਕਰੇ ਉਧਾਰੋ । ਗੁਰਮੁਖ ਸਾਚਾ ਪ੍ਰਭ ਦਰ ਲੇਵੇ, ਕਲਜੁਗ ਉਤਰੇ ਪਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਪਿਆਰੋ । ਗੁਰਮੁਖ ਤੇਰੇ ਨਾਮ ਵਧਾਈ । ਗੁਰਸਿੱਖ ਤੇਰੀ ਵਡ ਵਡਿਆਈ । ਗੁਰਮੁਖ ਤੇਰੀ ਕਥਾ ਕਥਨ ਨਾ ਜਾਈ । ਗੁਰਸਿਖ ਹਰਿ ਸਾਚੇ ਰਥਨਾ ਆਪ ਚੜ੍ਹਾਈ । ਪ੍ਰੇਮ ਸਰੂਪੀ ਪਾਏ ਨੱਥਨਾ, ਡੋਰ ਆਪਣੇ ਹੱਥ ਰਖਾਈ । ਸ੍ਰਿਸ਼ਟ ਸਬਾਈ ਆਪੇ ਮਥਨਾ, ਝੂਠੀ ਛਾਛ ਬਣਾਈ । ਭਰਮ ਭੁਲੇਖਾ ਸਾਰਾ ਲੱਥਨਾ, ਵੇਲਾ ਅੰਤ ਹਰਿ ਆਪ ਲਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰਿਹਾ ਬਣਤ ਬਣਾਈ । ਸਚ ਮੂਰਤ ਇਕ ਭਗਵਾਨ, ਕਰਮ ਵਿਚਾਰਦਾ । ਚਰਨ ਧੂੜ ਦੇਵੇ ਇਸ਼ਨਾਨ, ਜਨਮ ਸਵਾਰਦਾ । ਏਕਾ ਦੇਵੇ ਮਾਣ ਤਾਣ, ਗੜ੍ਹ ਤੋੜੇ ਝੂਠ ਹੰਕਾਰ ਦਾ । ਏਕਾ ਦੇਵੇ ਸ਼ਬਦ

ਨਿਸ਼ਾਨ, ਇਕ ਵਸਤ ਹਰਿ ਸਾਚੀ ਡਾਲਦਾ । ਏਕਾ ਵਿਚ ਬਿਠਾਏ ਬਬਾਣ, ਹਰਿ ਸਾਚਾ ਵਾਲੀ ਦੋ ਜਹਾਨ ਦਾ । ਏਕਾ ਦੇਵੇ ਆਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਦ ਰੰਗ ਮਾਣਦਾ । ਸਰਬ ਜੀਆਂ ਹਰਿ ਆਪੇ ਜਾਣਦਾ । ਭਗਤ ਭਗਵੰਤੋ ਸਾਚੇ ਸੰਤੋ । ਹਰਿ ਚਰਨ ਲਗਾਏ ਸਾਚਾ ਕੰਤੋ । ਆਪ ਮਿਟਾਏ ਝੂਠੇ ਭੇਖਾਧਾਰੀ ਬਣ ਬਣ ਬੈਠੇ ਜੋ ਵਡ ਮਹੰਤੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੱਥ ਦੇਵੇ ਵਡਿਆਈ ਸਤਿਜੁਗ ਸਾਚਾ ਮਾਰਗ ਲਾਈ, ਬਣਤ ਬਣਾਏ ਜੀਵ ਜੰਤੋ । ਜੀਵ ਜੰਤ ਜੀਆਂ ਕਾ ਦਾਤਾ । ਗੁਰਮੁਖਾਂ ਬਣਿਆ ਭੈਣ ਭਰਾਤਾ । ਆਪੇ ਆਪ ਆਪ ਹੋ ਆਇਆ, ਹਰਿ ਬਣਿਆ ਸੱਚਾ ਪਿਤਾ ਮਾਤਾ । ਆਪੇ ਹੋਏ ਦਾਈ ਦਾਇਆ, ਕਿਲ ਵਿਖ ਪਾਪ ਗਵਾਤਾ । ਆਪੇ ਹੋਏ ਸਾਚਾ ਰਾਹੀ, ਸਚ ਮਾਰਗ ਹਰਿ ਸਾਚਾ ਪਾਤਾ । ਆਪ ਉਠਾਏ ਆਪਣੀ ਬਾਂਹੀ, ਹਰਿ ਘਰ ਦਰ ਪ੍ਰਭ ਆਪ ਬਹਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸੋਹੰ ਸਾਚੀ ਨਾਮ ਸੁਗਾਤਾ । ਸੋਹੰ ਸੁਗਾਤ, ਸੁਹਾਗ ਰਾਤ, ਵਿਚ ਮਾਤ ਬੰਧੇ ਨਾਤ, ਪ੍ਰਭ ਅਬਿਨਾਸ਼ੀ ਸਾਚਾ ਕਮਲਾਪਾਤ । ਭਗਤ ਜਨਾਂ ਸਰਬ ਘਟਾਂ ਘਟ ਰੱਖੇ ਵਾਸ । ਸੋਹੰ ਦੇਵੇ ਸਾਚੀ ਦਾਤ । ਪੂਰਨ ਪ੍ਰਭ ਹਰਿ ਅਬਿਨਾਸ਼ੀ ਜਨ ਭਗਤਾਂ ਪੁੱਛੇ ਆਪੇ ਵਾਤ । ਘਟ ਘਟ ਰਵਿਆ ਹਰਿ ਘਟ ਵਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਨਾ ਹੋਏ ਅੰਧੇਰੀ ਰਾਤ । ਦਰ ਅੰਧੇਰ ਕਦੇ ਨਾ ਹੋਏ । ਦਿਵਸ ਰੈਣ ਇਕ ਜੋਤ ਬਲੋਏ । ਗੁਰ ਗੋਬਿੰਦ ਦਰ ਬੈਠੇ ਦੋਏ । ਦਰ ਘਰ ਸਾਚੇ ਸੋਭਾ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੰਗ ਕਲਜੁਗ ਜੀਵ ਨਾ ਜਾਣੇ ਕੋਇ । ਦਰ ਘਰ ਰੰਗ ਸ਼ੋਭ ਸ਼ਿੰਗਾਰੀ । ਗੁਰਮੁਖ ਸਾਚਾ ਤਰੇ ਸਾਚੀ ਤਾਰੀ । ਪ੍ਰਭ ਅਬਿਨਾਸ਼ੀ ਸਚ ਭਤਾਰੀ । ਆਤਮ ਸੇਜ ਬਣੀ ਨਿਵਾਰੀ । ਜਿਥੇ ਲਾਇਆ ਆਸਣ ਭਾਰੀ । ਸੁੱਖੀ ਹੋਏ ਭਿੰਨੜੀ ਰੈਣਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਾਵੇ ਆਪੇ ਸਾਰੀ । ਹਉਂ ਆਤਮ ਸੇਜ ਵਛਾਈਆ । ਫਲ ਫੂਲਣ ਬਰਖਾ ਲਾਈਆ । ਸਚ ਸ਼ਾਹੋ ਸੰਗ ਰਲਾਈਆ । ਕਰ ਬੇਨੰਤੀ ਲਿਆ ਮਨਾਈਆ । ਘਰ ਮਿਲਿਆ ਸਾਚਾ ਕੰਤ ਮਿਲੀ ਵਧਾਈਆ । ਆਪ ਬਣਾਏ ਤੇਰੀ ਬਣਤ, ਜਗਤ ਵਡਿਆਈਆ । ਹੋਏ ਸਹਾਈ ਆਦਿਨ ਅੰਤ, ਸਾਚੀ ਜੋਤ ਕਰੇ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇੰਦਰ ਸਿੰਘ ਤੇਰੀ ਪੈਜ ਰਖਾਈਆ । ਚਰਨ ਪੁਜਿਆਂ ਹੋਏ ਪੁਜਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਆਪਣਾ ਫਰਜ਼ ਤੇਰਾ ਕਰਜ ਗੁਰਸਿਖ ਦਏ ਉਤਾਰੀ । ਆਤਮ ਆਪਣੀ ਲੈਣੀ ਵਰਜ, ਏਕਾ ਚਰਨ ਕਰੇ ਨਿਮਸਕਾਰੀ । ਸੋਹੰ ਸ਼ਬਦ ਸਾਚੀ ਤਰਜ, ਛੱਤੀ ਰਾਗਾਂ ਸਿਰ ਸਰਦਾਰੀ । ਬੇਮੁਖ ਜੀਵ ਨਾ ਕੋਈ ਮਰਜ, ਪ੍ਰਭ ਦੇਵੇ ਦਰ ਦੁਰਕਾਰੀ । ਜੋ ਜਨ ਦੋਵੇਂ ਜੋੜ ਕਰੇ ਅਰਜ, ਪ੍ਰਭ ਸਾਚਾ ਬਖ਼ਸ਼ਣਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸਰਨ ਦੇਵੇ ਜਨ ਭਗਤਾਂ ਕਿਰਪਾ ਧਾਰੀ ।



## ✻ ੯ ਜੇਠ ੨੦੧੦ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ✻

ਰਾਗ ਜੋਗ ਸ਼ਬਦ ਘਨਘੋਰਾ । ਮਾਝੇ ਦੇਸ ਫਿਰੇ ਢੰਡੋਰਾ । ਅੱਗਾ ਨੇੜੇ ਆਇਆ, ਵਕਤ ਰਹਿ ਗਿਆ ਥੋੜਾ । ਪ੍ਰਭ ਸਾਚਾ ਦੁੱਖ ਦਰਦ ਰੋਗ ਗਵਾ ਰਿਹਾ, ਜੋ ਦਰ ਆਏ ਚਲ ਕੇ ਕੋੜਾ । ਗੁਰਮੁਖਾਂ ਮਾਣ ਦਵਾ ਰਿਹਾ, ਸੋਹੰ ਦੇਵੇ ਨਾਮ ਧੁਰਦਰਗਾਹੀ ਘੋੜਾ । ਹਰਿ ਆਪਣਾ ਖੇਲ

ਆਪ ਵਰਤਾ ਰਿਹਾ, ਪੈਰੀਂ ਪਾਉਣ ਨਾ ਦੇਵੇ ਕਿਸੇ ਜੋੜਾ । ਆਪਣੇ ਭਾਣੇ ਵਿਚ ਚਲਾ ਰਿਹਾ, ਆਪੇ ਕਰੇ ਤੋੜ ਵਿਛੋੜਾ । ਹਰਿ ਜੋਤੀ ਖੇਲ ਖਿਲਾ ਰਿਹਾ, ਨਾ ਸਕੇ ਕੋਈ ਮੋੜਾ । ਗੁਰਮੁਖ ਸਾਚਾ ਚਰਨ ਲਗਾ ਰਿਹਾ, ਪ੍ਰਭ ਸਾਚੇ ਦੀ ਸਾਚੀ ਲੋੜਾ । ਘਰ ਸਾਚੇ ਆਪ ਬਹਾ ਰਿਹਾ, ਸਾਚੀ ਦਰਗਹਿ ਕੋਈ ਨਾ ਅਟਕੇ ਰੋੜਾ । ਸਾਚਾ ਸੋਹੰ ਨਾਮ ਜਪਾ ਰਿਹਾ, ਹਉਮੇ ਮਮਤਾ ਭੰਨਿਆ ਫੋੜਾ । ਪ੍ਰਭ ਸਾਚੇ ਰੰਗ ਰੰਗਾ ਲਿਆ, ਲੱਗੀ ਪ੍ਰੀਤ ਨਿਭਾਏ ਤੋੜਾ । ਦਰ ਘਰ ਸਾਚਾ ਗੁਰਸਿਖ ਪਾ ਲਿਆ, ਨਾ ਹੋਏ ਕਦੇ ਵਿਛੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਚਰਨੀ ਸੀਸ ਨਿਵਾ ਲਿਆ, ਕਿਸੇ ਵਸਤ ਨਾ ਆਵੇ ਤੋੜਾ । ਏਥੇ ਓਥੇ ਨਾ ਨਿਖੁੱਟੇ । ਪ੍ਰਭ ਅਬਿਨਾਸ਼ੀ ਸਦ ਭੰਡਾਰ ਅਤੁੱਟੇ । ਬੇਮੁਖਾਂ ਹਰਿ ਸਾਚਾ ਕਲ ਜੜ੍ਹ ਵਿਚ ਮਾਤ ਦੇ ਪੁੱਟੇ । ਗੁਰਮੁਖ ਸਾਚੇ ਸੰਤ ਜਨ ਸੋਹੰ ਲਾਹਾ ਲੈਣ ਲੁਟੇ । ਅੰਮ੍ਰਿਤ ਸਾਚਾ ਆਪ ਪਿਆਏ ਪੀ ਅੰਮ੍ਰਿਤ ਧਾਰ ਹੋ ਪਹਿਲੇ ਘੁੱਟੇ । ਆਤਮ ਸਾਚਾ ਸੀਰ ਵਹਾਏ, ਦੂਈ ਦਵੈਤ ਪਰਦਾ ਤੁੱਟੇ । ਹਉਮੇ ਦੀਰਘ ਰੋਗ ਗਵਾਏ, ਪੰਜਾਂ ਚੋਰਾਂ ਫੜ ਸਾਚਾ ਕੁੱਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਈ ਮਿਲੇ ਵਡਿਆਈ ਤਤੀ ਵਾਹ ਨਾ ਲਾਗੇ ਸ਼ਬਦ ਭੰਡਾਰੇ ਵਡ ਅਤੁੱਟੇ । ਖਾਣੀ ਬਾਣੀ ਕਵਣ ਵਿਚਾਰੇ । ਆਤਮ ਲੋਭੀ ਵਡ ਹੰਕਾਰੇ । ਨਾ ਮਿਲਿਆ ਸਾਚਾ ਧੋਬੀ, ਜੋ ਪਾਪਾ ਮੈਲ ਉਤਾਰੇ । ਏਕਾ ਏਕ ਹਰਿ ਏਕਾ ਸਾਚਾ ਨਾਮ ਵਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰਾਇਣ ਨਰ, ਚਾਰ ਕੁੰਟ ਚਾਰ ਵਰਨ ਏਕਾ ਸ਼ਬਦ ਚਲਾਏ ਵਿਚ ਸੰਸਾਰੇ । ਸ਼ਬਦ ਬਾਣ ਹਰਿ ਆਪ ਚਲਾਇਆ । ਤੀਨ ਲੋਕ ਦੇ ਵਿਚ ਫਿਰਾਇਆ । ਪਵਣ ਸਰੂਪ ਸਰਬ ਜਣਾਇਆ । ਬਿਨ ਰੰਗ ਰੂਪੀ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ ਆਪ ਆਪਣਾ ਰਾਹ ਛੁਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਚਲਾਇਆ । ਸਚ ਬਾਣੀ ਨਾ ਸ਼ਬਦ ਵਖਾਣਿਆਂ । ਕਲਜੁਗ ਭੁੱਲਾ ਜੀਵ ਅੰਞਾਣਿਆਂ । ਗੁਰ ਅਰਜਨ ਭੇਵ ਨਾ ਪਾਣਿਆਂ । ਆਪਣਾ ਕੀਆ ਆਪ ਵਖਾਣਿਆਂ । ਮਨਮੁਖ ਮੂੜ੍ਹ ਆਤਮ ਗੰਦੇ, ਲੱਗੇ ਝੂਠੇ ਧੰਦੇ, ਬਣ ਬੈਠੇ ਵਡ ਵਡ ਬਾਣੀਆਂ । ਮਾਇਆਧਾਰੀ ਕਰਨ ਖੁਆਰੀ ਆਤਮ ਹੰਕਾਰੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਪ੍ਰਗਟਾਏ, ਸੋਹੰ ਸਾਚਾ ਡੰਕ ਵਜਾਏ, ਬੇਮੁਖ ਜਾਇਣ ਜੜ੍ਹ ਪੁਟਾਏ ਜੋ ਲੱਗੀ ਦਿਸੇ ਵਿਚ ਪਤਾਲਿਆ । ਢੋਲ ਢਮਕਾ ਝੂਠਾ ਵੱਜੇ । ਕੂੜ ਕੁੜਿਆਰਾ ਕੌਣ ਪਰਦੇ ਕੱਜੇ । ਝੂਠਾ ਦਿਸੇ ਸਰਬ ਪਸਾਰਾ, ਆਤਮ ਅੰਧਿਆਰਾ ਸਿਰ ਬੱਧਾ ਪਾਪਾਂ ਛੱਜੇ । ਦਰ ਸਾਚਾ ਪਾਇਆ ਹਰਿ ਅਬਿਨਾਸ਼ੀ ਜਿਸ ਸ਼ਬਦ ਸੁਣਾਇਆ, ਕੋਈ ਠਹਿਰ ਨਾ ਪਾਇਆ, ਵਾਹੋ ਦਾਹੀ ਜਾਇਣ ਭੱਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ, ਸਿੰਘ ਸਿੰਘਾਸਣ ਡੇਰਾ ਲਾਈ, ਭੇਵ ਖੁਲ੍ਹਾਏ ਭਰਮ ਚੁਕਾਏ, ਆਪਣਾ ਪਹਿਨਾਏ ਸ਼ਬਦ ਸਾਚਾ ਝੱਗੇ । ਸ਼ਬਦ ਬਾਣੀ ਗੁਰ ਆਪ ਉਚਾਰਦਾ । ਬਿਨ ਗੁਰ ਪੂਰੇ ਕੋਇ ਨਾ ਲੇਖ ਲਿਖਾਰਦਾ । ਆਦਿ ਜੁਗਾਦਿ ਜੁਗੋ ਜੁਗ ਬੇਮੁਖਾਂ ਪਾਸਾ ਆਵੇ ਹਾਰਦਾ । ਜੋਤੀ ਜੋਤ ਸਰੂਪ ਹਰਿ ਜਨ ਭਗਤਾਂ ਕਾਜ ਸਵਾਰਦਾ । ਸ਼ਬਦ ਬਾਣ ਗੁਰ ਆਪ ਚਲਾਏ । ਬੇਮੁਖਾਂ ਤਨ ਅਗਨ ਲਗਾਏ । ਗੁਰਮੁਖਾਂ ਹਰਿ ਮਗਨ ਰਖਾਏ । ਆਤਮ ਹੰਕਾਰੀ ਨਾਮ ਨੰਗਨ ਰਖਾਵੇ, ਗੁਰਮੁਖ ਸਾਚਾ ਪੂਰਨ ਬ੍ਰਹਮ ਵਿਚਾਰੇ ਪ੍ਰਭ ਸਾਚਾ ਤੇਰੇ ਵਿਚ ਸਮਾਵੇ । ਸਾਚੀ ਜੋਤ ਕਰੇ ਅਕਾਰੀ, ਅਗਿਆਨ ਅੰਧੇਰ ਸਰਬ ਮਿਟਾਏ । ਏਕਾ ਜੋਤ ਏਕਾ ਸ਼ਬਦ ਅਧਾਰੀ, ਦੂਈ ਦਵੈਤ ਆਪ ਮਿਟਾਵੇ । ਏਕਾ ਸ਼ਰਅ ਇਕ ਸ਼ਰਾਇਤ, ਊਚ ਨੀਚ ਨਾ ਸਚ ਦਰਬਾਰੀ ।

ਏਕਾ ਹਰਿ ਅਬਿਨਾਸ਼ੀ ਕਰੇ ਹਮਾਇਤ, ਰਾਓ ਰੰਕ ਸਰਬ ਇਕ ਵਡ ਸਿਕਦਾਰੀ । ਸ੍ਰਿਸ਼ਟ ਸਬਾਈ ਏਕਾ ਨਾਇਕ, ਆਵੇ ਜਾਵੇ ਵਾਰੋ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਕਲਜੁਗ ਵਰਤੇ ਖੇਲ ਨਿਆਰੀ । ਜੋਤ ਸਰੂਪ ਕਲ ਖੇਲ ਨਿਆਰਾ । ਵੇਖ ਵੇਖ ਕਲ ਭੁੱਲਾ ਸਰਬ ਸੰਸਾਰਾ । ਜੀਵ ਜੰਤ ਨਾ ਹਰਿ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤ ਲਿਆ ਅਵਤਾਰਾ । ਜੋਤ ਸਰੂਪੀ ਜਾਮਾ ਧਾਰਿਆ । ਸਾਚਾ ਲੇਖ ਆਪ ਲਿਖਾ ਰਿਹਾ । ਬੇਮੁਖਾਂ ਵੇਖ ਵਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਗਵਾ ਰਿਹਾ । ਮਾਲੀ ਖੋਜੇ ਖੋਜ ਵਿਚਾਰੇ । ਮਾਇਆ ਬੋਝੇ ਭਰੇ ਭਾਰੇ । ਦਰਸ ਨਾ ਪਾਏ ਪ੍ਰੀਤਮ ਸਾਚੇ ਚੋਜੇ, ਭੁੱਲੇ ਰਹੇ ਸਰਬ ਗਵਾਰੇ । ਅੰਤਮ ਹੋਏ ਕਾਇਆ ਕੋਝੇ, ਨਾ ਬਨਿਆ ਕੋਇ ਸਹਾਰੇ । ਦਰ ਘਰ ਸਾਚਾ ਮੂਲ ਨਾ ਸੂਝੇ, ਅਜੇ ਨਾ ਖੁੱਲੇ ਆਤਮ ਦਰ ਦਵਾਰੇ । ਗੁਰਮੁਖ ਵਿਰਲਾ ਪ੍ਰਭ ਚਰਨ ਪ੍ਰੀਤੀ ਝੂਜੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਦੇਵੇ ਦਰਸ ਅਗੰਮ ਅਪਾਰੇ । ਆਤਮ ਬੂਝ ਬੂਝ ਵਿਚਾਰੋ । ਨਰਾਇਣ ਨਰ ਇਕ ਕਰਤਾਰੋ । ਦਿਵਸ ਰੈਣ ਇਕ ਨਾਮ ਚਿਤਾਰੋ । ਓਅੰ ਸੋਹੰ ਚਲੇ ਵਿਚ ਸੰਸਾਰੋ । ਆਪ ਬਣਾਏ ਸਾਚੀ ਧਾਰੋ । ਕਲਜੁਗ ਜੀਵ ਕੀ ਕਰੇ ਵਿਚਾਰੋ । ਆਪਣਾ ਆਪ ਭੁੱਲੇ, ਕਲਜੁਗ ਜੀਵ ਮੂਰਖ ਮੁਗਧ ਗਵਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਨਿਹਕਲੰਕ ਨਰਾਇਣ ਨਰ ਅਵਤਾਰੋ । ਅਗਾਧ ਬੋਧ ਸ਼ਬਦ ਹਰਿ ਗਾਥਾ । ਗੁਰਮੁਖ ਵਿਰਲਾ ਹਰਿ ਚਾੜ੍ਹੇ ਸਾਚਾ ਰਾਥਾ । ਬੇਮੁੱਖ ਦਰ ਰਹਿਣ ਨਾ ਪਾਇਣ, ਹਰਿ ਨਾ ਟਿਕਾਏ ਮਾਥਾ । ਵੇਲੇ ਅੰਤ ਦੇ ਸਜਾਏ, ਆਪੇ ਪਾਏ ਨੱਕੀਂ ਨਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਕ ਭਵਿਖਤ ਰਿਹਾ ਲਿਖਾਏ, ਪ੍ਰਭ ਦੀ ਮਹਿੰਮਾ ਅਕਥਨਾ ਅਕਾਥਾ । ਵਾਕ ਭਵਿਖਤ ਹਰਿ ਆਪ ਲਿਖਾਵਣਾ । ਕਲਜੁਗ ਝੂਠਾ ਭੇਖ ਮਿਟਾਵਣਾ । ਗੁਰਮੁਖਾਂ ਹਰਿ ਚਰਨੀ ਸੀਸ ਝੁਕਾਵਣਾ । ਹੰਕਾਰ ਹੰਕਾਰੀਆਂ ਦੁਸ਼ਟ ਦੁਰਾਚਾਰੀਆਂ ਕਰੇ ਖੁਆਰੀਆਂ ਪ੍ਰਭ ਦਰ ਦਰ ਘਰ ਘਰ ਆਪ ਭਵਾਵਣਾ । ਬੇੜੇ ਡੋਬੇ ਵਿਚ ਮੰਝਧਾਰੀਆਂ, ਨਾ ਕਿਸੇ ਪਾਰ ਕਰਾਵਣਾ । ਏਕਾ ਵੱਡਾ ਹਰਿ ਸੰਸਾਰੀਆਂ, ਹਿਸਾਬ ਕਿਸੇ ਨਾ ਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਜਗਤ ਚਲਾਵਣਾ । ਸਾਚਾ ਰਾਹ ਜਗਤ ਚਲਾਵਣਾ । ਸਾਚਾ ਥਾਂ ਆਪ ਸੁਹਾਵਣਾ । ਸਾਚਾ ਨਾਮ ਇਕ ਜਪਾਵਣਾ । ਸਾਚਾ ਕਾਮ ਆਪ ਕਰਾਵਣਾ । ਲਿਖਿਆ ਲੇਖ ਨਾ ਕਿਸੇ ਮਿਟਾਵਣਾ । ਸਤਿਜੁਗ ਸਾਚਾ ਮਾਤ ਲਗਾਵਣਾ । ਕਲਜੁਗ ਭਾਂਡਾ ਕਾਚਾ ਭੰਨ ਵਖਾਵਣਾ । ਬੇਮੁਖ ਦਰ ਤੇ ਆਏ ਨਾਚਾ, ਹਰਿ ਸਾਚਾ ਭੇਵ ਨਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਹਰਿ ਆਪ ਉਠਾਵਣਾ । ਸ਼ਬਦ ਡੰਡਾ ਸਿਰ ਜਾਏ ਲੱਗ । ਆਪੇ ਤੁੱਟੇ ਕਾਇਆ ਤਗ । ਮਾਨਸ ਜਨਮ ਮਿਲਿਆ ਬਨਿਆ ਹੰਸ ਕਗ । ਝੂਠਾ ਮੁਖ ਵਾਦ ਵਿਵਾਦ ਵਖਾਣੇ, ਦੇਵੇ ਮਾਣ ਵਿਚ ਜਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੇ ਜੋ ਜਨ ਚਰਨੀ ਜਾਇਣ ਲੱਗ । ਸਚ ਨਗਰ ਹਰਿ ਦਾਸ ਹੈ । ਏਕਾ ਜੋਤ ਸੱਚੀ ਪ੍ਰਕਾਸ਼ ਹੈ । ਪ੍ਰਭ ਅਬਿਨਾਸ਼ ਪੁਰਖ ਅਬਿਨਾਸ਼ ਹੈ । ਨਾ ਹੋਇਆ ਬੇਮੁਖਾਂ ਦਾਸ ਹੈ । ਗੁਰਮੁਖਾਂ ਸਦ ਵਸਿਆ ਪਾਸ ਹੈ । ਪੂਰਨ ਕਰਾਏ ਆਸ, ਜੋ ਜਨ ਤਜਾਏ ਮਦਿਰ ਮਾਸ ਹੈ । ਸਾਚਾ ਸ਼ਬਦ ਰਸਨਾ ਗਾਏ ਸਵਾਸ ਸਵਾਸ ਹੈ । ਸਾਚੇ ਦਰ ਨਾ ਹੋਏ ਕੋਇ ਨਿਰਾਸ ਹੈ । ਮਾਨਸ ਜਨਮ ਹੋਏ ਰਾਸ ਹੈ । ਝੂਠੀ ਮਾਇਆ ਕਰੇ ਨਾਸ

ਹੈ । ਏਕਾ ਜੋਤ ਏਕਾ ਗੋਤ, ਤੀਨ ਲੋਕ ਵਿਚ ਵਾਸ ਹੈ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਸਾਚੇ ਦੇ ਦਾਸ ਹੈ । ਲੱਖ ਚੁਰਾਸੀ ਕਰ ਕਰ ਹੇਰਾ ਫੇਰਾ, ਆਪ ਕਰਾਏ ਨਾਸ ਹੈ । ਬੇਮੁਖਾਂ ਅੰਤ ਕਰਾਏ ਨਬੇੜਾ, ਜੋ ਰਹੇ ਝੂਠਾ ਝੱਖ ਮਾਰ ਹੈ । ਨਾ ਕੋਈ ਦਿਸੇ ਨਗਰ ਖੇੜਾ, ਜਿਥੇ ਹਰਿ ਮਿਲਣ ਦੀ ਨਾ ਆਸ ਹੈ । ਆਪੇ ਜਿਸ ਥੰਮਿਆ ਗਗਨ ਅਕਾਸ਼ ਹੈ । ਧਰਤ ਮਾਤ ਤੇਰਾ ਖੁੱਲ੍ਹਾ ਵਿਹੜਾ, ਦੂਜਾ ਕੋਇ ਨਾ ਤੇਰੇ ਪਾਸ ਹੈ । ਪ੍ਰਭ ਅਬਿਨਾਸ਼ੀ ਤੁਧ ਬਿਨ ਪਾਰ ਲੰਘਾਵੇ ਕਿਹੜਾ, ਬੇਮੁਖਾਂ ਅੰਤਮ ਕਰਨਾ ਨਾਸ ਹੈ । ਗੁਰਮੁਖਾਂ ਬੰਨ੍ਹ ਵਖਾਵੇ ਬੇੜਾ, ਸਾਚਾ ਦੇਵੇ ਸ਼ਬਦ ਬਾਣੀ ਅਕਾਸ਼ ਹੈ । ਆਪ ਕਟਾਏ ਲੱਖ ਚੁਰਾਸੀ ਗੇੜਾ, ਜਨ ਹੋਇਆ ਦਾਸਨ ਦਾਸ ਹੈ । ਜੋਤੀ ਜੋਤ ਸਰੂਪ ਹਰਿ, ਆਦਿ ਜੁਗਾਦਿ ਏਕਾ ਸਾਚੀ ਜੋਤ ਕਰੇ ਪ੍ਰਕਾਸ਼ ਹੈ । ਸਾਚੀ ਜੋਤ ਹਰਿ ਪ੍ਰਕਾਸ਼ੇ । ਅਗਿਆਨ ਅੰਧੇਰ ਸਰਬ ਵਿਨਾਸੇ । ਸਰਬ ਘਟਾਂ ਘਟ ਰੱਖੇ ਵਾਸੇ । ਤਨ ਮੰਦਰ ਹਰਿ ਵਸੇ ਅੰਦਰ । ਜੋਤ ਜਗਾਏ ਤੇਰੀ ਕਾਇਆ ਅੰਧੇਰ ਕੰਦਰ । ਆਪ ਤੁੜਾਏ ਤੇਰੀ ਜੰਦਰ । ਕਲਜੁਗ ਭੁੱਲਾ ਕਿਉਂ ਜੀਵ ਬੰਦਰ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਤੇਰੀ ਆਤਮ ਅੰਦਰ । ਆਤਮ ਵੇਖ ਦਰ ਦਵਾਰਾ । ਜਿਥੇ ਵਸੇ ਹਰਿ ਗਿਰਧਾਰਾ । ਵੇਖੇ ਵਿਗਸੇ ਕਰੇ ਵਿਚਾਰਾ । ਰੂਪ ਰੰਗ ਨਾ ਕੋਈ ਪਾਵੇ ਸਾਰਾ । ਸਾਚਾ ਸੰਗ ਨਿਭਾਵੇ ਗੁਰਸਿਖ ਤੇਰਾ ਹੋਏ ਪਿਆਰਾ । ਜੋਤੀ ਜੋਤ ਸਰੂਪ ਹਰਿ, ਨਿਜ ਘਰ ਸਾਚੇ ਵਸੇ, ਹਰਿ ਪੂਰਨ ਬੂਝ ਬੁਝਾਰਾ । ਨਿਜ ਘਰ ਵਾਸੀ ਆਸਣ ਲਾਇਆ । ਜੋਤ ਸਰੂਪੀ ਦੀਪ ਜਗਾਇਆ । ਦਿਵਸ ਰੈਣ ਇਕ ਕਰਾਇਆ । ਏਕਾ ਸ਼ਬਦ ਮਨ ਵਸਾਇਆ । ਮਾਇਆ ਪਰਦਾ ਆਪੇ ਲਾਹਿਆ । ਬੇਮੁਖਾਂ ਹਰਿ ਆਪ ਭੁਲਾਇਆ । ਗੁਰਮੁਖਾਂ ਹਰਿ ਜਾਗ ਲਗਾਇਆ । ਆਤਮ ਧੋ ਦਾਗ ਵਖਾਇਆ । ਸੋਹੰ ਸਾਚਾ ਰਾਗ ਸੁਣਾਇਆ । ਦਰ ਘਰ ਸਾਚਾ ਆਪ ਖੁਲ੍ਹਾਇਆ । ਦਵਾਰ ਦਸਮ ਦੀ ਬੂਝ ਬੁਝਾਇਆ । ਏਕਾ ਏਕੰਕਾਰ ਏਕਾ ਧੁਨ ਸੁੰਨ ਸਮਾਧੀ ਆਪ ਤੁੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਗੁਰਮੁਖ ਸਾਚਾ ਏਕਾ ਰੰਗ ਰੰਗਾਇਆ । ਏਕਾ ਰੰਗ ਆਪ ਰੰਗਾਏ । ਗੁਰਮੁਖਾਂ ਅੰਗ ਸੰਗ ਨਿਭਾਏ । ਮਾਨਸ ਜਨਮ ਨਾ ਭੰਗ ਕਰਾਏ । ਅੰਗ ਅੰਗ ਦੇ ਵਿਚ ਸਮਾਏ । ਦਰਸ ਦਾਨ ਦਰ ਲਿਆ ਮੰਗ, ਸਾਚੀ ਭਿਛਿਆ ਪ੍ਰਭ ਸਾਚਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਹਰਿ ਆਪਣਾ ਆਪ ਬਿਰਦ ਰਖਾਏ । ਕਾਇਆ ਕੋਟ ਕਿਲਾ ਅਟਾਰੀ । ਵਸੇ ਵਿਚ ਹਰਿ ਮੁਰਾਰੀ । ਸੁਖ ਆਸਣ ਬੈਠਾ ਆਪ ਨਿਰਾਧਾਰੀ । ਸਾਚੀ ਜੋਤ ਹਰਿ ਨਿਰੰਕਾਰੀ । ਪੂਰਬ ਕਰਮ ਹਰਿ ਰਿਹਾ ਵਿਚਾਰੀ । ਚਿੱਤਰ ਗੁਪਤ ਅੱਠੇ ਪਹਿਰ ਲੇਖਾ ਲਿਖੇ ਲਿਖਾਰੀ । ਬੇਮੁਖ ਝੂਠੇ ਧੰਦੇ ਲੱਗੇ ਆਤਮ ਹੋਈ ਹੰਕਾਰੀ । ਆਤਮ ਗੰਦੇ ਆਪ ਉਠਾਏ ਮਦਿਰਾ ਮਾਸੀ ਹੋਏ ਖੁਆਰੀ । ਆਤਮ ਅੰਧੇ ਆਪ ਰਖਾਏ, ਗੁਰ ਅਰਜਨ ਬਾਣੀ ਮਨੋਂ ਵਸਾਰੀ । ਜੋਤੀ ਜੋਤ ਸਰੂਪ ਪ੍ਰਗਟ ਨਿਹਕਲੰਕ ਬੇਮੁਖਾਂ ਕਰੇ ਆਪ ਖਵਾਰੀ । ਹਰਿ ਗਾਇਆ ਮਨ ਭਏ ਅਨੰਦਾ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦਾ । ਪਰਮ ਪੁਰਖ ਪਰਮੇਸ਼ਵਰ ਵਡ ਦਾਤਾ ਸੁਰਪਤ ਰਾਜੇ ਇੰਦਾ । ਦੂਈ ਦੁਸ਼ਟ ਆਪ ਮਿਟਾਏ ਜੋ ਦਰ ਆਏ ਕਰਨ ਨਿੰਦਾ । ਗੁਰਮੁਖ ਸਾਚੇ ਆਪ ਤਰਾਏ, ਦਰਗਹਿ ਸਾਚੀ ਆਪ ਬਹਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਗੁਣੀ ਗਹਿੰਦਾ । ਗੁਰਸਿਖ ਤੇਰੀ ਘਾਲ ਨਿਰਾਲੀ । ਪ੍ਰਭ ਅਬਿਨਾਸ਼ੀ ਪ੍ਰੀਤ ਕਮਾ ਲੀ । ਕਾਇਆ ਸੀਤਲ ਆਪ ਰਖਾ ਲੀ । ਬਣਿਆ ਮੀਤ ਹਰਿ ਬਨਵਾਲੀ । ਰਖਣਾ ਚੀਤ ਘਨਕਪੁਰ ਵਾਲੀ । ਮਾਨਸ ਜਨਮ ਜਾਣਾ


੮੪ ੦੩

ਜਗ ਜੀਤ, ਕਦੇ ਨਾ ਹੋਏ ਭੰਡਾਰਾ ਖਾਲੀ । ਹਰਿ ਕਾਇਆ ਕੀਨੀ ਸੀਤ, ਅੰਮ੍ਰਿਤ ਦੇਵੇ ਧਾਰ ਨਿਰਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣਿਆ ਆਪੇ ਵਾਲੀ । ਪਤਿਪਰਮੇਸ਼ਵਰ ਪਿਤ ਤੁਮਾਰਾ । ਦਰ ਘਰ ਆਏ ਕਾਜ ਸਵਾਰਾ । ਰਾਜ ਤਖ਼ਤ ਸਚ ਨਿਸ਼ਾਨ ਗੁਰ ਚਰਨ ਦਵਾਰਾ । ਏਕਾ ਰੱਖੇ ਚਰਨ ਧਿਆਨ, ਦੇਵੇ ਦਰਸ ਅਗੰਮ ਅਪਾਰਾ । ਪਾਰਬ੍ਰਹਮ ਪੂਰਨ ਭਗਵਾਨ, ਸਾਚਾ ਦੇਵੇ ਨਾਮ ਅਧਾਰਾ । ਭਗਤ ਭਗਵਾਨ ਏਕਾ ਜਾਣ, ਮਿਲਿਆ ਹਰਿ ਸਾਚਾ ਗਿਰਧਾਰਾ । ਆਵਣ ਜਾਵਣ ਸਰਬ ਮਿਟ ਜਾਣ, ਜਨਮ ਨਾ ਪਾਏ ਦੂਜੀ ਵਾਰਾ । ਏਕਾ ਰਾਖੋ ਚਰਨ ਧਿਆਨ, ਕਲਜੁਗ ਭੁੱਲਿਆ ਸਰਬ ਸੰਸਾਰ । ਹਰਿ ਸਾਚਾ ਵਾਲੀ ਦੋ ਜਹਾਨ, ਸਰਬ ਜੀਆਂ ਦਾ ਇਕ ਦਾਤਾਰਾ । ਦਰ ਆਏ ਸਰਬ ਤਰ ਜਾਣ, ਚਰਨ ਪ੍ਰੀਤ ਕਰਨ ਨਿਮਸਕਾਰਾ । ਆਤਮ ਵੱਜੇ ਸਾਚਾ ਬਾਣ, ਸੋਹੰ ਖੋਲ੍ਹੇ ਸ਼ਬਦ ਕੁਆੜਾ । ਆਪ ਰਖਾਵੇ ਗੁਰਸਿਖ ਤੇਰੀ ਸ਼ਾਨ, ਬਹਾਵੇ ਵਿਚ ਸਚ ਦਰਬਾਰਾ । ਆਪੇ ਦੇਵੇ ਸਾਚਾ ਮਾਣ, ਪੂਰਨ ਕਰਮ ਹਰਿ ਵਿਚਾਰਾ । ਏਕਾ ਓਟ ਸੱਚੀ ਭਗਵਾਨ, ਦੂਸਰ ਦਿਸੇ ਝੂਠ ਪਸਾਰਾ । ਸਰਬ ਜੀਆਂ ਹਰਿ ਜਾਣੀ ਜਾਣ, ਕਿਆ ਕੋਈ ਰੱਖੇ ਭੇਵ ਜੀਵ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਪਿਆਰਾ । ਤਨ ਦੁੱਖ ਜੋ ਲੱਗੇ ਰੋਗ । ਆਪ ਮਿਟਾਏ ਚਿੰਤਾ ਸੋਗ । ਸਾਚਾ ਨਾਮ ਲੈਣਾ ਜੋਗ । ਰਸਨਾ ਰਸ ਹਰਿ ਕਾ ਨਾਮ ਲੈਣਾ ਭੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਕਰਮ ਵਿਜੋਗ । ਨੇਤਰ ਨੀਰ ਦੁਖੀਆ ਰੋਏ । ਬੁਝੀ ਜੋਤ ਨਾ ਦੇਵੇ ਕੋਇ । ਸਾਚੀ ਜੋਤ ਨਾ ਕੋਇ ਬਲੋਏ । ਪੁੱਤਰ ਧੀਆਂ ਭੈਣ ਸ਼ਰਾ ਸਹਾਈ ਹੋਏ ਨਾ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ ਜੋ ਜਨ ਦੋਏ ਜੋੜ ਅੱਗੇ ਖਲੋਏ । ਕਿਰਪਾ ਕਰ ਹਰਿ ਉਧਾਰੇ । ਸਰਬ ਦੁੱਖਾ ਹਰਿ ਆਪ ਨਿਵਾਰੇ । ਸਾਚਾ ਸੁਖ ਦੇਵੇ ਨਾਮ ਅਧਾਰੇ । ਉਤਰੇ ਦੁੱਖ ਮਿਟੇ ਭੁੱਖ, ਦਰਸ ਪਾਇਆ ਹਰਿ ਗਿਰਧਾਰੇ । ਏਕਾ ਮਿਲਿਆ ਸਾਚਾ ਸੁਖ, ਪ੍ਰਭ ਚਰਨ ਕਵਲਾਰੇ । ਉਜਲ ਹੋਇਆ ਗੁਰਸਿਖ ਮੁਖ, ਉਪਰ ਸਾਰੀ ਧਵਲਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਾ ਕੋਈ ਜਾਣੇ ਕਮਲਾਰੇ । ਸਚ ਪ੍ਰੀਤੀ ਸਾਚਾ ਮਾਹੀ । ਕਲਜੁਗ ਭੁਲਿਆਂ ਪਾਵੇ ਰਾਹ । ਆਪ ਕਟਾਵੇ ਜਮ ਕੀ ਫਾਹੀ । ਸਾਚੀ ਨਈਆ ਦੇ ਚੜ੍ਹਾਈ । ਸੋਹੰ ਵਿਚ ਮਾਤ ਟਿਕਾਈ । ਆਪਣਾ ਬਣੇ ਆਪ ਰਬਵਾਹੀ । ਵੰਞ ਮੁਹਾਣਾ ਇਕ ਲਗਾਈ । ਸੰਸਾਰ ਸਾਗਰ ਗੁਰ ਪਾਰ ਕਰਾਈ । ਅੰਮ੍ਰਿਤ ਗਾਗਰ ਦੇ ਟਿਕਾਈ । ਕਰਮ ਉਜਾਗਰ ਗੁਰਸਿਖ ਬਣਾਈ । ਸਾਚਾ ਬਣਿਆ ਦਰ ਸੁਦਾਗਰ, ਨਾਮ ਵਸਤ ਜਨ ਵਣਜ ਕਰਾਈ । ਆਤਮ ਜੋਤੀ ਰਹੇ ਇਕਾਗਰ, ਏਕਾ ਸੇਵ ਚਰਨ ਕਮਾਈ । ਆਪੇ ਦੇਵੇ ਸ਼ਬਦ ਚਿੱਟੀ ਚਾਦਰ, ਵੇਲੇ ਅੰਤ ਲਏ ਗੋਦ ਉਠਾਈ । ਸੇਵ ਕਮਾਈ ਬਣ ਵਡ ਸੂਰਬੀਰ ਬਹਾਦਰ, ਬਾਕੀ ਲੇਖਾ ਰਹੇ ਨਾ ਕਾਈ । ਪਿਛਲਾ ਲੇਖਾ ਗਿਆ ਮੁੱਕ, ਆਇਆ ਚਲ ਪ੍ਰਭ ਸਾਚੇ ਦੀ ਸਚ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਏ ਜੋਤ ਮਿਲਾਈ । ਜਗਨ ਨਾਥ ਹਰਿ ਜੋਤ ਮਿਲਾਏ । ਗਗਨ ਨਾਥ ਵਿਚ ਗਗਨ ਟਿਕਾਏ । ਮਗਨ ਨਾਥ ਆਤਮ ਮਗਨ ਗੁਰਸਿਖ ਰਖਾਏ । ਰੰਗਨ ਨਾਥ ਆਪਣਾ ਰੰਗ ਨਾਮ ਚੜ੍ਹਾਏ । ਸਗਨ ਨਾਥ ਵੇਖ ਆਪਣੇ ਸੰਗ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਜੋਤੀ ਮੇਲ ਮਿਲਾਏ । ਮਾਤਲੋਕ ਦਾ ਮੁਕਿਆ ਦਾਨਾ । ਸਾਚਾ ਦਾਨਾ ਜਿਥੇ ਵਸਿਆ ਹਰਿ ਭਗਵਾਨਾ । ਏਕਾ ਸਾਚਾ ਸਚ ਟਿਕਾਣਾ । ਗੁਰਸਿਖਾਂ ਸਾਚੀ ਸੰਗਤ ਰਲ ਜਾਣਾ ।

ਬੇਮੁਖਾਂ ਸਾਚੇ ਦਰ ਤੋਂ ਉਠ ਉਠ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਇਆ ਕਮਾਏ ਆਪ ਮਿਟਾਏ ਆਣਾ ਜਾਣਾ । ਆਵਣ ਜਾਣ ਆਪ ਕਟਾਏ । ਛੁੱਟੇ ਦੇਹ ਜੋਤ ਮਿਲਾਏ । ਝੂਠਾ ਕਾਇਆ ਭਾਂਡਾ ਭੰਨਿਆ, ਅੰਤਮ ਅੰਤ ਮਿਟ ਜਾਏ । ਪ੍ਰਭ ਅਬਿਨਾਸ਼ੀ ਰਾਹ ਸਾਚਾ ਦੱਸਿਆ । ਸੋਹੰ ਸ਼ਬਦ ਪਾਰ ਲੰਘਾਏ । ਪ੍ਰਭ ਸਾਚੇ ਦਾ ਸਾਚਾ ਸ਼ਬਦ ਵੇਲੇ ਅੰਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੋਏ ਸਹਾਏ । ਖੋਜੋ ਰਾਮ ਦੇਵੇ ਸਚ ਨਾਮ । ਸਾਚਾ ਨਾਮ ਪੂਰ ਕਰਾਏ ਕਾਮ, ਨਾ ਹੋਏ ਖਾਮ । ਨਾ ਹੋਏ ਖਾਮ, ਅੱਗੇ ਮੰਗੇ ਨਾ ਕੋਈ ਦਾਮ । ਹਰਿਆ ਹੋਵੇ ਸੁੱਕਾ ਚਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ । ਸੋਹੰ ਦੇਵੇ ਨਾਮ ਹਰਿ ਨਿਧਾਨਾ । ਧੁਰਦਰਗਾਹੀ ਸਾਚਾ ਸਚ ਖ਼ਜ਼ਾਨਾ । ਗੁਰਮੁਖ ਸਾਚੇ ਖਾ ਖਰਚ ਨਿਖੁੱਟ ਕਦੇ ਨਾ ਜਾਣਾ । ਆਪੇ ਖੋਲ੍ਹੇ ਤੇਰੀ ਸੁਰਤ, ਚਰਨ ਪ੍ਰੀਤੀ ਨਾਤਾ ਤੁੱਟ ਨਾ ਜਾਣਾ । ਏਕਾ ਜੋਤ ਅਕਾਲ ਮੂਰਤ ਜਨ ਭਗਤਾਂ ਹਰਿ ਵਿਚ ਸਮਾਨਾ । ਏਕਾ ਸ਼ਬਦ ਉਪਜਾਵੇ ਸਾਚੀ ਤੂਰਤ, ਏਕਾ ਦੇਵੇ ਚਰਨ ਧਿਆਨਾ । ਬੇਮੁਖ ਦਰ ਤੇ ਰਹਿਣ ਝੂਰਤ, ਨਾ ਮਿਲਿਆ ਕੋਈ ਟਿਕਾਣਾ । ਦਰ ਘਰ ਸਾਚੇ ਰਹੇ ਦੂਰਤ, ਮਦਿਰਾ ਮਾਸ ਮੁਖ ਰਖਾਣਾ । ਆਤਮ ਉਪਜੇ ਨਾ ਸਾਚਾ ਨੂਰਤ, ਦੀਪਕ ਜੋਤੀ ਹਰਿ ਬੁਝਾਣਾ । ਗੁਰਮੁਖ ਸਾਚੇ ਹਰਿ ਸਰਬ ਗੁਣਾਂ ਭਰਪੂਰਤ, ਆਪੇ ਦੇਵੇ ਨਾਮ ਧਨ ਮਾਲ ਖ਼ਜ਼ਾਨਾ । ਗੁਰਮੁਖ ਸਾਚੇ ਤੇਰੇ ਦਰ ਰਖਾਏ ਸਾਚੀ ਮੂਰਤ, ਜਗਤ ਰਵੇ ਨਾਮ ਨਿਸ਼ਾਨਾ । ਬੇਮੁਖਾਂ ਹਰਿ ਸਦ ਹੀ ਦੂਰਤ, ਆਪੇ ਮੇਟੇ ਮੇਟ ਮਿਟਾਨਾ । ਰਸਨ ਬੋਲ ਜੋ ਬੋਲਣ ਕੂੜਤ, ਵਿਸ਼ਟਾ ਮੁਖ ਹਰਿ ਆਪ ਰਖਾਨਾ । ਆਪੇ ਪਾਏ ਆਤਮ ਜੂੜਤ, ਧਰਮ ਰਾਏ ਦੇ ਦਰ ਟਿਕਾਨਾ । ਗੁਰਮੁਖ ਸਾਚੇ ਕਦੇ ਨਾ ਝੂਰਤ, ਮਿਲਿਆ ਮੇਲ ਹਰਿ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਕਲਜੁਗ ਵਿਚ ਮਾਤ ਪਛਾਨਾ । ਸਾਚਾ ਨਾਮ ਜਗਤ ਢੰਡੋਰਾ । ਕਲਜੁਗ ਅੰਧੇਰ ਹੋਇਆ ਅੰਧ ਘੋਰਾ । ਦਿਵਸ ਰੈਣ ਧੰਨ ਸਾਚਾ ਲੁਟਣ ਚੋਰਾ । ਸ੍ਰਿਸ਼ਟ ਸਬਾਈ ਹੋਈ ਫੱਫੇ ਕੁੱਟਣ, ਪ੍ਰਭ ਅਬਿਨਾਸ਼ੀ ਭੁਲਿਆ ਮੋਰਾ । ਮਦਿਰਾ ਮਾਸੀ ਝੂਠੇ ਬੁੱਲੇ ਲੁਟਣ, ਵੇਲੇ ਅੰਤ ਨਾ ਹੋਵੇ ਛੁਟਕਾਰਾ । ਗੁਰਮੁਖ ਸਾਚੇ ਅੰਮ੍ਰਿਤ ਬੂੰਦ ਆਤਮ ਸੁਟਣ, ਆਤਮ ਜੋਤ ਹੋਏ ਉਜਿਆਰਾ । ਅੰਤਕਾਲ ਜਮ ਲੇਖੇ ਤੋਂ ਛੁੱਟਣ, ਹੋਏ ਸਹਾਈ ਆਪ ਨਿਰੰਕਾਰਾ । ਸ਼ਬਦ ਪੰਘੂੜਾ ਸਾਚਾ ਝੂਟਣ, ਦੇਵੇ ਨਾਮ ਇਕ ਹੁਲਾਰਾ । ਆਪ ਲਗਾਏ ਸਾਚੇ ਬੂਟਣ, ਗੁਰਮੁਖਾਂ ਹਰਿ ਆਪ ਵਡਿਆਰਾ । ਪੈਣ ਨਾ ਦੇਵੇ ਕਿਸੇ ਫੁੱਟਣ, ਇਕ ਘਰ ਹੋਏ ਦੋ ਫਾੜਾ । ਚਰਨੀ ਨਾਤਾ ਨਾ ਦੇਵੇ ਟੂਟਣ, ਪੂਰਾ ਗੁਰ ਸੱਚਾ ਕਰਤਾਰਾ । ਆਪ ਪਹਿਨਾਏ ਤਨ ਸੋਹੰ ਸਾਚਾ ਸੂਟਣ, ਸਿਰ ਰੱਖੇ ਹੱਥ ਆਪ ਗਿਰਧਾਰਾ । ਸਾਚਾ ਲਹਿਣਾ ਗੁਰਸਿਖ ਪ੍ਰਭ ਦਰ ਲੁੱਟਣ, ਸਾਚਾ ਦੇਵੇ ਨਾਮ ਖੁਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਕਲੰਕ ਬਲ ਬਲਕਾਰੀ । ਗੁਰਮੁਖਾਂ ਜਾਏ ਪੈਜ ਸਵਾਰੀ । ਬੇਮੁਖ ਜੀਵ ਰਹੇ ਕਲ ਝੱਖ ਮਾਰੀ । ਆਪਣਾ ਮੂਲ ਜਾਇਣ ਹਾਰੀ । ਜੂਏ ਬਾਜੀ ਆਪਣੀ ਹਾਰੀ । ਭੁੱਲਿਆ ਇਕ ਸੱਚਾ ਅਵਤਾਰੀ । ਸ੍ਰਿਸ਼ਟ ਸਬਾਈ ਵਿਚ ਪਸਾਰੀ । ਆਵੇ ਜਾਵੇ ਵਾਰੋ ਵਾਰੀ । ਕਲਜੁਗ ਖੇਲ ਕਰੇ ਨਿਆਰੀ । ਹੰਸਾ ਰਾਮਾ ਹੋਏ ਅਵਤਾਰੀ । ਕਾਹਨਾ ਕ੍ਰਿਸ਼ਨਾ ਨੈਣ ਮੁਧਾਰੀ । ਗੁਰੂ ਨਾਨਕ ਗੋਬਿੰਦ ਉਡਾਰੀ । ਸਚ ਧਾਮ ਇਕ ਜੋਤ ਅਪਾਰੀ । ਅੰਤਮ ਅੰਤ ਪ੍ਰਗਟ ਜੋਤ, ਨਿਹਕਲੰਕ ਵਿਚ ਮਾਤ ਲਏ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਖੇਲ ਅਪਰ ਅਪਾਰੀ । ਵਰਤੇ

ਖੇਲ ਅਪਰ ਅਪਾਰਾ । ਆਪੇ ਜਾਣੇ ਆਪਣੀ ਸਾਰਾ । ਮਾਇਆਧਾਰੀ ਭੁੱਲੇ ਜੀਵ ਗਵਾਰਾ । ਪ੍ਰਭ ਅਬਿਨਾਸ਼ੀ ਸਾਚਾ ਮਨੋਂ ਵਿਸਾਰਾ । ਗਿਆਨੀ ਧਿਆਨੀ ਵਡ ਇਸ਼ਨਾਨੀ, ਮਦਿਰਾ ਮਾਸ ਕਰਨ ਅਹਾਰਾ । ਸਾਚੀ ਭੁੱਲੀ ਇਕ ਨਿਸ਼ਾਨੀ, ਸਾਚਾ ਨਾਮ ਨਾ ਕਿਹਾ ਅਪਾਰਾ । ਅੰਤਮ ਲੱਗੇ ਦੁੱਖਾਂ ਕਾਨੀ, ਕਾਇਆ ਰੋਗ ਲੱਗੇ ਭਾਰਾ । ਗੁਰਮੁਖ ਸਾਚੇ ਤੇਰਾ ਸਾਚਾ ਬਾਨੀ, ਆਪੇ ਹੋਏ ਆਪ ਰਖਵਾਰਾ । ਏਕਾ ਦੇਵੇ ਸੋਹੰ ਨਾਮ ਨਿਧਾਨੀ, ਦਿਵਸ ਰੈਣ ਸਦ ਰਸਨ ਉਚਾਰਾ । ਚਰਨ ਨਿਮਸਕਾਰ ਵੱਡੀ ਕੁਰਬਾਨੀ, ਸਾਚਾ ਸ਼ਬਦ ਖੰਡਾ ਦੋ ਧਾਰਾ । ਗੁਰਮੁਖ ਸਾਚੇ ਸਚ ਕਰ ਮਾਨੀ, ਕਰੇ ਕਰਾਏ ਹਰਿ ਵਡ ਸਿਕਦਾਰਾ । ਤੁਟੇ ਮਾਣ ਸਰਬ ਅਭਿਮਾਨੀ, ਬੈਠੇ ਬਣ ਵਡ ਹੰਕਾਰਾ । ਨਾ ਕੋਈ ਬੂਝੇ ਬੂਝਣ ਸ਼ਬਦ ਗਿਆਨੀ, ਆਤਮ ਅੰਧੇ ਹੋਏ ਖਵਾਰਾ । ਕਿਤੇ ਨਾ ਲੱਭੇ ਧਰਮ ਨਿਸ਼ਾਨੀ, ਆਤਮ ਲੋਭੀ ਹੋਏ ਗਵਾਰਾ । ਝੂਠੇ ਜੂਠੇ ਮੁਖ ਜੂਠੇ ਪੜ੍ਹਣ ਬਾਣੀ, ਗੁਰ ਅਰਜਨ ਮਨੋਂ ਵਸਾਰਾ । ਗੁਰ ਗੋਬਿੰਦ ਜੋ ਸਾਚਾ ਬਾਨੀ, ਚਾਰ ਵਰਨ ਦਾ ਇਕ ਪਿਆਰਾ । ਏਕਾ ਰੰਗ ਆਪ ਰੰਗਾਇਆ , ਏਕਾ ਰਾਹ ਚਲਾਇਆ ਨਿਆਰਾ । ਪੰਚਮ ਆਪ ਪ੍ਰਧਾਨ ਬਣਾਇਆ, ਅੱਗੇ ਕਰੇ ਆਪ ਨਿਮਸਕਾਰਾ । ਕਲਜੁਗ ਅੰਤਮ ਪੰਚਮ ਝੂਠੇ ਧੰਦੇ ਲਾਇਆ, ਝੂਠਾ ਕਰਨ ਵਪਾਰਾ । ਆਤਮ ਲੋਭੀ ਹੋਈ ਹੰਕਾਰੀ, ਲੁਟ ਲੁਟ ਖਾਇਣ ਗੁਰਦਵਾਰਾ । ਪ੍ਰਭ ਅਬਿਨਾਸ਼ੀ ਜੋਤ ਸਰੂਪ ਬੈਠਾ ਵੇਖੇ ਵਿਚ ਸੱਚੇ ਦਰਬਾਰਾ । ਪ੍ਰਗਟ ਜੋਤ ਨਿਹਕਲੰਕ ਪੰਚਮ ਜੇਠ ਵਿਚ ਮਾਤ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਪਾਏ ਆਪੇ ਸਾਰਾ । ਸ੍ਰਿਸ਼ਟ ਸਬਾਈ ਲਏ ਸੋਧ । ਭੇਵ ਚੁਕਾਏ ਜੋ ਜਨ ਬੈਠੇ ਆਤਮ ਬੋਧ । ਦਿਵਸ ਰੈਣ ਜੋ ਦਗੇ ਕਮਾਇਣ, ਦੂਰੋਂ ਦਿਸਣ ਆਤਮ ਸੋਧ । ਚੋਰ ਯਾਰ ਠੱਗ ਬਣ ਜਾਇਣ, ਆਤਮ ਵਸੇ ਕਾਮ ਕਰੋਧ । ਗੁਰਮੁਖ ਤੇਰਾ ਅਜੇ ਨਾ ਖੁਲ੍ਹਿਆ ਤੀਜਾ ਨੈਣਾ ਬਣ ਬੈਠਾ ਵਡ ਜੋਧਨ ਜੋਧ । ਸਾਚਾ ਲਹਿਣਾ ਪ੍ਰਭ ਦਰ ਲੈਣ, ਜੋ ਆਤਮ ਲੈਣ ਸੋਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਅਗਾਧ ਬੋਧ ।

### ✻ ੯ ਜੇਠ ੨੦੧੦ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹ ਪਿੰਡ ਭੁਚਰ ਜ਼ਿਲਾ ਅੰਮ੍ਰਿਤਸਰ ✻

ਸਾਚੇ ਸੰਤ ਤੇਰੀ ਧੰਨ ਕਮਾਈ । ਸਾਚੇ ਸੰਤ ਹਰਿ ਲਿਵ ਲਾਈ । ਸਾਚੇ ਸੰਤ ਤੇਰੀ ਹੱਥ ਵਡਿਆਈ । ਦੇ ਮੱਤ ਗੁਰਮੁਖਾਂ ਦੇ ਸਮਝਾਈ । ਸਾਚੇ ਸੰਤ ਤੇਰੀ ਆਤਮ ਸਤਿ ਰੁਸ਼ਨਾਈ । ਸਾਚੇ ਸੰਤ ਪ੍ਰਭ ਅਬਿਨਾਸ਼ੀ ਪੂਰਨ ਬੂਜ ਬੁਜਾਈ । ਸਾਚੇ ਸੰਤ ਏਕਾ ਰਾਖੇ ਹਰਿ ਸਰਨਾਈ । ਸਾਚੇ ਸੰਤ ਅਗਾਧ ਬੋਧ ਸ਼ਬਦ ਜਣਾਈ । ਸਾਚੇ ਸੰਤ ਤੇਰੀ ਪ੍ਰਭ ਸਾਚੇ ਸੰਗ ਬਣ ਆਈ । ਸਾਚੇ ਸੰਤ ਸਾਚਾ ਹਰਿ ਦੇਵੇ ਜੋਤ ਜਗਾਈ । ਸਾਚੇ ਸੰਤ ਦਿਵਸ ਰੈਣ ਰੈਣ ਦਿਵਸ ਹਰਿ ਰੱਖੇ ਏਕਾ ਰੰਗ ਰੰਗਾਈ । ਸਾਚੇ ਸੰਤ ਕਲਜੁਗ ਜੀਵ ਝੂਠੇ ਛੱਡੇ ਮਾਤ ਪਿਤ ਸਾਕ ਸੱਜਣ ਮਾਈ । ਸਾਚੇ ਸੰਤ ਮਿਲਿਆ ਹਰਿ ਸਾਚਾ ਕੰਤ, ਇਕ ਸੁਣਿਆ ਸ਼ਬਦ ਸਾਚਾ ਤਤ ਆਪ ਬਣਾਈ । ਸਾਚੀ ਬਣਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਦੇ ਵਡਿਆਈ । ਸਾਚੇ ਸੰਤ ਸਤਿ ਵਰਤੰਤ । ਸਾਚੇ ਸੰਤ ਪੂਰਨ ਜੋਤ ਦੇਵੇ ਭਗਵੰਤ । ਸਾਚੇ ਸੰਤ ਹੋਏ ਹਜ਼ੂਰ ਸਾਚਾ ਕੰਤ । ਸਾਚੇ ਸੰਤ ਅੰਗ ਸੰਗ ਆਪ ਰਹਾਏ ਦੇਵੇ ਵਡਿਆਈ ਵਿਚ ਜੀਵ ਜੰਤ । ਸਾਚੇ ਸੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦੇ ਦਿਖਾਏ,

ਬੈਠਾ ਦਿਸੇ ਇਕੰਤ । ਸਾਚੇ ਸੰਤ ਹਰਿ ਬੂਝ ਬੁਝਾਈ । ਸਾਚੀ ਸੇਵਾ ਮਾਤ ਲਗਾਈ । ਸੰਤ ਮਨੀ ਸਿੰਘ ਸ਼ਬਦ ਸੁਣਾਈ । ਪਤਿਪਰਮੇਸ਼ਵਰ ਦਇਆ ਕਮਾਈ । ਦੋਏ ਜੋੜ ਕਰੇ ਬੰਦਨ ਆਇਆ ਚਲ ਸਰਨਾਈ । ਲਿਖਿਆ ਲੇਖ ਕੌਣ ਮਿਟਾਏ ਪ੍ਰਭ ਸਾਚਾ ਰਿਹਾ ਲਿਖਾਈ । ਆਪ ਆਪਣੀ ਬਣਤ ਬਣਾਏ, ਜਿਉਂ ਮਾਤ ਪਿਤਾ ਪੁੱਤ ਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਦੇਵੇ ਵਡਿਆਈ । ਸੰਤ ਮਨੀ ਸਿੰਘ ਸ਼ਬਦ ਧੁਨਕਾਰਾ । ਆਤਮ ਦੀਆ ਇਕ ਸ਼ਬਦ ਅਧਾਰਾ । ਏਕਾ ਰੰਗ ਰੰਗੇ ਕਰਤਾਰਾ । ਪ੍ਰਭ ਦਰ ਮੰਗੇ ਸਾਚੀ ਮੰਗ, ਆਤਮ ਭਰੇ ਸਰਬ ਭੰਡਾਰਾ । ਆਪ ਚੜ੍ਹਾਇਆ ਸਚ ਮਜੀਠੀ ਰੰਗ, ਆਪੇ ਖੋਲ੍ਹੇ ਦਸਮ ਦਵਾਰਾ । ਆਪ ਕਸਾਇਆ ਸ਼ਬਦ ਸਰੂਪੀ ਸਾਚਾ ਤੰਗ, ਚਾਰ ਕੁੰਟ ਕੀਆ ਅਸਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਏਕਾ ਦੇਵੇ ਸ਼ਬਦ ਨਾਮ ਅਧਾਰਾ । ਸਾਚੇ ਸੰਤ ਹਰਿ ਦੇਵੇ ਦਾਤ । ਸੋਹੰ ਸ਼ਬਦ ਵਡ ਕਰਾਮਾਤ । ਦਿਵਸ ਰੈਣ ਸਦ ਰਸਨਾ ਗਾਇਣ, ਆਪੇ ਪੁੱਛੇ ਤੇਰੀ ਵਾਤ । ਆਪ ਜਪੇ ਅਵਰਾ ਨਾਮ ਜਪਾਏ, ਹੋਏ ਸਹਾਈ ਤੇਰਾ ਅੰਤ ਅੰਤ ਵਿਚ ਮਾਤ । ਊਚ ਨੀਚ ਪ੍ਰਭ ਇਕ ਥਾਂ ਬਹਾਏ, ਸੋਹੰ ਸ਼ਬਦ ਇਕ ਕਰਾਮਾਤ । ਤੀਰਥ ਤੱਟ ਕੋਈ ਰਹਿਣ ਨਾ ਪਾਏ, ਕੋਈ ਨਾ ਦਿਸੇ ਜ਼ਾਤ ਪਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਹੱਥ ਫੜਾਏ ਕਲਮ ਦਵਾਤ । ਗੁਰਮੁਖਾਂ ਪ੍ਰਭ ਆਪ ਜਣਾਈ । ਬੇਮੁਖਾਂ ਸਿਰ ਛਾਹੀ ਪਾਈ । ਸਾਚੇ ਸੰਤ ਸੰਗ ਬਣ ਆਈ । ਧੰਨ ਧੰਨ ਧੰਨ ਹਰਿ ਸੇਵ ਕਮਾਈ । ਬੇੜਾ ਬੰਧ ਹਰਿ ਆਪ ਵਖਾਈ । ਮਿਟਿਆ ਜਨ ਜੋ ਆਇਆ ਸਰਨਾਈ । ਸੰਗ ਸ਼ਬਦ ਹਰਿ ਲਏ ਮਿਲਾਈ । ਸੰਤ ਮਨੀ ਸਿੰਘ ਚਰਨ ਧੂੜ ਛੁਹਾਈ । ਸਾਚੇ ਲੇਖੇ ਲਏ ਲਗਾਈ । ਜਿਥੇ ਵਸੇ ਹਰਿ ਇਕ ਰਘੁਰਾਈ । ਓਥੇ ਕੋਈ ਪਹੁੰਚ ਨਾ ਜਾਈ । ਗੁਰਮੁਖ ਸਾਚੇ ਪ੍ਰਭ ਪੁਚਾਏ ਪਕੜ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਘਾਲ ਥਾਏਂ ਪਾਈ । ਸਾਚੇ ਸੰਤ ਸਤਿ ਵਰਤਾਰਾ । ਸਾਚਾ ਭਰਿਆ ਰਹੇ ਤੇਰਾ ਭੰਡਾਰਾ । ਸਾਚਾ ਨਾਮ ਜਗਤ ਵਰਤਾਰਾ । ਚਾਰ ਕੁੰਟ ਕੀਆ ਜੈਕਾਰਾ । ਆਪ ਉਠਾਏ ਸੋਏ ਜਗਾਏ, ਘਰ ਘਰ ਦਰ ਦਰ ਡੰਕ ਵਜਾਏ, ਨਿਹਕਲੰਕ ਲਿਆ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਸੁੱਤਾ ਪੈਰ ਪਸਾਰਾ । ਪੁਰੀ ਘਨਕ ਹਰਿ ਜਾਮਾ ਪਾਇਆ । ਸ੍ਰਿਸ਼ਟ ਸਬਾਈ ਆਪ ਭੁਲਾਇਆ । ਸਾਚੇ ਸੰਤ ਮੇਲ ਮਿਲਾਇਆ । ਸ਼ਬਦ ਸਰੂਪੀ ਖੇਲ ਰਚਾਇਆ । ਬਿਨ ਬਾਤੀ ਬਿਨ ਤੇਲ ਏਕਾ ਦੀਪਕ ਆਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਮਾਲਵੇ ਚਰਨ ਛੁਹਾਏ । ਮਾਝਾ ਮਾਲਵਾ ਇਕ ਕਰਾਏ । ਵੇਲਾ ਅੰਤ ਕਲਜੁਗ ਲਿਆਏ । ਗੁਰਮੁਖ ਸਾਚੇ ਸੰਤ ਗਲੇ ਲਗਾਏ । ਬੇਮੁਖ ਕਲਜੁਗ ਜੀਵ ਰਹਿਣ ਨਾ ਪਾਏ । ਪ੍ਰਭ ਅਬਿਨਾਸ਼ੀ ਸਰਬ ਮੰਨੇ ਏਕਾ ਓਟ ਰਖਾਏ । ਚਾਰ ਕੁੰਟ ਸੋਹੰ ਸ਼ਬਦ ਹੋਏ ਧੰਨ ਧੰਨੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਏ । ਸੰਤ ਮਨੀ ਸਿੰਘ ਸਚ ਤੇਰੀ ਧਾਰਾ । ਸਾਚਾ ਘਰ ਸਾਚਾ ਦਰ ਸਾਚਾ ਵਰ ਕਰ ਚਰਨ ਨਿਮਸਕਾਰਾ । ਪ੍ਰਭ ਅਬਿਨਾਸ਼ੀ ਸਾਚਾ ਲਿਆ ਵਰ, ਕਲ ਚਰਨ ਲਾਗ ਗਿਆ ਤਰ, ਏਕਾ ਮਿਲਿਆ ਸ਼ਬਦ ਭੰਡਾਰਾ । ਨਾ ਉਹ ਜਨਮੇ ਨਾ ਉਹ ਮਰੇ ਸ੍ਰਿਸ਼ਟ ਸਬਾਈ ਹਰਿ ਵਰਤਾਰਾ । ਗੁਰਮੁਖਾਂ ਹਰਿ ਬੇੜਾ ਬੰਨ੍ਹੇ, ਜੋ ਜਨ ਆਏ ਚਲ ਦਵਾਰਾ । ਬੇਮੁਖਾਂ ਪ੍ਰਭ ਧੌਣਾਂ ਭੰਨੇ, ਜੋ ਜਨ ਦਰ ਆਏ ਹੰਕਾਰਾ । ਬੇਮੁਖਾਂ ਹੋਏ ਆਤਮ ਰੰਡੇ, ਮੂਰਖ ਮੁਗਧ ਗਵਾਰਾ । ਗੁਰਮੁਖ ਸਾਚੇ ਲਾਏ ਬੰਨ੍ਹੇ, ਦਰ ਘਰ ਸਾਚੇ ਆਏ ਕਰੇ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੮੮
੦੩

ਭਗਵਾਨ, ਪੁਰੀ ਘਨਕ ਲਿਆ ਅਵਤਾਰਾ । ਭੋਗ ਲਗਾਏ ਹਰਿ ਭਗਵਾਨਾ । ਚਿੰਤਾ ਰੋਗ ਸਰਬ ਮਿਟਾਣਾ । ਸਾਚਾ ਸੁਖ ਹਰਿ ਉਪਜਾਣਾ । ਆਤਮ ਦੁੱਖ ਰਹਿਣ ਨਾ ਪਾਣਾ । ਮਾਤਾ ਕੁੱਖ ਸੁਫਲ ਕਰਾਣਾ । ਉਜਲ ਮੁਖ ਜਗਤ ਰਖਾਣਾ । ਪ੍ਰਭ ਅਬਿਨਾਸ਼ੀ ਆਪ ਉਪਜਾਏ, ਗੁਰਮੁਖ ਸਾਚੇ ਵਾਲੀ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਤੇਰੇ ਭਾਗ ਲਗਾਣਾ । ਮਾਹਣਾ ਸਿੰਘ ਤੇਰੇ ਘਰ ਵਧਾਈ । ਲਹਿਣਾ ਦੇਣਾ ਸਤਿਗੁਰ ਸਾਚਾ ਦਰ ਘਰ ਆਏ ਦਏ ਚੁਕਾਈ । ਸਾਚਾ ਗਹਿਣਾ ਸੋਹੰ ਤੇਰੇ ਆਤਮ ਤਨ ਪਹਿਨਾਈ । ਭਾਂਡਾ ਭਰਮ ਭਉ ਦੇਵੇ ਭੰਨ, ਏਕੋ ਰੱਖੇ ਹਰਿ ਸਰਨਾਈ । ਏਕਾ ਸ਼ਬਦ ਸੁਣਾਇਆ ਕਾਨਾ, ਆਤਮ ਕਰੇ ਜੋਤ ਰੁਸ਼ਨਾਈ । ਅੰਤ ਕਾਲ ਨਾ ਕਲਜੁਗ ਡਰਨਾ, ਦਰ ਘਰ ਸਾਚੇ ਹਰਿ ਮਾਣ ਦਵਾਈ । ਕਲਜੁਗ ਜੀਵ ਅੰਤਮ ਆਇਆ, ਵੇਖਾ ਵੇਖ ਰਹੇ ਵਕਤ ਲੰਘਾਈ । ਗੁਰਮੁਖ ਲਹਿਣਾ ਲੈਣ ਨਾਮ ਧਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗੋ ਜੁਗ ਜਨ ਭਗਤਾਂ ਹੋਏ ਸਹਾਈ । ਮਾਹਣਾ ਸਿੰਘ ਮਨ ਸਾਚਾ ਮਾਨਿਆ । ਪ੍ਰਭ ਅਬਿਨਾਸ਼ੀ ਸਾਚਾ ਜਾਣਿਆ । ਹਰਿ ਲੇਖੇ ਤਨ ਲਗਾਨਿਆ । ਝੂਠੇ ਜੀਵ ਮਾਰਨ ਤਾਹਨਿਆਂ । ਨਾ ਕੋਈ ਪਛਾਣੇ ਮਾਤ ਜੋਤ ਪ੍ਰਗਟਾਏ ਵਾਲੀ ਦੋ ਜਹਾਨਿਆਂ । ਚੁੱਪ ਚਪੀਤਾ ਡੇਰਾ ਲਾਏ, ਘਨਕਪੁਰ ਵਾਸੀ ਸਾਚਾ ਆਪਣਾ ਅਨਹਦ ਰਾਗ ਉਪਜਾਏ, ਬੇਮੁੱਖ ਹੋਏ ਮਦਿਰਾ ਮਾਸੀ, ਮੁਖ ਵਿਸ਼ਟਾ ਸਦ ਰਖਾਨਿਆਂ । ਗੁਰਮੁਖ ਸਾਚੇ ਤੇਰੀ ਆਤਮ ਰਹਿਰਾਸੀ, ਸਾਚਾ ਨਾਮ ਸਵਾਸ ਸਵਾਸ ਜਪਾਨਿਆਂ । ਹਰਿ ਪਾਇਆ ਪ੍ਰਭ ਅਬਿਨਾਸ਼ੀ, ਦਰ ਆਇਆ ਵਕਤ ਸੁਹਾਨਿਆਂ । ਲਹਿਣਾ ਦੇਣਾ ਰਹੇ ਨਾ ਬਾਕੀ, ਲੱਖ ਚੁਰਾਸੀ ਗੇੜ ਚੁਕਾਨਿਆਂ । ਏਕਾ ਜੋਤ ਮਾਤ ਪ੍ਰਕਾਸ਼ੀ, ਅਗਿਆਨ ਅੰਧੇਰ ਮਿਟਾਨਿਆਂ । ਗੁਰਮੁਖ ਸਾਚੇ ਤੇਰੀ ਆਤਮ ਰਹਿਰਾਸੀ, ਸਤਿਜੁਗ ਸੋਹੰ ਸਾਚਾ ਗੀਤ ਗਾਨਿਆਂ । ਆਪੇ ਕਰੇ ਤੇਰੀ ਬੰਦ ਖੁਲਾਸੀ, ਜਿਸ ਦਾ ਦਿਤਾ ਪੀਣਾ ਖਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਘਰ ਸਾਚੇ ਭੋਗ ਲਗਾਨਿਆਂ । ਦਰ ਘਰ ਆਏ ਭੋਗ ਲਗਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਸ੍ਰਿਸ਼ਟ ਸਬਾਈ ਭਰਮ ਭੁਲਾਏ । ਗੁਰਮੁਖ ਸਾਚੇ ਆਪ ਜਗਾਏ । ਅਗਿਆਨ ਅੰਧੇਰ ਸਰਬ ਮਿਟ ਜਾਏ । ਏਕਾ ਜੋਤ ਹੋਏ ਰੁਸ਼ਨਾਏ । ਦੂਈ ਦਵੈਤ ਪੜਦਾ ਲਾਹੇ । ਏਕਾ ਏਕ ਰੰਗ ਗੁਰਸਿਖ ਰੰਗਾਏ । ਮਦਿਰਾ ਮਾਸ ਕੋਈ ਰਸਨ ਨਾ ਲਾਏ । ਸੋਹੰ ਸਵਾਸ ਸਵਾਸ ਧਿਆਏ । ਓਅੰ ਸੋਹੰ ਏਕਾ ਅੰਕ, ਪ੍ਰਭ ਸਾਚਾ ਆਪ ਰੰਗਾਏ । ਭੁੱਖ ਨੰਗ ਸਰਬ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪ ਵਡਿਆਏ । ਗੁਰਮੁਖਾਂ ਹਰਿ ਦੇ ਵਡਿਆਈ । ਸ਼ਬਦ ਤਾਜ ਸਿਰ ਰਖਾਈ । ਆਪ ਆਪਣੀ ਪੈਜ ਰਖਾਈ । ਪੂਰਨ ਸੇਵਾ ਘਾਲ ਪਾਲ ਸਿੰਘ ਸੰਗ ਰਲਾਈ । ਸੰਤ ਮਨੀ ਸਿੰਘ ਤੇਰੀ ਵਡ ਵਡਿਆਈ । ਬਾਹੋਂ ਪਕੜ ਗੁਰਸਿਖਾਂ ਚਰਨ ਲਗਾਈ । ਤੇਜਾ ਸਿੰਘ ਸੰਗ ਰਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਂਹ ਹੱਥ ਫੜਾਈ । ਉਠੋ ਜੀਵ ਜਾਗੋ, ਪ੍ਰਭ ਸਾਚੇ ਦੀ ਚਰਨੀ ਲਾਗੋ । ਵੇਲਾ ਗਿਆ ਹੱਥ ਨਾ ਆਈ । ਉਚੀ ਕੂਕ ਕੂਕ ਪੁਕਾਰੇ, ਹੋਕੇ ਦੇਵੇ ਵਾਂਜਾਂ ਮਾਰੇ, ਸੰਤ ਮਨੀ ਸਿੰਘ ਆਪ ਲਲਕਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਮਾਤ ਜੋਤ ਪ੍ਰਗਟਾਈ । ਗੁਰਸਿਖ ਤੇਰਾ ਧਾਮ ਅਵਲੜਾ । ਹਰਿ ਜੋਤ ਪ੍ਰਗਟਾਏ ਏਕਾ ਦਿਸੇ ਸਾਚਾ ਘਰ, ਵਿਚ ਮਾਤ ਇਕੱਲੜਾ । ਗੁਰਮੁਖਾਂ ਹਰਿ ਭਾਰੀ ਕਰੇ ਪੱਲੜਾ । ਬੇਮੁੱਖਾ ਅੰਤਮ ਅੰਤ ਹਰਿ ਰੱਖੇ ਸਿਰ ਚਮੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ, ਗੁਰਸਿਖ ਤੇਰੇ ਆਤਮ ਦੇਵੇ ਲਾਲ

੮੯
੦੩

ਅਨਮੁੱਲੜਾ । ਲਾਲ ਅਨਮੁੱਲੜਾ ਦੀਆ ਨਾਮ । ਏਕ ਪਿਲਾਏ ਸਾਚਾ ਜਾਮ । ਮਿਲਿਆ ਪ੍ਰਭ ਸਾਚਾ ਹਰਿ ਰਾਮ । ਪੂਰਨ ਹੋਏ ਕਲਜੁਗ ਕਾਮ । ਨਿਖੁੱਟ ਨਾ ਗਏ ਸਾਚੇ ਦਾਮ । ਕਲਜੁਗ ਅਗਨ ਵਿਚ ਤਲਿਆਂ ਝੂਠਾ ਨਾਮ । ਪ੍ਰਭ ਅਬਿਨਾਸ਼ੀ ਤੇਰੀ ਛਤਰ ਛਾਇਆ ਹੇਠ ਪਲਿਆ, ਜਿਸ ਗਾਇਆ ਤੇਰਾ ਨਾਮ । ਮਾਹਣਾ ਸਿੰਘ ਤੇਰਾ ਉਜਲ ਮੁਖ ਰਖਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਹਾਇਆ ਤੇਰਾ ਧਾਮ । ਘਰ ਨਿਆਰਾ ਬੈਠਾ ਵਿਚ ਹਰਿ ਕਰਤਾਰਾ । ਵਸਤ ਦੇਵੇ ਨਾਮ ਹਰਿ ਥਾਰਾ । ਤਰਸਣ ਜੀਵ ਕਲ ਗਵਾਰਾ । ਦਰ ਦਰ ਫਿਰਨ ਮੰਗਣ ਭਿਖ ਨਾ ਕੋਈ ਪਾਏ ਹੋਏ ਫਿਰਨ ਭਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕਵਣ ਦੇਵੇ ਨਾਮ ਅਧਾਰਾ । ਬੇਮੁੱਖ ਜੂਠੇ ਝੂਠੇ ਠੂਠੇ ਕਲਜੁਗ ਭਰਾਏ, ਹੋਈ ਆਤਮ ਅੰਧ ਅੰਧਿਆਰਾ । ਮਾਇਆਧਾਰੀ ਵਿਸ਼ੇ ਵਿਕਾਰੀ ਹੋਏ ਹੰਕਾਰੀ, ਪ੍ਰਭ ਅਬਿਨਾਸ਼ੀ ਮਨੋ ਵਿਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪੁਰੀ ਘਨਕ ਲਿਆ ਅਵਤਾਰਾ । ਪੁਰੀ ਘਨਕ ਹਰਿ ਜਾਮਾ ਪਾਏ । ਆਪ ਆਪਣੀ ਦੇਹ ਤਜਾਏ । ਜੋਤ ਸਰੂਪੀ ਜੋਤ ਪ੍ਰਗਟਾਏ । ਅਚਰਜ ਖੇਲ ਕਰ ਵਿਚ ਮਾਤ ਦੇ ਆਏ । ਭਰਮ ਭੁਲੇਖੇ ਸ੍ਰਿਸ਼ਟ ਪਾਏ । ਗੁਰਮੁਖ ਸਾਚੇ ਦਰ ਘਰ ਆਏ ਲਾਏ ਲੇਖੇ, ਮਹਿੰਮਾ ਅਗਣਤ ਗਣੀ ਨਾ ਜਾਏ । ਸਾਚੀ ਭਿਛਿਆ ਕੋਈ ਨਾ ਮੰਗੇ ਪ੍ਰਭ ਦਰ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਘਰ ਭੰਡਾਰੇ ਭੋਗ ਲਗਾਏ, ਮਾਤ ਜੋਤ ਪ੍ਰਗਟਾਏ । ਹਰਿ ਜਨ ਜਨ ਹਰਿ ਸਾਜਨ ਸਾਜਿਆ । ਹਰਿ ਜਨ ਜਨ ਹਰਿ ਵਸੇ ਇਕ ਦਰ ਦਰਵਾਜਿਆ । ਹਰਿ ਜਨ ਜਨ ਹਰਿ ਏਕਾ ਦੇਵੇ ਕਿਰਪਾ ਕਰ ਗਰੀਬ ਨਿਵਾਜਿਆ । ਹਰਿ ਜਨ ਚਰਨੀ ਲੱਗ ਗਿਆ ਤਰ, ਹਰਿ ਸਾਚਾ ਵਿਚ ਮਾਤ ਦੇ ਰੱਖੇ ਲਾਜਿਆ । ਜਨ ਹਰਿ ਚੁੱਕਾ ਡਰ, ਪ੍ਰਗਟ ਹੋਇਆ ਵਿਚ ਦੇਸ ਮਾਝਿਆ । ਜਨ ਹਰਿ ਵਸਿਆ ਘਰ, ਕਲਜੁਗ ਬੁਝੀ ਆਤਮ ਤ੍ਰਿਸ਼ਨਾ ਆਗਿਆ । ਜਨ ਹਰਿ ਹਰਿ ਜਨ ਪ੍ਰਭ ਏਕਾ ਏਕ ਦੇਵੇ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਹਰਿ ਜਨ ਹਰਿ ਰੰਗ ਮਾਣ । ਹਰਿ ਜਨ ਹਰਿ ਸਾਚਾ ਜਾਣ । ਹਰਿ ਜਨ ਜਨ ਹਰਿ ਏਕਾ ਜੋਤ ਬਲੀ ਬਲਵਾਨ । ਹਰਿ ਜਨ ਜਨ ਹਰਿ ਏਕਾ ਮਾਲ ਧਨ ਵਸਤ ਸਚ ਸੰਭਾਲ । ਹਰਿ ਜਨ ਜਨ ਹਰਿ ਤੇਰੀ ਆਤਮ ਕਦੇ ਨਾ ਹੋਏ ਕੰਗਾਲ । ਹਰਿ ਜਨ ਹਰਿ ਸਾਚੀ ਵਸਤ ਦੇਵੇ, ਸੋਹੰ ਸਾਚਾ ਲਾਲ । ਹਰਿ ਜਨ ਚਰਨ ਪ੍ਰੀਤੀ ਤੇਰੀ ਨਿਭੇ ਨਾਲ । ਹਰਿ ਜਨ ਪ੍ਰਭ ਅਬਿਨਾਸ਼ੀ ਆਪ ਉਠਾਏ, ਆਪਣਾ ਬਿਰਦ ਸੰਭਾਲ । ਹਰਿ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸ਼ਰਨ ਲਗਾਏ, ਵਿਚ ਮਾਤ ਕਰੇ ਪਛਾਣ । ਹਰਿ ਜਨ ਹਰਿ ਸੰਗ ਰਖਾਇਆ । ਹਰਿ ਜਨ ਜਨ ਹਰਿ ਪ੍ਰਭ ਏਕਾ ਰੰਗ ਰੰਗਾਇਆ । ਹਰਿਜਨ ਜਨ ਹਰਿ ਮਾਨਸ ਜਨਮ ਨਾ ਭੰਗ ਕਰਾਇਆ । ਹਰਿਜਨ ਦਰਸ ਦਾਨ ਦਰ ਸਾਚੇ ਮੰਗ, ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵੱਛ ਸਰੂਪੀ ਦਰਸ ਦਿਖਾਇਆ । ਹਰਿਜਨ ਹਰਿ ਸਾਚੀ ਧਾਰ । ਮਿਲਿਆ ਹਰਿ ਸਾਚਾ ਭਤਾਰ । ਦੇ ਦਰਸ ਅੰਤ ਜਾਏ ਤਾਰ । ਗੁਰਮੁਖ ਸਾਚਾ ਸੰਤ ਪ੍ਰਭ ਸਾਚਾ ਕਰੇ ਪਿਆਰ । ਕਲਜੁਗ ਭੁੱਲੇ ਸਰਬ ਜੀਵ ਜੰਤ, ਏਕਾ ਦਿਸੇ ਪਾਸਾ ਹਾਰ । ਬੇਮੁਖਾਂ ਮਾਇਆ ਪਾਏ ਬੇਅੰਤ, ਮਾਨਸ ਜਨਮ ਚਲੇ ਜੂਏ ਹਾਰ । ਗੁਰਮੁਖ ਸਾਚੇ ਆਪ ਉਠਾਏ ਸੰਤ, ਏਕਾ ਬਖ਼ਸ਼ੇ ਚਰਨ ਪਿਆਰ । ਹੋਵੇ ਮਿਲਾਵਾ ਸਾਚੇ ਕੰਤ, ਗੁਰਮੁਖ ਆਤਮ ਬੂਝ ਬੁਝਾਰ । ਜੋਤ ਪ੍ਰਗਟਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਹਰਿਜਨ

ਹਰਿ ਘਰ ਸਾਚੇ ਪਾਓ । ਦਰ ਘਰ ਸਾਚੇ ਮੰਗੋ ਵਰ, ਅੰਤਕਾਲ ਜਮ ਫੰਦ ਕਟਾਓ । ਆਤਮ ਹੋਇਆ ਬੰਦ ਦਰ, ਸਾਚਾ ਨਾਮ ਚਾਬੀ ਲਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟਾਓ ਹਰਸ, ਦਰਗਹਿ ਸਾਚੀ ਮਾਣ ਰਖਾਓ । ਹਰਿਜਨ ਹਰਿ ਸੱਜਣ ਸੁਹੇਲਾ । ਆਪ ਕਰਾਏ ਵਿਛੜਿਆਂ ਕਲਜੁਗ ਮੇਲਾ । ਬੇਮੁਖਾਂ ਬੇੜਾ ਸ਼ੌਹ ਦਰਿਆਏ ਠੇਲਾ । ਸੰਤ ਜਨ ਹਰਿ ਆਪ ਕਰਾਏ ਸਤਿਜੁਗ ਸਾਚਾ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਹਰਿਜਨ ਹਰਿ ਰੰਗ ਵੇਖ । ਕਲਜੁਗ ਝੂਠਾ ਛੱਡ ਭੇਖ । ਹਰਿਜਨ ਹਰਿ ਰੰਗ ਨੇਤਰ ਪੇਖ । ਹਰਿਜਨ ਹਰਿ ਅਬਿਨਾਸ਼ੀ ਏਕਾ ਵੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਬੁੱਧ ਬਬੇਕ । ਹਰਿਜਨ ਤੇਰੀ ਉਤਮ ਜਾਤੀ । ਦੇਵੇ ਦਰਸ ਹਰਿ ਸੁੱਤਿਆਂ ਰਾਤੀਂ । ਹਰਿਜਨ ਮਿਲੇ ਵਡਿਆਈ ਵਿਚ ਲੋਕ ਮਾਤੀ । ਹਰਿਜਨ ਜਨ ਹਰਿ ਪ੍ਰਭ ਏਕਾ ਰੰਗ ਰੰਗਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੰਗ ਨਿਭਾਤੀ । ਹਰਿਜਨ ਹਰਿ ਸਾਚਾ ਸੰਗੀ । ਸਾਚਾ ਦਰਸ ਦਾਨ ਘਰ ਸਾਚੇ ਮੰਗੀ । ਪ੍ਰਭ ਅਬਿਨਾਸ਼ੀ ਹੋਏ ਸਹਾਈ ਸਦ ਰਹੇ ਅੰਗ ਸੰਗੀ । ਸ੍ਰਿਸ਼ਟ ਸਬਾਈ ਅੰਤਕਾਲ ਕਲਜੁਗ ਬਿਨ ਹਰਿ ਨਾਮੇ ਹੋਈ ਭੁੱਖੀ ਨੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਚਾਰ ਕੁੰਟ ਕਰਾਏ ਏਕਾ ਜੰਗੀ । ਹਰਿਜਨ ਹਰਿ ਵਸਤ ਸੰਭਾਲ । ਚਰਨ ਪ੍ਰੀਤੀ ਨਿਭੇ ਨਾਲ । ਹਰਿਜਨ ਨਾ ਹੋਵੇ ਮਾਤ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਧਨ ਮਾਲ । ਨਾਮ ਧਨ ਸਚ ਖ਼ਜ਼ੀਨਾ । ਦੇਵੇ ਹਰਿ ਘਰ ਆਏ ਪ੍ਰਬੀਨਾ । ਗੁਰਮੁਖ ਸਾਚੇ ਰਸਨ ਜਪੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰਗ ਰੰਗੀਨਾ । ਆਪ ਆਪਣੇ ਰੰਗ ਰੰਗਾਏ । ਗੁਰਮੁਖ ਸਾਚਾ ਮਾਤ ਵਡਿਆਏ । ਆਪੇ ਜਾਣੇ ਲੇਖ ਲਿਖਾਏ । ਜੋਤ ਸਰੂਪੀ ਭੇਖ ਵਟਾਏ । ਭਰਮ ਭੁਲੇਖੇ ਸਰਬ ਭੁਲਾਏ । ਗੁਰਮੁਖ ਸਾਚੇ ਲੇਖੇ ਆਪ ਲਗਾਏ । ਮਾਣ ਨਿਮਾਣਿਆਂ ਦੇਵੇ ਦਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਸਿੰਘਾਸਣ ਬੈਠਾ ਡੇਰਾ ਲਾਏ । ਗੁਰਸਿਖ ਤੇਰਾ ਸਿੰਘ ਸਿੰਘਾਸਣ, ਪ੍ਰਭ ਅਬਿਨਾਸ਼ੀ ਹੋਇਆ ਦਾਸਣ ਦਾਸ । ਦਰ ਘਰ ਆਏ ਸਾਚੇ ਹਰਿ, ਗਏ ਦੁੱਖ ਰੋਗ ਕਰੇ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਕਰੇ ਪ੍ਰਕਾਸ਼ । ਆਤਮ ਜੋਤ ਹਰਿ ਪ੍ਰਕਾਸ਼ੇ । ਅਗਿਆਨ ਅੰਧੇਰ ਸਰਬ ਨਿਵਾਸੇ । ਦੁੱਖੜਾ ਰੋਗ ਨਾ ਰਹੇ ਮਾਸੇ । ਉਜਲਾ ਮੁੱਖੜਾ ਸਤਿਗੁਰ ਤੇਰੇ ਭਰਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਹਿਰਾਸੇ । ਮਾਨਸ ਜਨਮ ਤੇਰਾ ਹੋਇਆ ਰਾਸ । ਕਿਰਪਾ ਕਰੇ ਪੁਰਖ ਅਬਿਨਾਸ਼ । ਆਪੇ ਹੋਇਆ ਜਨ ਭਗਤਾਂ ਦਾਸਨ ਦਾਸ । ਦਿਵਸ ਰੈਣ ਰੈਣ ਦਿਵਸ ਸਦ ਰੱਖੇ ਆਤਮ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਪ੍ਰਕਾਸ਼ । ਜੋਤ ਨਿਰਾਲੀ ਆਤਮ ਦੀਆ । ਸਾਚਾ ਬੀਜ ਗੁਰਮੁਖ ਸਾਚੇ ਆਤਮ ਸੋਹੰ ਬੀਆ । ਵੱਜੇ ਵਧਾਈ ਦਰ ਘਰ ਆਏ ਸਾਚੇ ਹਰਿ ਸਾਚੀ ਜੋਤ ਜਗਾਇਆ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਲ ਮਿਲਾਇਆ ਕਰ ਕੇ ਸਾਚਾ ਹੀਆ । ਆਪ ਆਪਣਾ ਮੇਲ ਮਿਲਾਏ । ਸਾਚਾ ਸੱਜਣ ਸੁਹੇਲ ਆਪ ਬਣਾਏ । ਏਕਾ ਸ਼ਬਦ ਨਕੇਲ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਾਏ ਭਾਗ ਲਗਾਏ । ਗੁਰਮੁਖਾਂ ਪਾਇਆ ਹਰਿ ਭਗਵਾਨਾ । ਹਰਿ ਹਰਿ ਦੇਵੇ ਸਾਚਾ ਨਾਮ ਨਿਧਾਨਾ । ਭਰ ਭਰ ਜਾਵੇ ਆਤਮ ਨਾਮ ਖ਼ਜ਼ਾਨਾ । ਘਰ ਘਰ ਜਾਏ ਦਰ ਦਰ ਆਏ ਪ੍ਰਭ

ਸਾਚਾ ਲੇਖ ਲਿਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੱਥ ਬੰਨ੍ਹੇ ਸੋਹੰ ਸ਼ਬਦ ਸਾਚਾ ਗਾਨਾ । ਸੋਹੰ ਗਾਨਾ ਦੇਵੇ ਬੰਨ੍ਹ । ਕਲਜੁਗ ਅਗਨ ਨਾ ਲਾਗੇ ਤਨ । ਏਕਾ ਸ਼ਬਦ ਸੁਣਾਏ ਕੰਨ । ਗੁਰਮੁਖਾਂ ਆਤਮ ਜਾਏ ਮੰਨ । ਪ੍ਰਭ ਬੇੜਾ ਦੇਵੇ ਬੰਨ੍ਹ । ਆਪ ਉਠਾਏ ਆਪਣੇ ਕੰਨ੍ਹ । ਸਤਿਜੁਗ ਉਪਜਾਏ ਸਾਚੇ ਚੰਨ । ਨਾ ਲੱਗੇ ਕਦੀ ਸੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਂਡਾ ਭਰਮ ਭਓ ਦੇਵੇ ਭੰਨ । ਭਾਂਡਾ ਭਰਮ ਆਪ ਭੰਨਾਵਣਾ । ਏਕਾ ਰਾਹ ਸਤਿਜੁਗ ਚਲਾਵਣਾ । ਏਕਾ ਥਾਂ ਸਰਬ ਬਹਾਵਣਾ । ਏਕਾ ਨਾਮ ਸਰਬ ਜਪਾਵਣਾ । ਏਕਾ ਮਾਂ ਬਾਪ ਅਖਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਡੰਕ ਵਜਾਵਣਾ । ਏਕਾ ਰਾਜ ਏਕ ਕਾਜ । ਏਕਾ ਦੇਵੇ ਸਾਜਣ ਸਾਜ । ਏਕਾ ਕਰ ਸ੍ਰਿਸ਼ਟ ਸਬਾਈ ਨਾਤੇ, ਜਨ ਭਗਤਾਂ ਦੇਵੇ ਦਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖੇ ਸਿਰ ਆਪਣੇ ਤਾਜ । ਇਕ ਅਕਾਰਾ ਇਕ ਅਹਾਰਾ । ਏਕਾ ਆਪ ਵਿਚ ਸੰਸਾਰਾ । ਏਕ ਚਲਾਏ ਸਾਚੀ ਧਾਰਾ । ਆਪ ਉਪਜਾਏ ਸ਼ਬਦ ਅਪਾਰਾ । ਆਪ ਸੁਣਾਏ ਸ਼ਬਦ ਧੁਨਕਾਰਾ । ਆਪ ਕਰਾਏ ਸੋਹੰ ਜੈਕਾਰਾ । ਆਪ ਵਰਤਾਏ ਵਡ ਭੰਡਾਰਾ । ਆਪ ਚਲਾਏ ਵਿਚ ਸੰਸਾਰਾ । ਸ੍ਰਿਸ਼ਟ ਸਬਾਈ ਆਏ ਮੰਗਣ ਇਕ ਦਵਾਰਾ । ਚਾਰ ਵਰਨ ਆਵਣ ਸਰਨ ਹਰਿ ਖੋਲੇ ਏਕਾ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਰਤੇ ਵਿਚ ਮਾਤ ਵਰਤਾਰਾ । ਇਕ ਦਵਾਰ ਏਕਾ ਘਰ । ਏਕਾ ਦੇਵੇ ਸਾਚਾ ਵਰ । ਊਚ ਨੀਚ ਦਾ ਭੇਖ ਨਿਵਾਰ । ਆਤਮ ਸਾਚੀ ਜੋਤ ਧਰ । ਸ੍ਰਿਸ਼ਟ ਸਬਾਈ ਹਰਿ ਜਾਏ ਵਰ । ਬੇਮੁਖ ਆਪਣਾ ਕੀਤਾ ਲੈਣਾ ਭਰ । ਗੁਰਮੁਖ ਸਾਚੇ ਜਾਣ ਤਰ । ਆਪ ਮੁਕਾਏ ਜਮ ਕਾ ਡਰ । ਜੋ ਜਨ ਸਰਨੀ ਗਏ ਪਰ । ਨਾ ਕੋਈ ਦਿਸੇ ਕਿਲ੍ਹਾ ਗੜ੍ਹ । ਸ਼ਬਦ ਅੰਧੇਰੀ ਜਾਏ ਚੜ੍ਹ । ਦਰ ਦਰ ਘਰ ਘਰ ਆਵੇ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਅਗਨ ਲਗਾਏ ਸ੍ਰਿਸ਼ਟ ਸਬਾਈ ਜਾਏ ਸੜ । ਅਗਨ ਜੋਤ ਹਰਿ ਆਪ ਲਗਾਏ । ਲੱਗੀ ਅਗਨ ਨਾ ਕੋਇ ਬੁਝਾਏ । ਸ੍ਰਿਸ਼ਟ ਸਬਾਈ ਆਪ ਤਪਾਏ । ਨਾ ਕੋਈ ਮੇਟੇ ਮੇਟ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਏ । ਕਲਜੁਗ ਤੇਰਾ ਅੰਤ ਕਰਾਵਣਾ । ਝੂਠਾ ਭੇਖ ਸਰਬ ਮਿਟਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਵਣਾ । ਰਾਓ ਰੰਕ ਇਕ ਕਰਾਵਣਾ । ਊਚ ਨੀਚ ਦਾ ਭੇਖ ਮਿਟਾਵਣਾ । ਏਕਾ ਰੰਗ ਜਗਤ ਰੰਗਾਵਣਾ । ਏਕਾ ਸੰਗ ਆਪ ਨਿਭਾਵਣਾ । ਏਕਾ ਤੰਗ ਆਪ ਕਸਾਵਣਾ । ਏਕਾ ਡੰਗ ਸ੍ਰਿਸ਼ਟ ਸਬਾਈ ਆਪ ਲਗਾਵਣਾ । ਬੇਮੁਖਾਂ ਪ੍ਰਭ ਜਾਏ ਡੰਗ, ਸ਼ਬਦ ਸਰੂਪੀ ਨਾਗ ਲੜਾਵਣਾ । ਮਾਨਸ ਜਨਮ ਕਰਾਏ ਭੰਗ, ਮਦਿਰਾ ਮਾਸ ਜਿਸ ਰਸਨ ਲਗਾਵਣਾ । ਆਪ ਭੰਨਾਏ ਜਿਉਂ ਕਾਚੀ ਵੰਗ, ਵੇਲੇ ਅੰਤ ਨਾ ਕਿਸੇ ਛੁਡਾਵਣਾ । ਕੋਇ ਨਾ ਹੋਵੇ ਸੰਗ, ਭੈਣਾਂ ਭਾਈਆਂ ਮੂੰਹ ਛੁਪਾਵਣਾ । ਪ੍ਰਭ ਦਰ ਮੰਗੋ ਸਾਚੀ ਮੰਗ, ਅੰਤਕਾਲ ਜਿਸ ਪਾਰ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਜਗਤ ਲਿਖਾਵਣਾ । ਲਿਖਾਏ ਲੇਖ ਲਿਖਤ ਲਿਖਾਰਾ । ਸ੍ਰਿਸ਼ਟ ਸਬਾਈ ਹੋਏ ਖਵਾਰਾ । ਕਲਜੁਗ ਜੀਵ ਹੋਏ ਗਵਾਰਾ । ਮਾੜੇ ਕਰਮਾਂ ਆਈ ਹਾਰਾ । ਕਰਮ ਧਰਮ ਦੋਏ ਗਏ ਵਸਾਰਾ । ਧੀਆਂ ਭੈਣਾਂ ਕਰਨ ਵਪਾਰਾ । ਘਰ ਘਰ ਰੰਡੀਆਂ ਰੋਵਣ ਨਾਰਾਂ । ਕੋਈ ਨਾ ਦੇਵੇ ਸਹਾਰਾ । ਪ੍ਰਭ ਅਬਿਨਾਸ਼ੀ ਖੇਲ ਅਪਾਰਾ । ਕਲਜੁਗ ਤੈਨੂੰ ਆਈ ਹਾਰਾ । ਆਪੇ ਚੀਰ ਕਰੇ ਦੋ ਫਾੜਾ । ਹੱਥੀਂ ਫੜਿਆ ਸ਼ਬਦ ਕੁਹਾੜਾ । ਨਾ ਕੋਈ ਚੰਗਾ ਨਾ ਕੋਈ ਮਾੜਾ । ਆਪ

ਚਬਾਏ ਆਪਣੀ ਦਾੜ੍ਹਾਂ । ਧਰਮ ਰਾਏ ਦੇ ਹੱਥ ਫੜਾਏ, ਅਗਨ ਲਗਾਏ ਵਿਚ ਬਹੱਤਰ ਨਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਲੇਖ ਲਿਖਾਏ, ਗੁਰਮੁਖ ਸਾਚੇ ਪਾਰ ਲੰਘਾਏ, ਜੋ ਜਨ ਚਰਨ ਛੁਹਾਏ ਦਾਹੜਾ । ਏਕਾ ਸ਼ਬਦ ਇਕ ਅਧਾਰੀ । ਏਕਾ ਏਕ ਵਰਤੇ ਵਿਚ ਸੰਸਾਰੀ । ਏਕਾ ਕਰੇ ਸੱਚੀ ਸਿਕਦਾਰੀ । ਤੀਨ ਲੋਕ ਹੋਏ ਪਨਿਹਾਰੀ । ਪ੍ਰਭ ਅਬਿਨਾਸ਼ੀ ਖੇਲ ਅਪਾਰੀ । ਕਿਆ ਕੋਈ ਜਾਣੇ ਜੀਵ ਸੰਸਾਰੀ । ਗੁਰਮੁਖ ਵਿਰਲੇ ਕਲ ਜੋ ਜਨ ਆਏ ਚਲ ਦਵਾਰੀ । ਸਾਚਾ ਦੇਵੇ ਨਾਮ ਅਧਾਰੀ । ਸੋਹੰ ਸ਼ਬਦ ਸੱਚੀ ਖੁਮਾਰੀ । ਸਾਚਾ ਸ਼ਬਦ ਸੱਚੀ ਅਟਾਰੀ । ਗੁਰਮੁਖ ਵਿਰਲਾ ਬਣੇ ਵਪਾਰੀ । ਬੇਮੁਖ ਕਲਜੁਗ ਜੀਵ ਦਰ ਦਰ ਘਰ ਘਰ ਰਹੇ ਝੱਖ ਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਗੁਰ ਪੂਰੇ ਕਵਣ ਪਾਰ ਉਤਾਰੀ । ਕਲਜੁਗ ਤੇਰਾ ਲੇਖ ਲਿਖਾਇਆ । ਵੇਖ ਵੇਖ ਭੇਖ ਭੇਖ ਤੇਰਾ ਅੰਤਮ ਅੰਤ ਕਰਾਇਆ । ਝੂਠੀ ਮਿਟੇ ਰੇਖ, ਸਾਧਾਂ ਸੰਤਾਂ ਜੱਤ ਗਵਾਇਆ । ਭੇਖਾਧਾਰੀ ਲਾਇਣ ਵੇਸ, ਗੁਰ ਦਰ ਬੈਠ ਪਾਪ ਕਮਾਇਆ । ਹਰਿ ਮੰਦਰ ਵਿਚ ਧਾਰੇ ਭੇਸ, ਘਰ ਮੰਦਰ ਆਣ ਬਣਾਇਆ । ਬੇਮੁਖਾਂ ਆਤਮ ਵੱਜਾ ਜੰਦਰ, ਮਾਇਆਧਾਰੀ ਪੂਜਾ ਧਾਨ ਝੋਲੀ ਪਾਇਆ । ਪ੍ਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭਨਾਂ ਦੇ ਸਜਾਇਆ । ਹਰਿ ਮੰਦਰ ਹਰਿ ਧਾਮ ਨਿਆਰਾ । ਏਕਾ ਜੋਤ ਅਗੰਮ ਅਪਾਰਾ । ਜੂਠੇ ਝੂਠੇ ਰਹੇ ਝੱਖ ਮਾਰਾ । ਧੀਆਂ ਭੈਣਾਂ ਕਰਨ ਖਵਾਰਾ । ਰਾਮ ਦਾਸ ਤੇਰਾ ਸਰ ਸਰੋਵਰ, ਦੂਤਾਂ ਦੁਸ਼ਟਾਂ ਕੀਆ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਆਪੇ ਲਾਹੇ ਸਰਬ ਅਫਾਰਾ । ਸਚ ਦਰਬਾਰ ਸੱਚਾ ਦਰਬਾਰੀ । ਜਨਮ ਮਰਨ ਦੋਏ ਜਾਏ ਸਵਾਰੀ । ਲੱਖ ਚੁਰਾਸੀ ਗੇੜ ਨਿਵਾਰੀ । ਜਮ ਕੀ ਫਾਸੀ ਆਪ ਕਟਾਰੀ । ਜੋ ਜਨ ਕਰੇ ਚਰਨ ਨਿਮਸਕਾਰੀ । ਦੇਵਣਹਾਰ ਇਕ ਦਾਤਾਰ, ਲੈਵਣਹਾਰ ਸ੍ਰਿਸ਼ਟ ਸਾਰੀ । ਸੇਵਣਹਾਰ ਜਨ ਭਗਤ ਅਧਾਰੀ । ਲੇਖ ਲਿਖਾਵਣਹਾਰ ਜਨ ਭਗਤਾਂ ਲੇਖ ਲਿਖਾਰੀ । ਪ੍ਰਭ ਭੇਖ ਮਿਟਾਵਣਹਾਰ ਆਵੇ ਜਾਵੇ ਵਾਰੋ ਵਾਰੀ । ਕਿਆ ਕੋਈ ਕਰੇ ਵਿਚਾਰ, ਜੁਗਾਂ ਜੁਗੰਤਰ ਖੇਲ ਨਿਆਰੀ । ਵੇਦ ਪੁਰਾਨਾਂ ਅੰਜ਼ੀਲ ਕੁਰਾਨਾਂ ਖਾਣੀ ਬਾਣੀ ਪ੍ਰਭ ਵਸੇ ਬਾਹਰ, ਕਦੇ ਗੁਪਤ ਕਦੇ ਜ਼ਾਹਰ, ਕਦੇ ਮੋਨ ਕਦੇ ਸ਼ਾਇਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਵਰਤੇ ਆਪਣੀ ਕਾਰੀ । ਆਪਣਾ ਰੰਗ ਨਾ ਕਿਸੇ ਜਣਾਵੇ । ਬਿਨ ਰੰਗ ਰੂਪੀ ਦਿਸ ਨਾ ਆਵੇ । ਸ੍ਰਿਸ਼ਟ ਸਬਾਈ ਦੇ ਵਿਚ ਸਮਾਵੇ । ਗੁਰਮੁਖਾਂ ਨਜ਼ਰੀ ਆਵੇ । ਜੋ ਜਲ ਗੁਰ ਸਾਚੇ ਚਰਨੀ ਸੇਵ ਕਮਾਵੇ । ਹਰਿ ਹਰਿ ਹਰਿ ਨਾਉਂ ਹਿਰਦੇ ਵਾਚੇ, ਪ੍ਰਭ ਆਤਮ ਜੋਤ ਜਗਾਵੇ । ਕਲਜੁਗ ਜੀਵ ਭਾਂਡੇ ਕਾਚੇ, ਆਪੇ ਭੰਨ ਵਖਾਵੇ । ਬੇਮੁਖ ਦਰ ਤੇ ਆਏ ਨਾਚੇ, ਜਿਉਂ ਸੁੰਞੇ ਘਰ ਕਾਂਵੇ । ਗੁਰਮੁਖ ਸਾਚਾ ਹਿਰਦੇ ਵਾਚੇ, ਪ੍ਰਭ ਅਬਿਨਾਸ਼ੀ ਪਾਰ ਲੰਘਾਵੇ । ਪੜ੍ਹਨ ਪੋਥੀਆਂ ਜਿਉਂ ਪੰਡਤ ਕਾਸ਼ੀ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵੇ । ਬ੍ਰਹਮਾ ਵਿਸ਼ਨ ਮਹੇਸ਼ ਧਿਆਇਣ ਗਣੇਸ਼ਾ, ਸ਼ਿਵ ਸ਼ੰਕਰ ਸੀਸ ਝੁਕਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਏਕਾ ਜੋਤ ਡਗਮਗਾਵੇ । ਜੋਤੀ ਜੋਤ ਜੋਤ ਮਹਾਨਾ । ਏਕਾ ਜੋਤ ਤੀਨ ਅਸਥਾਨਾ । ਸਾਚੀ ਜੋਤ ਵਸਤ ਹਰਿ ਦੇਵੇ ਦਾਤਾ, ਲੱਖ ਚੁਰਸੀ ਵਿਚ ਟਿਕਾਣਾ । ਆਪ ਆਪਣਾ ਭੇਵ ਚੁਕਾਣਾ । ਬੇਮੁਖਾਂ ਹਰਿ ਦਿਸ ਨਾ ਆਣਾ । ਪੰਜਾਂ ਸੰਗ ਹੱਠ ਰਖਾਣਾ । ਉਲਟੀ ਲੱਠ ਆਪ ਗਿੜਾਨਾ । ਪਾਪਾਂ ਭੱਠ ਆਪ ਤਪਾਣਾ । ਗੁਰਮੁਖ ਵਿਰਲੇ ਨੱਠ ਪ੍ਰਭ ਅਬਿਨਾਸ਼ੀ ਦਰਸ਼ਨ ਪਾਣਾ । ਤੀਰਥ ਇਸ਼ਨਾਨ ਕਰਾਏ ਅੱਠ ਸੱਠ, ਗੁਰ ਚਰਨ ਧੂੜ ਜਿਸ ਨਹਾਨਾ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਅਠਸਠ ਕਲ ਗਏ ਨੱਠ । ਸਭ ਦੀ ਸਤਿਆ ਪਈ ਭੱਠ । ਸ੍ਰਿਸ਼ਟ ਸਬਾਈ ਛੁੱਟਿਆ ਹੱਠ । ਕਾਇਆ ਤਪਿਆ ਝੂਠਾ ਮੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਲਟੀ ਆਪ ਗਿੜਾਏ ਲੱਠ । ਆਤਮ ਹੱਠ ਆਪ ਤੁੜਾਇਆ । ਵਹਿੰਦੇ ਵਹਿਣ ਜਗਤ ਵਹਾਇਆ । ਤਟ ਤੀਰਥ ਕੋਈ ਰਹਿਣ ਨਾ ਪਾਇਆ । ਵਿਸ਼ੇ ਵਿਕਾਰਾਂ ਡੇਰਾ ਲਾਇਆ । ਧੀਆਂ ਭੈਣਾਂ ਰਹੇ ਤਕਾਇਆ । ਦਰ ਘਰ ਸਾਚੇ ਬੇਮੁਖਾਂ ਕਰਮ ਧਰਮ ਜਰਮ ਨਸ਼ਟ ਕਰਾਇਆ । ਰਾਮ ਦਾਸ ਤੇਰਾ ਸਾਚਾ ਘਰ, ਮਦਿਰਾ ਮਾਸੀਆਂ ਫੇਰੀਆਂ ਪਾਈਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇ ਸਰਬ ਸਜਾਇਆ । ਸਾਚਾ ਤਖ਼ਤ ਸੁਲਤਾਨ, ਸਾਚਾ ਵਾਸਿਆ । ਸਾਚਾ ਸ਼ਬਦ ਨਿਸ਼ਾਨ, ਛਤਰ ਝੁਲਾਸਿਆ । ਸਾਚਾ ਬ੍ਰਹਮ ਗਿਆਨ, ਜਗਤ ਦਵਾਸਿਆ । ਏਕਾ ਸਚ ਧਿਆਨ, ਆਪਣੇ ਚਰਨ ਰਖਾਸਿਆ । ਏਕਾ ਸ਼ਬਦ ਬਾਨ, ਸੋਹੰ ਲਾਸਿਆ । ਏਕਾ ਪਾਵੇ ਆਣ, ਘਨਕਪੁਰ ਵਾਸਿਆ । ਏਕਾ ਰੱਖੇ ਸ਼ਾਨ, ਸ਼ਾਹੋ ਸ਼ਾਬਾਸਿਆ । ਏਕਾ ਰੱਖੇ ਤਾਣ, ਮਾਣ ਨਿਮਾਸਿਆ । ਏਕਾ ਦੇਵੇ ਡਾਨ, ਵਡ ਵਡ ਬਦਮਾਸਿਆ । ਏਕਾ ਦੇਵੇ ਸ਼ਾਨ ਥਾਨ, ਚਾਰ ਵਰਨ ਇਕ ਥਾਂ ਬਹਾਸਿਆ । ਏਕਾ ਲਾਵੇ ਡਾਨ ਸ੍ਰਿਸ਼ਟ ਸਬਾਈ ਡਹਿ ਡਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਸੀਆ । ਆਪਣਾ ਭਾਣਾ ਆਪ ਵਰਤਾਣਾ । ਕੂੜ ਕੁੜਿਆਰਾ ਕੋਈ ਰਹਿਣ ਨਾ ਪਾਣਾ । ਸਚ ਸਚਿਆਰ ਪ੍ਰਭ ਆਪ ਕਰਾਨਾ । ਸਚ ਵਿਹਾਰ ਪ੍ਰਭ ਜਗਤ ਚਲਾਣਾ । ਏਕਾ ਧੰਦਾ ਏਕਾ ਕਾਰ, ਏਕਾ ਸ਼ਬਦ ਧਾਰ ਰਖਾਣਾ । ਏਕਾ ਏਕ ਵਰਤਾਏ ਵਿਚ ਸੰਸਾਰ, ਦੂਈ ਦਵੈਤ ਪੜਦਾ ਲਾਹਣਾ । ਏਕਾ ਬੰਨ੍ਹੇ ਸਾਚੀ ਧਾਰ, ਸ਼ਰਅ ਸ਼ਰਾਇਤੀ ਹੁਕਮ ਲਿਖਾਣਾ । ਆਪ ਬਣਾਏ ਸੱਚੀ ਸਰਕਾਰ । ਸ੍ਰਿਸ਼ਟ ਸਬਾਈ ਲੇਖ ਲਿਖਾਣਾ । ਆਪੇ ਕਰੇ ਸਰਬ ਵਿਚਾਰ, ਝੂਠ ਜੂਠ ਪ੍ਰਭ ਨਸ਼ਟ ਕਰਾਨਾ । ਸਾਚਾ ਧਰਮ ਵਰਤੇ ਵਿਚ ਸੰਸਾਰ, ਸੋਹੰ ਸਾਚਾ ਡੰਕ ਵਜਾਵਣਾ । ਚਾਰ ਚਰਨ ਚਲ ਆਇਣ ਦਵਾਰ, ਸਚ ਦਵਾਰਾ ਆਪ ਖੁਲ੍ਹਾਵਣਾ । ਪ੍ਰਭ ਅਬਿਨਾਸ਼ੀ ਭਰੇ ਭੰਡਾਰ, ਅਖੁੱਟ ਅਤੁਟ ਆਪ ਅਖਵਾਵਣਾ । ਮੰਗਣ ਖੜੇ ਕੋਟਨ ਕੋਟ ਦਵਾਰ, ਦੇਵਣਹਾਰ ਆਪ ਭਗਵਾਨਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਵਣਾ । ਕਲੂ ਕਾਲ ਤੇਰਾ ਆਇਆ ਕਾਲ । ਅੰਤਕਾਲ ਨਾ ਸਕੇ ਕੋਈ ਸੰਭਾਲ । ਠੱਗਾਂ ਚੋਰਾਂ ਯਾਰਾਂ ਤੇਰਾ ਲੁੱਟਿਆ ਮਾਲ । ਝੂਠਾ ਧੰਦਾ ਜਗਤ ਵਿਹਾਰ, ਆਤਮ ਹੋਈ ਸਰਬ ਕੰਗਾਲ । ਝੂਠੇ ਸ਼ਾਹ ਝੂਠੇ ਦਾਰ, ਸੱਚੀ ਵਸਤ ਨਾ ਸਕੇ ਸੰਭਾਲ । ਝੂਠੀ ਹੋਈ ਸਰਬ ਸਰਕਾਰ, ਘਰ ਘਰ ਰੋਵਨ ਬਾਲ ਅੰਵਾਣ ਕੰਗਾਲ । ਝੂਠਾ ਜਗਤ ਝੂਠ ਪਸਾਰਾ, ਸਚ ਵਸਤ ਕਿਸੇ ਹੱਥ ਨਾ ਆਈ ਲਾਲ । ਮੂਰਖ ਭੁੱਲੇ ਜੀਵ ਗਵਾਰਾ, ਹੰਕਾਰੀ ਬੱਧੇ ਸਿਰ ਚੀਰੇ ਲਾਲ । ਭੁੱਲਿਆ ਹਰਿ ਸੱਚਾ ਗਿਰਧਾਰਾ, ਕਰੇ ਸਦਾ ਪ੍ਰਿਤਪਾਲ । ਕਲਜੁਗ ਅੰਤਮ ਆਈ ਹਾਰਾ, ਬੇਮੁਖ ਦੋ ਫਾੜ ਕਰਾਏ ਦਾਲ । ਗੁਰਮੁਖ ਵਿਰਲਾ ਪਾਵੇ ਸਾਰਾ, ਚਰਨ ਪ੍ਰੀਤੀ ਨਿਭੇ ਨਾਲ । ਦਰ ਘਰ ਮੰਗੇ ਸ਼ਬਦ ਅਧਾਰਾ, ਪ੍ਰਭ ਆਤਮ ਬਾਤੀ ਦੇਵੇ ਬਾਲ । ਜੋ ਜਨ ਚਰਨ ਕਰੇ ਪਿਆਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਲਏ ਆਪ ਸੰਭਾਲ । ਆਪਣੀ ਵਸਤ ਆਪ ਸੰਭਾਲੇ । ਤੋੜੇ ਗਲੋਂ ਜਗਤ ਜੰਜਾਲੇ । ਨਾਮ ਵਸਤ ਤੇਰੀ ਚੱਲੇ ਨਾਲੇ । ਖਾਲੀ ਰਹੇ ਨਾ ਮਧ ਪਿਆਲੇ । ਕਲ ਜੀਵ ਕਿਉਂ ਭੁੱਲੇ ਬਾਲੇ । ਪ੍ਰਭ ਅਬਿਨਾਸ਼ੀ ਦਰਸ ਪਾ ਲੈ । ਆਤਮਕ ਦੀਪਕ ਆਪ ਜਗਾ ਲੈ । ਸੋਹੰ ਸਾਚਾ ਰਸਨਾ ਗਾ ਲੈ । ਭਰਮ ਭੁਲੇਖਾ ਸਰਬ ਗਵਾ ਲੈ । ਸਾਚਾ ਲੇਖਾ ਧੁਰਦਰਗਾਹੀ ਆਪ ਲਿਖਾ ਲੈ । ਵੇਖਾ ਵੇਖੀ


੯੪
੦੩

੯੫ ੦੩

ਨਾ ਜਨਮ ਗਵਾ ਲੈ । ਭਰਮ ਭੁਲੇਖੇ ਭੁਲਿਆ ਕਰਮ ਕਮਾ ਲੈ । ਪ੍ਰਭ ਅਬਿਨਾਸ਼ੀ ਸ਼ਾਹੋ ਚਰਨੀ ਸੀਸ ਲਗਾ ਲੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਜੋਤੀ ਜੋਤ ਮਿਲਾ ਲੈ । ਵੇਲਾ ਅੰਤ ਵੇਖ ਭਗਵੰਤ । ਗੁਰਮੁਖ ਸਾਚੇ ਪ੍ਰਭ ਦਰ ਆਏ ਸੰਤ । ਦੇਵੇ ਵਡਿਆਈ ਜੋਤ ਜਗਾਈ ਪੱਤ ਰਖਾਈ ਵਿਚ ਸਰਬ ਜੀਵ ਜੰਤ । ਪ੍ਰਭ ਅਬਿਨਾਸ਼ੀ ਸਾਚਾ ਪਾਓ ਦਰ ਘਰ ਆਇਆ ਸਾਚਾ ਕੰਤ । ਆਤਮ ਬੁੱਝੀ ਦੀਪ ਜਗਾਓ, ਸੋਹੰ ਦੇਵੇ ਹਰਿ ਸਾਚਾ ਮੰਤ । ਲੱਖ ਚੁਰਾਸੀ ਗੇੜ ਕਟਾਓ, ਹੋਏ ਮਿਲਾਵਾ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਪੂਰਾ ਗੁਰ ਹਰਿ ਭਗਵੰਤ । ਸੁਰਤ ਸ਼ਬਦ ਹਰਿ ਮੇਲ ਮਿਲਾਵੇ । ਆਪ ਆਪਣੇ ਰੰਗ ਰੰਗਾਵੇ । ਸਾਚਾ ਸੰਗ ਆਪ ਨਿਭਾਵੇ । ਪ੍ਰਭ ਦਰ ਮੰਗੀ ਸਾਚੀ ਮੰਗ, ਨਾਮ ਦਾਨ ਹਰਿ ਭਿਛਿਆ ਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਿਆਨ ਅੰਧੇਰ ਸਰਬ ਮਿਟਾਵੇ । ਅਗਿਆਨ ਅੰਧੇਰ ਆਪ ਮਿਟਾਏ । ਮੇਰ ਤੇਰ ਸਰਬ ਚੁਕਾਏ । ਸੰਞ ਸਵੇਰ ਇਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਵਸਤ ਹਰਿ ਨਾਮ ਤੇਰੀ ਝੋਲੀ ਪਾਏ । ਨਾਮ ਵਸਤ ਜੀਵ ਸਚ ਵਪਾਰੀ । ਸ੍ਰਿਸ਼ਟ ਸਬਾਈ ਕੂੜ ਕੁੜਿਆਰੀ । ਸਾਚਾ ਜੀਵ ਇਕ ਹਰਿ ਮੁਰਾਰੀ । ਰਸਨਾ ਜਪ ਉਤਰੇ ਪਾਰੀ । ਮਾਤ ਗਰਭ ਨਾ ਆਏ ਦੂਜੀ ਵਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਅਨਹਦ ਸ਼ਬਦ ਉਪਜੇ ਸੱਚੀ ਧੁਨਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੁਨ ਖੋਲ੍ਹ ਖੁਲਾਰੀ । ਸੁਰਤ ਸ਼ਬਦ ਹਰਿ ਆਪੇ ਦੇਵੇ । ਗੁਰਮੁਖ ਸਾਚਾ ਰਸਨਾ ਸੇਵੇ । ਪ੍ਰਭ ਅਬਿਨਾਸ਼ੀ ਅਲਖ ਅਭੇਵੇ , ਦਿਵਸ ਰੈਣ ਜਨ ਜਪਣਾ ਜੇਹਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਈ ਤੇਰੀ ਸੇਵੇ । ਸੇਵਕ ਸੇਵਾ ਦਰ ਕਮਾਏ । ਪ੍ਰਭ ਅਬਿਨਾਸ਼ੀ ਦੇ ਵਡਿਆਏ । ਸਚ ਦਾਤ ਹਰਿ ਝੋਲੀ ਪਾਏ । ਆਤਮ ਅੰਧੇਰੀ ਰਾਤ ਪ੍ਰਭ ਆਪ ਮਿਟਾਏ । ਅੰਦਰ ਵੇਖ ਮਾਰ ਝਾਤ, ਨਿਜ ਘਰ ਬੈਠਾ ਡੇਰਾ ਲਾਏ । ਆਪੇ ਪੁੱਛੇ ਤੇਰੀ ਵਾਤ, ਜੋਤ ਸਰੂਪ ਵਿਚ ਸਮਾਏ । ਨਾਮ ਵਸਤ ਮਿਲੀ ਸਾਚੀ ਦਾਤ, ਨਿਖੁੱਟ ਕਦੀ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਮੇਲ ਭਗਵੰਤ ਤੇਰਾ ਸਾਥ ਛੁੱਟ ਨਾ ਜਾਏ । ਮੰਗੀ ਮੰਗ ਦਰ ਘਰ ਪੇਖੇ । ਆਤਮ ਗਏ ਭਰਮ ਭੁਲੇਖੇ । ਬੇਮੁਖ ਪਛਾਣੇ ਕਿਆ ਕੋਈ ਵੇਖੇ । ਪ੍ਰਭ ਅਬਿਨਾਸ਼ੀ ਲਖਣਾ ਲੇਖੇ । ਜੋਤ ਸਰੂਪੀ ਧਾਰੇ ਭੇਖੇ । ਗੁਰਮੁਖਾਂ ਗੁਰਸਿਖਾਂ ਮਾਨਸ ਜਨਮ ਲਗਾਏ ਲੇਖੇ । ਆਪ ਮਿਟਾਏ ਬਿਧਨਾ ਲਿਖੀ ਰੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਨੇਤਰ ਪੇਖੇ । ਨੇਤਰ ਪੇਖ ਨਿਰਮਲ ਜੀਓ । ਆਪ ਜਗਾਏ ਆਤਮ ਦੀਓ । ਸਾਚਾ ਨਾਮ ਪ੍ਰਭ ਦਰ ਪੀਓ । ਸੋਹੰ ਬੀਜ ਆਤਮ ਬੀਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਰਖਾਏ ਤੇਰੀ ਨੀਂਓ । ਸਚਖੰਡ ਧਰੇ ਹਰਿ ਧਿਆਨਾ । ਜਿਥੇ ਵਸੇ ਹਰਿ ਭਗਵਾਨਾ । ਏਕਾ ਦਿਸੇ ਇਕ ਟਿਕਾਣਾ । ਗੁਰਮੁਖ ਇਹ ਸਚ ਨਿਸ਼ਾਨਾ । ਜਗੇ ਜੋਤ ਇਕ ਮਹਾਨਾ । ਹੋਏ ਪ੍ਰਕਾਸ਼ ਕੋਟਨ ਭਾਨਾ । ਕਿਆ ਕੋਈ ਜਾਣੇ ਜੀਵ ਅੰਞਾਣਾ । ਪ੍ਰਭ ਅਬਿਨਾਸ਼ੀ ਨਾ ਕਿਸੇ ਪਛਾਣਾ । ਮਦਿਰਾ ਮਾਸੀ ਦਰ ਦੁਰਕਾਣਾ । ਦਰ ਘਰ ਸਾਚੇ ਰਹਿਣ ਨਾ ਪਾਣਾ । ਗੁਰਮੁਖ ਸਾਚਾ ਆਪ ਜਗਾਣਾ । ਬਾਹੋਂ ਪਕੜ ਸਰਨ ਲਗਾਣਾ । ਸੋਹੰ ਸਾਚੇ ਤੱਕੜ ਆਪ ਤੁਲਾਣਾ । ਜਿਸ ਜਨ ਰਹੇ ਆਤਮ ਅਕੜ, ਪ੍ਰਭ ਕਾਲਾ ਮੂੰਹ ਕਰਾਨਾ । ਝੂਠੇ ਮਾਰਨ ਮੂਹੋਂ ਫੱਕੜ, ਪ੍ਰਭ ਅਬਿਨਾਸ਼ੀ ਸਾਰ ਨਾ ਜਾਣਾ । ਦਰ ਘਰ ਸਾਚੇ ਨਾ ਸਕਣ ਅਪੜ, ਕਿਆ ਕੋਈ ਕਰੇ ਹਰਿ ਪਛਾਣਾ । ਕਲਜੁਗ ਜੀਵ ਜਿਉਂ ਦਲ ਮਕੜ, ਸ਼ਬਦ

ਬਾਜ਼ ਹਰਿ ਆਪ ਉਡਾਨਾ । ਅਗਨ ਜੋਤ ਜਲਾਏ ਜਿਉਂ ਸੁੱਕੀ ਲੱਕੜ, ਵੇਲੇ ਅੰਤ ਨਾ ਕਿਸੇ ਛੁਡਾਣਾ । ਗੁਰਮੁਖ ਸਾਚੇ ਗੁਰ ਦਰ ਆਏ ਜਿਉਂ ਸ਼ਮਾ ਭਮੱਕੜ, ਪ੍ਰਭ ਅਬਿਨਾਸ਼ੀ ਸਰਨ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਪੂਰਨ ਭਗਵਾਨਾ । ਅੰਮ੍ਰਿਤ ਵੇਲਾ ਆਇਆ, ਫਲ ਸਾਚਾ ਖਾਵਨਾ । ਹਰਿ ਸਾਚੇ ਵਕਤ ਸੁਹਾਵਨਾ । ਦੇ ਮੱਤੀ ਆਪ ਸਮਝਾਵਨਾ । ਏਕਾ ਰੱਖੇ ਓਟ ਰਘੁਰਾਇਆ, ਸਾਚਾ ਨਾਮ ਰਸਨਾ ਗਾਵਨਾ । ਪ੍ਰਭ ਅਬਿਨਾਸ਼ੀ ਦਿਸੇ ਘਟ ਘਟੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਨਾ ਮਨੋਂ ਭੁਲਾਵਣਾ । ਦਿਵਸ ਰੈਣ ਹਰਿ ਰਸਨਾ ਗਾਵਣਾ । ਮਾਨਸ ਜਨਮ ਲੇਖੇ ਲਾਵਣਾ । ਕਲਜੁਗ ਰੁਲ ਵਕਤ ਗਵਾਵਣਾ । ਪ੍ਰਭ ਅਬਿਨਾਸ਼ੀ ਦੇਵੇ ਲਾਲ ਅਨਮੁਲ, ਸੋਹੰ ਪੱਲੇ ਗੰਢ ਬਨ੍ਹਾਵਣਾ । ਪੂਰੇ ਕੰਡੇ ਜਾਏ ਤੁਲ, ਪਾਸਾ ਹਾਰ ਕਦੇ ਨਾ ਆਵਣਾ । ਅੰਮ੍ਰਿਤ ਆਤਮ ਜਾਏ ਨਾ ਡੁੱਲ, ਅੰਮ੍ਰਿਤ ਕੁੰਡ ਸਚ ਰਖਾਵਣਾ । ਗੁਰਮੁਖ ਸਾਚੇ ਜਾਣਾ ਨਾ ਭੁੱਲ, ਪ੍ਰਭ ਅਬਿਨਾਸ਼ੀ ਰਸਨਾ ਗਾਵਣਾ । ਸ਼ਬਦ ਭੰਡਾਰਾ ਗਿਆ ਖੁਲ੍ਹ, ਭਰ ਝੋਲੀ ਘਰ ਲੈ ਜਾਵਣਾ । ਕੋਈ ਨਾ ਲੱਗੇ ਏਥੇ ਮੁੱਲ, ਏਕਾ ਰੱਖੇ ਚਰਨ ਧਿਆਨਾ । ਜੋ ਜਨ ਬਖ਼ਸ਼ਾਏ ਪ੍ਰਭ ਦਰ ਭੁੱਲ, ਪ੍ਰਭ ਸਾਚੇ ਲੇਖੇ ਲਾਵਣਾ । ਪ੍ਰਭ ਅਬਿਨਾਸ਼ੀ ਸਦਾ ਅਡੁੱਲ, ਆਦਿ ਅੰਤ ਨਾ ਕਿਸੇ ਡੁਲਾਵਣਾ । ਪ੍ਰਭ ਸਾਚਾ ਸਦਾ ਅਤੁਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਸਮਾਣਾ । ਆਪ ਆਪਣੇ ਰੰਗ ਸਮਾਏ । ਗੁਰਮੁਖ ਸਾਚੇ ਰੰਗ ਰੰਗਾਏ । ਏਕਾ ਰੰਗ ਮਜੀਠ ਚੜ੍ਹਾਏ । ਕਲਜੁਗ ਕੌੜੇ ਰੀਠ ਭੰਨ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਨਾਮ ਜਪਾਏ । ਗੁਰਮੁਖ ਹਰਿ ਨਾਮ ਅਧਾਰੀ । ਦੇਵੇ ਨਾਮ ਆਪ ਨਿਰੰਕਾਰੀ । ਆਇਆ ਮਾਤ ਨੈਣ ਮੁਧਾਰੀ । ਭਰਮ ਭੁਲੇਖੇ ਨਾ ਭੁੱਲੋ ਜੀਵ ਗਵਾਰੀ । ਸ਼ਬਦ ਪੰਘੂੜਾ ਸਾਚਾ ਝੂਲੋ, ਆਤਮ ਰੱਖੋ ਸਦਾ ਖੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਕਰੋ ਚਰਨ ਨਿਮਸਕਾਰੀ । ਸਦਾ ਸਦਾ ਚਰਨ ਨਿਮਸਕਾਰੇ । ਪ੍ਰਭ ਅਬਿਨਾਸ਼ੀ ਜਾਓ ਬਲਿਹਾਰੇ । ਸਾਚਾ ਨਾਮ ਰਸਨ ਉਚਾਰੇ । ਪਾਵੋ ਦਰਸ ਅਗੰਮ ਅਪਾਰੇ । ਮਿਟਾਏ ਹਰਸ ਪ੍ਰਭ ਸਾਗਰ ਤਾਰੇ । ਕਰੇ ਤਰਸ ਗੁਰਮੁਖ ਕਰੋ ਚਰਨ ਨਿਮਸਕਾਰੇ । ਪ੍ਰਭ ਅਬਿਨਾਸ਼ੀ ਜਾਓ ਬਲਿਹਾਰੇ । ਅੰਮ੍ਰਿਤ ਮੇਘ ਆਤਮ ਦੇਵੇ ਬਰਸ, ਹਰੀ ਕਰੇ ਕਾਇਆ ਕਿਆਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਸਚ ਦਰਬਾਰੇ । ਸਚ ਦਰਬਾਰਾ ਚਰਨ ਦਵਾਰਾ । ਗੁਰਸਿਖ ਸਾਚੇ ਕਰ ਪਿਆਰਾ । ਦੋਏ ਜੋੜ ਕਰੇ ਨਿਮਸਕਾਰਾ । ਭਵ ਸਾਗਰ ਹਰਿ ਪਾਰ ਉਤਾਰਾ । ਕਾਚੀ ਗਾਗਰ ਕਾਇਆ ਮਹੱਲ ਮੁਨਾਰਾ । ਵਿਚ ਸਾਚਾ ਸਾਗਰ ਅੰਮ੍ਰਿਤ ਧਾਰਾ । ਨਿਰਮਲ ਜੋਤ ਇਕ ਅਕਾਰਾ । ਜੋਤ ਸਰੂਪੀ ਪਸਰ ਪਸਾਰਾ । ਸਾਚਾ ਸ਼ਬਦ ਸੱਚੀ ਧੁਨਕਾਰਾ । ਆਪ ਖੁਲ੍ਹਾਏ ਤੇਰਾ ਦਰ ਦਵਾਰਾ । ਜਿਥੇ ਵਸਿਆ ਹਰਿ ਨਿਰੰਕਾਰਾ । ਸੋਹੰ ਸਾਚਾ ਤੀਰ ਚਲਾਏ, ਬਜ਼ਰ ਕਪਾਟੀ ਆਰਾ ਪਾਰਾ । ਆਪ ਚੜ੍ਹਾਏ ਔਖੀ ਘਾਟੀ, ਗੁਰਸਿਖ ਖੋਲ੍ਹੇ ਦਸਮ ਦਵਾਰਾ । ਸਾਚਾ ਰਸ ਹਰਿ ਰਸਨਾ ਚਾਟੀ, ਹਰਿ ਦੇਵੇ ਮੁਕਤ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਵਰਤਾਰਾ । ਇਕ ਦਾਤਾਰਾ ਦੇਵਣਹਾਰ । ਮੰਗਣ ਆਓ ਇਕ ਦਰਬਾਰ । ਦੇਵਣਹਾਰ ਇਕ ਦਾਤਾਰ । ਪ੍ਰਭ ਅਬਿਨਾਸ਼ੀ ਭਰੇ ਭੰਡਾਰ । ਸਾਚਾ ਸ਼ਬਦ ਕਰੇ ਵਰਤਾਰ । ਜੋ ਜਨ ਮੰਗੇ ਆਏ ਦਵਾਰ । ਆਤਮ ਝੋਲੀ ਪ੍ਰਭ ਦੇਵੇ ਡਾਰ । ਚਰਨ ਗੋਲੀ ਆਪ ਬਣਾਏ ਵਿਚ ਸੰਸਾਰ । ਹਉਂ ਘੋਲੀ ਗੁਰਸਿਖ ਰਸਨਾ ਰਹੀ ਪੁਕਾਰ । ਪ੍ਰਭ ਪੂਰੇ ਤੋਲ ਤੋਲੀ, ਹਰਿ ਮਿਲਿਆ ਕੰਤ ਸੱਚਾ ਭਤਾਰ । ਕੋਇ ਨਾ ਮਾਰੇ ਕਲਜੁਗ


੯੬
੦੩

ਬੋਲੀ, ਗੁਰਮੁਖ ਬਣਾਏ ਸਾਚੀ ਨਾਰ । ਸੋਹੰ ਸ਼ਬਦ ਵਜਾਏ ਸਾਚੀ ਢੋਲੀ, ਸ੍ਰਿਸ਼ਟ ਸਬਾਈ ਸੁਣੇ ਧੁਨਕਾਰ । ਆਪ ਰੰਗਾਏ ਤੇਰੀ ਕਾਇਆ ਚੋਲੀ, ਸ਼ਬਦ ਰੰਗ ਚੜ੍ਹਾਏ ਅਪਾਰ । ਕਲਜੁਗ ਅੰਤਮ ਮੂਲ ਨਾ ਡੋਲੀਂ, ਪ੍ਰਭ ਸਾਚਾ ਹੋਏ ਸਹਾਰ । ਸਚ ਵਸਤ ਤੇਰੀ ਪਾਈ ਝੋਲੀ, ਪ੍ਰਭ ਆਇਆ ਸਚ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਮਾਹਣਾ ਸਿੰਘ ਤੇਰਾ ਬੰਸ ਜਾਏ ਤਾਰ । ਬੰਸ ਤਾਰਿਆ ਹੰਸ ਬਣਾ ਰਿਹਾ । ਵਿਚ ਸਹੰਸ ਆਪ ਉਪਜਾ ਰਿਹਾ । ਸਾਚੀ ਅੰਸ ਆਪਣੀ ਆਪ ਰਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਉਪਰ ਦਇਆ ਕਮਾ ਰਿਹਾ । ਤਾਰੇ ਬੰਸ ਆਪ ਬਨਵਾਲੀ । ਦਿਵਸ ਰੈਣ ਤੇਰੀ ਕਰੇ ਰਖਵਾਲੀ । ਆਪੇ ਬਣ ਜਾਏ ਤੇਰਾ ਪਾਲੀ । ਪ੍ਰਭ ਅਬਿਨਾਸ਼ੀ ਸਾਚਾ ਮਾਲੀ । ਚਰਨ ਪ੍ਰੀਤੀ ਸਾਚੀ ਘਾਲੀ । ਸੋਹੰ ਮੰਗੀ ਇਕ ਦਲਾਲੀ । ਆਤਮ ਚਾੜ੍ਹੇ ਸਾਚੀ ਲਾਲੀ । ਆਤਮ ਜੋਤੀ ਆਪੇ ਬਾਲੀ । ਚਰਨ ਪ੍ਰੀਤੀ ਆਪ ਨਿਭਾ ਲੀ । ਸਾਚੀ ਰੀਤੀ ਪਿਆਰ ਰਖਾ ਲੀ । ਮਾਤ ਜੋਤ ਪ੍ਰਗਟਾ ਘਰ ਸਾਚੇ ਲੇਖ ਲਿਖਾ ਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਘਾਲ ਥਾਂ ਪਾ ਲੀ । ਗੁਰ ਸੰਗਤ ਹਰਿ ਸੰਗ ਰਲਾਈ । ਸਾਚੇ ਧਾਮ ਹਰਿ ਆਣ ਬਹਾਈ । ਦਰ ਘਰ ਸਾਚੇ ਦੀ ਸਾਚੀ ਵਡਿਆਈ । ਪ੍ਰਭ ਅਬਿਨਾਸ਼ੀ ਆਪ ਲਿਖਾਏ, ਸੁਣੇ ਸਰਬ ਲੋਕਾਈ । ਲਹਿਣਾ ਦੇਣਾ ਸਰਬ ਚੁਕਾਵੇ, ਦਰ ਘਰ ਆਇਆ ਸਾਚਾ ਮਾਹੀ । ਜਨਮ ਮਰਨ ਦਾ ਗੇੜ ਚੁਕਾਇਆ, ਆਪ ਕਟਾਈ ਜਮ ਕੀ ਫਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਧਿਆਈ । ਚਰਨ ਕਵਲ ਕਵਲ ਚਰਨ ਹਰਿ ਬਲਿਹਾਰ । ਗੁਰਮੁਖ ਸਾਚਾ ਗਿਆ ਮਵਲ, ਘਰ ਸਾਚੇ ਖਿੜੀ ਸੱਚੀ ਗੁਲਜ਼ਾਰ । ਮਿਲੇ ਵਡਿਆਈ ਉਪਰ ਧਵਲ, ਲੇਖ ਲਿਖਾਇਆ ਪ੍ਰਭ ਵਿਚ ਸੰਸਾਰ । ਆਪ ਖੁਲ੍ਹਾਇਆ ਨਾਭ ਕਵਲ, ਅੰਮ੍ਰਿਤ ਝਿਰਨਾ ਝਿਰੇ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਦਿਤਾ ਤਾਰ । ਝਿਰਨਾ ਝਿਰੇ ਅਪਰ ਅਪਾਰਾ । ਏਕਾ ਧਾਰ ਸਚ ਫੁਹਾਰਾ । ਹਰਿ ਏਕਾ ਤਾਰ ਰੰਗ ਅਪਾਰਾ । ਕਰ ਵੇਖ ਵਿਚਾਰ ਜੋ ਵਰਤੇ ਸੰਸਾਰਾ । ਨਾ ਭੁੱਲ ਗਵਾਰ, ਅੰਤ ਹੋਏ ਧੂੰਦੂਕਾਰਾ । ਮਾਨਸ ਜਨਮ ਨਾ ਜਾਣਾ ਹਾਰ, ਨਾ ਕੋਈ ਕਰੇ ਛੁਟਕਾਰਾ । ਪ੍ਰਭ ਅਬਿਨਾਸ਼ੀ ਰਸਨਾ ਉਚਾਰ, ਤੇਰਾ ਸਾਚਾ ਬਣੇ ਸਹਾਰਾ । ਕਰਮ ਧਰਮ ਰਿਹਾ ਵਿਚਾਰ, ਅੰਤਮ ਦੇਵੇ ਸਚ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਧਾਰ । ਆਪੇ ਦੇ ਮੱਤ ਸਮਝਾਇੰਦਾ । ਸਾਚੀ ਵਸਤ ਨਾਮ ਤਤ ਹਰਿ ਹਿਰਦੇ ਵਿਚ ਪਾਇੰਦਾ । ਕਾਇਆ ਮੈਲੀ ਹੋਏ ਨਾ ਮੱਤ, ਜੋ ਜਨ ਰਸਨਾ ਗਾਇੰਦਾ । ਆਪੇ ਰੱਖੇ ਅੰਤਮ ਪੱਤ, ਦਰਗਹਿ ਸਾਚੀ ਮਾਣ ਦਵਾਇੰਦਾ । ਕਲਜੁਗ ਰੈਣ ਅੰਧੇਰੀ ਤਤ, ਪ੍ਰਭ ਸਾਚਾ ਪਰਦਾ ਲਾਹਿੰਦਾ । ਏਕਾ ਦੇਵੇ ਧੀਰਜ ਜੱਤ, ਹਰਿ ਸੋਹੰ ਬੀਜ ਬਿਜਾਇੰਦਾ । ਨਾਮ ਬੀਜੋ ਸਾਚੇ ਵੱਤ, ਪ੍ਰਭ ਸਾਚਾ ਫਲ ਲਗਾਇੰਦਾ । ਰਸਨਾ ਚਰਖਾ ਲੈਣ ਕੱਤ, ਤਾਣਾ ਪੇਟਾ ਹਰਿ ਤਨ ਉਣਾਇੰਦਾ । ਮਾਨਸ ਜਨਮ ਨਾ ਆਵਣਾ ਵੱਤ, ਕਿਉਂ ਭੁੱਲ ਭੁੱਲ ਵਕਤ ਗਵਾਇੰਦਾ । ਏਕਾ ਦੇਵੇ ਸਾਚਾ ਤਤ, ਹਰਿ ਆਪਣੇ ਰੰਗ ਰੰਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਪਾਰ ਕਰਾਇੰਦਾ । ਗੁਰਮੁਖ ਬੇੜਾ ਪਾਰ ਕਰਾਵਣਾ । ਤੇਰੇ ਨਗਰ ਖੇੜੇ ਭਾਗ ਲਗਾਵਣਾ । ਖੁਲ੍ਹਾ ਵਿਹੜਾ ਆਪ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਝੇੜਾ ਆਪ ਮੁਕਾਵਣਾ । ਜੂਠ ਝੂਠ ਪ੍ਰਭ ਆਪ ਮੁਕਾਏ । ਸਾਚੋ ਸਾਚਾ ਰਾਹ ਦਿਸਾਏ । ਹਰਿ ਚਰਨੀ ਜੋ ਸੀਸ ਝੁਕਾਏ । ਪ੍ਰਗਟ ਜੋਤ ਜਗਦੀਸ ਦਰਸ ਦਿਖਾਏ । ਕਿਆ

ਕੋਈ ਕਰੇ ਰੀਸ, ਜੋ ਦਰ ਸਾਚੀ ਸੇਵ ਕਮਾਏ । ਬੇਮੁਖਾਂ ਹਰਿ ਜਾਏ ਪੀਸ, ਜੋ ਰਸਨਾ ਰਸ ਹਲਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੇ ਲੇਖੇ ਲਾਏ । ਸਾਚੇ ਲੇਖੇ ਆਪ ਲਗਾਏ । ਬਾਹੋਂ ਪਕੜ ਕਲ ਆਪ ਤਰਾਏ । ਆਪ ਆਪਣੇ ਦਰ ਬਹਾਏ । ਜਿਥੇ ਲੇਖਾ ਕੋਈ ਮੰਗੇ ਨਾਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਗ ਸੰਗ ਹੋਏ ਸਹਾਏ । ਕੱਟੇ ਭੁੱਖ ਨੰਗ, ਜੋ ਜਨ ਸਰਨਾਈ ਆਏ । ਮਾਨਸ ਜਨਮ ਨਾ ਹੋਏ ਭੰਗ, ਪ੍ਰਭ ਸਾਚਾ ਲੇਖੇ ਲਾਏ । ਵਡ ਦਾਤਾ ਹਰਿ ਸੂਰਾ ਸਰਬੰਗੇ, ਵਿਚ ਮਾਤ ਜੋਤ ਪ੍ਰਗਟਾਏ । ਏਕਾ ਨਾਮ ਸਾਚੇ ਰੰਗ ਰੰਗੇ, ਗੁਰਮੁਖ ਸਾਚੇ ਆਪ ਵਡਿਆਏ । ਕਲਜੁਗ ਅੰਤਮ ਪਾਰ ਲੰਘੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸਰਨਾਏ । ਆਪਣੀ ਸਰਨ ਆਪ ਲਾਇਆ । ਬਾਹੋਂ ਪਕੜ ਕਲ ਚਰਨ ਬਹਾਇਆ । ਆਤਮ ਕਿਲਾ ਹੰਕਾਰੀ ਗੜ੍ਹ, ਪ੍ਰਭ ਸਾਚੇ ਆਪ ਤੁੜਾਇਆ । ਪ੍ਰਭ ਅਬਿਨਾਸ਼ੀ ਅੰਦਰ ਵੜ, ਗੁਰਮੁਖ ਸੋਇਆ ਆਪ ਜਗਾਇਆ । ਸਾਚੀ ਪੌੜੀ ਗਿਆ ਚੜ੍ਹ, ਮਾਨਸ ਜਨਮ ਸੁਫਲ ਕਰਾਇਆ । ਕਲਜੁਗ ਅਗਨ ਵਿਚ ਨਾ ਗਿਆ ਸੜ, ਜਿਸ ਜਨ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਬਹਾਇਆ । ਆਪ ਆਪਣੀ ਸਰਨ ਰੱਖ । ਬੇਮੁਖ ਵਿਚੋਂ ਕੀਨੇ ਵੱਖ । ਪ੍ਰਭ ਅਬਿਨਾਸ਼ੀ ਸਾਚਾ ਅਲੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਹਰਿ ਲਏ ਰੱਖ । ਅੰਤਮ ਰੱਖੇ ਆਪ ਸੰਭਾਲ । ਗੁਰਸਿਖਾਂ ਫਲ ਲਗਾਏ ਕਾਇਆ ਆਤਮ ਡਾਲ । ਸਾਚੀ ਵਸਤ ਵਿਚ ਟਿਕਾਏ, ਜੋਤ ਸਰੂਪੀ ਦੀਪਕ ਬਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਸਦ ਸਦਾ ਸਦ ਕਰੇ ਪ੍ਰਿਤਪਾਲ । ਪ੍ਰਿਤਪਾਲ ਕਰੇ ਪ੍ਰਭ ਸਾਚਾ ਪੂਰਾ । ਸਚ ਸ਼ਬਦ ਅਨਾਹਦ ਤੂਰਾ । ਏਕਾ ਦੇਵੇ ਆਤਮ ਸਤਿ ਸਰੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਗੁਰਮੁਖ ਸਾਚੇ ਮਾਣ ਰਖਾਵੇ । ਪ੍ਰਭ ਅਬਿਨਾਸ਼ੀ ਸਾਚਾ ਪਾਇਆ ਸਚ ਨਾਮ ਰਿਦੇ ਵਸਾਵੇ । ਆਤਮ ਸਾਚਾ ਦਰ ਖੁਲ੍ਹਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਅਮਰਾ ਪਦ ਪਾਵੇ । ਅਗਨ ਤਨ ਪ੍ਰਭ ਬੁਝਾ । ਏਕਾ ਜੋਤ ਮਗਨ ਰਖਾ । ਸਾਚਾ ਯੋਗ ਨਾਮ ਦਵਾ । ਆਤਮ ਰੋਗ ਆਪ ਮਿਟਾ । ਹਉਮੇ ਵਿਚੋਂ ਰੋਗ ਗਵਾ । ਸੰਜੋਗ ਵਿਯੋਗ ਇਕ ਕਰਾ । ਅੰਮ੍ਰਿਤ ਸਾਚਾ ਫਲ ਖਵਾ । ਸੋਹੰ ਮੇਵਾ ਮੁਖ ਲਗਾ । ਵਡ ਦੇਵੀ ਦੇਵਾ ਆਪੇ ਹੋ ਸਹਾ । ਆਪ ਕਰਾਏ ਆਪਣੀ ਸੇਵਾ, ਸਾਂਤਕ ਸਤਿ ਦਏ ਵਰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਹਾਏ ਸਾਚਾ ਥਾਂ । ਅਗਨ ਤੇਜ ਕਲ ਕਰੇ ਕਰਤਾਰ । ਸ੍ਰਿਸ਼ਟ ਸਬਾਈ ਆਰ ਪਾਰ । ਜਗੇ ਜੋਤ ਅਗੰਮ ਅਪਾਰ । ਗੁਰਸਿਖ ਠਾਂਡਾ ਹਰਿ ਦਰਬਾਰ । ਪ੍ਰਭ ਟੁੱਟੀ ਗਾਂਢੇ ਗੰਢਣਹਾਰ । ਨੇੜੇ ਤੇੜੇ ਸਭ ਗਵਾਂਢੀ, ਪ੍ਰਭ ਸਾਚਾ ਜਾਏ ਤਾਰ । ਜੂਠੇ ਭਾਂਡੇ ਜਾਏ ਮਾਂਜੀ, ਸੋਹੰ ਦੇਵੇ ਨਾਮ ਅਪਾਰ । ਕਲਜੁਗ ਮਾਇਆ ਮੈਲ ਨਾ ਲੱਗੇ ਕਾਚੀ, ਪ੍ਰਭ ਸਾਚਾ ਤੇਰਾ ਅੰਤ ਲਏ ਸੁਧਾਰ । ਦਿਵਸ ਰੈਣ ਰੈਣ ਦਿਵਸ ਆਤਮ ਹਰਿ ਅਰਾਧੀ, ਹਰਿ ਦੇਵੇ ਏਕਾ ਵਸਤ ਸਾਚੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਚ ਲਾਇਆ ਦਰਬਾਰ । ਅਗਨ ਤੇਜ ਕੀ ਕਰੇ ਵਿਚਾਰੀ । ਦਰ ਘਰ ਆਏ ਕਰੇ ਚਰਨ ਨਿਮਸਕਾਰੀ । ਕਿਰਨਾ ਕਿਰਨਾ ਪ੍ਰਭ ਜੋਤ ਅਧਾਰੀ । ਦਿਵਸ ਰੈਣ ਰੈਣ ਦਿਵਸ ਹੁਕਮੇ ਅੰਦਰ ਫਿਰਨਾ ਉਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਪ੍ਰਭ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਵਰਭੰਡ ਏਕਾ ਜੋਤ ਅਕਾਰੀ । ਚੰਦ ਸੂਰਜ ਜੋ ਸਿਤਾਰੇ । ਸੱਚਾ ਹਰਿ ਕਰੇ ਸਰਬ ਪਿਆਰੇ ।



੯੮
੦੩

ਦਿਵਸ ਰੈਣ ਭੌਂ ਮੰਡਲ ਦੇ ਵਿਚ ਖਲਿਆਰੇ । ਜੀਵ ਜੰਤ ਕਿਆ ਪਾਵੇ ਸਾਰੇ । ਪ੍ਰਭ ਅਬਿਨਾਸ਼ੀ ਖੇਲ ਨਿਆਰੇ । ਬਿਨ ਥੰਮਾਂ ਗਗਨ ਖਿਲਾਰੇ । ਸੂਰਜ ਅਗਨ ਨਾ ਗੁਰਸਿਖ ਸਾੜੇ । ਕਰ ਦਰਸ ਤੇਰੇ ਆਤਮ ਦੀਪਕ ਜਗਣ, ਆਪ ਬਣਾਏ ਸਤਿਜੁਗ ਸਾਚੇ ਲਾੜੇ । ਸਾਚੀ ਜੋਤ ਕਰੇ ਪ੍ਰਕਾਸ਼ ਵਿਚ ਗਗਨ, ਤੇਰੀ ਕਾਇਆ ਮਹੱਲ ਮੁਨਾਰੇ । ਜੋ ਪ੍ਰਭ ਸਾਚੇ ਦੀ ਸਰਨ ਲਗਣ, ਦੁੱਖ ਦਰਦ ਪ੍ਰਭ ਸਰਬ ਨਿਵਾਰੇ । ਮੂੰਹ ਛੁਪਾਏ ਜੋ ਦਰ ਭੱਜਣ, ਭਿਛਿਆ ਮਿਲੇ ਨਾ ਸੱਚੇ ਘਰ ਬਾਹਰੇ । ਝੂਠੇ ਵਹਿਣ ਕਲਜੁਗ ਵਗਣ, ਆਪ ਰੁੜ੍ਹਾਏ ਬੇਮੁਖ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਪਾਵੇ ਸਾਰੇ । ਪਵਣ ਪਾਣੀ ਪ੍ਰਭ ਦੇ ਚੇਰੇ । ਗੁਰਸਿਖਾਂ ਹਰਿ ਵਸੇ ਨੇਰੇ । ਆਪ ਲਿਆਵੇ ਚਰਨ ਘੇਰੇ । ਪ੍ਰਭ ਅਬਿਨਾਸ਼ੀ ਕੋਈ ਨਾ ਲਾਏ ਦੇਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਾਰ ਕਰਾਏ ਬੇੜੇ ।

ਰਾਮ ਨਾਮ ਰਾਮ ਨਾਮ ਹਰਿ ਨਾਮਾ । ਕਰੇ ਕਰਾਵੇ ਆਪਣੇ ਆਪ ਕਾਮਾ । ਆਵੇ ਜਾਵੇ ਜਾਵੇ ਆਵੇ ਜੋਤ ਸਰੂਪੀ ਪਹਰਿਆ ਬਾਣਾ । ਰਸਨਾ ਗਾਵੇ ਦਰਸ਼ਨ ਪਾਵੇ ਉਜਲ ਕਰਾਏ ਹਰਿ ਕਾਇਆ ਜਾਮਾ । ਰਸਨਾ ਗਾਵੇ ਭਰਮ ਚੁਕਾਵੇ, ਸਾਚੇ ਲੇਖ ਲਿਖਾਵੇ, ਸਾਚਾ ਧਰਮ ਕਮਾਵੇ ਜੋ ਜਨ ਚਰਨੀ ਸੀਸ ਝੁਕਾਵੇ । ਮੇਲ ਮਿਲਾਵਾ ਸਾਚੇ ਰਾਮ, ਦਿਵਸ ਰੈਣ ਏਕਾ ਰੰਗ ਲਾਵੇ । ਸੋਹੰ ਸਾਚਾ ਨਾਮ ਜਪਾਵੇ, ਭੁਲਿਆਂ ਮਾਰਗ ਪਾਵੇ । ਆਤਮ ਵਜਾਵੇ ਇਕ ਦਮਾਮਾ, ਸਤਿ ਸ਼ਬਦ ਦੀ ਬੂਝ ਬੁਝਾਵੇ । ਆਤਮ ਏਕਾ ਦੂਜ ਚੁਕਾਵੇ । ਆਪ ਆਪਣੀ ਸੂਝ ਸੁਝਾਵੇ । ਪ੍ਰਭ ਅਬਿਨਾਸ਼ੀ ਸਾਚਾ ਰਾਮਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਚਤੁਰ ਸੁਜਾਨ, ਆਤਮ ਦੇਵੇ ਬ੍ਰਹਮ ਗਿਆਨ, ਸੋਹੰ ਦੇਵੇ ਨਾਮ ਨਿਸ਼ਾਨ, ਮਿਲਿਆ ਗੁਰ ਲਿਖਿਆ ਧੁਰ ਪ੍ਰਭ ਪੂਰ ਕਰਾਏ ਕਾਮਾ । ਸਾਚਾ ਨਾਮ ਸਚ ਰਖਵਾਰਾ । ਸਾਚਾ ਨਾਮ ਗੁਰਸਿਖ ਜਾਣ, ਕਰ ਸਾਚਾ ਵਣਜ ਵਪਾਰਾ । ਸਾਚਾ ਨਾਮ ਹਰਿਆ ਕਰੇ ਤਨ ਬੇੜਾ ਦੇਵੇ ਬੰਨ੍ਹ ਜਿਸ ਜਨ ਰਸਨ ਉਚਾਰਾ । ਸਾਚਾ ਨਾਮ ਆਤਮ ਚਾਬੀ ਲਾ ਏਕਾ ਜਾਮ ਮੁਖ ਹਰਿ ਥਾਰਾ । ਹਰਿਆ ਹੋਵੇ ਤਨ ਦਾ ਚਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਗਾਵੇ ਪੂਰ ਕਰਾਏ ਆਪ ਵਸਾਏ ਸੱਚੇ ਘਰ ਬਾਹਰਾ । ਹਰਿ ਕਾ ਨਾਮ ਹਰਿ ਹੀ ਜੇਹਾ । ਹਰਿ ਕਾ ਨਾਮ ਅਲਖ ਅਭੇਵਾ । ਹਰਿ ਕਾ ਨਾਮ ਆਦਿ ਜੁਗਾਦਿ ਏਕਾ ਰਿਹਾ । ਹਰਿ ਕਾ ਨਾਮ ਆਤਮ ਸਾਧ, ਨਿਰਮਲ ਕਰਾਏ ਤੇਰੀ ਦੇਹਿਆ । ਹਰਿ ਕਾ ਨਾਮ ਮਿਟੇ ਵਿਵਾਦ, ਆਪ ਲਿਖਾਏ ਧੁਰਦਰਗਾਹੀ ਸਚ ਸੁਨੇਹਾ । ਹਰਿ ਕਾ ਨਾਮ ਮਿਲਾਏ ਮਾਧਵ ਮਾਧ, ਵਿਚ ਵਿਚੋਲਾ ਕੋਈ ਨਾ ਰਿਹਾ । ਹਰਿ ਕਾ ਨਾਮ ਸ਼ਬਦ ਬੋਧ ਅਗਾਧ, ਦਰ ਘਰ ਸਾਚੇ ਉਹਲਾ ਕੋਈ ਨਾ ਰਿਹਾ । ਗੁਰਮੁਖ ਬਣ ਸਾਚਾ ਸਾਧ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਨਾਮ ਅਮੋਲਾ ਦੀਆ । ਹਰਿ ਨਾਮ ਹਰਿ ਸੰਗ ਲਿਆਇਆ । ਆਪ ਆਪਣਾ ਰੰਗ ਚੜ੍ਹਾਇਆ । ਗੁਰਮੁਖਾਂ ਹਰਿ ਵੰਡ ਵੰਡਾਇਆ । ਪੱਲੇ ਹਰਿ ਨਾਮ ਸਾਚੀ ਗੰਢ ਬੰਨ੍ਹਾਇਆ । ਆਤਮ ਸਾਂਝੀ ਠੰਡ ਰਖਾਇਆ । ਬੇਮੁਖਾਂ ਹਰਿ ਕੰਡ ਵਖਾਇਆ । ਚੰਡ ਪ੍ਰਚੰਡ ਹਰਿ ਚਮਕਾਇਆ । ਵਿਚ ਨਵ ਖੰਡ ਰਹਿਣ ਨਾ ਪਾਇਆ । ਆਤਮ ਰੰਡ ਰਹੇ ਕੁਰਲਾਇਆ । ਪੱਲੇ ਬੱਧੀ ਪਾਪਾਂ ਗੰਢ, ਪੱਲਾ ਭਾਰ ਕਰਾਇਆ । ਧਰਮ ਰਾਏ ਅੰਤ ਮਾਰੇ ਫੰਦ, ਕੁੰਭੀ ਨਰਕ ਨਿਵਾਸ ਰਖਾਇਆ । ਗੁਰਮੁਖ ਗੁਰਸਿਖ ਸਾਚਾ ਨਾਮ

ਲੈਣ ਵੰਡ, ਪ੍ਰਭ ਅਬਿਨਾਸ਼ੀ ਸਚ ਭੰਡਾਰ ਲਗਾਇਆ । ਆਓ ਜਾਓ ਢੋਲਾ ਸੋਹੰ ਗਾਓ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਹਰਿ ਕਾ ਨਾਮ ਹਰਿ ਜਨ ਜਾਨੀ । ਵੇਲਾ ਅੰਤ ਨਾ ਫੇਰ ਪਛਤਾਨੀ । ਹਰਿ ਕਾ ਨਾਮ ਭੁੱਲੇ ਨਾ ਪਰਾਨੀ । ਹਰਿ ਕਾ ਨਾਮ ਦਰ ਘਰ ਸਾਚੇ ਕੀ ਸਾਚੀ ਰਾਨੀ । ਹਰਿ ਕਾ ਨਾਮ ਗੁਰਮੁਖ ਤੇਰੀ ਆਤਮ ਬਾਨੀ । ਹਰਿ ਕਾ ਨਾਮ ਦਿਵਸ ਰੈਣ ਰੈਣ ਦਿਵਸ ਸਦ ਰਸਨ ਵਖਾਨੀ । ਹਰਿ ਕਾ ਨਾਮ ਏਕਾ ਰੰਗ ਰੰਗਾਨੀ । ਹਰਿ ਕਾ ਨਾਮ ਸੰਗ ਨਿਭਾਏ ਵਾਲੀ ਦੋ ਜਹਾਨੀ । ਹਰਿ ਕਾ ਨਾਮ ਹਰਿ ਆਪ ਜਪਾਏ ਬਣ ਕੇ ਸਾਚਾ ਬਾਨੀ । ਹਰਿ ਕਾ ਨਾਮ ਅੰਤ ਚੁਕਾਏ ਜਮ ਕੀ ਕਾਨੀ । ਹਰਿ ਕਾ ਨਾਮ ਅੰਤਕਾਲ ਹੋ ਜਾਏ ਡਾਨੀ । ਹਰਿ ਕਾ ਨਾਮ ਕਲਜੁਗ ਮਿਟਾਏ ਝੂਠੀ ਜਗਤ ਨਿਸ਼ਾਨੀ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇਵੇ ਦਾਨੀ । ਹਰਿ ਕਾ ਨਾਮ ਹਰਿ ਜਗਦੀਸ਼ਰ । ਹਰਿ ਕਾ ਨਾਮ ਮਿਲਾਏ ਈਸ਼ਰ । ਹਰਿ ਕਾ ਨਾਮ ਕੋਟਨ ਕੋਟ ਗਾਇਣ ਪਤੀਸ਼ਰ । ਹਰਿ ਕਾ ਨਾਮ ਰਿਦੇ ਸਮਾਇਣ, ਸੁਨ ਸਮਾਧੀ ਲਾਇਣ ਵਡ ਮੁਨੀਸ਼ਰ । ਹਰਿ ਕਾ ਨਾਮ ਏਕਾ ਮੇਲ ਮਿਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲੇ ਇਕ ਜਗਦੀਸ਼ਰ । ਇਕ ਜਗਦੀਸ਼ ਰਾਖੋ ਚਿੱਤ । ਹਰਿ ਕਾ ਨਾਮ ਦੇਵੇ ਸਾਚਾ ਮਿੱਤ । ਹਰਿ ਕਾ ਨਾਮ ਸਾਚਾ ਹਿੱਤ । ਹਰਿ ਕਾ ਨਾਮ ਸਾਚਾ ਪਿਤ । ਹਰਿ ਕਾ ਨਾਮ ਰਸਨਾ ਜਪ ਮਾਨਸ ਜਾਏ ਕਲ ਜਿਤ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਬਣਿਆ ਸਾਚਾ ਪਿਤ । ਹਰਿ ਕਾ ਨਾਮ ਸਚ ਸੁਨੇਹੁੜਾ । ਹਰਿ ਕਾ ਨਾਮ ਆਪ ਕਟਾਏ ਜਮ ਕਾ ਜੇਵੜਾ । ਹਰਿ ਕਾ ਨਾਮ ਗੁਰਮੁਖ ਤੇਰਾ ਤਨ ਬਣਾਏ ਨਗਰ ਖੇੜਾ । ਹਰਿ ਕਾ ਨਾਮ ਆਪ ਕਟਾਏ ਤੇਰਾ ਲੱਖ ਚੁਰਾਸੀ ਗੇੜਾ । ਹਰਿ ਕਾ ਨਾਮ ਆਪ ਕਟਾਏ ਆਵਣ ਜਾਵਣ ਝੂਠਾ ਜਗਤ ਝੇੜਾ । ਹਰਿ ਕਾ ਨਾਮ ਵੇਲੇ ਅੰਤ ਕਰੇ ਨਬੇੜਾ । ਹਰਿ ਕਾ ਨਾਮ ਗੁਰਮੁਖਾਂ ਬੰਧ ਵਖਾਏ ਬੇੜਾ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸੋਹੰ ਸਾਚਾ ਬੇੜਾ । ਹਰਿ ਕਾ ਨਾਮ ਹਰਿ ਕੀ ਰੀਤੀ । ਹਰਿ ਕਾ ਨਾਮ ਹਰਿ ਕੀ ਪ੍ਰੀਤੀ । ਹਰਿ ਕਾ ਨਾਮ ਪਰਖੇ ਨੀਤੀ । ਹਰਿ ਕਾ ਨਾਮ ਕਾਇਆ ਕਰੇ ਪਤਿਤ ਪੁਨੀਤੀ । ਹਰਿ ਕਾ ਨਾਮ ਰਸਨਾ ਜਪ, ਹੋਏ ਸੀਤਲ ਸੀਤੀ । ਹਰਿ ਕਾ ਨਾਮ ਰਸਨਾ ਜਪ, ਜੀਵ ਔਧ ਹੱਥ ਨਾ ਆਏ ਬੀਤੀ । ਹਰਿ ਕਾ ਨਾਮ ਰਸਨਾ ਲਾਓ, ਮਦਿ ਸਾਚੀ ਨਾ ਉਤਰੇ ਪੀਤੀ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਜਾਓ ਜਗ ਜੀਤੀ । ਹਰਿ ਕਾ ਨਾਮ ਸਾਚੀ ਮੱਤ । ਹਰਿ ਕਾ ਨਾਮ ਆਤਮ ਜੱਤ । ਹਰਿ ਕਾ ਨਾਮ ਸਾਚਾ ਤਤ । ਹਰਿ ਕਾ ਨਾਮ ਆਪੇ ਦੇ ਸਮਝਾਏ ਮੱਤ । ਹਰਿ ਕਾ ਨਾਮ ਆਪੇ ਪਾੜੇ ਕਾਇਆ ਕੋਠੀ ਝੂਠੀ ਤਤ । ਹਰਿ ਕਾ ਨਾਮ ਆਤਮ ਸਾਚਾ ਬੀਜ ਬਿਜਾਏ ਸਾਚੇ ਵੱਤ । ਹਰਿ ਕਾ ਨਾਮ ਪ੍ਰਗਟ ਹੋਏ, ਮੇਲ ਮਿਲਾਏ ਪ੍ਰਭ ਅਬਿਨਾਸ਼ੀ ਸਾਚੇ ਪੱਤ । ਹਰਿ ਕਾ ਨਾਮ ਆਤਮ ਸਾਚੀ ਜੋਤ ਜਗਾਏ, ਏਕਾ ਰਾਹ ਦਿਸਾਏ ਸਤਿ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਏਕਾ ਸਤਿ । ਹਰਿ ਕਾ ਨਾਮ ਹਰਿ ਕੀ ਚਾਲ । ਹਰਿ ਕਾ ਨਾਮ ਹਰਿ ਨਿਭੇ ਨਾਲ । ਹਰਿ ਕਾ ਨਾਮ ਗੁਰਮੁਖ ਸਾਚੇ ਸਾਚੀ ਵਸਤ ਸੰਭਾਲ । ਹਰਿ ਕਾ ਨਾਮ ਅੰਤਮ ਅੰਤ ਹੋਏ ਰਖਵਾਲ । ਹਰਿ ਕਾ ਨਾਮ ਪੱਲੇ ਬੰਨ੍ਹ ਨਾ ਹੋਏ ਜੀਵਣ ਕੰਗਾਲ । ਹਰਿ ਕਾ ਨਾਮ ਹਰਿ ਹਰਿ ਦੇਵੇ ਸੱਚਾ ਧਨ ਮਾਲ । ਹਰਿ ਕਾ ਨਾਮ ਆਤਮ ਦੀਪਕ ਜੋਤੀ ਦੇਵੇ ਬਾਲ । ਹਰਿ ਕਾ ਨਾਮ ਮਾਣਕ ਮੋਤੀ ਰੱਖਣਾ

ਗੁਰਸਿਖ ਸੰਭਾਲ । ਗੁਰ ਸੰਗਤ ਤੇਰੀ ਧੰਨ ਕਮਾਈ । ਦਿਵਸ ਰੈਣ ਹਰਿ ਰਸਨਾ ਗਾਈ । ਮਾਨਸ ਜਨਮ ਹਰਿ ਸੁਫਲ ਕਰਾਈ । ਜੋ ਜਨ ਆਏ ਚਲ ਸਰਨਾਈ । ਊਚ ਨੀਚ ਦਾ ਭੇਵ ਨਾ ਰਾਈ । ਸਾਚੇ ਬੇੜੇ ਹਰਿ ਚੜ੍ਹਾਈ । ਸੋਹੰ ਚੱਪੂ ਹਰਿ ਆਪ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਬੰਨ੍ਹ ਵਖਾਈ । ਗੁਰ ਸੰਗਤ ਤੇਰੀ ਸਚ ਪੁਕਾਰ । ਪ੍ਰਭ ਅਬਿਨਾਸ਼ੀ ਪਾਏ ਸਾਰ । ਘਨਕਪੁਰ ਵਾਸੀ ਜਾਮਾ ਧਾਰ । ਆਪੇ ਕਰ ਸ਼ਬਦ ਵਿਚਾਰ । ਜੋ ਜਨ ਰਹੇ ਰਸਨ ਉਚਾਰ । ਦਿਵਸ ਰੈਣ ਰਸਨ ਗਾਇਆ ਸਵਾਸ ਸਵਾਸੀ, ਮੋਹਣ ਮਾਧਵ ਕ੍ਰਿਸ਼ਨ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਗੁਰ ਸੰਗਤ ਜਾਏ ਤਾਰ । ਗੁਰ ਸੰਗਤ ਗੁਰ ਸਾਚਾ ਪਾਇਆ । ਹਰਿ ਹਰਿ ਸਾਚਾ ਨਾਮ ਪ੍ਰਭ ਦਰ ਤੇ ਪਾਇਆ । ਦੇਹੀ ਭਾਂਡਾ ਸਚ ਵਸਤ ਹਰਿ ਇਕ ਥਾਰ ਰਖਾਇਆ । ਸਚ ਸ਼ਬਦ ਜਿਸ ਹਿਰਦੇ ਵਾਚਾ, ਤਿਨ ਜਮ ਨੇੜ ਨਾ ਆਇਆ । ਏਕਾ ਲੱਗੇ ਸ਼ਬਦ ਤਮਾਚਾ, ਦੂਰੋਂ ਭੱਜਣ ਵਾਹੋ ਦਾਹਿਆ । ਗੁਰਮੁਖ ਸਾਚਾ ਪ੍ਰਭ ਢਾਲੇ ਸਾਚੇ ਢਾਂਚੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਭੱਠੀ ਆਪ ਚੜ੍ਹਾਇਆ । ਗੁਰ ਸੰਗਤ ਮਨ ਚੜ੍ਹਿਆ ਚਾਓ । ਦਰ ਘਰ ਸਾਚੇ ਮਿਲਿਆ ਥਾਂਓ । ਰਾਮ ਨਾਮ ਹਰਿ ਸਾਚਾ ਦੇਵੇ ਆਤਮ ਝੋਲੀ ਭਰ ਲੈ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਗਾਓ । ਸੰਗਤ ਸਾਧ ਹਰਿ ਸਾਧ ਕੇ ਸੰਗ । ਮਾਤਲੋਕ ਕੱਟੇ ਭੁੱਖ ਨੰਗ । ਅੰਮ੍ਰਿਤ ਆਤਮ ਝਿਰਨਾ ਆਪ ਝਿਰਾਏ ਪਏ ਫੁਹਾਰਾ ਗੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਚਾੜ੍ਹੇ ਰੰਗ । ਅੰਮ੍ਰਿਤ ਰੰਗ ਆਪ ਚੜ੍ਹਾਵਣਾ । ਸਾਚਾ ਰਾਗ ਆਪ ਸੁਣਾਵਣਾ । ਝੂਠਾ ਦਾਗ ਆਪ ਮਿਟਾਵਣਾ । ਗੁਰਮੁਖ ਸੋਇਆ ਗਿਆ ਜਾਗ, ਪ੍ਰਭ ਅਬਿਨਾਸ਼ੀ ਦਰਸ ਦਿਖਾਵਣਾ । ਆਪ ਬੁਝਾਏ ਤ੍ਰਿਸ਼ਨਾ ਆਗ ਨਾ ਫੇਰ ਸਤਾਵਣਾ । ਤੇਰਾ ਆਤਮ ਜਗੇ ਗੁਰ ਦਰ ਚਿਰਾਗ, ਬਿਨ ਬਾਤੀ ਬਿਨ ਤੇਲ ਜਗਾਵਣਾ । ਪ੍ਰਭ ਦਰ ਉਠ ਚਰਨੀ ਲਾਗ, ਵੇਲਾ ਗਿਆ ਹੱਥ ਨਾ ਆਵਣਾ । ਸਤਿਜੁਗ ਲੱਗੇ ਪਹਿਲੀ ਮਾਘ, ਪ੍ਰਭ ਅਬਿਨਾਸ਼ੀ ਸਾਚਾ ਭੇਵ ਖੁਲ੍ਹਾਵਣਾ । ਆਪ ਬਣਾਏ ਹੰਸ ਕਾਗ, ਸਾਧ ਸੰਗਤ ਦੇ ਵਿਚ ਰਲਾਵਣਾ । ਆਪੇ ਪਕੜੇ ਤੇਰੀ ਅੰਤਮ ਵਾਗ, ਗੁਰਮੁਖ ਸਾਚੇ ਪ੍ਰਭ ਸਾਚਾ ਲੇਖ ਲਿਖਾਵਣਾ । ਆਤਮ ਲਾਏ ਸੋਹੰ ਸਾਚੀ ਜਾਗ, ਸ਼ਬਦ ਭੰਡਾਰਾ ਆਪ ਵਟਾਵਣਾ । ਕਲਜੁਗ ਮਾਇਆ ਡਸਣੀ ਨਾਗ, ਝੂਠੇ ਧੰਦੇ ਮੋਹ ਨਾ ਲਾਵਣਾ । ਧੰਨ ਧੰਨ ਧੰਨ ਗੁਰ ਸੰਗਤ ਤੇਰੇ ਭਾਗ, ਪ੍ਰਭ ਅਬਿਨਾਸ਼ੀ ਦਰਗਹਿ ਸਾਚੀ ਮਾਣ ਦਵਾਵਣਾ । ਗੁਰ ਸੰਗਤ ਸੰਗਤ ਗੁਰ । ਏਕਾ ਦਰ ਦਵਾਰੇ ਬੈਠੇ ਜੁੜ । ਦੋਹਾਂ ਹੋਇਆ ਏਕਾ ਪੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਨਿਭਾਏ ਤੇਰੀ ਤੋੜ । ਤੋੜ ਨਿਭਾਏ ਗੁਰ ਸੰਗਤ ਤੇਰੀ । ਪ੍ਰਭ ਅਬਿਨਾਸ਼ੀ ਨਾ ਕਰੇ ਹੇਰਾ ਫੇਰੀ । ਏਕਾ ਦੇਵੇ ਸ਼ਬਦ ਦਲੇਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਕਲ ਪਾਏ ਫੇਰੀ । ਗੁਰ ਸੰਗਤ ਗੁਣ ਮਾਣ ਦਵਈਆ । ਸਾਚੀ ਨਈਆ ਆਪ ਚੜ੍ਹਈਆ । ਸਾਚੇ ਭਾਣੇ ਵਿਚ ਰਖਈਆ । ਬਿਰਧ ਬਾਲ ਜਵਾਨ ਤਰਈਆ । ਜੋ ਜਨ ਆਏ ਸਰਨ ਢਹਿ ਪਈਆ । ਸਚ ਸੁੱਚ ਹਰਿ ਵਰਤਾਰ ਰਖਈਆ । ਏਕਾ ਕਾਰ ਏਕਾ ਧਾਰ ਏਕਾ ਜੈਕਾਰ ਸ਼ਬਦ ਰਖਈਆ । ਇਕ ਵਿਚਾਰ ਇਕ ਸੰਸਾਰ ਇਕ ਕਰਤਾਰ ਇਕ ਵਿਹਾਰ ਇਕ ਆਪੇ ਆਪ ਰਖਈਆ । ਇਕ ਮੁਰਾਰ ਇਕ ਦਸਤਾਰ ਇਕ ਤਲਵਾਰ ਸੋਹੰ ਤਿਖੀ ਧਾਰ ਪ੍ਰਭ ਆਪਣੇ ਹੱਥ ਉਠਈਆ । ਇਕ ਸਿਕਦਾਰ ਸ੍ਰਿਸ਼ਟ ਸਬਾਈ ਹੋਏ ਪਨਿਹਾਰ, ਪ੍ਰਭ ਅਬਿਨਾਸ਼ੀ ਏਕਾ ਛਤਰ ਸੀਸ

ਝੁਲਈਆ । ਰਾਓ ਉਮਰਾਓ ਆਉਣ ਦਰਬਾਰ, ਦੋਏ ਜੋੜ ਕਰਨ ਨਿਮਸਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤਖ਼ਤ ਸੱਚੀ ਸਰਕਾਰ ਬਣਈਆ । ਸਚ ਤਖ਼ਤ ਸਚ ਸੁਲਤਾਨਾ । ਉਤੇ ਬੈਠੇ ਜਿਉਂ ਕ੍ਰਿਸ਼ਨਾ ਕਾਹਨਾ । ਜੋਤ ਸਰੂਪੀ ਪਹਰਿਆ ਬਾਣਾ । ਕਲਜੁਗ ਝੂਠਾ ਭੇਖ ਮਿਟਾਣਾ । ਸਤਿਜੁਗ ਸਾਚਾ ਲੇਖ ਲਿਖਾਣਾ । ਸਤਿਜੁਗ ਸਾਚਾ ਮਾਰਗ ਲਾਣਾ । ਵਾਲੀ ਹਿੰਦ ਪਕੜ ਉਠਾਣਾ । ਆਪ ਆਪਣੀ ਸਰਨ ਲਗਾਣਾ । ਸਾਚਾ ਹੁਕਮ ਆਪ ਫ਼ਰਮਾਣਾ । ਚਾਰ ਵਰਨ ਇਕ ਕਰਾਨਾ । ਏਕਾ ਦੂਜ ਰਹਿਣ ਨਾ ਪਾਣਾ । ਭੈ ਭਿਆਨਕ ਦਰਸ ਦਿਖਾਣਾ । ਅਚਨ ਅਚਾਨਕ ਖੇਲ ਵਰਤਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਪਣਾ ਆਪ ਚਲਾਏ ਵਰਤਾਏ ਕਰੇ ਕਰਾਏ ਆਪਣਾ ਭਾਣਾ । ਵਾਲੀ ਹਿੰਦ ਆਪ ਉਠਾ ਕੇ । ਦਰਸ਼ਨ ਦੇਵੇ ਸੁਤਿਆਂ ਜਾ ਕੇ । ਦਇਆ ਕਮਾਏ ਦਰ ਘਰ ਜਾ ਕੇ । ਆਪੇ ਆਏ ਗਲੇ ਲਗਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ ਚਰਨ ਲਗਾਏ ਜਾਏ ਮਾਣ ਦਵਾ ਕੇ । ਵਾਲੀ ਹਿੰਦ ਆਪ ਉਠਾਵਣਾ । ਬਾਹੋਂ ਪਕੜ ਚਰਨ ਲਗਾਵਣਾ । ਸਚ ਮਾਰਗ ਆਪ ਬਤਾਵਣਾ । ਸਾਰੰਗ ਧਰ ਭਗਵਾਨ ਬੀਠਲਾ ਆਪ ਅਖਵਾਵਣਾ । ਕਲਜੁਗ ਜੀਵ ਕੌੜਾ ਰੀਠੜਾ ਭੰਨ ਵਖਾਵਣਾ । ਸੋਹੰ ਸਾਚਾ ਨਾਮ ਮੀਠਲਾ, ਪ੍ਰਭ ਸ੍ਰਿਸ਼ਟ ਸਬਾਈ ਆਪ ਸੁਣਾਵਣਾ । ਹਰਿ ਹਰਿ ਸਾਚਾ ਨੇਤਰ ਡੀਠਲਾ, ਉਤਰੇ ਪਾਰ ਜੋ ਦਰ ਆਏ ਭੁੱਲ ਬਖ਼ਸ਼ਾਵਣਾ । ਸ੍ਰਿਸ਼ਟ ਸਬਾਈ ਪੀਠਨ ਪੀਠਲਾ ਅੰਤ ਨਾ ਕਿਸੇ ਛੁਡਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਡੰਕ ਵਜਾਵਣਾ । ਪੁਰੀ ਘਨਕ ਵਜਾਉਣਾ ਡੰਕ, ਸੁਹਾਣਾ ਬੰਕ ਪਕੜ ਲਿਆਵਣਾ । ਰਾਓ ਰੰਕ ਗੁਰਮੁਖਾਂ ਨਾਮ ਉਪਜਾਏ ਜਿਉਂ ਰਾਜਾ ਜਨਕ,
ਜੋਤ ਸਰੂਪੀ ਲਾਉਣੀ ਤਨਕ ਦੀਪਕ ਜੋਤੀ ਇਕ ਟਿਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਗਵਾਵਣਾ । ਸਤਿ ਸਤਿ ਨਾਮ ਖਜ਼ਾਨਿਆਂ । ਦੇਵੇ ਵਡ ਵਡ ਵਡ ਭਗਵਾਨਿਆਂ । ਕਲਜੁਗ ਗਿਆ ਤਰ, ਸਤਿਜੁਗ ਦਿਸੇ ਸਚ ਨਿਸ਼ਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਨਰਾਇਣ ਹਰੇ, ਕਲਜੁਗ ਬੇੜਾ ਪਾਰ ਕਰੇ ਗੁਰਸਿਖਾਂ ਕਰ ਮਿਹਰਬਾਨੀਆਂ । ਮਿਹਰਵਾਨ ਆਪ ਦਇਆਵਾਨ । ਗੁਰਮੁਖ ਸਾਚੇ ਬੂਝੇ ਬੁਝਾਨ । ਖਾਣੀ ਬਾਣੀ ਗਗਨ ਪਤਾਲੀ ਪਵਣ ਪਾਣੀ ਪ੍ਰਭ ਏਕ ਮਸਾਣ । ਜੋਤੀ ਜੋਤ ਸਰੂਪ ਹਰਿ ਸਾਚਾ ਲੇਖ ਲਿਖਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਪੂਰਨ ਭਗਵਾਨ । ਸਚ ਨਾਮ ਅਧਾਰ ਹਰਿ ਜਗਤ ਵੱਖਰ ਹਰਿ ਜਾਨ । ਸਚ ਨਾਮ ਅਰਾਧਿਆ, ਹਰਿ ਮਿਲਿਆ ਦਰ ਘਰ ਆਨ । ਹਰਿਜਨ ਕੇ ਅੱਗੇ ਆਇਆ ਬਾਧਿਆ, ਧਰਿਆ ਆਤਮ ਇਕ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਮਿਲਿਆ ਆਣ । ਗੁਰ ਪ੍ਰਸਾਦ ਰਸਨਾ ਲਾਵਨਾ । ਕਰ ਕਿਰਪਾ ਆਪ ਵਰਤਾਵਣਾ । ਗੁਰ ਸੰਗਤ ਮੁਖ ਲਗਾਵਣਾ । ਗੁਰਮੁਖ ਦਰ ਸਾਚੇ ਆਏ ਪੂਰ ਕਰਾਏ ਭਾਵਨਾ । ਦਿਵਸ ਰੈਣ ਜਨ ਹਿਰਦੇ ਵਾਚੇ, ਕਾਇਆ ਅਗਨ ਆਪ ਬੁਝਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਾਰ ਉਤਾਰੇ ਜਿਉਂ ਧਾਰੇ ਰੂਪ ਬਾਵਨਾ । ਗੁਰ ਸੰਗਤ ਗੁਰ ਹਿਰਦੇ ਵਿਚ ਵਸਾਵਣਾ । ਮਾਨਸ ਜਨਮ ਸੁਫਲ ਕਰਾਵਣਾ । ਦਰਗਹਿ ਸਾਚੀ ਹਰਿ ਮਾਣ ਦਵਾਵਣਾ । ਪਿਛਲਾ ਲੇਖਾ ਜਾਏ ਮੁੱਕ, ਅੱਗੇ ਹਰਿ ਮਾਰਗ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਗੁਰ ਸੰਗਤ ਮਾਣ ਦਵਾਵਣਾ । ਨਿਹਕਲੰਕ ਨਰ ਨਰਾਇਣ ਅਵਤਾਰ, ਗੁਰਮੁਖ ਸਾਚਾ ਵਾਂਗ ਬਲ ਆਪ ਤਰਾਵਣਾ । ਗੁਰ ਪ੍ਰਸਾਦੀ ਗੁਰ ਪੂਰਾ

ਜਾਨਿਆਂ । ਦਰ ਘਰ ਆਏ ਆਪ ਪਛਾਨਿਆਂ । ਸੋਹੰ ਦੇਵੇ ਦਾਨ ਹਰਿ ਭਗਵਾਨਿਆਂ । ਆਤਮ ਦੇਵੇ ਗਿਆਨ, ਮਿਟਾਵੇ ਅੰਧ ਅੰਧਿਆਨਿਆਂ । ਏਕਾ ਬੁਝੇ ਦਰ ਸਾਚਾ ਸੁਝੇ ਬ੍ਰਹਮ ਗਿਆਨ, ਗੁਰਮੁਖਾਂ ਹਰਿ ਵਿਚ ਸਮਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਗੁਰਮੁਖਾਂ ਮਾਨਿਆਂ । ਗੁਰਮੁਖ ਤੇਰਾ ਦਰ ਦਵਾਰਾ । ਆਪ ਦਿਖਾਏ ਸੱਚਾ ਘਰ ਬਾਹਰਾ । ਜੋਤ ਸਰੂਪੀ ਜਾਮਾ ਧਾਰਾ । ਆਵੇ ਚੱਲ ਦਰ ਹਰਿ ਕਰਤਾਰਾ । ਸਤਿਜੁਗ ਜਾਏ ਜਿਉਂ ਬਲ ਦਵਾਰਾ । ਅਛਲ ਅਛਲ ਕਰੇ ਅਪਾਰਾ । ਅਛਲ ਅਛਲ ਕਰ ਆਪ ਛਲ ਜਾਏ ਸਰਬ ਸੰਸਾਰਾ । ਦਰ ਘਰ ਸਾਚਾ ਜਿਸ ਜਨ ਮਲਿਆ, ਪ੍ਰਭ ਅਬਿਨਾਸ਼ੀ ਕਰ ਕਿਰਪਾ ਪਾਰ ਉਤਾਰਾ । ਪ੍ਰਭ ਅਬਿਨਾਸ਼ੀ ਤੇਰੇ ਆਤਮ ਦਰ ਦਵਾਰੇ ਆਏ ਖਲਿਆ, ਜੋਤ ਸਰੂਪੀ ਦੀਪ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਲੇਖੇ ਲਾਇਆ ਤੇਰਾ ਆਇਆ ਵਰ ਭੰਡਾਰਾ । ਗੁਰ ਪ੍ਰਸਾਦਿ ਆਤਮ ਰਸ । ਪ੍ਰਭ ਅਬਿਨਾਸ਼ੀ ਹੋਇਆ ਵਸ । ਮਾਤਲੋਕ ਰਾਹ ਸਾਚਾ ਜਾਏ ਦਸ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸ਼ਬਦ ਡੋਰ ਬੰਨ੍ਹੇ ਕਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅੰਧੇਰ ਮਿਟਾਏ ਜਿਉਂ ਚੰਦ ਮਸ । ਸ਼ਬਦ ਡੋਰੀ ਹਰਿ ਦੇਵੇ ਬੰਨ੍ਹ । ਸਾਚਾ ਸ਼ਬਦ ਸੁਣਾਏ ਕੰਨ । ਗੁਰਮੁਖ ਆਤਮ ਜਾਏ ਮਨ । ਕਲਜੁਗ ਅਗਨ ਨਾ ਲਾਗੇ ਤਨ । ਕਲਜੁਗ ਦੂਤ ਨਾ ਦੇਵੇ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਵਿਚ ਮਾਤ ਨਾ ਲੱਗੇ ਸੰਨ੍ਹ । ਸੰਨ੍ਹ ਨਾ ਲਾਗੇ ਹਰਿ ਕੇ ਘਰ । ਓਥੇ ਰਹਿਣ ਬੰਦ ਕਵਾੜ, ਆਪੇ ਖੋਲ੍ਹੇ ਕਿਰਪਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਦਸਵੇਂ ਦਵਾਰ । ਦਸਮ ਦਵਾਰਾ ਆਪ ਖੁਲ੍ਹਾਏ । ਜੋਤ ਅਕਾਰਾ ਆਪ ਕਰਾਏ , ਸਚ ਘਰ ਬਾਹਰਾ ਆਪ ਦਿਖਾਏ । ਏਕਾ ਜੋਤ ਸ਼ਬਦ ਗੁੰਜਾਰਾ ਆਪ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੇ ਮੁਨ ਸੁੰਨ ਆਪ ਖੁਲ੍ਹਾਏ । ਨਾਮ ਭੰਡਾਰਾ ਗੁਰ ਦਰ ਵਰਤੇ । ਗੁਰਮੁਖ ਵਿਰਲੇ ਆਇਣ ਦਰ ਤੇ । ਪ੍ਰਭ ਅਬਿਨਾਸ਼ੀ ਆਤਮ ਝੋਲੀ ਆਪੇ ਭਰਤੇ । ਅਚਰਜ ਖੇਲ ਕੀਆ ਕਲ ਕਾਦਰ ਕਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਮਿਲੀ ਵਧਾਈ, ਪੰਚਮ ਜੇਠ ਹੋਏ ਰੁਸ਼ਨਾਈ, ਅੰਧ ਅੰਧੇਰ ਮਿਟਾਈ, ਦੇਵੇ ਸਾਚਾ ਮਾਣ ਤਾਣ ਜੋ ਜਨ ਆਏ ਦਰ ਤੇ । ਸਾਚਾ ਮਾਣ ਦੇਵੇ ਗੁਰ ਪੂਰਾ । ਸਰਬ ਕਲਾ ਸਮਰਥ ਆਪ ਉਤਾਰੇ ਆਤਮ ਸਗਲ ਵਸੂਰਾ । ਆਪੇ ਰੱਖੇ ਦੇ ਕਰ ਹੱਥ, ਸੋਹੰ ਸ਼ਬਦ ਉਪਜਾਵੇ ਸਾਚੀ ਤੂਰਾ । ਸੋਹੰ ਨਾਮ ਦੇਵੇ ਸਾਚੀ ਵਥ, ਝੂਠਾ ਲੋਭ ਕਢਾਏ ਕੂੜਾ । ਆਪ ਚੜ੍ਹਾਏ ਸੋਹੰ ਸਾਚੇ ਰਥ, ਅੰਤਮ ਪਾਰ ਕਰਾਏ ਪੂਰਾ । ਪ੍ਰਭ ਦੀ ਮਹਿੰਮਾ ਬੜੀ ਅਕੱਥ, ਕਿਆ ਕੋਈ ਕਥੇ ਵਡ ਦਾਤਾ ਵਡ ਸੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਆਤਮ ਜੋਤ ਜਗਾਇਆ ਏਕਾ ਨੂਰਾ । ਗੁਰ ਪ੍ਰਸਾਦਿ ਗੁਰ ਕਿਰਪਾ ਧਾਰੇ । ਗੁਰ ਸੰਗਤ ਬਣਿਆ ਹਰਿ ਵਰਤਾਰੇ । ਦਰ ਆਈ ਸੰਗਤ ਪ੍ਰਭ ਭਰੇ ਭੰਡਾਰੇ । ਏਕਾ ਚਾੜ੍ਹੇ ਨਾਮ ਰੰਗਤ, ਰੰਗ ਮਜੀਠੀ ਅਪਰ ਅਪਾਰੇ । ਆਪ ਬਣਾਏ ਸਾਚੀ ਸੰਗਤ, ਮਾਤ ਬਿਠਾਏ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਧਾਰੇ । ਤਨ ਕਾਇਆ ਕਪੜ ਹਰਿ ਸੁਹਾਵਣਾ । ਗੁਰਸਿਖ ਤੇਰਾ ਆਤਮ ਜੋਤੀ ਦੀਪ ਜਗਾਵਣਾ । ਗੂੜੀ ਨੀਂਦ ਆਤਮ ਸੋਤੀ, ਪ੍ਰਭ ਸ਼ਬਦ ਧੁਨ ਦੇ ਆਪ ਜਗਾਵਣਾ । ਦੁਰਮਤ ਮੈਲ ਜਾਏ ਧੋਤੀ, ਜਿਸ ਜਨ ਚਰਨੀ ਸੀਸ ਨਿਵਾਵਣਾ । ਏਕਾ ਹਰਿ ਏਕਾ ਗੋਤੀ, ਹਰਿ ਏਕਾ ਰੰਗ ਰੰਗਾਵਣਾ । ਗੁਰਮੁਖਾਂ ਬਣਾਏ ਹਰਿ ਸਾਚਾ ਮੋਤੀ, ਗਲ ਆਪਣੇ ਵਿਚ ਲਟਕਾਵਣਾ । ਮਹਾਰਾਜ ਸ਼ੇਰ ਸਿੰਘ

੧੦੩
੦੩

ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਗੁਰਮੁਖਾਂ ਮਾਣ ਦਵਾਵਣਾ । ਗੁਰਮੁਖ ਸਾਚਾ ਸ਼ਬਦ ਕਮਾਓ । ਦਰ ਘਰ ਸਾਚੇ ਪ੍ਰਭ ਅਬਿਨਾਸ਼ੀ ਆਪਣਾ ਆਪੇ ਪਾਓ । ਸ੍ਰਿਸ਼ਟ ਸਬਾਈ ਅੰਤ ਵਿਨਾਸੀ, ਏਥੇ ਕੋਈ ਰਹਿਣ ਨਾ ਪਾਵਣਾ । ਏਕਾ ਜੋਤ ਪ੍ਰਭ ਅਬਿਨਾਸ਼ੀ ਆਦਿ ਜੁਗਾਦਿ ਹਰਿ ਇਕ ਥਾਂਓ ਰਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਵਣਾ । ਰਾਜ ਜੋਗ ਹਰਿ ਕੇ ਘਰ । ਪੂਰਨ ਭੋਗ ਰਸਨ ਉਚਰ । ਮਿਟੇ ਸੋਗ ਆਤਮ ਧਰ । ਨਾ ਹੋਏ ਵਿਜੋਗ ਸਰਨੀ ਪੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਧਰਨੀ ਧਰ । ਧਰੇ ਜੋਤ ਆਪ ਗਿਰਧਾਰੀ । ਫੜ ਫੜ ਬਾਹੋਂ ਗੁਰਸਿਖਾਂ ਜਾਏ ਤਾਰੀ । ਸਾਚਾ ਸ਼ਬਦ ਸੱਚੀ ਅਸਵਾਰੀ । ਗੁਰਮੁਖ ਰਹੇ ਇਕ ਉਡਾਰੀ । ਦੇਵੇ ਆਪ ਹਰਿ ਨਿਰੰਕਾਰੀ । ਤੀਨ ਲੋਕ ਜਿਸ ਚਰਨ ਪਨਿਹਾਰੀ । ਮਾਹਣਾ ਸਿੰਘ ਤੇਰੀ ਸਚ ਅਟਾਰੀ । ਚਰਨ ਛੁਹਾਏ ਜੋਤ ਸਰੂਪ, ਨਿਹਕਲੰਕ ਨਿਰੰਕਾਰੀ । ਉਤਰਿਆ ਪਾਰ ਤੇਜਾ ਸਿੰਘ ਸਪੂਤ, ਪ੍ਰਭ ਚਰਨ ਜਾਏ ਬਲਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਾਏ ਪਾਰ ਉਤਾਰੀ ।

### ❊ ੧੨ ਜੇਠ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭੁਲਾਈ ਪੁਰ ਡੋਗਰਾ ❊



ਹਰਿ ਕਰਤਾ ਕਰਮ ਕਮਾਇੰਦਾ । ਵਿਚ ਮਾਤ ਜੋਤ ਧਰਾਇੰਦਾ । ਆਪਣਾ ਭੇਵ ਆਪ ਖੁਲ੍ਹਾਇੰਦਾ । ਲੇਖਾ ਸਾਚਾ ਆਪ ਲਿਖਾਇੰਦਾ । ਦਰਗਹਿ ਸਾਚੀ ਮਾਣ ਦਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇੰਦਾ । ਜੋਤ ਸਰੂਪੀ ਜਾਮਾ ਧਾਰੇ । ਪੁਰੀ ਘਨਕ ਲਏ ਅਵਤਾਰੇ । ਜੂਠੇ ਝੂਠੇ ਜੀਵ ਗਵਾਰੇ । ਮਾਇਆ ਮੂਠੇ ਆਤਮ ਹੋਏ ਅੰਧ ਅੰਧਿਆਰੇ । ਭੱਜੇ ਫਿਰਨ ਨਾਲ ਸ਼ਿਕਾਰੀ, ਪ੍ਰਭ ਅਬਿਨਾਸ਼ੀ ਪਾਈ ਨਾ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਗਾਹੋਂ ਆਪ ਦੁਰਕਾਰੇ । ਘਨਕਪੁਰ ਵਾਸੀ ਮਾਰੇ ਡੰਕ । ਇਕ ਕਰਾਏ ਰਾਓ ਰੰਕ । ਆਪ ਸੁਹਾਏ ਸਾਚਾ ਥਾਉਂ ਬੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਮਹਿੰਮਾ ਬੜੀ ਅਗਣਤ । ਮਾਤਲੋਕ ਹਰਿ ਜਾਮਾ ਧਾਰੇ । ਅਚਰਜ ਖੇਲ ਕਰੇ ਕਰਤਾਰੇ । ਗੁਰਮੁਖ ਸਾਚੇ ਆਪ ਉਠਾਏ ਸਾਚਾ ਦੇਵੇ ਸ਼ਬਦ ਅਧਾਰੇ । ਬਾਹੋਂ ਪਕੜ ਆਪ ਉਠਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਸਚ ਘਰ ਦੀਪਕ ਪ੍ਰਗਾਸਿਆ । ਹਰਿ ਆਇਆ ਸ਼ਾਹੋ ਸ਼ਾਬਾਸਿਆ । ਗੁਰਮੁਖਾਂ ਆਤਮ ਕਰੇ ਰਹਿਰਾਸਿਆ । ਸਾਚਾ ਸ਼ਬਦ ਆਪ ਧਰੇ ਧਰਵਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਕਰੇ ਬੰਦ ਖਲਾਸਿਆ । ਦਰ ਘਰ ਸਾਚਾ ਲਿਆ ਪਛਾਣ । ਏਕਾ ਜੋਤ ਜਗੀ ਭਗਵਾਨ । ਸਾਧ ਸੰਗਤ ਰਲ ਬੈਠੀ ਆਣ । ਸੋਹੰ ਸ਼ਬਦ ਹਰਿ ਦੇਵੇ ਦਾਨ । ਜੋ ਜਨ ਆਤਮ ਕਰੇ ਧਿਆਨ । ਪ੍ਰਭ ਅਬਿਨਾਸ਼ੀ ਦੇਵੇ ਬ੍ਰਹਮ ਗਿਆਨ । ਸੁਰਤ ਸ਼ਬਦ ਹਰਿ ਮੇਲ ਮਿਲਾਣ । ਦੂਈ ਦਵੈਤ ਪਰਦਾ ਲਾਹਣ । ਕਰਮ ਜਰਮ ਦੋਏ ਬਣ ਜਾਣ । ਜੋ ਜਨ ਚਰਨੀ ਡਿਗਣ ਆਣ । ਜਨਮ ਮਰਨ ਚੁਕੇ ਜਮ ਕੀ ਕਾਣ । ਚਰਨ ਧੂੜ ਕਰ ਇਸ਼ਨਾਨ । ਏਕਾ ਦੇਵੇ ਸੋਹੰ ਹਰਿ ਸਾਚਾ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਇਕ ਦਵਾਰਾ ਸਾਚਾ ਮਾਣੋ । ਪ੍ਰਭ ਅਬਿਨਾਸ਼ੀ

੧੦੪ ੦੩

ਹਰਿ ਪਛਾਣੋ । ਕਲਜੁਗ ਜੀਵ ਭੁੱਲ ਨਾ ਬਣ ਅੰਜਾਣੋ । ਵੇਲਾ ਗਿਆ ਫੇਰ ਪਛਤਾਣੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਸਾਚਾ ਜਾਣੋ । ਨਿਹਕਲੰਕ ਹਰਿ ਨਰ ਅਵਤਾਰੀ । ਜੋਤ ਸਰੂਪੀ ਖੇਲ ਅਪਾਰੀ । ਆਵੇ ਜਾਵੇ ਵਾਰੋ ਵਾਰੀ । ਵਰਤੇ ਵਰਤਾਵੇ ਵਿਚ ਸੰਸਾਰੀ । ਤੀਨ ਲੋਕ ਏਕਾ ਕਾਰੀ । ਪ੍ਰਭ ਅਬਿਨਾਸ਼ੀ ਵਡ ਸੰਸਾਰੀ । ਲੱਖ ਚੁਰਾਸੀ ਜੋਤ ਅਧਾਰੀ । ਭੁੱਲੇ ਜੀਵ ਮੁਗਧ ਗਵਾਰੀ । ਪ੍ਰਭ ਅਬਿਨਾਸ਼ੀ ਸਚ ਵਿਚਾਰੀ । ਦੋਏ ਜੋੜ ਕਰ ਚਰਨ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਨਰਾਇਣ ਨਰ ਹਰਿ ਜਾਮਾ ਧਾਰੇ । ਪਾਰਬ੍ਰਹਮ ਰੂਪ ਕਰਤਾਰੇ । ਏਕਾ ਕਰਮ ਕਰੇ ਵਿਚ ਸੰਸਾਰੇ । ਏਕਾ ਧਰਮ ਧਰੇ ਊਚ ਨੀਚ ਦਾ ਭੇਵ ਮਿਟਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਾਜ ਆਪ ਸਵਾਰੇ । ਊਚ ਨੀਚ ਹਰਿ ਏਕਾ ਕਰਨਾ । ਪ੍ਰਭ ਅਬਿਨਾਸ਼ੀ ਧਰਨੀ ਧਰਨਾ । ਸੋਹੰ ਸਾਚਾ ਅੰਮ੍ਰਿਤ ਭਰਨਾ । ਗੁਰਮੁਖ ਵਿਰਲੇ ਕਲਜੁਗ ਵਰਨਾ । ਬੇਮੁਖਾਂ ਦਰ ਦਵਾਰੇ ਭੁੱਲੇ ਫਿਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨੀ ਜੁੜਨਾ । ਚਰਨ ਲਾਗ ਪ੍ਰਭ ਦੇਵੇ ਮਤ । ਸ਼ਬਦ ਰਖਾਵੇ ਸਾਚਾ ਤਤ । ਆਤਮ ਧੀਰਜ ਦੇਵੇ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਪ ਜਪਾਵੇ ਆਪੇ ਦੇ ਸਮਝਾਵੇ ਮਤ । ਸਚ ਨਾਮ ਹਰਿ ਦਰ ਤੇ ਪਾਉਣਾ । ਆਪ ਆਪਣਾ ਭੇਵ ਖੁਲ੍ਹਾਉਣਾ । ਆਤਮ ਦਰ ਖੁਲ੍ਹਾਣਾ, ਏਕਾ ਦਰਸ ਅਮੋਘ ਦਿਖਾਉਣਾ । ਸਚ ਸੋਹੰ ਰਸਨਾ ਗਾਵਣਾ ਨਾ ਹੋਏ ਵਿਜੋਗ ਘਨਕਪੁਰ ਵਾਸੀ ਤੇਰੀ ਚਰਨੀ ਸੀਸ ਝੁਕਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਡੰਕ ਵਜਾਉਣਾ । ਆਓ ਦਰ ਚਰਨ ਦਵਾਰੇ । ਦੇਵੇ ਨਾਮ ਪੰਚਮ ਜੇਠ ਲਿਆ ਅਵਤਾਰੇ ।



ਪੁਰੀ ਘਨਕ ਹਰਿ ਜੋਤ ਜਗਾਰੇ । ਸ੍ਰਿਸ਼ਟ ਸਬਾਈ ਹੋਏ ਉਜਿਆਰੇ । ਏਕਾ ਸ਼ਬਦ ਧੁਨਕਾਰ ਸ੍ਰਿਸ਼ਟ ਸਬਾਈ ਗੁਰਮੁਖ ਸਾਚੇ ਲੈਣ ਸੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਆਏ ਦਰ ਲਿਆ ਵਰ, ਮਿਲੇ ਹਰਿ ਚੁਕੇ ਡਰ, ਜਾਓ ਤਰ ਨਹਾਓ ਸਰ, ਸਾਚੇ ਘਰ ਜਿਥੇ ਬੈਠਾ ਜੋਤ ਧਰ । ਏਕਾ ਏਕ ਦਿਸਾਏ ਘਰ । ਆਵਣ ਜਾਵਣ ਗੇੜ ਨਿਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਮਾਤਲੋਕ ਆਇਆ ਭੇਖ ਧਰ । ਵੇਖ ਵਖਾਇਆ ਜਗਤ ਭੁਲਾਇਆ । ਖ਼ਾਕ ਰੁਲਾਇਆ ਸਾਰ ਨਾ ਪਾਇਆ । ਮਦਿਰਾ ਮਾਸੀ ਦਰ ਦੁਰਕਾਇਆ । ਆਤਮ ਵੱਜੇ ਝੂਠੇ ਪਾਪਾਂ ਜਿੰਦਾ ਨਾ ਕਿਸੇ ਤੁੜਾਇਆ । ਆਪ ਬਣਾਏ ਸਾਚੇ ਬੰਦੇ, ਆਪ ਆਪਣਾ ਸਿਰ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚਾ ਮੇਲ ਮਿਲਾਇਆ । ਆਪ ਆਪਣਾ ਮੇਲ ਮਿਲਾਏ । ਆਤਮ ਜੋਤੀ ਜੋਤ ਜਗਾਏ । ਬਿਨ ਬਾਤੀ ਬਿਨ ਤੇਲ ਰਖਾਏ । ਗੁਰਮੁਖ ਸਾਚੇ ਸੰਤ ਜਨਾਂ ਸਾਚਾ ਸੱਜਣ ਸੈਣ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਆਪ ਆਪਣਾ ਰੰਗ ਰੰਗਾਏ । ਸਚ ਰੰਗ ਹਰਿ ਹਰਿ ਕਾ ਵਾਸ । ਵਿਚ ਜੋਤ ਇਕ ਅਬਿਨਾਸ਼ । ਸ੍ਰਿਸ਼ਟ ਸਬਾਈ ਹੋਏ ਉਦਾਸ । ਗੁਰਮੁਖ ਸਾਚੇ ਤੇਰੇ ਹਿਰਦੇ ਹਰਿ ਰੱਖੇ ਵਾਸ । ਏਕਾ ਜੋਤ ਕਰੇ ਪ੍ਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਵਸੇ ਆਸ ਪਾਸ । ਆਸ ਪਾਸ ਸਦ ਵਸੇਰਾ । ਪ੍ਰਭ ਅਬਿਨਾਸ਼ੀ ਨੇਰਨ ਨੇਰਾ । ਸ਼ਬਦ ਸਰੂਪੀ ਪਾਏ ਘੇਰਾ । ਆਪ ਤੁੜਾਏ ਜੰਮ ਕਾ ਜੇੜਾ । ਬਿਨ ਗੁਰ ਪੂਰੇ ਪਾਰ ਲੰਘਾਵੇ ਕਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੰਨ੍ਹ ਵਖਾਏ ਬੇੜਾ । ਗੁਰਮੁਖਾਂ ਹਰਿ

ਪਾਰ ਲੰਘਾਏ । ਸੋਹੰ ਸਾਚੀ ਨਾਓ ਚਲਾਏ । ਏਕਾ ਚੱਪੂ ਨਾਮ ਲਗਾਏ । ਪਹਿਲੇ ਪੂਰ ਪਾਰ ਕਰਾਏ । ਦੂਰੋਂ ਨੇੜਿਉਂ ਸਦ ਲਿਆਏ । ਮਾਝੇ ਦੇਸ ਹੋਏ ਰੁਸ਼ਨਾਏ । ਜੂਠੇ ਝੂਠੇ ਰਹੇ ਮੁਖ ਛੁਪਾਏ । ਮਦਿਰਾ ਮਾਸੀ ਆਤਮ ਰੁਠੇ ਸਦਾ ਰਹੇ ਹਲਕਾਏ । ਗੁਰਮੁਖ ਸਾਚੇ ਆਤਮ ਅਨੂਠੇ ਪ੍ਰਭ ਅੰਮ੍ਰਿਤ ਸਾਚਾ ਸੀਰ ਪਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਸੋਹੰ ਸਾਚਾ ਤੀਰ ਚਲਾਏ । ਤੀਰ ਚਲਾਏ ਇਕ ਭਗਵਾਨਾ । ਸ੍ਰਿਸ਼ਟ ਸਬਾਈ ਇਕ ਨਿਸ਼ਾਨਾ । ਆਪੇ ਖਿਚੇ ਤੀਰ ਕਮਾਨਾ । ਵਡ ਜੋਧਨ ਜੋਧ ਬਲੀ ਬਲਵਾਨਾ । ਆਪੇ ਰਾਓ ਆਪੇ ਰੰਕ ਆਪੇ ਵਡ ਸ਼ਾਹੋ ਸੁਲਤਾਨਾ । ਏਥੇ ਓਥੇ ਰੱਖੇ ਪੱਤ ਗੁਰਮੁਖਾਂ ਹਰਿ ਵਾਲੀ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਭੁੱਲੇ ਜੀਵ ਮੁਗਧ ਗਵਾਰੀ । ਪ੍ਰਭ ਅਬਿਨਾਸ਼ੀ ਨਾ ਪਾਈ ਸਾਰੀ । ਝੂਠੇ ਧੰਦੇ ਬਾਜ਼ੀ ਹਾਰੀ । ਅੰਤਮ ਕਲ ਹੋਏ ਖਵਾਰੀ । ਪ੍ਰਭ ਅਬਿਨਾਸ਼ੀ ਗੁਰਮੁਖਾਂ ਕਲ ਜਾਏ ਤਾਰੀ । ਸੋਹੰ ਸ਼ਬਦ ਦੇਵੇ ਵਰ, ਏਕਾ ਦਿਖਾਵੇ ਥਿਰ ਘਰ ਸੱਚੀ ਅਟਾਰੀ । ਜਿਥੇ ਵਸੇ ਹਰਿ ਮੁਰਾਰੀ । ਆਓ ਸਿੱਖੋ ਸਾਚੇ ਘਰ ਮਿਲੋ ਹਰਿ ਪ੍ਰਭ ਸ਼ਬਦ ਉਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਸ਼ਬਦ ਉਡਾਰੀ ਜੋ ਜਨ ਜਾਣੇ । ਪ੍ਰਭ ਅਬਿਨਾਸ਼ੀ ਸਚ ਵਖਾਣੇ । ਆਪ ਚਲਾਏ ਆਪਣੇ ਭਾਣੇ । ਊਚ ਨੀਚ ਨਾ ਕੋਈ ਜਾਣੇ । ਬਾਲ ਬਿਰਧ ਹਰਿ ਇਕ ਰੰਗ ਰੰਗਾਣੇ । ਜੋ ਜਨ ਚਰਨੀ ਡਿਗਣ ਆਣੇ । ਆਤਮ ਮੈਲ ਪਾਪਾਂ ਧੋਏ, ਆਪੇ ਕਰੇ ਸੁਘੜ ਸਿਆਣੇ । ਗੁਰਮੁਖ ਸਾਚੇ ਆਪ ਬਣਾਏ, ਸੋਹੰ ਦੇਵੇ ਨਾਮ ਨਿਧਾਨੇ । ਸੋਹੰ ਧਾਗੇ ਲਏ ਪਰੋਏ, ਆਪ ਆਪਣੇ ਗਲ ਲਟਕਾਣੇ । ਅੰਮ੍ਰਿਤ ਸਾਚਾ ਮੁਖ ਵਿਚ ਚੋਏ, ਕਵਲ ਨਾਭ ਆਪ ਉਲਟਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਜਹਾਨੇ । ਚਰਨ ਕਵਲ ਹਰਿ ਦੇਵੇ ਮਾਣ । ਚਰਨ ਕਵਲ ਗੁਰਸਿਖ ਪਛਾਣ । ਚਰਨ ਕਵਲ ਘਰ ਸਾਚਾ ਜਾਣ । ਚਰਨ ਕਵਲ ਇਕ ਧਿਆਨ । ਚਰਨ ਕਵਲ ਹਰਿ ਦੇਵੇ ਦਰਗਹਿ ਸਾਚੀ ਮਾਣ । ਚਰਨ ਕਵਲ ਕਵਲ ਚਰਨ ਪੂਜੋ ਇਕ ਭਗਵਾਨ । ਚਰਨ ਕਵਲ ਪ੍ਰਭ ਆਤਮ ਰਿਹਾ ਮਵਲ, ਸੋਹੰ ਦੇਵੇ ਸਚ ਨਿਸ਼ਾਨ । ਚਰਨ ਕਵਲ ਹਰਿ ਧਰੇ ਉਪਰ ਧਵਲ, ਬੇਮੁਖਾਂ ਮਾਰੇ ਬਾਣ । ਚਰਨ ਕਵਲ ਕ੍ਰਿਸ਼ਨਾ ਸਵਲ ਗੁਰਮੁਖ ਸਾਚੇ ਜਾਇਣ ਮਵਲ, ਆਤਮ ਜੋਤ ਧਰੇ ਭਗਵਾਨ । ਚਰਨ ਕਵਲ ਗੁਰਮੁਖ ਸਾਚੇ ਲਾਗ, ਪ੍ਰਭ ਦੇਵੇ ਸਾਚਾ ਦਾਨ । ਚਰਨ ਕਵਲ ਹਰਿ ਕਾ ਦਵਾਰ । ਚਰਨ ਕਵਲ ਹਰਿ ਮੇਲ ਸਚ ਭਤਾਰ । ਚਰਨ ਕਵਲ ਆਤਮ ਉਪਜੇ ਕੰਤ ਪਿਆਰ । ਚਰਨ ਕਵਲ ਸਾਚੇ ਸੰਤ ਕਰਨ ਨਿਮਸਕਾਰ । ਚਰਨ ਕਵਲ ਦੇਵੇ ਗੁਰਮੁਖ ਹਰਿ ਕਿਰਪਾ ਧਾਰ । ਚਰਨ ਕਵਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਕੇਸ ਚਵਰ ਖਲਾਰ । ਚਰਨ ਕਵਲ ਏਕੋ ਪੂਜਾ । ਚਰਨ ਕਵਲ ਭੇਵ ਚੁਕਾਏ ਦੂਜਾ । ਚਰਨ ਕਵਲ ਲਾਗ ਗੁਰਮੁਖ ਸਾਚੇ ਦਰ ਘਰ ਸਾਚਾ ਸੂਝਾ । ਗੁਰ ਚਰਨ ਗੁਰਮੁਖ ਵਿਰਲਾ ਵਿਚ ਮਾਤ ਦੇ ਲੂਝਾ । ਗੁਰ ਸਾਚੇ ਦਰ ਘਰ ਸਾਚਾ ਸੂਝਾ । ਗੁਰ ਚਰਨ ਗੁਰਮੁਖ ਵਿਰਲਾ ਵਿਚ ਮਾਤ ਦੇ ਲੂਝਾ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਬੂਝਾ । ਗੁਰ ਚਰਨ ਬਣ ਪੁਜਾਰੀ । ਗੁਰ ਚਰਨ ਮਿਲੇ ਗਿਰਧਾਰੀ । ਗੁਰ ਚਰਨ ਦੇਵੇ ਨਾਮ ਹਰਿ ਅਧਾਰੀ । ਗੁਰ ਚਰਨ ਆਤਮ ਦੀਪ ਕਰੇ ਉਜਿਆਰੀ । ਗੁਰ ਚਰਨ ਮੈਲ ਧੋਏ ਪਾਪਾਂ ਸਾਰੀ । ਗੁਰ ਚਰਨ ਗੁਰ ਪੂਰੇ ਜਾਓ ਬਲਿਹਾਰੀ । ਗੁਰ ਚਰਨ ਸਦਾ ਸਦਾ ਸਦਾ ਚਰਨ ਨਿਮਸਕਾਰੀ । ਚਰਨ ਕਵਲ ਗੁਰਸਿਖ ਪਰਸਣ

ਵਾਰੋ ਵਾਰੀ । ਗੁਰ ਚਰਨ ਗੁਰਮੁਖ ਵਿਰਲੇ ਆਏ ਮੰਗਣ ਦਰ ਦਰਬਾਰੀ । ਗੁਰ ਚਰਨ ਆਤਮ ਸਾਚੀ ਨਾਮ ਰੰਗਣ ਦੇਵੇ ਸਚ ਖੁਮਾਰੀ । ਗੁਰ ਚਰਨ ਜੋ ਦਰ ਨਾ ਸੰਗਣ ਗੁਰ ਦੇਵੇ ਸਾਚਾ ਨਾਮ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਨਿਹਕਲੰਕ ਨਰਾਇਣ ਨਰ ਅਵਤਾਰੀ । ਗੁਰ ਚਰਨ ਕਰੋੜ ਤੇਤੀਸ ਤਰਸਣ ਸੁਰਪਤ ਰਾਜਾ ਇੰਦ । ਗੁਰ ਚਰਨ ਆਪ ਲਗਾਏ ਉਠਾਏ ਵਾਲੀ ਹਿੰਦ । ਗੁਰ ਚਰਨ ਪ੍ਰਭ ਅਬਿਨਾਸ਼ੀ ਆਪ ਲਗਾਏ ਸਦਾ ਬਖ਼ਸ਼ਿੰਦ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪੂਜੇ ਵਡ ਸੂਰਾ ਮਰਗਿੰਦ । ਗੁਰ ਚਰਨ ਕਵਲ ਸਿੱਖ ਪੁਜਾਰੀ । ਆਤਮ ਦਰ ਹਰਿ ਆਪ ਖੁਲ੍ਹਾਰੀ । ਏਕਾ ਕਰੇ ਜੋਤ ਅਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਨਿਵਾਰੀ । ਆਤਮ ਜੋਤ ਅਕਾਰ ਕਰ । ਸਾਚਾ ਸ਼ਬਦ ਅਧਾਰ ਕਰ । ਗੁਰਮੁਖ ਪੂਰਨ ਵਿਚਾਰ ਕਰ । ਗੁਰਮੁਖਾਂ ਜਨਮ ਸਵਾਰ ਕਰ । ਬੇਮੁਖਾਂ ਕਲ ਖੁਆਰ ਕਰ । ਗੁਰਸਿਖਾਂ ਬੇੜਾ ਪਾਰ ਕਰ । ਚਿੱਤ ਸਾਚਾ ਸਤਿ ਕਰਤਾਰ ਕਰ । ਭਾਂਡਾ ਕਾਚਾ ਭੰਨ ਪੂਰਬ ਵਿਚਾਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਾਰ ਲੰਘਾਏ ਮਾਨਸ ਜਨਮ ਸਵਾਰ ਕਰ । ਮਾਨਸ ਜਨਮ ਸਵਾਰਨਾ । ਗੁਰਸਿਖਾਂ ਪਾਰ ਉਤਾਰਨਾ । ਮਾਨਸ ਜਨਮ ਹਰਿ ਸਵਾਰਨਾ । ਲੱਖ ਚੁਰਾਸੀ ਗੇੜ ਨਿਵਾਰਨਾ । ਜਮ ਕੀ ਫਾਸੀ ਆਪ ਤੁੜਾਵਣਾ । ਸਰਬ ਘਟ ਵਾਸੀ ਆਪਣੀ ਕਿਰਪਾ ਧਾਰਨਾ । ਘਨਕਪੁਰ ਵਾਸੀ ਜਿਸ ਜਨ ਆਏ ਚਰਨ ਨਿਮਸਕਾਰਨਾ । ਆਤਮ ਲਾਹੇ ਸਰਬ ਉਦਾਸੀ, ਸੋਹੰ ਸ਼ਬਦ ਭਰੇ ਭੰਡਾਰਨਾ । ਹਉਮੇ ਮਮਤਾ ਰੋਗ ਗਵਾਸੀ, ਏਕਾ ਦੇਵੇ ਸ਼ਬਦ ਸੱਚੀ ਧੁਨਕਾਰਨਾ । ਏਕਾ ਜੋਤ ਮਾਤ ਪ੍ਰਕਾਸ਼ੀ, ਆਪ ਚਲਾਵੇ ਆਪਣੀ ਧਾਰਨਾ । ਕਲਜੁਗ ਔਧ ਅੰਤ ਵਿਨਾਸੀ, ਪ੍ਰਭ ਸਾਚਾ ਖੇਲ ਖਲਾਰਨਾ । ਸਤਿਜੁਗ ਸਾਚਾ ਵਿਚ ਮਾਤ ਲਗਾਏ ਘਨਕਪੁਰ ਵਾਸੀ, ਹਰਿ ਸਾਚਾ ਮਾਰਗ ਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲੇਖ ਲਿਖਾਵਣਾ । ਸਤਿਜੁਗ ਸਾਚਾ ਲੇਖ ਲਿਖਾਵਣਾ । ਕਲਜੁਗ ਝੂਠਾ ਭੇਖ ਮਿਟਾਵਣਾ । ਜੂਠਾ ਝੂਠਾ ਹਰਿ ਨਸ਼ਟ ਕਰਾਵਣਾ । ਏਕਾ ਰੰਗ ਅਨੂਠ ਚੜ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ ਆਪ ਅਖਵਾਵਣਾ । ਦੂਸਰ ਨਾ ਅਵਰ ਇਕੋ ਦਾਤਾ । ਗੁਰਮੁਖ ਵਿਰਲੇ ਕਲ ਪਛਾਤਾ । ਬੇਮੁਖਾਂ ਬੀਤੀਆਂ ਐਵੇਂ ਰਾਤਾਂ । ਨਾ ਜੁੜਾਇਆ ਹਰਿ ਮਨ ਚਰਨੀ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਲ ਪਛਾਤਾ । ਹਰਿ ਨਾ ਜਾਣਿਆ, ਭੁੱਲਾ ਜੀਵ ਅੰਞਾਣਿਆਂ । ਭੇਵ ਨਾ ਪਾਇਆ ਵਡ ਵਡ ਸਿਆਣਿਆਂ । ਮਾਇਆ ਧਾਰੀ ਅੰਧਾਣਿਆਂ । ਆਪ ਭੁਲਾਏ ਵਡ ਵਡ ਰਾਜੇ ਰਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਿਰਪਾ ਕਰ ਆਪਣੇ ਚਰਨ ਲਗਾਣਿਆਂ । ਆਪ ਭੁਲਾਏ ਜਗਤ ਰੁਲਾਏ । ਕਵਣ ਛੁਡਾਏ ਦੇ ਸਜਾਏ । ਚਾਰ ਕੁੰਟ ਪੈ ਜਾਏ ਦੁਹਾਏ । ਬੈਠਾ ਵੇਖੇ ਇਕ ਰਘੁਰਾਏ । ਅਚਰਜ ਖੇਲ ਆਪ ਵਰਤਾਏ । ਆਪ ਲੜੇ ਨਾ ਸਿੱਖ ਲੜਾਏ । ਬੇਮੁਖਾਂ ਹਰਿ ਭੇੜ ਭਿੜਾਏ । ਜੋਤ ਸਰੂਪੀ ਅਗਨ ਜੋਤ ਲਗਾਏ । ਮੌਤ ਗੋਦ ਦੇ ਵਿਚ ਸਵਾਏ । ਵਡ ਜੋਧਨ ਜੋਧ ਸਚ ਸਿੰਘਾਸਣ ਡੇਰਾ ਲਾਏ । ਸ੍ਰਿਸ਼ਟ ਸਬਾਈ ਜਾਏ ਸੋਧ, ਸ਼ਬਦ ਸਰੂਪੀ ਤੇਜ ਰਖਾਏ । ਸ਼ਬਦ ਲਿਖਾਏ ਅਗਾਧ ਬੋਧ, ਕੋਈ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਕਲ ਵਰਤਾਏ । ਸਾਚਾ ਭਾਣਾ ਕਲ ਵਰਤਾਵਣਾ । ਸਾਚਾ ਲੇਖ ਕਲ ਵਿਚ ਮਾਤ ਲਿਖਾਵਣਾ । ਸੋਹੰ ਸ਼ਬਦ ਖੰਡਾ ਹੱਥ ਉਠਾਵਣਾ । ਨਵ ਖੰਡਾਂ ਵਿਚ ਜੰਗ ਕਰਾਵਣਾ । ਵਰਭੰਡ ਇਹ ਨਸ਼ਟ ਕਰਾਵਣਾ ।

ਖੰਡ ਖੰਡ ਇਹ ਕਰ ਵਖਾਵਣਾ । ਬੇਮੁਖਾਂ ਹਰਿ ਕੰਡ ਵਖਾਵਣਾ । ਦੰਡ ਦੰਡ ਹਰਿ ਦੰਡ ਲਗਾਵਣਾ । ਗੁਰਮੁਖਾਂ ਹਰਿ ਨਾਮ ਸਾਚਾ ਵੰਡ, ਪ੍ਰਭ ਅਬਿਨਾਸ਼ੀ ਆਪਣੀ ਚਰਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਮ ਪਿਲਾਵਣਾ । ਸਾਚਾ ਜਾਮ ਪੀਓ ਦਰ । ਪ੍ਰਭ ਅਬਿਨਾਸ਼ੀ ਲੈਣਾ ਵਰ । ਆਤਮ ਸੁਖੀਏ ਜਾਓ ਘਰ । ਆਪੇ ਖੁਲ੍ਹੇ ਦਸਵਾਂ ਦਰ । ਸਦਾ ਵਸਾਓ ਰਿਦੇ ਹਰਿ । ਏਕਾ ਏਕ ਰਿਹਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਅਵਤਾਰ ਨਰ । ਮਾਝੇ ਦੇਸ ਮਿਲੀ ਵਧਾਈ । ਮਾਤ ਜੋਤ ਹਰਿ ਪ੍ਰਗਟਾਈ । ਸਾਚਾ ਡੰਕ ਰਿਹਾ ਸੁਣਾਈ । ਵੇਲਾ ਅੰਤਮ ਅੰਤ ਕਰਾਈ । ਵਡ ਵਡ ਰਾਜੇ ਸਾਧ ਸੰਤ ਪ੍ਰਭ ਅਬਿਨਾਸ਼ੀ ਭੇਵ ਨਾ ਪਾਈ । ਕਿਆ ਕੋਈ ਜਾਣੇ ਜੀਵ ਜੰਤ, ਆਪਣਾ ਆਪ ਗਏ ਭੁਲਾਈ । ਆਪ ਬਣਾਏ ਆਪਣੀ ਬਣਤ, ਕਰਤੇ ਕਾਦਰ ਸ੍ਰਿਸ਼ਟ ਸਬਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੇ ਹੱਥ ਰੱਖੇ ਵਡਿਆਈ । ਸ੍ਰਿਸ਼ਟ ਸਬਾਈ ਗਈ ਭੁੱਲ । ਵੇਲੇ ਅੰਤ ਕਲਜੁਗ ਮਾਇਆ ਵਿਚ ਗਏ ਰੁਲ । ਝੂਠੇ ਤੋਲ ਗਏ ਤੁਲ । ਚੋਰਾਂ ਯਾਰਾਂ ਠੱਗਾਂ ਕਿਤੇ ਨਾ ਪੈਂਦਾ ਮੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਗੁਰਸਿਖਾਂ ਪਾਰ ਲੰਘਾਏ ਜੋ ਦਰ ਆਏ ਬਖ਼ਸ਼ਾਏ ਭੁੱਲ । ਕਲਜੁਗ ਤੇਰੀ ਬਾਜੀ ਅੰਤ । ਪ੍ਰਗਟੇ ਜੋਤ ਹਰਿ ਸਾਚਾ ਕੰਤ । ਆਪ ਉਪਜਾਵੇ ਸਰਬ ਜੀਵ ਜੰਤ । ਏਕਾ ਦੇਵੇ ਸੋਹੰ ਸਾਚਾ ਮੰਤ । ਆਪ ਸੰਘਾਰੇ ਵਡ ਵਡ ਦੇਵ ਦੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣਾਏ ਸਾਚੀ ਬਣਤ । ਦੇਵ ਦੰਤ ਆਪ ਸੰਘਾਰੇ । ਸੋਹੰ ਖੰਡਾ ਫੜੇ ਦੋ ਧਾਰੇ । ਚੰਡੀ ਚਮਕੇ ਵਿਚ ਸੰਸਾਰੇ । ਰੰਡੀ ਹੋਵੇ ਘਰ ਘਰ ਨਾਰੇ । ਵਰਭੰਡੀ ਹੋਏ ਸਰਬ ਖਵਾਰੇ । ਆਤਮ ਡੰਡੀ ਹੋਏ ਜੀਵ ਵਿਚਾਰੇ । ਘਰ ਘਰ ਫਿਰਨ ਘਮੰਡੀ ਆਤਮ ਭਰੇ ਸਰਬ ਹੰਕਾਰੇ । ਸੋਹੰ ਨਾਮ ਪ੍ਰਭ ਜਾਂਦਾ ਵੰਡੀ, ਆਓ ਪੀਓ ਉਤਰਨ ਪਾਪਾਂ ਭਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਤੇਰੇ ਚਰਨ ਦਵਾਰੇ । ਚਰਨ ਦਵਾਰਾ ਇਕੋ ਘਰ । ਜਿਥੇ ਵਸਿਆ ਏਕਾ ਹਰਿ । ਸੋਹੰ ਦੇਵੇ ਸਾਚਾ ਵਰ । ਗੁਰਮੁਖ ਸਾਚੇ ਨਾ ਜਾਓ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਲੈਣਾ ਫੜ । ਕਲਜੁਗ ਵੇਲਾ ਅੰਤਮ ਆਵਣਾ । ਪ੍ਰਭ ਅਬਿਨਾਸ਼ੀ ਝੂਠਾ ਲੇਖਾ ਆਪ ਮਿਟਾਵਣਾ । ਵੇਲੇ ਅੰਤ ਨਾ ਕਿਸੇ ਛੁਡਾਵਣਾ । ਚਿਤਰ ਗੁਪਤ ਹਰਿ ਹਿਸਾਬ ਲਿਖਾਵਣਾ । ਭਰਮ ਭੁਲੇਖਾ ਸਰਬ ਖੁਲ੍ਹਾਵਣਾ । ਧਰਮ ਰਾਏ ਦੇ ਅੱਗੇ ਲਾਵਣਾ । ਅੱਗੇ ਪਿੱਛੇ ਨੰਗ ਰਖਾਵਣਾ । ਦਿਵਸ ਰੈਣ ਨਾ ਮਿਲੇ ਸੋਵਣਾ । ਭੁਖਿਆਂ ਨੰਗਿਆਂ ਨਾ ਮਿਲੇ ਰੋਵਣਾ । ਮਿਲੇ ਦਾਨ ਨਾ ਮੰਗਿਆ, ਜਿਸ ਮਦਿਰਾ ਮਾਸ ਰਸਨ ਲਗਾਵਣਾ । ਸੋਹੰ ਦੇਵੇ ਸਾਚਾ ਦਾਨ ਵਡ ਸੂਰਾ ਸਰਬੰਗਿਆ, ਸਚ ਭੰਡਾਰਾ ਵਿਚ ਮਾਤ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਵਿਚ ਮਾਤ ਡੇਰਾ ਲਾਵਣਾ । ਪ੍ਰਭ ਅਬਿਨਾਸ਼ੀ ਜਗਤ ਪਸਾਰਾ । ਜੀਆਂ ਜੰਤਾਂ ਕਰੇ ਪਿਆਰਾ । ਆਪੇ ਸੱਦੇ ਚਰਨ ਦਵਾਰਾ । ਸੋਹੰ ਦੇਵੇ ਨਾਮ ਅਧਾਰਾ । ਆਪ ਉਪਜਾਵੇ ਸਾਚੀ ਧਾਰਾ । ਓਅੰ ਸੋਹੰ ਇਕ ਰੰਗ ਰੰਗਾਰਾ । ਖੁਲ੍ਹੇ ਭੇਵ ਦਿਸੇ ਦੇਵ ਏਕਾ ਵੇਖ ਰੰਗ ਕਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਚ ਭੰਡਾਰਾ ਆਪ ਖੁਲ੍ਹਾਇਆ । ਸੋਹੰ ਵਸਤ ਹਰਿ ਸਾਚੇ ਵਿਚ ਪਾਇਆ । ਸ੍ਰਿਸ਼ਟ ਸਬਾਈ ਦੇ ਵਰਤਾਇਆ । ਜੋ ਦਰ ਮੰਗਣ ਸਾਚੇ ਆਇਆ । ਸਾਚੀ ਰੰਗਣ ਨਾਮ ਚੜ੍ਹਾਇਆ । ਸੋਹੰ ਕੰਗਣ ਤਨ ਪਹਿਨਾਇਆ । ਦੂਜਾ ਦਰ ਨਾ ਜਾਨਣ ਮੰਗਣ, ਜੋ ਨਿਹਕਲੰਕ ਤੇਰੀ

੧੦੮ ੦੩

ਆਇਆ ਸਰਨਾਇਆ । ਮਾਨਸ ਜਨਮ ਨਾ ਹੋਵੇ ਭੰਗਣ, ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਬੇਮੁਖ ਦਰ ਦਰ ਮੰਗਣ, ਕਿਤੋਂ ਨਾਮ ਹੱਥ ਨਾ ਆਇਆ । ਗੁਰਮੁਖ ਸਾਚੇ ਆਤਮ ਸਾਚੀ ਰੰਗਣ, ਆਪੇ ਰੰਗ ਮਜੀਠ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਤ ਜੋਤ ਧਰ ਸਤਿਜੁਗ ਸਾਚਾ ਮਾਰਗ ਲਾਇਆ । ਸਚ ਸਚ ਹਰਿ ਵਰਤਾਰਾ । ਸਾਚਾ ਨਾਮ ਭਰੇ ਭੰਡਾਰਾ । ਗੁਰਮੁਖ ਦੇਵੇ ਸਾਚੀ ਧਾਰਾ । ਆਪੇ ਬਖ਼ਸ਼ੇ ਚਰਨ ਪਿਆਰਾ । ਕਰ ਕਿਰਪਾ ਪਾਰ ਉਤਾਰਾ । ਸਾਚਾ ਸ਼ਬਦ ਸਾਚੀ ਦੇਵੇ ਧੁਨਕਾਰਾ । ਆਤਮ ਸੁੰਨ ਖੋਲ੍ਹੇ ਆਪ ਮੁਰਾਰਾ । ਕਵਣ ਗੁਣ ਜਾਣੇ ਤੇਰੇ ਨਿਹਕਲੰਕ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪ੍ਰਗਟਾਈ ਸਚ ਦਵਾਰਾ । ਸਚ ਦਵਾਰਾ ਗਿਆ ਖੁਲ੍ਹ । ਕਲਜੁਗ ਜੀਵ ਨਾ ਰਹਿਣਾ ਭੁੱਲ । ਦੇਵੇ ਦਾਤ ਵਡ ਅਨਮੁਲ । ਸਾਚੇ ਕੰਡੇ ਜਾਣਾ ਤੁਲ । ਅੰਮ੍ਰਿਤ ਆਤਮ ਨਾ ਜਾਏ ਡੁਲ । ਪਾਏ ਸ਼ਬਦ ਪਾਣੀ ਤੇਰੀ ਕਾਇਆ ਚੁਲ । ਸ਼ਬਦ ਪੰਗੂੜਾ ਰਿਹਾ ਝੁੱਲ । ਚਰਨ ਪ੍ਰੀਤੀ ਗੁਰ ਚਰਨ ਘੁਲ । ਸੋਹੰ ਦੇਵੇ ਸਾਚੀ ਦਾਤ ਅਨਮੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤੁਲਾਏ ਸਾਚੇ ਤੁਲ । ਸਾਚੇ ਤੋਲ ਆਪ ਤੁਲਈਆ । ਪਰਦਾ ਖੋਲ੍ਹ ਦਰਸ ਦਿਖਈਆ । ਹਿਰਦਾ ਫੋਲ ਭਰਮ ਚੁਕਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਇਆ । ਸੋਹੰ ਨਾਮ ਸਾਚੀ ਧਾਰ । ਸਤਿਜੁਗ ਵਰਤੇ ਵਿਚ ਸੰਸਾਰ । ਚਾਰ ਕੁੰਟ ਚਾਰ ਵਰਨ ਰਸਨਾ ਲੈਣ ਉਚਾਰ । ਰਾਓ ਰੰਕ ਊਚ ਨੀਚ ਨੀਚ ਊਚ ਏਕਾ ਰੰਗ ਰੰਗੇ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੀ ਸੱਚੀ ਸਰਕਾਰ । ਸਚ ਸਰਕਾਰ ਸਚ ਵਿਹਾਰਾ । ਸਚ ਸਰਕਾਰ ਸੱਚਾ ਦਾਤਾਰਾ । ਸਚ ਸਰਕਾਰ ਸੱਚਾ ਭੰਡਾਰਾ । ਸਚ ਸਰਕਾਰ ਸੱਚਾ ਵਰਤਾਰਾ । ਸਚ ਸਰਕਾਰ ਸੱਚਾ ਸਿਕਦਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰਾ । ਸਚ ਸਰਕਾਰ ਏਕਾ ਦਾਤ । ਸਚ ਸਰਕਾਰ ਏਕਾ ਪਾਤ । ਸਚ ਸਰਕਾਰ ਏਕਾ ਮਾਤ । ਸਚ ਸਰਕਾਰ ਭੈਣ ਭਰਾਤ । ਸਚ ਸਰਕਾਰ ਦੂਈ ਦਵੈਤ ਪਰਦਾ ਦੇਵੇ ਕਾਟ । ਏਕਾ ਰੰਗ ਏਕਾ ਸੰਗ ਏਕਾ ਮੰਗ ਪ੍ਰਭ ਸੋਹੰ ਕਸੇ ਸਾਚਾ ਸ਼ਬਦ ਅਸਵਾਰਾ । ਏਕਾ ਰਾਜ ਏਕਾ ਤਾਜ ਏਕਾ ਕਾਜ ਏਕਾ ਸਾਜ ਏਕਾ ਬਾਜ ਸੋਹੰ ਦੇਵੇ ਵਿਚ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਲੇਖ ਲਿਖਾਰਾ । ਆਪੇ ਹੋਏ ਨਾ ਕੋਈ ਵਕਤ ਵਿਚਾਰੇ ਨਾ ਜਾਣੇ ਕੋਇ । ਪਾਵੇ ਸਾਰੇ ਭੇਵ ਰਹੇ ਨਾ ਕੋਇ । ਬੰਧੇ ਤਾਰੇ ਏਕਾ ਏਕ ਦੂਜੀ ਰਹੇ ਨਾ ਕੋਇ । ਵਿਚ ਸੰਸਾਰ ਵਰਤੇ ਏਕ ਏਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਅਵਤਾਰੇ । ਇਕ ਦਰਬਾਰ ਹਰਿ ਰਖਾਵਣਾ । ਇਕ ਸਰਕਾਰ ਨਵ ਖੰਡ ਰਚਾਵਣਾ । ਇਕ ਘਰ ਬਾਹਰ ਵਰਨ ਚਾਰ ਬਹਾਵਣਾ । ਇਕ ਸੰਸਾਰ ਏਕਾ ਜੋਤ ਏਕਾ ਗੋਤ ਸ੍ਰਿਸ਼ਟ ਸਬਾਈ ਆਪ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਸਾਚਾ ਮਾਰਗ ਲਾਵਣਾ । ਹਰਿ ਸਾਚਾ ਸਚ ਭਤਾਰਾ । ਪੂਰਨ ਕਰਮ ਰਿਹਾ ਵਿਚਾਰਾ । ਇਕ ਲਾਇਆ ਸਚ ਦਰਬਾਰਾ । ਜੋਤ ਧਰੀ ਇਕ ਕਰਤਾਰਾ । ਇਕਾ ਤਖ਼ਤ ਸਚ ਸਰਕਾਰਾ । ਲਿਖਾਏ ਲਿਖਤ ਅਪਰ ਅਪਾਰਾ । ਗੁਰਮੁਖ ਵਿਰਲਾ ਲਏ ਸਿੱਖਤ, ਜਿਸ ਪੂਰਨ ਬ੍ਰਹਮ ਵਿਚਾਰਾ । ਪ੍ਰਭ ਦਰ ਮੰਗੀ ਸਾਚੀ ਭਿਖਤ, ਹਰਿ ਦੇਵੇ ਨਾਮ ਦਾਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਭਰੇ ਸਰਬ ਭੰਡਾਰਾ । ਘਨਕਪੁਰ ਵਾਸੀ ਵਡ ਭੰਡਾਰੀਆ । ਮਾਤ ਲੋਕ ਲਿਆ ਸਚ ਅਵਤਾਰੀਆ । ਜੋ ਜਨ ਮੰਗਣ ਆਏ ਬਣ ਭਿਖਾਰੀਆ ।

ਦੇਵਣਹਾਰ ਦਾਤਾਰ ਵਡ ਸੰਸਾਰੀਆ । ਕਰ ਕਿਰਪਾ ਜਾਏ ਤਾਰ, ਸੋਹੰ ਦੇਵੇ ਨਾਮ ਖੁਮਾਰੀਆ । ਗੁਰਮੁਖ ਕਰਮ ਵਿਚਾਰ, ਪ੍ਰਭ ਬੇੜਾ ਪਾਰ ਉਤਾਰੀਆ । ਸਿੰਘ ਗੁਰਮੇਜ ਹਰਿ ਪਾਈ ਸਾਰ, ਚਲ ਆਏ ਪ੍ਰਭ ਦਵਾਰਿਆ । ਮੂਰਖ ਮੁਗਧ ਨਾ ਕਰਨ ਵਿਚਾਰ, ਭੁੱਲੇ ਜੀਵ ਸਰਬ ਗਵਾਰਿਆ । ਪ੍ਰਭ ਬੇੜਾ ਕਰ ਜਾਏ ਪਾਰ, ਲੱਖ ਚੁਰਾਸੀ ਗੇੜ ਨਿਵਾਰਿਆ । ਫੇਰ ਜਨਮ ਨਾ ਆਵੇ ਦੂਜੀ ਵਾਰ, ਸਚਖੰਡ ਨਿਵਾਸੀ ਸਚਖੰਡ ਨਿਵਾਸ ਦਵਾ ਰਿਹਾ । ਜਰਮ ਧਰਮ ਸਭ ਲਏ ਸਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਤੇਰੀ ਸਰਨ ਨਿਮਸਕਾਰਿਆ । ਗੁਰ ਪੂਰਾ ਦੇਵੇ ਵਡਿਆਈ । ਨਿਤ ਨਵਿਤ ਹਰਿ ਜੋਤ ਪ੍ਰਗਟਾਈ । ਸਾਚਾ ਮਿਤ ਆਪ ਹੋ ਜਾਈ । ਜੋ ਜਨ ਰੱਖੇ ਹਿੱਤ, ਪ੍ਰਭ ਦੇਵੇ ਆਣ ਵਧਾਈ । ਅਬਿਨਾਸ਼ੀ ਸਾਚਾ ਮਿੱਤ, ਕਿਉਂ ਬੈਠਾ ਮਨੋਂ ਭੁਲਾਈ । ਅੰਮ੍ਰਿਤ ਆਤਮ ਲੈਣਾ ਸਿੰਚ, ਕਾਇਆ ਹਰੀ ਕਰਾਈ । ਮਾਨਸ ਜਨਮ ਕਲ ਲੈਣਾ ਜਿੱਤ, ਏਕਾ ਨਿਹਕਲੰਕ ਸਰਨਾਈ । ਪ੍ਰਭ ਅਬਿਨਾਸ਼ੀ ਆਪੇ ਮਾਤ ਪਿਤ, ਵੇਲੇ ਅੰਤ ਹੋਏ ਸਹਾਈ । ਗੁਰਮੁਖਾਂ ਗੁਰਸਿਖਾਂ ਸੰਗ ਕੀਆ ਹਿੱਤ, ਵੇਲੇ ਅੰਤ ਲਏ ਛੁਡਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਈ । ਦਰਗਹਿ ਸਾਚੀ ਮਾਣ ਦਵਾਵਣਾ । ਸਾਚੇ ਧਾਮ ਆਪ ਬਹਾਵਣਾ । ਰਾਮ ਰਮਈਆ ਕਰਮ ਕਮਾਵਣਾ । ਏਕਾ ਸਾਚਾ ਨਾਮ ਜਪਾਵੇ, ਸਾਚੇ ਮਾਰਗ ਸ੍ਰਿਸ਼ਟ ਸਬਾਈ ਆਪ ਲਗਾਵਣਾ । ਦੂਈ ਦਵੈਤ ਪਰਦਾ ਲਹਿਆ । ਜਗਤ ਭੇਖ ਸਰਬ ਮਿਟਾਵਣਾ । ਵੇਖ ਵੇਖ ਗੁਰਸਿਖ ਉਠਾਵਣਾ । ਗੁਰਮੁਖ ਪ੍ਰਭ ਆਤਮ ਦੀਪਕ ਆਪ ਜਗਾਵਣਾ । ਜੋ ਦਰ ਮੰਗੇ ਸਾਚੀ ਭਿੱਖ, ਸੋਹੰ ਦਾਨ ਪ੍ਰਭ ਝੋਲੀ ਪਾਵਣਾ । ਦੇਵੇ ਵਡਿਆਈ ਵਿਚ ਮੁਨ ਰਿਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਵਣਾ । ਏਕਾ ਆਪਣੇ ਰੰਗ ਰੰਗਾ ਕੇ । ਗੁਰਮੁਖਾਂ ਹਰਿ ਸੰਗ ਨਿਭਾ ਕੇ । ਬੇਮੁਖ ਵਾਂਗ ਕੱਚੀ ਵੰਗ ਭੰਨਾ ਕੇ । ਆਪਣੇ ਅੰਗ ਹਰਿ ਆਪ ਲਗਾ ਕੇ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਏ ਪਾਰ ਲੰਘਾ ਕੇ । ਕਲਜੁਗ ਚੜ੍ਹਿਆ ਆਏ ਹੜ੍ਹ । ਕੰਡੇ ਉਤੇ ਆ ਕੇ ਗਿਆ ਖੜ । ਏਕਾ ਗੇੜਾ ਡਿਗੇ ਦੜ । ਧਰਤ ਮਾਤ ਤੇਰਾ ਖੁਲ੍ਹਾ ਹੋਏ ਵਿਹੜਾ, ਕਲਜੁਗ ਜੀਵ ਜਾਇਣ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਦੇ ਦੁਹਾਈ, ਬੇਮੁਖ ਕਿਉਂ ਬੈਠੇ ਅੰਦਰ ਵੜ । ਵੇਲਾ ਅੰਤ ਆਏ ਕਾਂਗ । ਪ੍ਰਭ ਅਬਿਨਾਸ਼ੀ ਵਰਤੇ ਸਾਂਗ । ਪ੍ਰਭ ਮਿਲਣ ਦੀ ਸਾਚੀ ਤਾਂਘ । ਕਲਜੁਗ ਜੀਵ ਝੂਠੇ ਕੂਕ ਪੁਕਾਰੇ ਜਿਉਂ ਮਸੀਤੇ ਮੁਲਾਂ ਬਾਂਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਆਪਣੀ ਖੇਲ ਵਰਤਾਏ, ਸਾਚਾ ਲੇਖ ਲਿਖਾਏ, ਵੇਲਾ ਅੰਤਮ ਲਿਆਏ, ਨਾ ਕੋਈ ਮੇਟੇ ਮੇਟ ਮਿਟਾਏ, ਰਾਜੇ ਰਾਣੇ ਆਏ ਸਰਨਾਏ, ਵੇਲੇ ਅੰਤ ਜਾਣ ਪਛਤਾਏ ਨਾ ਕੋਈ ਲਏ ਕਿਸੇ ਛੁਡਾਏ, ਭੱਜੇ ਜਾਇਣ ਵਾਹੋ ਦਾਹੇ, ਇਕੱਠੇ ਹੋਣ ਨਾ ਭੈਣ ਭਰਾਏ, ਪੁੱਤਰ ਮਾਤ ਹੱਥ ਨਾ ਆਏ, ਨੀਰੋ ਨੀਰ ਫਿਰਨ ਤਿਹਾਏ, ਬਾਲਕ ਸ਼ੀਰ ਨਾ ਮੁਖ ਵਿਚ ਪਾਏ, ਦੁੱਖ ਭੁੱਖ ਨੇ ਸਰਬ ਸਤਾਏ, ਮਾਤ ਕੁੱਖ ਨਾ ਕੋਈ ਸੁਫਲ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਪ੍ਰਗਟ ਜੋਤ ਸਾਚੀ ਦੇਵੇ ਸਰਬ ਸਜ਼ਾਏ । ਵੇਲਾ ਅੰਤ ਸ਼ਬਦ ਢੰਡੋਰਾ । ਜੋਤ ਸਰੂਪੀ ਆਪ ਫਿਰਾਏ ਸ੍ਰਿਸ਼ਟ ਸਬਾਈ ਸ਼ਬਦ ਘੋੜਾ । ਰਹਿਣ ਨਾ ਦੇਵੇ ਕਿਤੇ ਜੋੜੇ ਜੋੜਾ । ਕਲਜੁਗ ਜੀਵ ਨਾ ਭੁੱਲ ਗਵਾਰ, ਪ੍ਰਭ ਅਬਿਨਾਸ਼ੀ ਦੀ ਸਾਚੀ ਲੋੜਾ । ਬੇਮੁਖਾਂ ਹਰਿ ਆਪ ਪਛਾੜੇ, ਜਿਉਂ ਨਾਈ ਨਸਤਰ ਫੋੜਾ । ਵੇਲਾ ਅੰਤ ਨਾ ਹੋਏ ਖੁਆਰੇ, ਧਰਤ ਮਾਤ ਅਕਾਸ਼ ਚੜ੍ਹੇ ਦੂਜਾ ਪੌੜਾ । ਗੁਰਮੁਖਾਂ ਹਰਿ ਤਾਰੇ, ਸੋਹੰ ਸ਼ਬਦ ਆਤਮ ਰਖਾਏ

ਸਾਚਾ ਘੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨ ਪ੍ਰੀਤੀ ਲਾਏ ਸੇਵ ਕਮਾਏ ਆਪ ਨਿਭਾਏ ਤੋੜਾ । ਕਲਜੁਗ ਤੇਰੀ ਉਲਟੀ ਬੁੱਧ । ਪ੍ਰਭ ਅਬਿਨਾਸ਼ੀ ਆਵਣ ਨਾ ਦੇਵੇ ਕਿਸੇ ਸੁਧ । ਕਲਜੁਗ ਮਾਇਆ ਵਿਚ ਦਿਤੇ ਗੁਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਘਰ ਆਪ ਉਪਜਾਵੇ ਨੌਂ ਨਿਧ । ਨੌਂ ਨਿਧ ਦੇਵੇ ਗੁਣ ਨਿਧਾਨਾ । ਪੂਰਨ ਪੁਰਖ ਹਰਿ ਭਗਵਾਨਾ । ਜਨ ਭਗਤਾਂ ਕਰੇ ਆਪ ਪਛਾਨਾ । ਏਕਾ ਦੇਵੇ ਨਾਮ ਨਿਧਾਨਾ । ਜੋਤੀ ਸਾਚਾ ਦੀਪ ਜਗਾਨਾ । ਅਗਿਆਨ ਅੰਧੇਰ ਸਰਬ ਮਿਟਾਨਾ । ਚਰਨ ਧੂੜ ਕਰ ਇਸ਼ਨਾਨਾ । ਅਠਸਠ ਤੀਰਥ ਮੇਟ ਮਿਟਾਣਾ । ਏਕਾ ਸਾਚਾ ਸੀਰਥ ਗੁਰ ਅੰਮ੍ਰਿਤ ਜਾਮ ਪਿਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਣਾ । ਅਠਸਠ ਤੀਰਥ ਮੇਟ ਮਿਟਾਏ । ਗੰਗਾ ਗੋਦਾਵਰੀ ਰਹਿਣ ਨਾ ਪਾਏ । ਪੀਰ ਪੈਗ਼ੰਬਰ ਔਲੀਏ ਆਪ ਖਪਾਏ । ਅਹਿਮਦ ਮੁਹੰਮਦ ਪੀਰ ਦਸਤਗੀਰ ਚਾਰ ਯਾਰ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਜੀਲ ਕੁਰਾਨੀ ਖਾਣੀ ਬਾਣੀ ਆਪ ਮੁਕਾਨੀ । ਕਲਜੁਗ ਤੇਰੀ ਚੁੱਕੀ ਕਾਨੀ । ਕੋਈ ਨਾ ਮਿਲਿਆ ਸਾਚਾ ਬਾਨੀ । ਗੁਰਮੁਖ ਸਾਚੇ ਸਾਚਾ ਜਾਨੀ । ਸ਼ਬਦ ਬਣਾਏ ਸਾਚੀ ਰਾਣੀ । ਕਲਜੁਗ ਉਲਝੀ ਅੰਤਮ ਤਾਣੀ । ਨਾ ਕੋਈ ਜਾਣੇ ਵੇਦ ਪੁਰਾਨੀ । ਬ੍ਰਹਮਾ ਵਿਸ਼ਨ ਖੜੇ ਹੈਰਾਨੀ । ਪ੍ਰਭ ਅਬਿਨਾਸ਼ੀ ਖੇਲ ਨਿਰਾਲੀ ਕਰੇ ਕਰਾਵੇ ਦੋ ਜਹਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਗੁਰਮੁਖਾਂ ਦੇ ਸਮਝਾਈ, ਵੇਲਾ ਅੰਤਮ ਅੰਤ ਕਲ ਆਈ, ਭੈਣਾਂ ਤਾਈਂ ਛੱਡਣ ਭਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਿਸ਼ਾਨੀ । ਸੋਹੰ ਵੱਜੇ ਸਾਚਾ ਤੀਰ । ਚਾਰ ਕੁੰਟ ਹੋਏ ਵਹੀਰ । ਕਲਜੁਗ ਤੇਰਾ ਅੰਤ ਅਖੀਰ । ਬੇਮੁਖਾਂ ਕੋਇ ਨਾ ਦੇਵੇ ਧੀਰ । ਹੱਥ ਨਾ ਆਵੇ ਅੰਤਮ ਨੀਰ । ਨਾ ਹੋਏ ਸਹਾਈ ਕੋਇ ਪੀਰ ਫਕੀਰ । ਅੰਤਮ ਅੰਤਕਾਲ ਕਲ ਮੁਖ ਛੁਪਾਇਣ ਪੀਰ ਪੈਗ਼ੰਬਰ ਔਲੀਏ ਦਸਤ ਗੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਏ ਜਿਉਂ ਪੱਥਰ ਉਪਰ ਲਕੀਰ । ਲਿਖਿਆ ਲੇਖ ਨਾ ਕਿਸੇ ਮਿਟਾਵਣਾ । ਸਾਚਾ ਲੇਖਾ ਆਪ ਲਿਖਾਵਣਾ । ਗਿਆ ਵੇਲਾ ਵੇਖ ਵੇਖ ਨਾ ਵਕਤ ਗਵਾਵਣਾ । ਵੇਲਾ ਗਿਆ ਹੱਥ ਨਾ ਆਵਣਾ । ਵੇਲੇ ਅੰਤ ਕਾਵਾਂ ਵਾਂਗ ਕੁਰਲਾਵਣਾ । ਦਰ ਦਰ ਘਰ ਘਰ ਸਭ ਨੂੰ ਫਿਰਾਵਣਾ । ਰਾਹ ਸਾਚਾ ਕਿਸੇ ਨਾ ਪਾਵਣਾ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵਣਾ । ਘਨਕਪੁਰ ਵਾਸੀ ਡੇਰਾ ਪਾਰ ਬਿਆਸੋਂ ਲਾਵਣਾ । ਮਸਤੂਆਣਾ ਸਾਚਾ ਧਾਮ ਆਪ ਉਪਜਾਵਣਾ । ਰਾਜਾ ਰਾਣਾ ਸਰਨੀ ਲਾਵਣਾ । ਰਾਣਾ ਸੰਗਰੂਰ ਪਕੜ ਉਠਾਵਣਾ । ਸ਼ਬਦ ਸਰੂਪੀ ਮੇਲ ਮਿਲਾਵਣਾ । ਏਕਾ ਧੁਨ ਸ਼ਬਦ ਉਪਜਾਵਣਾ । ਮਾਣ ਤਾਣ ਸਰਬ ਮਿਟਾਵਣਾ । ਏਕਾ ਸਰਨ ਨਿਹਕਲੰਕ ਰਖਾਵਣਾ । ਦਿਵਸ ਚਾਲੀ ਲੇਖ ਲਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਾਚਾ ਡੰਕ ਵਜਾਵਣਾ । ਰਾਜੇ ਰਾਣੇ ਆਪ ਉਠਾਏ । ਫੜ ਫੜ ਪ੍ਰਭ ਸਰਨ ਲਗਾਏ । ਸ਼ਬਦ ਡੰਗੋਰੀ ਮਗਰ ਲਗਾਏ । ਵਾਗ ਢੋਰੀ ਹਿੱਕ ਲਿਆਏ । ਚੋਰੀ ਚੋਰੀ ਜੋ ਰਹੇ ਮੁਖ ਛੁਪਾਏ । ਮਾਇਆਧਾਰੀ ਵਿਸ਼ੇ ਵਿਕਾਰੀ ਹੋਏ ਹੰਕਾਰੀ ਆਪਣੀ ਪਤ ਗਵਾਏ । ਗੁਰਮੁਖਾਂ ਦੇਵੇ ਸਚ ਸਿਕਦਾਰੀ ਸ਼ਬਦ ਉਡਾਰੀ ਜੋ ਆਏ ਚਲ ਦਵਾਰੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰੀ । ਮਸਤੂਆਣਾ ਦੇਣਾ ਮਾਣਾ । ਚਰਨ ਟਿਕਾਣਾ ਰਾਜਾ ਰਾਣਾ ਸਰਨੀ ਲਾਣਾ । ਚਰਨੀ ਡਿੱਗੇ ਹੋਏ ਨਿਮਾਣਾ । ਤਖ਼ਤ ਤਾਜ ਨਾ ਕਿਸੇ ਸਿਰ ਟਿਕਾਣਾ । ਏਕਾ ਦਿਸੇ ਸਾਚਾ ਸ਼ਾਹ ਸੁਲਤਾਨਾ । ਏਕਾ

੧੧੧ ੦੩

ਅੰਕ ਰਾਓ ਰੰਕ ਊਚ ਨੀਚ ਕੋਈ ਰਹਿਣ ਨਾ ਪਾਣਾ । ਆਪੇ ਵਰਤੇ ਆਪਣਾ ਭਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬੰਕ ਦਵਾਰ ਸੁਹਾਏ ਮਸਤੂਆਣਾ । ਮਸਤੂਆਣੇ ਦੇਵੇ ਵਡਿਆਈ । ਚਾਰ ਵਰਨ ਚਰਨ ਲਗਾਈ । ਏਕਾ ਜੋਤ ਹੋਏ ਰੁਸ਼ਨਾਈ । ਚਾਰ ਕੁੰਟ ਪਏ ਦੁਹਾਈ । ਅਚਰਜ ਖੇਲ ਕਰੇ ਰਘੁਰਾਈ । ਕਲਜੁਗ ਜੀਆਂ ਸੁਤਿਆਂ ਰੈਣ ਵਿਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ । ਗੁਰਸਿਖ ਤੇਰੇ ਨਾਮ ਵਡਿਆਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਦਰ ਘਰ ਘਰ ਦਰ ਤੇਰੇ ਭਾਗ ਲਗਾਈ । ਸਾਧ ਸੰਗਤ ਮਿਲ ਹਰਿ ਜਸ ਗਾਈ । ਰਸਨਾ ਰਸ ਦੇਵੇ ਰਘੁਰਾਈ । ਮਾਨਸ ਜਨਮ ਲੇਖੇ ਲਾਈ । ਜੋ ਚਲ ਆਏ ਹਰਿ ਸਰਨਾਈ । ਪ੍ਰਭ ਅਬਿਨਾਸ਼ੀ ਵੇਲੇ ਅੰਤ ਲਏ ਛੁਡਾਈ । ਦੇਵੇ ਦਰਸ ਮਿਟਾਵੇ ਹਰਸ ਭੁੱਲ ਨਾ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਈ । ਆਏ ਸਰਨ ਦਰਸ ਜਿਸ ਪਾਇਆ । ਜਨਮ ਮਰਨ ਹਰਿ ਗੇੜ ਚੁਕਾਇਆ । ਹਰਨ ਫਰਨ ਇਹ ਖੇਲ ਰਚਾਇਆ । ਦਾਨੀ ਦਾਨ ਤਰਨੀ ਤਰਨ ਅੰਮ੍ਰਿਤ ਸਾਚਾ ਭਰਨ ਜਿਸ ਜਨ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਇਆ । ਨੇਤਰ ਵੇਖਿਆ ਵਟਾਇਆ ਭੇਖਿਆ । ਪ੍ਰਭ ਅਬਿਨਾਸ਼ੀ ਕੀਨਾ ਵੇਸਿਆ, ਮਿਟੇ ਭੁਲੇਖਿਆ । ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ ਨਜ਼ਰ ਨਾ ਆਇਆ ਕੋਈ ਰੂਪ ਰੇਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਲਾਵੇ ਲੇਖਿਆ । ਸਾਚੇ ਲੇਖੇ ਆਪੇ ਲਾਵੇ । ਲਹਿਣਾ ਦੇਣਾ ਆਪ ਮਿਟਾਵੇ । ਸੋਹੰ ਗਹਿਣਾ ਤਨ ਪਹਿਨਾਵੇ । ਫੜ ਫੜ ਦੋਵੇਂ ਬਾਹੀਂ ਪ੍ਰਭ ਸਾਚਾ ਪਾਰ ਲੰਘਾਵੇ । ਕਲਜੁਗ ਲਹਿਰ ਚੜ੍ਹ ਆਇਆ ਹੜ੍ਹ, ਪ੍ਰਭ ਅਬਿਨਾਸ਼ੀ ਗੁਰਮੁਖਾਂ ਪਾਰ ਲੰਘਾਵੇ । ਚਾਰ ਕੁੰਟ ਹੋਏ ਕੜ ਕੜ ਹੋਏ ਧੜ ਧੜ ਖਡ ਵੜ ਕੋਈ ਰਹਿਣ ਨਾ ਪਾਵੇ । ਬਾਹੋਂ ਫੜ ਦੇਣ ਝਾੜ, ਛੁੱਟਣ ਲੜ ਦਿਸਣ ਧੜ, ਝੂਠੇ ਭਾਂਡੇ ਦੇਵੇ ਭੰਨ ਜੋ ਪ੍ਰਭ ਸਾਚੇ ਲਏ ਘੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਵਰਤਾਵੇ ਭੰਨ ਭੰਨਾਵੇ । ਕਲਜੁਗ ਅੰਤਮ ਆਈ ਹਾਰ । ਚੌਥਾ ਜੁਗ ਹੋਇਆ ਖਵਾਰ । ਵੇਦ ਅਥਰਬਣ ਹੋਇਆ ਪਾਰ । ਸਤਿਜੁਗ ਲੱਗੇ ਵਿਚ ਸੰਸਾਰ । ਆਪ ਬੁਝਾਏ ਆਤਮ ਅੱਗੇ, ਸੋਹੰ ਦੇਵੇ ਸ਼ਬਦ ਸੱਚੀ ਧਾਰ । ਗੁਰਮੁਖ ਸਾਚਾ ਜੋ ਚਰਨੀ ਲੱਗੇ, ਹਰਿ ਦੇਵੇ ਦਰਸ ਅਪਾਰ । ਜਗਤ ਅੰਧੇਰੀ ਕਲਜੁਗ ਵਗੇ, ਘਰ ਘਰ ਹੋਇਣ ਬੰਦ ਕਵਾੜ । ਗੁਰਮੁਖ ਸਾਚੇ ਦਰ ਸਾਚੇ ਆਇਣ ਭੱਜੇ, ਪ੍ਰਭ ਸਾਚਾ ਸੋਹੰ ਸ਼ਬਦ ਕਰਾਵੇ ਸਾਚੀ ਵਾੜ । ਆਪ ਰਖਾਏ ਆਪਣੀ ਲੱਜੇ, ਜੋ ਜਨ ਕਰਨ ਚਰਨ ਨਿਮਸਕਾਰ । ਪੀ ਅੰਮ੍ਰਿਤ ਦਰ ਸਾਚੇ ਰੱਜੇ, ਮਾਨਸ ਜਨਮ ਨਾ ਹੋਏ ਖਵਾਰ । ਪ੍ਰਭ ਅਬਿਨਾਸ਼ੀ ਪਰਦੇ ਕੱਜੇ, ਅੰਤਮ ਬਾਜੀ ਨਾ ਜਾਏ ਹਾਰ । ਸ਼ਬਦ ਨਗਾਰਾ ਤੇਰੀ ਕਾਇਆ ਅੰਦਰ ਵੱਜੇ, ਸਾਚੀ ਸੁਣ ਸ਼ਬਦ ਧੁਨਕਾਰ । ਬੇਮੁਖਾਂ ਸਿਰ ਬੱਧੇ ਛੱਜੇ, ਦਰ ਦਰ ਫਿਰਨ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ ਸਰਬ ਘਟ ਵਾਸੀ ਏਕਾ ਦੇਵੇ ਸੋਹੰ ਸੱਚੀ ਸ਼ਬਦ ਕਟਾਰ । ਸਚ ਸ਼ਬਦ ਧੁਨ ਸਿੱਖ ਸਾਚੀ ਜਾਨ । ਖੁਲ੍ਹੇ ਸੁੰਨ ਤੁਟੇ ਮੁਨ, ਆਪਣੀ ਆਪ ਕਰਨ ਪਛਾਣ । ਗੁਰਮੁਖ ਸਾਚੇ ਪ੍ਰਭ ਕਲਜੁਗ ਚੁਣ, ਸੋਹੰ ਦੇਵੇ ਸਾਚਾ ਦਾਨ । ਬੇਮੁਖ ਕਾਇਆ ਪੰਚਾਂ ਲਾਇਆ ਝੂਠਾ ਘੁਣ, ਆਪਣਾ ਆਪ ਨਾ ਸਕੇ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਇਆ ਮੰਗਲ ਗਾਇਆ ਸੋਹੰ ਦੇਵੇ ਸਾਚਾ ਦਾਨ । ਮੰਗਲ ਗਾਇਆ ਹਰਿ ਪ੍ਰਭ ਪਾਇਆ । ਨੇਤਰ ਪੇਖ ਆਤਮ ਤ੍ਰਿਪਤਾਇਆ । ਪ੍ਰਭ ਅਬਿਨਾਸ਼ੀ ਸਾਚਾ ਵੇਖ ਰੋਗ ਸੋਗ ਕਿਉਂ

ਮਨ ਵਸਾਇਆ । ਜੋਤ ਸਰੂਪੀ ਧਾਰਿਆ ਭੇਖ, ਬੇਮੁਖਾਂ ਦਿਸ ਨਾ ਆਇਆ । ਗੁਰਮੁਖਾਂ ਸਾਚਾ ਆਤਮ ਨੈਣਾ ਤੀਜੇ ਰਿਹਾ ਵੇਖ, ਲੋਚਣ ਤੀਜਾ ਆਪ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਪਵਣ ਚਲਾਇਆ । ਸ਼ਬਦ ਪਵਣ ਇਕ ਹੁਲਾਰਾ । ਸੁਰਤ ਸ਼ਬਦ ਹਰਿ ਮੇਲ ਮਿਲਾਰਾ । ਦੇਵੇ ਸ਼ਬਦ ਆਪ ਗਿਰਧਾਰਾ । ਸੁਰਤੀ ਸੁਰਤ ਉਪਜੇ ਧੁਨਕਾਰਾ । ਅਕਾਲ ਮੂਰਤ ਤੇਰੇ ਵਿਚ ਪਸਾਰਾ । ਮਾਨਸ ਜਨਮ ਪਾਏ ਕਿਉਂ ਝੂਰਤ, ਪ੍ਰਭ ਅਬਿਨਾਸ਼ੀ ਕਰ ਚਰਨ ਨਿਮਸਕਾਰਾ । ਆਪ ਦਿਖਾਏ ਸਾਚੀ ਸੂਰਤ, ਤੇਰੇ ਵਿਚ ਬੈਠਾ ਗਿਰਧਾਰਾ । ਜਿਸ ਜਨ ਜਾਣੇ ਦੂਰਤ, ਵੋਹ ਸਦ ਸਦਾ ਸਦ ਵਿਚ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਲੱਖ ਚੁਰਾਸੀ ਇਕ ਅਕਾਰਾ । ਮਿਲੇ ਵਡਿਆਈ ਦਰ ਘਰ ਸਾਚੇ ਭਿੰਨੜੀਏ ਰੈਣੇ । ਸੰਗਤ ਗੁਰ ਦੋਏ ਇਕ ਘਰ ਵਿਚ ਬਹਿਣੇ । ਬੇਮੁਖ ਜਾਇਣ ਖਾਲੀ ਹੱਥ ਮੁੜ, ਗੁਰਸਿਖ ਲੈਣ ਸਾਚੇ ਲਹਿਣੇ । ਕਲਜੁਗ ਵਹਿੰਦੇ ਵਹਿਣ ਜਾਇਣ ਹੜ੍ਹ, ਨਾ ਕੋਈ ਪਾਰ ਕਰਾਏ ਸਾਕ ਸੱਜਣ ਸੈਣੇ । ਬਿਨ ਹਰਿ ਸਾਚੇ ਭਾਂਡੇ ਕਾਚੇ, ਨਾ ਕੋਈ ਛੁਡਾਏ ਭਾਈ ਭੈਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਸੰਗਤ ਪੇਖੇ ਨੈਣੇ । ਭਿੰਨੀ ਰੈਨੜੀਏ ਤੇਰਾ ਰੰਗ ਨਿਰਾਲਾ । ਭਿੰਨੀ ਰੈਨੜੀਏ ਦਰ ਘਰ ਸਾਚੇ ਆਏ ਗੁਰ ਗੋਪਾਲਾ । ਭਿੰਨੀ ਰੈਨੜੀਏ ਗੁਰਮੁਖਾਂ ਦੇਵੇ ਸੋਹੰ ਨਾਮ ਸੁਖਾਲਾ । ਭਿੰਨੀ ਰੈਨੜੀਏ ਆਪ ਪਹਿਨਾਵੇ ਆਤਮ ਤਨ ਸਾਚੀ ਮਾਲਾ । ਭਿੰਨੀ ਰੈਨੜੀਏ ਆਪ ਕੱਟੇ ਤੇਰਾ ਜਗਤ ਜੰਜਾਲਾ । ਭਿੰਨੀ ਰੈਨੜੀਏ ਗੁਰ ਦਰ ਸਾਚੇ ਆਏ ਕਦੇ ਨਾ ਹੋਏ ਕੰਗਾਲਾ । ਭਿੰਨੀ ਰੈਨੜੀਏ ਗੁਰਮੁਖ ਵਿਰਲੇ ਕਲਜੁਗ ਸਾਚਾ ਵਕਤ ਸੰਭਾਲਾ । ਭਿੰਨੀ ਰੈਨੜੀਏ ਬੇਮੁਖਾਂ ਅੰਤਮ ਹੋਏ ਮਾਤ ਮੂੰਹ ਕਾਲਾ । ਭਿੰਨੀ ਰੈਨੜੀਏ ਗੁਰਮੁਖਾਂ ਹਰਿ ਫਲ ਲਗਾਏ ਸੋਹੰ ਸਾਚੇ ਡਾਲਾ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸਚ ਤੇਰਾ ਰਖਵਾਲਾ । ਭਿੰਨੜੀਏ ਰੈਣੇ ਗੁਰਸਿਖ ਬਣਾਏ ਤੇਰੇ ਸਾਚੇ ਭਾਈ ਤੂੰ ਬਣ ਸਾਚੀ ਭੈਣੇ । ਏਕਾ ਦਰ ਏਕਾ ਘਰ ਏਕਾ ਦੇਵੇ ਵਰ, ਸਾਚਾ ਹਰਿ ਭਰ ਪਿਆਲੇ ਆਤਮ ਲੈਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪ ਖੁਲ੍ਹਾਏ ਤੀਜੇ ਨੈਣੇ । ਭਿੰਨੀ ਰੈਨੜੀਏ ਤੇਰਾ ਵਕਤ ਸੁਹਾਵਾ । ਗੁਰਮੁਖ ਸਾਚੇ ਪ੍ਰਭ ਮਿਲਣ ਦਾ ਕਰ ਸਾਚਾ ਦਾਅਵਾ । ਭਿੰਨੀ ਰੈਨੜੀਏ ਤੇਰੇ ਹੱਥ ਵਡਿਆਈ ਗੁਰਮੁਖ ਸਾਚੇ ਲਏ ਜਗਾਈ ਬੇਮੁਖਾਂ ਗੂੜ੍ਹੀ ਨੀਂਦ ਸੁਆਵਾ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਦੇਵੇ ਆਪ ਬਿਦਾਵਾ । ਭਿੰਨੀ ਰੈਨੜੀਏ ਇਕ ਸਾਚੀ ਓਟ । ਗੁਰਮੁਖਾਂ ਲਾਵੇ ਸ਼ਬਦ ਚੋਟ । ਬੇਮੁਖਾਂ ਕੱਢੇ ਦਰ ਤੇ ਖੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਤੁੱਟ ਭੰਡਾਰੀ ਕਦੇ ਨਾ ਹੋਵੇ ਤੋਟ । ਭਿੰਨੀ ਰੈਨੜੀਏ ਤੇਰੀ ਸਾਚੀ ਰੁੱਤ । ਭਿੰਨੀ ਰੈਨੜੀਏ ਪ੍ਰਭ ਅਬਿਨਾਸ਼ੀ ਗੁਰਸਿਖ ਬਣਾਏ ਸਾਚੇ ਸੁੱਤ । ਆਤਮ ਸਾਚੀ ਜਾਗ ਲਗਾਈ, ਦੁਰਮਤ ਮੈਲ ਜਾਏ ਧੋਤ । ਬੇਮੁਖਾਂ ਪ੍ਰਭ ਦੇ ਸਜਾਈ, ਦਰਗਹਿ ਸਾਚੀ ਬਾਹਰ ਕਢਾਈ ਵੱਢੇ ਨੱਕ ਗੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਸੁਹਾਏ ਤੇਰੀ ਰੁੱਤ । ਭਿੰਨੀ ਰੈਨੜੀਏ ਤੇਰਾ ਅੰਤ ਵਿਚਾਰਿਆ । ਭਿੰਨੀ ਰੈਨੜੀਏ ਜਨ ਭਗਤਾਂ ਦੇਵੇ ਸੋਹੰ ਸ਼ਬਦ ਖੁਮਾਰੀਆ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਅਗੰਮ ਅਪਾਰੀਆ । ਭਿੰਨੀ ਰੈਨੜੀਏ ਤੇਰਾ ਸਚ ਅਕਾਰਾ । ਭਿੰਨੀ ਰੈਨੜੀਏ ਗੁਰਮੁਖ ਮਿਲਿਆ ਹਰਿ ਕੰਤ ਪਿਆਰਾ । ਭਿੰਨੀ ਰੈਨੜੀਏ ਜੀਵ ਜੰਤ ਕੀ ਕਰੇ ਵਿਚਾਰਾ । ਭਿੰਨੀ ਰੈਨੜੀਏ ਕਲਜੁਗ ਅੰਤ ਹੋਇਆ ਅੰਧਿਆਰਾ । ਭਿੰਨੀ ਰੈਨੜੀਏ ਗੁਰਮੁਖ ਵਿਰਲੇ ਦਰ ਸਾਚਾ ਬੂਝਾ, ਪ੍ਰਭ

ਆਪ ਲਿਆਵੇ ਖਿਚ ਦਵਾਰਾ । ਭਿੰਨੀ ਰੈਨੜੀਏ ਪ੍ਰਭ ਅਬਿਨਾਸ਼ੀ ਭੇਵ ਖੁਲ੍ਹਾਏ ਗੁਝੇ, ਕਿਆ ਬੂਝੇ ਜੀਵ ਵਿਚਾਰਾ । ਭਿੰਨੀ ਰੈਨੜੀਏ ਜੂਠੇ ਝੂਠੇ ਮਾਇਆ ਲੂਠੇ ਦਰ ਦਰ ਫਿਰਨ ਭਿਖਾਰਾ । ਭਿੰਨੀ ਰੈਨੜੀਏ ਗੁਰਮੁਖ ਸਾਚੇ ਏਕਾ ਦਰ ਮੰਗਣ ਨਾਮ ਰੰਗਣ ਪੂਰਨ ਕਰਮ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਦੇਵੇ ਨਾਮ ਅਧਾਰਾ । ਭਿੰਨੀ ਰੈਨੜੀਏ ਤੇਰਾ ਰੰਗ ਮਜੀਠਾ । ਭਿੰਨੀ ਰੈਨੜੀਏ ਗੁਰਮੁਖਾਂ ਪ੍ਰਭ ਅਬਿਨਾਸ਼ੀ ਸਾਚਾ ਡੀਠਾ । ਭਿੰਨੀ ਰੈਨੜੀਏ ਕਲਜੁਗ ਜੀਵ ਆਤਮ ਹੰਕਾਰੀ ਦੁਸ਼ਟ ਦੁਰਾਚਾਰੀ ਦਰ ਘਰ ਆਏ ਹੋਏ ਕੌੜਾ ਰੀਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਚ ਪਛਾਣ । ਆਪ ਰਸਨਾ ਰਿਹਾ ਵਖਾਣ । ਸੋਹੰ ਦੇਵੇ ਸਾਚਾ ਦਾਨ । ਦਰਗਹਿ ਸਾਚੀ ਪਾਵੇ ਮਾਣ । ਜਿਥੇ ਝੁੱਲੇ ਇਕ ਨਿਸ਼ਾਨ । ਆਵਣ ਜਾਵਣ ਸਰਬ ਮਿਟ ਜਾਣ । ਮੇਲ ਹੋਏ ਭਗਤ ਭਗਵਾਨ । ਬੇਮੁਖ ਜੂਠੇ ਝੂਠੇ ਆਤਮ ਅੰਧੇ ਪਾਪ ਕਮਾਣ । ਪਾਪੀ ਗੰਦੇ ਮਦਿਰਾ ਮਾਸ ਖਾਣ । ਕਲਜੁਗ ਹੋਏ ਭਾਗ ਮੰਦੇ, ਪ੍ਰਭ ਅਬਿਨਾਸ਼ੀ ਨਾ ਸਕੇ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਭਿੰਨੀ ਰੈਨੜੀਏ ਤੇਰੀ ਬੁੱਧ ਬਬੇਕ । ਭਿੰਨੀ ਰੈਨੜੀਏ ਗੁਰਸਿਖਾਂ ਰੱਖੀ ਏਕਾ ਟੇਕ । ਭਿੰਨੀ ਰੈਨੜੀਏ ਕਲਜੁਗ ਅਗਨ ਨਾ ਕਾਇਆ ਲਾਗੇ ਸੇਕ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਇਕ ਕਰਾਏ ਏਕਾ ਏਕ । ਗੁਰਸਿਖ ਤੇਰੇ ਮਨ ਵਧਾਈ । ਬੈਠੀ ਤੇਰੀ ਆਤਮ ਕਾਇਆ ਕੂੰਜ ਪ੍ਰਭ ਦਰ ਬਿਲਲਾਈ । ਕਿਰਪ ਕਰੇ ਅਵਤਾਰ ਨਰੇ, ਅੰਮ੍ਰਿਤ ਬੂੰਦ ਸਵਾਂਤੀ ਦੇ ਪਿਲਾਈ । ਆਤਮ ਜੋਤ ਹਰਿ ਸਾਚਾ ਧਰੇ, ਸਾਂਤਕ ਸਤਿ ਸਤਿ ਦੇ ਵਰਤਾਈ । ਅਗਿਆਨ ਅੰਧੇਰ ਦੂਰ ਕਰੇ, ਏਕਾ ਜੋਤ ਜਗੇ ਰਘੁਰਾਈ । ਏਕਾ ਰਖਾਵੇ ਸ਼ਬਦ ਦਰੇ, ਕੂੜ ਕੁੜਾਨਾ ਦੇ ਮਿਟਾਈ । ਸਾਚਾ ਦੀਪਕ ਜੋਤ ਧਰੇ, ਆਤਮ ਹੋਏ ਸਚ ਰੁਸ਼ਨਾਈ । ਕਾਰਜ ਤੇਰੇ ਸਰਬ ਸਰੇ ਹਰਿ ਹਰਿ ਜਸ ਹਰਿ ਰਸਨਾ ਗਾਈ । ਨਾ ਉਹ ਜਨਮੇ ਨਾ ਉਹ ਮਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਦੇ ਵਡਿਆਈ । ਏਕਾ ਸਾਚੀ ਰੱਖੀ ਆਸ । ਪ੍ਰਭ ਮਿਲਣ ਦੀ ਇਕ ਪਿਆਸ । ਮਿਲਿਆ ਹਰਿ ਹਰਿ ਪੁਰਖ ਅਬਿਨਾਸ਼ । ਹਉਮੇ ਮਮਤਾ ਰੋਗ ਤੇਰਾ ਹੋਵੇ ਨਾਸ । ਸੋਹੰ ਦੇਵੇ ਸਾਚਾ ਜੋਗ ਸਾਚਾ ਸ਼ਬਦ ਅਕਾਸ਼ । ਅੰਮ੍ਰਿਤ ਆਤਮ ਰਸ ਸਾਚਾ ਭੋਗ, ਅਗਿਆਨ ਅੰਧੇਰ ਜਾਏ ਵਿਨਾਸ । ਮਾਇਆ ਮਮਤਾ ਕੱਟੇ ਕਾਇਆ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਦੇ ਨਾ ਹੋਵੇ ਵਿਯੋਗ । ਗੁਰਮੁਖ ਤੇਰੀ ਆਤਮ ਧੀਰ । ਗੁਰ ਦਰ ਪੀਣਾ ਅੰਮ੍ਰਿਤ ਸਾਚਾ ਸੀਰ । ਆਪ ਚਲਾਏ ਪ੍ਰਭ ਸਾਚਾ ਸੋਹੰ ਤੀਰ । ਦੂਈ ਦਵੈਤ ਬਜ਼ਰ ਕਪਾਟੀ ਜਾਏ ਚੀਰ । ਆਪ ਚੜ੍ਹਾਏ ਔਖੀ ਘਾਟੀ, ਜਿਥੇ ਜਾਏ ਕੋਈ ਵਿਰਲਾ ਸਾਧੂ ਸੰਤ ਫਕੀਰ । ਕਲਜੁਗ ਖੇਲ ਝੂਠੀ ਬਾਜੀ ਝੂਠਾ ਦਿਸੇ ਮੇਲ । ਕਾਇਆ ਚੋਲੀ ਸਭ ਦੀ ਪਾਟੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੇਲ ਮਿਲਾਇਆ ਸਾਚਾ ਮੇਲ । ਗੁਰਮੁਖ ਤੇਰਾ ਧੀਰ ਧਿਆਨਾ । ਆਤਮ ਰਾਮ ਵਸੇ ਭਗਵਾਨਾ । ਸੋਹੰ ਸ਼ਬਦ ਲੱਗੇ ਚੋਟ, ਸਾਚਾ ਵੱਜੇ ਇਕ ਦਮਾਮਾ । ਹਉਮੇ ਵਿਚੋਂ ਜਾਏ ਖੋਟ, ਸਾਚਾ ਦਰਸ ਪਾਏ ਹਰਿ ਨਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਪੂਰ ਕਰਾਏ ਕਾਮਾ । ਗੁਰਮੁਖ ਤੇਰੀ ਬੂਝ ਵਿਚਾਰ । ਆਤਮ ਦੂਜ ਦਏ ਨਿਵਾਰ । ਤੀਜਾ ਚੌਥਾ ਹੋਇਆ ਪਾਰ । ਆਪ ਲੈ ਜਾਏ ਸਚ ਦਰਬਾਰ । ਇਕ ਦਿਖਾਏ ਹਰਿ ਕਾ ਦਵਾਰ । ਜਿਥੇ ਵਸੇ ਹਰਿ ਕਰਤਾਰ । ਕਲਜੁਗ ਰਾਹ ਸਾਚਾ ਦੱਸੇ, ਸੋਹੰ ਸ਼ਬਦ ਸਾਚੀ ਧਾਰ । ਪ੍ਰਭ ਅਬਿਨਾਸ਼ੀ ਹਿਰਦੇ


੧੧੪
੦੩

ਵਸੇ, ਜੋ ਜਨ ਰਸਨਾ ਲਏ ਉਚਾਰ । ਆਤਮ ਜੋਤ ਹੋਏ ਪ੍ਰਕਾਸ਼ ਕੋਟ ਰਵ ਸੱਸੇ, ਮਿਟਾਏ ਅੰਧ ਅੰਧਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਕੀਆ ਸ਼ਬਦ ਪਿਆਰ । ਸਚ ਸ਼ਬਦ ਹਰਿ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਸੱਚਾ ਪਾਇਆ । ਆਪ ਆਪਣੀ ਦਇਆ ਕਮਾਇਆ । ਸਚ ਨਾਮ ਹਰਿ ਝੋਲੀ ਪਾਇਆ । ਕੌਡੀ ਦਾਮ ਮੁੱਲ ਨਾ ਲਾਇਆ । ਏਕਾ ਰਾਮ ਨਾਮ ਧਿਆਇਆ । ਅੰਮ੍ਰਿਤ ਸਾਚਾ ਜਾਮ ਪਿਆਇਆ । ਮਨ ਤਨ ਹਰਿਆ ਆਪ ਕਰਾਇਆ । ਕਾਇਆ ਕੰਚਨ ਸ਼ਬਦ ਕਰਾਇਆ । ਏਕਾ ਜੋਤ ਨਿਰੰਜਣ ਆਪ ਜਗਾਇਆ । ਭਰਮ ਭੁਲੇਖਾ ਸਾਰਾ ਲਾਹਿਆ । ਵੇਖੀ ਵੇਖਾ ਭੁੱਲ ਨਾ ਜਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਇਆ । ਸੁਰਤ ਸ਼ਬਦ ਹਰਿ ਰਲਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਏਕਾ ਸੁਰਤ ਦੇਵੇ ਰਘੁਰਾਈ । ਅਕਾਲ ਮੂਰਤ ਹਰਿ ਬੂਝ ਬੁਝਾਈ । ਸਾਚੀ ਤੂਰਤ ਸ਼ਬਦ ਉਪਜਾਈ । ਨਾ ਜਾਏ ਝੂਰਤ ਜੋ ਜਨ ਗੁਰ ਦਰ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਕਰਾਈ । ਰਸਨਾ ਗਾਇਆ ਹਰਿ ਗੋਬਿੰਦਾ । ਪ੍ਰਭ ਆਪ ਮਿਟਾਏ ਮਨ ਕੀ ਚਿੰਦਾ । ਸਾਚਾ ਫਲ ਨਾਮ ਹਰਿ ਦਵਿੰਦਾ । ਭਗਤ ਜਨਾਂ ਹਰਿ ਸਦ ਬਖ਼ਸ਼ਿੰਦਾ । ਮਾਣ ਮੋਹ ਜੋ ਰਖਿੰਦਾ । ਦਰ ਘਰ ਸਾਚੇ ਆਏ ਕਰੇ ਜੋ ਨਿੰਦਾ । ਆਤਮ ਵੱਜੇ ਹੰਕਾਰੀ ਜਿੰਦਾ । ਗੁਰਮੁਖ ਸਾਚਾ ਸਚ ਤਰੰਦਾ । ਆਪ ਬਣਾਏ ਸਾਚਾ ਬੰਦਾ । ਦਰ ਰਹਿਣ ਨਾ ਪਾਏ ਮਦਿਰਾ ਮਾਸੀ ਗੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਆਪ ਰੰਦਾਏ ਸੋਹੰ ਸਾਚਾ ਰੰਦਾ । ਗੁਰਮੁਖ ਤੇਰੀ ਪ੍ਰੀਤ ਨਿਆਰੀ । ਆਤਮ ਸਿੰਚੀ ਪ੍ਰੇਮ ਕਿਆਰੀ । ਸੋਹੰ ਸ਼ਬਦ ਲਾਓ ਸਾਚੀ ਫੁਲਵਾੜੀ । ਏਥੇ ਓਥੇ ਤੇਰਾ ਹੋਏ ਸਹਾਈ ਬਾਕੀ ਮਿਲੇ ਅਗਾੜੀ ।
੧੧੫ ੦੩ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਕਾਏ ਤੇਰੀ ਕਰਮਾਂ ਹਾੜੀ । ਗੁਰਮੁਖ ਤੇਰੇ ਕਰਮ ਗੁਣ । ਪ੍ਰਭ ਅਬਿਨਾਸ਼ੀ ਲਏ ਸੁਣ । ਆਤਮ ਵਜਾਵੇ ਸਾਚੀ ਧੁਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਤ ਚੁਣ । ਗੁਰਮੁਖ ਤੇਰੀ ਆਤਮ ਰਸ । ਪ੍ਰਭ ਅਬਿਨਾਸ਼ੀ ਹੋਏ ਵਸ । ਸਚ ਕਰਮ ਹਰਿ ਜਾਏ ਦੱਸ । ਪੰਜੇ ਚੋਰ ਜਾਇਣ ਨੱਸ । ਸ਼ਬਦ ਤੀਰ ਹਰਿ ਮਾਰਿਆ ਕਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਇਆ ਤੇਰੇ ਵਸ । ਗੁਰਮੁਖ ਤੇਰਾ ਧੀਰ ਧਿਆਨਾ । ਦਰ ਘਰ ਆਏ ਕੀਆ ਚਰਨ ਧੂੜ ਇਸ਼ਨਾਨਾ । ਪ੍ਰਭ ਅਬਿਨਾਸ਼ੀ ਆਪ ਮਿਟਾਏ ਆਤਮ ਉਦਾਸੀ, ਆਤਮ ਦੇਵੇ ਬ੍ਰਹਮ ਗਿਆਨਾ । ਵੇਲੇ ਅੰਤ ਕਰਾਏ ਬੰਦ ਖ਼ਲਾਸੀ, ਨਾ ਪਏ ਜਮ ਕੀ ਫਾਸੀ ਘਨਕਪੁਰ ਵਾਸੀ ਜਿਸ ਜਨ ਰਸਨ ਵਖਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਣਾ । ਗੁਰਮੁਖ ਤੇਰੀ ਲਾਜ ਰਖਾਈ । ਸ਼ਬਦ ਸੁਰਤ ਹਰਿ ਅਵਾਜ ਲਗਾਈ । ਸੋਹੰ ਸਾਚਾ ਤਾਜ ਪਹਿਨਾਈ । ਏਕਾ ਮੰਗ ਹਰਿ ਸ਼ਰਨਾਈ । ਦੂਸਰ ਕੋਈ ਦਿਸ ਨਾ ਆਈ । ਏਕਾ ਇਕ ਓਅੰਕਾਰ ਏਕਾ ਲਿਵ ਲਾਈ । ਏਕਾ ਜੋਤ ਮਿਟਾਏ ਅੰਧਿਆਰ, ਏਕਾ ਸ਼ਬਦ ਸੁਣਾਈ । ਏਕਾ ਗੋਤ ਸਰਬ ਸੰਸਾਰ, ਵਰਨ ਅਠਾਰਾਂ ਦੇ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਰਿਹਾ ਲਿਖਾਈ । ਗੁਰਸਿਖ ਸਾਚੀ ਪਰਖੀ ਨੀਤ । ਚਰਨ ਕਵਲ ਹਰਿ ਬਖ਼ਸ਼ੇ ਪ੍ਰੀਤ । ਮਾਨਸ ਜਨਮ ਜਗ ਜਾਏ ਜੀਤ । ਕਾਇਆ ਹੋਵੇ ਸਾਂਤਕ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਚਲਾਏ ਉਲਟੀ ਰੀਤ । ਆਤਮ ਧਿਆਨ ਧਰੇ ਭਗਵਾਨਾ । ਗੁਰਮੁਖ ਸਾਚੇ ਆਪ ਪਛਾਣਾ । ਦਰ ਘਰ ਆਏ ਨਾ ਕਰੇ ਅਭਿਮਾਨਾ । ਏਕਾ ਰੱਖੇ ਚਰਨ ਧਿਆਨਾ । ਸਾਚਾ ਬਖ਼ਸ਼ੇ ਪ੍ਰਭ

ਚਰਨ ਧੂੜ ਇਸ਼ਨਾਨਾ । ਸੋਹੰ ਬੰਨ੍ਹੇ ਆਤਮ ਗਾਨਾ । ਪ੍ਰਭ ਅਬਿਨਾਸ਼ੀ ਸਾਚਾ ਜਾਣਾ । ਭਰਮ ਭੁਲੇਖਾ ਸਾਰਾ ਲਾਹਣਾ । ਜੋਤ ਸਰੂਪੀ ਪਹਰਿਆ ਬਾਣਾ । ਰਾਓ ਰੰਕ ਦਾ ਇਕ ਸੁਲਤਾਨਾ । ਰਾਜਨ ਰਾਜ ਇਕ ਰਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਪ੍ਰਭ ਦਰ ਮੰਗੀ ਸਾਚੀ ਮੰਗ । ਕਾਇਆ ਚੋਲਾ ਪ੍ਰਭ ਦੇਵੇ ਰੰਗ । ਆਤਮ ਚਿੰਤਾ ਸੋਗ ਮਿਟਾਏ ਸੁੱਖੀ ਕਰਾਏ ਅੰਗ ਅੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੰਗ । ਆਤਮ ਆਕੜ ਆਪ ਗਵਾਏ । ਸੋਹੰ ਤੱਕੜ ਆਪ ਤੁਲਾਏ । ਆਤਮ ਜਕੜ ਚਰਨ ਲਗਾਏ । ਨਾੜ ਬਹੱਤਰ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਅਮੋਘ ਆਪ ਦਿਖਾਏ । ਆਪ ਦਿਖਾਏ ਦਰਸ ਅਮੋਘਾ । ਆਪੇ ਕੱਟੇ ਹਉਮੇ ਰੋਗਾ । ਨਾ ਕਦੇ ਚਿੰਤ ਨਾ ਲੱਗੇ ਸੋਗਾ । ਏਕਾ ਦੇਵੇ ਸਾਚਾ ਜੋਗਾ । ਸਾਧ ਸੰਗਤ ਰਸ ਸਾਚਾ ਭੋਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮੇਲ ਮਿਲਾਇਆ ਵਿਛੜਿਆਂ ਸੰਜੋਗਾ । ਵਿਛੜਿਆਂ ਕਲ ਮਿਲਿਆ ਮੇਲ । ਅਚਰਜ ਪਾਰਬ੍ਰਹਮ ਕਲ ਖੇਲ । ਗੁਰਮੁਖ ਸਾਚੇ ਆਤਮ ਮੇਲ ਮਿਲਾਏ, ਆਤਮ ਜੋਤੀ ਦੇ ਧਰਾਏ, ਆਪ ਜਗਾਏ ਬਿਨ ਬਾਤੀ ਤੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਏ ਸਾਚਾ ਸੱਜਣ ਸੁਹੇਲ । ਗੁਰਮੁਖ ਹਰਿ ਆਪ ਪਛਾਣੇ । ਦਰਗਹਿ ਸਾਚੀ ਦੇਵੇ ਮਾਣੇ । ਮਾਨਸ ਜਨਮ ਹਰਿ ਲੇਖੇ ਲਾਣੇ । ਆਪ ਬਣਾਏ ਗੁਰਸਿਖ ਸਾਚੇ ਸੁਘੜ ਸਿਆਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗੋਦ ਉਠਾਏ ਗੁਰਸਿਖ ਬਾਲ ਅੰਞਾਣੇ । ਅੰਞਾਣਾ ਬਾਲਾ ਗੁਰਸਿਖ ਪਾਲਾ । ਆਤਮ ਦੇਵੇ ਨਾਮ ਸਾਚਾ ਲਾਲਾ । ਏਕਾ ਰੰਗ ਚੜ੍ਹਾਏ ਗੁਰ ਗੋਪਾਲਾ । ਆਪੇ ਹੋਏ ਗੁਰਸਿਖ ਤੇਰਾ ਰਖਵਾਲਾ । ਅੰਤਮ ਅੰਤ ਆਪ ਛੁਡਾਏ ਨਾ ਮੰਗੇ ਕੋਈ ਦਲਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਰੇ ਪ੍ਰਿਤਪਾਲਾ । ਓਅੰ ਤੇਰਾ ਸਚ ਦਰਬਾਰਾ । ਏਕਾ ਰੂਪ ਅਨੂਪ ਅਗੰਮ ਅਪਾਰਾ । ਏਕਾ ਸਤਿ ਸਰੂਪ ਸਤਿ ਸਹਾਰਾ । ਵਡ ਸ਼ਾਹੋ ਵਡ ਵਡ ਭੂਪ ਜੋਤ ਸਰੂਪੀ ਜੋਤ ਨਿਰੰਕਾਰਾ । ਤੀਨ ਲੋਕ ਲੋਕ ਪ੍ਰਲੋਕ ਖੰਡ ਬ੍ਰਹਿਮੰਡ ਵਰਭੰਡ ਨਵਖੰਡ ਨਵ ਸਰਬ ਪਸਾਰਾ । ਲੱਖ ਚੁਰਾਸੀ ਜੀਵ ਜੰਤਾਂ ਦੇਵੇ ਜੋਤ ਅਧਾਰਾ । ਆਪੇ ਹੋਏ ਆਪਣਾ ਇਕ ਸਹਾਰਾ । ਜੋਤੀ ਜੋਤ ਸਰੂਪ ਹਰਿ ਏਕਾ ਤੇਰਾ ਵਡ ਦਵਾਰਾ । ਵਡ ਦਵਾਰੀ ਵਡ ਦਰਬਾਰੀ ਵਡ ਸੰਸਾਰੀ । ਜੋਤ ਨਿਰੰਕਾਰੀ ਰੂਪ ਅਪਾਰੀ । ਖੇਲ ਨਿਆਰੀ ਸਰਬ ਜੀਆਂ ਦਰ ਸਾਚੇ ਬੈਠਾ ਪ੍ਰਭ ਅਬਿਨਾਸ਼ੀ ਸੁਣੇ ਪੁਕਾਰੀ । ਸੁਣੇ ਪੁਕਾਰਾ ਪ੍ਰਭ ਦਾਤਾਰਾ । ਜੋਤ ਅਕਾਰਾ ਸਰਬ ਪਸਾਰਾ । ਵਿਚ ਸੰਸਾਰਾ ਸੁਰਤ ਸ਼ਬਦ ਮੇਲ ਮਿਲਾਰਾ । ਜੋਤੀ ਜੋਤ ਸਰੂਪ ਹਰਿ ਦਿਵਸ ਰੈਣ ਰੈਣ ਦਿਵਸ ਸਦ ਏਕਾ ਰੰਗ ਰੰਗੇ ਕਰਤਾਰਾ । ਰੰਗ ਅਵਲੜਾ ਵਸੇ ਇਕੱਲੜਾ । ਭਾਰਾ ਪਲੜਾ ਦਰ ਸਾਚੇ ਖਲੜਾ । ਘਰ ਸਾਚਾ ਮਲੜਾ । ਸਾਚੇ ਢਾਂਚੇ ਢਲੜਾ । ਨਾ ਪੀਲਾ ਨਾ ਲਾਲ ਏਕਾ ਰੰਗ ਗੁਲਲੜਾ । ਸਾਚਾ ਨਰ ਹਰਿ ਗੁਰ ਗੋਪਾਲ ਪ੍ਰਭ ਅਬਿਨਾਸ਼ੀ ਜੋਤ ਸਰੂਪ ਬਿਨ ਰੰਗ ਰੂਪ ਸਚ ਧਾਮ ਦਰ ਸਾਚਾ ਮਲੜਾ । ਏਕਾ ਜੋਤ ਸਰੂਪ ਹਰਿ ਦਰ ਦਵਾਰ ਸਦ ਸਦਾ ਸਦ ਖਲੜਾ । ਪ੍ਰੇਮ ਵੈਰਾਗੀ ਪਾਵੇ ਵੈਣ, ਜਗਤ ਤਿਆਗੀ ਪੇਖੇ ਨੇਤਰ ਪ੍ਰਭ ਅਬਿਨਾਸ਼ੀ ਸਾਚਾ ਨੈਣ । ਏਕਾ ਸੁਰਤ ਸ਼ਬਦ ਗੁਰ ਲਾਈ, ਦੇਵੇ ਸੁਨੇਹਾ ਸਵਾਸ ਪਵਣ । ਮਾਛੂਵਾੜੇ ਕੰਡਿਆਂ ਸੇਜ ਵਿਛਾਈ, ਤੁਧ ਬਿਨ ਹੋਵੇ ਸਹਾਈ ਕਵਣ । ਤੇਰਾ ਵਿਛੋੜਾ ਮੈਂ ਕਦੇ ਨਾ ਲੋੜਾ, ਕਿਉਂ ਦਰ ਤੋਂ ਹੋੜਾ ਅਜ ਸੇਜ ਵਛਾਈ ਮੇਰੀ ਰੋੜਾ । ਮੇਰਾ ਵਕਤ ਰਹਿ ਗਿਆ ਥੋੜਾ । ਜੋਤੀ ਜੋਤ ਸਰੂਪ ਹਰਿ ਲਗੀ ਪ੍ਰੀਤ ਨਿਭਾਵੇ ਤੋੜਾ । ਗੁਰ ਗੋਬਿੰਦ ਸ਼ਬਦ ਧੁਨਕਾਰ । ਪਵਣ


੧੧੯
੦੩

ਸਰੂਪੀ ਜਾਏ ਸਵਾਰ । ਆਪ ਪੁਜਾਏ ਵਿਚ ਦਰਬਾਰ । ਮਨ ਬੈਰਾਗੀ ਜਗਤ ਤਿਆਗੀ ਵਡ ਵਡ ਭਾਗੀ ਏਕਾ ਮੰਗੇ ਤੇਰਾ ਦਰਸ ਪਿਆਰ । ਜੋਤੀ ਜੋਤ ਸਰੂਪ ਹਰਿ ਕਿਰਪਾ ਕਰ ਛੇਤੀ ਮੇਲ ਮਿਲਾਵਾ ਹੋਏ ਸਚ ਭਤਾਰ । ਉਠ ਜੀਵ ਜਾਗ ਪ੍ਰਭ ਹੋਏ ਸਹਾਈ । ਜੁਗਾ ਜੁਗੰਤਰ ਆਦਿ ਜੁਗਾਦਿ ਗੁਰਸਿਖਾਂ ਜਿਨ ਬਣਤ ਬਣਾਈ । ਕਿਰਪਾ ਕਰ ਪੂਰੇ ਹਰਿ ਲੱਖ ਚੁਰਾਸੀ ਵਿਚੋਂ ਮਾਨਸ ਦੇਹ ਦਿਤੀ ਵਡਿਆਈ । ਰਕਤ ਬੂੰਦ ਹੱਡ ਨਾੜ ਪਿੰਜਰ ਪ੍ਰਭ ਤੇਰੀ ਦੇਹ ਬਣਾਈ । ਪਵਣ ਸਰੂਪੀ ਆਤਮ ਸਵਾਸ ਪ੍ਰਭ ਸਾਚਾ ਦੇ ਚਲਾਈ । ਸਾਚੀ ਜੋਤ ਕਰ ਪ੍ਰਕਾਸ਼ ਦੀਪਕ ਜੋਤੀ ਦੇ ਜਗਾਈ । ਆਨ ਬਾਟ ਵਿਚ ਤੇਰੀ ਕਾਇਆ ਆਪ ਪਕਾਈ । ਕਾਇਆ ਕੋਟ ਅੰਧੇਰੀ ਖਾਡ, ਪ੍ਰਭ ਉਲਟਾ ਸਿਰ ਰਖਾਈ । ਨਰਕ ਕੁੰਟ ਘੋਰ ਅੰਧੇਰ ਪ੍ਰਭ ਅਬਿਨਾਸ਼ੀ ਤੇਰਾ ਹੋਏ ਸਹਾਈ । ਹਰਿ ਹਰਿ ਹਰਿ ਤੇਰੀ ਰਸਨਾ ਗਾਈ । ਤਤੀ ਵਾਓ ਨਾ ਲਾਗੇ ਰਾਈ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦਸਵੇਂ ਮਾਸ ਦਿਤੀ ਵਧਾਈ । ਮਾਤਲੋਕ ਵਿਚ ਜਨਮ ਧਰ, ਮਾਤ ਪਿਤਾ ਦੇਵੇ ਵਡਿਆਈ । ਜਗਤ ਮਾਇਆ ਲਾਗੀ ਤਨ, ਵਿਸਰਿਆ ਰਘੁਰਾਈ । ਬਾਲੀ ਬਾਲ ਬਾਲ ਬਾਲੜਾ ਆਪਣੀ ਸੁੱਧ ਬੈਠਾ ਭੁਲਾਈ । ਏਕਾ ਦੂਜਾ ਤੀਜਾ ਚੌਥਾ ਪੰਜਵੇਂ ਸੁਰਤ ਰਖਾਈ । ਛੇਵੇਂ ਸਤਵੇਂ ਅਠਵੇਂ ਨਾਂਵੇਂ ਦਸਵੇਂ ਖੇਡ ਖਿਡਾਈ । ਖੇਡ ਖਿਡਾਵੇ ਝੂਠੀ ਬਾਜੀ ਸਾਚੀ ਬੂਝ ਬੁਝਾਈ । ਪ੍ਰਭ ਅਬਿਨਾਸ਼ੀ ਵਿਸਰਿਆ ਜਿਸ ਵਿਚ ਬਣਤ ਬਣਾਈ । ਭੁਲਿਆ ਹਰਿ ਨਾ ਵਕਤ ਵਿਚਾਰਿਆ । ਚੁਕਿਆ ਡਰ ਭੁੱਲ ਗਵਾ ਰਿਹਾ । ਮਾਨਸ ਜਨਮ ਜੂਏ ਬਾਜੀ ਹਾਰਿਆ । ਗੁਰਮੁਖ ਵਿਰਲੇ ਉਤਰੇ ਪਾਰ, ਜਿਸ ਮਿਲਿਆ ਗੁਰ ਪਿਆਰਿਆ । ਆਤਮ ਦੇਵੇ ਨਾਮ ਨਿਧਾਨਾ, ਨਾਮ ਸਾਚਾ ਜਾਮ ਪਿਲਾ ਰਿਹਾ । ਪੂਰ ਕਰਾਏ ਮਾਤ ਕਾਮਾ, ਪ੍ਰਭ ਸਾਚੇ ਮਾਰਗ ਲਾ ਰਿਹਾ । ਜੋਤ ਸਰੂਪੀ ਜੋਤ ਹਰਿ ਜੁਗੋ ਜੁਗ ਜਨ ਭਗਤਾਂ ਪੈਜ ਰਖਾ ਰਿਹਾ । ਜਨ ਭਗਤ ਹਰਿ ਸੇਵ ਕਮਾਵੇ । ਦਿਵਸ ਰੈਣ ਹਰਿ ਰਸਨਾ ਗਾਵੇ । ਪ੍ਰਭ ਅਬਿਨਾਸ਼ੀ ਲੇਖੇ ਲਾਵੇ । ਆਦਿ ਜੁਗਾਦੀ ਵਡ ਬ੍ਰਹਿਮਾਦੀ ਸਾਚਾ ਨਾਦ ਸ਼ਬਦ ਧੁਨ ਉਪਜਾਵੇ । ਜੋਤੀ ਜੋਤ ਸਰੂਪ ਹਰਿ ਆਪ ਆਪਣੇ ਰੰਗ ਰੰਗਾਵੇ । ਗੁਰ ਪੂਰਾ ਗੁਰਸਿਖ ਪਛਾਣੇ । ਮਨ ਤਨ ਧਨ ਕਰੇ ਕੁਰਬਾਨੇ । ਆਤਮ ਤੁਟਾ ਜਨ ਨਿਕਲਿਆ ਮਾਨੇ । ਰਸਨਾ ਕਹੇ ਧੰਨ ਮਿਲਿਆ ਭਗਵਾਨੇ । ਦਰਗਹਿ ਸਾਚੀ ਨਾ ਲੱਗੇ ਡੰਨ, ਜਮਦੂਤ ਨੇੜ ਨਾ ਆਨੇ । ਪ੍ਰਭ ਅਬਿਨਾਸ਼ੀ ਆਪ ਉਠਾਏ ਆਪਣੇ ਕੰਧ, ਸਚਖੰਡ ਨਿਵਾਸ ਰਖਾਨੇ । ਜੋਤੀ ਜੋਤ ਸਰੂਪ ਹਰਿ ਜਨ ਭਗਤਾਂ ਮਾਰਗ ਪਾਨੇ । ਗੁਰਮੁਖ ਆਤਮ ਜਾਏ ਮਨ, ਸਾਚਾ ਸ਼ਬਦ ਸੁਣੇ ਹਰਿ ਕਾਨੇ । ਭਰਮ ਭੁਲੇਖਾ ਨਿਕਲੇ ਜਨ, ਝੂਠੀ ਅਗਨ ਨਾ ਰਹੇ ਤਾਨੇ । ਏਕਾ ਲਾਗਣ ਪ੍ਰਭ ਮਿਲਣ ਦੀ, ਜੋਤੀ ਜੋਤ ਸਰੂਪ ਹਰਿ ਆਤਮ ਹੋਣ ਨਾ ਦੇਵੇ ਨਗਨ, ਗੁਰਮੁਖ ਵੇਖੇ ਗੁਰਦਵਾਰਿਆ । ਆਪ ਆਪਣਾ ਆਪਾ ਵਾਰਿਆ । ਏਕਾ ਜਾਪਾ ਹਰਿ ਆਪ ਜਪਾ ਰਿਹਾ । ਤੀਨੋਂ ਤਾਪਾ ਮਗਰੋਂ ਲਾਹ ਰਿਹਾ । ਕੋਟਨ ਪਾਪਾਂ ਮੈਲ ਗਵਾ ਰਿਹਾ । ਮਾਈ ਬਾਪਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ ਗੁਰਮੁਖਾਂ ਲੇਖੇ ਲਾ ਰਿਹਾ । ਮਾਨਸ ਜਨਮ ਲੇਖੇ ਜਾਏ ਲੱਗ । ਪ੍ਰਭ ਅਬਿਨਾਸ਼ੀ ਜੋ ਜਨ ਪਕੜੇ ਪੱਗ । ਕਲਜੁਗ ਅਗਨ ਵਿਚ ਨਾ ਜਾਏ ਦਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾਏ ਤ੍ਰਿਸ਼ਨਾ ਅੱਗ । ਮੋਹਣ ਮਾਧਵ ਜਿਸ ਜਨ ਜਾਣਿਆਂ । ਨੈਣ ਮੁਧਾਰੀ ਦੇਵੇ ਮਾਣਿਆਂ । ਕ੍ਰਿਸ਼ਨ ਮੁਰਾਰੀ ਆਪ ਬਣਾਏ ਸੁਘੜ ਸਿਆਣਿਆਂ । ਰਾਮ ਅਵਤਾਰੀ ਏਕਾ ਰੰਗ ਰੰਗਾਣਿਆਂ । ਭਗਤ ਭੰਡਾਰੀ ਹਰਿ ਭਗਵਾਨਿਆਂ । ਕਲੰਕਨਿਹ ਨਰਾਇਣ ਨਰ ਅਵਤਾਰੀ ਗੁਰਮੁਖਾਂ ਪਾਰ ਕਰਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੧੧੭ ੦੩

ਸਤਿਗੁਰ ਸਾਚਾ ਜਿਸ ਜਨ ਮਾਤਲੋਕ ਵਿਚ ਜਾਣਿਆਂ । ਰਸਨਾ ਗਾਵੇ ਭੇਵ ਛੁਪਾਵੇ, ਦਰ ਭੁਲਾਵੇ, ਸਾਰ ਨਾ ਪਾਵੇ, ਚਰਨ ਪ੍ਰੀਤ ਸਾਚੀ ਨੀਤੀ ਇਕ ਰਖਾਵੇ । ਪ੍ਰਭ ਅਬਿਨਾਸ਼ੀ ਗਲੇ ਲਗਾਵੇ । ਭੁੱਲਿਆਂ ਕਲਜੁਗ ਮਾਰਗ ਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਚਰਨ ਧੂੜੀ ਤੀਰਥ ਨੁਹਾਵੇ । ਹਰਿ ਸੰਤ ਇਕ ਜਾਨ । ਹਰਿ ਸੰਤ ਇਕ ਅਸਥਾਨ । ਹਰਿ ਸੰਤ ਇਕ ਗਿਆਨ । ਹਰਿ ਸੰਤ ਇਕ ਧਿਆਨ । ਹਰਿ ਸੰਤ ਇਕ ਇਸ਼ਨਾਨ । ਹਰਿ ਸੰਤ ਏਕਾ ਇਕ ਮਾਨ । ਹਰਿ ਸੰਤ ਏਕਾ ਏਕ ਰੱਖ ਟੇਕ ਹਰਿ ਭਗਵਾਨ । ਹਰਿ ਸੰਤ ਹਰਿ ਕਾ ਦਾਸ । ਹਰਿ ਕਾ ਦਾਸ ਸਦਾ ਅਬਿਨਾਸ਼ । ਹਰਿ ਕਾ ਦਾਸ ਹਰਿ ਆਪ ਆਪੇ ਰੱਖੇ ਵਾਸ । ਹਰਿ ਕਾ ਦਾਸ ਅੰਤ ਏਕਾ ਨਿਤ ਰਸਨਾ ਗਾਏ, ਆਪ ਬਣਾਏ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਣ ਮਿਲੇ ਸਾਚਾ ਕੰਤ । ਸੰਤ ਰੰਗ ਸਦ ਰੰਗੀਲਾ । ਆਪੇ ਰੰਗੇ ਕਰ ਕਰ ਹੀਲਾ । ਸਾਚਾ ਨਾਮ ਪ੍ਰਭ ਦਰ ਮੰਗੇ ਦੇਵੇ ਹਰਿ ਭਰ ਪਿਆਲੇ ਪੀ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਘੋੜਾ ਦੇਵੇ ਛੈਲ ਛਬੀਲਾ । ਹਰਿ ਸੰਤ ਹਰਿ ਵੇਖ ਵਿਚਾਰ । ਹਰਿ ਸੰਤ ਹਰਿ ਸ਼ਬਦ ਅਧਾਰ । ਹਰਿ ਸੰਤ ਕਰ ਹਰਿ ਪਿਆਰ । ਹਰਿ ਸੰਤ ਹਰਿ ਆਪ ਖੁਲ੍ਹਾਏ ਦਸਮ ਦਵਾਰ । ਹਰਿ ਸੰਤ ਹਰਿ ਆਪ ਉਪਜਾਵੇ ਏਕਾ ਸ਼ਬਦ ਧੁਨਕਾਰ । ਹਰਿ ਸੰਤ ਸਚ ਧਾਮ ਰਹਾਏ, ਪੂਰਨ ਬ੍ਰਹਮ ਕਰਮ ਵਿਚਾਰ । ਹਰਿ ਸੰਤ ਹਰਿ ਕਾ ਦਾਸ । ਜਨ ਸੰਤਾਂ ਹਰਿ ਵਸੇ ਪਾਸ । ਆਦਿ ਅੰਤ ਆਦਿ ਅੰਤ ਆਦਿਨ ਅੰਤਾ ਪ੍ਰਭ ਅਬਿਨਾਸ਼ੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤਾਂ ਕਰੇ ਬੰਦ ਖਲਾਸ । ਬੰਦ ਖਲਾਸੀ ਬੰਦੀ ਤੋੜੇ । ਜੁਗਾ ਜੁਗੰਤਰ ਵਿਛੜੇ ਪ੍ਰਭ ਸਾਚਾ ਜੋੜੇ । ਚਰਨ ਪ੍ਰੀਤੀ ਦਿਵਸ ਰੈਣ ਪ੍ਰਭ ਸਾਚਾ ਲੋੜੇ । ਲੋੜੇ ਦਰ ਘਰ ਸਾਚੇ ਸੇਵ ਕਮਾਈ, ਲਹਿਣਾ ਦੇਣਾ ਪ੍ਰਭ ਸਾਚਾ ਮੋੜੇ । ਵਿਚ ਮਾਤ ਹਰਿ ਦੇ ਵਡਿਆਈ, ਆਪ ਚੜ੍ਹਾਏ ਨਾਮ ਘੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਏ ਕਲਜੁਗ ਅੰਤਮ ਦਿਨ ਰਹਿ ਗਏ ਥੋੜੇ । ਵੇਲਾ ਅੱਗੇ ਆਇਆ ਨੇੜੇ । ਦਰਗਹਿ ਸਾਚੀ ਹੋਣ ਨਬੇੜੇ । ਕਲਜੁਗ ਤੇਰੇ ਮੁੱਕਣ ਝੇੜੇ । ਉਲਟੇ ਆਵਣ ਸਾਰੇ ਗੇੜੇ । ਖੁਲ੍ਹੇ ਹੋਇਣ ਸਭ ਦੇ ਵਿਹੜੇ । ਆਪ ਡੁਬਾਏ ਭਰ ਭਰ ਬੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਅੰਤਕਾਲ ਲੇਖਾ ਸਰਬ ਨਬੇੜੇ । ਕਲਜੁਗ ਤੇਰੀ ਅੰਧੇਰੀ ਰਾਤ । ਸ੍ਰਿਸ਼ਟ ਸਬਾਈ ਤੁੱਟਾ ਨਾਤ । ਛੇਤੀ ਫੇਰ ਨਾ ਆਵੇ ਮਾਤ । ਕੁਕਰਮ ਕੀਏ ਕੁਧਰਮ ਕੀਏ ਬੇਮੁਖਾਂ ਬਹੁ ਬਹੁ ਭਾਂਤ । ਜੁਰਮ ਵਰਮ ਕੀਏ ਅਜੇ ਨਾ ਹੋਈ ਆਤਮ ਸ਼ਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲੇਖ ਲਿਖਾਏ ਬੈਠਾ ਇਕ ਇਕਾਂਤ । ਕਲਜੁਗ ਤੇਰਾ ਝੂਠ ਵਿਹਾਰਾ । ਪੂਰਨ ਕਰੇ ਹਰਿ ਵਿਚਾਰਾ । ਪਾਸਾ ਅੰਤਮ ਆਇਆ ਹਾਰਾ । ਦੇਵੇ ਨਾ ਤੈਨੂੰ ਕੋਈ ਸਹਾਰਾ । ਆਪਣੀ ਖੇਲ ਆਪ ਵਰਤਾਏ ਸ੍ਰਿਸ਼ਟ ਸਬਾਈ ਨਾ ਪਾਵੇ ਸਾਰਾ । ਆਤਮ ਅਗਨੀ ਜੋਤ ਲਗਾਏ, ਸ੍ਰਿਸ਼ਟ ਸਬਾਈ ਹੋਏ ਦੋ ਫਾੜਾ । ਵਡ ਵਡ ਬੋਧ ਸੂਰਬੀਰ ਉਠਾਏ, ਧਰਤ ਮਾਤ ਬਣਾਏ ਇਕ ਅਖਾੜਾ । ਅਗਨ ਮੇਘ ਆਪ ਬਰਸਾਏ, ਕੋਈ ਨਾ ਛੁਪਿਆ ਰਹੇ ਵਿਚ ਜੰਗਲ ਜੂਹ ਪਹਾੜਾਂ । ਨੌਂ ਖੰਡ ਪ੍ਰਿਥਮੀ ਭੇੜ ਭਿੜਾਏ, ਮੌਤ ਬਣਾਏ ਲਾੜੀ ਲਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਤੇਰਾ ਆਪ ਚੁਕਾਇਆ ਭਾੜਾ । ਸ੍ਰਿਸ਼ਟ ਸਬਾਈ ਹੋਏ ਦੋ ਧੜ । ਏਕਾ ਦੂਆ ਪੈਣ ਲੜ । ਗੋਲੀ ਗੋਲਾ ਆਪ ਬਰਸਾਏ, ਨਾ ਕੋਈ ਦਿਸੇ ਕਿਲ੍ਹਾ ਗੜ੍ਹ । ਨਗਰ ਖੇੜਾ ਕੋਈ ਰਹਿਣ ਨਾ ਪਾਏ, ਨਾ ਕੋਈ ਵੇਖੇ ਪੌੜੀ ਚੜ੍ਹ ।

ਜੋਤੀ ਜੋਤ ਸਰੂਪ ਹਰਿ, ਆਪੇ ਵੇਖ ਵਖਾਏ ਸਰਬ ਜੀਆਂ ਦੇ ਅੰਦਰ ਵੜ । ਉਠੇ ਰੂਸਾ ਲਸ਼ਕਰ ਭਾਰੀ । ਈਸਾ ਮੂਸਾ ਹੋਏ ਖਵਾਰੀ । ਲੁੱਟੀ ਜਾਏ ਮੁਹੰਮਦ ਤੇਰੀ ਚਾਰ ਯਾਰੀ । ਸਦੀ ਚੌਧਵੀਂ ਹੋਈ ਭਾਰੀ । ਚਾਰੋਂ ਤਰਫ ਹੋਏ ਖੁਆਰੀ । ਕਿਸੇ ਨਾ ਹੋਵੇ ਨਾਰ ਪਿਆਰੀ । ਦਰ ਦਰ ਘਰ ਘਰ ਬੇਮੁੱਖ ਭੱਜਣ, ਕੋਈ ਨਾ ਬਣੇ ਬਿਉਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਉਠਾਏ ਖੰਡਾ ਦੋ ਧਾਰੀ । ਰੂਸ ਚੀਨਾ ਏਕਾ ਕੀਨਾ । ਆਪ ਮਿਟਾਵੇ ਮੁਹੰਮਦੀ ਦੀਨਾ । ਧਰਤ ਮਾਤ ਤੇਰਾ ਖੁਲ੍ਹਾ ਸੀਨਾ । ਝੂਠਾ ਰਾਜ ਪ੍ਰਭ ਸਾਚੇ ਛੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦਾਨਾ ਬੀਨਾ । ਸੰਗ ਮੁਹੰਮਦ ਚਾਰ ਯਾਰ । ਉਠਣ ਭੱਜਣ ਹੋਇਣ ਖਵਾਰ । ਪੀਰ ਦਸਤਗੀਰ ਨਾ ਹੋਏ ਕੋਈ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਫੜੇ ਕਟਾਰ । ਏਕਾ ਫੜੇ ਸ਼ਬਦ ਕਟਾਰੀ । ਨਬੀ ਰਸੂਲਾਂ ਹੋਏ ਖਵਾਰੀ । ਆਪਣਾ ਮੂਲ ਗਏ ਹਾਰੀ । ਬੇਮੁਖਾਂ ਪ੍ਰਭ ਅਬਿਨਾਸ਼ੀ ਭੂਲਾ, ਝੂਠੀ ਕਰਨ ਸਿਕਦਾਰੀ । ਮਾਤ ਜੋਤ ਪ੍ਰਗਟਾਏ ਹਰਿ ਸਾਚਾ ਕੰਤ ਕੰਤੂਲਾ, ਪੂਰਬ ਕਰਮ ਰਿਹਾ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਰਾਇਣ ਨਰ ਅਵਤਾਰੀ । ਅਹਿਮਦ ਮੁਹੰਮਦ ਵਕਤ ਚੁਕਾਇਆ । ਚਾਰ ਯਾਰਾਂ ਸੰਗ ਰਲਾਇਆ । ਮਾਤਲੋਕ ਵਿਚੋਂ ਬਾਹਰ ਕਟਾਇਆ । ਉਤਮ ਨਬੀ ਰਸੂਲ ਦੀ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤਰਸੂਲ ਲਗਾਇਆ । ਏਕਾ ਸ਼ਬਦ ਚੱਲੇ ਤੀਰ । ਮੇਟ ਮਿਟਾਏ ਪੀਰ ਫਕੀਰ । ਨਾ ਕੋਈ ਹੋਏ ਸਹਾਈ ਔਲੀਏ ਪੈਗ਼ੰਬਰ ਦਸਤਗੀਰ । ਅੰਤਮ ਅੰਤਕਾਲ ਕਲ ਲੱਬੇ ਚੀਰ । ਨੇਤਰਾਂ ਵਿਚੋਂ ਵਗੇ ਨੀਰ । ਏਕਾ ਲੱਗੇ ਦੁੱਖਾਂ ਪੀੜ । ਬੇਮੁੱਖਾਂ ਟੁੱਟੀ ਹੱਡੀ ਰੀੜ । ਪ੍ਰਭ ਅਬਿਨਾਸ਼ੀ ਸਾਚਾ ਜਾਏ ਪੀੜ । ਵੇਲਾ ਅੰਤ ਅੰਤਕਾਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬੀੜ । ਮੁਹੰਮਦ ਮੰਗ ਏਕਾ ਮੰਗ । ਸਦੀ ਚੌਧਵੀਂ ਹੋਏ ਭੰਗ । ਆਪ ਭੰਨਾਏ ਜਿਉਂ ਕਾਚੀ ਵੰਗ । ਸ਼ਾਹ ਸੁਲਤਾਨਾਂ ਤੁੱਟੇ ਤੰਗ । ਸਚ ਸ਼ਬਦ ਹਰਿ ਜਾਏ ਡੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਭੰਨਾਏ ਕਾਇਆ ਅੰਗ । ਕਾਇਆ ਅੰਗ ਦੇਵੇ ਤੋੜ । ਲੱਗੀ ਪ੍ਰੀਤੀ ਦੇਵੇ ਵਿਛੋੜ । ਅੰਤਕਾਲ ਕਲਜੁਗ ਨਾ ਨਿਭੀ ਤੇਰੀ ਤੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਉਪਜਾਏ ਮਾਤ ਲਗਾਏ ਧਰਮ ਬਿਰਖ ਬੋਹੜ । ਮਨ ਤਨ ਭਿੰਨੜਾ ਹਰਿ ਚਰਨ ਪਿਆਸਾ । ਮਨ ਤਨ ਭਿੰਨੜਾ ਹਰਿ ਦੇਵੇ ਸ਼ਬਦ ਦਿਲਾਸਾ । ਮਨ ਤਨ ਭਿੰਨੜਾ ਗੁਰਮੁਖ ਸਾਚਾ ਆਪ ਰਖਾਇਆ ਜਿਉਂ ਕੰਚਨ ਪਾਸਾ । ਮਨ ਤਨ ਭਿੰਨੜਾ ਵੇਖੇ ਹਰਿ ਰੰਗ ਤਮਾਸ਼ਾ । ਮਨ ਤਨ ਭਿੰਨੜਾ ਹਰਿ ਕਰੇ ਬੰਦ ਖਲਾਸਾ । ਮਨ ਤਨ ਭਿੰਨੜਾ ਸੋਹੰ ਸਾਚਾ ਜਾਪ ਜਪਾਏ ਸਵਾਸ ਸਵਾਸਾ । ਮਨ ਤਨ ਭਿੰਨੜਾ ਮੁਕਤ ਜੁਗਤ ਕਰਾਏ ਤੇਰੀ ਦਾਸਾ । ਮਨ ਤਨ ਭਿੰਨੜਾ ਆਪ ਕਟਾਏ ਜਮ ਕੀ ਫਾਸਾ । ਮਨ ਤਨ ਭਿੰਨੜਾ ਅੰਤਮ ਅੰਤਮ ਅੰਤਮ ਅੰਤ ਆਣ ਸਹਾਏ, ਜੋਤੀ ਮੇਲ ਮਿਲਾਏ, ਸਚਖੰਡ ਰਖਾਏ ਨਿਵਾਸਾ । ਮਨ ਤਨ ਭਿੰਨੜਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਪਾਇਆ ਸ਼ਾਹੋ ਸ਼ਾਬਾਸ਼ਾ । ਮਨ ਤਨ ਭਿੰਨੜਾ ਤਨ ਵੱਜੀ ਵਧਾਈ । ਮਨ ਤਨ ਭਿੰਨੜਾ ਹਰਿ ਏਕਾ ਲਿਵ ਲਾਈ । ਮਨ ਤਨ ਭਿੰਨੜਾ ਤਨ ਧਨ ਹਰਿ ਨਾਮ ਸਾਚਾ ਦੇਵੇ ਪਾਈ । ਮਨ ਤਨ ਭਿੰਨੜਾ ਸਾਚਾ ਰਾਗ ਹਰਿ ਦੇਵੇ ਕੰਨ ਸੁਣਾਈ । ਮਨ ਤਨ ਭਿੰਨੜਾ ਆਤਮ ਧੋ ਦਾਗ ਪ੍ਰਭ ਨਿਰਮਲ ਦੇ ਕਰਾਈ । ਮਨ ਤਨ ਭਿੰਨੜਾ ਆਪੇ ਪਕੜੇ ਗੁਰਸਿਖ ਤੇਰੀ ਵਾਗ ਸਚ ਦਵਾਰੇ ਦੇ ਬਹਾਈ । ਮਨ ਤਨ ਵੱਜੀ ਵਧਾਈ,

ਪੂਰਨ ਹੋਏ ਭਾਗ ਆਏ ਪ੍ਰਭ ਸ਼ਰਨਾਈ । ਮਨ ਤਨ ਵੱਜੀ ਵਧਾਈ, ਗੁਰਸਿਖ ਹੰਸ ਬਣਿਆ ਕਾਗ, ਪ੍ਰਭ ਸੋਹੰ ਚੋਗ ਦੇ ਚੁਗਾਈ । ਮਨ ਤਨ ਵੱਜੀ ਵਧਾਈ, ਆਪ ਉਪਜਾਵੇ ਅਨਹਦ ਸਾਚਾ ਰਾਗ, ਸੁੰਨ ਸਮਾਧ ਆਪ ਖੁਲ੍ਹਾਈ । ਮਨ ਤਨ ਵੱਜੀ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਸਮ ਦਵਾਰ ਦੀ ਬੂਝ ਬੁਝਾਈ । ਦਸਮ ਦਵਾਰਾ ਹਰਿ ਖੁਲ੍ਹਾਰੇ । ਮਨ ਸਿੱਖ ਸਾਚੀ ਸ਼ਬਦ ਧਾਰੇ । ਸਾਚਾ ਸ਼ਬਦ ਇਕ ਧੁਨਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਕਰੇ ਜੋਤ ਅਕਾਰੇ । ਤੇਰੀ ਕਾਇਆ ਮਹਲ ਮੁਨਾਰੇ । ਕਾਇਆ ਮਹਲ ਮੁਨਾਰਾ ਵਿਚ ਹਰਿ ਪਸਾਰਾ । ਮਿਟਾਏ ਅੰਧਿਆਰਾ ਜੀਵ ਕੀ ਕਰੇ ਵਿਚਾਰਾ । ਰਸਨਾ ਗਾਏ ਘਰ ਸਾਚਾ ਪਾਏ, ਦਰ ਸਚ ਖੁਲ੍ਹਾਏ ਜਿਥੇ ਵਸੇ ਆਪ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਰੂਪ ਬੈਠਾ ਵਿਚ ਨਿਰਾਧਾਰਾ । ਨਿਰਾਧਾਰ ਨਿਰਾਹਾਰ ਜੋਤ ਅਕਾਰ ਵੇਖ ਵਿਚਾਰ, ਜਨਮ ਸੁਧਾਰ ਮੂਲ ਨਾ ਹਾਰ, ਕਰ ਪਿਆਰ ਉਤਰੇ ਪਾਰ, ਹਰਿ ਦੇਵੇ ਤਾਰ, ਜਨਮ ਮਰਨ ਦੇਵੇ ਸਵਾਰ । ਲੱਖ ਚੁਰਾਸੀ ਗੇੜ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਸੇਵਾ ਸਾਚਾ ਮੇਵਾ । ਦੇਵੇ ਹਰਿ ਵਡ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਜਪਾਏ ਸੋਹੰ ਜੇਹਵਾ । ਸੋਹੰ ਸ਼ਬਦ ਰਸਨਾ ਗਾਵਣਾ ਸਾਚਾ ਗੁਣ । ਗੁਰਮੁਖਾਂ ਦੇਵੇ ਮਾਣ ਮਾਤ ਚੁਣ । ਆਪ ਉਪਜਾਏ ਆਤਮ ਸਾਚੀ ਧੁਨ । ਗੁਰ ਸਾਚੇ ਵਿਰਲੇ ਲਈ ਮਾਤ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਗੁਣਵੰਤ ਹਰਿ ਗੁਣ ਨਾ ਜਾਣਾ । ਜੀਵ ਜੰਤ ਨਾ ਕਿਸੇ ਪਛਾਣਾ । ਆਤਮ ਵਸਿਆ ਮਾਣ ਅਭਿਮਾਨਾ । ਬਣ ਬਣ ਬੈਠੇ ਬਲੀ ਬਲਵਾਨਾ । ਪੱਲੇ ਨਹੀਂ ਨਾਉਂ, ਨਾ ਕੌਡੀ ਨਾ ਆਨਾ । ਵੇਲੇ ਅੰਤ ਕਿਸ ਛੁਡਾਣਾ । ਧਰਮ ਰਾਏ ਨੇ ਡੰਨ ਲਗਾਨਾ । ਕੁੰਭੀ ਨਰਕ ਨਿਵਾਸ ਰਖਾਣਾ । ਗੁਰਸਿਖ ਸਾਚੇ ਪਾਸ ਕਰਾਣਾ । ਸੋਹੰ ਸਵਾਸ ਸਵਾਸ ਜਪਾਣਾ । ਮਾਨਸ ਜਨਮ ਰਾਸ ਕਰਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਣਾ । ਸਰਨ ਲਗਾਏ ਦੇ ਵਡਿਆਏ ਦਇਆ ਕਮਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪੂਰਨ ਆਸ ਕਰਾਏ । ਹਰਿ ਪਾਇਆ ਕੰਤ ਕੰਤੂਹਲਾ । ਸਤਿਗੁਰ ਝੁਲਾਏ ਸੋਹੰ ਸਾਚਾ ਝੂਲਾ । ਹਰਿ ਆਪ ਮਿਟਾਏ ਗੁਰਸਿਖਾਂ ਪਿੱਛਲਾ ਮੂਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਚੇ ਕਦੇ ਨਾ ਭੂਲਣਾ । ਨਾ ਭੁੱਲੋ ਨਾ ਵਿਸਰੋ । ਦਿਵਸ ਰੈਣ ਸਦ ਰਸਨ ਉਚਾਰੋ । ਮਾਨਸ ਜਨਮ ਹੋਏ ਸੁਧਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਰੋ । ਸਾਚੇ ਲੇਖ ਪ੍ਰਭ ਰਿਹਾ ਲਿਖ । ਦਰ ਘਰ ਸਾਚੇ ਮੰਗੋ ਭਿਖ । ਸਾਚੇ ਲੇਖ ਹਰਿ ਦੇਵੇ ਲਿਖ । ਆਤਮ ਸਹਿੰਸਾ ਰੋਗ ਗਵਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਬਿਧਨਾ ਲਿਖੀ ਰਿਖ । ਲਿਖਿਆ ਲੇਖ ਆਪ ਮਿਟਾਇਆ । ਸਾਚਾ ਲੇਖ ਫੇਰ ਚੁਕਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਪੂਰਨ ਆਸ ਆਪ ਕਰਾਇਆ । ਮਹਾਰਾਜ ਸ਼ੇਰ ਸਿੰਘ ਸਰਬ ਗੁਣਤਾਸ ਆਪ ਅਖਵਾਇਆ । ਪੂਰਨ ਆਸ ਹਰਿ ਆਪ ਕਰਾਏ । ਸਚ ਘਰ ਵਾਸ ਰਖਾਏ । ਹਉਮੇ ਦੁੱਖੜਾ ਹੋਏ ਨਾਸ, ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇ ਮੱਤ ਆਪ ਸਮਝਾਏ । ਸਾਚੇ ਮਾਰਗ ਆਪ ਲਾਵਣਾ । ਆਪ ਆਪਣਾ ਰਾਹ ਦਿਖਾਵਣਾ । ਪ੍ਰਭ ਅਬਿਨਾਸ਼ੀ ਪਕੜ ਬਾਹੋਂ, ਆਪ ਆਪਣੇ ਸੰਗ ਰਲਾਵਣਾ । ਆਪੇ ਰੱਖੇ ਸਿਰ ਛਤਰ ਛਾਉਂ, ਵਾਲੀ ਦੋ ਜਹਾਨ ਆਪ ਅਖਵਾਵਣਾ । ਗੁਰਸਿਖ

੧੨੦
੦੩

ਬਣਾਏ ਜਿਉਂ ਬਾਲਕ ਮਾਉਂ, ਪਿਤ ਮਾਤ ਆਪ ਅਖਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਵਣਾ । ਸਚ ਘਰ ਜਿਸ ਜਨ ਵਸਣਾ । ਰਾਹ ਸਾਚਾ ਹਰਿ ਪ੍ਰਭ ਦੱਸਣਾ । ਮਦਿਰਾ ਮਾਸ ਨਾ ਲਾਵਣ ਰਸਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਹਿਰਦੇ ਵਸਣਾ । ਮਦਿਰਾ ਮਾਸ ਤਜਾਵਣਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਵਣਾ । ਆਤਮ ਦਾਨ ਪ੍ਰਭ ਸਾਚੇ ਝੋਲੀ ਪਾਵਣਾ । ਏਕਾ ਸ਼ਬਦ ਨਿਸ਼ਾਨ ਤੇਰੇ ਆਤਮ ਮਹੱਲ ਰਖਾਵਣਾ । ਕਰ ਮੇਲ ਭਗਤ ਭਗਵਾਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਤਿ ਸਰੂਪੀ ਦਰਸ ਦਿਖਾਵਣਾ । ਮਹੱਲ ਮੁਨਾਰਾ ਹੋਏ ਉਜਿਆਰਾ । ਆਪ ਮਿਟਾਏ ਅੰਧ ਅੰਧਿਆਰਾ । ਕਾਇਆ ਕੂੜਾ ਗੜ੍ਹ ਵਿਚ ਹਰਿ ਪਸਰ ਪਸਾਰਾ । ਬਜ਼ਰ ਕਪਾਟੀ ਪਰਦਾ ਪਾੜਾ । ਬਿਨ ਗੁਰ ਪੂਰੇ ਕੋਈ ਨਾ ਪਾਏ, ਬੰਦ ਰਹੇ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਚਲਾਏ ਆਪਣੇ ਭਾਏ, ਅੰਮ੍ਰਿਤ ਆਤਮ ਦੇਵੇ ਸੀਰ ਫੁਹਾਰਾ । ਅੰਮ੍ਰਿਤ ਆਤਮ ਚਲੇ ਨੀਰ । ਗੁਰਮੁਖ ਸਾਚਾ ਪੀਵੇ ਸੀਰ । ਆਪੇ ਦੇਵੇ ਆਤਮ ਧੀਰ । ਦੂਈ ਦਵੈਤ ਕੱਟੇ ਜੰਜ਼ੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਿਲਾਏ ਅੰਮ੍ਰਿਤ ਸਾਚਾ ਸੀਰ । ਸਤਿ ਗੁਰਮੁਖ ਆਤਮ ਜਾਨ । ਮਿਲਿਆ ਸਾਚਾ ਹਰਿ ਭਗਵਾਨ । ਬਿਨ ਹਰਿ ਪੂਰੇ ਸੁੰਞਾ ਹੋਏ ਵੈਰਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਕਰੇ ਰੁਸ਼ਨਾਏ ਮਹਾਨ । ਆਤਮ ਜੋਤੀ ਜਾਏ ਜਗ । ਚਰਨ ਸਰਨ ਹਰਿ ਜਾਏ ਲੱਗ । ਆਪ ਬਣਾਏ ਹੰਸ ਕਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਬੰਧਾਏ ਸਿਰ ਤੇਰੇ ਪੱਗ । ਤਨ ਮੰਦਰ ਆਪ ਸੁਹਾਏ । ਹਰਿ ਹਿਰਦੇ ਵਾਸ ਰਖਾਏ । ਤਨ ਮੰਦਰ ਆਪ ਸੁਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਜਪਾਏ । ਤਨ ਮੰਦਰ ਦਰ ਹਰਿਆ ਹੋਵੇ । ਹਰਿ ਮੰਦਰ ਹਰਿ ਆਪੇ ਤੋੜੇ ਆਤਮ ਜੰਦਰ, ਜੋ ਜਨ ਮੰਗੇ ਹਰਿ ਨਾਉਂ ਸਾਚਾ ਜੋੜ ਹੱਥ ਦੋਵੇਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਗਾਏ ਕਲਜੁਗ ਸੋਏ । ਸੋਇਆ ਜੀਵ ਜੀਵ ਉਠ ਉਠ ਜਾਗ । ਪ੍ਰਭ ਅਬਿਨਾਸ਼ੀ ਚਰਨੀ ਲਾਗ । ਆਪ ਸੁਣਾਏ ਹਰਿ ਸਾਚਾ ਰਾਗ । ਵੇਲੇ ਅੰਤ ਹਰਿ ਪਕੜੇ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਲਾਵੇ ਸੋਹੰ ਸਾਚੀ ਜਾਗ । ਕਲਜੁਗ ਜੀਵ ਜਾਗ ਭਰਮ ਨਾ ਭੁੱਲ । ਝੂਠੇ ਧੰਦੇ ਝੂਠੀ ਮਾਇਆ ਵਿਚ ਨਾ ਰੁਲ । ਪ੍ਰਭ ਅਬਿਨਾਸ਼ੀ ਦੇਵੇ ਸੋਹੰ ਦਾਤ ਅਨਮੁਲ । ਕਲਜੁਗ ਜੀਵ ਪ੍ਰਭ ਬੁਝਾਏ ਆਗ ਦੇਵੇ ਨਾਮ ਸੁਹਾਗ ਹਰਿ ਸੰਗ ਸਾਚੇ ਤੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਬਣਾਏ ਜਿਉਂ ਸਾਗਰ ਕਵਲ ਫੁੱਲ । ਕਵਲ ਫੁੱਲ ਸਾਗਰ ਸੰਸਾਰਾ । ਗੁਰ ਚਰਨ ਜੋ ਕਰੇ ਨਿਮਸਕਾਰਾ । ਕਰਨਹਾਰ ਇਕ ਦਾਤਾਰਾ । ਦੇਵਣਹਾਰ ਵਡ ਭੰਡਾਰਾ । ਦਿਵਸ ਰੈਣ ਰੈਣ ਦਿਵਸ ਰਹੇ ਆਪ ਵਰਤਾਰਾ । ਜੋ ਜਨ ਮੰਗਣ ਆਏ ਦਵਾਰਾ । ਦੁੱਧ ਪੁੱਤ ਹਰਿ ਰੋਗ ਨਿਵਾਰਾ । ਤਨ ਲਾਗੇ ਨਾ ਲਾਗੇ ਭਾਰਾ । ਪੇਟ ਰੋਗ ਨਾ ਰਹੇ ਅਫਾਰਾ । ਜੋ ਜਨ ਪ੍ਰਭ ਸਾਚੇ ਤੇਰੀ ਚਰਨ ਨਿਮਸਕਾਰਾ । ਗੁਰ ਚਰਨ ਸਦ ਨਿਮਸਕਾਰੋ । ਮਿਲੇ ਪਾਰਬ੍ਰਹਮ ਕਰਤਾਰੋ । ਗੁਰ ਚਰਨ ਜਾਓ ਬਲਿਹਾਰੋ । ਹਉਮੇ ਰੋਗ ਦੇਵੇ ਨਿਵਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਉਤਰਸ ਪਾਰੋ । ਕਰ ਦਰਸ ਉਤਰੇ ਭੁੱਖ । ਕਰ ਦਰਸ ਉਤਰੇ ਦੁੱਖ । ਕਰ ਦਰਸ ਉਪਜੇ ਸੁਖ । ਕਰ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਕੜੇ ਹਰੇ ਕਰਾਏ ਰੁੱਖ । ਰੁਖੜੇ ਸੁਕੜੇ ਹਰੇ ਹੋਏ । ਚਰਨੀ ਆਏ ਜੋ ਖਲੋਏ । ਜਗਤ ਅਗਨ

ਨਾ ਲਾਗੇ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਰਿਦੇ ਪਰੋਏ । ਸਾਚਾ ਨਾਮ ਰਸਨਾ ਗੀਤ । ਮਿਲੇ ਪ੍ਰਭ ਅਬਿਨਾਸ਼ੀ ਸਾਚਾ ਮੀਤ । ਦਿਵਸ ਰੈਣ ਸਦ ਰਾਖੋ ਚੀਤ । ਹਰਿ ਹਿਰਦੇ ਵਸੇ ਪਰਖੇ ਨੀਤ । ਕਲਜੁਗ ਅਵਧ ਗਈ ਬੀਤ । ਪ੍ਰਭ ਚਰਨ ਨਾ ਲਾਗੀ ਪ੍ਰੀਤ । ਢਹਿ ਢੇਰੀ ਹੋ ਜਾਣਾ ਜਿਉਂ ਬਾਲੂ ਦੀ ਭੀਤ । ਬਿਨ ਗੁਰ ਪੂਰੇ ਕਿਸੇ ਨਾ ਪਾਰ ਲੰਘਾਵਣਾ, ਨਾ ਕਾਇਆ ਹੋਵੇ ਸੀਤ । ਸਾਚਾ ਸ਼ਬਦ ਗਿਆਨ ਨਾ ਕਿਸੇ ਦਵਾਵਣਾ, ਨਾ ਹੋਏ ਆਤਮ ਅਤੀਤ । ਆਤਮ ਤ੍ਰਿਖਾ ਨਾ ਕੋਈ ਬੁਝਾਵਣਾ, ਨਾ ਧੀਰਜ ਹੋਵੇ ਨੀਤ । ਦੀਪਕ ਜੋਤੀ ਨਾ ਕਿਸੇ ਜਗਾਵਣਾ, ਏਕਾ ਪ੍ਰਭ ਸਾਚੇ ਦੀ ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖਾਂ ਘਰ ਆਇਆ ਸਚਾ ਮੀਤ । ਦਰਸ ਕਰਨਾ ਹਰਿ ਤਰਸ ਕਰਨਾ । ਅੰਮ੍ਰਿਤ ਮੇਘ ਬਰਸਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰਨਾ । ਉਤਰੇ ਪਾਰ ਜਨ ਆਏ ਦਵਾਰ । ਦੁੱਖ ਰੋਗ ਦਲਿਦਰ ਪ੍ਰਭ ਦਏ ਨਿਵਾਰ । ਆਪਣੇ ਰੰਗ ਰੰਗੇ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁਖਿਆਂ ਆਪੇ ਪਾਵੇ ਸਾਰ । ਦੁੱਖੀਏ ਜੀਵ ਦਰ ਬਿਲਲਾਏ । ਬਿਨ ਗੁਰ ਪੂਰੇ ਕਵਣ ਪਾਰ ਲਗਾਏ । ਏਕਾ ਏਕ ਬੰਦੀ ਛੋੜ ਆਪ ਅਖਵਾਏ । ਏਕਾ ਰਾਖੋ ਸਾਚਾ ਸੰਗ, ਚਰਨ ਪ੍ਰੀਤੀ ਤੋੜ ਨਿਭਾਏ । ਆਪੇ ਕਰੇ ਬੁੱਧ ਬਬੇਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾਂਹੇ । ਗੋਪਾਲ ਮੁਰਾਰੀ ਹਰਿ ਜੂ ਤਾਰੇ । ਜੋ ਜਨ ਆਇਣ ਚਲ ਦਵਾਰੇ । ਪ੍ਰਭ ਅਬਿਨਾਸ਼ੀ ਦਰਸ ਪਾਇਨ ਜੋਤ ਸਰੂਪੀ ਖੇਲ ਅਪਾਰੇ । ਸਾਚੀ ਜੋਤ ਮਾਤ ਪ੍ਰਕਾਸ਼ੇ, ਅਚਰਜ ਖੇਲ ਕਰੇ ਕਲ ਭਾਰੇ । ਸਰਬ ਘਟਾਂ ਹਰਿ ਘਟ ਵਾਸੀ, ਗੁਰਮੁਖ ਵਿਰਲਾ ਕਰੇ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਨਰਾਇਣ ਨਰ ਅਵਤਾਰੇ । ਗੁਰ ਚਰਨ ਜੋ ਕਰੇ ਪਿਆਰਾ । ਸਾਚਾ ਦੇਵੇ ਨਾਮ ਅਧਾਰਾ । ਆਤਮ ਦੇਵੇ ਸ਼ਬਦ ਖੁਮਾਰਾ । ਸੋਹੰ ਸਾਚਾ ਸਚ ਭੰਡਾਰਾ । ਗੁਰਮੁਖ ਸਾਚਾ ਕਰੇ ਵਪਾਰਾ । ਦੇਵਣਹਾਰ ਇਕ ਦਾਤਾਰਾ । ਆਓ ਮੰਗੋ ਆਤਮ ਰੰਗੋ, ਪ੍ਰਭ ਆਤਮ ਦੇਵੇ ਖੋਲ੍ਹ ਕਵਾੜਾ । ਗੁਰਮੁਖ ਸਾਚੇ ਪਾਰ ਲੰਘੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਉਪਜਾਏ ਸਾਚਾ ਲਾੜਾ । ਸੋਹੰ ਤੇਰਾ ਸਤਿ ਵਰਤਾਰਾ । ਚਾਰ ਵਰਨ ਬਣਾਏ ਇਕ ਸਰਦਾਰਾ । ਊਚ ਨੀਚ ਦੇ ਵਿਚ ਪਸਾਰਾ । ਏਕਾ ਦੇਵੇ ਜੋਤ ਏਕਾ ਸ਼ਬਦ ਅਪਰ ਅਪਾਰਾ । ਦਰ ਦਰ ਘਰ ਘਰ ਹੋਏ ਜੈ ਜੈਕਾਰਾ । ਸੋਹੰ ਤੇਰਾ ਸਾਚਾ ਵੱਜੇ ਡੰਕ ਡਫਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸੋਹੰ ਤੇਰਾ ਸਾਚਾ ਰਾਗ । ਪ੍ਰਭ ਅਬਿਨਾਸ਼ੀ ਪਕੜੇ ਤੇਰੀ ਵਾਗ । ਗੁਰਮੁਖ ਕੰਨ ਸੁਣਾਵੇ ਹੰਸ ਬਣਾਵੇ ਕਾਗ । ਤੇਰਾ ਬੰਨ੍ਹ ਵਖਾਏ ਬੇੜਾ, ਆਤਮ ਬੁਝਾਏ ਆਗ । ਆਤਮ ਅੰਧੇਰ ਗਵਾਏ, ਆਤਮ ਦੀਪ ਕਰੇ ਪ੍ਰਕਾਸ਼ । ਸੋਹੰ ਸਾਚਾ ਚੰਨ ਚੜ੍ਹਾਏ ਸਾਚਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਰੱਖੇ ਵਾਸ । ਸੋਹੰ ਤੇਰੀ ਸਚ ਸਿਕਦਾਰੀ । ਚਾਰ ਵਰਨ ਹੋਏ ਪਨਿਹਾਰੀ । ਦੇਵੇ ਵਰ ਗਿਰਧਾਰੀ ਨਰਾਇਣ ਨਰ ਨਰ ਅਵਤਾਰੀ । ਪਾਰਬ੍ਰਹਮ ਮਾਤ ਜੋਤ ਧਰ, ਕਰੇ ਖੇਲ ਅਪਰ ਅਪਾਰੀ । ਉਤਰੇ ਪਾਰ ਜੋ ਜਨ ਆਏ ਚਰਨ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਕਾਹਨਾ ਕ੍ਰਿਸ਼ਨਾ ਰਾਮ ਮੁਰਾਰੀ । ਕਾਹਨਾ ਕ੍ਰਿਸ਼ਨਾ ਮਾਧਵ ਮਾਧੋ । ਪ੍ਰਭ ਅਬਿਨਾਸ਼ੀ ਸਾਚਾ ਲਾਧੋ । ਮਾਤ ਜੋਤ ਪ੍ਰਗਟਾਏ ਬੋਧ ਅਗਾਧੋ । ਏਕਾ ਸ਼ਬਦ ਉਪਜਾਵੇ ਨਾਦਵ ਨਾਦੋ । ਆਪ ਸੁਣਾਏ ਤੀਨ ਲੋਕ ਖੰਡ ਬ੍ਰਹਿਮੰਡ ਬ੍ਰਹਿਮਾਦੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,


੧੨੨ ੦੩

ਗੁਰਮੁਖਾਂ ਮਿਲਿਆ ਸਾਚਾ ਮਾਧੋ । ਮੋਹਣ ਮਾਧਵ ਕ੍ਰਿਸ਼ਨ ਮੁਰਾਰੀ । ਕਲ ਜੋਤ ਪ੍ਰਗਟਾਏ ਜੋਤ ਸਰੂਪੀ ਜਾਮਾ ਧਾਰੀ । ਆਪ ਆਪਣੇ ਵਿਚ ਸਮਾਵੇ । ਕਿਆ ਕੋਈ ਵੇਖੇ ਜੀਵ ਗਵਾਰੀ । ਗੁਰਮੁਖ ਸਾਚੇ ਬੂਝ ਬੁਝਾਏ ਜੋ ਜਨ ਆਏ ਚਲ ਦਵਾਰੀ । ਆਤਮ ਭੇਵ ਗੁਝ ਖੁਲ੍ਹਾਏ ਜੋ ਜਨ ਆਏ ਚਲ ਦਰਬਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਕਾਹਨ ਘਨਈਆ ਰਾਮ ਰਮਈਆ । ਕਲਜੁਗ ਭੇਸ ਵਟਈਆ । ਸ੍ਰਿਸ਼ਟ ਸਬਾਈ ਆਪ ਭੁਲਈਆ । ਸੋਹੰ ਚਲਾਏ ਸਾਚੀ ਨਈਆ । ਸੰਸਾਰ ਸਾਗਰ ਦੇ ਵਿਚ ਰਖਈਆ । ਚਾਰ ਵਰਨ ਏਕਾ ਪੂਰ ਕਰਈਆ । ਏਕਾ ਨਾਮ ਵੰਞ ਮੁਹਾਣਾ ਪ੍ਰਭ ਸਾਚਾ ਨਾਮ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਕਰਾਏ ਏਕਾ ਭੈਣਾਂ ਭਈਆ । ਚਾਰ ਵਰਨ ਏਕਾ ਜ਼ਾਤੀ । ਚਾਰ ਵਰਨ ਏਕਾ ਦਾਤੀ । ਚਾਰ ਵਰਨ ਇਕ ਕਰਾਏ ਭੈਣ ਭਰਾਤੀ । ਚਾਰ ਵਰਨ ਸੋਹੰ ਦੇਵੇ ਏਕਾ ਦਾਨ ਹਰਿ ਵਡ ਵਡ ਦਾਤਨ ਦਾਤੀ । ਏਕਾ ਸ਼ਬਦ ਝੋਲੀ ਪਾਏ, ਗੁਰਮੁਖ ਸਾਚਾ ਰਸਨਾ ਗਾਏ, ਪ੍ਰਭ ਅਬਿਨਾਸ਼ੀ ਦੀਪਕ ਜੋਤ ਜਗਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਈ, ਚਾਰ ਕੁੰਟ ਊਚ ਨੀਚ ਨਾ ਕੋਈ ਜਾਣੇ ਜਾਤੀ । ਚਾਰ ਵਰਨ ਚਾਰ ਕੁੰਟ ਇਕ ਦਵਾਰ । ਏਕਾ ਏਕ ਕਰੇ ਸੰਸਾਰ । ਏਕਾ ਦੂਆ ਦੇਵੇ ਨਿਵਾਰ । ਤੀਜਾ ਚੌਥਾ ਹੋਏ ਪਾਰ । ਏਕਾ ਰੰਗ ਰੰਗੇ ਕਰਤਾਰ । ਸੋਹੰ ਦੇਵੇ ਸਾਚੀ ਧਾਰ । ਵਰਤੇ ਵਰਤਾਵੇ ਵਿਚ ਸੰਸਾਰ । ਆਪੇ ਕਰੇ ਸਚ ਵਿਹਾਰ । ਕਲਜੁਗ ਹੋਇਆ ਅੰਤ ਖੁਆਰ । ਬੇਮੁਖਾਂ ਆਈ ਹਾਰ । ਪ੍ਰਭ ਅਬਿਨਾਸ਼ ਗਏ ਵਿਸਾਰ । ਮਦਿਰਾ ਮਾਸੀ ਦੁਸ਼ਟ ਦੁਰਾਚਾਰ । ਆਤਮ ਵਸਿਆ ਸਰਬ ਹੰਕਾਰ । ਰਾਮ ਰਮਈਆ ਨਾ ਰਿਹਾ ਕੋਈ ਵਿਚਾਰ । ਕਾਹਨ ਘਨਈਆ ਭੇਸ ਸਰਬ ਸੰਸਾਰ । ਝੂਠਾ ਭੇਖ ਵਟਾਇਆ, ਦਰ ਦਰ ਫਿਰਨ ਭਿਖਾਰ । ਪ੍ਰਭ ਅਬਿਨਾਸ਼ੀ ਸਾਰ ਨਾ ਪਾਇਆ । ਮਾਤ ਜੋਤ ਧਰੇ ਲਏ ਅਵਤਾਰ । ਕਲਜੁਗ ਅੰਤਮ ਅੰਤ ਮੁਕਈਆ, ਕੋਈ ਨਾ ਜਾਣੇ ਪ੍ਰਭ ਦੀ ਸਾਰ । ਸਤਿਜੁਗ ਸਾਚਾ ਮਾਰਗ ਲਈਆ, ਪਹਿਲੀ ਮਾਘ ਕਰੇ ਵਿਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਚਾਰ ਵਰਨ ਇਕ ਜੋਗ । ਵਾਰ ਵਰਨ ਏਕਾ ਭੋਗ । ਚਾਰ ਵਰਨ ਆ ਮਿਟਾਏ ਹਉਮੇ ਰੋਗ । ਚਾਰ ਵਰਨ ਏਕਾ ਘਰ ਇਕ ਸੰਜੋਗ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਕਟਾਏ ਆਤਮ ਰੋਗ । ਚਾਰ ਵਰਨ ਏਕਾ ਸਿੱਖ । ਚਾਰ ਵਰਨ ਏਕਾ ਭਿੱਖ । ਚਾਰ ਵਰਨ ਏਕਾ ਸੁਖ । ਚਾਰ ਵਰਨ ਏਕਾ ਦੁੱਖ । ਚਾਰ ਵਰਨ ਏਕਾ ਰੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਕਰਾਏ ਸਤਿਜੁਗ ਸਾਚਾ ਲਾਏ ਆਪ ਮਿਟਾਏ ਤ੍ਰਿਸ਼ਨਾ ਭੁੱਖ । ਚਾਰ ਵਰਨ ਏਕਾ ਘਰ । ਚਾਰ ਵਰਨ ਏਕਾ ਦਰ । ਚਾਰ ਵਰਨ ਏਕਾ ਸਰਨ । ਚਾਰ ਵਰਨ ਏਕਾ ਚੁੱਕੇ ਡਰ । ਚਾਰ ਵਰਨ ਏਕਾ ਮਿਲਿਆ ਸਾਚਾ ਹਰਿ । ਚਾਰ ਵਰਨ ਘਨਕਪੁਰ ਵਾਸੀ ਚਰਨ ਲਾਗ ਜਾਏ ਤਰ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਕਿਰਪਾ ਜਾਏ ਕਰ । ਚਾਰ ਵਰਨ ਏਕਾ ਰੰਗ । ਚਾਰ ਵਰਨ ਏਕਾ ਸੰਗ । ਚਾਰ ਵਰਨ ਏਕਾ ਮੰਗ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅੰਗ ਸੰਗ । ਚਾਰ ਵਰਨ ਇਕ ਦਾਤਾਰਾ । ਚਾਰ ਵਰਨ ਇਕ ਸਰਕਾਰਾ । ਚਾਰ ਵਰਨ ਏਕਾ ਏਕ ਹੁਕਮ ਪਿਆਰਾ । ਚਾਰ ਵਰਨ ਏਕਾ ਝੰਡਾ ਝੁੱਲੇ ਤੇਰੇ ਸੀਸ ਛਤਰ ਝੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸ਼ਬਦ ਅਧਾਰਾ । ਚਾਰ ਵਰਨ

ਇਕ ਧਾਰ । ਚਾਰ ਵਰਨ ਇਕ ਵਿਹਾਰ । ਚਾਰ ਵਰਨ ਏਕਾ ਯਾਰ । ਚਾਰ ਵਰਨ ਇਕ ਭਤਾਰ । ਚਾਰ ਵਰਨ ਏਕਾ ਕੰਤ ਪ੍ਰਭ ਸਾਚਾ ਕਰ ਪਿਆਰ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਜੋਤ ਕਰੇ ਅਕਾਰ । ਚਾਰ ਵਰਨ ਏਕਾ ਜੋਤੀ । ਚਾਰ ਵਰਨ ਮਾਣਕ ਮੋਤੀ । ਚਾਰ ਵਰਨ ਦੁਰਮਤ ਮੈਲ ਪ੍ਰਭ ਸਾਚੇ ਧੋਤੀ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਜਗਾਏ ਏਕਾ ਜੋਤੀ । ਚਾਰ ਵਰਨ ਏਕਾ ਰੀਤਾ । ਚਾਰ ਵਰਨ ਏਕਾ ਮੀਤਾ । ਚਾਰ ਵਰਨ ਏਕਾ ਦੇਵੇ ਚਰਨ ਪ੍ਰੀਤਾ । ਚਾਰ ਵਰਨ ਖੁੱਲ੍ਹੇ ਹਰਨ ਫਰਨ ਪ੍ਰਭ ਅਬਿਨਾਸ਼ੀ ਦੀਤਾ । ਚਾਰ ਵਰਨ ਜਮ ਕਾ ਚੁੱਕੇ ਡਰਨ, ਨਾਮ ਨਿਧਾਨ ਗੁਰ ਦਰ ਪੀਤਾ । ਚਾਰ ਵਰਨ ਪ੍ਰਭ ਸਾਚੇ ਦੀ ਸਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਾਨਸ ਜਨਮ ਜਾਓ ਜਗ ਜੀਤਾ । ਚਾਰ ਵਰਨ ਏਕਾ ਰਾਮ । ਚਾਰ ਵਰਨ ਏਕਾ ਦਾਮ । ਚਾਰ ਵਰਨ ਏਕਾ ਕੰਮ । ਚਾਰ ਵਰਨ ਏਕਾ ਬ੍ਰਹਮ । ਚਾਰ ਵਰਨ ਏਕਾ ਧਰਮ । ਚਾਰ ਵਰਨ ਏਕਾ ਸ਼ਰਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੀ ਸਰਨ । ਚਾਰ ਵਰਨ ਏਕਾ ਖਾਣਾ । ਚਾਰ ਵਰਨ ਏਕਾ ਬਾਣਾ । ਚਾਰ ਵਰਨ ਏਕਾ ਤਾਣਾ । ਚਾਰ ਵਰਨ ਏਕਾ ਮਾਣਾ । ਚਾਰ ਵਰਨ ਏਕਾ ਏਕ ਪ੍ਰਭ ਅਬਿਨਾਸ਼ੀ ਜਾਣਾ । ਚਾਰ ਵਰਨ ਸੋਹੰ ਚੜ੍ਹਾਏ ਪ੍ਰਭ ਸਚ ਬਬਾਣਾ । ਚਾਰ ਵਰਨ ਏਕਾ ਧਾਮ । ਚਾਰ ਵਰਨ ਏਕਾ ਰਾਮ । ਚਾਰ ਵਰਨ ਏਕਾ ਸ਼ਾਮ । ਚਾਰ ਵਰਨ ਏਕਾ ਜਾਮ । ਚਾਰ ਵਰਨ ਏਕਾ ਕਾਮ । ਚਾਰ ਵਰਨ ਏਕਾ ਨਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਵੇ ਆਤਮ ਦੇਵੇ ਸਾਚਾ ਧਾਮ । ਚਾਰ ਵਰਨ ਏਕਾ ਮਤ । ਚਾਰ ਵਰਨ ਏਕਾ ਤਤ । ਚਾਰ ਵਰਨ ਏਕਾ ਯਤ । ਚਾਰ ਵਰਨ ਏਕਾ ਸਤਿ । ਚਾਰ ਵਰਨ ਏਕਾ ਰਤ । ਚਾਰ ਵਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇ ਸਮਝਾਵੇ ਮਤ । ਚਾਰ ਵਰਨ ਏਕਾ ਰੀਤ । ਚਾਰ ਵਰਨ ਏਕਾ ਪ੍ਰੀਤ । ਚਾਰ ਵਰਨ ਪ੍ਰਭ ਸਾਚਾ ਕਾਇਆ ਕਰੇ ਸੀਤ । ਚਾਰ ਵਰਨ ਆਪੇ ਪੁਣੇ ਕਰੇ ਪਤਿਤ ਪੁਨੀਤ । ਚਾਰ ਵਰਨ ਸੁਣਾਵੇ ਏਕਾ ਸ਼ਬਦ ਸੋਹੰ ਸਾਚਾ ਗੀਤ । ਚਾਰ ਵਰਨ ਪ੍ਰਭ ਅਬਿਨਾਸ਼ੀ ਮਿਲਿਆ ਹਰਿ ਸਾਚਾ ਮੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਗੁਰਮੁਖ ਸਦ ਗਾਓ ਰਸਨਾ ਗੀਤ । ਗੀਤ ਗੋਬਿੰਦਾ, ਦਰਸ ਦਖਿੰਦਾ, ਮਾਣ ਦਵਿੰਦਾ, ਤਾਣ ਰਖੰਦਾ, ਸਦ ਬਖ਼ਸ਼ੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਮਰਗੰਦਾ । ਵਡ ਸੂਰਬੀਰਾ, ਸਰਬ ਭਰਪੂਰਾ, ਏਕਾ ਦੇਵੇ ਸਾਚਾ ਨੂਰਾ । ਸ਼ਬਦ ਉਪਜਾਵੇ ਅਨਾਹਦ ਸਾਚੀ ਤੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਦੀਪ ਜਗਾਏ ਜਗੇ ਜੋਤ ਜਿਉਂ ਕੋਹਤੂਰਾ । ਕੋਹਤੂਰੀ, ਸਾਚੀ ਨੂਰੀ । ਆਪੇ ਕਰੇ ਸਤਿ ਸਰੂਰੀ । ਜੋ ਜਨ ਆਏ ਚਲ ਹਜ਼ੂਰੀ । ਆਸਾ ਮਨਸਾ ਪ੍ਰਭ ਸਾਚੇ ਪੂਰੀ । ਦੁੱਖਾਂ ਸੁੱਖਾਂ ਕਰੇ ਦੂਰੀ । ਆਤਮ ਸੁੱਖਾਂ ਦੇਵੇ ਚੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ ਸਰਬ ਸੁਖ ਪਾਓ । ਉਤਰੇ ਸਗਲ ਵਸੂਰੀ । ਰਸਨਾ ਗਾਓ ਗੁਣ ਗੋਬਿੰਦਾ । ਆਪ ਉਪਜਾਵੇ ਪਰਮਾਨੰਦਾ । ਕਿਉਂ ਗਵਾਇਆ ਨਿਜ਼ਾਨੰਦਾ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦਾ । ਆਪ ਉਤਾਰੇ ਮਨ ਕੀ ਚਿੰਦਾ । ਜਨ ਭਗਤ ਬਣਾਏ ਸਾਚੀ ਬਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਲਗਾਏ ਸੁਰਪਤ ਰਾਜੇ ਇੰਦਾ । ਤ੍ਰੈਲੋਕੀ ਨਾਥਾ, ਸਗਲਾ ਸਾਥਾ, ਸ੍ਰਿਸ਼ਟ ਸਬਾਈ ਆਪ ਚੜ੍ਹਾਏ ਸੋਹੰ ਸਾਚੇ ਰਾਥਾ । ਸੋਹੰ ਸਾਚਾ ਸ਼ਬਦ ਚਲਾਏ ਸਾਚੀ ਗਾਥਾ । ਗੁਰਮੁਖ ਸਾਚਾ ਪਾਰ ਲੰਘਾਏ, ਆਪ ਲਿਖਾਏ

ਲੇਖ ਮਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲਾ ਸਾਥਾ । ਸਗਲਾ ਸੰਗੀ, ਦੇਵੇ ਦਾਨ ਦਾਤ ਜੋ ਦਰ ਮੂਹੋਂ ਮੰਗੀ । ਆਤਮ
ਰਹੇ ਨਾ ਕਿਸੇ ਭੁੱਖੀ ਨੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਾ ਸਰਬੰਗੀ । ਸੂਰਬੀਰ ਵਡ ਦਾਤਾਰ । ਦੇਵਣਹਾਰ ਆਪ
ਕਰਤਾਰ । ਭਰੇ ਰਹਿਣ ਸਦ ਭੰਡਾਰ । ਸ੍ਰਿਸ਼ਟ ਸਬਾਈ ਹੋਏ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਆਪੇ ਹੋਏ
ਤੇਰਾ ਵਰਤਾਰ । ਸਤਿਜੁਗ ਤੇਰਾ ਸਚ ਵਰਤਾਰਾ । ਪ੍ਰਭ ਅਬਿਨਾਸ਼ੀ ਜਾਮਾ ਧਾਰਾ । ਜੋਤ ਸਰੂਪੀ ਖੇਲ ਅਪਾਰਾ । ਸੋਹੰ ਚਲਾਏ ਸ਼ਬਦ ਅਪਾਰਾ ।
ਆਪ ਉਠਾਏ ਖੰਡਾ ਦੋ ਧਾਰਾ । ਗੁਰਮੁਖਾਂ ਪਾਰ ਕਰਾਵੇ, ਬੇਮੁਖਾਂ ਡੋਬੇ ਵਿਚ ਮੰਝਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ
ਸਾਚੇ ਆਪ ਬੰਧਾਏ ਸਾਚੀ ਧਾਰਾ । ਸਤਿਜੁਗ ਤੇਰਾ ਧੀਰ ਧਰਾਵਣਾ । ਕਲਜੁਗ ਤੇਰਾ ਚੀਰ ਲੁਹਾਵਣਾ । ਗੁਰਮੁਖ ਸਾਚੇ ਅੰਮ੍ਰਿਤ ਸਾਚਾ ਸੀਰ
ਪਿਆਵਣਾ । ਹਉਮੇ ਵਿਚੋਂ ਪੀੜ ਗਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਵਣਾ । ਕਰਮ ਕਮਾਓ, ਧਰਮ
ਰਖਾਓ, ਭਰਮ ਚੁਕਾਓ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਓ । ਸਤਿਜੁਗ ਸਾਚਾ ਮਾਰਗ ਲਾਵਣਾ । ਜੂਠ
ਝੂਠ ਸਭ ਨਸ਼ਟ ਕਰਾਵਣਾ । ਸਚ ਸੁੱਚ ਹਰਿ ਆਪ ਵਰਤਾਵਣਾ । ਝੂਠਾ ਭੇਖ ਕੋਈ ਰਹਿਣ ਨਾ ਪਾਵਣਾ । ਵੇਖ ਵੇਖ ਸਰਬ ਸਰਨ ਲਗਾਵਣਾ ।
ਜੋਤ ਸਰੂਪੀ ਦਰਸ ਦਿਖਾਵਣਾ । ਸਵੱਛ ਸਰੂਪੀ ਨਜ਼ਰੀ ਆਵਣਾ । ਬਿਨ ਰੰਗ ਰੂਪੀ ਆਪਣਾ ਮੇਲ ਮਿਲਾਵਣਾ । ਸਤਿ ਸਰੂਪੀ ਜੋਤੀ ਜੋਤ ਸਮਾਵਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਸਾਚਾ ਨਾਮ ਧਰਾਵਣਾ । ਸਤਿਜੁਗ ਸਾਚਾ ਨਾਮ ਧਰਾਏ । ਪਹਿਲੀ ਮਾਘ ਜਨਮ ਦਵਾਏ ।
੧੨੫ ੦੩ ਕਲਜੁਗ ਤੇਰੀ ਔਧ ਵਿਹਾਏ । ਕਲਜੁਗ ਜੀਵ ਫੇਰ ਪਛਤਾਨੇ ਵੇਲਾ ਗਿਆ ਹੱਥ ਨਾ ਆਏ । ਸੋਹੰ ਸਾਚਾ ਨਾਮ ਜਪਾਏ, ਏਕਾ ਸਾਚਾ ਬੀਜ ਬਿਜਾਏ । ੧੨੫ ੦੩
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਪੂਰਨ ਰੀਝ ਆਪ ਕਰਾਏ । ਸਤਿਜੁਗ ਤੇਰਾ ਸਾਚਾ ਰੰਗ । ਗੁਰਮੁਖਾਂ ਪ੍ਰਭ ਦਰ ਮੰਗੀ
ਮੰਗ । ਆਪ ਮਿਟਾਏ ਸਰਬ ਭੁੱਖ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੋਣ ਨਾ ਦੇਵੇ ਨੰਗ । ਨਾ ਕੋਈ ਭੁੱਖਾ ਨਾ ਕੋਈ
ਨੰਗਾ । ਏਕਾ ਰੰਗ ਸਾਰੇ ਸਤਿਜੁਗ ਤੇਰਾ ਰੰਗਾ । ਪ੍ਰਭ ਅਬਿਨਾਸ਼ੀ ਪੂਰਾ ਦਰ ਏਕਾ ਮੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ
ਏਕ ਵਰਤਾਵੇ ਕਰਾਏ ਨਾ ਕੋਈ ਮਾੜਾ ਨਾ ਕੋਈ ਚੰਗਾ । ਗੁਰ ਪ੍ਰਸਾਦਿ ਗੁਰ ਆਪ ਵਰਤਾਏ । ਦੁੱਖਾਂ ਰੋਗਾਂ ਨਾਸ ਕਰਾਏ । ਸਾਚੀ ਭਿਛਿਆ
ਨਾਮ ਪਾਏ । ਪੂਰਨ ਇਛਿਆ ਆਪ ਕਰਾਏ । ਦਰ ਘਰ ਸਾਚੇ ਜੋ ਚਲ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਉਮੇ ਸਹਿੰਸਾ ਰੋਗ
ਚੁਕਾਵੇ । ਗੁਰ ਸੰਗਤ ਪ੍ਰਭ ਦੇ ਵਡਿਆਈ । ਪ੍ਰਭ ਦਰ ਆਏ ਸੇਵ ਕਮਾਈ । ਸਾਚਾ ਬੇੜਾ ਪ੍ਰਭ ਬੰਨ੍ਹ ਵਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਜਨ ਤੇਰਾ ਦਰਸ਼ਨ ਪਾਈ । ਦਰ ਘਰ ਵੇਖ ਸਿੰਘ ਸਿੰਘ ਬੈਠਾ ਸੇਜ । ਪ੍ਰਭ ਅਬਿਨਾਸ਼ੀ ਆਪ ਵਖਾਏ ਆਪਣਾ ਤੇਜ । ਦਰ ਆਏ
ਭੋਗ ਲਗਾਏ ਆਪ ਰਖਾਏ ਤੇਰੀ ਪੈਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੋਜਨ ਭੇਜ ਕਰਾਏ, ਨਾ ਕਰਾਏ ਲੇਹਜ ਫੇਹਜ । ਭੋਜਨ
ਭੇਜ ਕਰੇ ਭਗਵਾਨ । ਦਰ ਘਰ ਸਾਚੇ ਸਚ ਪਕਵਾਨ । ਬਿਨ ਗੁਰ ਪੂਰੇ ਭੋਗ ਲਗਾਏ ਕਵਣ ਆਣ । ਦੁੱਖ ਰੋਗ ਸੋਗ ਸਰਬ ਮਿਟ ਜਾਣ ।
ਭੋਗ ਲੱਗਾ ਤੇਰੇ ਦਰ । ਆਪ ਖੁਲ੍ਹਾਏ ਸਾਚਾ ਦਰ । ਆਪੇ ਜਾਏ ਹਰਿ ਅੰਦਰ ਵੜ । ਪ੍ਰਭ ਅਬਿਨਾਸ਼ੀ ਕਿਰਪਾ ਕਰ । ਆਤਮ ਜੋਤ ਦੇਵੇ

ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਤੇਰਾ ਆਤਮ ਸਾਚਾ ਸਰ । ਆਤਮ ਸਰ ਆਪ ਖੁਲ੍ਹਾਏ । ਅੰਮ੍ਰਿਤ ਆਤਮ ਸੀਰ ਪਿਲਾਏ । ਏਕਾ ਤੀਰ ਸ਼ਬਦ ਚਲਾਏ । ਬਜ਼ਰ ਕਪਾਟੀ ਚੀਰ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਧੀਰ ਧਰਾਏ । ਏਕਾ ਚੱਲੇ ਤੀਰ ਨਿਸ਼ਾਨਾ । ਮੇਲਾ ਹੋਏ ਭਗਤ ਭਗਵਾਨਾ । ਕਲਜੁਗ ਮਿਟਿਆ ਆਵਣ ਜਾਣਾ । ਪ੍ਰਭ ਅਬਿਨਾਸ਼ੀ ਦਰਸ਼ਨ ਪਾਣਾ । ਦਿਵਸ ਰੈਣ ਰੈਣ ਦਿਵਸ ਪ੍ਰਭ ਸਾਚੇ ਤੇਰੇ ਘਰ ਭਾਗ ਲਗਾਣਾ । ਗੁਰ ਚਰਨ ਲਾਗ ਪ੍ਰਭ ਅਬਿਨਾਸ਼ੀ ਰਸਨਾ ਗਾਣਾ । ਗੁਰਮੁਖ ਸਾਚੇ ਜਾਇਣ ਜਾਗ, ਸੀਤ ਪ੍ਰਸਾਦ ਜਿਸ ਰਸਨਾ ਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪ ਵਰਤਾਣਾ । ਆਪਣੀ ਹੱਥੀਂ ਆਪ ਵਰਤਾਏ । ਗੁਰਮੁਖ ਸਾਚੇ ਆਪ ਜਗਾਏ । ਦੁੱਖ ਰੋਗ ਸਰਬ ਮਿਟਾਏ । ਹਉਮੇ ਰੋਗ ਰਹਿਣ ਨਾ ਪਾਏ । ਦਰਸ ਅਮੋਘ ਆਪ ਦਿਖਾਏ । ਸੋਹੰ ਸਾਚਾ ਜੋਗ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਦਰ ਘਰ ਭਾਗ ਲਗਾਏ । ਭਾਗ ਲਗਾਇਆ ਦਰ ਘਰ ਆਣ । ਕਿਰਪਾ ਕਰੀ ਹਰਿ ਆਪ ਭਗਵਾਨ । ਗੁਰਮੁਖ ਲਾਏ ਸਾਚੇ ਲੇਖੇ ਦਰ ਘਰ ਹੋਏ ਪ੍ਰਵਾਨ । ਸਾਚਾ ਝੁੱਲੇ ਇਕ ਨਿਸ਼ਾਨ । ਦੇਵੇ ਵਡਿਆਈ ਵਾਲੀ ਦੋ ਜਹਾਨ । ਸਾਚਾ ਦਰ ਸਾਚਾ ਘਰ ਜਿਥੇ ਵਸਿਆ ਹਰਿ ਭਗਵਾਨ । ਗੁਰ ਸੰਗਤ ਦਰ ਸੇਵ ਕਮਾਈ । ਪ੍ਰਭ ਅਬਿਨਾਸ਼ੀ ਲੇਖੇ ਲਾਈ । ਦਿਵਸ ਸ਼ੁਧ ਭੰਡਾਰ ਕਰਾਈ । ਦੁੱਖ ਭੁੱਖ ਰਹੇ ਨਾ ਰਾਈ । ਸਾਚਾ ਸੁਖ ਹਰਿ ਉਪਜਾਈ । ਉਜਲ ਮੁਖ ਜਗਤ ਕਰਾਈ । ਮਾਤ ਕੁੱਖ ਸੁਫਲ ਕਰਾਈ ।

੧੨੬ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਤੇਰੀ ਸੇਵ ਕਮਾਈ । ਉਜਲ ਹੋਈ ਮਾਤ ਕੁੱਖ । ਕਰ ਦਰਸ ਉਤਰੀ ਭੁੱਖ । ਆਤਮ ਰਹੇ ੧੨੬

੦੩ ਕੋਈ ਨਾ ਦੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਗੇੜ ਕਟਾਏ, ਗਰਭਵਾਸ ਨਾ ਹੋਏ ਉਲਟਾ ਰੁਖ । ਪ੍ਰਭ ਅਬਿਨਾਸ਼ੀ ੦੩

ਦਇਆ ਕਮਾਵਣਾ । ਗਰਭਵਾਸ ਫੇਰ ਨਾ ਆਵਣਾ । ਲੱਖ ਚੁਰਾਸੀ ਗੇੜ ਮਿਟਾਵਣਾ । ਵੇਲੇ ਅੰਤ ਪ੍ਰਭ ਸਾਚੇ ਦਰਸ ਦਿਖਾਵਣਾ । ਬਾਹੋਂ ਪਕੜ ਗਲੇ ਲਗਾਵਣਾ । ਗੋਦ ਆਪਣੀ ਵਿਚ ਬਿਠਾਵਣਾ । ਧਰਮ ਰਾਏ ਮੂੰਹ ਛੁਪਾਵਣਾ । ਪ੍ਰਭ ਅਬਿਨਾਸ਼ੀ ਸੰਗ ਰਲਾਵਣਾ । ਸਚ ਧਾਮ ਦੇ ਵਿਚ ਬਹਾਵਣਾ । ਆਪ ਮਿਟਾਏ ਆਣਾ ਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਰਮ ਕਮਾਵਣਾ । ਗੁਰਮੁਖ ਤੇਰੀ ਘਾਲ ਥਾਏਂ । ਪ੍ਰਭ ਅਬਿਨਾਸ਼ੀ ਹੋਏ ਸਹਾਏ । ਸਾਚੀ ਲਿਖਤ ਰਿਹਾ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਏ । ਦਰਗਹਿ ਸਾਚੀ ਧਾਮ ਨਿਆਰਾ । ਏਕਾ ਏਕ ਕਰੇ ਜੋਤ ਅਕਾਰਾ । ਬਿਨ ਬਾਤੀ ਬਿਨ ਤੇਲ ਸੱਚਾ ਦੀਦ ਕਰੇ ਉਜਿਆਰਾ । ਗੁਰਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਦਵਾਏ ਤੇਰੇ ਆਏ ਦਰ ਦਵਾਰਾ । ਗੁਰਮੁਖ ਸਾਚਾ ਕਲਜੁਗ ਜਾਗਿਆ । ਪੂਰਨ ਹੋਏ ਕਲਜੁਗ ਭਾਗਿਆ । ਪ੍ਰਭ ਅਬਿਨਾਸ਼ੀ ਆਤਮ ਧੋਇਆ ਦਾਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ ਜੋ ਜਨ ਸਰਨੀ ਤੇਰੀ ਲਾਗਿਆ । ਸਰਨ ਲਾਗ ਕਰੀ ਸੇਵਾ । ਸੋਹੰ ਦੇਵੇ ਪ੍ਰਭ ਸਾਚਾ ਮੇਵਾ । ਪ੍ਰਭ ਅਬਿਨਾਸ਼ੀ ਵਡ ਦੇਵੀ ਦੇਵਾ । ਸਾਚਾ ਸ਼ਬਦ ਜਪਾਏ ਰਸਨਾ ਜੇਹਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਾਇਆ ਮੁੰਦਰੀ ਵਿਚ ਲਗਾਏ ਸੋਹੰ ਥੇਵਾ । ਕਾਇਆ ਅੰਦਰ ਆਨ ਬਾਟ । ਆਪ ਖੁਲ੍ਹਾਏ ਬਜ਼ਰ ਕਪਾਟ । ਸੋਹੰ ਸ਼ਬਦ ਰਸਨ ਜਪਾਏ ਆਪ ਚੜ੍ਹਾਏ ਔਖੇ ਘਾਟ । ਅੱਗਾ ਨੇੜੇ ਦਿਸੇ ਵਾਟ । ਪ੍ਰਭ ਅਬਿਨਾਸ਼ੀ ਤੇਰੀ ਆਤਮ ਸੁੱਤਾ, ਤੇਰੀ ਕਾਇਆ ਬਣਾਈ

ਖਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਪ੍ਰਕਾਸ਼ ਤੇਰੀ ਵਿਚ ਲਲਾਟੇ । ਏਕਾ ਜੋਤ ਜਗੇ ਲਲਾਟੇ, ਪ੍ਰਭ ਪੂਰਨ ਕਰੇ ਘਾਟੇ । ਬੇਮੁਖਾਂ ਤਨ ਝੂਠੇ ਪਾਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੇ ਜਸ ਜਨ ਰਸਨਾ ਰਾਟੇ । ਹਰਿ ਅੰਮ੍ਰਿਤ ਮੇਘ ਬਰਸਾਇੰਦਾ । ਕਰ ਕਿਰਪਾ ਪਾਰ ਲੰਘਾਇੰਦਾ । ਦੁੱਖੀਆਂ ਦੁੱਖ ਗਵਾਇੰਦਾ । ਜਿਸ ਰਸਨਾ ਬੂੰਦ ਲਗਾਇੰਦਾ । ਆਤਮ ਤ੍ਰਿਸ਼ਨਾ ਭੁੱਖ ਗਵਾਇੰਦਾ । ਬੱਤੀ ਦੰਦਾਂ ਵਿਚੋਂ ਲਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਰਮ ਕਮਾਇੰਦਾ । ਅੰਮ੍ਰਿਤ ਪੀਵਣਾ ਸਦਾ ਜਗ ਜੀਵਣਾ । ਪ੍ਰਭ ਅਬਿਨਾਸ਼ੀ ਚਰਨੀ ਨੀਵਣਾ । ਤਨ ਪਾਟਾ ਆਪਣਾ ਸੀਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਏ ਤੇਰਾ ਜੀਵਣਾ । ਅੰਮ੍ਰਿਤ ਆਤਮ ਸਾਚੀ ਧਾਰ । ਕਰ ਕਿਰਪਾ ਦੇਵੇ ਹਰਿ ਗਿਰਧਾਰ । ਗੁਰ ਸੰਗਤ ਕੀਆ ਚਰਨ ਪਿਆਰ । ਸਚਖੰਡ ਨਿਵਾਸੀ ਮਾਤਲੋਕ ਲਿਆ ਅਵਤਾਰ । ਘਨਕਪੁਰ ਵਾਸੀ ਕਲ ਆਇਆ ਭੇਖ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਰਿਹਾ ਪਸਾਰ । ਗੁਰ ਸੰਗਤ ਗੁਰ ਸੰਗਤ ਏਕਾ ਰੰਗ ਰੰਗਾਏ । ਏਕਾ ਦੇਵੇ ਨਾਮ ਰੰਗਤ ਘਰ ਸਾਚੇ ਹਰਿ ਵਿਦਾ ਕਰਾਏ । ਕਦੇ ਨਾ ਹੋਏ ਭੁੱਖਾ ਨੰਗਤ, ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਧਰਮ ਸਭ ਲੇਖੇ ਲਾਏ ।



### ❋ ੧੩ ਜੇਠ ੨੦੧੦ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਭਲਾਈ ਪੁਰ ❋

ਉਲਟੀ ਹੋਈ ਮੱਤ, ਉਲਟੀ ਰੀਤ ਹੈ । ਉਲਟੀ ਹੋਈ ਮੱਤ, ਨਾ ਚਰਨ ਪ੍ਰੀਤ ਹੈ । ਆਪੇ ਪਰਖੇ ਨੀਤ ਹੈ । ਪ੍ਰਭ ਸਾਚਾ ਨੇਤਨ ਨੀਤ ਹੈ । ਆਪੇ ਜਾਣੇ ਜਾਣ ਵਖਾਣੇ, ਸਰਬ ਜੀਆਂ ਦੇ ਵਿਚ ਸਮਾਣੇ, ਜੋ ਕੁਛ ਰਹੀ ਬੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਠੰਡਾ ਸੀਤ ਹੈ । ਹੁਕਮ ਹਕੂਮਤ ਗਈ ਛੁਟ । ਦੋਵੇਂ ਗਏ ਜਗਤ ਨਿਖੁੱਟ । ਆਪੇ ਦੇਵੇ ਜੜ੍ਹ ਪੁੱਟ । ਰਸਨਾ ਰਸ ਜੋ ਲਏ ਲੁੱਟ । ਝੂਠਾ ਜੂਠਾ ਪੀਆ ਘੁੱਟ । ਪ੍ਰਭ ਅਬਿਨਾਸ਼ੀ ਲੜ ਗਿਆ ਛੁਟ । ਧੁਰਦਰਗਾਹੀ ਬਾਹਰ ਕੱਢੇ ਵੇਲੇ ਅੰਤ ਕੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰੇ ਸ਼ਬਦ ਸੁੱਟ । ਆਤਮ ਅੰਧਾ ਗੁਰ ਬਣਾਇਆ । ਪਾਪੀ ਬੰਦਾ ਸਾਰ ਅਖਵਾਇਆ । ਆਤਮ ਅੰਧਾ ਆਪ ਜਗਾਇਆ । ਆਪ ਆਪਣੇ ਭਾਣੇ ਵਿਚ ਸਮਾਇਆ । ਬਚਨ ਭੁੱਲੇ ਜਗਤ ਰੁੱਲੇ ਝੂਠੇ ਤੋਲ ਤੁੱਲੇ ਝੂਠੀ ਖੇਲ ਹੋਈ ਗੁੱਲੇ ਨਾ ਕੋਈ ਫਲੇ ਨਾ ਕੋਈ ਫੁੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਪਹਿਲੇ ਬੁੱਲੇ । ਭੁਲ ਭੁਲਾਇਆ ਉਲਟਾ ਰਾਹ ਚਲਾਇਆ । ਹੰਕਾਰ ਵਿਕਾਰ ਵਿਚ ਸਮਾਇਆ । ਝੂਠੀ ਕਾਰ, ਝੂਠਾ ਯਾਰ, ਝੂਠਾ ਵਿਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਬਾਣ ਆਪ ਲਗਾਇਆ । ਝੂਠੇ ਯਾਰ ਯਾਰ ਕੁੜਿਆਰ । ਅੰਧ ਅੰਧਿਆਰੇ ਦੇਵੇ ਡਾਰ । ਨਰ ਕੋਈ ਦਿਸੇ ਪਾਰ ਕਿਨਾਰ । ਜਿਥੇ ਵਸੇ ਸਚ ਭਤਾਰ । ਵੇਲੇ ਅੰਤ ਨਾ ਆਵੇ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਕਰ ਪਿਆਰ । ਝੂਠੀ ਯਾਰੀ ਉਟਾ ਰਾਹ । ਝੂਠੇ ਵਹਿਣ ਦਿਤਾ ਵਹਾ । ਸੱਚੇ ਦਰ ਕੋਈ ਰਹਿਣ ਨਾ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸਾਚਾ ਥਾਂ । ਆਤਮ ਵਡ ਵਡ ਹੰਕਾਰ । ਨਾ ਉਠੇ ਕਰਨ ਚਰਨ ਨਿਮਸਕਾਰ । ਪ੍ਰਭ ਅਬਿਨਾਸ਼ੀ

ਕੀਆ ਖੇਲ ਅਪਾਰ । ਗੁਰਮੁਖਾਂ ਮਾਣ ਤਾਣ ਰੱਖੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਂਡਾ ਭਰਮ ਦੇ ਨਿਵਾਰ । ਭਾਂਡਾ ਭਰਮ ਪ੍ਰਭ ਦੇਵੇ ਭੰਨ । ਏਕਾ ਕੱਢੇ ਆਤਮ ਜਨ । ਏਕਾ ਤਾਓ ਚੜ੍ਹਾਏ ਤਨ । ਏਕਾ ਨਾਉਂ ਦੇਵੇ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਹਿਣ ਨਾ ਦੇਵੇ ਕੋਈ ਝੂਠਾ ਤਨ । ਤਨ ਮੰਦਰ ਅਗਨ ਵਾਂਗ ਤਪੇ । ਪ੍ਰਭ ਅਬਿਨਾਸ਼ੀ ਜਾਣੇ ਨਾ ਕੋਇ ਮਾਏ ਨਾ ਕੋਈ ਬਾਪੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਬੈਠਾ ਕਿਆ ਕੋਈ ਛੁਪੇ । ਕਿਆ ਕੋਈ ਛੁਪੇ ਛੁਪਾਏ । ਆਪੇ ਫੜ ਲਏ ਉਠਾਏ । ਆਤਮ ਕਿਲ੍ਹਾ ਗੜ੍ਹ ਤੁੜਾਏ । ਝੂਠੀ ਜੜ੍ਹ ਆਪ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਹਰਿ ਵਰਤਾਏ । ਭਾਣਾ ਭਾਵਨਾ ਸਰਬ ਚਲਾਵਣਾ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਈ ਆਪ ਕਰਾਏ ਆਪਣੇ ਕਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਹੰਕਾਰ ਗਵਾਵਣਾ । ਆਤਮ ਹੰਕਾਰੀ ਆਤਮ ਅੰਧੇ । ਪ੍ਰਭ ਅਬਿਨਾਸ਼ੀ ਆਪੇ ਜਾਣੇ ਚੰਗੇ ਮੰਦੇ । ਜੂਠੇ ਝੂਠੇ ਪਾਪੀ ਗੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਆਤਮ ਅੰਧੇ । ਆਤਮ ਅੰਧੇ ਹੋਏ ਹੰਕਾਰੀ । ਕਿਆ ਕੋਈ ਕਰੇ ਜੀਵ ਗਵਾਰੀ । ਰਸਨਾ ਲੋਭ ਪਾਪਾਂ ਭਾਰੀ । ਤਿਨਾਂ ਤਾਈਂ ਮਿਲੀ ਸਿਕਦਾਰੀ । ਪੰਜਾਂ ਚੋਰਾਂ ਚੰਗੀ ਯਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਚੇ ਬੈਠਾ ਸਰਬ ਜੀਆਂ ਕਰੇ ਵੇਖ ਵਿਚਾਰੀ । ਆਪੇ ਵੇਖੇ ਆਤਮ ਦਰ । ਏਕਾ ਜੋਤ ਅਵਤਾਰ ਨਰ । ਸਭ ਦੇ ਅੰਦਰ ਰਿਹਾ ਵੜ । ਦਿਵਸ ਰੈਣ ਰੈਣ ਦਿਵਸ ਸਾਚਾ ਲੇਖਾ ਰਿਹਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਧਰ । ਵੇਖ ਵਿਚਾਰੇ, ਭਰਮ ਨਿਵਾਰੇ, ਆਤਮ ਸੁਧਾਰੇ । ਹਉਮੇ ਰੋਗ ਨਾ ਕੋਈ ਵਿਚਾਰੇ । ਗੁਰ ਗੋਬਿੰਦ ਦੋਏ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲੇਖ ਲਿਖਾਰੇ । ਆਤਮ ਲੇਖਾ ਇਕ ਲਿਖਾਵਣਾ । ਗੁਰਮੁਖ ਸਾਚੇ ਆਪ ਨਾਮ ਜਪਾਵਣਾ । ਗੁਰਸਿਖ ਦਰ ਘਰ ਸਾਚੇ ਆਪ ਵਸਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੁਰ ਲੈਣਾ ਵਰ । ਸਾਚਾ ਸੀਸ ਛਤਰ ਝੁਲਾਵਣਾ । ਗੁਰ ਗੋਬਿੰਦ ਏਕਾ ਦਰ । ਗੁਰ ਗੋਬਿੰਦ ਏਕਾ ਘਰ । ਗੁਰ ਗੋਬਿੰਦ ਏਕਾ ਸਰ । ਗੁਰ ਗੋਬਿੰਦ ਲੈਣਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਜੂਠਾ ਰਹੇ ਨਾ ਤੇਰੇ ਦਰ । ਝੂਠੀ ਮਾਇਆ, ਝੂਠੀ ਛਾਇਆ । ਝੂਠੇ ਧੰਦੇ ਆਪ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਇਆ । ਕਿਆ ਕੋਈ ਫੜੇ ਕਿਆ ਕੋਈ ਖੜੇ, ਕਿਆ ਕੋਈ ਅੜੇ । ਆਪੇ ਆਪ ਕਰਾਏ ਜੋ ਮਨ ਮੰਨੇ । ਕਰੇ ਕਰਾਏ ਜੋ ਮਨ ਭਾਏ । ਆਪੇ ਚਲੇ ਆਪਣੀ ਰਜਾਏ । ਲਹਿਣੇਦਾਰ ਆਪ ਅਖਵਾਏ । ਦੇਵਣਹਾਰ ਸ੍ਰਿਸ਼ਟ ਸਬਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਾਚ ਨਿਆਂ ਕਰਾਏ । ਸਾਚਾ ਨਾਉਂ ਸਾਚਾ ਲੇਖਾ ਸਾਚਾ ਭੇਖਾ, ਧੁਰ ਦਰਗਾਹੇ ਕੱਢੇ ਭਰਮ ਭੁਲੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰੇ ਭੇਖਾ । ਧੀਰਜ ਧਰਮ ਤਤ ਗਿਆਨ । ਝੂਠੀ ਮੱਤ ਹੋਈ ਕਿਉਂ ਭੁੱਲਾ ਬਣ ਅੰਞਾਣ । ਪ੍ਰਭ ਅਬਿਨਾਸ਼ੀ ਨਾ ਸਕੇ ਪਛਾਣ । ਊਚ ਨੀਚ ਇਕ ਅਸਥਾਨ । ਸੂਚੋ ਸੂਚ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਵਣਾ । ਸਚ ਦਰਬਾਰ ਸਾਚਾ ਆਸਣ । ਆਏ ਬੈਠਾ ਸਾਚੇ ਆਸਣ । ਆਪੇ ਬੈਠਾ ਜੋਤ ਪ੍ਰਕਾਸ਼ਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਕਰੇ ਸਰਬ ਵਿਨਾਸਣ । ਜਗਤ ਰੀਤੀ ਸਤਿ ਹੈ, ਗੁਰ ਚਰਨ ਕਰੋ ਪਿਆਰ । ਜਗਤ ਰੀਤੀ

ਸਤਿ ਹੈ, ਹੋਏ ਝੂਠਾ ਜਨਮ ਖੁਆਰ । ਜਗਤ ਰੀਤੀ ਇਕ ਸਤਿ ਹੈ, ਕਰ ਦਰਸ ਪਾਰਬ੍ਰਹਮ ਪੂਰਨ ਹਰਿ ਅਵਤਾਰ । ਜਗਤ ਰੀਤੀ ਸਤਿ ਹੈ, ਸਾਚਾ ਨਾਮ ਰਸਨ ਉਚਾਰ । ਜਗਤ ਰੀਤੀ ਸਤਿ ਹੈ, ਜੂਠ ਝੂਠ ਦੇਵੇ ਨਿਵਾਰ । ਜਗਤ ਰੀਤੀ ਸਤਿ ਹੈ, ਨਾਮ ਮਜੀਠ ਲਏ ਗੁਰ ਦਰਬਾਰ । ਜਗਤ ਰੀਤੀ ਸਤਿ ਹੈ, ਕਰ ਦਰਸ ਹਰਿ ਜਾਏ ਤਰ ਉਤਰੇ ਪਾਰ । ਜਗਤ ਰੀਤੀ ਸਤਿ ਹੈ, ਚਰਨ ਕਵਲ ਕਵਲ ਦਰ ਸੀਸ ਮਿਲੇ ਜਗਦੀਸ਼ ਆਤਮ ਹੋਏ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ਼ਨ ਦੇਵੇ ਅਗੰਮ ਅਪਾਰ । ਜਗਤ ਰੀਤੀ ਇਕ ਸਚ ਹੈ, ਸਾਚਾ ਦੇਵੇ ਚਰਨ ਪਿਆਰੋ । ਜਗਤ ਰੀਤੀ ਸਤਿ ਹੈ, ਪੂਰੇ ਗੁਰ ਸਦ ਨਿਮਸਕਾਰੋ । ਜਗਤ ਰੀਤੀ ਸਤਿ ਹੈ, ਝੂਠੇ ਧੰਦੇ ਜਗਤ ਵਿਹਾਰੋ । ਜਗਤ ਰੀਤੀ ਸਤਿ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਸਚ ਦਰਬਾਰੋ । ਜਗਤ ਰੀਤੀ ਸਤਿ ਹੈ, ਸਾਚਾ ਹਰਿ ਦਰਬਾਰਾ । ਜਗਤ ਰੀਤੀ ਇਕ ਸਤਿ ਹੈ, ਜੋਤ ਸਰੂਪੀ ਹਰਿ ਨਿਰੰਕਾਰਾ । ਜਗਤ ਰੀਤੀ ਸਤਿ ਹੈ, ਕਰ ਦਰਸ ਆਏ ਗੁਰ ਚਰਨ ਦਵਾਰਾ । ਜਗਤ ਰੀਤੀ ਸਤਿ ਹੈ, ਮਾਨਸ ਜਨਮ ਉਤਰਸ ਪਾਰਾ । ਜਗਤ ਰੀਤੀ ਸਤਿ ਹੈ, ਅੰਤਮ ਦੇਵੇ ਹਰਿ ਸਾਚਾ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਏ ਚਲ ਦਵਾਰਾ । ਜਗਤ ਪ੍ਰੀਤੀ ਸਚ ਰੀਤ ਹੈ, ਕਿਉਂ ਭੁਲਿਓ ਜੀਵ ਗਵਾਰਿਆ । ਜਗਤ ਪ੍ਰੀਤੀ ਸਚ ਰੀਤ ਹੈ, ਗੁਰ ਗੋਬਿੰਦ ਸੁਹਣ ਇਕ ਦਵਾਰਿਆ । ਜਗਤ ਪ੍ਰੀਤੀ ਸਤਿ ਹੈ, ਬਲ ਬਲ ਜਾਓ ਸਦ ਬਲਹਾਰਿਆ । ਜਗਤ ਰੀਤੀ ਸਤਿ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਖੇਲ ਕਿਉਂ ਵਕਤ ਗਵਾ ਰਿਹਾ । ਵਡ ਭੰਡਾਰਾ ਗੁਰ ਹਜ਼ੂਰਿਆ । ਪ੍ਰਭ ਦੁੱਖਾਂ ਭੁੱਖਾਂ ਕਰੇ ਦੂਰਿਆ । ਸਾਚਾ ਸੁਖ ਸਹਿਜ ਸਬੂਰੀਆ । ਹਰਿ ਆਸਾ ਮਨਸਾ ਪੂਰੀਆ । ਆਪ ਕੱਟੇ ਜਗਤ ਮਜ਼ਬੂਰੀਆ । ਅੱਗਾ ਨੇੜੇ ਆਇਆ ਪਿੱਛਾ ਰਿਹਾ ਦੂਰਿਆ । ਪ੍ਰਭ ਸਾਚਾ ਫੇਰ ਸੁਣਾ ਰਿਹਾ, ਜੋ ਨਾ ਭੁੱਲ ਬਣ ਗਰੂਰੀਆ । ਸਾਚੀ ਬਣਤ ਫੇਰ ਬਣਾ ਰਿਹਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਘਰ ਹਜ਼ੂਰੀਆ । ਸਚ ਵਸਤ ਗੁਰ ਅੱਗੇ ਟਿਕਾਈ, । ਦੁੱਖ ਭੁੱਖ ਹਰਿ ਦੇ ਮਿਟਾਈ । ਸਾਚਾ ਸੁਖ ਦੇ ਉਪਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇ ਮਤ ਸਮਝਾਈ । ਏਕਾ ਜਾਣੇ ਹਰਿ ਭਗਵਾਨ । ਦੂਜਾ ਕੋਈ ਨਾ ਵਿਚ ਜਹਾਨ । ਤੀਜਾ ਦਿਸੇ ਨਾ ਕੋਈ ਨਿਸ਼ਾਨ । ਚੌਥਾ ਵੇਖੋ ਏਕ ਬਲੀ ਬਲਵਾਨ । ਪੰਚਮ ਪੰਚ ਮਿਲੇ ਪ੍ਰਵਾਨ । ਅੰਮ੍ਰਿਤ ਆਤਮ ਸਿੰਚ ਪ੍ਰਭ ਸਾਚਾ ਦੇਵੇ ਹਰਿ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਣ । ਸਾਚੇ ਸ਼ਬਦ ਸਚ ਸੰਦੇਸ਼ਾ । ਨਾ ਕੋਈ ਭਰਮ ਨਾ ਭੁਲੇਖਾ । ਅਗਲਾ ਪਿਛਲਾ ਚੁੱਕੇ ਲੇਖਾ । ਨਾ ਕੋਈ ਸਿਖੇ ਨਾ ਸਿਖਾਏ ਨਾ ਕੋਈ ਰਹੇ ਵਿਚ ਭੁਲੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਫੇਰ ਲਿਖਾਏ ਲੇਖਾ । ਸਾਚੇ ਲੇਖ ਫਿਰ ਲਿਖਾਵਣਾ । ਗੁਰ ਪ੍ਰਸਾਦੀ ਭੋਗ ਲਗਾਵਣਾ । ਪੰਚਮ ਪੋਏ ਇਕ ਵਰਤਾਵਣਾ । ਸਾਚਾ ਸਤਿ ਆਤਮ ਤਤ ਸਾਚੀ ਮੱਤ ਨਿਜ ਧੀਰਜ ਹਰਿ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਦੇ ਨਾ ਮਨੋਂ ਭੁਲਾਵਣਾ । ਸਾਚੀ ਵਸਤ ਰੱਖੀ ਹਰਿ ਥਾਰ । ਕਿਰਪਾ ਕਰੇ ਆਪ ਗਿਰਧਾਰ । ਭਰੇ ਰਹਿਣ ਸਦ ਭੰਡਾਰ । ਮਾਤਲੋਕ ਨਾ ਆਵੇ ਹਾਰ । ਏਕਾ ਜੋਤ ਧਰੇ ਕਰਤਾਰ । ਕਰ ਕਿਰਪਾ ਜਾਏ ਤਾਰ । ਪੰਜਾਂ ਬਖ਼ਸ਼ੇ ਇਕ ਪਿਆਰ । ਦੂਤਾਂ ਦੁਸ਼ਟਾਂ ਕਰੇ ਖਵਾਰ । ਜੂਠਾ ਝੂਠਾ ਰਹਿਣ ਨਾ ਪਾਏ ਗੁਰਸਿਖ ਤੇਰੇ ਸਚ ਦਰਬਾਰ । ਚੁਗਲ ਨਿੰਦਕ ਦੁਸ਼ਟ ਦੁਰਾਚਾਰ । ਪ੍ਰਭ ਸਾਚਾ ਕਰੇ ਖਵਾਰ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਆਪੇ ਜਾਣੇ ਸਰਬ ਸਾਰ । ਚੁਗਲੀ ਨਿੰਦਿਆ ਜਗਤ ਬਖੀਲੀ, ਜੋ ਕੋਈ ਆਤਮ ਲਾਵੇ ਤੀਲੀ, ਆਤਮ ਰੱਤ ਪ੍ਰਭ ਸਾਚੇ ਪੀਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਖਾਲੀ ਕਰੇ ਪਤੀਲੀ । ਸਾਚੀ ਮੱਤ ਸਚ ਉਪਦੇਸ । ਗੁਰ ਪੂਰੇ ਕੋ ਕਰੋ ਆਦੇਸ । ਪ੍ਰਗਟ ਜੋਤ ਆਏ ਵਿਚ ਮਾਝੇ ਦੇਸ । ਜੋਤ ਸਰੂਪੀ ਧਾਰੇ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਇਕ ਨਰੇਸ਼ । ਇਕ ਨਰੇਸ਼ ਇਕ ਨਿਰੰਜਣ । ਪੰਚਾਂ ਦੇਵੇ ਏਕਾ ਮਜਨ । ਆਪੇ ਬਣੇ ਸਾਚਾ ਸੱਜਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਗਾਰੇ ਤੇਰੇ ਵੱਜਣ । ਸ਼ੁਧ ਨਗਾਰਾ ਆਤਮ ਢੋਲ । ਦੂਈ ਦਵੈਤੀ ਪਰਦਾ ਦੇਵੇ ਖੋਲ੍ਹ । ਗੁਰਸਿਖ ਨਾ ਮਾਰੇ ਗੁਰ ਘਰ ਬੋਲ । ਮਹਾਰਾਜ ਸ਼ੇਰ ਸਿੰਘ ਪੰਚਾਂ ਵਸੇ ਸਦਾ ਕੋਲ । ਪੰਚੇ ਵੇਖੋ ਹਰਿ ਹਰਿ ਪੰਚ । ਏਕਾ ਲਾਏ ਆਤਮ ਅੰਚ । ਬੇਮੁਖ ਕਾਇਆ ਕੂੜੀ ਕੰਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਸਿਰ ਆਪ ਸਰਪੰਚ । ਪੰਚਾਂ ਮਿਲਿਆ ਸਾਚਾ ਪੀਰ । ਹੋਏ ਸਹਾਈ ਆਪ ਦਸਤਗੀਰ । ਏਕਾ ਸ਼ਬਦ ਦੇਵੇ ਜਗ ਸਾਚੀ ਧੀਰ । ਪੰਜੇ ਬਣ ਜਾਓ ਸਾਚੇ ਵੀਰ । ਵੇਲਾ ਗਿਆ ਹੱਥ ਨਾ ਆਵਣਾ, ਕਾਹਨੂੰ ਹੋਏ ਲੀਰੋ ਲੀਰ । ਬੇਮੁਖ ਘਰ ਘਰ ਦਰ ਦਰ ਫਿਰਨ ਜਿਉਂ ਭੌਂਦੇ ਭੇਖਧਾਰੀ ਫਕੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਆਪਣੀ ਹੱਥੀਂ ਆਪ ਪਿਲਾਏ ਸਾਚਾ ਸੀਰ । ਆਪ ਆਪਣੀ ਗੋਦ ਰਖਾਇਆ । ਅੰਮ੍ਰਿਤ ਸਾਚਾ ਸੀਰ ਪਿਲਾਇਆ । ਦਿਵਸ ਰੈਣ ਰੈਣ ਦਿਵਸ ਸਦ ਅੰਗ ਰਖਾਇਆ । ਵੇਲੇ ਅੰਤਮ ਅੰਤ ਝੂਠੇ ਧੰਦੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅੰਧੇ ਦੇ ਸਮਝਾਇਆ । ਆਤਮ ਅੰਧੇ ਨਾ ਭੁੱਲ ਨਿਧਾਨਾ । ਪੰਚਾਂ ਵਾਲੀ ਇਕ ਭਗਵਾਨਾ । ਆਪ ਬਣਾਏ ਆਪਣਾ ਬਾਣਾ । ਆਪੇ ਢਾਹੇ ਕਿਆ ਕੋਈ ਕਰੇ ਜੀਵ ਅੰਞਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਆਪ ਉਗਾਏ ਆਪਣੇ ਵੱਤੇ । ਕਿਆ ਕੋਈ ਦੇਵੇ ਘਰ ਘਰ ਗੁਰ ਦਰ ਮੱਤੇ । ਆਤਮ ਹੋਈ ਜਿਨ੍ਹਾਂ ਤਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਚਮ ਜੋਤ ਸੱਤੇ । ਪੰਚਮ ਜੋਤ ਕਰੇ ਪ੍ਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਪ੍ਰਭ ਅਬਿਨਾਸ਼ੀ ਕਿਉਂ ਭੁੱਲੇ ਪੁਰਖ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੀ ਰਾਸ । ਆਪਣੀ ਰਾਸ ਆਪ ਬਣਾਨੇ । ਕਲਜੁਗ ਜੀਵ ਹਰਿ ਭਗਵਾਨੇ । ਇਧਰ ਉਧਰ ਕੀ ਕਿਆ ਕੋਈ ਜਾਣੇ । ਸਾਚੀ ਸੱਧਰ ਹਰਿ ਭਗਵਾਨੇ । ਆਓ ਸੇਵ ਗੁਰ ਚਰਨ ਧਿਆਨੇ । ਮਿਲੇ ਹਰਿ ਆਪ ਭਗਵਾਨੇ । ਨਾ ਕੋਈ ਡੰਨੇ ਨਾ ਕੋਈ ਡਾਨੇ । ਨਾ ਕੋਈ ਮੰਗੇ ਤੈਥੋਂ ਦਾਨੇ । ਪ੍ਰਭ ਅਬਿਨਾਸ਼ੀ ਸਾਚਾ ਪਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਨਿਧ ਘਰ ਉਪਜਾਨੇ । ਨੌਂ ਨਿਧ ਘਰ ਉਪਜਾਣਾ । ਦੁੱਖ ਭੁੱਖ ਦਾ ਰੋਗ ਮਿਟਾਣਾ । ਭਰਮ ਭੁਲੇਖਾ ਦੂਰ ਕਰਾਨਾ । ਸੋਹੰ ਸਾਚਾ ਨਾਮ ਜਪਾਣਾ । ਏਕਾ ਮਾਰਗ ਸ੍ਰਿਸ਼ਟ ਲਗਾਣਾ । ਏਕਾ ਘਰ ਹੋਈ ਦੋ ਰਾਤਾ । ਅੰਦਰ ਵੇਖ ਮਾਰ ਝਾਤਾ । ਪ੍ਰਭ ਅਬਿਨਾਸ਼ੀ ਸਾਚਾ ਨਾਤਾ । ਭੁਲਿਆ ਜੀਵ ਜਿਉਂ ਰੰਡੀ ਕਮਜ਼ਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਲ ਪਛਾਤਾ । ਪੂਰਨ ਗੁਰ ਹਰਿ ਪਛਾਣੋ । ਆਤਮ ਰੱਖ ਇਕ ਧਿਆਨੋ । ਪੰਜਾਂ ਵਿਚ ਪਰਮੇਸ਼ਵਰ ਜਾਣੋ । ਨਿਹਕਲੰਕ ਕਲ ਸਾਚਾ ਮਾਨੋ । ਆਪ ਆਪਣੇ ਰੰਗ ਰੰਗਾਨੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਕਰੇ ਜਗਤ ਪ੍ਰਧਾਨੋ । ਪੰਚਮ ਦੇਵੇ ਹੱਥ ਵਡਿਆਈ । ਪ੍ਰਭ ਅਬਿਨਾਸ਼ੀ ਹੋਏ ਸਹਾਈ । ਏਕਾ ਜੋਤ ਆਪ ਰਘੁਰਾਈ । ਦੇਵਣਹਾਰ ਸਰਬ ਹੈ ਥਾਈਂ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਘਾਟ ਰਹੇ ਨਾ ਰਾਈ । ਸਚ ਹੁਕਮ ਸਚ ਫ਼ਰਮਾਣਾ । ਨਾ ਕੋਈ ਮੇਟੇ ਮੇਟ ਮਿਟਾਣਾ । ਏਕਾ ਹਰਿ ਏਕਾ ਦਰ ਨਿਹਕਲੰਕ ਬਲੀ ਬਲਵਾਨਾ । ਸੋ ਜਨ ਉਧਰੇ ਪਾਰ ਜਿਸ ਹੱਥ ਬੱਧੀ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣਾ ਬਾਣਾ । ਆਪੇ ਧਾਰਿਆ ਪੀਰ ਪੈਗ਼ੰਬਰ ਨਾ ਕਿਸੇ ਵਿਚਾਰਿਆ । ਕਿਆ ਕੋਈ ਕਰੇ ਕਲਜੁਗ ਜੀਵ ਵਿਚਾਰਿਆ । ਪੰਚਾਂ ਦੇਵੇ ਏਕਾ ਜੋਤ ਸ਼ਬਦ ਅਧਾਰਿਆ । ਏਕਾ ਗੁਰ ਲਿਖਿਆ ਧੁਰ ਦੇਵੇ ਨਾਮ ਸ਼ਬਦ ਗਿਰਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਚਮ ਹਰਿ ਆਪ ਬਣਵਾ ਰਿਹਾ । ਪੰਚਮ ਹੋਏ ਆਪ ਰਖਵਾਲੀ । ਪੰਚਮ ਦਿਵਸ ਰੈਣ ਹਰਿ ਬਣਿਆ ਪਾਲੀ । ਸ੍ਰਿਸ਼ਟ ਸਬਾਈ ਫੜ ਉਠਾ ਲੀ । ਆਪ ਆਪਣੀ ਸੇਵਾ ਲਾ ਲੀ । ਕੋਈ ਭੰਡਾਰਾ ਨਾ ਰਹੇ ਖਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਦਾਤਾਰ ਸੱਚੀ ਸਰਕਾਰ ਦੋ ਜਹਾਨਾਂ ਵਾਲੀ । ਸਾਚਾ ਹਰਿ ਨਰ ਨਿਰੰਜਣ ਆਇਆ । ਸਾਚਾ ਖੇਲ ਆਪ ਖਿਲਾਇਆ । ਸਾਚਾ ਹਰਿ ਮੇਲ ਮਿਲਾਇਆ । ਸੰਤ ਜਨਾ ਹਰਿ ਹਿਰਦੇ ਵਸਾਇਆ । ਸੰਤ ਮਨੀ ਸਿੰਘ ਨਾਮ ਵਡਿਆਇਆ । ਸਤਿਜੁਗ ਸਾਚੇ ਮਾਣ ਦਵਾਇਆ । ਸਤਿਗੁਰ ਪੂਰਾ ਆਪ ਬਣਾਇਆ । ਪੂਰਨ ਜੋਤ ਧਰੇ ਹਰਿ ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਸਰਨ ਲਿਖਾਇਆ । ਭਰਮ ਭੁਲੇਖਾ ਕੋਈ ਰਹਿਣ ਨਾ ਪਾਇਆ । ਭੈਣ ਭਾਈ ਨਾ ਕੋਈ ਭੇੜ ਭਿੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਬੈਠ ਵਿਚ ਦਰਬਾਰ ਲਿਖਾਇਆ । ਸਤਿਜੁਗ ਸਾਚੇ ਸਚ ਵਡਿਆਈ । ਗੁਰ ਗੱਦੀ ਦੀ ਨੀਂਹ ਰਖਾਈ । ਨਿਹਕਲੰਕ ਤੇਰੀ ਸਾਚੀ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਮਾਤ ਧਰਾਈ । ਏਕਾ ਜੋਤ ਗੁਰਸਿਖ ਨਾਗਰ । ਗੁਰਮੁਖਾਂ

੧੩੧ ੦੩ ੧੩੧ ੦੩

ਕਰੇ ਕਰਮ ਉਜਾਗਰ । ਆਤਮ ਭਰੀ ਸੱਚੀ ਗਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਉਤੇ ਸੋਹੰ ਚਾਦਰ । ਸੱਚੀ ਚਾਦਰ ਸਚ ਚੰਦੋਆ । ਪ੍ਰਭ ਅਬਿਨਾਸ਼ੀ ਸਾਚਾ ਚੋਆ । ਦਰ ਦਵਾਰੇ ਆਣ ਖਲੋਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੀਜ ਵਿਚ ਮਾਤ ਦੇ ਬੋਇਆ । ਬੀਜ ਬੀਜਿਆ ਜਾਏ ਉਗ । ਲੱਗੇ ਭਾਗ ਪਿੰਡ ਬੁੱਗ । ਦੇਵੇ ਵਡਿਆਈ ਚਾਰ ਯੁਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੁਖ ਰਖਾਏ ਸਗਲੀ ਸੁਧ । ਦੂਜੀ ਜੋਤ ਹਰਿ ਭਗਵਾਨੇ । ਸਿੰਘ ਮੋਤਾ ਦੇ ਵਿਚ ਟਿਕਾਣੇ । ਦੇਵੇ ਮਾਣ ਚਤੁਰ ਸੁਜਾਣੇ । ਏਕਾ ਰੰਗ ਰੰਗਾਣੇ । ਪੂਰੇ ਗੁਰ ਦੀ ਸਰਨੀ ਲਾਣੇ । ਆਪ ਆਪਣੇ ਥਾਂ ਬਹਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਿਧ ਬਤਾਨੇ । ਏਕਾ ਹੁਕਮ ਮਿਲੇ ਸਰਕਾਰਾ । ਦੂਜਾ ਕਰੋ ਫੇਰ ਵਿਹਾਰਾ । ਤੀਜੋ ਕੋਈ ਨਾ ਦਿਸੇ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸਾਚੇ ਲੇਖ ਲਿਖਾਰਾ । ਪੰਜ ਦੀਪਕ ਉਜਿਆਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰਿਆ । ਸਤਿਗੁਰ ਮਨੀ ਸਿੰਘ ਚਰਨ ਨਿਮਸਕਾਰ ਬਲ ਬਲ ਬਲ ਜਾਓ ਬਲਿਹਾਰਿਆ । ਭੁੱਲ ਭੁੱਲ ਕਿਉਂ ਵਕਤ ਵਿਹਾ ਰਿਹਾ । ਵੇਲਾ ਹੱਥ ਨਾ ਆਵਣਾ ਦੂਜੀ ਵਾਰਿਆ । ਸਾਚੇ ਲੇਖ ਸਾਚੇ ਤਖ਼ਤ ਬੈਠ ਲਿਖਾ ਰਿਹਾ । ਭਰਮ ਭੁਲੇਖੇ ਸਰਬ ਗਵਾ ਰਿਹਾ । ਸਾਚੀ ਸ਼ਬਦ ਸੁਰਤ ਪ੍ਰਭ ਸਾਚਾ ਆਪ ਦਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘਆਸਣ ਡੇਰਾ ਲਾ ਸਾਚੇ ਲੇਖ ਲਿਖਾ ਰਿਹਾ । ਸਾਚੀ ਲਿਖਾਏ ਲਿਖਤ ਅਪਾਰੇ । ਉਧਮ ਰਖਾਏ ਵਿਚ ਅੰਧਕਾਰੇ । ਆਪਣਾ ਗਿਆ ਬਚਨ ਹਾਰੇ । ਪ੍ਰਭ ਅਬਿਨਾਸ਼ੀ ਨਾ ਕਰੇ ਪਿਆਰੇ । ਧੀਆਂ ਪੁੱਤਰ ਨਾ ਹਰਿ ਵਿਚਾਰੇ । ਸੋ ਜਨ ਉਧਰਨ ਪਾਰ ਜੋ ਜਨ ਚਰਨ ਨਿਮਸਕਾਰੇ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਸ਼ਾਮ ਨਾਮ ਦੇਵੇ ਵਡਿਆਈ । ਆਪਣੇ ਰੰਗ ਰੱਵੇ ਹਰਿ ਲਾਈ । ਸਾਚਾ ਸੰਗ ਹਰਿ ਆਪ ਨਿਭਾਈ । ਸੁਰਤ ਸ਼ਬਦ ਹਰਿ ਆਪ ਦਵਾਈ । ਸਾਚੀ ਜੁਗਤ ਹਰਿ ਆਪ ਬਣਾਈ । ਸਤਿਗੁਰ ਸਾਚੇ ਇਕ ਸਰਨਾਈ । ਦੂਜਾ ਥਾਉਂ ਕੋਈ ਨਾਂਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਹੋਵੇ ਆਪ ਸਹਾਈ । ਪੰਚਾਂ ਹੋਇਆ ਏਕਾ ਧਾਗਾ । ਏਕਾ ਸ਼ਬਦ ਏਕਾ ਰਾਗਾ । ਏਕਾ ਏਕ ਆਪਣੇ ਹੱਥ ਰੱਖੀ ਵਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਦੇ ਨਾ ਜਾਣੋ ਸੋਇਆ, ਦਿਵਸ ਰੈਣ ਸਦ ਰਹੇ ਜਾਗਾ । ਸਚ ਵਸਤ ਹਰਿ ਭੋਗ ਲਗਾਈ । ਪੰਚਮ ਵੇਲਾ ਇਕ ਸਹਾਈ । ਇਕੱਠੇ ਬੈਠ ਖਾਓ ਭਾਈ । ਫੇਰ ਵਿਛੋੜਾ ਹੋਏ ਨਾ ਰਾਈ । ਸਾਚੀ ਵਾਗ ਸਤਿਗੁਰ ਮਨੀ ਸਿੰਘ ਤੇਰੇ ਹੱਥ ਫੜਾਈ । ਘਰ ਵਿਚ ਰਹੇ ਨਾ ਕੋਈ ਲੜਾਈ । ਨਾ ਤਾਹਨੇ ਮੇਹਣੇ ਦੇਵੇ ਕੋਈ ਲੋਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਸੱਚੀ ਸਰਨਾਈ । ਪੰਚਾਂ ਦੇਵੇ ਏਕ ਦਾਨ । ਪੰਚਾਂ ਦੇਵੇ ਏਕਾ ਨਾਮ ਰਮਈਆ ਰਾਮ । ਪੰਚਾਂ ਦੇਵੇ ਮਾਣ ਵਿਚ ਜਹਾਨ । ਸਚ ਮਾਰਗ ਜੋ ਚਲ ਜਾਣ । ਦੁੱਖ ਰੋਗ ਸਰਬ ਮਿਟ ਜਾਣ । ਆਤਮ ਭੁੱਲੇ ਨਾ ਰਹੇ ਘਰ ਸ਼ੈਤਾਨ । ਕਿਰਪਾ ਕਰ ਹਰਿ ਸਾਚੇ ਘਰ ਸਾਚੇ ਦਰ ਕਰੇ ਪ੍ਰਵਾਨ । ਪੰਚਾਂ ਪਾਏ ਸਾਚੀ ਸਾਰ । ਆਪੇ ਕਰ ਜਗਤ ਵਿਹਾਰ । ਦੇਵਣਹਾਰ ਇਕ ਦਾਤਾਰ । ਸਾਚਾ ਬੈਠਾ ਵਿਚ ਦਰਬਾਰ । ਪੰਚਾਂ ਦੀਆ ਇਕ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਲੈਣਾ ਰਸਨ ਉਚਾਰ । ਲਬ ਲੋਭ ਆਤਮ ਹੰਕਾਰਾ । ਪ੍ਰਭ ਅਬਿਨਾਸ਼ੀ ਸਾਚੇ ਮਾਰਾ । ਆਪ ਬਹਾਏ ਸਚ ਦਰਬਾਰਾ । ਆਪ ਬੰਧਾਏ ਸਾਚੀ ਧਾਰਾ । ਪੰਚਾਂ ਬਖ਼ਸ਼ੇ ਇਕ ਪਿਆਰਾ । ਹੁਕਮੇ ਅੰਦਰ ਸਭ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਸਤਿ ਸਰੂਪੀ ਵਡ ਵਡ ਭੂਪੀ ਸਿਰ ਸੱਚਾ ਦਸਤਾਰਾ । ਸਚ ਦਸਤਾਰ ਸੀਸ ਸੁਹਾਏ । ਬੀਸ ਇਕੀਸ ਭੇਵ ਚੁਕਾਏ । ਸ੍ਰਿਸ਼ਟ ਸਬਾਈ ਪੀਸ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪ੍ਰੀਤ ਘੰਟੇ ਚੌਬੀਸ ਰਖਾਏ । ਅੱਠੇ ਪਹਿਰ ਪਹਿਰ ਅੱਠ । ਏਕਾ ਦੇਵੇ ਪੰਜਾਂ ਇਕੱਠ । ਏਕਾ ਦੇਵੇ ਸਾਚਾ ਹੱਠ । ਪ੍ਰਭ ਅਬਿਨਾਸ਼ੀ ਆਪ ਬੰਧਾਏ ਸਾਚੀ ਗੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤਾਂ ਪਾਏ ਭੱਠ । ਪੰਚਾਂ ਕਾ ਹਰਿ ਏਕਾ ਗਿਆਤਾ । ਏਕਾ ਪਿਤ ਏਕਾ ਮਾਤਾ । ਏਕਾ ਦੂਆ ਕਿਉਂ ਭੇਵ ਰਖਾਤਾ । ਝੂਠਾ ਜਾਣੋ ਜਗਤ ਕਾ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਸਤ ਅਨੇਕ ਕਰ ਕਿਰਪਾ ਦੇਵੇ ਨਿਹਕਲੰਕ ਸਚ ਜਿਸ ਜਾਤਾ । ਸਾਚਾ ਨਾਤਾ ਜਿਸ ਜਨ ਜਾਤਾ । ਸਰਬ ਬਿਧਾਤਾ ਧਿਆਨ ਧਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਰਲਾਤਾ । ਸਾਚਾ ਰੰਗ ਦੀਆ ਕਾਹਨਾ । ਸਚ ਤਖ਼ਤ ਸਚ ਸੁਲਤਾਨਾ । ਕੋਈ ਦੀਵਾਨਾ ਕੋਈ ਮਸਤਾਨਾ । ਕੋਈ ਨਾਮ ਰੰਗਾਨਾ ਕੋਈ ਮੰਗ ਦਰ ਨਾਮ ਦਾਨਾ । ਕੋਈ ਮੰਗੇ ਚਰਨ ਧੂੜ ਇਸ਼ਨਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਾਚਾ ਦਾਨਾ । ਸਾਚਾ ਤਖ਼ਤ ਸਾਚਾ ਤਾਜਾ । ਉਪਰ ਬੈਠਾ ਗਰੀਬ ਨਿਵਾਜ਼ਾ । ਸ੍ਰਿਸ਼ਟ ਸਬਾਈ ਜਿਸ ਸਾਜਣ ਸਾਜਾ । ਵਡ ਪਾਤਸ਼ਾਹ ਵਡ ਰਾਜਨ ਰਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ਆਪਣੇ ਕਾਜਾ । ਸਚ ਤਖ਼ਤ ਵਡ ਸਿਕਦਾਰੀ । ਸ੍ਰਿਸ਼ਟ ਸਬਾਈ ਜਿਸ ਪਸਾਰੀ । ਅਚਰਜ ਖੇਲ ਕਰੇ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਸਚ ਤਖ਼ਤ ਸਚ ਸਿਕਦਾਰੀ । ਉਤੇ ਬੈਠਾ ਨੈਣ

੧੩੩ ੦੩

ਮੁਧਾਰੀ । ਤੀਨ ਲੋਕ ਇਕ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਅਪਾਰੀ । ਸਾਚਾ ਤਖ਼ਤ ਚਾਰ ਕੂਟ । ਸਚ
ਪੰਗੂੜਾ ਰਿਹਾ ਝੂਟ । ਸ੍ਰਿਸ਼ਟ ਸਬਾਈ ਰਿਹਾ ਕੂਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜੜ੍ਹ ਰਿਹਾ ਪੂਟ । ਸਚ ਤਖ਼ਤ ਹਰਿ
ਚਰਨ ਛੁਹਾਨਾ । ਪ੍ਰਗਟ ਹੋਏ ਘਨਈਆ ਕਾਹਨਾ । ਸਿੰਘਾਸਣ ਹਰਿ ਆਪ ਸੁਹਾਣਾ । ਗੁਰ ਸੰਗਤ ਹਰਿ ਆਪ ਬਿਰਾਜੇ ਜਿਉਂ ਗੋਪੀਆਂ ਕਾਹਨਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਹਾਏ ਸਾਚੇ ਥਾਨਾ । ਕਾਹਨ ਘਨਈਆ ਰਾਮ ਮੁਰਾਰੀ । ਸਿੰਘਾਸਣ ਬੈਠਾ ਪੈਰ ਪਸਾਰੀ । ਸ੍ਰਿਸ਼ਟ
ਸਬਾਈ ਕੀ ਕਰੇ ਵਿਚਾਰੀ । ਸੁਘੜ ਸਿਆਣਿਆਂ ਕਰੇ ਖਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਅਪਰ ਅਪਾਰੀ । ਸਚ
ਸਿੰਘਾਸਣ ਉਪਰ ਗੱਦੀ । ਸ੍ਰਿਸ਼ਟ ਸਬਾਈ ਪ੍ਰਭ ਸਾਚੇ ਬੱਧੀ । ਨੌਂ ਖੰਡ ਪ੍ਰਿਥਮੀ ਹੋਈ ਰੱਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ
ਕੁੰਟ ਉਖੇੜਾ ਲਾਏ ਉਪਰ ਸਿੰਘਾਸਣ, ਆਪ ਹਿਲਾਈ ਗੱਦੀ । ਚਾਰ ਕੁੰਟ ਚਾਰ ਮੁਖ । ਸ੍ਰਿਸ਼ਟ ਸਬਾਈ ਹੋਏ ਦੁੱਖ । ਨਜ਼ਰ ਨਾ ਆਇਣ ਕਿਤੇ
ਰੁੱਖ ਮਨੁੱਖ । ਚਾਰ ਕੁੰਟ ਵਰਤੇ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਤਮ ਸੁਖ । ਸਿੰਘ ਸਿੰਘਾਸਣ ਆਪ ਕੰਬਾਇਆ ।
ਸ੍ਰਿਸ਼ਟ ਸਬਾਈ ਦੇ ਹਿਲਾਇਆ । ਬਾਸ਼ਕ ਤਸ਼ਕ ਰਹੇ ਕੁਮਲਾਇਆ । ਹਰਿ ਭਾਣਾ ਇਹ ਕੀ ਵਰਤਾਇਆ । ਇੰਦ ਇੰਦਰਾਸਣ ਆਪ ਹਿਲਾਇਆ ।
ਸ਼ਿਵ ਸ਼ੰਕਰ ਭੱਜਾ ਫਿਰੇ ਆਪ ਘਬਰਾਇਆ । ਬ੍ਰਹਮਾ ਆਏ ਵਾਹੋ ਦਾਇਆ । ਨਾਰਦ ਮੁੰਨ ਫੇਰਾ ਪਾਇਆ । ਕਰੋੜ ਤੇਤੀਸ ਸੰਗ ਰਲਾਇਆ ।
ਪ੍ਰਭ ਅਬਿਨਾਸ਼ੀ ਚਰਨੀ ਲਾਇਆ । ਵਿਸ਼ਨੂੰ ਬੰਸੀ ਆਪ ਅਖਵਾਇਆ । ਕਰੋ ਮਿਹਰ ਨਾ ਵਰਤੋ ਕਹਿਰ, ਵਰਭੰਡ ਨਾ ਦੇ ਉਲਟਾਇਆ । ਨਾ
ਕੋਈ ਨਗਰ ਨਾ ਕੋਈ ਖੇੜਾ ਨਾ ਕੋਈ ਦਿਸੇ ਸ਼ਹਿਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੇੜਾ ਆਪ ਲਗਾਇਆ । ਉਲਟੀ ਲੱਠ
ਆਪ ਗਿੜਾਈ । ਸ੍ਰਿਸ਼ਟ ਸਬਾਈ ਭੱਠ ਕਰਾਈ । ਗੁਰਮੁਖ ਵਿਰਲਾ ਨੱਠ ਗੁਰ ਚਰਨੀ ਆਈ । ਸਾਚਾ ਹੱਠ ਪ੍ਰਭ ਆਪ ਰਖਾਈ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਦੇ ਮੱਤ ਸਮਝਾਈ । ਸਿੰਘ ਸਿੰਘਾਸਣ ਦੀਆ ਗੇੜਾ । ਸ੍ਰਿਸ਼ਟ ਸਬਾਈ ਮੁਕੇ ਝੇੜਾ । ਕਲਜੁਗ
ਤੇਰਾ ਡੁੱਬਾ ਬੇੜਾ । ਆਪੇ ਮਾਰੇ ਭੇੜ ਭੇੜਾ । ਬਿਨ ਹਰਿ ਪੂਰੇ ਛੁਡਾਵੇ ਕਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਪਾਏ
ਜੇੜਾ । ਸ਼ਬਦ ਸਰੂਪੀ ਜੇੜਾ ਪਾਇਆ । ਰਾਜਾ ਰਾਣਾ ਫੜ ਤਖ਼ਤੋਂ ਲਾਹਿਆ । ਸਿੰਘ ਆਸਣ ਹਰਿ ਆਪ ਸੁਹਾਇਆ । ਦੂਸਰ ਕੋਈ ਰਹਿਣ
ਨਾ ਪਾਇਆ । ਨੌਂ ਖੰਡ ਪ੍ਰਿਥਮੀ ਹਰਿ ਦੇ ਹਿਲਾਇਆ । ਵੰਡ ਵੰਡ ਵੰਡ ਹਰਿ ਵੰਡ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਪਤਮ
ਦੀਪਕ ਵਿਚ ਸਮਾਇਆ । ਸਪਤਮ ਦੀਪਕ ਸਚ ਦਵਾਰ । ਸਤਿ ਪੁਰਖ ਨਰ ਅਵਤਾਰ । ਕਿਆ ਕੋਈ ਸਕੇ ਜੀਵ ਵਿਚਾਰ । ਕਰੇ ਕਰਮ ਅਪਰ
ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਤੇਰੀ ਸਾਰ । ਅਚਰਜ ਖੇਲ ਵਰਤੇ ਜਗ । ਚਰਨ ਧਰਿਆ ਉਪਰ ਪਲੰਘ ।
ਸ੍ਰਿਸ਼ਟ ਸਬਾਈ ਹੋਈ ਭੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਭੰਨਾਏ ਜਿਉਂ ਕਾਚੀ ਵੰਗ । ਸਿੰਘ ਸਿੰਘਾਸਣ ਆਪ ਉਲਟਾਇਆ ।
ਜਲ ਥਲ ਥਲ ਜਲ ਹਰਿ ਦੇ ਵਿਹਾਇਆ । ਨਾ ਲਾਗੇ ਘੜੀ ਪਲ ਵੇਲਾ ਅੰਤਮ ਅੰਤ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ
ਸਾਚੇ ਲੇਖ ਲਿਖਾਇਆ । ਸਿੰਘ ਸਿੰਘਾਸਣ ਬੈਠਾ ਦਵਾਰਾ । ਉਚਾ ਕੂਕੇ ਕੂਕ ਸੁਣਾਏ ਗੁਰਮੁਖ ਵਿਰਲਾ ਸੁਣੇ ਪੁਕਾਰਾ । ਸੋਹੰ ਸਾਚਾ ਰਸਨਾ ਗਾਓ,

ਪ੍ਰਭ ਅਬਿਨਾਸ਼ੀ ਦੇਵੇ ਧਾਰਾ । ਵੇਲਾ ਅੰਤਮ ਆਇਆ ਕਲਜੁਗ ਕਿਸ ਬਿਧ ਉਤਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਨਿਹਕਲੰਕ ਲਏ ਅਵਤਾਰਾ । ਜੀਵ ਭੁੱਲ ਨਾ ਜਾਣਾ । ਨਾ ਕੋਈ ਦਿਸੇ ਰਾਜਾ ਰਾਣਾ । ਆਪੇ ਬਣੇ ਵਡ ਸੁਲਤਾਨਾ । ਚਾਰ ਕੁੰਟ ਹਰਿ ਛਤਰ ਝੁਲਾਣਾ । ਸੋਹੰ ਸਾਚਾ ਡੰਕ ਵਜਾਣਾ । ਏਕਾ ਅੰਕ ਆਪ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਿੱਕਾ ਆਪ ਚਲਾਣਾ । ਆਪਣਾ ਸਿੱਕਾ ਆਪ ਚਲਾਏ । ਏਕਾ ਟਿੱਕਾ ਆਪ ਲਗਾਏ । ਦੂਸਰ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਡੇਰਾ ਲਾਏ । ਡੇਰਾ ਲਾਇਆ ਘਰ ਹਰਿ ਨਾਮ । ਪ੍ਰਭ ਦਰ ਪੀਓ ਸੋਹੰ ਸਾਚਾ ਜਾਮ । ਸਾਚਾ ਵਕਤ ਪਛਾਣ ਪੰਭ ਆਪ ਕਰਾਇਆ ਪੂਰਨ ਕਾਮ । ਗੁਰਮੁਖ ਵਿਰਲੇ ਰੰਗ ਸਾਚਾ ਮਾਨਿਆ, ਨੇਤਰ ਪੇਖ ਘਨਈਆ ਸ਼ਾਮ । ਨਾ ਭੁਲਾਇਆ ਕਲ ਵੇਖ ਜੋਤ ਸਰੂਪੀ ਬਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਸਚ ਤੇਰੀ ਵਡਿਆਈਆ । ਅਚਰਜ ਖੇਲ ਰਚਾਈਆ । ਮਿਲੇ ਗੁਰ ਗੋਬਿੰਦ ਰਘੁਰਾਈਆ । ਪੂਰਨ ਆਸ ਆਪ ਕਰਾਈਆ । ਚਾਰੇ ਦਿਸ਼ਾ ਆਪ ਭਵਾਈਆ । ਏਕਾ ਭਿਛਾ ਗੁਰਸਿਖਾਂ ਪਾਈਆ । ਸ੍ਰਿਸ਼ਟ ਸਬਾਈ ਸਤਿਜੁਗ ਸਾਚੀ ਵਾੜੀ ਲਾਈਆ । ਪ੍ਰਭ ਅਬਿਨਾਸ਼ੀ ਆਪ ਉਗਾਈਆ । ਆਪੇ ਬਣਿਆ ਸਰਬ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਆਤਮ ਬੀਜ ਬਿਜਾਈਆ । ਸਚ ਫੂਲ ਲਗਾਏ ਫੂਲਨਾ । ਗੁਰਮੁਖ ਨਾ ਗੁਰ ਪੂਰਾ ਭੂਲਨਾ । ਸ਼ਬਦ ਪੰਘੂੜਾ ਸੋਹੰ ਝੂਲਣਾ । ਹਰਿ ਸਾਚਾ ਕੰਤ ਕੰਤੂਹਲਨਾ । ਮਹਾਰਾਜ ਸ਼ੇਰ ਸਿੰਘ ਆਪ ਚੁਕਾਇਆ ਤੁਹਾਡਾ ਮੂਲਨਾ । ਰਚਨਾ ਆਪਣੀ ਹਰਿ ਜਾਣਦਾ । ਸਾਚਾ ਸੱਜਣ ਜੋ ਜਨ ਪਛਾਣਦਾ । ਵੇਖੋ ਰੰਗ ਸੱਚੇ ਭਗਵਾਨ ਦਾ । ਕੀ ਹੋਵੇ ਹਾਲ ਜਹਾਨ ਦਾ । ਘਾਟਾ ਆਵੇ ਪੀਣ ਖਾਣ ਦਾ । ਭੈਣਾਂ ਤਾਈਂ ਨਾ ਭਾਈ ਪਛਾਣਦਾ । ਕਿਸੇ ਵਰ ਨਾ ਲੱਭੇ ਹਾਣ ਦਾ । ਸ੍ਰਿਸ਼ਟ ਸਬਾਈ ਪ੍ਰਭ ਸਾਚਾ ਆਪੇ ਛਾਣਦਾ । ਗੁਰਮੁਖਾਂ ਮਨ ਵਧਾਈ । ਸੋਹੰ ਤਨ ਪਹਿਨਾਵਦਾ । ਵੇਲਾ ਆਇਆ ਪੀਣ ਤੇ ਖਾਣ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ ਗੇੜਾ ਚੁੱਕੇ ਆਵਣ ਜਾਣ ਦਾ । ਦਰ ਘਰ ਸਾਚਾ ਅਮਰਾ ਪਦ ਪਾਓ, ਹਰਿ ਸਾਚਾ ਇਕ ਪਛਾਣਦਾ । ਨਿਜ ਘਰ ਵਾਸੀ ਨਿਜ ਘਰ ਮਾਣ ਰਖਾਓ, ਗੁਰਮੁਖ ਸਾਚਾ ਮਾਣ ਕਲ ਮਾਣਦਾ । ਘਨਕਪੁਰ ਵਾਸੀ ਘਰ ਸਾਚਾ ਦਰਸ਼ਨ ਪਾਓ , ਹੋਇਆ ਮੇਲ ਭਗਤ ਭਗਵਾਨ ਦਾ । ਸ੍ਰਿਸ਼ਟ ਸਬਾਈ ਹਰਿ ਮਥ ਵਖਾਏ, ਆਪ ਕਿਸੇ ਦੇ ਹੱਥ ਨਾ ਆਏ, ਸਿੰਘ ਸਿੰਘਾਸਣ ਬੈਠਾ ਚਾਰ ਕੁੰਟ ਹਰਿ ਨੱਥ ਪਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਰਿ ਰਥ ਚੜ੍ਹਾਏ । ਰਥ ਰਥਵਾਹੀ ਸਾਚੇ ਚਾੜ੍ਹਾ । ਕਿਸੇ ਕੋਲੋਂ ਨਾ ਮੰਗੇ ਭਾੜਾ । ਆਪੇ ਪਾਰ ਕਰਾਏ, ਜੰਗਲ ਜੂਹ ਪਹਾੜ ਉਜਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਏ ਸਾਚਾ ਲਾੜਾ । ਰੰਗ ਲਗਾਏ ਸਾਚਾ ਧਾਮਾ । ਸੰਗ ਨਿਭਾਏ ਗੁਰਸਿਖਾਂ ਰਾਮਾ । ਵੇਲਾ ਤੰਗ ਨਾ ਆਏ ਪ੍ਰਭ ਅਬਿਨਾਸ਼ੀ ਪਹਰਿਆ ਜਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਰਬ ਵਧਾਈ, ਗੁਰਮੁਖ ਤੇਰੀ ਵਡ ਵਡਿਆਈ, ਆਤਮ ਵੱਜਿਆ ਏਕਾ ਸ਼ਬਦ ਦਮਾਮਾ । ਸ਼ਬਦ ਦਮਾਮਾ ਸਚ ਢੰਡੋਰਾ । ਗੁਰਮੁਖ ਨਾ ਲੱਗਣ ਪੰਜੇ ਚੋਰਾ । ਆਪ ਕੱਢੇ ਰਾਮ ਮਥੋਰਾ । ਰਹਿਣ ਨਾ ਪਾਏ ਵਿਚ ਦੇਹ ਅੰਧ ਘੋਰਾ । ਸਾਚਾ ਹਰਿ ਮੇਲ ਹਰਿ ਸਾਚਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰਖਾਈ ਡੋਰਾ । ਆਪਣੇ ਹੱਥ ਰੱਖੇ ਡੋਰਾ । ਜਿਧਰ ਜਿਧਰ ਚਾਹੇ ਲਏ ਮੋੜਾ । ਕਿਸੇ ਨਾ ਚਲੇ ਅੱਗੇ

ਜ਼ੋਰਾ । ਕਿਆ ਕੋਈ ਪਾਵੇ ਝੂਠਾ ਸ਼ੋਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਨਾ ਕੋਈ ਜਾਣੇ ਹੋਰਾ । ਸ੍ਰਿਸ਼ਟ ਨੱਥੀਂ ਆਪਣੀ ਹੱਥੀ । ਮਹਿੰਮਾ ਅਕਥਨਾ ਕਥੀ । ਗੁਰਮੁਖ ਆਏ ਜਾਏ ਚੜ੍ਹ, ਪ੍ਰਭ ਆਪ ਬਣੇ ਰਥਵਾਹੀ, ਸੋਹੰ ਸ਼ਬਦ ਚਲਾਇਆ ਰਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥੀ । ਸਮਰਥ ਪੁਰਖ ਆਪ ਕਰਤਾਰ । ਆਪਣਾ ਕਰੇ ਸਚ ਵਿਹਾਰ । ਕੋਈ ਨਾ ਕਰੇ ਕੱਚਾ ਵਣਜ ਵਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸ਼ਬਦ ਗੁਰਸਿਖਾਂ ਕਰ ਪਿਆਰ । ਗੁਰਮੁਖ ਤੇਰੇ ਆਤਮ ਚਾਓ । ਪ੍ਰਭ ਅਬਿਨਾਸ਼ੀ ਮਿਲਿਆ ਸਾਚਾ ਸ਼ਾਹੋ । ਏਕਾ ਗੁਰ ਏਕਾ ਹਰਿ ਏਕਾ ਰੰਗ ਹੋ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਹਾਏ ਸਾਚਾ ਥਾਉਂ । ਸਾਚਾ ਥਾਉਂ ਚਰਨ ਧੂੜ । ਗੁਰਸਿਖ ਜੋ ਜਨ ਆਏ ਦਰ ਮੂੜ੍ਹ । ਸੋਹੰ ਸਾਚਾ ਨਾਮ ਰੰਗ ਚੜ੍ਹਾਏ, ਉਤਰ ਨਾ ਜਾਏ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਗਿੜਾਏ ਏਕਾ ਬੂਝ । ਲੇਖਾ ਲਿਖਣਾ ਹਰਿ ਨੇ ਭਾਈ । ਪ੍ਰਭ ਅਬਿਨਾਸ਼ੀ ਆਪ ਰਖਾਏ, ਅੰਗ ਸੰਗ ਤੇਰੇ ਆਪ ਹੋ ਜਾਈ । ਝੂਠੇ ਤਜੇ ਭੈਣ ਭਰਾਏ । ਆਪ ਆਪਣਾ ਸਿਰ ਹੱਥ ਟਿਕਾਏ । ਆਪੇ ਪੂਰਨ ਆਸ ਕਰਾਏ । ਵਿਚ ਮਾਤ ਨਾ ਕੋਈ ਤੇਰੀ ਆਤਮ ਜੀਤ ਜਿਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬ੍ਰਹਮ ਗਿਆਨ ਦੇ ਤੀਨ ਲੋਕ ਦੀ ਬੂਝ ਬੁਝਾਏ । ਆਪੇ ਦੀਆ ਇਕ ਭੰਡਾਰਾ । ਸਚ ਵਸਤ ਸ਼ਬਦ ਇਕ ਪਾਈ ਥਾਰਾ । ਏਕਾ ਖਿਚੇ ਸਾਚੀ ਲਾਟ ਆਪੇ ਬਖ਼ਸ਼ੇ ਸਾਚੀ ਧਾਰਾ । ਆਪੇ ਤੋੜਿਆ ਬਜ਼ਰ ਕਪਾਟ, ਜਗੀ ਜੋਤ ਅਗੰਮ ਅਪਾਰਾ । ਮਾਤਲੋਕ ਨਾ ਆਵੇ ਘਾਟ, ਸੇਵਾ ਕਰੀ ਗੁਰ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਵਾਏ ਮਾਣ ਵਿਚ ਸੰਸਾਰਾ । ਅੰਗ ਸੰਗ ਤੇਰਾ ਸੱਜਣ ਸੁਹੇਲਾ । ਏਕਾ ਰੰਗ ਰੰਗ ਨਾ ਜਾਣੋ ਦੁਹੇਲਾ । ਆਪਣੀ ਆਪ ਪ੍ਰਭ ਸਰਨ ਰਖਾਏ ਆਪ ਸੁਹਾਏ ਵੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਤੇਰਾ ਸਾਚਾ ਮੇਲਾ । ਚਾਰ ਜੁਗ ਤੇਰੀ ਨਿਭੇ ਨਾਲ । ਸਾਚੀ ਵਸਤ ਰੱਖੀ ਸੰਭਾਲ । ਤੀਨ ਲੋਕ ਨਾ ਹੋਏ ਕੰਗਾਲ । ਨਾ ਕੋਈ ਮੰਗੇ ਵਿਚ ਦਲਾਲ । ਮਿਲਿਆ ਮੇਲ ਏਕਾ ਹਰਿ ਗੋਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਦੇਵੇ ਬਾਲ । ਵਾਹ ਵਾਹ ਸਚ ਦਰਬਾਰਿਆ । ਵਾਹ ਵਾਹ ਕਰੇ ਖੇਲ ਅਪਰ ਅਪਾਰਿਆ । ਵਾਹ ਵਾਹ ਵਡ ਵਡ ਸੰਸਾਰਿਆ । ਵਾਹ ਵਾਹ ਤੀਨ ਲੋਕ ਏਕਾ ਕਰੇ ਸਚ ਸਰਕਾਰਿਆ । ਵਾਹ ਵਾਹ ਮਾਤ ਲੋਕ ਤੇਰਾ ਰੰਗ ਅਪਰ ਅਪਾਰਿਆ । ਵਾਹ ਵਾਹ ਆਵੇ ਜਾਵੇ ਸਦ ਬਨਵਾਰਿਆ । ਵਾਹ ਵਾਹ ਮਾਤ ਲੋਕ ਆਇਆ ਨਿਹਕਲੰਕ ਅਵਤਾਰਿਆ । ਘਨਕਪੁਰੀ ਵਿਚ ਜਾਮਾ ਧਾਰਿਆ । ਵਾਹ ਵਾਹ ਆਪਣਾ ਆਪ ਸਦਾ ਛੁਪਾ ਰਿਹਾ । ਵਾਹ ਵਾਹ ਬਵੰਜਾ ਸਾਲ ਨਾ ਕਿਸੇ ਵਿਚਾਰਿਆ । ਵਾਹ ਵਾਹ ਵਾਹ ਵੀਹ ਸੌ ਬਿਕ੍ਰਮੀ ਕਾਇਆ ਝੂਠੀ ਆਪ ਗਵਾ ਗਿਆ । ਵਾਹ ਵਾਹ ਧੀਆਂ ਪੁੱਤ ਸਾਕ ਸੱਜਣ ਪੁਰੀ ਘਨਕ ਸਭ ਰਵਾ ਗਿਆ । ਵਾਹ ਵਾਹ ਮਾਤਲੋਕ ਵਿਚ ਮਾਤਮ ਪਾ ਗਿਆ । ਵਾਹ ਵਾਹ ਲੋਕ ਪ੍ਰਲੋਕ ਜੋਤ ਸਰੂਪੀ ਸਰਬ ਥਾਈਂ ਆਪ ਸੁਹਾ ਗਿਆ । ਵਾਹ ਵਾਹ ਸਚਖੰਡ ਸਾਚਾ ਦੀਪਕ ਆਪ ਜਗਾ ਗਿਆ । ਵਾਹ ਵਾਹ ਪੁਰੀ ਘਨਕ ਭਾਗ ਲਗਾ ਗਿਆ । ਵਾਹ ਵਾਹ ਘਰ ਜਾਏ ਦਰਸ ਦਿਖਾ ਗਿਆ । ਵਾਹ ਵਾਹ ਜੋਤੀ ਜੋਤ ਮਿਲਾ ਗਿਆ । ਵਾਹ ਵਾਹ ਏਕਾ ਗੋਤ ਬਣਾ ਗਿਆ । ਵਾਹ ਵਾਹ ਘਰ ਸਾਚੇ ਹਰਿ ਸਾਚਾ ਭੋਗ ਲਗਾ ਗਿਆ । ਗੁਰਮੁਖਾਂ ਸੋਹੰ ਸਾਚੀ ਚੋਗ ਚੁਗਾ ਗਿਆ । ਵਾਹਵਾ ਮਾਹਣਾ ਸਿੰਘ ਤੇਰੇ ਪੂਰਨ ਭਾਗ ਲਿਖਾ ਗਿਆ । ਵਾਹ

੧੩੫ ੦੩

ਵਾਹ ਸਿੰਘ ਤੇਜਾ ਤੇਰੀ ਆਤਮ ਆਵਾਜ ਲਗਾ ਗਿਆ । ਵਾਹ ਵਾਹ ਸਿੰਘ ਪਾਲ ਸੰਗ ਬਣਾ ਗਿਆ । ਵਾਹ ਵਾਹ ਪ੍ਰਭ ਮਹਿੰਮਾ ਸੁਣ ਦਿਲ ਸੋਇਆ ਕਲਜੁਗ ਜਗਾ ਗਿਆ । ਵਾਹ ਵਾਹ ਪੂਰਨ ਇਛਿਆ ਕਰਨ ਕਾਹਨਾ ਕ੍ਰਿਸ਼ਨਾ ਘਰ ਵਿਚ ਆ ਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਤੀਂ ਸੁਤਿਆਂ ਦਰਸ ਦਿਖਾ ਗਿਆ । ਵਾਹ ਵਾਹ ਆਪੇ ਬੁਝੀ ਦੀਪ ਜਗਾ ਗਿਆ । ਵਾਹ ਵਾਹ ਲਹਿਣਾ ਸਚ ਵਖਾ ਗਿਆ । ਵਾਹ ਵਾਹ ਗੁਰਸਿਖ ਸਾਚੇ ਭੇਜ ਵਿਚ ਵਿਚੋਲਾ ਆਪ ਰਖਾ ਗਿਆ । ਵਾਹ ਵਾਹ ਸਾਚਾ ਆਤਮ ਚੁਕਿਆ ਉਹਲਾ, ਪੁਰੀ ਘਨਕ ਆ ਦਰਸ਼ਨ ਪਾ ਗਿਆ । ਵਾਹ ਵਾਹ ਦੇ ਮੱਤ ਤੇਜਾ ਸਿੰਘ ਸਮਝਾ ਗਿਆ । ਵਾਹ ਵਾਹ ਲੈ ਪ੍ਰਸਾਦ ਕਰ ਅਰਦਾਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਥੀਂ ਆਪਣੀ ਸੀਤ ਪ੍ਰਸਾਦ ਖਵਾ ਗਿਆ । ਵਾਹ ਵਾਹ ਸੀਤ ਪ੍ਰਸਦਿ ਦੀਆ ਗੁਰ ਸੂਰੇ । ਆਤਮ ਉਪਜੇ ਅਨਹਦ ਤੂਰੇ । ਵਾਹ ਵਾਹ ਘਰ ਆਇਆ ਆਸਾ ਹੋਈ ਪੂਰੇ । ਵਾਹ ਵਾਹ ਮਨ ਕੀ ਚਿੰਦਿਆ ਹੋਈ ਦੂਰੇ । ਵਾਹ ਵਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਦਰਸ ਹਜ਼ੂਰੇ । ਵਾਹ ਵਾਹ ਪਾਲ ਸਿੰਘ ਹਰਿ ਦਰਸ ਦਿਖਾਈ । ਗੁਰਮੁਖ ਸਾਚਾ ਆਪ ਬਣਾਈ । ਵਾਹ ਵਾਹ ਆਤਮ ਸਚ ਧਰਵਾਸ ਰਖਾਈ । ਵਾਹ ਵਾਹ ਹਿਰਦੇ ਸਾਚਾ ਵਾਸ ਰਖਾਈ । ਵਾਹ ਵਾਹ ਮਦਿਰਾ ਮਾਸ ਰਸਨ ਤਜਾਈ । ਵਾਹ ਵਾਹ ਆਪਣਾ ਪਰਿਵਾਰ ਸਭ ਸਮਝਾਈ । ਵਾਹ ਵਾਹ ਸਿੰਘ ਆਤਮਾ ਸੰਗ ਰਲਾਈ । ਵਾਹ ਵਾਹ ਜੀਵਣ ਸਿੰਘ ਹਰਿ ਲੜ ਫੜਾਈ । ਵਾਹ ਵਾਹ ਬੰਸ ਸਬਾਇਆ ਲਈ ਤਰਾਈ । ਵਾਹ ਵਾਹ ਸਿੰਘ ਪ੍ਰੀਤਮ ਹਰਿ ਦੇ ਵਡਿਆਈ । ਪੂਰਨ ਸਿੰਘ ਵਿਚ ਪ੍ਰਭ ਪੂਰਨ ਜੋਤ ਟਿਕਾਈ । ਪਾਲ ਸਿੰਘ ਦਾ ਪੂਤ ਮਿਲੀ ਵਡਿਆਈ । ਵਾਹ ਵਾਹ ਵੀਹ ਸੌ ਇਕ ਬਿਕ੍ਰਮੀ ਪੰਚਮ ਜੇਠ ਆਪਣੇ ਆਪ ਮਨਾਈ । ਵਾਹ ਵਾਹ ਪੁਰੀ ਘਨਕ ਵਿਚ ਵੱਜੀ ਵਧਾਈ । ਸੁਣੇ ਲੋਕਾਈ ਜੋਤ ਸਰੂਪੀ ਖੇਲ ਰਚਾਈ । ਪੂਰਨ ਸਿੰਘ ਵਿਚ ਜੋਤ ਟਿਕਾਈ । ਦਿਵਸ ਰੈਣ ਇਕ ਰੰਗ ਰਖਾਈ । ਭਰਮ ਭੁਲੇਖੇ ਸਰਬ ਗਵਾਈ । ਸਾਚੇ ਲੇਖੇ ਗੁਰਸਿਖ ਲਗਾਈ । ਵੇਖਾ ਵੇਖੀ ਕੋਈ ਭੁੱਲ ਨਾ ਜਾਈ । ਜਗੇ ਜੋਤ ਇਕ ਰਘੁਰਾਈ । ਘਨਕਪੁਰ ਵਾਸੀ ਆਉਣ ਵਾਹੋ ਦਾਹੀ । ਦਰ ਦਵਾਰਿਉਂ ਹਰਿ ਬਾਹਰ ਰਖਾਈ । ਆਪ ਸਮਾਧੀ ਉਪਰ ਜੋਤ ਟਿਕਾਈ । ਜੀਵ ਅਪਰਾਧੀ ਕੋਈ ਦਰਸ ਨਾ ਪਾਈ । ਬੇਮੁਖਾਂ ਤੁਟੀ ਗਾਧੀ, ਘਨਕਪੁਰ ਕੋਈ ਰਹਿਣ ਨਾ ਪਾਈ । ਸ੍ਰਿਸ਼ਟ ਸਬਾਈ ਆਪੇ ਸਾਧੀ, ਘਰ ਘਰ ਹੋਏ ਦੁਹਾਈ । ਗੁਰਮੁਖ ਸਾਚੇ ਪ੍ਰਭ ਸਰਨ ਅਰਾਧੀ, ਆਏ ਚੱਲ ਸਰਨਾਈ । ਸ਼ਬਦ ਚਲਾਏ ਬੋਧ ਅਗਾਧੀ, ਅਚਰਜ ਖੇਲ ਕਲ ਵਰਤਾਈ । ਪ੍ਰਭ ਅਬਿਨਾਸ਼ੀ ਮਾਧਵ ਮਾਧੀ, ਆਪਣੇ ਭਾਣੇ ਵਿਚ ਸਮਾਈ । ਜੋਤ ਸਰੂਪ ਸਦ ਵਿਸਮਾਦੀ, ਆਪਣੇ ਰੰਗ ਆਪੇ ਵਰਤਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਧਰ ਅਵਤਾਰ ਨਰ, ਦਰ ਘਰ ਕੋਠੇ ਚੜ੍ਹ ਸਿੰਘ ਤੇਜਾ ਪੱਲਾ ਫਿਰਾਈ । ਵਾਹ ਵਾਹ ਆਪਣਾ ਪੱਲਾ ਆਪ ਫਿਰਾਇਆ । ਵਾਹ ਵਾਹ ਵਾਲੀ ਦੋ ਜਹਾਨਾਂ ਵਿਚ ਮਾਤ ਦੇ ਆਇਆ । ਵਾਹ ਵਾਹ ਕਲਜੁਗ ਪੰਚਮ ਜੇਠ ਪ੍ਰਭ ਅਬਿਨਾਸ਼ੀ ਡੇਰਾ ਲਾਇਆ । ਵਾਹ ਵਾਹ ਜੀਵ ਮਰਿਆ ਮਰ ਜਾਏ ਫੇਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਫੇਰਾ ਪਾਇਆ । ਅਚਰਜ ਰਾਹ ਦਿਖਾਏ । ਸ੍ਰਿਸ਼ਟ ਸਬਾਈ ਆਪ ਭੁਲਾਏ । ਗੁਰਮੁਖਾਂ ਭੇਵ ਖੁਲ੍ਹਾਏ । ਪੁਰੀ ਘਨਕ ਕਰੇ ਰੁਸ਼ਨਾਏ । ਅਠਤਾਲੀ ਘੰਟੇ ਲਿਖਤ ਲਿਖਾਏ । ਖਾਣੀ ਬਾਣੀ ਰਸਨ ਅਲਾਏ । ਵੇਦ ਪੁਰਾਨਾਂ ਦੇ ਸਮਝਾਏ । ਕੁਰਾਨ ਅੰਜੀਲ ਰਸਨ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਏ ।

ਵਾਹ ਵਾਹ ਖੇਲ ਅਪਾਰੇ । ਝੂਠੇ ਜੋ ਵੇਖਣ ਆਇਣ ਜਾਇਣ ਕਰੇ ਵਿਚਾਰੇ । ਪ੍ਰਭ ਅਬਿਨਾਸ਼ੀ ਖੇਲ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀਵਾਨਿਆਂ, ਮਸਤਾਨਿਆਂ, ਆਪਣੀ ਚਰਨੀ ਕੇਸ ਝੁਲਾਰੇ । ਯੋਗ ਆਸਣ ਹਰਿ ਬਤਾ ਰਿਹਾ । ਸਾਚਾ ਯੋਗ ਦੇਵੇ ਗੁਰਸਿਖਾਂ ਸੋਹੰ ਨਾਮ ਅਧਾਰਿਆ । ਆਪ ਮਿਟਾਏ ਕ੍ਰਿਸ਼ਨਾ ਭੁੱਖਾ ਘਰ ਸਾਚੇ ਭਾਗ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਆਪ ਚੁਕਾ ਰਿਹਾ । ਸਾਚਾ ਯੋਗ ਮਿੱਠਾ ਬੋਲਣਾ । ਸਾਚਾ ਯੋਗ ਕੌੜ ਕੂੜਾ ਨਾ ਰਸਨਾ ਤੋਲਣਾ । ਸਾਚਾ ਯੋਗ ਸੋਹੰ ਸ਼ਬਦ ਨਾ ਗੁਰਸਿਖ ਭੂਲਨਾ । ਵਾਹ ਵਾਹ ਹੋਵੇ ਮਿਲਾਵੇ ਕੰਤ ਕੰਤੂਹਲਣਾ । ਸਾਚਾ ਯੋਗ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦਵਾਰਾ ਸਤਿਜੁਗ ਖੋਲ੍ਹਣਾ । ਸਚ ਯੋਗ ਸਹਿਜ ਘਰ ਪਾਓ । ਸਚ ਯੋਗ ਪ੍ਰਭ ਅਬਿਨਾਸ਼ੀ ਰਿਦੇ ਵਸਾਓ । ਸਾਚਾ ਯੋਗ ਗੁਰ ਗੋਬਿੰਦ ਗੁਰ ਸ਼ਬਦ ਨਾਮ ਧਿਆਓ । ਸਾਚਾ ਯੋਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਗ ਜਾਓ । ਪੂਰਨ ਯੋਗ ਗੁਰੂ ਦਵਾਰਾ । ਪੂਰਨ ਯੋਗ ਏਕਾ ਏਕ ਗੁਰਸਿਖ ਚਰਨ ਦਵਾਰਾ । ਪੂਰਨ ਯੋਗ ਰਸਨਾ ਜਪ ਨਾਮ ਮੁਰਾਰਾ । ਪੂਰਨ ਯੋਗ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਆਪਣੀ ਧਾਰਾ । ਕਰ ਕਿਰਪਾ ਪਾਰ ਉਤਾਰਿਆ । ਏਕਾ ਦੇਵੇ ਸਾਚਾ ਜਾਪ ਸੋਹੰ ਸਾਚਾ ਮੇਲ ਮਿਲਾ ਰਿਹਾ । ਕੋਟਨ ਕੋਟ ਉਤਾਰੇ ਪਾਪ, ਸਾਚੀ ਦਰਗਹਿ ਲੇਖੇ ਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਆਪ ਲਗਾ ਰਿਹਾ । ਇੰਦਰ ਸਿੰਘ ਚੜ੍ਹਿਆ ਚੰਦ । ਆਪ ਚੜ੍ਹਾਏ ਸਦ ਬਖ਼ਸ਼ੰਦ । ਖ਼ੁਸ਼ੀ ਹੋਈ ਤਨ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦਿਖਾਏ ਪਰਮਾਨੰਦ । ਪਰਮਾਨੰਦ ਪਰਮ ਪੁਰਖ ਜਾਣੇ ਆਤਮ । ਕਿਆ ਕੋਈ ਜਾਣੇ ਜੀਵ ਸਨਾਤਮ । ਨਾ ਹੋਏ ਏਕਾ ਵਾਸ ਆਤਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਇਆ ਮਾਤ । ਕਿਉਂ ਹੋਇਆ ਜੀਵ ਵੈਰਾਗੀ ਹੈ । ਤਨ ਕਾਇਆ ਹੰਸ ਤਿਆਗੀ ਹੈ । ਪ੍ਰਭ ਸਾਚੇ ਚਰਨੀ ਲਾਗੀ ਹੈ । ਜਨ ਹੋਇਆ ਵਡ ਵਡਭਾਗੀ ਹੈ । ਘਰ ਸਾਚੇ ਸਦਾ ਸਚ ਰਾਗੀ ਹੈ । ਕਿਸਮਤ ਸੋਈ ਕਲ ਵਿਚ ਜਾਗੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਈ ਸਾਚੀ ਬਾਜੀ ਹੈ । ਉਡਿਆ ਹੰਸ ਦੇਹ ਨਿਮਾਣੀ । ਘਰ ਦੇ ਜੀਵ ਰਹੇ ਪਛਤਾਣੀ । ਛੋਟੇ ਵੱਡੇ ਬੁੱਢੇ ਬਾਲ ਅੰਞਾਨੀ । ਦਿਵਸ ਰੈਣ ਰੈਣ ਦਿਵਸ ਟੁੱਟੇ ਰਹਿਣ ਪਰਾਣੀ । ਏਕਾ ਏਕ ਜੁਗੋ ਜੁਗ ਪ੍ਰਭ ਸਾਚੇ ਦੀ ਸਚ ਨਿਸ਼ਾਨੀ । ਗੁਰਮੁਖ ਸਾਚੇ ਸੰਤ ਜਨੋ ਪ੍ਰਭ ਸਾਚਾ ਨਾਉਂ ਪਛਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਨਾਮ ਨਿਧਾਨੀ । ਉਡਿਆ ਹੰਸ ਛੁੱਟਿਆ ਬਾਜ । ਹਰਿ ਸਾਚੇ ਦਾ ਲੱਥਾ ਤਾਜ । ਕਵਣ ਕਰੇ ਤੇਰੇ ਪੂਰੇ ਕਾਜ । ਯਾਦ ਆਵੇ ਗੁਰ ਤੇਰੀ ਆਜ । ਆਪੇ ਰੱਖੇ ਸਾਡੀ ਲਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਣ ਸਵਾਰੇ ਤੇਰੇ ਕਾਜ । ਚੇਤ ਸਿੰਘ ਪ੍ਰਭ ਆਏ ਹਜ਼ੂਰੀ । ਆਸਾ ਮਨਸਾ ਪ੍ਰਭ ਸਾਚੇ ਪੂਰੀ । ਸੇਵਾ ਤੇਰੀ ਨਾ ਰਹੀ ਅਧੂਰੀ । ਸਾਚਾ ਪ੍ਰਭ ਦਰਗਹਿ ਸਾਚੀ ਦੇਵੇ ਸਚ ਮਜ਼ੂਰੀ । ਏਕਾ ਆਪਣੇ ਰੰਗ ਰੰਗਾਏ, ਦਿਵਸ ਰੈਣ ਹਰਿ ਸੰਗ ਰਖਾਏ, ਨਾ ਉਠਾਏ ਖੂੰਡੀ ਭੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਮੁਖ ਚਵਾਏ ਆਪੇ ਕੁੱਟ ਖਵਾਏ ਚੂਰੀ । ਚੇਤ ਸਿਘ ਤੇਰੀ ਚਾਰ ਯਾਰੀ । ਦਿਵਸ ਰੈਣ ਸਦ ਕਰੇ ਖਵਾਰੀ । ਸ਼ਬਦ ਮਾਰ ਪ੍ਰਭ ਸਾਚੇ ਮਾਰੀ । ਆਪੇ ਕੱਟੇ ਜਿਉਂ ਲਕੜੀ ਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਚੀਰ ਕਰੇ ਦੋਫਾੜੀ । ਚੇਤ ਸਿੰਘ ਤੇਰੀ ਸੇਵ ਬਲ । ਪ੍ਰਭ ਅਬਿਨਾਸ਼ੀ ਕਰ ਕੇ ਛਲ । ਦਰ ਘਰ ਸਾਚੇ

ਸਾਸ ਦਵਾਏ, ਦੂਰ ਦੁਰਾਡਾ ਆਏ ਚਲ । ਮਾਤਲੋਕ ਹਰਿ ਦੇ ਵਡਿਆਈ, ਅੰਮ੍ਰਿਤ ਭਰੇ ਸਾਚਾ ਜਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਵੇ ਜੁਗੋ ਜੁਗ ਅਟੱਲ । ਚੇਤ ਸਿੰਘ ਹਰਿ ਸਾਚਾ ਆਇਆ । ਦਰ ਘਰ ਤੇਰੇ ਭਾਗ ਲਗਾਇਆ । ਵਕਤ ਵਿਚਾਰ ਕਰਮ ਕਮਾਇਆ । ਆਪ ਆਪਣੇ ਸੰਗ ਰਲਾਇਆ । ਸਿੰਘ ਸਵਰਨ ਸਰਨ ਬਹਾਇਆ । ਸਚਖੰਡ ਦਾ ਰਾਜ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਪਾਏ ਤੇਰੀ ਸੇਵ ਕਮਾਇਆ । ਸਵਰਨ ਹਰਿ ਲਏ ਸੰਭਾਲ । ਦਿਵਸ ਰੈਣ ਹਰਿ ਰੱਖੇ ਨਾਲ । ਆਪ ਆਪਣੇ ਕੰਠ ਲਗਾਇਆ, ਜਿਉਂ ਮਾਤਾ ਗਲ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭੇ ਨਾਲ । ਮਾਤਲੋਕ ਸਵਰਨ ਤਜਾਇਆ । ਝੂਠੀ ਕਾਇਆ ਦੇ ਛੁਡਾਇਆ । ਹੁਕਮੇ ਖੇਲ ਰਚਾਇਆ । ਅੰਦਰੇ ਅੰਦਰ ਭੇਵ ਕਿਸੇ ਨਾ ਪਾਇਆ । ਆਤਮ ਜਿੰਦਰਾ ਆਪਣੇ ਹੱਥ ਤੁੜਾਇਆ । ਜੋਤ ਸਰੂਪੀ ਸਵਾਸ ਖਿਚਾਇਆ । ਆਪ ਆਪਣਾ ਵਿਚੋਂ ਵਾਸ ਕਢਾਇਆ । ਜੋਤੀ ਸਰੂਪੀ ਜੋਤ ਹਰਿ ਆਪ ਵਿਚ ਅਕਾਸ਼ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਰਾਜ ਦਵਾਇਆ । ਸਿੰਘ ਸਵਰਨ ਸਰਨ ਗੁਰ ਪਾਈ । ਸਾਚੇ ਘਰ ਮਿਲੀ ਵਡਿਆਈ । ਚਰਨ ਦਵਾਰੇ ਦਿਵਸ ਰੈਣ ਹਰਿ ਦਰਸ਼ਨ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਵਰਨ ਦੇਵੇ ਵਡਿਆਈ । ਸਿੰਘ ਸਵਰਨ ਤੇਰਾ ਊਚਾ ਰਾਜ । ਸਿੰਘ ਸਵਰਨ ਤੇਰਾ ਉਚਾ ਸਾਜ । ਸਿੰਘ ਸਵਰਨ ਚਰਨ ਬਹਾਏ ਗਰੀਬ ਨਿਵਾਜ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖੇ ਤੇਰੀ ਲਾਜ । ਚਾਰ ਯੁਗ ਹਰਿ ਲਾਜ ਰਖਾਏ । ਆਪ ਆਪਣੇ ਰੰਗ ਰੰਗਾਏ । ਦੂਜੀ ਨੌਕਰੀ ਕੋਈ ਰਹਿਣ ਨਾ ਪਾਏ । ਜੋਤੀ ਜੋਤ ਸਰੂਪ ਹਰਿ ਆਪਣੇ ਭਾਣੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਹਰਿ ਸਾਚਾ ਕੰਤ ਗੁਰਸਿਖਾਂ ਪੈਜ ਰਖਾਏ । ਸਵਰਨ ਸਿੰਘ ਸਚ ਵਸੇ ਧਾਮਾ । ਚਰਨ ਲਗਾਇਆ ਸਾਚੇ ਰਾਮਾ । ਸਵਰਨ ਸਵਰਨ ਸਵਰਨ ਬਣਾਇਆ ਕਲਜੁਗ ਦੇਹ ਤਜਾਈ ਚਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਕਰਾਇਆ ਜੋਤ ਸਰੂਪੀ ਪਹਰਿਆ ਬਾਣਾ । ਸਿੰਘ ਸਵਰਨ ਰਾਜ ਦਵਾਰੇ । ਪ੍ਰਭ ਅਬਿਨਾਸ਼ੀ ਆਪ ਖਲਾਰੇ । ਅੱਠੇ ਪਹਿਰ ਏਕਾ ਲਹਿਰ ਵੇਖੇ ਰੰਗ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਦੇਵੇ ਵਡ ਸਰਦਾਰੇ । ਵਡ ਸਰਦਾਰੀ ਦੇਵੇ ਭਾਰੀ, ਕਰੇ ਚਰਨ ਪਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਆਪ ਬਹਾਏ ਗੁਰਮੁਖ ਕਰਮ ਵਿਚਾਰੀ । ਸਾਚਾ ਯੋਗ ਜਗਤ ਪਿਤ ਦੀਆ । ਪੂਰਨ ਹੋਇਆ ਕਾਮ, ਹਰਿ ਦਰਸ਼ਨ ਕੀਆ । ਉਤਰੇ ਸਰਬ ਵਿਯੋਗ ਹਰਿ ਜੋਤੀ ਥੀਆ । ਕੋਇ ਨਾ ਲੱਗੇ ਰੋਗ, ਅੱਠੇ ਪਹਿਰ ਜੋਤ ਸਰੂਪੀ ਜਗੇ ਦੀਆ । ਅੱਠੇ ਪਹਿਰ ਜੋਤ ਪ੍ਰਕਾਸ਼ । ਏਕਾ ਏਕ ਪ੍ਰਭ ਅਬਿਨਾਸ਼ । ਦੂਜੀ ਵਸਤ ਨਾ ਕੋਇ ਪਾਸ । ਏਕਾ ਸਮਗਰੀ ਏਕਾ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਕਾਜ ਕਰੇ ਸਚ ਸਚ ਜੋਤ ਪ੍ਰਕਾਸ਼ । ਸਚ ਜੋਤ ਸ੍ਰੀ ਕਲਗੀ ਧਰ । ਗੁਰਸਿਖ ਮਿਲਿਆ ਸਾਚਾ ਵਰ । ਹਰਿ ਦਵਾਰੇ ਗਿਆ ਖੜ੍ਹ । ਚਾਰ ਜੁਗ ਨਾ ਛੱਡੇ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਇਆ ਆਪਣੀ ਹੱਥੀਂ ਖੜ । ਆਪਣੀ ਹੱਥੀਂ ਆਪ ਉਠਾਏ । ਆਪ ਆਪਣੀ ਗੋਦ ਰਖਾਏ । ਸ੍ਰਿਸ਼ਟ ਸਬਾਈ ਆਪ ਭੁਲਾਏ । ਸਾਚਾ ਭੇਵ ਖੁਲ੍ਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰੱਖੇ ਆਪਣੀ ਸਰਨ ਲਗਾਏ । ਪ੍ਰਭ ਅਬਿਨਾਸ਼ੀ ਤੇਰੀ ਅਚਰਜ ਮਾਇਆ । ਵਿਛੜਿਆਂ

੧੩੮ ੦੩

ਕਲ ਮੇਲ ਮਿਲਾਇਆ । ਸੋਹੰ ਸੰਗਲ ਨਾਲ ਬੰਨ੍ਹਾਇਆ । ਨਾ ਕੋਇ ਤੋੜੇ ਤੋੜ ਤੁੜਾਇਆ । ਤੁਟੀ ਗੰਢੇ ਚਰਨੀ ਜੋੜੇ ਨਾ ਕਦੇ ਵਿਛੋੜੇ, ਨਾ ਕਦੇ ਮਰੇ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਪਿਤਾ ਪੂਤ ਏਕਾ ਸੰਗ ਰਲਾਇਆ । ਪਿਤਾ ਪੂਤ ਇਕ ਨਰਾਇਣ । ਏਕਾ ਘਰ ਦੋਏ ਚਲ ਬਹਿਣ । ਜਨਮ ਜਨਮ ਦਾ ਲਹਿਣਾ ਲੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਲਹਿਣਾ ਦੇਣ । ਗੁਰ ਚਰਨ ਸਵਰਨ ਕਲ ਗਿਆ ਤਰਨ । ਮਿਲੀ ਹਰਿ ਸਾਚੇ ਸਰਨ । ਫੇਰ ਨਾ ਹੋਏ ਮਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਆਪਣੀ ਧਾਰਨ । ਸਾਚੇ ਲੇਖੇ ਲਗਾ ਪਤਨੀ ਪਤ । ਪ੍ਰਭ ਅਬਿਨਾਸ਼ੀ ਆਪ ਰਖਾਏ ਆਪਣਾ ਤਤ । ਮਾਤਲੋਕ ਹਰਿ ਸਾਚਾ ਆਤਮ ਦੇਵੇ ਧੀਰਜ ਜੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਮਝਾਵੇ ਦੇਵੇ ਮੱਤ । ਸਾਚਾ ਪ੍ਰਭ ਬਖ਼ਸ਼ੇ ਸਚ ਪ੍ਰੀਤ । ਸਿੰਘ ਸਵਰਨ ਤੇਰਾ ਫੜਿਆ ਲੜ ਤੇਰੇ ਨਾਲ ਤੇਰੀ ਸੁਰਜੀਤ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ, ਆਤਮ ਰਹੇ ਸਦਾ ਅਤੀਤ । ਕਾਮ ਕਰੋਧ ਹੰਕਾਰ ਪ੍ਰਭ ਵਿਚੋਂ ਕੱਢੇ ਫੜ । ਆਪੇ ਬਣੇ ਸਾਚਾ ਮਿਤ ਦਿਵਸ ਰੈਣ ਰੈਣ ਦਿਵਸ ਪ੍ਰਭ ਅਬਿਨਾਸ਼ੀ ਸਦ ਸਦ ਸਦ ਵਸੇ ਚੀਤ । ਸੁਰਜੀਤ ਦੇਵੇ ਚਰਨ ਪ੍ਰੀਤ । ਹਰਿ ਪਰਖੇ ਸਾਚੀ ਨੀਤ । ਮਾਨਸ ਜਨਮ ਕਲ ਜਾਣਾ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲੇਖੇ ਲਾਏ ਚਰਨ ਕਵਲ ਉਪਰ ਧਵਲ ਰੱਖੀ ਪ੍ਰੀਤ । ਸਾਚੇ ਲੇਖੇ ਜਾਏ ਲੱਗ । ਪ੍ਰਭ ਅਬਿਨਾਸ਼ੀ ਪਕੜੇ ਪਗ । ਝੂਠੀ ਮਾਇਆ ਝੂਠੀ ਕਾਇਆ ਝੂਠੀ ਤ੍ਰਿਸ਼ਨਾ ਅੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਬੰਨ੍ਹੇ ਧੀਰਜ ਤਗ । ਧੀਰਜ ਤਗ ਸਤਿ ਸੰਤੋਖ । ਪ੍ਰਭ ਸਾਚਾ ਦੇਵੇ ਅੰਤਮ ਮੋਖ । ਜਗਤ ਵਿਆਪੇ ਨਾ ਕੋਈ ਦੋਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਕਰ ਦਰਸ ਤੇਰੀ ਉਤਰੇ ਮਨ ਦੀ ਭੁੱਖ । ਦਿਵਸ ਰੈਣ ਹਰਿ ਤੇਰੇ ਦਵਾਰੇ । ਖਾਲੀ ਭਰੇ ਤੇਰੇ ਭੰਡਾਰੇ । ਬਾਹੋਂ ਪਕੜ ਪਾਰ ਉਤਾਰੇ । ਸਿੰਘ ਸਵਰਨ ਦੀ ਸਾਚੀ ਨਾਰੇ । ਪਤ ਪਤਨੀ ਦੋਏ ਏਕਾ ਧਾਰੇ । ਏਕਾ ਮੰਗੀ ਮੰਗ ਪ੍ਰਭ ਦੇਵੇ ਸਚ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਜਨਮ ਮਰਨ ਸਵਾਰੇ । ਪਤਿਪਰਮੇਸ਼ਵਰ ਸਾਚਾ ਜਾਣ । ਦਿਵਸ ਰੈਣ ਤੇਰੀ ਕਰੇ ਪਛਾਣ । ਭੁੱਲ ਨਾ ਜਾਣਾ ਰੁਲ ਨਾ ਜਾਣਾ ਤੁਲ ਨਾ ਜਾਣਾ ਝੂਠੇ ਤੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਏ ਤੇਰੀ ਸੁਰਤ ਸੰਭਾਲ । ਸੰਗ ਸਾਥ ਆਪ ਨਿਭਾਵੰਦਾ । ਜਿਸ ਜਨ ਪ੍ਰਭ ਦਇਆ ਆਪ ਕਮਾਵੰਦਾ । ਰੱਖੇ ਦੇ ਕਰ ਹੱਥ, ਨਾ ਮਾਤ ਕਦੇ ਡੁਲਾਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਟੀ ਚਰਨ ਪ੍ਰੀਤ ਤੋੜ ਨਿਭਾਵੰਦਾ । ਚਰਨ ਪ੍ਰੀਤੀ ਤੋੜ ਨਿਭਾਏ । ਤੁੱਟੀ ਗੰਢ ਜੋੜ ਵਖਾਏ । ਪ੍ਰਭ ਅਬਿਨਾਸ਼ੀ ਕਰ ਚਰਨ ਪ੍ਰੀਤੀ ਕਾਇਆ ਕੋਹੜ ਹਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਦੀ ਛੋੜ ਆਪ ਅਖਵਾਏ । ਕਾਇਆ ਕੌੜੀ ਕਿਆ ਕਰਾਏ, ਸਿਰ ਪੈਰਾਂ ਦੁੱਖ ਰਹੇ ਥੋੜਾ ਥੋੜਾ । ਸਾਥ ਨਾ ਦੇਵੇ ਕਾਇਆ ਘੋੜਾ । ਔਖ ਕਦੇ ਨਾ ਹੋਵੇ ਪ੍ਰਭ ਸਾਚਾ ਸਚ ਰਖਾਏ ਜੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ਅੰਤ ਗੁਰਮੁਖਾਂ ਸਾਚਾ ਬਹੁੜਾ । ਗੁਰ ਬਹੁੜਿਆ ਆਵੇ ਦੌੜਿਆ । ਫੜ ਫੜ ਬਾਹੋਂ ਪ੍ਰਭ ਸਾਚੇ ਆਪਣੀ ਚਰਨ ਜੋੜਿਆ । ਗੁਰਮੁਖ ਦਰ ਸਾਚਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰ ਪਾਇਆ ਜਿਹਾ ਲੋੜਿਆ । ਮਨ ਚਿੰਦਿਆ ਫਲ ਪਾਏ । ਚਰਨ ਪ੍ਰੀਤੀ ਜੋ ਜਨ ਕਮਾਏ । ਪਿਛਲੀ ਬੀਤੀ ਭੁੱਲ ਬਖ਼ਸ਼ਾਏ । ਅੱਗੇ ਮਾਰਗ ਪ੍ਰਭ ਸਾਚਾ ਪਾਏ । ਆਪ ਆਪਣਾ ਸਿਰ ਹੱਥ ਟਿਕਾਏ । ਸਚ ਵਸਤ ਹਰਿ ਵਿਚ

ਰਖਾਏ । ਏਕਾ ਬਸਤਰ ਤਨ ਪਹਿਨਾਏ । ਸਾਚੇ ਅਸਵ ਅਸਵਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਤ ਬਦਸਤ ਲੇਖਾ ਆਪ ਚੁਕਾਏ । ਗੁਰ ਸੰਗਤ ਸੇਵਾ ਜਿਸ ਕਮਾਈ । ਮਾਤਲੋਕ ਹਰਿ ਦੇ ਵਡਿਆਈ । ਲਹਿਣਾ ਦੇਣਾ ਆਪ ਚੁਕਾਈ । ਆਤਮ ਸਾਚਾ ਸੋਹੰ ਗਹਿਣਾ ਤਨ ਪਹਿਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈ । ਸੋਹੰ ਗਹਿਣਾ ਤਨ ਪਹਿਨਾਇਆ । ਧਰਮ ਰਾਏ ਨਾ ਡੰਨ ਲਗਾਇਆ । ਗੁਰਮੁਖਾਂ ਬੇੜਾ ਬੰਨ੍ਹ ਵਖਾਇਆ । ਆਪ ਆਪਣੀ ਸੇਵ ਰਖਾਈ, ਦਰ ਸਾਚੇ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਾਨ ਸੁਹਾਏ ਜਿਥੇ ਡੇਰਾ ਲਾਇਆ । ਥਾਨ ਸੁਹਾਏ ਆਪ ਆਏ । ਮਾਣ ਦਵਾਏ ਆਪੇ ਜਾਏ । ਆਪੇ ਪੁੱਛੇ ਅੰਤਮ ਵਾਤ, ਪ੍ਰਭ ਅਬਿਨਾਸ਼ੀ ਹੋਏ ਸਹਾਏ । ਆਤਮ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਏ । ਆਤਮ ਅੰਦਰ ਬੂਝ ਬੁਝਾਰਾ । ਏਕਾ ਜੋਤ ਆਪ ਕਰਤਾਰਾ । ਗੁਰਮੁਖ ਵਿਰਲਾ ਕਰੇ ਵਿਚਾਰਾ । ਜਿਸ ਹਰਿ ਦੇਵੇ ਚਰਨ ਪਿਆਰਾ । ਚਰਨ ਪ੍ਰੀਤੀ ਵਿਚ ਮਾਤ ਸੋਹੰ ਦੇਵੇ ਸਾਚੀ ਧਾਰਾ । ਰਸਨਾ ਜਪ ਜੀਵ ਕਲ ਉਤਰੇ ਪਾਰਾ । ਪ੍ਰਭ ਅਬਿਨਾਸ਼ੀ ਪਾਏ ਤੇਰੀ ਸਾਰਾ । ਬੇੜਾ ਡੁੱਬੇ ਵਿਚ ਮੰਝਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਹਕਲੰਕ ਨਰ ਅਵਤਾਰਾ । ਵਰਤੇ ਵਰਤਾਵੇ ਵਿਚ ਸੰਸਾਰੇ । ਕਲਜੁਗ ਜੀਵ ਭੁੱਲੇ ਗਵਾਰੇ । ਮਾਇਆਧਾਰੀ ਲੋਭੀ ਆਤਮ ਹੋਈ ਹੰਕਾਰੇ । ਝੂਠੇ ਜੂਠੇ ਮਹਿਲ ਮੁਨਾਰੇ । ਹਰਿ ਕਾ ਨਾਮ ਲੱਗੇ ਭੁਸਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤ ਜਾਮਾ ਧਾਰੇ । ਹਰਿ ਚਰਨ ਕਲ ਪ੍ਰੀਤ ਕਰ, ਕਿਉਂ ਸੌਂ ਕੇ ਵਕਤ ਲੰਘਾਇਆ । ਹਰਿ ਚਰਨ ਕਲ ਪ੍ਰੀਤ ਕਰ, ਕਿਉਂ ਰੋ ਰੋ ਜਨਮ ਗਵਾਇਆ । ਹਰਿ ਚਰਨ ਕਲ ਪ੍ਰੀਤ ਕਰ, ਕਿਉਂ ਭਰਮ ਭੁਲੇਖੇ ਵਿਚ ਕਲਜੁਗ ਜੀਵ ਭੁਲਾਇਆ । ਹਰਿ ਚਰਨ ਕਲ ਪ੍ਰੀਤ ਕਰ, ਆਪਣਾ ਮੂਲ ਕਿਉਂ ਰਿਹਾ ਗਵਾਇਆ । ਹਰਿ ਚਰਨ ਕਲ ਪ੍ਰੀਤ ਕਰ, ਕੰਤ ਕੰਤੂਹਲ ਹਰਿ ਜਾਮਾ ਪਾਇਆ । ਹਰਿ ਚਰਨ ਕਲ ਪ੍ਰੀਤ ਕਰ, ਬੇਮੁਖ ਹੋਏ ਨਾ ਭੁਲ ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਇਆ । ਹਰਿ ਚਰਨ ਕਲ ਪ੍ਰੀਤ ਕਰ, ਸ਼ਬਦ ਪੰਘੂੜਾ ਸਾਚਾ ਝੂਲ ਪ੍ਰਭ ਅਬਿਨਾਸ਼ੀ ਦੇ ਝੁਲਾਇਆ । ਹਰਿ ਚਰਨ ਕਲ ਪ੍ਰੀਤ ਕਰ, ਗੁਰਮੁਖ ਬਣਾਏ ਮਾਤ ਕਵਲ ਫੁੱਲ ਦਰਗਹਿ ਸਾਚੀ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਇਆ । ਸਰਨ ਲਗਾਇਆ ਲਿਖਿਆ ਲੇਖ ਕਲ ਕਮਾਇਆ । ਮਿਟਾਈ ਰੇਖ ਧਰਮ ਧਰਾਇਆ । ਗੁਰਸਿਖ ਤਰਾਇਆ, ਪਾਰ ਲੰਘਾਇਆ, ਸਰਨ ਲਗਾਇਆ, ਮਰਨ ਡਰਨ ਚੁਕਾਇਆ, ਹਰਨ ਫਰਨ ਖੁਲ੍ਹਾਇਆ, ਧਰਨੀ ਧਰਨ ਅਖਵਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਮਾਰਗ ਲਾਇਆ । ਕਲਜੁਗ ਵੇਲਾ ਅੰਤਮ ਆਈ । ਕਲਜੁਗ ਝੂਠੀ ਮਾਇਆ ਵਿਚ ਰੁਲ ਨਾ ਜਾਈ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਈ । ਘਰ ਸਾਚੇ ਵੱਜੇ ਵਧਾਈ । ਆਤਮ ਦੇਵੇ ਦਰ ਖੁਲ੍ਹਾਈ । ਆਤਮ ਤ੍ਰਿਖਾ ਤ੍ਰਿਸ਼ਨਾ ਦੇ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈ । ਗੁਰ ਚਰਨ ਪ੍ਰੀਤੀ ਸਾਚੀ ਜਾਣੋ । ਪ੍ਰਭ ਅਬਿਨਾਸ਼ੀ ਏਕਾ ਮਾਣੋ । ਜੂਠ ਝੂਠ ਛੱਡੋ ਜਗਤ ਨਿਧਾਨੋ । ਏਕਾ ਏਕ ਦਰ ਘਰ ਸਾਚੇ ਆਪ ਪਛਾਣੋ । ਦੇਵਣਹਾਰ ਦਾਤਾਰ ਸੱਚੀ ਸਰਕਾਰ ਇਕ ਭਗਵਾਨੋ । ਕੋਟਨ ਕੋਟ ਖੜੇ ਦਵਾਰ ਅੰਤ ਕੋਇ ਨਾ ਆਨੋ । ਜੋ ਜਨ ਆਏ ਕਰੇ ਨਿਮਸਕਾਰ ਪ੍ਰਭ ਅਬਿਨਾਸ਼ੀ ਦਰਗਹਿ ਸਾਚੀ ਦੇਵੇ ਮਾਨੋ । ਦਰਗਹਿ ਸਾਚੀ

ਧਾਮ ਅਵਲੜਾ । ਜਿਥੇ ਵਸੇ ਹਰਿ ਆਪ ਇਕਲੜਾ । ਆਤਮਕ ਦੀਪਕ ਜੋਤੀ ਬਲੜਾ । ਏਕਾ ਨਾਮ ਭਾਰਾ ਪਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਕਲਜੁਗ ਅੰਤ ਕਰਾਏ, ਸਤਿਜੁਗ ਸਾਚਾ ਲਾਏ ਰਾਹ ਚਲਾਏ ਅਵਲੜਾ । ਕਲਜੁਗ ਤੇਰਾ ਅੰਤ ਕਰਾਵਣਾ । ਸਤਿਜੁਗ ਸਾਚਾ ਰੰਗ ਰੰਗਾਵਣਾ । ਸੋਹੰ ਸ਼ਬਦ ਮੁਖ ਰਖਾਵਣਾ । ਰਾਓ ਰੰਕ ਇਕ ਕਰਾਵਣਾ । ਊਚ ਨੀਚ ਦਾ ਭੇਵ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚਾ ਮਾਣ ਦਵਾਵਣਾ । ਸੰਤ ਜਨ ਹਰਿ ਇਕ ਸਮਾਨ । ਸੰਤ ਜਨਾਂ ਹਰਿ ਦੇਵੇ ਆਤਮ ਸ਼ਬਦ ਗਿਆਨ । ਪ੍ਰਭ ਅਬਿਨਾਸ਼ੀ ਆਪ ਬਿਠਾਏ ਸਾਚੇ ਸ਼ਬਦ ਬਬਾਨ । ਤ੍ਰੈਲੋਕੀ ਨਾਥ ਆਪ ਵਡਿਆਏ, ਤੀਨ ਭਵਨ ਦੀ ਬੂਝ ਬੁਝਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਹਰਿ ਦੇਵੇ ਮਾਣ । ਸੰਤ ਜਨਾਂ ਸਿਰ ਰੱਖੇ ਹੱਥ । ਆਪੇ ਦੇਵੇ ਸੋਹੰ ਸਾਚੀ ਵਥ । ਸਾਚੇ ਸ਼ਬਦ ਆਪ ਚੜ੍ਹਾਏ ਸੋਹੰ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ । ਹਰਿ ਸੰਤ ਹਰਿ ਆਪ ਬਣਾਏ । ਆਪ ਆਪਣਾ ਰਾਹ ਜਣਾਏ । ਬਾਹੋਂ ਪਕੜ ਹਰਿ ਚਰਨੀ ਲਾਏ । ਆਤਮ ਆਕੜ ਸਰਬ ਕਢਾਏ । ਆਪੇ ਤਕੜ ਸੋਹੰ ਸ਼ਬਦ ਤੁਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬ੍ਰਹਮ ਗਿਆਨ ਦੇ ਹੰਕਾਰ ਹੰਗਤਾ ਰੋਗ ਗਵਾਏ । ਸੰਤ ਜਨ ਮਨ ਵੱਜੀ ਵਧਾਈ । ਆਤਮ ਜੋਤ ਹੋਈ ਰੁਸ਼ਨਾਈ । ਏਕਾ ਲਿਵ ਗੁਰ ਚਰਨ ਲਗਾਈ । ਗੁਰ ਪੂਰੇ ਦੇ ਹੱਥ ਵਡਿਆਈ । ਆਤਮ ਦਰ ਦੇ ਖੁਲ੍ਹਾਈ । ਝੂਠੇ ਧੰਦੇ ਦੇ ਗਵਾਈ । ਆਪਣੇ ਬੰਦੇ ਲਈ ਬਣਾਈ । ਦਵਾਰ ਦਸਮ ਦੀ ਬੂਝ ਬੁਝਾਈ । ਜਿਥੇ ਵਸੇ ਏਕ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਸੰਤਾਂ ਆਪੇ ਮੇਲ ਮਿਲਾਈ । ਵਾਹ ਵਾਹ ਸੰਤ ਹਰਿ ਸਾਚਾ ਮੇਲਾ । ਪ੍ਰਭ ਅਬਿਨਾਸ਼ੀ ਖੇਲ ਕਲ ਖੇਲਾ । ਗਿਆ ਹੱਥ ਨਾ ਆਵੇ ਵੇਲਾ । ਗੁਰਮੁਖ ਸਾਚੇ ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸੱਜਣ ਸੁਹੇਲਾ । ਹਰਿ ਸੰਤ ਦੋਏ ਏਕਾ ਘਰ । ਹਰਿ ਸੰਤ ਦੋਏ ਏਕਾ ਦਰ । ਹਰਿ ਸੰਤ ਦੋਏ ਏਕਾ ਸਰ । ਹਰਿ ਸੰਤ ਏਕਾ ਧਾਮ ਰਹਿਣ ਏਕਾ ਘਰ । ਹਰਿ ਸੰਤ ਹਰਿ ਪਕੜੇ ਲੜ । ਹਰਿ ਸੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰ ਬੈਠਾ ਵੜ । ਸਾਚੇ ਸੰਤ ਆਪ ਬਣਾਏ ਬਣਤ । ਮੇਲ ਮਿਲਾਵਾ ਹੋਏ ਸਾਚੇ ਕੰਤ । ਗੁਰਮੁਖ ਹਰਿ ਕੀ ਪੌੜੀ ਜਾਏ ਚੜ੍ਹ । ਹਰਿ ਕੀ ਪੌੜੀ ਵੇਖ ਅਖੀਰ । ਬਜ਼ਰ ਕਪਾਟੀ ਜਾਵੇ ਚੀਰ । ਅੰਮ੍ਰਿਤ ਝਿਰਨਾ ਝਿਰੇ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਸੰਤ ਜਨਾਂ ਸਾਚੀ ਧੀਰ । ਸੋਹੰ ਸ਼ਬਦ ਸਚ ਗਿਆਨਾ । ਗੁਰਮੁਖ ਸਾਚੇ ਕਲ ਪਛਾਣਾ । ਦੇਵੇ ਮਾਣ ਵਿਚ ਜਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰਾਏ ਚਰਨ ਧੂੜ ਇਸ਼ਨਾਨਾ । ਸੋਹੰ ਤਾਜ ਸਿਰ ਪ੍ਰਭ ਸਾਚੇ ਦੀਆ । ਆਤਮ ਜੋਤ ਜਗਾਇਆ ਦੀਆ । ਆਪ ਆਪਣਾ ਖੇਲ ਕੀਆ । ਸਤਿਜੁਗ ਰਖਾਏ ਸਾਚੀ ਨੀਆ । ਸੰਤ ਜਨਾਂ ਹਰਿ ਸਾਚਾ ਲੇਖੇ ਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਪੁੱਤਰ ਧੀਆਂ । ਗੁਰ ਪੂਰਾ ਘਰ ਆਇਆ । ਦਰ ਮੰਦਰ ਆਣ ਸੁਹਾਇਆ । ਗੁਰਮੁਖ ਸਾਚੇ ਸੰਤ ਜਨਾਂ ਹਰਿ ਸਾਚਾ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਇਕ ਸਰਨਾਇਆ । ਗੁਰ ਚਰਨ ਇਕ ਸਰਨਾਈ । ਗੁਰ ਚਰਨ ਮਿਲੇ ਵਡਿਆਈ । ਗੁਰ ਚਰਨ ਗੁਰਸਿਖ ਆਤਮ ਤ੍ਰਿਖਾ ਦੇ ਬੁਝਾਈ । ਕਲਜੁਗ ਭੁਲਿਆ ਰਹੇ ਨਾ ਕਾਈ । ਭਰਮ ਭੁਲੇਖੇ ਦੇ ਮਿਟਾਈ । ਗੁਰ ਚਰਨ ਏਕਾ ਲਿਵ ਲਾਈ ।

ਗੁਰ ਚਰਨ ਸਚ ਵਸਤ ਦੇਵੇ ਝੋਲੀ ਪਾਈ । ਗੁਰ ਚਰਨ ਏਕਾ ਜੋਤ ਕਰੇ ਰੁਸ਼ਨਾਈ । ਗੁਰ ਚਰਨ ਦੁਰਮਤ ਮੈਲ ਧੋਤ ਆਪਣੇ ਰੰਗ ਰੰਗਾਈ । ਗੁਰ ਚਰਨ ਚਾਰ ਵਰਨ ਕਰਾਏ ਏਕਾ ਗੋਤ ਹਰਿ ਸਰਨਾਈ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਚਰਨ ਗੁਰਮੁਖਾਂ ਲੈ ਬੁਝਾਈ । ਗੁਰ ਚਰਨ ਸਾਚੀ ਸੇਵਾ । ਗੁਰ ਚਰਨ ਦੇਵੇ ਸੋਹੰ ਸਾਚਾ ਮੇਵਾ । ਗੁਰ ਚਰਨ ਮਿਲੇ ਮਾਣ ਵਡ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਖ ਅਭੇਵਾ । ਗੁਰ ਚਰਨ ਮਿਲੇ ਸਿਕਦਾਰੀ । ਗੁਰਸਿਖ ਪੂਜੇ ਬਣ ਪੁਜਾਰੀ । ਗੁਰ ਚਰਨ ਹਉਮੇ ਮਮਤਾ ਦੇ ਨਿਵਾਰੀ । ਗੁਰ ਚਰਨ ਏਕਾ ਦੇਵੇ ਸ਼ਬਦ ਉਡਾਰੀ । ਗੁਰ ਚਰਨ ਆਪ ਬਹਾਏ ਸਚਖੰਡ ਸੱਚੀ ਅਟਾਰੀ । ਗੁਰਚਰਨ ਏਕਾ ਮੇਲ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਦਰਸ ਅਗੰਮ ਅਪਾਰੀ । ਗੁਰ ਚਰਨ ਗੁਰ ਪੂਰਾ ਪਾਵਨਾ । ਗੁਰ ਚਰਨ ਹਉਮੇ ਰੋਗ ਗਵਾਵਣਾ । ਗੁਰ ਚਰਨ ਜਿਸ ਜਨ ਰਸਨਾ ਗਾਵਣਾ । ਕਲਜੁਗ ਮਾਇਆ ਡਸਣੀ ਨੇੜ ਨਾ ਆਵਣਾ । ਗੁਰ ਚਰਨ ਪੰਜਾਂ ਕਰੇ ਵਸ, ਰਸਨ ਸੋਹੰ ਸ਼ਬਦ ਗਾਵਣਾ । ਸਾਚੀ ਵਸਤ ਸਤਿਜੁਗ ਧਰ, ਏਕਾ ਮਾਰਗ ਸ੍ਰਿਸ਼ਟ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਸੋਹੰ ਸਾਚਾ ਡੰਕ ਵਜਾਵਣਾ । ਸਤਿਜੁਗ ਤੇਰਾ ਸਤਿ ਵਰਤਾਰਾ । ਸਤਿਜੁਗ ਤੇਰਾ ਰੰਗ ਅਪਾਰਾ । ਸਤਿਜੁਗ ਵਰਤੇ ਵਰਤਾਵੇ ਹਰਿ ਕਰਤਾਰਾ । ਸਤਿਜੁਗ ਸਚ ਸਚ ਹਰਿ ਭੰਡਾਰ ਵਰਤਾਰਾ । ਸਤਿਜੁਗ ਸ੍ਰਿਸ਼ਟ ਸਬਾਈ ਹੋਏ ਚਰਨ ਭਿਖਾਰਾ । ਦੇਵਣਹਾਰ ਇਕ ਦਾਤਾਰਾ । ਸਤਿਜੁਗ ਨਿਖੁਟ ਨਾ ਜਾਏ ਦੇਵੇ ਵਡ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਖਾਏ ਅਗਾਧ ਬੋਧ ਬਣ ਲਿਖਾਰਾ । ਸਤਿਜੁਗ ਤੇਰਾ ਇਕ ਵਰਤੰਤ ।

੧੪੨ ੦੩ ਗੁਰਮੁਖ ਵਿਰਲਾ ਜਾਣੇ ਸੰਤ । ਬੇਮੁਖਾਂ ਮਾਇਆ ਪਾਏ ਬੇਅੰਤ । ਗੁਰਸਿਖਾਂ ਮਿਲਿਆ ਪ੍ਰਭ ਸਾਚਾ ਕੰਤ । ਪ੍ਰਭ ਦੀ ਮਹਿੰਮਾ ਬੜੀ ਅਗਣਤ । ੧੪੨ ੦੩

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤ । ਸਚ ਕਰ ਹਰਿ ਜਾਨਣਾ । ਵਾਲੀ ਦੋ ਜਹਾਨਣਾ । ਝੰਡਾ ਧਰਮ ਦਾ ਆਪ ਝੁਲਾਵਣਾ । ਚਾਰ ਕੁੰਟ ਡੰਕ ਵਜਾਵਣਾ । ਰਾਓ ਰੰਕ ਆਪ ਉਠਾਵਣਾ । ਥਾਓਂ ਬੰਕ ਆਪ ਸੁਹਾਵਣਾ । ਜਿਸ ਥਾਂਏ ਚਰਨ ਛੁਹਾਵਣਾ । ਗੁਰਸਿਖਾਂ ਪਾਰ ਕਰਾਵਣਾ । ਬੇਮੁਖਾਂ ਨਸ਼ਟ ਕਰਾਵਣਾ । ਦਰ ਦਰ ਭਿਖਾਰ ਬਨਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਵਣਾ । ਸਤਿਜੁਗ ਹਰਿ ਸਚ ਵਰਤੰਦਾ । ਸਤਿਜੁਗ ਹਰਿ ਗੁਰਮੁਖਾਂ ਹਰਿ ਗੁਰਸਿਖਾਂ ਰਹੰਦਾ । ਸਤਿਜੁਗ ਜਨ ਭਗਤਾਂ ਆਪ ਤੁੜਾਏ ਆਪ ਜਿੰਦਾ । ਸਤਿਜੁਗ ਦਰ ਘਰ ਸਾਚੇ ਕੋਇ ਰਹਿਣ ਨਾ ਦੇਵੇ ਮਦਿਰਾ ਮਾਸੀ ਗੰਦਾ । ਸਤਿਜੁਗ ਬੇਮੁਖ ਨਾ ਜਾਣੇ ਮਾਇਆ ਝੂਠਾ ਜਗਤ ਅੰਧਾ । ਸਤਿਜੁਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਚੜ੍ਹਾਏ ਗੁਰਸਿਖ ਤਰਾਏ ਬਣਾਏ ਆਪਣਾ ਬੰਦਾ । ਪ੍ਰਗਟੇ ਜੋਤ ਵਾਲੀ ਦੋ ਜਹਾਨੀ । ਸ੍ਰਿਸ਼ਟ ਸਬਾਈ ਸਾਚਾ ਦੇਵੇ ਸਚ ਨਿਸ਼ਾਨੀ । ਪੰਚਮ ਜੇਠ ਮਾਤ ਜੋਤ ਪ੍ਰਗਟਾਏ, ਆਵੇ ਪੰਥ ਦਾ ਸੱਚਾ ਬਾਨੀ । ਏਕਾ ਮਾਣ ਦਵਾਏ ਏਕਾ ਤਾਣ ਗੁਰਮੁਖ ਤੇਰਾ ਤੇਰੀ ਆਤਮ ਮਾਰੇ ਕਾਨੀ । ਸਤਿਜੁਗ ਗੁਰਮੁਖਾਂ ਆਪ ਉਠਾਏ, ਅੰਧ ਅੰਧੇਰ ਮਿਟਾਏ, ਸੰਞ ਸਵੇਰ ਇਕ ਕਰਾਏ ਸੋਹੰ ਦੇਵੇ ਵਡ ਦਾਨੀ । ਵਡ ਦਾਨੀ ਇਕ ਦਾਤਾਰ । ਆਦਿ ਜੁਗਾਦੀ ਭਰੇ ਰਹਿਣ ਭੰਡਾਰ । ਸ੍ਰਿਸ਼ਟ ਸਬਾਈ ਆਏ ਮੰਗਣ, ਪ੍ਰਭ ਸਾਚੇ ਤੇਰੇ ਦਰ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਖੁਲ੍ਹਾਏ ਗੁਰਸਿਖ ਦਿਨ ਰਹੇ ਚਾਰ ਦਿਹਾੜ । ਕਲਜੁਗ ਰਿਹਾ ਚਾਰ ਦਿਹਾੜੇ । ਗੁਰਮੁਖ ਬਣਾਏ ਵਿਚ

ਮਾਤ ਦੇ ਲਾੜੇ । ਸ਼ਬਦ ਘੋੜੀ ਪ੍ਰਭ ਆਪੇ ਚਾੜ੍ਹੇ । ਸਦਾ ਸਦਾ ਬਣੇ ਰਹਿਣ ਪ੍ਰਭ ਸਾਚੇ ਦੇ ਸਚ ਅਖਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਏਕਾ ਜੋਤ ਜਗਾਏ ਗੁਰਸਿਖ ਤੇਰੀ ਬਹੱਤਰ ਨਾੜੇ । ਬਹੱਤਰ ਨਾੜ ਜੋਤ ਜਗਾਈ । ਏਕਾ ਬਖ਼ਸ਼ੇ ਚਰਨ ਸਰਨਾਈ । ਭਰਮ ਭੁਲੇਖੇ ਆਤਮ ਸਚ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਸਚ ਧਾਮ ਬਣਾਈ । ਸਚ ਨਾਮ ਜਿਸ ਜਾਣਿਆ । ਸਚ ਨਾਮ ਜਿਸ ਜਨ ਮਾਣਿਆਂ । ਸਚ ਰਾਮ ਜਿਸ ਪਛਾਣਿਆਂ । ਸਚ ਕਾਮ ਪੂਰਨ ਕਰੇ ਆਪ ਭਗਵਾਨਿਆਂ । ਸਚ ਧਾਮ ਪ੍ਰਭ ਸਾਚਾ ਆਪ ਸੁਹਾਨਿਆਂ । ਸਚ ਜਾਮ ਪ੍ਰਭ ਸਾਚੇ ਸੋਹੰ ਸ਼ਬਦ ਆਪ ਪਿਲਾਵਣਾ । ਸਚ ਨਾਮ ਪ੍ਰਭ ਅਬਿਨਾਸ਼ੀ ਏਕਾ ਰਸਨ ਜਪਾਵਣਾ । ਸਚ ਗ੍ਰਾਮ ਨਗਰ ਖੇੜਾ ਆਪ ਵਸਾਵਣਾ । ਜੋਤੀ ਜੋਤ ਸਰੂਪ ਹਰਿ ਆਪ ਆਪਣੇ ਵਿਚ ਰਹਾਵਣਾ । ਸਚ ਨਾਮ ਜਗਤ ਗਿਆਨਾ । ਸਚ ਨਾਮ ਭਗਤ ਧਿਆਨਾ । ਸਚ ਨਾਮ ਜਿਸ ਜਨ ਹਿਰਦੇ ਜਾਨਾ । ਸਚ ਨਾਮ ਆਤਮ ਦੇਵੇ ਨਾਮ ਮਹਾਨਾ । ਸਾਚਾ ਨਾਮ ਸਾਚੀ ਜੋਤ ਕਰੇ ਪ੍ਰਕਾਸ਼ ਕੋਟਨ ਭਾਨਾ । ਸਚ ਨਾਮ ਅਗਿਆਨ ਅੰਧੇਰ ਹੋਏ ਵਿਨਾਸ ਕਰਾਏ ਬਿਧ ਨਾਨਾ । ਸਾਚਾ ਨਾਮ ਗੁਰਮੁਖ ਵਿਰਲੇ ਹੋਵੇ ਪਾਸ, ਪ੍ਰਭ ਅਬਿਨਾਸ਼ੀ ਜਿਸ ਸਾਚਾ ਜਾਨਾ । ਸਾਚਾ ਨਾਮ ਗੁਰਮੁਖ ਹਰਿ ਹਿਰਦੇ ਰੱਖੇ ਵਾਸ, ਚਰਨ ਕਵਲ ਜਿਸ ਕੀਆ ਧਿਆਨਾ । ਸਾਚਾ ਨਾਮ ਮਾਨਸ ਜਨਮ ਜਨਮ ਕਰਾਏ ਰਾਸ ਜੋ ਜਾਣੇ ਸ੍ਰੀ ਭਗਵਾਨਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਰਸਨ ਵਖਾਨਾ । ਸਾਚਾ ਨਾਮ ਸਚ ਦ੍ਰਿੜਾਵੇ । ਸਾਚਾ ਨਾਮ ਸਚ ਰਾਹ ਬਤਾਵੇ । ਸਾਚਾ ਨਾਮ ਸਚ ਥਾਂ ਬਹਾਵੇ । ਸਾਚਾ ਨਾਮ ਸਚ ਕਾਮ ਕਰਾਵੇ । ਸਾਚਾ ਨਾਮ ਸਚ ਰਾਮ ਮਿਲਾਵੇ । ਸਾਚਾ ਨਾਮ ਸਚ ਦਾਮ ਪੱਲੇ ਬੰਨ੍ਹ ਨਾਲ ਲੈ ਜਾਵੇ । ਸਾਚਾ ਨਾਮ ਸੁੱਕਾ ਹਰਿਆ ਕਰੇ ਚਾਮ, ਹੰਗਤਾ ਰੋਗ ਜਨ ਗਵਾਵੇ । ਸਚ ਨਾਮ ਨਾ ਹੋਏ ਖਾਮ, ਦਿਵਸ ਰੈਣ ਏਕਾ ਲਿਵ ਲਾਵੇ । ਸਚ ਨਾਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਵੇ । ਸਚ ਨਾਮ ਸਚ ਮੰਤਰ ਜਾਣ । ਸਚ ਨਾਮ ਗੁਰਮੁਖ ਅੰਤਰ ਆਪ ਪਛਾਣ । ਸਚ ਨਾਮ ਸਾਚੀ ਬਣਤਰ ਬਣਾਏ ਵਿਚ ਜਹਾਨ । ਸਚ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਚ ਨਾਮ ਸਾਚੀ ਨਈਆ । ਸਚ ਨਾਮ ਗੁਰਮੁਖ ਜਪਈਆ । ਸਚ ਨਾਮ ਸਚ ਮਾਰਗ ਲਈਆ । ਸਚ ਨਾਮ ਆਤਮ ਸਾਚੀ ਧੀਰ ਧਰਈਆ । ਸਚ ਨਾਮ ਅੰਮ੍ਰਿਤ ਸਾਚਾ ਸੀਰ ਪਲਈਆ । ਸਾਚਾ ਨਾਮ ਕਾਇਆ ਰੋਗ ਦੇ ਗਵਈਆ । ਸਾਚਾ ਨਾਮ ਦਿਵਸ ਰੈਣ ਰੈਣ ਦਿਵਸ ਜਿਸ ਜਨ ਜਪਈਆ । ਸਾਚਾ ਨਾਮ ਆਪੇ ਹੋਏ ਸੱਜਣ ਸੁਹੇਲ, ਦਰਗਹਿ ਸਾਚੀ ਮੇਲ ਮਿਲਈਆ । ਸਚ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਚੜ੍ਹਾਏ ਸਾਚੀ ਨਈਆ । ਸਾਚਾ ਨਾਮ ਸਾਚੀ ਧਾਰਾ । ਸਾਚਾ ਨਾਮ ਜਨ ਉਤਰਸ ਪਾਰਾ । ਸਾਚਾ ਨਾਮ ਸਾਚਾ ਰਾਮ ਕਰਮ ਧਰਮ ਦੋਏ ਲਏ ਵਿਚਾਰਾ । ਸਾਚਾ ਨਾਮ ਭਾਂਡਾ ਭਰਮ ਭਉ ਦੇ ਨਿਵਾਰਾ । ਸਾਚਾ ਨਾਮ ਏਕਾ ਵਸਤ ਵਿਚ ਪਾਏ ਥਾਰਾ । ਸਾਚਾ ਨਾਮ ਅੰਮ੍ਰਿਤ ਭਰੇ ਭੰਡਾਰਾ । ਸਾਚਾ ਨਾਮ ਪ੍ਰਭ ਅਬਿਨਾਸ਼ੀ ਹਰਿ ਵਰਤਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕੀਆ ਜੋਤ ਅਕਾਰਾ । ਸਾਚਾ ਨਾਮ ਰਸਨਾ ਗਾਓ । ਪ੍ਰਭ ਅਬਿਨਾਸ਼ੀ ਸਾਚਾ ਪਾਓ । ਹਰਿ ਕਾ ਨਾਮ ਹਰਿ ਹਿਰਦੇ ਵਿਚ ਵਸਾਓ । ਹਰਿ ਕਾ ਨਾਮ ਕਾਰਜ ਸਿੱਧ ਮਾਤ ਕਰਾਓ । ਹਰਿ ਕਾ ਨਾਮ ਸਾਚੀ ਬਿਧ ਮੇਲ ਮਿਲਾਓ । ਹਰਿ ਕਾ ਨਾਮ ਆਤਮ ਬਿਧ ਧੀਰ ਧਰਾਓ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੧੪੩
੦੩

ਸੋਹੰ ਸਾਚਾ ਜਾਮ ਪਿਲਾਓ । ਸਾਚਾ ਨਾਮ ਸਾਚੀ ਧਾਰੀ । ਸਾਚਾ ਨਾਮ ਸੱਚੀ ਅਸਵਾਰੀ । ਸਾਚਾ ਨਾਮ ਜੀਵ ਅਧਾਰੀ । ਸਾਚਾ ਨਾਮ ਹਰਿ ਸਾਚੇ ਪਿੰਡ ਉਸਾਰੀ । ਸਾਚਾ ਨਾਮ ਜੀਵ ਜੰਤ ਹਰਿ ਆਪ ਸੁਨਾਰੀ । ਸਾਚਾ ਨਾਮ ਹਰਿ ਆਪ ਵਸਾਏ ਗੁਰਮੁਖ ਤੇਰੀ ਕਾਇਆ ਮਹੱਲ ਅਟਾਰੀ । ਹਰਿ ਕਾ ਨਾਮ ਹਰਿ ਹਿਰਦੇ ਵਸਾਏ, ਏਕਾ ਜੋਤ ਜਗੇ ਅਪਰ ਅਪਾਰੀ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਖੇਲ ਅਪਾਰੀ । ਹਰਿ ਕਾ ਨਾਮ ਸਾਚਾ ਧਨ ਧਨਵੰਤ । ਹਰਿ ਕਾ ਨਾਮ ਪੂਰਨ ਭਗਵੰਤ । ਹਰਿ ਕਾ ਨਾਮ ਮੇਲ ਮਿਲਾਵੇ ਸਾਚੇ ਸੰਤ ਕੰਤ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤਲੋਕ ਕਲ ਸਾਚਾ ਕੰਤ । ਹਰਿ ਕਾ ਨਾਮ ਸਚ ਸਿਕਦਾਰ । ਹਰਿ ਕਾ ਨਾਮ ਸਚ ਵਿਹਾਰ । ਸਚ ਨਾਮ ਕਲ ਦੇਵੇ ਤਾਰ । ਸਚ ਨਾਮ ਰਸਨਾ ਜੀਵ ਜਪ ਉਤਰੇ ਪਾਰ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਉਤਰਸ ਪਾਰ । ਸਚ ਰਾਮ ਸਾਚੀ ਭਾਖਿਆ । ਸਚ ਰਾਮ ਜਿਸ ਜਨ ਰਸਨਾ ਆਖਿਆ । ਸਚ ਨਾਮ ਮਿਲਾਵੇ ਹਰਿ ਸਾਚੇ ਸਾਥਿਆ । ਹਰਿ ਨਾਮ ਦੇਵੇ ਦਰਸ ਅਲੱਖਣਾ ਲਾਖਿਆ । ਹਰਿ ਨਾਮ ਆਪੇ ਕਰੇ ਗੁਰਸਿਖ ਤੇਰੀ ਰਾਖਿਆ । ਹਰਿ ਨਾਮ ਪ੍ਰਭ ਅਬਿਨਾਸ਼ੀ ਸਾਚੇ ਭਾਖਿਆ । ਹਰਿ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਹੋਵੇ ਦਾਸਿਆ । ਸਚ ਨਾਮ ਪ੍ਰਭ ਅਬਿਨਾਸ਼ੀ ਸਾਚੇ ਭਾਖਿਆ । ਸਚ ਨਾਮ ਸੱਚਾ ਸਿਰ ਤਾਜ । ਸਚ ਨਾਮ ਧੁਰਦਰਗਾਹੀ ਸਾਚਾ ਰਾਜ । ਸਾਚਾ ਨਾਮ ਰਸਨਾ ਜਪ ਪੂਰਨ ਹੋਏ ਕਾਜ । ਸਚ ਨਾਮ ਸ਼ਬਦ ਸਰੂਪੀ ਉਡੇ ਬਾਜ । ਸਚ ਨਾਮ ਗੁਰਮੁਖਾਂ ਰੱਖੇ ਆਪੇ ਲਾਜ । ਸਾਚਾ ਨਾਮ ਧੀਰਜ ਧਰਨਾ । ਸਾਚਾ ਨਾਮ ਜਪ ਫਿਰ ਹੋਏ ਨਾ ਮਰਨਾ । ਸਚ ਧਾਮ ਰਸਨਾ ਜਪ ਧਰਮ ਰਾਏ ਦਾ ਡੰਨ ਨਾ ਭਰਨਾ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਾਚਾ ਦੇਵੇ ਮਾਤਲੋਕ ਵਿਚ ਧਰਨੀ ਧਰਨਾ । ਸਾਚਾ ਨਾਮ ਗੁਰਮੁਖ ਵਿਰਲੇ ਆਏ ਪੀਤਾ, ਪ੍ਰਭ ਅਬਿਨਾਸ਼ੀ ਸਰਨੀ ਪੜ੍ਹਨਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਕਰਨੀ ਕਰਨਾ । ਸਾਚਾ ਨਾਮ ਸਰਬ ਸੁਖਦਾਈ । ਸਾਚਾ ਨਾਮ ਮਿਲੇ ਵਡਿਆਈ । ਸਾਚਾ ਨਾਮ ਗੁਰਮੁਖ ਵਿਰਲਾ ਗੁਰ ਦਰ ਪਾਈ । ਸਾਚਾ ਨਾਮ ਗੁਰਮੁਖਾਂ ਪੂਰਨ ਆਸ ਕਰਾਈ । ਸਾਚਾ ਨਾਮ ਆਤਮ ਧੀਰਜ ਇਕ ਧਰਵਾਸ ਰਖਾਈ । ਸਾਚਾ ਨਾਮ ਸਾਚਾ ਬੀਰਜ ਆਪ ਬਿਜਾਈ । ਸਾਚਾ ਨਾਮ ਅੰਮ੍ਰਿਤ ਸਾਚਾ ਸੀਰਜ ਆਪ ਪਿਲਾਈ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਆਤਮ ਸ਼ਾਂਤ ਕਰਾਈ । ਸਾਚਾ ਨਾਮ ਸ਼ਾਂਤ ਸਰੀਰ । ਸਾਚਾ ਨਾਮ ਆਤਮ ਧੀਰ । ਸਾਚਾ ਨਾਮ ਅੰਮਿਤ ਪੀਣਾ ਸਾਚਾ ਸੀਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਉਮੇ ਕੱਢੇ ਆਤਮ ਪੀੜ । ਸਾਚਾ ਨਾਮ ਸਰਬ ਸੁਖਦਾਈ । ਸਾਚਾ ਨਾਮ ਦੁੱਖ ਭੁੱਖ ਰੋਗ ਦੇ ਗਵਾਈ । ਸਾਚਾ ਨਾਮ ਆਤਮ ਸੁਖ ਦੇ ਉਪਜਾਈ । ਹਰਿ ਕਾ ਨਾਮ ਤ੍ਰਿਸ਼ਨਾ ਭੁੱਖ ਦੇ ਗਵਾਈ । ਹਰਿ ਕਾ ਨਾਮ ਰਸਨਾ ਜਪ ਮਾਇਆ ਰੋਗ ਰਹੇ ਨਾ ਰਾਈ । ਸਾਚਾ ਨਾਮ ਸਾਚੀ ਲਗਨ ਗੁਰਸਿਖ ਪੂਰੇ ਗੁਰ ਸਾਚੇ ਸੰਗ ਰਖਾਈ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਪੇ ਹੋਏ ਸਹਾਈ । ਸਚ ਨਾਮ ਸਤਿ ਸਰੂਪਾ । ਸਚ ਨਾਮ ਰੰਗ ਅਨੂਪਾ । ਸਚ ਨਾਮ ਮੇਲ ਮਿਲਾਵਾ ਵਡ ਵਡ ਭੂਪਾ । ਸਾਚਾ ਨਾਮ ਗੁਰਮੁਖ ਵੇਖੇ ਨਾ ਕੋਇ ਜਾਣੇ ਰੰਗ ਰੂਪਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਤਿ ਸਰੂਪਾ । ਸਾਚਾ ਨਾਮ ਸ਼ਬਦ ਕਟਾਰੀ । ਸਾਚਾ ਨਾਮ ਖੰਡਾ ਦੋ ਧਾਰੀ । ਸਾਚਾ

ਨਾਮ ਗੁਰਮੁਖ ਵਿਰਲਾ ਬਣੇ ਵਪਾਰੀ । ਸਾਚਾ ਨਾਮ ਕਲਜੁਗ ਜੀਵ ਨਾ ਜਾਨਣ ਗਵਾਰੀ । ਸਾਚਾ ਨਾਮ ਹਰਿ ਸਾਚਾ ਦੇਵੇ, ਜੋ ਜਨ ਮੰਗਣ ਆਏ ਚਲ ਦਵਾਰੀ । ਸਾਚਾ ਨਾਮ ਰਸਨਾ ਭੇੜ ਕਰਾਏ ਗਵਾਰੀ । ਸਾਚਾ ਨਾਮ ਝੂਠੇ ਗੇੜ ਹਰਿ ਆਪ ਗਿੜਾਰੀ । ਸਾਚਾ ਨਾਮ ਲਹਿਣਾ ਦੇਣ ਦਏ ਨਬੇੜ, ਜੋ ਜਨ ਆਏ ਦਰ ਭਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਬਣਿਆ ਲੇਖ ਲਿਖਾਰੀ । ਸਾਚਾ ਨਾਮ ਸਰਬ ਕਾ ਗਿਆਤਾ । ਸਾਚਾ ਨਾਮ ਹਰਿ ਦੇਵੇ ਪੁਰਖ ਬਿਧਾਤਾ । ਸਾਚਾ ਨਾਮ ਗੁਰਮੁਖ ਵਿਰਲੇ ਕਲ ਪਛਾਤਾ । ਸਾਚਾ ਨਾਮ ਊਚ ਨੀਚ ਨੀਚ ਏਕਾ ਰੰਗ ਰੰਗਾਤਾ । ਸਚ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਾਣ ਦਵਾਤਾ । ਸਾਚਾ ਨਾਮ ਸਾਚੀ ਧਾਰਾ । ਸਾਚਾ ਨਾਮ ਆਪ ਚਲਾਏ ਵਿਚ ਸੰਸਾਰਾ । ਸਾਚਾ ਨਾਮ ਗੁਰਮੁਖ ਵਿਰਲਾ ਬਣੇ ਵਪਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨ ਉਚਾਰਾ । ਸਾਚਾ ਨਾਮ ਰਸਨਾ ਗਾਓ । ਅੰਮ੍ਰਿਤ ਫਲ ਸਾਚਾ ਖਾਓ । ਸਾਚਾ ਨਾਮ ਜਨਮ ਮਰਨ ਗੇੜ ਕਟਾਓ । ਲੱਖ ਚੁਰਾਸੀ ਫੇਰ ਨਾ ਆਓ । ਸਾਚਾ ਨਾਉਂ ਭੀੜ ਭਾੜਾ ਨਾ ਵਕਤ ਗਵਾਓ । ਆਤਮ ਸਾਚੀ ਬੂਝ ਬੁਝਾਓ । ਸਾਚਾ ਨਾਮ ਏਕ ਦਰ ਦੋਬੇੜ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਸਾਚਾ ਪਾਓ । ਸਾਚਾ ਨਾਮ ਸਤਿ ਸੰਤੋਖ । ਸਾਚਾ ਨਾਮ ਅੰਤਮ ਦੇਵੇ ਮੋਖ । ਸਾਚਾ ਨਾਮ ਰਿਦੇ ਵਸਾਓ ਲੱਗੇ ਨਾ ਕੋਈ ਦੋਖ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਤ ਕੁਖ । ਸਾਚਾ ਨਾਮ ਜਿਸ ਜਨ ਪਛਾਣਿਆਂ । ਦਰਗਹਿ ਸਾਚੀ ਦੇਵੇ ਮਾਣਿਆਂ । ਹਰਿ ਕਾ ਨਾਮ ਹਰਿ ਹਿਰਦੇ ਸਾਚੇ ਵਿਚ ਵਸਾਨਿਆਂ । ਹਰਿ ਕਾ ਨਾਮ ਆਤਮ ਸਹਿੰਸਾ ਦੂਰ ਕਰਾਨਿਆਂ । ਸਾਚਾ ਨਾਮ ਦੇਵੇ ਜੋ ਜਨ ਚੱਲੇ ਹਰਿ ਕੇ ਭਾਣਿਆਂ । ਹਰਿ ਕਾ ਨਾਮ ਹਰਿ ਦੇਵੇ ਜੋ ਜਨ ਮੰਗਣ ਆਏ ਦਰ ਬਣ ਨਿਮਾਣਿਆਂ । ਸਾਚਾ ਨਾਮ ਆਤਮ ਗਹਿਣਾ ਤਨ ਪਹਿਨਾਨਿਆਂ । ਸਾਚਾ ਨਾਮ ਭਾਂਡਾ ਭਰਮ ਭਉ ਭੰਨਾਨਿਆਂ । ਸਾਚਾ ਨਾਮ ਏਕਾ ਦੱਸੇ ਸਾਚਾ ਰਾਹੋ ਵਿਚ ਜਹਾਨਿਆਂ । ਸਾਚਾ ਨਾਮ ਆਪ ਬਹਾਏ ਸਾਚੇ ਥਾਉਂ ਜਿਥੇ ਵਸੇ ਹਰਿ ਭਗਵਾਨਿਆਂ । ਸਾਚਾ ਨਾਮ ਗੁਰਮੁਖ ਵਿਰਲੇ ਕਲ ਪਛਾਣਿਆਂ । ਸਾਚਾ ਨਾਮ ਭੁੱਲੇ ਫਿਰਨ ਜੀਵ ਅੰਞਾਣਿਆਂ । ਸਾਚਾ ਨਾਮ ਭੇਵ ਕਿਸੇ ਨਾ ਪਾਇਆ ਸੁਘੜ ਸਿਆਣਿਆਂ । ਸਾਚਾ ਨਾਮ ਗੁਰਮੁਖ ਸਾਚੇ ਧੀਰ ਧਰਾਨਿਆਂ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਾਚਾ ਬੀਜ ਬਿਜਾਨਿਆਂ । ਸਾਚਾ ਨਾਮ ਸਤਿਜੁਗ ਦਿਖਾਵੇ ਸਚ ਨਿਸ਼ਾਨੀਆਂ । ਸਾਚਾ ਨਾਮ ਹਰਿ ਸਾਚਾ ਬਖ਼ਸ਼ੇ ਕਰ ਕਰ ਵਡ ਮਿਹਰਬਾਨੀਆਂ । ਸਾਚਾ ਨਾਮ ਗੁਰਮੁਖ ਸਾਚੇ ਲਹਿਣਾ ਲੈਣ ਕਿਆ ਕੋਈ ਮਾਰੇ ਵਿਚ ਭਾਨੀਆਂ । ਸਾਚਾ ਨਾਮ ਪ੍ਰਭ ਸਾਚਾ ਦੇਵੇ ਵਾਲੀ ਦੋ ਜਹਾਨੀਆਂ । ਸਾਚਾ ਨਾਮ ਆਤਮ ਤੀਰ ਚਲਾਏ ਸਾਚੀ ਕਾਨੀਆਂ । ਸਾਚਾ ਨਾਮ ਸਤਿਜੁਗ ਸਾਚੀ ਹਾਨੀਆਂ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਨੀਆਂ । ਸਾਚਾ ਨਾਮ ਹਰਿ ਸਦ ਵਰਤਾਰਾ । ਸਾਚਾ ਨਾਮ ਹਰਿ ਇਕ ਭੰਡਾਰਾ । ਸਾਚਾ ਨਾਮ ਸ੍ਰਿਸ਼ਟ ਸਬਾਈ ਦੇਵਣਹਾਰਾ । ਸਾਚਾ ਨਾਮ ਆਪੇ ਬਣੇ ਹਰਿ ਵਰਤਾਰਾ । ਸਾਚਾ ਨਾਮ ਗੁਰਸਿਖ ਸਾਚਾ ਪਾਏ ਵਸਤ ਵਿਚ ਹਰਿ ਥਾਰਾ । ਸਾਚਾ ਨਾਮ ਆਤਮ ਜਗਾਏ ਜੋਤ ਅਗੰਮ ਅਪਾਰਾ । ਸਾਚਾ ਨਾਮ ਏਕਾ ਰੂਪ ਅਨੂਪ ਦਿਖਾਏ ਪਾਰਬ੍ਰਹਮ ਕਰਤਾਰਾ । ਸਾਚਾ ਨਾਮ ਸਤਿ ਸਰੂਪ ਸਮਾਏ ਸਤਿ ਸਤਿ ਸਤਿ ਕਰੇ ਵਰਤਾਰਾ । ਸਾਚਾ ਨਾਮ ਜੂਠ ਝੂਠ ਨਸ਼ਟ ਕਰਾਏ ਨਾ

ਦਿਸੇ ਜੋ ਰਹੇ ਝੱਖ ਮਾਰਾ । ਸਾਚਾ ਨਾਮ ਗੁਰਮੁਖ ਵਿਰਲਾ ਬੂਝ ਬੁਝਾਰਾ । ਸਾਚਾ ਨਾਮ ਆਤਮ ਦੂਜ ਦਏ ਨਿਵਾਰਾ । ਸਾਚਾ ਨਾਮ ਖੋਲ੍ਹੇ ਗੂਝ ਹਰਿ ਕਾ ਦਵਾਰਾ । ਸਾਚਾ ਨਾਮ ਏਕਾ ਸ਼ਬਦ ਜਗਤ ਅਪਾਰਾ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਕਰ ਪਿਆਰਾ । ਸਾਚਾ ਨਾਮ ਕਲਜੁਗ ਵੰਡਾਏ ਅੰਧੇਰੀ ਰਾਤੀ । ਸਾਚਾ ਨਾਮ ਗੁਰ ਚਰਨ ਬੰਧਾਏ ਸਾਚੀ ਨਾਤੀ । ਸਾਚਾ ਨਾਮ ਦੇਵੇ ਪੁਰਖ ਬਿਧਾਤੀ । ਸਾਚਾ ਨਾਮ ਗੁਰਮੁਖਾਂ ਆਤਮ ਬੂੰਦ ਪਿਆਏ ਸਵਾਂਤੀ । ਸਾਚਾ ਨਾਮ ਜੋਤੀ ਸਾਚਾ ਦੀਪ ਜਗਾਏ ਅਗਿਆਨ ਅੰਧੇਰ ਮਿਟਾਤੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜੀਆਂ ਦਾ ਏਕਾ ਦਾਤੀ । ਸਾਚਾ ਨਾਮ ਸਰਬ ਸੁਖ ਜਾਣ । ਸਾਚਾ ਨਾਮ ਹਰਿ ਆਤਮ ਰਾਮ ਪਛਾਣ । ਸਾਚਾ ਨਾਮ ਆਤਮ ਬਾਨ । ਸਾਚਾ ਨਾਮ ਜੀਆਂ ਦਾਨ । ਸਾਚਾ ਨਾਮ ਗੁਰਮੁਖ ਵਿਰਲਾ ਸੁਣੇ ਕਾਨ । ਸਾਚਾ ਨਾਮ ਕਲਜੁਗ ਝੂਠ ਦੇਵੇ ਛਾਣ । ਸਾਚਾ ਨਾਮ ਅੰਤਮ ਹੋਏ ਦੁੱਖ ਮਿਟਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਨਾਮ ਸਹਿਜ ਸੁਭਾਏ । ਸਾਚਾ ਨਾਮ ਗੁਰਮੁਖ ਗੁਰ ਦਰ ਪਾਏ । ਸਾਚਾ ਨਾਮ ਦੇਵੇ ਜੋ ਚਲੇ ਹਰਿ ਰਜਾਏ । ਹਰਿ ਕਾ ਨਾਮ ਬੇਮੁਖ ਸੰਗ ਨਾ ਲੈ ਜਾਏ । ਸਾਚਾ ਨਾਮ ਗੁਰਮੁਖਾਂ ਆਪਣੇ ਰੰਗ ਰੰਗਾਏ । ਸਾਚਾ ਨਾਮ ਸਚ ਦਾਤ ਹਰਿ ਝੋਲੀ ਪਾਏ । ਸਾਚਾ ਨਾਮ ਵਡ ਕਰਾਮਾਤ ਵਿਚ ਜਗਤ ਰਹਿ ਜਾਏ । ਸਾਚਾ ਨਾਮ ਆਤਮ ਮਿਟਾਏ ਅੰਧੇਰੀ ਰਾਤ ਆਤਮ ਗਿਆਨ ਦਵਾਏ । ਸਾਚਾ ਨਾਮ ਧੀਰਜ ਧਿਆਨ ਜੋ ਜਨ ਰਖਾਏ । ਸਾਚਾ ਨਾਮ ਮੇਲ ਭਗਤ ਭਗਵਾਨ ਕਰਾਏ । ਸਾਚਾ ਨਾਮ ਸੋਹੰ ਦਾਨ ਪ੍ਰਭ ਭਿਛਿਆ ਪਾਏ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਸਾਚਾ ਨਾਮ ਸਹਿਜ ਸੁਖ ਧਾਰ । ਸਾਚਾ ਨਾਮ ਗੁਰ ਚਰਨ ਕਵਲ ਕਰ ਪਿਆਰ । ਸਾਚਾ ਨਾਮ ਰਸਨਾ ਜਪ ਜੀਵ ਉਤਰਸ ਪਾਰ । ਸਾਚਾ ਨਾਮ ਕਲਜੁਗ ਜੀਵ ਕਿਉਂ ਬੈਠਾ ਭੁੱਲ ਗਵਾਰ । ਸਾਚਾ ਨਾਮ ਜੇ ਵਡ ਕੋਇ ਨਾ ਤੁਲ ਤੋਲ ਸਾਚੇ ਧੰਨ ਤੁਲਾਰ । ਸਾਚਾ ਨਾਮ ਦਰ ਦਸਵੇਂ ਦੇ ਖਵਾਰ । ਸਾਚਾ ਨਾਮ ਏਕਾ ਦੇਵੇ ਸ਼ਬਦ ਸੱਚੀ ਧੁਨਕਾਰ । ਸਾਚਾ ਨਾਮ ਤੋੜੇ ਸੁਨ ਮੁਨ ਅਪਾਰ । ਸਾਚਾ ਨਾਮ ਦਰ ਘਰ ਸਾਚੇ ਪਾਏ ਮੁਕਤ ਦਵਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਨਿਮਸਕਾਰ । ਸਾਚਾ ਨਾਮ ਸੀਤਲ ਧਾਰਾ । ਸਾਚਾ ਨਾਮ ਬੇਮੁੱਖ ਫਿਰਾਏ ਆਤਮ ਆਰਾ । ਸਾਚਾ ਨਾਮਗੁਰਮੁਖ ਸਾਚੇ ਲਾਏ ਕਾਰਾ । ਸਾਚਾ ਨਾਮ ਵਿਚ ਮਾਤ ਸਾਚਾ ਜਗਤ ਵਿਹਾਰਾ । ਸਾਚਾ ਨਾਮ ਗੁਰਮੁਖ ਵਿਰਲਾ ਕਰੇ ਵਣਜ ਵਪਾਰਾ । ਸਾਚਾ ਨਾਮ ਕਲਜੁਗ ਜੀਵ ਭੁੱਲੇ ਰਹਿਣ ਗਵਾਰਾ । ਸਾਚਾ ਨਾਮ ਦੇਵਣਹਾਰ ਇਕ ਦਾਤਾਰਾ । ਸਾਚਾ ਨਾਮ ਪ੍ਰਭ ਅਬਿਨਾਸ਼ੀ ਭਰੇ ਭੰਡਾਰਾ । ਸਾਚਾ ਨਾਮ ਜੋ ਜਨ ਮੰਗੇ ਆਏ ਦਵਾਰਾ । ਸਾਚਾ ਨਾਮ ਵਰਤਾਏ ਮਾਤ ਆਪ ਬਣੇ ਵਰਤਾਰਾ । ਸਾਚਾ ਨਾਮ ਗੁਰਮੁਖਾਂ ਹੋਏ ਆਪ ਸਿਕਦਾਰਾ । ਸਾਚਾ ਨਾਮ ਬੇਮੁਖਾਂ ਚੀਰ ਕਰੇ ਦੋ ਫਾੜਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਰ ਉਤਾਰਾ । ਸਚ ਨਾਮ ਸਾਚੀ ਧੁਨ । ਸਾਚਾ ਨਾਮ ਗੁਰਮੁਖ ਸਾਚੇ ਕੰਨ ਸੁਣ । ਸਾਚਾ ਨਾਮ ਕਲਜੁਗ ਆਤਮ ਦੇਵੇ ਪੁਣ । ਸਾਚਾ ਨਾਮ ਪ੍ਰਭ ਅਬਿਨਾਸ਼ੀ ਆਤਮ ਦੇਵੇ ਗੁਰਮੁਖ ਵਿਰਲਾ ਚੁਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਸਾਚਾ ਨਾਮ ਜਗਤ ਪ੍ਰੀਤ । ਸਾਚਾ ਨਾਮ ਚਰਨ ਪ੍ਰੀਤ । ਸਾਚਾ ਨਾਮ ਹਰਿ ਸਾਚਾ ਦੇਵੇ ਸੀਤ । ਸਾਚਾ ਨਾਮ ਗੁਰਮੁਖ ਆਤਮ ਕਰੇ ਪੁਨੀਤ । ਸਾਚਾ

ਨਾਮ ਏਕਾ ਸ਼ਬਦ ਸੱਚੀ ਰੀਤ । ਸਾਚਾ ਨਾਮ ਜੁਗਾ ਜੁਗੰਤਰ ਪ੍ਰਭ ਸਾਚੇ ਦੀ ਸਾਚੀ ਰੀਤ । ਸਾਚਾ ਨਾਮ ਗੁਰਮੁਖ ਵਿਰਲੇ ਆਏ ਪਰਤੀਤ । ਸਾਚਾ ਨਾਮ ਰਸਨਾ ਜਪ ਮਾਨਸ ਜਨਮ ਜਾਏ ਜਗ ਜੀਤ । ਸਾਚਾ ਨਾਮ ਰਸਨ ਉਚਾਰਨਾ । ਸਾਚਾ ਨਾਮ ਕਲਜੁਗ ਅੰਤਮ ਪਾਰ ਉਤਾਰਨਾ । ਸਾਚਾ ਨਾਮ ਆਤਮ ਬ੍ਰਹਮ ਵਿਚਾਰਨਾ । ਸਾਚਾ ਨਾਮ ਹਰਿ ਦੇਵੇ ਸਾਚੀ ਧਾਰਨਾ । ਸਾਚਾ ਨਾਮ ਰੂਪ ਰੰਗ ਨਾ ਰੇਖ ਕਿਸੇ ਵਿਚਾਰਨਾ । ਸਾਚਾ ਨਾਮ ਹਰਿ ਆਪੇ ਲੇਖ ਲਿਖਾਰਨਾ । ਸਾਚਾ ਨਾਮ ਗੁਰਮੁਖ ਵਿਰਲੇ ਵੇਖ ਵੇਖ ਪ੍ਰਭ ਆਤਮ ਸਾਚੇ ਧਾਰਨਾ । ਸਾਚਾ ਨਾਮ ਬੇਮੁਖ ਨੇਤਰ ਨੇਤਰ ਪੇਖ ਪੇਖ ਹੰਕਾਰਨਾ । ਸਾਚਾ ਨਾਮ ਏਕਾ ਸ਼ਬਦ ਚਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਸਾਚੀ ਧਾਰਨਾ । ਸਾਚਾ ਨਾਮ ਸਾਚਾ ਰਾਗ । ਸਾਚਾ ਨਾਮ ਆਤਮ ਤ੍ਰਿਸ਼ਨਾ ਬੁਝਾਏ ਆਗ । ਸਾਚਾ ਨਾਮ ਬਣਾਏ ਗੁਰਮੁਖ ਹੰਸ ਕਾਗ । ਸਾਚਾ ਨਾਮ ਸੁਣ ਕੰਨ, ਗੁਰਮੁਖ ਵਿਰਲਾ ਜਾਏ ਜਾਗ । ਸਾਚਾ ਨਾਮ ਹਰਿ ਦਰਸ਼ਨ ਬੇਮੁਖ ਦਰ ਤੋਂ ਜਾਇਣ ਭਾਗ । ਸਾਚਾ ਨਾਮ ਵੇਲੇ ਅੰਤ ਗੁਰਮੁਖ ਤੇਰੀ ਪਕੜੇ ਵਾਗ । ਸਾਚਾ ਨਾਮ ਰਸਨਾ ਜਪ ਆਤਮ ਧੋ ਝੂਠਾ ਦਾਗ । ਸਾਚਾ ਨਾਮ ਕਾਇਆ ਬੰਨ੍ਹ ਸਾਚਾ ਤਾਗ । ਸਾਚਾ ਨਾਮ ਏਕਾ ਰੰਗ ਰੰਗਾਏ ਗੁਰਮੁਖਾਂ ਸੁਣਾਏ ਸਾਚਾ ਰਾਗ । ਸਾਚਾ ਨਾਮ ਏਕਾ ਅਗਨ ਲਗਾਏ, ਬੇਮੁਖ ਦਰ ਤੋਂ ਜਾਇਣ ਭਾਗ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਪੂਰੇ ਭਾਗ । ਸਾਚਾ ਨਾਮ ਪਾਏ ਗੁਰਮੁਖ ਵਡ ਵਡਭਾਗੀ । ਸਾਚਾ ਨਾਮ ਰਸਨਾ ਜਪ ਆਤਮ ਸੋਈ ਜਾਗੀ । ਸਾਚਾ ਨਾਮ ਆਪ ਉਪਜਾਏ ਸ਼ਬਦ ਸੱਚਾ ਰਾਗੀ । ਸਾਚਾ ਨਾਮ ਗੁਰਮੁਖ ਬਣਾਏ ਹੰਸ ਕਾਗੀ । ਸਾਚਾ ਨਾਮ ਪ੍ਰਭ ਸਾਚਾ ਦੇਵੇ ਜਿਸ ਚਰਨ ਪ੍ਰੀਤ ਪ੍ਰਭ ਲਾਗੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਧੋਏ ਪਾਪਾਂ ਦਾਗੀ । ਸਾਚਾ ਨਾਮ ਸਰਬ ਗੁਣਵੰਤ । ਸਾਚਾ ਨਾਮ ਦੇਵੇ ਭਗਵੰਤ । ਸਾਚਾ ਨਾਮ ਦੇਵੇ ਵਡਿਆਈ ਗੁਰਮੁਖ ਸਾਚੇ ਸੰਤ । ਸਾਚਾ ਨਾਮ ਆਪ ਬਣਾਏ ਗੁਰਸਿਖਾਂ ਬਣਤ । ਸਾਚਾ ਨਾਮ ਕਿਆ ਕੋਈ ਜਾਣੇ ਜੀਵ ਜੰਤ । ਸਾਚਾ ਨਾਮ ਇਕ ਮਿਲਾਵਾ ਸਾਚੇ ਕੰਤ । ਸਾਚਾ ਨਾਮ ਸਾਚਾ ਰਾਹ ਹਰਿ ਦਿਸੰਤ । ਸਾਚਾ ਨਾਮ ਜਿਹਵਾ ਮਨੀਆ ਮੰਤ । ਸਾਚਾ ਨਾਮ ਆਪੇ ਆਪ ਜਪਾਏ ਆਦਿ ਅੰਤ ਜੁਗਾ ਜੁਗੰਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚਾ ਕੰਤ । ਸਾਚਾ ਨਾਮ ਵਡ ਵਡਿਆਈ । ਸਾਚਾ ਨਾਮ ਹਰਿ ਦਰ ਤੇ ਪਾਈ । ਸਾਚਾ ਨਾਮ ਰੋਗਾਂ ਸੋਗਾਂ ਦੇ ਮਿਟਾਈ । ਸਾਚਾ ਨਾਮ ਪੂਰਨ ਭੋਗਾ ਰਸਨਾ ਗਾਈ । ਸਾਚਾ ਨਾਮ ਨਾ ਹੋਏ ਵਿਯੋਗਾ, ਦਰਸ ਅਮੋਘ ਹਰਿ ਦਿਖਾਈ । ਸਾਚਾ ਨਾਮ ਹਉਮੇ ਕੱਟੇ ਰੋਗਾ, ਆਤਮ ਪੀੜ ਗਵਾਈ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਈ । ਸਾਚਾ ਨਾਮ ਸਰਬ ਕਾ ਗਿਆਤਾ । ਸਾਚਾ ਨਾਮ ਦੀਨ ਕਾ ਦਾਤਾ । ਸਾਚਾ ਨਾਮ ਭੈਣ ਭਰਾਤਾ । ਸਾਚਾ ਨਾਮ ਗੁਰਮੁਖ ਹੋਏ ਆਪ ਪਿਤ ਮਾਤਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚ ਪਛਾਤਾ । ਸਾਚਾ ਨਾਮ ਸ਼ਬਦ ਭੰਡਾਰਾ । ਸਾਚਾ ਨਾਮ ਰੰਗ ਕਰਤਾਰਾ । ਸਾਚਾ ਨਾਮ ਹਰਿ ਸ਼ਬਦ ਅਪਰ ਅਪਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਧਾਰਾ । ਸਾਚਾ ਨਾਮ ਸਾਜਣ ਮੀਤਾ । ਸਾਚਾ ਨਾਮ ਰਾਖੇ ਚੀਤਾ । ਸਾਚਾ ਨਾਮ ਪਰਖੇ ਨੀਤਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਪ੍ਰੀਤਾ । ਸਾਚਾ ਨਾਮ ਆਤਮ ਰਸ । ਸਾਚਾ ਨਾਮ ਹਰਿ ਹਿਰਦੇ ਜਾਏ ਵਸ । ਸਾਚਾ ਨਾਮ ਸ਼ਬਦ

ਕਟਾਰੀ ਮਾਰੇ ਕਸ । ਸਾਚਾ ਨਾਮ ਪੰਜੇ ਚੋਰ ਜਾਇਣ ਨੱਸ । ਸਾਚਾ ਨਾਮ ਸਾਚਾ ਰਾਹ ਹਰਿ ਜਾਏ ਦੱਸ । ਸਾਚਾ ਨਾਮ ਦੁੱਖ ਵਸੂਰੇ ਕਰਾਏ ਭੱਸ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਹਿਰਦੇ ਜਾਏ ਵਸ । ਸਾਚਾ ਨਾਮ ਧੀਰ ਧਰਈਆ । ਸਾਚਾ ਨਾਮ ਹਉਮੇ ਪੀੜ ਮਿਟਈਆ । ਸਾਚਾ ਨਾਮ ਅੰਮ੍ਰਿਤ ਸਾਚਾ ਸੀਰ ਪਿਲਈਆ । ਸਾਚਾ ਨਾਮ ਆਪ ਚਲਾਏ ਸਾਚੀ ਨਈਆ । ਸਾਚਾ ਨਾਮ ਗੁਰਮੁਖ ਵਿਰਲੇ ਆਪ ਚੜ੍ਹਈਆ । ਸਾਚਾ ਨਾਮ ਆਤਮ ਗੜ੍ਹ ਹੰਕਾਰ ਤੋੜ ਤੁੜਈਆ । ਸਾਚਾ ਨਾਮ ਬੇਮੁੱਖ ਜੜ੍ਹ ਪੁਟਈਆ । ਸਾਚਾ ਨਾਮ ਗੁਰਮੁਖਾਂ ਆਤਮ ਰਸ ਰਸਈਆ । ਸਾਚਾ ਨਾਮ ਸਾਚੀ ਨਾਓ । ਸਾਚਾ ਨਾਮ ਸਚ ਨਿਆਉਂ । ਸਾਚਾ ਨਾਮ ਪ੍ਰਭ ਦੇਵੇ ਅਗੰਮ ਅਥਾਹੋ । ਸਾਚਾ ਨਾਮ ਰਸਨਾ ਜਪ ਹਰਿ ਆਪ ਬਹਾਏ ਸਾਚੇ ਥਾਓ । ਸਾਚਾ ਨਾਮ ਰਸਨਾ ਜਪ ਅਮਰਾ ਪਦ ਪਾਓ । ਸਾਚਾ ਨਾਮ ਨਿਜ਼ਾਨੰਦ ਦੇ ਵਿਚ ਸਮਾਓ । ਸਾਚਾ ਨਾਮ ਪਰਮਾਨੰਦ ਭੁੱਲ ਨਾ ਜਾਓ । ਸਾਚਾ ਨਾਮ ਆਤਮ ਕੰਧ ਆਪ ਤੁੜਾਓ । ਸਾਚਾ ਨਾਮ ਬੰਧਨ ਬੰਧ ਹੱਡ ਛੁਡਾਓ । ਸਾਚਾ ਨਾਮ ਆਤਮ ਅੰਧ ਆਪ ਗਵਾਓ । ਸਾਚਾ ਨਾਮ ਅਗਿਆਨ ਅੰਧੇਰ ਵੱਜਾ ਜਿੰਦਾ, ਸੋਹੰ ਚਾਬੀ ਲਾਓ । ਸਾਚਾ ਨਾਮ ਆਪ ਤੁੜਾਏ ਜਮ ਕੇ ਫੰਦ, ਰਸਨਾ ਹਰਿ ਗੁਣ ਗਾਓ । ਸਾਚਾ ਨਾਮ ਕਲਜੁਗ ਜੀਵ ਨਾ ਹੋਏ ਭਾਗ ਮੰਦ, ਨਾ ਵੇਲੇ ਅੰਤ ਜਾਓ ਪਛਤਾਓ । ਹਰਿ ਕਾ ਨਾਮ ਜੋ ਜਨ ਗਾਏ ਬੱਤੀ ਦੰਦੇ, ਵੇਲੇ ਅੰਤ ਹਰਿ ਲਏ ਛੁਡਾਏ । ਹਰਿ ਕਾ ਨਾਮ ਸਾਚੀ ਦਰਗਹਿ ਦਏ ਬਹਾਏ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਸਾਚਾ ਨਾਮ ਆਸਾ ਵਰੀ । ਸਾਚਾ ਨਾਮ ਹਰਿ ਪ੍ਰਭ ਸਾਚੇ ਕਿਰਪਾ ਕਰੀ । ਹਰਿ ਕਾ ਨਾਮ ਗੁਰਮੁਖ ਵਿਰਲੇ ਹਰਿ ਦਰ ਵਰੀ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਰਨੀ ਪਰੀ । ਹਰਿ ਕਾ ਨਾਮ ਆਪ ਲਗਾਏ ਆਤਮ ਸਾਚੀ ਝੜੀ । ਸਾਚੇ ਨਾਮ ਦਰ ਘਰ ਸਾਚੇ ਜਾਏ ਵੜੀ । ਹਰਿ ਕਾ ਨਾਮ ਆਤਮ ਸਾਚੀ ਜੋਤ ਜਗਾਏ ਨਾ ਲਾਏ ਦੇਰ ਘੜੀ । ਸਾਚਾ ਨਾਮ ਬੇਮੁਖਾਂ ਜਾਏ ਜੜੀ । ਸਾਚਾ ਨਾਮ ਸਚ ਕਟਾਰ ਪ੍ਰਭ ਹੱਥ ਸਾਚੇ ਫੜੀ । ਸਾਚਾ ਨਾਮ ਵਿਚ ਸੰਸਾਰ ਰਿਹਾ ਲੜੀ । ਸਾਚਾ ਨਾਮ ਆਪ ਕਰਾਏ ਸ੍ਰਿਸ਼ਟ ਸਬਾਈ ਦੋ ਧੜੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਰ ਦਵਾਰੇ ਖੜੀ । ਸਾਚਾ ਨਾਮ ਹਰਿ ਕਾ ਦਵਾਰ । ਸਾਚਾ ਨਾਮ ਪੂਰਨ ਬ੍ਰਹਮ ਕਰੇ ਵਿਚਾਰ । ਸਾਚਾ ਨਾਮ ਜਨਮ ਮਰਨ ਦੋਵੇਂ ਦਏ ਸਵਾਰ । ਸਾਚਾ ਨਾਮ ਲੱਖ ਚੁਰਾਸੀ ਦੇਵੇ ਗੇੜ ਨਿਵਾਰ । ਸਾਚਾ ਨਾਮ ਮਾਨਸ ਜਨਮ ਨਾ ਆਵੇ ਹਾਰ । ਸਾਚਾ ਨਾਮ ਦਰ ਘਰ ਸਾਚਾ ਪਾਏ ਜਾਏ ਸਚ ਦਰਬਾਰ । ਸਾਚਾ ਨਾਮ ਵਸੇ ਹਰਿ ਹਰਿ ਥਾਏਂ, ਹਰਿ ਵੇਖੇ ਰੰਗ ਅਪਾਰ । ਸਾਚਾ ਨਾਮ ਪ੍ਰਭ ਅਬਿਨਾਸ਼ੀ ਰਸਨਾ ਗਾਏ, ਸਾਚਾ ਨਾਮ ਆਪੇ ਪਕੜ ਲੰਘਾਏ ਪਾਰ, ਅੰਤਰ ਦੋਵੇਂ ਬਾਹੀਂ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੂਸਰ ਕੋਈ ਨਾਹੀ । ਸਾਚਾ ਨਾਮ ਗੁਰ ਗੋਪਾਲਾ । ਸਾਚਾ ਨਾਮ ਦੀਨ ਦਿਆਲਾ । ਸਾਚਾ ਨਾਮ ਭਗਤ ਰੱਛਕ ਆਪ ਰਖਵਾਲਾ । ਸਾਚਾ ਨਾਮ ਗੁਰਮੁਖ ਦੇਵੇ ਭਰ ਪਿਆਲਾ । ਸਾਚਾ ਨਾਮ ਗੁਰਮੁਖਾਂ ਕੱਟੇ ਜਗਤ ਜੰਜਾਲਾ । ਸਾਚਾ ਨਾਮ ਗੁਰਮੁਖ ਵਿਰਲੇ ਕਲ ਸੰਭਾਲਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਆਤਮ ਨਾ ਹੋਏ ਕੰਗਾਲਾ । ਸਾਚਾ ਨਾਮ ਸ਼ਬਦ ਭੰਡਾਰਿਆ । ਸਾਚਾ ਨਾਮ ਦੇਵੇ ਵਿਚ ਹਰਿ ਸੰਸਾਰਿਆ । ਸਾਚਾ ਨਾਮ ਜੀਵ ਜੰਤ ਵਿਚ ਇਕ ਅਧਾਰਿਆ । ਸਾਚਾ ਨਾਮ ਧੁਰਦਰਗਾਹੀ ਖੇਲ ਅਪਾਰਿਆ । ਸਾਚਾ ਨਾਮ ਗੁਰਮੁਖਾਂ ਮੇਲ ਮਿਲਾ ਰਿਹਾ । ਸਾਚਾ

ਨਾਮ ਆਤਮ ਧੀਰ ਧਰਾ ਰਿਹਾ । ਸਾਚਾ ਨਾਮ ਹਰਿ ਸਾਚਾ ਤੀਰ ਚਲਾ ਰਿਹਾ । ਸਾਚਾ ਨਾਮ ਬਜ਼ਰ ਕਪਾਟੀ ਚੀਰ ਵਖਾ ਰਿਹਾ । ਸਾਚਾ ਨਾਮ ਔਖੀ ਘਾਟੀ ਆਪ ਚੜ੍ਹਾ ਰਿਹਾ । ਸਾਚਾ ਨਾਮ ਸਾਚੀ ਜੋਤ ਵਿਚ ਲਲਾਟ ਆਪ ਜਗਾ ਰਿਹਾ । ਸਾਚਾ ਨਾਮ ਵਿਚ ਕਾਇਆ ਝੂਠੀ ਮਾਟੀ ਵਿਚ ਸਾਚੀ ਵਸਤ ਟਿਕਾ ਰਿਹਾ । ਸਾਚਾ ਸ਼ਬਦ ਵਿਕਾਵੇ ਹਾਟੀ, ਸਚ ਭੰਡਾਰ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਵੇਖ ਵਖਾ ਰਿਹਾ । ਸਾਚਾ ਨਾਮ ਸਰਬ ਗੁਣ ਜਾਣ । ਸਾਚਾ ਨਾਮ ਆਪ ਪਛਾਣ । ਸਾਚਾ ਨਾਮ ਕਲਜੁਗ ਜੀਵ ਨਾ ਭੁੱਲ ਨਿਧਾਨ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਾਚਾ ਜਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਸਚ ਸ਼ਬਦ ਜਿਸ ਜਨ ਪਛਾਣਿਆਂ । ਦਰਗਹਿ ਸਾਚੀ ਸਾਚਾ ਮਾਣ ਦਵਾਣਿਆਂ ਭਰਮ ਭੁਲੇਖੇ ਸਰਬ ਭੁਲਾਣਿਆਂ । ਗੁਰਮੁਖ ਵਿਰਲੇ ਸਾਚੇ ਲੇਖੇ ਲਾਣਿਆਂ । ਜਿਨਾਂ ਦੰਦਾਂ ਭੇੜ ਭਿੜਾਣਿਆਂ । ਆਤਮ ਕੰਧਾ ਅੰਧੇਰ ਰਖਾਣਿਆਂ । ਬੇੜਾ ਡੋਬੇ ਨਾ ਕੋਈ ਪਾਰ ਲੰਘਾਏ ਵੰਞ ਮੁਹਾਣਿਆਂ । ਪ੍ਰਭ ਅਬਿਨਾਸ਼ੀ ਸਾਚਾ ਸ਼ਾਹੋ ਗੁਰਮੁਖ ਵਿਰਲੇ ਕਲ ਪਛਾਣਿਆਂ । ਆਪ ਚਲਾਏ ਸਾਚੀ ਨਾਓ, ਗੁਰਮੁਖ ਸਾਚੇ ਆਪ ਚੜ੍ਹਾਣਿਆਂ । ਆਪ ਬਹਾਏ ਲੈ ਜਾਏ ਸਾਚੇ ਥਾਉਂ, ਜਿਥੇ ਵਸੇ ਹਰਿ ਭਗਵਾਨਿਆਂ । ਏਕਾ ਜੋਤ ਅਗੰਮ ਅਥਾਹੋ, ਹਰਿ ਜੋਤੀ ਜੋਤ ਮਿਲਾਣਿਆਂ । ਪ੍ਰਭ ਅਬਿਨਾਸ਼ੀ ਬੇਪ੍ਰਵਾਹ, ਕਿਆ ਕੋਈ ਕਰੇ ਜੀਵ ਸ਼ੈਤਾਨਿਆਂ । ਆਵੇ ਜਾਵੇ ਸੁੰਞੇ ਘਰ ਕਾਉਂ, ਬ੍ਰਹਮ ਨਾ ਕੋਈ ਵਿਚਾਰੇ ਬ੍ਰਹਮ ਗਿਆਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਜੋ ਜਨ ਕਮਾਏ ਪ੍ਰਭ ਸਾਚੇ ਦੇਵੇ ਸਚ ਨਿਸ਼ਾਨੀਆਂ । ਆਤਮ ਹੰਕਾਰਾ ਤਨ ਵਿਕਾਰਾ । ਮਨ ਅਫਾਰਾ ਦੁੱਖ ਲੱਗੇ ਭਾਰਾ । ਜੀਵ ਜੰਤ ਕਿਆ ਕੋਈ ਕਰੇ ਵਿਚਾਰਾ । ਪ੍ਰਭ ਅਬਿਨਾਸ਼ੀ ਨਾ ਪਾਵੇ ਸਾਰਾ । ਭੁੱਲੇ ਰਹੇ ਜੀਵ ਗਵਾਰਾ । ਭੱਜੇ ਫਿਰਨ ਜਗਤ ਅਵਾਰਾ । ਹਰਿ ਪ੍ਰਭ ਸਾਚਾ ਗੁਰਮੁਖਾਂ ਦੇਵੇ ਸਾਚੀ ਧਾਰਾ । ਜੋ ਜਨ ਕਰੇ ਚਰਨ ਨਿਮਸਕਾਰਾ । ਆਪੇ ਬਖ਼ਸ਼ੇ ਪ੍ਰੀਤ ਚਰਨ ਕਮਲਾਰਾ । ਆਪੇ ਪਰਖੇ ਨੀਤ, ਬੈਠ ਉਪਰ ਧਵਲਾਰਾ । ਹਰਿ ਹਰਿ ਹਰਿ ਸਦ ਸਦਾ ਸਦ ਸਚ ਰਾਖੋ ਚੀਤ, ਕਰੋ ਸਦ ਸਦਾ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਜੋ ਰੱਖੇ ਮਨ ਹੰਕਾਰਾ । ਆਤਮ ਹੰਕਾਰੀ ਹੋਈ ਅੰਧਿਆਰੀ । ਨਾ ਕਰੇ ਵਿਚਾਰੀ ਭੁੱਲ ਜਗਤ ਗਵਾਰੀ । ਏਕਾ ਪਾਸਾ ਆਇਆ ਹਾਰੀ । ਦੂਜਾ ਦਿਸੇ ਨਾ ਕੋਇ ਦਵਾਰੀ । ਓਮੀ ਕੂਕੇ ਕੂਕ ਪੁਕਾਰੇ ਫੱਕੜ ਫੋਕੇ ਬੋਲ ਬੁਲਾਰੀ । ਸਚ ਘਰ ਸਚ ਦਰ ਸਚ ਸਾਂਤਕ ਹਰਿ ਵਰਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰੀ । ਤਾਹਨਾ ਮੇਹਣਾ ਜਗਤ ਝੱਲਣਾ । ਦਰ ਘਰ ਸਾਚਾ ਗੁਰਸਿਖ ਮੱਲਣਾ । ਪ੍ਰਭ ਅਬਿਨਾਸ਼ੀ ਚਤੁਰ ਸੁਜਾਨਾ ਬੈਠਾ ਉਪਰ ਪਲੰਘਣਾ । ਬੇਮੁਖਾਂ ਵਿਚ ਨਾ ਰਲਣਾ । ਅੰਤਮ ਅੰਤ ਅੰਤਕਾਲ ਅਨ੍ਹੇਰ ਏਕਾ ਝੁੱਲਣਾ । ਹਠ ਹੰਕਾਰੀ ਵਡ ਗਵਾਰੀ ਕੋਈ ਨਾ ਅੱਗੇ ਖਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦਾ ਸਦ ਬੇੜ੍ਹਾ ਬੰਨ੍ਹਣਾ । ਪ੍ਰਭ ਅਬਿਨਾਸ਼ੀ ਮਾਇਆਧਾਰੀ । ਕਿਆ ਕੋਈ ਕਰੇ ਜੀਵ ਗਵਾਰੀ । ਕਰੇ ਖੇਲ ਅਪਰ ਅਪਾਰੀ । ਜੂਠੇ ਝੂਠੇ ਭਾਂਡੇ ਹੰਕਾਰੀ । ਆਪੇ ਲਾਹੇ ਝੂਠੇ ਵਿਹਾਰੀ । ਰਸਨਾ ਰਸ ਨਾ ਕੋਈ ਵਿਚਾਰੀ । ਝੂਠਾ ਝੱਖ ਰਹੇ ਸਭ ਮਾਰੀ । ਵਖ ਵਖ ਕਰੇ ਗਿਰਧਾਰੀ । ਨਾ ਕੋਈ ਸਕੇ ਰੱਖ, ਕਲਜੁਗ ਅੰਤਮ ਬਾਜੀ ਆਪਣੀ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰੇ ਖਵਾਰੀ । ਸ਼ਬਦ ਬਾਣ ਹਰਿ ਆਪ ਚਲਾਏ । ਮਾਣ ਤਾਣ ਕਿਸੇ ਰਹਿਣ ਨਾ ਪਾਏ । ਏਕਾ

ਆਣ ਸ਼ਬਦ ਰਖਾਏ । ਜੂਠੇ ਗੈਨ ਜੋ ਜਨ ਖਾਏ । ਮੌਤ ਡੈਨ ਸਭ ਕੋ ਖਾਏ । ਧਰਮ ਰਾਏ ਦੇ ਸਜਾਏ । ਗੁਰਮੁਖ ਸਾਚਾ ਪ੍ਰਭ ਸਾਚਾ ਲਏ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਏ । ਦਰਗਹਿ ਸਾਚੀ ਹਰਿ ਕਾ ਦਵਾਰਾ । ਏਕਾ ਜੋਤ ਅਗੰਮ ਅਪਾਰਾ । ਜੋਤ ਸਰੂਪੀ ਹਰਿ ਨਿਰਾਧਾਰਾ । ਨਰ ਨਰਾਇਣ ਇਕ ਪਸਾਰਾ । ਜੇ ਕੋਈ ਵੇਖੇ ਨਾ ਸਕੇ ਕਹਿਣ, ਰੂਪ ਅਨੂਪ ਸਰੂਪ ਅਪਾਰਾ । ਜੋ ਜਨ ਪੇਖੇ ਤੀਜੇ ਨੈਣ, ਪ੍ਰਭ ਅਬਿਨਾਸ਼ੀ ਖੋਲ੍ਹ ਖੁਲ੍ਹਾਰਾ । ਗੁਰਮੁਖ ਵਿਰਲੇ ਰਸਨਾ ਲੈਣ, ਜਿਨ ਹਰਿ ਮਿਲਿਆ ਮੀਤ ਮੁਰਾਰਾ । ਆਪੇ ਬਣਿਆ ਸਾਚਾ ਸਾਕ ਸੱਜਣ ਸੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰਾ । ਨਰਾਇਣ ਨਰ ਜਾਮਾ ਧਾਰਿਆ । ਖੇਲ ਕਰਤਾਰਿਆ ਰੂਪ ਅਪਾਰਿਆ । ਕਿਆ ਕੋਈ ਪਾਵੇ ਸਾਰਿਆ । ਆਪਣੇ ਭਾਣੇ ਆਪ ਸਮਾ ਰਿਹਾ । ਰਾਜੇ ਰਾਣੇ ਤਖ਼ਤੋਂ ਲਾਹ ਰਿਹਾ । ਸੁਘੜ ਸਿਆਣੇ ਆਪ ਭੁਲਾ ਰਿਹਾ । ਹਰਿ ਊਚੋਂ ਨੀਚ ਨੀਚੋਂ ਊਚ ਬਣਾ ਰਿਹਾ । ਚਾਰੋਂ ਕੁੰਟ ਏਕ ਡੰਕ ਵਜਾ ਰਿਹਾ । ਸੋਹੰ ਸ਼ਬਦ ਸਾਚੀ ਸਚ ਸੂਚ ਵਿਚ ਮਾਤ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਕ ਸਭ ਥਾਈਂ ਆਪ ਰਖਾ ਰਿਹਾ । ਸਾਚਾ ਡੰਕ ਹਰਿ ਸ਼ਬਦ ਵਜਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਏਕਾ ਮਾਣ ਹਰਿ ਚਾਰ ਵਰਨ ਆਪ ਦਵਾਵਣਾ । ਊਚ ਨੀਚ ਦਾ ਭੇਖ ਮਿਟਾਵਣਾ । ਸਚ ਸੁੱਚ ਦਾ ਰਾਜ ਚਲਾਵਣਾ । ਜੂਠ ਝੂਠ ਰਹਿਣ ਨਾ ਪਾਵਣਾ । ਸਚ ਸੁੱਚ ਹਰਿ ਵਰਤਾਵਣਾ । ਬੇਮੁਖ ਭਾਂਡਾ ਕੱਚ ਪ੍ਰਭ ਭੰਨ ਵਖਾਵਣਾ । ਜਿਨ੍ਹਾਂ ਪੱਲੇ ਸਚ ਪ੍ਰਭ ਸਾਚੇ ਪਾਰ ਲੰਘਾਵਣਾ । ਬੇਮੁਖ ਦਰ ਤੇ ਆਇਣ ਜਾਇਣ ਨੱਚ, ਹੱਥ ਕਿਛ ਨਹੀਂ ਆਵਣਾ । ਗੁਰਮੁਖ ਵਖਾਣੇ ਸੱਚੋ ਸਚ, ਪ੍ਰਭ ਅਬਿਨਾਸ਼ੀ ਮੁੱਲ ਚੁਕਾਵਣਾ ।

੧੫੦

੦੩

ਮਹਾਰਾਜ ਸ਼ੇਰ ਸਿੰਘ ਦਿਵਸ ਰੈਣ ਸਦ ਰਸਨਾ ਗਾਵਣਾ । ਸਚ ਸ਼ਬਦ ਸਚ ਨਿਸ਼ਾਨੀਆਂ । ਹਰਿ ਦੇਵੇ ਕਰ ਮਿਹਰਬਾਨੀਆਂ । ਪ੍ਰਭ ਵਰਤਾਰਾ ਪੁਰਖ ਸੁਜਾਨੀਆਂ । ਕਿਆ ਕੋਈ ਜਾਣੇ ਬ੍ਰਹਮ ਗਿਆਨੀਆਂ । ਭੁੱਲੇ ਜੀਵ ਹੋਏ ਨਿਧਾਨੀਆਂ । ਆਤਮ ਹੋਈ ਸਰਬ ਅਭਿਮਾਨੀਆਂ । ਰਸਨ ਉਚਾਰਨ ਖਾਣੀ ਬਾਣੀਆਂ । ਹਰਿ ਕੀ ਜੋਤ ਨਾ ਕਿਸੇ ਪਛਾਣਿਆਂ । ਭਰਮ ਭੁਲੇਖੇ ਆਪ ਰਖਾਨੀਆਂ । ਸਾਚਾ ਲੇਖ ਮੇਟ ਮਿਟਾਨੀਆਂ । ਵੇਖਾ ਵੇਖ ਹਰਿ ਸਾਚਾ ਮੂਲ ਨਾ ਜਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨਿਤਾਰੇ ਦੁਧੋਂ ਪਾਣੀਆਂ । ਸਚ ਸ਼ਬਦ ਜਿਸ ਜਨ ਪਛਾਣਿਆਂ । ਦਰਗਹਿ ਸਾਚੀ ਦੇਵੇ ਮਾਣਿਆਂ । ਗੁਰਮੁਖਾਂ ਹਰਿ ਰੰਗ ਰੰਗਾਣਿਆਂ । ਸਾਚਾ ਸੰਗ ਹਰਿ ਆਪ ਨਿਭਾਣਿਆਂ । ਜੋ ਦਰ ਮੰਗੇ ਸਾਚੀ ਮੰਗ ਦੇਵੇ ਹਰਿ ਕਰ ਵਡ ਮਿਹਰਬਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਦਾਨ ਜਗਤ ਨਿਸ਼ਾਨੀਆਂ । ਸੋਹੰ ਦੇਵੇ ਸਾਚਾ ਦਾਨਾ । ਚਰਨ ਧੂੜ ਸਾਚਾ ਇਸ਼ਨਾਨਾ । ਬੇਮੁਖ ਦਰ ਤੇ ਰਹਿਣ ਨਾ ਪਾਣਾ । ਗੁਰਮੁਖ ਸਾਚਾ ਸ਼ਬਦ ਨਿਸ਼ਾਨਾ । ਏਕਾ ਦੀਪਕ ਜੋਤ ਜਗਾਣਾ । ਆਤਮ ਸੋਤ ਆਪ ਖੁਲ੍ਹਾਣਾ । ਦੁਰਮਤ ਮੈਲ ਧੋਤ ਅੰਧੇਰ ਮਿਟਾਣਾ । ਪ੍ਰਭ ਅਬਿਨਾਸ਼ੀ ਸਾਚੀ ਜੋਤ ਜਗਾਣਾ । ਸਾਚੇ ਰੰਗ ਪ੍ਰਭ ਸਾਚੇ ਆਪ ਰੰਗਾਣਾ । ਲੱਖ ਚੁਰਾਸੀ ਮੇਟ ਮਿਟਾਣਾ । ਸਰਬ ਜਹਾਂ ਹਰਿ ਬੀਨਾ ਦਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਮਾਨਾ । ਸਾਚਾ ਮਾਣ ਮਨ ਕਾ ਮੀਤ । ਚਰਨ ਕਵਲ ਹਰਿ ਰਖੇ ਪ੍ਰੀਤ । ਸਰਬ ਸੁਖਾਂ ਹਰਿ ਸਾਚਾ ਮੀਤ । ਸਦਾ ਗਾਓ ਸੁਹਾਗੀ ਗੀਤ । ਖੋਟੀ ਕਦੇ ਨਾ ਹੋਵੇ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਤੇਰੀ ਕਰੇ ਸੀਤ । ਸਚ ਸ਼ਬਦ ਜਗਤ ਧੰਨ । ਸਚ ਸ਼ਬਦ ਭਗਤ ਮੰਨ ।

ਸਚ ਸ਼ਬਦ ਰੰਗਤ ਤਨ । ਸਚ ਸ਼ਬਦ ਮੰਗਤ ਜਨ । ਸਚ ਸ਼ਬਦ ਭਾਂਡਾ ਭਉ ਦੇਵੇ ਭੰਨ । ਸਚ ਸ਼ਬਦ ਧਰਮ ਰਾਏ ਨਾ ਦੇਵੇ ਡੰਨ । ਸਚ ਸ਼ਬਦ ਗੁਰਸਿਖ ਬੇੜਾ ਦੇਵੇ ਬੰਨ੍ਹ । ਸਚ ਸ਼ਬਦ ਏਕਾ ਜੋਤ ਜਗਾਏ ਤਨ । ਸਚ ਸ਼ਬਦ ਸਾਚੀ ਧੁਨ ਉਪਜਾਏ ਸ਼ਬਦ ਕੰਨ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਦੇਵੇ ਬੰਨ੍ਹ । ਸਚ ਸ਼ਬਦ ਸੰਗਤ ਵਧਾਈ । ਸਚ ਸ਼ਬਦ ਹਰਿ ਲਿਵ ਲਾਈ । ਸਚ ਸ਼ਬਦ ਹਰਿ ਪੂਰਨ ਬੂਝ ਬੁਝਾਈ । ਸਚ ਸ਼ਬਦ ਹਰਿ ਸਾਚੇ ਰੰਗ ਰੰਗਾਈ । ਸਚ ਸ਼ਬਦ ਆਤਮ ਨੰਗ ਕਟਾਈ । ਸਚ ਸ਼ਬਦ ਵਰਭੰਡ ਦੇਵੇ ਵਡਿਆਈ । ਸਚ ਸ਼ਬਦ ਨਵਖੰਡ ਦੇ ਵਿਚ ਚਲਾਈ । ਸਚ ਸ਼ਬਦ ਬ੍ਰਹਿਮੰਡ ਜੈਕਾਰ ਕਰਾਈ । ਸਚ ਸ਼ਬਦ ਤੀਨ ਲੋਕ ਹਰਿ ਦੇਵੇ ਵੰਡ, ਆਪਣੇ ਹੱਥ ਰੱਖੇ ਵਡਿਆਈ । ਸਚ ਸ਼ਬਦ ਬੇਮੁਖਾਂ ਦੇਵੇ ਡੰਡ, ਸਾਰ ਕਿਸੇ ਨਾ ਪਾਈ । ਸਚ ਸ਼ਬਦ ਜੋ ਜਨ ਦੇਵਣ ਕੰਡ, ਤਿਨ ਦੇਵੇ ਸਖਤ ਸਜਾਈ । ਸਚ ਸ਼ਬਦ ਚੰਡ ਪ੍ਰਚੰਡ, ਪ੍ਰਭ ਸਾਚੇ ਹੱਥ ਉਠਾਈ । ਸਚ ਸ਼ਬਦ ਬੇਮੁਖ ਝੂਠੇ ਪਾਇਣ ਡੰਡ, ਕੋਇ ਨਾ ਪਾਰ ਲੰਘਾਈ । ਸਚ ਸ਼ਬਦ ਆਪ ਕਰਾਏ ਖੰਡ ਖੰਡ, ਪ੍ਰਭ ਸਾਚਾ ਰਿਹਾ ਲਿਖਾਈ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈ । ਸਚ ਸ਼ਬਦ ਜਗਤ ਦੀ ਧਾਰਾ । ਸਚ ਸ਼ਬਦ ਦੇਵੇ ਹਰਿ ਨਿਰੰਕਾਰਾ । ਸਚ ਸ਼ਬਦ ਦੂਈ ਦਵੈਤ ਦੇ ਨਿਵਾਰਾ । ਸਚ ਸ਼ਬਦ ਆਪਣੇ ਰੰਗ ਰੰਗੇ ਗਿਰਧਾਰਾ । ਸਚ ਸ਼ਬਦ ਗੁਰਮੁਖਾਂ ਭਰੇ ਭੰਡਾਰਾ । ਸਚ ਸ਼ਬਦ ਦੇਵੇ ਦੇਵਣਹਾਰ ਦਾਤਾਰਾ । ਸਚ ਸ਼ਬਦ ਗੁਰਮੁਖਾਂ ਦਿਸਾਏ ਸਾਚਾ ਘਰ ਬਾਹਰਾ । ਸਚ ਸ਼ਬਦ ਗੁਰਮੁਖ ਵਿਰਲੇ ਕਲ ਵਿਚਾਰਾ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਪੁਰਖ ਅਪਾਰਾ । ਸਚ ਸ਼ਬਦ ਸੱਚੀ ਧੁਨਕਾਰੀ । ਸਚ ਸ਼ਬਦ ਹਰਿ ਦੇਵੇ ਆਪ ਨਿਰੰਕਾਰੀ । ਸਚ ਸ਼ਬਦ ਗੁਰਮੁਖ ਵਿਰਲਾ ਬਣੇ ਵਪਾਰੀ । ਸਚ ਸ਼ਬਦ ਏਕਾ ਜੋਤ ਏਕਾ ਧਾਰੀ । ਸਚ ਸ਼ਬਦ ਆਤਮ ਕਰੇ ਸਰਬ ਅਸਵਾਰੀ । ਸਚ ਸ਼ਬਦ ਨਾਮ ਨਿਧਾਨ ਦੇਵੇ ਜੀਵ ਅਧਾਰੀ । ਸਚ ਸ਼ਬਦ ਗੁਰਮੁਖ ਵਿਰਲੇ ਪਾਇਣ ਆਇਣ ਚਲ ਦਵਾਰੀ । ਸਚ ਸ਼ਬਦ ਜੂਠੇ ਝੂਠੇ ਰਹੇ ਝੱਖ ਮਾਰੀ । ਸਚ ਸ਼ਬਦ ਆਤਮ ਕਰੇ ਕਾਰੀ । ਸਚ ਸ਼ਬਦ ਰਾਤ ਦਿਵਸ ਰਹੇ ਇਕ ਖੁਮਾਰੀ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਨਿਮਸਕਾਰੀ । ਸਚ ਸ਼ਬਦ ਨਾਮ ਨਿਧਾਨਾ । ਸਚ ਸ਼ਬਦ ਆਤਮ ਉਪਜੇ ਬ੍ਰਹਮ ਗਿਆਨਾ । ਭਗਵਾਨ, ਜੋ ਜਨ ਨਿਮਸਕਾਰੀ । ਸਚ ਸ਼ਬਦ ਨਾਮ ਨਿਧਾਨਾ । ਸਚ ਸ਼ਬਦ ਆਤਮ ਉਪਜੇ ਬ੍ਰਹਮ ਗਿਆਨਾ । ਸਚ ਸ਼ਬਦ ਬੁੱਧ ਬਬੇਕ ਕਰੇ ਬਿਧ ਨਾਨਾ । ਸਚ ਸ਼ਬਦ ਸੋਹੰ ਬੰਧੇ ਸਾਚਾ ਗਾਨਾ । ਸਚ ਸ਼ਬਦ ਸ੍ਰਿਸ਼ਟ ਸਬਾਈ ਡੰਨ ਲਗਾਣਾ । ਸਚ ਸ਼ਬਦ ਆਪ ਚਲਾਏ ਹਰਿ ਭਗਵਾਨਾ । ਸਚ ਸ਼ਬਦ ਗੁਰਸਿਖ ਸੁਣਾਏ ਕਾਨਾ । ਸਚ ਸ਼ਬਦ ਇਕ ਕਰਾਏ ਮੇਲ ਭਗਤ ਭਗਵਾਨਾ । ਸਚ ਸ਼ਬਦ ਆਤਮ ਜੋਤੀ ਦੀਪ ਜਗਾਣਾ । ਸਚ ਸ਼ਬਦ ਦਰ ਘਰ ਸਾਚੇ ਕਾਇਆ ਮਹੱਲ ਬਣਾਨਾ । ਸਚ ਸ਼ਬਦ ਗੁਰ ਸਾਚੇ ਦਰਸਾਣਾ । ਸਚ ਸ਼ਬਦ ਤੀਨ ਲੋਕ ਏਕਾ ਰੰਗ ਰੰਗਾਣਾ । ਸਚ ਸ਼ਬਦ ਭੁਲਿਆਂ ਰੁਲਿਆਂ ਕਲ ਮਾਰਗ ਲਾਣਾ । ਸਚ ਸ਼ਬਦ ਆਤਮ ਡੁਲਿਆਂ ਦੇ ਮੱਤ ਆਪ ਸਮਝਾਣਾ । ਸਚ ਸ਼ਬਦ ਗੁਰਮੁਖ ਵਿਰਲਾ ਜਾਣੇ ਚਤੁਰ ਸੁਜਾਨਾ । ਸਚ ਸ਼ਬਦ ਅੰਮ੍ਰਿਤ ਫਲ ਸਾਚਾ ਖਾਣਾ । ਸਚ ਸ਼ਬਦ ਚਰਨ ਕਵਲ ਪ੍ਰੀਤ ਨਿਭਾਣਾ । ਸਚ ਸ਼ਬਦ ਤਨ ਗੁਰ ਗੁਰ ਰੰਗਤ ਆਪ ਰੰਗਾਣਾ । ਸਚ ਸ਼ਬਦ ਆਤਮ ਜਨ ਸਰਬ ਕਢਾਣਾ । ਸਚ ਸ਼ਬਦ ਪਾਰਬ੍ਰਹਮ ਹਰਿ ਦਰਸ਼ਨ ਪਾਣਾ । ਸਚ ਸ਼ਬਦ ਆਪੇ ਦੇਵੇ ਜੀਆ

ਦਾਨਾ । ਸਚ ਸ਼ਬਦ ਮੇਲ ਮਿਲਾਏ ਹਰਿ ਨਿਰੰਜਣ, ਪਹਰਿਆ ਹਰਿ ਦਾ ਬਾਣਾ । ਸਚ ਸ਼ਬਦ ਚਾਰ ਕੁੰਟ ਇਕ ਦਿਖਾਣਾ । ਸਚ ਸ਼ਬਦ ਚਾਰ ਵਰਨ ਵਿਚ ਮਾਤ ਦੇ ਗਾਣਾ । ਸਚ ਸ਼ਬਦ ਸਤਿਜੁਗ ਸਾਚੇ ਮਿਲੇ ਮਾਣਾ । ਸਚ ਸ਼ਬਦ ਸ੍ਰਿਸ਼ਟ ਸਬਾਈ ਏਕਾ ਆਣਾ । ਸਚ ਸ਼ਬਦ ਦੂਸਰ ਦਿਸੇ ਨਾ ਕੋਈ ਟਿਕਾਣਾ । ਸਚ ਸ਼ਬਦ ਰਸਨਾ ਗਾਵੇ, ਊਚ ਨੀਚ ਰਾਜਾ ਰਾਣਾ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਚ ਸ਼ਬਦ ਸਾਚੀ ਧਾਰ । ਸਚ ਸ਼ਬਦ ਆਤਮ ਸਦਾ ਅਸਵਾਰ । ਸਚ ਸ਼ਬਦ ਮਾਰੇ ਕਾਮ ਕਰੋਧ ਹੰਕਾਰ । ਸਚ ਸ਼ਬਦ ਆਪੇ ਪਾਏ ਸਾਰ । ਸਚ ਸ਼ਬਦ ਨਾਮ ਨਿਧਾਨ ਦੇਵੇ ਕਰਤਾਰ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰ ਪਿਆਰ । ਸਚ ਸ਼ਬਦ ਗੁਰ ਮਿਹਰਬਾਨ । ਸਚ ਸ਼ਬਦ ਝੁੱਲੇ ਜਗਤ ਇਕ ਨਿਸ਼ਾਨ । ਸਚ ਸ਼ਬਦ ਹਰਿ ਆਪਣੇ ਰੰਗ ਰੰਗਾਨ । ਸਚ ਸ਼ਬਦ ਏਕਾ ਮਾਤ ਰਖਾਏ ਸਾਚੀ ਸ਼ਾਨ । ਸਚ ਸ਼ਬਦ ਸੋਹੰ ਦੇਵੇ ਸਾਚਾ ਦਾਨ । ਸਚ ਸ਼ਬਦ ਨਾਮ ਨਿਰੰਜਣ ਲਏ ਪਛਾਣ । ਸਾਚਾ ਨਾਮ ਦੇਵੇ ਸੋਹੰ ਦਾਨ । ਸਾਚਾ ਨਾਮ ਰਾਓ ਰੰਕ ਇਕ ਕਰ ਜਾਣ । ਸਾਚਾ ਨਾਮ ਸਾਚਾ ਡੰਕ ਵਿਚ ਜਹਾਨ । ਸਾਚਾ ਨਾਮ ਹਰਿ ਦੇਵੇ ਸਚ ਬਬਾਨ । ਸਾਚਾ ਨਾਮ ਗੁਰਮੁਖ ਵਿਰਲੇ ਕਲ ਚੜ੍ਹ ਜਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਨਾਮ ਸਚ ਉਡਾਰੀ । ਸਾਚਾ ਨਾਮ ਸਚ ਘਰ ਬਾਹਰੀ । ਸਾਚਾ ਨਾਮ ਆਤਮ ਦੇਵੇ ਨਾਮ ਖੁਮਾਰੀ । ਸਾਚਾ ਨਾਮ ਕੱਟੇ ਤਨੋਂ ਬਿਮਾਰੀ । ਸਾਚਾ ਨਾਮ ਹਰਿ ਦੇਵੇ ਸੂਤਰ ਧਾਰੀ । ਸਾਚਾ ਨਾਮ ਏਕਾ ਰੰਗ ਸੱਚਾ ਕਰਤਾਰੀ । ਸਾਚਾ ਨਾਮ ਗੁਰਮੁਖ ਵਿਰਲਾ ਲੇਵੇ ਜੀਵ ਸੰਸਾਰੀ । ਸਾਚਾ ਨਾਮ ਹਰਿ ਸਾਚਾ ਵਰਤਾਰੀ । ਸਾਚਾ ਨਾਮ ਦੇਵਣਹਾਰ ਇਕ ਦਾਤਾਰੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਨਿਮਸਕਾਰੀ । ਸਚ ਨਾਮ ਸਚ ਜਗਤ ਦੀ ਦਾਤਾ । ਸਚ ਨਾਮ ਵਡ ਜਗਤ ਕਰਾਮਾਤਾ । ਸਚ ਨਾਮ ਚਰਨ ਪ੍ਰੀਤੀ ਸਾਚਾ ਨਾਤਾ । ਸਚ ਨਾਮ ਆਪ ਪੁੱਛੇ ਗੁਰਸਿਖ ਤੇਰੀ ਵਾਤ ਚਾਰ ਵਰਨ ਊਚ ਨੀਚ ਦਾ ਭੇਖ ਮਿਟਾਤਾ । ਸਾਚਾ ਨਾਮ ਕਲਜੁਗ ਮਿਟਾਏ ਅੰਧੇਰੀ ਰਾਤਾ । ਸਾਚਾ ਨਾਮ ਗੁਰਸਿਖ ਪੜ੍ਹਾਏ ਇਕ ਜਮਾਤਾ । ਸਾਚਾ ਨਾਮ ਆਪੇ ਦੇਵੇ ਸਾਚੀ ਦਾਤਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਤਾ । ਸਾਚਾ ਨਾਮ ਸਚ ਸ਼ਬਦ ਆਤਮ ਘਨਘੋਰ । ਸਾਚਾ ਨਾਮ ਪੰਜੇ ਬੰਨ੍ਹੇ ਚੋਰ । ਸਾਚਾ ਨਾਮ ਚਰਨ ਪ੍ਰੀਤੀ ਦੇਵੇ ਜੋੜ । ਸਾਚਾ ਨਾਮ ਏਕਾ ਵਰ ਲੈਣਾ ਲੋੜ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਲਏ ਜੋੜ । ਸਾਚਾ ਨਾਮ ਸਚ ਕਰ ਮਾਨਾ । ਸਾਚਾ ਨਾਮ ਹਰਿ ਦੇਵੇ ਸਚ ਬਬਾਨਾ । ਸਾਚਾ ਨਾਮ ਰਾਓ ਰੰਕ ਵਿਚ ਸਮਾਨਾ । ਸਾਚਾ ਨਾਮ ਗੁਰ ਮੱਤੀ ਦੇ ਸਮਝਾਣਾ । ਸਾਚਾ ਨਾਮ ਅੰਤਮ ਤਤੀ ਵਾ ਨਾ ਲਾਣਾ । ਸਾਚਾ ਨਾਮ ਸਾਚਾ ਜੱਤੀ ਆਪ ਅਖਵਾਣਾ । ਸਾਚਾ ਨਾਮ ਏਕਾ ਰੱਤੀ ਜੋਤ ਜਗਾਣਾ । ਸਾਚਾ ਨਾਮ ਬਹੇ ਬਿਧ ਭਾਂਤੀ ਹਰਿ ਵਰਤਾਣਾ । ਸਾਚਾ ਨਾਮ ਦਿਵਸ ਰਾਤੀ ਹਰਿ ਲਿਖਾਣਾ । ਸਾਚਾ ਨਾਮ ਚਰਨ ਪ੍ਰੀਤੀ ਸਾਚੀ ਰੀਤ ਦੇ ਮੱਤ ਆਪ ਸਮਝਾਣਾ । ਸਾਚਾ ਨਾਮ ਗੁਰਮੁਖਾਂ ਪੁੱਛੇ ਵਾਤੀ, ਵੇਲੇ ਅੰਤ ਆਪ ਛੁਡਾਣਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਾਚਾ ਨਾਮ ਖੰਡਾ ਦੋ ਧਾਰ । ਸਾਚਾ ਨਾਮ ਗੁਰਮੁਖਾਂ ਲਾਏ ਪਾਰ । ਸਾਚਾ ਨਾਮ ਬੇਮੁਖਾਂ ਕਰੇ ਖੁਆਰ । ਸਾਚਾ ਨਾਮ ਠੰਡਾ ਦਰਬਾਰ । ਸਾਚਾ ਨਾਮ ਚੰਡ ਪ੍ਰਚੰਡ ਕਰੇ ਜਗਤ ਖੁਆਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ

੧੫੨ ੦੩

ਨਰਾਇਣ ਨਰ ਅਵਤਾਰ । ਸਾਚਾ ਨਾਮ ਸਾਚਾ ਰੰਗ । ਸਾਚਾ ਨਾਮ ਗੁਰਮੁਖ ਮੰਗੇ ਸਾਚੀ ਮੰਗ । ਸਾਚਾ ਨਾਮ ਕਦੇ ਨਾ ਹੋਵੇ ਭੰਗ । ਸਾਚਾ ਨਾਮ ਆਤਮ ਤ੍ਰਿਸ਼ਨਾ ਮਿਟਾਏ ਆਪ ਕਸਾਏ ਸਾਚਾ ਤੰਗ । ਸਾਚਾ ਨਾਮ ਅੰਮ੍ਰਿਤ ਝਿਰਨਾ ਝਿਰਾਏ ਗੰਗ । ਸਾਚਾ ਨਾਮ ਬੇਮੁਖਾਂ ਧਰਮ ਰਾਏ ਦਰ ਦੇਵੇ ਟੰਗ । ਸਾਚਾ ਨਾਮ ਮਾਇਆ ਨਾਗਣ ਨਾ ਲਾਏ ਡੰਗ । ਸਾਚਾ ਨਾਮ ਰਸਨਾ ਗਾਏ ਹੋਏ ਸਹਾਏ ਅੰਗ ਸੰਗ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਮੰਗੀ ਸਾਚੀ ਮੰਗ । ਸਾਚਾ ਨਾਮ ਸੱਚਾ ਗਿਰਧਾਰੀ । ਸਾਚਾ ਨਾਮ ਦੇਵੇ ਹਰਿ ਪਰਵਰਦਿਗਾਰੀ । ਸਾਚਾ ਨਾਮ ਏਕਾ ਸਚ ਉਡਾਰੀ । ਸਾਚਾ ਨਾਮ ਆਤਮ ਸਚ ਅਸਵਾਰੀ । ਸਾਚਾ ਨਾਮ ਪਵਣ ਸਰੂਪੀ ਇਕ ਹੁਲਾਰੀ । ਸਾਚਾ ਨਾਮ ਆਤਮ ਸਾਚੀ ਬੂਝ ਬੁਝਾਰੀ । ਸਾਚਾ ਨਾਮ ਜੋਤ ਜਗਾਏ ਕਾਇਆ ਅੰਧ ਅੰਧਿਆਰੀ । ਸਾਚਾ ਨਾਮ ਸਾਚੀ ਦੇਵੇ ਇਕ ਖੁਮਾਰੀ । ਸਾਚਾ ਨਾਮ ਸੁਨ ਮੁਨ ਆਪ ਖੁਲ੍ਹਾਰੀ । ਸਾਚਾ ਨਾਮ ਏਕਾ ਦੀਪ ਉਜਿਆਰੀ । ਸਾਚਾ ਨਾਮ ਆਪੇ ਕਰੇ ਸਾਚੀ ਕਾਰੀ । ਸਾਚਾ ਨਾਮ ਦਿਵਸ ਰੈਣ ਏਕਾ ਧਾਰੀ । ਸਾਚਾ ਨਾਮ ਅਨਹਦ ਧੁਨ ਸੱਚੀ ਧੁਨਕਾਰੀ । ਸਾਚਾ ਨਾਮ ਦਸਮ ਦਵਾਰੀ ਸਚ ਖੁਲ੍ਹਾਰੀ । ਸਾਚਾ ਨਾਮ ਏਕਾ ਜੋਤ ਕਰੇ ਉਜਿਆਰੀ । ਸਾਚਾ ਨਾਮ ਦੇਵੇ ਮੇਲ ਸਚ ਗਿਰਧਾਰੀ । ਸਾਚਾ ਨਾਮ ਦੇਵਣਹਾਰ ਇਕ ਦਾਤਾਰੀ । ਸਾਚਾ ਨਾਮ ਗੁਰਮੁਖਾਂ ਆਤਮ ਭਰੇ ਭੰਡਾਰੀ । ਸਾਚਾ ਨਾਮ ਏਕਾ ਕਰੇ ਸਾਚੀ ਕਾਰੀ । ਸਾਚਾ ਨਾਮ ਦਿਵਸ ਰੈਣ ਰਸਨ ਉਚਾਰੀ । ਸਾਚਾ ਨਾਮ ਮਾਨਸ ਜਨਮ ਜਾਏ ਸਵਾਰੀ । ਸਾਚਾ ਨਾਮ ਸਾਚਾ ਧਰਮ ਵਿਚ ਸੰਸਾਰੀ । ਸਾਚਾ ਨਾਮ ਪੂਰਨ ਕਰਮ ਰਿਹਾ ਵਿਚਾਰੀ । ਸਾਚਾ ਨਾਮ ਮੁਕਤ ਜੁਗਤ ਦਾ ਇਕ ਸਿਕਦਾਰੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਆਏ ਦਵਾਰੀ । ਸਾਚਾ ਨਾਮ ਜਗਤ ਵਰਤੰਤ । ਸਾਚਾ ਨਾਮ ਮੇਲ ਮਿਲਾਵਾ ਸਾਚੇ ਕੰਤ । ਸਾਚਾ ਨਾਮ ਆਪ ਦਵਾਏ, ਪ੍ਰਭ ਸਾਚਾ ਭਗਵੰਤ । ਸਾਚਾ ਨਾਮ ਮਾਇਆ ਪਾਏ ਜਗਤ ਬੇਅੰਤ । ਸਾਚਾ ਨਾਮ ਏਕਾ ਆਪ ਰਖਾਏ ਆਦਿ ਅੰਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤ । ਸਾਚਾ ਨਾਮ ਸਾਚੀ ਰੀਤ । ਸਾਚਾ ਨਾਮ ਏਕਾ ਬਖ਼ਸ਼ੇ ਚਰਨ ਪ੍ਰੀਤ । ਸਾਚਾ ਨਾਮ ਗੁਰਮੁਖ ਕਾਇਆ ਕਰੇ ਸੀਤ । ਸਾਚਾ ਨਾਮ ਜਪ ਮਾਨਸ ਜਨਮ ਜਾਣਾ ਜਗ ਜੀਤ । ਸਾਚਾ ਨਾਮ ਏਕਾ ਰਾਖੇ ਹਰਿ ਹਰਿ ਚੀਤ । ਸਾਚਾ ਨਾਮ ਆਪੇ ਪਰਖੇ ਸਾਚੀ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਪ੍ਰੀਤ । ਚਰਨ ਪ੍ਰੀਤ ਸਾਚੀ ਆਸਾ । ਚਰਨ ਪ੍ਰੀਤ ਆਪੇ ਕਰੇ ਬੰਦ ਖਲਾਸਾ । ਚਰਨ ਪ੍ਰੀਤ ਹਰਿ ਹਿਰਦੇ ਵਾਸਾ । ਚਰਨ ਪ੍ਰੀਤ ਗੁਰਸਿਖ ਰਖਾਏ ਜਿਉਂ ਸੋਨਾ ਪਾਸਾ । ਸਾਚਾ ਨਾਮ ਝੂਠੀ ਖੇਡ ਝੂਠੀ ਦੁਨੀਆਂ ਝੂਠਾ ਜਗਤ ਤਮਾਸ਼ਾ । ਸਾਚਾ ਨਾਮ ਹਰਿ ਪਾਓ ਸ਼ਾਹੋ ਸ਼ਾਬਾਸ਼ਾ । ਸਾਚਾ ਨਾਮ ਦੁੱਖਾਂ ਰੋਗਾਂ ਕਰੇ ਨਾਸਾ । ਸਾਚਾ ਨਾਮ ਬੇਮੁਖਾਂ ਹੱਥ ਫੜਾਏ ਝੂਠਾ ਕਾਸਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਹੱਥ ਨਾ ਆਏ ਸ੍ਰਿਸ਼ਟ ਸਬਾਈ ਹੋਏ ਨਾਸ । ਗੁਰਮੁਖ ਸ਼ਬਦ ਅਧਾਰ ਹੈ । ਬੇਮੁਖ ਜਗਤ ਖਵਾਰ ਹੈ । ਗੁਰਮੁਖ ਚਰਨ ਪਿਆਰ ਹੈ । ਬੇਮੁਖ ਆਤਮ ਝੂਠੀ ਕਾਰ ਹੈ । ਗੁਰਮੁਖ ਸ਼ਬਦ ਅਸਵਾਰ ਹੈ । ਬੇਮੁਖ ਮੂੰਹ ਦੇ ਭਾਰ ਹੈ । ਗੁਰਮੁਖ ਸਚ ਵਿਹਾਰ ਹੈ । ਬੇਮੁਖ ਉਲਟੀ ਕਾਰ ਹੈ । ਗੁਰਮੁਖ ਚਰਨ ਕਵਲ ਕਵਲ ਚਰਨ ਏਕਾ ਕਰੇ ਪਿਆਰ ਹੈ । ਬੇਮੁਖਾਂ ਆਤਮ ਹੰਗਤਾ ਕਰੇ ਖਵਾਰ ਹੈ । ਗੁਰਮੁਖ ਆਤਮ ਸੱਚੀ ਧੁਨਕਾਰ ਹੈ । ਬੇਮੁਖ ਆਤਮ ਲੋਭ ਮਾਇਆ ਭਰਮਾਰ ਹੈ ।

ਗੁਰਸਿਖ ਏਕਾ ਰੰਗ ਕਰਤਾਰ ਹੈ । ਬੇਮੁਖ ਦਰ ਦਰ ਰਹੇ ਝੱਖ ਮਾਰ ਹੈ । ਗੁਰਸਿਖ ਹੱਥ ਫੜੀ ਸ਼ਬਦ ਕਟਾਰ ਹੈ । ਬੇਮੁਖ ਵਹਿੰਦੇ ਲਹਿੰਦੀ ਧਾਰ ਹੈ । ਗੁਰਮੁਖ ਜਾਏ ਸਚ ਦਰਬਾਰ ਹੈ । ਬੇਮੁੱਖ ਝੂਠਾ ਪਸਰ ਪਸਾਰ ਹੈ । ਗੁਰਮੁਖ ਹਉਮੇ ਤ੍ਰਿਸ਼ਨਾ ਮਾਰ ਹੈ । ਬੇਮੁਖ ਹਿੰਸਾ ਰੋਗ ਅਪਾਰ ਹੈ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਰੰਗ ਚੜ੍ਹਾਇਆ ਅਪਰ ਅਪਾਰ ਹੈ । ਗੁਰਮੁਖਾਂ ਰੰਗ ਰੰਗਾਇਆ । ਬੇਮੁਖਾਂ ਨੰਗ ਕਰਾਇਆ । ਗੁਰਮੁਖਾਂ ਸੰਗ ਰਲਾਇਆ । ਬੇਮੁਖਾਂ ਦਰ ਦੁਰਕਾਇਆ । ਗੁਰਮੁਖਾਂ ਜੋੜ ਜੁੜਾਇਆ । ਬੇਮੁਖਾਂ ਮੋੜ ਮੁੜਾਇਆ । ਗੁਰਮੁਖਾਂ ਕਾਇਆ ਕੋਹੜ ਦੇ ਹਟਾਇਆ । ਬੇਮੁਖ ਝੂਠਾ ਚੋਰ ਜਗਤ ਰਹਿਣ ਨਾ ਪਾਇਆ । ਗੁਰਮੁਖ ਸਾਚਾ ਸ਼ਬਦ ਘੋੜੇ ਹਰਿ ਆਪ ਚੜ੍ਹਾਇਆ । ਬੇਮੁਖ ਮਾਇਆ ਝੂਠੀ ਦੌੜ ਆਪ ਲਗਾਇਆ । ਗੁਰਮੁਖ ਹਰਿ ਕੇ ਪੋੜ ਹਰਿ ਵਖਾਇਆ । ਕਲਜੁਗ ਜੀਵ ਕੌੜਾ ਰੀਠ ਭੰਨ ਵਖਾਇਆ । ਗੁਰ ਸਾਚਾ ਵਿਚ ਮਾਤ ਹਰਿ ਸਾਚੇ ਲੜ ਲਾਇਆ । ਬੇਮੁਖ ਬਾਹੋਂ ਫੜ ਦਰ ਦਰਬਾਰੋਂ ਬਾਹਰ ਧਕਾਇਆ । ਗੁਰਮੁਖ ਸਾਚਾ ਏਕਾ ਘਰ ਜਾਏ, ਪ੍ਰਭ ਸੋਹੰ ਸਾਚਾ ਹਰਿ ਸੁਣਾਇਆ । ਬੇਮੁਖਾਂ ਅੰਦਰ ਜਾਏ ਵੜ, ਸ਼ਬਦ ਡੰਡਾ ਮਗਰ ਲਗਾਇਆ । ਗੁਰਮੁਖ ਸਾਚੇ ਆਤਮ ਫੜ, ਪ੍ਰਭ ਆਪਣੀ ਸਰਨ ਲਗਾਇਆ । ਬੇਮੁਖਾਂ ਪ੍ਰਭ ਉਖਾੜੇ ਜੜ੍ਹ, ਨਰਕ ਨਿਵਾਸ ਰਖਾਇਆ । ਗੁਰਮੁਖ ਸਾਚਾ ਸਾਚੇ ਅੰਦਰ ਜਾਏ ਵੜ, ਹਰਿ ਜੋਤੀ ਜੋਤ ਸਮਾਇਆ । ਬੇਮੁਖ ਝੂਠੇ ਜਾਇਣ ਝੜ, ਪ੍ਰਭ ਅਬਿਨਾਸ਼ੀ ਦੇ ਸਜਾਇਆ । ਗੁਰਮੁਖ ਦਰ ਦਵਾਰੇ ਖੜ, ਪ੍ਰਭ ਅਬਿਨਾਸ਼ੀ ਦੇਵੇ ਦਰਸ ਰੂਪ ਸਵਾਇਆ । ਬੇਮੁਖ ਵਹਿੰਦੇ ਵਹਿਣ ਗਏ ਹੜ੍ਹ, ਸਾਚਾ ਰਾਹ ਨਜ਼ਰ ਨਾ ਆਇਆ । ਗੁਰਮੁਖ ਸਾਚੇ ਸਾਚੀ ਸ਼ਬਦ ਘੋੜੀ ਗਏ ਚੜ੍ਹ, ਅਸਵ ਅਸਵਾਰ ਆਪ ਬਣਾਇਆ । ਬੇਮੁਖ ਝੂਠੇ ਧੰਦੇ ਗਏ ਫੜ, ਰਸਨਾ ਭੇੜ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਾਣ ਦਵਾਇਆ । ਗੁਰਮੁਖਾਂ ਹਰਿ ਦੇਵੇ ਨਾਮ ਨਿਸ਼ਾਨ ਹੈ । ਬੇਮੁਖ ਨਾ ਸਕੇ ਪਛਾਣ ਹੈ । ਪ੍ਰਭ ਦੀ ਮਹਿੰਮਾ ਜਗਤ ਮਹਾਨ ਹੈ । ਗੁਰਮੁਖ ਵਿਰਲੇ ਕਰੇ ਚਤੁਰ ਸੁਜਾਨ ਹੈ । ਪ੍ਰਭ ਅਬਿਨਾਸ਼ੀ ਜਿਸ ਦੀਆਂ ਚਰਨ ਧਿਆਨ ਹੈ । ਏਕਾ ਸ਼ਬਦ ਸੁਣਾਇਆ ਕਾਨ ਹੈ । ਅਨਹਦ ਧੁਨ ਸੱਚੀ ਧੁਨਕਾਨ ਹੈ । ਗੁਰਮੁਖ ਆਤਮ ਜਾਏ ਮਾਨ ਹੈ । ਪ੍ਰਭ ਸਾਚਾ ਦੇਵੇ ਬ੍ਰਹਮ ਗਿਆਨ ਹੈ । ਏਕਾ ਜੋਤ ਧਰੇ ਮਹਾਨ ਹੈ । ਸ਼ਬਦ ਸਰੂਪੀ ਆਪ ਭਗਵਾਨ ਹੈ । ਸਚ ਧਰਮ ਦਾ ਇਕ ਨਿਸ਼ਾਨ ਹੈ । ਬਾਕੀ ਝੂਠਾ ਸਭ ਜਹਾਨ ਹੈ । ਮਾਤ ਜੋਤ ਧਰੇ ਵਾਲੀ ਦੋ ਜਹਾਨ ਹੈ । ਆਪਣੇ ਰੰਗ ਰੰਗੇ ਵਡ ਦਾਤਾ ਮਿਹਰਬਾਨ ਹੈ । ਸੋਹੰ ਦੇਵੇ ਸਚ ਕਰਾਮਾਤ ਵਿਚ ਜਹਾਨ ਹੈ । ਗੁਰਮੁਖ ਸਾਚੇ ਲੱਖ ਚੁਰਾਸੀ ਵਿਚੋਂ ਛਾਨ ਹੈ । ਆਪ ਚੜ੍ਹਾਏ ਸ਼ਬਦ ਬਬਾਨ ਹੈ । ਸਾਚੀ ਦਰਗਹਿ ਦੇਵੇ ਮਾਣ ਹੈ । ਜਿਥੇ ਵਸੇ ਹਰਿ ਭਗਵਾਨ ਹੈ । ਏਕਾ ਜੋਤ ਜਗੇ ਮਹਾਨ ਹੈ । ਦੂਸਰ ਕੋਈ ਨਾ ਹੋਰ ਅਸਥਾਨ ਹੈ । ਪ੍ਰਭ ਅਬਿਨਾਸ਼ੀ ਜੋਤ ਪ੍ਰਕਾਸ਼ੀ ਦਿਵਸ ਰੈਣ ਸਦਾ ਬਿਰਾਜਮਾਨ ਹੈ । ਤੇਜ ਕੋਟਨ ਭਾਨ ਹੈ । ਕਿਆ ਕੋਈ ਕਰੇ ਪਛਾਣ ਹੈ । ਕਲਜੁਗ ਜੀਵ ਮੂਰਖ ਮੁਗਧ ਅੰਵਾਣ ਹੈ । ਪ੍ਰਭ ਸਾਚਾ ਏਕਾ ਜੋਤੀ ਜੋਤ ਮਿਲਾਣ ਹੈ । ਜੋ ਜਨ ਚਰਨੀ ਡਿਗੇ ਆਣ ਹੈ । ਉਜਲ ਮੁਖ ਵਿਚ ਜਹਾਨ ਹੈ । ਮਾਤ ਕੁੱਖ ਸੁਫਲ ਕਰਾਨ ਹੈ । ਬੇਮੁੱਖ ਧੱਕੇ ਖਾਨ ਹੈ । ਦਰਗਹਿ ਕਿਤੇ ਨਾ ਮਿਲੇ ਥਾਨ ਹੈ । ਧਰਮ ਰਾਏ ਦੇ ਅੱਗੇ ਲਾਨ ਹੈ । ਕਰੇ ਕਰਾਏ ਆਪ ਭਗਵਾਨ ਹੈ । ਪੁੱਠੇ ਟੰਗੇ ਦਰ ਬਹਾਨ ਹੈ । ਦੇਵੇ ਸਜ਼ਾ ਆਪ ਸਜ਼ਾਵਾਨ ਹੈ । ਮੰਦੇ ਚੰਗੇ ਪਰਖ ਪਛਾਣ ਹੈ । ਪਾਪੀ ਗੰਦੇ ਅਧਰਮ ਦੁਕਾਨ ਹੈ । ਆਤਮ

ਅੰਧੇ ਕਰੇ ਪਛਾਣ ਹੈ । ਕਿਉਂ ਵੱਜੇ ਆਤਮ ਜਿੰਦੇ, ਨਾ ਮਿਲਿਆ ਹਰਿ ਭਗਵਾਨ ਹੈ । ਹਰਿ ਸਾਚਾ ਰਸਨ ਨਾ ਗਾਇਆ ਬੱਤੀ ਦੰਦੇ, ਆਤਮ ਭਰੀ ਸਰਬ ਅਭਿਮਾਨ ਹੈ । ਪਾਪਾਂ ਭਾਰ ਉਠਾਇਆ ਕੰਧੇ, ਲੈ ਜਾਣਾ ਬੜਾ ਮਹਾਨ ਹੈ । ਕਲਜੁਗ ਜੀਵ ਕਲਜੁਗ ਝੂਠੇ ਧੰਦੇ, ਅੰਤਮ ਕੋਈ ਨਾ ਕਿਸੇ ਛੁਡਾਨ ਹੈ । ਆਪ ਬਣਾਏ ਸਾਚੇ ਬੰਦੇ, ਜਿਸ ਦੇਵੇ ਧਰਮ ਧਿਆਨ ਹੈ । ਸੋਹੰ ਸ਼ਬਦ ਹਰਿ ਸਾਚਾ ਰੰਦੇ, ਦੁਰਮਤ ਮੈਲ ਉਡਾਨ ਹੈ । ਪ੍ਰਭ ਅਬਿਨਾਸ਼ੀ ਸਦਾ ਬਖ਼ਸ਼ਿੰਦੇ, ਗੁਰ ਚਰਨ ਕਰੇ ਜੋ ਧਿਆਨ ਹੈ । ਆਪ ਬਣਾਏ ਸਾਚੇ ਬੰਦੇ, ਸਾਚਾ ਦੇਵੇ ਨਾਮ ਨਿਸ਼ਾਨ ਹੈ । ਧਰਮ ਰਾਏ ਨਾ ਪਾਏ ਫੰਦੇ, ਹੋਏ ਸਹਾਈ ਵੇਲੇ ਅੰਤ ਆਣ ਹੈ । ਆਪ ਚੜ੍ਹਾਏ ਆਪ ਤੁੜਾਏ ਆਤਮ ਜਿੰਦੇ, ਏਕਾ ਜੋਤ ਮਹਾਨ ਹੈ । ਕਾਇਆ ਅੰਧੇਰੀ ਡੂੰਘੀ ਖੱਡੇ, ਏਕਾ ਰੰਗ ਰੰਗੇ ਹਰਿ ਰੰਗਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਦੇਵੇ ਸ਼ਬਦ ਗਿਆਨ ਹੈ । ਸ਼ਬਦ ਭੰਡਾਰਾ ਦੇਵੇ ਵੰਡ । ਗੁਰਮੁਖਾਂ ਪਾਏ ਠੰਡ । ਆਪ ਬੰਧਾਏ ਸਾਚੀ ਗੰਢ । ਬੇਮੁਖਾਂ ਆਤਮ ਹੋਈ ਰੰਡ । ਘਰ ਘਰ ਭੱਜੇ ਫਿਰਨ ਹੋਇਣ ਖੰਡ ਖੰਡ । ਅੰਤਰ ਝੂਠਾ ਰਿਹਾ ਘਮੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਏਕਾ ਸ਼ਬਦ ਦਵਾਏ ਸਾਚੇ ਮਾਰਗ ਪਾਏ । ਸਚ ਸੁੱਚ ਦਾ ਰਾਹ ਦਿਸਾਏ । ਏਕਾ ਰੰਗਤ ਨਾਮ ਚੜ੍ਹਾਏ । ਦੂਜੇ ਦਰ ਨਾ ਮੰਗਣ ਜਾਏ । ਅੰਮ੍ਰਿਤ ਆਤਮ ਸੀਰ ਪਿਲਾਏ । ਦਸਮ ਦਵਾਰਾ ਆਪ ਖੁਲ੍ਹਾਏ । ਜੋ ਜਨ ਚਰਨੀ ਆਏ । ਕਰ ਕਿਰਪਾ ਪਾਰ ਲੰਘਾਏ । ਆਪੇ ਫੜੇ ਸਾਚਾ ਲੜ । ਸਾਚੀ ਦਰਗਹਿ ਲਏ ਬਹਾਏ । ਹਰਿ ਕੀ ਪੌੜੀ ਜਾਏ ਚੜ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਦਇਆ ਕਮਾਏ ਦੀਨ ਕਾ ਦਾਤਾ । ਪ੍ਰਭ ਅਬਿਨਾਸ਼ੀ ਪੁਰਖ ਬਿਧਾਤਾ । ਸਰਬ ਜੀਆਂ ਹਰਿ ਆਪ ਪਛਾਤਾ । ਦਿਵਸ ਰੈਣ ਰੈਣ ਦਿਵਸ ਏਕਾ ਰੰਗ ਰਾਤਾ । ਗੁਰਮੁਖ ਸਾਚੇ ਆਪ ਬਣਾਏ ਸਾਕ ਸੱਜਣ ਸੈਣ, ਚਰਨ ਪ੍ਰੀਤੀ ਬਖ਼ਸ਼ੇ ਸਾਚਾ ਨਾਤਾ । ਸਾਚਾ ਲਹਿਣਾ ਪ੍ਰਭ ਦਰ ਲੈਣ, ਦੇਵਣਹਾਰ ਇਕ ਰਘੁਰਾਤਾ । ਦਰਸ ਦਿਖਾਏ ਤਰਸ ਕਮਾਏ ਹਰਸ ਮਿਟਾਏ ਪ੍ਰਗਟ ਹੋਵੇ ਤੀਜੇ ਨੈਣ, ਸਰਬ ਗੁਣਾਂ ਗੁਣ ਦਾਤਾ । ਗੁਰ ਸੰਗਤ ਬਣਾਏ ਭਾਈ ਭੈਣ, ਚਾਰ ਵਰਨ ਹਰਿ ਇਕ ਕਰਾਤਾ । ਰਾਓ ਰੰਕ ਇਕ ਥਾਨ ਬਹਿਣ, ਸਤਿਜੁਗ ਸਾਚਾ ਲਾਤਾ । ਬੇਮੁਖ ਜੂਠੇ ਝੂਠੇ ਪਾਇਣ ਵੈਣ, ਪ੍ਰਭ ਅਬਿਨਾਸ਼ੀ ਨਾ ਕਿਸੇ ਪਛਾਤਾ । ਗੁਰਮੁਖ ਗੁਰਸਿਖ ਤੇਰੇ ਦਰ ਸੁਹਾਈ ਸਾਚੀ ਰੈਣ, ਅਗਿਆਨ ਅੰਧੇਰ ਸਰਬ ਮਿਟਾਤਾ । ਬੇਮੁਖਾਂ ਦਿਵਸ ਰੈਣ ਰੈਣ ਦਿਵਸ ਨਾ ਲੈਣ ਦੇਵੇ ਚੈਨ, ਆਤਮ ਅੱਠੇ ਪਹਿਰ ਭੇਖ ਭੁਖਾਤਾ । ਗੁਰ ਸੰਗਤ ਵਿਚ ਸਕੇ ਨਾ ਬਹਿਣ, ਏਕਾ ਸ਼ਬਦ ਹਰਿ ਤੀਰ ਚਲਾਤਾ । ਦਰਸ ਨਾ ਪੇਖੇ ਹਰਿ ਪ੍ਰਭ ਨਾ ਦੇਖੇ ਸਾਚੇ ਨੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਕਰੇ ਸਰਬ ਪਛਾਣ । ਪ੍ਰਭ ਅਬਿਨਾਸ਼ੀ ਸਰਬ ਪਛਾਣੇ । ਸਰਬ ਜੀਆਂ ਦੀ ਆਪੇ ਜਾਣੇ । ਕਲਜੁਗ ਜੀਵ ਨਾ ਭੁੱਲ ਨਿਧਾਨੇ । ਹਰਿ ਕਾ ਭੇਵ ਕਿਆ ਕੋਈ ਜਾਣੇ । ਝੂਠਾ ਪੜ੍ਹਿਆ ਗੋਦ ਵਖਾਣੇ । ਆਤਮ ਸਵਾਦ ਨਾ ਰਸਨਾ ਜਾਣੇ । ਅਗਾਧ ਬੋਧ ਬੋਧ ਅਗਾਧ ਹਰਿ ਸਾਚਾ ਲੇਖ ਲਿਖਾਣੇ । ਗੁਰਮੁਖਾਂ ਆਤਮ ਸੋਧ, ਪ੍ਰਭ ਸਾਚਾ ਮਾਰਗ ਪਾਣੇ । ਪ੍ਰਭ ਅਬਿਨਾਸ਼ੀ ਵਡ ਜੋਧਨ ਜੋਧ ਤਖ਼ਤੋਂ ਲਾਹੇ ਰਾਜੇ ਰਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਆਪਣੇ ਭਾਣੇ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਸਾਚਾ ਸ਼ਬਦ ਲਿਖਤ ਲੇਖ ਲਿਖਾਵਣਾ । ਲਿਖਿਆ ਸ਼ਬਦ ਨਾ ਕਿਸੇ ਮਿਟਾਵਣਾ । ਵਰਤੇ ਵਰਤਾਵੇ ਜੋ ਪ੍ਰਭ ਅਬਿਨਾਸ਼ੀ ਸਾਚਾ ਲੇਖ ਲਿਖਾਵਣਾ । ਕਿਆ ਕੋਈ ਕਰੇ ਝੂਠੇ ਦਾਅਵੇ, ਪ੍ਰਭ ਅਬਿਨਾਸ਼ੀ

ਭੇਵ ਕਿਸੇ ਨਾ ਪਾਵਣਾ । ਆਪੇ ਲਾਵੇ ਸਾਚੇ ਨਾਂਵੇਂ, ਜਿਸ ਜਨ ਦਇਆ ਕਮਾਵਣਾ । ਆਪੇ ਪਕੜੇ ਤਰਾਵੇ ਬਾਹੀਂ, ਪ੍ਰਭ ਆਪਣੀ ਸਰਨ ਤਰਾਵਣਾ । ਆਤਮ ਹੰਕਾਰੀ ਦੁਸ਼ਟ ਦੁਰਾਚਾਰੀ ਨਾ ਆਏ ਵਿਚਾਰੀ ਬੁੱਧੀ ਮਾਰੀ, ਆਤਮ ਸਿਧੀ ਨਾ ਪਾਏ ਸਾਰੀ, ਦਰ ਦਵਾਰਿਉਂ ਬਾਹਰ ਕਢਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਸਾਚਾ ਵਾਕ ਆਪ ਲਿਖਾਏ । ਰਾਜੇ ਰਾਣੇ ਤਖ਼ਤੋਂ ਲਾਹੇ । ਏਕਾ ਸ਼ਬਦ ਉਖੇੜਾ ਲਾਏ । ਏਕਾ ਗੇੜਾ ਆਪ ਦਵਾਏ । ਸ੍ਰਿਸ਼ਟੀ ਝੂਠਾ ਝੇੜਾ ਆਪ ਚੁਕਾਏ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ ਆਪ ਕਰਾਏ । ਬੇਮੁਖਾਂ ਨੇੜਾ ਵੇਲਾ ਆਏ । ਪ੍ਰਭ ਸਾਚਾ ਦੇ ਸਜਾਏ । ਗੁਰਮੁਖਾਂ ਪ੍ਰਭ ਬੰਨ੍ਹੇ ਬੇੜਾ, ਆਪਣੇ ਕੰਧ ਉਠਾਏ । ਆਪੇ ਲਾਏ ਸਾਚੇ ਲੇਖੇ, ਪ੍ਰਭ ਸਾਚਾ ਡੰਕ ਵਜਾਏ । ਵੇਲਾ ਗਿਆ ਹੱਥ ਨਾ ਆਏ । ਜੂਠੇ ਝੂਠੇ ਗਏ ਮੁਖ ਭਵਾਏ । ਹਰਿ ਸਾਚਾ ਧਾਮ ਸੁਹਾਏ । ਜਿਸ ਥਾਨ ਚਰਨ ਛੁਹਾਏ । ਸਤਿਜੁਗ ਸਾਚੇ ਮਾਣ ਦਵਾਏ । ਸਾਚੀ ਲਿਖਤ ਗਿਆ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਮਾਣ ਦਵਾਏ । ਦਰਗਹਿ ਸਾਚੀ ਸਿੱਖ ਪ੍ਰਵਾਨ । ਪ੍ਰਭ ਅਬਿਨਾਸ਼ੀ ਦੇਵੇ ਮਾਨ । ਕਿਆ ਕੋਈ ਕਰੇ ਜੀਵ ਪਛਾਣ । ਮੂਰਖ ਮੁਗਧ ਨਾ ਹੋਏ ਅੰਞਾਨ । ਆਪ ਬਣਾਏ ਆਤਮ ਗੋਲਿਆ, ਜਿਸ ਦੇਵੇ ਚਰਨ ਧਿਆਨ । ਪ੍ਰਭ ਅਬਿਨਾਸ਼ੀ ਸ਼ਾਹੋ ਕਿਸੇ ਪੂਰੇ ਤੋਲ ਨਾ ਤੋਲਿਆ, ਨਾ ਕੋਈ ਪਾਵੇ ਥਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਣ । ਰਸਨਾ ਗਾਓ ਗਹਿਰ ਗੰਭੀਰ । ਤੇਰੀ ਆਤਮ ਕਰੇ ਸ਼ਾਂਤ ਠਾਂਡਾ ਸਰੀਰ । ਏਕਾ ਸ਼ਬਦ ਲਗਾਏ ਆਤਮ ਤੀਰ । ਬਜ਼ਰ ਕਪਾਟੀ ਦੇਵੇ ਚੀਰ । ਅੰਮ੍ਰਿਤ ਮੁਖ ਪਿਲਾਏ ਸਾਚਾ ਸੀਰ । ਬੇਮੁਖਾਂ ਦਰ ਘਰ ਘਰ ਸਾਚੇ ਨਾ ਆਵੇ ਧੀਰ । ਆਵਣ ਜਾਵਣ ਘਤੀ ਵਹੀਰ । ਦਰ ਦਰ ਫਿਰਨ ਜਿਉਂ ਮੰਗਣ ਜਗਤ ਫਕੀਰ । ਬਿਨ ਪ੍ਰਭ ਪੂਰੇ ਕੋਈ ਨਾ ਕੱਟੇ ਹਉਮੇ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਲੱਥਣ ਨਾ ਦੇਵੇ ਚੀਰ । ਸਾਚਾ ਚੀਰਾ ਸ਼ਬਦ ਬੰਨ੍ਹਾਏ । ਸਾਚੀ ਰੰਗਣ ਨਾਮ ਚੜ੍ਹਾਏ । ਸਾਚਾ ਸਗਨ ਮੁਖ ਲਗਾਏ । ਪ੍ਰਭ ਦਰ ਮੰਗੀ ਸਾਚੀ ਮੰਗਣ, ਆਤਮ ਜੋਤੀ ਆਪ ਜਗਾਏ । ਆਪ ਆਪਣੇ ਰੱਖੇ ਸੰਗਣ, ਲੱਖ ਚੁਰਾਸੀ ਗੇੜ ਕਟਾਏ । ਬੇਮੁਖ ਭੰਨੇ ਜਿਉਂ ਕਾਚੀ ਵੰਗ, ਵੇਲਾ ਅੰਤ ਗਿਆ ਕਲ ਆਏ । ਗੁਰਮੁਖਾਂ ਨਿਭਾਏ ਸਾਚਾ ਸੰਗ, ਜੋਤ ਸਰੂਪੀ ਜਾਮਾ ਪਾਏ । ਗੁਰਮੁਖ ਸਾਚਾ ਪ੍ਰਭ ਦਰ ਮੰਗੇ ਸਾਚੀ ਮੰਗ, ਨਾਮ ਦਾਨ ਹਰਿ ਭਿਛਿਆ ਪਾਏ । ਹੋਏ ਸਹਾਏ ਸਦਾ ਅੰਗ ਸੰਗ, ਦਿਵਸ ਰੈਣ ਏਕਾ ਰੰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਸੰਗ ਨਿਭਾਏ । ਸਾਚਾ ਸੰਗ ਸੱਜਣ ਸੁਹੇਲਾ । ਕਲਜੁਗ ਵੇਲਾ ਅੰਤ ਕਰਾਇਆ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਕਲਜੁਗ ਜੀਵ ਸੋਏ ਗੂੜ੍ਹੀ ਨੀਂਦ ਪ੍ਰਭ ਬੇੜਾ ਸ਼ੌਹ ਦਰਿਆ ਠੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਏਕਾ ਰੰਗ ਰੰਗਾਏ ਸਾਚਾ ਰੰਗ ਨਵੇਲਾ । ਸ਼ਬਦ ਯੋਗ ਕਲ ਸਤਿ ਹੈ, ਰਸਨਾ ਹਰਿ ਗੁਣ ਗਾਓ । ਸ਼ਬਦ ਯੋਗ ਕਲ ਸਤਿ ਹੈ, ਸਾਚਾ ਧਰਮ ਮਾਤ ਰਖਾਓ । ਸ਼ਬਦ ਯੋਗ ਕਲ ਸਤਿ ਹੈ, ਆਤਮ ਬ੍ਰਹਮ ਬੂਝ ਬੁਝਾਓ । ਸ਼ਬਦ ਯੋਗ ਕਲ ਸਤਿ ਹੈ, ਏਕਾ ਦੂਜ ਭੇਵ ਚੁਕਾਓ । ਸ਼ਬਦ ਯੋਗ ਕਲ ਸਤਿ ਹੈ, ਗੁਰਮੁਖ ਗੁਰ ਚਰਨ ਝੂਜ ਵਖਾਓ । ਸ਼ਬਦ ਯੋਗ ਕਲ ਸਤਿ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵੱਛ ਸਰੂਪੀ ਪ੍ਰਭ ਅਬਿਨਾਸ਼ੀ ਦਰਸ਼ਨ ਪਾਓ । ਸਵੱਛ ਸਰੂਪੀ ਦਰਸ਼ਨ ਪਾਵਣਾ । ਬਿਨ ਰੰਗ ਰੂਪੀ ਹਰਿ ਹਿਰਦੇ ਵਿਚ ਵਸਾਵਣਾ । ਆਤਮ ਹੋਈ ਅੰਧ

੧੫੬ ੦੩

ਕੂਪੀ ਸਾਚਾ ਦੀਪਕ ਜੋਤ ਜਗਾਵਣਾ । ਪ੍ਰਗਟ ਹੋਏ ਸਤਿ ਸਰੂਪੀ, ਅੰਧ ਅੰਧੇਰ ਸਰਬ ਮਿਟਾਵਣਾ । ਪ੍ਰਭ ਅਬਿਨਾਸ਼ੀ ਵਡ ਭੂਪਨ ਭੂਪੀ, ਲੇਖਾ ਸਰਬ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਆਪ ਅਖਵਾਵਣਾ । ਨਿਹਕਲੰਕ ਹਰਿ ਜਾਮਾ ਧਾਰ । ਵਿਚ ਮਾਤ ਲਿਆ ਅਵਤਾਰ । ਜੋਤ ਸਰੂਪੀ ਖੇਲ ਅਪਰ ਅਪਾਰ । ਗੁਰਮੁਖ ਵਿਰਲਾ ਪਾਵੇ ਸਾਰ । ਜਿਸ ਜਨ ਬਖ਼ਸ਼ੇ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਕਰੇ ਅਪਾਰ । ਮਾਤਲੋਕ ਹਰਿ ਜਾਮਾ ਧਾਰਿਆ । ਆਵੇ ਜਾਵੇ ਵਾਰੋ ਵਾਰਿਆ । ਸ੍ਰਿਸ਼ਟ ਸਬਾਈ ਭਰਮ ਭੁਲੇਖੇ ਆਪ ਭੁਲਾ ਰਿਹਾ । ਜੋ ਜਨ ਆਏ ਨੇਤਰ ਪੇਖੇ ਪ੍ਰਭ ਆਤਮ ਜੋਤੀ ਆਪ ਜਗਾ ਰਿਹਾ । ਚਾਰ ਵਰਨ ਕਰਾਏ ਏਕਾ ਗੋਤੀ, ਸਤਿਜੁਗ ਸਾਚਾ ਰਾਹ ਚਲਾ ਰਿਹਾ । ਗੁਰਮੁਖ ਬਣਾਏ ਮਾਣਕ ਮੋਤੀ, ਹਰਿ ਆਪਣੇ ਗਲ ਲਟਕਾ ਰਿਹਾ । ਸ੍ਰਿਸ਼ਟ ਸਬਾਈ ਰਹੀ ਸੋਤੀ, ਪ੍ਰਭ ਮਾਇਆ ਪਰਦਾ ਪਾ ਰਿਹਾ । ਆਤਮ ਬੁਝੀ ਸਾਚੀ ਜੋਤੀ, ਅਗਿਆਨ ਅੰਧੇਰ ਵਿਚ ਪਸਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਸਾਚਾ ਧਰਮ ਸਾਚਾ ਬ੍ਰਹਮ ਵਿਚ ਮਾਤ ਧਰਾ ਰਿਹਾ । ਮਾਤਲੋਕ ਹਰਿ ਜਾਮਾ ਧਾਰੇ । ਪਾਰਬ੍ਰਹਮ ਪੂਰਨ ਅਵਤਾਰੇ । ਤੀਨ ਲੋਕ ਏਕਾ ਜੋਤ ਅਧਾਰੇ । ਖੰਡ ਬ੍ਰਹਿਮੰਡ ਵਰਭੰਡ ਸਰਬ ਥਾਈਂ ਹਰਿ ਪਸਾਰੇ । ਲੱਖ ਚੁਰਾਸੀ ਪ੍ਰਭ ਅਬਿਨਾਸ਼ੀ ਜੋਤ ਅਧਾਰੇ । ਗੁਰਮੁਖਾਂ ਕਰੇ ਬੰਦ ਖਲਾਸੀ, ਸਾਚਾ ਦੇਵੇ ਨਾਮ ਅਧਾਰੇ । ਮਾਨਸ ਜਨਮ ਕਰਾਏ ਰਹਿਰਾਸੇ, ਜੋ ਜਨ ਕਰੇ ਚਰਨ ਪਿਆਰੇ । ਆਪਣਾ ਭੇਵ ਸਰਬ ਖਲਾਸੀ, ਨਾ ਕੋਈ ਝੂਠਾ ਡੰਕ ਡਫਾਰੇ । ਰਾਜਾ ਰਾਣਾ ਸਭ ਚਰਨੀ ਲਾਸੀ, ਊਚ ਨੀਚ ਨਾ ਕੋਈ ਵਿਚਾਰੇ । ਸ਼ਾਹ ਸੁਲਤਾਨ ਸਭ ਦਾ ਮਾਣ ਗਵਾਸੀ, ਏਕਾ ਸ਼ਬਦ ਉਠਾਏ ਖੰਡਾ ਦੋ ਧਾਰੇ ।

੧੫੭ ੦੩ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਤੀਨ ਲੋਕ ਚਮਤਕਾਰੇ । ਏਕਾ ਜੋਤ ਕਰੇ ਪ੍ਰਕਾਸ਼ । ਸ੍ਰਿਸ਼ਟ ਸਬਾਈ ਜਾਏ ਵਿਨਾਸ਼ । ਪ੍ਰਭ ਅਬਿਨਾਸ਼ੀ ਸਦ ਅਬਿਨਾਸ਼ । ਗੁਰਮੁਖਾਂ ਸਦ ਵਸੇ ਪਾਸ । ਬੇਮੁਖ ਦਰ ਤੋਂ ਜਾਇਣ ਨਾਸ । ਏਕਾ ਸ਼ਬਦ ਆਪ ਚਲਾਏ ਬਾਣੀ ਅਕਾਸ਼ । ਗੁਰਮੁਖ ਸਾਚੇ ਜੋਤ ਜਗਾਏ, ਤੇਰੀ ਆਤਮ ਹੋਏ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਦਾਸਨ ਦਾਸ । ਦਾਸਨ ਦਾਸ ਸਾਚਾ ਮੀਤਾ । ਪ੍ਰਭ ਅਬਿਨਾਸ਼ੀ ਰਾਖੋ ਚੀਤਾ । ਏਕਾ ਸ਼ਬਦ ਮਾਣ ਦਵਾਏ । ਸੋਹੰ ਅਠਾਰਾਂ ਧਿਆਏ ਗੀਤਾ । ਕਲਜੁਗ ਅੰਤ ਕਰਾਏ, ਸਤਿਜੁਗ ਚਲਾਏ ਸਾਚੀ ਰੀਤਾ । ਸਾਚਾ ਨਾਮ ਨਿਧਾਨ ਗੁਰਮੁਖ ਵਿਰਲੇ ਪ੍ਰਭ ਦਰ ਪ੍ਰੀਤਾ । ਸਾਚਾ ਦੇਵੇ ਇਕ ਨਿਸ਼ਾਨ, ਜਿਸ ਜਨ ਰਸਨਾ ਚੀਤਾ । ਕਲਜੁਗ ਤੇਰਾ ਵਕਤ ਅਖੀਰੀ । ਪ੍ਰਭ ਅਬਿਨਾਸ਼ੀ ਆਪੇ ਲਾਹੇ ਤੇਰੀ ਚੀਰੀ । ਕੋਇ ਨਾ ਦੇਵੇ ਤੈਨੂੰ ਧੀਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਦੇਵੇ ਚੀਰੀ । ਸ੍ਰਿਸ਼ਟ ਸਬਾਈ ਚੀਰ ਚਿਰਾਏ । ਸ਼ਬਦ ਸਰੂਪੀ ਮਾਰ ਕਰਾਏ । ਏਕਾ ਧਾਰ ਆਪ ਰਖਾਏ । ਵਿਚ ਸੰਸਾਰ ਸਾਚੀ ਕਾਰ ਕਰਾਏ । ਏਕਾ ਸ਼ਬਦ ਸੱਚੀ ਧੁਨਕਾਰ ਹਰਿ ਸਾਚਾ ਆਪ ਉਪਜਾਏ । ਚਾਰ ਕੁੰਟ ਕਰਾਏ ਜੈ ਜੈਕਾਰ ਸਾਚਾ ਡੰਕ ਵਜਾਏ । ਸੁਣੇ ਸ਼ਬਦ ਜਨ ਅਪਰ ਅਪਾਰ । ਹਉਮੇ ਰੋਗ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਚਿੰਤਾ ਸੋਗ ਮਿਟਾਏ । ਗੁਰਮੁਖਾਂ ਆਤਮ ਦੁੱਖ ਮਿਟਾਵਣਾ । ਸਾਚਾ ਸੁਖ ਹਰਿ ਆਪ ਉਪਜਾਵਣਾ । ਉਜਲ ਮੁਖ ਮਾਤ ਕਰਾਵਣਾ । ਹਉਮੇ ਦੁੱਖ ਰੋਗ ਨਸ਼ਟ ਕਰਾਵਣਾ । ਏਕਾ ਇਸ਼ਟ ਆਪ ਰਖਾਵਣਾ । ਸਾਚੀ ਦ੍ਰਿਸ਼ਟ ਆਪ ਖੁਲ੍ਹਾਵਣਾ । ਆਤਮ ਭਰਿਸ਼ਟ ਸਰਬ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ

ਹਰਿ ਜਾਮਾ ਧਾਰੇ ਜਿਉਂ ਧਾਰੇ ਰੂਪ ਬਾਵਨਾ । ਬਾਵਨ ਰੂਪ ਜਿਉਂ ਹਰਿ ਧਰਿਆ । ਮੰਗਣ ਆਇਆ ਬਲ ਦਵਾਰਿਆ । ਕਰੇ ਖੇਲ ਅਪਰ ਅਪਾਰਿਆ । ਆਪ ਭੁਲਾਏ ਵਡ ਵਡ ਦਰਬਾਰਿਆ । ਭੇਵ ਕੋਈ ਨਾ ਪਾਏ ਨਾ ਕਿਸੇ ਵਿਚਾਰਿਆ । ਏਕਾ ਰੰਗ ਏਕਾ ਸੰਗ ਆਦਿ ਜੁਗਾਦੀ ਸਰਬ ਵਿਸਮਾਦੀ ਆਪਣਾ ਆਪ ਵਰਤਾ ਰਿਹਾ । ਆਪ ਆਪਣਾ ਕਰੇ ਵਰਤਾਰਾ । ਕਿਆ ਕੋਈ ਜਾਣੇ ਜੀਵ ਵਿਚਾਰ । ਆਪੇ ਪਾਵੇ ਸਰਬ ਸਾਰਾ । ਆਪੇ ਦੇਵੇ ਨਾਮ ਪਿਆਰਾ । ਆਪਣਾ ਆਪ ਕਰਮ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਉਠਾਏ ਵਿਚ ਮਾਤ ਦੋ ਧਾਰਾ । ਸੋਹੰ ਖੰਡਾ ਸ਼ਬਦ ਦੋ ਧਾਰੀ । ਕਰੇ ਖੇਲ ਅਪਰ ਅਪਾਰੀ । ਵੇਖੇ ਸ੍ਰਿਸ਼ਟੀ ਸਾਰੀ । ਚਾਰ ਕੁੰਟ ਹੋਏ ਖੁਆਰੀ । ਭੱਜੇ ਫਿਰਨ ਨਰ ਨਾਰੀ । ਉਜੜੀ ਮਾਤਲੋਕ ਕਲਜੁਗ ਤੇਰੀ ਅੰਤ ਕਿਨਾਰੀ । ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਇਕੱਠੀ ਵੱਢੇ ਹਾੜੀ । ਬੇਮੁਖਾਂ ਕਲਜੁਗ ਅੰਤਮ ਅੰਤ ਨਾ ਦਿਸੇ ਪਿੱਛਾ ਅਗਾੜੀ । ਪ੍ਰਭ ਅਬਿਨਾਸ਼ੀ ਆਪ ਚਬਾਏ ਆਪਣੀ ਦਾੜ੍ਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤਾਰੇ ਜੋ ਜਨ ਚਰਨ ਛੁਹਾਏ ਦਾਹੜੀ । ਚਰਨ ਧੂੜ ਸਾਚਾ ਇਸ਼ਨਾਨਾ । ਆਤਮ ਜੋਤ ਜਗੇ ਮਹਾਨਾ । ਹਰਿ ਆਤਮ ਦੇਵੇ ਬ੍ਰਹਮ ਗਿਆਨਾ । ਹੰਕਾਰ ਵਿਕਾਰ ਸਰਬ ਮਿਟਾਨਾ । ਏਕਾ ਧਾਰ ਸਰਬ ਰਖਾਨਾ । ਏਕਾ ਏਕੰਕਾਰ ਵਿਚ ਸੰਸਾਰ ਚਰਨ ਪਿਆਰ ਜਿਸ ਕਮਾਨਾ । ਕਰਮ ਵਿਚਾਰ ਹਰਿ ਸਰਨੀ ਲਾਨਾ । ਆਤਮ ਦਰ ਦਵਾਰ ਪ੍ਰਭ ਸਾਚੇ ਆਪ ਖੁਲ੍ਹਾਨਾ । ਜੋਤ ਸਰੂਪੀ ਕਰ ਅਕਾਰ, ਅੰਧ ਅੰਧੇਰ ਮਿਟਾਨਾ । ਏਕਾ ਸ਼ਬਦ ਸੱਚੀ ਧੁਨਕਾਰ, ਅਨਹਦ ਧੁਨ ਉਪਜਾਨਾ । ਗੁਰਮੁਖ ਵਿਰਲਾ ਕਰੇ ਵਿਚਾਰ ਜਿਸ ਹਰਿ ਸਾਚੀ ਬੂਝ ਬੁਝਾਵਨਾ । ਬੇਮੁਖ ਰਹੇ ਦਰ ਘਰ ਸਾਚੇ ਝੱਖ ਮਾਰ, ਪ੍ਰਭ ਅਬਿਨਾਸ਼ੀ ਭੇਵ ਨਾ ਜਾਨਾ । ਕਿਆ ਕੋਈ ਕਰੇ ਜੀਵ ਗਵਾਰਾ, ਆਪਣੇ ਭਾਣੇ ਆਪ ਚਲਾਨਾ । ਸ਼ਬਦ ਸਰੂਪੀ ਹਰਿ ਫੜੇ ਕਟਾਰ, ਪੰਚ ਦੂਤ ਹਰਿ ਨਸ਼ਟ ਕਰਾਵਣਾ । ਗੁਰਸਿਖਾਂ ਹਰਿ ਜਾਏ ਤਾਰ, ਕਲ ਸਾਚੇ ਮਾਰਗ ਲਾਵਨਾ । ਜੋਤ ਸਰੂਪੀ ਸ਼ਬਦ ਪਿਆਰ, ਸਾਚੇ ਮਾਰਗ ਪਾਵਨਾ । ਸਤਿਜੁਗ ਤੇਰਾ ਕਰਮ ਵਿਚਾਰ, ਵਿਚ ਮਾਤ ਜਨਮ ਦਵਾਵਨਾ । ਕਲਜੁਗ ਅੰਤਮ ਕਰ ਖਵਾਰ, ਪ੍ਰਭ ਅਬਿਨਾਸ਼ੀ ਨਸ਼ਟ ਕਰਾਵਣਾ । ਸਚ ਸੁੱਚ ਹਰਿ ਕਰ ਵਰਤਾਰ, ਝੂਠ ਜੂਠ ਰਹਿਣ ਨਾ ਪਾਵਣਾ । ਏਕਾ ਸ਼ਬਦ ਚਲੇ ਅਪਰ ਅਪਾਰ, ਚਾਰ ਵਰਨ ਹਰਿ ਸਰਨੀ ਲਾਵਣਾ । ਚਾਰ ਵਰਨ ਹਰਿ ਏਕਾ ਸਰਨ, ਮਰਨ ਡਰਨ ਗੇੜ ਚੁਕਾਵਣਾ । ਪ੍ਰਭ ਅਬਿਨਾਸ਼ੀ ਤਾਰਨ ਤਰਨ, ਆਪਣਾ ਭੇਵ ਆਪ ਖੁਲ੍ਹਾਵਣਾ । ਬੇਮੁਖ ਆਪਣਾ ਕੀਤਾ ਆਪ ਭਰਨ, ਵੇਲੇ ਅੰਤ ਜਿਸ ਬਚਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਕਲਜੁਗ ਵਰਤਾਵੇ ਭਾਵਨਾ । ਕਲਜੁਗ ਵਰਤੇ ਹੋਏ ਆਤਮ ਅੰਧ । ਆਤਮ ਹੋਈ ਪਾਪਾਂ ਕੰਧ । ਅੰਤਮ ਕਾਲ ਬੇਮੁਖਾਂ ਹੋਏ ਭਾਗ ਮੰਦ । ਪ੍ਰਭ ਅਬਿਨਾਸ਼ੀ ਨਾ ਗਾਇਆ ਬੱਤੀ ਦੰਦ । ਆਪ ਗਵਾਇਆ ਆਪਣਾ ਨਿਜ਼ਾਨੰਦ । ਹੱਥ ਨਾ ਆਇਆ ਗੁਰਮੁਖਾਂ ਸੰਗ ਨਾ ਕਮਾਇਆ ਕਿਸੇ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਦਵਾਰਾ ਕੀਨਾ ਬੰਦ । ਆਤਮ ਦਵਾਰ ਬੰਦ ਕਰਾ ਕੇ । ਇਕ ਅਫਾਰਾ ਤਨ ਰਖਾ ਕੇ । ਜੀਵ ਹੰਕਾਰਾ ਜਗਤ ਜਲਾਏ । ਆਏ ਸਚ ਦਵਾਰਾ ਅਨੰਦ ਵਿਨੋਦ ਰਸਨਾ ਗਾਏ । ਗੁਰਮੁਖ ਵਿਰਲੇ ਪ੍ਰਭ ਲਿਆ ਲਾਧ, ਚਰਨ ਪ੍ਰੀਤੀ ਸੇਵ ਕਮਾਏ । ਸਾਚਾ ਸ਼ਬਦ ਉਪਜਾਏ ਵਜਾਏ ਸਾਚਾ ਨਾਦ, ਸੁਨ ਸਮਾਧੀ ਖੋਲ੍ਹ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੋਧ ਅਗਾਧੀ ਸਾਚਾ ਸ਼ਬਦ ਲਿਖਾਏ । ਸੁਨ ਸਮਾਧੀ ਦੇਵੇ ਖੋਲ੍ਹ । ਗੁਰਮੁਖਾਂ ਪ੍ਰਭ ਵਸੇ ਕੋਲ । ਬੇਮੁਖਾਂ ਪ੍ਰਭ ਸਾਚਾ

ਘਰ ਸਾਚੇ ਕੱਢੇ ਪੋਲ । ਸੋਹੰ ਸ਼ਬਦ ਧੁਨ ਉਪਜਾਏ ਦਰ ਘਰ ਹਰਿ ਸਾਚਾ ਪਰਦਾ ਦੇਵੇ ਖੋਲ੍ਹ । ਪ੍ਰਭ ਅਬਿਨਾਸ਼ੀ ਦੂਰ ਨਾ ਜਾਣੋ, ਹਰਿ ਹਿਰਦੇ ਵਸੇ ਕੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਮਵਲ । ਜੋਤ ਸਰੂਪੀ ਦੇਸ ਟਿਕਾਨਾ । ਸ਼ਬਦ ਸਰੂਪੀ ਨਾਮ ਸਰਹਾਨਾ । ਬਿਨ ਰੰਗ ਰੂਪੀ ਕਿਸੇ ਦਿਸ ਨਾ ਆਣਾ । ਗੁਰਮੁਖਾਂ ਆਤਮ ਕਰਾਏ ਸਤਿ ਸਰੂਪੀ ਪ੍ਰਭ ਆਪਣਾ ਭੇਵ ਖੁਲ੍ਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਕੜ ਉਠਾਏ ਰਾਜਾ ਰਾਣਾ । ਰਾਜਾ ਰਾਣਾ ਪਕੜ ਲਿਆਣਾ । ਜੋਤ ਸਰੂਪੀ ਦਰਸ ਦਿਖਾਣਾ । ਸ਼ਬਦ ਸਰੂਪੀ ਆਤਮ ਆਪ ਸਮਝਾਣਾ । ਮਨ ਉਪਜੇ ਧੁਨ ਸਾਚੀ ਕੰਨ ਸੁਣਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਆਪ ਬੰਨ੍ਹਾਣਾ । ਬੇੜਾ ਬੰਨ੍ਹੇ ਬੰਨਣ ਯੋਗ । ਦੇਵੇ ਦਰਸ ਪ੍ਰਭ ਅਮੋਘ । ਹਉਮੇ ਕੱਟੇ ਵਿਚੋਂ ਰੋਗ । ਸੋਹੰ ਦੇਵੇ ਸਾਚਾ ਜੋਗ । ਦਰ ਘਰ ਸਾਚੇ ਰਸ ਸਾਚਾ ਭੋਗ । ਕਲਜੁਗ ਅੰਤਮ ਅੰਤ ਨਾ ਲੱਗੇ ਕੋਈ ਵਿਯੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਲਿਖਿਆ ਧੁਰ ਸੰਜੋਗ । ਧੁਰਦਰਗਾਹੀ ਸਾਚਾ ਲੇਖਾ । ਨਾ ਕੋਈ ਵੇਖੇ ਭਰਮ ਭੁਲੇਖਾ । ਆਪ ਮਿਟਾਏ ਪਿਛਲੀ ਲਿਖੀ ਰੇਖਾ । ਜੋਤ ਸਰੂਪੀ ਧਾਰੇ ਭੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਤਰੇ ਪਾਰ ਜਿਸ ਜਨ ਨੇਤਰ ਪੇਖਾ । ਲਿਖਤ ਲੇਖ ਲੇਖ ਲਿਖਤ ਹਰਿ ਆਪ ਕਰਾਏ । ਵਾਕ ਭਵਿਖਤ ਹਰਿ ਰਿਹਾ ਜਣਾਏ । ਸਾਚੀ ਸਿਖਤ ਆਪ ਬਤਾਏ । ਜੋ ਜਨ ਮੰਗੇ ਮੰਗਤ ਪ੍ਰਭ ਸਚ ਦਾਨ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਮੰਗਣ ਦਰ ਨਾ ਜਾਏ । ਲੇਖ ਲਿਖਤ ਲਿਖਤ ਲੇਖ ਹਰਿ ਆਪ ਲਿਖਾਵਣੀ । ਗੁਰਮੁਖ ਸਾਚੇ ਵੇਖ ਵੇਖ ਪ੍ਰਭ ਆਤਮ ਸੋਈ ਆਪ ਜਗਾਵਣੀ । ਦਰ ਘਰ ਸਾਚੇ ਨੇਤਰ ਪੇਖ ਕਾਇਆ ਹਿਰਸ ਸਰਬ ਮਿਟਾਵਣੀ । ਜੋਤ ਸਰੂਪੀ ਧਰ ਭੇਖ, ਸ੍ਰਿਸ਼ਟ ਸਬਾਈ ਆਪ ਭੁਲਾਵਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ ਸਤਿ ਸਰੂਪ ਸਰਬ ਪੌਵਣੀ । ਸ਼ਬਦ ਪੌਣ ਇਕ ਹੁਲਾਰਾ । ਪ੍ਰਭ ਅਬਿਨਾਸ਼ੀ ਦੇਵੇ ਸਾਚੀ ਧਾਰਾ । ਗੁਣਵੰਤ ਹਰਿ ਗੁਣ ਵਿਚਾਰਾ । ਸਾਚਾ ਦੇਵੇ ਨਾਮ ਗੁਰਮੁਖਾਂ ਕਰ ਪਿਆਰਾ । ਆਤਮ ਬਲੋਏ ਸਾਚਾ ਦੇਵੇ ਜਾਮ, ਦਿਵਸ ਰੈਣ ਰਹੇ ਖੁਮਾਰਾ । ਪੂਰਨ ਹੋਏ ਕਾਮ ਜੋ ਜਨ ਆਏ ਚਲ ਦਵਾਰਾ । ਆਪ ਬਹਾਏ ਸਾਚੇ ਧਾਮ, ਜਿਥੇ ਵਸੇ ਹਰਿ ਗਿਰਧਾਰਾ । ਏਕਾ ਏਕ ਜਪਾਵੇ ਸਾਚਾ ਨਾਮ, ਦੂਸਰ ਦਿਸੇ ਨਾ ਕੋਈ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਆਪ ਚਲਾਏ ਏਕਾ ਧਾਰ । ਆਪ ਕਰਾਏ ਸਾਚੀ ਕਾਰ । ਵਰਤੇ ਵਰਤਾਵੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਆਪਣੀ ਧਾਰ । ਆਪਣੀ ਕਾਰੇ ਆਪੇ ਲਾਵਣਾ । ਝਗੜਾ ਝੇੜਾ ਸਰਬ ਮਿਟਾਵਣਾ । ਗੁਰਮੁਖਾਂ ਬੇੜਾ ਬੰਨ੍ਹ ਵਖਾਵਣਾ । ਸਚ ਨਬੇੜਾ ਆਪ ਕਰਾਵਣਾ । ਏਕਾ ਮਾਰੇ ਸ਼ਬਦ ਲਫੇੜਾ, ਹੰਕਾਰ ਨਿਵਾਰ ਪ੍ਰਭ ਸਾਚੇ ਧਰਮ ਧਰਾਵਣਾ । ਆਪ ਦਵਾਏ ਏਕਾ ਗੇੜਾ, ਲੱਖ ਚੁਰਾਸੀ ਗੇੜ ਕਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਭੇੜ ਸਰਬ ਮਿਟਾਵਣਾ । ਰਸਨਾ ਰਾਸ ਆਤਮ ਵਾਸ । ਪ੍ਰਭ ਹੋਏ ਦਾਸ ਕਰੇ ਬੰਦ ਖਲਾਸ । ਸ਼ਬਦ ਚਲਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਧੀਰ ਧਰੇ ਆਪ ਧਰਵਾਸ । ਉਠ ਜੀਵ ਜਾਗ, ਕਿਉਂ ਕਲਜੁਗ ਭੁੱਲਿਆ । ਉਠ ਜੀਵ ਜਾਗ, ਕਿਉਂ ਕਲਜੁਗ ਮਾਇਆ ਵਿਚ ਰੁਲਿਆ । ਉਠ ਜੀਵ ਜਾਗ, ਕਿਉਂ ਝੂਠੇ ਤੋਲ ਤੁਲਿਆ । ਉਠ ਜੀਵ ਜਾਗ, ਸਚ ਦਵਾਰ ਮਾਤ ਖੁੱਲ੍ਹਿਆ । ਉਠ ਜੀਵ ਜਾਗ, ਅੰਮ੍ਰਿਤ

ਆਦਮ ਅਜੇ ਨਾ ਡੁਲ੍ਹਿਆ । ਉਠ ਜੀਵ ਜਾਗ ਕਲਜੁਗ ਵੇਲਾ ਅੰਤਮ ਆ ਗਿਆ, ਜਾਏ ਪਹਿਲੇ ਬੁਲ੍ਹਿਆ । ਉਠ ਜੀਵ ਜਾਗ, ਹਰਿ ਸਾਚਾ ਸ਼ਬਦ ਲਿਖਾ ਗਿਆ । ਭਾਗ ਲਗਾਏ ਆਪਣੀ ਕੁੱਲਿਆ । ਉਠ ਜੀਵ ਜਾਗ ਅੰਤਮ ਅੰਤ ਕਲ ਕਰਾਵਣਾ । ਕਿਸੇ ਅੱਗੇ ਨਾ ਦਿਸੇ ਚੁਲ੍ਹਿਆ । ਉਠ ਜੀਵ ਜਾਗ, ਭਰਮ ਭੁਲੇਖੇ ਫਿਰੇ ਐਵੇਂ ਭੁਲਿਆ । ਉਠ ਜੀਵ ਜਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤੁਲਾਏ ਸਾਚੇ ਤੋਲਿਆ । ਉਠ ਜੀਵ ਜਾਗ, ਜਗਤ ਅੰਧੇਰਾ । ਉਠ ਜੀਵ ਜਾਗ, ਨਾ ਕੋਈ ਦਿਸੇ ਸੰਝ ਸਵੇਰਾ । ਉਠ ਜੀਵ ਜਾਗ, ਹਰਿ ਆਪ ਚੁਕਾਏ ਤੇਰਾ ਮੇਰਾ । ਉਠ ਜੀਵ ਜਾਗ, ਪ੍ਰਭ ਕਟਾਏ ਚੁਰਾਸੀ ਗੇੜਾ । ਉਠ ਜੀਵ ਜਾਗ, ਕਲਜੁਗ ਝੂਠਾ ਝੇੜਾ । ਉਠ ਜੀਵ ਜਾਗ, ਪ੍ਰਭ ਸ਼ਬਦ ਸਰੂਪੀ ਬੰਨ੍ਹੇ ਬੇੜਾ । ਉਠ ਜੀਵ ਜਾਗ ਗੁਰ ਬਿਨ ਪਾਰ ਲੰਘਾਵੇ ਕਿਹੜਾ । ਉਠ ਜੀਵ ਜਾਗ ਧੁਰ ਦਰਗਾਹੋਂ ਨਾ ਜਾਏ ਫੇੜਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਸ਼ਬਦ ਸਰੂਪੀ ਆਤਮ ਜੇੜਾ । ਉਠ ਜੀਵ ਜਾਗ, ਵਕਤ ਅਖੀਰ । ਉਠ ਜੀਵ ਜਾਗ, ਕਿਉਂ ਟੁੱਟੀ ਆਤਮ ਧੀਰ । ਉਠ ਜੀਵ ਜਾਗ, ਪੀ ਅੰਮ੍ਰਿਤ ਸਾਚਾ ਸੀਰ । ਉਠ ਜੀਵ ਜਾਗ, ਨਾ ਹੋਏ ਸਹਾਈ ਕੋਈ ਪੀਰ ਫਕੀਰ । ਉਠ ਜੀਵ ਜਾਗ, ਪ੍ਰਭ ਮਿਟਾਏ ਔਲੀਏ ਦਸਤਗੀਰ । ਉਠ ਜੀਵ ਜਾਗ, ਰਾਓ ਰੰਕਾਂ ਲੱਭੇ ਚੀਰ । ਉਠ ਜੀਵ ਜਾਗ, ਸਾਚਾ ਸ਼ਬਦ ਚਲਾਇਆ ਤੀਰ । ਉਠ ਜੀਵ ਜਾਗ ਚਾਰ ਕੁੰਟ ਨਾ ਦੇਵੇ ਕੋਈ ਕਿਸੇ ਧੀਰ । ਉਠ ਜੀਵ ਜਾਗ, ਆਪ ਮਿਟਾਏ ਔਲੀਏ ਪੀਰ । ਉਠ ਜੀਵ ਜਾਗ, ਕਿਸੇ ਹੱਥ ਨਾ ਆਵੇ ਨੀਰ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਸ਼ਬਦ ਧੀਰ । ਉਠ ਜੀਵ ਜਾਗ, ਵਕਤ ਵਿਚਾਰਨਾ । ਉਠ ਜੀਵ ਜਾਗ, ਮਾਨਸ ਜਨਮ ਨਾ ਕਲਜੁਗ ਹਾਰਨਾ । ਉਠ ਜੀਵ ਜਾਗ ਹਰਿ ਦੇਵੇ ਸ਼ਬਦ ਉਧਾਰਨਾ । ਉਠ ਜੀਵ ਜਾਗ, ਸਾਚਾ ਨਾਮ ਰਸਨ ਉਚਾਰਨਾ । ਉਠ ਜੀਵ ਜਾਗ, ਹਉਮੇ ਰੋਗ ਸਰਬ ਨਿਵਾਰਨਾ । ਉਠ ਜੀਵ ਜਾਗ, ਸਾਚਾ ਯੋਗ ਗੁਰ ਦਰ ਕਮਾਵਣ । ਉਠ ਜੀਵ ਜਾਗ, ਆਤਮ ਭੋਗ ਸਚ ਲਗਾਵਣਾ । ਉਠ ਜੀਵ ਜਾਗ, ਚਿੰਤਾ ਸੋਗ ਸਰਬ ਮਿਟਾਵਣਾ । ਉਠ ਜੀਵ ਜਾਗ, ਦਰਸ ਅਮੋਘ ਹਰਿ ਆਪ ਦਿਖਾਵਣਾ । ਉਠ ਜੀਵ ਜਾਗ ਹਉਮੇ ਰੋਗ ਸਰਬ ਗਵਾਵਣਾ । ਉਠ ਜੀਵ ਜਾਗ, ਸਾਚਾ ਯੋਗ ਹਰਿ ਦਵਾਵਣਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੂਰ ਕਰਾਏ ਭਾਵਨਾ । ਉਠ ਜੀਵ ਜਾਗ, ਹਰਿ ਵਕਤ ਸੁਹਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਫੇਰਾ ਪਾਇਆ । ਉਠ ਜੀਵ ਜਾਗ, ਸੋਹੰ ਦੇਵੇ ਸਾਚੀ ਦਾਤ । ਹਰਿ ਸਾਚਾ ਖੇਲ ਰਚਾਇਆ । ਉਠ ਜੀਵ ਜਾਗ, ਪ੍ਰਭ ਪੜ੍ਹਾਏ ਇਕ ਜਮਾਤ, ਦੂਜਾ ਭੇਵ ਸਰਬ ਚੁਕਾਇਆ । ਉਠ ਜੀਵ ਜਾਗ, ਪ੍ਰਭ ਆਪ ਮਿਟਾਏ ਆਤਮ ਅੰਧੇਰ ਸੁਰਤ ਏਕਾ ਨਾਮ ਗਿਆਨ ਦਵਾਇਆ । ਉਠ ਜੀਵ ਜਾਗ, ਆਤਮ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਲਾਏ ਆਪਣੇ ਲੇਖੇ, ਕਿਉਂ ਆਪਣਾ ਮੂਲ ਗਵਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਨੇਤਰ ਪੇਖੇ, ਆਤਮ ਦੇਵੇ ਜੋਤ ਸਵਾਇਆ । ਉਠ ਜੀਵ ਜਾਗ, ਪ੍ਰਭ ਸੋਹੰ ਦੇਵੇ ਚੋਗ ਚੁਗਾਇਆ । ਉਠ ਜੀਵ ਜਾਗ, ਕਿਉਂ ਹੰਗਤਾ ਰੋਗ ਵਧਾਇਆ । ਉਠ ਜੀਵ ਜਾਗ, ਕਿਉਂ ਦਰ ਦਰ ਫਿਰਾਇਆ । ਉਠ ਜੀਵ ਜਾਗ, ਪ੍ਰਭ ਸਾਚੇ ਸਚ ਦਵਾਰ ਆਪ ਖੁਲ੍ਹਾਇਆ । ਉਠ ਜੀਵ ਜਾਗ, ਗੁਰਸਿਖਾਂ ਕਰ ਪਿਆਰ ਇਕ ਸਾਚਾ ਨਾਮ ਦਾਨ ਝੋਲੀ ਪਾਇਆ । ਉਠ ਜੀਵ ਜਾਗ ਏਕਾ ਬਖ਼ਸ਼ੇ

ਚਰਨ ਪਿਆਰ, ਚਰਨ ਪ੍ਰੀਤੀ ਦੇਵੇ ਤੋੜ ਨਿਭਾਇਆ । ਉਠ ਜੀਵ ਜਾਗ, ਚਰਨ ਧੂੜ ਕਰ ਇਸ਼ਨਾਨ, ਭਾਂਡਾ ਭਰਮ ਦੇ ਭੰਨਾਇਆ । ਉਠ ਜੀਵ ਜਾਗ, ਆਤਮ ਵੱਜੇ ਸਾਚਾ ਬਾਣ, ਬਜ਼ਰ ਕਪਾਟੀ ਚੀਰ ਚਿਰਾਇਆ । ਉਠ ਜੀਵ ਜਾਗ, ਸਾਚਾ ਸ਼ਬਦ ਵਿਕੇ ਪ੍ਰਭ ਹਾਟੀ ਮੁੱਲ ਕੋਈ ਨਾ ਲਾਇਆ । ਉਠ ਜੀਵ ਜਾਗ, ਕਾਇਆ ਝੂਠੀ ਮਾਟੀ ਅੰਤ ਦੇਵੇ ਖ਼ਾਕ ਰਲਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਆਪ ਚੜ੍ਹਾਵੇ ਔਖੀ ਘਾਟੀ ਪ੍ਰਭ ਦਾਤਾ ਵਡ ਬਲੀ ਬਲਵਾਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਇਆ । ਉਠ ਜੀਵ ਜਾਗ, ਕਲਜੁਗ ਅੰਤਮ ਰਾਹ ਅਵਲੜਾ । ਉਠ ਜੀਵ ਜਾਗ, ਵੇਲੇ ਅੰਤ ਦਰ ਦਵਾਰੇ ਹਰਿ ਖਲੜਾ । ਉਠ ਜੀਵ ਜਾਗ ਤੇਰਾ ਭਾਰਾ ਹੋਵੇ ਪਲੜਾ । ਉਠ ਜੀਵ ਜਾਗ, ਕਿਉਂ ਬੇਮੁਖਾਂ ਸੰਗ ਰਲੜਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸੇ ਰਾਹ ਸੁਖੱਲੜਾ । ਉਠ ਜੀਵ ਜਾਗ ਹਰਿ ਮਾਰਗ ਲਾਇਆ । ਉਠ ਜੀਵ ਜਾਗ, ਸਾਰੰਗ ਧਰ ਬੀਠਲਾ ਜੋਤ ਜਗਾਇਆ । ਉਠ ਜੀਵ ਜਾਗ, ਰੰਗ ਰੰਗੀਨ ਮਾਧਵ ਵਿਚ ਮਾਤ ਦੇ ਆਇਆ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਜੋਤੀ ਦੇ ਜਗਾਇਆ । ਉਠ ਜੀਵ ਜਾਗ, ਹਰਿ ਦਇਆ ਧਾਰੇ । ਉਠ ਜੀਵ ਜਾਗ, ਪ੍ਰਭ ਜੋਤ ਜਗਾਏ ਤੇਰੀ ਕਾਇਆ ਮਹਿਲ ਮੁਨਾਰੇ । ਉਠ ਜੀਵ ਜਾਗ, ਕਿਉਂ ਭੁੱਲੇ ਜੀਵ ਕਲ ਗਵਾਰੇ । ਉਠ ਜੀਵ ਜਾਗ, ਕਿਉਂ ਰੁੱਲੇ ਵਿਚ ਸੰਸਾਰੇ । ਉਠ ਜੀਵ ਜਾਗ, ਪੂਰੇ ਤੋਲ ਤੁਲੇ ਮਾਨਸ ਜਨਮ ਹਰਿ ਸੁਧਾਰੇ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਉਠ ਜੀਵ ਜਾਗ, ਕਿਉਂ ਮਾੜੇ ਹੋਏ ਭਾਗ । ਏਕਾ ਸ਼ਬਦ ਉਪਜਾਏ ਸਾਚੀ ਧੁਨ ਰਾਗ । ਏਕਾ ਜੋਤ ਜਗਾਏ ਤੇਰੀ ਆਤਮ ਮਿਟਾਏ ਸਰਬ ਵਿਵਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਅਰਾਧ । ਉਠ ਜੀਵ ਜਾਗ, ਕਰ ਸਚ ਵਿਹਾਰਾ । ਉਠ ਜੀਵ ਜਾਗ, ਪ੍ਰਭ ਸਾਚਾ ਦੇਵੇ ਨਾਮ ਅਪਾਰਾ । ਉਠ ਜੀਵ ਜਾਗ, ਮਾਨਸ ਜਨਮ ਹਰਿ ਕਲ ਸਵਾਰਾ । ਉਠ ਜੀਵ ਜਾਗ, ਲੱਖ ਚੁਰਾਸੀ ਹਰਿ ਗੇੜ ਨਿਵਾਰਾ । ਉਠ ਜੀਵ ਜਾਗ, ਜਮ ਕੀ ਫਾਸੀ ਹਰਿ ਕਟਾਰਾ । ਉਠ ਜੀਵ ਜਾਗ ਆਪ ਬਹਾਏ ਦਰ ਦਵਾਰਾ । ਉਠ ਜੀਵ ਜਾਗ, ਜੋ ਜਨ ਕਰੇ ਚਰਨ ਨਿਮਸਕਾਰਾ । ਉਠ ਜੀਵ ਜਾਗ, ਵੇਲਾ ਅੰਤ ਕਿਉਂ ਬਾਜੀ ਹਾਰਾ । ਉਠ ਜੀਵ ਜਾਗ, ਪ੍ਰਭ ਆਪ ਬੰਧਾਏ ਜਗਤ ਸਾਚੀ ਧਾਰਾ । ਉਠ ਜੀਵ ਜਾਗ, ਜੋਤ ਸਰੂਪੀ ਕਰੇ ਖੇਲ ਅਪਰ ਅਪਾਰਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਲਾਏ ਸਾਚਾ ਇਕ ਦਰਬਾਰਾ । ਉਠ ਜੀਵ ਜਾਗ, ਹਰਿ ਜਨਮ ਸਵਾਰੇ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਚਰਨ ਨਿਮਸਕਾਰੇ । ਉਠ ਜੀਵ ਜਾਗ, ਆਤਮ ਦਰ ਹਰਿ ਆਪ ਖੁਲ੍ਹਾਰੇ । ਉਠ ਜੀਵ ਜਾਗ ਸਾਚੀ ਜੋਤ ਜਗਾਏ ਤੇਰੇ ਕਾਇਆ ਮਹਿਲ ਮੁਨਾਰੇ । ਉਠ ਜੀਵ ਜਾਗ, ਸਾਚਾ ਮੰਗ ਇਕ ਦਵਾਰੇ । ਉਠ ਜੀਵ ਜਾਗ, ਸ੍ਰਿਸ਼ਟ ਸਬਾਈ ਰੈਣ ਅੰਧਿਆਰੇ । ਉਠ ਜੀਵ ਜਾਗ, ਨਾਮ ਨਿਰੰਜਣ ਜੋਤ ਅਧਾਰੇ । ਉਠ ਜੀਵ ਜਾਗ, ਸਰਬ ਦੁੱਖ ਭੈ ਭੰਜਨ । ਉਠ ਜੀਵ ਜਾਗ, ਪ੍ਰਭ ਚਰਨ ਨਿਮਸਕਾਰੇ, ਸੋਹੰ ਦੇਵੇ ਸਾਚਾ ਅੰਜਨ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੀ ਅੰਮ੍ਰਿਤ ਦਰ ਗੁਰਮੁਖ ਸਾਚੇ ਜਨ । ਉਠ ਜੀਵ ਜਾਗ, ਅੰਮ੍ਰਿਤ ਰਸ ਪੀਓ । ਉਠ ਜੀਵ ਜਾਗ ਸੋਹੰ ਸਚ ਆਤਮ ਸਾਚਾ ਬੀਓ । ਉਠ ਜੀਵ ਜਾਗ, ਪ੍ਰਭ ਆਪ ਰਖਾਈ ਸਤਿਜੁਗ ਸਾਚੀ ਨੀਓ । ਉਠ ਜੀਵ ਜਾਗ, ਪ੍ਰਭ ਦਰ ਮਾਣ ਦਵਈਓ । ਉਠ

੧੬੧
੦੩

ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧੀਰ ਧਰਈਓ । ਉਠ ਜੀਵ ਜਾਗ, ਪ੍ਰਭ ਸਾਚੀ ਧੀਰ ਧਰਾਨਾ । ਸੱਚਾ ਚਲੇ ਏਕਾ ਤੀਰ ਕਮਾਨਾ । ਉਠ ਜੀਵ ਜਾਗ, ਪ੍ਰਭ ਆਪ ਉਠਾਏ ਵਡ ਸੂਰਬੀਰ ਬਲੀ ਬਲਵਾਨਾ । ਉਠ ਜੀਵ ਜਾਗ, ਸ੍ਰਿਸ਼ਟ ਸਬਾਈ ਪ੍ਰਭ ਵੇਖੇ ਰੰਗ ਜਿਉਂ ਦਵਾਪਰ ਕ੍ਰਿਸ਼ਨਾ ਕਾਹਨਾ । ਉਠ ਜੀਵ ਜਾਗ, ਪ੍ਰਭ ਖੇਲ ਰਚਾਏ ਸਰਬ ਬੰਧਾਏ ਹੱਥ ਮੌਤ ਗਾਨਾ । ਉਠ ਜੀਵ ਜਾਗ, ਆਤਮ ਹੰਕਾਰ ਦਿਸਾਏ, ਸ਼ਬਦ ਕਟਾਰ ਲਗਾਏ, ਬਾਹੋਂ ਪਕੜ ਲਿਆਏ ਵਿਚ ਮੈਦਾਨਾ । ਉਠ ਜੀਵ ਜਾਗ, ਚੀਨ ਰੂਸਾ ਸ਼ਾਹ ਅਬਨੂਸਿਆ । ਏਕ ਤਨ ਪਹਿਨਾਏ ਕਾਲੀ ਸੂਸੀਆ । ਨਾ ਕੋਈ ਦਿਸੇ ਈਸਾ ਮੂਸੀਆ । ਅੰਤਮ ਦਏ ਮਿਟਾਏ ਉਠ ਜੀਵ ਜਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਦਏ ਮਿਟਾਏ, ਸਤਿਜੁਗ ਦਏ ਲਗਾਏ, ਗੁਰਮੁਖ ਸਾਚੇ ਆਪ ਉਪਜਾਏ, ਸਚੇ ਮਾਰਗ ਲਾਏ, ਸਤਿਜੁਗ ਸਾਚੇ ਦੇਵੇ ਸੋਹੰ ਨਾਮ ਨਿਸ਼ਾਨੀਆਂ । ਈਸਾ ਮੂਸਾ ਆਪ ਮਿਟਾਵਣਾ । ਸ਼ਬਦ ਹਦੀਸਾ ਇਕ ਰਖਾਵਣਾ । ਸ੍ਰਿਸ਼ਟ ਸਬਾਈ ਸਭ ਪੀਸਨ ਪੀਸਾ, ਆਪੇ ਆਪ ਗੇੜ ਰਖਾਵਣਾ । ਕਿਆ ਕੋਈ ਕਰੇ ਪ੍ਰਭ ਕੀ ਰੀਸਾ, ਆਪਣਾ ਭੇਵ ਹਰਿ ਆਪ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣਾ ਭਾਵਣਾ । ਚਾਰ ਯਾਰਾਂ ਵਕਤ ਚੁਕਾਵਣਾ । ਅਹਿਮਦ ਮੁਹੰਮਦ ਰਹਿਣ ਨਾ ਪਾਵਣਾ । ਆਪ ਮਿਟਾਏ ਅੰਜੀਲ ਕੁਰਾਵਣਾ । ਨਾ ਕੋਈ ਦਿਸੇ ਵੇਦ ਪੁਰਾਨਾ । ਨਾ ਕੋਈ ਦਿਸੇ ਸ਼ਾਹ ਸੁਲਤਾਨਾ । ਤਖ਼ਤੋਂ ਲਾਹੇ ਸਰਬ ਜਹਾਨਾ । ਰਾਓ ਰੰਕ ਹਰਿ ਇਕ ਕਰਾਨਾ । ਸ਼ਬਦ ਡੰਕਾ ਹਰਿ ਆਪ ਬਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਵੇਦ ਪੁਰਾਨ ਆਪ ਮਿਟਾਏ । ਕਲਜੁਗ ਰੀਤ ਕੋਈ ਰਹਿਣ ਨਾ ਪਾਏ । ਆਪਣਾ ਭੇਵ ਪ੍ਰਭ ਅਬਿਨਾਸ਼ੀ ਆਪਣਾ ਆਪ ਖੁਲ੍ਹਾਏ । ਵਡ ਵਡ ਦੇਵੀ ਦੇਵ ਨਾ ਕੋਈ ਸਕੇ ਅਲਾਏ । ਕ੍ਰੋੜ ਤੇਤੀਸ ਸਦ ਰਹੇ ਸੇਵ, ਸੁਰਪਤ ਰਾਜਾ ਇੰਦ ਹਰਿ ਸੇਵ ਕਮਾਏ । ਜੋਤ ਸਰੂਪ ਵਡ ਸੂਰਬੀਰ ਜੋਧਾ ਮਰਗਿੰਦ, ਕਿਆ ਕੋਈ ਵੇਖੇ ਵੇਖ ਵਖਾਏ । ਹਰਿ ਆਪੇ ਪਕੜ ਉਠਾਏ ਵਾਲੀ ਹਿੰਦ, ਆਪਣੀ ਸਰਨ ਲਗਾਏ । ਜੁਗੋ ਜੁਗ ਆਦਿ ਜੁਗਾਦਿ ਜਨ ਭਗਤਾਂ ਜੈ ਜੈ ਜੈਕਾਰ ਕਰਾਏ । ਗੁਰਮੁਖ ਬਣਾਏ ਸਾਚੀ ਬਿੰਦ, ਸਾਚਾ ਨਾਮ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚਿੰਦ ਸਰਬ ਮਿਟਾਏ । ਏਕਾ ਸ਼ਬਦ ਜਗਤ ਚਲਾਵਣਾ । ਸਾਚਾ ਮਾਰਗ ਮੱਤ ਧਰਾਵਣਾ । ਸਾਰੰਗ ਧਰ ਭਗਵਾਨ ਬੀਠਲਾ ਅਖਵਾਵਣਾ । ਕਲਜੁਗ ਕੌੜਾ ਰੀਠਲਾ ਭੰਨ ਵਖਾਵਣਾ । ਏਕਾ ਰੰਗ ਗੁਰਮੁਖ ਚੜ੍ਹਾਏ ਆਤਮ ਮਜੀਠਲਾ, ਪ੍ਰਭ ਸਾਚੇ ਰੰਗ ਰੰਗਾਵਣਾ । ਪ੍ਰਭ ਅਬਿਨਾਸ਼ੀ ਸਾਚਾ ਮੀਠਲਾ, ਰਾਣਾ ਸੰਗਰੂਰ ਬਾਹੋਂ ਪਕੜ ਹਰਿ ਆਪ ਉਠਾਵਣਾ । ਪ੍ਰਭ ਦਰ ਮੰਗੇ ਸਾਚੀ ਮੰਗ, ਸੋਹੰ ਦਾਨ ਪ੍ਰਭ ਝੋਲੀ ਪਾਵਣਾ । ਆਪ ਮਿਟਾਏ ਪਿਛਲੀ ਰੇਖਨਾ, ਆਤਮ ਬ੍ਰਹਮ ਗਿਆਨ ਦਵਾਏ, ਆਤਮ ਹੰਕਾਰ ਵਿਕਾਰ ਸਰਬ ਨਸ਼ਟ ਕਰਾਵਣਾ । ਜੋਤ ਸਰੂਪੀ ਧਾਰੇ ਭੇਖਨਾ, ਕਿਆ ਕੋਈ ਕਿਸੇ ਵਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚਾ ਲੇਖ ਲਿਖਾਵਣਾ । ਸ੍ਰਿਸ਼ਟ ਸਬਾਈ ਲੇਖ ਲਿਖਾਏ । ਪ੍ਰਭ ਅਬਿਨਾਸ਼ੀ ਮੇਟ ਮਿਟਾਏ । ਕਲਜੁਗ ਤੇਰੀ ਝੂਠੀ ਰੇਖ ਮਿਟਾਏ । ਸਤਿਜੁਗ ਸਾਚਾ ਆਪ ਉਪਜਾਏ । ਵਿਚ ਮਾਤ ਹਰਿ ਜਨਮ ਦਵਾਏ । ਪਹਿਲੀ ਮਾਘ ਦੇ ਵਡਿਆਏ । ਸਾਚਾ ਰਾਗ ਹਰਿ ਸਾਚਾ ਝੋਲੀ ਪਾਏ । ਗੁਰਮੁਖਾਂ ਆਤਮ ਧੋ ਦਾਗ, ਇਕ ਵਸਤ ਹਰਿ ਵਿਚ ਟਿਕਾਏ । ਆਪੇ ਪਕੜੇ ਹੱਥ ਆਪਣੇ ਵਾਗ, ਨਾ ਕੋਈ ਸਕੇ ਛੁਡਾਏ । ਗੁਰਮੁਖ ਵਿਰਲਾ ਕਲਜੁਗ ਰਿਹਾ ਜਾਗ, ਬੇਮੁਖ ਗੂੜ੍ਹੀ ਨੀਂਦ ਸਵਾਏ ।

੧੬੨
੦੩

ਗੁਰਮੁਖ ਵਿਰਲੇ ਪ੍ਰਭ ਆਤਮ ਸ਼ਬਦ ਲਗਾਏ ਜਾਗ, ਬੇਮੁਖਾਂ ਆਤਮ ਹੰਕਾਰ ਵਿਕਾਰ ਰਖਾਏ । ਪੂਰਨ ਹੋਏ ਗੁਰਸਿਖ ਭਾਗ, ਪ੍ਰਭ ਸਾਚਾ ਮੇਲ ਮਿਲਾਏ । ਆਪ ਬੁਝਾਏ ਆਤਮ ਤ੍ਰਿਸ਼ਨਾ ਆਗ, ਦੂਈ ਦਵੈਤ ਪਰਦੇ ਲਾਹੇ । ਸੋਹੰ ਪਹਿਨਾਏ ਤਨ ਸਾਚਾ ਤਾਗ, ਨਾ ਕੋਈ ਤੋੜੇ ਤੋੜ ਤੁੜਾਏ । ਏਕਾ ਲਗਾਏ ਸ਼ਬਦ ਅਵਾਜ਼, ਗੁਰਮੁਖਾਂ ਆਪ ਉਠਾਏ । ਆਪ ਸੁਣਾਏ ਸਾਚਾ ਰਾਗ, ਅਨਹਦ ਧੁਨ ਉਪਜਾਏ । ਗੁਰਸਿਖ ਬਣਾਏ ਹੰਸ ਕਾਗ, ਪ੍ਰਭ ਆਪਣੀ ਸਰਨ ਬਹਾਏ । ਬੇਮੁਖ ਦਰ ਤੋਂ ਜਾਇਣ ਭਾਗ, ਦਰ ਸਾਚਾ ਮੂਲ ਨਾ ਭਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਵਰਤਾਏ । ਹੁਕਮ ਵਰਤਣਾ ਵਰਤਾਵਣਾ । ਪ੍ਰਭ ਸਾਚੇ ਲੇਖ ਲਿਖਾਵਣਾ । ਜੂਠ ਝੂਠ ਨਸ਼ਟ ਕਰਾਵਣਾ । ਪ੍ਰਭ ਸਾਚੇ ਸਾਚਾ ਰਾਹ ਚਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਆਪਣੀ ਭਾਵਨਾ । ਸਾਚਾ ਲੇਖਾ ਜਗਤ ਲਿਖਾਵਣਾ । ਲਿਖਿਆ ਲੇਖ ਨਾ ਕਿਸੇ ਮਿਟਾਵਣਾ । ਗੁਰ ਸੰਗਤ ਵਿਚ ਹਰਿ ਸਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਰੰਗਤ ਇਕ ਚੜ੍ਹਾਵਣਾ । ਵਰਭੰਡ ਪਈ ਡੰਡ ਹੈ । ਸ੍ਰਿਸ਼ਟ ਸਬਾਈ ਹੋਈ ਰੰਡ ਹੈ । ਟੁੱਟਾ ਸਰਬ ਘਮੰਡ ਹੈ । ਚਮਕਣੀ ਚੰਡ ਪ੍ਰਚੰਡ ਹੈ । ਬੇਮੁਖ ਹੋਇਣ ਖੰਡ ਖੰਡ ਹੈ । ਪ੍ਰਭ ਸਾਚਾ ਦੇਵੇ ਵੰਡ ਹੈ । ਪੱਲੇ ਕਿਸੇ ਨਾ ਸਾਚੇ ਨਾਮ ਦੀ ਗੰਢ ਹੈ । ਧਰਮ ਰਾਏ ਅੱਗੇ ਦੇਣਾ ਦੰਢ ਹੈ । ਪੁੱਠੇ ਕਰ ਕਰ ਦੇਣਾ ਟੰਗ ਹੈ । ਦਰ ਦਵਾਰੇ ਅੱਗੇ ਦਿਸਣ ਕੁਰੰਗ ਹੈ । ਦਰ ਦਰ ਘਰ ਘਰ ਵਰਤਣੀ ਭੁੱਖ ਨੰਗ ਹੈ । ਪ੍ਰਭ ਅਬਿਨਾਸ਼ੀ ਤੇਰਾ ਸਾਚਾ ਛੱਡਿਆ ਸੰਗ ਹੈ । ਸ੍ਰਿਸ਼ਟ ਸਬਾਈ ਹੋਈ ਬੇਰੰਗ ਹੈ । ਆਤਮ ਹੋਈ ਭੰਗ ਹੈ । ਗੁਰਮੁਖਾਂ ਚਾੜ੍ਹੇ ਸਾਚਾ ਰੰਗ ਹੈ । ਦਰ ਮੰਗੀ ਸਾਚੀ ਮੰਗ ਹੈ । ਨਾ ਆਤਮ ਹੋਈ ਤੰਗ ਹੈ । ਮਾਨਸ ਜਨਮ ਨਾ ਹੋਇਆ ਭੰਗ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਾ ਸਰਬੰਗ ਹੈ । ਚੰਡ ਪ੍ਰਚੰਡ, ਵਿਚ ਵਰਭੰਡ, ਵਿਚ ਨਵਖੰਡ । ਘਰ ਘਰ ਰੋਵਣ ਨਾਰ ਰੰਡ । ਜੂਠੇ ਝੂਠੇ ਮਾਇਆ ਲੂਠੇ ਸਭ ਦੇ ਜਾਣ ਕੰਢ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਰਤਾਏ, ਕਲਜੁਗ ਤੇਰਾ ਲੇਖ ਚੁਕਾਏ, ਏਕਾ ਅਗਨ ਜੋਤ ਲਗਾਏ, ਚਾਰ ਕੁੰਟ ਕੋਈ ਰਹਿਣ ਨਾ ਪਾਏ, ਦੁੱਖੀ ਹੋਈ ਸਰਬ ਵਰਭੰਡ । ਘਰ ਘਰ ਲੱਗੀ ਏਕਾ ਅੱਗ । ਕਿਸੇ ਤਨ ਨਾ ਦਿਸੇ ਤਗ । ਆਤਮ ਸੜਿਆ ਸਾਰਾ ਜਗ । ਧਰਮ ਰਾਏ ਦੇ ਅੱਗੇ ਲਾਇਆ ਵਗ । ਕਲਜੁਗ ਜੀਵ ਹੋਏ ਹੰਸ ਕਗ । ਏਕਾ ਲੱਗੀ ਆਤਮ ਤ੍ਰਿਸ਼ਨਾ ਅੱਗ । ਪ੍ਰਭ ਅਬਿਨਾਸ਼ੀ ਲੇਖਾ ਆਪ ਚੁਕਾਏ ਬੇਮੁਖਾਂ ਪਕੜ ਸ਼ਾਹ ਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਬੇਮੁਖਾਂ ਦੇ ਸਜਾਏ ਕੀਨੇ ਨੰਗ । ਕਲਜੁਗ ਤੇਰਾ ਅੰਤ ਕਰਾਵਣਾ । ਝੂਠਾ ਭੇਖ ਸਰਬ ਮਿਟਾਵਣਾ । ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਵਣਾ । ਰਾਜ ਰਾਜਾਨ ਨਾ ਕੋਈ ਦਿਸਾਵਣਾ । ਮਾਣ ਤਾਣ ਸਰਬ ਗਵਾਵਣਾ । ਵਡ ਵਡ ਸ਼ਾਨ ਨਾ ਕਿਸੇ ਰਖਾਵਣਾ । ਏਕਾ ਆਨ ਸ਼ਬਦ ਰਖਾਵਣਾ । ਸ਼ਬਦ ਬਾਣ ਹਰਿ ਆਪ ਚਲਾਵਣਾ । ਸ੍ਰਿਸ਼ਟ ਸਬਾਈ ਹਰਿ ਮਾਣ ਗਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਵਣਾ । ਸ਼ਬਦ ਬਾਣ ਹਰਿ ਆਪ ਚਲਾਏ । ਰਾਜ ਰਾਜਾਨ ਆਪ ਅਖਵਾਏ । ਸਾਜਣ ਸਾਜ ਖੇਲ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਰਿਹਾ ਲਿਖਾਏ । ਲਿਖਾਈ ਲਿਖਤ ਅਗੰਮ ਅਪਾਰੇ । ਵੇਖ ਵੇਖ ਕਰੇ ਵਿਚਾਰੇ । ਜੋ ਕੁਝ ਵਰਤੇ ਵਿਚ ਸੰਸਾਰੇ । ਉਪਰ ਧਰਤ ਨਾ ਦਿਸਣ ਮਹਿਲ ਮੁਨਾਰੇ । ਕਲਜੁਗ ਜੀਵ ਆਪਣੀ ਬਾਜ਼ੀ ਗਏ ਹਾਰੇ ।

ਆਤਮ ਭਰਿਆ ਇਕ ਹੰਕਾਰੇ । ਝੂਠੀ ਮਾਰਨ ਐਵੇਂ ਨਾਅਰੇ । ਪ੍ਰਭ ਅਬਿਨਾਸ਼ੀ ਖੇਲ ਅਪਾਰੇ । ਆਪੇ ਭੇੜੇ ਭੇੜ ਭਿੜਾਏ, ਸੁਰਤ ਸ਼ਬਦ ਦੀ ਮਾਰੇ । ਏਕਾ ਗੇੜਾ ਆਪ ਗਿੜਾਏ, ਉਲਟੀ ਲੱਠ ਗਿੜਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਭੱਠ ਕਰਾਏ । ਸ੍ਰਿਸ਼ਟ ਸਬਾਈ ਕਰਮ ਵਿਚਾਰ । ਪ੍ਰਭ ਅਬਿਨਾਸ਼ੀ ਆਵੇ ਵਾਰੋ ਵਾਰ । ਜੁਗਾ ਜੁਗੰਤ ਆਦਿ ਅੰਤ ਪ੍ਰਭ ਸਾਚੇ ਦੀ ਸਾਚੀ ਕਾਰ । ਏਕਾ ਜੋਤ ਏਕਾ ਸ਼ਬਦ ਏਕਾ ਧਰਮ ਏਕਾ ਕਰਮ ਏਕਾ ਬ੍ਰਹਮ ਧਰੇ ਵਿਚ ਸੰਸਾਰ । ਗੁਰਮੁਖਾਂ ਦੇਵੇ ਸਤਿਜੁਗ ਸਾਚੇ ਜਰਮ ਪ੍ਰਭ ਅਬਿਨਾਸ਼ੀ ਬੰਧੇ ਧਾਰ । ਆਪ ਕਰਾਏ ਆਤਮ ਦਾਨ ਸੋਹੰ ਸ਼ਬਦ ਚਲਾਏ ਕਲ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਰਿਹਾ ਕਰਮ ਵਿਚਾਰ । ਕਰਮ ਵਿਚਾਰ ਨਾ ਕੋਈ ਸਕੇ ਜੀਵ ਛੁਪਾਰੇ । ਚਿਤਰ ਗੁਪਤ ਵਿਚ ਲੇਖ ਲਿਖਾਰੇ । ਸਾਚਾ ਮਿਤ ਸੱਚੀ ਸਰਕਾਰੇ । ਧਰਮ ਰਾਏ ਖੜਾ ਦਰਬਾਰੇ । ਵੇਲੇ ਅੰਤ ਸਚ ਕਰੇ ਕਾਰੇ । ਬਾਹੋਂ ਪਕੜ ਲਿਆਏ ਦਵਾਰੇ । ਦੇਵੇ ਲੇਖਾ ਜੀਵ ਗਵਾਰੇ । ਲੇਵਣਹਾਰ ਇਕ ਕਰਤਾਰ, ਸਚ ਨਿਆਉਂ ਸੱਚੀ ਸਰਕਾਰੇ । ਸਾਚਾ ਥਾਉਂ ਨਾ ਕੋਈ ਜੂਠ ਝੂਠ ਪਸਰ ਪਸਾਰੇ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋ ਵੇਖੇ ਵਿਗਸੇ ਕਰੇ ਵਿਚਾਰੇ । ਦਰ ਘਰ ਸਾਚਾ ਗੁਰਮੁਖ ਪਾਏ, ਜਿਸ ਆਤਮ ਤੁਟਾ ਸਰਬ ਹੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਏਕਾ ਜੋਤ ਨਿਰੰਕਾਰੇ । ਜੋਤ ਨਿਰੰਜਣ ਹਰਿ ਗੋਬਿੰਦਾ । ਸ੍ਰਿਸ਼ਟ ਸਬਾਈ ਪ੍ਰਭ ਆਪ ਮਿਟਾਏ ਆਤਮ ਚਿੰਦਾ । ਆਵੇ ਜਾਵੇ ਜੁਗੋ ਜੁਗ ਪ੍ਰਭ ਅਬਿਨਾਸ਼ੀ ਵਡ ਮਰਗਿੰਦਾ । ਸਦਾ ਸਦਾ ਸਦ ਜਨ ਭਗਤਾਂ ਹਰਿ ਬਖ਼ਸ਼ਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਰਖਾਏ ਸੁਰਪਤ ਰਾਜੇ ਇੰਦਾ । ਇੰਦ ਇੰਦਰਾਇਣ ਖੜੇ ਦਵਾਰ । ਦੋਏ ਜੋੜ ਬਣੇ ਭਿਖਾਰ । ਦੇਵਣਹਾਰ ਇਕ ਦਾਤਾਰ । ਜੋ ਜਨ ਆਏ ਸੱਚੇ ਦਰਬਾਰ । ਆਤਮ ਭਰੇ ਸਰਬ ਭੰਡਾਰ । ਕਾਰਜ ਸਰੇ ਜੋ ਚਰਨ ਕਵਲ ਕਰੇ ਨਿਮਸਕਾਰ । ਸਰਨੀ ਪੜੇ ਕਲਜੁਗ ਉਤਰੇ ਪਾਰ ਮਾਨਸ ਜਨਮ ਨਾ ਕਲਜੁਗ ਹਰੇ, ਪ੍ਰਭ ਕਿਰਪਾ ਕਰੇ ਅਪਾਰ । ਗੁਰ ਸੰਗਤ ਰਲ ਗੁਰਮੁਖ ਵਿਰਲਾ ਤਰੇ, ਬੇਮੁਖ ਦਰ ਰਹੇ ਝੱਖ ਮਾਰ । ਨਾ ਉਹ ਜਨਮੇ ਨਾ ਉਹ ਮਰੇ, ਜਿਸ ਕੀਆ ਚਰਨ ਪਿਆਰ । ਲੱਖ ਚੁਰਾਸੀ ਵਿਚ ਫੇਰ ਨਾ ਵੜੇ, ਪ੍ਰਭ ਸਾਚਾ ਦੇਵੇ ਤਾਰ । ਦਰ ਦਵਾਰੇ ਹਰਿ ਅੱਗੇ ਖੜੇ, ਦੇਵੇ ਦਰਸ ਰੂਪ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਜੋਤ ਕਰੇ ਅਕਾਰ । ਜੋਤ ਅਕਾਰਿਆ ਵਿਚ ਸੰਸਾਰਿਆ । ਭੁਲੇਖਾ ਪਾ ਰਿਹਾ ਲੇਖਾ ਚੁਕਾ ਰਿਹਾ । ਗੁਰਮੁਖ ਜਗਾ ਰਿਹਾ ਦੁੱਖ ਕਟਾ ਰਿਹਾ । ਉਜਲ ਮੁਖ ਕਰਾ ਰਿਹਾ । ਚੁਰਾਸੀ ਗੇੜ ਗਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਆਪਣੀ ਖੇਲ ਆਪ ਵਰਤਾ ਰਿਹਾ । ਹਰਿ ਹਰਿ ਕੀ ਕਾਰ ਹਰਿ ਹੀ ਜਾਣੇ । ਹਰਿ ਹਰਿ ਰੰਗ ਗੁਰਮੁਖ ਵਿਰਲਾ ਕਲ ਪਛਾਣੇ । ਹਰਿ ਹਰਿ ਰੰਗ ਹਰਿ ਸਾਚਾ ਦੇਵੇ ਸਾਚਾ ਨਾਮ ਰੰਗ ਜਿਸ ਕਿਰਪਾ ਕਰੇ ਆਪ ਮਹਾਨੇ । ਹਰਿ ਹਰਿ ਹਰਿ ਦਰ ਮੰਗ ਸਾਚਾ ਸੰਗ ਦੇਵੇ ਦਰਸ ਆਤਮ ਜੋਤ ਧਰੇ ਮਹਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਸਚ ਸ਼ਬਦ ਅਸਵਾਰ ਹੈ । ਪੌਣ ਸਰੂਪ ਜੀਵ ਅਧਾਰ ਹੈ । ਕਿਉਂ ਭੁੱਲਾ ਜੀਵ ਗਵਾਰ ਹੈ । ਆਤਮ ਪੂਰਨ ਕਰ ਵਿਚਾਰ ਹੈ । ਪ੍ਰਭ ਅੰਮ੍ਰਿਤ ਆਤਮ ਬਖ਼ਸ਼ੇ ਸਾਚੀ ਧਾਰ ਹੈ । ਏਕਾ ਜੋਤ ਹੋਏ ਅਕਾਰ ਹੈ । ਭਰਮ ਭੁਲੇਖੇ ਦਏ ਨਿਵਾਰ ਹੈ । ਕਰਮ ਲੇਖਾ ਹਰਿ ਲਿਖਾਰ ਹੈ । ਕਰ ਕਰ ਭੇਖਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੀਲਾ ਅਪਰ ਅਪਾਰ ਹੈ । ਅਚਰਜ ਖੇਲ ਅਪਰ ਅਪਾਰਾ । ਕਿਸੇ ਨਾ ਆਵਣ ਦੇਵੇ ਸਾਰਾ ।


੧੬੪ ੦੩

ਭੁੱਲ ਭੁਲੇਖੇ ਜੂਠਾ ਝੂਠਾ ਦੇਵੇ ਇਕ ਹੁਲਾਰਾ । ਗੁਰਮੁਖ ਲਾਏ ਸਾਚੇ ਲੇਖੇ, ਦੇਵੇ ਸ਼ਬਦ ਨਾਮ ਅਧਾਰਾ । ਪ੍ਰਭ ਅਬਿਨਾਸ਼ੀ ਨੇਤਰ ਪੇਖੇ, ਹਉਮੇ ਰੋਗ ਜਾਏ ਸਾਰਾ । ਆਤਮ ਕੱਢੇ ਭਰਮ ਭੁਲੇਖੇ, ਚਰਨ ਕਵਲ ਕਵਲ ਚਰਨ ਕਰੇ ਨਿਮਸਕਾਰਾ । ਮਾਨਸ ਜਨਮ ਲਾਏ ਲੇਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਮਾਨਸ ਜਨਮ ਲੇਖੇ ਜਾਏ ਲੱਗ । ਪ੍ਰਭ ਅਬਿਨਾਸ਼ੀ ਜੋ ਜਨ ਪਕੜੇ ਪਗ । ਕਲਜੁਗ ਮਾਇਆ ਝੂਠੇ ਧੰਦੇ ਵਿਚ ਨਾ ਜਾਏ ਲੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਗਿਆਨ ਦੇ, ਏਕਾ ਚਰਨ ਧਿਆਨ ਦੇ, ਨਾਮ ਸਚ ਬਬਾਣ ਦੇ, ਆਤਮ ਜੋਤੀ ਜੋਤ ਮਹਾਨ ਦੇ, ਆਪ ਨਿਭਾਏ ਆਪਣਾ ਸੰਗ । ਸੰਗੀ ਸਾਥੀ ਪ੍ਰਭ ਰਘੁਨਾਥੀ । ਜਿਸ ਦਰ ਬਾਂਧੇ ਦਿਸਣ ਹਾਥੀ । ਤ੍ਰੈਲੋਕੀ ਨਾਥੀ, ਪ੍ਰਭ ਦੀ ਮਹਿੰਮਾ ਬੜੀ ਅਕਾਥੀ । ਅੰਤਮ ਅੰਤ ਪ੍ਰਭ ਸ਼ਬਦ ਸਰੂਪੀ ਪਾਏ ਨਾਥੀ । ਗੁਰਮੁਖ ਚੜ੍ਹਾਏ ਸੋਹੰ ਸਾਚੇ ਰਾਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਆਪ ਆਪਣੀ ਗਾਥੀ । ਸਤਿਜੁਗ ਤੇਰੀ ਸਾਚੀ ਗਾਥਾ । ਸੋਹੰ ਚਲੇ ਵਿਚ ਮਾਤ ਸਾਚਾ ਰਾਥਾ । ਆਪ ਚਲਾਏ ਸਾਚਾ ਨਾਥਾ । ਗੁਰਮੁਖ ਰਲਾਏ ਚੜ੍ਹਾਏ ਸਾਚੇ ਸਾਥਾ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਗਾਥਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਅਨਾਥ ਅਨਾਥਾਂ । ਨਾਥ ਅਨਾਥੇ, ਪ੍ਰਭ ਸਗਲਾ ਸਾਥੇ । ਪ੍ਰਭ ਚੜ੍ਹਾਏ ਸ਼ਬਦ ਰਾਥੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟੀ ਹਰਸ ਗੁਰਮੁਖ ਤੇਰੇ ਕਿਲ ਵਿਖ ਪਾਪ ਲਾਥੇ । ਲੱਥੇ ਪਾਪ ਆਤਮ ਵਸੂਰਿਆ । ਏਕਾ ਸ਼ਬਦ ਧੁਨ ਉਪਜਾਈ ਅਨਹਦ ਤੂਰਿਆ । ਆਸਾ ਮਨਸਾ ਪ੍ਰਭ ਸਾਚਾ ਪੂਰਿਆ । ਆਤਮ ਸਹਿੰਸਾ ਹੋਇਆ ਦੂਰਿਆ । ਦੇਵੇ ਵਡਿਆਈ ਵਿਚ ਸਹੰਸਾ, ਆਤਮ ਜੋਤ ਜਗੇ ਕੋਹਤੂਰਿਆ । ਆਪ ਬਣਾਏ ਸਾਚਾ ਬੰਸਾ, ਏਕਾ ਦੇਵੇ ਨੂਰ ਨੂਰੋ ਨੂਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ ਸਰਬ ਕਲਾ ਭਰਪੂਰਿਆ । ਸਰਬ ਕਲਾ ਸਮਰਥ ਹਰਿ ਗੁਰ ਜਨ ਹੈ । ਗੁਰਮੁਖ ਸਾਚੇ ਆਪਣਾ ਮੂਲ ਪਛਾਣ ਹੈ । ਸੋਹੰ ਸ਼ਬਦ ਸੱਚੀ ਤਰਸੂਲ ਆਤਮ ਬਾਨ ਹੈ । ਅੰਤਮ ਅੰਤ ਨਾ ਕਲਜੁਗ ਭੁੱਲ, ਸੋਹੰ ਸ਼ਬਦ ਸਚ ਨਿਸ਼ਾਨ ਹੈ । ਕਲਜੁਗ ਤੇਰੇ ਅੰਤਮ ਤੁੱਟੀ ਚੂਲ, ਸਤਿਜੁਗ ਝੁਲੇ ਇਕ ਨਿਸ਼ਾਨ ਹੈ । ਪ੍ਰਭ ਅਬਿਨਾਸ਼ੀ ਸਾਚਾ ਏਕਾ ਬੰਧੇ ਰੂਲ, ਵਡ ਦਾਤਾ ਆਪ ਬਲੀ ਬਲਵਾਨ ਹੈ । ਦੂਜਾ ਦਰ ਨਾ ਹੋਏ ਕਬੂਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨ ਹੈ । ਸਾਚਾ ਦਰ ਨਾ ਗੁਰਮੁਖ ਭੂਲਣਾ । ਕਲਜੁਗ ਮਾਇਆ ਵਿਚ ਨਾ ਰੂਲਣਾ । ਪ੍ਰਭ ਆਪ ਚੁਕਾਏ ਤੇਰਾ ਪਿਛਲਾ ਮੂਲਣਾ । ਸ਼ਬਦ ਪੰਘੂੜਾ ਹਰਿ ਘਰ ਸਾਚੇ ਝੂਲਣਾ । ਹਰਿ ਮੇਲ ਮਿਲਾਵਾ ਦਰਸ਼ਨ ਦੇਖ ਹਰਿ ਕੰਤ ਕੰਤੂਹਲਣਾ । ਕਿਉਂ ਬੱਧਾ ਝੂਠਾ ਦਾਅਵਾ, ਕਲਜੁਗ ਹੁਣ ਅੰਤ ਨਾ ਫਲਣਾ ਫੂਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਆਪਣੇ ਰੂਲਣਾ । ਸਚ ਦਰਬਾਰ ਇਕ ਲਗਾਵਣਾ । ਸਚ ਘਰ ਬਾਹਰ ਇਕ ਰਖਾਵਣਾ । ਸਚ ਵਰਤਾਰਾ ਇਕ ਕਰਾਵਣਾ । ਸਚ ਸਰਕਾਰ ਇਕ ਬਨਾਵਣਾ । ਸਚ ਵਿਹਾਰ ਪ੍ਰਭ ਸਾਚੇ ਲੇਖ ਲਿਖਾਵਣਾ । ਸਾਚੇ ਕਰ ਸਿਕਦਾਰ, ਪ੍ਰਭ ਸਾਚੇ ਤਖ਼ਤ ਬਹਾਵਣਾ । ਸਾਚੀ ਕਰ ਵਿਚਾਰ, ਧਰਮ ਰਾਜ ਦਾ ਦਰ ਖੁਲ੍ਹਾਵਣਾ । ਸਚ ਕਰ ਵਿਚਾਰ, ਸਤਿਜੁਗ ਸਾਚੇ ਤੇਰੀ ਲਾਜ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਰਹਾਵਣਾ । ਸਚ ਵਸਤ ਸਚ ਧਰਮ ਹੈ, ਹਰਿ ਦੇਵਣਹਾਰ । ਸਚ ਵਸਤ ਸਚ ਧਰਮ ਹੈ, ਪ੍ਰਭ ਅਬਿਨਾਸ਼ੀ ਭਰੇ ਭੰਡਾਰ । ਸਚ ਵਸਤ ਸਚ ਧਰਮ ਹੈ, ਗੁਣਵੰਤ ਗੁਣ ਵਿਚਾਰ । ਸਚ ਵਸਤ ਸਚ ਧਰਮ

ਹੈ, ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰਾਇਣ ਨਰ ਅਵਤਾਰ । ਸਚ ਸ਼ਬਦ ਨਾਮ ਨਿਰੰਕਾਰ ਹੈ । ਗੁਰਮੁਖਾਂ ਦੇਵੇ ਆਪ ਅਧਾਰ ਹੈ । ਆਦਿ ਜੁਗਾਦੀ ਸਾਚੀ ਤੇਰੀ ਕਾਰ ਹੈ । ਅਨਾਦ ਅਨਾਦੀ ਵਡ ਬ੍ਰਹਿਮਾਦੀ ਤੇਰੀ ਮਹਿੰਮਾ ਅਪਰ ਅਪਾਰ ਹੈ । ਗੁਰਸਿਖ ਬਣਾਏ ਸਾਚੇ ਸਰਬੰਧੀ, ਆਪ ਚਲਾਏ ਆਪਣੀ ਧਾਰ ਹੈ । ਸ੍ਰਿਸ਼ਟ ਸਬਾਈ ਆਤਮ ਅੰਧੀ, ਨਾ ਕੋਈ ਕਰੇ ਵਿਚਾਰ ਹੈ । ਕਲਜੁਗ ਪੰਡ ਉਠਾਈ ਕੰਧੇ ਥੱਕੇ ਥੱਕ ਹੋਏ ਮਾਂਦੀ, ਨਾ ਮਿਲਿਆ ਸਚ ਦਰਬਾਰ ਹੈ । ਆਤਮ ਹੋਈ ਅੰਧੇਰ ਅੰਧੀ, ਹੱਥ ਵਸਤ ਸਚ ਨਾ ਆਈ ਹੈ । ਝੂਠੀ ਮਾਇਆ ਪੱਲੇ ਬਾਂਧੀ ਫਿਰੇ ਪਾਂਧੀ, ਪ੍ਰਭ ਅਬਿਨਾਸ਼ੀ ਪਾਈ ਨਾ ਸਾਰ ਹੈ । ਸੰਗ ਨਾ ਚਲੇ ਤੇਰੇ ਵੇਲੇ ਅੰਤ ਕੋਈ ਕਿਉਂ ਝੂਠੀ ਝੰਜਟ ਪਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਬਤਾਈ ਹੈ । ਨਾਮ ਨਿਧਾਨ ਨਾ ਰਸਨਾ ਗਾਇਆ । ਸ਼ਬਦ ਨਿਸ਼ਾਨ ਨਾ ਤੀਰ ਚਲਾਇਆ । ਹਉਮੇ ਜੰਜੀਰ ਨਾ ਗਲੋਂ ਕਟਾਇਆ । ਦੂਈ ਦਵੈਤ ਨਾ ਪਰਦਾ ਲਾਹਿਆ । ਭਾਂਡਾ ਭਰਮ ਨਾ ਭਉ ਭੰਨਾਇਆ । ਆਤਮ ਚਿੰਤਾ ਨਾ ਹਉ ਗਵਾਇਆ । ਦਰ ਘਰ ਸਾਚੇ ਵਿਚੋਂ ਹਰਿ ਪੂਰਨ ਬ੍ਰਹਮ ਨਾ ਕਿਸੇ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਇਆ । ਘਰ ਘਰ ਫਿਰੇ ਖੋਜ ਖੋਜੰਤਿਆ । ਘਰ ਸਾਚੇ ਕਰੇ ਬੇਨੰਤੀਆ । ਹੋਵੇ ਮੇਲ ਮਿਲਾਵਾ ਸਾਚਾ ਕੰਤਿਆ । ਆਤਮ ਦਰ ਦਵਾਰ ਰਹੰਤਿਆ । ਸ਼ਬਦ ਭੰਡਾਰ ਸਦ ਵਰਤੰਤਿਆ । ਜਿਸ ਬਣਾਈ ਤੇਰੀ ਬਣੰਤਿਆ । ਸਤਿਜੁਗ ਭੁੱਲਾ ਜੀਵ ਜੰਤਿਆ । ਮੇਲ ਮਿਲਾਵਾ ਸਾਚੇ ਕੰਤਿਆ । ਆਵੇ ਜਾਵੇ ਜਗਤ ਰਹਾਵੇ, ਜੁਗੋ ਜੁਗ ਆਦਿਨ ਅੰਤਿਆ । ਗੁਰਮੁਖ ਸਾਚੇ ਆਣ ਤਰਾਵੇ, ਹਰਿ ਸੁਣੇ ਸਚ ਬੇਨੰਤੀਆ । ਆਪ ਆਪਣੇ ਮਾਰਗ ਪਾਵੇ ਹਰਿ ਸਾਚਾ ਨਾਮ ਦਵੰਤਿਆ । ਦਰ ਘਰ ਸਾਚਾ ਆਪ ਦਿਖਾਵੇ, ਵਿਚ ਵਸੇ ਹਰਿ ਭਗਵੰਤਿਆ । ਆਤਮ ਸਾਚੀ ਜੋਤ ਜਗਾਵੇ, ਅੰਧ ਅੰਧੇਰ ਦੂਰ ਕਰੰਤਿਆ । ਅਨਹਦ ਸਾਚੀ ਧੁੰਨ ਉਪਜਾਵੇ, ਸ਼ਬਦ ਖੁਜੰਤਿਆ । ਆਤਮ ਸੁਨ ਆਪ ਤੁੜਾਵੇ, ਅੰਮ੍ਰਿਤ ਬੂੰਦ ਵਸੰਤਿਆ । ਸੋਹੰ ਸ਼ਬਦ ਹਰਿ ਕੰਨ ਸੁਣਾਵੇ, ਭਰਮ ਭੁਲੇਖਾ ਨਾ ਕੋਇ ਰਹੰਤਿਆ । ਦਰਗਹਿ ਸਾਚੀ ਮਾਣ ਦਵਾਏ, ਹਰਿ ਜੋਤੀ ਜੋਤ ਮਿਲੰਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਵੇ ਸਾਚਾ ਰੰਗ ਰਗੰਤਿਆ । ਸਾਚਾ ਰੰਗ ਹਰਿ ਪਛਾਣੋ । ਏਕਾ ਦੇਵੇ ਨਾਮ ਦਾਨੋ । ਹੋਵੇ ਮੇਲ ਭਗਤ ਭਗਵਾਨੋ । ਦਰ ਘਰ ਸਾਚੇ ਦੇਵੇ ਮਾਨੋ । ਪੀੜ ਰੋਗ ਹਰਿ ਕਟਾਨੋ । ਅੰਮ੍ਰਿਤ ਸਾਚਾ ਸੀਰ ਪਿਲਾਨੋ । ਬਜ਼ਰ ਕਪਾਟੀ ਚੀਰ ਵਖਾਨੋ । ਔਖੀ ਘਾਟੀ ਆਪ ਚੜ੍ਹਾਨੋ । ਕਾਇਆ ਝੂਠੀ ਮਾਟੀ ਅੰਤ ਭੰਨ ਵਖਾਨੋ । ਦਿਵਸ ਰੈਣ ਸਦ ਰਸਨਾ ਗਾਈ, ਦਰਗਹਿ ਸਾਚੀ ਦੇਵੇ ਮਾਨੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਣੋ । ਜੋਤ ਜਗਤ ਇਕ ਵਿਹਾਰ । ਜੋਤ ਜਗਤ ਇਕ ਆਹਾਰ । ਜੋਤ ਜਗਤ ਇਕ ਸਹਾਰ । ਜੋਤ ਜਗਤ ਪ੍ਰਭ ਅਬਿਨਾਸ਼ੀ ਸਾਚਾ ਦੇਵੇ ਗੁਰਸਿਖਾਂ ਕਰ ਪਿਆਰ । ਜੋਤ ਜਗਤ ਆਤਮ ਪ੍ਰੀਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਅਧਾਰ । ਗੁਰਮੁਖ ਸਾਚੇ ਪ੍ਰਭ ਬਖ਼ਸ਼ੇ ਚਰਨ ਪ੍ਰੀਤ । ਹਰਿ ਸਾਚਾ ਸੱਜਣ ਸੁਹੇਲਾ ਕਰ ਦਰਸ ਮਾਨਸ ਜਨਮ ਜਾਓ ਜਗ ਜੀਤ । ਜੁਗੋ ਜੁਗ ਆਦਿ ਜੁਗਾਦਿ ਪ੍ਰਭ ਸਾਚੇ ਦੀ ਸਾਚੀ ਰੀਤ । ਸਚ ਸੁਹੇਲਾ ਸਾਚਾ ਮੀਤਾ । ਅੱਠੇ ਪਹਿਰ ਰਾਖੋ ਚੀਤਾ । ਪ੍ਰਭ ਅਬਿਨਾਸ਼ੀ ਪਤਿਤ ਪੁਨੀਤਾ । ਗੁਰਮੁਖ ਆਤਮ ਰੱਖੇ ਅਤੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਮਾਣ ਦਵਾਏ ਅਠਾਰਾਂ ਧਿਆਏ ਗੀਤਾ । ਗੋਹਝ ਗਿਆਨ ਇਕ

ਧਿਆਨ । ਸ਼ਬਦ ਸਰੂਪੀ ਦੇਵੇ ਮਿਹਰਬਾਨ । ਗੁਰਮੁਖ ਵਿਰਲਾ ਕਰੇ ਪਛਾਣ । ਜਿਸ ਜਨ ਕਿਰਪਾ ਕਰੇ ਮਹਾਨ । ਦੇਵਣਹਾਰ ਇਕ ਭਗਵਾਨ । ਮੰਗਣਹਾਰ ਸਰਬ ਜਹਾਨ । ਜੋਤ ਸਰੂਪੀ ਜੋਤ ਹਰਿ ਆਪੇ ਜਾਣੇ ਆਪਣਾ ਭਾਣਾ । ਆਪੇ ਜਾਣੇ ਆਪਣਾ ਬਾਣਾ । ਆਪੇ ਜਾਣੇ ਆਪਣਾ ਭਾਣਾ । ਆਪੇ ਜਾਣੇ ਆਪਣਾ ਸਚ ਟਿਕਾਣਾ । ਕਲਜੁਗ ਭੇਖ ਸਰਬ ਮਿਟਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਤਮ ਸਾਚਾ ਬ੍ਰਹਮ ਗਿਆਨਾ । ਸਾਚਾ ਨਾਮ ਸ਼ਬਦ ਉਡਾਰੀ । ਸਾਚੀ ਦੇਵੇ ਇਕ ਖੁਮਾਰੀ । ਹਉਮੇ ਮਮਤਾ ਹਰਿ ਨਿਵਾਰੀ । ਸਾਚੀ ਬਣਤ ਕਰੇ ਬਨਵਾਰੀ । ਜੀਆਂ ਜੰਤਾਂ ਜੋਤ ਅਧਾਰੀ । ਸਾਧਾਂ ਸੰਤਾਂ ਏਕਾ ਦੇਵੇ ਸਾਚਾ ਸ਼ਬਦ ਪੂਰਨ ਬ੍ਰਹਮ ਵਿਚਾਰੀ । ਆਦਿਨ ਅੰਤਾ ਜੁਗਾ ਜੁਗੰਤਾ, ਕਰਮ ਧਰਮ ਦੋਏ ਰਿਹਾ ਵਿਚਾਰੀ । ਕਲਜੁਗ ਮਾਇਆ ਪਾਏ ਬੇਅੰਤਾ, ਖੇਲ ਕਰੇ ਅਪਰ ਅਪਾਰੀ । ਪ੍ਰਭ ਅਬਿਨਾਸ਼ੀ ਸਾਚੇ ਕੰਤਾ, ਵਿਰਲੇ ਗੁਰਮੁਖ ਬੂਝ ਬੁਝਾਰੀ । ਏਕਾ ਸ਼ਬਦ ਧੁਨ ਵਜੰਤਾ, ਸ਼ਬਦ ਸਰੂਪੀ ਖੇਲ ਨਿਆਰੀ । ਸਚ ਧਾਮ ਗੁਰਮੁਖ ਸਾਚਾ ਸਦ ਰਹੰਤਾ, ਜਿਥੇ ਜਗੇ ਜੋਤ ਪ੍ਰਭ ਮੁਰਾਰੀ । ਏਕਾ ਜੋਤ ਜਗੇ ਭਗਵੰਤਾ, ਦਿਵਸ ਰੈਣ ਦਿਵਸ ਰੰਗਾਰੀ । ਰੂਪ ਰੇਖ ਨਾ ਕੋਈ ਬਣੰਤਾ, ਕਲਜੁਗ ਜੋਤ ਅਪਰ ਅਪਾਰੀ । ਜੋਤੀ ਜੋਤ ਸਰੂਪ ਹਰਿ, ਆਪਣੀ ਖੇਲ ਅਪਰ ਅਪਾਰੀ । ਆਪਣਾ ਖੇਲ ਆਪੇ ਕਰਨਾ । ਗੁਰਮੁਖ ਵਿਰਲੇ ਕਲਜੁਗ ਵਰਨਾ । ਚਰਨ ਲਾਗ ਗੁਰ ਸਾਚੇ ਤਰਨਾ । ਆਪ ਚੁਕਾਏ ਮਰਨਾ ਡਰਨਾ । ਆਪ ਖੁਲ੍ਹਾਏ ਹਰਨਾ ਫਰਨਾ । ਪ੍ਰਭ ਅਬਿਨਾਸ਼ੀ ਧਰਨੀ ਧਰਨਾ । ਗੁਰਸਿਖਾਂ ਬੇੜਾ ਪਾਰ ਕਰਨਾ । ਅੰਤਮ ਅੰਤ ਕਲ ਆਪ ਉਧਾਰੇ, ਜੋ ਜਨ ਆਏ ਸਰਨਾ । ਗੁਰਮੁਖ ਸਾਚੇ ਸੰਤ ਜਨਾਂ ਆਪ ਬਣਾਏ ਸਾਚਾ ਵਰਨਾ । ਏਕਾ ਸ਼ਬਦ ਜਿਹਵਾ ਮੰਤ ਕਲ ਵਰਨ ਚਾਰ ਪ੍ਰਭ ਸਾਚੇ ਵਰਨਾ । ਏਕਾ ਸ਼ਬਦ ਮਾਣ ਸ੍ਰਿਸ਼ਟ ਸਬਾਈ ਸਿਰ ਆਪਣੇ ਧਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਆਪ ਆਪਣਾ ਕਰਮ ਕਰਨਾ । ਸਤਿਜੁਗ ਤੇਰਾ ਖੁਲ੍ਹੇ ਦਵਾਰਾ । ਪ੍ਰਭ ਅਬਿਨਾਸ਼ੀ ਭਰੇ ਤੇਰਾ ਭੰਡਾਰਾ । ਸਰਬ ਘਟ ਵਾਸੀ ਆਪਣਾ ਆਪ ਕਰੇ ਪਸਾਰਾ । ਘਨਕਪੁਰ ਵਾਸੀ ਸਾਚਾ ਸ਼ਬਦ ਲਿਖਾਏ ਅਪਰ ਅਪਾਰਾ । ਗੁਰਮੁਖਾਂ ਮਾਨਸ ਜਨਮ ਕਰਾਏ ਰਹਿਰਾਸੀ ਹਉਮੇ ਰੋਗ ਨਿਵਾਰਾ । ਗੁਰਮੁਖ ਸਾਚੇ ਪਾਰ ਉਤਰਾਸੀ, ਜਿਨ ਮਿਲਿਆ ਹਰਿ ਗਿਰਧਾਰਾ । ਭਰਮ ਭੁਲੇਖਾ ਦੂਰ ਕਰਾਸੀ, ਏਕਾ ਜੋਤ ਕਰੇ ਉਜਿਆਰਾ । ਸਾਚਾ ਦਾਓ ਆਪ ਲਗਾਸੀ, ਸ੍ਰਿਸ਼ਟ ਸਬਾਈ ਜਾਏ ਹਾਰਾ । ਗੁਰਮੁਖ ਸਾਚੇ ਬਲ ਬਲ ਜਾਸੀ, ਜਿਸ ਦੇਵੇ ਸ਼ਬਦ ਅਧਾਰਾ । ਆਪੇ ਕਰ ਬੰਦ ਖ਼ਲਾਸੀ, ਆਦਿ ਅੰਤਨ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤਰ ਇਕ ਵਰਤਾਰਾ । ਮਾਤਲੋਕ ਹਰਿ ਜਾਮਾ ਪਾਏ । ਆਪ ਆਪਣਾ ਭੇਖ ਵਟਾਏ । ਸਤਿਜੁਗ ਤੇਰੇ ਲੇਖ ਲਿਖਾਏ । ਗੁਰਮੁਖ ਵਿਰਲੇ ਵੇਖ ਵੇਖ ਪ੍ਰਭ ਸਾਚਾ ਆਪ ਜਗਾਏ । ਦਰਸ਼ਨ ਪੇਖ ਪੇਖ ਪ੍ਰਭ ਆਪਣੇ ਰੰਗ ਰੰਗਾਏ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਵਿਚ ਰਹਾਏ । ਸਤਿਜੁਗ ਤੇਰੀ ਸਾਚੀ ਧਾਰਨਾ । ਆਪ ਪੂਰਨ ਬ੍ਰਹਮ ਵਿਚਾਰਨਾ । ਕਲਜੁਗ ਅੰਤਮ ਪਾਰ ਉਤਾਰਨਾ । ਵੇਲਾ ਵਕਤ ਸਭ ਵਿਚਾਰਨਾ । ਸਾਚਾ ਸ਼ਬਦ ਚਲਾਏ ਖੰਡਾ ਦੋ ਧਾਰਨਾ । ਸ੍ਰਿਸ਼ਟ ਸਬਾਈ ਆਪ ਕਰਾਏ ਮਾਰਨਾ । ਆਪ ਕਰਾਏ ਚੀਰ ਚਿਰਾਏ ਕਰੇ ਦੋ ਫਾੜਨਾ । ਚਾਰ ਕੁੰਟ ਵਹੀਰ ਕਰਾਏ ਨਾ ਕਿਸੇ ਵਕਤ ਸੰਭਾਲਣਾ । ਏਕਾ ਸ਼ਬਦ ਤੀਰ ਚਲਾਏ, ਹਾਹਾਕਾਰ ਜਗਤ ਕਰਾਵਣਾ । ਆਤਮ ਧੀਰ ਸਰਬ ਗਵਾਏ, ਜੀਵ ਜੰਤ ਸਰਬ ਭੁਲਾਵਣਾ । ਫੇਰ ਕਿਸੇ ਹੱਥ ਨਾ ਆਏ, ਸਾਚਾ ਵੇਲਾ ਗਿਆ ਵਕਤ ਹੱਥ ਨਾ ਆਵਣਾ । ਬਾਲਾਂ ਛੁੱਟੇ


੧੬੭
੦੩

ਮਾਤਾ ਸੀਰ, ਭੈਣਾਂ ਤਾਈਂ ਨਾ ਭਾਈਆਂ ਸੰਭਾਲਣਾ । ਨਾ ਕੋਈ ਕੱਟੇ ਗਲੋਂ ਜੰਜੀਰ, ਮਾਇਆ ਧੰਨ ਨਾ ਕਿਸੇ ਛੁਡਾਵਣਾ । ਚਾਰੋਂ ਕੁੰਟ ਭੱਜੇ ਫਿਰਨ ਫ਼ਕੀਰ, ਨਾ ਕੋਈ ਹੋਏ ਸਹਾਈ ਦਸਤਗੀਰ, ਪ੍ਰਭ ਸਾਚੇ ਲੇਖ ਲਿਖਾਵਣਾ । ਜੋਤੀ ਜੋਤ ਸਰੂਪ ਨਿਰੰਜਣ ਕਲਜੁਗ ਅੰਤਮ ਜਾਏ ਮੁੱਕ ਵੇਲਾ ਨੇੜੇ ਆਵਣਾ । ਵੇਲਾ ਨੇੜੇ ਆਇਆ ਢੁੱਕ । ਸ਼ਬਦ ਲਿਖਾਏ ਚੌਥੇ ਜੁਗ । ਤੇਰਾ ਦਾਣਾ ਪਾਣੀ ਵਿਚ ਮਾਤ ਗਿਆ ਮੁੱਕ । ਪ੍ਰਭ ਅਬਿਨਾਸ਼ੀ ਜੋਤ ਸਰੂਪ ਆਪ ਕਰਾਏ ਅੰਤ, ਬੇਮੁਖਾਂ ਮੁਖ ਪਾਏ ਥੁੱਕ । ਕਲਜੁਗ ਤੇਰਾ ਅੰਤ ਕਰਾਏ । ਗੁਰਸਿਖ ਸੋਇਆ ਸੰਤ ਜਗਾਏ । ਜੀਵ ਜੰਤ ਦੇ ਵਿਚ ਵਡਿਆਏ । ਸਤਿਜੁਗ ਸਾਚੀ ਬਣਤ ਬਣਾਏ । ਸਾਚੇ ਕੰਤ ਮੇਲ ਮਿਲਾਏ । ਨਾਮ ਰੰਗਤ ਇਕ ਚੜ੍ਹਾਏ । ਸਾਚਾ ਮੰਗਤ ਇਕ ਦਰ ਵਿਰਲਾ ਵਿਚ ਮਾਤ ਦੇ ਆਏ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪੇ ਜਾਣੇ ਆਪੇ ਜਾਏ ਜਣਾਏ । ਸਾਚਾ ਦਰ ਇਕ ਖੁਲ੍ਹਾਵਣਾ । ਸਤਿਜੁਗ ਸਾਚਾ ਮਾਰਗ ਲਾਵਣਾ । ਮਸਤੂਆਣਾ ਧਾਮ ਉਪਜਾਵਣਾ । ਜੋਤ ਸਰੂਪੀ ਦੀਪ ਜਗਾਵਣਾ । ਪ੍ਰਭ ਅਬਿਨਾਸ਼ੀ ਕਰਮ ਕਮਾਵਣਾ । ਰਾਣਾ ਸੰਗਰੂਰ ਹਰਿ ਦਰਸ ਦਿਖਾਵਣਾ । ਤੁੱਟੇ ਗਰੂਰ ਹਰਿ ਚਰਨੀ ਲਾਵਣਾ । ਸ਼ਬਦ ਹਜ਼ੂਰ ਘਰ ਸਾਚੇ ਪਾਵਣਾ । ਜੋ ਜਾਣੇ ਦੂਰ, ਵੇਲਾ ਨੇੜੇ ਆਵਣਾ । ਏਕਾ ਸ਼ਬਦ ਉਪਜਾਵੇ ਸਾਚੀ ਤੂਰ, ਆਤਮ ਸਾਚਾ ਰੰਗ ਰੰਗਾਵਣਾ । ਸਰਬ ਕਲਾ ਹਰਿ ਸਾਚਾ ਭਰਪੁਰ, ਗੁਰਮੁਖ ਭਰਪੂਰ ਕਰਾਵਣਾ । ਵਾਲੀ ਦੋ ਜਹਾਨ, ਰਾਣਾ ਸੰਗਰੂਰ ਆਪਣੀ ਸਰਨੀ ਲਗਾਵਣਾ । ਮਸਤੂਆਣਾ ਧਾਮ ਉਪਜਾਏ । ਰਾਣਾ ਸੰਗਰੂਰ ਸੰਗ ਰਲਾਏ । ਰਾਣੇ ਰਾਜੇ ਸਰਨ ਲਗਾਏ । ਗੁਰਮੁਖ ਸਾਚੇ ਸੰਤ ਬਣਾਏ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਮਸਤੂਆਣੇ ਜਾਏ । ਮਸਤੂਆਣਾ ਸਾਚਾ ਧਾਮ ਸੁਹਾਵਣਾ । ਰਾਓ ਰੰਕ ਸਰਨ ਲਗਾਵਣਾ । ਸਾਚਾ ਡੰਕ ਇਕ ਵਜਾਵਣਾ । ਏਕਾ ਰਾਜਾ ਏਕਾ ਰਾਣਾ ਏਕਾ ਸ਼ਾਹ ਏਕਾ ਸੁਲਤਾਨਾ ਏਕਾ ਏਕ ਆਪ ਅਖਵਾਵਣਾ । ਏਕਾ ਪਹਿਨੇ ਜੋਤ ਸਰੂਪੀ ਬਾਣਾ, ਨਿਹਕਲੰਕ ਨਾਮ ਧਰਾਵਣਾ । ਸਾਚਾ ਮੇਲ ਭਗਤ ਭਗਵਾਨਾ । ਜੋਤ ਸਰੂਪੀ ਪਹਿਰੇ ਬਾਣਾ । ਸੋਹੰ ਸ਼ਬਦ ਨਿਸ਼ਾਨਾ । ਗੁਰਮੁਖ ਸਾਚੇ ਵਿੰਨ੍ਹੇ ਕਾਨਾ । ਗੁਰਮੁਖਾਂ ਸਾਚਾ ਨਾਮ ਦੇਵੇ ਦਾਨਾ । ਮੰਗਣ ਜੋ ਦਰ ਸਾਚੇ ਆਣਾ । ਚਾਰ ਕੁੰਟ ਚਾਰ ਚੁਫੇਰ ਹਰਿ ਸਾਚੇ ਘੇਰ ਮਸਤੂਆਣੇ ਆਪੇ ਲਾਣਾ । ਚਾਰ ਵਰਨ ਇਕ ਦਰ । ਚਾਰ ਵਰਨ ਇਕ ਸਰ । ਚਾਰ ਵਰਨ ਇਕ ਘਰ । ਚਾਰ ਵਰਨ ਗੁਰ ਚਰਨ ਲਾਗ ਤਰਨ । ਚਾਰ ਵਰਨ ਗੁਰ ਗੋਬਿੰਦ ਦੇਵੇ ਬਚਨ ਹਰਿ ਸਾਚਾ ਦੇਵੇ ਕਰ । ਚਾਰ ਵਰਨ ਗੁਰਮੁਖ ਸਾਚੇ ਸੰਤ, ਜਨ ਪ੍ਰਭ ਅਬਿਨਾਸ਼ੀ ਲੈਣ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਸਾਚੀ ਜੋਤ ਦੇਵੇ ਵਿਚ ਮਾਤ ਧਰ । ਸਾਚੇ ਧਾਮ ਮਿਲੇ ਵਡਿਆਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਰਾਓ ਉਮਰਾਓ ਵਡ ਸ਼ਾਹਨ ਸ਼ਾਹੋ ਸਰਨ ਲਗ ਜਾਈ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋ, ਆਪਣਾ ਭੇਵ ਦਏ ਖੁਲ੍ਹਾਈ । ਜੋਤੀ ਜੋਤ ਸਰੂਪ ਹਰਿ, ਸਾਚੀ ਬਣਤ ਬਣਾ, ਪ੍ਰਭ ਦੀ ਮਹਿੰਮਾ ਅਗਣਤ ਗਣੀ ਨਾ ਜਾਈ । ਕੋਈ ਪਾਵੇ ਭੇਵ ਗੁਰਮੁਖ ਵਿਰਲਾ ਸੰਤ, ਜਿਸ ਹਰਿ ਸਾਚੇ ਬੂਝ ਬੁਝਾਈ । ਪ੍ਰਭ ਅਬਿਨਾਸ਼ੀ ਸਾਚਾ ਕੰਤ, ਜੁਗੋ ਜੁਗ ਸਦ ਸਦਾ ਵਿਚ ਮਾਤ ਦੇ ਆਈ । ਕਲਜੁਗ ਅੰਤਮ ਅੰਤ ਪ੍ਰਭ ਸਾਚੇ ਅਚਰਜ ਖੇਲ ਰਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਈ । ਮਸਤੂਆਣਾ ਧਾਮ ਸੁਹਾਏ । ਰਾਣਾ ਸੰਗਰੂਰ ਸੰਗ ਰਲਾਏ । ਏਕਾ ਮਾਣ ਏਕਾ ਸ਼ਾਨ ਏਕਾ ਨਾਮ ਦਾਨ ਪ੍ਰਭ ਝੋਲੀ ਪਾਏ । ਜੋਤੀ ਜੋਤ ਸਰੂਪ ਹਰਿ, ਆਪਣੇ ਜਾਏ ਚਰਨ ਉਠਾਏ ।


੧੬੮ ੦੩

ਆਪਣਾ ਚਰਨ ਆਪ ਉਠਾਵਣਾ । ਜਮਨ ਕਿਨਾਰੇ ਡੇਰਾ ਲਾਵਣਾ । ਆਪਣਾ ਭੇਵ ਆਪ ਖੁਲ੍ਹਾਵਣਾ । ਪ੍ਰਗਟ ਹੋਏ ਜੋਤ ਸਰੂਪ, ਆਪਣਾ ਭਾਣਾ ਆਪਣਾ ਬਾਣਾ ਆਪ ਉਲਟਾਵਣਾ । ਬਿਨ ਰੰਗ ਰੂਪ ਪ੍ਰਭ ਵਡ ਸ਼ਾਹੋ ਭੂਪ ਕਿਸੇ ਦਿਸ ਨਾ ਆਵਣਾ । ਜੋਤ ਸਰੂਪੀ ਜੋਤ ਹਰਿ, ਜੋਤੀ ਜੋਤ ਖੇਲ ਖਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਏ, ਕਿਆ ਕੋਈ ਆਖੇ ਕਿਆ ਕੋਈ ਜਾਣੇ, ਪ੍ਰਭ ਆਪਣਾ ਭੇਵ ਆਪ ਖੁਲ੍ਹਾਵਣਾ । ਪ੍ਰਭ ਅਬਿਨਾਸ਼ੀ ਕਰਨ ਪ੍ਰੀਖਿਆ । ਨਾ ਜਾਨਣ ਸਾਚਾ ਭੇਖਿਆ । ਬਿਨ ਰੰਗ ਰੂਪੀ, ਕਿਸੇ ਨਾ ਦੇਖਿਆ । ਜੋਤ ਸਰੂਪੀ ਹਰਿ ਏਕਾ ਰੰਗ ਵਸੇਖਿਆ । ਸਾਚੀ ਮਾਰੇ ਸ਼ਬਦ ਕਟਾਰ ਆਪ ਚੁਕਾਉਣਾ ਸਾਰਾ ਲੇਖਿਆ । ਜਿਸ ਆਤਮ ਬ੍ਰਹਮ ਵਿਚਾਰ ਹੈ, ਨਾ ਹਉ ਜਾਣੇ ਵੇਖਣ ਵੇਖਿਆ । ਸਾਚਾ ਵਕਤ ਰਿਹਾ ਵਿਚਾਰ ਹੈ, ਜਿਸ ਵੇਲੇ ਮੇਟੇ ਭਰਮ ਭੁਲੇਖਿਆ । ਅਚਰਜ ਰੰਗ ਹਰਿ ਕਰਤਾਰ ਹੈ, ਨਾ ਦਿਖਾਵੇ ਦੂਜੇ ਤੀਜੇ ਨੇਤਿਆ । ਵੇਖੇ ਵਿਗਸੇ ਕਰੇ ਵਿਚਾਰ ਹੈ, ਏਕਾ ਆਪ ਅਲਖ ਅਲੇਖਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਵਿਰਲੇ ਨੇਤਰ ਪੇਖਿਆ । ਨਾ ਇਹ ਗੂੰਗਾ ਨਾ ਕਵੀਸ਼ਰ । ਨਾ ਕੋਈ ਤਪੀਆ ਨਾ ਤਪੀਸ਼ਰ । ਨਾ ਇਹ ਜੋਗੀ ਨਾ ਜੁਗੀਸ਼ਰ । ਸਾਚਾ ਪ੍ਰਭ ਸਰਬ ਪਤਿਪਰਮੇਸ਼ਵਰ । ਜੋਤ ਸਰੂਪ ਇਕ ਜਗਦੀਸ਼ਰ । ਜੋਤ ਸਰੂਪੀ ਜੋਤ ਹਰਿ, ਆਪਣਾ ਬਿਰਦ ਰਖੀਸ਼ਰ । ਸਾਚਾ ਕਰੋ ਇਕ ਧਿਆਨਾ । ਕਰਤਾ ਪੁਰਖ ਪੂਰਨ ਭਗਵਾਨਾ । ਮਿਟੇ ਹਿਰਸ ਚੁੱਕੇ ਦਿਲ ਕੀ ਕਾਨਾ । ਹਰਿ ਸਾਚਾ ਅੰਮ੍ਰਿਤ ਮੇਘ ਰਿਹਾ ਬਰਸ ਆਤਮ ਦੇਵੇ ਨਾਮ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਖ ਕਰੇ ਬਿਧਨਾਨਾ । ਸਾਚੀ ਕਵਿਤਾ ਜੋ ਜਨ ਜਾਣੇ । ਪੂਰਨ ਸਿੰਘ ਨਾ ਵਖਾਣੇ । ਨਾ ਉਹ ਪੜ੍ਹਿਆ ਨਾ ਵਿਦਵਾਨੇ । ਨਾ ਉਹ ਗਿਆਨੀ ਨਾ ਧਿਆਨੇ । ਨਾ ਉਹ ਬਾਣੀ ਸਕੇ ਵਖਾਣੇ । ਜਪ ਤਪ ਕੋਈ ਨੇਮ ਨਾ ਜਾਣੇ । ਇਕ ਵਿਹਾਰ ਜਗਤ ਕਰਾਣੇ । ਜੋਤੀ ਜੋਤ ਸਰੂਪ ਹਰਿ, ਖੇਲ ਕਰੇ ਮਹਾਨੇ । ਅਚਰਜ ਖੇਲ ਆਪ ਕਰਾਏ, ਆਪਣਾ ਸ਼ਬਦ ਆਪ ਲਿਖਾਏ, ਇਕ ਸ਼ਬਦ ਸਚ ਧਾਰ ਚਲਾਏ, ਆਪਣੇ ਰੰਗ ਆਪ ਕਰਾਏ, ਸਮੇਂ ਸਮੇਂ ਹਰਿ ਪਹਿਰੇ ਬਾਣੇ । ਵਕਤ ਵਿਚਾਰ ਭਰਮ ਭੁਲੇਖੇ ਦੂਰ ਕਰਾਨੇ । ਸਾਚਾ ਸ਼ਬਦ ਇਕ ਅਸਵਾਰ, ਆਪੇ ਘੋੜੇ ਦੌੜ ਦੁੜਾਨੇ । ਪ੍ਰਭ ਅਬਿਨਾਸ਼ੀ ਜੋਤ ਹਰਿ, ਵੇਖੇ ਕਰੇ ਖੇਲ ਮਹਾਨੇ । ਖੇਲ ਖਿਲਾਵਣਾ , ਜਗਤ ਦਿਖਾਵਣਾ, ਸ਼ਬਦ ਚਲਾਵਣਾ, ਸਰਬ ਵਰਤਾਵਣਾ । ਘਰ ਘਰ ਦਰ ਦਰ ਜਾ ਪ੍ਰਭ ਅਬਿਨਾਸ਼ੀ ਆਪਣਾ ਖੇਲ ਰਚਾਵਣਾ । ਜੋਤੀ ਜੋਤ ਸਰੂਪ ਹਰਿ, ਕਿਆ ਕੋਈ ਕਰੇ ਕਰਾਵਣਾ । ਇਕ ਵਿਚਾਰ ਆਤਮ ਵਿਚਾਰੀ । ਵੇਖੋ ਅਜ਼ਮਤ ਸਾਰੇ ਭਾਰੀ । ਕਿਆ ਕੋਈ ਕਰੇ ਖੇਲ ਖਿਡਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਪ੍ਰਭ ਅਬਿਨਾਸ਼ੀ ਸਾਚੀ ਕਾਰੀ । ਆਪੇ ਜਾਣੇ ਆਪਣੀ ਭਾਰੀ । ਜਨ ਭਗਤਾਂ ਹਰਿ ਪੈਜ ਸਵਾਰੀ । ਜੋਤੀ ਜੋਤ ਸਰੂਪ ਹਰਿ, ਨਰਾਇਣ ਨਰ ਅਵਤਾਰੀ । ਵੇਲਾ ਅਖੀਰ ਜਗਤ ਆਵਣਾ । ਸਾਚਾ ਵਕਤ ਆਪ ਸੁਹਾਵਣਾ । ਪ੍ਰਗਟ ਹੋਏ ਭਰਮ ਚੁਕਾਵਣਾ । ਕੱਚਾ ਵੱਢ ਫੇਰ ਪਛਤਾਵਣਾ । ਵੇਲਾ ਅੰਤ ਨਾ ਏਥੇ ਕੁਛ ਹੈ ਜਾਵਣਾ । ਇਕ ਪ੍ਰਭ ਸਾਚੇ ਸੰਗ ਰਲ ਜਾਵਣਾ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਰਚਾਵਣਾ । ਸਾਚੀ ਪਰਖ ਕਰੋ ਗੁਰ ਪੂਰੇ । ਏਕਾ ਮੰਗੋ ਸ਼ਬਦ ਹਜ਼ੂਰੇ । ਆਸ ਮਨਸਾ ਹਰਿ ਸਾਚਾ ਪੂਰੇ । ਆਤਮ ਉਪਜੇ ਸਾਚੀ ਤੂਰੇ । ਦੇਵੇ ਦਰਸ ਪ੍ਰਭ ਸਦਾ ਹਜ਼ੂਰੇ । ਜੋਤੀ ਜੋਤ ਸਰੂਪ ਹਰਿ, ਦਰ ਆਤਮ ਵਸੇ ਨਾ ਜਾਣੋ ਦੂਰੇ । ਪ੍ਰਭ ਦਰ ਮੰਗੇ ਸਾਚੀ ਮੰਗ । ਨਾਮ ਰੰਗਣ ਵਿਚ ਜਾਏ ਰੰਗ । ਝੂਠੀ ਇਛਿਆ ਹੋਵੇ ਭੰਗ । ਝੂਠਾ ਦਿਸੇ ਜਗਤ ਕੁਸੰਗ ।

ਜੋਤੀ ਜੋਤ ਸਰੂਪ ਹਰਿ, ਆਪੇ ਰਹੇ ਆਪਣੇ ਰੰਗ । ਇਕ ਦਵਾਰਾ ਸਾਚਾ ਮੰਗਣਾ । ਸਾਚਾ ਨਾਮ ਹਰਿ ਚਾੜ੍ਹੇ ਰੰਗਣਾ । ਸ਼ਬਦ ਪਹਿਨਾਏ ਆਤਮ ਸਾਚਾ ਕੰਗਣਾ । ਕਹਿਰ ਕਰਨ ਦਾ ਨਾ ਸਾਚਾ ਵੇਲਾ ਸਾਚੇ ਦਰ ਕਦੇ ਨਾ ਮੰਗਣਾ । ਵਕਤ ਵਿਚਾਰੀ ਸਭੇ ਕੱਟੇ ਵੇਦਨਾ । ਜੋਤੀ ਜੋਤ ਸਰੂਪ ਹਰਿ, ਸਦ ਸਦ ਸਦਾ ਬਖ਼ਸ਼ਿੰਦਨਾ । ਸਤਿਗੁਰ ਪੂਰਾ ਜਾਣੀਏ, ਹਉਮੇ ਰੋਗ ਗਵਾਏ । ਸਤਿਗੁਰ ਪੂਰਾ ਜਾਣੀਏ, ਚਿੰਤਾ ਸੋਗ ਮਿਟਾਏ । ਸਤਿਗੁਰ ਪੂਰਾ ਜਾਣੀਏ, ਕਿਲ ਵਿਖ ਪਾਪ ਗਵਾਏ । ਸਤਿਗੁਰ ਪੂਰਾ ਜਾਣੀਏ, ਦੁਰਮਤ ਮੈਲ ਧਵਾਏ । ਸਤਿਗੁਰ ਪੂਰਾ ਜਾਣੀਏ, ਗੁਰਮਤ ਦੇ ਸਿੱਖ ਸਮਝਾਏ । ਸਤਿਗੁਰ ਪੂਰਾ ਜਾਣੀਏ, ਆਤਮ ਤਤ ਇਕ ਰਖਾਏ । ਸਤਿਗੁਰ ਪੂਰਾ ਜਾਣੀਏ, ਸਾਚਾ ਜੱਤ ਧੀਰ ਧਿਰਾਏ । ਸਤਿਗੁਰ ਪੂਰਾ ਜਾਣੀਏ, ਆਤਮ ਸਾਚੇ ਵਤ, ਸਾਚਾ ਬੀਜ ਬਿਜਾਏ । ਸਤਿਗੁਰ ਪੂਰਾ ਜਾਣੀਏ, ਚਰਨ ਪ੍ਰੀਤੀ ਦੇਵੇ ਸਾਚਾ ਤਤ, ਲੱਖ ਚੁਰਾਸੀ ਗੇੜ ਕਟਾਏ । ਸਤਿਗੁਰ ਪੂਰਾ ਜਾਣੀਏ ਆਪੇ ਦੇ ਸਮਝਾਏ ਮੱਤ, ਜਨਮ ਮਰਨ ਦਾ ਗੇੜ ਚੁਕਾਏ । ਸਤਿਗੁਰ ਪੂਰਾ ਜਾਣੀਏ, ਸਾਚਾ ਦੇਵੇ ਸ਼ਬਦ ਗਿਆਨ ਆਤਮ ਧੀਰ ਧਰਾਏ । ਸਤਿਗੁਰ ਪੂਰਾ ਜਾਣੀਏ, ਏਕਾ ਦੇਵੇ ਸ਼ਬਦ ਗਿਆਨ ਸਚ ਨਿਸ਼ਾਨ, ਦਰ ਘਰ ਸਾਚਾ ਪਾਈਏ । ਏਕਾ ਬਖ਼ਸ਼ੇ ਚਰਨ ਧਿਅਨ, ਆਤਮ ਹੋਏ ਸਰਬ ਗਿਆਨੀਏ । ਸਤਿਗੁਰ ਪੂਰਾ ਜਾਣੀਏ, ਸਾਚਾ ਬਖ਼ਸ਼ੇ ਚਰਨ ਧੂੜ ਇਸ਼ਨਾਨ, ਆਤਮ ਜਗੇ ਜੋਤ ਮਹਾਨੀਏ । ਸਤਿਗੁਰ ਪੂਰਾ ਜਾਣੀਏ, ਘਰ ਮੇਂ ਘਰ ਵਖਾਏ ਏਕਾ ਘਰ ਸਿਆਣੀਏ । ਸਤਿਗੁਰ ਪੂਰਾ ਜਾਣੀਏ, ਆਤਮ ਦਰ ਦਏ ਖੁਲ੍ਹਾਏ, ਜਿਥੇ ਵਸੇ ਹਰਿ ਭਗਵਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਸਰ ਸਚ ਨਹਾਵੇ ਕਰਾਏ ਫੜ ਇਸ਼ਨਾਨੀਏ । ਸਤਿਗੁਰ ਪੂਰਾ ਜਾਣੀਏ, ਅੰਤਕਾਲ ਬਾਹੋਂ ਫੜ ਕਰ ਕਿਰਪਾ ਪਾਰ ਲੰਘਾਨੀਏ । ਸਤਿਗੁਰ ਪੂਰਾ ਜਾਣੀਏ, ਦਰ ਘਰ ਸਾਚੇ ਹਰਿ ਸਾਚਾ ਮਾਣ ਦਵਾਨੀਏ । ਸਤਿਗੁਰ ਪੂਰਾ ਜਾਣੀਏ ਗੁਰਮੁਖਾਂ ਦੇਵੇ ਸਾਚਾ ਵਰ ਨਾਉਂ ਸਚ ਜਗਤ ਨਿਸ਼ਾਨੀਏ । ਸਤਿਗੁਰ ਪੂਰਾ ਜਾਣੀਏ, ਨੌਂ ਨਿਧਾਂ ਵਸ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਬਿਧਾ ਤੀਰ ਚਲਾਨੀਏ । ਸਤਿਗੁਰ ਪੂਰਾ ਜਾਣੀਏ, ਕਾਰਜ ਸਿਧਾਂ ਸਭ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਤਨ ਮਨ ਵਿਧਾ ਏਕਾ ਕਾਨੀਏ । ਸਤਿਗੁਰ ਪੂਰਾ ਜਾਣੀਏ, ਸਾਚੀ ਦੇਵੇ ਜਗਤ ਨਿਸ਼ਾਨੀਏ । ਸਤਿਗੁਰ ਪੂਰਾ ਜਾਣੀਏ, ਨਾਮ ਨਿਧਾਨ ਦੇਵੇ ਜਗਤ ਮਹਾਨੀਏ । ਸਤਿਗੁਰ ਪੂਰਾ ਜਾਣੀਏ, ਬੂਝ ਬੁਝਾਏ ਖਾਣੀ ਬਾਣੀਏ । ਸਤਿਗੁਰ ਪੂਰਾ ਜਾਣੀਏ, ਲੱਖ ਚੁਰਾਸੀ ਗੇੜ ਕਟਾਨੀਏ । ਸਤਿਗੁਰ ਪੂਰਾ ਜਾਣੀਏ, ਬੰਦ ਖ਼ਲਾਸੀ ਆਪ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਜਮ ਕੀ ਫਾਸੀ ਆਪ ਕਟਾਨੀਏ । ਸਤਿਗੁਰ ਪੂਰਾ ਜਾਣੀਏ, ਧਰਮ ਰਾਏ ਨਾ ਦਏ ਸਜਾਏ ਆਪਣੇ ਰੰਗ ਰੰਗਾਨੀਏ । ਸਤਿਗੁਰ ਪੂਰਾ ਜਾਣੀਏ, ਥਿਰ ਘਰ ਵਾਸੀ ਥਿਰ ਘਰ ਨਿਵਾਸ ਰਖਾਏ ਸਚ ਸੁੱਚ ਪਛਾਨੀਏ । ਸਤਿਗੁਰ ਪੂਰਾ ਜਾਣੀਏ, ਅੰਤਮ ਅੰਤ ਵਿਚ ਜੋਤੀ ਜੋਤ ਮਿਲਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਦੇਵੇ ਸਤਿ ਸੰਤੋਖ । ਸਤਿਗੁਰ ਪੂਰਾ ਜਾਣੀਏ, ਅੰਤਮ ਦੇਵੇ ਸਾਚੀ ਮੋਖ । ਸਤਿਗੁਰ ਪੂਰਾ ਜਾਣੀਏ, ਕੱਟੇ ਤਨ ਦੁੱਖ ਰੋਗ । ਸਤਿਗੁਰ ਪੂਰਾ ਜਾਣੀਏ, ਆਤਮ ਰਸ ਭੋਗੇ ਸਾਚਾ ਭੋਗ । ਸਤਿਗੁਰ ਪੂਰਾ ਜਾਣੀਏ, ਏਕਾ ਸ਼ਬਦ ਦੇਵੇ ਸਾਚਾ ਜੋਗ । ਸਤਿਗੁਰ ਪੂਰਾ ਜਾਣੀਏ, ਪ੍ਰਗਟ ਹੋਵੇ ਦੇਵੇ ਦਰਸ ਅਮੋਘ । ਸਤਿਗੁਰ ਪੂਰਾ ਜਾਣੀਏ, ਗੁਰਸਿਖਾਂ ਚੁਗਾਏ ਸਾਚਾ ਸ਼ਬਦ ਸਾਚੀ ਚੋਗ । ਸਤਿਗੁਰ ਪੂਰਾ ਜਾਣੀਏ, ਨਾ ਹੋਏ ਕਦੇ ਵਿਜੋਗ । ਸਤਿਗੁਰ ਪੂਰਾ ਜਾਣੀਏ, ਗੁਰਸਿਖ ਨਿਭਾਏ ਸਚ ਸੰਜੋਗ । ਸਤਿਗੁਰ ਪੂਰਾ ਜਾਣੀਏ, ਏਕਾ ਰੰਗ ਰੰਗਾਏ ਕੱਟੇ ਹਉਮੇ



੧੭੦ ੦੩

ਰੋਗ । ਸਤਿਗੁਰ ਪੂਰਾ ਜਾਣੀਏ, ਦੇਵੇ ਧੀਰ ਧਿਆਨਾ । ਸਤਿਗੁਰ ਪੂਰਾ ਜਾਣੀਏ, ਆਤਮ ਜਗਾਏ ਜੋਤ ਮਹਾਨਾ । ਸਤਿਗੁਰ ਪੂਰਾ ਜਾਣੀਏ, ਮੇਲ ਮਿਲਾਏ ਹਰਿ ਭਗਵਾਨਾ । ਸਤਿਗੁਰ ਪੂਰਾ ਜਾਣੀਏ, ਸਾਚਾ ਦੇਵੇ ਨਾਮ ਨਿਸ਼ਾਨਾ । ਸਤਿਗੁਰ ਪੂਰਾ ਜਾਣੀਏ ਕਾਮ ਕਰੋਧ ਹੰਕਾਰ ਜਿਸ ਵਸ ਕਰਾਨਾ । ਸਤਿਗੁਰ ਪੂਰਾ ਜਾਣੀਏ, ਸਚ ਸੁੱਚ ਦੀ ਬੂਝ ਬੁਝਾਣਾ । ਸਤਿਗੁਰ ਪੂਰਾ ਜਾਣੀਏ, ਜੋਤ ਸਰੂਪੀ ਸਾਚਾ ਮੇਲ ਮਿਲਾਣਾ । ਸਤਿਗੁਰ ਪੂਰਾ ਜਾਣੀਏ, ਜਨ ਦਇਆ ਧਾਰੇ । ਸਤਿਗੁਰ ਪੂਰਾ ਜਾਣੀਏ ,ਹਰਿ ਦੇਵੇ ਦਰਸ ਅਪਾਰੇ । ਸਤਿਗੁਰ ਪੂਰਾ ਜਾਣੀਏ, ਏਕੇ ਰੰਗ ਰੰਗੇ ਕਰਤਾਰੇ । ਸਤਿਗੁਰ ਪੂਰਾ ਜਾਣੀਏ, ਮਾਇਆ ਬੰਧਨ ਸਰਬ ਨਿਵਾਰੇ । ਸਤਿਗੁਰ ਪੂਰਾ ਜਾਣੀਏ, ਆਪ ਮਿਟਾਏ ਅੰਧ ਅੰਧਿਆਰੇ । ਸਤਿਗੁਰ ਪੂਰਾ ਜਾਣੀਏ, ਸਾਚੀ ਜੋਤ ਜਗਾਏ ਸ਼ਬਦ ਅਧਾਰੇ । ਸਤਿਗੁਰ ਪੂਰਾ ਜਾਣੀਏ, ਜਗਾਏ ਜੋਤ ਅਗੰਮ ਅਪਾਰੇ । ਸਤਿਗੁਰ ਪੂਰਾ ਜਾਣੀਏ, ਇਕ ਉਪਜਾਏ ਸਾਚੀ ਧੁਨ ਸਚੀ ਧੁਨਕਾਰੇ । ਸਤਿਗੁਰ ਪੂਰਾ ਜਾਣੀਏ, ਮੁਨ ਸੁਨ ਆਪ ਖੁਲ੍ਹਾਰੇ । ਸਤਿਗੁਰ ਪੂਰਾ ਜਾਣੀਏ ਆਤਮ ਤੋੜੇ ਜਿੰਦਾ ਹੱਥ ਫੜ ਸ਼ਬਦ ਵਦਾਨੀਏ । ਸਤਿਗੁਰ ਪੂਰਾ ਜਾਣੀਏ , ਆਪਣੇ ਰੰਗ ਰੰਗਾਏ ਤੋੜੇ ਸਰਬ ਅਭਿਮਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਜੋਤ ਰਖਾਏ ਕੋਟਨ ਭਾਨੀਏ । ਸਤਿਗੁਰ ਪੂਰਾ ਜਾਣੀਏ, ਆਵਣ ਜਾਵਣ ਗੇੜ ਮੁਕਾਨੀਏ । ਸਤਿਗੁਰ ਪੂਰਾ ਜਾਣੀਏ ਕਾਇਆ ਕੋਟ ਗੜ੍ਹ ਹੰਕਾਰ ਤੁੜਾਨੀਏ । ਸਤਿਗੁਰ ਪੂਰਾ ਜਾਣੀਏ, ਹਉਮੇ ਰੋਗ ਨਸ਼ਟ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਏਕਾ ਸ਼ਬਦ ਸਾਚੀ ਧਾਰ ਵਖਾਨੀਏ । ਸਤਿਗੁਰ ਸਾਚਾ ਜਾਣੀਏ, ਇਕ ਕਰਾਏ ਸਾਚੀ ਕਾਰ ਧੀਰ ਧਰਾਨੀਏ । ਸਤਿਗੁਰ ਸਾਚਾ ਜਾਣੀਏ, ਆਪ ਦਿਸਾਏ ਸਚ ਵਿਹਾਰ ਸਾਚਾ ਨਾਉਂ ਰਸਨ ਵਖਾਨੀਏ । ਸਤਿਗੁਰ ਸਾਚਾ ਜਾਣੀਏ ਆਤਮ ਜੋਤੀ ਕਰੇ ਉਜਿਆਰ ਬਿਨ ਤੇਲ ਬਾਤੀ ਆਪ ਜਗਾਨੀਏ । ਸਤਿਗੁਰ ਸਾਚਾ ਜਾਣੀਏ, ਕੱਟੇ ਹਉਮੇ ਰੋਗ ਨਾ ਫੇਰ ਪਛਤਾਨੀਏ । ਸਤਿਗੁਰ ਸਾਚਾ ਜਾਣੀਏ ਨਾ ਵਿਛੜੇ ਹੋਏ ਵਿਜੋਗ ਤੋੜ ਨਿਭਾਨੀਏ । ਸਤਿਗੁਰ ਸਾਚਾ ਜਾਣੀਏ, ਸ਼ਬਦ ਚੜ੍ਹਾਏ ਘੋੜ ਸਚਖੰਡ ਰਾਹ ਦਿਸਾਨੀਏ । ਸਤਿਗੁਰ ਸਾਚਾ ਜਾਣੀਏ, ਨਾ ਬਚਨ ਬੋਲੇ ਕੌੜ ਸਾਂਤਕ ਸਾਂਤਕ ਸਤਿ ਵਰਤਾਨੀਏ । ਸਤਿਗੁਰ ਸਾਚਾ ਜਾਣੀਏ, ਵਿਛੜਿਆਂ ਦੇਵੇ ਜੋੜ, ਸਾਚਾ ਜੋੜ ਜੁੜਾਨੀਏ । ਸਤਿਗੁਰ ਸਾਚਾ ਜਾਣੀਏ, ਕਾਇਆ ਮਾਇਆ ਕੱਟੇ ਕੋਹੜ, ਏਕਾ ਰੰਗ ਰੰਗਾਨੀਏ । ਸਤਿਗੁਰ ਸਾਚਾ ਜਾਣੀਏ ਨਾ ਹੋਏ ਕਦੇ ਵਿਛੋੜ, ਘਰ ਸਾਚੇ ਦਰ ਸਿਆਨੀਏ । ਸਤਿਗੁਰ ਸਾਚਾ ਜਾਣੀਏ ਜੋਤ ਸਰੂਪੀ ਜੋਤ ਹਰਿ ਅੰਤ ਜੋਤੀ ਜੋਤ ਮਿਲਾਨੀਏ । ਸਤਿਗੁਰ ਸਾਚਾ ਜਾਣੀਏ, ਹੋਏ ਸ਼ਬਦ ਅਧਾਰੀ । ਸਤਿਗੁਰ ਸਾਚਾ ਜਾਣੀਏ, ਆਤਮ ਲਾਏ ਸ਼ਬਦ ਕਟਾਰੀ । ਸਤਿਗੁਰ ਸਾਚਾ ਜਾਣੀਏ ਆਤਮ ਜੋਤ ਕਰੇ ਉਜਿਆਰੀ । ਸਤਿਗੁਰ ਸਾਚਾ ਜਾਣੀਏ, ਕਰੇ ਪ੍ਰਕਾਸ਼ ਕਾਇਆ ਮਹੱਲ ਮੁਨਾਰੀ । ਸਤਿਗੁਰ ਸਾਚਾ ਜਾਣੀਏ, ਅਗਿਆਨ ਅੰਧੇਰ ਜਾਏ ਵਿਨਾਸ, ਮਿਟੀ ਧੁੰਦਕਾਰੀ । ਸਤਿਗੁਰ ਸਾਚਾ ਜਾਣੀਏ, ਸਚ ਘਰ ਘਰ ਸਾਚੇ ਰੱਖੇ ਵਾਸ, ਏਕਾ ਦਿਸੇ ਆਪ ਮੁਰਾਰੀ । ਸਤਿਗੁਰ ਸਾਚਾ ਜਾਣੀਏ ਆਪ ਬਣਾਏ ਗੁਰਸਿਖ ਤੇਰੀ ਰਾਸ ਦਸਮ ਦਵਾਰ ਖੁਲ੍ਹਾਨੀਏ । ਸਤਿਗੁਰ ਸਾਚਾ ਜਾਣੀਏ, ਏਕਾ ਦੇਵੇ ਨਾਮ ਅਧਾਰ, ਜਗਤ ਸੁਧਾਰ, ਸਚ ਵਿਹਾਰ, ਏਕਾ ਕਾਰ ਕਰਾਨੀਏ । ਸਤਿਗੁਰ ਸਾਚਾ ਜਾਣੀਏ, ਕਰ ਕਿਰਪਾ ਦੇਵੇ ਤਾਰ, ਸਾਚਾ ਦੇਵੇ ਸ਼ਬਦ ਅਧਾਰ, ਆਪੇ ਬਖ਼ਸ਼ੇ ਬਖ਼ਸ਼ਣਹਾਰ, ਏਥੇ ਓਥੇ ਹੋਏ ਸਹਾਰ, ਸਾਚਾ ਲੇਖਾ ਆਪ ਲਿਖਾਨੀਏ । ਸਤਿਗੁਰ ਸਾਚਾ ਮਾਣੀਏ ਦਰਗਹਿ ਸਾਚੀ ਦੇਵੇ ਮਾਣ, ਗੁਰਸਿਖ ਸਾਚੇ ਕਰ ਪਛਾਣ, ਮੁਕਾਏ ਆਵਣ ਜਾਵਣ ਸਾਚਾ

ਰੰਗ ਹਰਿ ਰੰਗਾਣ, ਏਕਾ ਰੰਗ ਰੰਗੇ ਭਗਵਾਨੀਏ । ਸਤਿਗੁਰ ਸਾਚਾ ਜਾਣੀਏ, ਜੋਤ ਸਰੂਪੀ ਜੋਤ ਹਰਿ ਅੰਤਮ ਜੋਤੀ ਜੋਤ ਮਿਲਾਨੀਏ । ਸਤਿਗੁਰ ਪੂਰਾ ਜਾਣੀਏ ਜਗਤ ਕਾ ਦਾਤਾ । ਸਤਿਗੁਰ ਪੂਰਾ ਜਾਣੀਏ, ਪੂਰਨ ਹੋਏ ਗਿਆਤਾ । ਸਤਿਗੁਰ ਸਾਚਾ ਜਾਣੀਏ, ਆਤਮ ਖੋਜੇ ਖੋਜ ਖੁਜਾਤਾ । ਸਤਿਗੁਰ ਪੂਰਾ ਜਾਣੀਏ, ਸਾਚਾ ਬੀਜ ਆਪ ਬਿਜਾਤਾ । ਸਤਿਗੁਰ ਪੂਰਾ ਜਾਣੀਏ, ਤਨ ਮਨ ਮੈਲ ਸਰਬ ਗਵਾਤਾ । ਸਤਿਗੁਰ ਪੂਰਾ ਜਾਣੀਏ, ਗੁਰਮੁਖਾਂ ਆਤਮ ਰੀਝ ਕਰਾਤਾ । ਸਤਿਗੁਰ ਪੂਰਾ ਜਾਣੀਏ, ਗੁਰਮੁਖਾਂ ਆਤਮ ਦਰਦ ਮਿਟਾਤਾ । ਸਤਿਗੁਰ ਪੂਰਾ ਜਾਣੀਏ, ਆਤਮ ਸਾਚੀ ਧੀਰ ਧਰਾਤਾ । ਸਤਿਗੁਰ ਪੂਰਾ ਜਾਣੀਏ, ਅੰਮ੍ਰਿਤ ਆਤਮ ਸਾਚਾ ਸੀਰ ਪਿਲਾਤਾ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਅੰਤਮ ਜੋਤੀ ਮੇਲ ਮਿਲਾਤਾ । ਸਤਿਗੁਰ ਸਾਚਾ ਜਾਣੀਏ, ਜਗਤ ਪਿਤ । ਸਤਿਗੁਰ ਸਾਚਾ ਜਾਣੀਏ ਦਿਵਸ ਰੈਣ ਗੁਰਮੁਖ ਤੇਰੇ ਵਿਚ ਰੱਖੇ ਸਾਚਾ ਹਿੱਤ । ਸਤਿਗੁਰ ਸਾਚਾ ਜਾਣੀਏ ਪ੍ਰਭ ਅਬਿਨਾਸ਼ੀ ਸਾਚਾ ਮਿਤ । ਸਤਿਗੁਰ ਸਾਚਾ ਜਾਣੀਏ, ਮਾਤ ਜੋਤ ਪ੍ਰਗਟਾਏ ਜੁਗੋ ਜੁਗ ਭੇਖ ਧਾਰੀਏ । ਸਤਿਗੁਰ ਸਾਚਾ ਜਾਣੀਏ, ਆਪੇ ਲਿਖਾਏ ਲੇਖ, ਕਿਸੇ ਦਿਸ ਨਾ ਆਏ ਆਪਣੀ ਖੇਲ ਕਰੇ ਕਰਤਾਰੀਏ । ਸਤਿਗੁਰ ਸਾਚਾ ਜਾਣੀਏ, ਗੁਰਮੁਖ ਆਤਮ ਨੇਤਰ ਪੇਖ, ਮਿਟੇ ਹਰਸ ਭਗਵਾਨੀਏ । ਸਤਿਗੁਰ ਪੂਰਾ ਜਾਣੀਏ, ਜੋਤ ਸਰੂਪੀ ਹਰਿ ਅੰਤਮ ਜੋਤੀ ਜੋਤ ਮਿਲਾਨੀਏ । ਸਤਿਗੁਰ ਸਾਚਾ ਜਾਣੀਏ, ਸਰਬ ਗੁਣਵੰਤਾ । ਸਤਿਗੁਰ ਸਾਚਾ ਜਾਣੀਏ, ਰਵਿਆ ਵਿਚ ਸਰਬ ਜੀਵ ਜੰਤਾ । ਸਤਿਗੁਰ ਪੂਰਾ ਜਾਣੀਏ, ਕਰੇ ਮਿਲਾਵੇ ਸਾਚੇ ਕੰਤਾ । ਸਤਿਗੁਰ ਪੂਰਾ ਜਾਣੀਏ, ਆਪ ਬਣਾਏ ਗੁਰਸਿਖ ਸਾਚੀ ਬਣਤਾ । ਸਤਿਗੁਰ ਪੂਰਾ ਜਾਣੀਏ ਏਕਾ ਧਾਮ ਸਦ ਰਹੰਤਾ । ਸਤਿਗੁਰ ਪੂਰਾ ਜਾਣੀਏ, ਸਾਚੀ ਜੋਤ ਹਰਿ ਭਗਵੰਤਾ । ਸਤਿਗੁਰ ਪੂਰਾ ਜਾਣੀਏ ਏਕਾ ਨਾਮ ਰੰਗ ਰੰਗਤ । ਸਤਿਗੁਰ ਪੂਰਾ ਜਾਣੀਏ, ਦੂਜਾ ਦਰ ਨਾ ਕੋਈ ਮੰਗਤ । ਸਤਿਗੁਰ ਪੂਰਾ ਜਾਣੀਏ, ਮਾਨਸ ਜਨਮ ਨਾ ਹੋਏ ਭੰਗਤ । ਸਤਿਗੁਰ ਪੂਰਾ ਜਾਣੀਏ, ਆਪ ਬਣਾਏ ਸਾਚੀ ਸੰਗਤ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ ਆਪ ਚੜ੍ਹਾਏ ਸਾਚੀ ਰੰਗਤ । ਸਤਿਗੁਰ ਸਾਚਾ ਜਾਣੀਏ ਜਿਸ ਦਇਆ ਧਾਰੀ । ਸਤਿਗੁਰ ਸਾਚਾ ਜਾਣੀਏ ਜਿਸ ਪੈਜ ਸਵਾਰੀ । ਸਤਿਗੁਰ ਸਾਚਾ ਜਾਣੀਏ ਮਾਤ ਗਰਭ ਕਰੇ ਰਖਵਾਰੀ । ਸਤਿਗੁਰ ਸਾਚਾ ਜਾਣੀਏ ਅੰਧਘੋਰ ਲਏ ਉਭਾਰੀ । ਸਤਿਗੁਰ ਸਾਚਾ ਜਾਣੀਏ ਸਾਚੀ ਦੇਵੇ ਨਾਮ ਉਡਾਰੀ । ਸਤਿਗੁਰ ਪੂਰਾ ਜਾਣੀਏ, ਦਸਵੇਂ ਦਰ ਖੇਲੇ ਖੇਲ ਖਿਲਾਰੀ । ਸਤਿਗੁਰ ਪੂਰਾ ਜਾਣੀਏ, ਦਰ ਘਰ ਸਾਚੇ ਕਰੇ ਸਚ ਸਿਕਦਾਰੀ । ਸਤਿਗੁਰ ਪੂਰਾ ਜਾਣੀਏ ਸ੍ਰਿਸ਼ਟ ਸਬਾਈ ਹੋਏ ਜਿਸ ਪਨਿਹਾਰੀ । ਸਤਿਗੁਰ ਪੂਰਾ ਜਾਣੀਏ, ਦੇਵੇ ਦਰਸ ਅਪਰ ਅਪਾਰੀ, ਹੋਏ ਸਹਾਈ ਅੰਤਮ ਵਾਰੀ, ਗੁਰ ਪੂਰੇ ਸਦ ਸਦ ਨਿਮਸਕਾਰੀ । ਸਤਿਗੁਰ ਪੂਰਾ ਜਾਣੀਏ , ਗੁਰਮੁਖ ਸਾਚੇ ਚਰਨ ਸਰਨ ਬਲਿਹਾਰੀ । ਸਤਿਗੁਰ ਪੂਰਾ ਜਾਣੀਏ, ਸਾਚੀ ਦੇਵੇ ਨਾਮ ਖੁਮਾਰੀ । ਸਤਿਗੁਰ ਪੂਰਾ ਜਾਣੀਏ, ਰਾਓ ਰੰਕਾਂ ਏਕਾ ਦੇਵੇ ਜੋਤ ਅਕਾਰੀ । ਸਤਿਗੁਰ ਪੂਰਾ ਜਾਣੀਏ, ਆਤਮ ਮਿਟਾਏ ਸੰਗ ਭਾਂਡਾ ਭਰਮ ਭਉ ਦਏ ਨਿਵਾਰੀ । ਸਤਿਗੁਰ ਸਾਚਾ ਜਾਣੀਏ, ਜੋਤ ਸਰੂਪੀ ਆਤਮ ਲਾਏ ਤਨਕ, ਖਿਚ ਲਿਆਏ ਚਰਨ ਦਵਾਰੀ । ਸਤਿਗੁਰ ਪੂਰਾ ਜਾਣੀਏ, ਦੇਵੇ ਵਡਿਆਈ ਜਿਉਂ ਰਾਜਾ ਜਨਕ, ਏਕਾ ਦੇਵੇ ਸ਼ਬਦ ਅਧਾਰੀ । ਸਤਿਗੁਰ ਸਾਚਾ ਜਾਣੀਏ, ਮਾਨਸ ਜਨਮ ਜਾਏ ਸਵਾਰੀ । ਜੋਤ ਸਰੂਪੀ ਜੋਤ ਹਰਿ ਆਪਣੀ ਖੇਲ ਖਲਾਰੀ । ਸਤਿਗੁਰ ਪੂਰਾ ਜਾਣੀਏ, ਸੋਭਾ ਗੁਣ । ਸਤਿਗੁਰ ਪੂਰਾ ਜਾਣੀਏ, ਇਕ ਉਪਜਾਵੇ ਸ਼ਬਦ ਧੁਨ । ਸਤਿਗੁਰ ਪੂਰਾ ਜਾਣੀਏ, ਏਕਾ

੧੭੨
੦੩

ਦੇਵੇ ਨਾਮ ਗੁਨ । ਸਤਿਗੁਰ ਪੂਰਾ ਜਾਣੀਏ, ਅੰਤਮ ਪਾਰ ਕਰਾਏ ਕਲਜੁਗ ਮਾਇਆ ਵਿਚੋਂ ਚੁਣ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ ਕਵਣ ਜਾਣੇ ਹਰਿ ਤੇਰੇ ਗੁਣ । ਸਤਿਗੁਰ ਪੂਰਾ ਜਾਣੀਏ, ਸਹਿਜ ਸੁਖਦਾਨੀ । ਸਤਿਗੁਰ ਸਾਚਾ ਜਾਣੀਏ ਹਰਿ ਹਿਰਦੇ ਸਚ ਵਖਾਨੀ । ਸਤਿਗੁਰ ਸਾਚਾ ਜਾਣੀਏ, ਸਾਚੀ ਦੇਵੇ ਨਾਮ ਸ਼ਬਦ ਜਗਤ ਨਿਸ਼ਾਨੀ । ਜੋਤੀ ਜੋਤ ਸਰੂਪ ਹਰਿ ਗੁਰਮੁਖਾਂ ਵਿਚ ਮਾਤ ਕਲਜੁਗ ਅੰਤਮ ਅੰਤ ਕਰੇ ਆਪ ਵਡ ਵਡ ਮਿਹਰਬਾਨੀ । ਗੁਰ ਸੰਗਤ ਮਨ ਵਧਾਈਆ । ਸਾਚਾ ਰੰਗ ਹਰਿ ਰੰਗਾਇਆ । ਅਚਰਜ ਖੇਲ ਆਪ ਰਚਾਈਆ । ਵਾਹ ਵਾਹ ਤੇਰੀ ਬੇਪਰਵਾਹੀਆ । ਮਨ ਮਤੇ ਗੁਰ ਰਤੇ ਏਕਾ ਥਾਂ ਬਹਾਈਆ । ਕੋਈ ਠੰਡੇ ਕੋਈ ਤਤੇ, ਸਾਚੀ ਹਾਂਡੀ ਆਪ ਚੜ੍ਹਾਈਆ । ਗੁਰਮੁਖ ਵਿਰਲਾ ਆਤਮ ਬੀਜੇ ਵਤੇ, ਹਰਿ ਸੋਹੰ ਸਾਚਾ ਬੀਜ ਬਿਜਾਈਆ । ਹਰਿ ਸਾਚਾ ਲੇਖੇ ਸਾਚੇ ਘਤੇ, ਜੋ ਚਰਨ ਕਵਲ ਬਿਗਸਾਈਆ । ਆਤਮ ਦੇਵੇ ਸਾਚੀ ਮਤੇ, ਚਰਨ ਪ੍ਰੀਤੀ ਜਿਸ ਰਖਾਈਆ । ਜੋਤੀ ਜੋਤ ਸਰੂਪ ਹਰਿ ਆਪਣੇ ਭਾਣੇ ਵਿਚ ਰਹਾਈਆ । ਸਾਚੀ ਖੇਲ ਕਰੀ ਕਰਾਈ । ਰਾਹੋਂ ਕੁਰਾਹ ਦਰ ਬੇਮੁਖ ਚਲਾਈ । ਇਕ ਗੁਰਮੁਖ ਤੇਰੀ ਵਡਿਆਈ । ਦੇ ਮਤ ਮਿਤਾਂ ਸਮਝਾਈ । ਝੂਠਾ ਭੇੜ ਭਿੜੇ ਕਿਉਂ ਭਾਈ । ਔਖਾ ਗੇੜਾ ਚੁਰਾਸੀ ਗਿੜਾ ਨਾ ਰਾਈ । ਅੰਤਮ ਹਾਰ ਆਈ ਪਿੜੇ ਗਏ ਪਿੱਠ ਦਿਖਾਈ । ਥਾਨ ਨਿਥਾਵਿਆਂ ਬੂਝ ਕੁਝ ਨਾ ਆਈ । ਸਾਚੇ ਭੇਖ ਹਰਿਨਾਮ ਰਿਹਾ ਲੁਟਾਈ । ਦੇਵੇ ਹਰਿ ਆਪ ਰਘੁਰਾਈ । ਜੋਤੀ ਜੋਤ ਸਰੂਪ ਹਰਿ, ਆਪਣੇ ਸੰਗ ਸਮਾਈ । ਅਚਰਜ ਖੇਲ ਹਰਿ ਵਰਤਾਏ । ਗੁਰਮੁਖਾਂ ਹਰਿ ਮਾਣ ਦਵਾਏ । ਆਤਮ ਤ੍ਰਿਖਾ ਭੁੱਖ ਮਿਟਾਏ । ਏਕਾ ਸੁਖ ਘਰ ਸਾਚੇ ਜਾਏ ਉਪਜਾ ਕੇ । ਉਜਲ ਮੁਖ ਆਪ ਕਰਾ ਕੇ । ਬੇਮੁਖਾਂ ਜਾਏ ਆਤਮ ਮਾਰ ਕਰਾ ਕੇ । ਹਾਹਾਕਾਰ ਕਰਨ ਕੁੜਿਆਰ, ਬੋਲਣ ਬੋਲ ਬੋਲ ਬੁਲਾ ਕੇ । ਵੇਖੇ ਵਿਚਾਰੇ ਪਾਵੇ ਸਾਰ, ਪਾਰ ਉਤਾਰੇ ਜੋ ਜਨ ਸਰਨੀ ਡਿਗੇ ਆ ਕੇ । ਇਕ ਘਰ ਦੋ ਧੜ ਕਰਾਈ । ਸਚ ਝੂਠ ਦੀ ਲੜੇ ਲੜਾਈ । ਨਾ ਉਹ ਪੜ੍ਹਿਆ, ਗੁਰਮੁਖ ਏਕਾ ਪਟੀ ਦੇ ਪੜ੍ਹਾਈ । ਜੋਤੀ ਜੋਤ ਸਰੂਪ ਹਰਿ ਆਪਣੇ ਭਾਣੇ ਵਿਚ ਰਹਾਈ । ਗੁਰਸਿਖਾਂ ਗੁਰ ਸੇਵ ਕਮਾਈ । ਬੇਮੁਖਾਂ ਹਉਮੇ ਰੋਗ ਅਗਨ ਜਲਾਈ । ਧੰਨ ਧੰਨ ਧੰਨ ਗੁਰਸਿਖ ਜਿਸ ਪ੍ਰਭ ਸਾਚਾ ਸੇਵਾ ਲਾਈ । ਗੁਰਮੁਖ ਗੁਰਸਿਖ ਪ੍ਰਭ ਸਾਚੇ ਰੰਗ ਰੰਗਾਈ । ਆਤਮ ਮੰਗਣ ਸਾਚੀ ਮੰਗਤ, ਨਾਮ ਦਾਨ ਹਰਿ ਭਿਛਿਆ ਪਾਈ । ਸਾਚੇ ਲੇਖ ਕਲ ਜਾਏ ਲਿਖ, ਵਿਚ ਮਾਤ ਮਿਲੇ ਵਡਿਆਈ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਲਏ ਰੰਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਅਚਰਜ ਖੇਲ ਆਪ ਵਰਤਾਈ ।

## ✻ ੧੩ ਜੇਠ ੨੦੧੦ ਬਿਕ੍ਰਮੀ ਮਾਸਟਰ ਸੋਹਣ ਸਿੰਘ ਦੇ ਗ੍ਰਿਹਿ ਪਿੰਡ ਰਾਮ ਪੁਰ ਜ਼ਿਲਾ ਅੰਮ੍ਰਿਤਸਰ ✻

ਤਨ ਕਾਇਆ ਕਿਲ੍ਹਾ ਕੋਟ ਗੜ੍ਹ ਅਪਾਰ ਹੈ । ਜਿਥੇ ਵਸੇ ਪਾਂਚੋ ਯਾਰ ਹੈ । ਸਾਚਾ ਲੁੱਟਿਆ ਜੀਵ ਘਰ ਬਾਹਰ ਹੈ । ਲੁੱਟਿਆ ਜਾਏ ਸੱਚਾ ਧਨ, ਨਾ ਬੰਦੇ ਤੈਨੂੰ ਕੋਈ ਸਾਰ ਹੈ । ਦਿਨ ਦਿਹਾੜੇ ਜਾਇਣ ਲੁੱਟੀ, ਨਾ ਫੜੇ ਕੋਈ ਸਰਕਾਰ ਹੈ । ਗੁਰਸਿਖ ਸਾਚੇ ਸੰਤ ਜਨਾਂ ਸ਼ਬਦ ਡੰਡੇ ਸੰਗ ਕੁੱਟਿਆ, ਦਰ ਸਾਚੇ ਜਾਇਣ ਭਾਗ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਰੰਗ ਇਕ ਕਰਤਾਰ ਹੈ । ਪੰਜ ਤਤ ਹੋਇਣ

ਸਤਿ, ਹਉਮੇ ਹੰਕਾਰ ਨਿਵਾਰ ਹੈ । ਮੱਤ ਮਨ ਬੁੱਧ ਵਿਚ ਰੱਖੀ ਅਪਰ ਅਪਾਰ ਹੈ । ਗੁਰਮੁਖ ਵਿਰਲੇ ਕਿਸੇ ਵਿਚਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਕਰਮ ਰਿਹਾ ਵਿਚਾਰ ਹੈ । ਆਤਮ ਮਤੀ ਆਪ ਰਖਾਵੰਦਾ । ਮਨ ਮਤ ਹੋ ਕਰਮ ਕਰਾਵੰਦਾ । ਬੁੱਧੀ ਬੁੱਧ ਬਬੇਕ ਹਰਿ ਰਖਾਵੰਦਾ । ਜੋ ਰਾਖੇ ਟੇਕ ਏਕ, ਹਰਿ ਸਾਚਾ ਮਾਣ ਰਖਾਵੰਦਾ । ਜਨ ਭਗਤ ਉਧਾਰੇ ਅਨੇਕ, ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਂਵਦਾ । ਕਲਜੁਗ ਮਾਇਆ ਅਗਨ ਨਾ ਲਾਗੇ ਸੇਕ, ਸ਼ਬਦ ਝੋਲੀ ਹਰਿ ਤਨ ਪਹਿਨਾਵੰਦਾ । ਜੋਤ ਸਰੂਪੀ ਧਾਰੇ ਭੇਖ, ਭੇਖਾ ਭਰਮ ਭੁਲੇਖੇ ਜਗਤ ਭੁਲਾਵੰਦਾ । ਗੁਰਮੁਖ ਸਾਚੇ ਤੇਰੀ ਆਤਮ ਵੇਖ, ਕਲ ਸੋਇਆ ਆਪ ਜਗਾਵੰਦਾ । ਆਪ ਮਿਟਾਏ ਬਿਧਨਾ ਲਿਖੀ ਰੇਖ, ਸਾਚੇ ਲੇਖ ਫੇਰ ਲਿਖਾਵੰਦਾ । ਨਾ ਕੋਈ ਜਾਣੇ ਪੀਰ ਫ਼ਕੀਰ ਸ਼ੇਖ਼, ਹਰਿ ਬੇੜਾ ਆਪ ਰੁੜਾਵੰਦਾ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ, ਅੰਤ ਨਾ ਕੋਈ ਪਾਵੰਦਾ । ਗੁਰਮੁਖ ਸਾਚੇ ਸੰਤ ਜਨ, ਹਰਿ ਆਪਣੀ ਸਰਨ ਲਗਾਵੰਦਾ । ਦੇਵੇ ਸਾਚਾ ਨਾਮ ਹਰਿ, ਹਰਿ ਹਿਰਦੇ ਵਸ ਸਮਾਵੰਦਾ । ਸਾਚਾ ਸ਼ਬਦ ਸੁਣਾਏ ਕੰਨ, ਹਰਿ ਆਤਮ ਨਿਤ ਧਰਾਵੇ ਮਨ, ਜਿਨ੍ਹਾਂ ਤੁੱਠੇ ਬੂਝ ਬੁਝਾਵੰਦਾ । ਗੁਰਮੁਖ ਸਾਚੇ ਕਲਜੁਗ ਚੁਣ ਪ੍ਰਭ ਆਤਮ ਜੋਤੀ ਦੀਪ ਜਗਾਵੰਦਾ । ਇਕ ਲਗਾਏ ਸ਼ਬਦ ਧੁਨ, ਦਿਵਸ ਰੈਣ ਏਕਾ ਰੰਗ ਰੰਗਾਵੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਵਿਚ ਰਹਾਵੰਦਾ । ਗੁਰਸਿਖ ਤੇਰੇ ਨਾਮ ਵਡਿਆਈ । ਗੁਰਮਤ ਹਰਿ ਦਰ ਤੇ ਪਾਈ । ਝੂਠਾ ਤਨ ਰਹਿਣ ਨਾ ਪਾਈ । ਤੇਰੀ ਕਾਇਆ ਆਤਮ ਵਤ ਸੋਹੰ ਬੀਜ ਬਿਜਾਈ । ਆਪੇ ਰੱਖੇ ਤੇਰੀ ਪੱਤ, ਸ਼ਬਦ ਧੀਰਜ ਦੇਵੇ ਜੱਤ, ਏਕਾ ਸ਼ਬਦ ਲਿਖਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇ ਸਮਝਾਈ । ਸਚ ਸ਼ਬਦ ਹਰਿ ਧੀਰ ਧਿਆਨਾ ।

ਗੁਰ ਚਰਨ ਧੂੜ ਸਾਚਾ ਇਸ਼ਨਾਨਾ । ਕਲਜੁਗ ਮੂੜ੍ਹ ਹੋਏ ਚਤੁਰ ਸੁਜਾਨਾ । ਏਕਾ ਰੰਗ ਚੜ੍ਹਾਏ ਗੂੜ੍ਹ, ਹਰਿ ਏਕਾ ਰੰਗ ਰੰਗਾਨਾ । ਜੋਤ ਸਰੂਪੀ ਪਾਏ ਜੁੜ, ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਹਰਿ ਰੰਗਾਏ ਸੱਚਾ ਭਗਵਾਨਾ । ਸੁਰਤ ਸ਼ਬਦ ਹਰਿ ਮੇਲ ਮਿਲਾਏ । ਗੁਰਮੁਖ ਸਾਚੇ ਆਪ ਜਗਾਏ । ਆਪ ਆਪਣੇ ਮਾਰਗ ਪਾਏ । ਸੋਹੰ ਸਾਚਾ ਰਾਗ ਸੁਣਾਏ । ਆਤਮ ਸਾਚੀ ਜਾਗ ਲਗਾਏ । ਦੁਰਮਤ ਮੈਲ ਧੋ ਸਚ ਵਸਤ ਹਰਿ ਆਪ ਰਖਾਏ । ਸਾਚੇ ਗੁਰਮੁਖ ਤੇਰੀ ਪਕੜੇ ਵਾਗ, ਆਪ ਆਪਣੇ ਸੰਗ ਰਖਾਏ । ਕਲਜੁਗ ਮਾਇਆ ਡਸਣੀ ਨਾਗ, ਤੇਰੇ ਅੰਤਮ ਨੇੜ ਨਾ ਆਏ । ਆਪ ਬਣਾਏ ਹੰਸ ਕਾਗ, ਸੋਹੰ ਸਾਚੀ ਜੋਤ ਜਗਾਏ । ਅੰਤਮ ਅੰਤ ਕਲ ਆ ਗਿਆ, ਝੂਠੇ ਦਿਸਣ ਭੈਣ ਭਰਾਏ । ਪ੍ਰਭ ਮਾਤ ਜੋਤ ਪ੍ਰਗਟਾ ਲਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ । ਗੁਰਸਿਖ ਸਾਚਾ ਵਡ ਵਡ ਭਾਗਾ । ਕਲਜੁਗ ਅੰਧੇਰੀ ਰੈਣ ਵਿਰਲਾ ਕੋਈ ਜਾਗਾ । ਸਾਧ ਸੰਗਤ ਵਿਚ ਰਲ ਕੇ ਬਹਿਣ ਪ੍ਰਭ ਅਬਿਨਾਸ਼ੀ ਸਰਨੀ ਲਾਗਾ । ਦਰਸ਼ਨ ਪੇਖੇ ਤੀਜੇ ਨੈਣ, ਆਤਮ ਧੋਏ ਦਾਗਾ । ਬੇਮੁਖ ਜੀਵ ਝੂਠੇ ਵਹਿਣ ਵਹਣ, ਹੰਸੋਂ ਬਣੇ ਕਾਗਾ । ਗੁਰਮੁਖ ਸਾਚੇ ਪ੍ਰਭ ਦਰ ਲਹਿਣਾ ਲੈਣ, ਮਾਤ ਹੋਏ ਵਡ ਵਡ ਭਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਧੋਏ ਪਾਪਾਂ ਦਾਗਾ । ਆਤਮ ਦਾਗ ਹਰਿ ਦਏ ਧੋਏ । ਸਾਚੇ ਧਾਗੇ ਲਏ ਪਰੋਏ । ਸਾਚਾ ਸ਼ਬਦ ਇਕ ਅਨਰਾਗੇ ਪ੍ਰਭ ਆਤਮ ਦਏ ਵਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੇ ਆਤਮ ਦਰ ਦਵਾਰੇ ਸਦਾ ਖਲੋਏ । ਆਤਮ ਦਰ ਸਚ ਦਵਾਰਿਆ । ਪ੍ਰਭ ਅਬਿਨਾਸ਼ੀ ਵੇਖ ਖੇਲ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਰੰਗੇ ਕਰਤਾਰਿਆ । ਸਾਚਾ ਲੇਖਾ ਰਿਹਾ ਲਿਖ, ਗੁਪਤ ਚਿਤਰ

ਸੰਗ ਰਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਲੇਖੇ ਸਭ ਮੁਕਾ ਰਿਹਾ । ਆਤਮ ਵੇਖ ਕਰੋ ਵਿਚਾਰੋ । ਪ੍ਰਭ ਅਬਿਨਾਸ਼ੀ ਪਾਵੇ ਸਾਰੋ । ਆਪ ਖੁਲ੍ਹਾਏ ਆਤਮ ਦਰ ਦਵਾਰੇ । ਏਕਾ ਜੋਤ ਕਰੇ ਅਕਾਰੇ । ਦੇਵੇ ਦਰਸ ਹਰਿ ਹਰਿ ਨਿਰੰਕਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਦਸਮ ਦਵਾਰੇ । ਸਚ ਦਵਾਰ ਆਪ ਖੁਲ੍ਹਾਏ । ਗੁਰਮੁਖ ਸਾਚੇ ਲਏ ਜਗਾਏ । ਆਤਮ ਜੋਤੀ ਦਏ ਜਗਾਏ । ਏਕਾ ਗੋਤੀ ਦੇ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਰੰਗਾਏ । ਆਪਣੇ ਰੰਗ ਰੰਗੇ ਕਰਤਾਰਾ । ਗੁਰਮੁਖ ਸਾਚਾ ਪਾਵੇ ਸਾਰਾ । ਸਾਚਾ ਦੇਵੇ ਨਾਮ ਅਧਾਰਾ । ਨਾਮ ਨਿਧਾਨ ਹਰਿ ਭਗਤ ਭੰਡਾਰਾ । ਆਪੇ ਹੋਏ ਹਰਿ ਵਰਤਾਰਾ । ਮੰਗਣ ਖੜੇ ਕੋਟ ਦਵਾਰਾ । ਰਹਿਣ ਭਰੇ ਸਦ ਭੰਡਾਰਾ, ਸ੍ਰਿਸ਼ਟ ਸਬਾਈ ਇਕ ਦਵਾਰਾ । ਚਾਰ ਵਰਨ ਏਕਾ ਸਰਨ, ਬਰਨ ਵਰਨ ਸਭ ਮੇਟ ਮਿਟਾਰਾ । ਏਕਾ ਸਰਨ ਨਰ ਅਵਤਾਰਾ । ਡਰਨ ਮਰਨ ਹਰਿ ਭਰਮ ਨਿਵਾਰਾ । ਜਨਮ ਕਰਮ ਹਰਿ ਦੋਏ ਸਵਾਰਾ । ਪੂਰਨ ਬ੍ਰਹਮ ਹਰਿ ਵਿਚਾਰਾ । ਆਪ ਬੰਧਾਏ ਸਾਚੀ ਧਾਰਾ । ਸਤਿਜੁਗ ਤੇਰਾ ਰਾਹ ਅਪਾਰਾ । ਸੋਹੰ ਚਲੇ ਸ਼ਬਦ ਅਪਾਰਾ । ਚਾਰ ਕੁੰਟ ਸੱਚੀ ਕਾਰਾ । ਸ੍ਰਿਸ਼ਟ ਸਬਾਈ ਏਕਾ ਰੰਗ ਰੰਗੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਰੇ ਵਰਤਾਰਾ । ਸ੍ਰਿਸ਼ਟ ਸਬਾਈ ਏਕਾ ਰੰਗ । ਸਤਿਜੁਗ ਮੰਗੀ ਸਾਚੀ ਮੰਗ । ਹੋਏ ਸਹਾਈ ਸਦਾ ਅੰਗ ਸੰਗ । ਆਪ ਕਟਾਏ ਸਰਬ ਭੁੱਖ ਨੰਗ । ਹੱਥ ਨਾ ਹੋਵੇ ਕਿਸੇ ਤੰਗ । ਕੋਈ ਦਰ ਦਰ ਨਾ ਰਿਹਾ ਮੰਗ । ਆਤਮ ਤਨ ਆਪ ਪਹਿਨਾਏ ਸੋਹੰ ਸਾਚੀ ਵੰਗ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਚਾੜ੍ਹੇ ਸਾਚਾ ਰੰਗ । ਸੋਹੰ ਸਾਚਾ ਰੰਗ ਰੰਗਾਵਣਾ । ਏਕਾ ਨਾਮ ਨਿਧਾਨ, ਪ੍ਰਭ ਸਾਚੇ ਝੋਲੀ ਪਾਵਣਾ । ਗੁਣਵੰਤ ਗੁਣ ਨਿਧਾਨ, ਆਪਣਾ ਕਰਮ ਕਮਾਵਣਾ । ਏਕਾ ਪਹਿਨਣ ਖਾਣ, ਏਕਾ ਅੰਗ ਰਖਾਵਣਾ । ਊਚ ਨੀਚ ਨੀਚ ਊਚ ਪ੍ਰਭ ਸਾਚਾ ਭੇਵ ਖੁਲ੍ਹਾਵਣਾ । ਰਾਓ ਰੰਕ ਰੰਕ ਰਾਓ ਏਕਾ ਥਾਂ ਬਹਾਵਣਾ । ਸੋਹੰ ਸਾਚਾ ਡੰਕ ਪ੍ਰਭ ਸਾਚੇ ਆਪ ਵਜਾਵਣਾ । ਗੁਰਮੁਖ ਆਤਮ ਦਵਾਰ ਬੰਕ ਪ੍ਰਭ ਸਾਚੇ ਆਪ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਆਪ ਜਗਾਵਣਾ । ਆਪ ਚੁਕਾਵੇ ਮੋਰ ਤੋਰ, ਦੂਈ ਦਵੈਤ ਪਰਦਾ ਲਾਹਵਣਾ । ਕਲਜੁਗ ਮਿਟਾਏ ਅੰਧ ਘੋਰ, ਸਤਿਜੁਗ ਸਾਚਾ ਲਾਵਣਾ । ਬੇਮੁਖ ਜੀਵ ਐਵੇਂ ਪਾਇਨ ਸ਼ੋਰ, ਵੇਲਾ ਗਿਆ ਹੱਥ ਨਾ ਆਵਣਾ । ਪੰਜੇ ਲੁੱਟੀ ਜਾਇਣ ਚੋਰ, ਹਰਿ ਬਿਨ ਕਿਸੇ ਨਾ ਬਾਹਰ ਕਢਾਵਣਾ । ਧਰਮ ਰਾਏ ਘਰ ਜਾਏ ਢੋਰ, ਗਲ ਸੰਗਲ ਘਤ ਚਲਾਵਣਾ । ਗੁਰਮੁਖ ਚਰਨ ਪ੍ਰੀਤੀ ਜੋੜ, ਪ੍ਰਭ ਅੰਤਮ ਅੰਤ ਛੁਡਾਵਣਾ । ਆਪਣੇ ਹੱਥ ਪ੍ਰਭ ਸਾਚਾ ਪਕੜੇ ਤੇਰੀ ਡੋਰ, ਸ਼ਬਦ ਸਰੂਪੀ ਸਚ ਪਤੰਗ ਉਡਾਵਣਾ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਰੰਗਾਵਣਾ । ਗੁਰਮੁਖ ਸਾਚਾ ਸਚ ਘਰ ਵਾਸ । ਏਕਾ ਵਸੇ ਹਰਿ ਪੁਰਖ ਅਬਿਨਾਸ਼ । ਜੋਤ ਸਰੂਪੀ ਸਾਚੀ ਰਾਸ । ਦੂਜੀ ਵਸਤ ਨਾ ਹੋਵੇ ਪਾਸ । ਜੋਤ ਸਰੂਪੀ ਜੋਤ ਹਰਿ ਸਦ ਸਦ ਬਲ ਬਲ ਜਾਸ । ਗੁਰਮੁਖ ਸਾਚੇ ਸਚ ਘਰ ਵੇਖ । ਪ੍ਰਭ ਅਬਿਨਾਸ਼ੀ ਨੇਤਰ ਪੇਖ । ਆਪ ਲਿਖਾਏ ਸਾਚੇ ਤੇਰੇ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਗੁਰਮੁਖ ਸਾਚੇ ਵੇਖ । ਲੱਖ ਚੁਰਾਸੀ ਆਪ ਉਪਾਏ । ਉਤਮ ਮਾਨਸ ਦੇਹ ਰਖਾਏ । ਵਿਚ ਮਾਤ ਦੇ ਜਨਮ ਦਵਾਏ । ਆਪ ਆਪਣਾ ਜਾਮਾ ਪਾਏ । ਗੁਰਮੁਖ ਸਾਚੇ ਸੰਤ ਜਨ ਪ੍ਰਭ ਸਾਚਾ ਲਏ ਜਗਾਏ । ਏਕਾ ਸ਼ਬਦ ਕੰਨ ਸਾਚਾ ਰਾਗ ਸੁਣਾਏ । ਮਹਿੰਮਾ ਅਪਰ ਅਪਾਰ, ਹਰਿ ਭੇਵ ਕੋਈ ਨਾ ਪਾਏ । ਕਲਜੁਗ ਅੰਤਮ ਅਵਤਾਰ ਨਰ, ਜੋਤ ਸਰੂਪੀ ਖੇਲ ਰਚਾਏ । ਆਪਣਾ

ਕੀਆ ਲੈਣ ਭਰ, ਕਰਮ ਜੋ ਜਨ ਰਹੇ ਕਮਾਏ । ਗੁਰਮੁਖਾਂ ਖੁਲ੍ਹਾਏ ਆਤਮ ਦਰ, ਸਾਚੀ ਬੂਝ ਬੁਝਾਏ । ਆਪ ਨੁਹਾਏ ਅੰਮ੍ਰਿਤ ਸਾਚੇ ਸਰ, ਦੂਈ ਦਵੈਤੀ ਮੈਲ ਗਵਾਏ । ਆਪ ਦਿਖਾਏ ਘਰ ਵਿਚ ਘਰ, ਜਿਥੇ ਬੈਠਾ ਤਾੜੀ ਲਾਏ । ਆਪ ਚੁਕਾਏ ਝੂਠਾ ਡਰ, ਜੋਤ ਸਰੂਪੀ ਡਗਮਗਾਏ । ਏਕਾ ਰੰਗ ਹਰਿ ਦੇਵੇ ਕਰ, ਅਗਿਆਨ ਅੰਧੇਰ ਮਿਟਾਏ । ਕਵਲ ਨਾਭ ਉਲਟਾ ਦੇਵੇ ਕਰ, ਅੰਮ੍ਰਿਤ ਫੁਹਾਰ ਆਪ ਰਖਾਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਦਸਮ ਦਵਾਰ ਦੀ ਬੂਝ ਬੁਝਾਏ । ਦਰ ਘਰ ਸਾਚਾ ਆਪ ਵਿਚਾਰਨਾ । ਜੀਓ ਪਿੰਡ ਭਾਂਡਾ ਕਾਚਾ ਤੋੜ ਨਾ ਕਿਸੇ ਚਾੜ੍ਹਨਾ । ਗੁਰਮੁਖ ਸਾਚੇ ਹਰਿ ਦਰ ਵਾਚਾ, ਸਾਚਾ ਸ਼ਬਦ ਦੇਵੇ ਸਾਚੀ ਧਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਆਪ ਸਵਾਰਨਾ । ਮਾਨਸ ਜਨਮ ਆਪ ਸਵਾਰੇ । ਲੱਖ ਚੁਰਾਸੀ ਗੇੜ ਨਿਵਾਰੇ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸਾਚਾ ਪਾਰ ਉਤਾਰੇ । ਏਕਾ ਦੇਵੇ ਨਾਮ ਧਨਾ, ਸਾਚਾ ਮਾਲ ਵਿਚ ਸੰਸਾਰੇ । ਚੋਰਾਂ ਠੱਗਾਂ ਦੁਰਜਨਾਂ ਕਰੇ ਬੰਦ ਦਵਾਰੇ । ਜੋਤੀ ਜੋਤ ਸਰੂਪ ਹਰਿ, ਕਲਜੁਗ ਖੇਲ ਕਰੇ ਅਪਾਰੇ । ਗੁਰਮੁਖ ਰਾਮ ਰਮਈਆ ਪਾਵਨਾ । ਆਪ ਆਪਣਾ ਭਰਮ ਚੁਕਾਵਣਾ । ਸਚ ਧਰਮ ਇਕ ਕਰਮ ਕਮਾਵਣਾ । ਕਲਜੁਗ ਅੰਤਮ ਸ਼ਬਦ ਉਖੇੜ ਇਕ ਲਗਾਵਣਾ । ਸ੍ਰਿਸ਼ਟ ਸਬਾਈ ਭੇੜ ਭੇੜ ਪ੍ਰਭ ਸਾਚੇ ਕਲਜੁਗ ਅੰਤ ਕਰਾਵਣਾ । ਅੰਤਮ ਅੰਤ ਕਲਜੁਗ ਪ੍ਰਭ ਸਾਚਾ ਦਏ ਨਬੇੜ, ਵਿਚੋਲਾ ਹੋ ਨਾ ਕਿਸੇ ਛੁਡਾਵਣਾ । ਆਪੇ ਦੇਵੇ ਏਕਾ ਗੇੜ, ਸ੍ਰਿਸ਼ਟ ਸਬਾਈ ਪੀੜ ਪਿੜਾਵਣਾ । ਆਪ ਮਿਟਾਏ ਜਗਤ ਝੇੜ, ਹੱਡੀ ਰੀੜ ਆਪ ਤੁੜਾਵਣਾ । ਜੋਤ ਸਰੂਪੀ ਜੋਤ ਹਰਿ ਸਾਚਾ ਮਾਰਗ ਲਾਵਣਾ । ਕਲਜੁਗ ਤੇਰਾ ਤੁੱਟੇ ਮਾਣ । ਮਾਤਲੋਕ ਨਾ ਦਿਸੇ ਤੇਰੀ ਸ਼ਾਨ । ਆਪ ਚੁਕਾਏ ਤੇਰੀ ਕਾਣ । ਸੋਹੰ ਸ਼ਬਦ ਮਾਰੇ ਬਾਣ । ਚਾਰ ਕੁੰਟ ਹੋਏ ਹੈਰਾਨ । ਉਠਣ ਵਡ ਵਡ ਬਲੀ ਬਲਵਾਨ । ਆਇਣ ਚਲ ਵਿਚ ਮੈਦਾਨ । ਇਕ ਦੂਜੇ ਦਾ ਕਰਨ ਨਿਸ਼ਾਨ । ਕਿਸੇ ਨਾ ਆਵੇ ਆਤਮ ਗਿਆਨ । ਭਰਮ ਭੁਲੇਖੇ ਸਰਬ ਮਿਟ ਮਰ ਜਾਣ । ਆਪ ਆਪਣੀ ਕਾਰ ਕਮਾਵੇ, ਹਰਿ ਸਾਚਾ ਸ੍ਰੀ ਭਗਵਾਨ । ਸ੍ਰਿਸ਼ਟ ਸਬਾਈ ਆਪ ਖਪਾਵੇ, ਸਰਬ ਜੀਆਂ ਦਾ ਜਾਣੀ ਜਾਣ । ਕਿਆ ਕੋਈ ਬੰਨ੍ਹੇ ਝੂਠੇ ਦਾਅਵੇ, ਆਪਣਾ ਆਪ ਨਾ ਸਕੇ ਪਛਾਣ । ਜੋਤੀ ਜੋਤ ਸਰੂਪ ਹਰਿ, ਕਲਜੁਗ ਮਿਟਾਏ, ਸਤਿਜੁਗ ਸਾਚਾ ਲਾਇਆ ਆਣ । ਕਲਜੁਗ ਤੇਰਾ ਅੰਤ ਕਰਾ ਕੇ । ਗੁਰਮੁਖ ਸਾਚੇ ਸੰਤ ਜਗਾ ਕੇ । ਸਾਚਾ ਨਾਮ ਕੰਤ ਬਣਾ ਕੇ । ਸਤਿਜੁਗ ਤੇਰੀ ਆਪੇ ਜਾਵੇ ਬਣਤ ਬਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਅਗਣਤ ਨਾ ਜਾਏ ਕੋਈ ਗਿਣਾ ਕੇ । ਕਲਜੁਗ ਤੇਰਾ ਮਿਟੇ ਭੇਖ । ਆਪ ਮਿਟਾਏ ਤੇਰੀ ਝੂਠੀ ਰੇਖ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ । ਜੋਤ ਸਰੂਪੀ ਹਰਿ ਧਾਰੇ ਭੇਖ । ਸਭ ਮਿਟਾਏ ਮੁਲਾਂ ਮੁਸਾਇਕ ਸ਼ੇਖ਼ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਵਿਚ ਰਿਹਾ ਵੇਖ । ਮੁਲਾ ਮੁਲਾਣਾ ਕੋਈ ਰਹਿਣ ਨਾ ਪਾਣਾ । ਆਪ ਮਿਟਾਏ ਅੰਜ਼ੀਲ ਕੁਰਾਨਾ । ਸੋਹੰ ਚਲਾਏ ਸਾਚਾ ਬਾਣਾ । ਚਾਰ ਕੁੰਟ ਵਹੀਰ ਕਰਾਣਾ । ਰਾਜਾ ਰਾਣਾ ਤਖ਼ਤੋਂ ਲਾਹਣਾ । ਏਕਾ ਨਿਸ਼ਾਨਾ ਤੀਰ ਸ਼ਬਦ ਚਲਾਣਾ । ਆਤਮ ਧਿਆਨਾ ਹਰਿ ਭਗਵਾਨਾ ਸਰਬ ਜੀਆਂ ਦੀ ਆਪੇ ਜਾਣਾ । ਭੁੱਲ ਭੁਲੇਖੇ ਨਾ ਕਿਸੇ ਭੁਲਾਣਾ । ਗੁਰਮੁਖ ਸਾਚੇ ਲੇਖ ਹਰਿ ਆਪ ਲਿਖਾਣਾ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਪਹਿਰੇ ਬਾਣਾ । ਕਲਜੁਗ ਅੰਤਮ ਜਾਏ ਮੁੱਕ । ਵੇਲਾ ਅੰਤ ਨਾ ਸਕੇ ਰੁਕ । ਦਾਣਾ ਪਾਣੀ ਸਰਬ ਦਾ ਗਿਆ ਚੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਬੇਮੁਖਾਂ ਮੁਖ ਪਾਏ ਥੁੱਕ । ਕਲਜੁਗ

ਤੇਰੀ ਝੂਠੀ ਵਾੜੀ । ਪ੍ਰਭ ਅਬਿਨਾਸ਼ੀ ਸਾਚਾ ਵੱਢੇ ਇਕੱਠੀ ਹਾੜੀ । ਆਪ ਚਬਾਏ ਆਪਣੀ ਦਾਹੜੀਂ । ਅਗਨ ਲਗਾਏ ਬਹੱਤਰ ਨਾੜੀ । ਲੁਕਦੇ ਫਿਰਨ ਜੀਵ ਝਾੜ ਝਾੜੀ । ਪਿੱਛੇ ਕਰਾਏ ਕਾੜ ਕਾੜੀ । ਚੋਰਾਂ ਯਾਰਾਂ ਠੱਗਾਂ ਕਿਸਮਤ ਮਾੜੀ । ਵੇਲਾ ਅੰਤਮ ਅੰਤ ਕਲ ਆ ਗਿਆ ਆਪ ਬਣਾਏ ਮੌਤ ਲਾੜੀ । ਮੌਤ ਲਾੜੀ ਜਗਤ ਪ੍ਰਨਾਵਣਾ । ਧਰਮ ਰਾਏ ਦੇ ਦਰ ਲਿਆਵਣਾ । ਬੇਮੁਖਾਂ ਹਰਿ ਨਸ਼ਟ ਕਰਾਵਣਾ । ਅਠਾਈ ਨਰਕ ਕੁੰਡ ਦੇ ਵਿਚ ਫਿਰਾਵਣਾ । ਜੋਤੀ ਜੋਤ ਸਰੂਪ ਹਰਿ, ਸਾਚਾ ਲੇਖ ਮਾਤ ਲਿਖਾਵਣਾ । ਕਲਜੁਗ ਤੇਰਾ ਲੇਖ ਲਿਖਾਈਆ । ਆਪ ਡੁਬਾਏ ਤੇਰੀ ਨਈਆ । ਸਾਚੇ ਤੋਲ ਹਰਿ ਤੁਲਈਆ । ਜੂਠਾ ਝੂਠਾ ਦਰ ਅੰਤ ਸਭ ਰਵਈਆ । ਦਰ ਦਰ ਮੰਗਣ, ਸਾਚੀ ਭਿੱਖ ਕਿਤੋਂ ਨਾ ਪਈਆ । ਨਾ ਕੋਈ ਦਿਸੇ ਭੈਣਾਂ ਭਈਆ । ਨਾਰੀਆਂ ਛੱਡਣ ਸਾਚਾ ਪੀਆ । ਬਾਲ ਅੰਞਾਣੇ ਨਾ ਮਿਲੇ ਸੀਆ । ਸੁਘੜ ਸਿਆਨਿਆਂ ਪ੍ਰਭ ਸਾਚਾ ਰਾਹ ਭੁਲਈਆ । ਦੂਈ ਦਵੈਤ ਆਤਮ ਰਖਾਨਿਆਂ, ਝੂਠੇ ਧੰਦੇ ਆਪ ਲਗਈਆ । ਸਚ ਸ਼ਬਦ ਨਾ ਕਿਸੇ ਪਛਾਨਿਆਂ, ਆਪਣਾ ਮੂਲ ਕਲ ਆਪ ਗਵਈਆ । ਸਾਚੀ ਇਹ ਰੀਤ ਜਗਤ ਚਲਾਨਿਆਂ, ਪ੍ਰਭ ਚਾਰ ਵਰਨ ਇਕ ਕਰਈਆ । ਨਾ ਕੋਈ ਦਿਸੇ ਰਾਜਾ ਰਾਨਿਆਂ, ਰਾਓ ਰੰਕ ਇਕ ਥਾਂ ਬਹਈਆ । ਬੇਮੁੱਖ ਭੁੰਨਾਏ ਜਿਉਂ ਭਠਿਆਲੇ ਦਾਨਿਆਂ, ਬੇਮੁਖ ਨਾ ਕੋਇ ਛੁਡਈਆ । ਸਰਬ ਜੀਆਂ ਦੀ ਆਪੇ ਜਾਨਿਆਂ, ਨਾ ਕੋਈ ਭਰਮ ਭੁਲੇਖਾ ਰਹੀਆ । ਗੁਰਮੁਖ ਸਾਚੇ ਆਤਮ ਰੰਗ ਸਾਚਾ ਮਾਨਿਆਂ, ਜਿਸ ਪ੍ਰਭ ਸਾਚੇ ਰੰਗ ਰੰਗਈਆ । ਪ੍ਰਭ ਅਬਿਨਾਸ਼ੀ ਸਾਚਾ ਜਾਨਿਆਂ, ਆਤਮ ਜਿੰਦਾ ਆਪ ਤੁੜਈਆ । ਹੋਏ ਮੇਲ ਭਗਤ ਭਗਵਾਨਿਆਂ, ਆਪੇ ਸਾਚੀ ਜੋਤ ਜਗਈਆ । ਏਕਾ ਤੀਰ ਚਲੇ ਵੱਜੇ ਸਚ ਨਿਸ਼ਾਨਾ, ਬਜ਼ਰ ਕਪਾਟੀ ਚੀਰ ਚਿਰਾਨਿਆਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਵਿਚ ਮਾਤ ਜੋਤ ਰਖਈਆ । ਕਲਜੁਗ ਤੇਰਾ ਕਰਮ ਵਿਚਾਰਿਆ । ਵੇਲੇ ਅੰਤ ਕਿਉਂ ਆਪਣਾ ਮੂਲ ਗਵਾ ਰਿਹਾ । ਸ੍ਰਿਸ਼ਟ ਸਬਾਈ ਆਪ ਭੁਲਾਈ ਗੁਰਮੁਖ ਸਾਚੇ ਸੰਤ ਸ਼ਬਦ ਸਰੂਪੀ ਹਰਿ ਮੇਲ ਮਿਲਾ ਰਿਹਾ । ਆਪ ਬਣਾਏ ਸਾਚੀ ਬਣਤ, ਆਤਮ ਦੀਪਕ ਜੋਤ ਜਗਾ ਰਿਹਾ । ਇਕ ਲਗਾਏ ਆਪਣੀ ਤਨਕ, ਕਲਜੁਗ ਸੋਇਆ ਆਪ ਉਠਾ ਰਿਹਾ । ਆਪ ਫਿਰਾਏ ਮਨ ਕਾ ਮਣਕ, ਗੁਰਮੁਖ ਸਾਚੇ ਆਪ ਜਗਾ ਰਿਹਾ । ਭਗਤ ਉਧਾਰੇ ਜਿਉਂ ਰਾਜਾ ਜਨਕ, ਦਰਗਹਿ ਸਾਚੀ ਮਾਣ ਦਵਾ ਰਿਹਾ । ਆਵੇ ਜਾਵੇ ਜੁਗੋ ਜੁਗ ਬਾਰ ਅਨਕ, ਆਪਣੇ ਭਾਣੇ ਵਿਚ ਸਮਾ ਰਿਹਾ । ਕਲਜੁਗ ਅੰਤਮ ਅੰਤ ਚੌਥਾ ਜੁਗ ਅੰਤ ਕਰਾ ਰਿਹਾ । ਕਲਜੁਗ ਅੰਤ ਹੋਏ ਭਸਮੰਤ ਪ੍ਰਭ ਕੰਤ ਔਧ ਮੁਕਾ ਰਿਹਾ । ਗੁਰਮੁਖਾਂ ਗੁਰਸਿਖਾਂ ਮਿਲਾਵਾ ਹਰਿ ਸਾਚੇ ਕੰਤ, ਹਰਿ ਆਤਮ ਸਾਚੀ ਬੂਝ ਬੁਝਾ ਰਿਹਾ । ਕਿਆ ਕੋਈ ਕਰੇ ਜੀਵ ਜੰਤ, ਜਿਸ ਪ੍ਰਭ ਸਾਚਾ ਪਰਦਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਵਿਚ ਸਮਾ ਰਿਹਾ । ਕਲਜੁਗ ਤੇਰੀ ਵਿਗੜੀ ਰਾਸ । ਅੰਤਮ ਅੰਤਕਾਲ ਸਚ ਵਸਤ ਨਾ ਹੋਵੇ ਕਿਸੇ ਪਾਸ । ਦਿਵਸ ਰੈਣ ਰੈਣ ਦਿਵਸ ਖਾਂਦੇ ਫਿਰਦੇ ਮਦਿਰਾ ਮਾਸ । ਗੁਰਮੁਖ ਸਾਚੇ ਸੰਤ ਜਨਾਂ ਹਰਿ ਪ੍ਰਭ ਰੱਖੇ ਵਾਸ । ਦੇਵੇ ਆਤਮ ਜੋਤ ਸਚ ਧੰਨਾ, ਆਤਮ ਜੋਤ ਕਰੇ ਪ੍ਰਕਾਸ਼ । ਨਿਰਮਲ ਕਰੇ ਹਰਿ ਤਨਾ, ਜਿਸ ਜਨ ਹਰਿ ਰੱਖੇ ਵਾਸ । ਸਾਚਾ ਸ਼ਬਦ ਧਨ ਧਨਾ, ਦੇਵੇ ਪੁਰਖ ਅਬਿਨਾਸ਼ । ਜੋਤੀ ਜੋਤ ਸਰੂਪ ਹਰਿ, ਪਾਰਬ੍ਰਹਮ ਸਰਬ ਘਟ ਵਾਸ । ਪੁਰਖ ਅਬਿਨਾਸ਼ਿਆ ਵੇਖ ਤਮਾਸ਼ਿਆ । ਕਲਜੁਗ ਵਿਨਾਸਿਆ ਮਾਤਲੋਕ ਵਿਚੋਂ ਨਾਸਿਆ । ਅੰਤਮ ਅੰਤ ਆਇਆ ਹਾਰ ਪਾਸਿਆ । ਨਾ ਦੇਵੇ ਕੋਈ ਧੀਰ ਧਰਾਸਿਆ । ਅੰਤਮ ਅੰਤਕਾਲ ਨਾ ਕਰੇ ਕੋਈ ਬੰਦ

ਖੁਲਾਸਿਆ । ਜੋਤੀ ਜੋਤ ਸਰੂਪ ਹਰਿ ਕਲ ਸਾਚਾ ਖੇਲ ਵਰਤਾਸਿਆ । ਕਲਜੁਗ ਤੇਰੀ ਆਤਮ ਅੰਧ । ਅੰਦਰ ਹੋਈ ਪਾਪਾਂ ਕੰਧ । ਦੁੱਖੀ ਹੋਇਆ ਬੰਦ ਬੰਦ । ਆਤਮ ਕੋਇ ਨਾ ਤੋੜੇ ਜੰਦ । ਆਪ ਗਵਾਇਆ ਪਰਮਾਨੰਦ । ਮਦਿਰਾ ਮਾਸ ਮੁੱਖ ਰਖਾਇਆ, ਆਪ ਤਜਾਇਆ ਨਿਜਾਨੰਦ । ਜੋਤੀ ਜੋਤ ਸਰੂਪ ਹਰਿ ਗੁਰਮੁਖਾਂ ਆਣ ਤਰਾਏ, ਜੋਤ ਸਰੂਪੀ ਦਰਸ ਦਿਖਾਏ, ਆਤਮ ਚਿੰਤਾ ਸੋਗ ਮਿਟਾਏ, ਸੋਹੰ ਸਾਚਾ ਜੋਗ ਦਵਾਏ ਪੂਰਨ ਭਗਵੰਤ । ਪੂਰਨ ਭਗਵੰਤ ਸਚ ਕਰ ਮਾਨਣਾ । ਕਲਜੁਗ ਅੰਤਮ ਪ੍ਰਭ ਸਾਚੇ ਛਾਨਣਾ । ਕਿਸੇ ਨਾ ਮਿਲੇ ਥਾਨਣਾ । ਏਕਾ ਮਾਰ ਸ਼ਬਦ ਬਾਨਣਾ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗੇ ਰੰਗ ਭਗਵਾਨਣਾ । ਭਿੰਨੜੀ ਰੈਣ ਵਡ ਵਡ ਰਾਣੀਏ । ਪ੍ਰਭ ਸਾਚਾ ਦੇਵੇ ਮਾਣ ਵਡ ਵਡਾਣੀਏ । ਗੁਰਮੁਖ ਬਾਹੋਂ ਪਕੜ ਆਪਣੇ ਲੜ ਲਾਣੀਏ । ਆਪੇ ਸਾਚੇ ਲਾਡ ਲਡਾਏ ਜਿਉਂ ਮਾਤਾ ਬਾਲ ਅੰਞਾਣੀਏ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਸਦ ਰੰਗਾਣੀਏ । ਗੁਰਮੁਖ ਸਾਚਾ ਸਾਚੇ ਰੰਗ ਰੰਗਾਵਣਾ । ਪ੍ਰਭ ਅਬਿਨਾਸ਼ੀ ਆਪਣਾ ਭੇਵ ਖੁਲ੍ਹਾਵਣਾ । ਜੋਤੀ ਜੋਤ ਸਰੂਪ ਹਰਿ, ਆਤਮ ਦੀਪਕ ਜੋਤ ਜਗਾਵਣਾ । ਆਤਮ ਸਤਿ ਕਰੇ ਬੁੱਧ ਬਬੇਕ ਕਰਾਵਣਾ । ਆਤਮ ਸੋਇਆ ਆਪ ਜਗਾਇਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਵਣਾ । ਆਪਣੇ ਰੰਗ ਆਪ ਰੰਗਾਏ । ਗੁਰਮੁਖ ਸਾਚੇ ਸੰਗ ਨਿਭਾਏ । ਅੰਗ ਸੰਗ ਆਪ ਹੋ ਜਾਏ । ਵੇਲੇ ਅੰਤ ਹੋਏ ਸਹਾਈ, ਜੋਤ ਸਰੂਪੀ ਮੇਲ ਹਰਿ ਜੋਤ ਸਰੂਪੀ ਮੇਲ ਮਿਲਾਏ । ਜੋਤ ਸਰੂਪੀ ਮਿਲਿਆ ਹਰਿ ਸਚ ਹੈ । ਸ੍ਰਿਸ਼ਟ ਸਬਾਈ ਦਿਸੇ ਭਾਂਡਾ ਕੱਚ ਹੈ । ਬੇਮੁਖ ਜੀਵ ਝੂਠੇ ਰਹੇ ਨੱਚ ਹੈ । ਗੁਰਮੁਖ ਵਿਰਲੇ ਸੰਤ ਜਨਾਂ ਪੱਲੇ ਨਾਮ ਸਚ ਹੈ । ਕਲਜੁਗ ਜੀਵ ਅੰਤਕਾਲ ਕਲ ਮਾਇਆ ਅਗਨ ਤ੍ਰਿਸ਼ਨਾ ਵਿਚ ਰਹੇ ਮੱਚ ਹੈ । ਗੁਰਮੁਖ ਵਿਰਲੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਹਿਰਦੇ ਰਿਹਾ ਰਚ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਸੱਚੋ ਸਚ ਹੈ । ਸਚੋ ਸਚ ਸਚ ਲਿਖਾਵਣਾ । ਕੱਚੋ ਕੱਚ ਕੱਚ ਨਸ਼ਟ ਕਰਾਵਣਾ । ਗੁਰਮੁਖ ਸਾਚੇ ਹਿਰਦੇ ਰਚ ਬੂਝ ਬੁਝਾਵਣਾ । ਜੋ ਜਨ ਰਹੇ ਅੰਤਮ ਬਚ, ਸਵੱਛ ਸਰੂਪੀ ਦਰਸ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਵਿਚ ਜਗਤ ਧਰਾਵਣਾ । ਸਚ ਸੁੱਚ ਹਰਿ ਕਰੇ ਵਰਤਾਰਾ । ਆਪ ਖੁਲ੍ਹਾਏ ਮਾਤ ਭੰਡਾਰਾ । ਆਪੇ ਬਣੇ ਹਰਿ ਵਰਤਾਰ, ਸ੍ਰਿਸ਼ਟ ਸਬਾਈ ਬਣੇ ਭਿਖਾਰਾ । ਚਾਰ ਵਰਨ ਇਕ ਘਰ ਬਾਹਰਾ । ਸੋਹੰ ਦੇਵੇ ਨਾਮ ਅਧਾਰਾ । ਆਪ ਵਸਾਏ ਸਾਚੇ ਥਾਉਂ, ਚਰਨ ਪ੍ਰੀਤੀ ਮੋਖ ਦਵਾਰਾ । ਚਰਨ ਪ੍ਰੀਤੀ ਸਾਚੀ ਰੀਤ, ਮੇਲ ਮਿਲਾਵਾ ਕੰਤ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ ਅਧਾਰਾ । ਸਾਚਾ ਸ਼ਬਦ ਅਧਾਰ ਵਿਚ ਵਰਭੰਡ ਹੈ । ਗੁਰਮੁਖਾਂ ਦੇਵੇ ਸਾਚਾ ਨਾਮ ਉਤਰੇ ਪਾਰ, ਪ੍ਰਭ ਅਬਿਨਾਸ਼ੀ ਦੇਵੇ ਵੰਡ ਹੈ । ਵੇਲੇ ਅੰਤਕਾਲ ਕਲਜੁਗ ਗੁਰਮੁਖਾਂ ਨਾ ਦੇਵੇ ਕੰਡ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਤਮ ਕੀਨੀ ਰੰਡ ਹੈ । ਸ੍ਰਿਸ਼ਟ ਸਬਾਈ ਆਤਮ ਰੰਡੀ । ਜੀਵ ਜੰਤ ਸਭ ਹੋਏ ਘਮੰਡੀ । ਦਰ ਦਰ ਘਰ ਘਰ ਸਾਧੂ ਫਿਰਨ ਪਾਖੰਡੀ । ਕੋਇ ਨਾ ਦਿਸੇ ਸਾਚੀ ਕੰਢੀ । ਝੂਠੀਆਂ ਪਾਵਣ ਮਾਤ ਵੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਆਪਣਾ ਭਾਣਾ ਹਰਿ ਵਰਤਾਏ, ਸ੍ਰਿਸ਼ਟ ਸਬਾਈ ਹੋਈ ਰੰਡੀ । ਕਲਜੁਗ ਅੰਤਮ ਅੰਤ ਕਰਾਵਣਾ । ਕਲਜੁਗ ਝੂਠਾ ਭੇਖ ਮਿਟਾਵਣਾ । ਮਿਲੇ ਸੁਹਾਗ ਨਾ ਕਿਸੇ ਹੰਢਾਵਣਾ । ਹਾਹਾਕਾਰ ਜਗਤ ਕਰਾਵਣਾ । ਚਾਰ ਯਾਰਾਂ ਵਕਤ ਚੁਕਾਵਣਾ । ਅਹਿਮਦ ਮੁਹੰਮਦ ਰਹਿਣ ਨਾ ਪਾਵਣਾ ।

੧੭੮
੦੩

ਈਸਾ ਮੂਸਾ ਸੰਗ ਰਲਾਵਣਾ । ਕਾਲਾ ਸੂਸਾ ਤਨ ਪਹਿਨਾਵਣਾ । ਕਲਜੁਗ ਅੰਤਮ ਬੰਨ੍ਹ ਅੱਗੇ ਲਾਵਣਾ । ਜੂਠਾ ਝੂਠਾ ਮਾਇਆ ਲੂਠਾ ਪ੍ਰਭ ਨਸ਼ਟ ਕਰਾਵਣਾ । ਕਲਜੁਗ ਤੇਰੇ ਅੰਤਮ ਭਾਗ ਵਿਚ ਮਾਤ ਰਹਿਣ ਨਾ ਪਾਵਣਾ । ਆਪ ਮਿਟਾਏ ਤੇਰੀ ਅੰਧੇਰੀ ਰਾਤ, ਸੋਹੰ ਸਾਚਾ ਦੀਪ ਜਗਾਵਣਾ । ਗੁਰਮੁਖਾਂ ਪੁੱਛੇ ਆਪੇ ਵਾਤ, ਸਤਿਜੁਗ ਸਾਚਾ ਮਾਰਗ ਲਾਵਣਾ । ਆਤਮ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਵਿਚੋਂ ਪਾਵਣਾ । ਆਪੇ ਪੁੱਛੇ ਤੇਰੀ ਵਾਤ, ਦਿਵਸ ਰੈਣ ਰੈਣ ਦਿਵਸ ਰਸਨਾ ਗਾਵਣਾ । ਚਰਨ ਪ੍ਰੀਤੀ ਬਖ਼ਸ਼ੇ ਸਾਚਾ ਨਾਤ, ਮਦਿਰਾ ਮਾਸ ਰਸਨ ਨਾ ਲਾਵਣਾ । ਆਪ ਪੜ੍ਹਾਏ ਇਕ ਜਮਾਇਤ, ਚਾਰ ਵਰਨ ਹਰਿ ਜੋਤ ਜਗਾਵਣਾ । ਸਤਿਜੁਗ ਸਾਚੀ ਕਰੇ ਵੰਡ ਸਾਚਾ ਮਾਰਗ ਲਾਵਣਾ । ਆਪੇ ਬੈਠੇ ਵਿਚ ਇਕਾਂਤ, ਸਾਚਾ ਲੇਖਾ ਆਪ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਆਪ ਚਲਾਵਣਾ । ਕਲਜੁਗ ਤੇਰੀ ਹੋਏ ਵੰਡ । ਨੌਂ ਖੰਡ ਪ੍ਰਭ ਕੀਨੀ ਚੰਡ । ਚਾਰ ਕੁੰਟ ਚੰਡੀ ਚਮਕੇ ਵਡ ਚੰਡ ਪ੍ਰਚੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤੋੜੇ ਸਰਬ ਘਮੰਡ । ਚਾਰ ਕੁੰਟ ਚੰਡੀ ਚਮਕਾਵਣੀ । ਕਲਜੁਗ ਤੇਰੀ ਅੰਧੇਰੀ ਰਾਤ ਮਿਟਾਵਣੀ । ਪ੍ਰਭ ਅਬਿਨਾਸ਼ੀ ਜੋਤ ਜਗਾਵਵੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ ਰਸਨਾ ਖਿਚ ਤੀਰ ਕਮਾਨੀ । ਰਸਨਾ ਤੀਰ ਸ਼ਬਦ ਚਲਾਇਆ । ਚਾਰ ਕੁੰਟ ਵਹੀਰ ਕਰਾਇਆ । ਪੀਰ ਫਕੀਰ ਸਰਬ ਉਠਾਇਆ । ਦਸਤਗੀਰ ਨਾ ਹੋਏ ਕੋਇ ਸਹਾਇਆ । ਕਲਜੁਗ ਅੰਤਮ ਕੋਇ ਨਾ ਕੱਟੇ ਤੇਰੀ ਭੀੜ, ਨਾ ਕੋਈ ਧੀਰ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਅੰਤ ਅਖੀਰ ਕਰਾਇਆ । ਅੰਤਮ ਅੰਤ ਹੋਏ ਅਖੀਰ । ਮਾਤਲੋਕ ਹਰਿ ਕੱਟੇ ਜੰਜ਼ੀਰ । ਕੋਈ ਨਾ ਦੇਵੇ ਧੀਰ । ਕਰਮਾਂ ਧਰਮਾਂ ਹੋਈ ਅਖੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲਾਏ ਤੀਰ । ਤੀਰ ਨਿਸ਼ਾਨਾ ਜਾਏ ਲੱਗ । ਘਰ ਘਰ ਲੱਗੀ ਦਿਸੇ ਅੱਗ । ਸ੍ਰਿਸ਼ਟ ਸਬਾਈ ਜਾਏ ਦਗ । ਆਪ ਮਿਟਾਏ ਝੂਠਾ ਜਗ । ਗੁਰਮੁਖ ਸਾਚੇ ਆਪ ਜਗਾਏ, ਆਪ ਬਣਾਏ, ਆਪ ਆਪਣੀ ਸਰਨ ਲਗਾਏ, ਸੋਹੰ ਸਾਚਾ ਸ਼ਬਦ ਪਹਿਨਾਏ ਤਗ । ਅੰਤਮ ਅੰਤ ਹੋਏ ਸਹਾਏ, ਹਰਿ ਸਾਚਾ ਅੱਗੇ ਜਾਏ ਲੱਗ । ਆਪ ਬਹਾਏ ਸਾਚੀ ਥਾਂਏ, ਜਿਥੇ ਕੋਇ ਨਾ ਸਕੇ ਲੰਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਦਾ ਅੰਗ ਸੰਗ । ਗੁਰਮਤ ਗੁਰ ਦਰ ਪਾਵਣੀ । ਆਤਮ ਤ੍ਰਿਖਾ ਸਰਬ ਬੁਝਾਵਣੀ । ਕਲਜੁਗ ਮਾਇਆ ਝੂਠਾ ਲੇਖਾ ਪ੍ਰਭ ਦਰ ਤੋਂ ਮਗਰੋਂ ਲਾਹਵਣੀ । ਉਜਲ ਹੋਏ ਮੁਖ ਸਾਚੀ ਰੁੱਤਾ ਆਪ ਸੁਹਾਵਣੀ । ਸੁਫਲ ਕਰਾਵੇ ਮਾਤ ਕੁੱਖਾ, ਪ੍ਰਭ ਅਬਿਨਾਸ਼ੀ ਚਰਨੀ ਸੀਸ ਝੁਕਾਵਣੀ । ਆਪ ਮਿਟਾਏ ਆਤਮ ਸੋਗ ਦੁੱਖਾ, ਸੋਹੰ ਦਾਤ ਝੋਲੀ ਪਾਵਣੀ । ਤਨ ਰਹੇ ਨਾ ਭੂਠੀ ਭੁੱਖਾ, ਪ੍ਰਭ ਸਾਚੀ ਧੀਰ ਧਰਾਵਣੀ । ਆਪ ਉਪਜਾਏ ਸਾਚਾ ਸੁੱਖਾ, ਪ੍ਰਭ ਆਤਮ ਸ਼ਾਂਤ ਕਰਾਵਣੀ । ਉਲਟਾ ਮਾਤ ਗਰਭ ਨਾ ਹੋਏ ਰੁੱਖਾ, ਪ੍ਰਭ ਲੱਖ ਚੁਰਾਸੀ ਆਪ ਕਟਾਵਣੀ । ਕਲਜੁਗ ਜੀਵ ਨਾ ਹੋਣਾ ਰੁੱਖਾ, ਪ੍ਰਭ ਅੰਮ੍ਰਿਤ ਸਾਚਾ ਮੇਘ ਵਰਸਾਵਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਸਾ ਮਨਸਾ ਪੂਰ ਕਰਾਏ ਭਾਵਨੀ । ਗੁਰਮੁਖ ਹਰਿ ਪ੍ਰਭ ਜਾਨਣਾ । ਪ੍ਰਭ ਅਬਿਨਾਸ਼ੀ ਮਾਤ ਪਛਾਨਣਾ । ਆਤਮ ਦੇਵੇ ਬ੍ਰਹਮ ਗਿਆਨਣਾ । ਸੋਹੰ ਦੇਵੇ ਸ਼ਬਦ ਨਿਸ਼ਾਨਣਾ । ਆਤਮ ਜੋਤੀ ਦੇਵੇ ਚਾਨਣਾ । ਕਾਇਆ ਸੋਤੀ ਆਪ ਉਠਾਵਣਾ । ਦੁਰਮਤ ਮੈਲ ਧੋਤੀ ਭਿੰਨੜੀ ਰੈਣ ਜਿਸ ਜਨ ਪ੍ਰਭ ਅਬਿਨਾਸ਼ੀ ਰਸਨਾ ਗਾਵਣਾ । ਆਪ ਬਣਾਏ ਗੁਰਸਿਖ ਸਾਚੇ ਮੋਤੀ, ਪ੍ਰਭ ਆਪਣੇ ਕੰਠ ਲਟਕਾਵਣਾ । ਆਦਿ ਜੁਗਾਦੀ ਏਕਾ ਜੋਤੀ, ਜੋਤ

ਸਰੂਪ ਜਾਮਾ ਵਿਚ ਮਾਤ ਦੇ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਲੰਘਾਵਣਾ । ਗੁਰਮਤ ਗੁਰ ਦਰਬਾਰੇ । ਪ੍ਰਭ ਅਬਿਨਾਸ਼ੀ ਸ਼ਬਦ ਲਿਖਾਰੇ । ਗੁਰਮੁਖ ਵਿਰਲਾ ਕਲ ਵਿਚਾਰੇ । ਜਿਸ ਪ੍ਰਭ ਦੇਵੇ ਕਿਰਪਾ ਧਾਰੇ । ਆਪ ਰੰਗਾਏ ਕਾਇਆ ਤਨ ਮੁਨਾਰੇ । ਏਕਾ ਸ਼ਬਦ ਧੁਨ ਸੱਚੀ ਧੁਨਕਾਰੇ । ਆਪ ਖੁਲ੍ਹਾਏ ਆਤਮ ਸੁਨ, ਪ੍ਰਭ ਅਬਿਨਾਸ਼ੀ ਕਾਇਆ ਮਹੱਲ ਮੁਨਾਰੇ । ਗੁਰਮੁਖ ਸਾਚੇ ਕਲਜੁਗ ਚੁਣ, ਪ੍ਰਭ ਅਬਿਨਾਸ਼ੀ ਖੁਲ੍ਹਾਏ ਦਸਮ ਦਵਾਰੇ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਕਰੇ ਚਮਤਕਾਰੇ । ਏਕਾ ਜੋਤ ਕਰੇ ਚਮਤਕਾਰਾ । ਏਕਾ ਸ਼ਬਦ ਏਕਾ ਧਾਰਾ । ਏਕਾ ਨਾਮ ਇਕ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਾਏ ਆਪਣੀ ਸਾਰਾ । ਗੁਰਮਤ ਗੁਰ ਸਾਚੀ ਦੀਨੀ । ਗੁਰਮੁਖ ਸਾਚੇ ਸਦਾ ਹਰਿ ਆਪ ਆਪਣੇ ਜਿਹੀ ਕੀਨੀ । ਇਕ ਰੰਗਤ ਨਾਮ ਚੜ੍ਹਾ ਲਿਆ ਸੋਹੰ ਰਸਨਾ ਭੀਨੀ । ਗੁਰ ਸੰਗਤ ਮੇਲ ਮਿਲਾ ਲਿਆ । ਆਪ ਆਪਣੀ ਦਇਆ ਕੀਨੀ । ਵੇਲਾ ਵਕਤ ਸੁਹਾ ਲਿਆ ਫਿਰ ਰੈਣ ਨਾ ਆਵੇ ਭੀਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਦਾਤ ਆਪ ਵਰਤਾ ਰਿਹਾ । ਗੁਰਮਤ ਗੁਰ ਗਿਆਨ ਹੈ । ਗੁਰਮਤ ਪ੍ਰਭ ਅਬਿਨਾਸ਼ੀ ਚਰਨ ਧੂੜ ਇਸ਼ਨਾਨ ਹੈ । ਗੁਰਮਤ ਦੇਵੇ ਆਤਮ ਬ੍ਰਹਮ ਗਿਆਨ ਹੈ । ਗੁਰਮਤ ਆਤਮ ਜੋਤ ਜਗਾਏ ਮਹਾਨ ਹੈ । ਗੁਰਮਤ ਸੰਗਤ ਮੇਲ ਮਿਲਾਣ ਹੈ । ਗੁਰਮਤ ਦਰ ਸਾਚਾ ਮੰਗਤ, ਏਕਾ ਸ਼ਬਦ ਮਿਲੇ ਧਨ ਮਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਰੱਖਣੀ ਵਸਤ ਸੰਭਾਲ ਹੈ । ਗੁਰਮਤ ਪ੍ਰਭ ਦਰ ਤੇ ਪਾਓ । ਪ੍ਰਭ ਅਬਿਨਾਸ਼ੀ ਰਿਦੇ ਵਸਾਓ । ਸਰਬ ਘਟ ਵਾਸੀ ਦਰਸ਼ਨ ਪਾਓ । ਏਕਾ ਜੋਤ ਮਾਤ ਪ੍ਰਕਾਸ਼ੀ, ਪ੍ਰਭ ਅਬਿਨਾਸ਼ੀ ਅਗੰਮ ਅਥਾਹੋ । ਸ੍ਰਿਸ਼ਟ ਸਬਾਈ ਅੰਤ ਵਿਨਾਸੀ, ਆਪ ਮਿਟਾਏ ਊਚੇ ਥਾਂਓ । ਗੁਰਮੁਖ ਵਿਰਲਾ ਕੋਈ ਕੋਈ ਰਹਿ ਜਾਸੀ, ਘਰ ਘਰ ਫਿਰਨ ਕਾਂਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਸੀ, ਜੋਤ ਸਰੂਪੀ ਅਗੰਮ ਅਥਾਹੋ । ਗੁਰਮਤ ਗੁਰ ਚਰਨ ਦਵਾਰਾ । ਗੁਰਮਤ ਗੁਰ ਦੇਵੇ ਨਾਮ ਅਧਾਰਾ । ਗੁਰਮਤ ਗੁਰਮੁਖ ਵਿਰਲਾ ਪਾਏ ਕਰੇ ਚਰਨ ਨਿਮਸਕਾਰਾ । ਗੁਰਮਤ ਗੁਰਮੁਖ ਸਾਚੇ ਆਪ ਦਵਾਏ ਸਚ ਸ਼ਬਦ ਸਾਚੀ ਧਾਰਾ । ਹਰਿ ਹਿਰਦੇ ਵਿਚੋਂ ਆਪ ਵਜਾਏ, ਆਤਮ ਜੋਤੀ ਦੀਪ ਜਗਾਏ ਅਗੰਮ ਅਪਾਰਾ । ਅੰਧ ਅੰਧੇਰ ਸਰਬ ਮਿਟਾਏ, ਸੰਞ ਸਵੇਰ ਇਕ ਕਰਾਏ, ਪ੍ਰਭ ਅਬਿਨਾਸ਼ੀ ਦੇਰ ਨਾ ਲਾਏ ਜੋ ਜਨ ਕਰੇ ਚਰਨ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਇਕ ਓਅੰਕਾਰਾ । ਦੇਵਣਹਾਰ ਇਕ ਦਾਤਾਰੀ । ਵਡ ਸੰਸਾਰੀ ਵਡ ਭੰਡਾਰੀ । ਤੀਨ ਲੋਕ ਏਕ ਜੋਤ ਕਰੇ ਅਕਾਰੀ । ਮਾਤਲੋਕ ਆਵੇ ਜਾਵੇ ਵਾਰੋ ਵਾਰੀ । ਜੁਗੋ ਜੁਗ ਪ੍ਰਭ ਸਾਚੇ ਦੀ ਅਚਰਜ ਖੇਲ ਅਪਾਰੀ । ਕਲਜੁਗ ਚੌਥੇ ਯੁਗ ਪ੍ਰਭ ਅਬਿਨਾਸ਼ੀ ਆਪਣੀ ਕਲ ਧਾਰੀ । ਪੰਚਮ ਜੇਠ ਵਿਚ ਮਾਤ ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਬਣਾਏ ਚਰਨ ਪਨਿਹਾਰੀ । ਸ੍ਰਿਸ਼ਟ ਸਬਾਈ ਚਰਨ ਪਨਿਹਾਰ । ਆਪੇ ਬਣੇ ਵਡ ਸਿਕਦਾਰ । ਸਚ ਕਰਮ ਸਚ ਧਰਮ ਦਾ ਕਰਾਏ ਇਕ ਵਿਹਾਰ । ਚਾਰ ਵਰਨ ਇਕ ਬ੍ਰਹਮ ਏਕਾ ਦੇਵੇ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਵਰਤਾਵੇ ਵਿਚ ਸੰਸਾਰ । ਸਤਿਜੁਗ ਸਾਚਾ ਮਾਰਗ ਲਾਉਣਾ । ਪ੍ਰਭ ਅਬਿਨਾਸ਼ੀ ਲੇਖ ਲਿਖਾਉਣਾ । ਸਚ ਵਸਤ ਹਰਿ ਝੋਲੀ ਪਾਉਣਾ । ਨਾਮ ਵਸਤ ਹਰਿ ਹੱਥ ਫੜਾਉਣਾ । ਤਨ ਵਸਤਰ ਗਹਿਣਾ ਸ਼ਬਦ ਪਹਿਨਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੧੮੦
੦੩

ਸਤਿਜੁਗ ਸਾਚਾ ਰਾਹ ਚਲਾਉਣਾ । ਸਤਿਜੁਗ ਤੇਰੀ ਸਾਚੀ ਧਾਰਾ । ਚਾਰ ਵਰਨ ਆਏ ਇਕ ਦਵਾਰਾ । ਏਕਾ ਸਰਨ ਹਰਿ ਕਰਤਾਰਾ । ਚੁੱਕੇ ਮਰਨ ਡਰਨ, ਆਪ ਦਵਾਏ ਮੋਖ ਦਵਾਰਾ । ਆਪ ਖੁਲ੍ਹਾਏ ਹਰਨ ਫਰਨ, ਆਤਮ ਜੋਤ ਕਰੇ ਉਜਿਆਰਾ । ਪ੍ਰਭ ਅਬਿਨਾਸ਼ੀ ਧਰਨੀ ਧਰਨ ਕਰੇ ਵਿਚਾਰਾ । ਜੋ ਜਨ ਆਏ ਸਰਨ, ਕਰ ਕਿਰਪਾ ਹਰਿ ਪਾਰ ਉਤਾਰਾ । ਆਪ ਚੁਕਾਏ ਮਰਨ ਡਰਨ, ਲੱਖ ਚੁਰਾਸੀ ਗੇੜ ਨਿਵਾਰਾ । ਬੇਮੁਖ ਜੀਵ ਦਰ ਤੋਂ ਡਰਨ, ਐਵੇਂ ਵੇਖਣ ਝੂਠਾ ਭੇਖ ਭਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰਾ । ਨਰ ਅਵਤਾਰਿਆ ਜਾਮਾ ਧਾਰਿਆ । ਪੁਰੀ ਘਨਕ ਭਾਗ ਲਗਾ ਰਿਹਾ । ਪੰਚਮ ਜੇਠ ਜੋਤ ਜਗਾ ਰਿਹਾ । ਗੁਰਮੁਖਾਂ ਆਤਮ ਚਿੰਤਾ ਸੋਗ ਮਿਟਾ ਰਿਹਾ । ਆਤਮ ਸਹਿੰਸਾ ਹਉਮੇ ਸਰਬ ਗਵਾ ਰਿਹਾ । ਅੰਮ੍ਰਿਤ ਆਤਮ ਪ੍ਰਭ ਸਾਚਾ ਰੱਖ, ਜੋਤ ਸਰੂਪੀ ਭੋਗ ਲਗਾ ਰਿਹਾ । ਗੁਰਮੁਖ ਕੀਨੇ ਕਲਜੁਗ ਵੱਖ, ਸਚ ਵਸਤ ਹਰਿ ਨਾਮ ਦਵਾ ਰਿਹਾ । ਸ੍ਰਿਸ਼ਟ ਸਬਾਈ ਹੋਏ ਭੱਖ, ਚਾਰ ਕੁੰਟ ਹਰਿ ਅਗਨ ਲਗਾ ਰਿਹਾ । ਘਰ ਘਰ ਸੜਦੇ ਦਿਸਣ ਕੱਖ, ਨਾ ਕੋਈ ਕਿਤੇ ਬੁਝਾ ਰਿਹਾ । ਨਾ ਕੋਈ ਕਿਸੇ ਸਕੇ ਰੱਖ, ਭਾਣਾ ਸਾਚਾ ਹਰਿ ਵਰਤਾ ਰਿਹਾ । ਪ੍ਰਭ ਅਬਿਨਾਸ਼ੀ ਮਹਿੰਮਾ ਅਲੱਖਣਾ ਅਲਖ, ਰਾਜਾ ਰਾਣਾ ਤਖ਼ਤੋਂ ਲਾ ਰਿਹਾ । ਗੁਰਮੁਖ ਵਿਰਲੇ ਪ੍ਰਭ ਸਾਚਾ ਲਏ ਰੱਖ, ਸੁਘੜ ਸਿਆਣੇ ਆਪ ਬਣਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾ ਰਿਹਾ । ਆਤਮ ਜੋਤ ਜਗਈਆ । ਆਪ ਚੜ੍ਹਾਏ ਸਾਚੀ ਨਈਆ । ਚਾਰ ਵਰਨ ਕਰਾਏ ਭੈਣਾਂ ਭਈਆ । ਦੂਈ ਦਵੈਤ ਸਰਬ ਮਿਟਈਆ । ਸੋਹੰ ਚਪੂ ਆਪ ਲਗਈਆ । ਭਵ ਸਾਗਰ ਤੋਂ ਪਾਰ ਕਰਈਆ । ਏਕਾ ਰਾਹ ਸਚ ਦਸਈਆ । ਸਤਿਜੁਗ ਤੇਰਾ ਮਾਰਗ ਲਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਈਆ । ਸਤਿਜੁਗ ਚਲੇ ਸਾਚੀ ਨਾਏ । ਗੁਰਮੁਖ ਵਿਰਲੇ ਹਰਿ ਆਪ ਚੜ੍ਹਾਏ । ਕਰ ਕਿਰਪਾ ਪਾਰ ਲੰਘਾਏ । ਮਦਿਰਾ ਮਾਸ ਜੋ ਜਨ ਤਜਾਏ । ਆਤਮ ਜਾਏ ਮਨ, ਪ੍ਰਭ ਸਾਚੀ ਬੂਝ ਬੁਝਾਏ । ਏਕਾ ਜੋਤ ਜਗਾਏ ਤਨ, ਅਗਿਆਨ ਅੰਧੇਰ ਸਰਬ ਮਿਟ ਜਾਏ । ਏਕਾ ਸ਼ਬਦ ਸੁਣਾਏ ਕੰਨ, ਸਾਚੀ ਧੁਨ ਉਪਜਾਏ । ਗੁਰਮੁਖਾਂ ਬੇੜਾ ਦੇਵੇ ਬੰਨ੍ਹ, ਪ੍ਰਭ ਅਬਿਨਾਸ਼ੀ ਆਪਣੇ ਕੰਧ ਉਠਾਏ । ਧਰਮ ਰਾਏ ਨਾ ਦੇਵੇ ਡੰਨ, ਪ੍ਰਭ ਅਬਿਨਾਸ਼ੀ ਹੋਏ ਆਪ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਤਮ ਅੰਤ ਜੋਤੀ ਜੋਤ ਮਿਲਾਏ । ਆਪ ਆਪਣੀ ਜੋਤ ਜਗਾਏ । ਵਰਨ ਗੋਤ ਸਰਬ ਮਿਟਾਏ । ਏਕਾ ਚੋਟ ਸ਼ਬਦ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਰਲਾਏ । ਆਪ ਆਪਣੇ ਵਿਚ ਸਮਈਆ । ਜੋਤ ਸਰੂਪੀ ਖੇਲ ਕਰਈਆ । ਵਰਤੇ ਵਰਤਾਵੇ ਜੋ ਵਿਚ ਸੰਸਾਰੇ, ਪ੍ਰਭ ਸਾਚਾ ਭੇਵ ਖੁਲ੍ਹਈਆ । ਆਪਣਾ ਮੂਲ ਨਾ ਜਾਣਾ ਹਾਰੇ, ਸਾਚਾ ਧਨ ਸੰਗ ਰਖਈਆ । ਵੇਲੇ ਅੰਤ ਨਾ ਆਵੇ ਹਾਰ, ਮੰਝਧਾਰ ਨਾ ਡੋਬੇ ਨਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਦੇ ਮੱਤ ਆਪ ਸਮਝਈਆ । ਸਚ ਜੋਗ ਸ਼ਬਦ ਧਿਆਨ । ਅੰਮ੍ਰਿਤ ਰਸ ਆਤਮ ਭੋਗ, ਰਸਨਾ ਹਰਿ ਵਖਾਣ । ਕਦੇ ਨਾ ਹੋਏ ਜੀਵ ਵਿਜੋਗ, ਪ੍ਰਭ ਅਬਿਨਾਸ਼ੀ ਸਦਾ ਨਿਸ਼ਾਨ । ਆਪੇ ਕੱਟੇ ਹਉਮੇ ਰੋਗ, ਦੇਵੇ ਦਰਸ ਆਪ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਪੂਰਨ ਪੁਰਖ ਪ੍ਰਧਾਨ । ਪਤਿਪਰਮੇਸ਼ਵਰ ਪੂਰਨ ਭਗਵਾਨਾ । ਪਾਰਬ੍ਰਹਮ ਜੋਤ ਮਹਾਨਾ । ਏਕਾ ਸਾਚਾ ਨਾਮ ਸ੍ਰਿਸ਼ਟ ਸਬਾਈ ਆਪ ਚਲਾਨਾ । ਪੂਰਨ ਕਰਾਏ ਕਾਮ ਵਾਲੀ ਦੋ ਜਹਾਨਾ । ਰਾਮ ਰਮਈਆ ਆਪ ਅਖਵਾਏ,


੧੮੧
੦੩

ਜਿਉਂ ਕ੍ਰਿਸ਼ਨ ਕਾਹਨਾ । ਮਹਾਰਜ ਸ਼ੇਰ ਸਿੰਘ ਸਤਿਜੁਗ ਸਾਚਾ, ਸਰਬ ਜੀਆਂ ਦਾ ਜਾਣੀ ਜਾਣਾ । ਸਰਬ ਜੀਆਂ ਹਰਿ ਸਾਚਾ ਜਾਣਤਾ । ਵੇਲਾ ਵਕਤ ਆਪ ਪਛਾਣਦਾ । ਸਤਿ ਸਤਿ ਸਤਿ ਵੇਲਾ ਸਤਿ ਵਰਤਾਂਵਦਾ । ਮੱਤ ਮੱਤ ਮੱਤ ਦੇ ਆਪ ਸਮਝਾਇੰਦਾ । ਗਤ ਮਿਤ ਮਿਤ ਗਤ ਸਰਬ ਜੀਅ ਹਰਿ ਆਪੇ ਜਾਣਦਾ । ਪ੍ਰਭ ਅਬਿਨਾਸ਼ੀ ਰਾਖੋ ਚਿੱਤ, ਮਿਟੇ ਝੇੜਾ ਆਵਣ ਜਾਣ ਦਾ । ਆਪ ਬਣਾਓ ਸਾਚਾ ਮਿੱਤ, ਹਰਿ ਸਾਚਾ ਆਪ ਪਛਾਣਦਾ । ਮਾਨਸ ਜਨਮ ਕਲ ਜਾਓ ਜਿੱਤ, ਨਾ ਆਵੇ ਪਾਸਾ ਹਾਣਦਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਭੰਡਾਰਾ ਦੇਵੇ ਸ਼ਬਦ ਨਿਧਾਨ ਦਾ । ਸ਼ਬਦ ਨਿਧਾਨ ਵਡ ਗੁਣਵੰਤ । ਮੇਲ ਮਿਲਾਵਾ ਸਾਚੇ ਕੰਤ । ਗੁਰਮੁਖ ਵਿਰਲਾ ਪ੍ਰਭ ਦਰ ਜਾਏ ਦਰ ਘਰ ਆਏ ਰਸਨਾ ਗਾਏ ਸਾਚਾ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਗੁਰਮੁਖ ਸਾਚੀ ਬਣਤ । ਗੁਰਮੁਖ ਸਾਚੀ ਬਣਤ ਬਣਾਏ । ਮਹਿੰਮਾ ਅਗਣਤ ਗਣੀ ਨਾ ਜਾਏ । ਆਦਿ ਜੁਗਾਦਿ ਏਕਾ ਰੰਗ ਰੰਗਾਏ । ਸੰਧ ਸੰਤ ਹਰਿ ਸਾਚਾ ਮਾਣ ਦਵਾਏ । ਆਤਮ ਧੁਨ ਸਾਚਾ ਨਾਦ ਪ੍ਰਭ ਅਬਿਨਾਸ਼ੀ ਆਪ ਵਜਾਏ । ਸ਼ਬਦ ਲਿਖਾਏ ਬੋਧ ਅਗਾਧ ਭੇਵ ਕੋਈ ਨਾ ਪਾਏ । ਬੇਮੁਖਾਂ ਆਤਮ ਜਾਏ ਸਾਧ, ਸੋਹੰ ਤੀਰ ਚਲਾਏ । ਮਾਤ ਜੋਤ ਧਰ ਹਰਿ ਮਾਧਵ ਮਾਧ, ਆਪਣ ਭਾਣਾ ਆਪਣਾ ਬਾਣਾ ਆਪ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚ ਸਮਾਏ । ਆਪ ਆਪਣੇ ਵਿਚ ਸਮਾਨਾ । ਜੋਤ ਸਰੂਪੀ ਪਹਿਰੇ ਬਾਣਾ । ਗੁਰਮੁਖ ਵਿਰਲੇ ਕਲ ਵਖਾਨਾ । ਸ੍ਰਿਸ਼ਟ ਸਬਾਈ ਭਰਮ ਭੁਲੇਖੇ ਪ੍ਰਭ ਅਬਿਨਾਸ਼ੀ ਆਪ ਭੁਲਾਣਾ । ਆਪੇ ਲਾਏ ਗੁਰਮੁਖ ਸਾਚੇ ਲੇਖੇ, ਪ੍ਰਭ ਦੇਵੇ ਸਾਚਾ ਨਾਮ ਨਿਧਾਨਾ । ਜੋ ਜਨ ਆਏ ਨੇਤਰ ਪੇਖੇ, ਪਾਪ ਕੱਟੇ ਕੋਟ ਕੋਟਾਨਾ । ਜੋਤ ਸਰੂਪੀ ਧਰੇ ਭੇਖੇ, ਅਚਰਜ ਖੇਲ ਹਰਿ ਖਿਲਾਨਾ । ਕਲਜੁਗ ਝੂਠੀ ਰੇਖੇ, ਸਤਿਜੁਗ ਸਾਚੀ ਨੀਂਹ ਰਖਾਨਾ । ਗੁਰਮੁਖ ਵਿਰਲਾ ਅੰਤਮ ਅੰਤ ਵੇਖੇ, ਕੀ ਵਰਤੇ ਕਲਜੁਗ ਭਾਣਾ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚਾ ਇਕ ਦਿਸੇ ਸ਼ਾਹ ਸੁਲਤਾਨਾ । ਏਕਾ ਸ਼ਾਹ ਇਕ ਸੁਲਤਾਨ । ਪ੍ਰਭ ਅਬਿਨਾਸ਼ੀ ਵਾਲੀ ਦੋ ਜਹਾਨ । ਸ੍ਰਿਸ਼ਟ ਸਬਾਈ ਪ੍ਰਭ ਸਾਚੇ ਭੇੜ ਭਿੜਾਨ । ਨਗਰ ਖੇੜੇ ਸਰਬ ਮੇਟ ਮਿਟਾਨ । ਝੂਠਾ ਝੇੜਾ ਸ੍ਰਿਸ਼ਟ ਮੁਕਾਨ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ ਆਪ ਕਰਾਨ । ਏਕਾ ਗੇੜਾ ਆਪ ਦਵਾਨ । ਭਾਈਆਂ ਤਾਈਂ ਭਾਈ ਛੱਡ ਜਾਣ । ਮਾਤਾ ਸੀਰ ਪੁੱਤਰ ਨਾ ਪਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਏਕ ਵਹੀਰ ਕਰਾਨ । ਚਾਰ ਕੁੰਟ ਏਕਾ ਧਾਰੀ । ਆਪੇ ਚੀਰ ਕਰੇ ਦੋ ਫਾੜੀ । ਵਡ ਵਡ ਉਠੇ ਰੂਸਾ ਲਸ਼ਕਰ ਭਾਰੀ । ਈਸ ਮੂਸਾ ਮੁਹੰਮਦੀ ਛੁਪ ਜਾਇਣ ਝਾੜੀ । ਜੋਤੀ ਜੋਤ ਸਰੂਪ ਹਰਿ ਸ਼ਬਦ ਸਰੂਪੀ ਖੇਲ ਖਲਾੜੀ । ਸ਼ਬਦ ਸਰੂਪੀ ਖੇਲ ਕਰਾਏ । ਸ੍ਰਿਸ਼ਟ ਸਬਾਈ ਦੋ ਧੜ ਕਰਾਏ । ਅੰਦਰ ਵੜ ਮੱਤ ਉਪਠੀ ਦੇ ਸਮਝਾਏ । ਨਾ ਕੋਈ ਸਕੇ ਅੱਗੇ ਅੜ, ਕਲਜੁਗ ਜੀਵ ਜਾਇਣ ਝੜ, ਰਾਜਾ ਰਾਣਾ ਨਾ ਕੋਈ ਦਿਸਾਏ । ਅੰਦਰੋਂ ਕੱਢਣ ਫੜ ਫੜ, ਅੰਦਰ ਲੁਕਿਆ ਕੋਈ ਰਹਿਣ ਨਾ ਪਾਏ । ਪ੍ਰਭ ਅਬਿਨਾਸ਼ੀ ਜੋ ਚਰਨੀ ਗਏ ਲੱਗ, ਵੇਲਾ ਅੰਤ ਲਏ ਛੁਡਾਏ । ਜਿਸ ਜਨ ਫੜਿਆ, ਵੜਿਆ ਸਾਚੇ ਘਰਿਆ, ਹਰਿ ਕੀ ਪੌੜੀ ਜਾਏ ਚੜ੍ਹ । ਦੇਵੇ ਦਰਸ ਗੁਰਮੁਖ ਸਾਚੇ ਤੇਰੇ ਦਰ ਦਵਾਰੇ ਅੱਗੇ ਖੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਏ । ਆਤਮ ਵੇਖ ਦਰ ਦਵਾਰਾ । ਏਕਾ ਜੋਤ ਹਰਿ ਕਰਤਾਰਾ । ਦੁਰਮਤ ਮੈਲ ਧੋਤ, ਕਾਇਆ ਲੱਭੇ ਸਰਬ ਅਫਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ ਅਧਾਰਾ । ਸਾਚਾ ਨਾਮ

ਜਗਤ ਗੁਰ ਦੇਵੇ । ਪ੍ਰਭ ਅਬਿਨਾਸ਼ੀ ਅਲੱਖ ਅਭੇਵੇ । ਨਾ ਕੋਈ ਜਾਣੇ ਦੇਵੀ ਦੇਵੇ । ਗੁਰਮੁਖ ਵਿਰਲਾ ਜਾਣੇ ਸੰਤ, ਜਿਨ੍ਹਾਂ ਪ੍ਰਭ ਅਬਿਨਾਸ਼ੀ ਲਾਏ ਆਪਣੀ ਸੇਵੇ । ਸਾਚਾ ਨਾਮ ਜਾਏ ਮਨ, ਸੋਹੰ ਮੁਖ ਲਗਾਏ ਸਾਚਾ ਮੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਆਪ ਨਿਭਾਏ ਘਾਲ ਪਾਏ ਗੁਰਸਿਖ ਤੇਰੀ ਸੇਵੇ । ਚਰਨ ਪ੍ਰੀਤੀ ਚਾੜ੍ਹੇ ਤੋੜ । ਤੁੱਟੀ ਗੰਢੇ ਦਰ ਘਰ ਸਾਚੇ ਦੇਵੇ ਜੋੜ । ਵੇਲਾ ਅੰਤਮ ਅੰਤਕਾਲ ਪ੍ਰਭ ਸਾਚੇ ਦੀ ਸਾਚੀ ਲੋੜ । ਭਾਣਾ ਜਾਏ ਨਾ ਟਲ, ਨਾ ਕੋਈ ਸਕੇ ਮੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਵਰਤਾਏ ਸ਼ਬਦ ਸਰੂਪੀ ਚੜ੍ਹਿਆ ਘੋੜ । ਸ਼ਬਦ ਸਰੂਪੀ ਪਵਣ ਹੁਲਾਰਾ । ਚਾਰ ਕੁੰਟ ਏਕਾ ਏਕ ਕਰੇ ਜੈਕਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਲਾਏ ਰੰਗ ਸਾਚਾ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਹਾਏ ਥਾਨ ਬੰਕ, ਸਾਚੀ ਜੋਤ ਕਰੇ ਅਕਾਰਾ । ਦਵਾਰ ਬੰਕ ਆਪ ਸੁਹਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਰੈਣ ਸਬਾਈ ਮੰਗਲ ਗਾਇਆ । ਗੁਰ ਸੰਗਤ ਮਨ ਵਧਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਜਗਾਇਆ । ਗੁਰ ਸੰਗਤ ਮਨ ਵਧਾਈ । ਰੈਣ ਸਬਾਈ ਖ਼ੁਸ਼ੀ ਮਨਾਈ । ਹਰਿ ਹਰਿ ਸਾਚਾ ਰਸਨਾ ਗਾਈ । ਜੀਓ ਪਿੰਡ ਕਾਚਾ ਵਿਚ ਸਾਚੀ ਵਸਤ ਟਿਕਾਈ । ਪ੍ਰਭ ਅਬਿਨਾਸ਼ੀ ਹਿਰਦੇ ਵਾਚਾ, ਕਿਲ ਵਿਖ ਪਾਪ ਗਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਈ । ਗੁਰ ਸੰਗਤ ਗੁਰ ਦਰ ਪ੍ਰਵਾਨ । ਆਇਆਂ ਗਿਆਂ ਲੇਖੇ ਦੇਵੇ ਹਰਿ ਭਗਵਾਨ । ਲਹਿਣਾ ਲਹਿਣੇਦਾਰ ਦੇਵਣਹਾਰ ਸਰਬ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਿੰਨੜੀ ਰੈਣ ਸੁਹਾਈ, ਗੁਰ ਸੰਗਤ ਮੇਲ ਮਿਲਾਈ, ਪ੍ਰਭ ਅਬਿਨਾਸ਼ੀ ਰਹੇ ਰਸਨ ਵਖਾਨ । ਗੁਰ ਸੰਗਤ ਗੁਰ ਚਰਨ ਦਵਾਰੇ । ਪ੍ਰਭ ਅਬਿਨਾਸ਼ੀ ਆਤਮ ਭਰੇ ਸ਼ਬਦ ਭੰਡਾਰੇ । ਆਪ ਖੁਲ੍ਹਾਏ ਦਰ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਅਕਾਰੇ । ਗੁਰ ਸੰਗਤ ਗੁਰ ਧਾਮ ਸੁਹਾਏ । ਰਾਮ ਰਮਈਆ ਦਰਸ ਦਿਖਾਏ । ਕਾਹਨ ਘਨਈਆ ਨਜ਼ਰੀ ਆਏ । ਵਿਚ ਮਾਤ ਅੰਤਮ ਕਲ ਜੋਤ ਸਰੂਪੀ ਹਰਿ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਅਇਆਂ ਸਾਚ ਮਾਣ ਦਵਾਏ । ਘਰ ਸਾਚਾ ਸਾਚਾ ਮਾਣ । ਘਰ ਸਾਚਾ ਮੇਲ ਕਰੇ ਭਗਤ ਭਗਵਾਨ । ਹਰਿ ਸਾਚਾ ਆਤਮ ਤੀਰਥ ਕਰੋ ਇਸ਼ਨਾਨ । ਆਪ ਚੜ੍ਹਾਏ ਸਾਚਾ ਰਾਥਾ, ਸਤਿਜੁਗ ਸਾਚੇ ਸੋਹੰ ਵਿਚ ਬਬਾਣ । ਆਪ ਚਲਾਏ ਆਪਣੀ ਕਾਥਾ, ਪ੍ਰਭ ਅਬਿਨਾਸ਼ੀ ਵਾਲੀ ਦੋ ਜਹਾਨ । ਪ੍ਰਗਟਾਏ ਜੋਤ ਤ੍ਰੈਲੋਕੀ ਨਾਥਾ, ਗੁਰਮੁਖ ਚੜ੍ਹਾਏ ਸ਼ਬਦ ਬਬਾਣ । ਸ੍ਰਿਸ਼ਟ ਸਬਾਈ ਸਗਲਾ ਸਾਥਾ, ਵੇਲੇ ਅੰਤ ਹਰਿ ਦੇਵੇ ਦਰਸ ਆਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਕਰੇ ਕਲ ਪਛਾਣ । ਗੁਰ ਪੂਰਾ ਭੋਗ ਲਗਾਵੰਦਾ । ਗੁਰਮੁਖਾਂ ਚੋਗ ਚੁਗਾਵੰਦਾ । ਹਉਮੇ ਰੋਗ ਗਵਾਵੰਦਾ । ਲਿਖਿਆ ਧੁਰ ਸੰਜੋਗ ਪ੍ਰਭ ਸਾਚਾ ਮੇਲ ਮਿਲਾਵੰਦਾ । ਕਦੇ ਨਾ ਹੋਏ ਵਿਜੋਗ, ਪ੍ਰਭ ਆਪਣੀ ਸਰਨ ਰਖਾਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਵੰਦਾ ।

✻ ੧੪ ਜੇਠ ੨੦੧੦ ਬਿਕ੍ਰਮੀ ਬੀਬੀ ਸਵਰਨ ਕੌਰ ਦੇ ਅੰਤ ਸਮੇਂ ਵਾਸਤੇ ਬਚਨ ਹੋਏ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✻

ਦਰਸ਼ਨ ਦੇਖ ਆਤਮ ਤ੍ਰਿਪਤਾਵੇ । ਆਤਮ ਤੀਰਥ ਸਾਚੇ ਨਹਾਵੇ । ਪ੍ਰਭ ਅਬਿਨਾਸ਼ੀ ਦਇਆ ਕਮਾਵੇ । ਸਾਚਾ ਲੇਖਾ ਆਪੇ ਲਾਵੇ । ਜੋਤ ਸਰੂਪੀ ਜੋਤ ਹਰਿ, ਜੋਤੀ ਜੋਤ ਜਗਾਏ । ਆਤਮ ਜੋਤ ਹੋਏ ਉਜਿਆਰੀ । ਰੋਗਾਂ ਸੋਗਾਂ ਹੋਏ ਛੁਡਾਰੀ । ਸਾਚਾ ਸ਼ਬਦ ਇਕ ਉਡਾਰੀ । ਆਤਮ ਦੇਵੇ ਸਚ ਖੁਮਾਰੀ । ਰਸਨਾ ਗਾਏ ਪਾਰ ਉਤਾਰੀ । ਪੂਰੀ ਕਿਰਪਾ ਪ੍ਰਭ ਸਾਚੇ ਧਾਰੀ । ਆਵਣ ਜਾਵਣ ਗੇੜ ਨਿਵਾਰੀ । ਪਤਿਤ ਪਾਵਨ ਹਰਿ ਬਨਵਾਰੀ । ਅੰਮ੍ਰਿਤ ਮੇਘ ਬਰਸੇ ਸਵਣ, ਆਤਮ ਸ਼ਾਂਤ ਹਰਿ ਦਵਾਰੀ । ਜਿਸ ਜਨ ਹੋਏ ਆਪੇ ਆਪ ਬਹਾਏ ਚਰਨ ਦਵਾਰੀ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਕਲ ਵਰਤਾਰੀ । ਸਾਚਾ ਨਾਮ ਹਰਿ ਜਸ ਗਾਇਆ । ਪ੍ਰਭ ਅਬਿਨਾਸ਼ੀ ਸਾਚਾ ਪਾਇਆ । ਸਚ ਵਸਤ ਹਰਿ ਥਾਰ, ਪ੍ਰਭ ਸਾਚੀ ਦੇ ਟਿਕਾਇਆ । ਸਚ ਜੋਤ ਨਿਰੰਕਾਰ, ਸਾਚਾ ਮੇਲ ਮਿਲਾਇਆ । ਆਪ ਬਹਾਏ ਸਚ ਦਰਬਾਰ, ਸਾਚਾ ਲੇਖ ਚੁਕਾਇਆ । ਚਰਨ ਪ੍ਰੀਤੀ ਸਚ ਪਿਆਰ, ਪ੍ਰਭ ਸਾਚੀ ਸੇਵਾ ਲਾਇਆ । ਮਾਨਸ ਜਨਮ ਨਾ ਆਈ ਹਾਰ, ਹਰਿ ਸਾਚੇ ਮਾਣ ਦਵਾਇਆ । ਬਾਹੋਂ ਪਕੜ ਕਲ ਜਾਏ ਤਾਰ, ਬੇੜਾ ਬੰਨ੍ਹੇ ਲਾਇਆ । ਹੋਇਆ ਸਾਚਾ ਹਰਿ ਭਤਾਰ, ਆਪਣੇ ਕੰਠ ਲਗਾਇਆ । ਜੋਤ ਸਰੂਪੀ ਜੋਤ ਹਰਿ ਸਾਚਾ ਮੇਲ ਮਿਲਾਇਆ । ਮਿਲਿਆ ਮੇਲ ਸਚ ਗਿਰਧਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਸਚ ਸ਼ਬਦ ਸਚ ਉਡਾਰੀ । ਜੀਵ ਆਤਮ ਸਦਾ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰੀ । ਕਿਰਪਾ ਕਰੇ ਹਰਿ ਕਿਰਪਾਲ । ਆਪਣਾ ਬਿਰਧ ਲਏ ਸੰਭਾਲ । ਚਰਨ ਪ੍ਰੀਤੀ ਨਿਭੇ ਨਾਲ । ਆਤਮ ਪੁਨੀਤੀ ਸੁਰਤ ਸੰਭਾਲ । ਸਾਚੀ ਨੀਤੀ ਸਚ ਨਾਮ ਧਨ ਹਰਿ ਦੇਵੇ ਮਾਲ । ਮਾਨਸ ਜਨਮ ਜਾਏ ਕਲ ਜੀਤੀ ਜਿਸ ਜਨ ਹੋਏ ਆਪ ਕਿਰਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ । ਮਾਨਸ ਜਨਮ ਹਰਿ ਸਵਾਰਨਾ । ਕਰ ਕਿਰਪਾ ਪਾਰ ਉਤਾਰਨਾ । ਸੋਹੰ ਸਾਚਾ ਦਾਨ ਪ੍ਰਭ ਸਾਚੇ ਝੋਲੀ ਪਾਵਨਾ । ਚਰਨ ਧੂੜ ਇਸ਼ਨਾਨ, ਸਾਚਾ ਕਰਮ ਕਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਬੰਨ੍ਹ ਵਖਾਵਣਾ । ਬੇੜਾ ਬੰਨ੍ਹੇ ਬੰਦੀ ਤੋੜ । ਅੱਧਵਿਚਕਾਰ ਨਾ ਦੇਵੇ ਛੋੜ । ਆਪ ਨਿਭਾਏ ਚਰਨ ਪ੍ਰੀਤੀ ਤੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲੈ ਜਾਏ ਚੜ੍ਹਾਏ ਸ਼ਬਦ ਸਰੂਪੀ ਘੋੜ । ਸ਼ਬਦ ਸਰੂਪੀ ਸ਼ਬਦ ਅਧਾਰੀ । ਸਚ ਸ਼ਬਦ ਹਰਿ ਲੇਖ ਲਿਖਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਸੋ ਜਨ ਨੇਤਰ ਪੇਖੇ, ਜਿਸ ਜਨ ਕਿਰਪਾ ਧਾਰੀ । ਆਤਮ ਕੱਢੇ ਭਰਮ ਭੁਲੇਖੇ, ਭੁੱਲੇ ਜੀਵ ਸੰਸਾਰੀ । ਆਪ ਲਗਾਏ ਆਪਣੇ ਲੇਖੇ, ਨਿਹਕਲੰਕ ਨਰਾਇਣ ਨਰ ਅਵਤਾਰੀ । ਆਪਣਾ ਲੇਖਾ ਆਪ ਚੁਕਾਉਣਾ । ਲਿਖਿਆ ਲੇਖ ਨਾ ਕਿਸੇ ਮਿਟਾਉਣਾ । ਨੇਤਰ ਪੇਖ ਤ੍ਰਿਖ ਬੁਝਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੁੱਖੜਾ ਸਾਰਾ ਲਾਹੁਣਾ । ਆਤਮ ਲੱਥੇ ਸਗਲ ਵਸੂਰਾ । ਸਾਚਾ ਪ੍ਰਭ ਦਿਸੇ ਹਜ਼ੂਰਾ । ਆਸਾ ਮਨਸਾ ਹਰਿ ਸਾਚਾ ਪੂਰਾ । ਆਤਮ ਸਹਿੰਸਾ ਜੋ ਜਨ ਕਰੇ ਦੂਰਾ । ਆਤਮ ਹਿੱਸਾ ਦੁੱਖ ਵਸੂਰਾ । ਜੋਤੀ ਜੋਤ ਸਰੂਪ ਹਰਿ, ਸਰਬ ਕਲਾ ਆਪੇ ਭਰਪੂਰਾ । ਪ੍ਰਭ ਅਬਿਨਾਸ਼ੀ ਵਡ ਵਡਿਆਈ । ਜੁਗੋ ਜੁਗ ਜਨ ਭਗਤਾਂ ਪੈਜ ਰਖਾਈ । ਦਿਵਸ ਰੈਣ ਜੋ ਰਹੇ ਗਾਈ । ਦਰ ਘਰ ਆਏ ਪ੍ਰਭ ਸਾਚਾ ਸਾਚਾ ਦਰਸ ਦਿਖਾਈ । ਝੂਠੀ ਦੇਹ ਭਾਂਡਾ ਕਾਚਾ, ਵੇਲੇ ਅੰਤ ਭੰਨ ਵਖਾਈ । ਆਤਮ ਹਰਿ ਹਰਿ ਰਸਨਾ ਸਾਚਾ ਵਾਚਾ, ਦੇਵੇ ਦਰਸ ਆਪ ਰਘੁਰਾਈ ।


੧੮੪ ੦੩

੧੮੫ ੦੩

ਆਪੇ ਢਾਲੇ ਸਾਚਾ ਢਾਂਚਾ, ਸੋਹੰ ਭੱਠੀ ਦਿਆਂ ਚੜ੍ਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵ ਕੰਨਿਆ ਦੇ ਵਡਿਆਈ । ਘਰ ਜਾਏ ਚਰਨ ਛੁਹਾਇਆ । ਵੇਲਾ ਅੰਤਮ ਆਣ ਸਹਾਇਆ । ਕਿਸੇ ਸਾਧ ਸੰਤ ਹੱਥ ਨਾ ਆਇਆ । ਪੂਰਨ ਭਗਵੰਤ ਵੇਲੇ ਅੰਤ ਘਰ ਆਏ, ਆਪਣੀ ਹੱਥੀਂ ਮੁਖ ਸਾਚੀ ਚੋਗ ਚੁਗਾਇਆ । ਆਪ ਬਣਾਏ ਸਾਚੀ ਬਣਤ, ਵਿਚ ਜੀਵ ਜੰਤ ਸਾਚੇ ਧਾਮ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਸਵਰਨ ਚਰਨ ਤੇਰੀ ਤੋੜ ਨਿਭਾਇਆ । ਘਰ ਸਾਚੇ ਆ ਹਰਿ ਗੋਬਿੰਦ, ਪੂਰਨ ਦਰਸ ਦਿਖਾਇਆ । ਆਪ ਮਿਟਾਈ ਆਤਮ ਚਿੰਦਾ, ਨੇਤਰ ਪਰਸ ਕਰ ਦਰਸ ਅੰਤਮ ਮਿਟੀ ਹਰਸ, ਦਰ ਘਰ ਵਰ ਹਰਿ ਸਾਚਾ ਪਾਇਆ । ਅੰਮ੍ਰਿਤ ਮੇਘ ਪ੍ਰਭ ਸਾਚਾ ਘਰ ਜਾਏ ਆਇਆ ਬਰਸ, ਕਾਇਆ ਅਗਨ ਦੇ ਬੁਝਾਇਆ । ਸਵਰਨ ਨਿਮਾਣੀ ਚਰਨ ਪਰਾਨੀ ਆਪਣੇ ਭਾਣੇ ਵਿਚ ਆਪ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਦਾਂ ਜੇਠ ਵੀਹ ਸੌ ਦਸ ਬਿਕ੍ਰਮੀ ਸਾਚਾ ਹੰਸ ਵਿਚੋਂ ਆਪ ਉਡਾਇਆ । ਉਡਿਆ ਹੰਸ ਸ਼ਬਦ ਉਡਾਰੀ । ਪਾਰਬ੍ਰਹਮ ਗਿਆ ਤੇਰੇ ਚਰਨ ਦਵਾਰੀ । ਚਰਨ ਸਰਨ ਪੜੀ ਆਏ ਸਵਰਨ ਕਵਾਰੀ । ਮਾਤ ਪਿਤ ਭੈਣ ਭਰਾ ਵਿਚ ਮਾਤ ਜੋ ਰੱਖੇ ਪਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ ਸੋਹੰ ਦੇਵੇ ਧੀਰਜ ਧਾਰੀ । ਸਵਰਨ ਸਵਰਗ ਮਾਣ ਸਾਚਾ ਸੁਖ । ਮਾਤਲੋਕ ਵਿਚ ਉਜਲ ਹੋਏ ਮੁਖ । ਪ੍ਰਭ ਅਬਿਨਾਸ਼ੀ ਨੇਤਰ ਪੇਖ ਤੇਰੀ ਉਤਰੀ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸੁਫਲ ਕਰਾਈ ਮਾਤ ਕੁੱਖ । ਪ੍ਰਭ ਦਰ ਮੰਗੀ ਸਾਚੀ ਮੰਗ । ਸ਼ਬਦ ਰੰਗ ਪ੍ਰਭ ਦੇਵੇ ਸਾਚਾ ਰੰਗ । ਹੋਏ ਸਹਾਈ ਸਦਾ ਅੰਗ ਸੰਗ । ਮਾਨਸ ਜਨਮ ਨਾ ਹੋਇਆ ਭੰਗ । ਸਾਕ ਸਨਬੰਧੀਆਂ ਆਤਮ ਹੋਏ ਤੰਗ । ਪ੍ਰਭ ਸਾਚੇ ਕੱਟੀਆਂ ਫੰਦੀਆਂ, ਹੋਇਆ ਸੁਖਾਲਾ ਬੰਦ ਬੰਦ । ਸੋਹੰ ਸ਼ਬਦ ਦਿਵਸ ਰੈਣ ਰੈਣ ਦਿਵਸ ਗਾਇਆ ਬੱਤੀ ਦੰਦੀਆਂ, ਪ੍ਰਭ ਆਪ ਚੜ੍ਹਾਇਆ ਸਾਚਾ ਚੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਖ਼ਸ਼ੰਦ । ਸਵਰਨ ਸਰਨ ਹਰਿ ਸਾਚੇ ਲਾਈ । ਤਾਰਨ ਤਾਰਨ ਆਪ ਦਇਆ ਕਮਾਈ । ਦਰ ਘਰ ਸਾਚੇ ਜਾਏ ਦਰਸ ਦਿਖਾਈ । ਵੇਲਾ ਅੰਤਮ ਅੰਤ ਸੁਹਾ ਲਿਆ, ਸਾਚੇ ਲੇਖ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਕਰਾਈ । ਪੂਰੀ ਆਸਾ ਹੋਈ ਸਵਰਨ । ਆਪ ਚੁਕਾਇਆ ਮਰਨ ਡਰਨ । ਸਚ ਪੁਰੀ ਵਿਚ ਸਦਾ ਤਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਲਗਾਈ ਰਖਾਈ ਸਾਚੀ ਸਰਨ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਮਾਤ ਪਿਤ ਦੇ ਮੱਤ ਸਮਝਾਏ । ਰੋਣਾ ਕੁਰਲਾਣਾ ਵਿਰਲਾਣਾ ਨਾ ਕੋਈ ਕਰਾਏ, ਸਾਚਾ ਭਾਣਾ ਹਰਿ ਵਰਤਾਏ । ਸਾਚਾ ਬਾਣਾ ਹਰਿ ਤਨ ਪਹਿਨਾਏ । ਸਾਚਾ ਘਰ ਦਰ ਹਰਿ ਸਚ ਵਖਾਨਾ, ਸਾਚੀ ਦਰਗਹਿ ਜਾਏ ਵਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੋਤ ਗਿਆ ਮਿਲਾਏ ।

### ✳ ੧੪ ਜੇਠ ੨੦੧੦ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ ਪਿੰਡ ਰਾਮ ਪੁਰ ਜ਼ਿਲਾ ਅੰਮ੍ਰਿਤਸਰ ✳

ਸਤਿ ਸੰਤੋਖ ਧਰਮ ਹਰਿ ਜੱਤ ਹੈ । ਹੱਕ ਹਲਾਲ ਕਮਾਈ, ਸਾਚੀ ਹੱਤ ਹੈ । ਸੋਹੰ ਸਾਚਾ ਸ਼ਬਦ ਸਤਿਜੁਗ ਸਾਚਾ ਨੱਤ ਹੈ । ਪ੍ਰਭ ਅਬਿਨਾਸ਼ੀ ਰਸਨਾ ਗਾਏ ਗੁਰਮੁਖਾਂ ਦੇਵੇ ਮੱਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਿਜਾਏ ਸਾਚੇ ਵੱਤ ਹੈ । ਆਤਮ ਨਾਮ ਸਚ ਬਿਜਾਵਣਾ ।

ਪ੍ਰਭ ਅਬਿਨਾਸ਼ੀ ਰਿਦੇ ਵਸਾਵਣਾ । ਸਰਬ ਘਟ ਵਾਸੀ ਭੁੱਲ ਨਾ ਜਾਵਣਾ । ਘਨਕਪੁਰ ਵਾਸੀ ਸਦ ਸੰਗ ਰਹਾਵਣਾ । ਆਦਿ ਅੰਤ ਕਰੇ ਬੰਦ ਖ਼ਲਾਸੀ, ਵੇਲਾ ਅੰਤਮ ਆਪ ਸੁਹਾਵਣਾ । ਮਾਨਸ ਜਨਮ ਕਰਾਏ ਰਹਿਰਾਸੀ, ਜੋਤ ਸਰੂਪੀ ਦਰਸ ਦਿਖਾਵਣਾ । ਜੋ ਜਨ ਹੋਏ ਮਦਿਰਾ ਮਾਸੀ, ਪ੍ਰਭ ਅਬਿਨਾਸ਼ੀ ਨਾ ਆਪਣੀ ਸਰਨ ਲਗਾਵਣਾ । ਜੋ ਜਨ ਹੋਏ ਚਰਨ ਦਾਸੀ, ਸਵੱਛ ਸਰੂਪ ਪ੍ਰਭ ਦਰਸ ਦਿਖਾਵਣਾ । ਪ੍ਰਭ ਸਾਚੇ ਸਦ ਬਲ ਬਲ ਜਾਸੀ, ਆਤਮ ਰੰਗ ਮਜੀਠ ਚੜ੍ਹਾਵਣਾ । ਹਰਿ ਪਾਏ ਸਾਚਾ ਸ਼ਾਹ ਸ਼ਬਾਸੀ, ਦਰਗਹਿ ਸਾਚੀ ਮਾਣ ਦਵਾਵਣਾ । ਆਤਮ ਸਾਚੀ ਧੀਰ ਧਰਾਸੀ, ਸਾਚਾ ਦੀਪਕ ਜੋਤ ਜਗਾਵਣਾ । ਏਕਾ ਆਤਮ ਤ੍ਰਿਪਤਾਸੀ, ਦੀਪਕ ਜੋਤ ਆਪ ਜਗਾਵਣਾ । ਝਿਰਨਾਂ ਨਿਝਰੋਂ ਆਪ ਝਿਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਹਰਿ ਰੰਗਾਵਣਾ । ਰੰਗ ਰੰਗੀਲਾ ਹਰਿ ਗੁਰ ਜਾਣ । ਗੁਰ ਪੂਰੇ ਕਰ ਪਛਾਣ । ਪ੍ਰਭ ਅਬਿਨਾਸ਼ੀ ਆਪ ਬਣਾਏ ਮਾਤ ਚਤੁਰ ਸੁਜਾਣ । ਆਤਮ ਸਾਚਾ ਦਰ ਖੁਲ੍ਹਾਏ, ਦਰ ਘਰ ਸਾਚੇ ਬੂਝ ਬੁਝਾਨ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚਾ, ਜੀਵ ਜੰਤਾਂ ਆਦਿਨ ਅੰਤਾ, ਸਾਚਾ ਕੰਤਾ, ਪੂਰਨ ਭਗਵੰਤਾ, ਸਾਧਾਂ ਸੰਤਾਂ ਮਾਣ ਦਵੰਤਾ, ਤਾਣ ਰਖੰਤਾ, ਨਾਮ ਜਪੰਤਾ, ਜਾਮ ਪਲੰਤਾ, ਸਚ ਧਾਮ ਬਹੰਤਾ, ਜੋਤੀ ਜੋਤ ਮਿਲੰਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕਰਮ ਕਰੰਤਾ । ਜੋਤ ਮਿਲਾਏ, ਕਰਮ ਕਮਾਏ, ਵਿਚ ਸਮਾਏ, ਗੇੜ ਕਟਾਏ, ਨੇੜੇ ਨੇੜ ਹੋ ਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੇ ਹੇਰ ਫੇਰ ਚੁਕਾਏ । ਆਪ ਚੁਕਾਏ ਹੇਰਾ ਫੇਰਾ । ਮਾਨਸ ਜਨਮ ਸੁਫਲ ਕਰਾਏ ਤੇਰਾ । ਪ੍ਰਭ ਸਾਚੇ ਕਾ ਬਣ ਸਾਚਾ ਚੇਰਾ । ਆਤਮ ਢਾਹੇ ਦੁੱਖ ਢੇਰਾ । ਸਾਚਾ ਸੁਖ ਪ੍ਰਭ ਮਿਲਣ ਦਾ ਪਾਓ ਘੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਦਰਸ ਦਿਖਾਏ ਨਾ ਲਾਏ ਦੇਰਾ । ਆਤਮ ਵੇਖ ਪੁਰਖ ਅਬਿਨਾਸ਼ । ਸਾਚੀ ਕਰੇ ਜੋਤ ਪ੍ਰਕਾਸ਼ । ਹਰਿ ਹਿਰਦੇ ਰੱਖੇ ਵਾਸ । ਹਉਮੇ ਰੋਗ ਕਰੇ ਵਿਨਾਸ । ਸੋਹੰ ਗਾਓ ਸਵਾਸ ਸਵਾਸ । ਮਾਨਸ ਜਨਮ ਹੋਏ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਦਾਸ । ਭਗਤ ਵਛਲ ਆਪ ਗਿਰਧਾਰਾ । ਅਛਲ ਅਛੱਲ ਕਰੇ ਸੰਸਾਰਾ । ਵਲ ਛਲ ਛਲ ਵਲ ਕਰ ਭੁਲਾਏ ਨਾ ਕੋਈ ਪਾਵੇ ਸਾਰਾ । ਗੁਰਮੁਖ ਦਰ ਆਏ ਚਲ ਆਪੇ ਪਾਏ ਸਾਰਾ । ਸ਼ਬਦ ਸਰੂਪੀ ਕਾਇਆ ਆਤਮ ਵਿਚ ਚਲਾਏ ਹੱਲ, ਸੋਹੰ ਸਾਚਾ ਬੀਜ ਬਿਜਾਰਾ । ਉਤਮ ਲੱਗੇ ਮਾਨਸ ਦੇਹੀ ਫਲ, ਗੁਰ ਚਰਨ ਪ੍ਰੀਤੀ ਸਾਚਾ ਪਿਆਰਾ । ਛਤਰ ਸਾਇਆ ਹੇਠ ਪ੍ਰਭ ਸਾਚੇ ਦੀ ਪਲ, ਗੁਰਮੁਖ ਤੇਰਾ ਹੋਏ ਆਪ ਸਹਾਰਾ । ਕਲਜੁਗ ਵੇਲਾ ਅੰਤ ਨਾ ਜਾਏ ਟਲ, ਬੇਮੁਖ ਉਠਾਇਣ ਦੁੱਖ ਭਾਰਾ । ਆਪ ਕਰਾਏ ਜਲ ਤੇ ਥਲ, ਚਾਰ ਕੁੰਟ ਧੁੰਦੂਕਾਰਾ । ਨਾ ਲਾਏ ਘੜੀ ਪਲ, ਲੈਣ ਨਾ ਦੇਵੇ ਕਿਸੇ ਸਹਾਰਾ । ਵੇਲਾ ਜਾਏ ਨਾ ਟਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਿਆ ਲੇਖ ਲਿਖਾਰਾ । ਚਰਨ ਧੂੜ ਜਨ ਮਸਤਕ ਲਾਏ । ਸ਼ਬਦ ਪੰਘੂੜਾ ਹਰਿ ਝੁਲਾਏ । ਆਤਮ ਗੂੜ੍ਹਾ ਰੰਗ ਚੜ੍ਹਾਏ । ਕਾਇਆ ਜੂੜ ਜਗਤ ਜੰਜਾਲ ਆਪ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਜੋ ਜਨ ਆਏ ਨਹਾਏ । ਚਰਨ ਧੂੜ ਸੱਚਾ ਇਸ਼ਨਾਨਾ । ਮੂਰਖ ਮੁਗਧਾਂ ਬਣਾਏ ਚਤੁਰ ਸੁਜਾਨਾ । ਚਰਨ ਧੂੜ ਆਤਮ ਦੇਵੇ ਬ੍ਰਹਮ ਗਿਆਨਾ । ਚਰਨ ਧੂੜ ਮਸਤਕ ਲਾਓ, ਸਾਚਾ ਸ਼ਬਦ ਸੁਣੋ ਕਾਨਾ । ਚਰਨ ਧੂੜ ਨੇਤਰ ਲਾਓ, ਵੇਖੋ ਦਰਸ ਹਰਿ ਭਗਵਾਨਾ । ਚਰਨ ਧੂੜ ਜਿਹਵਾ ਲਾਓ, ਆਤਮ ਰਸ ਦੇਵੇ ਰਸ ਸਾਚਾ ਮਾਨਾ । ਚਰਨ ਧੂੜ ਜੇ ਨੱਕ ਲਗਾਓ,

ਸਤਿ ਸੁਗੰਧੀ ਹਰਿ ਵਸ ਕਰਾਨਾ । ਚਰਨ ਧੂੜ ਗੁਰਸਿਖ ਹੱਥ ਲਗਾਣਾ, ਅਤੁੱਟ ਭੰਡਾਰ ਹਰਿ ਦਰ ਪਾਓ । ਚਰਨ ਧੂੜ ਜਿਸ ਜਨ ਤਨ ਲਗਾਣਾ, ਸਾਚਾ ਪਹਿਨਾਏ ਪ੍ਰਭ ਆਪੇ ਬਾਨਾ । ਸਾਚਾ ਦੇਵੇ ਥਾਂਓ, ਚਰਨ ਧੂੜ ਇਸ਼ਨਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਜਨ ਗੁਰ ਚਰਨ ਨੁਹਾਓ । ਚਰਨ ਧੂੜ ਗੁਰ ਚਰਨ ਦਵਾਰੇ । ਗੁਰਮੁਖ ਵਿਰਲਾ ਲਾਏ ਮੁਖ ਕਲ ਉਤਰੇ ਪਾਰੇ । ਕਲਜੁਗ ਜੀਵ ਨਾ ਪਾਵੇ ਸਾਰੇ । ਭੁੱਲੇ ਰਹੇ ਨਾ ਆਏ ਚਲ ਦਵਾਰੇ । ਮਾਇਆ ਹੰਗਤਾ ਵਿਚ ਰੁੱਲੇ, ਪ੍ਰਭ ਅਬਿਨਾਸ਼ੀ ਨਾ ਕੋਇ ਵਿਚਾਰੇ । ਅੰਤਮ ਅੰਤ ਕਿਸੇ ਅੱਗ ਨਾ ਬਲੇ ਚੁੱਲੇ, ਬੈਠ ਭੁੱਲੇ ਘਰ ਬਾਹਰੇ । ਨਾ ਉਹ ਫਲੇ ਨਾ ਉਹ ਫੁਲੇ, ਕਲਜੁਗ ਭੁੱਲੇ ਜੋ ਹਰਿ ਗਿਰਧਾਰੇ । ਗੁਰਮੁਖਾਂ ਸਦ ਸਦਾ ਭੰਡਾਰੇ ਖੁਲ੍ਹੇ, ਹਰਿ ਬੈਠਾ ਆਪ ਵਰਤਾਰੇ । ਚਰਨ ਪ੍ਰੀਤੀ ਆਤਮ ਘੁੱਲੇ, ਅੰਤਮ ਦੇਵੇ ਮੋਖ ਦਵਾਰੇ । ਸੋਹੰ ਕੰਡੇ ਸਾਚੇ ਤੁਲੇ, ਪ੍ਰਭ ਸਾਚਾ ਤੋਲ ਤੁਲਾਰੇ । ਸਤਿਜੁਗ ਸਾਚੇ ਸਾਚੇ ਝੰਡੇ ਝੁਲੇ, ਪ੍ਰਭ ਅਬਿਨਾਸ਼ੀ ਨਿਸ਼ਾਨ ਬਣਾਏ ਅਪਰ ਅਪਾਰੇ । ਜੋ ਜਨ ਦਰ ਆਇਣ ਭੁੱਲੇ ਰੁੱਲੇ, ਕਰ ਕਿਰਪਾ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਨਰ ਨਿਰੰਜਣ, ਦਰਦ ਦੁੱਖ ਭੈ ਭੰਜਣਾ । ਆਤਮ ਗੁਰਸਿਖ ਤੇਰੀ ਕੱਜਣਾ । ਪੀ ਅੰਮ੍ਰਿਤ ਦਰ ਸਾਚੇ ਰੱਜਣਾ । ਕਾਇਆ ਭਾਂਡਾ ਅੰਤਕਾਲ ਕਲ ਭੱਜਣਾ । ਨਾ ਕੋਈ ਦੀਸੇ ਭੈਣ ਭਾਈ ਮਾਤ ਪਿਤ ਸਾਕ ਸੈਣ ਸੱਜਣਾ । ਅੰਤਮ ਅੰਤ ਅੰਤਕਾਲ ਸਭ ਕਿਛ ਵਿਚ ਮਾਤ ਦੇ ਤਜਣਾ । ਗੁਰਮੁਖ ਵਿਰਲੇ ਸੰਤ ਜਨ ਸਾਚਾ ਨਾਮ ਰਸ ਪੀ ਸਾਚੇ ਦਰ ਰੱਜਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੇਰ ਕਿਸੇ ਨਹੀਂ ਲੱਜਣਾ । ਅੰਮ੍ਰਿਤ ਪੀਣਾ ਨਿਰਮਲ ਜੀਣਾ । ਸ਼ਾਂਤ ਕਰਾਏ ਸੀਨਾ ਸੋਹੰ ਦੇਵੇ ਨਾਮ ਵਡ ਪ੍ਰਬੀਨਾ । ਏਕਾ ਰੰਗ ਰੰਗਾਏ ਹਰਿ ਸਾਚਾ ਭੀਨਾ । ਪ੍ਰਭ ਅਬਿਨਾਸ਼ੀ ਜਿਸ ਰਸਨਾ ਚੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪ ਆਪਣੇ ਜਿਹਾ ਕੀਨਾ । ਰੰਗਣ ਨਾਮ ਆਪ ਚੜ੍ਹਾਏ । ਮੰਗਣ ਦਰ ਨਾ ਕਿਸੇ ਜਾਏ । ਸਾਚੇ ਘਰ ਹਰਿ ਸਦ ਸਮਾਏ । ਦਰ ਘਰ ਸਾਚੇ ਬੈਠਾ ਦੇਵੇ ਵਰ, ਜੋ ਜਨ ਮੰਗਣ ਆਏ । ਖਾਲੀ ਭੰਡਾਰੇ ਪ੍ਰਭ ਦੇਵੇ ਭਰ, ਸਚ ਨਾਮ ਹਰਿ ਭਿਛਿਆ ਪਾਏ । ਜੋਤ ਸਰੂਪੀ ਵਿਚ ਜੋਤ ਮਾਤ ਧਰ, ਪੂਰਨ ਇਛਿਆ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਭਿਛਿਆ ਗੁਰਸਿਖਾਂ ਆਪ ਪਾਏ । ਸਾਚੀ ਭਿਖਿਆ ਗੁਰ ਦਰ ਪਾਈ । ਆਤਮ ਤਨ ਵੱਜੀ ਵਧਾਈ । ਹਰਿ ਸਾਚਾ ਵਸਿਆ ਮਨ, ਦੁੱਖ ਰਿਹਾ ਨਾ ਕਾਈ । ਧਰਮ ਰਾਏ ਨਾ ਲਾਏ ਡੰਨ, ਹਰਿ ਹੋਇਆ ਆਪ ਸਹਾਈ । ਸਾਚਾ ਸ਼ਬਦ ਸੁਣਾਇਆ ਕੰਨ, ਸਾਚੀ ਧੁੰਨ ਉਪਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਸਾਚੀ ਪੱਤ ਰਖਾਈ । ਪਤਿਪਰਮੇਸ਼ਵਰ ਪਤ ਪਤਵੰਤਾ । ਹੋਏ ਸਹਾਈ ਗੁਰਮੁਖ ਸਾਚੇ ਸੰਤਾ । ਦੇਵੇ ਵਡਿਆਈ ਵਿਚ ਜੀਵ ਜੰਤਾ । ਆਪ ਬਣਾਏ ਵਿਚ ਮਾਤ ਸਾਚੀ ਬਣਤਾ । ਮਹਿੰਮਾ ਪ੍ਰਭ ਬੜੀ ਅਗਣਤਾ । ਗੁਰਮੁਖਾਂ ਮਿਲਿਆ ਪ੍ਰਭ ਸਾਚਾ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪ ਸੰਘਾਰੇ ਦੁਸ਼ਟ ਦੁਰਾਚਾਰੇ ਵਡ ਵਡ ਹੰਕਾਰੇ ਦੇਵ ਦੰਤਾ । ਵਡ ਵਡ ਹੰਕਾਰੀਆਂ ਪ੍ਰਭ ਸਾਚਾ ਪਾਏ ਖਵਾਰੀਆਂ । ਧੀਆਂ ਭੈਣਾਂ ਰੰਡੀਆਂ ਘਰ ਰੋਵਣ ਨਾਰੀਆਂ । ਕੌਡੀ ਮੂਲ ਨਾ ਪੱਲੇ ਫਿਰੇ ਵਿਚ ਮੰਡੀਆਂ, ਨਾ ਪੁੱਛੇ ਕੋਈ ਵਪਾਰੀਆ । ਆਪੀ ਪਾਵੇ ਸਾਚੀ ਵੰਡੀਆਂ, ਸੁਹਾਗ ਰਾਤ ਨਾ ਕਿਸੇ ਸੁਹਾ ਰਿਹਾ । ਸਾਚਾ ਸ਼ਬਦ ਦੇਵੇ ਡੰਡੀਆਂ ਵਲ ਪਖੰਡੀਆਂ ਘਰ ਘਰ ਫਿਰਨ ਦੁਸ਼ਟ ਦੁਰਾਚਾਰੀਆ । ਮੂੰਡ ਮੁੰਡਾਏ ਚੰਡੀਆਂ ਪ੍ਰਚੰਡੀਆਂ, ਨਾਲ ਬੰਨ੍ਹਾਏ ਜੰਡੀਆਂ,

ਤਨ ਸੜਾਏ ਕੁੰਡ ਕੁੰਡੀਆਂ । ਕੱਚੇ ਭੰਨਾਏ ਅੰਡਿਆਂ ਨਾ ਹੋਏ ਕੋਈ ਸਹਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਾਚਾ ਖੇਲ ਖਿਲਾ ਰਿਹਾ । ਦੁਰਮਤ ਦੁਰਾਚਾਰੀਆਂ, ਪ੍ਰਭ ਸਾਚਾ ਕਰੇ ਖਵਾਰੀਆਂ, ਅਗਨ ਜੋਤ ਆਪ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਘਰ ਪੁਆੜੇ ਪਾਏ ਅਚਰਜ ਖੇਲ ਆਪ ਵਰਤਾ ਰਿਹਾ । ਮਾਝਾ ਦੇਸ ਹੋਏ ਦਿਨ ਮਾੜੇ । ਘਰ ਘਰ ਪੈਣ ਪਵਾੜੇ । ਇਕ ਇਕ ਹੋਏ ਦੋ ਫਾੜੇ । ਆਪ ਬਣਾਏ ਚੰਗੇ ਮਾੜੇ । ਗੁਰਮੁਖ ਸਾਚੇ ਪ੍ਰਭ ਆਪ ਬਣਾਏ ਸਾਚੇ ਲਾੜੇ । ਬੇਮੁਖ ਜੀਵ ਝੂਠੇ ਆਪ ਚੜ੍ਹਾਏ ਘੋੜੀ ਮੌਤ ਲਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵਰਤਾਏ ਖੇਲ ਆਪ ਬੈਠਾ ਵੇਖੇ ਖੇਲ ਅਖਾੜੇ । ਸਚ ਤੀਰਥ ਧਾਮ ਸਰ । ਸੋਹਣ ਸਿੰਘ ਤੇਰਾ ਸਾਚਾ ਘਰ । ਪ੍ਰਭ ਅਬਿਨਾਸ਼ੀ ਦੇਵੇ ਵਰ । ਸਤਿਜੁਗ ਸਾਚੇ ਆਪੇ ਦਏ ਉਸਾਰੀ ਕਰ । ਚਾਰ ਵਰਨ ਚਲ ਆਇਣ ਦਰ । ਅੰਮ੍ਰਿਤ ਸਾਚਾ ਪ੍ਰਭ ਦੇਵੇ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਅੰਮ੍ਰਿਤ ਸਾਚਾ ਪ੍ਰਭ ਸਾਚੇ ਭਰਨਾ । ਚਾਰ ਵਰਨ ਦਰ ਘਰ ਸਾਚੇ ਆਏ ਤਰਨਾ । ਜੁਗੋ ਜੁਗ ਜਗਤ ਜੁਗ ਤੇਰਾ ਨਾਮ ਵਿਚ ਮਾਤ ਦੇ ਧਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਆਪਣੀ ਸਰਨਾ । ਸਾਚਾ ਸਰ ਹਰਿ ਆਪ ਕਰਾਏ । ਨਿਰਮਲ ਨੀਰ ਹਰਿ ਆਪ ਧਰਾਏ । ਦੁੱਖ ਰੋਗ ਕੱਟ ਸਰੀਰ, ਪ੍ਰਭ ਸਾਚਾ ਸੁਖ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਵਿਚ ਦੇ ਟਿਕਾਏ । ਸਤਿਜੁਗ ਸਾਚਾ ਧਾਮ ਉਪਜਾਵਣਾ । ਗੁਰਮੁਖ ਸਾਚੇ ਤੇਰਾ ਨਾਮ ਰਖਾਵਣਾ । ਜਨਮ ਕਰਮ ਹਰਿ ਸਾਚੇ ਵਾਚੇ ਪੂਰਬ ਫਲ ਦਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਉਂ ਡੰਕ ਵਜਾਵਣਾ । ਗੁਰ ਸਤਿਗੁਰ ਸਾਚਾ ਪਾਇਆ । ਗੁਰ ਸੰਗਤ ਸੰਗ ਮਿਲਾਇਆ । ਗੁਰ ਸਤਿਗੁਰ ਸਾਚਾ ਪਾਇਆ, ਜਿਸ ਆਪਣੇ ਰੰਗ ਰੰਗਾਇਆ । ਗੁਰ ਸਤਿਗੁਰ ਸਾਚਾ ਪਾਇਆ, ਜਿਸ ਸਾਚਾ ਨਾਮ ਰੰਗ ਚੜ੍ਹਾਇਆ । ਸਤਿਗੁਰ ਸਾਚਾ ਪਾਇਆ ਜਿਸ ਸਾਚਾ ਸੰਗ ਨਿਭਾਇਆ । ਸਤਿਗੁਰ ਸਾਚਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦਾਨ ਸਾਚੀ ਭਿਛਿਆ ਪਾਇਆ । ਸੋਹੰ ਦਾਨ ਸੱਚੀ ਦਾਤ ਵਿਚ ਮਾਤ ਵਡ ਕਰਾਮਾਤ, ਗੁਰ ਚਰਨ ਬਣਾਏ ਸਾਚਾ ਨਾਤ । ਅੰਧੇਰੀ ਮਿਟਾਏ ਕਾਲੀ ਰਾਤ । ਸਾਚੀ ਜੋਤ ਜਗਾਏ ਆਤਮ ਵੇਖ ਮਾਰ ਝਾਤ । ਗੁਰਮੁਖ ਸਾਚੇ ਪ੍ਰਭ ਸਾਚਾ ਲੇਖ ਲਿਖਾਏ ਹੱਥ ਫੜਾਏ ਕਲਮ ਦਵਾਤ । ਲਿਖਿਆ ਲੇਖ ਨਾ ਕੋਈ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸਾਚਾ ਲੇਖ ਲਿਖਾਤ । ਸਾਚਾ ਲੇਖਾ ਜਿਸ ਜਨ ਲਿਖਾਵਣਾ । ਬੇੜਾ ਬੰਨ੍ਹ ਹਰਿ ਆਪ ਵਖਾਵਣਾ । ਮਨ ਤਨ ਤਨ ਮਨ ਹਰਾ ਕਰਾਵਣਾ । ਆਤਮ ਜਨ ਸਰਬ ਕਢਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਆਪਣੀ ਸਰਨ ਲਗਾਵਣਾ । ਸਾਚੇ ਪ੍ਰਭ ਸਚ ਸਰਨਾਇਆ । ਹਰਿ ਹਰਿ ਸਾਚਾ ਨਾਮ ਦਵਾਇਆ । ਘਰ ਘਰ ਸਾਚੇ ਦਏ ਵਖਾਇਆ । ਦਰ ਦਵਾਰਾ ਦੇ ਖੁਲ੍ਹਾਇਆ । ਆਤਮ ਸਾਚੇ ਸਰ ਤੀਰਥ ਨੁਹਾਇਆ । ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਇਆ । ਆਤਮ ਜੋਤੀ ਜੋਤ ਧਰ ਅਗਿਆਨ ਅੰਧੇਰ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਇਆ । ਮਾਣ ਦਵਾਇਆ ਹਰਿ ਭਗਵਾਨਿਆ । ਪਾਰ ਲੰਘਾਨਿਆ ਕਰ ਮਿਹਰਬਾਨੀਆਂ । ਜੀਵ ਨਿਧਾਨਿਆਂ ਸਮਝ ਅੰਞਾਣਿਆਂ ਸਤਿਜੁਗ ਮਿਲੇ ਸਚ ਨਿਸ਼ਾਨੀਆਂ । ਸੋਹੰ ਦੇਵੇ ਪ੍ਰਭ ਸਾਚਾ ਕਾਨੀਆਂ । ਬੇਮੁਖ ਮਾਰਨ ਮਿਹਣੇ ਤਾਹਨਿਆਂ । ਗੁਰਮੁਖ ਚਲਣਾ ਪ੍ਰਭ ਕੇ ਭਾਣਿਆਂ । ਪ੍ਰਭ

੧੮੮
੦੩

ਅਬਿਨਾਸ਼ੀ ਆਪੇ ਆਪ ਸਰਬ ਪਛਾਨਿਆਂ । ਵੇਲੇ ਅੰਤਕਾਲ ਕਲ ਭੁੰਨੇ ਜਿਉਂ ਭਠਿਆਲੇ ਦਾਨਿਆਂ । ਅੰਤਮ ਹੋਣ ਨਾ ਸਵਾਸ ਸੁਖਾਲੇ, ਔਖੇ ਵੇਲੇ ਨਾ ਕਿਸੇ ਛੁਡਾਨਿਆਂ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸੰਗ ਰਹਾਨਿਆਂ । ਸਦਾ ਸੰਗ ਹਰਿ ਸਾਚਾ ਵਸੇ । ਪ੍ਰਗਟ ਜੋਤ ਰਾਹ ਸਾਚਾ ਦਸੇ । ਗੁਰਮੁਖ ਸਾਚਾ ਦਰ ਘਰ ਆਏ ਹੱਸੇ । ਬੇਮੁੱਖ ਦਰ ਤੋਂ ਜਾਇਣ ਨੱਸੇ । ਆਤਮ ਅੰਧੇਰੀ ਹੋਈ ਜਿਉਂ ਚੰਦ ਮੱਸੇ । ਗੁਰਮੁਖ ਆਤਮ ਜੋਤ ਅਕਾਰ ਕੋਟ ਰਵ ਸੱਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਏਕਾ ਕੱਸੇ । ਸ਼ਬਦ ਤੀਰ ਸਚ ਨਿਸ਼ਾਨਾ । ਗੁਰਸਿਖ ਕਰ ਗੁਰ ਚਰਨ ਧਿਆਨਾ । ਹੋਏ ਮੇਲ ਭਗਤ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹੇ ਹੱਥੀਂ ਗਾਨਾ । ਸੋਹੰ ਗਾਨਾ ਬੰਧਣਾ ਹੱਥ । ਆਪ ਚੜ੍ਹਾਏ ਸਾਚੇ ਰਥ । ਆਤਮ ਦੇਵੇ ਪ੍ਰਭ ਸਾਚਾ ਸਾਚੀ ਵਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟੇ ਹਰਸ ਕਿਉਂ ਰਹੇ ਤਰਸ ਸਗਲ ਵਸੂਰੇ ਜਾਇਣ ਲੱਥ । ਆਤਮ ਸੂਰਿਆ ਜਗਤ ਗਰੂਰਿਆ । ਕਿਉਂ ਗਵਾਇਆ ਆਤਮ ਨੂਰਿਆ । ਸਾਚਾ ਦਰ ਛਡ ਹੱਟ ਗਿਉਂ ਦੂਰਿਆ । ਵੇਲਾ ਅੰਤਮ ਅੰਤ ਕਾਲ ਆਇਆ ਚਲ ਆਓ ਹਰਿ ਹਜ਼ੂਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਸਰਬ ਗਰੂਰਿਆ ।



## ❊ ੧੪ ਜੇਠ ੨੦੧੦ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❊

੧੮੯ ੦੩

ਸਤਿਗੁਰ ਸਾਚਾ ਸ਼ਾਹੋ, ਸਹਿਜ ਸੁਭਾਇਆ । ਸਤਿਗੁਰ ਸਾਚਾ ਸ਼ਾਹੋ, ਵਡ ਬੇਪ੍ਰਵਾਹਿਆ । ਸਤਿਗੁਰ ਸਾਚਾ ਸ਼ਾਹੋ, ਗੁਰਮੁਖਾਂ ਨਾਮ ਜਪਾਇਆ । ਸਤਿਗੁਰ ਸਾਚਾ ਸ਼ਾਹੋ ਏਕਾ ਮਾਰਗ ਲਾਇਆ । ਸਤਿਗੁਰ ਸਾਚਾ ਸ਼ਾਹੋ, ਚਾਰ ਵਰਨ ਮਾਣ ਦਵਾਇਆ । ਸਤਿਗੁਰ ਸਾਚਾ ਸ਼ਾਹੋ, ਸੋਹੰ ਸਾਚਾ ਪ੍ਰਭ ਸਾਚੇ ਝੋਲੀ ਪਾਇਆ । ਸਤਿਗੁਰ ਸਾਚਾ ਨਾਮ ਨਿਧਾਨ ਆਤਮ ਬਾਣ ਲਗਾਇਆ । ਸਤਿਗੁਰ ਸਾਚਾ ਸਾਚਾ ਚਰਨ ਧਿਆਨ ਆਤਮ ਬ੍ਰਹਮ ਗਿਆਨ ਦਵਾਇਆ । ਸਤਿਗੁਰ ਸਾਚਾ ਸਾਚਾ ਸ਼ਬਦ ਤੀਰ ਨਿਸ਼ਾਨ ਰਸਨਾ ਖਿਚ ਚਲਾਇਆ । ਸਤਿਗੁਰ ਸਾਚਾ ਗੁਰਮੁਖਾਂ ਆਤਮ ਬੰਧ ਬੰਧਾਏ ਦੂਈ ਦਵੈਤ ਜਿੰਦਾ ਆਪ ਤੁੜਾਇਆ । ਸਤਿਗੁਰ ਸਾਚਾ ਸ਼ਬਦ ਧੁਨ ਆਪ ਉਪਜਾਵੇ, ਸਚ ਧੁਨਕਾਰ ਸੁਣਾਇਆ । ਸਤਿਗੁਰ ਸਾਚਾ ਮੁਨ ਸੁਨ ਆਪ ਖੁਲ੍ਹਾਏ, ਅੰਮ੍ਰਿਤ ਝਿਰਨਾ ਆਪ ਝਿਰਾਇਆ । ਸਤਿਗੁਰ ਸਾਚਾ ਗੁਰਮੁਖ ਵਿਰਲੇ ਕਲਜੁਗ ਚੁਣ ਆਪਣੀ ਸਰਨ ਲਗਾਇਆ । ਸਤਿਗੁਰ ਸਾਚਾ ਬੇਮੁਖ ਜੀਵ ਕਲਜੁਗ ਪੁਣ ਅੰਤਕਾਲ ਮਿਟਾਇਆ । ਸਤਿਗੁਰ ਸਾਚਾ ਗੁਰਮੁਖ ਸਾਚੇ ਸੰਤ ਜਨ ਚੁਣ ਹਰਿ ਸਾਚੇ ਲੇਖ ਲਿਖਾਇਆ । ਸਤਿਗੁਰ ਸਾਚਾ ਜੂਠੀ ਝੂਠੀ ਰੇਖ ਦੇ ਮਿਟਾਇਆ । ਸਤਿਗੁਰ ਸਾਚਾ ਵੇਖ ਵੇਖ ਜੋ ਰਹੇ ਪਾਪ ਕਮਾਇਆ । ਸਤਿਗੁਰ ਸਾਚਾ ਵਿਚ ਮਾਤ ਰਹਿਣ ਨਾ ਪਾਇਆ । ਸਤਿਗੁਰ ਸਾਚਾ ਅੰਤਕਾਲ ਕਲਜੁਗ ਬੇਮੁਖਾਂ ਦੇ ਸਜਾਇਆ । ਸਤਿਗੁਰ ਸਾਚਾ ਧਰਮ ਰਾਏ ਦੇ ਹੱਥ ਦਏ ਫੜਾਇਆ । ਸਤਿਗੁਰ ਸਾਚਾ ਅਠਾਈ ਕੁੰਡ ਨਰਕ ਨਿਵਾਸ ਰਖਾਇਆ । ਸਤਿਗੁਰ ਸਾਚਾ ਬੇਮੁਖ ਵਿਚ ਮਾਤ ਲੱਖ ਚੁਰਾਸੀ ਵਿਚ ਫਿਰਾਇਆ । ਸਤਿਗੁਰ ਸਾਚਾ ਗੁਰਮੁਖਾਂ ਸਚ ਨਾਮ ਜਪਾਇਆ । ਸਤਿਗੁਰ ਸਾਚਾ ਸਾਚੇ ਸ਼ਬਦ ਕੰਨ ਸੁਣਾਇਆ । ਸਤਿਗੁਰ ਸਾਚਾ ਏਕਾ ਧਿਆਨ ਚਰਨ ਲਗਾਇਆ । ਸਤਿਗੁਰ ਸਾਚਾ ਏਕਾ ਮਾਣ

ਜਗਤ ਰਖਾਇਆ । ਸਤਿਗੁਰ ਸਾਚਾ ਆਤਮ ਜੋਤ ਜਗਾਏ ਮਹਾਨ ਬਲੀ ਬਲਵਾਨਾ । ਸਤਿਗੁਰ ਸਾਚਾ ਅਗਿਆਨ ਅੰਧੇਰ ਮਿਟਾਏ ਚੁੱਕੇ ਕਾਨਾ । ਸਤਿਗੁਰ ਸਾਚਾ ਕਲਜੁਗ ਮਿਟਾਏ ਧੁੰਦੂਕਾਰ ਸਤਿਗੁਰ ਸਾਚਾ ਵਿਚ ਮਾਤ ਹਰਿ ਲਾਨਾ । ਸਤਿਗੁਰ ਸਾਚਾ ਸੋਹੰ ਸ਼ਬਦ ਸਚ ਵਸਤ ਖੋਲ੍ਹੇ ਸਚ ਦੁਕਾਨਾ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਜਗਤ ਮਹਾਨਾ । ਸਤਿਗੁਰ ਸਾਚਾ ਚਰਨ ਬਲਿਹਾਰਾ । ਸਤਿਗੁਰ ਸਾਚਾ ਜਨਮ ਮਰਨ ਜਿਸ ਆਣ ਸਵਾਰਾ । ਸਤਿਗੁਰ ਸਾਚਾ ਭੁੱਖ ਪਾਪ ਵਿਚ ਮਾਤ ਉਤਾਰਾ । ਸਤਿਗੁਰ ਸਾਚਾ ਸੋਹੰ ਸਾਚਾ ਜਾਪ ਜਿਸ ਆਤਮ ਧਾਰਾ । ਸਤਿਗੁਰ ਸਾਚਾ ਕਰਮ ਜਰਮ ਧਰਮ ਜਿਸ ਸਵਾਰਾ । ਸਤਿਗੁਰ ਸਾਚਾ ਆਤਮ ਹਉਮੈ ਭਰਮ ਨਿਵਾਰਾ । ਸਤਿਗੁਰ ਸਾਚਾ ਏਕਾ ਦੇਵੇ ਸਰਨ ਦਵਾਰਾ । ਸਤਿਗੁਰ ਸਾਚਾ ਹਰਨ ਫਰਨ ਹਰਿ ਦਏ ਖੁਲਾਰਾ । ਸਤਿਗੁਰ ਸਾਚਾ ਧਰਨੀ ਧਰ ਗੁਰਸਿਖ ਉਤਰੇ ਪਾਰਾ । ਸਤਿਗੁਰ ਸਾਚਾ ਅੰਤਕਾਲ ਨਾ ਜਾਏ ਮਰ, ਪ੍ਰਭ ਸਾਚਾ ਮੇਲ ਮਿਲਾਰਾ । ਸਤਿਗੁਰ ਸਾਚਾ ਆਪ ਚੁਕਾਏ ਜਮ ਕਾ ਡਰ, ਸਾਚਾ ਦੇਵੇ ਸ਼ਬਦ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਤਿਗੁਰ ਸਾਚਾ ਸਰਬ ਕਾ ਗਿਆਤਾ । ਸਤਿਗੁਰ ਸਾਚਾ ਸਰਬ ਜੀਆਂ ਕਾ ਏਕਾ ਦਾਤਾ । ਸਤਿਗੁਰ ਚਰਨ ਪ੍ਰੀਤੀ ਬਖ਼ਸ਼ੇ ਸਾਚਾ ਨਾਤਾ । ਸਤਿਗੁਰ ਸਾਚਾ ਭੈਣ ਭਾਈਆਂ ਆਪੇ ਬਣੇ ਪਿਤ ਮਾਤਾ । ਸਤਿਗੁਰ ਸਾਚਾ ਚਾਰ ਵਰਨ ਕਰਾਏ ਭੈਣ ਭਰਾਤਾ । ਸਤਿਗੁਰ ਸਾਚਾ ਸੋਹੰ ਦੇਵੇ ਵਿਚ ਮਾਤ ਸਾਚੀ ਦਾਤਾ । ਸਤਿਗੁਰ ਸਾਚਾ ਗੁਰਮੁਖ ਵਿਰਲੇ ਕਲ ਪਛਾਤਾ । ਸਤਿਗੁਰ ਸਾਚਾ ਗੁਰਮੁਖ ਆਪ ਮਿਟਾਏ ਗੁਰਸਿਖ ਤੇਰੀ ਆਤਮ ਅੰਧੇਰੀ ਰਾਤਾ । ਸਤਿਗੁਰ ਸਾਚਾ ਗੁਰਮੁਖ ਸਾਚੇ ਦਰ ਘਰ ਆਏ ਆਪ ਪਿਆਏ ਅੰਮ੍ਰਿਤ ਬੂੰਦ ਸਵਾਤਾ । ਸਤਿਗੁਰ ਸਾਚਾ ਦਇਆ ਕਮਾਏ ਮਾਰਗ ਲਾਏ ਸਾਰੰਗ ਧਰ ਭਗਵਾਨ ਬੀਠਲਾ ਆਪਣੇ ਰੰਗ ਰੰਗਾਤਾ । ਸਤਿਗੁਰ ਸਾਚਾ ਗੁਰਮੁਖ ਸਾਚੇ ਸੰਤ ਜਨਾਂ ਏਕਾ ਰੰਗਣ ਚੜ੍ਹਾਤਾ ਹੈ । ਸਤਿਗੁਰ ਸਾਚਾ ਗੁਰਸਿਖ ਦੂਸਰ ਦਰ ਮੰਗਣ ਨਾ ਜਾਤਾ ਹੈ । ਸਤਿਗੁਰ ਸਾਚਾ ਪੂਰਨ ਪੁਰਖ ਬਿਧਾਤਾ ਹੈ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰੀ ਵਿਚ ਵਾਸ ਹੈ । ਸਤਿਗੁਰ ਸਾਚਾ ਘਨਕਪੁਰ ਵਾਸੀਆ । ਸਤਿਗੁਰ ਸਾਚਾ ਸ੍ਰਿਸ਼ਟ ਸਬਾਈ ਕਰੇ ਉਦਾਸੀਆ । ਸਤਿਗੁਰ ਸਾਚਾ ਗੁਰਮੁਖਾਂ ਕਰੇ ਬੰਦ ਖਲਾਸੀਆ । ਸਤਿਗੁਰ ਸਾਚਾ ਆਪ ਮਿਟਾਏ ਕਲਜੁਗ ਅੰਤਮ ਅੰਤ ਮਦਿਰਾ ਮਾਸੀਆ । ਸਤਿਗੁਰ ਸਾਚਾ ਗੁਰਮੁਖਾਂ ਸੋਹੰ ਨਾਮ ਜਪਾਸੀਆ । ਸਤਿਗੁਰ ਸਾਚਾ ਬੇਮੁਖਾਂ ਅੰਤਮ ਮਾਰ ਕਰਾਸੀਆ । ਸਤਿਗੁਰ ਸਾਚਾ ਗੁਰਮੁਖਾਂ ਸ਼ਬਦ ਧਾਰ ਕਰ ਪਾਰ ਬੇੜਾ ਆਪ ਬੰਧਾਸੀਆ । ਸਤਿਗੁਰ ਸਾਚਾ ਬੇਮੁਖਾਂ ਨਰਕ ਨਿਵਾਸ ਰਖਾਸੀਆ । ਸਤਿਗੁਰ ਸਾਚਾ ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਆਪਣੀ ਗੋਦ ਉਠਾਸੀਆ । ਸਤਿਗੁਰ ਸਾਚਾ ਬੇਮੁਖਾਂ ਲੱਖ ਚੁਰਾਸੀ ਵਿਚ ਭਵਾਸੀਆ । ਸਤਿਗੁਰ ਸਾਚਾ ਗੁਰਸਿਖਾਂ ਹਰਿ ਜੋਤੀ ਜੋਤ ਮਿਲਾਸੀਆ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਸੀਆ । ਸਤਿਗੁਰ ਸਾਚਾ ਸ਼ਬਦ ਧਾਰਾ । ਸਤਿਗੁਰ ਸਾਚਾ ਗਿਰਵਰ ਗਿਰਧਾਰਾ । ਸਤਿਗੁਰ ਸਾਚਾ ਮਾਤ ਜਾਮਾ ਧਰੇ ਕ੍ਰਿਸ਼ਨ ਮੁਰਾਰਾ । ਸਤਿਗੁਰ ਸਾਚਾ ਜੋਤ ਸਰੂਪ ਕਰੇ ਖੇਲ ਅਪਾਰਾ । ਸਤਿਗੁਰ ਸਾਚਾ ਆਦਿ ਜੁਗਾਦਿ ਜੁਗੋ ਜੁਗ ਆਵੇ ਜਾਵੇ ਵਾਰੋ ਵਾਰਾ । ਸਤਿਗੁਰ ਸਾਚਾ ਏਕਾ ਸ਼ਬਦ ਵਜਾਏ ਨਾਦ ਚਾਰ ਕੁੰਟ ਕਰਾਏ ਜੈ ਜੈ ਜੈਕਾਰਾ । ਸਤਿਗੁਰ ਸਾਚਾ ਕਲਜੁਗ ਤੇਰਾ ਮਿਟਾਏ । ਸਤਿਗੁਰ ਸਾਚਾ ਸਤਿਜੁਗ ਤੇਰਾ ਕਰੇ ਸਤਿ ਸਤਿ ਕਰੇ ਵਰਤਾਰਾ । ਸਤਿਗੁਰ ਸਾਚਾ ਜਨ ਭਗਤਾਂ ਦੇਵੇ ਨਾਮ

ਅਧਾਰਾ । ਸਤਿਗੁਰ ਸਾਚਾ ਗੁਰਮੁਖ ਸਾਚੇ ਆਤਮ ਜੋਤੀ ਦੀਪ ਕਰੇ ਉਜਿਆਰਾ । ਸਤਿਗੁਰ ਸਾਚਾ ਸਾਚੀ ਬਖ਼ਸ਼ੇ ਸ਼ਬਦ ਧੁਨਕਾਰਾ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰੰਗਾਏ ਏਕਾ ਰੰਗ ਕਰਤਾਰਾ । ਸਤਿਗੁਰ ਸਾਚਾ ਜਗਤ ਹਿੱਤ । ਸਤਿਗੁਰ ਸਾਚਾ ਜੋਤ ਪ੍ਰਗਟਾਏ ਨਿੱਤ ਨਵਿਤ । ਸਤਿਗੁਰ ਸਾਚਾ ਗੁਰਮੁਖ ਸਾਚੇ ਕੀਨਾ ਹਿੱਤ । ਸਤਿਗੁਰ ਸਾਚਾ ਪ੍ਰਭ ਅਬਿਨਾਸ਼ੀ ਸਾਚਾ ਮਿੱਤ । ਸਤਿਗੁਰ ਸਾਚਾ ਦਿਵਸ ਰੈਣ ਸਦ ਰਾਖੋ ਚਿੱਤ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚਾ ਮਿੱਤ । ਮੀਤ ਮੁਰਾਰਾ ਰਾਮ ਅਵਤਾਰਾ, ਕ੍ਰਿਸ਼ਨ ਮੁਰਾਰਾ, ਜੋਤ ਸਰੂਪੀ ਜਾਮਾ ਧਾਰ । ਖੇਲ ਅਪਾਰਾ ਨਾ ਕੋਈ ਪਾਏ ਸਾਰਾ । ਗੁਰਮੁਖ ਵਿਰਲਾ ਬੂਝੇ, ਕਲ ਕਰਮ ਵਿਚਾਰਾ । ਦਰ ਘਰ ਸੂਝੇ, ਆਏ ਕਰੇ ਚਰਨ ਨਿਮਸਕਾਰਾ । ਬੇਮੁਖ ਦਰ ਤੇ ਹਰਿ ਨਾ ਬੂਝੇ, ਆਤਮ ਹੰਗਤਾ ਰੋਗ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਵਿਚ ਮਾਤ ਲਏ ਅਵਤਾਰਾ । ਜੋਤ ਸਰੂਪੀ ਜਾਮਾ ਧਾਰਿਆ । ਅਚਰਜ ਖੇਲ ਕੀਆ ਕਰਤਾਰਿਆ । ਤੀਨ ਲੋਕ ਸੱਚੀ ਸਰਕਾਰਿਆ । ਅਚਰਜ ਖੇਲ ਨਾ ਕੋਈ ਪਾਵੇ ਸਾਰਿਆ । ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਵਿਚ ਮਾਤ ਟਿਕਾ ਰਿਹਾ । ਅੰਤਮ ਅੰਤਕਾਲ ਨਿਹਕਲੰਕ ਨਰਾਇਣ ਨਰ ਅਵਤਾਰ ਆਪਣਾ ਨਾਮ ਧਰਾ ਲਿਆ । ਮਾਤਲੋਕ ਹਰਿ ਜਾਮਾ ਧਾਰਿਆ । ਨਿਹਕਲੰਕ ਨਰਾਇਣ ਨਰ ਅਵਤਾਰਿਆ । ਬਿਨ ਰੰਗ ਰੂਪ ਗੁਰਮੁਖ ਸਾਚੇ ਵਿਚ ਸਮਾ ਰਿਹਾ । ਨਾ ਕੋਈ ਲਏ ਵੇਖ ਗੁਰਮੁਖ ਸਾਚਾ ਨੇਤਰ ਲਏ ਪੇਖ, ਤੀਜਾ ਲੋਚਣ ਆਪ ਪ੍ਰਭ ਖੁਲ੍ਹਾ ਰਿਹਾ । ਆਪੇ ਕੱਢੇ ਭਰਮ ਭੁਲੇਖੇ ਜਿਸ ਜਨ ਚਰਨੀ ਸੀਸ ਨਿਵਾ ਲਿਆ । ਜੋਤ ਸਰੂਪੀ ਹਰਿ ਧਾਰੇ ਭੇਖ, ਕਲਜੁਗ ਮਿਟਾਏ ਲਿਖੇ ਲੇਖ, ਸਤਿਜੁਗ ਸਾਚੇ ਲੇਖ ਲਿਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਆਪ ਚੁਕਾ ਰਿਹਾ । ਪੰਚਮ ਜੇਠ ਪ੍ਰਭ ਜਾਮਾ ਧਾਰਾ । ਮਾਤਲੋਕ ਲਿਆ ਅਵਤਾਰਾ । ਜੋਤ ਸਰੂਪੀ ਭੇਖ ਅਪਾਰਾ । ਕਰੇ ਖੇਲ ਹਰਿ ਗਿਰਧਾਰਾ । ਸ਼ਬਦ ਧੁਨ ਧੁਨ ਏਕਾ ਧੁਨਕਾਰਾ । ਸ੍ਰਿਸ਼ਟ ਸਬਾਈ ਰਹੀ ਸੁਨ, ਗੁਰਮੁਖ ਵਿਰਲਾ ਕਰੇ ਵਿਚਾਰਾ । ਲੱਖ ਚੁਰਾਸੀ ਵਿਚੋਂ ਪੁਣ, ਏਕਾ ਦੇਵੇ ਦਰਸ ਅਪਾਰਾ । ਗੁਰਮੁਖ ਸਾਚੇ ਵਿਚ ਮਾਤ ਚੁਣ, ਖਿੱਚ ਲਿਆਏ ਚਰਨ ਦਵਾਰਾ । ਏਕਾ ਪ੍ਰਭ ਉਪਜਾਏ ਸਾਚੀ ਧੁਨ, ਦਿਵਸ ਰੈਣ ਰਹੇ ਏਕਾ ਧੁਨਕਾਰਾ । ਏਕਾ ਸ਼ਬਦ ਜਣਾਏ ਏਕਾ ਗੁਣ, ਗੁਰਮੁਖ ਸਾਚੇ ਲਏ ਸੁਣ ਉਤਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਪੰਚਮ ਜੇਠ ਜੋਤ ਪ੍ਰਗਟਾਈ । ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸਵਾਈ । ਗੁਰਮੁਖ ਸਾਚੇ ਸੰਤ ਜਨਾਂ ਏਕਾ ਦੀਆ ਸਾਚਾ ਨਾਮ ਧਨਾ, ਸੰਨ੍ਹ ਲੱਗੇ ਨਾ ਰਾਈ । ਸਾਚਾ ਰੰਗ ਰੰਗਾਏ ਮਨ ਤਨ ਭਿੰਨਾ, ਆਤਮ ਸ਼ਾਂਤ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਵਿਚ ਮਾਤ ਜਾਮਾ ਪਾਈ । ਅੰਤਮ ਅੰਤ ਕਲ ਵਿਚਾਰਿਆ । ਪ੍ਰਭ ਅਬਿਨਾਸ਼ੀ ਜਾਮਾ ਧਾਰਿਆ । ਕਲਜੁਗ ਜੀਆਂ ਆਪਣਾ ਕਰਮ ਧਰਮ ਹਾਰਿਆ । ਧੀਆਂ ਭੈਣਾਂ ਕਰਨ ਵਪਾਰਿਆ । ਝੂਠੇ ਧੰਦੇ ਮਾਨਸ ਲਗ ਮਾਨਸ ਜਨਮ ਹਾਰਿਆ । ਦਰ ਦਰਬਾਰੇ ਗੁਰ ਚਰਨ ਦਵਾਰੇ ਧੀਆਂ ਭੈਣਾਂ ਕਰਨ ਖਵਾਰਿਆ । ਆਤਮ ਹੰਕਾਰੇ ਦੁਸ਼ਟ ਦੁਰਾਚਾਰੇ, ਦਿਵਸ ਰੈਣ ਕਰਨ ਵਿਚਾਰੇ, ਆਤਮ ਭੁੱਲਾ ਹਰਿ ਗਿਰਧਾਰਿਆ । ਜੋਤੀ ਜੋਤ ਸਰੂਪ ਹਰਿ, ਜੀਵ ਜੰਤਾਂ ਕਰੇ ਸਰਬ ਵਿਚਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤ ਲਿਆ ਅਵਤਾਰਿਆ । ਜੀਵ ਜੰਤ ਹਰਿ ਆਪ ਵਿਚਾਰਦਾ । ਕਰਮ ਵਿਚਾਰ

ਆਪੇ ਤਾਰਦਾ । ਬੇਮੁਖਾਂ ਆਦਿ ਜੁਗਾਦਿ ਨਰਕ ਨਿਵਾਰਦਾ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸਾਚਾ ਬਾਹੋਂ ਪਕੜ ਪਾਰ ਉਤਾਰੇ, ਸ਼ਬਦ ਘੋੜੀ ਆਪ ਚਾੜ੍ਹਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਕਲਜੁਗ ਵੇਲਾ ਅੰਤ ਆਪ ਸੰਭਾਲਦਾ । ਜੀਵ ਜੰਤ ਹਰਿ ਦੇਵੇ ਦਾਨਾ । ਜੇ ਕੋਈ ਮੰਗੇ ਨਾਮ ਨਿਧਾਨਾ । ਸਾਚਾ ਦੇਵੇ ਜਗਤ ਨਿਸ਼ਾਨਾ । ਸੋਹੰ ਸ਼ਬਦ ਹਰਿ ਭਗਵਾਨਾ । ਉਪਜੇ ਧੁਨ ਸੁਣੇ ਜਨ ਕਾਨਾ । ਆਤਮ ਸੁਨ ਹਰਿ ਖੋਲ੍ਹ ਖੁਲ੍ਹਾਣਾ । ਰਿਖ ਮੁਨ ਨਾ ਕਿਸੇ ਪਛਾਨਾ । ਗੁਰਮੁਖ ਸਾਚੇ ਪ੍ਰਭ ਕਿਰਪਾ ਕਰੇ ਮਹਾਨਾ । ਆਪ ਮਿਟਾਏ ਆਤਮ ਤ੍ਰਿਖ ਆਤਮ ਜੋਤ ਜਗਾਏ ਵਾਲੀ ਦੋ ਜਹਾਨਾਂ । ਪ੍ਰਭ ਦਰ ਮੰਗੇ ਸਾਚੀ ਭਿੱਖ, ਦੇਵੇ ਦਰਸ ਆਪ ਵਡ ਬਲੀ ਬਲਵਾਨਾ । ਸਾਚੇ ਲੇਖ ਪ੍ਰਭ ਜਾਏ ਲਿਖ, ਲੋਕਮਾਤ ਹਰਿ ਪਹਿਰਿਆ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤਮ ਅੰਤ ਕਰਾਨਾ । ਕਲਜੁਗ ਤੇਰਾ ਅੰਤ ਕਰਾਵਣਾ । ਸਾਚਾ ਲੇਖਾ ਆਪ ਚੁਕਾਵਣਾ । ਜੋਤ ਸਰੂਪੀ ਜਾਮਾ ਪਾਵਣਾ । ਭੇਖ ਧਾਰ ਇਹ ਕਰਮ ਕਮਾਵਣਾ । ਵੇਖ ਵਿਚਾਰ ਪ੍ਰਭ ਆਪ ਕਰਾਵਣਾ । ਕਰਮ ਧਰਮ ਕਲ ਗਏ ਹਾਰ, ਕਿਸੇ ਨਾ ਆਣ ਛੁਡਾਵਣਾ । ਬੇੜਾ ਡੁੱਬਾ ਵਿਚ ਮੰਝਧਾਰ, ਕਿਸੇ ਨਾ ਪਾਰ ਕਰਾਵਣਾ । ਸ੍ਰਿਸ਼ਟ ਸਬਾਈ ਆਪਣਾ ਮੂਲ ਗਈ ਹਾਰ, ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਆਵਣਾ । ਆਪ ਬੰਧਾਏ ਆਪਣੀ ਧਾਰ, ਸੋਹੰ ਸਾਚਾ ਸ਼ਬਦ ਚਲਾਵਣਾ । ਜੂਠ ਝੂਠ ਕਰੇ ਖਵਾਰ, ਸਚ ਸੁੱਚ ਮਾਰਗ ਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਨਿਰੰਜਣ ਨਰਾਇਣ ਨਰ ਸਤਿਜੁਗ ਸਾਚਾ ਲਾਵਣਾ । ਕਲਜੁਗ ਵੇਖੇ ਹਰਿ ਕਰਮ ਵਿਚਾਰੀ । ਸ੍ਰਿਸ਼ਟ ਸਬਾਈ ਹੋਏ ਖਵਾਰੀ । ਸਾਚੀ ਲਿਖਤ ਲਿਖਾਏ, ਪ੍ਰਭ ਸਾਚਾ ਬਣ ਲਿਖਾਰੀ । ਚਾਰ ਕੁੰਟ ਹੋਏ ਹਾਹਾਕਾਰੀ । ਘਰ ਘਰ ਰੋਵਣ ਨਰ ਨਾਰੀ । ਕਿਸੇ ਨਾ ਬਣੇ ਕੋਈ ਸਹਾਰੀ । ਪ੍ਰਭ ਅਬਿਨਾਸ਼ੀ ਗਏ ਵਿਸਾਰੀ । ਦਹਿ ਦਿਸ਼ਾ ਗਏ ਪਾਸਾ ਹਾਰੀ । ਜੋਤੀ ਜੋਤ ਸਰੂਪ ਨਿਰੰਜਣ ਕਲ ਅਚਰਜ ਖੇਲ ਕਰੇ ਕਰਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਹਰਿ ਜਾਮਾ ਧਾਰੀ । ਚਾਰ ਕੁੰਟ ਹੋਏ ਵਹੀਰਾ । ਸਾਚਾ ਸ਼ਬਦ ਚਲਾਏ ਤੀਰਾ । ਸ੍ਰਿਸ਼ਟ ਸਬਾਈ ਤੁੱਟਾ ਧੀਰਾ । ਕਵਣ ਕੱਟੇ ਕਲਜੁਗ ਤੇਰੀਆਂ ਭੀੜਾਂ । ਪ੍ਰਭ ਅਬਿਨਾਸ਼ੀ ਆਪਣੇ ਹੱਥ ਉਠਾਏ ਸੋਹੰ ਸਾਚਾ ਬੀੜਾ । ਸ੍ਰਿਸ਼ਟ ਸਬਾਈ ਪ੍ਰਭ ਸਾਚਾ ਜਾਏ ਪੀੜਾ । ਚਾਰ ਕੁੰਟ ਪੈ ਜਾਏ ਦੁਹਾਈ, ਕਿਸੇ ਹੱਥ ਨਾ ਆਏ ਲੀੜਾ । ਸ੍ਰਿਸ਼ਟ ਸਬਾਈ ਸਰਬ ਬਿਲਲਾਈ, ਜੀਵ ਜੰਤ ਹਰਿ ਚਿਤ ਚਿਉਂਟੀ ਕੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰੇ ਆਪ ਨਬੇੜਾ । ਕਲਜੁਗ ਤੇਰਾ ਹੋਏ ਨਬੇੜਾ । ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਦੇਵੇ ਏਕਾ ਬੈਠਾ ਗੇੜਾ । ਸ਼ਬਦ ਸਰੂਪੀ ਸ਼ਬਦ ਹਰਿ ਇਕ ਲਗਾਵੇ ਉਖੇੜਾ । ਜੂਠੇ ਝੂਠੇ ਦੁਸ਼ਟ ਦੁਰਾਚਾਰੀਆਂ, ਪ੍ਰਭ ਆਪ ਨਬੇੜੇ ਝੇੜਾ । ਧਰਤ ਮਾਤ ਤੇਰੀ ਰੱਖੇ ਪੱਤ, ਪ੍ਰਭ ਅਬਿਨਾਸ਼ੀ ਤੇਰਾ ਖੁਲ੍ਹਾ ਕਰਾਏ ਵਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸ੍ਰਿਸ਼ਟ ਸਬਾਈ ਭੇੜ ਭੇੜਾ । ਸ੍ਰਿਸ਼ਟ ਸਬਾਈ ਛੇੜ ਛਿੜਾਵੇ । ਵਿਚ ਮੈਦਾਨ ਦੇ ਘੇਰ ਲਿਆਵੇ । ਉਖੇੜ ਉਖੇੜ ਪ੍ਰਭ ਸਾਚਾ ਸਾਰੇ ਨਸ਼ਟ ਕਰਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠੇ ਝੇੜੇ ਸਾਰੇ ਸਰਬ ਮਿਟਾਵੇ । ਆਪ ਵਰਤਾਵੇ ਆਪਣਾ ਭਾਣਾ । ਆਪ ਉਠਾਏ ਵਡ ਵਡ ਜੋਧਾ ਬਲੀ ਬਲਵਾਨਾ । ਵਿਚ ਬਿਠਾਏ ਅਗਨ ਲਗਾਏ ਬਬਾਣਾ । ਅਗਨ ਮੇਘ ਹਰਿ ਬਰਸਾਏ, ਸ੍ਰਿਸ਼ਟ ਸਬਾਈ ਸਰਬ ਜਲਾਣਾ । ਜੀਵ ਜੰਤ ਸਰਬ ਪਿਸਾਏ, ਕਿਸੇ ਪਾਣੀ ਹੱਥ ਨਾ ਆਣਾ । ਬਿਰਧ ਬਾਲ ਨਾ ਕੋਈ ਪਛਾਣੇ, ਆਪਣਾ ਆਪ ਕਿਸੇ

ਨਾ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਝੂਠਾ ਭੇਖ ਮਿਟਾਣਾ । ਕਲਜੁਗ ਤੇਰਾ ਹੋਇਆ ਅੰਤ । ਮਾਇਆ ਪਾਇਆ ਪ੍ਰਭ ਸਾਚਾ ਸ੍ਰਿਸ਼ਟ ਸਬਾਈ ਆਪ ਬੇਅੰਤ । ਨਜ਼ਰ ਨਾ ਆਏ ਵਿਚ ਮਾਤ ਹਰਿ ਸਾਚਾ ਕੰਤ । ਦਿਵਸ ਰੈਣ ਫੜ ਬੇਮੁਖਾਂ ਕੁਠੇ ਪ੍ਰਭ ਅਬਿਨਾਸ਼ੀ ਆਪ ਉਧਾਰੇ ਸਾਚੇ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਅਗਣਤ । ਸਚ ਸਚ ਸਚ ਹਰਿ ਰਿਹਾ ਲਿਖਾਏ । ਨਿਹਕਲੰਕ ਕਲ ਜਾਮਾ ਪਾਏ । ਮਾਝੇ ਦੇਸ ਮਿਲੇ ਵਧਾਏ । ਪੁਰੀ ਘਨਕ ਹਰਿ ਜੋਤ ਜਗਾਏ । ਸਾਚਾ ਵੱਜੇ ਡੰਕ ਸੁਣੇ ਲੋਕਾਏ । ਇਕ ਕਰਾਏ ਰਾਓ ਰੰਕ, ਰਾਜਾ ਰਾਣਾ ਕੋਈ ਰਹਿਣ ਨਾ ਪਾਏ । ਚਾਰ ਵਰਨ ਸੁਹਾਏ ਇਕ ਦਵਾਰਾ ਬੰਕ, ਊਚ ਨੀਚ ਹਰਿ ਭੇਵ ਮਿਟਾਏ । ਗੁਰਮੁਖ ਸਾਚੇ ਪ੍ਰਭ ਲਗਾਏ ਸ਼ਬਦ ਤਨਕ, ਸੁਰਤ ਸ਼ਬਦ ਹਰਿ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਕ ਭਵਿਖਤ ਰਿਹਾ ਲਿਖਾਏ । ਮਾਝਾ ਦੇਸ ਵੇਖ ਵਿਚਾਰ । ਅੰਤਮ ਕਲਜੁਗ ਆਵੇ ਹਾਰ । ਮਿੱਟੀ ਤੇਰੀ ਖੁਆਰ । ਦਰ ਦਰ ਘਰ ਘਰ ਫਿਰਨ ਭਿਖਾਰ । ਜੂਠੇ ਝੂਠੇ ਮਾਇਆ ਲੂਠੇ ਡਾਹਢੀ ਖਾਇਣ ਮਾਰ । ਰਾਮ ਦਾਸ ਗੁਰ ਤੇਰੇ ਦਰ ਜੋ ਬੈਠੇ ਧੀਆਂ ਭੈਣਾਂ ਕਰਨ ਵਪਾਰ । ਪਾਉਣ ਰੇਸ਼ਮ ਪਹਿਨਣ ਪਟ, ਮਾਇਆ ਧਾਰੀ ਚੋਰ ਯਾਰ । ਜੋਤੀ ਜੋਤ ਸਰੂਪ ਹਰਿ, ਪ੍ਰਗਟ ਜੋਤ ਕਰ ਸਭ ਖੁਆਰ । ਦਰ ਗੁਰ ਗੁਰ ਦਰ ਹੋਏ ਖੁਆਰੀ । ਧਰਤ ਮਾਤ ਹਰਿ ਦਰ ਪੁਕਾਰੀ । ਵਿਚ ਮਾਤ ਮੇਰੀ ਪਤ ਲੱਥੀ ਸਾਰੀ । ਕਲਜੁਗ ਜੀਆਂ ਮੇਰੀ ਕਰੀ ਬੜੀ ਖੁਆਰੀ । ਅਠਸਠ ਉਪਰ ਤੀਰਥਾਂ ਧੀਆਂ ਭੈਣਾ ਹੋਏ ਖੁਆਰੀ । ਪ੍ਰਭ ਅਬਿਨਾਸ਼ੀ ਜੋਤ ਸਰੂਪ ਵੇਖੇ ਵਿਗਸੇ ਕਰੇ ਵਿਚਾਰੀ । ਕਲਜੁਗ ਕਰਮ ਵਿਚਾਰ ਹਰਿ, ਵਿਚ ਮਾਤ ਲਏ ਅਵਤਾਰੀ । ਬੇਮੁਖਾਂ ਅੰਤ ਖੁਆਰ ਕਰ, ਪ੍ਰਭ ਸਾਚਾ


੧੯੩
੦੩

ਜਾਏ ਪਛਾੜੀ । ਸੋਹੰ ਸ਼ਬਦ ਵਿਚ ਮਾਤ ਸਾਚੀ ਧਾਰ ਧਰ, ਸਤਿਜੁਗ ਸਾਚੇ ਦੇਵੇ ਸੱਚੀ ਸਿਕਦਾਰੀ । ਸਤਿਜੁਗ ਸਾਚਾ ਕਰਮ ਵਿਚਾਰ ਕਰ, ਸਾਚਾ ਸ਼ਬਦ ਦੇਵੇ ਹਰਿ ਭੰਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਸਤਿਜੁਗ ਲਾਏ ਸੱਚੀ ਫੁਲਵਾੜੀ । ਸਤਿਜੁਗ ਸਾਚਾ ਸਤਿ ਵਰਤਾਵਣਾ । ਗੁਰਮੁਖ ਸਾਚੇ ਸੰਤ ਜਨਾਂ ਵਿਚ ਮਾਤ ਜਨਮ ਦਵਾਵਣਾ । ਸਚ ਸੁੱਚ ਧਰਮ ਕਰਮ ਸਾਚਾ ਜਤ ਰਖਾਵਣਾ । ਚਾਰ ਵਰਨ ਹਰਿ ਸਚੇ ਸਰਨ ਏਕਾ ਰੰਗ ਰੰਗਾਵਣਾ । ਊਚ ਨੀਚ ਪ੍ਰਭ ਸਾਚੇ ਭੇਖ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਵਣਾ । ਸਤਿਜੁਗ ਸਾਚੇ ਏਕਾ ਰੰਗ ਰੰਗਾਵਣਾ । ਅੰਗ ਸੰਗ ਸੰਗ ਅੰਗ, ਪ੍ਰਭ ਸਾਚੇ ਹੋ ਜਾਵਣਾ । ਗੁਰਮੁਖਾਂ ਮੰਗੀ ਸਾਚੀ ਮੰਗ, ਸਾਚਾ ਦੇਵੇ ਨਾਮ ਨਿਧਾਨਾ । ਬੇਮੁਖਾਂ ਹੋਏ ਭਾਗ ਮੰਦ, ਮਦਿਰਾ ਮਾਸ ਮੁਖ ਰਖਾਣਾ । ਰਸਨਾ ਲਾਇਣ ਗੰਦ, ਨਾ ਮਿਲਿਆ ਹਰਿ ਭਗਵਾਨਾ । ਪ੍ਰਭ ਅਬਿਨਾਸ਼ੀ ਨਾ ਗਾਇਆ ਬੱਤੀ ਦੰਦ, ਸੌਂ ਸੌਂ ਰੈਣ ਵਿਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਹਰਿ ਪਹਿਰਿਆ ਬਾਣਾ । ਸਤਿਜੁਗ ਤੇਰੇ ਨਾਮ ਵਧਾਈ । ਮਾਤਲੋਕ ਹਰਿ ਜਨਮ ਦਵਾਈ । ਪਹਿਲੀ ਮਾਘੀ ਹੋਏ ਰੁਸ਼ਨਾਈ । ਸ੍ਰਿਸ਼ਟ ਸਬਾਈ ਸਾਚਾ ਵਾਗੀ ਆਪੇ ਬਣੇ ਰਬਵਾਹੀ । ਆਪੇ ਧੋਏ ਤੇਰੀ ਦੁਰਮਤ ਮੈਲ ਦਾਗੀ, ਆਤਮ ਸਾਚੀ ਜਾਗ ਲਗਾਈ । ਆਪ ਬਣਾਏ ਹੰਸ ਕਾਗੀ, ਸੋਹੰ ਸਾਚਾ ਨਾਮ ਜਪਾਈ । ਗੁਰਮੁਖਾਂ ਗੁਰਸਿਖਾਂ ਭਾਗ ਹੋਏ ਵਡ ਵਡ ਭਾਗੀ, ਜਿਨ੍ਹਾਂ ਮਿਲਿਆ ਹਰਿ ਰਘੁਰਾਈ । ਕਲਜੁਗ ਮਾਇਆ ਤਨ ਨਾ ਲਾਗੀ, ਸ਼ਬਦ ਕਾਰ ਹਰਿ ਆਪ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਵਿਚ ਮਾਤ ਦੇਵੇ ਵਡਿਆਈ । ਸਤਿਜੁਗ ਤੇਰਾ ਮਾਣ ਰਖਾਣਾ । ਸ੍ਰਿਸ਼ਟ

ਸਬਾਈ ਏਕਾ ਬਾਣਾ । ਸ੍ਰਿਸ਼ਟ ਸਬਾਈ ਏਕਾ ਤਾਣਾ । ਸ੍ਰਿਸ਼ਟ ਸਬਾਈ ਏਕਾ ਰਾਣਾ । ਸ੍ਰਿਸ਼ਟ ਸਬਾਈ ਏਕਾ ਖਾਣਾ । ਸ੍ਰਿਸ਼ਟ ਸਬਾਈ ਊਚ ਨੀਚ ਹਰਿ ਭੇਵ ਚੁਕਾਣਾ । ਸ੍ਰਿਸ਼ਟ ਸਬਾਈ ਰਾਓ ਰੰਕ ਇਕ ਥਾਂ ਬਹਾਣਾ । ਸ੍ਰਿਸ਼ਟ ਸਬਾਈ ਸੋਹੰ ਸਾਚਾ ਸ਼ਬਦ ਚਲਾਣਾ । ਸ੍ਰਿਸ਼ਟ ਸਬਾਈ ਚਾਰ ਕੁੰਟ ਸਾਚਾ ਡੰਕ ਵਜਾਣਾ । ਸ੍ਰਿਸ਼ਟ ਸਬਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜੈ ਜੈਕਾਰ ਕਰਾਣਾ । ਸਤਿਜੁਗ ਤੇਰਾ ਸਤਿ ਵਰਤਾਰ । ਚਾਰ ਕੁੰਟ ਹੋਏ ਜੈ ਜੈਕਾਰ । ਸੋਹੰ ਵਰਤੇ ਵਿਚ ਸੰਸਾਰ । ਦੇਵਣਹਾਰ ਇਕ ਦਾਤਾਰ । ਨਿਖੁੱਟ ਨਾ ਜਾਵੇ ਨਾ ਆਏ ਹਾਰ । ਆਪ ਅਤੁੱਟ ਸੱਚੀ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲੇਖ ਲਿਖਾਰ । ਸਤਿਜੁਗ ਸਾਚੇ ਤੇਰਾ ਲੇਖ ਲਿਖਾਵਣਾ । ਸਚ ਦਾਤ ਪ੍ਰਭ ਸਾਚੇ ਤੇਰੇ ਆਤਮ ਤਨ ਰਖਾਵਣਾ । ਸਤਿਗੁਰ ਸਾਚਾ ਸ੍ਰਿਸ਼ਟ ਸਬਾਈ ਮਾਣ ਅਭਿਮਾਣ ਪ੍ਰਭ ਸਾਚੇ ਆਪ ਗਵਾਵਣਾ । ਗੁਰਮੁਖ ਸਾਚੇ ਤੇਰਾ ਨਾਮ ਸਚ ਨਿਸ਼ਾਨ ਵਿਚ ਮਾਤ ਰਹਿ ਜਾਵਣਾ । ਵਾਲੀ ਦੋ ਜਹਾਨ ਅੰਤਮ ਅੰਤਕਾਲ ਸਾਚਾ ਲੇਖ ਲਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਰਾ ਭੇਵ ਖੁਲ੍ਹਾਵਣਾ । ਸਤਿਜੁਗ ਤੇਰਾ ਸਚ ਜਨਮ । ਸਤਿਜੁਗ ਤੇਰਾ ਸਚ ਧਰਮ । ਸਤਿਜੁਗ ਤੇਰਾ ਸਚ ਵਰਮ । ਸਤਿਜੁਗ ਤੇਰਾ ਸਚ ਕਰਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ਤੇਰਾ ਜਰਮ । ਸਤਿਜੁਗ ਤੇਰੀ ਸੱਚੀ ਅਰਦਾਸ । ਹਰਿ ਭਗਤਾਂ ਸਦ ਹੋਏ ਵਾਸ । ਸਾਚਾ ਨਾਮ ਜਪਾਏ ਸਵਾਸ ਸਵਾਸ । ਤਤੀ ਵਾ ਨਾ ਪੋਹੇ ਸ਼ਬਦ ਚਲਾਏ ਸਾਚੀ ਰਾਸ । ਦੁਰਮਤ ਮੈਲ ਸਰਬ ਦੀ ਧੋਏ, ਏਕਾ ਜੋਤ ਕਰੇ ਪ੍ਰਕਾਸ਼ । ਆਤਮ ਸਾਚਾ ਦੀਪ ਬਲੋਏ, ਅਗਿਆਨ ਅੰਧੇਰ ਜਾਏ ਵਿਨਾਸ । ਆਤਮ ਬੀਜ ਸਾਚਾ ਬੋਏ, ਫੱਲ ਲਾਏ ਦਸਵੇਂ ਮਾਸ । ਗੁਰਮੁਖ ਸਾਚੇ ਬਣਤ ਬਣਾਏ ਆਪਣੀ ਮਾਲਾ ਲਏ ਪਰੋਏ, ਆਤਮ ਸ਼ਬਦ ਦੇਵੇ ਧਰਵਾਸ । ਗੁਰਮੁਖ ਸਾਚੇ ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਤਿਜੁਗ ਸਾਚੇ ਦੇਵੇ ਧਰਵਾਸ । ਸਤਿਜੁਗ ਤੇਰਾ ਸਚ ਭਰਵਾਸਾ । ਪ੍ਰਭ ਅਬਿਨਾਸ਼ੀ ਸਚ ਕੀਆ ਵਾਸਾ । ਸਚ ਜੋਤ ਹਰਿ ਪ੍ਰਗਟਾਏ, ਵਿਚ ਮਾਤ ਕਰੇ ਪ੍ਰਕਾਸ਼ਾ । ਨਾਮ ਨਿਧਾਨ ਹਰਿ ਸੰਗ ਰਲਾਏ, ਗੁਰਮੁਖ ਕਰੇ ਭਾਰਾ ਪਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਕਰਾਏ ਸੱਚੀ ਤੇਰੀ ਰਹਿਰਾਸਾ । ਸੱਚੀ ਰਹਿਰਾਸ ਨਾ ਹੋਏ ਉਦਾਸ । ਹਰਿ ਵਸੇ ਪਾਸ । ਕਰੇ ਬੰਦ ਖਲਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਗਾਏ ਰਸਨ ਸਵਾਸ ਸਵਾਸ । ਰਸਨਾ ਰਸ ਆਤਮ ਰਸ ਪਾਵਣਾ । ਸੋਹੰ ਸਾਚਾ ਗੁਰਸਿਖ ਗਾਵਣਾ । ਲੱਖ ਚੁਰਾਸੀ ਗੇੜ ਕਟਾਵਣਾ । ਜਨਮ ਮਰਨ ਵਿਚ ਫੇਰ ਨਾ ਆਵਣਾ । ਹਉਮੇ ਸਹਿੰਸਾ ਰੋਗ ਗਵਾਵਣਾ । ਚਿੰਤਾ ਸੋਗ ਮਿਟਾਵਣਾ । ਦਰਸ ਅਮੋਘ ਹਰਿ ਆਪ ਦਿਖਾਵਣਾ । ਪੂਰਨ ਯੋਗ ਹਰਿ ਹਿਰਦੇ ਵਿਚ ਵਸਾਵਣਾ । ਕਲਜੁਗ ਮਾਇਆ ਨਾ ਲੱਗੇ ਰੋਗ, ਜਿਸ ਜਨ ਚਰਨੀ ਸੀਸ ਝੁਕਾਵਣਾ । ਅੰਤਮ ਅੰਤ ਨਾ ਹੋਏ ਕਦੇ ਵਿਯੋਗ, ਪ੍ਰਭ ਸਾਚਾ ਲੇਖ ਲਿਖਾਵਣਾ । ਆਪ ਮਿਲਾਇਆ ਸਾਚਾ ਮੇਲ, ਗੁਰਮੁਖ ਸਾਚੇ ਰਸ ਸਾਚਾ ਭੋਗ, ਸੋਹੰ ਚੋਗ ਹਰਿ ਆਪ ਚੁਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਵਿਚ ਜੋਤੀ ਜੋਤ ਮਿਲਾਵਣਾ । ਸਤਿਜੁਗ ਤੇਰੀ ਸਤਿ ਕਮਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਸਚ ਵਸਤ ਹਰਿ ਨਾਮ ਤੇਰੀ ਝੋਲੀ ਪਾਈ । ਸਾਚਾ ਦੀਆ ਦਾਨ ਵਿਚ ਮਾਤ ਮਿਲੇ ਵਡਿਆਈ । ਸਾਚਾ ਸ਼ਬਦ ਸੁਣਾਏ ਕਾਨ, ਜਨ ਭਗਤਾਂ ਲਏ ਉਪਜਾਈ । ਚਰਨ ਧੂੜ ਬਖ਼ਸ਼ੇ ਇਸ਼ਨਾਨ, ਮਾਨਸ ਜਨਮ ਸੁਫਲ ਕਰਾਈ ।

੧੯੪
੦੩

ਹੋਇਆ ਮੇਲ ਭਗਤ ਭਗਵਾਨ, ਪੂਰਬ ਲਹਿਣਾ ਹਰਿ ਆਪ ਦਵਾਈ । ਸਾਚਾ ਦੇਵੇ ਨਾਮ ਨਿਸ਼ਾਨ, ਵੇਲੇ ਅੰਤ ਹੋਏ ਸਹਾਈ । ਆਪ ਚੜ੍ਹਾਏ ਸ਼ਬਦ ਬਬਾਣ, ਤੀਨ ਭਵਨ ਹਰਿ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਜੋਤੀ ਜੋਤ ਮਿਲਾਈ । ਸ਼ਬਦ ਬਬਾਣ ਗੁਰਸਿਖ ਚਾੜ੍ਹਿਆ । ਸਚਖੰਡ ਨਿਵਾਸ ਘਰ ਸਾਚੇ ਵਾੜਿਆ । ਆਪ ਬਣਾਏ ਘਰ ਸਾਚੇ ਦਾ ਸਾਚਾ ਲਾੜਿਆ । ਏਕਾ ਰੰਗ ਰੰਗਾਇਆ ਸੰਗ ਨਿਭਾਇਆ, ਅੰਗ ਸੰਗ ਰਹਾਇਆ, ਕਲਜੁਗ ਮਾਇਆ ਮੂਲ ਨਾ ਸਾੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਪ ਜਗਾਏ, ਆਪ ਆਪਣੀ ਸਰਨ ਲਾਏ, ਸੋਹੰ ਸਾਚਾ ਨਾਮ ਜਪਾਏ, ਆਤਮ ਸਾਚੀ ਜੋਤ ਜਗਾਏ, ਕਰੇ ਰੁਸ਼ਨਾਏ ਵਿਚ ਬਹੱਤਰ ਨਾੜਿਆ । ਨਾੜੀ ਬਹੱਤਰ ਕਰੇ ਰੁਸ਼ਨਾਏ । ਇਕ ਇਕੱਤਰ ਆਪ ਰਹਾਏ । ਸਾਚੇ ਵੱਤਰ ਹਰਿ ਸੋਹੰ ਸਾਚਾ ਬੀਜ ਬਿਜਾਏ । ਫਲੇ ਫੂਲੇ ਲਗਨ ਪਤਰ, ਸਤਿਜੁਗ ਸਾਚਾ ਫਲ ਲਗਾਏ । ਬੇਮੁਖ ਵੇਖ ਵੇਖ ਬਿਤਰ ਬਿਤਰ, ਵੇਲਾ ਗਿਆ ਹੱਥ ਨਾ ਆਏ । ਵੇਲਾ ਅੰਤਕਾਲ ਕੋਈ ਨਾ ਦਿਸੇ ਮਿੱਤਰ, ਝੂਠੇ ਦਿਸਣ ਭੈਣ ਭਰਾਏ । ਧੁਰਦਰਗਾਹੇ ਬੇਮੁਖਾਂ ਪੈਂਦੇ ਛਿੱਤਰ, ਨਾ ਕੋਈ ਲਏ ਛੁਡਾਏ । ਗੁਰਮੁਖ ਸਾਚੇ ਸੰਤ ਜਨ ਵੇਲੇ ਅੰਤ ਜਾਇਣ ਨਿੱਤਰ, ਧਰਮ ਰਾਏ ਜਾਏ ਮੁਖ ਛੁਪਾਏ । ਪ੍ਰਭ ਅਬਿਨਾਸ਼ੀ ਤੇਰਾ ਸਾਚਾ ਮਿੱਤਰ, ਆਪਣੀ ਗੋਦ ਉਠਾਏ । ਅਚਰਜ ਖੇਲ ਕਰੇ ਹਰਿ ਆਪ ਚਲਿੱਤਰ, ਸ਼ਬਦ ਬਬਾਣੇ ਆਪ ਚੜ੍ਹਾਏ । ਨਾ ਦਰਵਾਜ਼ਾ ਨਾ ਕੋਈ ਭਿੱਤਰ, ਸਚ ਦਰਬਾਰੇ ਆਪ ਲੈ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਅੰਤ ਜੋਤੀ ਮੇਲ ਮਿਲਾਏ । ਜੋਤੀ ਜੋਤ ਹਰਿ ਮੇਲ ਮਿਲਈਆ । ਗੁਰਮੁਖਾਂ ਚੜ੍ਹਾਏ ਸਾਚੀ ਨਈਆ । ਸੋਹੰ ਚੱਪੂ ਲਾਏ ਪਾਰ ਕਰਈਆ । ਬੇਮੁਖ ਡੋਬੇ ਵਿਚ ਮੰਝਧਾਰ, ਲੇਖਾ ਸਰਬ ਮੁਕਾਈਆ । ਪ੍ਰਭ ਅਬਿਨਾਸ਼ੀ ਭੁੱਲਾ ਸਰਬ ਸੰਸਾਰ, ਈਸਾ ਮੂਸਾ ਮੇਟ ਮਿਟਈਆ । ਜੀਵ ਜੰਤ ਹੋਏ ਸਰਬ ਖਵਾਰ, ਦੂਈ ਦਵੈਤ ਆਪ ਹਟਈਆ । ਪ੍ਰਭ ਅਬਿਨਾਸ਼ੀ ਦਏ ਪਛਾੜ, ਸੋਹੰ ਖੰਡਾ ਹੱਥ ਉਠਈਆ । ਚਾਰ ਕੁੰਟ ਕਰਾਏ ਉਜਾੜ, ਨਗਰ ਖੇੜਾ ਕੋਈ ਰਹਿਣ ਨਾ ਦਈਆ । ਨਾ ਕੋਈ ਛੁਪੇ ਕਿਸੇ ਝਾੜ, ਕੱਢ ਕੱਢ ਆਪ ਝਟਕਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਸ੍ਰਿਸ਼ਟ ਸਬਾਈ ਡੋਬੇ ਝੂਠੀ ਨਈਆ । ਝੂਠੀ ਨਈਆ ਆਪ ਡੁਬਾਏ । ਝੂਠੀ ਮਈਆ ਆਪ ਰਵਾਏ । ਝੂਠੀ ਸਈਆ ਆਪ ਮਿਟਾਏ । ਆਪ ਪੁੱਛੇ ਤੇਰੀ ਵਾਤ, ਤੇਰੇ ਉਤੇ ਕੋਈ ਗੁਰਸਿਖ ਨਾ ਕਹਿਰ ਕਮਾਏ । ਸਤਿਜੁਗ ਸਾਚੇ ਸੰਤ ਜਨ ਇਕ ਪੜ੍ਹਾਏ ਜਮਾਤ, ਸੋਹੰ ਸਾਚਾ ਨਾਮ ਜਪਾਏ । ਚਾਰ ਵਰਨ ਬਣਾਏ ਭੈਣ ਭਰਾਤ, ਹਰਿ ਏਕਾ ਰੰਗ ਰੰਗਾਏ । ਵਰਨ ਬਰਨ ਨਾ ਕੋਈ ਜ਼ਾਤ ਪਾਤ, ਊਚ ਨੀਚ ਨਾ ਕੋਈ ਆਖ ਸੁਣਾਏ । ਏਕਾ ਬ੍ਰਹਮ ਆਤਮ ਨਾਤ, ਦੂਸਰ ਕੋਈ ਨਾਹੇ । ਜੋਤ ਜਗਾਏ ਦਿਵਸ ਰਾਤ, ਅੰਧੇਰ ਕਦੇ ਨਾ ਆਏ । ਕਲਜੁਗ ਅੰਤਮ ਸਿਰ ਪਾਈ ਖ਼ਾਕ, ਅੰਦਰ ਬਾਹਰ ਕਢਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਕਲਜੁਗ ਆਪਣਾ ਭਾਣਾ ਹਰਿ ਵਰਤਾਏ । ਭਾਣਾ ਵਰਤੇ ਹਰਿ ਵਰਤਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਸਾਚਾ ਲੇਖਾ ਆਪ ਲਿਖਾਵਣਾ । ਲਿਖਿਆ ਲੇਖ ਨਾ ਕਿਸੇ ਮਿਟਾਵਣਾ । ਦਰ ਘਰ ਸਾਚੇ ਨਾ ਕਿਸੇ ਪੁਚਾਵਣਾ । ਬੇਮੁਖ ਜੀਵਾਂ ਅੰਤਕਾਲ ਕਲ ਕੁਰਲਾਵਣਾ । ਬਿਨ ਗੁਰ ਪੂਰੇ ਕਿਸੇ ਨਾ ਪਾਰ ਲੰਘਾਵਣਾ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸਾਚੇ ਆਣ ਛੁਡਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਕਤ ਆਪ ਸੁਹਾਵਣਾ । ਉਠ ਜੀਵ ਜਾਗ ਵਕਤ ਸੁਹਾਵਣਾ । ਉਠ ਜੀਵ ਜਾਗ ਪ੍ਰਭ ਅਬਿਨਾਸ਼ੀ


੧੯੫
੦੩

ਪੂਰਾ ਭਾਲਣਾ । ਉਠ ਜੀਵ ਜਾਗ ਮਾਨਸ ਜਨਮ ਨਾ ਜਗਤ ਰੁਲਾਵਣਾ । ਉਠ ਜੀਵ ਜਾਗ ਹਰਿ ਵੇਖ ਸਾਚਾ ਕਰ ਧਿਆਨਣਾ । ਉਠ ਜੀਵ ਜਾਗ ਤੇਰੇ ਜਾਗੇ ਭਾਗ, ਹਰਿ ਪੂਰਨ ਦੇਵੇ ਗਿਆਨਣਾ । ਉਠ ਜੀਵ ਜਾਗ, ਹਰਿ ਲੱਖ ਚੁਰਾਸੀ ਗੇੜ ਚੁਕਾਵਣਾ । ਉਠ ਜੀਵ ਜਾਗ ਕਿਉਂ ਹੰਸ ਹੋਇਆ ਕਾਗ, ਪ੍ਰਭ ਆਤਮ ਸਾਚੇ ਸਰ ਇਸ਼ਨਾਨ ਕਰਾਵਣਾ । ਉਠ ਜੀਵ ਜਾਗ ਪ੍ਰਭ ਧੋਏ ਤੇਰੇ ਪਾਪਾਂ ਦਾਗ, ਦੇਵੇ ਸਚ ਗਿਆਨਣਾ । ਉਠ ਜੀਵ ਜਾਗ ਪ੍ਰਭ ਆਪ ਪਹਿਨਾਏ ਸ਼ਬਦ ਤਾਗ, ਨਾ ਕੋਈ ਤੋੜੇ ਤੋੜ ਤੁੜਾਵਣਾ । ਆਪ ਸੁਣਾਏ ਸ਼ਬਦ ਸਾਚਾ ਰਾਗ, ਸਾਚੀ ਧੁਨ ਉਪਜਾਏ ਅਨਹਦ ਧੁਨ ਕਾਨਣਾ । ਉਠ ਜੀਵ ਜਾਗ ਪ੍ਰਭ ਆਤਮ ਸਾਚੀ ਜੋਤ ਜਗਾਏ, ਸਵੱਛ ਸਰੂਪੀ ਦਰਸ ਦਿਖਾਏ, ਦਰ ਘਰ ਸਾਚਾ ਬੂਝ ਬੁਝਾਏ, ਪ੍ਰਭ ਸਚ ਪੰਘੂੜਾ ਆਪ ਝੁਲਾਵਣਾ । ਉਠ ਜੀਵ ਜਾਗ ਪ੍ਰਭ ਅਬਿਨਾਸ਼ੀ ਤੇਰੀ ਪਕੜੇ ਵਾਗ, ਸਚਖੰਡ ਦਵਾਰੇ ਆਪ ਬਹਾਵਣਾ । ਉਠ ਜੀਵ ਜਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਵਣਾ । ਉਠ ਜੀਵ ਜਾਗ ਕਿਉਂ ਕਲਜੁਗ ਸੋਇਆ । ਉਠ ਜੀਵ ਜਾਗ, ਕਿਉਂ ਬੀਜ ਝੂਠਾ ਬੋਇਆ । ਉਠ ਜੀਵ ਜਾਗ , ਅੰਤਕਾਲ ਕਲ ਜਾਏ ਰੋਇਆ । ਉਠ ਜੀਵ ਜਾਗ ਵੇਲੇ ਅੰਤ ਨਾ ਖਾਲੀ ਹੱਥ ਧੋਇਆ । ਉਠ ਜੀਵ ਜਾਗ, ਪ੍ਰਭ ਸਾਚਾ ਤੇਰੇ ਦਰ ਦਵਾਰ ਖਲੋਇਆ । ਉਠ ਜੀਵ ਜਾਗ ਸੋਹੰ ਧਾਗੇ ਲਏ ਪਰੋਏ, ਪ੍ਰਭ ਸਾਚਾ ਭੇਵ ਨਾ ਜਾਣੇ ਕੋਇਆ । ਉਠ ਜੀਵ ਜਾਗ ਪ੍ਰਭ ਗੁਰਸਿਖ ਉਠਾਏ ਸੋਇਆ । ਉਠ ਜੀਵ ਜਾਗ, ਪ੍ਰਭ ਸਾਚੇ ਪਾਪਾਂ ਦਾਗ ਧੋਇਆ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਸੋਹੰ ਸ਼ਬਦ ਲੈ ਆਇਆ ਸੱਚਾ ਢੋਇਆ । ਸਚ ਸ਼ਬਦ ਹਰਿ ਦਏ ਢੋਏ । ਗੁਰਮੁਖ ਸਾਚਾ ਹਿਰਦੇ ਲਏ ਪਰੋਏ । ਹਰਨ ਫਰਨ ਆਪ ਖੁਲ੍ਹਾਰੇ ਤੀਜਾ ਲੋਏ । ਜੋ ਜਨ ਲੱਗੇ ਚਰਨ ਪ੍ਰਭ ਅਬਿਨਾਸ਼ੀ ਆਪੇ ਜਾਣੇ ਸਾਚੀ ਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਘਰ ਦਰ ਸਰ ਸਾਚਾ ਗੁਰਮੁਖ ਵਿਰਲਾ ਮੈਲ ਪਾਪਾਂ ਧੋਏ । ਉਠ ਜੀਵ ਜਾਗ, ਹੋਈ ਅਖੀਰ ਹੈ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਲਾਏ ਆਤਮ ਤੀਰ ਹੈ । ਉਠ ਜੀਵ ਜਾਗ, ਹਰਿ ਸਾਚਾ ਮੁਖ ਚੁਆਏ ਅੰਮ੍ਰਿਤ ਜਿਉਂ ਬਾਲਕ ਮਾਤਾ ਸੀਰ ਹੈ । ਪ੍ਰਭ ਅਬਿਨਾਸ਼ੀ ਤੇਰੇ ਗਲੋਂ ਕੱਟੇ ਜਗਤ ਜੰਜੀਰ ਹੈ । ਉਠ ਜੀਵ ਜਾਗ, ਸੋਹੰ ਦੇਵੇ ਹਰਿ ਸਾਚੀ ਧੀਰ ਹੈ । ਉਠ ਜੀਵ ਜਾਗ, ਹਉਮੇ ਕੱਟੇ ਵਿਚੋਂ ਪੀੜ ਹੈ । ਉਠ ਜੀਵ ਜਾਗ, ਕਿਉਂ ਕਲਜੁਗ ਲੱਬੇ ਚੀਰ ਹੈ । ਉਠ ਜੀਵ ਜਾਗ, ਹਿਰਦਾ ਠਾਂਡਾ ਸ਼ਾਂਤ ਕਰੇ ਸਰੀਰ ਹੈ । ਉਠ ਜੀਵ ਜਾਗ, ਸਾਚਾ ਨਾਮ ਧੰਨ ਪੱਲੇ ਬੰਨ੍ਹ ਗੰਢ ਸਦ ਰਹੇ ਅਮੀਰ ਹੈ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਸਾਚੀ ਧੀਰ ਹੈ । ਉਠ ਜੀਵ ਜਾਗ, ਕਲਜੁਗ ਅੰਧਿਆਰਾ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਦੀਪਕ ਜੋਤ ਕੀਆ ਉਜਿਆਰਾ । ਉਠ ਜੀਵ ਜਾਗ ਹਰਿ ਸਾਚੇ ਦਾ ਵਿਚ ਮਾਤ ਸੱਚਾ ਭੰਡਾਰਾ । ਉਠ ਜੀਵ ਜਾਗ, ਪ੍ਰਭ ਸਾਚੇ ਦਾ ਵਿਚ ਮਾਤ ਸੱਚਾ ਦਰਬਾਰਾ । ਉਠ ਜੀਵ ਜਾਗ, ਸ੍ਰਿਸ਼ਟ ਸਬਾਈ ਹਰਿ ਬਣਿਆ ਆਪ ਵਰਤਾਰਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਤੇਰੀ ਸਾਰਾ । ਉਠ ਜੀਵ ਜਾਗ, ਆਓ ਸਾਚੇ ਘਰ । ਉਠ ਜੀਵ ਜਾਗ ਚਰਨ ਲਾਗ ਜਾਓ ਤਰ । ਉਠ ਜੀਵ ਜਾਗ, ਪ੍ਰਭ ਆਪ ਖੁਲ੍ਹਾਏ ਆਤਮ ਦਰ । ਉਠ ਜੀਵ ਜਾਗ, ਆਪ ਚੁਕਾਏ ਜਮ ਕਾ ਡਰ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਕਿਰਪਾ ਕਰ ਵਖਾਏ ਘਰ ਮੇਂ ਘਰ । ਉਠ ਜੀਵ ਜਾਗ, ਪ੍ਰਭ ਨੁਹਾਏ ਆਤਮ ਸਾਚੇ ਸਰ । ਉਠ ਜੀਵ

੧੯੬
੦੩

੧੯੭ ੦੩

ਜਾਗ, ਆਪੇ ਖੋਲ੍ਹੇ ਤੇਰਾ ਖੋਲ੍ਹ ਵਖਾਏ ਆਤਮ ਦਸਮ ਦਵਾਰ । ਦਸਮ ਦਵਾਰ ਆਪ ਖੁਲ੍ਹਾਵਣਾ । ਪਵਣ ਸਰੂਪੀ ਸ਼ਬਦ ਚਲਾਵਣਾ । ਜੋਤ ਸਰੂਪੀ ਦੀਪ ਜਗਾਵਣਾ । ਏਕਾ ਧਾਰ ਮੇਘ ਵਰਸਾਵਣਾ । ਕਵਲ ਨਾਭ ਆਪ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਿਰਨਾ ਅਪਰ ਅਪਾਰ ਤੇਰੇ ਆਤਮ ਸਰ ਝਿਰਾਵਣਾ । ਅੰਮ੍ਰਿਤ ਝਿਰਨਾ ਝਿਰੇ ਅਪਾਰ । ਕਿਰਪਾ ਕਰੇ ਹਰਿ ਗਿਰਧਾਰਾ । ਦੇਵਣਹਾਰ ਵਡ ਦਾਤਾਰਾ । ਗੁਰਮੁਖਾਂ ਪ੍ਰਭ ਜਾਏ ਤਾਰਾ । ਜੋ ਜਨ ਮੰਗੇ ਹਰਿ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਗੁਰਮੁਖ ਸਾਚੇ ਮਾਣ ਦਵਾਇਆ । ਸੁਹਾਇਆ ਥਾਨ ਹਰਿ ਸਾਚੇ ਚਰਨ ਟਿਕਾਇਆ । ਗੁਰ ਸੰਗਤ ਸੰਗ ਗੁਰ ਏਕਾ ਥਾਨ ਬਹਾਇਆ । ਦਰ ਘਰ ਆਏ, ਸਾਚੇ ਬੰਕ ਆਪ ਚੜ੍ਹਾਏ, ਨਾਮ ਰੰਗਤ ਰੰਗ ਮਜੀਠ ਉਤਰ ਨਾ ਜਾਇਆ । ਪ੍ਰਭ ਅਬਿਨਾਸ਼ੀ ਸਾਚਾ ਡੀਠ, ਕਲਜੁਗ ਜੀਵ ਕੌੜੇ ਰੀਠ, ਅੰਤਮ ਭੰਨ ਵਖਾਇਆ । ਦਰ ਦਰਬਾਰਾ ਸਾਚਾ ਡੀਠ, ਹਰਿ ਰੰਗਾ ਰੰਗ ਬਸੀਠ, ਕਰੋੜ ਤੇਤੀਸ ਰਾਜਾ ਸੁਰਪਤ ਇੰਦ ਪ੍ਰਭ ਸਰਨੀ ਆਇਆ । ਬ੍ਰਹਮਾ ਵਿਸ਼ਨ ਮਹੇਸ਼ ਗਣਪਤ ਗਣੇਸ਼ ਗਲ ਆਏ ਬਸ਼ਕ ਤਸ਼ਕ ਲਟਕਾਇਆ । ਮਾਤ ਜੋਤ ਸਰੂਪੀ ਹਰਿ ਕਾ ਭੇਸ, ਭੇਵ ਗੁਰਮੁਖ ਵਿਰਲੇ ਪਾਇਆ । ਆਦਿ ਜੁਗਾਦਿ ਜੁਗਾਦਿ ਆਦਿ ਆਵਣ ਜਾਣ ਜਾਣ ਆਵਣ ਪ੍ਰਭ ਸਾਚੇ ਖੇਲ ਵਰਤਾਇਆ । ਸਤਿਜੁਗ ਸਾਚੇ ਸਚ ਕਰਮ ਕਰ ਕਰ, ਗੁਰਮੁਖ ਸਾਚੇ ਧਰਮ ਧਰ, ਬਾਵਨ ਭੇਖ ਹਰਿ ਵਟਾਇਆ । ਤਰੇਤਾ ਤਰਿਆ ਰਾਵਣ ਹਰਿਆ, ਰਾਮ ਰੂਪ ਅਖਵਾਇਆ । ਦਵਾਪਰ ਕ੍ਰਿਸ਼ਨਾ ਕਰਨੀ ਕਰ, ਸੰਗ ਪਾਡਵਾਂ ਆਪ ਰਹਾਇਆ । ਏਕਾ ਅਰਜਨ ਆਤਮ ਧੀਰਜ ਧਿਆਨ ਧਰ, ਅਠਾਰਾਂ ਧਿਆਏ ਗੀਤਾ ਦੇ ਅਲਾਇਆ । ਸਾਚਾ ਭਾਣਾ ਹਰਿ ਵਰਤਾਣਾ, ਕਰੇ ਕਰਾਏ ਜੋ ਰਿਹਾ ਕਰ, ਮਾਣ ਅਭਿਮਾਣ ਸਰਬ ਚੁਕਾਇਆ । ਜੋਤ ਸਰੂਪੀ ਜੋਤ ਹਰਿ, ਆਵਣ ਜਾਵਣ ਵਿਚ ਮਾਤ ਖੇਲ ਰਚਾਇਆ । ਕਲਜੁਗ ਅੰਤਮ ਅੰਤ ਵਿਚਾਰਿਆ । ਜੁਗ ਚੌਥੇ ਆਈ ਹਾਰਿਆ । ਬੇਮੁਖ ਜੀਵ ਭੁੱਲੇ ਗਵਾਰਿਆ । ਪ੍ਰਭ ਅਬਿਨਾਸ਼ੀ ਭੁੱਲੇ ਨਰ ਨਾਰੀਆਂ । ਸਭ ਭੋਗਣ ਵਿਸ਼ੇ ਵਿਕਾਰੀਆਂ । ਪ੍ਰਭ ਸਾਚਾ ਮਨੋਂ ਵਿਸਾਰਿਆ । ਹੋਈ ਕਾਇਆ ਕੁਰੰਗ, ਪਿੰਜਰ ਝੂਠਾ ਦੇਹ ਮੁਨਾਰਿਆ । ਜੋਤ ਸਰੂਪੀ ਸਾਚਾ ਹੰਸ, ਵਿਚੋਂ ਗਿਆ ਮਾਰ ਉਡਾਰੀਆ । ਮਾਤਲੋਕ ਕਲਜੁਗ ਤੇਰਾ ਝੂਠਾ ਬੰਸ, ਅੰਤਮ ਅੰਤਕਾਲ ਪ੍ਰਭ ਸਾਚਾ ਕਰੇ ਖਵਾਰਿਆ । ਦੁਸ਼ਟ ਸੰਘਾਰੇ ਆਪ ਹਰਿ ਜਿਉਂ ਕਾਹਨਾ ਕੰਸ, ਨਾ ਕੋਈ ਹੋਏ ਕਿਸੇ ਸਹਾਰਿਆ । ਪ੍ਰਗਟ ਜੋਤ ਨਿਹਕਲੰਕ ਅਚਰਜ ਖੇਲ ਕਰੇ ਅਪਾਰਿਆ । ਸ਼ਬਦ ਸਰੂਪੀ ਲਾਏ ਡੰਕ, ਚਾਰ ਕੁੰਟ ਉਠਾਏ ਵਡ ਵਡ ਵਡ ਬਲਕਾਰਿਆ । ਸੌਣ ਨਾ ਦੇਵੇ ਕਿਸੇ ਰਾਓ ਰੰਕ, ਏਕਾ ਅਗਨੀ ਜੋਤ ਪ੍ਰਭ ਸਾਚਾ ਲਾ ਰਿਹਾ । ਕਲਜੁਗ ਅੰਤ ਹੋਏ ਭਸਮੰਤ, ਜੋਤ ਪ੍ਰਗਟਾਏ ਪ੍ਰਭ ਸਾਚਾ ਕੰਤ, ਭੁੱਲੇ ਸਰਬ ਜੀਵ ਜੰਤ, ਭਾਈਆਂ ਤਾਈਂ ਭਾਈ ਮਰਵਾ ਰਿਹਾ । ਕਲਜੁਗ ਤੇਰਾ ਵੇਖ ਕੁਕਰਮਾ । ਪ੍ਰਭ ਅਬਿਨਾਸ਼ੀ ਘਰ ਸਾਚੇ ਵੇਖ ਵੇਖ ਆਏ ਸ਼ਰਮਾ । ਸ੍ਰਿਸ਼ਟ ਸਬਾਈ ਸੱਚਾ ਨਾਤਾ ਤੁੱਟਾ ਧਰਮਾ । ਭਰਮ ਭੁਲੇਖੇ ਪਏ ਵਿਚ ਜ਼ਾਤਾਂ, ਆਤਮ ਜੋਤੀ ਇਕ ਬ੍ਰਹਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਚਾਰ ਵਰਨ ਲਿਖਾਏ ਕਰਮਾ । ਚਾਰ ਵਰਨ ਇਕ ਕਰਮ ਲਿਖਾਵਣਾ । ਚਾਰ ਵਰਨ ਇਕ ਧਰਮ ਚਲਾਵਣਾ । ਚਾਰ ਵਰਨ ਇਕ ਸਰਨ ਲਗਾਵਣਾ । ਚਾਰ ਵਰਨ ਇਕ ਚਰਨ ਛੁਹਾਵਣਾ । ਚਾਰ ਵਰਨ ਇਕ ਦਰ ਬਹਾਵਣਾ । ਚਾਰ ਵਰਨ ਇਕ ਘਰ ਵਸਾਵਣਾ । ਚਾਰ ਵਰਨ ਏਕਾ ਸਰ ਨੁਹਾਵਣਾ ।

ਚਾਰ ਵਰਨ ਏਕਾ ਮਾਣ ਏਕਾ ਤਾਣ ਏਕਾ ਸ਼ਾਨ ਰਖਾਵਣਾ । ਚਾਰ ਵਰਨ ਏਕਾ ਸਾਚਾ ਸ਼ਬਦ ਗਿਆਨ ਦਵਾਵਣਾ । ਚਾਰ ਵਰਨ ਪ੍ਰਭ ਆਤਮ ਸਾਚਾ ਬ੍ਰਹਮ ਆਪ ਸਮਝਾਵਣਾ । ਚਾਰ ਵਰਨ ਪ੍ਰਭ ਸਾਚੇ ਭਾਈ ਭੈਣ ਬਣਾਵਣਾ । ਚਾਰ ਵਰਨ ਊਚ ਨੀਚ ਰਾਓ ਰੰਕ ਸਭ ਨਸ਼ਟ ਕਰਾਵਣਾ । ਚਾਰ ਵਰਨ ਇਕ ਦਵਾਰਾ । ਚਾਰ ਵਰਨ ਇਕ ਘਰ ਬਾਹਰਾ । ਚਾਰ ਵਰਨ ਇਕ ਕਰਤਾਰਾ । ਚਾਰ ਵਰਨ ਇਕ ਸਰਕਾਰਾ । ਚਾਰ ਵਰਨ ਇਕ ਸਿਕਦਾਰਾ । ਚਾਰ ਵਰਨ ਇਕ ਵਿਹਾਰਾ । ਚਾਰ ਵਰਨ ਇਕ ਪਿਆਰਾ । ਚਾਰ ਵਰਨ ਪ੍ਰਭ ਅਬਿਨਾਸ਼ੀ ਦਾ ਇਕ ਦੀਦਾਰਾ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਰਬ ਭੰਡਾਰਾ । ਚਾਰ ਵਰਨ ਏਕਾ ਦਾਤ । ਚਾਰ ਵਰਨ ਏਕਾ ਪਾਤ । ਚਾਰ ਵਰਨ ਏਕਾ ਨਾਤ । ਚਾਰ ਵਰਨ ਸੋਹੰ ਦੇਵੇ ਪ੍ਰਭ ਸਾਚਾ ਵਡ ਕਰਾਮਾਤ । ਚਾਰ ਵਰਨ ਆਪ ਪੜ੍ਹਾਏ ਪ੍ਰਭ ਅਬਿਨਾਸ਼ੀ ਇਕ ਜਮਾਤ । ਚਾਰ ਵਰਨ ਲਾਗੇ ਸਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਅੰਧੇਰੀ ਰਾਤ । ਆਤਮ ਅੰਧੇਰਾ ਪ੍ਰਭ ਦੇਵੇ ਕੱਟ । ਦੂਈ ਦਵੈਤੀ ਮੇਟੇ ਪ੍ਰਭ ਸਾਚਾ ਫੱਟ । ਆਤਮ ਵਿਚ ਰਹਿਣ ਨਾ ਦੇਵੇ ਝੂਠੀ ਰੱਤ । ਜੋਤ ਜਗਾਵੇ ਲਟ ਲਟ । ਪ੍ਰਭ ਅਬਿਨਾਸ਼ੀ ਵਸੇ ਘਟ ਘਟ । ਗੁਰਮੁਖ ਸਾਚੇ ਸਾਚਾ ਲਾਹਾ ਲੈਣਾ ਖੱਟ । ਬੇਮੁਖ ਦਰ ਆਏ ਜਾਇਣ ਜਿਉਂ ਬਾਜ਼ੀਗਰ ਨੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਗਹਿਣਾ ਤਨ ਪਹਿਨਾਏ ਆਤਮ ਸਾਚਾ ਪਟ । ਸਾਚਾ ਸ਼ਬਦ ਸਾਚਾ ਗਹਿਣਾ । ਪ੍ਰਭ ਦਰ ਘਰ ਸਾਚੇ ਲੈਣਾ । ਪ੍ਰਭ ਦਰਸ ਦਿਖਾਏ ਤੀਜੇ ਨੈਣਾਂ । ਆਪੇ ਆਪ ਬਣ ਜਾਏ ਤੇਰਾ ਸਾਕ ਸੱਜਣ ਸੈਣਾਂ । ਅੰਤਮ ਅੰਤ ਅੰਤ ਹਰਿ ਤੇਰੇ ਆਤਮ ਦਰ ਦਵਾਰੇ ਅੱਗੇ ਜਾਏ ਬਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸਾਚਾ ਲਹਿਣਾ ਦੇਣਾ । ਲਹਿਣਾ ਦੇਣਾ ਆਪ ਚੁਕਾਵਣਾ । ਸੋਹੰ ਗਹਿਣਾ ਤਨ ਪਹਿਨਾਵਣਾ । ਗੁਰਮੁਖ ਸਾਚੇ ਭਰਮ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬੂੰਦ ਸਵਾਂਤੀ ਆਪ ਪਿਲਾਵਣਾ । ਆਤਮ ਸ਼ਾਂਤ ਬੂੰਦ ਸਵਾਂਤੀ । ਦੇਵੇ ਦਰਸ ਸੁਤਿਆਂ ਰਾਤੀ । ਆਤਮ ਸਾਚੀ ਜੋਤ ਜਗਾਤੀ । ਕਰੇ ਰੁਸ਼ਨਾਈ ਬਿਨ ਤੇਲ ਬਾਤੀ । ਗੁਰਮੁਖ ਵਿਰਲੇ ਬੂਝ ਬੁਝਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਜਣਾਏ ਸੋ ਜਨ ਜਾਤੀ । ਜਾਣੇ ਵਖਾਣੇ ਪਛਾਣੇ, ਚਲਾਏ ਆਪਣੇ ਭਾਣੇ, ਜਗਾਏ ਜੋਤ ਮਹਾਨੇ । ਆਤਮ ਅੰਧੇਰ ਗਵਾਏ ਮੇਰ ਤੇਰ ਚੁਕਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਬ੍ਰਹਮ ਗਿਆਨੇ । ਬ੍ਰਹਮ ਗਿਆਨ ਦੇਵੇ ਬ੍ਰਹਮ ਗਿਆਨੀਆਂ । ਆਤਮ ਧਿਆਨ ਦੇਵੇ ਆਤਮ ਧਿਆਨੀਆਂ । ਗੁਰ ਚਰਨ ਧੂੜ ਇਸ਼ਨਾਨ ਦੇਵੇ ਗੁਰਸਿਖਾਂ ਮਾਤ ਇਸ਼ਨਾਨੀਆਂ । ਸੋਹੰ ਸਾਚਾ ਆਤਮ ਦੇਵੇ ਮੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਵਡ ਮਿਹਰਬਾਨੀਆਂ । ਸੋਹੰ ਜਿਹਵਾ ਦੇਵੇ ਵਡ ਦੇਵੀ ਦੇਵਾ । ਗੁਰਸਿਖਾਂ ਤੇਰੀ ਘਾਲ ਪਾਏ ਸੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਜਪਿਆ ਜਿਹਵਾ । ਭਾਗ ਹੋਏ ਗੁਰ ਭੋਗ ਲਗਾਇਆ । ਦਰ ਘਰ ਸਭ ਰੋਗ ਗਵਾਇਆ । ਦਰਸ ਅਮੋਘ ਘਰ ਆਏ ਦਿਖਾਇਆ । ਸਾਚਾ ਜੋਗ ਨਾਮ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਇਆ । ਦਇਆ ਧਾਰੀ ਕਿਰਪਾਨਿਧ । ਕਾਰਜ ਕੀਨੇ ਗੁਰਸਿਖ ਸਿੱਧ । ਆਪ ਬਣਾਏ ਆਪਣੇ ਮਿਲਣ ਦੀ ਸਾਚੀ ਬਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਉਪਜਾਏ ਨੌਂ ਨਿਧ । ਨੌਂ ਨਿਧ ਚਰਨ ਪਨਿਹਾਰ । ਪ੍ਰਭ ਅਬਿਨਾਸ਼ੀ ਵਡ ਸਿਕਦਾਰ । ਗੁਰਮੁਖਾਂ ਦੇਵੇ ਕਰ ਪਿਆਰ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਜਾਏ ਤਾਰ । ਭੂਤ ਪ੍ਰੇਤ ਬੀਰ ਬੇਤਾਲੇ । ਪ੍ਰਭ ਅਬਿਨਾਸ਼ੀ ਕਰੇ ਸਰਬ ਬੇਹਾਲੇ । ਸ਼ਬਦ ਸਰੂਪੀ ਮਾਰ ਕਰ ਘਰ ਸਾਚੇ ਕਰੇ ਮੂੰਹ ਕਾਲੇ । ਸ਼ਬਦ ਖੰਡਾ ਦੋ ਧਾਰ ਫੜ, ਆਪ ਖਪਾਏ ਡੂੰਘੀ ਡਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਆਪ ਕਰੇ ਪ੍ਰਿਤਪਾਲੇ । ਭੂਤ ਪ੍ਰੇਤ ਜਿਨ ਖਵੀਸ । ਸੋਹੰ ਸ਼ਬਦ ਪ੍ਰਭ ਪੜ੍ਹਾਏ ਇਕ ਹਦੀਸ । ਦਰ ਘਰ ਆਏ ਜਾਏ ਪੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਕਟਾਏ ਸਰਬ ਸੀਸ । ਰਾਮ ਨਾਮ ਸਚ ਦਵਾਰਾ ਹੈ । ਵਣਜ ਕਰੇ ਕੋਈ ਵਪਾਰਾ ਹੈ । ਬਾਜ਼ੀ ਸ਼ਤਰੰਜ ਜਿਉਂ ਪਾਸਾ ਹਾਰਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦੇਵੇ ਗਿਰਧਾਰਾ ਹੈ । ਸਾਚਾ ਸ਼ਬਦ ਸੋਹੰ ਸੁਹਾਗ । ਗੁਰਮੁਖਾਂ ਮਿਟਾਏ ਤਨ ਲੱਗੀ ਆਗ । ਪ੍ਰਭ ਸਾਚਾ ਰਾਹ ਦਿਸਾਏ ਮਨ ਭਏ ਵੈਰਾਗ । ਅਨਹਦ ਧੁਨ ਉਪਜਾਏ ਨਾਉਂ ਨਿਰੰਜਣ ਜੋ ਜਨ ਗਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲੇ ਪੁਰਖ ਅਬਿਨਾਸ਼ । ਸਚ ਨਾਮ ਹਰਿ ਦੇਵੇ ਸਹਿਜ ਸੁਭਾਏ । ਸਚ ਨਾਮ ਗੁਰਮੁਖ ਵਿਰਲਾ ਪਾਏ । ਸਚ ਨਾਮ ਗੁਰਮੁਖ ਆਪਣੇ ਭਾਣੇ ਵਿਚ ਰਹਾਏ । ਸਚ ਨਾਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਝੋਲੀ ਪਾਏ । ਸਚ ਨਾਮ ਪਵਨ ਪੂਤਾ । ਸਚ ਨਾਮ ਗੁਰਮੁਖ ਹਿਰਦੇ ਧਾਗਾ ਸੂਤਾ । ਸਚ ਨਾਮ ਗੁਰਸਿਖ ਉਠਾਏ ਕਲਜੁਗ ਮਿਟਾਏ ਅੰਧੇਰੀ ਰਾਤ । ਆਤਮ ਮੈਲ ਸੱਚੀ ਧੋਏ ਦਰਸ ਖੁਮਾਰੀ ਦੇਵੇ ਦਿਵਸ ਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬੂਝ ਬੁਝਾਏ ਗੁਰਮੁਖ ਸਾਚੇ ਆਤਮ ਦਰ ਖੁਲ੍ਹਾਤ । ਆਤਮ ਦਰ ਹਰਿ ਸਾਚੇ ਖੋਲ੍ਹਣਾ । ਸਾਚਾ ਸ਼ਬਦ ਹਰਿ ਸਾਚੇ ਬੋਲਣਾ । ਗੁਰਮੁਖ ਸਾਚਾ ਹਰਿ ਪੂਰੇ ਤੋਲ ਤੋਲਣਾ । ਜੋਤ ਸਰੂਪੀ ਸ੍ਰਿਸ਼ਟ ਸਬਾਈ ਪੋਲ, ਪ੍ਰਭ ਸਾਚੇ ਆਪੇ ਖੋਲ੍ਹਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਤਨ ਮਨ ਆਪਣਾ ਘੋਲਣਾ । ਤਨ ਘੋਲਣਾ ਸਚ ਬੋਲਣਾ । ਆਤਮ ਭੇਵ ਪ੍ਰਭ ਸਾਚੇ ਖੋਲ੍ਹਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਗੁਰਸਿਖ ਤੇਰਾ ਨਾ ਡੋਲਣਾ । ਗੁਰਸਿਖ ਨਾ ਡੋਲੇ, ਪੂਰੇ ਤੋਲ ਪ੍ਰਭ ਸਾਚਾ ਤੋਲੇ । ਕਲਜੁਗ ਜੀਵ ਕਿਆ ਕੋਈ ਮਾਰੇ ਬੋਲੇ । ਅੰਤਮ ਅੰਤ ਆਪ ਭੁੰਨਾਏ ਜਿਉਂ ਭਠਿਆਲੇ ਛੋਲੇ । ਆਤਮ ਹੰਕਾਰੀ ਦਰ ਦੁਰਕਾਰੀ ਧੁਰ ਦਰਗਾਹੋਂ ਹੋਏ ਗੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੌਤ ਅੰਧੇਰੇ ਗੋਰ ਸਵਾਏ ਆਪੇ ਦਏ ਝਕੋਲੇ । ਬੇਮੁੱਖ ਬੇਮੁਰਸ਼ਦ ਮੁਰੀਦ ਹੈ । ਪ੍ਰਭ ਅਬਿਨਾਸ਼ੀ ਨਾ ਕੀਨੀ ਸਾਚੀ ਦੀਦ ਹੈ । ਸ੍ਰਿਸ਼ਟ ਸਬਾਈ ਬੰਧੀ ਏਕਾ ਝੂਠੀ ਰੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚੀ ਹੱਥੀਂ ਸਾਚੀ ਨੀਤ ਹੈ । ਸਾਚਾ ਦੇਵੇ ਹਰਿ ਨਾਮ ਪ੍ਰਵਾਨਾ । ਸਾਚੇ ਦਰ ਨਾ ਕਿਸੇ ਅਟਕਾਨਾ । ਧੁਰਦਰਗਾਹੀ ਸਾਚੇ ਮੰਦਰ ਅੰਦਰ ਗੁਰਸਿਖ ਆਪੇ ਜਾਨਾ । ਬੈਠਾ ਬੇਪਰਵਾਹੀ ਜੋਤ ਸਰੂਪ ਏਕਾ ਜੋਤ ਡਗਮਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਸਰਬ ਜੀਆਂ ਹਰਿ ਸਾਚਾ ਜਾਣਦਾ । ਚੋਰਾਂ ਯਾਰਾਂ ਠੱਗਾਂ ਕੁੜਿਆਰਾਂ ਪ੍ਰਭ ਸਾਚਾ ਆਪ ਪਛਾਣਦਾ । ਗੁਰਮੁਖਾਂ ਦੇਵੇ ਚਰਨ ਪਿਆਰਾ, ਹਰਿ ਨਾਮਾ ਹਰਿ ਹਰਿ ਰਸਨ ਉਚਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਚੀਰ ਚਿਰਾਏ ਕਰੇ ਦੋ ਫਾੜਦਾ । ਸਚ ਤਖ਼ਤ ਸ਼ਾਹ ਸੁਲਤਾਨਿਆਂ । ਸਤਿਜੁਗ ਸਾਚੀ ਦੱਸੇ ਦੇਵੇ ਇਕ ਨਿਸ਼ਾਨੀਆ । ਤਿੰਨ ਕੂਟਾਂ ਚੂਰ ਕਰਾਨੀਆਂ । ਚੌਥੀ ਕੂਟੇ ਆਪਣਾ ਚਰਨ ਛੁਹਾਨਿਆਂ । ਦੂਰੋ ਦੂਰ ਸਦ ਲਿਆਏ, ਆਤਮ ਸ਼ਕਤੀ ਦੇਵੇ ਇਕ ਰੁਹਾਨੀਆਂ । ਆਤਮ ਸਾਚੀ ਜੋਤ ਜਗਾਏ, ਹੋਏ ਪ੍ਰਕਾਸ਼ ਕੋਟਨ ਭਾਨਿਆਂ । ਅਚਰਜ ਖੇਲ ਹਰਿ

ਵਰਤਾਈ, ਆਪਣਾ ਭੇਵ ਨਾ ਕਿਸੇ ਜਣਾਈ, ਕਿਆ ਕੋਈ ਜਾਣੇ ਵੇਦ ਪੁਰਾਨਿਆਂ । ਸੁਘੜ ਸਿਆਣੇ ਆਪ ਭੁਲਾਏ, ਗੁਰਸਿਖ ਬਾਲ ਅੰਞਾਣੇ ਆਪ ਜਗਾਏ, ਸੋਹੰ ਸ਼ਬਦ ਨਾਮ ਜਪਾਏ, ਹੱਥ ਬੰਧਾਏ ਸਾਚਾ ਗਾਨਿਆਂ । ਚਰਨ ਧੂੜ ਇਸ਼ਨਾਨ ਕਰਾਏ, ਚਤੁਰ ਸੁਜਾਨ ਮੂੜ੍ਹ ਕਰਾਏ, ਕਾਇਆ ਚੋਰ ਸਰਬ ਕਢਾਨਿਆਂ । ਸਾਚਾ ਰੰਗ ਮਜੀਠ ਹਰਿ ਗੂੜੋ ਗੂੜ ਚੜ੍ਹਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਕਰਾਏ ਵਿਚ ਜਹਾਨਿਆਂ । ਝੂਠਾ ਜਗ ਜਹਾਨਾ । ਪ੍ਰਭ ਅਬਿਨਾਸ਼ੀ ਲੱਭੇ ਇਕ ਬਹਾਨਾ । ਆਪੇ ਖਿਚੇ ਸ਼ਬਦ ਤੀਰ ਨਿਸ਼ਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਿਸੇ ਧੀਰ ਧਰਾਨਾ । ਖਿਚੇ ਸ਼ਬਦ ਤੀਰ ਤਰੰਗ । ਆਪ ਮਿਟਾਏ ਸਰਬ ਫਰੰਗ । ਇਕ ਚੜ੍ਹਾਏ ਉਲਟੀ ਕੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰਾਏ ਭੰਗ । ਭੰਗ ਭੰਗਣਾ, ਨਾਮ ਸਾਚੇ ਗੁਰਮੁਖ ਮੰਗਣਾ । ਸਾਚਾ ਸੰਗ ਹਰਿ ਆਪ ਰਖਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਅਲਖ ਅਲਖਣਾ । ਅਲੱਖ ਅਲੱਖ ਅਦੇਸ਼ । ਜੋਤ ਸਰੂਪੀ ਹਰਿ ਧਾਰੇ ਵੇਸ । ਭਾਗ ਲਗਾਇਆ ਮਾਝੇ ਦੇਸ਼ । ਕਰ ਕੇ ਆਇਆ ਹਰਿ ਸਾਚਾ ਵੇਸ । ਗੁਰਮੁਖ ਸਾਚੇ ਵਿਚ ਪ੍ਰਵੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਲ ਵਰਤਾਏ, ਆਪ ਮਿਟਾਏ ਵਡ ਵਡ ਨਰੇਸ਼ । ਨਰ ਨਰੇਸ਼ਾ, ਆਪ ਭੁਲਾਏ ਰੁਲਾਏ ਹਮੇਸ਼ਾ । ਦੇਵੇ ਮਾਣ ਸੱਚੇ ਦਰਵੇਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਏ, ਸ੍ਰਿਸ਼ਟ ਸਬਾਈ ਏਕਾ ਵੇਸਾ । ਸਾਚਾ ਕਰਮ ਸਚ ਦੀ ਕਾਰ । ਸਾਚਾ ਧਰਮ ਸਚ ਵਿਹਾਰ । ਸਾਚਾ ਜਰਮ ਵਿਚ ਸੰਸਾਰ । ਸਾਚਾ ਭਰਮ ਹਰਿ ਦਏ ਨਿਵਾਰ । ਸਾਚਾ ਵਰਮ ਹਰਿ ਬ੍ਰਹਮ ਵਿਚਾਰ । ਮਾਨਸ ਜਨਮ ਨਾ ਆਵੇ ਹਾਰ । ਝੂਠਾ ਭਰਮ ਜੀਵ ਨਿਵਾਰ । ਸਾਚਾ ਕਰਮ ਹਰਿ ਲਿਖਤ ਲਿਖਾਰ । ਮਹਾਰਾਜ ਸ਼ੇਰ ਸਿੰਘ ਲੱਖ ਚੁਰਾਸੀ ਕੀਨੀ ਪਾਰ । ਲੱਖ ਚੁਰਾਸੀ ਜਮ ਕੀ ਫਾਸੀ, ਨਾ ਕੋਈ ਕਰੇ ਬੰਦ ਖਲਾਸੀ । ਬੇਮੁਖ ਝੂਠੇ ਕਰਨ ਹਾਸੀ । ਦਰ ਘਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ । ਘਨਕਪੁਰ ਵਾਸੀਆ, ਪੂਰਨ ਪੁਰਖ ਅਬਿਨਾਸ਼ੀਆ । ਸਾਚੀ ਜੋਤ ਮਾਤ ਪ੍ਰਕਾਸ਼ੀਆ । ਸ੍ਰਿਸ਼ਟ ਸਬਾਈ ਬਣਾਏ ਦਾਸਨ ਦਾਸੀਆ । ਸਾਚਾ ਸ਼ਬਦ ਚਲਾਏ ਪਵਣ ਸਵਾਸੀਆ । ਸਾਚੇ ਮਾਰਗ ਪਾਏ ਜੂਠੇ ਝੂਠੇ ਸਭ ਨਸ਼ਟ ਕਰਾਸੀਆ । ਪੂਰੇ ਕਾਜ ਆਪ ਕਰਾਏ ਗੁਰਮੁਖਾਂ ਸਾਚਾ ਮੇਲ ਮਿਲਾਸੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਕਰੇ ਬੰਦ ਖਲਾਸੀਆ । ਬੰਦ ਖਲਾਸੀ ਬੰਦੀ ਤੋੜ । ਚਰਨ ਪ੍ਰੀਤੀ ਦੇਵੇ ਜੋੜ । ਲੱਗੀ ਪ੍ਰੀਤ ਨਿਭਾਏ ਤੋੜ । ਕਲਜੁਗ ਜੀਵ ਨਾ ਸਕੇ ਕੋਈ ਵਿਛੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਪ੍ਰਭ ਸਾਚੇ ਦੀ ਸਾਚੀ ਲੋੜ । ਸਾਚਾ ਗੁਰ ਸ਼ਬਦ ਸਿਰ ਤਾਜ । ਪ੍ਰਭ ਅਬਿਨਾਸ਼ੀ ਗੁਰਸਿਖਾਂ ਦਿਤਾ ਸਾਚਾ ਨਾਮ ਮਾਤ ਵਿਚ ਸਾਚਾ ਰਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ਗੁਰਮੁਖ ਕਾਜ । ਗੁਰਸਿਖ ਹਰਿ ਕਾਜ ਸਵਾਰੇ । ਆਤਮ ਦੁੱਖ ਸਰਬ ਨਿਵਾਰੇ । ਸਾਚਾ ਸੁਖ ਹਰਿ ਚਰਨ ਪਿਆਰੇ । ਉਜਲ ਮੁਖ ਕਰ ਦਰਸ ਗੁਰ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਦਾਤਾਰੇ । ਸਰਬ ਜੀਆਂ ਹਰਿ ਦਾਤਾ ਏਕ । ਸਰਬ ਜੀਆਂ ਹਰਿ ਏਕਾ ਟੇਕ । ਸਰਬ ਜੀਆਂ ਹਰਿ ਕਰੇ ਬੁੱਧ ਬਬੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਤਿਸ ਤਨ ਨਾ ਲਾਗੇ ਸੇਕ । ਸਰਬ ਕਲਾ ਸਮਰਥ, ਜਿਸ ਜਨ ਨਿਮਸਕਾਰਿਆ । ਆਪ ਚੜ੍ਹਾਏ ਸਾਚੇ ਰਥ, ਕਲਜੁਗ ਬੇੜਾ ਪਾਰ ਉਤਾਰਿਆ । ਆਪ

ਚਲਾਏ ਸੋਹੰ ਸਾਚੀ ਗਾਥ, ਸਤਿਜੁਗ ਸਾਚਾ ਰਾਹ ਚਲਾ ਰਿਹਾ । ਬੇਮੁਖਾਂ ਪ੍ਰਭ ਸਾਚਾ ਪਾਏ ਨੱਥ, ਦਰ ਦਰ ਭਿੱਖ ਮੰਗਾ ਰਿਹਾ । ਗੁਰਮੁਖਾਂ ਸਗਲ ਵਸੂਰੇ ਜਾਇਣ ਲੱਥ, ਪ੍ਰਭ ਅਬਿਨਾਸ਼ੀ ਦਰਸ ਦਿਖਾ ਰਿਹਾ । ਸ੍ਰਿਸ਼ਟ ਸਬਾਈ ਜਾਏ ਮੱਥ, ਉਲਟਾ ਗੇੜ ਆਪ ਦਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਉਂ ਰਾਮਾ ਦਸਰਥ ਜੋਤ ਪ੍ਰਗਟਾ ਰਿਹਾ । ਗੁਰ ਪੂਰਾ ਸ਼ਬਦ ਭੰਡਾਰਾ ਹੈ । ਗੁਰ ਪੂਰਾ ਧਰਮ ਦਵਾਰਾ ਹੈ । ਗੁਰ ਪੂਰਾ ਸਦਾ ਸਦਾ ਕਰਮ ਕਰਮ ਵਿਚਾਰਾ ਹੈ । ਗੁਰ ਪੂਰਾ ਦੇਵੇ ਸਾਚਾ ਨਾਉਂ ਜੋ ਜਨ ਆਏ ਮੰਗਣ ਦਵਾਰਾ ਹੈ । ਗੁਰ ਪੂਰਾ ਬਹਾਏ ਸਾਚਾ ਥਾਉਂ, ਚਰਨ ਕਵਲ ਧਾਮ ਨਿਆਰਾ ਹੈ । ਪ੍ਰਭ ਅਬਿਨਾਸ਼ੀ ਬੇਪਰਵਾਹੋ, ਕਿਆ ਕੋਈ ਜਾਣੇ ਜੀਵ ਗਵਾਰਾ ਹੈ । ਹਰਿ ਹਰਿ ਹਰਿ ਵਸੇ ਸਭਨੀ ਥਾਉਂ, ਜੋਤ ਸਰੂਪੀ ਇਕ ਅਕਾਰਾ ਹੈ । ਰੂਪ ਰੰਗ ਰੇਖ ਨਾ ਕਿਸੇ ਜਣਾਏ, ਏਕਾ ਸ਼ਬਦ ਸੱਚੀ ਧੁਨਕਾਰਾ ਹੈ । ਜੋਤ ਸਰੂਪੀ ਧਾਰੇ ਭੇਖ, ਸ੍ਰਿਸ਼ਟ ਸਬਾਈ ਰਿਹਾ ਵੇਖ, ਆਪੇ ਬਣਿਆ ਲੇਖ ਲਿਖਾਰਾ ਹੈ । ਗੁਰਮੁਖ ਸਾਚੇ ਨੇਤਰ ਪੇਖ, ਆਪ ਲਿਖਾਏ ਤੇਰੇ ਲੇਖ, ਮਾਤਲੋਕ ਪ੍ਰਭ ਚਰਨ ਏਕਾ ਸਚ ਦਵਾਰਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ, ਜੋ ਜਨ ਆਏ ਚਰਨ ਨਿਮਸਕਾਰਾ ਹੈ । ਨਿਮਸਕਾਰ ਪੂਰੇ ਗੁਰ ਚਰਨ । ਆਪ ਨਿਵਾਰੇ ਜਮ ਕਾ ਡਰਨ । ਕਰ ਕਿਰਪਾ ਪਾਰ ਉਤਾਰੇ, ਜੋ ਜਨ ਆਏ ਪ੍ਰਭ ਸਾਚੇ ਦੀ ਸਾਚੀ ਸਰਨ । ਹਉਮੇ ਰੋਗ ਸੋਗ ਹੰਗਤਾ ਸਭ ਉਤਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਮੰਗਣ ਆਏ ਨਾਮ ਭੰਡਾਰਾ ਹੈ । ਨਾਮ ਭੰਡਾਰਾ ਹਰਿ ਵਰਤਾਰਾ । ਗੁਰਮੁਖ ਵਿਰਲਾ ਪਾਏ ਆਏ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਪਾਏ ਸਾਰਾ । ਸਰਬ ਜੀਆਂ ਹਰਿ ਸਾਰ ਸਮਾਲੇ । ਭਗਤ ਵਛਲ ਅਛਲ ਛਲ ਕਰੇ ਖੇਲ ਨਿਰਾਲੇ । ਵਲ ਛਲ ਕਰ ਸਰਬ ਸ੍ਰਿਸ਼ਟ ਭੁਲਾ ਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣਿਆ ਸਾਚਾ ਪਾਲੀ । ਗੁਰਸਿਖ ਤੇਰਾ ਸੱਚਾ ਪਾਲੀ । ਦੋ ਜਹਾਨਾਂ ਵਾਲੀ, ਦਿਵਸ ਰੈਣ ਰੈਣ ਦਿਵਸ ਤੇਰੀ ਕਰੇ ਰਖਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਰੇ ਪ੍ਰਿਤਪਾਲੀ । ਪ੍ਰਿਤਪਾਲ ਪ੍ਰਿਤਪਾਲ ਗੁਰਦੇਵ । ਜੋ ਜਨ ਕਮਾਏ ਚਰਨੀ ਸੇਵ । ਆਪ ਦਵਾਏ ਸੋਹੰ ਸਾਚਾ ਮੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸ਼ਬਦ ਅਲਖ ਅਭੇਵ । ਅਲਖ ਅਭੇਦਾ, ਅਛਲ ਅਛੇਦਾ, ਨਾ ਜਾਣੇ ਚਾਰੇ ਵੇਦਾ । ਨਾ ਮਿਲੇ ਕਿਸੇ ਵਿਚ ਕਤੇਬਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਭੇਦਾ । ਗਊ ਗਰੀਬ ਨਿਮਾਣਿਆਂ ਪ੍ਰਭ ਚਰਨ ਲਗਾਵਣਾ । ਕਲਜੁਗ ਚਤੁਰ ਸੁਘੜ ਸਿਆਣਿਆਂ ਹਰਿ ਆਪ ਭੁਲਾਵਣਾ । ਗਊ ਗਰੀਬ ਦਰ ਘਰ ਸਾਚੇ ਹਰਿ ਮਾਣ ਦਵਾਣਿਆ । ਗਊ ਗਰੀਬ ਨਿਮਾਣਿਆਂ ਹਰਿ ਅੰਮ੍ਰਿਤ ਸਾਚਾ ਜਾਮ ਆਪ ਪਿਲਾਵਣਾ । ਗਊ ਗਰੀਬ ਨਿਮਾਣਿਆਂ ਏਕਾ ਰੰਗ ਸਚ ਆਪ ਚੜ੍ਹਾਵਣਾ । ਗਊ ਗਰੀਬ ਨਿਮਾਣਿਆਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਕੰਠ ਲਗਾਵਣਾ । ਗਊ ਗਰੀਬਾਂ ਸੁਣੀ ਪੁਕਾਰੀ । ਮਾਤ ਆਇਆ ਜਾਮਾ ਧਾਰੀ । ਵਡ ਵਡ ਹੰਕਾਰੀ ਲਏ ਸੁਧਾਰ, ਜੂਏ ਬਾਜ਼ੀ ਜਿਨ੍ਹਾਂ ਹਾਰੀ । ਸਾਚੀ ਦਰਗਹਿ ਖਾਇਣ ਮਾਰ, ਮਾਨਸ ਜਨਮ ਪ੍ਰਭ ਗੁਰਮੁਖਾਂ ਜਾਏ ਸੁਧਾਰੀ । ਜੋ ਜਨ ਕਰਨ ਚਰਨ ਨਿਮਸਕਾਰ, ਪ੍ਰਭ ਅਬਿਨਸ਼ੀ ਪਾਵੇ ਸਾਰੀ । ਪੂਰੀ ਕਰ ਵਿਚਾਰ ਕਲਜੁਗ ਰੈਣ ਅੰਧ ਅੰਧਿਆਰੀ । ਸ੍ਰਿਸ਼ਟ ਸਬਾਈ ਡਿਗੀ ਮੂੰਹ ਦੇ ਭਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਧਰਤ ਮਾਤ ਤੇਰੀ ਸੁਣੀ ਪੁਕਾਰੀ । ਗਊ ਗਰੀਬ ਦੇਣ ਦੁਹਾਈ । ਦਿਵਸ ਰੈਣ ਹਰਿ ਸਾਚੇ

ਨੀਂਦ ਨਾ ਆਈ । ਸੁਣੇ ਪੁਕਾਰ ਹਰਿ ਦਾਤਾਰਾ, ਵਿਚ ਮਾਤ ਜੋਤ ਪ੍ਰਗਟਾਈ । ਕਲਜੁਗ ਅੰਤਮ ਅੰਤ ਕਰੇ ਝੂਠਾ ਰਾਜ ਕਾਜ ਤਾਜ ਸਭ ਦੇਵੇ ਨਸ਼ਟ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਂਤਕ ਦੇ ਵਰਤਾਈ । ਗਊ ਗਰੀਬ ਮਾਰੇ ਧਾਹ, ਪ੍ਰਭ ਅਬਿਨਾਸ਼ੀ ਪਕੜੇ ਬਾਂਹ । ਦੂਸਰ ਕੋਈ ਦੀਸੇ ਨਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਜਗਾਏ, ਏਕਾ ਸ਼ਬਦ ਸੁਣਾਏ ਸੋਹੰ ਸਾਚਾ ਨਾਂ । ਸੋਹੰ ਸ਼ਬਦ ਸਚ ਜਗਦੀਸ਼ । ਸ੍ਰਿਸ਼ਟ ਸਬਾਈ ਪ੍ਰਭ ਸਾਚਾ ਜਾਏ ਪੀਸ । ਏਕਾ ਝੁਲਾਏ ਛਤਰ ਆਪਣੇ ਸੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਚੁਕਾਏ ਬੀਸ ਇਕੀਸ । ਭੇਵ ਚੁੱਕੇ ਬੀਸ ਇਕੀਸ ਨਾ ਰਹਿਣ ਰਾਗ ਛਤੀਸ । ਸਾਚਾ ਨਾਓ ਪ੍ਰਭ ਸਾਚਾ ਦੇਵੇ, ਨਾ ਕੋਈ ਮੰਗੇ ਫੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਜਾਣੇ ਤੇਰੀ ਰੀਸ । ਗੁਰ ਪੂਰੇ ਤੇਰੀ ਵਡਿਆਈਆ । ਦੁੱਖ ਰੋਗ ਸਰਬ ਮਿਟਾਈਆ । ਪਵਣ ਮਸਾਣ ਰਹਿਣ ਨਾ ਪਾਈਆ । ਦਰ ਸਾਚੇ ਦੇਣ ਦੁਹਾਈਆ । ਸ਼ਬਦ ਬਾਣ ਹਰਿ ਲਗਾਈਆ । ਗੁਰਮੁਖਾਂ ਅਚਰਜ ਖੇਲ ਕਰਾਈਆ । ਭੂਤ ਪ੍ਰੇਤਾਂ ਪ੍ਰਭ ਸਾਚੇ ਦੇ ਕਢਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸ਼ਬਦ ਵਿਚ ਵਡਿਆਈਆ । ਸ਼ਬਦ ਤੀਰ ਸਚ ਨਿਸ਼ਾਨਾ । ਰਸਨਾ ਖਿੱਚੇ ਗੁਰ ਸੰਗਤ ਤੀਰ ਕਮਾਨਾ । ਠਹਿਰ ਨਾ ਸਕੇ ਕੋਈ ਪੀਰ ਫਕੀਰ ਇਕ ਲੱਖ ਅੱਸੀ ਹਜ਼ਾਰ ਭੂਤ ਪ੍ਰੇਤ ਬੇਤਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਦੇਵੇ ਸੁਖਾਲਾ ਸਰਬ ਰਖਵਾਲਾ । ਸੋਹੰ ਸ਼ਬਦ ਸਿਰ ਰੱਖ ਹੱਥ । ਬੀਰ ਬੇਤਾਲਿਆ ਪ੍ਰਭ ਪਾਏ ਨੱਥ । ਕਰ ਕਰ ਬੇਹਾਲਿਆਂ ਵਿਚ ਸ਼ਬਦ ਜਾਏ ਮਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਫੇਰ ਚੜ੍ਹਾਏ ਸੋਹੰ ਸਾਚੇ ਰਥ । ਸ਼ਬਦ ਵੱਜੇ ਆਤਮ ਤੀਰ । ਆਪ ਚੁਕਾਏ ਬੱਧੀ ਧੀਰ । ਨੇਤਰ ਨੇਤਰ ਨੇਤਰ ਆਪ ਵਹਾਏ ਨੀਰ । ਝੂਠੀ ਕਾਇਆ ਝੂਠਾ ਖੇਤਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁੱਖ ਦਰਦ ਦੇਵੇ ਹਰ ਅੰਮ੍ਰਿਤ ਪਿਲਾਏ ਸਾਚਾ ਸੀਰ । ਗੁਰ ਸ਼ਬਦ ਜੋ ਜਨ ਕਮਾਵੇ । ਗੁਰ ਸ਼ਬਦ ਮਨ ਤਨ ਹਰਾ ਕਰਾਵੇ । ਗੁਰ ਸ਼ਬਦ ਸਾਚਾ ਘਰ ਆਪ ਦਿਖਾਵੇ । ਗੁਰ ਸ਼ਬਦ ਆਤਮ ਦਰ ਸਾਚਾ ਸਰ ਆਪ ਨੁਹਾਵੇ । ਗੁਰ ਸ਼ਬਦ ਗੁਰਮੁਖ ਵਿਰਲਾ ਪਾਵੇ । ਸਚ ਸ਼ਬਦ ਭਾਗੀ ਭਰਾ, ਜਿਸ ਜਨ ਦਇਆ ਕਮਾਵੇ । ਸਚ ਸ਼ਬਦ ਰਸਨਾ ਜਪ ਗੁਰਮੁਖ ਵਿਰਲਾ ਤਰਾ, ਜਿਸ ਹਰਿ ਪੂਰਨ ਬੂਝ ਬੁਝਾਵੇ । ਗੁਰ ਸ਼ਬਦ ਗੁਰਮੁਖ ਵਿਰਲੇ ਕਲਜੁਗ ਵਰਾ, ਜਿਸ ਨਾਮ ਦਾਨ ਹਰਿ ਭਿਛਿਆ ਪਾਵੇ । ਸਚ ਸ਼ਬਦ ਰਸਨਾ ਜਪ, ਨਾ ਉਹ ਜਨਮਾ ਨਾ ਉਹ ਮਰਾ, ਅਮਰਾਪਦ ਹਰਿ ਆਪ ਦਵਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰਾ ਅੰਤਮ ਅੰਤ ਕਲਜੁਗ ਆਪੇ ਸਦ ਘਰ ਲੈ ਜਾਵੇ । ਗੁਰ ਸ਼ਬਦ ਗੁਰ ਵਿਚਾਰ ਹੈ । ਗੁਰ ਸ਼ਬਦ ਗੁਰਮੁਖ ਬਖ਼ਸ਼ੇ ਚਰਨ ਪਿਆਰ ਹੈ । ਗੁਰ ਸ਼ਬਦ ਗੁਰਮੁਖ ਇਕ ਬਹਾਏ ਸਾਚੀ ਧਾਰ ਹੈ । ਗੁਰ ਸ਼ਬਦ ਗੁਰਮੁਖ ਹਰਿ ਦੇਵੇ ਪਾਰਬ੍ਰਹਮ ਅਵਤਾਰ ਹੈ । ਗੁਰ ਸ਼ਬਦ ਗੁਰਮੁਖ ਵਿਰਲਾ ਲੇਵੇ ਜਿਸ ਦੇਵੇ ਨਾਮ ਅਧਾਰ ਹੈ । ਗੁਰ ਸ਼ਬਦ ਜੋ ਜਨ ਰਸਨਾ ਸੇਵੇ, ਪ੍ਰਭ ਸਾਚਾ ਪਾਰ ਉਤਾਰਨਹਾਰ ਹੈ । ਗੁਰ ਸ਼ਬਦ ਇਸ ਹੱਥ ਲੇਵੇ ਇਸ ਹੱਥ ਦੇਵੇ, ਨਾ ਹੁੰਦਾ ਕੋਈ ਉਧਾਰ ਹੈ । ਗੁਰ ਸ਼ਬਦ ਗੁਰਮੁਖ ਆਤਮ ਰਸ ਮੇਵੇ, ਸਾਚਾ ਕਰਨਾ ਵਣਜ ਵਪਾਰ ਹੈ । ਪ੍ਰਭ ਅਬਿਨਾਸ਼ੀ ਅਲਖ ਅਭੇਵੇ, ਆਪੇ ਪਾਵੇ ਗੁਰਮੁਖਾਂ ਸਾਚੀ ਸਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦੇਵੀ ਦੇਵੇ, ਏਕਾ ਏਕ ਸਚ ਕਰਤਾਰ ਹੈ । ਗੁਰ ਸ਼ਬਦ ਗੁਰ ਦੀ ਚਾਲ ਹੈ । ਗੁਰ ਸ਼ਬਦ ਸੱਚਾ ਧਨ ਮਾਲ ਹੈ । ਗੁਰ

ਸ਼ਬਦ ਗੁਰਸਿਖਾਂ ਕੱਟੇ ਜਗਤ ਜੰਜਾਲ ਹੈ । ਗੁਰ ਸ਼ਬਦ ਸਚ ਵਸਤ ਹਰਿ ਸਾਚਾ ਦੇਵੇ, ਰੱਖਣੀ ਮਾਤ ਸੰਭਾਲ ਹੈ । ਸਚ ਵਸਤ ਆਤਮ ਬਖ਼ਸ਼ੇ ਹਰਿ ਸਾਚਾ ਲਾਲ ਹੈ । ਗੁਰ ਸ਼ਬਦ ਗੁਰਮੁਖ ਸਾਚੇ ਵਿਚ ਮਾਤ ਦੇਵੇ ਭਾਲ ਹੈ । ਗੁਰ ਸ਼ਬਦ ਸਾਚੀ ਮੱਤ ਸਚ ਘਰ ਦਏ ਵਖਾਲ ਹੈ । ਗੁਰ ਸ਼ਬਦ ਆਤਮ ਦੀਪਕ ਜੋਤੀ ਦੇਵੇ ਬਾਲ ਹੈ । ਗੁਰ ਸ਼ਬਦ ਕਲਜੁਗ ਅੰਤਮ ਅੰਤ ਬੇਮੁਖ ਲਾਹੁੰਦਾ ਖਾਲ ਹੈ । ਗੁਰ ਸ਼ਬਦ ਚਾਰ ਕੁੰਟ ਬੇਮੁਖ ਕਰਾਏ, ਨਾਮ ਧਨ ਨਾ ਪੱਲੇ ਜੀਵ ਝੂਠੇ ਕੰਗਾਲ ਹੈ । ਗੁਰ ਸ਼ਬਦ ਬੇਮੁਖਾਂ ਪੀੜ ਪਿੜਾਏ, ਕਰੇ ਦੋਫਾੜਾ ਦਾਲ ਹੈ । ਗੁਰ ਸ਼ਬਦ ਬੇਮੁਖ ਕੱਚੇ ਫੱਲ ਤੋੜੇ ਡਾਲ ਹੈ । ਗੁਰ ਸ਼ਬਦ ਬੇਮੁਖਾਂ ਮਾਰੇ ਸਾਚੀ ਮਾਰ, ਨਾ ਸਕੇ ਕੋਈ ਝਾਲ ਹੈ । ਗੁਰ ਸ਼ਬਦ ਆਤਮ ਅੰਧੇਰ ਮਿਟਾਏ ਸੁਹਾਵਾ ਤਾਲ ਹੈ । ਗੁਰ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚਾ ਰਿਹਾ ਵਖਾਲ ਹੈ । ਸਾਚਾ ਰਾਹ ਜਗਤ ਨਿਆਰਾ । ਬੇਮੁਖਾਂ ਨਾ ਦਿਸੇ ਕੋਈ ਕਿਨਾਰਾ । ਨਾ ਆਰ ਨਾ ਪਾਰ ਭੱਜੇ ਫਿਰਨ ਵਹਿੰਦੇ ਵਹਿਣ, ਬੇੜਾ ਖੜਿਆ ਵਿਚ ਅੰਧਘਾਰਾ । ਬਿਨ ਗੁਰ ਪੂਰੇ ਨਾ ਕੋਈ ਚੁਕਾਵੇ ਲੈਣ ਦੇਣ, ਮੰਝਧਾਰ ਨਾ ਉਤਰੇ ਪਾਰਾ । ਗੁਰਮੁਖ ਸਾਚੇ ਸੰਤ ਜਨ ਗੁਰ ਚਰਨ ਆਇਣ ਕਰਨ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸ਼ਬਦ ਗਿਆਨ ਦੇ, ਚਰਨ ਪ੍ਰੀਤੀ ਸਚ ਧਿਆਨ ਦੇ, ਸਾਚਾ ਸ਼ਬਦ ਜਗਤ ਬਣਾਣ ਦੇ, ਆਪ ਕਰਾਏ ਪਾਰ ਗੁਰਸਿਖ ਤੇਰਾ ਬਣ ਸਚ ਸਹਾਰਾ । ਸਚ ਸਹਾਰਾ ਸਹਿਜ ਸੁਭਾਏ । ਜੋ ਜਨ ਰਸਨਾ ਸੋਹੰ ਗਾਏ । ਮਦਿਰਾ ਮਾਸ ਦੇ ਤਜਾਏ । ਨਿਜ ਘਰ ਵਾਸ ਆਪ ਰਖਾਏ । ਦਾਸਨ ਦਾਸ ਆਪ ਹੋ ਜਾਏ । ਸਵਾਸ ਸਵਾਸ ਸਚ ਨਾਮ ਜਪਾਏ । ਪੂਰਨ ਪੁਰਖ ਪ੍ਰਭ ਅਬਿਨਾਸ਼ੀ ਆਪਣੀ ਸੇਵਾ ਲਾਏ । ਸਗਲ ਵਸੂਰੇ ਜਾਇਣ ਨਾਸ, ਏਕਾ ਰੰਗ ਹਰਿ ਵਿਚ ਸਮਾਏ । ਮਾਨਸ ਜਨਮ ਕਰਾਏ ਰਾਸ, ਆਪ ਆਪਣੀ ਦਇਆ ਕਮਾਏ । ਗੁਰਸਿਖ ਕਰਾਏ ਬੰਦ ਖਲਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ । ਬੰਦ ਖਲਾਸੀ ਬੰਦ ਕਟਾਵਣਾ । ਆਤਮ ਅਗਿਆਨ ਅੰਧੇਰ ਚੁਕਾਵਣਾ । ਗੁਰਮੁਖ ਸਾਚੇ ਪ੍ਰਭ ਸਾਚੇ ਤੇਰਾ ਆਤਮ ਜਨ ਕਢਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਮਾਨੰਦ ਦੇ ਵਿਚ ਸਮਾਵਣਾ । ਪਰਮਾਨੰਦ ਦੇਵੇ ਪੁਰਖ ਪੁਰਖੋਤੀ । ਆਪ ਜਗਾਏ ਤੇਰੀ ਆਤਮ ਸਾਚੀ ਜੋਤੀ । ਵਿਚ ਮਾਤ ਬਣਾਏ ਰਾਜ ਹੰਸ ਗੁਰਸਿਖਾਂ ਚੁਗਾਏ ਸੋਹੰ ਚੋਗ ਸੁੱਚੇ ਮੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਆਪ ਜਗਾਏ ਕਲਜੁਗ ਸੋਤੀ । ਕਲਜੁਗ ਸੋਇਆ ਰੈਣ ਅੰਧਿਆਰੀ । ਸ੍ਰਿਸ਼ਟ ਸਬਾਈ ਹੋਈ ਹੈਂਸਿਆਰੀ । ਗਰੀਬ ਨਿਮਾਣੇ ਲੁੱਟਣ ਮਾਇਆ ਧਾਰੀ । ਫੜ ਫੜ ਕੁੱਟਣ ਨਾ ਕੋਈ ਪਾਵੇ ਸਾਰੀ । ਧੁਰ ਦਰਗਾਹੇ ਨਾ ਛੁੱਟਣ, ਪ੍ਰਭ ਸਾਚੇ ਲੇਖਾ ਲੇਵਣਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਇਕ ਕਟਾਰੀ ।



### ✻ ੧੫ ਜੇਠ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ✻

ਚਰਨ ਕਵਲ ਪ੍ਰਭ ਲਈਂ ਰੱਖ । ਵੇਲੇ ਅੰਤ ਨਾ ਹੋਏਂ ਵੱਖ । ਉਤਮ ਪਾਈ ਮਾਨਸ ਦੇਹੀ ਵਿਚੋਂ ਚੁਰਾਸੀ ਲੱਖ । ਸ੍ਰਿਸ਼ਟ ਸਬਾਈ ਵੇਲੇ ਅੰਤਮ ਕਲਜੁਗ ਹੋਈ ਭੱਖ । ਬੇਮੁਖ ਹੰਕਾਰੀ ਵਿਕਾਰੀ ਦੁਸ਼ਟ ਦੁਰਾਚਾਰੀ ਦਰ ਦਰ ਮਾਰਨ ਝੱਖ । ਸੁੰਞੇ ਦਿਸਣ ਮਹੱਲ ਅਟਾਰੀ ਬਿਨ ਹਰਿ ਨਾਮੇ

ਹੋਏ ਸੱਖ । ਮੰਦਰ ਦਵਾਰੇ ਗੁਰਦਵਾਰੇ ਸ਼ਿਵਦਵਾਲੇ ਗਊ ਗਵਾਲੇ ਧੀਆਂ ਭੈਣਾਂ ਪੱਤ ਗਵਾਇਣ ਕਲਜੁਗ ਹੋਇਆ ਅੰਤ ਹਰ ਮਨੁਖ । ਆਤਮ ਕੰਗਾਲੇ ਬੀਰ ਬੇਤਾਲੇ ਭਰ ਭਰ ਪੀਂਦੇ ਮਧਰ ਪਿਆਲੇ, ਵੇਲੇ ਅੰਤ ਕੌਣ ਲਏ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਗੁਰਮੁਖਾਂ ਸਰਨ ਲਗਾਈ, ਤਤੀ ਵਾ ਨਾ ਲੱਗੇ ਰਾਈ, ਅੰਗ ਸੰਗ ਆਪ ਹੋ ਜਾਈ, ਬਾਹੋਂ ਪਕੜ ਕਲਜੁਗ ਕੀਨੇ ਵੱਖ । ਸਰਨ ਗੁਰ ਸੱਚੀ ਸਰਨਾਈ, ਵੇਲੇ ਅੰਤ ਲਏ ਛੁਡਾਈ, ਜਿਥੇ ਕੋਇ ਨਾ ਹੋਏ ਸਹਾਈ, ਪ੍ਰਭ ਅਬਿਨਾਸ਼ੀ ਪਾਰ ਕਰਾਏ ਫੜ ਦੋਵੇਂ ਬਾਹੀਂ । ਵਿਛੜਿਆਂ ਕਲ ਮੇਲ ਮਿਲਾਇਆ, ਆਪੇ ਫੜ ਫੜ ਪਾਏ ਰਾਹੀਂ । ਆਪ ਆਪਣਾ ਖੇਲ ਰਚਾਇਆ, ਬੇਮੁਖਾਂ ਦੂਰ ਰਖਾਈ । ਗੁਰਮੁਖ ਸਾਚਾ ਸੱਜਣ ਸੁਹੇਲ ਅਖਵਾਇਆ, ਦਿਵਸ ਰੈਣ ਰੈਣ ਦਿਵਸ ਆਪਣੇ ਰੰਗ ਰਿਹਾ ਰੰਗਾਈ । ਧੰਨ ਧੰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰਿਹਾ ਬਣਤ ਬਣਾਈ । ਗੁਰ ਚਰਨ ਨਾਤਾ । ਮੇਲ ਪੁਰਖ ਬਿਧਾਤਾ । ਆਪੇ ਪੁਛੇ ਵਾਤਾਂ । ਬਣੇ ਪਿਤ ਮਾਤਾ । ਜਿਸ ਜਨ ਸਚ ਪਛਾਤਾ । ਸਚ ਦੇਵੇ ਦਾਤਾਂ । ਨਾਮ ਨਿਧਾਨ ਚਤੁਰ ਸੁਜਾਨ ਬ੍ਰਹਮ ਗਿਆਨ ਹਿਰਦੇ ਧਿਆਨ ਪ੍ਰਭ ਰਖਾਤਾ । ਮੂਰਖ ਮੁਗਧ ਅੰਞਾਣ ਚਤੁਰ ਸੁਜਾਨ ਹੋ ਮਿਹਰਬਾਨ ਪ੍ਰਭ ਸਾਚਾ ਆਪ ਬਣਾਤਾ । ਚਰਨ ਧੂੜ ਇਸ਼ਨਾਨ ਦਰਸ ਮਹਾਨ ਆਤਮ ਦੇਵੇ ਜੋਤ ਮਹਾਨ ਕਰੇ ਪ੍ਰਕਾਸ਼ ਕੋਟਨ ਭਾਨ ਜਿਸ ਜਨ ਦਇਆ ਕਮਾਤਾ । ਸ਼ਬਦ ਸੁਣਾਏ ਕਾਨ ਆਤਮ ਦੀਪ ਲਗਾਏ ਬਾਣ, ਆਪ ਬਹਾਏ ਚਰਨ ਸਾਚੇ ਅਸਥਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਗਲਾ ਸਾਥ ਨਿਭਾਤਾ । ਗੁਰ ਚਰਨ ਸਰਨ ਸੱਚੀ ਦਰਗਹਿ । ਗੁਰਮੁਖ ਸਾਚੇ ਦਰ ਘਰ ਸਾਚੇ ਵੇਖ ਬੈਠਾ ਪ੍ਰਭ ਬੇਪ੍ਰਵਾਹ । ਏਥੇ ਓਥੇ ਰੰਗ ਸਾਚਾ ਸੰਗ ਦੂਸਰ ਕੋਈ ਨਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਲਏ ਬਚਾਈ, ਜਿਸ ਜਨ ਸਾਚੀ ਸਰਨ ਤਕਾਈ , ਏਕਾ ਰੱਖੀ ਓਟ ਰਖਾਈ, ਸਿਰ ਆਪਣਾ ਹੱਥ ਟਿਕਾਈ, ਪ੍ਰਭ ਸਾਚਾ ਸਭਨੀ ਥਾਂ । ਗੁਰ ਚਰਨ ਸਚ ਦਵਾਰਿਆ । ਗੁਰ ਚਰਨ ਭੁੱਖ ਨਿਵਾਰਿਆ । ਗੁਰ ਚਰਨ ਸੁਖ ਉਪਜਾ ਰਿਹਾ । ਗੁਰ ਚਰਨ ਮੁਖ ਉਜਲ ਕਰਾ ਰਿਹਾ । ਗੁਰ ਚਰਨ ਮਰਨ ਗੇੜ ਚੁਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪਣੇ ਲੜ ਲਾ ਰਿਹਾ । ਗੁਰ ਚਰਨ ਰਾਜ ਜੋਗ ਸਾਚਾ ਭੋਗ । ਗੁਰ ਚਰਨ ਕਰ ਦਰਸ ਹਰਿ ਅਮੋਘ । ਗੁਰ ਚਰਨ ਨਾ ਰਹੇ ਚਿੰਤਾ ਸੋਗ । ਗੁਰ ਚਰਨ ਪ੍ਰਭ ਸਾਚੇ ਦੀ ਸਾਚੀ ਸਰਨ ਉਤਰੇ ਸਰਬ ਵਿਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਕੱਟੇ ਹਉਮੇ ਰੋਗ । ਗੁਰ ਚਰਨ ਗੁਰ ਦਵਾਰ । ਗੁਰ ਚਰਨ ਸੱਚਾ ਘਰ ਬਾਹਰ । ਗੁਰ ਚਰਨ ਪਰਸ ਪ੍ਰਭ ਦੇਵੇ ਦਰਸ ਖੋਲ੍ਹ ਦਸਮ ਦਵਾਰ । ਗੁਰ ਚਰਨ ਹਰਿ ਸਾਚੀ ਸਰਨਾ । ਗੁਰਮੁਖ ਵਿਰਲੇ ਲਾਗ ਤਰਨਾ । ਜਾਗਣ ਭਾਗ ਨਾ ਕਲਜੁਗ ਡਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਹਿੰਸਾ ਰੋਗ ਨਿਵਾਰਨਾ । ਆਪ ਮਿਟਾਏ ਆਪ ਬੁਝਾਏ ਤ੍ਰਿਸ਼ਨਾ ਲੱਗੀ ਆਗ । ਸਚ ਤਖ਼ਤ ਸਚ ਸਰਕਾਰਿਆ । ਸਚ ਸਿੰਘਾਸਣ ਹਰਿ ਡੇਰਾ ਲਾ ਰਿਹਾ । ਸ੍ਰਿਸ਼ਟ ਸਬਾਈ ਕਰੇ ਦਾਸਨ ਦਾਸ, ਹਰਿ ਅਚਰਜ ਖੇਲ ਵਰਤਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪੂਰਨ ਕਰਮ ਆਪ ਕਮਾ ਰਿਹਾ । ਸਿੰਘਆਸਣ ਹਰਿ ਆਪ ਸੁਹਾਇਆ । ਪਾਰਬ੍ਰਹਮ ਹਰਿ ਸ਼ਬਦ ਜੋਤ ਜੋਤ ਸਰੂਪੀ ਜੋਤ ਜਗਾਇਆ । ਦੁਸ਼ਟ ਦੁਰਾਚਾਰ ਵਡ ਵਡ ਹੰਕਾਰ, ਪ੍ਰਭ ਸਾਚਾ ਆਦਿ ਜੁਗਾਦਿ ਨਸ਼ਟ ਕਰਦਾ ਆਇਆ । ਸਤਿਜੁਗ ਸਾਚੇ ਕੈਂਟਬ ਦੈਤ ਸੁਧਾਰ ਵਿਚੋਂ ਪਾਤਾਲ ਪ੍ਰਭ ਧਰਤੀ ਉਪਰ

ਫੇਰ ਲਿਆਇਆ । ਅਚਰਜ ਖੇਲ ਹਰਿ ਬਨਵਾਰੀ । ਦੂਤਾਂ ਦੁਸ਼ਟਾਂ ਕਰੇ ਸੰਘਾਰੀ । ਜਿਉਂ ਸੁੰਭ ਨਿਸ਼ੁੰਭ ਹੋਏ ਹੰਕਾਰੀ । ਅਸ਼ਟਭੁਜ ਹਰਿ ਜੋਤ ਧਰ, ਆਏ ਸਿੰਘ ਅਸਵਾਰੀ । ਰਣ ਭੂਮੀ ਹਰਿ ਆਪ ਬਣਾਏ, ਚਰਨ ਗੱਦਾ ਖੰਡਾ ਚੱਕਰ ਸੁਦਰਸ਼ਨ ਹੱਥ ਘੁੰਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾਂ ਜੁਗ ਦੂਤਾਂ ਦੁਸ਼ਟਾਂ ਕਰੇ ਖਵਾਰੀ । ਸਚ ਸਿੰਘਾਸਣ ਹਰਿ ਆਪ ਸੁਹਾਏ । ਸਾਚੀ ਜੋਤੀ ਪ੍ਰਕਾਸ਼ਨਾ ਸਾਚਾ ਰੰਗ ਵਿਚ ਮਾਤ ਦੇ ਲਾਏ । ਸਾਚਾ ਸ਼ਬਦ ਸਰਬ ਥਾਈਂ ਹਰਿ ਰੱਖੇ ਵਾਸਨਾ ਮਾਰ ਜਗਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰ ਦੁਸ਼ਟਾਂ ਜਾਏ ਸੰਘਾਰ ਜਿਉਂ ਰਾਮਾ ਰਾਵਣ ਘਾਏ । ਵੇਲਾ ਅੰਤ ਹਰਿ ਆਪ ਵਿਚਾਰਦਾ । ਮਾਤ ਲੋਕ ਵਿਚ ਜਾਮਾ ਧਾਰਦਾ । ਜਿਉਂ ਰਾਮਾ ਸਪੁੱਤਰ ਦਸਰਥ ਸੱਚੀ ਸਰਕਾਰ ਦਾ । ਜੋਤੀ ਜੋਤ ਸਰੂਪ ਹਰਿ, ਦੂਤਾਂ ਦੁਸ਼ਟਾਂ ਆਣ ਸੰਘਾਰਦਾ । ਜਾਮਾ ਧਾਰ ਰਾਮ ਅਵਤਾਰ । ਅਚਰਜ ਖੇਲ ਕਰੇ ਕਰਤਾਰ । ਵਿਚ ਸੰਸਾਰ ਅੰਤਮ ਅੰਤ ਕਰੇ ਰਾਵਣ ਦੁਸ਼ਟ ਸੰਘਾਰ । ਜੋਤੀ ਜੋਤ ਸਰੂਪ ਹਰਿ, ਵਿਚ ਮਾਤ ਜੋਤ ਧਰ, ਤਰੇਤਾ ਜੁਗ ਕਰਾਏ ਪਾਰ । ਤਰੇਤਾ ਜੁਗ ਤ੍ਰਿਆ ਕਰਾਏ । ਸਾਚਾ ਪੀਆ ਇਹ ਬਣਤ ਬਣਾਏ । ਆਪਣਾ ਹੀਆ ਆਪ ਕਰਾਏ । ਬੇਮੁਖ ਰਾਵਣ ਬੀਜ ਜੋ ਬੀਆ, ਆਪਣੀ ਹੱਥੀਂ ਹਰਿ ਦੇ ਸਜਾਏ । ਫੜ ਫੜ ਜਾਏ ਨੱਥੀ ਖੰਡ ਖੰਡ ਹਰਿ ਆਪ ਕਰਾਏ । ਜੋਤੀ ਜੋਤ ਸਰੂਪ ਹਰਿ, ਰਾਮ ਅਵਤਾਰ ਸਚ ਤਖ਼ਤ ਤਾਜ ਤਾਜ ਭਬੀਖਣ ਆਪ ਦਵਾਏ । ਤਰੇਤਾ ਅੰਤ ਨਿਖੁੱਟੇ ਭਾਗ । ਦਵਾਪਰ ਵਿਚ ਮਾਤ ਉਠਿਆ ਜਾਗ । ਅੰਤਮ ਜੁਗ ਜੀਆਂ ਜੰਤਾਂ ਤਨ ਲੱਗੀ ਆਗ । ਕਿਸੇ ਨਾ ਧੋਏ ਪਾਪਾਂ ਦਾਗ । ਰਿੱਖ ਮੁਨ ਜਪੀ ਤਪੀ ਹਠੀ ਸਤੀ ਸਾਰੇ ਗਏ ਭਾਗ । ਜੋਤੀ ਜੋਤ ਸਰੂਪ ਹਰਿ, ਕਾਹਨਾ ਕ੍ਰਿਸ਼ਨਾ ਮਾਧਵ ਮਾਧ ਵਿਚ ਮਾਤਲੋਕ ਲਗਾਏ ਭਾਗ । ਜਾਮਾ ਧਾਰੇ ਮਾਤ ਘਨਈਆ । ਦਵਾਪਰ ਆਪ ਡੁਬਾਏ ਅੰਤਮ ਨਈਆ । ਕਰੇ ਖੇਲ ਬਣ ਸੱਜਣ ਸੁਹੇਲ, ਆਪ ਬਣਾਏ ਸਰਬ ਸਈਆਂ । ਜੋਤੀ ਜੋਤ ਸਰੂਪ ਹਰਿ, ਪੰਜੇ ਪਾਂਡੋਂ ਭੇਵ ਖੁਲ੍ਹਾਈਆ । ਪ੍ਰਭ ਅਬਿਨਾਸ਼ੀ ਤੇਰੀ ਮਾਇਆ । ਤੇਰਾ ਭੇਵ ਆਦਿ ਜੁਗਾਦਿ ਕਿਸੇ ਨਾ ਪਾਇਆ । ਭਾਈਆਂ ਸੰਗ ਭਾਈ ਹੱਥੀਂ ਆਪਣੀ ਆਣ ਲੜਾਇਆ । ਇਕਨਾ ਮੱਤ ਪਾਏ ਉਪੱਠੀ, ਇਕਨਾ ਆਪਣੇ ਲੜ ਲਾਇਆ । ਧਰਮ ਪੁੱਤ ਕਿਸੇ ਬਣਾਇਆ । ਆਤਮ ਹੰਕਾਰ ਕਿਸੇ ਰਖਾਇਆ । ਸਾਚਾ ਸ਼ਬਦ ਨਿਸ਼ਾਨ ਖੰਡਾ ਦੋ ਧਾਰ ਆਪ ਚਲਾਇਆ । ਪਾਂਚੋ ਪਾਂਡੋ ਦੇ ਗਿਆਨ, ਦਰਯੋਧਨ ਬੇਮੁਖ ਆਪ ਕਰਾਇਆ । ਪ੍ਰਭ ਅਬਿਨਾਸ਼ੀ ਤੇਰੀ ਮਹਿੰਮਾ ਮਹਾਨ, ਦਵਾਪਰ ਅੰਤਮ ਅੰਤ ਕਰਨ ਦਾ, ਆਪਣੀ ਹੱਥੀਂ ਖੇਲ ਰਚਾਈਆ । ਵਾਹ ਵਾਹ ਵਾਹ ਤੇਰਾ ਰੰਗ ਕ੍ਰਿਸ਼ਨ ਭਗਵਾਨ, ਆਪ ਅਰਜਨ ਰਥ ਚਲਾਇਆ । ਮਹਾਂਸਾਰਥੀ ਆਪ ਅਖਵਾਇਆ । ਮਹਾਂਸਾਰਥੀ ਹੋ ਰਥ ਚਲਾਏ । ਆਪਣੇ ਹੱਥ ਨਾ ਕਟਾਰ ਉਠਾਏ । ਏਕਾ ਸਾਚਾ ਹੱਥ ਭਗਤਾਂ ਸਿਰ ਰਖਾਏ । ਭੀਖਮ ਦਰੋਨਾ ਕਰਨ ਸੈਨਾਪਤ ਦਰਯੋਧਨ ਵਡ ਵਡ ਹੰਕਾਰ ਰਖਾਏ । ਆਪੇ ਜਾਏ ਮਥ, ਮਾਰੇ ਪਾ ਪਾ ਨੱਥ ਨਾ ਕਿਸੇ ਬੁਝ ਬੁਝਾਏ । ਅਛਲ ਛਲ ਆਪ ਕਰਾਏ । ਖਾਲੀ ਹੱਥ ਚਲਾਏ ਰਥ, ਭਰਮ ਭੁਲੇਖੇ ਬਚਨ ਸੁਣਾਏ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਅੰਤਮ ਅੰਤ ਜੁਗ ਆਪਣੇ ਹੱਥ ਰੱਖੇ ਵਡਿਆਏ । ਦਸ ਅਠਾਰਾਂ ਇਹ ਖੇਲ ਰਚਾ ਕੇ । ਸੱਤ ਗਿਆਰਾਂ ਆਪ ਪੜ੍ਹਾ ਕੇ । ਸਰਬ ਹੰਕਾਰਾ ਜਗਤ ਗਵਾ ਕੇ । ਦੁਸ਼ਟ ਦੁਰਾਚਾਰਾਂ ਨਸ਼ਟ ਕਰਾ ਕੇ । ਜਨ ਭਗਤ ਅਧਾਰਾ ਪੰਚਮ ਵਿਚ ਮਾਤ ਜੈ ਜੈ ਜੈਕਾਰ ਕਰਾ ਕੇ । ਸਾਚੇ ਦਰ ਦਾ ਸਾਚਾ ਰਾਜ, ਹੱਥ ਯੁਧਿਸ਼ਟਰ ਦੇਵੇ ਸਾਚਾ ਤਿਲਕ ਲਗਾਏ । ਤ੍ਰੈਲੋਕੀ ਨਾਥ

ਸਗਲਾ ਸਾਥ, ਆਪਣਾ ਆਪ ਨਿਭਾਏ । ਜੋਤ ਸਰੂਪੀ ਜੋਤ ਹਰਿ, ਵਿਚ ਵਿਚੋਲਾ ਬਣ ਆਪ ਮਰਵਾਏ । ਦੋਵੇਂ ਧੜ ਹੇਰਾ ਫੇਰਾ ਬਣਾ ਕੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਰੂਪ, ਕਿਆ ਕੋਈ ਜਾਣੇ ਕਿਆ ਕੋਈ ਪਛਾਣੇ, ਕਲਜੁਗ ਜੀਵ ਅੰਧ ਅੰਧਿਆਣੇ, ਆਪਣੀ ਖੇਲ ਜਾਏ ਵਰਤਾ ਕੇ । ਦਵਾਪਰ ਅੰਤ ਕਰਾਇਆ । ਜਾਦਵ ਬੰਸ ਭੇੜ ਭਿੜਾਇਆ । ਅੰਤਮ ਅੰਤ ਉਹ ਵੀ ਨਸ਼ਟ ਕਰਾਇਆ । ਏਕਾ ਇਸ਼ਟ ਆਪਣਾ ਨਾਉਂ ਰਖਾਇਆ । ਸ੍ਰਿਸ਼ਟ ਸਬਾਈ ਅਠਾਰਾਂ ਧਿਆਏ ਗੀਤਾ ਰਸਨ ਅਲਾਇਆ । ਮੋਹਣ ਮੁਰਾਰੀ ਕ੍ਰਿਸ਼ਨ ਗਿਰਧਾਰੀ ਆਪਣਾ ਕਰਮ ਕਮਾਇਆ । ਜੁਗੋ ਜੁਗ ਹਰਿ ਸਾਚਾ ਵਿਚ ਮਾਤ ਜਾਮਾ ਧਾਰ ਪ੍ਰਗਟ ਹੋਏ ਆਇਆ । ਦੁਆਪਰ ਅੰਤਮ ਅੰਤ ਵਿਚ ਮਾਤ ਕਰਾਇਆ । ਕਲਜੁਗ ਜੂਠੇ ਝੂਠੇ ਜਾਮਾ ਵਿਚ ਮਾਤ ਦੇ ਧਰਿਆ । ਜੂਠਾ ਝੂਠਾ ਸਾਚਾ ਵਰ ਵਰਿਆ । ਅੰਤਮ ਅੰਤ ਪ੍ਰਭ ਸਾਚਾ ਕੂਠ ਬੇੜਾ ਡੋਬੇ ਭਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤਲੋਕ ਦੇ ਧਰਿਆ । ਜਾਮਾ ਵਿਚ ਮਾਤਲੋਕ ਹਰਿ ਧਾਰ । ਅਚਰਜ ਵਰਤੇ ਵਰਤਾਵੇ ਖੇਲ ਕਰਤਾਰ । ਗੁਰਸਿਖ ਦੇ ਮੱਤ ਸਮਝਾਵੇ, ਆਤਮ ਸਾਚੀ ਬੂਝ ਬੁਝਾਵੇ ਗੁਰ ਦਰ ਲਿਆਵੇ ਚੜ੍ਹਾਏ ਭੇਟ ਇਕ ਕਟਾਰ । ਸਾਚਾ ਦਿਵਸ ਆਣ ਸੁਹਾਏ, ਸਿੰਘ ਆਸਣ ਪ੍ਰਭ ਸਾਚਾ ਡੇਰਾ ਲਾਏ । ਸ੍ਰਿਸ਼ਟ ਸਬਾਈ ਗੁਰ ਪ੍ਰਸ਼ਾਦੀ ਗੁਰ ਪ੍ਰਸਾਦ ਕਰ ਕੱਚੀ ਕੱਕੜੀ ਭੇਟ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਸਾਚੇ ਲੇਖੇ ਲਾਏ । ਚਾਰ ਕੱਕੜੀ ਭੇਟ ਚੜ੍ਹਾਈ । ਜਿਉਂ ਦਲ ਮੱਕੜੀ, ਪ੍ਰਭ ਸਾਚਾ ਚਾਰ ਕੁੰਟ ਦੇ ਉਠਾਈ । ਆਪਣੇ ਹੱਥ ਫੜੇ ਸੋਹੰ ਸਾਚੀ ਤੱਕੜੀ, ਸਿੰਘ ਆਸਣ ਬੈਠਾ ਦੇਵੇ ਤੁਲਾਈ । ਕਿਸੇ ਹੱਥ ਨਾ ਆਵੇ ਮੁੱਠ ਮੁੱਠ ਲਕੜੀ, ਖਾਲੀ ਤਨ ਇਹ ਦੇਵੇ ਜਲਾਈ । ਸ਼ਬਦ ਅੰਧੇਰੀ ਝੱਖ ਝੱਖੜੀ, ਅੰਧ ਅੰਧੇਰ ਹੋ ਜਾਈ । ਕੋਈ ਨਾ ਦੀਸੇ ਕਿਸੇ ਬਾਂਹ ਪਕੜੀ, ਸ੍ਰਿਸ਼ਟ ਸਬਾਈ ਏਕਾ ਭੇੜ ਭਿੜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਆਸਣ ਬੈਠ ਸ੍ਰਿਸ਼ਟ ਸਬਾਈ ਆਪ ਹਿਲਾਈ । ਉਤਰ ਦਿਸ਼ਾ ਹਰਿ ਵੇਖ ਵਿਚਾਰੇ । ਆਪ ਉਠਾਏ ਏਕਾ ਧਾੜੇ । ਚੜ੍ਹੇ ਧਾੜ ਜਿਉਂ ਦਰਿਆਏ ਹਾੜੇ । ਨਾ ਕੋਈ ਵੇਖੇ ਚੰਗੇ ਮਾੜੇ । ਕੱਟੇ ਵੱਢ ਫਟੇ ਆਪੇ ਪਾੜੇ । ਕਲਜੁਗ ਜੀਆਂ ਦਿਨ ਆਏ ਮਾੜੇ । ਨਾ ਕੋਈ ਸਕੇ ਸੰਭਾਲ, ਲਾੜੀਆਂ ਛੱਡਣ ਲਾੜੇ । ਘਰ ਘਰ ਫਿਰਨ ਕੰਗਾਲ, ਨਾ ਪੱਲੇ ਕਿਸੇ ਭਾੜੇ । ਕਿਸੇ ਫੱਲ ਨਾ ਲੱਭੇ ਡਾਰ, ਪ੍ਰਭ ਸ਼ਬਦ ਅੰਧੇਰੀ ਸਾਰੇ ਝਾੜੇ । ਪ੍ਰਭ ਅਬਿਨਾਸ਼ੀ ਤੇਰੀ ਕੋਈ ਨਾ ਝੱਲੇ ਝਾਲ, ਸਿੰਘ ਆਸਣ ਬੈਠਾ ਆਪ ਚਬਾਏ ਆਪਣੀ ਦਾੜ੍ਹੇ । ਸ੍ਰਿਸ਼ਟ ਸਬਾਈ ਆਰ ਪਾਰ । ਚੌਥੀ ਕੂਟ ਹੋਈ ਖਵਾਰ । ਮੂੰਡ ਮੁੰਡਾਏ ਨਾ ਕੋਈ ਦੀਸੇ ਸਿੱਖ ਸਰਦਾਰ । ਸ੍ਰਿਸ਼ਟ ਸਬਾਈ ਆਈ ਹਾਰ । ਗਲ ਗਲ ਲਟਕਣ ਘਰ ਘਰ ਟੰਗਣ ਲੱਥੇ ਸੀਸ ਕੋਈ ਨਾ ਸਕੇ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਤੇਰੀ ਵਰਤੇ ਕੀ ਵਰਤਾਰ । ਬੇਮੁਖਾਂ ਸੀਸ ਆਪ ਕਟਾਇਆ । ਧਰਤ ਮਾਤ ਤੇਰੀ ਗੋਦ ਵਿਚ ਆਪ ਸਵਾਇਆ । ਕਲਜੁਗ ਮਿਟਾਏ ਅੰਧੇਰੀ ਰਾਤ, ਬੇਮੁਖ ਕੋਈ ਰਹਿਣ ਨਾ ਪਾਇਆ । ਗੁਰਮੁਖ ਸਾਚੇ ਵੇਖ ਮਾਰ ਝਾਤ, ਸੋਹੰ ਤੇਰੇ ਵਿਚ ਟਿਕਾਇਆ । ਆਪ ਰਖਾਏ ਆਪਣਾ ਬਿਰਦ ਦਿਵਸ ਰੈਣ ਪਹਿਰੇਦਾਰ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸੱਚੀ ਸਰਨਾਇਆ । ਉਤਰ ਦਿਸ਼ਾ ਉਠੇ ਦਲ । ਵਹਿੰਦੇ ਵਹਿਣ ਵਾਂਗੂ ਆਏ ਚਲ । ਕੋਈ ਨਾ ਰੋਕੇ ਨਾ ਕੋਈ ਸਕੇ ਠਲ । ਨਾ ਕੋਈ ਮਾਰ ਸਕੇ ਝੱਲ । ਏਕਾ ਸ਼ਬਦ ਹੋਏ ਖੰਡਾ ਦੋ ਧਾਰੀ ਆਪ ਕਟਾਏ ਕੱਟੇ ਕੱਟ ਕੱਟ ਫੱਟ ਫੰਟ ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਕਵਣ ਸਕੇ ਵਕਤ ਸੰਭਾਲ । ਕਿਸ ਵਕਤ ਸੰਭਾਲਨਾ ਕਿਸ ਗੋਦ ਉਠਾਲਣਾ । ਸ੍ਰਿਸ਼ਟ ਸਬਾਈ ਆਪਣਾ ਮੂਲ ਗਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਆਪ ਸੱਚੀ ਪਾਲਣਾ । ਪੱਛਮ ਦਿਸ਼ਾ ਵੇਖ ਵਿਚਾਰ । ਆਪਣੇ ਹੱਥ ਫੜੇ ਕਟਾਰ । ਈਸਾ ਮੂਸਾ ਮੁਹੰਮਦੀ ਪ੍ਰਭ ਕਰੇ ਖਵਾਰ । ਏਕਾ ਸ਼ਬਦ ਕਟਾਏ ਜਿਉਂ ਸਾਬਣ ਤਾਰ । ਆਪਣਾ ਭਾਣਾ ਹਰਿ ਵਰਤਾਏ ਨਾ ਕੋਈ ਸਕੇ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲੰਘਾਏ ਏਕਾ ਧਾਰ । ਆਪਣੀ ਕਾਰ ਆਪ ਕਰਾਏ । ਪੱਛਮ ਦਿਸ਼ਾ ਮਾਰ ਕਰਾਏ । ਚਿਟ ਰੰਗੀਆਂ ਫਰੰਗੀਆਂ ਪ੍ਰਭ ਸਾਚੇ ਦੇ ਸਜਾਏ । ਫਿਰਨ ਪੈਰੀਂ ਨੰਗੀਆਂ ਕੁਰਲਾਇਣ ਨਾ ਹੋਏ ਕੋਈ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਭਾਣਾ ਆਪ ਵਰਤਾਏ । ਭਾਣਾ ਹਰਿ ਵਰਤਾਵਣਾ । ਤਖਤ ਤਾਜ ਰਾਜ ਸਭ ਨਸ਼ਟ ਕਰਾਵਣਾ । ਸਾਜ ਬਾਜ ਕਿਸੇ ਰਹਿਣ ਨਾ ਪਾਵਣਾ । ਝੂਠ ਕਾਜ ਨਸ਼ਟ ਹੋ ਜਾਵਣਾ । ਸਾਚਾ ਰਾਜ ਪ੍ਰਭ ਸਾਚੇ ਆਪਣੇ ਚਰਨ ਦਵਾਵਣਾ । ਧੰਨ ਧੰਨ ਧੰਨ ਦੇਸ ਮਾਝਾ ਪ੍ਰਭ ਅਬਿਨਾਸ਼ੀ ਜੋਤ ਤੇਰੇ ਵਿਚ ਜਗਾਵਣਾ । ਗੁਰਮੁਖ ਸਾਚੇ ਸੰਤ ਜਨਾਂ ਸਿਰ ਉਪਰ ਹੱਥ ਟਿਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸ਼ਬਦ ਸਰੂਪੀ ਅਵਾਜ਼ ਆਪ ਲਗਾਵਣਾ । ਪੂਰਬ ਤੇਰਾ ਪੂਰਾ ਹੋਇਆ ਲਹਿਣਾ । ਔਖਾ ਹੋਇਆ ਅੱਗੇ ਦੇਣਾ । ਕਲਜੁਗ ਅੰਤਮ ਅੰਤ ਵਿਚ ਮਾਤ ਨਾ ਰਹਿਣਾ । ਵੇਖ ਵੇਖ ਵੇਖ ਪ੍ਰਭ ਬਣਾਏ ਸਾਚੀ ਬਣਤ ਸਿਰ ਧੜ ਧੜ ਸੀਸ ਇਕੱਠਾ ਨਾ ਰਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਤ ਝੜ ਝੜ ਪਤ ਆਪ ਕਰਾਵਣਾ । ਧੜਾਂ ਉਪਰ ਲੱਥੇ ਸੀਸ । ਕਰੇ ਕਰਾਏ ਆਪ ਜਗਦੀਸ਼ । ਸ੍ਰਿਸ਼ਟ ਸਬਾਈ ਜਾਏ ਪੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਕਰੇ ਤੇਰੀ ਰੀਸ । ਤੀਜੀ ਕੂਟ ਵੇਖ ਵਿਚਾਰੀ । ਅੰਤਮ ਕਰੇ ਪ੍ਰਭ ਖਵਾਰੀ । ਚੀਨਾ ਤੇਰੀ ਸਚ ਸਿਕਦਾਰੀ । ਪ੍ਰਭ ਅਬਿਨਾਸ਼ੀ ਰਸਨਾ ਚੀਨਾ ਘਰ ਸਾਚਾ ਮਾਣ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਖ ਕਰੇ ਕਰਤਾਰੀ । ਦੱਖਣਾ ਦਿਸ਼ਾ ਦੁੱਖ ਨਾ ਲਾਗੇ । ਪ੍ਰਭ ਪੂਰੀ ਕਰੇ ਇਛਿਆ ਪੂਰਨ ਭਾਗੇ । ਹਰਿ ਸਾਚੀ ਪਾਏ ਭਿਛਿਆ ਜੋ ਜਨ ਸੋਏ ਜਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਕਰਾਏ ਦਿਵਸ ਰੈਣ ਸਦ ਜਾਗੇ । ਚਾਰ ਕੁੰਟ ਚੋਰ ਯਾਰੀ । ਪ੍ਰਭ ਅਬਿਨਾਸ਼ੀ ਵੇਖ ਵਿਚਾਰੀ । ਆਪੇ ਕਰੇ ਸਰਬ ਖਵਾਰੀ । ਨੌਂ ਖੰਡ ਪ੍ਰਿਥਮੀ ਪ੍ਰਭ ਸਾਚਾ ਖੇਲ ਖਲਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੂਏ ਬਾਜੀ ਹਾਰੀ । ਅਛਲ ਛਲ ਹਰਿ ਆਪ ਕਰਾਵਣਾ । ਆਪਣਾ ਭੇਵ ਹਰਿ ਛੁਪਾਵਣਾ । ਗੁਰਮੁਖ ਸਾਚੇ ਕਲਜੁਗ ਵਿਰਲੇ ਸੇਵ ਲਗਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜਿਨ ਜਨ ਸਾਚੇ ਸਤਿਜੁਗ ਮਾਣ ਦਵਾਵਣਾ । ਖਿਚ ਕਟਾਰ ਕੀਆ ਵਿਹਾਰਾ । ਜੋ ਕੁਛ ਵਰਤੇ ਵਿਚ ਸੰਸਾਰਾ । ਲਿਖਾਏ ਲੇਖ ਆਪ ਗਿਰਧਾਰਾ । ਸਿੰਘ ਆਸਣ ਬੈਠਾ ਰਿਹਾ ਵੇਖ, ਤੀਨ ਲੋਕ ਹਰਿ ਕਰੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਾਚਾ ਸ਼ਬਦ ਆਪ ਚਲਾਏ ਨੌਂ ਖੰਡ ਪ੍ਰਿਥਮੀ ਖੰਡਾ ਦੋ ਧਾਰਾ । ਖੰਡਾ ਦੋ ਧਾਰ ਧਰਮ ਦੀ ਧੁਜ । ਪ੍ਰਭ ਅਬਿਨਾਸ਼ੀ ਰਾਹ ਸਾਚਾ ਗਿਆ ਸੁਝ । ਕਲਜੁਗ ਗਿਆ ਬੀਤ ਅੱਗੇ ਰਿਹਾ ਨਾ ਕੁਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ ਚਰਨ ਕਵਲ ਹਰਿ ਗਿਆ ਲੁਝ । ਚੰਡੀ ਚਮਕੇ ਚਮਕ ਡਰਾਵਣੀ । ਕਲਜੁਗ ਤੇਰੀ ਪੂਰ ਕਰਾਏ ਪ੍ਰਭ ਸਾਚਾ ਭਾਵਨੀ । ਵੇਲੇ ਅੰਤਮ ਅੰਤਕਾਲ ਨਾ ਕੋਈ ਛੁਡਾਵੇ ਨਾ ਕੋਈ ਦੇਵੇ ਜਾਮਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ


੨੦੭
੦੩

ਸਰਨ ਚਰਨ ਲਾਗ ਤੇਰੀ ਪੂਰ ਕਰਾਏ ਭਾਵਨੀ । ਲੱਗੋ ਚਰਨ ਕੱਟੇ ਫੰਦ । ਵੇਲਾ ਅੰਤਕਾਲ ਹੋਏ ਅੰਧ । ਕਲਜੁਗ ਤੁਟਾ ਰਸਨਾ ਕੱਚਾ ਤੰਦ । ਸਤਿਜੁਗ ਚੜ੍ਹਾਏ ਸਤਿਗੁਰ ਸਾਚਾ ਵਿਚ ਮਾਤ ਸਾਚਾ ਚੰਦ । ਗੁਰਮੁਖਾਂ ਖ਼ੁਸ਼ੀ ਵਖਾਏ ਸਾਚਾ ਨਾਮ ਜਪਾਏ, ਦਿਵਸ ਰੈਣ ਹਰਿ ਦਰਸ ਦਿਖਾਏ, ਆਪ ਰਖਾਏ ਵਿਚ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਜਨ ਭਗਤਾਂ ਸਦਾ ਬਖ਼ਸ਼ਿੰਦ । ਬਖ਼ਸ਼ੇ ਹਰਿ ਹਰਿ ਭਗਵੰਤਾ । ਸਦਾ ਸਹਾਈ ਸਾਧਾਂ ਸੰਤਾਂ । ਮਾਤ ਜੋਤ ਪ੍ਰਗਟਾਈ, ਗੁਰਮੁਖਾਂ ਮਨ ਵਧਾਈ, ਪ੍ਰਭ ਸਾਚਾ ਲਏ ਛੁਡਾਈ ਆਦਿਨ ਅੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਆਪ ਬਣਾਏ ਸਾਚੀ ਬਣਤਾ । ਸਚ ਬਣਤ ਹਰਿ ਦਏ ਬਣਾਈ । ਪ੍ਰਭ ਅਬਿਨਾਸ਼ੀ ਸਾਚਾ ਕੰਤ ਗੁਰਮੁਖਾਂ ਹੋਏ ਸਹਾਈ । ਆਪ ਪਛਾੜੇ ਚਬਾਏ ਆਪਣੀ ਦਾੜ੍ਹੇ ਵਡ ਵਡ ਦੇਵ ਦੰਤ, ਕੋਈ ਵਿਚ ਮਾਤ ਰਹਿਣ ਨਾ ਪਾਈ । ਭੁੱਲੇ ਸਰਬ ਜੀਵ ਜੰਤ, ਨਾ ਕੋਈ ਅੰਤ ਛੁਡਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਤ ਲਏ ਬਚਾਈ । ਸ਼ਬਦ ਅੰਧੇਰ ਕੂੜ ਤੁਫਾਨ । ਏਕਾ ਆਪ ਕਰਾਏ ਬਲੀ ਬਲਵਾਨ । ਅੰਧ ਅੰਧੇਰ ਸ੍ਰਿਸ਼ਟ ਹੋ ਜਾਏ ਨੇਤਰ ਨਾ ਕੋਈ ਵੇਖੇ ਨਾ ਕੋਈ ਸੁਣੇ ਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਰੇ ਵਾਲੀ ਦੋ ਜਹਾਨ । ਆਪੇ ਬਣੇ ਅਮਾਮ ਮਹਿੰਦੀ ਵਡ ਮੁਲਾਨਾ । ਗਲ ਪਾਈ ਮਣਕਾ ਤਸਬੀ, ਬਗਲ ਪਕੜੇ ਆਪ ਕੁਰਾਨਾ । ਆਪੇ ਬਣੇ ਸ਼ੇਖ਼ ਮੁਸਾਇਕ, ਆਪੇ ਪਹਿਨੇ ਮੁਹੰਮਦੀ ਬਾਣਾ । ਸ੍ਰਿਸ਼ਟ ਸਬਾਈ ਏਕਾ ਸਾਚਾ ਨਾਇਕ, ਅਚਰਜ ਰੰਗ ਹਰਿ ਵਰਤਾਣਾ । ਭੇਵ ਨਾ ਪਾਏ ਕੋਈ ਸ਼ੇਖ਼ ਮੁਸਾਇਕ, ਪੀਰ ਫ਼ਕੀਰਾਂ ਦਸਤਗੀਰਾਂ ਨਾ ਕੋਈ ਕਰੇ ਪਛਾਣਾ । ਚਾਰ ਯਾਰ ਸੰਗ ਮੁਹੰਮਦ ਚੁਕਿਆ ਪੀਣਾ ਖਾਣਾ । ਵੇਲਾ ਅੰਤਮ ਆਣ ਢੁਕਿਆ, ਮਾਤ ਜੋਤ ਪ੍ਰਗਟਾਏ ਹਰਿ ਦਾਨਾ ਬੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਂਤਕ ਸਾਂਤ ਕਰੇ ਸੀਨਾ । ਹੱਥ ਮੁਸੱਲਾ ਬਗਲ ਕੁਰਾਨ । ਭੇਖ ਧਾਰੇ ਸ੍ਰੀ ਭਗਵਾਨ । ਏਕਾ ਸਜਦਾ ਚਾਰ ਕੁੰਟ ਕਰਾਏ ਲਗਾਏ ਆਪਣੀ ਸਰਨ ਚਰਨ ਧਿਆਨ । ਰੋਜ਼ਾ ਨਿਮਾਜ਼ ਬਾਂਗ ਝੂਠਾ ਸਾਂਗ ਪ੍ਰਭ ਸਾਚਾ ਦਏ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸਵਾਂਗੀ ਸਵਾਂਗ ਆਪਣਾ ਸਵਾਂਗ ਰਿਹਾ ਰਚਾਏ । ਸਵਾਂਗੀ ਸਵਾਂਗ ਵਡ ਸ਼ੈਤਾਨੀਆਂ । ਗਲ ਫੂਲਣ ਮਾਲਾ ਪਾਏ ਜਿਉਂ ਮੁਲਾਂ ਮਣਕੇ ਗਾਨੀਆਂ । ਬੇਮੁੱਖਾਂ ਆਪ ਖਪਾਏ ਕਲਜੁਗ ਕਰਦੇ ਰਹੇ ਬਦ ਦਿਆਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਕਲਜੁਗ ਤੇਰੀਆਂ ਆਈਆਂ ਅੰਤ ਨਿਸ਼ਾਨੀਆਂ । ਪੀਰ ਦਸਤਗੀਰਾਂ ਹੋਣ ਵਹੀਰਾਂ । ਅਹਿਮਦ ਮੁਹੰਮਦ ਨਾ ਕੋਈ ਦੇਵੇ ਧੀਰਾ । ਕੁਤਬ ਗੌਂਸ ਨਾ ਕੋਈ ਮਾਰੇ ਧੌਂਸ ਸਭ ਫਿਰਨ ਵਾਂਗ ਹਕੀਰਾਂ । ਅਯਾਸ ਅਬਲੀਸ ਐਲੀਸ਼ਾਹ ਸਭ ਦੇ ਲੱਥੇ ਚੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਆਸਣ ਬੈਠ ਖਿੱਚ ਚਲਾਇਆ ਤੀਰਾ । ਰਸਨਾ ਤੀਰ ਚਲਾਇਆ ਖਿੱਚ । ਲੱਗਾ ਮੱਕੇ ਮਦੀਨੇ ਵਿੱਚ । ਬੇਮੁਖ ਪਕੜੇ ਪਕੜ ਪਛਾੜੇ ਦਰ ਦਰ ਫਿਰਾਏ ਜਿਉਂ ਕਲੰਦਰ ਹੱਥ ਰਿਛ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਰਗਹਿ ਦਰ ਦੁਰਕਾਰੇ ਖਾਣ ਪੀਣ ਨਾ ਦੇਵੇ ਕਿਛ । ਸਾਚੀ ਬਿਧ ਕਰੇ ਬਿਧਨਾਨਾ । ਉਮਤ ਨਬੀ ਰਸੂਲ ਦੀ ਹੱਥ ਬੱਧਾ ਗਾਨਾ । ਅੰਤਮ ਅੰਤ ਅੰਤਕਾਲ ਆ ਗਿਆ, ਬਾਂਹੋ ਪਕੜ ਆਪ ਕਰਾਏ ਇਸ਼ਨਾਨਾ । ਗੋਦ ਮੌਤ ਸਵਾਲ ਕੇ, ਪ੍ਰਭ ਸਾਚਾ ਕਰਮ ਕਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਫੇਰ ਅਖਵਾਣਾ । ਚਾਰ ਯਾਰੀ ਜਾਏ ਮੁੱਕ । ਜਗਤ ਖਵਾਰੀ

ਜਾਏ ਰੁਕ । ਸਚ ਸਚਿਆਰੀ ਨੇੜੇ ਆਵੇ ਢੁਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਮੁਖ ਪਾਏ ਥੁਕ । ਬੇਮੁਖਾਂ ਸਿਰ ਪਾਈ ਸ਼ਾਰ । ਝੂਠਾ ਕੀਆ ਜਗਤ ਵਿਹਾਰ । ਸਚ ਕਰ ਮੰਨਿਆਂ ਜੋ ਘਰ ਬਾਹਰ । ਵੇਲੇ ਅੰਤ ਪ੍ਰਭ ਸਾਚੇ ਭਾਂਡਾ ਭੰਨਿਆ, ਜਿਸ ਸੰਗ ਕਰੇ ਪਿਆਰ । ਧਰਮ ਰਾਏ ਦਰ ਜਾਏ ਬੰਧਿਆ, ਨਾ ਕੋਈ ਸਕੇ ਖੁਲ੍ਹਾਰ । ਬੇਮੁਖ ਚਰਾਗ ਅੰਧਿਆ ਕਿਉਂ ਰਿਹਾ ਹਰਿ ਵਿਸਾਰ । ਤੇਰੇ ਘਰ ਰਹਿਣਾ ਨਾ ਥਾਲੀ ਛੰਨਿਆਂ, ਕਿਉਂ ਰਿਹਾ ਵਸਤ ਸੰਭਾਲ । ਭਾਰ ਚੁਕਣਾ ਨਾ ਮਿਲੇ ਬੰਨ੍ਹਿਆਂ, ਪ੍ਰਭ ਮਾਰੇ ਸ਼ਬਦ ਹੁਲਾਰ । ਉਖੜੇ ਜੜ੍ਹ ਜਿਉਂ ਗੰਨਾ ਭੰਨਿਆ, ਪ੍ਰਭ ਏਕਾ ਦਏ ਹੁਲਾਰ । ਬੇਮੁਖ ਜੀਵ ਪ੍ਰਭ ਸਾਚੇ ਡੰਨਿਆ, ਨਾ ਕੀਆ ਕਿਸੇ ਉਧਾਰ । ਗੁਰਮੁਖ ਤੇਰੀ ਵਡਿਆਈ ਧੰਨ ਧੰਨ ਧੰਨਯਾ, ਗੁਰ ਚਰਨ ਕੀਆ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਕਾਲ ਕਲਜੁਗ ਤੇਰੀ ਆਪੇ ਪਾਏ ਸਾਰ । ਬੇਮੁਖ ਜੀਵ ਬੇਮੁਹਾਣਿਉਂ । ਕਿਉਂ ਭੁੱਲੇ ਜੀਵ ਨਿਧਾਨਿਉਂ । ਕਲ ਬਣ ਗਏ ਬਾਲ ਅੰਞਾਣਿਉਂ । ਵੇਲਾ ਨਾ ਜਾਏ ਟਲ, ਹਰਿ ਭੁੰਨੇ ਜਿਉਂ ਭਠਿਆਲੇ ਦਾਣਿਉਂ । ਆਪ ਭੁਲਾਏ ਕਰ ਵਲ ਛਲ ਵਡ ਵਡ ਸੁਘੜ ਸਿਆਣਿਓ । ਨੀਂਵਦਿਆਂ ਹਰਿ ਦੇਵੇ ਨਾਮ ਸਾਚਾ ਫਲ, ਤੋੜੇ ਆਪ ਸਰਬ ਅਭਿਮਾਨਿਆ । ਪ੍ਰਭ ਅਬਿਨਾਸ਼ੀ ਸਦ ਜਾਓ ਬਲ ਬਲ, ਜਿਸ ਦਾ ਦਿਤਾ ਪੀਣਾ ਖਾਣਿਆ । ਜੋਤੀ ਜੋਤ ਸਰੂਪ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਵਿਸ਼ਨੂੰ ਭਗਵਾਨ ਭਗਤ ਉਧਾਰਨਾ । ਦੇਵੇ ਨਾਮ ਨਿਧਾਨ, ਜਨਮ ਸਵਾਰਨਾ । ਆਤਮ ਬਖ਼ਸ਼ੇ ਸਚ ਧਿਆਨ, ਜੋ ਜਨ ਪ੍ਰਭ ਚਰਨ ਨਿਮਸਕਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਬੇੜ੍ਹਾ ਬੰਨ੍ਹ ਕਰ ਕਿਰਪਾ ਪਾਰ ਉਤਾਰਨਾ । ਪ੍ਰਭ ਅਬਿਨਾਸ਼ੀ ਵੇਦ ਕਤੇਬਾਂ ਬਾਹਿਰਾ । ਸਰਬ ਘਟ ਵਾਸੀ ਕਦੇ ਗੁਪਤ ਕਦੇ ਜਾਹਿਰਾ । ਘਨਕਪੁਰ ਵਾਸੀ ਸੋਹੰ ਸ਼ਬਦ ਲਗਾਏ ਏਕਾ ਨਾਅਰਾ । ਸਾਚੀ ਜੋਤ ਮਾਤ ਪ੍ਰਕਾਸ਼ੀ ਆਪੇ ਬਣਿਆ ਗੁਰ ਪੂਰਾ ਸ਼ਾਇਰਾ । ਮਾਤਲੋਕ ਪ੍ਰਭ ਖੇਲ ਰਚਾਸੀ, ਸ੍ਰਿਸ਼ਟ ਸਬਾਈ ਆਪ ਬਹਾਏ ਘਰ ਵਿਚ ਇਕ ਦਾਇਰਾ । ਲਾੜੀ ਮੌਤ ਗੋਦ ਧਰਤ ਮਾਤ ਸੁਲਾਸੀ, ਝੂਠੇ ਜੂਠੇ ਸਭ ਬਣਾਏ ਕਾਇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਅਚਰਜ ਅਚਰਜ ਖੇਲ ਵਰਤਾਇਰਾ । ਅਚਰਜ ਖੇਲ ਹਰਿ ਵਰਤਾਏ । ਦਰ ਦਰ ਘਰ ਘਰ ਵਡ ਵਡ ਆਪ ਲਟਕਾਏ । ਫੜ ਫੜ ਚੜ੍ਹ ਚੜ੍ਹ ਧੜ ਧੜ ਕੜ ਕੜ ਘਰ ਘਰ ਇੱਟ ਨਾਲ ਇੱਟ ਰਹਿਣ ਨਾ ਪਾਏ । ਧੜਾ ਧੜ ਗੋਲਾ ਗੜ ਆਏ ਹੜ ਕਲਜੁਗ ਕਾਂਗ ਗਈ ਚੜ੍ਹ, ਬੇਮੁਖ ਜੀਵ ਸਰਬ ਰੁੜ੍ਹਾਏ । ਗੁਰਮੁਖਾਂ ਲੜ ਲਏ ਫੜ, ਨਾ ਜਾਇਣ ਹੜ, ਸਚ ਮੰਦਰ ਜਾਇਣ ਵੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸਹਾਏ । ਰਾਮ ਪੁਰਖ ਕਿਰਪਾਲ ਸਰਬ ਦਿਆਲ ਹੈ । ਸੋਹੰ ਦੇਵੇ ਵਸਤ ਸਾਚਾ ਲਾਲ, ਰੱਖਣੀ ਸਦ ਸੰਭਾਲ ਹੈ । ਗੁਰਮੁਖ ਤੇਰੀ ਆਤਮ ਮਾਲਾ ਮਾਲ, ਮਾਤਲੋਕ ਨਾ ਹੋਏ ਕੰਗਾਲ ਹੈ । ਗੁਰ ਪੂਰਾ ਕੱਟੇ ਗਲੋਂ ਜਗਤ ਜੰਜਾਲ, ਸਾਚੇ ਢਾਂਚੇ ਪ੍ਰਭ ਲੈਣਾ ਢਾਲ ਹੈ । ਸਚ ਵਸਤ ਵਿਚ ਰੱਖੇ ਕਾਇਆ ਥਾਲ, ਦੀਪਕ ਜੋਤੀ ਦੇਣੀ ਬਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਏਕਾ ਰਖਵਾਲ ਹੈ । ਏਕਾ ਰਾਖਾ ਧੁਰਦਰਗਾਹੀ । ਸਗਲਾ ਸਾਥੀ ਹਰਿ ਰਥਵਾਹੀ । ਦਿਵਸ ਰੈਣ ਰੈਣ ਦਿਵਸ ਰਿਹਾ ਏਕਾ ਰੰਗ ਰੰਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਆਪ ਬਣਾਈ । ਬਣਤ ਬਣਾਈ ਜਗਤ ਗੁਰ । ਮੇਲ ਮਿਲਾਇਆ ਲਿਖਿਆ ਧੁਰ । ਪ੍ਰਭ ਦਰਸ਼ਨ ਕੇ ਲੋਚਨ ਸੁਰ । ਗੁਰ ਸੰਗਤ ਹਰਿ ਸਾਚਾ ਸੰਗ ਰਲਾ ਕੇ । ਚਰਨ ਛੁਹਾਏ ਸਿੰਘ ਪਾਲ ਤੇਰੇ

ਘਰ ਜਾ ਕੇ । ਸਾਚੇ ਦਰਬਾਰ ਜਾਏ ਬੈਠੇ ਜੋਤ ਜਗਾ ਕੇ । ਜੋ ਬਣਾਇਆ ਵਿਚ ਮਾਤ ਆਪਣੀ ਦੇਹ ਤਜਾ ਕੇ । ਜੋਤ ਧਰਾਈ ਪ੍ਰਭ ਅਬਿਨਾਸ਼ੀ ਸਿੰਘ ਪੂਰਨ ਵਿਚ ਜਾ ਕੇ । ਸਾਧ ਸੰਗਤ ਹੁਕਮ ਸੁਣਾਏ ਪ੍ਰਭ ਆਇਆ ਜੋਤ ਸਰੂਪੀ ਭੇਖ ਵਟਾ ਕੇ । ਗੁਰ ਸੰਗਤ ਬਲ ਬਲ ਜਾਈ ਦਰ ਦਰਬਾਰ ਬਣਾਇਆ ਵੀਹ ਸੌ ਇਕ ਬਿਕ੍ਰਮੀ ਸਾਚੀ ਨੀਂਹ ਰਖਾ ਕੇ । ਪ੍ਰਭ ਸਾਚਾ ਧਾਮ ਬਣਾਇਆ ਦਿਵਸ ਸਤਾਰਾਂ ਸੇਵ ਕਰਾ ਕੇ । ਪ੍ਰੀਤਮ ਸਿੰਘ ਸਿੰਘ ਆਤਮ ਨਾਲ ਰਲਿਆ ਜੀਵਣ ਸਿੰਘ ਆ ਕੇ । ਸੋਹਣ ਸਿੰਘ ਚੱਕ ਛੱਬੀ ਵਿਚੋਂ ਸੇਵਾ ਕੀਤੀ ਆ ਕੇ । ਪਾਲ ਸਿੰਘ ਤੇਰੇ ਸੁੱਤ ਸਪੂਤ ਪ੍ਰਭ ਦਰ ਮੰਗੀ ਮੰਗ ਚਰਨ ਕਵਲ ਸੀਸ ਝੁਕਾ ਕੇ । ਗੁਰਬਖ਼ਸ਼ ਸਿੰਘ ਹਰਨਾਮ ਸੇਵਾ ਕੀਤੀ ਮਨੋ ਲਗਾ ਕੇ । ਪੂਰਨ ਵਿਚ ਪਰਮੇਸ਼ਵਰ ਬੈਠਾ ਆਸਣ ਲਾ ਕੇ । ਸਿੰਘ ਗੁਰਬਖ਼ਸ਼ ਪਿੰਡ ਵਰਿਆਂ ਚੰਦੋਆ ਚੜ੍ਹਾਇਆ ਸਿਰ ਪੜਦਾ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਦਇਆ ਕਮਾ ਕੇ । ਪੰਜ ਰੁਪਏ ਗਿਆ ਭੇਟ ਚੜ੍ਹਾ ਕੇ, ਚੱਕ ਸਤਾਈ ਦੇਵੇ ਵਡਿਆਈ ਆਪਣਾ ਧਾਮ ਫੇਰ ਪ੍ਰਗਟਾ ਕੇ । ਆਪਣਾ ਧਾਮ ਫੇਰ ਪ੍ਰਗਟਾਵਣਾ । ਜੋਤ ਸਰੂਪੀ ਸਾਚਾ ਚਰਨ ਛੁਹਾਵਣਾ । ਸਾਚਾ ਵੇਲਾ ਵਕਤ ਫੇਰ ਲਿਆਵਣਾ । ਸਾਚਾ ਰੰਗ ਹਰਿ ਸਾਚੇ ਲਾਵਣਾ । ਜਿਉਂ ਵੀਹ ਸੌ ਇਕ ਬਿਕ੍ਰਮੀ ਸਤਾਰਾਂ ਹਾੜ ਸਾਚਾ ਖੇਲ ਮਚਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚੇ ਪੁਰ ਲਾਇਲ ਸਾਚਾ ਧਾਮ ਫੇਰ ਸੁਹਾਵਣਾ । ਸਚ ਧਾਮ ਪ੍ਰਭ ਸੁਖਦਾਈ । ਸਚ ਤੀਰਥ ਹਰਿ ਦੇ ਬਣਾਈ । ਅੰਮ੍ਰਿਤ ਸਾਚਾ ਸੀਰਥ ਪ੍ਰਭ ਭਰ ਘਰ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਦੇਵੇ ਵਡਿਆਈ । ਆਪੇ ਦੇ ਵਡਿਆਈਆ । ਨਾ ਪੁੱਛੇ ਕਿਸੇ ਸਲਾਹੀਆ । ਸਦ ਆਪਣੇ ਰੰਗ ਰੰਗਾਈਆ । ਸੰਞ ਸਵੇਰ ਨਾ ਕੋਈ ਬਣਾਈਆ । ਮੇਰ ਤੇਰ ਸਰਬ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਏਕਾ ਏਕ ਸੰਗ ਨਿਭਾਈਆ । ਏਕਾ ਏਕ ਰੰਗ ਰੰਗਾਵਣਿਆ । ਸਾਚਾ ਸਚ ਕਰੇ ਭੇਖ ਵਿਚ ਮਾਤ ਆਵਣ ਜਾਵਣਿਆ । ਚਾਰ ਵਰਨ ਬਣਾਏ ਭੈਣ ਭਰਾਤ, ਊਚ ਨੀਚ ਭੇਖ ਮਿਟਾਵਣਿਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ ਸਾਚਾ ਮੇਘ ਵਰਸਾਵਣਿਆ । ਵਿਚ ਆਤਮ ਬੈਠਾ ਇਕ ਇਕਾਂਤ, ਦੀਪਕ ਜੋਤੀ ਸਚ ਜਗਾਵਣਿਆ । ਗੁਰਮੁਖ ਸਾਚੇ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਸਦ ਤੇਰਾ ਰਾਹ ਤਕਾਵਣਿਆ । ਕਿਉਂ ਭੁੱਲਾ ਡੁੱਲਾ ਰੁੱਲਾ ਕਲਜੁਗ ਅੰਧੇਰੀ ਰਾਤ, ਵੇਲੇ ਅੰਤ ਕਿਥੇ ਮੂੰਹ ਛੁਪਾਵਣਿਆ । ਕੌਣ ਪੁੱਛੇ ਬੇਮੁਖ ਤੇਰੀ ਵਾਤ, ਪ੍ਰਭ ਘਰ ਆਏ ਮਤੀ ਦੇ ਸਮਝਾਵਣਿਆ । ਸਚ ਵਸਤ ਹਰਿ ਦੇਵੇ ਸੋਹੰ ਸਾਚੀ ਦਾਤ, ਘਰ ਝੋਲੀ ਭਰ ਲੈ ਜਾਵਣਿਆ । ਬਿਨ ਗੁਰ ਪੂਰੇ ਅੱਗੇ ਕੋਈ ਨਾ ਪੁੱਛੇ ਵਾਤ, ਧਰਮ ਰਾਏ ਦਰ ਅੱਗੇ ਫਾਂਸੀ ਬਣ ਲਟਕਾਵਣਿਆ । ਕਲਜੁਗ ਜੀਵ ਝੂਠੇ ਧੰਦੇ ਆਤਮ ਅੰਧੇ ਬਿਨ ਹਰਿ ਸਾਚੇ ਨਾ ਕੋਈ ਪਾਰ ਲੰਘਾਵਣਿਆ । ਮਦਿਰਾ ਮਾਸੀ ਪਾਪੀ ਗੰਦੇ ਵੇਲੇ ਅੰਤ ਖਾਏ ਸਜਾਵਣਿਆ । ਗੁਰਮੁਖ ਸਾਚੇ ਆਪ ਬਣਾਏ ਸਾਚੇ ਬੰਦੇ, ਸੋਹੰ ਸਾਚਾ ਨਾਮ ਜਪਾਵਣਿਆ । ਆਪ ਕਟਾਏ ਧਰਮ ਰਾਏ ਦੇ ਫੰਦੇ, ਹਰਿ ਆਪਣੇ ਰੰਗ ਰੰਗਾਵਣਿਆ । ਪ੍ਰਭ ਅਬਿਨਾਸ਼ੀ ਸਦ ਰਸਨਾ ਗਾਓ ਬੱਤੀ ਦੰਦੇ, ਪ੍ਰਭ ਲੱਖ ਚੁਰਾਸੀ ਗੇੜ ਕਟਾਵਣਿਆ । ਆਪ ਤੁੜਾਏ ਆਤਮ ਵੱਜੇ ਜਿੰਦੇ, ਆਤਮ ਸਾਚਾ ਦੀਪਕ ਜੋਤ ਜਗਾਵਣਿਆ । ਆਪ ਉਠਾਏ ਅੰਤਕਾਲ ਆਪਣੇ ਕੰਧੇ, ਦਰਗਹਿ ਸਾਚੀ ਸਾਚੇ ਧਾਮ ਬਹਾਵਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਦਿ ਅੰਤ ਜੋਤੀ ਜੋਤ ਮਿਲਾਵਣਿਆ । ਹਰਿ ਜੋਤੀ ਜੋਤ ਮਿਲਾਣਾ ਹੈ । ਜਿਸ ਜਨ ਸਾਚੇ ਰਸਨਾ ਗਾਣਾ ਹੈ । ਜਿਸ ਆਤਮ ਵਿਚ ਵਸਾਵਣਾ ਹੈ ।

ਸੋਹੰ ਵੱਜਾ ਤੀਰ ਨਿਸ਼ਾਨਾ ਹੈ । ਬਜ਼ਰ ਕਪਾਟੀ ਚੀਰ ਵਖਾਨਾ ਹੈ । ਹਉਮੇ ਪੀੜਾ ਆਪ ਕਢਾਣਾ ਹੈ । ਅੰਮ੍ਰਿਤ ਸਾਚਾ ਸੀਰ ਪਿਲਾਣਾ ਹੈ । ਬੇਮੁਖ ਭੁੱਲਾ ਮੂਰਖ ਮੁਗਧ ਅੰਵਾਣਾ ਹੈ । ਪ੍ਰਭ ਅਬਿਨਾਸ਼ੀ ਸਾਚੇ ਮਾਰਗ ਲਾਏ ਦੇਵੇ ਬ੍ਰਹਮ ਗਿਆਨਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸੱਚਾ ਨਾਮ ਨਿਧਾਨਾ ਹੈ । ਨਾਮ ਨਿਧਾਨ ਨੌਂ ਨਿਧ ਘਰ ਪਾਓ । ਗੁਰਮੁਖ ਗੁਰ ਘਰ ਕਾਰਜ ਸਿੱਧ ਕਰਾਓ । ਪ੍ਰਭ ਮਿਲਣ ਦਾ ਸਾਚਾ ਵੇਲਾ, ਸਾਚੀ ਬਿਧ ਸੋਹੰ ਸਾਚੀ ਰਸਨਾ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟਾਓ ਹਰਸ ਆਤਮ ਤ੍ਰਿਸ਼ਨਾ ਅਗਨ ਬੁਝਾਓ । ਆਤਮ ਤ੍ਰਿਸ਼ਨਾ ਅਗਨ ਆਪ ਬੁਝਈਆ । ਜੋ ਜਨ ਆਏ ਚਰਨ ਸੀਸ ਨਿਵਈਆ । ਸਾਚਾ ਸ਼ਬਦ ਛਤਰ ਸੀਸ ਝੁਲਈਆ । ਬਾਲ ਅੰਵਾਣ ਜਵਾਨ ਸੱਤਰ ਬਹੱਤਰ ਪਾਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਗੁਰਮੁਖਾਂ ਏਕਾ ਸਾਚਾ ਨਈਆ । ਸਾਚੀ ਨਾਉਕਾ ਜਾਣਾ ਚੜ੍ਹ । ਕਲਜੁਗ ਵਹਿਣ ਵਿਚ ਨਾ ਜਾਣਾ ਹੜ੍ਹ । ਝੂਠੀ ਕਾਇਆ ਝੂਠਾ ਧੜ । ਜੋਤ ਸਰੂਪੀ ਵਿਚ ਬੈਠਾ ਹਰਿ । ਹਰਿ ਸਾਚਾ ਸਦ ਹਿਰਦੇ ਵਸੇ, ਪ੍ਰਭ ਸਾਚੇ ਦਾ ਫੜਿਆ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਤਮ ਦਰ ਦਵਾਰੇ ਅੱਗੇ ਸਦ ਰਹੇ ਖੜ । ਸੋਹੰ ਸਾਚਾ ਰਸਨਾ ਬੋਲਣਾ । ਸਾਚੇ ਤੋਲ ਹਰਿ ਸਾਚੇ ਤੋਲਣਾ । ਆਤਮ ਦਰ ਆਪਣਾ ਖੁਲ੍ਹਣਾ । ਪ੍ਰਭ ਅਬਿਨਾਸ਼ੀ ਆਪੇ ਅੱਗੋਂ ਬੋਲਣਾ । ਚਰਨ ਪ੍ਰੀਤੀ ਤਨ ਮਨ ਘੋਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਮ ਦਵਾਰ ਤੇਰਾ ਆਪੇ ਖੋਲ੍ਹਣਾ ।



## ✻ ੧੯ ਜੇਠ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ ✻

ਹਰਿ ਸੁਖ ਦਾਤਾ ਮਿਲਦਾ ਸਹਿਜ ਸੁਭਾਏ ਹੈ । ਹਰਿ ਹਰਿ ਜੋ ਜਨ ਰਸਨਾ ਗਾਏ ਹੈ । ਹਉਮੇ ਰੋਗ ਮਿਟਦਾ ਸਹਿਜ ਸੁਭਾਏ, ਨੇਤਰ ਪੇਖ ਦਰਸ ਗੁਰ ਪਾਏ । ਸਚ ਸੰਜੋਗ ਸਹਿਜ ਸੁਭਾਏ, ਝੂਠ ਜੂਠ ਮਦਿਰਾ ਮਾਸ ਰਸਨਾ ਰਸ ਤਜਾਏ । ਸਾਚਾ ਯੋਗ ਸਹਿਜ ਸੁਭਾਏ, ਚਰਨ ਪ੍ਰੀਤੀ ਜੋ ਜਨ ਕਮਾਏ । ਦਰਸ ਅਮੋਘ ਸਹਿਜ ਸੁਭਾਏ, ਨਿਜ ਘਰ ਵਾਸ ਜੀਵ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸੰਗ ਨਿਭਾਏ । ਗੁਰ ਮਿਲਾਵਾ ਸਹਿਜ ਸੁਭਾਏ । ਵਰ ਲੋੜੀਂਦਾ ਜਨ ਸਾਚਾ ਪਾਏ । ਸਚ ਘੋੜੀ ਸ਼ਬਦ ਆਪ ਚੜ੍ਹਾਏ । ਲੱਗੀ ਪ੍ਰੀਤ ਤੋੜ ਨਿਭਾਏ । ਨਾ ਕੋਈ ਤੋੜੇ ਨਾ ਤੋੜ ਤੁੜਾਏ । ਮਾਤ ਜਨਮ ਫੇਰ ਨਾ ਪਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਜਨ ਹਰਿ ਹਰਿ ਹਰਿ ਸਦ ਰਸਨਾ ਗਾਏ । ਕਾਇਆ ਕੋਹੜ ਹਰਿ ਦਏ ਮਿਟਾਏ । ਕਾਇਆ ਲੋਭ ਲੱਗਾ ਦੁੱਖ ਜੋੜ ਜੋੜ ਵਖ ਕਰਾਏ । ਕਿਰਪਾ ਕਰ ਦੁੱਖ ਦੇਵੇ ਹਰਿ ਸਰਨ ਪੜੇ ਦੀ ਲਾਜ ਰਖਾਏ । ਜੋ ਜਨ ਆਏ ਸਾਚੇ ਦਰ, ਹਰਿ ਕਾ ਨਾਮ ਲਿਆ ਵਰ, ਸਚ ਘਰ ਦਏ ਬਹਾਏ । ਜੋ ਜਨ ਆਏ ਤਨ ਮਨ ਹੰਕਾਰ ਧਰ, ਆਤਮ ਬੁੱਧੀ ਜੀਵ ਗਵਾਰ ਕਰ ਪ੍ਰਭ ਦੇਵੇ ਸਖਤ ਸਜਾਏ । ਦਿਵਸ ਰੈਣ ਰੈਣ ਦਿਵਸ ਪਹਿਰ ਅੱਠ ਨੇਤਰ ਨੀਂਦ ਨਾ ਆਏ । ਤੜਪ ਤੜਪ ਬਿਲਲਾਏ । ਨਾ ਕੋਈ ਆਤਮ ਸ਼ਾਂਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਭੇਖ ਸਰਬ ਮਿਟਾਏ । ਪ੍ਰਭ ਸਾਚਾ ਸਭ ਕਿਛ ਜਾਣਦਾ । ਅੰਦਰੇ ਅੰਦਰ ਹੀ ਜੀਵ ਪਛਾਣਦਾ । ਭੇਵ ਨਾ ਗੁੱਝਾ ਕਿਸੇ ਬਿਰਧ ਬਾਲ ਜਵਾਨ ਦਾ । ਆਪੇ ਰਾਹ ਪ੍ਰਭ ਸਾਚੇ ਸੁਝਾ, ਪਰਦਾ ਫੋਲੇ

ਨਾ ਕਿਸੇ ਨਿਧਾਨ ਦਾ । ਭੇਵ ਰਖਾਵੇ ਕਿਆ ਕੋਈ ਗੁੱਝਾ, ਸਰਬ ਜੀਆਂ ਪ੍ਰਭ ਆਪੇ ਆਪ ਜਾਣਦਾ । ਆਤਮ ਦੀਵਾ ਜਿਸ ਦਾ ਬੁੱਝਾ, ਨਾ ਮਿਟੇ ਰੰਗ ਅਗਿਆਨ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਬਚਨ ਆਪ ਕਰਾਏ ਜੋ ਗੁਰ ਸੰਗਤ ਵਿਚ ਵਖਾਣਦਾ । ਨਿੰਦਕ ਚੁਗਲ ਦੁਸ਼ਟ ਦੁਰਾਚਾਰ ਕਮਬਖ਼ਤ ਬਖੀਲ । ਪ੍ਰਭ ਅਬਿਨਾਸ਼ੀ ਸਾਰ ਨਾ ਪਾਇਣ ਉਲਟੀ ਰਹੇ ਦਲੀਲ । ਵੇਲੇ ਅੰਤਮ ਅੰਤ ਬਣੇ ਕੋਇ ਨਾ ਵਿਚ ਵਕੀਲ । ਬਿਨ ਪ੍ਰਭ ਪੂਰੇ ਕਲਜੁਗ ਜੀਵ ਧੁਰਦਰਗਾਹੇ ਤੇਰੀ ਸੁਣੇ ਨਾ ਕੋਈ ਅਪੀਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕੋਰਟ ਆਪ ਬੈਠਾ ਕਲੀਲ । ਰਸਨਾ ਫਿਕਾ ਬੋਲੇ ਕੱਢੇ ਬਚਨ ਕਠੋਰ । ਸ਼ਬਦ ਮਾਰ ਪ੍ਰਭ ਮਾਰਦਾ, ਮਾਨਸ ਦੇਹੀ ਨਾ ਚੜ੍ਹਾਈ ਤੋੜ । ਸਾਚਾ ਸ਼ਬਦ ਖੰਡਾ ਦੋ ਧਾਰ ਦਾ, ਹੰਸ ਕਾਇਆ ਕੀਆ ਅਜੋੜ । ਮਿਲਿਆ ਫੱਲ ਦਰ ਸਾਚੇ ਹੰਕਾਰ ਦਾ, ਪੁੱਟਿਆ ਦਰਖਤ ਜੋ ਲੱਗਾ ਬੋਹੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਕਰੇ ਸੰਗ ਤੇਰੇ ਅਜੋੜ । ਰਸਨ ਵਿਕਾਰੀ ਬੋਲੇ । ਦਿਵਸ ਰੈਣ ਕੂੜ ਕੁੜਿਆਰ ਪ੍ਰਭ ਤੋਲੇ । ਪ੍ਰਭ ਅਬਿਨਾਸ਼ੀ ਮਾਨਸ ਦੇਹੀ ਕੌਡੀ ਮੁਲ ਨਾ ਪਾਇਆ ਜਿਉਂ ਭੋ ਛੋਲੇ । ਸ਼ਬਦ ਸਰੂਪੀ ਸੱਚਾ ਹੰਸ ਉਡਾਇਆ । ਝੂਠੀ ਮਾਟੀ ਮੂਲ ਨਾ ਬੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਪਿਤਾ ਪੂਤ ਦੁੱਖ ਹਰੇ, ਚਰਨ ਬਿਨੰਤੀ ਆਏ ਕਰੇ, ਜਨਮ ਮਰਨ ਦੇ ਕਟਾਇਆ । ਪਿਤਾ ਕਰੇ ਪੂਤ ਅਰਦਾਸ । ਪ੍ਰਭ ਅਬਿਨਾਸ਼ੀ ਕਰ ਬੰਦ ਖਲਾਸ । ਕਿਰਪਾ ਕਰ ਸਾਚੇ ਹਰਿ ਆਪ ਚੁਕਾਏ ਜਮ ਕੀ ਫਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਕੀਨਾ ਪਾਸ । ਹਰਿ ਜੋਤ ਧਰੀ ਵਿਚ ਸੰਸਾਰ ਹੈ । ਏਕਾ ਸ਼ਬਦ ਸਾਚੀ ਧਾਰ ਹੈ । ਦੂਜਾ ਕਰਨਾ ਚਰਨ ਪਿਆਰ ਹੈ । ਤੀਜੇ ਹਉਮੇ ਰੋਗ ਦੇਣਾ ਨਿਵਾਰ ਹੈ । ਚੌਥੇ ਊਚ ਨੀਚ ਭਰਮ ਗਵਾਰ ਹੈ । ਪੰਜਵੇਂ ਸਭ ਤੋਂ ਉਤਮ ਆਪ ਹਰਿ ਵਡ ਸਰਦਾਰ ਹੈ । ਛੇਵਾਂ ਇਕ ਵੇਖਣ ਆਤਮ ਸੱਚਾ ਯਾਰ ਹੈ । ਸਤਵਾਂ ਪਰਖਣਹਾਰ ਇਕ ਦਾਤਾਰ ਹੈ । ਅਠਵਾਂ ਅੱਠਾਂ ਦਾ ਸਰਦਾਰ ਹੈ । ਨੌਂ ਨਿਧ ਜਿਸ ਦਵਾਰ ਹੈ । ਦਸਵਾਂ ਦੇਵੇ ਆਪ ਖੁਲ੍ਹਾਰ ਹੈ । ਜਿਥੇ ਵਸੇ ਹਰਿ ਕਰਤਾਰ ਹੈ । ਨਾ ਦੂਜੀ ਵਸਤ ਕੋਈ ਨਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਸਰਦਾਰ ਹੈ । ਦਸ ਇਕ ਗਿਆਰਾਂ ਪ੍ਰਭ ਚਰਨ ਨਿਮਸਕਾਰ ਹੈ । ਦਸ ਦੋ ਬਾਰਾਂ ਖਿੜੀ ਪ੍ਰਭ ਸਚੇ ਦੀ ਗੁਲਜ਼ਾਰ ਹੈ । ਦਸ ਤਿੰਨ ਤੇਰਾਂ ਆਪ ਚੁਕਾਏ ਲੱਖ ਚੁਰਾਸੀ ਗੇੜਾਰ ਹੈ । ਦਸ ਚਾਰ ਚੌਦਾਂ ਚੌਦਾਂ ਲੋਕ ਕਰਾਏ ਸੱਚਾ ਸੌਦਾ ਇਕ ਵਪਾਰ ਹੈ । ਦਸ ਪੰਜ ਪੰਦਰਾਂ ਪ੍ਰਭ ਅਬਿਨਾਸ਼ੀ ਸੋਲਾਂ ਕਲਾ ਪਵਣ ਜੋਤ ਵਿਚ ਪਸਾਰ ਹੈ । ਦਸ ਸਤ ਸਤਰਾਂ ਸੋਹੰ ਖੰਡਾ ਹੱਥ ਉਠਾਏ ਜਿਸ ਦੀਆਂ ਤਿਖੀਆਂ ਦੋਵੇਂ ਧਾਰ ਹੈ । ਅੱਠ ਅਠਾਰਾਂ ਗਊ ਗਰੀਬਾਂ ਪ੍ਰਭ ਰਛਿਆ ਕਰੇ, ਨਾ ਕੋਈ ਜਾਣੇ ਚੂੜ੍ਹਾ ਚੁਮਿਆਰ ਹੈ । ਦਸ ਨੌਂ ਉਨੀ ਭੁੱਖਿਆਂ ਨੰਗਿਆਂ ਪ੍ਰਭ ਦੇਵੇ ਸੋਹੰ ਚੁੰਨੀ, ਪਰਦਾ ਪਾਏ ਆਪ ਨਿਰੰਕਾਰ ਹੈ । ਦਸ ਦਸ ਬੀਸ ਚਰਨ ਪ੍ਰਭ ਛਤਰ ਝੁਲਾਏ ਸੀਸ, ਸੋਹੇ ਤਖ਼ਤ ਸੱਚੀ ਸਰਕਾਰ ਹੈ । ਬੀਸ ਇਕ ਇਕੀਸ ਸ੍ਰਿਸ਼ਟ ਸਬਾਈ ਵਿਚ ਰਵਿਆ ਸਾਚਾ ਜਗਦੀਸ਼ ਹੈ । ਕਿਆ ਕੋਈ ਕਰੇ ਪ੍ਰਭ ਸਾਚੇ ਦੀ ਰੀਸ ਹੈ । ਜਿਸ ਜਨ ਦੇਵੇ ਮਾਣ ਤਿਸ ਛਤਰ ਝੁਲਾਏ ਸੀਸ । ਨਾ ਕੋਈ ਚਤੁਰ ਸੁਘੜ ਸਿਆਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਜਾਏ ਪੀਸ । ਪ੍ਰਭ ਅਬਿਨਾਸ਼ੀ ਹਰਿ ਗਿਰਧਾਰੀ । ਸਤਿਜੁਗ ਸਾਚੀ ਕਰੇ ਕਾਰੀ । ਸਚ ਧਰਮ ਦੀ ਨੀਂਹ ਉਸਾਰੀ । ਚਾਰ ਵਰਨ ਬਣਾਏ ਚਾਰ ਦੀਵਾਰੀ । ਚਾਰੋਂ ਪਾਸਾ ਏਕਾ ਭਾਰੀ । ਏਕਾ ਨਾਮ ਸ਼ਬਦ

ਉਡਾਰੀ । ਸਚ ਸ਼ਬਦ ਸਚ ਅਟਾਰੀ । ਜਿਸ ਤਨ ਵਸੇ ਹਰਿ ਮੁਰਾਰੀ । ਭੁੱਲੇ ਜੀਵ ਕਿਉਂ ਗਵਾਰੀ । ਊਚ ਨੀਚ ਦਾ ਭੇਵ ਨਿਵਾਰੀ । ਆਤਮ ਹੋਏ ਨਾ ਜੀਵ ਹੰਕਾਰੀ । ਪ੍ਰਭ ਅਬਿਨਾਸ਼ੀ ਪਾਏ ਸਾਰੀ । ਆਤਮ ਰਹੇ ਸਦ ਖੁਮਾਰੀ । ਪ੍ਰਭ ਅਬਿਨਾਸ਼ੀ ਦਿਵਸ ਰੈਣ ਰੈਣ ਦਿਵਸ ਬਣਿਆ ਰਹੇ ਲਿਖਾਰੀ । ਗੁਰਮੁਖ ਸਾਚੇ ਜਿਨ ਪ੍ਰਭ ਬੂਝ ਬੁਝਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਦੇਵੇ ਨਿਵਾਰੀ । ਊਚ ਨੀਚ ਨਾ ਜਾਤ ਪਾਤ । ਸਰਬ ਜੀਆਂ ਦਾ ਹਰਿ ਏਕਾ ਪਿਤ ਮਾਤ । ਸੋਹੰ ਸ਼ਬਦ ਪ੍ਰਭ ਦੇਵੇ ਸਾਚੀ ਦਾਤ । ਚਾਰ ਵਰਨ ਸਰਨ ਲਗਾਏ, ਆਪ ਬਣਾਏ ਭੈਣ ਭਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅੰਧੇਰੀ ਆਪ ਮਿਟਾਏ ਰਾਤ । ਆਤਮ ਅੰਧੇਰਾ ਦੇਣਾ ਕੱਢ । ਭਰਮ ਭੁਲੇਖਾ ਜਾਣਾ ਛੱਡ । ਏਕਾ ਰੂਪ ਹਰਿ ਸਾਚਾ ਵਸੇ ਕਾਇਆ ਅੰਧੇਰੀ ਖੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਸਰਬ ਜੀਆਂ ਆਪ ਲਡਾਏ ਲਡ । ਸਰਬ ਜੀਆਂ ਹਰਿ ਲਾਡ ਲਡਾਏ । ਆਪ ਆਪਣਾ ਕਰਮ ਕਮਾਏ । ਧੰਨ ਧੰਨ ਧੰਨ ਗੁਰਮੁਖ ਜੋ ਹਰਿ ਸਾਚਾ ਰਸਨਾ ਗਾਏ । ਆਪ ਮਿਟਾਏ ਆਤਮ ਦੁੱਖ, ਸਿਰ ਆਪਣਾ ਹੱਥ ਟਿਕਾਏ । ਖੇਲ ਕਰਾਏ ਮਾਤ ਕੁੱਖ, ਸੋਹੰ ਜੈ ਜੈਕਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਅਧਾਰ ਸਰਬ ਰਖਾਏ । ਇਕ ਸ਼ਬਦ ਸਰਬ ਅਧਾਰੀ । ਇਕ ਸ਼ਬਦ ਨਾਮ ਖੁਮਾਰੀ । ਇਕ ਸ਼ਬਦ ਹਰਿ ਦੇਵੇ ਵਡ ਸਿਕਦਰੀ । ਇਕ ਸ਼ਬਦ ਗੁਰਮੁਖ ਸਾਚੇ ਬਣ ਜਾਓ ਵਪਾਰੀ । ਇਕ ਸ਼ਬਦ ਹਉਮੇ ਰੋਗ ਦਏ ਨਿਵਾਰੀ । ਇਕ ਸ਼ਬਦ ਬੰਦ ਬੰਦ ਕੱਟੇ ਬਿਮਾਰੀ । ਇਕ ਸ਼ਬਦ ਆਪ ਦੱਸੇ ਸਾਚੀ ਧਾਰੀ । ਇਕ ਸ਼ਬਦ ਆਤਮ ਮਿਟਾਏ ਸਰਬ ਹੰਕਾਰੀ । ਇਕ ਸ਼ਬਦ ਆਤਮ ਕਰੇ ਜੋਤ ਉਜਿਆਰੀ । ਇਕ ਸ਼ਬਦ ਹਰਿ ਦੱਸੇ ਨੈਣ ਮੁੰਧਾਰੀ । ਇਕ ਸ਼ਬਦ ਮੇਲ ਮਿਲਾਵਾ ਹਰਿ ਨਿਰਾਧਾਰੀ । ਇਕ ਸ਼ਬਦ ਸਾਚਾ ਨਿਭਾਏ ਸੰਗ ਨਾ ਆਤਮ ਹੋਏ ਹਾਰੀ । ਇਕ ਸ਼ਬਦ ਮਾਨਸ ਜਨਮ ਨਾ ਹੋਏ ਭੰਗ, ਜਿਸ ਜਨ ਪੂਰਨ ਪੂਰਨ ਬੂਝ ਬੁਝਾਰੀ । ਇਕ ਸ਼ਬਦ ਆਪ ਰੰਗਾਏ ਏਕਾ ਰੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਲੱਗੇ ਤੇਰੇ ਚਰਨ ਦਵਾਰੀ । ਇਕ ਸ਼ਬਦ ਜਗਤ ਉਧਾਰ ਹੈ । ਇਕ ਸ਼ਬਦ ਮਾਤਲੋਕ ਸੱਚਾ ਸਰਦਾਰ ਹੈ । ਇਕ ਸ਼ਬਦ ਸ੍ਰਿਸ਼ਟ ਸਬਾਈ ਦੇਵੇ ਆਪ ਦਾਤਾਰ ਹੈ । ਇਕ ਸ਼ਬਦ ਚਾਰ ਵਰਨ ਕਰਨਾ ਸਚ ਵਪਾਰ ਹੈ । ਇਕ ਸ਼ਬਦ ਰਾਜਾ ਰਾਣਾ ਸਭ ਫੜਨਾ ਜਗਤ ਬਣਾਉਣੀ ਸਾਚੀ ਧਾਰ ਹੈ । ਇਕ ਸ਼ਬਦ ਵਡ ਵਡ ਜੋਧ ਸੂਰਬੀਰ ਕੋਈ ਨਾ ਅੱਗੇ ਅੜਨਾ, ਖਾਇਣ ਸਭੇ ਮਾਰ ਹੈ । ਇਕ ਸ਼ਬਦ ਰਾਓ ਉਮਰਾਓ ਵਡ ਸ਼ਾਹੋ ਅੱਗੇ ਹੋ ਨਾ ਲੜਨਾ, ਪ੍ਰਭ ਕਰ ਦੁਖਿਆਰ ਹੈ । ਇਕ ਸ਼ਬਦ ਗੁਰਮੁਖ ਸਾਚੇ ਤੇਰੇ ਅੰਦਰ ਵੜਨਾ, ਏਕਾ ਕਰਨਾ ਚਰਨ ਪਿਆਰ ਹੈ । ਇਕ ਸ਼ਬਦ ਕਲਜੁਗ ਮਾਇਆ ਵਿਚ ਨਾ ਸੜਨਾ, ਝੂਠੀ ਦੁਨੀਆਂ ਵਿਚ ਨਾ ਵੜਨਾ, ਪੰਜਾਂ ਚੋਰਾਂ ਨਾਲ ਨਾ ਲੜਨਾ, ਏਕਾ ਦੇਵੇ ਸ਼ਬਦ ਕਟਾਰ ਹੈ । ਇਕ ਸ਼ਬਦ ਜਿਸ ਦਰਗਹਿ ਸਾਚੀ ਖੜਨਾ, ਧਰਮ ਰਾਏ ਨਾ ਅੱਗੇ ਫੜਨਾ, ਘਰ ਸਾਚੇ ਜਾਏ ਵੜਨਾ, ਜਿਥੇ ਲੱਗਾ ਸੱਚਾ ਦਰਬਾਰ ਹੈ । ਇਕ ਸ਼ਬਦ ਰਸਨਾ ਜਪਣਾ, ਉਤਾਰੇ ਪਪਣਾ ਕਲਜੁਗ ਮਾਇਆ ਵਿਚ ਨਾ ਤਪਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਠਾਂਡੇ ਘਰ ਬਾਹਰ ਹੈ । ਇਕ ਸ਼ਬਦ ਹਰਿ ਸਾਚਾ ਦੇਵੇ ਜਗਤ ਅਮੋਲ । ਇਕ ਸ਼ਬਦ ਗੁਰਮੁਖ ਸਾਚੇ ਅੰਤਕਾਲ ਕਲਜੁਗ ਜਾਏ ਤੋਲ । ਇਕ ਸ਼ਬਦ ਆਤਮ ਸਚ ਗਿਆਨ ਦਵਾਏ, ਜੋ ਜਨ ਆਪ ਰਹੇ ਅਨਡੋਲ । ਇਕ ਸ਼ਬਦ ਪ੍ਰਭ ਅਬਿਨਾਸ਼ੀ ਰਸਨ ਉਚਾਰੇ ਬੋਲ, ਕੂਕ ਵਜਾਵੇ ਢੋਲ । ਇਕ

੨੧੩
੦੩

ਸ਼ਬਦ ਚੱਲੇ ਉਪਰ ਧਵਲ, ਨਾ ਸਮਝੇ ਕੋਈ ਮਖੌਲ । ਇਕ ਸ਼ਬਦ ਸ੍ਰਿਸ਼ਟ ਸਬਾਈ ਜਾਏ ਮਵਲ, ਖਿੜੇ ਵਾਂਗ ਕਵਲ ਸੱਚੀ ਗੁਲਜ਼ਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰਮ ਰਿਹਾ ਵਿਚਾਰ ਹੈ । ਇਕ ਸ਼ਬਦ ਜਗਤ ਨਿਸ਼ਾਨ ਹੈ । ਇਕ ਸ਼ਬਦ ਸਾਚੀ ਪ੍ਰੀਤ ਗੁਰ ਚਰਨ ਧਿਆਨ ਹੈ । ਇਕ ਸ਼ਬਦ ਹਰਿ ਦੇਵੇ ਵਸਤ ਦਸਤ ਬਿਰਧ ਬਲ ਅੰਞਾਣ ਜਵਾਨ ਹੈ । ਇਕ ਸ਼ਬਦ ਸਾਚਾ ਬਖ਼ਸ਼ੇ ਗੁਰਮੁਖਾਂ ਪ੍ਰਭ ਗਿਆਨ ਹੈ । ਇਕ ਸ਼ਬਦ ਬਖ਼ਸ਼ੇ ਪ੍ਰਭ ਅਬਿਨਾਸ਼ੀ ਲੈਣਾ ਰਸਨ ਵਖਾਨ ਹੈ । ਇਕ ਸ਼ਬਦ ਕੱਟੇ ਕਾਇਆ ਰੋਗ ਜਿਸ ਦੇਵੇ ਹੋ ਮਿਹਰਵਾਨ ਹੈ । ਇਕ ਸ਼ਬਦ ਧੁਰ ਦਰਗਾਹੀ ਸਚ ਸੰਜੋਗ ਨਾ ਕੋਈ ਵਿਛੋੜੇ ਨਾ ਵਿਛੜਿਅਨ ਹੈ । ਇਕ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਮਿਲਿਆ ਹਰਿ ਦਾਤਾ ਪੁਰਖ ਸੁਜਾਨ ਹੈ । ਇਕ ਸ਼ਬਦ ਸੁਰਤ ਧਿਆਨ ਹੈ । ਇਕ ਸ਼ਬਦ ਮੇਲ ਭਗਤ ਭਗਵਾਨ ਹੈ । ਇਕ ਸ਼ਬਦ ਦਰ ਘਰ ਸਾਚੇ ਮਿਲਦਾ ਸਾਚਾ ਦਾਨ ਹੈ । ਇਕ ਸ਼ਬਦ ਆਪ ਉਪਜਾਏ ਸਾਚੀ ਧੁਨ ਸੁਣਾਏ ਕਾਨ ਹੈ । ਇਕ ਸ਼ਬਦ ਜੀਵ ਤੇਰੀ ਕਾਇਆ ਵਿਚ ਇਕ ਖਾਨ ਹੈ । ਇਕ ਸ਼ਬਦ ਰਸਨਾ ਜਪ ਜਪ ਕਰ ਆਪਣਾ ਆਪ ਪਛਾਣ ਹੈ । ਇਕ ਸ਼ਬਦ ਜਿਉਂ ਵਕਤ ਲੰਘਾਏ ਛੁਪ ਛੁਪ ਅੰਤ ਆਵਣਾ ਹੱਥ ਨਾ ਓਥੇ ਕੋਈ ਛੁਡਾਣ ਹੈ । ਇਕ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਬਖ਼ਸ਼ੇ ਆਤਮ ਬ੍ਰਹਮ ਗਿਆਨ ਹੈ । ਸਚ ਤੀਰਥ ਤੇਰੀ ਯਾਤਰਾ । ਚਰਨ ਧੂੜ ਇਸ਼ਨਾਨ, ਗੂੜ੍ਹੀ ਪ੍ਰੀਤ ਗਾਤਰਾ । ਏਕਾ ਸੋਹੰ ਸ਼ਬਦ ਸਰਦਾਰ, ਸਾਚੀ ਸ਼ਰਅ ਸ਼ਰਾਇਤ ਇਕ ਹਦੀਸਾ ਗੁਰ ਸੰਗਤ ਗੁਰ ਚਰਨ ਕਰਨਾ ਪਿਆਰ । ਆਤਮ ਵਿਕਾਰ ਨਾ ਕਰੇ ਮਾਣ, ਰੋਗ ਹੰਗਤਾ ਨਾ ਰਹਿਣਾ ਸਚ ਦਰਬਾਰ । ਗੁਰਮੁਖ ਗੁਰਸਿਖ ਬਣਾਏ ਸਾਚੀ ਸੰਗਤ ਜਿਸ ਆਤਮ ਨਾ ਹੋਏ ਹੰਕਾਰ । ਪ੍ਰਭ ਦਰ ਮੰਗੀ ਸਾਚੀ ਮੰਗ, ਦੂਜਾ ਤੀਜਾ ਭਰਮ ਦਏ ਨਿਵਾਰ । ਭੁੱਖਿਆਂ ਨੰਗਿਆਂ ਪ੍ਰਭ ਆਪ ਬਣਾਈ ਸਾਚੀ ਸੰਗਤ, ਸਾਚਾ ਸ਼ਬਦ ਭਰੇ ਭੰਡਾਰ । ਰਾਜੇ ਰਾਣੇ ਫਿਰਨ ਮੰਗਤ, ਦਰ ਸਾਚੇ ਸਾਚੀ ਵਸਤ ਨਾ ਮਿਲੇ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਸਾਚਾ ਦੇਵੇ ਨਾਮ ਅਧਾਰ । ਸਚ ਗੁਣ ਹਰਿ ਨਾਮ ਧੰਨਵੰਤ । ਲੈਣਾ ਕੰਨ ਸੁਣ, ਹੋਏ ਮੇਲ ਭਗਵੰਤ । ਗੁਰਸਿਖ ਸਾਚੇ ਨਾਮ ਵਿਚਾਰੇ ਗੁਣ ਅਵਗੁਣ ਦੇਵੇ ਵਡਿਆਈ ਵਿਚ ਜੀਵ ਜੰਤ । ਕੋਟਨ ਕੋਟ ਪਾਪੀ ਸਾਚਾ ਪ੍ਰਭ ਕਰੇ ਪੁਨੀਤ ਜੋ ਜਨ ਰਸਨਾ ਗਾਏ ਸੋਹੰ ਸਾਚਾ ਮੰਤ । ਝੂਠੀ ਕਾਇਆ ਲੱਗੇ ਨਾ ਕਲਜੁਗ ਘੁਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤ । ਬਣਤ ਬਣਾਏ ਆਤਮ ਬੰਧੇ ਧੀਰ । ਗੁਰਮੁਖ ਸਾਚੇ ਸੰਤ ਬਣਾਏ, ਆਤਮ ਅੰਮ੍ਰਿਤ ਪਿਲਾਏ ਸੀਰ । ਸਾਚਾ ਕੰਤ ਆਪ ਅਖਵਾਏ, ਗੁਰਮੁਖਾਂ ਕਰੇ ਸ਼ਾਂਤ ਸਰੀਰ । ਜੀਵ ਜੰਤ ਹਰਿ ਵਿਚ ਸਮਾਏ, ਕਿਆ ਕੋਈ ਜਾਣੇ ਪ੍ਰਭ ਕੀ ਕਰੇ ਅਖੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਈ ਸ੍ਰਿਸ਼ਟ ਸਬਾਈ ਦੋ ਫਾੜੀ ਚੀਰ । ਦਾ ਫਾੜਾ ਦਲਨਾ । ਏਕਾ ਗੇੜਾ ਸ਼ਬਦ ਹਲ ਨਾ । ਝੂਠਾ ਝੇੜਾ ਜਗਤ ਖਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦ ਕਰੇ ਪਾਲਨਾ । ਪਾਲ ਪੋਸ ਹਰਿ ਆਪ ਸਮਝਾਏ । ਸਚ ਨਾਮ ਸਚ ਕਾਮ ਸਚ ਰਾਮ ਘਰ ਦੇ ਵਧਾਏ । ਸੋਹੰ ਪੀਣਾ ਸਾਚਾ ਜਾਮ, ਆਤਮ ਤ੍ਰਿਸ਼ਨਾ ਦੇ ਬੁਝਾਏ । ਪੂਰਨ ਹੋਇਣ ਗੁਰਸਿਖ ਕਾਮ, ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਫਲ ਸਾਚਾ ਹਰਿ ਆਪ ਖਵਾਏ । ਹਰਿ ਹਰਿ ਹਰਿ ਕੰਤ ਸੁਹੇਲੜਾ, ਜਿਸ ਜਨ ਰਾਵਣਾ । ਪ੍ਰਭ ਅਬਿਨਾਸ਼ੀ ਸਾਚਾ ਮੇਲੜਾ, ਸਹਿਜੇ ਸਹਿਜ

ਕਰਾਵਣਾ । ਆਤਮ ਤਨ ਨਿਮਾਣੀ ਸੇਜੜਾ ਹਰਿ ਆਸਣ ਆਪ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਦਰਸ ਦਿਖਾਵਣਾ । ਕਲ ਮੇਲ ਸਹਿਜ ਸੁਭਾਏ । ਜੋ ਜਨ ਰਸਨਾ ਹਰਿ ਸਾਚਾ ਗਾਏ । ਕੌਡੀ ਮੁੱਲ ਨਾ ਲੱਗੇ, ਪ੍ਰਭ ਸਾਚਾ ਦਏ ਸੁਣਾਏ । ਏਕਾ ਆਤਮ ਆਪਣੀ ਬੰਧੇ, ਸਾਚੇ ਮਾਰਗ ਆਏ । ਪ੍ਰਭ ਆਪ ਲਗਾਏ ਬੇੜਾ ਬੰਨ੍ਹੇ ਨਾ ਕੋਈ ਵਿਚ ਡੁਬਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਸਾਚਾ ਮੇਲ ਮਿਲਾਏ । ਮਿਲਿਆ ਮੇਲ ਹਰਿ ਕੰਤ ਪਿਆਰਿਆ । ਵਿਛੜ ਨਾ ਜਾਏ ਸੰਤ ਗੁਰਮੁਖ ,ਪ੍ਰਭ ਸਾਚਾ ਤੋੜ ਚੜ੍ਹਾ ਰਿਹਾ । ਕਲਜੁਗ ਜੀਆਂ ਮਾਇਆ ਪਾਏ ਬੇਅੰਤ, ਹਰਿ ਆਪਣਾ ਆਪ ਛੁਪਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਹਰਿ ਰੰਗ ਵਿਚ ਆਪ ਸਮਾ ਰਿਹਾ । ਚਾਰ ਜੇਠ ਹਰਿ ਦਇਆ ਕਮਾਈ । ਆਪ ਆਪਣਾ ਵਿਚ ਸਿੱਖ ਟਿਕਾਈ । ਜੋਤ ਸਰੂਪੀ ਇਹ ਰਚਨ ਰਚਾਈ । ਪੰਚਮ ਜੇਠ ਮਿਲੇ ਵਡਿਆਈ । ਛਿਛਮ ਸਪਤਮ ਹਰਿ ਰੰਗ ਰੰਗਾਈ । ਅਸ਼ਟਮ ਜੇਠੂਵਾਲ ਹਰਿ ਸੰਗਤ ਵਿਦਾ ਕਰਾਈ । ਆਪ ਆਪਣਾ ਸੰਗ ਰੱਖ ਪਿੰਡ ਚੁਭਾਲ ਡੇਰਾ ਲਾਈ । ਰੈਣ ਸਬਾਈ ਹੋਇਆ ਹਰਿ ਜਸ, ਘਰ ਇੰਦਰ ਸਿੰਘ ਭਾਗ ਲਗਾਈ । ਅੰਮ੍ਰਿਤ ਵੇਲੇ ਉਠ ਗੁਰ ਸੰਗਤ ਕੀਤੀ ਅੱਗੇ ਧਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਗੋ ਬੂਏ ਚਰਨ ਛੁਹਾਈ । ਗਗੋ ਬੂਏ ਦਿਵਸ ਲੰਘਾਈ । ਦੇਵੇ ਭੁਚਰ ਜਾ ਵਡਿਆਈ । ਭਾਗਾਂ ਭਰੀ ਰਾਤ ਸੁਹਾਈ । ਨੌਂ ਜੇਠ ਹਰਿ ਦਏ ਲਿਖਾਈ । ਘਰ ਸਿੰਘ ਤੇਜਾ ਭਾਗ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪਣੀ ਗੋਦ ਲਏ ਉਠਾਈ । ਰੈਣ ਸਬਾਈ ਮੰਗਲਾਚਾਰ । ਦਸਵਾਂ ਦਿਨ ਆਇਆ ਵਿਚੋਂ ਸੰਸਾਰ । ਗੁਰ ਸੰਗਤ ਪ੍ਰਭ ਸਾਚੇ ਕਰੀ ਤਿਆਰ । ਅਮੀ ਸ਼ਾਹ ਆਏ ਪਧਾਰ । ਅਚਰਜ ਖੇਲ ਕਰੀ ਕਰਤਾਰ । ਭੁੱਲੜਾ ਰੁੱਲੜਾ ਹਰਿ ਲਾਇਆ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਤੇਰੀ ਸਾਰ । ਦਸਵੇਂ ਦਸ ਦਸ ਨਰ ਨਰੇਸ਼, ਮਾਝੇ ਦੇਸ ਵਿਚ ਕਰ ਜੋਤ ਪ੍ਰਵੇਸ਼, ਰੈਣ ਸਬਾਈ ਦੀਆ ਉਪਦੇਸ਼, ਪ੍ਰਭ ਅਬਿਨਾਸ਼ੀ ਸਾਚਾ ਵੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਝੂਠਾ ਭੇਸ । ਗਿਆਰਾਂ ਜੇਠ ਹਰਿ ਰੰਗ ਰੰਗਾਇਆ । ਗੁਰ ਸੰਗਤ ਬੇੜਾ ਬੰਨ੍ਹ ਵਖਾਇਆ । ਆਪ ਆਪਣਾ ਸੰਗ ਨਿਭਾਇਆ । ਕਲਸੀਂ ਡੇਰਾ ਆਣ ਲਾਇਆ । ਭਰਮ ਭੁਲੇਖਾ ਸਰਬ ਕਢਾਇਆ । ਆਪੇ ਮੱਤ ਦੇ ਸਮਝਾਇਆ । ਦੂਈ ਦਵੈਤ ਪਰਦਾ ਲਾਹਿਆ । ਹੰਕਾਰ ਵਿਕਾਰ ਸਰਬ ਗਵਾਇਆ । ਏਕਾ ਧਾਰ ਆਪ ਬੰਧਾਇਆ । ਏਕਾ ਬੂੰਦ ਚਰਨ ਕਵਲਾਰ, ਹਰਿ ਆਪ ਪਿਲਾਇਆ । ਏਕਾ ਬਖ਼ਸ਼ੇ ਆਤਮ ਪਿਆਰ, ਦੂਈ ਦਵੈਤੀ ਨਾ ਰਹੇ ਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਗਿਆਰਾ ਜੇਠ ਮਿਲੇ ਵਡਿਆਈ । ਭਿੰਨੜੀ ਰੈਣ ਹਰਿ ਸਾਚੇ ਖੇਲ ਕਰਾਈ । ਉਲਟੀ ਲੱਠ ਸ੍ਰਿਸ਼ਟ ਸਬਾਈ ਫਿਰਾਈ । ਚਾਰ ਕੁੰਟ ਦਹਿ ਦਿਸ਼ਾ ਪ੍ਰਭ ਬੈਠਾ ਦੇ ਫਿਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈ । ਗੁਰਸਿਖਾਂ ਗੁਰਮੁਖਾਂ ਪ੍ਰਭ ਸਾਚਾ ਸ਼ਬਦ ਜਣਾਈ । ਆਤਮ ਮਿਟਾਏ ਦੁੱਖਾਂ ਭੁੱਖਾਂ ਹਰਿ ਸਾਚਾ ਸੇਵ ਲਗਾਈ । ਸੁਫਲ ਕਰਾਏ ਮਾਤ ਕੁੱਖਾ, ਮਾਨਸ ਜਨਮ ਸੁਫਲ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਰਾਂ ਜੇਠ ਸਿੰਘ ਚੇਤ ਘਰ ਆਸਣ ਲਾਈ । ਚੇਤ ਸਿੰਘ ਘਰ ਆਸਣ ਲਾਇਆ । ਸਾਚਾ ਲੇਖ ਆਪ ਲਿਖਾਇਆ । ਸਿੰਘ ਸਵਰਨ ਮਾਣ ਦਵਾਇਆ । ਆਪ ਆਪਣੀ ਸਰਨ ਰਖਾਇਆ । ਚਰਨ ਪ੍ਰੀਤੀ ਤੋੜ ਨਿਭਾਇਆ । ਸਾਚੀ ਨੀਤੀ ਪ੍ਰਭ ਕਰੇ ਵਿਚ ਮਾਤ ਰੁਸ਼ਨਾਇਆ ।


੨੧੫
੦੩

ਸਾਚੀ ਧੀਰਜ ਪ੍ਰਭ ਸਾਚੇ ਦੀਤੀ, ਸੁਰਜੀਤ ਆਪ ਸਮਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅਤੀਤ ਸਦ ਰਖਾਇਆ । ਸਾਚੀ ਮੱਤ ਆਪ ਸਮਝਾਏ । ਇਕ ਧਰਵਾਸ ਸਰਬ ਪਰਿਵਾਰ ਦਵਾਏ । ਪੂਰਨ ਆਸ ਗੁਰ ਆਪ ਕਰਾਏ । ਚੇਤ ਸਿੰਘ ਤੇਰੇ ਦਰ ਘਰ ਪ੍ਰਭ ਆਪ ਸਪੂਤ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ੰਘਾਰਾ ਸਿੰਘ ਏਕਾ ਰੱਖੇ ਆਪਣੇ ਸ਼ਬਦ ਬੰਧ ਬੰਧਾ ਕੇ । ਬਾਰਾਂ ਜੇਠ ਦਿਨ ਆਣ ਢਲਿਆ । ਪ੍ਰਭ ਅਬਿਨਾਸ਼ੀ ਸਾਚਾ ਚਲਿਆ । ਖਾਲੜੇ ਆਏ ਚਿਰ ਥੋੜਾ ਜਿਹਾ ਖੜਿਆ । ਸ੍ਰਿਸ਼ਟ ਸਬਾਈ ਵੇਖੇ ਬਾਹਰ ਪ੍ਰਭ ਅਬਿਨਾਸ਼ੀ ਫੇਰੇ ਪੱਲਿਆ । ਜੋਤੀ ਧਾਰ ਨਾ ਜਾਵੇ ਝਲਿਆ । ਗੁਰ ਸੰਗਤ ਸ਼ਬਦ ਰਸਨਾ ਗਾਏ ਵਾਹ ਵਾਹ ਰੰਗ ਸੁਹਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਬਣ ਗਿਆ ਵਲਿਆ ਛਲਿਆ । ਵਲ ਛਲ ਆਪ ਕਰਾ ਕੇ । ਸ੍ਰਿਸ਼ਟ ਸਬਾਈ ਭਰਮ ਵਿਚ ਪਾ ਕੇ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸਾਚਾ ਧਰਮ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ ਮਾਇਆ ਬੰਧਨ ਆਪ ਕਟਾ ਕੇ । ਬਾਰਾਂ ਜੇਠ ਹਰਿ ਸ਼ਾਮ ਘਨਈਆ । ਡੇਰਾ ਲਾਏ ਉਪਰ ਜਾ ਰਈਆ । ਸਾਚੇ ਸ਼ਬਦ ਦੀ ਇਕ ਚਲਾਈ ਸਾਚੀ ਨਈਆ । ਵੇਖ ਆਏ ਸੁਣੇ ਲੁਕਾਈਆ । ਪ੍ਰਭ ਅਬਿਨਾਸ਼ੀ ਭੇਵ ਨਾ ਪਈਆ । ਕੌਣ ਝੂਲੇ ਕਵਣ ਝੁਲਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਆਪ ਸਮਈਆ । ਸਾਚਾ ਧਾਮ ਹਰਿ ਭਾਗ ਲਗਾਏ । ਗੁਰ ਸੰਗਤ ਸਾਚਾ ਮਾਣ ਦਵਾਏ । ਗੁਰਮੁਖ ਸਿੰਘ ਅਗੋਂ ਮਿਲਿਆ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਘਰ ਲੈ ਚਲਿਆ ਸੰਗ ਰਲਾਏ । ਗੁਰ ਪੂਰਾ ਘੋੜ ਚੜ੍ਹਾਇਆ । ਵਾਹ ਵਾਹ ਸੁਹਣਾ ਵਕਤ ਸੁਹਾਇਆ । ਰਾਹ ਜਾਂਦਾ ਹਰਿ ਸਾਚਾ ਨਾਮ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪ ਵਰਤਾਇਆ । ਘਤੀ ਗਏ ਸਰਬ ਵਹੀਰ । ਵਾਹੋ ਦਾਹੀ ਪੈਂਡਾ ਚੀਰ । ਏਕਾ ਸ਼ਬਦ ਚਲਾਇਆ ਪ੍ਰਭ ਸਾਚੇ ਤੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਤੁੜਾਈ ਆਤਮ ਧੀਰ । ਸ਼ਬਦ ਤੀਰ ਇਕ ਚਲਾ ਕੇ । ਆਤਮ ਅਗਨ ਏਕਾ ਲਾ ਕੇ । ਆਪ ਆਪਣਾ ਭੇਵ ਛੁਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਰਾਏ ਨਗਨ ਮਾਰੇ ਪੁੱਠੇ ਟੰਗਾ ਕੇ । ਵਡ ਸੰਸਾਰੀ ਖੇਲ ਅਪਾਰਿਆ । ਆਪ ਰਖਾਏ ਵਡ ਵਡ ਹੰਕਾਰਿਆ । ਸਭ ਬਣਾਏ ਦੁਸ਼ਟ ਦੁਰਾਚਾਰਿਆ । ਆਤਮ ਬੁੱਧੀ ਸਭ ਹੋਈ ਭਰਿਸ਼ਟ, ਵਿਸ਼ਟਾ ਰੱਖਿਆ ਮੁਖ ਜੀਵ ਗਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਬੈਠ ਅਡੋਲ ਰਿਹਾ ਨਿਰੰਕਾਰਿਆ । ਦਿਵਸ ਰੈਣ ਰਿਹਾ ਬੋਲ ਬੁਲਾਰਾ । ਬੇਮੁਖਾਂ ਤਨ ਰਿਹਾ ਅਫਾਰਾ । ਆਵਣ ਜਾਵਣ ਬੋਲਣ ਵਾਰੋ ਵਾਰਾ । ਏਕਾ ਦਰ ਦਰਵੇਸ਼ ਪੁਕਾਰਨ ਹਾਜ਼ਾਰਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਤੋਂ ਸਭ ਦੁਰਕਾਰਾ । ਉਚੇ ਕੂਕਣ ਕੂਕ ਪੁਕਾਰਨ । ਸਾਚੇ ਪ੍ਰਭ ਦੱਸ ਆਪਣੀ ਧਾਰਨ । ਆਤਮ ਹੋਈ ਸਭ ਹੰਕਾਰਨ । ਅਚਰਜ ਵੇਖਣ ਖੇਲ ਪ੍ਰਭ ਕਾ ਕੀ ਵਰਤਾਵੇ ਕਾਰਨ । ਮਹਾਰਾਜ ਸ਼ੇਰ ਸਿੰਘ ਉਲਟੀ ਦੇਵੇ ਮੱਤ, ਦੁੱਧ ਪੁੱਤ ਦੀ ਮਾਰੇ ਮਾਰਨ । ਰਸਨਾ ਵਿਕਾਰ ਜਿਸ ਚਲਾਇਆ । ਸ਼ਬਦ ਬੁਖਾਰ ਆਪ ਰਖਾਇਆ । ਬੱਤੀ ਧਾਰ ਵਿਚ ਆਪ ਵਹਾਇਆ । ਪੁੱਠਾ ਮੁਰਦਾਰ ਮੁਖ ਰਖਾਇਆ । ਕੂੜ ਕੁੜਿਆਰ ਥੁੱਕਾਂ ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਤਾਂ ਦੁਸ਼ਟਾਂ ਦੇਵੇ ਆਪ ਸਜਾਇਆ । ਦੂਤ ਦੁਸ਼ਟ ਜੀਵ ਦੁਰਾਚਾਰੀ । ਅੱਠੇ ਪਹਿਰ ਰਹਿਣ ਹੰਕਾਰੀ । ਮੂਰਖ ਮੁਗਧ ਨਾ ਸਮਝੇ ਜੀਵ ਗਵਾਰੀ ।

ਨਾ ਕੋਈ ਜਾਣੇ ਭਾਣਾ ਹਰਿ ਕੀ ਰਿਹਾ ਕਰ, ਕਿਉਂ ਬੈਠਾ ਮੋਨਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਰ ਦੁਰਕਾਏ ਨਾ ਦੇਵੇ ਦਰਸ ਮੁਰਾਰੀ । ਹਰਿ ਦਰਸ ਜੋ ਜਨ ਪਾਵੇ । ਨਿਵ ਨਿਵ ਗੁਰ ਚਰਨ ਆਵੇ । ਖਿਵਣ ਖਿਵਣ ਹਰਿ ਖਿਵਣ ਕਰ ਸਾਚੀ ਦਾਤ ਹਰਿ ਝੋਲੀ ਪਾਵੇ । ਆਤਮ ਹਰਿ ਸਾਚੀ ਜੋਤ ਜਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਨਿਤਾਣਿਆਂ ਗਲੇ ਲਗਾਵੇ । ਹੰਕਾਰਿਆ ਦੁਰਾਚਾਰਿਆ, ਆਏ ਦਵਾਰਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਮਾਰੇ ਮਾਰਿਆ । ਗਰੀਬ ਨਿਮਾਣਿਆਂ ਬਾਲ ਅੰਞਾਣਿਆਂ ਪ੍ਰਭ ਆਪਣਾ ਸੰਗ ਨਿਭਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਆਪਣੇ ਰੰਗ ਰੰਗਾਣਿਆਂ । ਸਾਚੇ ਖੇਲ ਹਰਿ ਖਿਲਾਰੀ । ਕਿਆ ਕੋਈ ਜਾਣੇ ਜੀਵ ਗਵਾਰੀ । ਭੁੱਲੇ ਭੁਲਾਏ ਨਾ ਕੋਈ ਪਾਵੇ ਸਾਰੀ । ਗੁਰਮੁਖ ਸਾਚੇ ਪ੍ਰਭ ਸਾਚਾ ਜਾਏ ਤਾਰੀ । ਗਿਲਾ ਗੁਸਾ ਰੋਸਾ ਨਾ ਕੋਈ ਮਨ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਆਪੇ ਆਪ ਜੀਵ ਜੰਤਾਂ ਕਰੇ ਵਿਚਾਰੀ । ਤੇਰਾਂ ਜੇਠ ਹਰਿ ਸਾਚਾ ਗੁਰ । ਆਣ ਪਹੁੰਚਿਆ ਰਾਮ ਪੁਰ । ਮੇਲ ਮਿਲਾਇਆ ਗੁਰਮੁਖ ਮਿਲਿਆ ਧੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਘਨਕ ਪੁਰ । ਘਰ ਘਰ ਦਰ ਦਰ ਸੱਚੇ ਹਰਿ ਸਾਚਾ ਵਸਿਆ । ਜੋਤ ਸਰੂਪੀ ਖੇਲ ਕਰਾਏ ਵਰਤਾਏ ਸਾਚੇ ਚੰਦ ਚੜ੍ਹਾਏ ਮਿਟਾਏ ਅੰਧੇਰ ਮਸਿਆ । ਏਕਾ ਸ਼ਬਦ ਲਗਾਏ ਬਾਣ ਵਾਲੀ ਦੋ ਜਹਾਨ ਸ੍ਰਿਸ਼ਟ ਸਬਾਈ ਕਸਿਆ । ਧੁਰ ਫ਼ਰਮਾਣ ਜੋਤ ਸਰੂਪੀ ਵਿਚ ਮਾਤ ਆਣ ਸਤਿਜੁਗ ਸਾਚਾ ਦੱਸਿਆ । ਜੇਠ ਚੌਦਾਂ ਰੱਖਣਾ ਯਾਦ । ਪ੍ਰਭ ਡੇਰਾ ਲਾਇਆ ਨੌਰੰਗਾਬਾਦ । ਭੂਤ ਪ੍ਰੇਤਾਂ ਦਵੇ ਦੈਤਾਂ ਆਪੇ ਵੇਲੇ ਪ੍ਰਭ ਜਿਉਂ ਵੇਲਣੇ ਵਿਚ ਕਮਾਦ । ਆਪ ਮਿਟਾਏ ਤਨ ਮਨ ਕਾਇਆ ਪੀੜਾ, ਏਕਾ ਦਵਾਏ ਰਸਨਾ ਸੋਹੰ ਸਾਚਾ ਸੁਆਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘਰ ਫੇਰ ਕਰੇ ਅਬਾਦ । ਪੰਦਰਾਂ ਜੇਠ ਦਿਵਸ ਭਾਗੀ ਭਰਿਆ । ਪ੍ਰਭ ਅਬਿਨਾਸ਼ੀ ਕਰਮ ਸਾਚਾ ਕਰਿਆ । ਪਿੰਡ ਬੁੱਗੇ ਘਰ ਆਏ ਵੜਿਆ । ਗੁਰ ਸੰਗਤ ਮਾਣ ਦਵਾਏ ਸਿੰਘ ਸਿੰਘਾਸਣ ਉਪਰ ਖੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਪਰਿਆ । ਸਿੰਘਆਸਣ ਹਰਿ ਡੇਰਾ ਲਾਏ । ਗੁਰ ਸੰਗਤ ਸਾਰੀ ਸੰਗ ਰਲਾਏ । ਆਪਣਾ ਅੰਗ ਸੰਗ ਸੰਗ ਅੰਗ ਆਪ ਨਿਭਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਗਤ ਜ਼ੰਜੀਰ ਫੰਦ ਕਟਾਏ । ਹਰਿ ਕਾ ਭਾਣਾ ਹਰਿ ਸਮਝਾਇਆ । ਆਪਣਾ ਬਾਣਾ ਆਪ ਵਖਾਇਆ । ਜੋ ਵਰਤੇ ਭਾਣਾ ਸੋ ਰਿਹਾ ਲਿਖਾਇਆ । ਹੱਥ ਕਟਾਰ ਉਠਾਵਣਾ ਆਪ ਅਖਵਾਇਆ । ਕੱਟ ਕੱਟ ਕੱਟ ਹਰਿ ਕਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੱਟ ਪਟ ਪਟ ਝੱਟ ਇਹ ਖੇਲ ਰਚਾਇਆ । ਅਚਰਜ ਸਵਾਂਗ ਵਰਤੇ ਜਿਉਂ ਬਾਜ਼ੀਗਰ ਨਟ, ਪੁੱਠੀ ਸਿਧੀ ਛਾਲ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰ ਕਰਾਵਣਾ । ਖੈ ਖੈ ਖੈ ਸਰਬ ਸੰਸਾਰ ਮਿਟਾਵਣਾ । ਰਹਿ ਰਹਿ ਰਹਿ ਵਿਚ ਮਾਤ ਗੁਰਮੁਖ ਵਿਰਲਾ ਰਹਿ ਜਾਵਣਾ । ਭਾਣਾ ਸਹਿ ਸਹਿ ਪ੍ਰਭ ਸਾਚੇ ਸਿਰ ਹੱਥ ਟਿਕਾਵਣਾ । ਕਲਜੁਗ ਉਲਟੀ ਨਈਆ ਹਰਿ ਆਪ ਚਲਾਵਣਾ । ਬੇਮੁਖ ਕਲਜੁਗ ਵਹੇ ਵਹੇ ਨਾ ਕਿਸੇ ਅਟਕਾਵਣਾ । ਗੁਰਮੁਖ ਸਾਚੇ ਦਰ ਦਵਾਰੇ ਅੱਗੇ ਰਹਿ ਰਹਿ ਪ੍ਰਭ ਸਾਚਾ ਹੋਏ ਸਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਫੜਾਏ ਆਪਣਾ ਦਾਮਨਾ । ਆਪ ਫੜਾਏ ਆਪਣਾ ਦਾਮਨਾ । ਵੇਲੇ ਅੰਤ ਹੋਏ ਜਾਮਨਾ । ਏਕਾ ਸੰਗ ਆਪ ਨਿਭਾਵਣਾ । ਪੂਰ ਕਰਾਏ ਸਰਬ ਸਾਚਾ ਗੁਰ ਗੁਰਸਿਖਾਂ ਭਾਵਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ


੨੧੭ ੦੩

ਭਗਵਾਨ, ਸਾਚਾ ਸੰਗ ਰਖਾਏ ਜਿਉਂ ਬਰਸੇ ਮੇਘ ਸਾਵਣਾ । ਜਿਉਂ ਸਾਵਣ ਮੇਘ ਬਰਸਦਾ । ਪਪਈਆ ਬੂੰਦ ਸਵਾਂਤੀ ਨੂੰ ਤਰਸਦਾ । ਤਿਉਂ ਕਲਜੁਗ ਜੀਵ ਅੰਤਮ ਅੰਤ ਬਿਨ ਗੁਰ ਪੂਰੇ ਰਹੇ ਭਟਕਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਰਮੁਖ ਸੰਤ ਪਿਆਰੇ ਕਦੇ ਨਾ ਦਰ ਤੋਂ ਝਿੜਕਦਾ । ਖਿਮਾ ਗਰੀਬੀ ਨੀਚੋ ਨੀਚਾ । ਪ੍ਰਭ ਅਬਿਨਾਸ਼ੀ ਸਰਬ ਜੀਆਂ ਦੇਵੇ ਦਾਨ, ਹਰਿ ਆਤਮ ਸੂਚੇ ਸੂਚਾ । ਸਾਚਾ ਸ਼ਬਦ ਵੱਜੇ ਧੁਨਕਾਨ, ਆਪ ਸੁਣਾਏ ਗਲੀ ਗਲੀ ਕੂਚੋ ਕੂਚਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਿਜ ਧੁਨ ਅਤਿ ਉਤਮ ਊਚਾ । ਸੋਲਾਂ ਜੇਠ ਸਹਿਜ ਧੁਨ ਗਾਵਣਾ । ਪ੍ਰਭ ਅਬਿਨਾਸ਼ੀ ਪੂਰ ਕਰਾਏ ਭਾਵਨਾ । ਗੁਰ ਸੰਗਤ ਤੇਰਾ ਆਵਣਾ ਜਾਵਣਾ ਲੇਖੇ ਲਾਵਣਾ । ਬਾਰਾਂ ਦਿਵਸ ਬਾਰਾਂ ਰਾਸ ਪ੍ਰਭ ਏਕਾ ਰੰਗ ਰੰਗਾਵਣਾ । ਹਰਿ ਸਾਚਾ ਸ਼ਾਹੋ ਸ਼ਾਬਾਸ਼, ਸਦ ਹਿਰਦੇ ਵਿਚ ਵਸਾਵਣਾ । ਕਰੇ ਅੰਤਮ ਬੰਦ ਖਲਾਸ, ਦਰਗਹਿ ਸਾਚੀ ਆਪ ਬਹਾਵਣਾ । ਕਰਮ ਧਰਮ ਸਚ ਕਮਾਵਣਾ । ਝੂਠਾ ਠੂਠਾ ਪ੍ਰਭ ਸਾਚੇ ਭੰਨ ਵਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚੋਂ ਲੱਖ ਚੁਰਾਸੀ ਆਪ ਕਢਾਵਣਾ । ਗੁਰ ਸੰਗਤ ਸਤਿ ਕਮਾਈ ਹੈ । ਚਰਨ ਪ੍ਰੀਤੀ ਜਿਸ ਕਮਾਈ ਹੈ । ਪ੍ਰਭ ਸਾਚਾ ਦਿੰਦਾ ਵਧਾਈ ਹੈ । ਔਖੀ ਦਿਸੇ ਕਰਨੀ ਜੁਦਾਈ ਹੈ । ਆਦਿ ਜੁਗਾਦਿ ਇਹ ਬਣਤ ਬਣੀ ਆਈ ਹੈ । ਮੇਲ ਵਿਛੋੜਾ ਇਕ ਅਚਰਜ ਖੇਲ ਰਚਾਈ ਹੈ । ਆਤਮ ਹੋਏ ਨਾ ਕਦੇ ਅਜੋੜਾ, ਨਾ ਜੀਵ ਹੋਏ ਦੁੱਖਦਾਈ ਹੈ । ਸ਼ਬਦ ਸਰੂਪੀ ਪ੍ਰਭ ਦੇਵੇ ਸਾਚਾ ਘੋੜਾ, ਗੁਰਸਿਖ ਤੇਰੀ ਵਿਚ ਮਾਤ ਅੱਠੇ ਪਹਿਰ ਚੜ੍ਹਾਈ ਹੈ । ਪੰਚਾਂ ਚੋਰਾਂ ਸੰਗ ਇਕ ਸ਼ਬਦ ਕਰਾਏ ਲੜਾਈ ਹੈ । ਸੋਹੰ ਇਕ ਜਮਾਇਤ ਸਚ ਪੜ੍ਹਾਈ ਹੈ । ਊਚ ਨੀਚ ਜਾਤ ਪਾਤ ਸਰਬ ਮਿਟਾਈ ਹੈ । ਆਤਮ ਕੀਨੀ ਅੰਧੇਰੀ ਰਾਤ, ਸੋਹੰ ਸਾਚੀ ਭੱਠੀ ਆਪ ਚੜ੍ਹਾਈ ਹੈ । ਅੰਦਰ ਵੇਖ ਮਾਰ ਝਾਤ, ਗੁਰਮੁਖ ਸਾਚੇ ਤੇਰੇ ਅੰਦਰ ਸਤਿ ਸਰੂਪੀ ਇਕ ਰੁਸ਼ਨਾਈ ਹੈ । ਚਰਨ ਪ੍ਰੀਤੀ ਹਰਿ ਦੇਵੇ ਸਾਚਾ ਨਾਉਂ ਜਿਸ ਜਨ ਭੁੱਲ ਬਖ਼ਸ਼ਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਤੇਰੀ ਸਚ ਵਡਿਆਈ ਹੈ । ਜਿਸ ਚਰਨ ਪ੍ਰੀਤੀ ਤੋੜ ਨਿਭਾਈ ਹੈ । ਹਰੀ ਹਰਿ ਜਨ ਘਰ ਸਚ ਸੁਹਾਵੰਦੇ । ਹਰੀ ਹਰਿ ਜਨ ਇਕ ਰੰਗ ਰੰਗਾਵੰਦੇ । ਹਰੀ ਹਰਿ ਜਨ ਇਕ ਜੋਤ ਅਖਵਾਵੰਦੇ । ਹਰੀ ਹਰਿ ਜਨ ਇਕ ਗੋਤ ਬਣਜਾਵੰਦੇ । ਹਰੀ ਹਰਿ ਜਨ ਦੁਰਮਤ ਮੈਲ ਪ੍ਰਭ ਦਰ ਧੁਆਵੰਦੇ । ਹਰੀ ਹਰਿ ਜਨ ਨਰ ਹਰਿ ਨਰ ਹਰਿ ਵਿਚ ਸਮਾਵੰਦੇ । ਹਰੀ ਹਰਿ ਜਨ ਲਿਖਿਆ ਧੁਰ ਪ੍ਰਭ ਦਰ ਤੇ ਪਾਵੰਦੇ । ਹਰੀ ਹਰਿ ਜਨ ਹਰਿ ਹਰਿ ਹਰਿ ਇਕ ਜੋਤ ਜਗਾਵੰਦੇ । ਹਰੀ ਹਰਿ ਜਨ ਹਰਿ ਦਰਸ ਕਰ ਆਤਮ ਤ੍ਰਿਖਾ ਭੁੱਖ ਗਵਾਵੰਦੇ । ਹਰੀ ਹਰਿ ਜਨ ਹਰਿਆ ਕਰਨ ਮਨ ਤਨ ਸ਼ਬਦ ਲੈਣ ਸਾਚਾ ਧੰਨ ਦਿਵਸ ਰੈਣ ਰਸਨਾ ਗਾਂਵੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਮਿਲਾਵੰਦੇ । ਹਰਿ ਜਨ ਹਰਿ ਕਾ ਰੂਪ ਹੈ, ਕਿਆ ਕੋਈ ਕਰੇ ਵਿਚਾਰ । ਹਰਿ ਜਨ ਹਰਿ ਕਾ ਰੂਪ ਹੈ, ਹਰਿ ਦੇਵੇ ਜੋਤ ਅਕਾਰ । ਹਰਿ ਜਨ ਹਰਿ ਕਾ ਰੂਪ ਹੈ, ਹਰਿ ਦੇਵੇ ਸ਼ਬਦ ਸਚ ਭੰਡਾਰ । ਹਰਿ ਜਨ ਹਰਿ ਕਾ ਰੂਪ ਹੈ, ਦੇਵਣਹਾਰ ਇਕ ਦਾਤਾਰ । ਹਰਿ ਜਨ ਹਰਿ ਕਾ ਰੂਪ ਹੈ, ਆਪ ਚਲਾਇਆ ਸਤਿਜੁਗ ਸਾਚੀ ਕਾਰ ਹੈ । ਹਰਿ ਜਨ ਹਰਿ ਕਾ ਰੂਪ ਹੈ, ਨੀਚੋ ਊਚ ਊਚੋਂ ਨੀਚ ਪ੍ਰਭ ਸਾਚੇ ਦੀ ਸਾਚੀ ਕਾਰ ਹੈ । ਹਰਿ ਜਨ ਹਰਿ ਕਾ ਰੂਪ ਹੈ, ਆਤਮ ਸੂਚਾ ਸੌਦਾ ਦੂਜਾ ਸਾਰਾ ਜਗਤ ਵਿਹਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਨਿਤਾਣਿਆਂ ਦੇਵੇ ਮਾਣ ਆਪਣੀ ਰਸਨਾ ਸ਼ਬਦ

ਉਚਾਰ ਹੈ । ਹਰਿ ਜਨ ਹਰਿ ਕਾ ਰੂਪ ਹੈ, ਹਰੀ ਜਨ ਅਪਾਰੀ । ਕਿਰਪਾ ਕਰ ਹਰਿ ਗਿਰਵਰ ਗਿਰਧਰ ਦੇਵੇ ਮਾਣ ਮੁਰਾਰੀ । ਦਰ ਘਰ ਹਰਿ ਸਾਚਾ ਦੇਵੇ ਵਰ, ਸਾਚਾ ਨਾਮ ਭੰਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਰਬ ਦੇਵੇ ਸੱਚੀ ਸਰਦਾਰੀ । ਓਅੰ ਇਕ ਆਕਾਰ ਹੈ । ਜੋਤ ਸਰੂਪੀ ਸਰਬ ਪਸਾਰ ਹੈ । ਸੋਹੰ ਸ਼ਬਦ ਸ੍ਰਿਸ਼ਟ ਅਧਾਰ ਹੈ । ਵਰਤੇ ਸਤਿਜੁਗ ਆਪਣੀ ਸਾਚੀ ਧਾਰ ਹੈ । ਸਚ ਬ੍ਰਹਮ ਹਰਿ ਰਿਹਾ ਵਿਚਾਰ ਹੈ । ਪੂਰਨ ਕਰਮ ਸਚ ਕਰੇ ਵਿਹਾਰ ਹੈ । ਸਾਚਾ ਧਰਮ ਵਿਚ ਸੰਸਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਅਵਤਾਰ ਹੈ । ਹਰਿ ਸਾਚਾ ਭਗਤ ਅਧਾਰ ਹੈ । ਸ੍ਰਿਸ਼ਟ ਸਬਾਈ ਤੀਨ ਲੋਕ ਇਕ ਸਿਕਦਾਰ ਹੈ । ਸੱਚਾ ਤਖ਼ਤ ਸੱਚਾ ਸੁਲਤਾਨ, ਆਪੇ ਵਡ ਫੌਜਦਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਦੀਆ ਤਾਜ ਪਹਿਨਾਏ ਸਿਰ ਬੰਧੇ ਆਪਣੇ ਦਸਤਾਰ ਹੈ । ਸਚ ਦਸਤਾਰ ਹਰਿ ਸੀਸ ਟਿਕਾਏ । ਸਚ ਜਗਦੀਸ਼ ਆਪ ਕਰਮ ਕਮਾਏ । ਸਚ ਧਰਮ ਵਿਚ ਜਗਤ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਾਣਾ ਆਪ ਪਹਿਨਾਏ । ਕਿਰਪਾ ਕਰੇ ਹਰਿ ਨਿਰੰਕਾਰਾ । ਦੇਵੇ ਦਾਨ ਅਪਰ ਅਪਾਰਾ । ਸਤਿਗੁਰ ਮਨੀ ਸਿੰਘ ਮੰਗਿਆ ਸਚ ਇਕ ਦਵਾਰਾ । ਸਾਚੇ ਪ੍ਰਭ ਰੰਗਿਆ ਭਰਿਆ ਸ਼ਬਦ ਸੱਚਾ ਭੰਡਾਰਾ । ਸਿਰੋਂ ਕਦੇ ਨਾ ਹੋਏ ਨੰਗਿਆ, ਦੂਜਾ ਸਿਰ ਬੰਧੇ ਆਪ ਤੇਰੇ ਦਸਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਚ ਵਰਤਾਏ ਜਗਤ ਵਿਹਾਰਾ । ਕਿਰਪਾ ਨਿਧ ਹਰਿ ਕਿਰਪਾ ਕਰੀ । ਆਪਣੀ ਬਿਧ ਆਪਣੇ ਅੱਗੇ ਧਰੀ । ਜਗਤ ਨਿਮਾਣਿਆਂ ਪ੍ਰਭ ਦਰਗਹਿ ਊਚੀ ਕਰੀ । ਲੰਗਰ ਸੇਵਾ ਘਰ ਸਾਚੇ ਘਾਹ ਖੁਤਾਣਿਆ, ਪ੍ਰਭ ਸਾਚਾ ਆਏ ਦੇਵੇ ਸਚ ਵਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੀ ਦਸਤਾਰ ਗੁੱਜਰ ਸਿੰਘ ਤੇਰੇ ਸੀਸ ਧਰੀ । ਸੇਵ ਕਰੀ ਹਰਿ ਮਨ ਭਾਈ । ਦਿਵਸ ਰੈਣ ਦਰ ਇਕ ਕਰਾਈ । ਤਨ ਮਨ ਧਨ ਗੁਰ ਲੇਖੇ ਲਾਈ । ਕੋਈ ਨਾ ਆਇਆ ਜਨ ਲੋਕ ਲੱਜਿਆ ਸਰਬ ਤਜਾਈ । ਵੇਲਾ ਅੰਤਮ ਅੰਤ ਅੰਤ ਆਇਆ ਹਰਿ ਸਾਚੇ ਪੈਜ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਵਿਚ ਸਾਧ ਸੰਗਤ ਦਿਤੀ ਵਡਿਆਈ । ਸੇਵਕ ਤੇਰੀ ਸੇਵਾ ਘਾਲ । ਚਰਨ ਪ੍ਰੀਤੀ ਨਿਭ ਗਈ ਨਾਲ । ਤੇਰੀ ਕਾਇਆ ਸਾਂਤਕ ਸੀਤਲ ਕੀਤੀ ਆਪ ਹੋਇਓ ਕਿਰਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਕੱਟੇ ਜਗਤ ਜੰਜਾਲ । ਜਗਤ ਜੰਜਾਲਾ ਤੇਰਾ ਕਟਾਨੇ । ਸਾਚਾ ਹੰਸ ਵਿਚੋਂ ਆਪ ਉਡਾਨੇ । ਆਪ ਆਪਣੀ ਅੰਸ ਬਣਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਿੰਸਾ ਵਿਚੋਂ ਉਜਲ ਕਰਾਨੇ । ਖਿਮਾ ਗਰੀਬੀ ਚਾਕਰੀ ਪ੍ਰਭ ਸਾਚੇ ਮਨ ਭਾਈ । ਜਿਸ ਦਾ ਕੋਈ ਸਾਕ ਸੱਜਣ ਨਾ ਭੈਣ ਭਰਾ ਮਾਈ । ਉਸ ਦਾ ਹੋਇਆ ਆਪ ਸਹਾਈ । ਜਲ ਥਲ ਬਣ ਤ੍ਰਿਣ ਸਰਬ ਘਟ ਰਵਿਆ, ਸਰਬ ਥਾਈਂ ਰਿਹਾ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਨਿਤਾਣਿਆਂ ਨਿਲੱਜਿਆਂ ਲੱਜ ਆਪ ਰਖਾਈ । ਰੱਖੇ ਲਾਜ ਲਾਜ ਗੁਰ ਪੂਰਾ । ਚਰਨ ਪ੍ਰੀਤੀ ਘਰ ਸਾਚੇ ਕੀਨੀ ਸੇਵਾ । ਸਾਚਾ ਫੱਲ ਹਰਿ ਆਪ ਦਵਾਏ ਮੁਖ ਲਗਾਏ ਸੋਹੰ ਸਾਚੇ ਮੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਮਾਣ ਦਵਾਏ ਆਪ ਬਹਾਏ ਦੇਵੇ ਵਡਿਆਏ ਵਡ ਦੇਵੀ ਦੇਵਾ । ਗੁਰਸਿਖ ਤੇਰਾ ਅੱਗਾ ਨੇੜਾ । ਆਪ ਉਜਾੜੇ ਤੇਰਾ ਕਾਇਆ ਖੇੜਾ । ਚੁੱਕ ਜਾਏ ਤੇਰਾ ਜਗਤ ਝੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਤੇਰਾ ਕੀਆ ਨਬੇੜਾ । ਕਿਰਪਾ ਕਰੇ ਹਰਿ ਹਰਿ ਨਿਰੰਕਾਰੀ । ਸਾਚੀ ਬਖ਼ਸ਼ੇ ਚਰਨ ਸੇਵ

ਪਿਆਰੀ । ਜਗਤ ਲਿਖਤ ਸੇਵ ਕਮਾਏ । ਵਾਕ ਭਵਿਖਤ ਹਰਿ ਆਪ ਲਿਖਾਏ । ਦਿਵਸ ਰੈਣ ਰਿਹਾ ਕਲਮ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜੋਤ ਧਰ ਆਪ ਅਕਾਰ ਕਰਾਏ । ਆਪ ਕਰਾਏ ਜੋਤ ਅਕਾਰਾ । ਸਾਚਾ ਦੇਵੇ ਸ਼ਬਦ ਅਧਾਰਾ । ਚਰਨ ਪ੍ਰੀਤੀ ਹਰਿ ਦੇਵੇ ਦਿਵਸ ਰੈਣ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਚੌਥੀ ਭੇਟ ਕਰੇ ਦਸਤਾਰਾ । ਪਰਸ਼ੋਤਮ ਪੂਰਨ ਪੁਰਖ ਅਵਤਾਰਾ । ਪਰਸ਼ੋਤਮ ਆਪ ਬੰਧਾਏ ਸਾਚੀ ਧਾਰਾ । ਆਪ ਆਪਣਾ ਸਾਚਾ ਕਰੇ ਸਦ ਵਿਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਜਾਓ ਬਲਿਹਾਰਾ । ਜਾਓ ਬਲਿਹਾਰ ਗੁਰ ਪੂਰਿਆ । ਸਾਚੀ ਦਿਸੇ ਧਾਰ ਖੜ ਦਰ ਹਜ਼ੂਰਿਆ । ਪੂਰਬ ਕਰਮ ਵਿਚਾਰ ਹਰਿ ਸਾਚਾ ਦੇਵੇ ਨਾਮ ਸਰੂਰਿਆ । ਗੁਰਮੁਖਾਂ ਜਨਮ ਸਵਾਰ ਹਰਿ ਆਸਾ ਮਨਸਾ ਪੂਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਹਰਿ ਸਾਚਾ ਭਰਪੂਰਿਆ । ਸਾਚੀ ਕਿਰਤ ਕਰਮ ਗੁਰ ਕੀਨਾ । ਆਪਣੇ ਰੰਗ ਵਿਚ ਆਪੇ ਲੀਨਾ । ਧੰਨ ਧੰਨ ਗੁਰਸਿਖ ਸਾਚੇ ਪ੍ਰਭ ਅਬਿਨਾਸ਼ੀ ਰਸਨਾ ਚੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਵਡ ਦਾਤਾ ਭਗਵਾਨ ਵਡ ਦਾਤਾ ਬੀਨਾ । ਵਡ ਦਾਤਾਰ ਗਊ ਗਰੀਬਾਂ ਸੁਣੇ ਪੁਕਾਰ । ਮਾਤਲੋਕ ਵਿਚ ਜਾਮਾ ਧਾਰ । ਕਿਰਪਾ ਕਰੇ ਆਪ ਬਨਵਾਰਿਆ । ਦਰ ਘਰ ਆਏ ਜਾਏ ਤਾਰ । ਹੰਕਾਰੀਆਂ ਦੁਸ਼ਟ ਦੁਰਾਚਾਰੀਆਂ ਪ੍ਰਭ ਸਾਚਾ ਦਏ ਸੰਘਾਰ । ਜਨ ਭਗਤਾਂ ਜਨਮ ਸੁਧਾਰਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਕਰਮ ਰਿਹਾ ਵਿਚਾਰ । ਦਰਸ਼ਨ ਸਿੰਘ ਸਿਰ ਧਰੀ ਚੌਥੀ ਦਸਤਾਰ । ਪ੍ਰਭ ਅਬਿਨਾਸ਼ੀ ਸਾਚੀ ਧਾਰ । ਪੂਰਾ ਕੀਆ ਜਗਤ ਵਿਹਾਰ । ਪ੍ਰੀਤਮ ਸਿੰਘ ਪੰਜਵੀ ਬੰਨ੍ਹੇ ਸਿਰ ਤੇਰੇ ਦਸਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਕਰੇ ਆਪ ਵਿਹਾਰ । ਜਗਤ ਵਿਹਾਰਾ ਆਪ ਕਰਾਇਆ । ਸਚ ਦਸਤਾਰਾ ਸਿਰ ਬੰਨ੍ਹਾਇਆ । ਸਚ ਦਾਤਾਰਾ ਆਪ ਅਖਵਾਇਆ । ਗੁਰ ਗੋਬਿੰਦ ਦੋਏ ਬਾਹਰ ਰਖਾਇਆ । ਗੁਰਮੁਖ ਤੈਨੂੰ ਏਕਾ ਰੰਗ ਰੰਗਾਇਆ । ਤੀਨ ਲੋਕ ਦੀ ਬੂਝ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਿਹਾਰ ਪਹਿਲਾ ਆਪ ਕਰਾਇਆ । ਪੰਚਮ ਬਣਾਈ ਹਰਿ ਇਕ ਪੰਚਾਇਤ । ਗੁਰ ਗੁਰ ਗਰੀਬ ਇਕ ਸ਼ਰਾਇਤ । ਜਾਤ ਪਾਤ ਮਿਟੇ ਕੁਰਾਇਤ । ਏਕਾ ਸੋਹੰ ਸ਼ਬਦ ਸਾਚੀ ਹਦਾਇਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਾਏ ਬਣਤ । ਸਾਚੀ ਬਣਤ ਆਪ ਬਣਾਏ । ਸਰਬ ਜੀਆਂ ਹਰਿ ਰਿਹਾ ਜਣਾਏ । ਕੋਈ ਭੰਨ ਨਾ ਸਕੇ ਰਾਏ । ਹਰਿ ਦੇਵੇ ਡੰਨ ਦਰਗਹਿ ਸਾਚੀ ਕੋਇ ਨਾ ਥਾਂਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਨਾ ਕੋਇ ਮਿਟਾਏ । ਲਿਖਿਆ ਲੇਖਾ ਨਾ ਕਿਸੇ ਮਿਟਾਵਣਾ । ਸੋਇਆ ਨਾਗ ਨਾ ਕਿਸੇ ਜਗਾਵਣਾ । ਆਤਮ ਡੰਗ ਹਰਿ ਇਕ ਚਲਾਵਣਾ । ਲੱਖ ਚੁਰਾਸੀ ਤੰਗ ਪ੍ਰਭ ਗਰਭਵਾਸ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਕਿਉਂ ਕ੍ਰਿਸ਼ਨਾ ਗਵਾਲੜਾ । ਗੋਪਾਲ ਗਵਾਲੜਾ ਅੰਞਾਣਾ ਬਾਲੜਾ । ਭਰਮ ਭੁਲੇਖਾ ਨਾ ਮਨ ਵਿਚ ਡਾਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸੋਹੰ ਲਾਲੜਾ । ਸੋਹੰ ਲਾਲ ਸੱਚਾ ਧਨ ਮਾਲ । ਗੁਰਮੁਖ ਸਾਚੀ ਵਸਤ ਰਖਣੀ ਮਾਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਹਰਿ ਨਾ ਹੋਣਾ ਕਦੇ ਕੰਗਾਲ । ਗੁਰ ਪੂਰੇ ਵਡ ਵਡਿਆਈਆ । ਗੁਰ ਸੰਗਤ ਲੱਖ ਲੱਖ ਵਧਾਈਆ । ਪ੍ਰਭ ਸਾਚੇ ਦੀ ਸਾਚੀ ਸੇਵ ਕਮਾਈਆ । ਦਿਵਸ ਰੈਣ ਰੈਣ ਦਿਵਸ ਤਨ ਮਨ ਸੇਵਾ ਲਾਈਆ । ਸਾਚੀ ਧੁਨ ਸ਼ਬਦ ਰਸ ਲੈਣ, ਆਲਸ ਨਿੰਦਰਾ ਮਗਰੋਂ ਲਾਹੀਆ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਪੰਚਮ ਜੇਠ ਵੀਹ ਸੌ ਦਸ ਬਿਕ੍ਰਮੀ ਗੁਰ ਸੰਗਤ ਤੇਰੇ ਸੀਸ ਦੋ ਹੱਥੀਂ ਛਤਰ ਝੁਲਾਈਆ । ਸਤਿਜੁਗ ਤੇਰੀ ਸਾਚੀ ਨੀਂਹ ਰਖਾਈਆ । ਗੁਰਸਿਖ ਵਿਚੋਂ ਮਾਤ ਸਵਰਨ ਇੱਟ ਇਕ ਇਕ ਚੁਕ ਲਗਾਈਆ । ਅੰਮ੍ਰਿਤ ਆਤਮ ਪ੍ਰਭ ਸਾਚੇ ਸਿੰਚ ਪ੍ਰੇਮੀ ਛਿਟ ਇਕ ਇਕ ਗਾਰਾ ਕਰ ਮੰਗ ਰਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਾਡੀ ਆਪ ਬਣ ਆਪਣੀ ਹੱਥੀਂ ਡੇਓਡ ਰਖਾਈਆ । ਆਪ ਕਰੇ ਸਤਿਜੁਗ ਤੇਰੀ ਉਸਾਰੀ । ਦਿਵਸ ਰੈਣ ਰੈਣ ਦਿਵਸ ਹੋਏ ਵਿਚ ਮਾਤ ਦੇ ਭਾਰੀ । ਚੜ੍ਹਦੀ ਆਏ ਆਪੇ ਆਪਣੀ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਧਰਤ ਮਾਤ ਤੇਰੀ ਇਕ ਬਣਾਏ ਸੱਚੀ ਸਚ ਅਟਾਰੀ । ਧਰਤ ਮਾਤ ਸਚ ਮੰਦਰ ਬਨਾਣਾ । ਜੋਤ ਸਰੂਪੀ ਹਰਿ ਸਾਚਾ ਦੀਪ ਜਗਾਵਣਾ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸਾਚਾ ਮਾਣ ਦਵਾਵਣਾ । ਆਪੇ ਵਸੇ ਵਿਚ ਹਰਿ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਮਨ ਮੰਦਰ ਵਿਚ ਸਾਚਾ ਰੰਗ ਨਾਮ ਰੰਗਾਵਣਾ । ਸਾਚਾ ਨਾਮ ਰੰਗ ਚੜ੍ਹਾਏ । ਗੁਰਮੁਖ ਸਾਚੇ ਵਿਚ ਬਹਾਏ । ਜੋ ਮਾਤ ਲਏ ਲੜ ਲਾਏ । ਹਰਿ ਅਬਿਨਾਸ਼ ਮਾਣ ਦਵਾਏ । ਹੋਏ ਆਪ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਵਡ ਵਡ ਵਡਿਆਈਆ । ਗੁਰ ਸੰਗਤ ਦਿਵਸ ਰੈਣ ਰੈਣ ਦਿਵਸ ਗੁਣ ਹਰਿ ਗਾਈਆ । ਗੁਣ ਗਾਇਣ ਗੁਰ ਵਿਚਾਰ ਹੈ । ਪ੍ਰਭ ਸਾਚਾ ਪਾਵੇ ਸਰਬ ਦੀ ਸਾਰ ਹੈ । ਦੁੱਖ ਭੁੱਖ ਦੇਵੇ ਸਰਬ ਨਿਵਾਰ ਹੈ । ਚਾਰ ਕੁੰਟ ਗੁਰਮੁਖ ਤੇਰੇ ਸੀਸ ਛਤਰ ਝੁਲਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਬੱਧੀ ਸਿਰ ਦਸਤਾਰ ਹੈ । ਸਚ ਦਸਤਾਰ ਆਪੇ ਬੰਨ੍ਹਿਆ । ਜਗਤ ਵਿਹਾਰਾ ਝੂਠਾ ਧੰਦਿਆ । ਸਚਾ ਤਾਣਾ ਪ੍ਰਭ ਸਾਚੇ ਤਣਿਆ, ਊਚ ਨੀਚ ਰਾਓ ਰੰਕ ਅੰਨ੍ਹਾ ਕਾਣਾ ਪ੍ਰਭ ਏਕਾ ਸੰਗ ਸਾਚਾ ਸੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਸੇਵ ਕਮਾਈ ਮਾਨਸ ਜਨਮ ਨਾ ਹੋਵੇ ਭੰਗਿਆ । ਹਰਿ ਸੱਚੀ ਤੇਰੀ ਸਰਦਾਰੀ । ਗੁਰ ਸੰਗਤ ਤੇਰੀ ਪਿਆਰੀ । ਚਰਨ ਕਵਲ ਰੱਖ ਮੁਰਾਰੀ । ਉਪਰ ਧਵਲ ਨਾ ਹੋਏ ਖਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਈ ਹੈ । ਹੋਈ ਕਾਇਆ ਅੰਤ ਪਰਾਨੀਆਂ । ਆਇਆ ਕਾਲ ਅੰਤ ਨਿਸ਼ਾਨੀਆਂ । ਹੱਥਾਂ ਪੈਰਾਂ ਅੱਖਾਂ ਨਾ ਸਰਬ ਸੰਭਾਲੀਆਂ । ਸਰਬ ਗੁਣਾਂ ਭਰਪੂਰ ਪ੍ਰਭ ਦੇਵੇ ਸਰਬ ਵੱਥਾਂ ਆਪਣੇ ਰੰਗ ਰੰਗਾਨੀਆਂ । ਸਾਚਾ ਲੇਖ ਲਿਖਾਇਆ ਪ੍ਰਭ ਸਾਚੇ ਵਿਚ ਮੱਥਾ ਸਾਚੀ ਜੋਤ ਵਿਚ ਲਲਾਟ ਜਗਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਧਰ ਦਸਤਾਰ, ਕਰ ਪਿਆਰ ਗਰੀਬ ਨਿਮਾਣਾ ਔਖੀ ਘਾਟੀ ਆਪ ਚੜ੍ਹਾਣੀਆਂ । ਸਚ ਪੰਘੂੜਾ ਆਪਣਾ ਝੂਲ । ਆਪ ਝੁਲਾਏ ਪ੍ਰਭ ਅਬਿਨਾਸ਼ੀ ਨਾ ਜਾਏ ਭੂਲ । ਆਪਣੀ ਹੱਥੀਂ ਗੋਦ ਉਠਾ ਲਿਆ ਤੇਰੀ ਕਟਾਈ ਸੂਲੀ ਆਪ ਬਣਾਈ ਸੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਇਆ ਤੇਰਾ ਮੂਲ ।

## ❊ ੧੭ ਜੇਠ ੨੦੧੦ ਬਿਕ੍ਰਮੀ ਮਾਈ ਦੇ ਗ੍ਰਿਹ ਪਿੰਡ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ❊

ਸਤਿ ਸੰਤੋਖ ਸ਼ਬਦ ਭੰਡਾਰਾ । ਪ੍ਰਭ ਸਾਚਾ ਦੇਵੇ ਨਾਮ ਆਧਾਰਾ । ਗੁਰਮਤ ਸਾਚਾ ਤਤ, ਬੁੱਧ ਮੱਤ ਵਿਚ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਆਏ ਚਲ ਘਰ ਬਾਹਰਾ । ਘਰ ਬਾਹਿਰ ਹਰਿ ਚਰਨ ਛੁਹਾਇਆ । ਘਰ ਸਾਚਾ ਆਣ ਸੁਹਾਇਆ ।

ਪੂਰਨ ਆਸਾ ਪ੍ਰਭ ਆਪ ਕਰਾਇਆ । ਦਿਵਸ ਰੈਣ ਜਿਸ ਆਤਮ ਪਿਆਸਾ ਦੇ ਦਰਸ਼ਨ ਸ਼ਾਂਤ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਰਖਾਇਆ । ਕਿਰਪਾ ਕਰੀ ਆਪ ਭਗਵਾਨ । ਦਰਸ਼ਨ ਦੀਆ ਸਚ ਘਰ ਆਣ । ਆਪੇ ਕੱਟੇ ਜਮ ਕੀ ਕਾਨ । ਲੱਖ ਚੁਰਾਸੀ ਗੇੜ ਮਿਟਾਣ । ਘਨਕਪੁਰ ਵਾਸੀ ਕਿਰਪਾ ਕਰੇ ਆਪ ਮਹਾਨ । ਪ੍ਰਭ ਸਾਚਾ ਕਰੇ ਅੰਤਮ ਬੰਦ ਖਲਾਸੀ, ਸਾਚੇ ਸ਼ਬਦ ਬਿਠਾਏ ਵਿਚ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਦਿ ਜੁਗਾਦਿ ਜੋਤੀ ਜੋਤ ਮਿਲਾਣ । ਹਰਿ ਮਿਲਣ ਦੀ ਸਦ ਆਸ ਰਖਾਈ । ਦਿਵਸ ਰੈਣ ਰੈਣ ਦਿਵਸ ਮਨ ਤ੍ਰਿਖਾ ਬੰਧਾਈ । ਪ੍ਰਭ ਅਬਿਨਾਸ਼ੀ ਸਾਕ ਸੈਣ ਆਪ ਇਕ ਬਣ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸਤਿਗੁਰ ਪੂਰਾ ਵਿਚ ਮਾਤ ਦੇਵੇ ਵਡਿਆਈ । ਜਿਉਂ ਭੈਣ ਨਾਨਕੀ ਆਣ ਤਰਾਈ । ਮਾਤ ਵਡਿਆਈਆ, ਪ੍ਰਭ ਸਾਚਾ ਲੇਖ ਲਿਖਾਈਆ । ਸਵਾਸ ਸਵਾਸ ਸਵਾਸ ਰਸਨਾ ਗਾਈਆ । ਬਿਰਥਾ ਸਵਾਸ ਕੋਈ ਨਾ ਜਾਈਆ । ਮਨ ਮਨ ਮਨ ਗੁਰਸਿਖ ਆਤਮ ਧੀਰ ਧਿਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪੇ ਹੋਇਆ ਆਪ ਸਹਾਈਆ । ਅੰਤ ਸਹਾਈ ਹੋਇਆ ਆਣ । ਆਪ ਚੁਕਾਏ ਜਮ ਕੀ ਕਾਨ । ਆਪ ਉਠਾਏ ਬਿਠਾਏ ਵਿਚ ਸ਼ਬਦ ਬਬਾਣ । ਚਰਨ ਲਗਾਏ ਪਾਰ ਕਰਾਏ ਗੇੜ ਚੁਰਾਸੀ । ਆਪ ਕਟਾਏ ਬੰਦ ਖਲਾਸੀ । ਆਪ ਕਰਾਏ ਘਨਕਪੁਰ ਵਾਸੀ । ਸਚਖੰਡ ਨਿਵਾਸ ਰਖਾਏ ਪੁਰੀ ਘਨਕਵਾਸੀ । ਕਰੇ ਬੰਦ ਖਲਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸੀ । ਮਾਨਸ ਜਨਮ ਹਰਿ ਆਪ ਸੁਧਾਰਿਆ । ਦੇਵੇ ਦਰਸ ਆਏ ਚਲ ਦਵਾਰਿਆ । ਲਹਿਣਾ ਦੇਣਾ ਪ੍ਰਭ ਸਰਬ ਚੁਕਾ ਰਿਹਾ । ਸਾਚਾ ਗਹਿਣਾ ਸ਼ਬਦ ਤਨ ਪਹਿਨਾ ਰਿਹਾ । ਗੁਰ ਸੰਗਤ ਸਦ ਸਦ ਸਦ ਮਿਲ ਬਣਿਆ ਸਚਖੰਡ, ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਬੰਦ ਖਲਾਸੀ ਆਪ ਕਰਾ ਰਿਹਾ । ਜਮ ਕੀ ਫਾਸੀ ਹਰਿ ਦੇਵੇ ਤੋੜ । ਚਰਨ ਪ੍ਰੀਤੀ ਨਿਭਾਏ ਨਾ ਰਹੇ ਅਜੋੜ । ਆਪ ਚੜ੍ਹਾਏ ਸੋਹੰ ਸ਼ਬਦ ਸਾਚੇ ਘੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਰਾਇਣ ਨਰ ਜਨ ਖੜੇ ਦੋਵੇਂ ਹੱਥ ਜੋੜ । ਦੋਏ ਜੋੜ ਕਰੇ ਅਰਦਾਸ । ਪ੍ਰਭ ਅਬਿਨਾਸ਼ੀ ਸਦ ਵਸੇ ਪਾਸ । ਅੰਤਮ ਅੰਤ ਪ੍ਰਭ ਸਾਚਾ ਪੂਰੀ ਕਰੇ ਆਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਕਰੇ ਪ੍ਰਕਾਸ਼ । ਆਤਮ ਜੋਤ ਪ੍ਰਕਾਸ਼ ਕਰ । ਏਕਾ ਆਪਣਾ ਦਾਸ ਕਰ । ਸੋਹੰ ਸ਼ਬਦ ਸੱਚਾ ਧਰਵਾਸ ਧਰ । ਕਲਜੁਗ ਦੁੱਖੜਾ ਨਾਸ ਕਰ । ਅੰਤਮ ਆਪਣਾ ਦਾਸਨ ਦਾਸ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਹਰਿ ਹਿਰਦੇ ਏਕਾ ਵਾਸ ਕਰ । ਦਾਸਨ ਦਾਸ ਆਪ ਅਖਵਾਇਆ । ਬਿਰਧ ਅਵਸਥਾ ਹਰਿ ਦਇਆ ਕਮਾਇਆ । ਇਕ ਇਕ ਇਕ ਕਰ ਬੀਤ ਬਿਤਾਇਆ । ਦੂਆ ਸੰਗ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਆਪ ਸੁਹਾਇਆ । ਸ਼ਬਦ ਨਈਆ ਹਰਿ ਆਪ ਚੜ੍ਹਾਇਆ । ਭਵ ਸਾਗਰ ਤੋਂ ਪਾਰ ਕਰਾਇਆ । ਮਾਟੀ ਕਾਇਆ ਕਾਚੀ ਗਾਗਰ, ਆਤਮ ਸਾਚੀ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਹੋਏ ਸਹਾਏ ਆਪਣੀ ਜੋਤੀ ਜੋਤ ਮਿਲਾਇਆ । ਜੋਤੀ ਜੋਤ ਹਰਿ ਆਪ ਮਿਲਾਏ । ਆਪ ਆਪਣੇ ਰੰਗ ਰੰਗਾਏ । ਸਾਚਾ ਸੰਗ ਵਿਚ ਮਾਤ ਨਿਭਾਏ । ਪ੍ਰਭ ਦਰ ਮੰਗੀ ਪੂਰੀ ਜਾਏ ਕਰਾਏ । ਮਾਨਸ ਜਨਮ ਨਾ ਹੋਇਆ ਭੰਗ ਦਰਸ ਦਿਖਾਇਆ ਪ੍ਰਭ ਕਿਰਪਾ ਕੀਨੀ ਪ੍ਰਭ ਦਰ ਘਰ

ਸਾਚੇ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਪਾਰ ਕਰਾਏ ਆਪਣੇ ਕੰਧ ਉਠਾਏ । ਗੁਰ ਪੂਰੇ ਸਦ ਬਲਹਾਰਿਆ । ਦਰ ਘਰ ਆਏ ਕਾਜ ਸਵਾਰਿਆ । ਪ੍ਰਭ ਅਬਿਨਾਸ਼ੀ ਗੁਰਮੁਖਾਂ ਸਾਚੀ ਬਣਤ ਬਣਾ ਰਿਹਾ । ਸਚ ਸ਼ਬਦ ਸਾਚੀ ਧੁਨ ਹਰਿ ਆਪ ਉਪਜਾ ਰਿਹਾ । ਪ੍ਰਭ ਆਪ ਤੁੜਾਏ ਆਤਮ ਸੁਨ ਮੁਨ ਆਪ ਖੁਲ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਦੀਪਕ ਜੋਤੀ ਆਪ ਜਗਾ ਰਿਹਾ । ਏਕਾ ਬਖ਼ਸ਼ੇ ਚਰਨ ਧਿਆਨ । ਕਿਰਪਾ ਕਰੇ ਹਰਿ ਭਗਵਾਨ । ਦੇਵੇ ਦਰਸ ਮਿਟਾਏ ਹਰਸ ਵਾਲੀ ਦੋ ਜਹਾਨ । ਅੰਮ੍ਰਿਤ ਮੇਘ ਜਾਏ ਬਰਸ, ਆਤਮ ਤ੍ਰਿਖਾ ਸਰਬ ਮਿਟਾਣ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤ੍ਰਿਖਾ ਆਪ ਮਿਟਾਏ । ਸਾਚੀ ਸਿਖਿਆ ਆਪ ਦਵਾਏ । ਸੋਹੰ ਸਾਚੀ ਭਿੱਖਾ ਹਰਿ ਨਾਮ ਝੋਲੀ ਪਾਏ । ਧੁਰਦਰਗਾਹੋਂ ਲੇਖ ਜੋ ਲਿਖਿਆ, ਪ੍ਰਭ ਸਾਚਾ ਦਏ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਏ । ਆਪ ਆਪਣੇ ਰੰਗ ਰੰਗਾਏ । ਗੁਰਮੁਖ ਗੁਰਸਿਖ ਤੇਰਾ ਸਾਚਾ ਸੰਗ ਨਿਭਾਏ । ਅੰਗ ਅੰਗ ਸੰਗ ਸੰਗ ਪ੍ਰਭ ਅਬਿਨਾਸ਼ੀ ਸਾਚਾ ਹੋ ਜਾਏ । ਜਿਸ ਜਨ ਮੰਗੀ ਦਰ ਸਾਚੀ ਮੰਗ, ਵੇਲੇ ਅੰਤ ਹੋਏ ਸਹਾਏ । ਮਾਨਸ ਜਨਮ ਨਾ ਹੋਇਆ ਭੰਗ, ਪ੍ਰਭ ਅਬਿਨਾਸ਼ੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੰਗ, ਵੇਲੇ ਅੰਤਮ ਅੰਤ ਜੋਤੀ ਜੋਤ ਮਿਲਾਏ । ਜੋਤੀ ਜੋਤ ਮਿਲਈਆ । ਕਿਰਪਾ ਕਰ ਪਾਰ ਕਰਈਆ । ਦੂਈ ਦਵੈਤ ਰੋਗ ਗਵਈਆ । ਸਾਚਾ ਸ਼ਬਦ ਇਕ ਸੁਣਈਆ । ਆਪਣਾ ਭਾਣਾ ਹਰਿ ਇਕ ਵਰਤਈਆ । ਨਾ ਕੋਈ ਮੇਟੇ ਮੇਟ ਮਿਟਈਆ । ਗੁਰਮੁਖ ਸਾਚਾ ਵੇਖ ਤਰਈਆ । ਦਰ ਘਰ ਆਏ ਦਰਸ ਦਿਖਈਆ । ਦਰਗਹਿ ਸਾਚੀ ਲੇਖ ਲਖਈਆ । ਧਰਮ ਰਾਏ ਨਾ ਦੇ ਸਜਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਤੇਰੀ ਸਰਨਈਆ । ਹਰਿ ਸਰਨਾਈ ਮਿਲੇ ਵਡਿਆਈ । ਵੇਲੇ ਅੰਤ ਹੋਏ ਸਹਾਈ । ਜਮ ਜਮਦੂਤ ਨੇੜ ਨਾ ਆਈ । ਲੱਖ ਚੁਰਾਸੀ ਗੇੜ ਕਟਾਈ । ਮਾਨਸ ਜਨਮ ਹਰਿ ਰਾਸ ਕਰਾਈ । ਸੋਹੰ ਸਾਚਾ ਸ਼ਬਦ ਹਰਿ ਹਿਰਦੇ ਵਾਸ ਰਖਾਈ । ਰਸਨਾ ਜਪ ਸਵਾਸ ਸਵਾਸ ਪ੍ਰਗਟ ਜੋਤ ਘਨਕਪੁਰ ਵਾਸੀ ਅਚਰਜ ਖੇਲ ਵਰਤਾਈ । ਜਨ ਭਗਤਾਂ ਹੋਏ ਦਾਸਨ ਦਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈ । ਵੱਡੀ ਵਡਿਆਈਆ, ਹਰਿ ਸਾਚੇ ਸਚ ਤੇਰੀ ਸਰਨਾਈਆ । ਚਰਨ ਲਾਗ ਜਾਗੇ ਭਾਗ, ਹਰਿ ਸਾਚੇ ਘਰ ਮਿਲੀ ਵਧਾਈਆ । ਉਪਜੇ ਰਾਗ ਵੱਜੇ ਨਾਦ, ਅਗਿਆਨ ਅੰਧੇਰ ਮਿਟਾਈਆ । ਧੋਇਆ ਪਾਪਾਂ ਦਾਗ, ਬੁਝੀ ਤ੍ਰਿਸ਼ਨਾ ਆਗ ਪ੍ਰਭ ਅੰਮ੍ਰਿਤ ਮੇਘ ਬਰਸਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਈਆ । ਗੁਰਮੁਖ ਵਿਚ ਮਾਤ ਅਮਰਾ ਪਦ ਪਾਈਆ । ਦਿਵਸ ਰੈਣ ਹਰਿ ਸਾਚਾ ਗਾਇਆ । ਸੱਜਣਾ ਸਾਕ ਸੈਣ ਹੋ ਆਇਆ । ਨਾ ਕੋਈ ਰਾਖੇ ਮਾਤ ਪਿਤ ਭੈਣਾਂ ਆਪੇ ਹੋਏ ਸਹਾਇਆ । ਸਰਬ ਜੀਆਂ ਦੇਵਣਹਾਰ ਮਾਣ ਇਕ ਰਘੁਰਾਈਆ । ਚਰਨ ਪ੍ਰੀਤੀ ਸਾਚੀ ਜੋਤ ਸੱਚੀ ਦਰਗਹਿ ਮਾਣ ਦਵਾਈਆ । ਦਿੰਦਿਆਂ ਤੋਟ ਨਾ ਆਈਆ । ਇਹ ਸੱਚੀ ਵਡਿਆਈਆ । ਬੰਦੀ ਛੋੜ ਆਪ ਰਘੁਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਜੋਤੀ ਜੋਤ ਮਿਲਾਈਆ । ਅਨਾਥ ਅਨਾਥਾਂ ਹਰਿ ਹੋਏ ਸਹਾਇਆ । ਸਗਲਾ ਸਾਥ ਆਪ ਨਿਭਾਇਆ । ਆਤਮ ਦੁੱਖੜਾ ਸਾਰਾ ਲਾਥਾ, ਦਿਵਸ ਰੈਣ ਜਿਸ ਰਸਨਾ ਗਾਇਆ । ਆਪ ਚੜ੍ਹਾਏ ਸਤਿਜੁਗ ਸਾਚੇ ਰਾਥਾ, ਸੰਸਾਰ ਸਾਗਰ ਪਾਰ ਕਰਾਇਆ । ਸਤਿਜੁਗ

ਚਲਾਏ ਸਾਚੀ ਗਾਥਾ, ਸਾਚਾ ਲੇਖ ਹਰਿ ਦਏ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥਾ ਆਪਣਾ ਭੇਵ ਦਏ ਖੁਲ੍ਹਾਇਆ ।

### ✻ ੧੭ ਜੇਠ ੨੦੧੦ ਬਿਕ੍ਰਮੀ ਆਤਮਾ ਸਿੰਘ ਦੇ ਗ੍ਰਿਹਿ ਪਿੰਡ ਪੱਟੀ ਜ਼ਿਲਾ ਅੰਮ੍ਰਿਤਸਰ ✻

ਗੁਰ ਚਰਨ ਛੁਹਾਇਆ ਪੱਟੀ । ਗੁਰਮੁਖ ਸਾਚੇ ਲਾਹੀ ਜਾਣ ਖੱਟੀ । ਬੇਮੁੱਖ ਭਰਦੇ ਰਹਿਣ ਚੱਟੀ । ਸ਼ਬਦ ਸਰੂਪ ਪ੍ਰਭ ਸਾਚੇ ਪੱਟੀ ਪੱਟੀ । ਕਿਸੇ ਘਰ ਨਾ ਦਿਸੇ ਪੂਣੀ ਅੱਟੀ । ਆਪਣੇ ਤੋਲ ਤੋਲਣਹਾਰ, ਨਾ ਧੜੀ ਨਾ ਵੱਟੀ । ਨਾ ਕੋਈ ਦਿਸੇ ਸੇਠ ਸਿਠਾਣਾ, ਨਾ ਕੋਈ ਜੱਟ ਜੱਟੀ । ਨਾ ਕੋਈ ਦਿਸੇ ਰਾਮ ਰਾਓ, ਨਾ ਕੋਈ ਦਿਸੇ ਭੱਟੀ । ਕਲਜੁਗ ਜੀਵ ਝੂਠੀ ਕਾਇਆ ਵਖਾਏ ਝੂਠੀ ਹੱਟੀ । ਗੁਰਮੁਖ ਸਾਚੇ ਸਚ ਨਾਉਂ, ਦਿਵਸ ਰੈਣ ਆਤਮ ਰਸ ਚੱਟੀ । ਪ੍ਰਭ ਦਰਸ ਦੇਵੇ ਘਰ ਆਏ ਗੁਰਸਿਖ ਪੇਖੇ ਨੈਣ ਸਾਚਾ ਸ਼ਬਦ ਲਗਾਏ ਗੁਰ ਚਰਨ ਸਾਚੀ ਹੱਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਮਾਰ ਕਰ ਖੁਆਰ ਅੰਤਮ ਕਲ ਕਰਾਏ ਚੌੜ ਚਪੱਟੀ । ਪੱਟੀ ਪੁੱਟੀ ਜਾਏ ਜੜ੍ਹ । ਪਹਿਲੇ ਹੜ੍ਹ ਜਾਏ ਹੜ੍ਹ । ਨਾ ਕੋਈ ਦੀਸੇ ਕਿਲ੍ਹਾ ਗੜ੍ਹ । ਨਾ ਕੋਈ ਬੈਠੇ ਅੰਦਰ ਵੜ੍ਹ । ਮੁਗਲ ਪਠਾਨੀ ਆਏ ਚੜ੍ਹ । ਸੱਤਰ ਲੱਖ ਨਾ ਸਕੇ ਕੋਈ ਲੜ । ਚਾਰੋਂ ਤਰਫ ਦਿਸਣ ਧੜ । ਦਿਵਸ ਰੈਣ ਅੱਠੇ ਪਹਿਰ ਹੋਏ ਕੜ ਕੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਆਪ ਮਰਵਾਏ, ਸ਼ਬਦ ਸਰੂਪੀ ਬਾਹੋਂ ਫੜ ਫੜ । ਪੱਟੀ ਪੱਟ ਪਟਆਣੀਆਂ । ਘਰ ਘਰ ਰੋਵਣ ਖਤਰਾਣੀਆਂ । ਵੈਣ ਪਾਇਣ ਵਡ ਵਡ ਰਾਣੀਆਂ । ਫਿਰੇ ਦਰੋਹੀ ਪਠਾਣੀਆਂ । ਨਾ ਕੋਈ ਦੀਸੇ ਕੋਈ ਸ਼ੈਤਾਨੀਆਂ । ਪ੍ਰਭ ਸਾਚੇ ਸਚ ਇਹ ਤੇਰੀ ਨਿਸ਼ਾਨੀਆਂ । ਲੇਖ ਲਿਖਤ ਲਿਖਾਏ ਲਿਖੇ ਲੇਖ ਨਾ ਕੋਈ ਮਿਟਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧਕੇਲ ਆਪ ਲਗਾਨੀਆਂ । ਪੱਟੀ ਪ੍ਰਭ ਦੇਵੇ ਪੁੱਟ । ਆਪੇ ਦੇਵੇ ਸ਼ੌਹ ਦਰਿਆਏ ਸੁੱਟ । ਆਪ ਪਛਾੜੇ ਬੇਮੁੱਖ ਕੁੱਟ ਕੁੱਟ । ਗੁਰਮੁਖਾਂ ਅੰਮ੍ਰਿਤ ਪਿਆਏ ਏਕਾ ਘੁੱਟ । ਭਰੇ ਭੰਡਾਰ ਸਦਾ ਅਤੁਟ । ਆਦਿ ਜੁਗਾਦਿ ਨਾ ਜਾਏ ਕਦੇ ਨਿਖੁੱਟ । ਜੋਤੀ ਜੋਤ ਸਰੂਪ ਹਰਿ, ਬੇਮੁਖਾਂ ਐਸੀ ਪਾਵੇ ਫੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਰਤਾਏ ਨਾ ਕੋਈ ਬੱਧਾ ਸਕੇ ਛੁੱਟ । ਪੱਟੀ ਪਟਵਾਰਨੀ ਅੰਤਮ ਕਲਜੁਗ ਅੰਤਮ ਹਾਰਨੀ । ਸਤਿਜੁਗ ਸਾਚੇ ਪ੍ਰਭ ਲਿਖਾਈ ਗਵਾਰਨੀ । ਵੇਲੇ ਅੰਤ ਹੋਏ ਹੰਕਾਰਨੀ । ਗੁਰਮੁਖ ਸਾਚੇ ਸੰਤ ਦਰ ਘਰ ਆਏ ਗੁਰ ਸੰਗਤ ਬਣਾਏ ਤਾਰਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਹਿੰਮਾ ਅਪਰ ਅਪਾਰਨੀ । ਪੱਟੀ ਬਿਧ ਨਾਤੀ । ਵਰਤੇ ਖੇਲ ਅਚਨ ਅਚਾਨਕ ਰਾਤੀ । ਆਪੇ ਮੇਟ ਮਿਟਾਏ ਜੂਠੀਆਂ ਝੂਠੀਆਂ ਜਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਅੰਦਰ ਵਸਿਆ ਵੇਖੇ ਮਾਰ ਝਾਤੀ । ਆਤਮ ਵੇਖੇ ਜਨ ਵਿਚਾਰੇ । ਪ੍ਰਭ ਅਬਿਨਾਸ਼ੀ ਵਿਚ ਪਸਾਰੇ । ਏਕਾ ਜੋਤ ਕਰੇ ਅਕਾਰੇ । ਜਗੇ ਜੋਤ ਅਗੰਮ ਅਪਾਰੇ । ਗੁਰਸਿਖ ਸਾਚੇ ਕੰਨ ਸੁਣ ਮਿਟੇ ਅੰਧੇਰ ਕਾਇਆ ਮਹਿਲ ਮੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਪ ਖੁਲ੍ਹਾਏ ਦਸਮ ਦਵਾਰੇ । ਸਾਚੀ ਦੇਵੇ ਸ਼ਬਦ ਧੁਨਕਾਰੇ । ਆਪੇ ਖੋਲ੍ਹ ਦਰ ਦਵਾਰੇ । ਤੁੱਟੇ ਮਨ ਪ੍ਰਭ ਕਿਰਪਾ ਧਾਰੇ । ਜੋਤੀ ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਨਰਾਇਣ ਆਪ ਖੁਲ੍ਹਾਏ ਬੰਦ ਕਵਾੜੇ । ਦਸਮ ਦਵਾਰਾ ਜਾਏ ਖੁਲ੍ਹ । ਅੰਮ੍ਰਿਤ ਆਤਮ ਪ੍ਰਭ ਅਬਿਨਾਸ਼ੀ ਆਪ ਅਨਮੁਲ । ਕਵਲ ਨਾਭ ਆਪ


੨੨੪ ੦੩

ਉਲਟਾਏ ਉਲਟਾ ਕਰੇ ਕਵਲ ਫੁੱਲ । ਜੋਤੀ ਜੋਤ ਸਰੂਪ ਹਰਿ ਨਰ ਨਰਾਇਣ ਸ੍ਰਿਸ਼ਟ ਸਬਾਈ ਰਿਹਾ ਮਵਲ । ਮਵਲ ਮੌਲਾਨਿਆਂ ਖੇਲ ਖਿਲਾਨਿਆਂ । ਜੋਤ ਜਗਾਨਿਆਂ ਵਕਤ ਸੁਹਾਨਿਆਂ । ਭਗਤ ਤਰਾਨਿਆਂ ਬੇਮੁੱਖ ਖਪਾਨਿਆਂ । ਕਲਜੁਗ ਮਿਟਾਨਿਆਂ ਸਤਿਜੁਗ ਲਗਾਨਿਆਂ । ਸੋਹੰ ਸਾਚਾ ਸ਼ਬਦ ਚਲਾਨਿਆਂ । ਚਾਰ ਕੁੰਟ ਜੈ ਜੈ ਜੈਕਾਰ ਕਰਾਨਿਆਂ । ਘਰ ਘਰ ਹਾਹਾਕਾਰ ਵਰਤਾਨਿਆਂ । ਬੇਮੁਖਾਂ ਕਰ ਖੁਆਰ ਦਰ ਦਰ ਫਿਰਾਨਿਆਂ । ਮਾਝੇ ਦੇਸ ਅਵਤਾਰ ਨਾ ਬੂਝ ਬੁਝਾਨਿਆਂ । ਬੇਮੁੱਖ ਰਹੇ ਝੱਖ ਮਾਰ, ਨਾ ਆਤਮ ਸੂਝ ਵਡ ਵਡ ਗਿਆਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਕਲ ਕਰੇ ਖੇਲ ਖਲਾਨਿਆਂ । ਗੁਰਮੁਖਾਂ ਦੇਵੇ ਦਰਸ ਕਰ ਕਰ ਵਡ ਮਿਹਰਬਾਨੀਆਂ । ਆਤਮ ਸਾਚੀ ਜੋਤ ਧਰ, ਕਰੇ ਰੁਸ਼ਨਾਈ ਬਿਨ ਬਾਤੀ ਬਿਨ ਤੇਲ ਜਗਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਏਕਾ ਰੰਗ ਰੰਗਾਨੀਆਂ । ਰੰਗ ਰੰਗਾਏ ਸੰਗ ਨਿਭਾਏ । ਗੁਰਮੁਖ ਦਰ ਮੰਗਣ ਸਾਚੀ ਮੰਗ, ਪ੍ਰਭ ਅਬਿਨਾਸ਼ੀ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਏ ਪੂਰਨ ਇਛਿਆ ਆਪ ਕਰਾਏ । ਪੂਰਨ ਇਛਿਆ ਪੂਰਨ ਆਸ । ਗੁਰਮੁਖ ਉਪਜਾਏ ਜਿਉਂ ਚੰਦਨ ਪ੍ਰਭਾਸ । ਸੋਹੰ ਸਾਚਾ ਨਾਮ ਦਵਾਏ, ਆਪ ਆਪਣਾ ਵਿਚ ਰੱਖੇ ਵਾਸ । ਕਲਜੁਗ ਸਾਚੇ ਮਾਰਗ ਲਾਏ, ਅਗਿਆਨ ਅੰਧੇਰ ਜਾਏ ਵਿਨਾਸ । ਸਤਿਜੁਗ ਸਾਚਾ ਰਾਹ ਦਿਸਾਏ, ਸੋਹੰ ਵਸਤ ਸਦ ਰੱਖੇ ਪਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਏਕਾ ਪੁਰਖ ਅਬਿਨਾਸ਼ । ਪੁਰਖ ਅਬਿਨਾਸ਼ਿਆ, ਜੋਤ ਪ੍ਰਕਾਸ਼ਿਆ, ਸਰਬ ਘਟ ਵਾਸਿਆ, ਘਨਕਪੁਰ ਵਾਸਿਆ । ਗੁਰਮੁਖ ਸਾਚਾ ਰਾਹ ਬਤਾਇਆ, ਬੇਮੁਖਾਂ ਕਰੇ ਨਾਸਿਆ । ਆਪ ਖਪਾਏ ਜੋ ਰਸਨਾ ਲਾਇਣ ਮਦਿਰਾ ਮਾਸਿਆ । ਸੋ ਜਨ ਉਧਰੇ ਪਾਰ ਜੋ ਜਨ ਜਪੇ ਸਵਾਸ ਸਵਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰੇ ਬੰਦ ਖਲਾਸਿਆ । ਬੰਦ ਖਲਾਸੀ ਦੇਵੇ ਕਰ । ਚਰਨ ਪ੍ਰੀਤੀ ਸਾਚੀ ਨੀਤੀ ਹਰਿ ਬਖ਼ਸ਼ੇ ਸਾਚੇ ਦਰ । ਆਤਮ ਅਤੀਤੀ ਚੁੱਕੇ ਜਮ ਕਾ ਡਰ । ਬਖ਼ਸ਼ੇ ਭੁੱਲ ਜੋ ਕੀਤੀ, ਚਰਨ ਸਰਨ ਜੋ ਜਨ ਜਾਇਣ ਪੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਕਿਰਪਾ ਕਰੇ ਗੁਣ ਨਿਧਾਨਾ । ਜੋ ਜਨ ਰੱਖੇ ਚਰਨ ਧਿਆਨਾ । ਕਲਜੁਗ ਵੇਖੇ ਹਰਿ ਆਤਮ ਦੇਵੇ ਬ੍ਰਹਮ ਗਿਆਨਾ । ਗੁਰਮੁਖ ਆਤਮ ਕਦੇ ਨਾ ਹੋਏ ਭੁੱਖੇ, ਸੋਹੰ ਦੇਵੇ ਵਡ ਖ਼ਜ਼ਾਨਾ । ਗੁਰਮੁਖ ਸਾਚਾ ਪ੍ਰਭ ਵਿਚ ਮਾਤ ਲਏ ਰੱਖ, ਦੂਤੀ ਦੁਸ਼ਟ ਸਭ ਮੇਟ ਮਿਟਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਨਾ । ਜੋਤ ਸਰੂਪੀ ਹਰਿ ਜਾਮਾ ਧਰਿਆ । ਗੁਰਸਿਖ ਸਾਚਾ ਜਿਸ ਖੁਲ੍ਹਾਵੇ ਆਤਮ ਦਰਿਆ । ਸਾਚੀ ਜੋਤ ਵਿਚ ਹਰਿ ਸਾਚਾ ਧਰਿਆ । ਏਕਾ ਦੀਪਕ ਜੋਤ ਪ੍ਰਕਾਸ਼ ਹਰਿ ਸਾਚੇ ਕਰਿਆ । ਅਗਿਆਨ ਅੰਧੇਰ ਜਾਏ ਵਿਨਾਸ, ਘਟ ਘਟ ਚਾਨਣ ਧਰਿਆ । ਪ੍ਰਭ ਪਾਇਆ ਪੁਰਖ ਅਬਿਨਾਸ਼, ਸੋਹੰ ਜਿਸ ਜਨ ਰਸਨਾ ਗਾਇਆ । ਕਦੇ ਨਾ ਹੋਏ ਉਦਾਸ, ਪ੍ਰਭ ਸਾਚਾ ਸਦ ਸਹਾਇਆ । ਹਰਿ ਹਿਰਦੇ ਰੱਖੇ ਵਾਸ, ਗੁਰਮੁਖਾਂ ਦਇਆ ਕਮਾਇਆ । ਆਤਮ ਸਾਚੀ ਜੋਤ ਕਰੇ ਪ੍ਰਕਾਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਚਰਨੀ ਸੀਸ ਝੁਕਾਇਆ । ਚਰਨ ਕਵਲ ਪ੍ਰੀਤ ਜਿਸ ਜਨ ਕਮਾਈ । ਕਲਜੁਗ ਜੀਵ ਭੁੱਲ ਭੁੱਲ ਕਲਜੁਗ ਮਾਇਆ ਵਿਚ ਭੁੱਲ ਨਾ ਜਾਈ । ਰੁਲ ਰੁਲ ਮਦਿਰਾ ਮਾਸ ਨਾ ਰਸਨ ਲਗਾਈ । ਝੂਠੇ ਤੋਲ ਨਾ ਜਾਣਾ ਤੁਲ, ਧਰਮ ਰਾਏ ਦੇ ਸਜਾਈ । ਸੋਹੰ ਨਾਮ ਦੇਵੇ ਹਰਿ ਸਾਚਾ ਅਨਮੁਲ, ਗੁਰਮੁਖ

ਸਾਚੇ ਝੋਲੀ ਪਾਈ । ਅੰਮ੍ਰਿਤ ਆਤਮ ਨਾ ਜਾਏ ਡੁੱਲ, ਵੇਲੇ ਅੰਤ ਨਾ ਪਛਤਾਈ । ਸਚ ਭੰਡਾਰਾ ਵਿਚ ਮਾਤ ਗਿਆ ਖੁੱਲ੍ਹ, ਸਚ ਭਿਛਿਆ ਹਰਿ ਸਾਚੇ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਦਾ ਅਡੋਲ ਅਤੋਲ ਅਤੁਲ ਸ੍ਰਿਸ਼ਟ ਸਬਾਈ ਦਏ ਤੁਲਾਈ । ਸ੍ਰਿਸ਼ਟ ਸਬਾਈ ਤੋਲ ਤੁਲਾਏ, ਆਪ ਅਤੁਲ ਰਹਿ ਜਾਏ । ਸ੍ਰਿਸ਼ਟ ਸਬਾਈ ਰੋਲ ਰੁਲਾਏ, ਆਪ ਰੁਲ ਨਾ ਜਾਏ । ਸ੍ਰਿਸ਼ਟ ਸਬਾਈ ਭੁੱਲ ਭੁਲਾਏ, ਆਪ ਅਭੁੱਲ ਇਕ ਰਹਿ ਜਾਏ । ਸ੍ਰਿਸ਼ਟ ਸਬਾਈ ਹਿਲ ਹਿਲਾਏ, ਆਪ ਅਟੱਲ ਇਕ ਰਹਿ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਮਾਤ ਜਾਮਾ ਪਾਏ ।

### ❊ ੧੭ ਜੇਠ ੨੦੧੦ ਬਿਕ੍ਰਮੀ ਗੁਰਮੇਜ ਸਿੰਘ ਦੇ ਗ੍ਰਹਿ ਪੱਟੀ ਜ਼ਿਲਾ ਅੰਮ੍ਰਿਤਸਰ ❊

ਗਊ ਗਰੀਬ ਸੁਣ ਦੋਏ ਬੇਨੰਤੀਆ । ਪੂਰਨ ਜੋਤ ਧਰੇ ਵਿਚ ਮਾਤ ਪ੍ਰਭ ਸਾਚਾ ਭਗਤ ਭਗਵੰਤੀਆ । ਗੁਰਮੁਖ ਆਤਮ ਰੰਗ ਰੰਗਾਏ, ਸਾਚਾ ਵਿਚ ਮਾਤ ਹਰਿ ਬਸੰਤੀਆ । ਸਾਚਾ ਸ਼ਬਦ ਆਪ ਸੁਣਾਏ, ਢੋਲ ਮਰਦੰਗ ਕੰਨ ਵਜੰਤਿਆ । ਸਾਚਾ ਰਾਹ ਆਪ ਦਿਖਾਏ, ਸੋਹੰ ਸ਼ਬਦ ਸੁਣਾਏ ਧੁਨ ਧੁਨਵੰਤਿਆ । ਕਲਜੁਗ ਸੋਇਆ ਲਏ ਜਗਾਏ, ਹਰਿ ਦੇਵੇ ਸਾਚਾ ਨਾਮ ਗੁਣਾਂ ਗੁਣਵੰਤਿਆ । ਹਰਿ ਆਪਣੇ ਕੰਠ ਲਏ ਲਗਾਏ, ਆਤਮ ਸੇਜ ਵਿਛਾਈ ਫੂਲ ਬਸੰਤਿਆ । ਹਰਿ ਆਪਣੇ ਰੰਗ ਰੰਗਾਏ, ਏਕਾ ਘਰ ਵਸਾਏ, ਮੇਲ ਮਿਲਾਵਾ ਸਾਚਾ ਕੰਤਿਆ । ਆਤਮ ਸਾਚੀ ਜੋਤ ਜਗਾਏ, ੨੨੯
ਅਗਿਆਨ ਅੰਧੇਰ ਸਰਬ ਮਿਟਾਏ, ਕਰੇ ਪ੍ਰਕਾਸ਼ ਭਾਂਡਾ ਭਰਮ ਭਉ ਗਵੰਤਿਆ । ਜੋ ਜਨ ਰਸਨਾ ਸੋਹੰ ਗਾਏ, ਪ੍ਰਭ ਅਬਿਨਾਸ਼ੀ ਰਿਦੇ ਵਸਾਏ, ਕਾਰਜ ਸਿੱਧ ਹਰਿ ਆਪ ਕਰਾਏ, ਹਰਿ ਸਾਜਣ ਸਾਚਾ ਖੋਜ ਖੁਜੰਤਿਆ । ਦਰ ਘਰ ਸਾਚੇ ਨੌਂ ਨਿਧ ਉਪਜਾਏ, ਹਰਿ ਮਿਲਣ ਦੀ ਸਾਚੀ ਬਿਧ ਹਰਿ ਸਾਚਾ ਆਪ ਲਿਖਾਏ, ਤਨ ਮਨ ਆਤਮ ਵਿਧ, ਸੋਹੰ ਤੀਰ ਚਲਾਏ ਖਿਚ ਕਾਨੰਤਿਆ । ਅਨਹਦ ਰਾਗ ਉਪਜਾਏ, ਵਾਦ ਵਿਵਾਦ ਸਰਬ ਮਿਟਾਏ, ਸ਼ਬਦ ਬੋਧ ਅਗਾਧ ਅਗਾਧ ਬੋਧ ਹਰਿ ਆਪ ਲਿਖਾਏ, ਪੂਰਨ ਹਰਿ ਨਰ ਅਵਤਾਰ ਭਗਵੰਤਿਆ । ਸ਼ਬਦ ਪੱਟੀ ਆਪ ਪੜ੍ਹਾਈਆ । ਗੁਰਸਿਖ ਤਨ ਆਤਮ ਹੱਟੀ ਆਪ ਖੁਲ੍ਹਾਈਆ । ਹਰਿ ਅਬਿਨਾਸ਼ੀ ਦਿਸੇ ਘਟ ਘੱਟੀ, ਸਦ ਵੇਖੇ ਹਰ ਥਾਈਂਆ । ਬੇਮੁਖ ਜੀਵ ਅੰਧ ਅੰਧਿਆਰੇ ਭਰਦੇ ਰਹਿਣ ਚੱਟੀ, ਧਰਮ ਰਾਏ ਦੇ ਸਜਾਈਆ । ਗੁਰਮੁਖ ਸਾਚੇ ਆਤਮ ਜੋਤ ਜਗਾਈ ਬੱਤੀ, ਆਤਮ ਸਾਚਾ ਦੀਪ ਜੋਤ ਜਗਾਈਆ । ਬੇਮੁਖ ਜੀਵ ਕਲਜੁਗ ਨਾ ਚੜ੍ਹੇ ਔਖੀ ਘਾਟੀ, ਵਿਸ਼ੇ ਵਿਕਾਰਾਂ ਮੱਤ ਗਵਾਈਆ । ਗੁਰਮੁਖ ਸਾਚੇ ਦਿਵਸ ਰੈਣ ਸਦ ਰਸਨਾ ਰਾਟੀ, ਹਰਿ ਹਿਰਦੇ ਵਾਸ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਤੇਰਾ ਬੇੜਾ ਪਾਰ ਕਰਾਈਆ । ਸਾਚੀ ਪੱਟੀ ਆਪ ਪੜ੍ਹਾਨੀ । ਬੇਮੁਖ ਜੀਵਾਂ ਚੱਟੀ ਆਪ ਭਰਾਨੀ । ਕਲਜੁਗ ਝੂਠਾ ਲਾਹਾ ਜਾਏ ਖੱਟੀ, ਸਾਚਾ ਰੰਗ ਮੂਲ ਨਾ ਲਾਈਆ । ਵੇਲੇ ਅੰਤ ਪ੍ਰਭ ਜਾਏ ਫੱਟੀ, ਸੋਹੰ ਸ਼ਬਦ ਤੀਰ ਚਲਾਈਆ । ਕਲਜੁਗ ਕਾਇਆ ਭੰਨੇ ਝੂਠੀ ਮਾਟੀ ਨਾ ਦੇਵੇ ਕੋਈ ਛੁਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਸਚ ਤੇਰੀ ਵਡਿਆਈਆ । ਸਚ ਨਾਮ ਹਰਿ ਗੁਣ ਗਾਵਣਾ । ਸਚ ਨਾਮ ਦਰ ਘਰ ਸਾਚੇ ਗੁਰਸਿਖ ਸਾਚੇ ਪਾਵਣਾ । ਸਚ ਨਾਮ ਹੰਕਾਰੀ ਜਿੰਦਾ ਆਪ ਤੁੜਾਵਣਾ । ਸਚ ਨਾਮ

ਭੰਡਾਰੀ ਦਾਤ ਆਪ ਮਿਲਾਵਣਾ । ਸਚ ਨਾਮ ਸੰਸਾਰੀ ਗਿਆਤਾ ਦਰਸ ਦਿਖਾਵਣਾ । ਸਚ ਨਾਮ ਪੁਰਖ ਬਿਧਾਤਾ ਹੋਏ ਸੁਹਾਵਣਾ । ਸਚ ਨਾਮ ਆਪ ਮਿਟਾਏ ਜਾਤਾਂ ਪਾਤਾਂ ਮਾਤਲੋਕ ਸਚ ਕਰਾਮਾਤ ਸੋਹੰ ਸਾਚਾ ਜਾਪ ਜਪਾਵਣਾ । ਹੋਏ ਸਹਾਈ ਮਾਤ ਗਰਭ ਜੋ ਜਨ ਰਸਨਾ ਵਖਾਵਣਾ । ਸਚ ਨਾਮ ਦੇਵੇ ਵਡਿਆਈ ਤੀਨ ਲੋਕ ਗੁਰ ਚਰਨ ਪ੍ਰੀਤ ਬੰਧਾਏ ਸਾਚਾ ਨਾਤਾ । ਸਾਚਾ ਨਾਮ ਦਰਗਹਿ ਸਾਚੀ ਮਾਣ ਦਵਾਏ, ਨਾ ਕੋਈ ਜਾਣੇ ਭੈਣ ਭਰਾਤ ਪਿਤ ਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੁਖ ਦਾਤਾ । ਸਰਬ ਸੁਖ ਗੁਰ ਦੁਆਰੇ । ਕਰ ਦਰਸ ਉਤਰੇ ਭੁੱਖ, ਆਤਮ ਭਾਰੇ । ਨਾ ਤਰਸ ਪ੍ਰਭ ਅੰਮ੍ਰਿਤ ਬੂੰਦ ਆਪ ਪਿਲਾਰੇ । ਮਿਟਾਏ ਹਰਸ ਕਰ ਤਰਸ ਦਰ ਘਰ ਆਏ ਦੇਵੇ ਦਰਸ ਪ੍ਰਭ ਅਬਿਨਾਸ਼ੀ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਪੂਜ ਪੁਜਾਰੇ । ਸਰਬ ਜੀਆਂ ਹਰਿ ਇਕ ਪੁਜਾਰੀ । ਤੀਨ ਲੋਕ ਹਰਿ ਇਕ ਪੁਜਾਰੀ । ਤੀਨ ਲੋਕ ਨੈਣ ਮੁਧਾਰੀ । ਜੋਤ ਸਰੂਪੀ ਕਰੇ ਖੇਲ ਅਪਰ ਅਪਾਰੀ । ਗੁਰਮੁਖਾਂ ਕਰਾਏ ਮੇਲ ਵੇਖੇ ਵਿਗਸੇ ਕਰੇ ਵਿਚਾਰੀ । ਬੇਮੁਖਾਂ ਬੇੜਾ ਜਾਏ ਠੇਲ, ਪ੍ਰਭ ਅਬਿਨਾਸ਼ੀ ਨਾ ਪਾਏ ਸਾਰੀ । ਆਪ ਧਕਾਏ ਧਰਮ ਰਾਏ ਦੀ ਜੇਲ । ਪ੍ਰਭ ਅਬਿਨਾਸ਼ੀ ਸਾਚਾ ਨਾਤਾ ਗੁਰ ਚਰਨ ਬਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਵਕਤ ਸੁਹਾਏ ਗੁਰਸਿਖ ਘਰ ਭਾਗ ਲਗਾਏ ਆਪ ਮੁਕਾਏ ਲਹਿਣਾ । ਪਿਛਲਾ ਲਹਿਣਾ ਆਪ ਚੁਕਾਇਆ । ਦੇਵਣਹਾਰ ਇਕ ਰਘੁਰਾਇਆ । ਅੱਗੇ ਹਰਿ ਸਾਚੇ ਸਾਚੇ ਮਾਰਗ ਪਾਇਆ । ਮਦਿਰਾ ਮਾਸ ਜਨ ਦੇ ਤਜਾਇਆ । ਸਵਾਸ ਸਵਾਸ ਸਵਾਸ ਰਾਸ ਰਾਸ ਰਾਸ ਪ੍ਰਕਾਸ਼ ਪ੍ਰਕਾਸ਼ ਪ੍ਰਕਾਸ਼ ਆਤਮ ਜੋਤੀ ਪ੍ਰਕਾਸ਼ ਰਖਾਇਆ । ਅਗਿਆਨ ਅੰਧੇਰ ਜਾਏ ਵਿਨਾਸ ਵਿਨਾਸ ਵਿਨਾਸ ਆਤਮ ਦੀਪਕ ਜੋਤੀ ਆਪ ਜਗਾਇਆ । ਹਉਮੇ ਦੁੱਖੜਾ ਜਾਏ ਨਾਸ ਨਾਸ ਨਾਸ ਸਾਚਾ ਸ਼ਬਦ ਤਨ ਲਗਾਇਆ । ਭਰਮ ਭੁਲੇਖਾ ਨਾ ਹੋਏ ਜੀਵ ਉਦਾਸ, ਸਾਚੀ ਧੀਰ ਆਪ ਧਰਾਇਆ । ਆਪੇ ਕਰੇ ਅੰਤਮ ਅੰਤ ਤੇਰੀ ਬੰਦ ਖਲਾਸ, ਪ੍ਰਗਟ ਹੋਏ ਹਰਿ ਦਰਸ ਦਿਖਾਇਆ । ਪ੍ਰਭ ਅਬਿਨਾਸ਼ੀ ਸਦ ਬਲ ਬਲ ਜਾਸ, ਦਰਗਹਿ ਸਾਚੀ ਦੇਵੇ ਮਾਣ ਸਵਾਇਆ । ਮਾਨਸ ਜਨਮ ਕਰਾਏ ਰਾਸ, ਵੇਲੇ ਅੰਤ ਬੈਕੁੰਠ ਨਿਵਾਸ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਜੋਤੀ ਜੋਤ ਮਿਲਾਇਆ । ਸੱਚਾ ਸ਼ਬਦ ਸੱਚਾ ਹਥਿਆਰ । ਤਨ ਮਨ ਧਨ ਦਿਵਸ ਰੈਣ ਹੋਏ ਰਖਵਾਰ । ਜੋ ਜਨ ਪਹਿਨੇ ਤਨ ਦੁੱਖ ਨਾ ਲਾਗੇ ਭਾਰ । ਆਤਮ ਜਾਏ ਮਨ ਹਉਮੇ ਰੋਗ ਦੇਵੇ ਨਿਵਾਰ । ਬੇੜਾ ਦੇਵੇ ਬੰਨ੍ਹ ਵਿਚ ਸੰਸਾਰ । ਸਾਚਾ ਸ਼ਬਦ ਸੁਣਾਇਆ ਕੰਨ, ਸਾਚੀ ਧੁੰਨ ਦੇਵੇ ਧੁਨਕਾਰ । ਭਰਮ ਭੁਲੇਖਾ ਦੇਵੇ ਭੰਨ, ਜਮ ਦੀ ਨਾ ਖਾਏ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਰ ਕਿਰਪਾ ਲਾਏ ਪਾਰ । ਕਰ ਕਿਰਪਾ ਹਰਿ ਪਾਰ ਲਾਏ । ਜੋ ਜਨ ਸਰਨਾਈ ਆਏ । ਸਰਨ ਚਰਨ ਜਿਸ ਜਨ ਤਕਾਈ ਪ੍ਰਭ ਸਾਚਾ ਕਲਜੁਗ ਬੇੜਾ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪੈਜ ਰਖਾਏ । ਹਰਿ ਗੁਣ ਗੁਰਸਿਖ ਉਚਾਰਨਾ । ਆਪਣਾ ਮੂਲ ਨਾ ਕਲਜੁਗ ਹਾਰਨਾ । ਭਰਮ ਭੁੱਲਿਆ ਝੂਠਾ ਲੇਖ ਵਿਚ ਸੰਸਾਰਨਾ । ਵੇਖੀ ਵੇਖ ਨਾ ਮਾਨਸ ਜਨਮ ਹਾਰਨਾ । ਸਾਚਾ ਲੇਖ ਘਰ ਸਾਚੇ ਪ੍ਰਭ ਅਬਿਨਾਸ਼ੀ ਵਡ ਅਪਾਰਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰ ਕਿਰਪਾ ਪਾਰ ਉਤਾਰਨਾ । ਗੁਰਸਿਖਾਂ ਹਰਿ ਪਾਰ ਉਤਾਰੇ । ਜੋ ਜਨ ਕਰੇ ਚਰਨ ਨਿਮਸਕਾਰੇ । ਭਵ ਜਲ ਹਰਿ ਪਾਰ ਉਤਾਰੇ । ਕਲਜੁਗ ਅਗਨ ਵਿਚ ਨਾ ਜਾਏ ਜਲ ਰੱਖੇ ਆਪ ਕਰਤਾਰੇ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੇ ਸ਼ਬਦ ਧਰੇ ਪਿਆਰੇ । ਸਚ ਸ਼ਬਦ ਸਚ ਧਿਆਨ । ਪ੍ਰਭ ਅਬਿਨਾਸ਼ੀ ਆਤਮ ਦੇਵੇ ਸਚ ਗਿਆਨ । ਮਿਲੇ ਮਾਤ ਵਡਿਆਈ ਦੇਵੇ ਵਾਲੀ ਦੋ ਜਹਾਨ । ਹੋਏ ਅੰਤ ਸਹਾਈ ਜਨ ਭਗਤਾਂ ਕਰੇ ਪਛਾਣ । ਨਵ ਨਿਧ ਘਰ ਉਪਜਾਈ, ਦੁੱਖ ਭੁੱਖ ਸਰਬ ਮਿਟ ਜਾਣ । ਸਾਚੀ ਬਿੱਧ ਆਪ ਕਰਾਈ, ਕਿਰਪਾ ਕਰ ਹਰਿ ਭਗਵਾਨ । ਆਤਮ ਭੇਵ ਖੁਲ੍ਹਾਏ ਗੁਝੇ, ਦੇਵੇ ਸ਼ਬਦ ਹਰਿ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਮਹਾਨ । ਕਿਰਪਾ ਕਰੇ ਅਪਰ ਅਪਾਰੀ । ਗੁਰਮੁਖ ਸਾਚੇ ਜਾਏ ਤਾਰੀ । ਸਾਚਾ ਦੇਵੇ ਨਾਮ ਅਧਾਰੀ । ਸੋਹੰ ਦੇਵੇ ਨਾਮ ਖੁਮਾਰੀ । ਏਕਾ ਜੋਤ ਜਗੇ ਰਾਮ ਦੂਜਾ ਕੋਇ ਨਾ ਰਸਨ ਉਚਾਰੀ । ਏਕ ਵਖਾਏ ਸਾਚਾ ਧਾਮ, ਜਿਥੇ ਵਸੇ ਹਰਿ ਮੁਰਾਰੀ । ਏਕਾ ਨਾਮ ਦਵਾਏ ਸਾਚਾ ਸ਼ਾਮ, ਮਿਲੇ ਮੇਲ ਹਰਿ ਹਰਿ ਨਿਰੰਕਾਰੀ । ਨਿਰੰਕਾਰ ਨਿਰੰਜਣਾ । ਸਰਬ ਸੁਖ ਭੰਜਨਾ । ਗੁਰ ਚਰਨ ਮਜਨਾ । ਕਰ ਦਰਸ ਆਤਮ ਅੰਮ੍ਰਿਤ ਪੀ ਰੱਜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਆਪੇ ਹੋਏ ਸਾਕ ਸੱਜਣਾ । ਸੱਜਣ ਤੇਰਾ ਸਾਚਾ ਸਦ ਵਸੇ ਪਾਸ । ਕਲਜੁਗ ਜੀਵ ਕਾਇਆ ਕੱਚੀ ਕੱਚ ਹੈ ਕਿਉਂ ਹੋਏ ਉਦਾਸ । ਹਰਿ ਸਾਚਾ ਰਸਨਾ ਰਚ ਹੋਏ ਸਹਾਈ ਕਰੇ ਬੰਦ ਖਲਾਸ । ਬੇਮੁਖ ਜੀਵ ਕਿਉਂ ਰਹੇ ਨੱਚ, ਨਾ ਮਿਲਿਆ ਪ੍ਰਭ ਅਬਿਨਾਸ਼ । ਕਲਜੁਗ ਮਾਇਆ ਅਗਨ ਵਿਚ ਤਪੇ ਨਾ ਹੋਏ ਕੋਈ ਦੇਵੇ ਧਰਵਾਸ । ਗੁਰਮੁਖਾਂ ਹਰਿ ਹਿਰਦੇ ਗਿਆ ਸੋਹੰ ਦੇਵੇ ਸਚ ਧਰਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਰ ਨਰਾਇਣ ਸਰਬ ਗੁਣ ਤਾਸ । ਹਰਿ ਤੀਰ ਜਗਤ ਵਹੀਰ ਹੈ । ਸ੍ਰਿਸ਼ਟ ਸਬਾਈ ਲੱਥੇ ਚੀਰ ਹੈ । ਚਾਰ ਕੁੰਟ ਹੋਏ ਵਹੀਰ ਹੈ । ਮਿਟੇ ਸਰਬ ਪੀਰ ਫ਼ਕੀਰ ਹੈ । ਨਾ ਕੋਈ ਔਲੀਆ ਨਾ ਦਸਤਗੀਰ ਹੈ । ਨਾ ਕੋਈ ਮੌਲੀਆ ਨਾ ਆਲਮਗੀਰ ਹੈ । ਨਾ ਕੋਈ ਗੌਂਸ ਕੁਤਬ ਨਾ ਕੋਈ ਸ਼ਮਸ਼ੁਲ ਦੀਨ ਹੈ । ਨਾ ਕੋਈ ਹੁਜ਼ਰਾ ਨਾ ਕੋਈ ਸ਼ਜਰਾ ਸਰਬ ਮੇਟ ਮਲੀਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰਾਏ ਮੁਹੰਮਦੀ ਦੀਨ ਹੈ । ਮੁਹੰਮਦੀ ਦੀਨ ਅੰਤ ਪ੍ਰਭ ਕੀਨਾ । ਸੰਗ ਰੂਸਾ ਰਲੇ ਚੀਨਾ । ਐਸੀ ਖੇਲ ਕਰੇ ਪ੍ਰਭ ਸਾਚਾ ਸ੍ਰਿਸ਼ਟ ਸਬਾਈ ਪਾੜੇ ਸੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਸਚ ਕੀਨਾ । ਸਤਿਗੁਰ ਸਾਚਾ ਸਰਬ ਸੁਖ ਦਾਤ ਹੈ । ਸਤਿਗੁਰ ਸਾਚਾ ਸਭ ਥਾਈਂ ਸਹਾਈ ਆਪ ਹੈ । ਸਤਿਗੁਰ ਸਾਚਾ ਸ੍ਰਿਸ਼ਟ ਸਬਾਈ ਮਾਈ ਬਾਪ ਹੈ । ਸਤਿਗੁਰ ਸਾਚਾ ਸਤਿਗੁਰ ਸੋਹੰ ਦੇਵੇ ਸਾਚਾ ਜਾਪ ਹੈ । ਸ੍ਰਿਸ਼ਟ ਸਬਾਈ ਹਉਮੇ ਮਾਰੇ ਵਡ ਵਡ ਤਾਪ ਹੈ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਲਜੁਗ ਰਿਹਾ ਜਾਚ ਹੈ । ਸਤਿਗੁਰ ਸਾਚਾ ਸਾਚੀ ਧਾਰਾ । ਸਤਿਗੁਰ ਸਾਚਾ ਸਭ ਪਰਖੇ ਨਾਰੀ ਨਾਰਾ । ਸਤਿਗੁਰ ਸਾਚਾ ਲੱਖ ਚੁਰਾਸੀ ਵਿਚ ਏਕਾ ਜੋਤ ਅਧਾਰਾ । ਸਤਿਗੁਰ ਸਾਚਾ ਜੀਵ ਜੰਤ ਊਚ ਨੀਚ ਕੀਟ ਪਤੰਗ ਵਿਚ ਸਰਬ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਅਨੂਪ ਸਰੂਪ ਅਪਾਰਾ । ਰੰਗ ਅਨੂਪ ਸਤਿ ਸਰੂਪਿਆ । ਜਿਸ ਵਿਚ ਹਰਿ ਰਾਓ ਉਮਰਾਓ ਰੰਗ ਰੰਗ ਰੰਗਾਣਾ ਵਡ ਵਡ ਭੂਪਿਆ । ਨਾ ਕੋਈ ਸਕੇ ਪਛਾਣ ਪ੍ਰਭ ਅਬਿਨਾਸ਼ੀ ਨਾ ਕੋਈ ਰੰਗ ਨਾ ਕੋਈ ਰੂਪਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਣ ਜਿਸ ਦੇਵੇ ਦਰਸ ਹਰਿ ਸਤਿ ਸਰੂਪਿਆ । ਦਰਸ ਸਤਿ ਤਰਸ ਸਤਿ ਅੰਮ੍ਰਿਤ ਮੇਘ ਬਰਸ ਸਤਿ, ਆਪ ਮਿਟਾਏ ਹਰਿ ਹਰਸ ਸਤਿ । ਚਿੰਤਾ ਸੋਗ ਗਵਾਏ ਸਤਿ । ਕਾਇਆ ਹਰੀ ਕਰਾਏ ਸਤਿ । ਤਨ ਮਨ ਵੱਜੀ ਵਧਾਈ ਸਤਿ ।



੨੨੮ ੦੩

ਅਨਹਦ ਸ਼ਬਦ ਰਾਗ ਸੁਣਾਈ ਸਤਿ । ਅਬਿਨਾਸ਼ੀ ਵਾਗ ਉਠਾਈ ਆਪਣੇ ਹੱਥ ਸਤਿ । ਸ੍ਰਿਸ਼ਟ ਸਬਾਈ ਭੇੜ ਭਿੜਾਏ ਕਰੇ ਕਰਾਏ ਨਾ ਕੋਈ ਛੁਡਾਈ ਵੇਖੇ ਖੇਲ ਹਰਿ ਸਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਰਬ ਜੀਆਂ ਕਾ ਏਕਾ ਦਾਤਾ, ਸਤਿਗੁਰ ਸਾਚਾ ਸਾਚੋ ਸਤਿ । ਸਚ ਸੁਖ ਸਹਿਜ ਸੁਖ ਏਕ ਦੇਵੇ ਪ੍ਰਭ ਅਬਿਨਾਸ਼ੀ ਹਰਿ ਸਾਚਾ ਨਾਇਕ । ਗੁਰਮੁਖ ਸਾਚੇ ਸੰਤ ਜਨ ਆਪ ਉਪਜਾਏ ਸਚ ਮੁਸਾਇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹਿਰਦੇ ਦਰਸ ਦਿਖਾਏ ਖੋਲ੍ਹੋ ਤਾਇਕ । ਹਰਿ ਹਿਰਦੇ ਹਰਿ ਸਾਚਾ ਵਸਿਆ । ਕਲਜੁਗ ਜੀਵ ਰਾਹ ਸਾਚਾ ਦੱਸਿਆ । ਸ਼ਬਦ ਤੀਰ ਹਰਿ ਸਾਚੇ ਕਸਿਆ । ਬਜ਼ਰ ਕਪਾਟੀ ਚੀਰ ਦਵਾਰ ਦਸਵਾਂ ਦੱਸਿਆ । ਅੰਮ੍ਰਿਤ ਬਹਾਏ ਸਾਚਾ ਨੀਰ ਪੀ ਅੰਮ੍ਰਿਤ ਰਸ ਰਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਧੀਰ, ਕਰ ਦਰਸ ਗੁਰਮੁਖ ਪੂਰੀ ਹੋਏ ਸਮਸਿਆ । ਪੂਰਨ ਧੀਰ ਦੇਵੇ ਹਰਿ ਭਗਵਾਨ । ਅੰਮ੍ਰਿਤ ਸਾਚਾ ਸੀਰ ਪਿਲਾਏ ਕਿਰਪਾ ਕਰੇ ਹਰਿ ਭਗਵਾਨ । ਕਲਜੁਗ ਪਾਟੇ ਚੀਰ ਲੁਹਾਏ, ਸੋਹੰ ਗਹਿਣਾ ਤਨ ਪਹਿਨਾਨ । ਸਾਚੇ ਹਾਟੇ ਸਾਚਾ ਗਹਿਣਾ ਆਪ ਵਿਕਾਏ ਗੁਰਮੁਖ ਸਾਚੇ ਘਰ ਲੈ ਜਾਣ । ਹਉਮੇ ਮੈਲ ਦੁਬਦਾ ਕਾਟੇ, ਜੋ ਜਨ ਰਸਨਾ ਗਾਣ । ਪ੍ਰਭ ਅਬਿਨਾਸ਼ੀ ਰਾਹ ਨੇੜੇ ਵਾਟੀ, ਕਲਜੁਗ ਜੀਵ ਨਾ ਭੁੱਲ ਨਿਧਾਨ । ਹਰਿ ਸਾਚਾ ਵੇਖ ਆਪਣੀ ਕਾਇਆ ਝੂਠੀ ਮਾਟੀ ਵਿਚ ਬੈਠਾ ਬਲੀ ਬਲਵਾਨ । ਏਕਾ ਜੋਤ ਜਗੇ ਲਟ ਲਾਟੀ, ਕਰ ਦਰਸ ਹੋਏ ਸੁਘੜ ਸਿਆਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਧਿਅਨ । ਸਚ ਪ੍ਰੀਤ ਗੁਰ ਚਰਨ ਧਿਆਨਾ । ਸਚ ਪ੍ਰੀਤ ਗੁਰਚਰਨ ਸੇਵ ਕਮਾਨਾ । ਸਚ ਪ੍ਰੀਤ ਹਰਿ ਹਿਰਦੇ ਸਚ ਵਸਾਨਾ । ਮਾਨਸ ਜਨਮ ਜਾਓ ਜਗ ਜੀਤ, ਲੱਖ ਚੁਰਾਸੀ ਵਿਚ ਨਾ ਆਨਾ । ਗੁਰਮੁਖ ਰੱਖ ਆਤਮ ਸਦਾ ਅਤੀਤ, ਭਰਮ ਭੁਲੇਖੇ ਭੁੱਲ ਨਾ ਜਾਣਾ । ਪ੍ਰਭ ਅਬਿਨਾਸ਼ੀ ਸਾਚਾ ਮੀਤ, ਦਰਗਹਿ ਸਾਚੀ ਜਿਸ ਸੰਗ ਨਿਭਾਨਾ । ਝੂਠੀ ਵੇਖ ਮਾਤ ਵਿਚ ਪ੍ਰੀਤ, ਸੰਗ ਕਿਸੇ ਨਾ ਜਾਣਾ । ਕਲਜੁਗ ਔਧ ਰਹੀ ਬੀਤ, ਵੇਲਾ ਗਿਆ ਹੱਥ ਨਾ ਆਣਾ । ਕਰ ਦਰਸ ਕਾਇਆ ਹੋਏ ਸੀਤ, ਸ਼ਾਂਤ ਸੀਤਲਾ ਹਰਿ ਵਰਤਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਠਾਂਡੇ ਦਰ ਬਹਾਨਾ । ਗੁਰ ਸੇਵਾ ਸੁਫਲ ਕਰਾਈ ਹੈ । ਗੁਰਮੁਖ ਵਿਰਲੇ ਕਲ ਕਮਾਈ ਹੈ । ਘਰ ਸਾਚੇ ਮਿਲੇ ਵਡਿਆਈ ਹੈ । ਜਿਥੇ ਵਸੇ ਹਰਿ ਰਘੁਰਾਈ ਹੈ । ਹਰਿ ਸਾਚੇ ਲੇਖੇ ਲਾਈ ਹੈ । ਆਤਮ ਕੱਢੇ ਭਰਮ ਭੁਲੇਖੇ, ਹਰਿ ਪੂਰਨ ਬੂਝ ਬੁਝਾਈ ਹੈ । ਜੋ ਜਨ ਆਏ ਦਰ ਨੇਤਰ ਪੇਖੇ, ਆਤਮ ਜੋਤ ਜਗਾਈ ਹੈ । ਜੋ ਜਨ ਰਹੇ ਕਲਜੁਗ ਵੇਖਾਂ ਵੇਖੇ, ਅੰਤਮ ਅੰਤ ਪ੍ਰਭ ਜਮਦੂਤਾਂ ਵਸ ਕਰਾਈ ਹੈ । ਗੁਰਮੁਖ ਸਾਚੇ ਹਰਿ ਲਾਏ ਲੇਖੇ, ਜਿਸ ਜਨ ਦਇਆ ਕਮਾਈ ਹੈ । ਆਪ ਲਿਖਾਏ ਸਾਚੇ ਲੇਖੇ, ਅਚਰਜ ਖੇਲ ਰਚਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਸਰਬ ਵਡਿਆਈ ਹੈ । ਗੁਰਚਰਨ ਸੇਵਾ ਪੂਰਨ ਘਾਲ । ਗੁਰਮੁਖ ਪ੍ਰੀਤੀ ਨਿਭੇ ਨਾਲ । ਸਾਚੀ ਨੀਤੀ ਪ੍ਰਭ ਸਾਚਾ ਦੇਵੇ ਆਤਮ ਬਖ਼ਸ਼ੇ ਸੋਹੰ ਸਾਚਾ ਲਾਲ । ਮਾਨਸ ਜਨਮ ਜਾਓ ਜਗ ਜੀਤੀ ਨਾ ਹੋਏ ਕਦੇ ਕੰਗਾਲ । ਦਰ ਘਰ ਆਏ ਪ੍ਰਭ ਸਾਚੇ ਕਾਇਆ ਸੀਤਲ ਕੀਤੀ, ਸਾਚਾ ਦੀਆ ਧਨ ਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਇਆ ਆਪ ਕਿਰਪਾਲ । ਪ੍ਰਭ ਭਏ ਦਿਆਲ ਗੁਰਮੁਖ ਸੋਇਆ ਲਏ ਉਠਾਲ । ਆਤਮ ਜੋਤੀ ਦੇਵੇ ਬਾਲ । ਆਪਣਾ ਬਿਰਧ ਹਰਿ ਸਾਚਾ ਲਏ ਸੰਭਾਲ । ਗੁਰਮੁਖ ਸਾਚੇ ਸੰਤ ਜਨਾਂ ਆਪੇ ਬਣੇ ਰਖਵਾਲ । ਸੋਹੰ ਦੇਵੇ ਸਾਚਾ ਨਾਮ ਧਨਾ, ਸਾਚਾ ਧਨ ਮਾਲ । ਏਕਾ

ਸ਼ਬਦ ਵਸਾਏ ਮਨਾ, ਘਰ ਸਾਚਾ ਦਰ ਸਾਚਾ ਹਰਿ ਦਏ ਵਖਾਲ । ਭਾਂਡਾ ਭਰਮ ਭਉ ਭੰਨਿਆ ਦੀਆ ਦਰਸ ਆਪ ਗੋਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਗੁਰਮੁਖਾਂ ਸਦ ਪ੍ਰਿਤਪਾਲ । ਗੁਰਮੁਖ ਸਾਚੇ ਹਰਿ ਦਰਸ਼ਨ ਪਾਵਣਾ । ਭਰਮ ਭੁਲੇਖਾ ਸਰਬ ਗਵਾਵਣਾ । ਆਤਮ ਲੇਖਾ ਸਰਬ ਲਿਖਾਵਣਾ । ਪਿਛਲਾ ਲੇਖਾ ਹਰਿ ਚੁਕਾਵਣਾ । ਅੱਗੇ ਮਾਰਗ ਪਾਵਣਾ । ਸਤਿਜੁਗ ਸਾਚਾ ਰਾਹ ਆਪ ਦਿਸਾਵਣਾ । ਸਾਚਾ ਥਾਨ ਆਪ ਸੁਹਾਵਣਾ । ਏਕਾ ਨਾਮ ਹਰਿ ਜਪਾਵਣਾ । ਸੋਹੰ ਖੰਡਾ ਆਪ ਚਮਕਾਵਣਾ । ਰਾਓ ਰੰਕ ਰਾਹੇ ਪਾਵਣਾ । ਥਾਉਂ ਬੰਕ ਆਪ ਸੁਹਾਵਣਾ । ਗੁਰਮੁਖਾਂ ਪੂਰ ਕਰਾਏ ਭਾਵਨਾ । ਜੋਤੀ ਜੋਤ ਸਰੂਪ ਹਰਿ, ਦਰ ਘਰ ਸਾਚੇ ਮਾਣ ਦਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸਾਚਾ ਕਰਮ ਕਮਾਵਣਾ । ਗੁਰਮੁਖ ਹਰਿ ਰੰਗ ਮਾਨਣਾ । ਪ੍ਰਭ ਅਬਿਨਾਸ਼ੀ ਸਾਚਾ ਜਾਨਣਾ । ਜੋਤ ਸਰੂਪੀ ਖੇਲ ਵਰਤਾਵਣਾ । ਬਿਨ ਰੰਗ ਰੂਪੀ ਦਿਸ ਨਾ ਆਵਣਾ । ਆਦਿ ਅੰਤ ਜੁਗਾ ਜੁਗੰਤ ਪ੍ਰਭ ਆਪਣੇ ਭਾਣੇ ਵਿਚ ਰਹਾਵਣਾ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਆਪਣੀ ਸੇਵਾ ਲਾਵਣਾ । ਸਾਚਾ ਸ਼ਬਦ ਸੁਣਾਏ ਕੰਨਾਂ, ਅਨਹਦ ਧੁਨ ਉਪਜਾਵਣਾ । ਮਿਟਾਏ ਚਿੰਤਾ ਰੋਗ ਗੁਰਸਿਖਾਂ, ਧੀਰਜ ਸਤਿ ਸੰਤੋਖ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰ ਨਰਾਇਣ ਆਪਣਾ ਭੇਵ ਆਪ ਖੁਲ੍ਹਾਵਣਾ । ਆਪਣੇ ਭਾਣੇ ਆਪ ਰਹਾਏ । ਅਚਰਜ ਖੇਲ ਹਰਿ ਵਰਤਾਏ । ਮਾਤਲੋਕ ਸਦ ਆਵੇ ਜਾਏ । ਜੁਗਾ ਜੁਗੰਤਰ ਪ੍ਰਭ ਸਾਚਾ ਜਾਮਾ ਪਾਏ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਆਪੇ ਪਕੜ ਉਠਾਵਣਾ । ਧਰਮ ਰਾਏ ਦੇ ਸਜਾਏ, ਵੇਲੇ ਅੰਤ ਹੋਏ ਸਹਾਏ ਗੁਰਮੁਖ ਸਾਚੇ ਤੇਰਾ ਬੇੜਾ ਬੰਨ੍ਹ ਵਖਾਵਣਾ । ਪ੍ਰਭ ਕਿਰਪਾ ਕਰ ਆਪਣੇ ਕੰਧ ਉਠਾਏ । ਲੱਖ ਚੁਰਾਸੀ ਗੇੜ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਹਰਿ ਸਾਚਾ ਮਾਣ ਦਵਾਏ । ਸਾਚੀ ਦਰਗਹਿ ਸਦ ਦਾ ਲੇਖਾ । ਏਥੇ ਓਥੇ ਨਾ ਕੋਈ ਭਰਮ ਭੁਲੇਖਾ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਧਾਰੇ ਭੇਖਾ । ਅਛਲ ਛਲ ਆਪ ਕਰਾਏ ਕਲਜੁਗ ਮਿਟਾਏ ਝੂਠੀ ਰੇਖਾ । ਸੋਹੰ ਸਾਚਾ ਸ਼ਬਦ ਸਤਿਜੁਗ ਲਗਾਈ ਸਾਚੀ ਮੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਕਲਜੁਗ ਤੇਰਾ ਲੇਖਾ । ਕਲਜੁਗ ਤੇਰਾ ਮੇਟ ਮਿਟਈਆ । ਕੋਇ ਨਾ ਹੋਏ ਤੇਰਾ ਸਹਈਆ । ਜੀਵ ਜੰਤ ਸਭ ਝੂਠ ਝੁਠਈਆ । ਝੂਠੇ ਜਗਤ ਧੰਦੇ ਆਪ ਮਿਟਈਆ । ਪਾਪੀ ਬੰਦੇ ਮਦਿਰਾ ਮਾਸ ਮੁਖ ਰਖਈਆ । ਆਤਮ ਗੰਦੇ ਪ੍ਰਭ ਅਬਿਨਾਸ਼ੀ ਨਾ ਰਸਨ ਰਸਈਆ । ਦਿਵਸ ਰੈਣ ਰੈਣ ਦਿਵਸ ਨਾ ਗਾਇਆ ਬੱਤੀ ਦੰਦੇ, ਦਰ ਘਰ ਸਾਚੇ ਰਹੇ ਭੁਲਈਆ । ਆਤਮ ਵੱਜੇ ਸਰਬ ਦੇ ਜਿੰਦੇ, ਸੋਹੰ ਚਾਬੀ ਨਾ ਕਿਸੇ ਲਗਾਇਆ । ਪਾਪਾਂ ਹੋਈ ਵਿਚ ਆਤਮ ਕੰਧੇ, ਦੂਈ ਦਵੈਤ ਨਾ ਪਰਦਾ ਲਾਹਿਆ । ਕਾਇਆ ਅੰਧੇਰੀ ਡੂੰਘੀ ਖੱਡੇ, ਦੀਪਕ ਜੋਤੀ ਨਾ ਕਿਸੇ ਜਗਾਇਆ । ਗੁਰਮੁਖ ਸਾਚੇ ਸੰਤ ਜਨਾਂ ਆਪ ਤੁੜਾਏ ਆਤਮ ਜਿੰਦੇ, ਸੋਹੰ ਨਾਮ ਵਿਚ ਵਸਤ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਵੇ ਮਾਣ ਸਵਾਇਆ । ਕਲਜੁਗ ਤੇਰਾ ਅੰਤ ਕਰਾਏ । ਕਲਜੁਗ ਤੇਰਾ ਲੇਖ ਲਿਖਾਏ । ਲਹਿਣਾ ਦੇਣਾ ਆਪ ਚੁਕਾਏ । ਸਤਿਜੁਗ ਸਾਚਾ ਮਾਤ ਧਰਾਏ । ਪਹਿਲੀ ਮਾਘੀ ਜਨਮ ਦਵਾਏ । ਸਾਚਾ ਲੇਖਾ ਆਪੇ ਦਏ ਲਿਖਾਏ । ਸੋਹੰ ਸਾਚੀ ਵਸਤ ਹਰਿ ਜਾਏ ਝੋਲੀ ਪਾਏ । ਚਾਰ ਵਰਨ ਆਏ ਸਰਨ ਚੁੱਕੇ ਡਰਨ, ਉਤਰੇ ਪਾਰ ਰਸਨਾ ਗਾਏ । ਖੁਲ੍ਹੇ ਹਰਨ ਫਰਨ ਦਰਸ ਕਰ ਤਰਨ, ਦੇਵੇ ਦਰਸ ਆਪ ਹਰਿ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ


੨੩੦ ੦੩

ਜੋਤ ਸਰੂਪ ਨਿਰੰਜਣ ਨਰ ਨਰਾਇਣ ਮਾਤ ਜੋਤ ਪ੍ਰਗਟਾਏ । ਸਤਿਜੁਗ ਤੇਰਾ ਸਾਚਾ ਵਾਦਾ । ਸ਼ਬਦ ਲਿਖਾਏ ਬੋਧ ਅਗਾਧਾ । ਆਤਮ ਸਾਧਾ ਜੀਵ ਜੰਤ ਏਕਾ ਸ਼ਬਦ ਅਰਾਧਾ । ਆਦਿਨ ਅੰਤ ਸੋਹੰ ਵਜਾਏ ਸਾਚਾ ਨਾਦਾ । ਸਾਧਾਂ ਸੰਤਾਂ ਪ੍ਰਭ ਸਾਚਾ ਹੋਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ । ਇਕ ਦਾਤਾਰ ਸਰਬ ਭਿਖਾਰ । ਸੋਹੰ ਸ਼ਬਦ ਹਰਿ ਵਰਤਾਰ । ਸ੍ਰਿਸ਼ਟ ਸਬਾਈ ਆਈ ਗੁਰ ਦਰਬਾਰ । ਸਤਿਜੁਗ ਤੇਰਾ ਸਚ ਵਿਹਾਰ । ਜੂਠ ਝੂਠ ਦਏ ਨਿਵਾਰ । ਏਕਾ ਏਕ ਰੰਗ ਅਨੂਠਾ ਚੜ੍ਹਾਏ ਗੁਰਮੁਖ ਸਾਚੇ ਕਲ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਤ ਧਰਾਏ ਕਰਮ ਕਰਾਏ ਆਪਣੀ ਕਿਰਪਾ ਧਾਰ । ਸਤਿਜੁਗ ਸਾਚਾ ਮਾਤ ਧਰਈਆ । ਸਤਿਜੁਗ ਸਾਚੇ ਲੇਖ ਲਿਖਈਆ । ਆਪ ਚੜ੍ਹਾਏ ਸਾਚੀ ਨਈਆ । ਗੁਰਮੁਖ ਸਾਚੇ ਸੰਤ ਜਨਾਂ ਆਪ ਚੜ੍ਹਈਆ । ਬੇਮੁਖ ਕਲਜੁਗ ਵਹਿੰਦੀ ਧਾਰ ਵਹਈਆ । ਗੁਰਮੁਖਾਂ ਬੇੜਾ ਪਾਰ ਕਰਈਆ । ਸੋਹੰ ਚੱਪੂ ਆਪ ਲਗਈਆ । ਪ੍ਰਭ ਵਸਾਏ ਸਾਚੇ ਥਾਉਂ, ਆਪਣੇ ਸੰਗ ਆਪ ਰਖਈਆ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋ ਭੇਵ ਖੁਲ੍ਹਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਆਪਣੇ ਭਾਣੇ ਸ੍ਰਿਸ਼ਟ ਸਬਾਈ ਵੇਖ ਵਖਈਆ । ਆਪ ਉਠਾਏ ਪਕੜੇ ਬਾਹੋਂ, ਆਪਣਾ ਲੇਖ ਲਿਖਈਆ । ਸੋਹੰ ਦੇਵੇ ਸਾਚਾ ਨਾਂਓ, ਆਤਮ ਸਾਚੀ ਜੋਤ ਜਗਈਆ । ਦਰਗਹਿ ਦੇਵੇ ਸਾਚਾ ਥਾਉਂ, ਜਨਮ ਮਰਨ ਲੱਖ ਚੁਰਾਸੀ ਗੇੜ ਕਟਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਗੁਰਮੁਖ ਸਾਚੇ ਮੇਲ ਮਿਲਈਆ । ਹਰਿ ਜੋਤੀ ਜੋਤ ਮਿਲਾਵੰਦਾ । ਵੇਲੇ ਅੰਤਮ ਅੰਤ ਦਰ ਘਰ ਆਏ ਦਰਸ ਦਿਖਾਵੰਦਾ । ਹਰਿ ਜੋਤੀ ਜੋਤ ਮਿਲਾਵੰਦਾ । ਗੁਰਮੁਖਾਂ ਕਰ ਤਰਸ ਆਪਣਾ ਸੰਗ ਨਿਭਾਵੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਪ੍ਰਭ ਸੁੱਕੇ ਹਰੇ ਕਰਾਵੰਦਾ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਤੇਰੇ ਚਰਨ ਹਰਸ, ਕਲਜੁਗ ਬੇੜਾ ਪਾਰ ਕਰਾਵੰਦਾ । ਆਪ ਮਿਟਾਏ ਆਤਮ ਸਰਬ ਹਰਸ, ਜੋਤ ਸਰੂਪੀ ਦਰਸ ਦਿਖਾਵੰਤਾ । ਬੇਮੁਖ ਕਲਜੁਗ ਰਹੇ ਤਰਸ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਆਪਣੇ ਭਾਣੇ ਵਿਚ ਰਹਾਵੰਦਾ । ਹਰਿ ਭਾਣਾ ਵਰਤੇ ਗੁਰਮੁਖ ਜਾਨਣਾ । ਸੋ ਜਨ ਹੋਇਆ ਸੁਘੜ ਸਿਆਨਣਾ । ਜਿਸ ਦੀਆ ਨਾਮ ਨਿਧਾਨਨਾ । ਆਤਮ ਧਰੇ ਧੀਰ ਧਰਾਨਾ । ਹਰਿ ਸਾਚੀ ਬੂਝ ਬੁਝਾਨਾ । ਏਕਾ ਰੰਗ ਗੁਰਮੁਖ ਸਾਚੇ ਆਪ ਰੰਗਾਨਾ । ਮਾਨਸ ਜਨਮ ਨਾ ਹੋਏ ਭੰਗ, ਸਾਚਾ ਰਾਹ ਦਿਖਾਣਾ । ਹੋਏ ਸਹਾਈ ਸਦਾ ਅੰਗ ਸੰਗ, ਦੁੱਖ ਰੋਗ ਚਿੰਤਾ ਸਰਬ ਮਿਟਾਣਾ । ਬੇਮੁੱਖ ਭੰਨੇ ਵਾਂਗ ਕੱਚੀ ਵੰਗ, ਪ੍ਰਭ ਸਾਚੇ ਭੰਨ ਵਖਾਣਾ । ਧਰਮ ਰਾਏ ਦਰ ਦੇਵੇ ਟੰਗ, ਲਿਖਿਆ ਸਾਚਾ ਲੇਖ ਕਿਸੇ ਨਾ ਜਾਏ ਛੁਡਾਵਣਾ । ਸ਼ਬਦ ਸਰੂਪੀ ਕਸਿਆ ਤੰਗ, ਪਵਣ ਰੂਪ ਚਾਰ ਕੁੰਟ ਦੁੜਾਵਣਾ । ਸ੍ਰਿਸ਼ਟ ਸਬਾਈ ਕਰੇ ਭੰਗ, ਸੋਹੰ ਸਾਚਾ ਤੀਰ ਚਲਾਵਣਾ । ਚਾਰ ਕੁੰਟ ਦਿਸਣ ਪਏ ਕਰੰਗ, ਕਲਜੁਗ ਜੀਆਂ ਮਾਸ ਕਿਸੇ ਨਾ ਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਵਰਤੇ ਜਗਤ ਆਪਣਾ ਭਾਵਣਾ । ਭਾਣਾ ਹਰਿ ਵਰਤਾਵਣਾ । ਰਾਓ ਉਮਰਾਓ ਸਰਬ ਖ਼ਾਕ ਮਿਲਾਵਣਾ । ਵਡ ਵਡ ਪਕੜ ਸ਼ਾਹੋ, ਪ੍ਰਭ ਗਲੀਆਂ ਵਿਚ ਫਿਰਾਵਣਾ । ਸਾਚਾ ਸ਼ਬਦ ਚਲਾਏ ਸਾਚਾ ਨਾਓ, ਕਲਜੁਗ ਭੇਖ ਸਰਬ ਮਿਟਾਵਣਾ । ਰਾਓ ਰੰਕ ਉਚ ਨੀਚ ਕੋਈ ਰਹਿਣ ਨਾ ਪਾਵਣਾ । ਸਤਿਜੁਗ ਚਲਾਏ ਸਾਚਾ ਰਾਹੋ, ਰਾਜਾ ਰਾਣਾ ਤਖ਼ਤੋਂ ਲਾਹਵਣਾ । ਸਚ ਘਰ ਵਾਸੀ ਸਚ ਘਰ ਵਸਾਏ ਸਾਚਾ ਥਾਓ, ਹਰਿ ਏਕਾ ਜੋਤ ਜਗਾਵਣਾ । ਬੈਠਾ ਰਹੇ ਅਡੋਲ ਸਦਾ ਬੇਪਰਵਾਹੋ, ਜੋਤ ਸਰੂਪ ਡਗਮਗਾਵਣਾ ।


੨੩੧ ੦੩

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰਾਇਣ ਨਰ ਏਕਾ ਰੰਗ ਸ੍ਰਿਸ਼ਟ ਸਬਾਈ ਆਪ ਰੰਗਾਵਣਾ । ਚਰਨ ਪ੍ਰੀਤ ਗੁਰ ਦਰ ਕਮਾਵਣੀ । ਪ੍ਰਭ ਸਾਚਾ ਪਰਖੇ ਨੀਤ, ਗੁਰਮੁਖਾਂ ਆਤਮ ਤ੍ਰਿਖਾ ਆਪ ਬੁਝਾਵਣੀ । ਤਨ ਕਾਇਆ ਕਰੇ ਸੀਤ, ਹਰਿ ਅੰਮ੍ਰਿਤ ਸ਼ਾਂਤਕ ਬੂੰਦ ਆਪ ਬਰਸਾਵਣੀ । ਸਤਿਜੁਗ ਚਲਾਏ ਸਾਚੀ ਰੀਤ ਕੂੜ ਕੁੜਿਆਰੀ ਸਰਬ ਮੇਟ ਮਿਟਾਵਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਨੀਂਹ ਰਖਾਵਣੀ । ਸਤਿਜੁਗ ਸਾਚਾ ਹਰਿ ਸਾਚਾ ਜਨਮ ਦਵਾਏ । ਹਰਿ ਹਿਰਦੇ ਵਾਚਾ ਸਚ ਵਸਤ ਹਰਿ ਝੋਲੀ ਪਾਏ । ਚਰਨ ਪ੍ਰੀਤੀ ਸਾਚਾ ਨਾਤਾ, ਇਕ ਮਾਤ ਰਖਾਏ । ਕਰ ਕਿਰਪਾ ਹਰਿ ਪੁਰਖ ਬਿਧਾਤਾ, ਸੋਹੰ ਦਾਨ ਹਰਿ ਝੋਲੀ ਪਾਏ । ਆਪ ਮਿਟਾਏ ਊਚ ਨੀਚ ਜਾਤਾਂ ਪਾਤਾਂ, ਏਕਾ ਗਿਆਨ ਸਰਬ ਦਵਾਏ । ਚਾਰ ਵਰਨ ਬੰਧਾਏ ਏਕਾ ਨਾਤਾ, ਭਰਮ ਭੁਲੇਖਾ ਰਹਿਣ ਨਾ ਪਾਏ । ਕਲਜੁਗ ਮਿਟਾਏ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਏ । ਆਪ ਪੁੱਛੇ ਗੁਰਸਿਖਾਂ ਵਾਤਾ, ਦਰ ਘਰ ਆਪਣੇ ਲਏ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਲਏ ਲੜ ਲਾਏ । ਆਪ ਆਪਣੇ ਲਾਏ ਲੜ । ਗੁਰਮੁਖ ਸਾਚਾ ਵਿਚ ਮਾਤ ਬਾਹੋਂ ਫੜ । ਬੇਮੁਖ ਅੰਤਕਾਲ ਕਲ ਜਾਇਣ ਝੜ । ਗੁਰਮੁਖ ਸਾਚੇ ਸੰਤ ਜਨ ਦਰ ਘਰ ਸਾਚੇ ਜਾਇਣ ਵੜ । ਸੋਹੰ ਸਾਚੀ ਆਵਾਜ਼ ਲਗਾਏ ਦਰ ਦਰਬਾਰੇ ਆਤਮ ਖੜ । ਆਪ ਆਪਣੀ ਦਇਆ ਕਮਾਏ, ਕਾਇਆ ਕਿਲ੍ਹਾ ਤੁੜਾਵੇ ਹੰਕਾਰੀ ਗੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਤੋੜ ਨਿਭਾਏ, ਗੁਰਮੁਖ ਸਾਚੇ ਹਰਿ ਕੀ ਪੌੜੀ ਜਾਏ ਚੜ੍ਹ । ਹਰ ਘਰ ਹਰਿ ਰੰਗ ਮਹਾਨਾ । ਆਤਮ ਦਰ ਵੇਖ ਜੀਵ ਜਨ ਸੁਘੜ ਸਿਆਣਾ । ਕਿਉਂ ਧਰਿਆ ਕਲਜੁਗ ਝੂਠਾ ਭੇਖ, ਫਿਰੇ ਅੰਧ ਅੰਧਿਆਨਾ । ਹਰਿ ਸੱਜਣ ਸਾਚਾ ਨੇਤਰ ਪੇਖ, ਕਿਲ ਵਿਖ ਪਾਪ ਸਰਬ ਗਵਾਨਾ । ਭਰਮ ਭੁਲੇਖੇ ਕਿਉਂ ਰਿਹਾ ਵੇਖੀ ਵੇਖੇ, ਵੇਲਾ ਗਿਆ ਹੱਥ ਨਾ ਆਣਾ । ਦਰ ਘਰ ਸਾਚੇ ਗੁਰਮੁਖ ਸਾਚੇ ਲਗਾਏ ਸਾਚੇ ਲੇਖੇ, ਆਪ ਵਿਸ਼ਨੂੰ ਭਗਵਾਨਾ । ਜੋਤੀ ਜੋਤ ਸਰੂਪ ਨਿਰੰਜਣ ਨਰ ਨਰਾਇਣ, ਸਰਬ ਜੀਆਂ ਦਾ ਦਾਨਾ ਬੀਨਾ । ਧੰਨ ਸੋ ਵੇਲਾ ਹਰਿ ਦਇਆ ਕਮਾਇਆ । ਜੁਗਾਂ ਜੁਗੰਤਰ ਵਿਛੜਿਆਂ ਹਰਿ ਸਾਚਾ ਮੇਲ ਮਿਲਾਇਆ । ਪ੍ਰਭ ਅਬਿਨਾਸ਼ੀ ਸਾਚੇ ਕੰਤ, ਸੋਹੰ ਸਾਚਾ ਨਾਮ ਜਪਾਇਆ । ਆਪ ਬਣਾਏ ਸਾਚੀ ਬਣਤ, ਸਾਚੇ ਮਾਰਗ ਲਾਇਆ । ਮਹਿੰਮਾ ਪ੍ਰਭ ਦੀ ਬੜੀ ਅਗਣਤ, ਭੇਵ ਕਿਸੇ ਨਾ ਪਾਇਆ । ਕਿਆ ਕੋਈ ਜਾਣੇ ਜੀਵ ਜੰਤ, ਡਾਹਢੀ ਮਾਇਆ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਅੰਤ ਆਦਿ ਏਕਾ ਜਾਤ ਹਰਿ ਰਘੁਰਾਇਆ । ਹਰਿ ਰਘੁਰਾਇਆ ਹਰਿ ਰਘੁਰਾਈ । ਸੱਚੀ ਬਿਧ ਨੌਂ ਨਿਧਾਂ ਪਾਈ । ਕਾਰਜ ਸਿਧ ਕਰਾਈ । ਆਤਮ ਵਿਧ ਸੋਹੰ ਤੀਰ ਚਲਾਈ । ਪ੍ਰਭ ਮਿਲਣ ਦੀ ਸਾਚੀ ਬਿਧੀ ਪ੍ਰਭ ਸਾਚੇ ਆਪ ਬਤਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇ ਵਡਿਆਈ । ਗੁਰਮੁਖ ਤੇਰਾ ਮਾਣ ਰਖਾਣਾ । ਗੁਰਸਿਖ ਚਲਾਏ ਆਪਣੇ ਭਾਣਾ । ਗੁਰਮੁਖਾਂ ਦੇਵੇ ਨਾਮ ਨਿਧਾਨਾ । ਗੁਰਮੁਖਾਂ ਦੇਵੇ ਧੂੜ ਚਰਨ ਅਸ਼ਨਾਨਾ । ਗੁਰਮੁਖਾਂ ਦੇਵੇ ਆਤਮ ਬ੍ਰਹਮ ਗਿਆਨਾ । ਗੁਰਮੁਖਾਂ ਆਤਮ ਸਾਚੀ ਸ਼ਬਦ ਧੁਨ ਉਪਜਾਨਾ । ਗੁਰਮੁਖਾਂ ਦੂਈ ਦਵੈਤੀ ਹਰਿ ਪਰਦਾ ਲਾਹਣਾ । ਗੁਰਮੁਖਾਂ ਆਤਮ ਸੁਨ ਮੁਨ ਹਰਿ ਆਪ ਖੁਲ੍ਹਾਣਾ । ਗੁਰਮੁਖਾਂ ਦੀਪਕ ਜੋਤੀ ਆਪ ਜਗਾਣਾ । ਗੁਰਮੁਖਾਂ ਦਵਾਰ ਦਸਮ ਹਰਿ ਬੂਝ ਬੁਝਾਣਾ । ਗੁਰਮੁਖਾਂ ਹਰਿ ਏਕਾ ਰੰਗ ਦਿਵਸ ਰੈਣ ਰੈਣ ਦਿਵਸ ਰੰਗਾਣਾ । ਗੁਰਮੁਖਾਂ ਸਾਚਾ ਸਾਕ ਸੱਜਣ ਆਪ ਅਖਵਾਨਾ । ਗੁਰਮੁਖਾਂ


੨੩੨ ੦੩

ਮਾਤ ਪਿਤ ਭਾਈ ਭੈਣ ਆਪ ਬਣ ਜਾਣਾ । ਗੁਰਮੁਖਾਂ ਦਰ ਸਾਚੇ ਦੇਵੇ ਮਾਣਾ । ਗੁਰਮੁਖਾਂ ਦਰਗਾਹਿ ਸਾਚੀ ਦੇਵੇ ਸਚ ਟਿਕਾਣਾ । ਗੁਰਮੁਖਾਂ ਅੰਤਮ ਅੰਤ ਪ੍ਰਗਟ ਜੋਤ ਹਰਿ ਸਾਚੇ ਦਰਸ ਦਿਖਾਣਾ । ਗੁਰਮੁਖਾਂ ਹਰਿ ਪਰਸ ਜਨਮ ਮਰਨ ਗੇੜ ਮਿਟਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਅੰਤਮ ਅੰਤ ਜੋਤੀ ਜੋਤ ਮਿਲਾਣਾ । ਗੁਰ ਪ੍ਰਸ਼ਾਦਿ ਦੀਆ ਗੁਰ ਪੂਰੇ । ਦੁੱਖ ਰੋਗ ਗਵਾਏ ਆਤਮ ਉਤਰੇ ਸਗਲ ਵਸੂਰੇ । ਸਚ ਸ਼ਬਦ ਹਰਿ ਦੇਵੇ ਸਾਚਾ ਯੋਗ, ਰਸਨਾ ਗਾਏ ਕਾਰਜ ਪੂਰੇ । ਅੰਮ੍ਰਿਤ ਆਤਮ ਰਸ ਸੋਹੰ ਸਾਚਾ ਭੋਗ, ਪ੍ਰਭ ਅਬਿਨਾਸ਼ੀ ਦੇਵੇ ਵਿਚ ਸੰਗਤ ਸਦ ਹਜ਼ੂਰੇ । ਆਪ ਚੁਗਾਏ ਗੁਰਮੁਖ ਸਾਚੀ ਚੋਗ, ਦਿਵਸ ਰੈਣ ਸਦ ਰਹੇ ਸਰੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਕਰਾਏ ਜੋ ਜਨ ਆਏ ਦੂਰੋ ਦੂਰੇ । ਚਰਨ ਕਵਲ ਜਿਸ ਆਸ ਰਖਾਈ । ਪ੍ਰਭ ਦਰ ਆਏ ਚਰਨ ਸੀਸ ਝੁਕਾਈ । ਪੂਰਨ ਹੋਏ ਭਾਗ ਪ੍ਰਭ ਸਾਚੇ ਦੀ ਵਡਿਆਈ । ਸੋਹੰ ਸ਼ਬਦ ਲਗਾਏ ਸਾਚੀ ਜਾਗ ਦੂਈ ਦਵੈਤ ਹਰਿ ਪੜਦਾ ਲਾਹੀ । ਸਾਚੀ ਧੁਨ ਉਪਜਾਏ ਅਨਹਦ ਸਾਚਾ ਰਾਗ ਮੁਨ ਸੁਨ ਆਪ ਖੁਲ੍ਹਾਈ । ਆਪ ਵਜਾਏ ਸੋਹੰ ਸਾਚਾ ਨਾਦ, ਚਾਰ ਕੁੰਟ ਹਰਿ ਦੇ ਸੁਣਾਈ । ਵਸੇ ਸਦ ਵਿਚ ਬ੍ਰਿਹਿਮਾਦ, ਸਰਬ ਥਾਈਂ ਹੋਏ ਸਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਆਈ ਗੁਰ ਸੰਗਤ ਹਰਿ ਸਾਚਾ ਮਾਣ ਦਵਾਈ । ਜੋ ਜਨ ਆਏ ਗੁਰ ਦਵਾਰਿਆ । ਪ੍ਰਭ ਅਬਿਨਾਸ਼ੀ ਚਰਨ ਨਿਮਸਕਾਰਿਆ । ਕਾਇਆ ਰੋਗ ਸਰਬ ਨਿਵਾਰਿਆ । ਦੁੱਖ ਭੁੱਖ ਸਰਬ ਗਵਾ ਰਿਹਾ । ਆਤਮ ਸੁਖ ਇਕ ਉਪਜਾ ਰਿਹਾ । ਮਾਤ ਕੁੱਖ ਸੁਫਲ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਲੇਖੇ ਆਪ ਲਗਾ ਰਿਹਾ । ਗੁਰ ਸੰਗਤ ਆਈ ਦਰ ਪ੍ਰਵਾਨ । ਦੇਵੇ ਦਰਸ ਹਰਿ ਭਗਵਾਨ । ਗੁਰਮੁਖ ਸਾਚੇ ਸੰਤ ਜਨ ਸਾਚਾ ਲਾਹਾ ਖੱਟ ਲੈ ਜਾਣਾ । ਬੇਮੁੱਖ ਕਲਜੁਗ ਜੀਵ ਖਾਲੀ ਹੱਥ ਗੁਰ ਦਰ ਮੁੜ ਜਾਣ । ਗੁਰਮੁਖ ਗੁਰਸਿਖ ਪ੍ਰਭ ਸਾਚਾ ਲਏ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਆਤਮ ਸਾਚਾ ਦਾਨ । ਸੋਹੰ ਦਾਨ ਪ੍ਰਭ ਸਾਚਾ ਦੇਵੇ । ਗੁਰਮੁਖ ਵਿਰਲਾ ਰਸਨਾ ਸੇਵੇ । ਸੋਹੰ ਫਲ ਲਗਾਏ ਆਤਮ ਸਾਚੇ ਮੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਖ ਅਭੇਵੇ ।

### ✵ ੨੪ ਜੇਠ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✵

ਹਰਿਜਨ ਮੇਲ ਸਚ ਦਵਾਰੇ । ਦੇਵੇ ਦਰਸ ਹਰਿ ਅਗੰਮ ਅਪਾਰੇ । ਮਿਟਾਏ ਹਰਸ ਕਰ ਤਰਸ ਜੋ ਜਨ ਆਏ ਚਲ ਘਰ ਸੱਚੇ ਦਰਬਾਰੇ । ਅੰਮ੍ਰਿਤ ਆਤਮ ਮੇਘ ਦੇਵੇ ਬਰਸ ਝਿਰਨਾ ਝਿਰੇ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਧਾਰੇ । ਮਾਤਲੋਕ ਹਰਿ ਜਾਮਾ ਧਾਰ । ਪ੍ਰਭ ਅਬਿਨਾਸ਼ੀ ਪਾਵੇ ਸਾਰ । ਅਚਰਜ ਖੇਲ ਕਰੇ ਕਰਤਾਰ । ਗੁਰਮੁਖ ਸਾਚੇ ਲਾਏ ਪਾਰ । ਸਰਬ ਘਟ ਵਾਸੀ ਕਰਮ ਵਿਚਾਰ । ਭਰਮ ਭੁਲੇਖੇ ਦਏ ਨਿਵਾਰ । ਆਦਿ ਅੰਤ ਸਾਚੀ ਕਾਰ । ਸਚ ਸ਼ਬਦ ਧਰੇ ਸੰਸਾਰ । ਘਨਕਪੁਰ ਵਾਸੀ ਮਾਤਲੋਕ ਵਿਚ ਜਾਮਾ ਧਾਰ । ਕਲਜੁਗ ਤੇਰਾ ਪੰਧ ਮੁਕਾਇਆ । ਵੇਦ ਅਥਰਬਣ ਅੰਤ ਕਰਾਇਆ । ਆਤਮ ਅੰਧ ਅੰਧੇਰ ਮਿਟਾਇਆ । ਗੁਰਮੁਖ ਸਾਚੇ ਸੰਤ ਜਨ ਸਚ ਸੇਵਾ ਆਪ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਵਿਚ ਮਾਤ ਜਾਮਾ ਪਾਇਆ । ਕਲਜੁਗ ਤੇਰਾ ਮਿਟੇ ਅੰਧੇਰਾ ।

ਜੋਤ ਸਰੂਪੀ ਪ੍ਰਭ ਵਿਚ ਮਾਤ ਪਾਇਆ ਫੇਰਾ । ਪ੍ਰਭ ਅਬਿਨਾਸ਼ੀ ਸਾਚਾ ਕੰਤ, ਜੁਗਾਂ ਜੁਗੰਤ ਆਦਿ ਅੰਤ ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਹੇਰਾ ਫੇਰਾ । ਗੁਰਮੁਖ ਸਾਚੇ ਸੰਤ ਆਪ ਜਗਾਏ ਨਾ ਲਾਏ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰੇ ਨਬੇੜਾ । ਅੰਤਮ ਅੰਤ ਆਪ ਕਰਾਏ । ਜੋਤ ਸਰੂਪੀ ਹਰਿ ਰਘੁਰਾਏ । ਸ੍ਰਿਸ਼ਟ ਸਬਾਈ ਮੇਟ ਮਿਟਾਏ । ਕਲਜੁਗ ਜੀਵ ਆਤਮ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਏ । ਬੇਮੁਖ ਹੋਏ ਭੁੱਲੇ, ਸਚ ਕਰਮ ਨਾ ਕਿਸੇ ਵਿਚਾਰਿਆ । ਗੁਰਮੁਖ ਪੂਰੇ ਤੋਲ ਤੁਲੇ, ਗੁਰ ਪੂਰੇ ਸਦ ਬਲਹਾਰਿਆ । ਚਰਨ ਕਵਲ ਕਵਲ ਚਰਨ ਸਦ ਸਦ ਨਿਮਸਕਾਰਿਆ । ਧਰੇ ਜੋਤ ਉਪਰ ਧਵਲ, ਕਰੇ ਖੇਲ ਅਪਰ ਅਪਾਰਿਆ । ਸ੍ਰਿਸ਼ਟ ਸਬਾਈ ਰਿਹਾ ਮਵਲ, ਆਤਮ ਦੀਪਕ ਸਰਬ ਉਜਿਆਰਿਆ । ਗੁਰਸਿਖ ਖਿਲੇ ਵਾਂਗ ਫੁੱਲ ਕਵਲ, ਸਿਰ ਰੱਖੇ ਹੱਥ ਆਪ ਬਨਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦੇਵੇ ਵਡ ਵਡ ਭੰਡਾਰਿਆ । ਗੁਰ ਪੂਰਾ ਵਡ ਭੰਡਾਰੀ । ਗੁਰ ਪੂਰਾ ਵਡ ਵਰਤਾਰੀ । ਗੁਰ ਪੂਰਾ ਆਦਿ ਅੰਤ ਏਕਾ ਜੋਤ ਕਰੇ ਅਕਾਰੀ । ਗੁਰ ਪੂਰਾ ਜੋਤ ਸਰੂਪੀ ਜੋਤ ਹਰਿ ਆਵੇ ਜਾਵੇ ਵਾਰੋ ਵਾਰੀ । ਗੁਰ ਪੂਰਾ ਖੰਡ ਬ੍ਰਹਿਮੰਡ ਵਰਭੰਡ ਸਰਬ ਪਸਾਰੀ । ਗੁਰ ਪੂਰਾ ਵਿਚ ਨਵ ਖੰਡ ਅਚਰਜ ਖੇਲ ਕਰੇ ਅਪਾਰੀ । ਗੁਰ ਪੂਰਾ ਬੇਮੁਖਾਂ ਲਾਏ ਡੰਨ, ਚਾਰ ਕੁੰਟ ਕਰਾਏ ਚੰਡ ਪ੍ਰਚੰਡ ਏਕਾ ਖੇਲ ਕਰੇ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਰ ਅਵਤਾਰੀ । ਗੁਰ ਪੂਰਾ ਭੇਖ ਵਟਾਇੰਦਾ । ਗੁਰ ਪੂਰਾ ਗੁਰਮੁਖ ਵੇਖ ਵੇਖ ਆਪਣੀ ਸਰਨ ਲਗਾਇੰਦਾ । ਗੁਰ ਪੂਰਾ ਲੇਖ ਲੇਖ ਦਰ ਘਰ ਸਾਚੇ ਲੇਖ ਲਿਖਾਇੰਦਾ । ਗੁਰ ਪੂਰਾ ਗੁਰਸਿਖ ਨੇਤਰ ਪੇਖ, ਨਾ ਕੋਈ ਭਰਮ ਭੁਲੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਜੋਤੀ ਜੋਤ ਮਿਲਾਇੰਦਾ । ਗੁਰ ਪੂਰਾ ਸਦ ਸਮਰਥ । ਗੁਰ ਪੂਰਾ ਗੁਰਮੁਖਾਂ ਸਿਰ ਰੱਖੇ ਹੱਥ । ਗੁਰ ਪੂਰਾ ਸ਼ਬਦ ਚੜ੍ਹਾਏ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਬੇਮੁਖਾਂ ਪਾਏ ਨੱਥ । ਗੁਰ ਪੂਰਾ ਰੋਗ ਮਿਟਾਇੰਦਾ । ਗੁਰ ਪੂਰਾ ਕਰ ਦਰਸ ਨਾ ਹੋਏ ਵਿਯੋਗ ਆਦਿ ਅੰਤ ਜਨ ਭਗਤਾਂ ਪਾਰ ਕਰਾਇੰਦਾ । ਗੁਰ ਪੂਰਾ ਧੁਰ ਲਿਖਿਆ ਸੰਯੋਗ, ਗੁਰਮੁਖਾਂ ਮੇਲ ਮਿਲਾਇੰਦਾ । ਗੁਰ ਪੂਰਾ ਸੋਹੰ ਸਾਚਾ ਨਾਮ ਮਾਤ ਧਰਾਇੰਦਾ । ਗੁਰ ਪੂਰਾ ਸਤਿਜੁਗ ਚਲਾਏ ਸਾਚੀ ਨਈਆ । ਗੁਰ ਪੂਰਾ ਚਾਰ ਵਰਨ ਕਰਾਏ ਭੈਣਾਂ ਭਈਆ । ਗੁਰ ਪੂਰਾ ਰਾਓ ਰੰਕ ਰੰਕ ਰਾਓ ਇਕ ਕਰਈਆ । ਗੁਰ ਪੂਰਾ ਰਾਜੇ ਰਾਣੇ ਤਖ਼ਤੋਂ ਲਹਈਆ । ਗੁਰ ਪੂਰਾ ਏਕਾ ਭਿਛਿਆ ਨਾਮ ਪਾਏ, ਜਾਤ ਪਾਤ ਸਭ ਮਿਟਾਈਆ । ਪੂਰਨ ਇਛਿਆ ਆਪ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਧੇਰੀ ਰਾਤ ਮਿਟਈਆ । ਚਾਰ ਵਰਨ ਇਕ ਸਿਕਦਾਰਾ । ਚਾਰ ਵਰਨ ਇਕ ਘਰ ਬਾਹਰਾ । ਚਾਰ ਵਰਨ ਇਕ ਅਕਾਰਾ । ਚਾਰ ਵਰਨ ਨਿਹਕਲੰਕ ਦਰ ਕਰੇ ਨਿਮਸਕਾਰਾ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਸੋਹੰ ਨਾਮ ਅਧਾਰਾ । ਨਿਰੰਕਾਰ ਨਿਰੰਕਾਰ ਹੈ । ਆਦਿ ਅੰਤ ਜੋਤ ਅਧਾਰ ਹੈ । ਸਾਚਾ ਸ਼ਬਦ ਜੋਤ ਧੁਨਕਾਰ ਹੈ । ਗੁਰਮੁਖਾਂ ਸਦ ਪਿਆਰ ਹੈ । ਆਤਮ ਦੁੱਖਾਂ ਭੁੱਖਾਂ ਦਏ ਨਿਵਾਰ ਹੈ । ਸਹਿਜ ਸੁਭਾਏ ਮਿਲਿਆ ਹਰਿ ਭਤਾਰ ਹੈ । ਸੁਫਲ ਕਰਾਈ ਮਾਤ ਕੁੱਖਾ ਨਿਹਕਲੰਕ ਨਰ ਅਵਤਾਰ ਹੈ । ਮਾਤ ਗਰਭ ਹੋਏ ਉਲਟਾ ਰੁਖਾ, ਆਤਮ ਰੱਖੇ ਜੋ ਹੰਕਾਰ ਹੈ । ਜੋ ਜਨ ਆਏ ਦਰਸ਼ਨ ਭੁੱਖਾ, ਦੇਵੇ ਦਰਸ ਆਪ ਦਾਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਵਡ ਗੁਣਵੰਤ,

੨੩੪ ੦੩

੨੩੫
੦੩

ਏਕਾ ਜੋਤ ਅਧਾਰ ਸਰਬ ਜੀਵ ਜੰਤ ਹੈ । ਏਕਾ ਸ਼ਬਦ ਧੁਨਕਾਰ, ਲੱਖ ਚੁਰਾਸੀ ਵਿਚ ਵਰਤੰਤ ਹੈ । ਏਕਾ ਸਚ ਘਰ ਬਾਹਰ, ਜਿਥੇ ਵਸੇ ਆਪ ਭਗਵੰਤ ਹੈ । ਗੁਰਮੁਖ ਵਿਰਲਾ ਪਾਏ ਸਾਰ, ਜਿਸ ਮਿਲਿਆ ਹਰਿ ਸਾਚਾ ਕੰਤ ਪਿਆਰ ਹੈ । ਬੇਮੁਖਾਂ ਕਰੇ ਖਵਾਰ, ਕਲਜੁਗ ਮਾਇਆ ਪਾਏ ਬੇਅੰਤ ਹੈ । ਗੁਰਸਿਖਾਂ ਦੇਵੇ ਸੋਹੰ ਸਾਚਾ ਨਾਮ ਅਪਾਰ ਜੁਗਾਂ ਜੁਗੰਤ ਹੈ । ਬੇਮੁਖਾਂ ਦੇਵੇ ਦੁਰਕਾਰ, ਅੰਤਮ ਅੰਤ ਕਰੇ ਭਸਮੰਤ ਹੈ । ਗੁਰਮੁਖਾਂ ਦੇਵੇ ਆਤਮ ਜੋਤ, ਵਿਚ ਆਤਮ ਦੀਪਕ ਜੋਤ ਜਗੰਤ ਹੈ । ਬੇਮੁਖਾਂ ਕਰ ਖੁਆਰ, ਸਦਾ ਸਦਾ ਮੁਖ ਭਵੰਤ ਹੈ । ਗੁਰਮੁਖਾਂ ਕਰੇ ਵਿਚਾਰ, ਅਨਹਦ ਸ਼ਬਦ ਧੁਨ ਵਜੰਤ ਹੈ । ਬੇਮੁਖ ਮਾਨਸ ਜਨਮ ਗਏ ਕਲ ਹਾਰ, ਭੁੱਲਿਆ ਹਰਿ ਸਾਚਾ ਕੰਤ ਹੈ । ਗੁਰਮੁਖ ਸੋਹਣ ਹਰਿ ਚਰਨ ਦਵਾਰ, ਬੈਠਾ ਆਪ ਪੂਰਨ ਭਗਵੰਤ ਹੈ । ਬੇਮੁੱਖ ਧੱਕੇ ਬਾਹਰ, ਲੱਖ ਚੁਰਾਸੀ ਵਿਚ ਭਵੰਤ ਹੈ । ਗੁਰਮੁਖ ਗੁਰਸਿਖ ਕਰ ਦਰਸ ਕਲਜੁਗ ਉਤਰੇ ਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਤਲੋਕ ਲਿਆ ਅਵਤਾਰ ਹੈ । ਅਚਰਜ ਖੇਲ ਹਰਿ ਵਰਤਾਨਿਆ । ਚਲੇ ਚਲਾਏ ਆਪਣੇ ਭਾਣਿਆ । ਕਿਆ ਕੋਈ ਜਾਣੇ ਜੀਵ ਨਿਧਾਨਿਆ । ਆਪਣਾ ਆਪ ਨਾ ਸਮਝੇ ਫੇਰ ਪਛਤਾਨਿਆਂ । ਜੋਤ ਸਰੂਪੀ ਹਰਿ ਹਰਿ ਸਾਚਾ ਘਨਕਪੁਰੀ ਜੋਤ ਜਗਾਨਿਆਂ । ਸੰਤ ਮਨੀ ਸਿੰਘ ਆਤਮ ਦੇਵੇ ਬ੍ਰਹਮ ਗਿਆਨਿਆਂ । ਸ਼ਬਦ ਧੁਨ ਇਕ ਉਪਜਾਨਿਆਂ । ਵਿਚ ਮਾਤ ਕਲਜੁਗ ਚੁਣ ਪ੍ਰਭ ਦੇਵੇ ਸਾਚਾ ਮਾਨਿਆਂ । ਕਵਣ ਜਾਣੇ ਹਰਿ ਤੇਰੇ ਗੁਣ, ਨਾ ਕੋਈ ਜਾਣੇ ਵੇਦ ਪੁਰਾਨਿਆਂ । ਗੁਰਮੁਖ ਵਿਰਲੇ ਕਲਜੁਗ ਲੈਣ ਕੰਨ ਸੁਣ, ਜੋ ਅੰਤਮ ਵਰਤੇ ਭਾਣਿਆਂ । ਸ੍ਰਿਸ਼ਟ ਸਬਾਈ ਪ੍ਰਭ ਜਾਏ ਪੁਣ, ਤਖ਼ਤੋਂ ਲਾਹੇ ਰਾਜੇ ਰਾਣਿਆਂ । ਅੰਤਮ ਅੰਤ ਕਲਜੁਗ ਚੁਣ, ਮੇਟ ਮਿਟਾਏ ਸੇਠ ਸਿਠਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਰਤਾਏ, ਸਾਚਾ ਸ਼ਬਦ ਲਿਖਾਏ ਨਾ ਕੋਈ ਮੇਟੇ ਮੇਟ ਮਿਟਾਏ, ਆਪ ਉਠਾਏ ਸੱਤਰ ਲੱਖ ਪਠਾਣਿਆ । ਸੋਹੰ ਸ਼ਬਦ ਪ੍ਰਭ ਮਾਰਿਆ ਬਾਣਾ । ਕੋਈ ਨਾ ਬੂਝੇ ਰਾਜਾ ਰਾਣਾ । ਹਰਿ ਵਰਤਾਏ ਆਪਣਾ ਭਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਵਿਚ ਮਾਤ ਲਿਖਾਣਾ । ਸੱਤਰ ਲੱਖ ਪਠਾਣ ਚੜ੍ਹਾਏ । ਕੱਖ ਕੱਖ ਕੱਖ ਉਡਾਏ । ਵੱਖ ਵੱਖ ਵੱਖ ਕਰ ਵੱਖ ਬਹਾਏ । ਭੱਖ ਭੱਖ ਭੱਖ ਮਾਝਾ ਦੇਸ਼ ਹੋ ਜਾਏ । ਦਸ ਦਸ ਦਸ ਹਰਿ ਲੇਖ ਲਿਖਾਏ । ਕਿਸੇ ਨਾ ਚਲੇ ਕੋਈ ਵਸ, ਵਾਲੀ ਹਿੰਦ ਸੰਭਲ ਨਾ ਪਾਏ । ਸ਼ਬਦ ਬਾਣ ਹਰਿ ਸਾਚਾ ਲਾਏ ਕਸ, ਭਰਮ ਭੁਲੇਖਾ ਸਰਬ ਮਿਟਾਏ । ਗੁਰਮੁਖ ਸਾਚੇ ਪ੍ਰਭ ਲਏ ਰੱਖ, ਆਪ ਆਪਣੀ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਏ । ਮਾਝੇ ਦੇਸ ਹੋਏ ਖਵਾਰੀ । ਨਾ ਕੋਈ ਦੀਸੇ ਮਹੱਲ ਅਟਾਰੀ । ਭੱਜੇ ਫਿਰਨ ਨਰ ਨਾਰੀ । ਅੰਤਮ ਪਾਸਾ ਆਇਆ ਹਾਰੀ । ਜੀਵ ਜੰਤ ਕਿਆ ਕਰੇ ਵਿਚਾਰੀ । ਸ਼ਬਦ ਮਾਰ ਪ੍ਰਭ ਸਾਚੇ ਮਾਰੀ । ਆਪਣਾ ਮੂਲ ਗਏ ਹਾਰੀ । ਸ਼ਬਦ ਤਰਸੂਲ ਕਰੇ ਖਵਾਰੀ । ਬੇਮੁੱਖ ਨਾ ਭੂਲ ਸਾਚਾ ਦਰ ਸੱਚਾ ਦਰਬਾਰੀ । ਅੰਤਮ ਕਲਜੁਗ ਤੁੱਟ ਗਏ ਫੂਲ ਗੁਰਮੁਖਾਂ ਮਿਲਿਆ ਪ੍ਰਭ ਸਾਚਾ ਕੰਤ ਕੰਤੂਹਲ ਜਿਉਂ ਅਰਜਨ ਕ੍ਰਿਸ਼ਨ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪੇ ਪਾਵੇ ਸਾਰੀ । ਗੁਰ ਗੋਬਿੰਦ ਇਹ ਲੇਖ ਲਿਖਾਇਆ । ਆਪਣਾ ਬਾਣਾ ਆਪੇ ਪਾਇਆ । ਸੋਹੰ ਰਾਣਾ ਸ਼ਬਦ ਬਣਾਇਆ । ਵਡ ਵਡ ਦੇਵੀ ਦੇਵ ਕਰੋੜ ਤੇਤੀਸ ਸਰਨ ਬਹਾਇਆ । ਕਿਆ ਕੋਈ ਜਾਣੇ ਪ੍ਰਭ ਸਾਚੇ ਦਾ ਭੇਵ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਆਪਣਾ ਭੇਵ ਖੁਲ੍ਹਾਇਆ । ਅੰਮ੍ਰਿਤ ਮੇਘ ਹਰਿ ਵਰਸਾਇੰਦਾ ।

ਆਤਮ ਤ੍ਰਿਖਾ ਸਭ ਮਿਟਾਇੰਦਾ । ਦਸਵੀਂ ਦਿਸ਼ਾ ਆਪ ਖੁਲ੍ਹਾਇੰਦਾ । ਰਸ ਰਸ ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜਿੰਦਾ ਆਪ ਤੁੜਾਇੰਦਾ । ਅੰਮ੍ਰਿਤ ਸਾਚਾ ਮੁਖ ਚਵਾਇਆ । ਕਾਇਆ ਦੁੱਖ ਸਰਬ ਮਿਟਾਇਆ । ਏਕਾ ਬਖ਼ਸ਼ੇ ਆਤਮ ਸੁੱਖ, ਸੋਹੰ ਦਾਨ ਪ੍ਰਭ ਝੋਲੀ ਪਾਇਆ । ਦਿਵਸ ਰੈਣ ਰੈਣ ਦਿਵਸ ਸਦ ਸੁੱਖਣਾ ਸੁੱਖ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਇਆ । ਕਲਜੁਗ ਮਿਟਾਏ ਦੁਪਹਿਰ ਕਹਿਰ ਗੁਰਮੁਖਾਂ ਆਤਮ ਸ਼ਾਂਤ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠ ਇਕਾਂਤ ਖੇਲ ਰਚਾਇਆ । ਇਕ ਇਕਾਂਤੀ ਬੂੰਦ ਸਵਾਂਤੀ । ਗੁਰਮੁਖਾਂ ਮੁਖ ਚਵਾਂਤੀ । ਆਪ ਬੰਧਾਏ ਚਰਨ ਨਾਤੀ । ਦੇਵੇ ਦਰਸ ਘਰ ਸੁਤਿਆਂ ਰਾਤੀ । ਗੁਰਮੁਖ ਸਾਚੇ ਅੰਦਰ ਵੇਖ ਮਾਰ ਝਾਤੀ । ਜੋਤ ਸਰੂਪ ਹਰਿ ਬੈਠਾ ਰਹੇ ਇਕਾਂਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਕਰਾਏ ਪ੍ਰਗਟ ਜੋਤ ਕਲਜੁਗ ਵਿਚ ਲੋਕਮਾਤੀ । ਅੰਮ੍ਰਿਤ ਬਰਖੇ ਕਿਰਪਾ ਨਿਧ । ਦਰ ਆਇਆਂ ਕੀਨੇ ਕਾਰਜ ਸਿੱਧ । ਸੋਹੰ ਸ਼ਬਦ ਤੀਰ ਚਲਾਇਆ, ਮਨ ਤਨ ਆਤਮ ਜਾਏ ਵਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੇ ਮਿਲਣ ਦੀ ਬਿਧ । ਆਪ ਬਣਾਏ ਆਪਣੀ ਬਿਧ । ਚਰਨ ਰਖਾਏ ਸਰਬ ਰਿਧ ਸਿੱਧ । ਗੁਰਮੁਖ ਉਪਜਾਏ ਘਰ ਨੌਂ ਨਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਕਾਰਜ ਕੀਨੇ ਸਿੱਧ । ਦਰ ਸਾਚਾ ਘਰ ਸਾਚਾ ਵਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਸਾਚਾ, ਨਾਮ ਸਾਚਾ ਰਾਮ ਸਾਚਾ ਸ਼ਾਮ ਸਾਚਾ ਕਾਮ ਸਾਚਾ ਧਾਮ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਸਾਚਾ । ਸਚ ਰਾਜ ਸਚ ਤਾਜ ਸਚ ਕਾਜ, ਸਚ ਗੁਰਮੁਖ ਸਾਚੇ ਚਰਨ ਬਹਾਏ, ਬੇਮੁਖ ਆਤਮ ਭਏ ਭਾਜ । ਸੋਹੰ ਸਾਚਾ ਨਾਮ ਜਪਾਏ, ਦਰਗਹਿ ਸਾਚਾ ਦਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਪ ਸਵਾਰੇ ਆਪਣੇ ਕਾਜ । ਗੁਣ ਅਵਗੁਣ ਹਰਿ ਜਾਣਦਾ । ਬੇਮੁਖਾਂ ਸਦਾ ਪਛਾਣਦਾ । ਆਪਣਾ ਖੇਲ ਆਪੇ ਜਾਣੇ ਨਾ ਜੀਵ ਕਿਸੇ ਵਖਾਣਦਾ । ਜਿਸ ਚਲਾਏ ਆਪਣੇ ਭਾਣੇ, ਸੋ ਰੰਗ ਹਰਿ ਸਾਚਾ ਮਾਣਦਾ । ਜਿਸ ਜਨ ਦੇਵੇ ਹਰਿ ਚਰਨ ਧਿਆਨੇ, ਰਸਨਾ ਹਰਿ ਹਰਿ ਉਚਾਰਦਾ । ਜਿਸ ਜਨ ਆਤਮ ਜੋਤ ਜਗਾਏ ਮਹਾਨੇ, ਭਾਂਡਾ ਭਰਮ ਭਰ ਬ੍ਰਹਮ ਗਿਆਨ ਦਾ । ਸੋ ਜਨ ਹੋਏ ਸੁਘੜ ਸਿਆਣੇ, ਜਿਸ ਆਪਣੀ ਸਰਨ ਲਗਾਵੰਦਾ । ਜੋਤ ਸਰੂਪੀ ਜੋਤ ਹਰਿ, ਵਿਚ ਬੈਠਾ ਲੇਖ ਲਿਖਾਵੰਦਾ । ਲੇਖਾ ਲਿਖੇ ਕਰਮ ਵਿਚਾਰੇ । ਸਚ ਧਰਮ ਦੀ ਕਰੇ ਜਨ ਕਾਰੇ । ਹਰਿ ਹਰਿ ਨਾਮ ਸ਼ਬਦ ਰਸਨ ਉਚਾਰੇ । ਪ੍ਰਭ ਅਬਿਨਾਸ਼ੀ ਪਕੜੇ ਬਾਹੋਂ, ਅੰਤਮ ਅੰਤ ਪਾਰ ਉਤਾਰੇ । ਆਪ ਬਹਾਏ ਸਾਚੇ ਥਾਓ, ਜਿਥੇ ਵਸੇ ਹਰਿ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਰਮੁਖਾਂ ਸਦ ਲੇਖ ਲਿਖਾਰੇ । ਗੁਰਮੁਖਾਂ ਹਰਿ ਲੇਖ ਲਿਖਾਇਆ । ਜੁਗੋ ਜੁਗ ਵੇਖ ਵੇਖ ਹਰਿ ਆਪਣੀ ਸਰਨ ਲਗਾਇਆ । ਆਵੇ ਜਾਵੇ ਧਾਰ ਭੇਖ, ਗੁਰਮੁਖਾਂ ਭੇਵ ਖੁਲ੍ਹਾਇਆ । ਆਪ ਲਿਖਾਏ ਸਾਚੇ ਲੇਖ, ਸਚ ਸ਼ਬਦ ਹਰਿ ਦਾਤ ਦਵਾਇਆ । ਬੇਮੁੱਖ ਰਹੇ ਵੇਖਾ ਵੇਖ, ਪ੍ਰਭ ਅਬਿਨਾਸ਼ੀ ਸਾਰ ਨਾ ਪਾਇਆ । ਗੁਰਮੁਖਾਂ ਆਤਮ ਲਗਾਏ ਸ਼ਬਦ ਮੇਖ, ਬਜ਼ਰ ਕਪਾਟੀ ਚੀਰ ਚਿਰਾਇਆ । ਹਰਿਜਨ ਜਨ ਹਰਿ ਨੇਤਰ ਪੇਖ, ਔਖੀ ਘਾਟੀ ਆਪ ਚੜ੍ਹਾਇਆ । ਨਾ ਕੋਈ ਜਾਣੇ ਪੀਰ ਪੈਗੰਬਰ ਸ਼ੇਖ਼, ਗੁਰਮੁਖ ਸਾਚਾ ਕਿਸ ਧਾਮ ਬਹਾਇਆ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਜਨ ਭਗਤਾਂ ਮਾਣ ਦਵਾਇਆ । ਆਪ ਚੁਕਾਏ ਜਮ ਕਾ

ਡਰ, ਆਪ ਆਪਣੀ ਗੋਦ ਉਠਾਇਆ । ਗੁਰਮੁਖ ਸਾਚਾ ਨਾ ਜਾਏ ਮਰ, ਅੰਤਮ ਜੋਤੀ ਜੋਤ ਮਿਲਾਇਆ । ਪ੍ਰਭ ਅਬਿਨਾਸ਼ੀ ਸਾਚਾ ਦਰ, ਸਦ ਰਹੇ ਖੁਲ੍ਹਿਆ, ਆਪਣੇ ਚਰਨ ਲਏ ਬਹਾਇਆ । ਸਾਚਾ ਘਰ ਏਕਾ ਜੋਤੀ ਰਹੇ ਰੁਸ਼ਨਾਇਆ । ਆਪੇ ਦੇਵੇ ਸਾਚਾ ਦਰਸ, ਜਿਸ ਜਨ ਸਰਨ ਲਗਾਇਆ । ਆਤਮ ਭੰਡਾਰੇ ਦੇਵੇ ਭਰ, ਅੰਮ੍ਰਿਤ ਝਿਰਨਾ ਆਪ ਝਿਰਾਇਆ । ਬੇਮੁਖ ਜੀਵ ਕੀ ਰਿਹਾ ਕਰ, ਆਪ ਆਪਣਾ ਨਾ ਕਿਸੇ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਰਮੁਖ ਚੜ੍ਹਾਏ ਸਾਚੀ ਨਈਆ । ਗੁਰਸਿਖਾਂ ਦੱਸੇ ਸਾਚਾ ਰਾਹ । ਬੇਮੁੱਖਾਂ ਨਾ ਦੀਸੇ ਕੋਈ ਰਾਹ । ਗੁਰਮੁਖਾਂ ਪਕੜੇ ਪ੍ਰਭ ਸਾਚਾ ਬਾਂਹ । ਬੇਮੁਖਾਂ ਦਰਗਹਿ ਸਾਚੀ ਨਾ ਕੋਈ ਮਿਲੇ ਥਾਂ । ਗੁਰਸਿਖਾਂ ਜਪਾਵੇ ਆਪਣਾ ਸਾਚਾ ਨਾਂ । ਬੇਮੁਖ ਭਵਾਏ ਜਿਉਂ ਸੁੰਞੇ ਘਰ ਕਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਦੂਸਰ ਕੋਈ ਨਾ । ਬੇਮੁਖ ਜੀਵ ਸਦ ਵਿਚਾਰਨਾ । ਹਉਮੇ ਹੰਗਤਾ ਰੋਗ ਨਿਵਾਰਨਾ । ਮਾਇਆ ਮਮਤਾ ਵਿਚ ਨਾ ਜਨਮ ਗਵਾਵਣਾ । ਬਿਨ ਹਰਿ ਸਾਚੇ ਕਿਸੇ ਨਾ ਪਾਰ ਲੰਘਾਵਣਾ । ਜੋ ਜਨ ਹੋਏ ਆਤਮ ਹੰਕਾਰੀ ਦੁਰਾਚਾਰੀ ਪ੍ਰਭ ਸਾਚੇ ਦਰ ਦੁਰਕਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਾਰ ਉਤਾਰਨਾ । ਸਚ ਸ਼ਬਦ ਹਰਿ ਦੇਵੇ ਦਾਨ । ਜੋ ਜਨ ਰੱਖੇ ਚਰਨ ਧਿਆਨ । ਦੇਵੇ ਜੋਤ ਅਲੱਖਣਾ ਅਲੱਖ ਕਿਰਪਾ ਕਰੇ ਆਪ ਭਗਵਾਨ । ਸਚ ਵਸਤ ਕਿਸੇ ਹਰਿ ਦੇਵੇ, ਗੁਰਮੁਖ ਵਿਰਲੇ ਪ੍ਰਭ ਦਰ ਪਾਇਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸੋਹੰ ਦੇਵੇ ਸਾਚਾ ਦਾਨ । ਸਚ ਸ਼ਬਦ ਹਰਿ ਦੇਵੇ ਦਾਨ । ਦਰ ਘਰ ਆਏ ਹੋਏ ਪ੍ਰਵਾਨ । ਸਾਚੇ ਲੇਖ ਹਰਿ ਆਪ ਲਿਖਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਪ ਚੜ੍ਹਾਏ ਸ਼ਬਦ ਬਬਾਣ । ਸੋਹੰ ਦੇਵੇ ਸ਼ਬਦ ਬਬਾਣਾ । ਗੁਰਮੁਖ ਸਦ ਰਸਨਾ ਗਾਣਾ । ਉਜਲ ਮੁਖ ਜਗਤ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਰਗ ਪਾਣਾ । ਸਚ ਰਾਹ ਪ੍ਰਭ ਜਾਏ ਦੱਸ । ਆਤਮ ਅੰਧੇਰ ਮਿਟਾਏ ਜਿਉਂ ਚੰਦ ਮਸ । ਦਿਵਸ ਰੈਣ ਸਦ ਰਸਨਾ ਗਾਏ, ਪ੍ਰਭ ਅਬਿਨਾਸ਼ੀ ਹੋਏ ਵਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੋਦ ਬਿਠਾਏ ਹੱਸ । ਰੱਖੇ ਵਾਸ ਹੋਵੇ ਦਾਸ ਪ੍ਰਭ ਪੁਰਖ ਅਬਿਨਾਸ਼ । ਜੋ ਜਨ ਗਾਏ ਸੋਹੰ ਸਵਾਸ । ਅੰਤਮ ਅੰਤ ਪ੍ਰਭ ਸਾਚਾ ਕਰੇ ਬੰਦ ਖਲਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸ । ਜਨਮ ਮਾਨਸ ਹੋਇਆ ਰਾਸਾ । ਮਿਲਿਆ ਹਰਿ ਪੁਰਖ ਅਬਿਨਾਸ਼ਾ । ਜੋ ਜਨ ਹੋਵੇ ਦਾਸਨ ਦਾਸਾ । ਦੇਵੇ ਦਰਸ ਹਰਿ ਸਰਬ ਘਟ ਵਾਸਾ । ਅਗਿਆਨ ਅੰਧੇਰ ਆਤਮ ਦਰ ਤੋਂ ਨਾਸਾ । ਸੰਞ ਸਵੇਰ ਇਕ ਸਾਚੀ ਜੋਤ ਕਰਾਏ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਦ ਰੱਖੇ ਵਾਸਾ ।

### ❊ ੨੬ ਜੇਠ ੨੦੧੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਗੁਰ ਗੋਬਿੰਦ ਗੁਰ ਗਹਿਰ ਗੰਭੀਰਾ । ਗੁਰ ਗੋਬਿੰਦ ਆਤਮ ਸ਼ਾਂਤ ਕਰੇ ਸਰੀਰਾ । ਗੁਰ ਗੋਬਿੰਦ ਗੁਰਮੁਖਾਂ ਦੇਵੇ ਸ਼ਬਦ ਧੀਰਾ । ਗੁਰ ਗੋਬਿੰਦ ਅੰਮ੍ਰਿਤ ਆਤਮ ਦੇਵੇ ਸਾਚਾ ਨੀਰਾ । ਗੁਰ ਗੋਬਿੰਦ ਹਉਮੇ ਕੱਟੇ ਵਿਚੋਂ ਪੀੜਾ । ਗੁਰ ਗੋਬਿੰਦ ਕਰ ਦਰਸ ਹੋਏ ਸਚ ਨਬੇੜਾ । ਗੁਰ ਗੋਬਿੰਦ ਸੋਹੰ ਸ਼ਬਦ ਵਿਚ ਮਾਤ ਉਠਾਇਆ ਸਾਚਾ ਬੀੜਾ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਤੋੜੇ ਹੱਡੀ ਰੀੜਾ ।

ਗੁਰ ਗੋਬਿੰਦ ਗਹਿਰ ਗੁਰ ਸਾਗਰ । ਗੁਰ ਗੋਬਿੰਦ ਗੁਰਮੁਖਾਂ ਕਰਮ ਕਰਾਏ ਨਿਰਮਲ ਉਜਾਗਰ । ਗੁਰ ਗੋਬਿੰਦ ਅੰਮ੍ਰਿਤ ਆਤਮ ਟਿਕਾਏ ਝੂਠੀ ਗਾਗਰ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਏ ਗੁਰਮੁਖ ਸਾਚੇ ਆਪ ਕਰਾਏ ਨਾਮ ਰਤਨਾਗਰ । ਗੁਰ ਗੋਬਿੰਦ ਗੁਰ ਕਰਮ ਵਿਚਾਰਿਆ । ਗੁਰ ਗੋਬਿੰਦ ਕਲ ਜਾਮਾ ਵਿਚ ਮਾਤ ਦੇ ਧਾਰਿਆ । ਗੁਰ ਗੋਬਿੰਦ ਗੁਰਮੁਖਾਂ ਮੇਲ ਘਰ ਸਚ ਮਿਲਾ ਰਿਹਾ । ਗੁਰ ਗੋਬਿੰਦ ਬੇਮੁਖਾਂ ਕਲਜੁਗ ਅੰਤਮ ਅੰਤ ਭੁਲਾ ਰਿਹਾ । ਗੁਰ ਗੋਬਿੰਦ ਗੁਰਮੁਖ ਸਾਚੇ ਸੰਤ ਸੋਏ ਆਪ ਜਗਾ ਰਿਹਾ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖ ਰੋਗ ਸੋਗ ਸਰਬ ਮਿਟਾ ਰਿਹਾ । ਗੁਰ ਗੋਬਿੰਦ ਸਾਚੀ ਕਾਰ । ਗੁਰ ਗੋਬਿੰਦ ਸਾਚੀ ਧਾਰ । ਗੁਰ ਗੋਬਿੰਦ ਜੋਤ ਸਰੂਪੀ ਲੋਕ ਤਿੰਨ ਅਕਾਰ । ਗੁਰ ਗੋਬਿੰਦ ਵਡ ਸ਼ਾਹੋ ਭੂਪਨ ਭੂਪੀ ਆਦਿ ਜੁਗਾਦਿ ਸ਼ਬਦ ਅਧਾਰ । ਗੁਰ ਗੋਬਿੰਦ ਬਿਨ ਰੰਗ ਰੂਪੀ, ਗੁਰਮੁਖ ਸਾਚੇ ਵਿਚ ਰਿਹਾ ਪਸਾਰ । ਗੁਰ ਗੋਬਿੰਦ ਸ੍ਰਿਸ਼ਟ ਸਬਾਈ ਕਰੇ ਅੰਧ ਕੂਪੀ, ਗੁਰਮੁਖ ਸਾਚੇ ਦੇਵੇ ਤਾਰ । ਗੁਰ ਗੋਬਿੰਦ ਸਤਿ ਸਤਿ ਸਰੂਪੀ, ਏਕਾ ਜੋਤ ਹਰਿ ਨਿਰੰਕਾਰ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਪਾਵੇ ਸਾਰ । ਗੁਰ ਗੋਬਿੰਦ ਗੁਣਾਂ ਗੁਣਵੰਤ । ਗੁਰ ਗੋਬਿੰਦ ਦਰਸ ਦਰ ਪਾਇਣ ਵਿਚ ਮਾਤ ਪੂਰਨ ਸੰਤ । ਗੁਰ ਗੋਬਿੰਦ ਨੇਤਰ ਪੇਖ ਹਰਸ ਮਿਟਾਇਣ ਮੇਲ ਮਿਲਾਵਾ ਸਾਚਾ ਕੰਤ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸਰਬ ਜੀਵ ਜੰਤ । ਗੁਰ ਗੋਬਿੰਦ ਜੀਆਂ ਗੁਰ ਦਾਤਾ । ਗੁਰ ਗੋਬਿੰਦ ਸਰਬ ਘਟ ਘਟ ਹੋਏ ਗਿਆਤਾ । ਗੁਰ ਗੋਬਿੰਦ ਖਟ ਖਟਾ ਰੰਗ ਰੰਗਾਤਾ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਤਾ । ਗੁਰ ਗੋਬਿੰਦ ਸਹਿਜ ਧੁਨ ਪਾਇਨ । ਗੁਰ ਗੋਬਿੰਦ ਗੁਰਮੁਖ ਵਿਰਲੇ ਦਰਸ ਪਾਇਨ । ਗੁਰ ਗੋਬਿੰਦ ਘਰ ਦਰ ਹਰਿ ਸਾਚੇ ਲੇਖ ਲਿਖਾਇਨ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲੇਖੇ ਆਪੇ ਲਾਇਨ । ਗੁਰ ਗੋਬਿੰਦ ਲੇਖ ਲਿਖਾਰੇ । ਗੁਰ ਗੋਬਿੰਦ ਭੇਖ ਧਾਰੇ । ਗੁਰ ਗੋਬਿੰਦ ਵੇਖ ਵੇਖ ਵੇਖ ਭੁੱਲੇ ਸੰਸਾਰੇ । ਗੁਰ ਗੋਬਿੰਦ ਲੇਖ ਲੇਖ ਗੁਰਮੁਖਾਂ ਲੇਖ ਲਿਖਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਧਾਰੇ । ਗੁਰ ਗੋਬਿੰਦ ਜਗਤ ਪਿਤ ਮਾਤ । ਗੁਰ ਗੋਬਿੰਦ ਬਖ਼ਸ਼ੇ ਸੋਹੰ ਦੇਵੇ ਸਾਚੀ ਦਾਤ । ਗੁਰ ਗੋਬਿੰਦ ਬਖ਼ਸ਼ੇ ਏਕਾ ਚਰਨ ਪ੍ਰੀਤੀ ਸਾਚਾ ਨਾਤ । ਗੁਰ ਗੋਬਿੰਦ ਗੁਰਸਿਖ ਪੜ੍ਹਾਏ ਇਕ ਜਮਾਤ । ਗੁਰ ਗੋਬਿੰਦ ਆਤਮ ਸਾਚੀ ਜੋਤ ਜਗਾਏ, ਮਿਟਾਏ ਅੰਧੇਰੀ ਰਾਤ । ਗੁਰ ਗੋਬਿੰਦ ਜਨ ਦਰਸ਼ਨ ਪਾਏ, ਅੰਦਰ ਵੇਖ ਮਾਰ ਝਾਤ । ਗੁਰ ਗੋਬਿੰਦ ਏਕਾ ਏਕ ਰਹਿ ਜਾਏ, ਜੋਤ ਸਰੂਪੀ ਸਦਾ ਇਕਾਂਤ । ਗੁਰ ਗੋਬਿੰਦ ਜੋ ਦਰ ਮੰਗਣ ਆਏ, ਸਚ ਸ਼ਬਦ ਦੇਵੇ ਵਡ ਕਰਾਮਾਤ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਬਖ਼ਸ਼ੇ ਸਾਚੀ ਦਾਤ ।

### ❊ ੨੮ ਜੇਠ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਹਰਿ ਭਗਤ ਹਰਿ ਰੰਗ ਜਾਣ । ਆਪਣਾ ਆਪ ਕਲ ਜੀਵ ਪਛਾਣ । ਝੂਠੀ ਮਾਇਆ ਵਿਚ ਨਾ ਭੁੱਲ ਨਿਧਾਨ । ਵੇਲੇ ਅੰਤਮ ਅੰਤ ਕਰ ਪ੍ਰਭ ਸਾਚਾ ਤੋੜੇ ਸਰਬ ਅਭਿਮਾਨ । ਗੁਰਮੁਖ ਸਾਚੇ ਸੰਤ ਜਨ ਪ੍ਰਭ ਬਖ਼ਸ਼ੇ ਚਰਨ ਧਿਆਨ । ਮੇਲ ਮਿਲਾਵਾ ਸਾਚੇ ਕੰਤ, ਆਤਮ ਜੋਤ ਧਰੇ ਭਗਵਾਨ ।

ਬੇਮੁੱਖਾਂ ਮਾਇਆ ਪਾਏ ਬੇਅੰਤ, ਦਰ ਦਰ ਫਿਰਨ ਧੱਕੇ ਖਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਵਿਚ ਮਾਤ ਕਲਜੁਗ ਆਣ । ਮਾਤਲੋਕ ਆ ਜਾਮਾ ਧਾਰਿਆ । ਬੇਮੁਖ ਜੀਵ ਸਰਬ ਮਿਟਾ ਰਿਹਾ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਆਪਣੀ ਸੇਵਾ ਲਾ ਰਿਹਾ । ਦੇਵੇ ਵਡਿਆਈ ਵਿਚ ਦੇਵੀ ਦੇਵਾ, ਸਾਚਾ ਨਾਮ ਝੋਲੀ ਪਾ ਰਿਹਾ । ਪ੍ਰਭ ਅਬਿਨਾਸ਼ੀ ਅਲਖ ਅਭੇਵਾ, ਸਚ ਸ਼ਬਦ ਲਿਖਾ ਰਿਹਾ । ਅੰਮ੍ਰਿਤ ਆਤਮ ਦੇਵੇ ਸੋਹੰ ਸਾਚਾ ਮੇਵਾ ਆਤਮ ਸਾਚੀ ਚੋਗ ਚੁਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਕਾਗ ਹੰਸ ਬਣਾ ਰਿਹਾ । ਗੁਰਮੁਖ ਬਣਾਏ ਕਾਗ ਹੰਸ । ਆਪ ਬਣਾਏ ਆਪਣਾ ਬੰਸ । ਦੇਵੇ ਵਡਿਆਈ ਵਿਚ ਸਹੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਬਣਾਏ ਏਕਾ ਬੰਸ । ਚਾਰ ਵਰਨ ਏਕ ਅਕਾਰਾ । ਚਾਰ ਵਰਨ ਇਕ ਕਰਤਾਰਾ । ਚਾਰ ਵਰਨ ਏਕਾ ਸ਼ਬਦ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਕਰੇ ਇਕ ਭੰਡਾਰਾ । ਚਾਰ ਵਰਨ ਏਕਾ ਗੋਤੀ । ਚਾਰ ਵਰਨ ਏਕਾ ਜੋਤੀ । ਚਾਰ ਵਰਨ ਪ੍ਰਭ ਆਪ ਬਣਾਏ ਗੁਰਮੁਖ ਸੁੱਚੇ ਮੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਗੁਰਮੁਖਾਂ ਮੈਲ ਆਤਮ ਧੋਤੀ । ਆਤਮ ਮੈਲ ਗੁਰਮੁਖਾਂ ਧੋਏ । ਸੋਹੰ ਬੀਜ ਸਾਚਾ ਬੋਏ । ਇਕ ਸ਼ਰਾਇਤ ਸਤਿਗੁਰ ਸਾਚਾ ਗੁਰਮੁਖ ਹਿਰਦੇ ਲਏ ਪਰੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਂ ਜੁਗੰਤ ਗੁਰਮੁਖ ਸਾਚੇ ਸੋਹੰ ਧਾਗੇ ਲਏ ਪਰੋਏ । ਸਾਚਾ ਨਾਮ ਰਿਦੇ ਵਸਾਵਣਾ । ਪੂਰਨ ਕਾਮ ਹਰਿ ਆਪ ਕਰਾਵਣਾ । ਸਾਚਾ ਜਾਮ ਸ਼ਬਦ ਪਿਲਾਵਣਾ । ਘਨਈਆ ਸ਼ਾਮ ਦਰਸ ਦਿਖਾਵਣਾ । ਗੁਰ ਸਾਚੇ ਦਿਵਸ ਰੈਣ ਰੈਣ ਦਿਵਸ ਏਕਾ ਰੰਗ ਰੰਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਪੂਰਨ ਇਛਿਆ ਆਪ ਕਰਾਏ । ਪੂਰਨ ਇਛਿਆ ਹੋਏ ਗੁਰਸਿਖ । ਪ੍ਰਭ ਦਰ ਮੰਗੇ ਸਾਚੀ ਭਿਖ । ਸਾਚੇ ਲੇਖ ਪ੍ਰਭ ਦੇਵੇ ਲਿਖ । ਦੇਵੇ ਵਡਿਆਈ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚ ਮੁਨ ਰਿਖ । ਰਿਖ ਮੁਨ ਮੁਨ ਰਿਖ ਹੋਏ ਗੁਰਮੁਖ । ਜੂਠੇ ਝੂਠੇ ਹੋਏ ਬੇਮੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸਾਚੀ ਸਿਖਿਆ ਲੈਣ ਸਿੱਖ । ਕਲਜੁਗ ਝੂਠਾ ਜਗਤ ਵਿਹਾਰਾ । ਦਰ ਘਰ ਸਾਚੇ ਵੇਖ ਲੇਖ ਲਿਖਾਰਾ । ਕਲਜੁਗ ਭਾਂਡੇ ਕੱਚੇ ਅੰਤਕਾਲ ਕਲ ਭੰਨੇ ਸਾਚਾ ਮਾਰੇ ਸ਼ਬਦ ਕਟਾਰਾ । ਬੇਮੁਖ ਦਰ ਤੇ ਆਏ ਨਾਚੇ, ਪ੍ਰਭ ਅਬਿਨਾਸ਼ੀ ਭੇਵ ਅਪਾਰਾ । ਗੁਰਮੁਖ ਵਿਰਲਾ ਆਪੇ ਢਾਲੇ ਸਾਚੇ ਢਾਂਚੇ, ਸੋਹੰ ਦੇਵੇ ਨਾਮ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਰ ਅਵਤਾਰਾ । ਨਰਾਇਣ ਨਰਿਆ, ਦਰ ਘਰ ਸਾਚੇ ਵਰਿਆ । ਮਾਨਸ ਜਨਮ ਕਲ ਸੁਫਲ ਕਰਿਆ । ਗੁਰਮੁਖ ਸਾਚਾ ਨਾ ਜਨਮੇ ਨਾ ਕਦੇ ਮਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਲਾਗ ਭਵ ਜਲ ਤਰਿਆ । ਸਰਨ ਲਾਗ ਸੱਚੀ ਸਰਨਾਇਆ । ਵੇਲਾ ਅੰਤਮ ਕਲਜੁਗ ਆਇਆ । ਪ੍ਰਭ ਅਬਿਨਾਸ਼ੀ ਸਾਚਾ ਕੰਤ ਕਿਉਂ ਮਨੋਂ ਭੁਲਾਇਆ । ਸਰਬ ਘਟ ਸਰਬ ਜੀਵ ਜੰਤ ਬੇਮੁਖ ਹੋਏ ਕਿਉਂ ਮੁਖ ਭਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਬੇਮੁਖ ਹੋਏ ਨਾ ਜਾਣਾ ਭੁੱਲ । ਕਲਜੁਗ ਮਾਇਆ ਵਿਚ ਨਾ ਜਾਣਾ ਰੁੱਲ । ਮਾਨਸ ਜਨਮ ਫੇਰ ਨਾ ਆਵਣਾ ਵਡ ਅਨਮੁਲ । ਝੂਠੇ ਬੰਦੇ ਕਲਜੁਗ ਜੀਵ ਅੰਤ ਜਾਣ ਤੁਲ । ਸੋਹੰ ਸ਼ਬਦ ਪ੍ਰਭ ਸਾਚਾ ਵੰਡੇ, ਸਾਚਾ ਦਰ ਨਾ ਜਾਣਾ ਭੁੱਲ । ਜੋਤ ਜਗਾਈ ਵਿਚ ਵਰਭੰਡੇ, ਗੁਰਸਿਖ ਉਪਜਾਏ ਕਵਲ ਫੁੱਲ । ਬੇਮੁਖਾਂ ਆਤਮ ਹੋਈ ਰੰਡੇ,

ਅੰਮ੍ਰਿਤ ਆਤਮ ਗਿਆ ਡੁੱਲ । ਗੁਰਮੁਖਾਂ ਪ੍ਰਭ ਤੁੱਟੀ ਗੰਢੇ, ਸਚ ਦਵਾਰਾ ਵਿਚ ਮਾਤ ਗਿਆ ਖੁਲ੍ਹ । ਸੋਹੰ ਸ਼ਬਦ ਵਡ ਵਡ ਪ੍ਰਚੰਡੇ, ਕੋਇ ਨਾ ਉਸਦੇ ਤੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਉਧਾਰੇ ਜੋ ਦਰ ਆਇਣ ਭੁੱਲ । ਗੁਰਸਿਖਾ ਦੇਵੇ ਗੁਰ ਚਰਨ ਧਿਆਨ । ਗੁਰਸਿਖਾ ਦੇਵੇ ਗੁਰ ਸੋਹੰ ਸਾਚਾ ਦਾਨ । ਗੁਰਸਿਖਾਂ ਦੇਵੇ ਗੁਰ ਸਾਚਾ ਆਤਮ ਬ੍ਰਹਮ ਗਿਆਨ । ਗੁਰਸਿਖਾਂ ਦੇਵੇ ਗੁਰ ਸਾਚਾ ਆਤਮ ਜੋਤੀ ਸ਼ਕਤ ਮਹਾਨ । ਗੁਰਸਿਖਾ ਦੇਵੇ ਗੁਰ ਸਾਚਾ ਸਾਚਾ ਸ਼ਬਦ ਮਾਤ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਗੁਰਸਿਖਾਂ ਦੇਵੇ ਨਾਉਂ ਨਿਰੰਕਾਰਾ । ਕਰੇ ਖੇਲ ਅਪਰ ਅਪਾਰਾ । ਕਰਮ ਧਰਮ ਜਰਮ ਕਲ ਵਿਚਾਰਾ । ਭਰਮ ਸ਼ਰਮ ਪ੍ਰਭ ਆਤਮ ਸਰਬ ਨਿਵਾਰਾ । ਏਕਾ ਵਰਮ ਸੋਹੰ ਸ਼ਬਦ ਤੀਰ ਪ੍ਰਭ ਮਾਰਾ । ਪੂਰਨ ਬ੍ਰਹਮ ਸਾਚੀ ਜੋਤ ਸ਼ਬਦ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਗੰਮ ਅਪਾਰਾ । ਸ਼ਬਦ ਬਾਣ ਹਰਿ ਆਪ ਚਲਾਇਆ । ਆਣ ਬਾਣ ਪਰਦਾ ਲਾਹਿਆ । ਸਚ ਨਿਸ਼ਾਨ ਸ਼ਬਦ ਝੁਲਾਇਆ । ਜੋਤ ਮਹਾਨ ਵਿਚ ਦੇਹ ਟਿਕਾਇਆ । ਗੁਣ ਨਿਧਾਨ ਹਰਿ ਦਇਆ ਕਮਾਇਆ । ਚਤੁਰ ਸੁਜਾਨ ਗੁਰਸਿਖ ਬਣਾਇਆ । ਬਲੀ ਬਲਵਾਨ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਰਸਿਖਾਂ ਜੋਤੀ ਮੇਲ ਮਿਲਾਇਆ । ਆਤਮ ਜੋਤ ਹੋਏ ਚਮਤਕਾਰਾ । ਸੋਹੰ ਸ਼ਬਦ ਸੱਚੀ ਧੁਨਕਾਰਾ । ਗੁਰਮੁਖ ਵੇਖੇ ਕਰ ਵਿਚਾਰਾ । ਰੁਣ ਝੁਣ ਝੁਣ ਰੁਣ ਦਿਵਸ ਰੈਣ ਏਕਾ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਸਚ ਸਚ ਸਚ ਵਰਤਾਰਾ । ਏਕਾ ਜੋਤ ਆਤਮ ਪ੍ਰਕਾਸ਼ੇ । ਅਗਿਆਨ ਅੰਧੇਰ ਸਰਬ ਵਿਨਾਸੇ । ਗੁਰਸਿਖ ਮਾਨਸ ਜਨਮ ਹੋਏ ਰਾਸੇ ।



ਪ੍ਰਭ ਅਬਿਨਾਸ਼ੀ ਤੇਰਾ ਹੋਏ ਦਾਸੇ । ਦਿਵਸ ਰੈਣ ਰੈਣ ਦਿਵਸ ਤੇਰੇ ਆਤਮ ਰੱਖੇ ਵਾਸੇ । ਗੁਰਸਿਖਾਂ ਤੀਜਾ ਨੈਣ, ਸੋਹੰ ਸ਼ਬਦ ਚਲਾਏ ਸਵਾਸ ਸਵਾਸੇ । ਗੁਰਮੁਖ ਸਾਚੇ ਪ੍ਰਭ ਦਰ ਸਾਚਾ ਲਹਿਣਾ ਲੈਣ, ਪ੍ਰਭ ਸਾਚਾ ਕਰੇ ਬੰਦ ਖੁਲਾਸੇ । ਆਤਮ ਪਹਿਨਾਏ ਸਾਚਾ ਗਹਿਣ, ਸੋਹੰ ਦੇਵੇ ਸਚ ਧਰਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰਾਏ ਕਾਰਜ ਰਾਸੇ । ਗੁਰਸਿਖ ਤੇਰੀ ਪੂਰਨ ਕਾਜ । ਸੋਹੰ ਸ਼ਬਦ ਤੇਰੀ ਆਤਮ ਲਗਾਏ ਸਾਚੀ ਆਵਾਜ਼ । ਸਚ ਸ਼ਬਦ ਧੁਰਦਰਗਾਹੀ ਦੇਵੇ ਸਾਚਾ ਤਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਰੱਖੇ ਲਾਜ । ਸ਼ਬਦ ਆਵਾਜ਼ ਹਰਿ ਆਪ ਲਗਾਏ । ਸੋਹੰ ਤਾਗਾ ਹਰਿ ਤਨ ਪਹਿਨਾਏ । ਅਨਹਦ ਸਾਚਾ ਰਾਗ ਗੁਰਸਿਖ ਉਪਜਾਏ । ਆਪਣੇ ਹੱਥ ਤੇਰੀ ਪਕੜੇ ਵਾਗ, ਵੇਲੇ ਅੰਤ ਘਰ ਸਚ ਬਹਾਏ । ਆਪੇ ਧੋਏ ਤੇਰੇ ਪਾਪਾਂ ਦਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਨਾਹੀ ਕੋਇ । ਪਾਪਾਂ ਦਾਗ ਆਪੇ ਧੋਇਆ । ਗੁਰਸਿਖ ਉਠਾਇਆ ਕਲਜੁਗ ਸੋਇਆ । ਸੋਹੰ ਬੀਜ ਆਤਮ ਸਾਚਾ ਬੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ ਦੂਸਰ ਨਾਹੇ ਕੋਇਆ । ਆਤਮ ਬੀਜ ਸ਼ਬਦ ਬਿਜਈਆ । ਆਪ ਚੜ੍ਹਾਏ ਸਾਚੀ ਨਈਆ । ਸਤਿਜੁਗ ਸਾਚੀ ਨੀਂਹ ਰਖਈਆ । ਕਲਜੁਗ ਕੱਚੀ ਜੜ੍ਹ ਪੁਟਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਿਚ ਮਾਤ ਕਰਈਆ । ਅਚਰਜ ਖੇਲ ਕਰੇ ਕਰਤਾਰਾ । ਗੁਰਮੁਖਾਂ ਮੇਲ ਆਤਮ ਦੀਪ ਕਰੇ ਉਜਿਆਰਾ । ਬੇਮੁਖਾਂ ਬੇੜਾ ਜਾਏ ਠੇਲ, ਨਾ ਦੀਸੇ ਕੋਈ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਕਰੇ ਵਰਤਾਰਾ । ਆਪਣਾ ਆਪ ਕਰੇ ਵਰਤਾਰ । ਕਲਜੁਗ ਅੰਤਮ ਆਏ ਹਾਰ । ਵੇਲੇ ਅੰਤ ਹੋਏ ਖਵਾਰ । ਘਰ ਘਰ ਫਿਰਨ

ਸਰਬ ਭਿਖਾਰ । ਸ਼ਬਦ ਸਰੂਪੀ ਪ੍ਰਭ ਮਾਰੇ ਮਾਰ । ਚਾਰ ਕੁੰਟ ਹੋਏ ਹਾਹਾਕਾਰ । ਗੁਰਮੁਖ ਸਾਚੇ ਦਰ ਘਰ ਸਾਚੇ ਸੋਹੰ ਸ਼ਬਦ ਕਰਾਏ ਜੈ ਜੈਕਾਰ । ਪ੍ਰਭ ਅਬਿਨਾਸ਼ੀ ਜੋ ਜਨ ਵਾਚੇ, ਦੇਵੇ ਦਰਸ ਅਗੰਮ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਹੁਲਾਰ । ਜੋਤ ਸਰੂਪੀ ਜੋਤ ਹੁਲਾਰਾ । ਤੀਨ ਲੋਕ ਇਕ ਪਸਾਰਾ । ਖੰਡ ਬ੍ਰਹਿਮੰਡ ਏਕਾ ਰੰਗ ਰੰਗੇ ਕਰਤਾਰਾ । ਵਿਚ ਮਾਤ ਸੱਚਖੰਡ ਨਿਹਕਲੰਕ ਤੇਰੇ ਚਰਨ ਦਵਾਰਾ । ਬੇਮੁਖਾਂ ਪ੍ਰਭ ਦੇਵੇ ਡੰਨ, ਸੋਹੰ ਸ਼ਬਦ ਉਠਾਏ ਖੰਡਾ ਦੋ ਧਾਰਾ । ਕਲਜੁਗ ਅੰਤਮ ਆਈ ਕੰਡ, ਨਾ ਦਿਸੇ ਪਾਸਾ ਹਾਰਾ । ਸ੍ਰਿਸ਼ਟ ਸਬਾਈ ਹੋਈ ਰੰਡ, ਨਾ ਕੋਈ ਦੀਸੇ ਸਚ ਭਤਾਰਾ । ਝੂਠੀ ਪੌਂਦੇ ਡੰਡ, ਪ੍ਰਭ ਅਬਿਨਾਸ਼ੀ ਖੇਲ ਅਪਾਰਾ । ਚਾਰ ਵਰਨ ਪ੍ਰਭ ਦੇਵੇ ਏਕਾ ਗੰਢ, ਸੋਹੰ ਸ਼ਬਦ ਧੀਰਜ ਧਾਰਾ । ਸ਼ਬਦ ਸਰੂਪੀ ਆਤਮ ਪਾਵੇ ਠੰਡ, ਅੰਮ੍ਰਿਤ ਚਲੇ ਸਚ ਫੁਹਾਰਾ । ਏਕਾ ਨਾਮ ਪ੍ਰਭ ਸ੍ਰਿਸ਼ਟ ਸਬਾਈ ਜਾਏ ਵੰਡ, ਏਕਾ ਦੀਸੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰਾ । ਇਕ ਦਵਾਰ ਜਗਤ ਦਿਸਾਨਾ । ਵੇਖ ਵੇਖ ਗੁਰਸਿਖ ਜਗਾਨਾ । ਅੰਮ੍ਰਿਤ ਸਾਚਾ ਨਾਮ ਪਿਆਨਾ । ਪੂਰਨ ਕਾਮ ਆਪ ਕਰਾਨਾ । ਕੋਟਨ ਭਾਨ ਨਾਮ ਜੋਤ ਜਗਾਨਾ । ਦਿਵਸ ਰੈਣ ਰੈਣ ਦਿਵਸ ਅਨਹਦ ਸ਼ਬਦ ਧੁੰਨ ਉਪਜਾਵਨਾ । ਗੁਰਮੁਖ ਸਾਚੇ ਮਿਟਾ ਹਰਸ ਆਪਨੀ ਸਰਨ ਲਗਾਵਣਾ । ਪ੍ਰਭ ਅਬਿਨਾਸ਼ੀ ਵਿਚ ਮਾਤ ਆਪਣਾ ਕਰਮ ਕਮਾਵਣਾ । ਬੇਮੁਖ ਜੀਵ ਚੁਣ ਅੰਤਮ ਅੰਤ ਨਸ਼ਟ ਕਰਾਵਣਾ । ਨਿਹਕਲੰਕ ਕਵਣ ਜਾਣੇ ਤੇਰੇ ਗੁਣ, ਜੋਤ ਸਰੂਪੀ ਜਾਮਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲਾਵਣਾ । ਆਪ ਆਪਣਾ ਭੇਵ ਖੁਲ੍ਹਾਇਆ । ਸਤਿਜੁਗ ਸਾਚਾ ਰਾਹ ਚਲਾਇਆ । ਸੋਹੰ ਸਾਚਾ ਵਿਚ ਮਾਤ ਧਰਾਇਆ । ਹਿਰਦੇ ਵਾਚਾ ਹਰਿ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਇਆ । ਦਇਆ ਧਾਰੇ ਦਰਸ ਗੁਰਦੇਵ । ਅਪਰ ਅਪਾਰ ਕਰੇ ਗੁਰਦੇਵ । ਭਗਤ ਉਧਾਰੇ ਸੋਹੰ ਦੇਵੇ ਸਾਚਾ ਮੇਵ । ਜੋ ਜਨ ਆਏ ਚਰਨ ਦਵਾਰੇ, ਦੇਵੇ ਵਡਿਆਈ ਵਿਚ ਦੇਵੀ ਦੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਰਥਾ ਜਾਏ ਨਾ ਕਲਜੁਗ ਤੇਰੀ ਸੇਵ । ਸੇਵਕ ਸੇਵਾ ਪੂਰਨ ਘਾਲ । ਚਰਨ ਪ੍ਰੀਤੀ ਨਿਭੇ ਨਾਲ । ਆਤਮ ਅਤੀਤੀ ਸਵਾਸ ਸੁਖਾਲ । ਮਾਨਸ ਜਨਮ ਜਾਓ ਜਗ ਜੀਤੀ, ਸਾਚਾ ਸ਼ਬਦ ਦੇਵੇ ਧਨ ਮਾਲ । ਬਖ਼ਸ਼ੇ ਭੁੱਲ ਜੋ ਪਿਛਲੀ ਕੀਤੀ, ਅਗਲਾ ਵਕਤ ਲੈਣਾ ਸੰਭਾਲ । ਪ੍ਰਭ ਅਬਿਨਾਸ਼ੀ ਪਰਖੇ ਨੀਤੀ, ਗਲੋਂ ਕੱਟੇ ਜਗਤ ਜੰਜਾਲ । ਕਰ ਦਰਸ ਹੋਏ ਕਾਇਆ ਸੀਤਲ ਸੀਤੀ, ਸਚ ਵਸਤ ਰੱਖਣੀ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭੇ ਨਾਲ । ਚਰਨ ਪ੍ਰੀਤੀ ਨਿਭੇ ਤੋੜ । ਗੁਰਸਿਖ ਨਾ ਹੋਏ ਕਦੇ ਅਜੋੜ । ਗੁਰ ਪੂਰਾ ਵਡ ਸੂਰਾ ਜੋਤੀ ਨੂਰਾ ਨਾ ਹੋਏ ਕਦੇ ਅਮੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚੇ ਦੀ ਸਾਚੀ ਲੋੜ । ਪ੍ਰਭ ਸਾਚਾ ਪੂਰਨ ਭਗਵੰਤ । ਦੇਵੇ ਵਡਿਆਈ ਗੁਰਮੁਖ ਸਾਚੇ ਸੰਤ । ਆਪ ਬਣਾਏ ਗੁਰਸਿਖਾਂ ਬਣਾਏ ਸਾਚੀ ਬਣਤ । ਭੇਵ ਨਾ ਪਾਏ ਕੋਈ ਜੀਵ ਜੰਤ । ਪ੍ਰਭ ਦੀ ਮਹਿੰਮ ਬੜੀ ਬੇਅੰਤ । ਧੰਨ ਧੰਨ ਧੰਨ ਗੁਰਸਿਖ ਜਿਸ ਮਿਲਿਆ ਹਰਿ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਿਹਵਾ ਦੇਵੇ ਸਾਚਾ ਮੰਤ । ਜਿਹਵਾ ਮੰਤ ਸਚ ਗੁਣ ਗਾਓ । ਪ੍ਰਭ ਅਬਿਨਾਸ਼ੀ ਰਿਦੇ ਵਸਾਓ । ਸਰਬ ਘਟ ਵਾਸੀ ਨਿਤ ਦਰਸ਼ਨ ਪਾਓ । ਕਰੇ ਬੰਦ ਖਲਾਸ ਜਨਮ ਫੰਦ ਕਟਾਓ । ਕਲਜੁਗ ਨਾ ਲੇਣ ਮਦਿਰਾ ਮਾਸੀ, ਵੇਲੇ ਅੰਤ ਫੇਰ ਪਛਤਾਵਣਾ । ਸੋਹੰ ਜਪਣਾ ਸਵਾਸ ਸਵਾਸੀ, ਪ੍ਰਭ ਅਬਿਨਾਸ਼ੀ ਦਰਸ਼ਨ

ਪਾਵਣਾ । ਆਪ ਕਟਾਏ ਲੱਖ ਚੁਰਾਸੀ, ਜਨਮ ਮਰਨ ਵਿਚ ਫੇਰ ਨਾ ਆਵਣਾ । ਕਿਰਪਾ ਕਰੇ ਘਨਕਪੁਰ ਵਾਸੀ, ਹਰਨ ਫਰਨ ਆਪ ਖੁਲ੍ਹਾਵਣਾ । ਜੋ ਜਨ ਹੋਏ ਦਾਸਨ ਦਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਗਾਵਣਾ । ਸਦ ਸਦ ਰਸਨਾ ਗਾਵਣਾ । ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਆਤਮ ਸਾਚਾ ਦੀਪ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਭੁੱਲਿਆਂ ਸਤਿਜੁਗ ਮਾਰਗ ਲਾਵਣਾ । ਗੁਰਮਤ ਗੁਰ ਦਰ ਤੇ ਪਾਈਏ । ਆਤਮ ਸਾਚਾ ਤਤ ਰਖਾਈਏ । ਸੋਹੰ ਸਾਚੇ ਵੱਤ ਬੀਜ ਬਿਜਾਈਏ । ਪ੍ਰਭ ਅਬਿਨਾਸ਼ੀ ਰੱਖੇ ਪੱਤ, ਦਿਵਸ ਰੈਣ ਸਦ ਰਸਨਾ ਗਾਈਏ । ਆਪੇ ਦੇ ਸਮਝਾਵੇ ਮੱਤ, ਗੁਰ ਦਰ ਆਏ ਚਰਨ ਸੀਸ ਝੁਕਾਈਏ । ਗੁਰਮਤ ਗੁਰ ਆਪ ਦਿਸਾਏ । ਸਾਚੇ ਮਾਰਗ ਹਰਿ ਆਪ ਲਗਾਏ । ਸਾਰੰਗ ਧਰ ਭਗਵਾਨ ਬੀਠਲਾ, ਏਕਾ ਏਕ ਆਪ ਅਖਵਾਏ । ਕਲਜੁਗ ਜੀਵ ਕੌੜਾ ਰੀਠਲਾ, ਅੰਤਮ ਅੰਤ ਕਲ ਭੰਨ ਵਖਾਏ । ਸੋਹੰ ਸ਼ਬਦ ਵਿਚ ਮਾਤ ਧਰਾਏ ਮੀਠਲਾ, ਗੁਰਮੁਖ ਵਿਰਲਾ ਰਸਨਾ ਗਾਏ । ਪ੍ਰਭ ਅਬਿਨਾਸ਼ੀ ਸਾਚਾ ਡੀਠਲਾ, ਕਰ ਦਰਸ ਹਰਸ ਮਿਟ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਮਜੀਠਲਾ, ਗੁਰਸਿਖ ਤੇਰੀ ਆਤਮ ਦਏ ਚੜ੍ਹਾਏ । ਆਤਮ ਰੰਗ ਸਚ ਰੰਗਾਉਣਾ । ਪ੍ਰਭ ਅਬਿਨਾਸ਼ੀ ਸਾਚਾ ਸੰਗ ਵਿਚ ਨਿਭਾਉਣਾ । ਪ੍ਰਭ ਦਰ ਮੰਗੇ ਸਾਚੀ ਮੰਗ, ਸੋਹੰ ਸ਼ਬਦ ਪ੍ਰਭ ਝੋਲੀ ਪਾਉਣਾ । ਕਲਜੁਗ ਜੀਵ ਅੰਤਮ ਜਾਣਾ ਭੱਜ ਜਿਉਂ ਕਾਚੀ ਵੰਗ, ਭੈਣ ਭਾਈ ਨਾ ਕਿਸੇ ਛੁਡਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ, ਦਰਗਹਿ ਸਾਚੀ ਮਾਣ ਦਵਾਉਣ । ਸਾਚੀ ਦਰਗਹਿ ਦੇਵੇ ਮਾਣ । ਜਨ ਭਗਤਾਂ ਕਰੇ ਕਲ ਪਛਾਣ । ਸੋਹੰ ਦੇਵੇ ਸ਼ਬਦ ਬਬਾਣ । ਆਪ ਚੜ੍ਹਾਏ ਵਾਲੀ ਦੋ ਜਹਾਨ । ਗੁਰਮੁਖ ਬਹਾਏ ਏਕਾ ਏਕ ਅਸਥਾਨ । ਜਿਥੇ ਵਸੇ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਏਕਾ ਰੰਗ ਰੰਗਾਨ । ਪ੍ਰਭ ਅਬਿਨਾਸ਼ੀ ਸਦਾ ਸਦਾ ਬਖ਼ਸ਼ਿੰਦ । ਗੁਰਮੁਖਾਂ ਉਪਜਾਏ ਆਤਮ ਪਰਮਾਨੰਦ । ਜੋ ਜਨ ਰਸਨਾ ਗਾਇਣ ਵਿਚ ਬੱਤੀ ਦੰਦ । ਪ੍ਰਭ ਅਬਿਨਾਸ਼ੀ ਸਾਚਾ ਪਾਇਣ, ਰਸਨ ਤਜਾਇਣ ਮਦਿਰਾ ਮਾਸ ਗੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਟਾਏ ਜਮ ਕਾ ਫੰਦ । ਜਮ ਕਾ ਫੰਦ ਹਰਿ ਦੇਵੇ ਕੱਟ । ਸੋਹੰ ਸ਼ਬਦ ਖੁਲ੍ਹਾਇਆ ਵਿਚ ਮਾਤ ਸਾਚਾ ਹੱਟ । ਗੁਰਮੁਖ ਸਾਚੇ ਘਰ ਸਾਚੇ ਲਾਹਾ ਲੈਣ ਖੱਟ । ਬੇਮੁਖ ਜੀਵ ਵਹਿੰਦੇ ਕਰੇ ਖੇਲ ਜੁਗੋ ਜੁਗ ਜਿਉਂ ਬਾਜ਼ੀਗਰ ਨੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇ ਘਟ ਘਟ । ਸਰਬ ਘਟਾ ਘਟ ਘਟ ਪਸਾਰਾ । ਲੱਖ ਚੁਰਾਸੀ ਜੋਤ ਅਕਾਰਾ । ਜੋਤ ਸਰੂਪੀ ਇਕ ਪਸਾਰਾ । ਵੇਖੇ ਵਿਗਸੇ ਸ੍ਰਿਸ਼ਟ ਸਬਾਈ ਇਕ ਦਾਤਾਰਾ । ਤੀਨ ਲੋਕ ਏਕਾ ਏਕ ਅਗੰਮ ਅਪਾਰਾ । ਸਚ ਸ਼ਬਦ ਵਿਚ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਬਣੇ ਵਰਤਾਰਾ । ਸ਼ਬਦ ਭੰਡਾਰਾ ਆਪ ਵਰਤੰਤ । ਕਿਰਪਾ ਕਰ ਹਰਿ ਭਗਵੰਤ । ਗੁਰਮੁਖਾਂ ਗੁਰਸਿਖਾਂ ਦੇਵੇ ਸਾਚਾ ਮੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਚੜ੍ਹਾਏ ਰੰਗਤ । ਅੰਮ੍ਰਿਤ ਬੂੰਦ ਅਪਾਰ ਹੈ । ਗੁਰਮੁਖਾਂ ਦੇਵੇ ਤਾਰ ਹੈ । ਦੁੱਖ ਰੋਗ ਦੇਵੇ ਨਿਵਾਰ ਹੈ । ਜੋ ਜਨ ਆਏ ਸਚ ਦਰਬਾਰ ਹੈ । ਹਉਮੇ ਮੈਲ ਦੇਵੇ ਉਤਾਰ ਹੈ । ਪ੍ਰਭ ਅਬਿਨਾਸ਼ੀ ਪਾਏ ਸਾਰ ਹੈ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰ ਹੈ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ ਹੈ । ਗੁਰਮੁਖ ਸੋਹੰ ਸ਼ਬਦ ਅਧਾਰ ਹੈ । ਰਸਨਾ ਜਪ ਜਪ ਜਪ ਆਤਮ ਬੇੜਾ ਪਾਰ ਹੈ । ਆਪ ਉਤਾਰੇ ਤੀਨੋਂ ਤਪ, ਹਉਮੇ ਰੋਗ ਨਿਵਾਰ ਹੈ । ਦਰ ਆਇਆਂ

ਉਤਾਰੇ ਪਿਛਲੇ ਪਪ, ਸਾਚਾ ਦੇਵੇ ਸ਼ਬਦ ਖੁਮਾਰ ਹੈ । ਦਿਵਸ ਰੈਣ ਸਦ ਰਸਨਾ ਜਪ, ਨਾ ਹੋਵੇ ਜਗਤ ਖੁਆਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਗੰਮ ਅਪਾਰ ਹੈ । ਅੰਮ੍ਰਿਤ ਬੂੰਦ ਮੁਖ ਚਵਾਓ । ਤਨ ਕਲੇਸ਼ ਸਰਬ ਗਵਾਓ । ਇਕ ਦਰਵੇਸ਼ ਘਰ ਸਾਚੇ ਬਣ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਆਤਮ ਤ੍ਰਿਪਤਾਓ । ਅੰਮ੍ਰਿਤ ਬੂੰਦ ਗੁਰ ਦਰ ਸੁਹਾਵਣੀ । ਗੁਰਮੁਖਾਂ ਮੁਖ ਪ੍ਰਭ ਆਪ ਚੁਆਵਣੀ । ਉਜਲ ਮੁਖ ਮਾਤ ਕੁੱਖ ਸੁਫਲ ਕਰਾਵਣੀ । ਏਕਾ ਉਪਜੇ ਸਾਚਾ ਸੁਖ ਦਰ ਆਇਆਂ ਪ੍ਰਭ ਪੂਰ ਕਰੇ ਭਾਵਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਪਣੀ ਜਾਮਨੀ । ਗੁਰਸਿਖਾਂ ਕਰੇ ਆਪ ਜਾਮਨ । ਪੂਰ ਕਰਾਏ ਸਾਚੇ ਕਾਮਨ । ਅੰਮ੍ਰਿਤ ਮੇਘ ਆਪ ਬਰਸਾਏ ਜਿਉਂ ਬਰਸੇ ਸਾਵਣ । ਆਤਮ ਸਾਚੀ ਜੋਤ ਜਗਾਏ ਜਿਉਂ ਚਮਕੇ ਦਾਮਨ । ਬੇਮੁਖ ਪ੍ਰਭ ਆਪ ਖਪਾਏ ਜਿਉਂ ਰਾਮਾ ਰਾਵਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੋਤ ਪ੍ਰਗਟਾਈ ਭੇਖ ਧਾਰਿਆ ਜਿਉਂ ਰੂਪ ਬਾਵਨ । ਅੰਮ੍ਰਿਤ ਆਤਮ ਗੁਰਸਿਖ ਲਾਗੇ । ਕਲਜੁਗ ਭਾਗ ਤੇਰੇ ਜਾਗੇ । ਆਤਮ ਧੋਏ ਦਾਗੇ । ਹੰਸ ਬਣਾਏ ਗੁਰ ਪੂਰਾ ਕਾਗੇ । ਜੋ ਜਨ ਸਰਨੀ ਪ੍ਰਭ ਸਾਚੇ ਦੀ ਲਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਦੇ ਸੋਏ ਦਿਵਸ ਰੈਣ ਸਦ ਜਾਗੇ । ਨਾ ਕੋਈ ਮੋਇਆ ਨਾ ਕਦੇ ਸੋਇਆ । ਗੁਰਮੁਖ ਤੇਰੇ ਦਰ ਖਲੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਚੁਕਾਇਆ ਏਕਾ ਦੋਇਆ । ਏਕਾ ਦੂਆ ਜਾਏ ਚੁੱਕ । ਪਿਛਲਾ ਲੇਖਾ ਜਾਏ ਮੁੱਕ । ਅੱਗੇ ਦੀ ਸੁੱਖਣਾ ਸੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੇਟ ਮਿਟਾਏ ਤੇਰੇ ਕਾਇਆ ਲੱਗੇ ਦੁੱਖ । ਕਾਇਆ ਦੁੱਖ ਅਗਨ ਡੰਨ । ਦਿਵਸ ਰੈਣ ਨਾ ਬੱਝੇ ਮਨ । ਸ਼ਬਦ ਸਰੂਪੀ ਸਾਚਾ ਦੇਵੇ ਡੰਨ । ਸੋਹੰ ਸ਼ਬਦ ਸੁਣਾਏ ਕੰਨ । ਗੁਰਮੁਖ ਆਤਮ ਜਾਏ ਮਨ । ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ । ਅੰਤਮ ਕਲਜੁਗ ਆਪ ਉਠਾਏ ਗੁਰਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁੱਖੋਂ ਕਹੇ ਧੰਨ ਧੰਨ । ਧੰਨ ਧੰਨ ਧੰਨ ਗੁਰ ਦਾਤਾ । ਸਰਬ ਜੀਆਂ ਕਾ ਆਪੇ ਗਿਆਤਾ । ਸੋਹੰ ਸ਼ਬਦ ਦੇਵੇ ਵਡ ਕਰਾਮਾਤਾ । ਗੁਰਸਿਖ ਪੜ੍ਹਾਏ ਇਕ ਜਮਾਤਾ । ਚਰਨ ਪ੍ਰੀਤੀ ਬਖ਼ਸ਼ੇ ਆਪੇ ਬਣੇ ਗੁਰਸਿਖ ਤੇਰਾ ਪਿਤ ਮਾਤਾ । ਆਦਿ ਅੰਤ ਸਾਧ ਸੰਤ ਪ੍ਰਭ ਸਾਚਾ ਭੈਣ ਭਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ । ਸਰਬ ਜੀਆਂ ਇਕ ਦਾਤਾਰ । ਗੁਰਮੁਖਾਂ ਦੇਵੇ ਨਾਮ ਅਧਾਰ । ਮਾਨਸ ਜਨਮ ਦੇਵੇ ਸੁਧਾਰ । ਗੁਰਮੁਖ ਨਾ ਡੁੱਬੇ ਵਿਚ ਮੰਝਧਾਰ । ਬਾਹੋਂ ਫੜ ਗੁਰ ਜਾਏ ਤਾਰ । ਆਪ ਬਿਠਾਏ ਸਾਚੇ ਦਰ ਦਰਬਾਰ । ਸਾਚਾ ਦਰ ਧੁਰ ਦਰਗਹਿ । ਜਿਥੇ ਵਸੇ ਬੇਪ੍ਰਵਾਹ । ਪ੍ਰਭ ਦੀ ਮਹਿੰਮਾ ਅਗੰਮ ਅਥਾਹ । ਜੋਤੀ ਜੋਤ ਸਰੂਪ ਹਰਿ, ਦੂਸਰ ਕੋਇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਹਾਏ ਸਾਚੇ ਥਾਂ । ਸਾਚਾ ਧਾਮ ਇਕ ਇਕੱਲੜਾ । ਜੋਤ ਸਰੂਪੀ ਖੇਲ ਅਵੱਲੜਾ । ਗੁਰਸਿਖਾਂ ਕਰਾਏ ਭਾਰਾ ਪਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਛਤਰ ਸੀਸ ਗੁਰਸਿਖਾਂ ਝੁਲੜਾ । ਗੁਰ ਪੂਰਾ ਭੋਗ ਲਗਾਵੰਦਾ । ਗੁਰਮੁਖਾਂ ਚੋਗ ਚੁਗਾਵੰਦਾ । ਆਤਮ ਤ੍ਰਿਖਾ ਸਰਬ ਮਿਟਾਵੰਦਾ । ਬੇਮੁਖਾਂ ਦਰ ਦੁਰਕਾਵੰਦਾ । ਗੁਰਮੁਖਾਂ ਚਰਨ ਲਗਾਵੰਦਾ । ਸੋਹੰ ਸਾਚਾ ਨਾਮ ਜਪਾਵੰਦਾ । ਵਾਲੀ ਦੋ ਜਹਾਨ ਆਪ ਅਖਵਾਵੰਦਾ । ਕਲਜੁਗ ਅੰਤਮ ਅੰਤ ਨਸ਼ਟ ਕਰਾਵੰਤਾ । ਸਚ ਸਚ ਸਚ ਵਸਤ ਹਰਿ ਵਿਚ ਮਾਤ ਧਰਾਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪ ਕਰਾਵੰਦਾ । ਸਾਚਾ ਕਰਮ ਆਪ

ਕਰਾਵਣਾ । ਸੋਹੰ ਸਾਚਾ ਨਾਮ ਜਪਾਵਣਾ । ਚਾਰ ਵਰਨ ਇਕ ਥਾਂ ਬਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਵਣਾ । ਰੂਪ ਅਗੰਮ ਅਨੂਪ ਕਿਆ ਕੋਈ ਪਾਵੇ ਸਾਰ ਹੈ । ਵਡ ਸ਼ਾਹੋ ਵਡ ਭੂਪੀ ਆਤਮ ਨੀਤੀ ਰਿਹਾ ਵਿਚਾਰ ਹੈ । ਜੋ ਜਨ ਪਏ ਔਜੜ ਰਾਹੇ, ਕਾਇਆ ਬੀਤੀ ਦਏ ਉਚਾਰ ਹੈ । ਭਰਮ ਭੁਲੇਖੇ ਸਾਰੇ ਲਾਹੇ, ਹਰਿ ਹਰਿ ਰੰਗ ਰੰਗ ਕਈ ਹਜ਼ਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਸਦ ਲਿਖਾਰ ਹੈ । ਬਿਰਧ ਬਾਲ ਜਵਾਨਾਂ । ਪੂਰਨ ਕਰੇ ਸਰਬ ਪਛਾਣਾ । ਸ਼ਬਦ ਛੱਡੇ ਤੀਰ ਕਮਾਨਾ । ਅੰਦਰ ਵੜੇ ਵਾਲੀ ਦੋ ਜਹਾਨਾਂ । ਝੂਠਾ ਭੇਖ ਜੇ ਕੋਈ ਕਰੇ, ਆਪ ਪਰਖੇ ਵਲ ਛਲ ਛਲ ਵਲ ਕਲ ਕਮਾਨਾ । ਪੁੱਤਰ ਧੀਆਂ ਸਰਬ ਜੀਆਂ ਆਪੇ ਕਰੇ ਆਪਣਾ ਹੀਆ, ਕਰੇ ਖੇਲ ਬਹੁ ਬਿਧਨਾਨਾ । ਦੁਖੀ ਪਾਪੀ ਹੋਇਆ ਜੀਆ, ਆਤਮ ਤ੍ਰਿਸ਼ਨਾ ਅਗਨ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹੁ ਬਿਧ ਆਪੇ ਕਰੇ ਪਛਾਨਾ । ਸਰਬ ਜੀਵ ਹਰਿ ਸਾਚਾ ਵਸਿਆ । ਆਤਮ ਦੀਪ ਕੋਟ ਰਵ ਸਸਿਆ । ਕਿਉਂ ਭੁੱਲਾ ਜੀਵ ਹੋਇਆ ਅੰਧਿਆਰ ਜਿਉਂ ਚੰਨ ਮਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਵਕਤ ਪਛਾਣਾ, ਖੇਲ ਖਿਲਾਣਾ, ਆਪਣਾ ਭੇਵ ਕਿਸੇ ਦੇਵੀ ਦੇਵ ਨਾ ਦਸਿਆ । ਰਾਤੀ ਰੁੱਤੀ ਰਾਤੜੀ ਰਾਤ, ਕਾਇਆ ਸੁੱਤੜੀ ਪ੍ਰਭ ਜਗਾਤ । ਕਿਆ ਕੋਈ ਕਰੇ ਆਪ ਪੁੱਤੜੀ, ਕਿਆ ਕੋਈ ਮਾਰੇ ਲਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜਾਣੇ ਸਰਬ ਵਖਾਣੇ ਆਪੇ ਵੇਖੇ ਮਾਰ ਝਾਤ । ਕਾਮ ਕਰੋਧੀ ਲੋਭੀ ਹੰਕਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਸਰਬ ਜੀਆਂ ਵਿਚ ਹਰਿ ਪਸਾਰੀ । ਆਤਮ ਤੁੱਟੇ ਧੀਰ ਧੀਰਜ ਹਰਿ ਜਿਸ ਸਿਰ ਦੇਵੇ ਹੱਥ ਦੇਵੇ ਨਾਮ ਅਧਾਰੀ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਵਿਚ ਰਿਹਾ ਪਸਾਰੀ । ਆਤਮ ਧੀਰਜ ਜਾਏ ਟੁੱਟ । ਪ੍ਰਭ ਅਬਿਨਾਸ਼ੀ ਵੇਖੇ ਖੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਧਰ, ਆਪੇ ਕਰੇ ਉਲਟ ਪੁਲਟ । ਭੇਖ ਧਾਰੇ ਜੀਵ ਵਿਚਾਰੇ ਨਾ ਪਾਇਣ ਸਾਰੇ । ਆਤਮ ਜੀਆ ਆਪੇ ਧਾਰੇ । ਪੁੱਤਰ ਧੀਆਂ ਸੰਗ ਮਲਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਰੇ । ਅੰਗ ਅੰਗ ਵੇਖ ਸੰਗ । ਕਿਆ ਕਰੇ ਜੀਵ ਭੁਯੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਝੂਠੇ ਲੇਖੇ ਵੇਖਾ ਵੇਖੇ ਕਰੇ ਸਰਬ ਭੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਭਾਏ ਸਾਚਾ ਸੰਗ । ਅੰਧੇਰੀ ਰੈਣ ਝੂਠੇ ਵਹਿਣ । ਪ੍ਰਭ ਅਬਿਨਾਸ਼ੀ ਨਾ ਸਕੇ ਕਹਿਣ । ਸਰਬ ਘਟ ਵਾਸੀ ਲਹਿਣਾ ਦੇਣਾ ਸਰਬ ਚੁਕੈਣ । ਘਨਕਪੁਰ ਵਾਸੀ ਤੇਰੇ ਭਾਣੇ ਵਿਚ ਗੁਰਮੁਖ ਵਿਰਲੇ ਰਹਿਣ । ਜਿਸ ਜਨ ਆਤਮ ਹੋਏ ਉਦਾਸੀ, ਵੇਖੇ ਕਰ ਕਰ ਤਿਰਛੇ ਨੈਣ । ਕਰੇ ਕਰਾਏ ਜੋ ਮਨ ਭਾਸੀ, ਆਪਣੇ ਰੰਗ ਸਦ ਰਖੈਣ । ਆਪੇ ਪਰਖੇ ਆਤਮ ਨੀਤੀ, ਕਿਆ ਕੋਈ ਕਰੇ ਜੀਵ ਅਜੀਤੀ, ਸਰਬ ਕਲਾ ਸਮਰਥ ਸਰਬ ਘਟ ਜਾਣੇ ਜੋ ਜੋ ਰਹੇ ਬੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜੋਤ ਸਰੂਪ ਸਦਾ ਰਹੇ ਅਤੀਤੀ । ਆਤਮ ਭੁਲਿਆ ਜੀਵ ਰੁਲਿਆ ਝੂਠੇ ਧੰਦੇ ਲੁਝਿਆ । ਨਾ ਕੋਈ ਤੇਰਾ ਮੁਲਿਆ । ਕਾਇਆ ਝੂਠੀ ਆਤਮ ਭੁੱਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਦਾ ਸਦ ਏਕਾ ਰੰਗ ਅਤੁਲਿਆ । ਆਤਮ ਡੋਲੇ ਜੀਆ ਬੋਲੇ ਹਰਿ ਵੇਖੇ ਕੋਲੇ ਨਾ ਕੋਈ ਰੱਖੇ ਉਹਲੇ ਸਚ ਪਰਦਾ ਨਾ ਪੂਰਾ ਫੋਲੇ । ਝੂਠੀ ਕਾਇਆ ਤਨ ਮਨ ਡੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤੁਲਾਏ ਸਾਚੇ ਤੋਲੇ । ਮਨ ਮੂਰਖ ਜਿਸ ਜਾਏ ਡੁੱਲ । ਵਿਚ

ਮਾਤ ਹੋ ਜਾਏ ਵੱਡੀ ਭੁੱਲ । ਟਾਹਣੀਉਂ ਟੁੱਟਾ ਜਾਏ ਸਾਚਾ ਫੁੱਲ । ਪਾਣੀ ਪੈ ਜਾਏ ਕਾਇਆ ਚੁੱਲ੍ਹ । ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ ਕਿਆ ਕੋਈ ਸਮਝਾਵੇ ਕੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਸਦਾ ਅਭੁੱਲ । ਅੰਦਰ ਬਾਹਰ ਗੁਪਤ ਜ਼ਾਹਿਰ । ਵਡ ਦਾਤਾ ਵਡ ਸ਼ਾਇਰ । ਵਡ ਦਾਤਾ ਵਡ ਨਾਇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਕੜੇ ਪਛਾੜੇ ਝੂਠੇ ਕਾਇਰ । ਜੂਠੇ ਝੂਠੇ ਕਾਇਆ ਲੂਠੇ ਕਪਟੀ ਮੂਰੇ ਧੁਰ ਦਰਗਾਹੋਂ ਮੂਠੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕਰਮ ਨਾ ਦਰ ਕਮਾਇਣ । ਝੂਠੇ ਦਿਸਣ ਕਾਇਆ ਸਚ ਦਵਾਰ ਸਚ ਕਰ ਮੰਨਣਾ । ਆਤਮ ਧੀਰਜ ਸਭ ਨੇ ਬੰਨ੍ਹਣਾ । ਸਾਚੇ ਦਰ ਨਾ ਲਾਗੇ ਸੰਨ੍ਹਣਾ । ਭਾਣਾ ਪ੍ਰਭ ਦਾ ਸਚ ਕਰ ਮੰਨਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਪਹਿਨਾਏ ਸਾਚਾ ਕੰਗਣਾ । ਸੰਸਾ ਜਗਤ ਅੰਧੇਰ ਹੈ । ਅੰਧ ਅਗਿਆਨੀ ਫਿਰਦਾ ਚਾਰ ਚੁਫੇਰ ਹੈ । ਵਿਚ ਆਤਮ ਮਾਇਆ ਕੰਧ ਨਾ ਦੀਸੇ ਸੰਞ ਸਵੇਰ ਹੈ । ਆਤਮ ਵਜਾ ਜੰਦ ਗੁਰਮੁਖ ਸਾਚੇ ਸੰਤ ਜਨ ਪ੍ਰਭ ਚਰਨ ਲਗਾਏ ਘੇਰ ਹੈ । ਕਰੇ ਬੰਦ ਬੰਦ ਬੰਧਨ ਬੰਦੀ ਤੋੜ ਆਪ ਅਖਵਾਇੰਦਾ । ਗੁਰਸਿਖ ਚਰਨ ਪ੍ਰੀਤ, ਪ੍ਰਭ ਸਾਚਾ ਤੋੜ ਨਿਭਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਜਿਸ ਜਨ ਪੀਤੀ, ਕਵਲ ਨਾਭ ਖੁਲ੍ਹਾਇੰਦਾ । ਹਰਿ ਕਾਇਆ ਸੀਤਲ ਕੀਤੀ, ਅੰਮ੍ਰਿਤ ਆਤਮ ਮੇਘ ਬਰਸਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਸਾਚਾ ਮਾਣ ਦਵਾਇੰਦਾ । ਦਰਗਹਿ ਸਾਚੀ ਪਾਵੇ ਮਾਣ । ਏਕਾ ਰੱਖੇ ਚਰਨ ਧਿਆਨ । ਆਪ ਚੁਕਾਏ ਜਮ ਕੀ ਕਾਣ । ਸੋਹੰ ਦੇਵੇ ਸ਼ਬਦ ਬਬਾਣ । ਵੇਲੇ ਅੰਤ ਹੋਏ ਸਹਾਈ, ਕਿਰਪਾ ਕਰੇ ਮਹਾਨ । ਗੁਰਮੁਖ ਸਾਚੇ ਦੇ ਵਡਿਆਈ, ਅੰਤਮ ਜੋਤੀ ਮੇਲ ਮਿਲਾਨ । ਦਰ ਘਰ ਸਾਚੇ ਵੱਜੀ ਵਧਾਈ, ਦਰਗਹਿ ਸਾਚੀ ਹੋਵੇ ਪ੍ਰਵਾਨ । ਉਚ ਪਦਵੀ ਪ੍ਰਭ ਦਰ ਤੇ ਪਾਈ, ਕਰੇ ਦਰਸ ਦਿਵਸ ਰੈਣ ਜੋਤ ਸਰੂਪੀ ਵਿਸ਼ਨੂੰ ਭਗਵਾਨ । ਜੋਤ ਸਰੂਪੀ ਰੰਗ ਅਪਾਰਿਆ । ਬਿਨ ਰੰਗ ਰੂਪ ਸਰਬ ਅਕਾਰਿਆ । ਸਤਿ ਸਰੂਪ ਸਰਬ ਪਸਾਰਿਆ । ਮਹਿੰਮਾ ਅਨੂਪ ਨਾ ਕਿਸੇ ਵਿਚਾਰਿਆ । ਵਡ ਵਡ ਭੂਪ ਖੜੇ ਰਹਿਣ ਦਵਾਰਿਆ । ਸ੍ਰਿਸ਼ਟ ਸਬਾਈ ਹੋਏ ਅੰਧ ਕੂਪ, ਪ੍ਰਭ ਅਬਿਨਾਸ਼ੀ ਮਨੋਂ ਵਿਸਾਰਿਆ । ਬਿਨ ਰੰਗ ਰੂਪ ਜੋਤ ਸਰੂਪ ਗੁਰਮੁਖ ਸਾਚੇ ਵਿਚ ਸਮਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤ ਰਿਹਾ । ਜੋਤ ਸਰੂਪ ਹਰਿ ਵਰਤਾਰਾ । ਕਰੇ ਖੇਲ ਅਪਰ ਅਪਾਰਾ । ਮਿਲਾਏ ਮੇਲ ਜਨ ਭਗਤ ਚਰਨ ਦਵਾਰਾ । ਬਿਨ ਬਾਤੀ ਬਿਨ ਤੇਲ ਆਤਮ ਦੀਪ ਕਰੇ ਉਜਿਆਰਾ । ਬਣ ਸਾਚਾ ਸੱਜਣ ਸੁਹੇਲ, ਦਿਵਸ ਰੈਣ ਰਹੇ ਰਖਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਆਦਿ ਅੰਤ ਨਾ ਪਾਰਾਵਾਰਿਆ । ਸਾਧ ਸੰਤ ਨਾ ਕਿਸੇ ਵਿਚਾਰਿਆ । ਜੀਵ ਜੰਤ ਸਰਬ ਭੁਲਾ ਰਿਹਾ । ਮਾਇਆ ਪਾਏ ਜਗਤ ਬੇਅੰਤ, ਆਪਣਾ ਆਪ ਛੁਪਾ ਬਿਹਾ । ਗੁਰਸਿਖਾਂ ਬਣਾਏ ਸਾਚੀ ਬਣਤ, ਆਤਮ ਜੋਤੀ ਦੀਪ ਜਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕੰਤ ਘਰ ਸਾਚੇ ਮੇਲ ਮਿਲਾ ਰਿਹਾ ।



੨੪੫ ੦੩

❊ ੩੦ ਜੇਠ ੨੦੧੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਕਲਜੁਗ ਅੰਤ ਵਿਚਾਰਨਾ । ਮਿਲ ਹਰਿ ਸਾਚੇ ਕੰਤ, ਜਨਮ ਸਵਾਰਨਾ । ਜਿਸ ਬਣਾਈ ਜੀਵ ਤੇਰੀ ਬਣਤ, ਸੋ ਕਿਉਂ ਮਨੋਂ ਵਿਸਾਰਨਾ ।

ਦੇਵੇ ਵਡਿਆਈ ਵਿਚ ਜੀਵ ਜੰਤ, ਦਿਵਸ ਰੈਣ ਸਦ ਰਸਨ ਉਚਾਰਨਾ । ਪ੍ਰਭ ਦੀ ਮਹਿੰਮਾ ਬੜੀ ਅਗਣਤ, ਜੋਤ ਸਰੂਪੀ ਹਰਿ ਭੇਖੀ ਭੇਖ ਧਾਰਨਾ । ਕਲਜੁਗ ਮਾਇਆ ਪਾਏ ਬੇਅੰਤ, ਗੁਰਮੁਖ ਵਿਰਲੇ ਕਲ ਵਿਚਾਰਨਾ । ਆਪ ਬਣਾਏ ਸਾਚੇ ਸੰਤ, ਸੋਹੰ ਸ਼ਬਦ ਜਿਸ ਜਨ ਰਸਨ ਉਚਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰਨਾ । ਕਰ ਕਿਰਪਾ ਪਾਰ ਉਤਾਰੇ । ਜੋ ਜਨ ਆਏ ਚਰਨ ਦਵਾਰੇ । ਸਾਚਾ ਦੇਵੇ ਨਾਮ ਅਧਾਰੇ । ਸੋਹੰ ਸ਼ਬਦ ਸੱਚੀ ਧੁਨਕਾਰੇ । ਦਿਵਸ ਰੈਣ ਰੈਣ ਦਿਵਸ ਏਕਾ ਸ਼ਬਦ ਪਵਣ ਹੁਲਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਖੜਾ ਰਹੇ ਤੇਰੇ ਆਤਮ ਦਰ ਦਵਾਰੇ । ਦਰ ਹਰਿ ਖੁਲ੍ਹਾਇਆ । ਗੁਰਸਿਖ ਜਗਾਇਆ ਸੋਇਆ । ਭਾਗ ਲਗਾਇਆ ਸੋਹੰ ਬੀਜ ਆਤਮ ਬੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਦੂਸਰ ਨਾਹੀ ਕੋਇਆ । ਨਰਾਇਣ ਨਰ ਨਰ ਨਿਰੰਜਣਾ । ਗੁਰਸਿਖਾਂ ਹਰਿ ਪਾਇਆ ਆਦਿ ਜੁਗਾਦਿ ਵਡ ਵਡ ਦੁੱਖ ਭੰਜਨਾ । ਸੋਹੰ ਸਾਚਾ ਨਾਮ ਇਕ ਚੜ੍ਹਾਇਆ ਰੰਗਣਾ । ਚਰਨ ਧੂੜ ਦੇਵੇ ਸਾਚਾ ਮਜਨਾ । ਗੁਰਸਿਖ ਗੁਰ ਪੂਰਾ ਪਾਇਆ, ਪ੍ਰਭ ਅਬਿਨਾਸ਼ੀ ਸਾਚਾ ਸਾਕ ਸੈਣ ਸੱਜਣਾ । ਸਾਕ ਸੱਜਣ ਆਪ ਸੁਹੇਲਾ । ਗੁਰਮੁਖਾਂ ਆਪ ਮਿਲਾਇਆ ਸਾਚਾ ਮੇਲਾ । ਅੰਤਮ ਅੰਤ ਕਾਲ ਆ ਗਿਆ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਦੀਪਕ ਜੋਤ ਜਗਾ ਲਿਆ । ਬੇਮੁੱਖਾਂ ਕਰੇ ਵਕਤ ਦੁਹੇਲਾ, ਗੁਰਮੁਖ ਸੋਇਆ ਕਲ ਆਪ ਜਗਾ ਗਿਆ । ਜੋਤ ਸਰੂਪੀ ਸਦ ਵਸੇ ਅਕੇਲਾ, ਬਾਹੋਂ ਪਕੜ ਆਪਣੀ ਸਰਨ ਲਗਾ ਲਿਆ । ਆਪ ਸੁਹਾਇਆ ਸਾਚਾ ਵੇਲਾ ਸੋਹੰ ਸਾਚਾ ਨਾਮ ਪਿਲਾ ਲਿਆ । ਰਸਨ ਲਗਾਇਆ ਅੰਮ੍ਰਿਤ ਫੱਲ ਸਚ ਕੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤਰ ਵਿਛੜਿਆਂ ਕਲ ਕਰਾਇਆ ਮੇਲਾ । ਆਪਣਾ ਮੇਲ ਆਪ ਮਿਲਾਵੇ । ਗੁਰਮੁਖ ਸਾਚੇ ਤੇਰੀ ਆਤਮ ਜੋਤੀ ਬਿਨ ਬਾਤੀ ਬਿਨ ਤੇਲ ਜਗਾਏ । ਹਰਿ ਹਿਰਦੇ ਸਦ ਵਸਾਏ, ਕਿਆ ਕੋਈ ਜੀਵ ਭੇਵ ਛੁਪਾਏ । ਬੇਮੁਖ ਜੀਵ ਦਰ ਤੇ ਆਏ । ਸਚ ਨਾਮ ਨਾ ਕੋਈ ਭਿਛਿਆ ਪਾਏ । ਗੁਰਮੁਖ ਸਾਚੇ ਹਰਿ ਹਿਰਦੇ ਵਾਚੇ, ਸੋਹੰ ਧਾਗੇ ਪ੍ਰਭ ਲਏ ਪਰੋਏ । ਬੇਮੁਖ ਜੀਵ ਭਾਂਡੇ ਕਾਚੇ, ਮਦਿਰਾ ਮਾਸੀ ਅੰਤਮ ਰੋਏ । ਗੁਰਮੁਖ ਢਾਲੇ ਪ੍ਰਭ ਸਾਚੇ ਢਾਂਚੇ, ਦੂਈ ਦਵੈਤ ਨਾ ਰਹੇ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪੇ ਸੋਏ । ਸਚ ਘਰ ਸਚ ਕਰ ਜਾਨਣਾ । ਸਚ ਘਰ ਵਾਸ ਭਗਵਾਨਣਾ । ਸਚ ਘਰ ਪ੍ਰਕਾਸ਼ ਕੋਟਨ ਭਾਨਣਾ । ਸਚ ਘਰ ਵਿਨਾਸ ਅੰਧ ਅਧਿਆਨਣਾ । ਸਚ ਘਰ ਆਤਮ ਕੰਧ ਹਰਿ ਕਟਾਨਣਾ । ਸਚ ਘਰ ਬੰਦ ਬੰਦ ਹਰਿ ਛੁਡਾਵਣਾ । ਸਚ ਘਰ ਸਤਿਗੁਰ ਸਾਚਾ ਚੰਦ ਚੜ੍ਹਾਵਣਾ । ਸਤਿਗੁਰ ਸਾਚਾ ਸਚ ਘਰ ਗੁਰਸਿਖ ਪ੍ਰਮਾਨੰਦ ਵਿਚ ਰਖਾਵਣਾ । ਸਚ ਘਰ ਹਰਿ ਦਿਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਪ੍ਰਕਾਸ਼ ਕੋਟਨ ਭਾਨਣਾ । ਸਚ ਘਰ ਵੇਖ ਵਿਚਾਰ । ਸਚ ਘਰ ਜੋਤ ਅਕਾਰ । ਸਚ ਘਰ ਸ਼ਬਦ ਅਧਾਰ । ਸਚ ਘਰ ਅੰਮ੍ਰਿਤ ਧਾਰ । ਸਚ ਘਰ ਦਸਵਾਂ ਦਰ ਖੁਲ੍ਹਾਰ । ਸਚ ਘਰ ਅਨਹਦ ਧੁਨ ਸੱਚੀ ਧੁਨਕਾਰ । ਸਚ ਘਰ ਸੁਨ ਮੁਨ ਦੇ ਨਿਵਾਰ । ਸਚ ਘਰ ਸਚ ਰੰਗ ਇਕ ਕਰਤਾਰ । ਸਚ ਘਰ ਏਕਾ ਬਿੰਦ ਇਕ ਬਿੰਦਾਰ । ਸਚ ਘਰ ਏਕਾ ਏਕ ਸਾਚੀ ਤਾਰ । ਸਚ ਘਰ ਏਕਾ ਗੁਰ ਚਰਨ ਪਿਆਰ । ਸਚ ਘਰ ਏਕਾ ਏਕ ਸ਼ਬਦ ਬਿਧਾਰ । ਸਚ ਘਰ ਏਕਾ ਏਕ ਮੇਲ ਨਿਰੰਕਾਰ । ਸਚ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਿਖਾਏ ਸਚ ਸ਼ਬਦ

ਸੱਚੀ ਧੁਨਕਾਰ । ਸਚ ਘਰ ਸਚ ਅਸਥਾਨ । ਸਚ ਘਰ ਜੋਤ ਮਹਾਨ । ਸਚ ਘਰ ਵਸੇ ਭਗਵਾਨ । ਸਚ ਘਰ ਸਾਚਾ ਰਾਹ ਦੱਸੇ ਵਡ ਬਲੀ ਬਲਵਾਨ । ਸਚ ਘਰ ਗੁਰਮੁਖ ਸਾਚਾ ਸਚ ਘਰ ਵਸੇ, ਜਿਸ ਕਿਰਪਾ ਕਰੇ ਮਹਾਨ । ਸਚ ਘਰ ਬੈਠਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਚ ਘਰ ਸਚ ਦਵਾਰਾ । ਸਚ ਘਰ ਵਸੇ ਹਰਿ ਨਿਰਾਧਾਰਾ । ਸਚ ਘਰ ਗੁਰਮੁਖ ਵੇਖ ਏਕਾ ਰੂਪ ਅਪਾਰਾ । ਸਚ ਘਰ ਏਕਾ ਏਕ ਏਕ ਹਰਿ ਗਿਰਧਾਰਾ । ਸਚ ਘਰ ਜਾਏ ਗੁਰਸਿਖ ਸਾਚਾ ਦੇਵੇ ਨਾਮ ਅਧਾਰਾ । ਸਚ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਵਸੇ ਨਰਾਇਣ ਨਰ ਅਵਤਾਰਾ । ਸਚ ਘਰ ਸਚ ਸੰਦੇਸ਼ । ਸਚ ਘਰ ਸਾਚਾ ਵੇਸ । ਸਚ ਘਰ ਏਕਾ ਏਕ ਵੇਖ, ਪ੍ਰਭ ਸਾਚੇ ਦਾ ਸਾਚਾ ਭੇਸ । ਸਚ ਘਰ ਸਾਚੇ ਦਰ ਵਸੇ ਹਰਿ ਵਡ ਨਰੇਸ਼ । ਸਾਚੇ ਘਰ ਆਤਮ ਸਰ ਗੁਰਸਿਖ ਤਰ ਪ੍ਰਭ ਚਰਨੀ ਪੜ ਨਾ ਜਾਏ ਮਰ, ਚੁੱਕੇ ਡਰ ਵਸ ਸਾਚੇ ਦਰ, ਜੋਤੀ ਸਰੂਪ ਹਰਿ ਪ੍ਰਵੇਸ਼ । ਸਚ ਘਰ ਵੇਖ ਦਰ ਦਸਵਾਂ, ਭਸਮ ਪਰਦਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਦਰਸ਼ਨ ਕਰ । ਸਚ ਘਰ ਸਚ ਪਿਆਰ । ਸਚ ਘਰ ਗੁਰਸਿਖ ਪਛਾਣ । ਸਚ ਘਰ ਵਿਚ ਮਾਤ ਸੋਹੰ ਦੇਵੇ ਸ਼ਬਦ ਬਬਾਣ । ਸਚ ਘਰ ਗੁਰਮੁਖ ਵਿਰਲੇ ਕਲ ਚੜ੍ਹ ਜਾਣ । ਸਚ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਰਹਾਏ ਟਿਕਾਏ ਸਮਾਏ ਵਖਾਏ ਜਗਾਏ ਗੁਰਸਿਖਾਂ ਵਾਲੀ ਦੋ ਜਹਾਨ । ਸਚ ਘਰ ਸਚ ਦਵਾਰੀ । ਸਚ ਘਰ ਕਾਇਆ ਕੋਟ ਰਿਹਾ ਹਰਿ ਉਸਾਰੀ । ਸਚ ਘਰ ਸਾਚੀ ਜੋਤ ਸੋਹੰ ਸ਼ਬਦ ਵਡ ਖੁਮਾਰੀ । ਸਚ ਘਰ ਆਤਮ ਕੱਢੇ ਖੋਟ, ਗੁਰਸਿਖ ਤੇਰੀ ਹਉਮੇ ਜਾਏ ਤਨ ਬਿਮਾਰੀ । ਸਚ ਘਰ ਪਾਪ ਉਤਾਰੇ ਕੋਟਨ ਕੋਟ, ਜੋ ਜਨ ਕਰੇ ਚਰਨ ਨਿਮਸਕਾਰੀ । ਅੰਤਮ ਅੰਤਮ ਨਾ ਹੋਏ ਝੂਠ, ਦੇਵੇ ਦਰਸ ਅਗੰਮ ਅਪਾਰੀ । ਕਲਜੁਗ ਜੀਵ ਅਲ੍ਹਿਣਿਉਂ ਡਿੱਗੇ ਬੋਟ, ਮਦਿਰਾ ਮਾਸ ਰਹੇ ਖੁਮਾਰੀ । ਸਚ ਘਰ ਬੇਮੁਖਾਂ ਅਜੇ ਨਾ ਭਰੀ ਪੋਟ, ਦਿਵਸ ਰੈਣ ਰਹੇ ਝੱਖ ਮਾਰੀ । ਗੁਰਸਿਖ ਕਦੇ ਨਾ ਆਵੇ ਤੋਟ, ਸੋਹੰ ਦੇਵੇ ਸਾਚਾ ਵਡ ਭੰਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਕਰੇ ਸੱਚੀ ਸਿਕਦਾਰੀ । ਸਚ ਘਰ ਸਚ ਸਿਕਦਾਰਾ । ਸਚ ਘਰ ਜੋਤ ਸਰੂਪੀ ਖੇਲ ਅਪਾਰਾ । ਸਚ ਘਰ ਵਸੇ ਹਰਿ ਨਰਾਇਣ ਨਰ ਏਕਾ ਏਕੰਕਾਰਾ । ਸਚ ਘਰ ਜੋਤੀ ਜੋਤ ਹਰਿ ਪਸਰ ਪਸਾਰਾ । ਸਚ ਘਰ ਨਾ ਵਰਨ ਨਾ ਗੋਤ, ਏਕਾ ਜੋਤ ਤੀਨ ਲੋਕ ਅਧਾਰਾ । ਸਚ ਘਰ ਗੁਰਸਿਖਾਂ ਮੈਲ ਦੁਰਮਤ ਧੋਤ, ਅੰਮ੍ਰਿਤ ਦੇਵੇ ਨਾਮ ਭੰਡਾਰਾ । ਸਚ ਘਰ ਇਕ ਨਿਰਮਲ ਪ੍ਰਕਾਸ਼ ਜੋਤ, ਗੁਰਸਿਖ ਵੇਖੇ ਅਪਾਰਾ । ਆਪ ਖੁਲ੍ਹਾਏ ਗੁਰਸਿਖ ਤੇਰੇ ਸੋਤ, ਆਤਮ ਦੀਪ ਹੋਏ ਉਜਿਆਰਾ । ਬੇਮੁਖ ਦਰ ਤੇ ਰਹਿਣ ਰੋਤ, ਨਾ ਕੋਈ ਮਿਟਾਵੇ ਅੰਧ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਗੁਰਸਿਖਾਂ ਪਾਰ ਉਤਾਰਾ । ਸਚ ਘਰ ਸਚ ਧਰਮਸਾਲ । ਸਚ ਘਰ ਸੋਹੰ ਵਸਤ ਅਨਮੁਲੜਾ ਲਾਲ । ਸਚ ਘਰ ਗੁਰਮੁਖ ਸਾਚਾ ਪਲੜਾ ਸਾਚਾ ਫੱਲ ਲੱਗਾ ਡਾਲ । ਸਚ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਰਮੁਖ ਸਾਚੇ ਦਏ ਵਖਾਲ । ਸਚ ਘਰ ਧਾਮ ਅਵੱਲੜਾ । ਸਚ ਘਰ ਏਕਾ ਏਕ ਵਸੇ ਇਕੱਲੜਾ । ਸਚ ਘਰ ਗੁਰਮੁਖ ਸਾਚੇ ਵੇਖ ਕਰ ਚਰਨ ਨਿਮਸਕਾਰ ਗਲ ਪਾ ਪਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਆਏ ਦਰ ਦਵਾਰ ਦਿਵਸ ਰੈਣ ਰਹੇ ਸਦ ਖਲੜਾ । ਸਚ ਘਰ ਸੱਚਾ ਸਚਖੰਡ ਹੈ । ਸਚ ਘਰ ਗੁਰਸਿਖ ਤੇਰੀ ਆਤਮ ਬ੍ਰਹਿਮੰਡ ਹੈ । ਸਚ ਘਰ ਤੇਰਾ

ਦਸਵਾਂ ਦਵਾਰ ਤੇਰਾ ਵਿਚ ਵਰਭੰਡ ਹੈ । ਸਚ ਘਰ ਕਲਜੁਗ ਜੀਵ ਆਈ ਕੰਡ ਹੈ । ਜੂਠੇ ਝੂਠੇ ਮਾਇਆ ਲੂਠੇ ਪਾਉਂਦੇ ਐਵੇਂ ਡੰਡ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਦਰ ਬਹਾਏ ਘਰ ਵਸਾਏ ਮਾਣ ਦਵਾਏ ਵਿਚ ਨਵਖੰਡ ਹੈ । ਨੌਂ ਖੰਡ ਨੌਂ ਦਰਵਾਜੇ । ਦਸਵੇਂ ਵਸੇ ਗਰੀਬ ਨਿਵਾਜੇ । ਨਾ ਰੋਏ ਨਾ ਹੱਸੇ, ਸਚ ਪ੍ਰਕਾਸ਼ ਕੋਟ ਰਵ ਸੱਸੇ, ਅਨਹਦ ਸ਼ਬਦ ਅਨਾਹਦ ਵਾਜੇ । ਸ਼ਬਦ ਤੀਰ ਸਾਚਾ ਕਸੇ, ਸ੍ਰਿਸ਼ਟ ਸਬਾਈ ਕਲ ਅੰਤਮ ਗਾਜੇ । ਅਗਨ ਮੇਘ ਵਿਚ ਧਰਤੀ ਬਰਸੇ, ਨਾ ਕੋਈ ਕਲਜੁਗ ਰੱਖੇ ਲਾਜੇ । ਚਾਰ ਕੁੰਟ ਬੇਮੁੱਖ ਨੱਸੇ, ਅੰਤਮ ਅੰਤ ਨਾ ਕੋਈ ਪਰਦਾ ਕੱਜੇ । ਗੁਰਸਿਖ ਸਾਚਾ ਸਚ ਘਰ ਵਸੇ, ਗੁਰ ਚਰਨ ਸਰਨ ਪੀ ਅੰਮ੍ਰਿਤ ਆਤਮ ਰੱਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਨਗਾਰਾ ਵਿਚ ਮਾਤ ਚਾਰ ਕੁੰਟ ਤੇਰਾ ਸਦ ਵੱਜੇ । ਸ਼ਬਦ ਨਗਾਰਾ ਸਾਚਾ ਵੱਜਣਾ । ਜੋਤ ਸਰੂਪੀ ਹਰਿ ਵਿਚ ਮਾਤ ਦੇ ਗੱਜਣਾ । ਗੁਰਸਿਖਾਂ ਆਪੇ ਹਰਿ ਸਾਚਾ ਲੱਜਣਾ । ਆਤਮ ਜਿੰਦਾ ਹੰਕਾਰੀ ਭੱਜਣਾ । ਗੁਰਸਿਖ ਬਣਾਏ ਆਪਣੀ ਬਿੰਦਾ, ਸਾਚਾ ਘਾੜਨ ਘੜੇ ਨਾ ਵਿਚ ਮਾਤ ਦੇ ਭੱਜਣਾ । ਬੇਮੁੱਖਾਂ ਪੁਟਾਈ ਜੜ੍ਹੇ, ਘਰ ਸਾਚਾ ਨਾ ਕਲਜੁਗ ਲੱਭਣਾ । ਗੁਰਸਿਖ ਸੋਹੰ ਸ਼ਬਦ ਜਮਾਇਤ ਸਾਚੀ ਪੜ੍ਹੇ, ਦਰ ਘਰ ਸਾਚੇ ਜਾਏ ਸ਼ਬਦ ਸਰੂਪੀ ਆਤਮ ਬੱਝਣਾ । ਦਰਗਹਿ ਸਾਚੀ ਮਾਣ ਦਵਾਏ ਸਚ ਨਿਆਉਂ ਆਪੇ ਕਰੇ ਨਾ ਕੋਈ ਕਰੇ ਅਜਨਾ ਪਜਨਾ । ਅੰਤਮ ਜੋਤੀ ਜੋਤ ਹਰਿ ਮੇਲ ਮਿਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਹਰਿ ਸਾਚਾ ਸਾਕ ਸੈਣ ਸੱਜਣਾ । ਪੂਰਾ ਗੁਰ ਸਦ ਵਡਿਆਈਆ । ਆਸਾ ਮਨਸਾ ਪੂਰ ਕਰਾਈਆ । ਘਰ ਸਾਚੇ ਵੱਜੀ ਵਧਾਈਆ । ਨੌਂ ਨਿਧ ਗੁਰਸਿਖ ਘਰ ਉਪਜਾਈਆ । ਸਾਚੀ ਬਿਧਾ ਆਪ ਬਤਾਈਆ । ਆਤਮ ਵਿਧ ਸੋਹੰ ਸ਼ਬਦ ਤੀਰ ਚਲਾਇਆ, ਰਿਧ ਸਿਧ ਪ੍ਰਭ ਸੱਚੇ ਵਸ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਹੋਏ ਸਹਾਈਆ । ਪ੍ਰਭ ਅਬਿਨਾਸ਼ੀ ਸਾਚਾ ਨਾਏਂ । ਹੋਏ ਸਹਾਏ ਸਭਨੀ ਥਾਏਂ । ਪਾਰ ਉਤਾਰੇ ਫੜ ਕੇ ਬਾਹੇਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਏਥੇ ਓਥੇ ਦੋਏ ਥਾਏਂ । ਹੋਏ ਸਹਾਈ ਸਰਬ ਸੁਖ ਦਾਤਾ । ਗੁਰਮੁਖ ਕਲ ਆਪ ਪਛਾਤਾ । ਸਚ ਵਸਤ ਹਰਿ ਦੇਵੇ, ਸੋਹੰ ਨਾਮ ਸਚ ਸ਼ਬਦ ਗਿਆਤਾ । ਪੂਰਨ ਹੋਏ ਕਾਮ ਜੋ ਜਨ ਦਰ ਆਏ ਸਾਚਾ ਨਾਮ ਮੰਗ ਮੰਗਾਤਾ । ਮੇਲ ਮਿਲਾਇਆ ਸਾਚੇ ਰਾਮ, ਏਕਾ ਨਾਮ ਅੰਗ ਜੁੜਾਤਾ । ਨਾ ਕੋਈ ਓਥੇ ਲੱਗੇ ਦਾਮ, ਚਰਨ ਪ੍ਰੀਤੀ ਜੋ ਜਨ ਕਮਾਤਾ । ਸੁੱਕਾ ਹਰਿਆ ਹੋਏ ਚਾਮ, ਆਤਮ ਜੋਤ ਜਗੇ ਅੰਧੇਰੀ ਰਾਤਾ । ਆਪ ਪਿਲਾਏ ਸਾਚਾ ਜਾਮ, ਸੋਹ ਸ਼ਬਦ ਵਡ ਵਡ ਗੁਣ ਗਿਆਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣੇ ਆਪੇ ਪਿਤਾ ਮਾਤਾ । ਮਾਤ ਪਿਤ ਪੂਤ ਸੂਤ । ਆਪ ਬਣਾਏ ਗੁਰਮੁਖ ਸਾਚੇ ਪੂਤ । ਆਤਮ ਸਾਚੀ ਜੋਤ ਜਗਾਏ ਰੰਗ ਚੜ੍ਹਾਏ ਇਕ ਅਨੂਪ । ਸ਼ਬਦ ਧੁਨ ਹਰਿ ਉਪਜਾਏ, ਚਰਨ ਪ੍ਰੀਤੀ ਸਤਿ ਸਰੂਪ । ਮੁਨ ਸੁਨ ਆਪ ਖੁਲ੍ਹਾਏ, ਵਿਚ ਕਾਇਆ ਅੰਧ ਕੂਪ । ਗੁਰਮੁਖ ਸਾਚੇ ਜਨ ਜਗਾਏ, ਆਪ ਦਿਖਾਏ ਆਪਣਾ ਸਚ ਸਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗੋ ਜੁਗ ਮਹਿੰਮਾ ਜਗਤ ਅਨੂਪ । ਨਾਮ ਨਿਧਾਨ ਗੁਣਾਂ ਗੁਣਵੰਤ ਹੈ । ਪ੍ਰਭ ਭੇਵ ਜਣਾਏ ਵਿਰਲੇ ਸੰਤ ਹੈ । ਗੁਰਮੁਖ ਸਾਚੇ ਮੇਲ ਮਿਲਾਵੇ ਆਪ ਬਣਾਏ ਸਾਚੀ ਬਣਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਰਾਇਣ ਨਰ ਪੂਰਨ ਭਗਵੰਤ ਹੈ । ਸਚ ਸ਼ਬਦ ਸੋਹੰ ਉਚਾਰਨਾ । ਸੋਹੰ ਸ਼ਬਦ ਸਾਚੀ ਧਾਰਨਾ । ਲੱਖ ਚੁਰਾਸੀ ਗੇੜ ਨਿਵਾਰਨਾ । ਬੰਦ ਖਲਾਸੀ ਕਰੇ ਕਰਤਾਰਨਾ ।

ਕੱਟੇ ਗਲੋਂ ਸਿਲਕ ਜਮ ਫਾਸੀ, ਧਰਮ ਰਾਏ ਡਰ ਨਿਵਾਰਨਾ । ਜੋ ਜਨ ਹੋਏ ਮਦਿਰਾ ਮਾਸੀ, ਪ੍ਰਭ ਸਾਚੇ ਦਰ ਦੁਰਕਾਰਨਾ । ਗੁਰਮੁਖਾਂ ਆਤਮ ਰਹਿਰਾਸੀ, ਸਚ ਸ਼ਬਦ ਰਸਨ ਉਚਾਰਨਾ । ਕਿਰਪਾ ਕਰੇ ਘਨਕਪੁਰ ਵਾਸੀ, ਆਤਮ ਜੋਤ ਕਰੇ ਉਜਾਰਨਾ । ਅੰਤਮ ਅੰਤ ਕਰੇ ਬੰਦ ਖਲਾਸੀ, ਗੁਰਮੁਖਾਂ ਹੋਏ ਆਪ ਸਹਾਰਨਾ । ਸੋਹੰ ਸ਼ਬਦ ਜਪਾਵੇ ਸਵਾਸ ਸਵਾਸੀ, ਸਚ ਮਿਲਾਵਾ ਸਚ ਭਤਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਸਦ ਰਸਨ ਉਚਾਰਨਾ । ਗੁਰਮੁਖ ਸਾਚੇ ਸਾਚੀ ਨੀਤ । ਪ੍ਰਭ ਅਬਿਨਾਸ਼ੀ ਬਖ਼ਸ਼ੇ ਚਰਨ ਪ੍ਰੀਤ । ਕਲਜੁਗ ਮਿਲਿਆ ਹਰਿ ਸਾਚਾ ਮੀਤ । ਕਰ ਦਰਸ ਹੋਏ ਕਾਇਆ ਆਤਮ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਰੱਖੇ ਸਦ ਅਤੀਤ । ਗੁਰਸਿਖ ਗੁਰ ਪੂਰਾ ਜਾਣ । ਆਪਣਾ ਮੂਲ ਕਲ ਪਛਾਣ । ਬੇਮੁੱਖਾਂ ਆਵੇ ਹਾਣ । ਧਰਮ ਰਾਏ ਦੇ ਜਮ ਸਤਾਣ । ਗੁਰਸਿਖ ਚਲੇ ਸਾਚੇ ਥਾਏਂ, ਪ੍ਰਭ ਦੇਵੇ ਸ਼ਬਦ ਬਬਾਣ । ਆਪ ਚਲਾਏ ਸਾਚੇ ਰਾਹੇ, ਸੋਹੰ ਸ਼ਬਦ ਜਨ ਰਸਨਾ ਗਾਇਣ । ਪਾਰ ਕਰਾਏ ਪਕੜੇ ਬਾਂਹੇ ਵਾਲੀ ਦੋ ਜਹਾਨ । ਆਪ ਬਹਾਏ ਸਾਚੇ ਥਾਏਂ, ਜਿਥੇ ਵਸੇ ਆਪ ਭਗਵਾਨ । ਏਕਾ ਜਪਣਾ ਸਾਚਾ ਨਾਉਂ, ਗੁਰਮੁਖ ਅੰਤਮ ਅੰਤ ਜੋਤੀ ਜੋਤ ਮਿਲ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦਰਗਹਿ ਸਾਚੀ ਦੇਵੇ ਮਾਣ । ਕਲਜੁਗ ਅੰਧੇਰ ਸ਼ਬਦ ਢੰਡੋਰਾ । ਸ਼ਬਦ ਸਰੂਪੀ ਚਾਰ ਕੁੰਨ ਹਰਿ ਸਾਚਾ ਫਿਰਾਏ ਸਾਚਾ ਘੋੜਾ । ਗੁਰਸਿਖਾਂ ਮੇਲ ਮਿਲਾਵੇ ਵਿਛੜਿਆਂ ਕਲ ਕਰਾਏ ਜੋੜਾ । ਅੰਤਮ ਅੰਤ ਆ ਗਿਆ ਵਕਤ ਰਹਿ ਗਿਆ ਥੋੜਾ । ਹਰਿ ਸਾਚਾ ਸ਼ਬਦ ਲਿਖਾ ਗਿਆ, ਪੈਰੀ ਪਾਉਣਾ ਨਾ ਮਿਲੇ ਕਿਸੇ ਜੋੜਾ । ਸੋਹੰ ਸਾਚਾ ਤੀਰ ਚਲਾ ਗਿਆ, ਕਲਜੁਗ ਹੰਕਾਰੀ ਪ੍ਰਭ ਭੰਨੇ ਫੋੜਾ । ਗੁਰਮੁਖਾਂ ਆਤਮ ਸਾਚਾ ਸੀਰ ਪਿਲਾ ਗਿਆ, ਨਾ ਹੋਏ ਕਦੇ ਵਿਛੋੜਾ । ਆਤਮ ਸਾਚੀ ਧੀਰ ਧਰਾ ਗਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪੂਰੇ ਦੀ ਸਾਚੀ ਲੋੜਾ । ਗੁਰ ਪੂਰਾ ਸ਼ਬਦ ਨਿਸ਼ਾਨ ਹੈ । ਸੋਹੰ ਸ਼ਬਦ ਨਾਮ ਨਿਧਾਨ ਹੈ । ਗੁਰਮੁਖ ਵਿਰਲੇ ਪ੍ਰਭ ਦਰ ਤੇ ਪਾਣ ਹੈ । ਕਿਰਪਾ ਕਰੇ ਜਿਸ ਮਹਾਨ ਹੈ । ਸੋ ਜਨ ਹੋਏ ਚਤੁਰ ਸੁਘੜ ਸਿਆਣ ਹੈ । ਜਿਨ ਮਿਲਿਆ ਹਰਿ ਮਿਹਰਵਾਨ ਹੈ । ਸੋਹੰ ਦੀਆ ਸਾਚਾ ਦਾਨ ਹੈ । ਹੀਆ ਕੀਆ ਵਾਲੀ ਦੋ ਜਹਾਨ ਹੈ । ਨਿਰਮਲ ਕੀਆ ਜੀਆ, ਆਤਮ ਉਪਜੇ ਬ੍ਰਹਮ ਗਿਆਨ ਹੈ । ਨਾਮ ਰਸ ਪ੍ਰਭ ਦਰ ਤੇ ਪੀਆ, ਕਾਇਆ ਮਿਟੇ ਅੰਧ ਅੰਧਿਆਨ ਹੈ । ਆਪ ਰਖਾਈ ਆਪਣੀ ਨੀਹਾਂ, ਪ੍ਰਭ ਪੂਰੀ ਕਰੇ ਪਛਾਣ ਹੈ । ਸਾਢੇ ਤਿੰਨ ਹੱਥ ਮਿਲੇ ਸੀਆਂ, ਕਿਉਂ ਭੁੱਲਾ ਜੀਵ ਨਿਧਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅਵਤਾਰ ਸਰਬ ਜੀਆਂ ਦਾ ਜਾਣੀ ਜਾਣ ਹੈ । ਨਾਮ ਨਿਧਾਨ ਪ੍ਰਭ ਦਰ ਪਾਵਣਾ । ਭਰਮ ਭੁਲੇਖਾ ਸਰਬ ਗਵਾਵਣਾ । ਸਾਚਾ ਲੇਖਾ ਆਪ ਲਿਖਾਵਣਾ । ਵੇਖੀ ਵੇਖਾ ਨਾ ਮਨੋਂ ਭੁਲਾਵਣਾ । ਜੋਤ ਸਰੂਪੀ ਧਾਰਿਆ ਭੇਖਾ, ਜਿਉਂ ਧਾਰੇ ਰੂਪ ਬਲ ਬਾਵਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਸਿਖਾਂ ਦੇ ਮੱਤ ਆਪ ਸਮਝਾਵਣਾ । ਗੁਰਸਿਖ ਗੁਰ ਮੱਤ ਹੈ । ਏਕਾ ਸ਼ਬਦ ਸੋਹੰ ਤਤ ਹੈ । ਆਤਮ ਦੇਵੇ ਧੀਰਜ ਜੱਤ ਹੈ । ਆਪੇ ਰੱਖੇ ਤੇਰੀ ਪੱਤ ਹੈ । ਪ੍ਰਭ ਬੀਜੇ ਆਤਮ ਵੱਤ ਹੈ । ਚਰਨ ਪ੍ਰੀਤੀ ਦੇਵੇ ਸਾਚਾ ਤਤ ਹੈ । ਸੋਹੰ ਸ਼ਬਦ ਸਾਚਾ ਧਾਗਾ ਰਸਨਾ ਲੈਣਾ ਕੱਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਜਾਣੇ ਆਪੇ ਮਿਤ ਗੱਤ ਹੈ । ਮਿਤ ਗਤ ਹਰਿ ਜਾਣਦਾ । ਗੁਰਸਿਖ ਸਾਚੇ ਵਿਚ ਮਾਤ ਆਪ ਪਛਾਣਦਾ । ਜਾਤ

ਪਾਤ ਨਾ ਕੋਈ ਵਖਾਣਦਾ । ਏਕਾ ਸ਼ਬਦ ਦੇਵੇ ਸੋਹੰ ਭੰਡਾਰਾ ਗਿਆਨ ਦਾ । ਭੇਵ ਮਿਟਾਏ ਦੋਆ ਦੋਐਂ, ਸਾਚਾ ਦੇਵੇ ਨਾਮ ਗੁਣਵੰਤ ਨਿਧਾਨ ਦਾ । ਇਕ ਅਕਾਰ ਓਅੰ ਰੂਪ ਰੰਗ ਕੋਈ ਨਾ ਪਛਾਣਦਾ । ਸਾਚਾ ਜਾਪ ਸਦਾ ਸੋਹੰ ਸਤਿਜੁਗ ਸਾਚੇ ਸਚ ਸਦ ਵਖਾਣਦਾ । ਹੰਸ ਸਹੰਸ ਸਸ ਸਵਸ ਸਾਚੀ ਅੰਸ ਆਪ ਆਪਣੀ ਜਾਣਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜੁਗੋ ਜੁਗ ਗੁਰਮੁਖ ਸਾਚੇ ਸਦ ਪਛਾਣਦਾ । ਗੁਰਸਿਖ ਦੇਵੇ ਨਾਮ ਅਧਾਰੇ । ਸਚ ਸ਼ਬਦ ਸਚ ਧੁਨਕਾਰੇ । ਗੁਣ ਅਵਗੁਣ ਹਰਿ ਆਪ ਵਿਚਾਰੇ । ਗੁਰਮੁਖ ਸਾਚੇ ਜਨ ਆਤਮ ਭਰੇ ਭੰਡਾਰੇ । ਸਚ ਸ਼ਬਦ ਉਪਜਾਵੇ ਸਾਚੀ ਧੁਨ, ਜੋ ਜਨ ਸੋਹੰ ਰਸਨ ਉਚਾਰੇ । ਕਵਣ ਜਾਣੇ ਹਰਿ ਤੇਰੇ ਗੁਣ, ਮਹਿੰਮਾ ਅਪਰ ਅਪਾਰੇ । ਸਚ ਸ਼ਬਦ ਕੰਨ ਲੈਣਾ ਸੁਣ, ਆਤਮ ਜੋਤ ਹੋਏ ਚਮਤਕਾਰੇ । ਝੂਠੀ ਮਾਇਆ ਤਨ ਲੱਗਾ ਘੁਣ, ਦਿਵਸ ਰੈਣ ਰੈਣ ਦਿਵਸ ਹੱਡ ਖਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਗੁਰਸਿਖ ਪੈਜ ਸਵਾਰੇ । ਸਚ ਸ਼ਬਦ ਸਚ ਧੁਨਕਾਰੀ । ਗੁਰਸਿਖ ਬਣ ਸਾਚਾ ਪੁਜਾਰੀ । ਸੋਹੰ ਸਾਚਾ ਨਾਮ ਆਤਮ ਦੇਵੇ ਧੁਨ ਸੱਚੀ ਖੁਮਾਰੀ । ਆਪ ਪਿਲਾਏ ਸਾਚਾ ਜਾਮ, ਹਉਮੇ ਕੱਟੇ ਗਲੋਂ ਬਿਮਾਰੀ । ਆਪ ਕਰਾਏ ਪੂਰਨ ਕਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਗੁਰਸਿਖ ਆਤਮ ਲੱਗੇ ਭਾਗ । ਜੋ ਜਨ ਸੋਇਆ ਗਿਆ ਜਾਗ । ਸ਼ਬਦ ਉਪਜਾਏ ਸਾਚਾ ਰਾਗ । ਹੰਸ ਬਣਾਏ ਗੁਰਸਿਖ ਕਾਗ । ਆਪੇ ਪਕੜੇ ਤੇਰੀ ਵਾਗ । ਪ੍ਰਭ ਸਾਚੇ ਦੀ ਚਰਨੀ ਲਾਗ । ਆਤਮ ਧੋਏ ਪਾਪਾਂ ਦਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦ ਰਿਹਾ ਜਾਗ । ਸਚ ਸ਼ਬਦ ਜਨ ਮੰਗੇ ਮੰਗ । ਆਤਮ ਚਾੜ੍ਹੇ ਪ੍ਰਭ ਸਾਚਾ ਰੰਗ । ਮਾਨਸ ਜਨਮ ਨਾ ਹੋਏ ਭੰਗ । ਹੋਏ ਸਹਾਈ ਸਦਾ ਅੰਗ ਸੰਗ । ਸ਼ਬਦ ਸਰੂਪੀ ਕਸੇ ਤੰਗ । ਸੋਹੰ ਵੱਜੇ ਸੱਚਾ ਮਰਦੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕੱਟੇ ਭੁੱਖ ਨੰਗ ।



੨੫੦ ੦੩

### ❋ ੪ ਹਾੜ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਘਰ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ❋

ਦਰ ਘਰ ਸਚ ਸੁਖ ਦਵੰਤਿਆ । ਕਿਰਪਾ ਕਰੇ ਹਰਿ ਭਗਵੰਤਿਆ । ਗੁਰ ਸਾਚੇ ਦਿਵਸ ਰੈਣ ਸਾਚੀ ਖੋਜ ਖੁਜੰਤਿਆ । ਪ੍ਰਭ ਸਾਚਾ ਦੇਵੇ ਲਹਿਣਾ ਦੇਣਾ ਸਾਚਾ ਨਾਮ ਹਰਿ ਸਾਚਾ ਕੰਤਿਆ । ਧੰਨ ਧੰਨ ਧੰਨ ਗੁਰਸਿਖ ਗੁਰ ਚਰਨੀ ਬਹਿਣ ਮੇਲ ਮਿਲਾਵਾ ਸਾਚੇ ਕੰਤਿਆ । ਸਾਚਾ ਕੰਤ ਸਰਬ ਸੁਖਦਾਈ । ਗੁਰਮੁਖਾਂ ਦੇਵੇ ਆਪ ਵਡਿਆਈ । ਆਦਿ ਜੁਗਾਦਿ ਸਚ ਸਚ ਸਚ ਮਾਰਗ ਲਾਈ । ਸ਼ਬਦ ਨਾਉਂ ਆਤਮ ਬ੍ਰਹਿਮਾਦ, ਬੋਧ ਅਗਾਧ ਲੇਖ ਲਿਖਾਈ । ਦਿਵਸ ਰੈਣ ਰੈਣ ਦਿਵਸ ਸਦ ਰਸਨ ਅਰਾਧ ਪ੍ਰਭ ਸਾਚਾ ਦੇਵੇ ਭੇਵ ਖੁਲ੍ਹਾਈ । ਆਪ ਮਿਟਾਵੇ ਕਲਜੁਗ ਵਿਵਾਦ, ਜੋ ਜਨ ਆਏ ਸਰਨਾਈ । ਸੋਹੰ ਦੇਵੇ ਸਾਚੀ ਦਾਤ, ਆਤਮ ਧੀਰ ਧਰਾਈ । ਗੁਰਮੁਖ ਵਿਰਲੇ ਕਲਜੁਗ ਲਿਆ ਲਾਧ, ਬੇਮੁੱਖ ਗਏ ਜਨਮ ਗਵਾਈ । ਪ੍ਰਭ ਅਬਿਨਾਸ਼ੀ ਮਾਧਵ ਮਾਧ, ਜੋਤ ਸਰੂਪੀ ਖੇਲ ਰਚਾਈ । ਗੁਰਮੁਖ ਸਾਚੇ ਆਤਮ ਸਾਧ, ਚਰਨ ਕਵਲ ਪ੍ਰੀਤ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੇ ਹੱਥ ਰੱਖੇ ਵਡਿਆਈ । ਆਪਣੇ ਹੱਥ ਰੱਖੇ ਵਡਿਆਈਆ । ਪ੍ਰਭ ਅਬਿਨਾਸ਼ੀ ਗੁਰਮੁਖਾਂ ਦੇਵੇ ਆਪ ਵਧਾਈਆ ।

ਸਰਬ ਘਟ ਵਾਸੀ ਏਕਾ ਜੋਤ ਸਚ ਜਗਾਈਆ । ਘਨਕਪੁਰ ਵਾਸੀ ਬੂਝ ਬੁਝਾਈਆ । ਸਾਚਾ ਸ਼ਬਦ ਜਪਾਏ ਸਵਾਸ ਸਵਾਸੀ, ਆਤਮ ਭੇਵ ਗੁਝ ਖੁਲ੍ਹਾਈਆ । ਗੁਰਮੁਖ ਸਾਚੇ ਆਤਮ ਰਹਿਰਾਸੀ, ਪ੍ਰਭ ਦੇਵੇ ਦਰਸ ਭੇਖ ਵਟਾਈਆ । ਜੋ ਜਨ ਹੋਏ ਮਦਿਰਾ ਮਾਸੀ, ਪ੍ਰਭ ਸਾਚੇ ਦਰ ਦੁਰਕਾਈਆ । ਦਰ ਘਰ ਸਾਚੇ ਕਰਨ ਜੋ ਹਾਸੀ, ਜਮਦੂਤਾਂ ਹੱਥ ਫੜਾਏ ਨਾ ਕੋਈ ਦੇ ਛੁਡਾਇਆ । ਵੇਲੇ ਅੰਤ ਹੋਏ ਨਾਸੀ, ਧਰਮ ਰਾਏ ਦੇ ਸਜਾਇਆ । ਗੁਰਮੁਖ ਸਾਚੇ ਸਦ ਸਦ ਬਲ ਬਲ ਜਾਸੀ, ਪ੍ਰਭ ਸਾਚੇ ਦਰਸ ਦਿਖਾਇਆ । ਸਾਚੀ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਟਿਕਾਇਆ । ਜੋਤ ਜਗਾਏ ਜਗਤ ਵਿਹਾਰੀ । ਕਰੇ ਖੇਲ ਅਪਰ ਅਪਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਨਰਾਇਣ ਅਵਤਾਰਾ, ਰੂਪ ਅਪਾਰਾ, ਜੋਤ ਅਧਾਰਾ, ਸ਼ਬਦ ਹੁਲਾਰਾ, ਗੁਰਸਿਖ ਦਵਾਰਾ, ਸੋਹੰ ਜੈਕਾਰਾ, ਆਤਮ ਭਰੇ ਭੰਡਾਰਾ । ਸਾਚਾ ਨਾਮ ਵਣਜ ਵਪਾਰਾ । ਆਪੇ ਪਾਵੇ ਗੁਰਮੁਖ ਸਾਚੇ ਸਾਰਾ । ਆਪ ਚਲਾਏ ਸਾਚੀ ਧਾਰਾ । ਅੰਮ੍ਰਿਤ ਆਤਮ ਮੇਘ ਬਰਸਾਏ ਗੁਰਮੁਖ ਆਤਮ ਠਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਚਰਨ ਪਿਆਰਾ । ਚਰਨ ਪਿਆਰ ਗੁਰਸਿਖ ਵਿਚਾਰ । ਮਾਨਸ ਜਨਮ ਨਾ ਹਾਰ । ਫੇਰ ਨਾ ਆਵੇ ਦੂਜੀ ਵਾਰ । ਸੋਹੰ ਸਾਚਾ ਰਸਨ ਉਚਾਰ । ਨੇਤਰ ਵੇਖ ਦਰਸ ਕਰਤਾਰ । ਆਪ ਲਿਖਾਏ ਲੇਖ ਬਣ ਸਾਚਾ ਲੇਖ ਲਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਧਰਮ ਦੋਏ ਰਿਹਾ ਵਿਚਾਰ । ਕਰਮ ਵਿਚਾਰੇ ਗੁਰਸਿਖ ਤਾਰੇ । ਬੇਮੁੱਖ ਦੁਰਕਾਰੇ ਭਗਤ ਅਧਾਰੇ । ਧਰੇ ਜੋਤ ਅਪਰ ਅਪਾਰੇ । ਏਕਾ ਨਾਮ ਏਕਾ ਕਾਮ ਏਕਾ ਦੇਵੇ ਸ਼ਬਦ ਅਧਾਰੇ । ਏਕਾ ਜਾਮ ਏਕਾ ਦਾਮ ਏਕਾ ਧਾਮ ਏਕਾ ਰੰਗ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਵਿਚ ਸੰਸਾਰੇ । ਅਚਰਜ ਖੇਲ ਹਰਿ ਸੰਸਾਰਿਆ । ਕਿਆ ਕੋਈ ਜਾਣੇ ਜੀਵ ਗਵਾਰਿਆ । ਪ੍ਰਭ ਅਬਿਨਾਸ਼ੀ ਸਾਚੀ ਧਾਰਿਆ । ਆਦਿ ਜੁਗਾਦਿ ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਕੰਤ ਸ੍ਰਿਸ਼ਟ ਸਬਾਈ ਨਾਰੀਆ । ਸ੍ਰਿਸ਼ਟ ਸਬਾਈ ਏਕਾ ਨਾਰ । ਏਕਾ ਸ਼ਬਦ ਸਰਬ ਭਤਾਰ । ਲੱਖ ਚੁਰਾਸੀ ਪਾਵੇ ਸਾਰ । ਏਕਾ ਜੋਤ ਇਕ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਸਰ ਪਸਾਰ । ਪਸਰ ਪਸਾਰ ਸ੍ਰਿਸ਼ਟ ਸਬਾਈ । ਲੱਖ ਚੁਰਾਸੀ ਵਿਚ ਸਮਾਈ । ਵੇਖੇ ਵਿਗਸੇ ਆਪ ਰਥਵਾਹੀ । ਜੀਵ ਜੰਤਾਂ ਗੁਰਮੁਖ ਸਾਚੇ ਸੰਤਾਂ ਪ੍ਰਭ ਰਿਹਾ ਜਗਾਈ । ਬੇਮੁਖਾਂ ਮਾਇਆ ਪਾਈ ਬੇਅੰਤਾ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸਵਾਈ । ਦੇਵੇ ਵਡਿਆਈ ਗੁਰਸਿਖ ਵਿਚ ਜੀਵ ਜੰਤ ਪ੍ਰਭ ਆਪਣੀ ਗੋਦ ਉਠਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਆਪੇ ਦੇ ਮੱਤ ਸਮਝਾਈ । ਦੇਵੇ ਮੱਤ ਸ਼ਬਦ ਅਧਾਰਾ । ਸੋਹੰ ਸ਼ਬਦ ਦੇਵੇ ਅਪਾਰਾ । ਆਪਣੇ ਰੰਗ ਰੰਗੇ ਕਰਤਾਰਾ । ਦਿਵਸ ਰੈਣ ਇਕ ਹੁਲਾਰਾ । ਏਕਾ ਦੇਵੇ ਚਰਨ ਪਿਆਰਾ । ਦੇਵੇ ਦਰਸ ਅਗੰਮ ਅਪਾਰਾ । ਜੋਤ ਸਰੂਪੀ ਖੇਲ ਨਿਆਰਾ । ਬਿਨ ਬਾਤੀ ਤੇਲ ਗੁਰਸਿਖ ਦੀਪਕ ਹੋਏ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਹਕਲੰਕ ਨਰ ਅਵਤਾਰਾ । ਆਦਿ ਅੰਤ ਜੁਗਾ ਜੁਗੰਤ ਨੈਣ ਮੁਧਾਰਾ । ਨੈਣ ਮੂੰਧ ਨੈਣ ਮੁੰਧਾਰੀ । ਬਾਸ਼ਕ ਸੇਜ ਹਰਿ ਸਵਾਰੀ । ਸਿੰਘ ਆਸਣ ਬੈਠਾ ਨਰ ਅਵਤਾਰੀ । ਬ੍ਰਹਮਾ ਵਿਸ਼ਨ ਮਹੇਸ਼ ਲਕਸ਼ਮੀ ਖੜੇ ਚਰਨ ਦਵਾਰੀ । ਚਤਰਭੁਜ ਸ਼ਬਦ ਧੁਜ ਫੜੇ ਆਪ ਵਡ ਬਲਕਾਰੀ । ਸ੍ਰਿਸ਼ਟ ਸਬਾਈ ਕੁੱਟੇ ਏਕਾ ਹੁਜ, ਚਾਰ ਕੁੰਟ

ਹੋਏ ਹਾਹਾਕਾਰੀ । ਆਪ ਖੁਲ੍ਹਾਏ ਭੇਵ ਗੁਝ, ਕਰੇ ਖੇਲ ਅਪਰ ਅਪਾਰੀ । ਗੁਰਮੁਖਾਂ ਜਾਏ ਰਾਹ ਸਾਚਾ ਸੂਝ, ਬੇਮੁਖ ਝੱਖ ਰਹੇ ਮਾਰੀ । ਹਰਿ ਬਿਨ ਨਾ ਕੋਈ ਛੁਡਾਏ ਤੁਝ, ਕਿਉਂ ਹੋਇਆ ਆਤਮ ਹੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਇਣ ਨਾ ਭੁੱਲ ਜੀਵ ਗਵਾਰੀ । ਜੀਵ ਗਵਾਰਾ ਨਾ ਭੁੱਲ ਸੰਸਾਰਾ । ਕਰ ਵਿਚਾਰਾ ਵੇਖ ਕਰਤਾਰਾ । ਦਰਸ ਅਪਾਰਾ ਸ਼ਬਦ ਅਧਾਰਾ । ਗੁਰਸਿਖ ਪਸਾਰਾ ਖੁਲ੍ਹਾਏ ਦਵਾਰਾ । ਦੂਈ ਦਵੈਤ ਚਿਰਾਏ ਪ੍ਰਭ ਆਪ ਰਖਾਏ ਸਿਰ ਸੋਹੰ ਆਰਾ । ਆਪ ਪੜ੍ਹਾਏ ਚਲਾਏ ਵਰਤਾਏ ਇਕ ਕਰਾਏ ਚਾਰ ਵਰਨ ਆਏ ਇਕ ਦਵਾਰਾ । ਕੋਈ ਨਾ ਦੀਸੇ ਕਿਸੇ ਹਮਾਇਤ ਏਕਾ ਏਕ ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਮੁਖਾਂ ਦੇਵੇ ਪ੍ਰਭ ਸਾਚਾ ਸਾਚੀ ਹਮਾਇਤ, ਸਾਚੀ ਪ੍ਰੀਤ ਗੁਰ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਗੁਰਸਿਖਾਂ ਪਾਏ ਆਪੇ ਸਾਰਾ । ਸਾਚਾ ਸ਼ਬਦ ਹਰਿ ਗੁਣ ਗਾਵਣਾ । ਭਰਮ ਝੂਠਾ ਲੇਖਾ, ਜਗਤ ਗਵਾਵਣਾ । ਵੇਖੀ ਵੇਖਾ ਨਾ ਵਕਤ ਲੰਘਾਵਣਾ । ਪ੍ਰਭ ਮੇਟੇ ਭਰਮ ਭੁਲੇਖਾ, ਜਿਸ ਚਰਨੀ ਸੀਸ ਨਿਵਾਵਣਾ । ਆਪ ਲਿਖਾਏ ਸਾਚੀ ਲੇਖਾ, ਜਿਸ ਪਕੜੇ ਪ੍ਰਭ ਸਾਚਾ ਦਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਜਿਉਂ ਧਰੇ ਭੇਖ ਹਰਿ ਬਾਵਨਾ । ਧਰਿਆ ਭੇਖ ਨਾ ਭੇਵ ਜਣਾਏ । ਵਡ ਵਡ ਦੇਵੀ ਦੇਵ ਦਿਸ ਨਾ ਆਏ । ਗੁਰਮੁਖ ਸਾਚੇ ਸੰਤ ਜਨ ਪ੍ਰਭ ਅਬਿਨਾਸ਼ੀ ਆਪਣੀ ਸੇਵਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਆਪ ਅਖਵਾਏ । ਗੁਰਮੁਖ ਸਿੰਘ ਸਿੰਘ ਪਾਲ ਸਾਚੇ ਲਾਲ ਪ੍ਰਭ ਅਬਿਨਾਸ਼ੀ ਲਏ ਉਠਾਲ । ਵਿਚ ਮਾਤ ਸਾਚਾ ਪ੍ਰਭ ਬਣਿਆ ਆਪ ਦਲਾਲ । ਸੋਹੰ ਸ਼ਬਦ ਸਤਿ ਕਮਾਈ, ਆਪੇ ਕੱਟੇ ਮਾਇਆ ਜਾਲ । ਆਪੇ ਦੇਵੇ ਜਗਤ ਵਡਿਆਈ, ਆਪੇ ਦੇਵੇ ਸੁਰਤ ਸੰਭਾਲ । ਸਚ ਵਸਤ ਹਰਿ ਝੋਲੀ ਪਾਏ ਨਾ ਹੋਏ ਕਦੇ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇਵੇ ਸੱਚਾ ਧਨ ਮਾਲ । ਸਚ ਧਨ ਮਾਲ ਸਚ ਖ਼ਜ਼ੀਨਾ । ਦੇਵੇ ਹਰਿ ਵਲ ਪ੍ਰਬੀਨਾ । ਉਤਰੇ ਪਾਰ ਜਿਸ ਰਸਨਾ ਚੀਨਾ । ਹੋਏ ਸਹਾਰ ਸ਼ਾਂਤ ਕਰਾਏ ਸੀਨ । ਗੁਰਮੁਖਾਂ ਬੇੜਾ ਕਰ ਜਾਏ ਪਾਰ, ਪ੍ਰਭ ਅਬਿਨਾਸ਼ੀ ਦਾਨਾ ਬੀਨਾ । ਅੰਮ੍ਰਿਤ ਅਤਮ ਬਰਖੇ ਸਚ ਫੁਹਾਰ, ਪ੍ਰਭ ਅਬਿਨਾਸ਼ੀ ਕਰੇ ਮਨ ਤਨ ਤਨ ਮਨ ਭੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਜਿਹਾ ਕੀਨਾ । ਆਪ ਆਪਣੇ ਰੰਗ ਰੰਗਾਇਆ । ਸਾਚਾ ਰੰਗ ਆਪ ਨਿਭਾਇਆ । ਪ੍ਰਭ ਦਰ ਮੰਗੇ ਸਾਚੀ ਮੰਗ, ਸਚ ਸਚ ਵਸਤ ਹਰਿ ਝੋਲੀ ਪਾਇਆ । ਏਕਾ ਚਾੜ੍ਹੇ ਸਾਚਾ ਰੰਗ, ਫਿਰ ਉਤਰ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਇਆ । ਪੁਰ ਭਲਾਈ ਵੱਜੇ ਵਧਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਚਾਰ ਹਾੜ ਲੇਖ ਲਿਖਾਈ । ਸ਼ਬਦ ਵਾੜ ਗੁਰਸਿਖ ਕਰਾਈ । ਬਹੱਤਰ ਨਾੜ ਜੋਤ ਜਗਾਈ । ਝੂਠੀ ਧਾੜ ਪਰ੍ਹੇ ਹਟਾਈ । ਪ੍ਰਭ ਸਾਚੇ ਆਪਣੀ ਦਾੜ੍ਹ ਹੇਠ ਆਪ ਚਬਾਈ । ਗੁਰਮੁਖ ਸ਼ਬਦ ਘੋੜੀ ਚਾੜ੍ਹ, ਤੀਨ ਲੋਕ ਬੂਝ ਬੁਝਾਈ । ਸਤਿਜੁਗ ਬਣਾਏ ਸਾਚੇ ਲਾੜ, ਸੋਹੰ ਸ਼ਬਦ ਮੁਖ ਸਗਨ ਲਗਾਈ । ਬੇਮੁੱਖਾਂ ਪ੍ਰਭ ਦੇਵੇ ਝਾੜ, ਏਕਾ ਜੋਤ ਅਗਨ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਪ ਵਡਿਆਈ । ਦਰ ਘਰ ਸਾਚਾ ਆਪ ਸੁਹਾਇਆ । ਹਰਿ ਹਿਰਦੇ ਵਾਚਾ ਨਾਮ ਧਿਆਇਆ । ਜੀਵ ਭਾਂਡਾ ਕਾਚਾ, ਪ੍ਰਭ ਸਾਚੇ ਰੰਗ ਚੜ੍ਹਾਇਆ । ਬੇਮੁਖ ਦਰ ਤੇ ਆਏ ਨਾਚਾ, ਪ੍ਰਭ ਅਬਿਨਾਸ਼ੀ ਭੇਵ ਨਾ ਪਾਇਆ । ਗੁਰਮੁਖ ਸਾਜਣ ਸਾਚੋ ਸਾਚਾ, ਜਿਸ ਜਨ ਦਇਆ ਕਮਾਇਆ । ਮਹਾਰਾਜ


੨੫੨ ੦੩

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਜੋਤ ਸਰੂਪੀ ਦਰਸ ਦਿਖਾਇਆ । ਜੋਤ ਸਰੂਪੀ ਦਰਸ ਕਰ । ਬਿਨ ਰੰਗ ਰੂਪੀ ਵੇਖ ਹਰਿ । ਸਤਿ ਸਰੂਪੀ ਤੇਰੇ ਆਇਆ ਦਰ । ਭਾਗ ਲਗਾਇਆ ਤੇਰੇ ਸਾਚੇ ਘਰ । ਗੁਰਸਿਖ ਜਾਗ ਨਾ ਕਲਜੁਗ ਡਰ । ਪ੍ਰਭ ਅਬਿਨਾਸ਼ੀ ਚਰਨੀ ਲਾਗ, ਪ੍ਰਭ ਦੇਵੇ ਸਾਚਾ ਵਰ । ਪ੍ਰਭ ਅਬਿਨਾਸ਼ੀ ਚਰਨੀ ਲਾਗ, ਜਾਏ ਸਾਚੇ ਘਰ । ਕਲਜੁਗ ਮਾਇਆ ਡਸਣਾ ਨਾਗ, ਦਰ ਘਰ ਸਾਚੇ ਆਵੇ ਡਰ । ਕਲਜੁਗ ਬਣੇ ਹੰਸ ਕਾਗ, ਮਾਨਸ ਜਨਮ ਗਏ ਹਰ । ਪ੍ਰਭ ਅਬਿਨਾਸ਼ੀ ਗੁਰਸਿਖਾਂ ਧੋਏ ਆਤਮ ਦਾਗ, ਜੋ ਜਨ ਲੱਗੇ ਸਾਚੇ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਿਸਾਏ ਏਕ ਰਾਹ ਚਲਾਏ, ਏਕਾ ਜੋਤ ਜਗਾਏ ਸ੍ਰਿਸ਼ਟ ਸਬਾਈ ਅੰਦਰ ਵੜ । ਸਚ ਘਰ ਹਰਿ ਭਾਗ ਲਗਾਇਆ । ਆਤਮ ਦਰ ਆਪ ਖੁਲ੍ਹਾਇਆ । ਸਾਚਾ ਸਰ ਗੁਰ ਚਰਨ ਛੁਹਾਇਆ । ਗੁਰਸਿਖ ਜਾਇਣ ਤਰ, ਚਾਰ ਹਾੜ ਪ੍ਰਭ ਦਰਸ਼ਨ ਪਾਇਆ । ਆਪ ਚੁਕਾਏ ਜਮ ਕਾ ਡਰ, ਲੱਖ ਚੁਰਾਸੀ ਗੇੜ ਕਟਾਇਆ । ਜੋਤੀ ਸਰੂਪ ਹਰਿ ਧਰਨੀ ਧਰ, ਅਚਰਜ ਖੇਲ ਮਾਤ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਰਨ ਪੜ੍ਹ ਵੇਲੇ ਅੰਤ ਲਏ ਛੁਡਾਇਆ । ਵੇਲੇ ਅੰਤ ਹੋਏ ਸਹਾਈ । ਦੇਵੇ ਦਰਸ ਆਪ ਰਘੁਰਾਈ । ਕਰੇ ਤਰਸ ਹਰਿ ਸਭਨੀਂ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸੇਵ ਜਿਸ ਜਨ ਕਮਾਈ । ਚਰਨ ਸੇਵ ਸਾਚੀ ਘਾਲ । ਸਚ ਪ੍ਰੀਤੀ ਨਿਭੇ ਨਾਲ । ਸਾਚੀ ਰੀਤੀ ਜਗਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਾਹੋ ਧੁਰ ਦਰਗਾਹੇ, ਅਗੰਮ ਅਥਾਹੋ, ਬੇਪ੍ਰਵਾਹੇ, ਹੋਏ ਸਹਾਈ ਸਭਨੀ ਥਾਓ, ਕੱਟੇ ਜਗਤ ਜੰਜਾਲ । ਆਪੇ ਕੱਟੇ ਜਗਤ ਜੰਜਾਲ । ਸਚ ਵਸਤ ਗੁਰਸਿਖ ਸੰਭਾਲ । ਸਾਚਾ ਹਿਤ ਸੋਹੰ ਸ਼ਬਦ ਕਮਾਲ । ਦੇਵੇ ਵਸਤ ਬਣ ਆਪ ਦਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਾ ਹੋਏ ਕੰਗਾਲ । ਸ਼ਬਦ ਭੰਡਾਰ ਨਾ ਜਾਏ ਕਦੇ ਨਿਖੁੱਟ । ਵਿਚ ਮਾਤ ਨਾ ਕੋਈ ਜਾਏ ਲੁੱਟ । ਆਦਿ ਜੁਗਾਦਿ ਸਦਾ ਅਤੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਜੜ੍ਹ ਦੇਵੇ ਪੁੱਟ । ਬੇਮੁੱਖਾਂ ਜੜ੍ਹ ਆਪ ਉਖਾੜੇ । ਲੇਖ ਲਿਖਾਏ ਚੌਥੇ ਹਾੜੇ । ਆਪ ਚਬਾਏ ਆਪਣੀ ਦਾੜ੍ਹੇ । ਨਗਨ ਫਿਰਾਏ ਵਿਚ ਉਜਾੜੇ । ਪੱਲੇ ਹੋਏ ਨਾ ਕਿਸੇ ਭਾੜੇ । ਨਾ ਕਿਸੇ ਦਿਸੇ ਪਿਛਾ ਅਗਾੜੇ । ਚਾਰ ਕੁੰਟ ਪੈਣ ਝਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੌਤ ਘੋੜੀ ਸਾਰੇ ਚਾੜ੍ਹੇ । ਮੌਤ ਘੋੜੀ ਜਾਇਣ ਚੜ੍ਹ । ਵਹਿੰਦੇ ਵਹਿਣ ਜਾਏ ਹੜ੍ਹ । ਆਪਣਾ ਕੀਤਾ ਪਾਇਣ ਮਰਨ ਲੜ ਲੜ । ਪ੍ਰਭ ਕਾ ਭਾਣਾ ਸਿਰ ਤੇ ਸਹਿਣ ਜਿਨ੍ਹਾਂ ਛੱਡਿਆ ਲੜ । ਨਾ ਕੋਈ ਦੀਸੇ ਮਾਂ ਪਿਉ ਭੈਣ ਭਰਾ ਸਾਕ ਸੱਜਣ ਸੈਣ ਸਭ ਅੰਦਰ ਬੈਠੇ ਵੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇ ਸਜਾਈ ਵੇਲੇ ਅੰਤ ਬਾਹੋਂ ਫੜ ਫੜ । ਗੁਰਸਿਖ ਹਰਿ ਮਾਣ ਦਵਈਆ । ਏਕਾ ਸ਼ਬਦ ਨਾਮ ਜਪਈਆ । ਸਾਚਾ ਰਾਹ ਜਗਤ ਦਿਸਈਆ । ਸਾਚੀ ਦਰਗਹਿ ਲੇਖ ਲਿਖਈਆ । ਸਾਚੇ ਥਾਨ ਆਪ ਬਹਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸੋਹੰ ਸਾਚੀ ਨਈਆ । ਸੋਹੰ ਨਈਆ ਆਪ ਚੜ੍ਹਾਏ । ਗੁਰਮੁਖ ਸਾਚੇ ਪਾਰ ਲੰਘਾਏ । ਸ਼ਬਦ ਮੁਹਾਣਾ ਵੰਝ ਰਖਾਏ । ਨਾ ਕੋਈ ਸਵੇਰ ਨਾ ਸੰਝ ਜਣਾਏ । ਵਿਚ ਧਾਰ ਮੰਝ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਦਇਆ ਕਮਾਏ, ਦਇਆ ਨਿੱਤ ਕਰੇ । ਗੁਰਮੁਖ ਸਾਚੇ ਸੰਤ ਜਨ ਸਾਚਾ ਪਿਤ ਹਰੇ । ਦੇਵੇ ਦਰਸ ਕਰ ਤਰਸ ਭਾਗ ਲਗਾਏ ਆਏ ਸਾਚੇ ਘਰੇ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਸਿੰਘ ਗੁਰਮੁਖ ਪਾਲ ਸਿੰਘ ਦੋਵੇਂ ਤਰੇ । ਸਚ ਨਾਉਂ ਰਸਨ ਧਿਆਇਆ । ਸਚ ਥਾਉਂ ਹਰਿ ਆਪ ਦਵਾਇਆ । ਪਕੜ ਬਾਹੋਂ ਹਰਿ ਗੋਦ ਉਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਇਆ । ਦਰਗਹਿ ਸਾਚੀ ਆਪ ਬਹਾਏ । ਗੁਰ ਸੰਗਤ ਪ੍ਰਭ ਸੰਗ ਰਲਾਏ । ਪ੍ਰਭ ਦਰ ਆਈ ਸਾਚੀ ਸੰਗਤ ਸਾਚੀ ਭਿਛਿਆ ਹਰਿ ਨਾਮ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਜੋਤੀ ਜੋਤ ਮਿਲਾਏ । ਜੋਤੀ ਜੋਤ ਆਪ ਮਿਲਾਇਆ । ਵੇਲਾ ਵਕਤ ਆਣ ਸੁਹਾਇਆ । ਆਦਿ ਜੁਗਾਦਿ ਜੁਗੋ ਜੁਗ ਪੈਜ ਜਨ ਭਗਤਾਂ ਰੱਖਦਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਇਆ । ਆਪ ਆਪਣਾ ਸਿਰ ਹੱਥ ਟਿਕਾ ਕੇ । ਸੋਹੰ ਸਾਚੇ ਰਥ ਚੜ੍ਹਾ ਕੇ । ਅਕਥ ਕਥਾ ਕਥ ਆਪ ਕਰਾ ਕੇ । ਸਾਚੀ ਵਥ ਹਰਿ ਝੋਲੀ ਪਾ ਕੇ । ਕਾਇਆ ਦੁੱਖੜੇ ਸਾਚੇ ਮੱਥ, ਆਪ ਲੈ ਜਾਏ ਸ਼ਬਦ ਘੋੜ ਚੜ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪਾਲ ਤੇਰੀ ਰੱਖੇ ਲਾਜ ਦਰ ਘਰ ਸਾਚੇ ਆਕੇ । ਸਚ ਘਰ ਹੋਇਆ ਵਿਚੋਲਾ । ਸੋਹੰ ਸ਼ਬਦ ਸੁਣਾਇਆ ਢੋਲਾ । ਉਤਰੇ ਪਾਰ ਜਿਸ ਜਨ ਰਸਨਾ ਬੋਲਾ । ਪ੍ਰਭ ਅਬਿਨਾਸ਼ੀ ਸਾਚਾ ਸ਼ਾਹੋ ਨਾਹੀ ਗੋਲਾ । ਜੋਤ ਸਰੂਪੀ ਜੋਤ ਹਰਿ, ਬੇਮੁਖਾਂ ਖੋਲ੍ਹੇ ਪੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਪੂਰਨ ਕਲਾ ਸੋਲਾਂ । ਵਿਚ ਵਿਚੋਲਾ ਆਪ ਬਣਾਇਆ । ਆਪਣਾ ਉਹਲਾ ਭੇਵ ਖੁਲ੍ਹਾਇਆ । ਸਾਚਾ ਸੋਹਲਾ ਸ਼ਬਦ ਸੁਣਾਇਆ । ਸਵਰਨ ਉਤਰੀ ਪਾਰ ਰਸਨਾ ਬੋਲਾ, ਪ੍ਰਭ ਅਬਿਨਾਸ਼ੀ ਸਰਨ ਲਗਾਇਆ । ਮਾਨਸ ਜਨਮ ਗਈ ਸੁਧਾਰ, ਕਾਇਆ ਛਡਿਆ ਝੂਠਾ ਚੋਲਾ । ਫੇਰ ਜਨਮ ਪਾਏ ਨਾ ਦੂਜੀ ਵਾਰ, ਚਰਨ ਪ੍ਰੀਤੀ ਆਤਮ ਘੋਲਾ । ਆਪ ਬਹਾਏ ਸਚ ਦਰਬਾਰ, ਦਿਵਸ ਰੈਣ ਰੈਣ ਦਿਵਸ ਚੱਲੇ ਸ਼ਬਦ ਅਮੋਲਾ । ਆਪਣੇ ਰੰਗ ਰੰਗੇ ਕਰਤਾਰ ਜੋਤ ਸਰੂਪੀ ਤੋਲ ਤੋਲਾ । ਝੂਠਾ ਛਡਿਆ ਸਭ ਸੰਸਾਰ, ਗੁਰ ਚਰਨ ਸੋਹੇ ਜਿਉਂ ਜਲ ਉਪਰ ਕਵਲਾ । ਪ੍ਰਭ ਸਾਚੇ ਤੇਰੀ ਸਾਚੀ ਕਾਰ, ਕਿਆ ਕੋਈ ਜਾਣੇ ਜੀਵ ਭੋਲਾ । ਸਦ ਸਦਾ ਤੇਰਾ ਸਚ ਵਿਹਾਰ, ਸ੍ਰਿਸ਼ਟ ਸਬਾਈ ਤੈਨੂੰ ਕਹੇ ਕਮਲਾ । ਏਕਾ ਤੇਰੀ ਸਾਚੀ ਧਾਰ ਉਪਰ ਧਵਲਾ । ਗੁਰਮੁਖਾਂ ਕਰੇ ਵਿਚਾਰ ਜੋਤ ਸਰੂਪੀ ਜਿਉਂ ਕਾਹਨਾ ਸਵਲਾ । ਆਪ ਬਹਾਏ ਸਚਖੰਡ ਦਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਦਾ ਸਦਾ ਸਦਾ ਸਦ ਮਵਲਾ । ਸਵਰਨ ਸਰ ਆਤਮ ਦਰ । ਸਰਨ ਪੜ ਗਈ ਤਰ । ਮਿਲਿਆ ਹਰਿ ਸਚਾ ਹਰਿ । ਨਾ ਦੀਸੇ ਦੂਜਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਆਪ ਰਖਾਵੇ ਸਾਚੇ ਘਰ । ਸਚ ਘਰ ਹਰਿ ਦਵਾਰਾ । ਸਾਚਾ ਵਰ ਕੰਤ ਪਿਆਰਾ । ਸਾਚਾ ਸਰ ਜੀਵਾਂ ਜੰਤਾਂ ਸੋਹੰ ਸ਼ਬਦ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਨਾ ਕੋਈ ਜਾਣੇ ਕਲਜੁਗ ਜੀਵ ਭੇਖੀ ਸੰਤ ਗਵਾਰਾ । ਸਵਰਨ ਸਰਨ ਆਈ ਹਰਿ । ਸਾਚੀ ਤਰਨੀ ਗਈ ਤਰ । ਪ੍ਰਭ ਅਬਿਨਾਸ਼ੀ ਆਪ ਬਹਾਈ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਆਤਮ ਮੇਲ ਮਿਲਾਇਆ ਆਪ ਖੁਲ੍ਹਾਇਆ ਦਸਵਾਂ ਦਰ । ਪੂਰਨ ਸਾਰ ਹਰਿ ਸਾਚੇ ਪਾਈ । ਏਕਾ ਸ਼ਬਦ ਧਾਰ ਰਸਨਾ ਗਾਈ । ਪ੍ਰਭ ਅਬਿਨਾਸ਼ੀ ਕਿਰਪਾ ਕਰ ਅਪਾਰ, ਆਪਣੀ ਸਰਨ ਲਗਾਈ । ਪੂਰਨ ਕਰਮ ਵਿਚਾਰ ਵਿਚ ਮਾਤ ਦੇਵੇ ਵਡਿਆਈ । ਲੱਖ ਚੁਰਾਸੀ ਗੇੜ ਨਿਵਾਰ ਵਿਚ ਜੋਤੀ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਿਵਸ ਵਿਚਾਰ, ਚੌਦਾਂ ਜੇਠ ਦੇਹ ਛੁਡਾਈ ।


੨੫੪ ੦੩

## ❋ ੪ ਹਾੜ ੨੦੧੦ ਬਿਕ੍ਰਮੀ ਧਰਮਬੀਰ ਦੇ ਗ੍ਰਿਹ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ❋

ਨਰਾਇਣ ਨਰ ਨਰ ਹਰੀ । ਲੋਕਮਾਤ ਜੋਤ ਧਰੀ । ਅਚਰਜ ਖੇਲ ਪ੍ਰਭ ਆਪ ਕਰੀ । ਦਰ ਘਰ ਸਾਚੇ ਦੇਵੇ ਦਰਸ ਮਿਟਾਏ ਹਰਸ ਕਰ ਤਰਸ ਕਰ ਪੂਰਨ ਆਸ ਪ੍ਰਭ ਆਪ ਕਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਵਡ ਬ੍ਰਹਿਮਾਦੀ ਬੋਧ ਅਗਾਧੀ ਸ਼ਬਦ ਅਨਾਦੀ ਦੇਵੇ ਮਾਣ ਜਗਤ ਤਾਨ ਜਨ ਭਗਤਾਂ ਕਿਰਪਾ ਆਪ ਕਰੀ । ਕਿਰਪਾ ਕਰੇ ਗੁਣਾਂ ਗੁਣਵੰਤ । ਪ੍ਰਭ ਅਬਿਨਾਸ਼ੀ ਪੂਰਨ ਭਗਵੰਤ । ਗੁਰਮੁਖ ਸਾਚੇ ਆਪ ਜਗਾਏ ਦੇਵੇ ਮਾਣ ਵਿਚ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸਾਚਾ ਦਰਗਹਿ ਸਾਚੀ ਸਾਚਾ ਕੰਤ । ਸਾਚਾ ਕੰਤ ਸਚ ਸੁਹੇਲੜਾ । ਗੁਰਮੁਖਾਂ ਕਰਾਏ ਕਲਜੁਗ ਮੇਲੜਾ । ਆਪ ਸੁਹਾਏ ਸਾਚਾ ਵੇਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰ ਨਰਾਇਣ ਨਾ ਦਿਸੇ ਇਕ ਇਕੇਲੜਾ । ਇਕ ਇਕੱਲੜਾ ਆਪੇ ਵਸਿਆ । ਗੁਰਮੁਖਾਂ ਰਾਹ ਸਾਚਾ ਦੱਸਿਆ । ਆਤਮ ਜੋਤ ਕਰੇ ਪ੍ਰਕਾਸ਼ ਕੋਟ ਰਵ ਸੱਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰ ਨਰਾਇਣ ਜਨ ਭਗਤਾਂ ਸਦ ਹਿਰਦੇ ਵਸਿਆ । ਹਿਰਦੇ ਵਸਿਆ ਹਰਿ ਹਰਿ ਰੰਗਾ । ਦੇਵੇ ਦਰਸ ਜੋਤ ਸਰੂਪੀ ਸਾਚਾ ਸਚ ਸਚ ਅਣਮੰਗਾ । ਗੁਰਮੁਖਾਂ ਦੇਵੇ ਦਰਸ ਨਾਮ ਵਡਿਆਈ ਹੋਏ ਸਹਾਈ ਜੋਤ ਜਗਾਈ ਦੇਵੇ ਦਾਨ ਭਗਤ, ਭਗਤ ਭਗਵਾਨ ਕਿਰਪਾ ਕਰ ਮਹਾਨ ਵਡ ਦਾਨੀ ਦਾਨ ਨਿਹਕਲੰਕ ਬਲੀ ਬਲਵਾਨ ਸੋਹੰ ਸ਼ਬਦ ਅਨਰੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸੰਗ ਸੰਗਾ । ਸੰਗੀ ਸਾਥੀ ਪ੍ਰਭ ਰਘੁਨਾਥੀ । ਤ੍ਰਲੋਕੀ ਨਾਥੀ ਗੁਰਮੁਖ ਸਾਚੇ ਲੇਖ ਲਿਖਾਏ ਪ੍ਰਭ ਅਬਿਨਾਸ਼ੀ ਵਿਚ ਮਸਤਕ ਮਾਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸੋਹੰ ਸਾਚੇ ਰਾਥੀ । ਸੋਹੰ ਸਾਚਾ ਰਥ ਚਲਾਇਆ । ਗੁਰਮੁਖ ਸਾਚਾ ਆਪ ਚੜ੍ਹਾਈਆ । ਕਲਜੁਗ ਬੇੜਾ ਬੰਨ੍ਹੇ ਲਾਇਆ । ਲੱਖ ਚੁਰਾਸੀ ਗੇੜਾ ਆਪ ਚੁਕਾਇਆ । ਆਵਣ ਜਾਵਣ ਝੂਠਾ ਝੇੜਾ ਆਪ ਚੁਕਾਇਆ । ਪਤਤ ਪਾਵਣ ਗੁਰਸਿਖਾਂ ਪਕੜੇ ਦਾਮਨ ਗੁਰਸਿਖਾਂ ਹੋਏ ਜਾਮਣ ਵੇਲੇ ਅੰਤ ਲਏ ਛੁਡਾਇਆ । ਬੇਮੁਖ ਸੰਘਾਰੇ ਜਿਉਂ ਰਾਮਾ ਰਾਵਣ, ਸ਼ਬਦ ਬਾਣ ਹਰਿ ਆਪ ਚਲਾਇਆ । ਗੁਰਮੁਖ ਸਾਚੇ ਆਪ ਤਰਾਏ ਅੰਮ੍ਰਿਤ ਮੇਘ ਬਰਸਾਏ ਜਿਉਂ ਬਰਸੇ ਸਾਵਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਲੰਘਾਇਆ । ਕਰ ਕਿਰਪਾ ਪਾਰ ਉਤਾਰਿਆ । ਜਨ ਭਗਤ ਭਗਤ ਜਨ ਚਰਨ ਨਿਮਸਕਾਰਿਆ । ਧੰਨ ਧੰਨ ਧੰਨ ਗੁਰਮੁਖ ਸਾਚਾ ਧੰਨ ਪ੍ਰਭ ਸਾਚਾ ਮਾਣ ਦਵਾ ਰਿਹਾ । ਆਤਮ ਜਾਏ ਮਨ ਝੂਠਾ ਚੁਕਾਏ ਜਨ, ਧਰਮ ਰਾਏ ਨਾ ਦੇਵੇ ਡੰਨ, ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ, ਸੋਹੰ ਸਾਚਾ ਸ਼ਬਦ ਸੁਣਾ ਰਿਹਾ । ਗੁਰਸਿਖ ਸੁਣੇ ਲਾਏ ਕੰਨ, ਹਰਿਆ ਹੋਵੇ ਮਨ ਤਨ, ਝੂਠਾ ਭਾਂਡਾ ਦੇਵੇ ਭੰਨ, ਸੋਹੰ ਦੇਵੇ ਸਚ ਵਸਤ ਨਾ ਲੱਗੇ ਸੰਨ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਰਾਹ ਦਿਖਾ ਰਿਹਾ । ਸਤਿਜੁਗ ਸਾਚੇ ਮਾਰਗ ਪਾਉਣਾ । ਸੋਹੰ ਸਾਚਾ ਨਾਮ ਜਪਾਉਣਾ । ਕਲਜੁਗ ਭੇਖ ਸਰਬ ਮਿਟਾਉਣਾ । ਸ੍ਰਿਸ਼ਟ ਸਬਾਈ ਏਕਾ ਰੰਗ ਹਰਿ ਸਾਚੇ ਆਪ ਰੰਗਾਉਣਾ । ਸਾਚਾ ਵਰਨ ਚਰਨ ਪ੍ਰੀਤੀ ਸਾਚਾ ਸੰਗ ਪ੍ਰਭ ਵਿਚ ਮਾਤ ਦਿਸਾਉਣਾ । ਆਪੇ ਪਰਖੇ ਸਾਚੀ ਨੀਤੀ, ਗੁਰਮੁਖ ਸੋਇਆ ਆਪ ਜਗਾਉਣਾ । ਕਲਜੁਗ ਅਵਧ ਅੰਤਕਾਲ ਕਲ ਬੀਤੀ, ਸਤਿਜੁਗ ਸਾਚਾ ਬੀਜ ਬਿਜਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤ ਆਪ ਚਲਾਏ ਸਾਚੀ ਰੀਤੀ,

ਨਿਹਕਲੰਕ ਨਰਾਇਣ ਨਰ ਅਵਤਾਰ ਆਪ ਅਖਵਾਉਣਾ । ਸਤਿਜੁਗ ਸਾਚਾ ਮਾਤ ਧਰ । ਪ੍ਰਭ ਅਬਿਨਾਸ਼ੀ ਦੇਵੇ ਵਰ । ਚਾਰ ਵਰਨ ਖੁਲ੍ਹਾਏ ਏਕਾ ਦਰ । ਗੁਰ ਚਰਨ ਬਣਾਏ ਸਾਚਾ ਸਰ । ਊਚ ਨੀਚ ਸਭ ਜਾਇਣ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਰੰਕ ਰਾਓ ਆਪ ਬਹਾਏ ਏਕਾ ਘਰ । ਏਕਾ ਘਰ ਇਕ ਵਿਹਾਰਾ । ਏਕਾ ਦਰ ਇਕ ਦਵਾਰਾ । ਪ੍ਰਭ ਸਾਚੇ ਦੀ ਸਾਚੀ ਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਨ ਭਗਤਾਂ ਹੋਏ ਆਪ ਸਹਾਰਾ । ਭਗਤ ਉਧਾਰੀ ਜੋਤ ਨਿਰੰਕਾਰੀ । ਆਵੇ ਜਾਵੇ ਵਾਰੋ ਵਾਰੀ । ਕਰੇ ਖੇਲ ਅਪਰ ਅਪਾਰੀ । ਗੁਰਮੁਖ ਸਾਚੇ ਜਾਏ ਤਾਰੀ । ਸ੍ਰਿਸ਼ਟ ਸਬਾਈ ਰਹੀ ਝੱਖ ਮਾਰੀ । ਮਦਿਰਾ ਮਾਸੀ ਹੋਏ ਖਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਕਰੇ ਕਾਰੀ । ਆਤਮ ਅਕਾਰੀ ਸ਼ਬਦ ਅਧਾਰੀ ਜੋਤ ਨਿਰੰਕਾਰੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਵਰ ਹਰਿ ਨਰ ਸਾਚਾ ਜਨ ਭਗਤਾਂ ਜਾਏ ਪੈਜ ਸਵਾਰੀ । ਧਰਮਬੀਰ ਧਰਮ ਦੀ ਦਾਤ । ਸੋਹੰ ਸ਼ਬਦ ਸਚ ਕਰਾਮਾਤ । ਚਰਨ ਪ੍ਰੀਤੀ ਸਾਚਾ ਨਾਤ । ਝੂਠੇ ਦਿਸਣ ਭੈਣ ਭਰਾਤ । ਵੇਲੇ ਅੰਤ ਕੋਇ ਨਾ ਸਾਥ । ਹੋਏ ਸਹਾਈ ਆਪ ਰਘੁਨਾਥ । ਦੇਵੇ ਵਡਿਆਈ ਤ੍ਰੈਲੋਕੀ ਨਾਥ । ਵਿਚ ਜੋਤੀ ਜੋਤ ਮਿਲਾਨੀ ਆਵਣ ਜਾਵਣ ਗੇੜ ਚੁਕਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨਿਭਾਏ ਸਗਲਾ ਸਾਥ । ਝੂਠਾ ਧੰਦਾ ਜਗਤ ਵਿਹਾਰਾ । ਲੱਖ ਚੁਰਾਸੀ ਖੇਲ ਅਪਾਰਾ । ਵਰਤੇ ਵਰਤਾਵੇ ਪ੍ਰਭ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗੋ ਜੁਗ ਕਰੇ ਖੇਲ ਅਪਰ ਅਪਾਰਾ । ਕਰੇ ਕਰਾਏ ਆਪ ਗਿਰਧਾਰ । ਪੂਰਬ ਕਰਮ ਲਏ ਵਿਚਾਰ । ਆਪੇ ਪਾਏ ਗੁਰਮੁਖਾਂ ਸਾਰ । ਕਲਜੁਗ ਸੋਏ ਆਪ ਜਗਾਏ ਖਿਚ ਲਿਆਏ ਚਰਨ ਦਵਾਰ । ਦੁਰਮਤ ਮੈਲ ਪਾਪਾਂ ਧੋਏ ਸੋਹੰ ਚਾੜ੍ਹੇ ਰੰਗ ਅਪਾਰ । ਆਤਮ ਬੀਜ ਸਾਚਾ ਬੋਏ, ਅੰਤਮ ਖਿੜੇ ਸੱਚੀ ਗੁਲਜ਼ਾਰ । ਪ੍ਰਭ ਬਿਨ ਅਵਰ ਨਾ ਦੀਸੇ ਕੋਇ, ਵੇਲੇ ਅੰਤ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰ । ਸਾਚੀ ਦੇਵੇ ਘਰ ਸਾਚੇ ਸੀਖਿਆ । ਗੁਰਮੁਖ ਮੰਗੇ ਸਾਚੀ ਭੀਖਿਆ । ਧੁਰ ਦਰਗਾਹੋਂ ਸਾਚਾ ਲੇਖ ਪ੍ਰਭ ਸਾਚੇ ਲੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਦਇਆ ਕਮਾਏ ਬਿਧਨਾ ਲਿਖੀ ਜੋ ਰੇਖਿਆ । ਰੇਖ ਰੇਖ ਹਰਿ ਰੇਖ ਮਿਟਾਏ । ਲੇਖ ਲੇਖ ਹਰਿ ਸਾਚੇ ਲੇਖ ਲਿਖਾਏ । ਭੇਖ ਭੇਖ ਭੇਖ ਕਰ ਹਰਿ ਜਗਤ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸੋਏ ਆਪ ਜਗਾਏ । ਗੁਰਮੁਖ ਸੋਇਆ ਆਪ ਜਗਾਇਆ । ਆਪ ਆਪਣੀ ਸਰਨੀ ਲਾਇਆ । ਸੋਹੰ ਸਾਚਾ ਨਾਮ ਜਪਾਇਆ । ਸਵਾਸ ਸਵਾਸ ਸਵਾਸ ਹੋ ਦਾਸ ਦਾਸ ਦਾਸ ਹਿਰਦੇ ਰੱਖ ਵਾਸ ਵਾਸ ਵਾਸ ਆਤਮ ਰੰਗ ਰੰਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸੰਗ ਨਿਭਾਇਆ । ਸੰਗ ਸੁਹੇਲਾ ਜੁਗਾਂ ਜੁਗਾਂ ਵਿਛੜਿਆਂ ਪ੍ਰਭ ਸਾਚੇ ਕਲ ਕਰਾਇਆ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸੱਜਣ ਸਾਕ ਸੈਣ ਸੁਹੇਲਾ । ਸੱਜਣ ਸਾਕ ਸੈਣ ਸਾਚਾ ਮਿੱਤ । ਆਪੇ ਬਣੇ ਮਾਤ ਪਿਤ । ਗੁਰਮੁਖਾਂ ਕਰੇ ਸਾਚਾ ਹਿੱਤ । ਜੋਤ ਪ੍ਰਗਟਾਏ ਨਿਤ ਨਵਿਤ । ਹੋਏ ਸਹਾਏ ਜੋ ਰਾਖੇ ਚਿੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੀ ਰੀਤ । ਮੀਤ ਮੀਤਲਾ ਸਾਚਾ ਸੀਤਲਾ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਰੀਤਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਰਖੇ ਆਪੇ ਵੇਖੇ ਕੱਢੇ ਭਰਮ ਭੁਲੇਖੇ, ਸਾਚੀ ਦਰਗਹਿ ਲਾਏ ਲੇਖੇ, ਗੁਰਮੁਖ


੨੫੬
੦੩

ਵਿਰਲਾ ਦਰ ਘਰ ਸਾਚਾ ਪੇਖੇ, ਜਿਥੇ ਗਸੇ ਹਰਿ ਹਰਿ ਸਾਚਾ ਬੀਠਲਾ । ਹਰਿ ਹਰਿ ਸਾਚਾ ਵੇਖ ਵਿਚਾਰੋ । ਜੂਏ ਜਨਮ ਨਾ ਆਪਣਾ ਹਾਰੋ । ਮਾਨਸ ਜਨਮ ਨਾ ਆਏ ਦੂਜੀ ਵਾਰੋ । ਝੂਠਾ ਦਿਸੇ ਸਭ ਪਰਿਵਾਰੋ । ਵੇਲੇ ਅੰਤ ਹੋਏ ਸਹਾਈ ਏਕਾ ਇਕ ਕਰਤਾਰੋ । ਜੋਤ ਸਰੂਪੀ ਦਰਸ ਦਿਖਾਈ ਹਰਸ ਮਿਟਾਈ ਦੇਵੇ ਨਾਮ ਅਧਾਰੋ । ਪ੍ਰਭ ਅਬਿਨਾਸ਼ੀ ਦਇਆ ਕਮਾਈ ਦੇਵੇ ਵਡਿਆਈ, ਆਪਣੀ ਗੋਦ ਸਵਰਨ ਉਠਾਈ ਪਾਰਬ੍ਰਹਮ ਰੂਪ ਅਪਾਰੋ । ਮਾਤ ਪਿਤਾ ਦੇਵੇ ਵਧਾਈ । ਮਾਤ ਕੁੱਖ ਸੁਫਲ ਕਰਾਈ । ਆਤਮ ਦੁੱਖ ਰਹੇ ਨਾ ਰਾਈ । ਚਿੰਤਾ ਭੁੱਖ ਪ੍ਰਭ ਦੇ ਮਿਟਾਈ । ਏਕਾ ਸੁਖ ਹਰਿ ਦੇ ਉਪਜਾਈ । ਉਜਲ ਮੁਖ ਜਗਤ ਰਹਿ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦਾ ਸਦਾ ਨਿਮਸਕਾਰੋ । ਸਾਚੇ ਧਾਮ ਸਵਰਨ ਬਹਾਈ । ਏਕਾ ਜੋਤ ਜਗੇ ਰਘੁਰਾਈ । ਦੂਸਰ ਕੋਈ ਦਿਸੇ ਨਾਹੀ । ਆਪ ਅਪਰੰਪਰ ਅਪਰ ਅਪਾਰ ਇਹ ਬਣਤ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ ਬੈਕੁੰਠ ਨਿਵਾਸੀ, ਆਪ ਬਣਾਏ ਚਰਨ ਦਾਸੀ , ਸੋਹੰ ਸ਼ਬਦ ਚਲਾਏ ਸਵਾਸ ਸਵਾਸੀ, ਮਾਨਸ ਜਨਮ ਕਰਾਇਆ ਰਾਸੀ, ਅੰਤਮ ਜੋਤੀ ਜੋਤ ਮਿਲਾਈ । ਜੋਤੀ ਜੋਤ ਮਿਲਈਆ ਮੇਲ । ਜਗਿਆ ਦੀਪਕ ਬਿਨ ਬਾਤੀ ਬਿਨ ਤੇਲ । ਆਪ ਵਸਾਏ ਘਰ ਸਾਚੇ ਦਿਸੇ ਰੰਗ ਨਵੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਵਰਤਾਵੇ ਕਰੇ ਕਰਾਵੇ ਆਪੇ ਜਾਣੇ ਆਪਣਾ ਖੇਲ । ਆਪਣਾ ਖੇਲ ਹਰਿ ਕਰੰਤਾ । ਜੁਗੋ ਜੁਗ ਭਗਤ ਭਗਵੰਤਾ । ਮਾਣ ਦਵਾਏ ਸਾਚੇ ਸੰਤਾਂ । ਖੇਲ ਰਚਾਏ ਆਦਿਨ ਅੰਤਾ । ਬੇਮੁਖਾਂ ਮਾਇਆ ਪਾਏ ਬੇਅੰਤਾ । ਧੰਨ ਧੰਨ ਧੰਨ ਗੁਰਸਿਖ ਜਿਨ ਮਿਲਿਆ ਹਰਿ ਸਾਜਨ ਸਾਚਾ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤਾ । ਸਾਚੀ ਬਣਤ ਜਾਏ ਬਣ । ਦੁੱਖ ਰੋਗ ਨਾ ਲੱਗੇ ਤਨ । ਸਹਿੰਸਾ ਰੋਗ ਚੁੱਕੇ ਮਨ । ਭਾਂਡਾ ਭਰਮ ਦੇਣਾ ਭੰਨ । ਝੂਠਿਆਂ ਜੂਠਿਆਂ ਸ਼ਬਦ ਨਾ ਸੁਣਨਾ ਕੰਨ । ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ । ਧਰਮ ਰਾਏ ਨ ਲਾਵੇ ਡੰਨ । ਗੁਰਸਿਖ ਉਠਾਏ ਆਪਣੇ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਢਾਏ ਭਰਮ ਭੁਲੇਖਾ ਝੂਠਾ ਕਲਜੁਗ ਜਨ ।



## ❊ ੬ ਹਾੜ ੨੦੧੦ ਬਿਕ੍ਰਮੀ ਪੂਰਨ ਸਿੰਘ ਜੀ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਮਨ ਮਤਾ ਆਤਮ ਤਤਿਆ । ਧੀਰਜ ਧਰਵਾਸ ਨਾ ਹੋਏ ਰਤਿਆ । ਝੂਠਾ ਤੁਟਾ ਜਗਤ ਨਤਿਆ । ਸਾਚਾ ਨਾਉਂ ਨਾ ਰਸਨਾ ਕਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਗਾਇਆ ਬੱਤੀ ਦੰਦਿਆ । ਬੱਤੀ ਦੰਦ ਨਾ ਹਰਿ ਜਸ ਗਾਇਆ । ਆਤਮ ਅੰਧ ਅੰਧੇਰ ਰਖਾਇਆ । ਝੂਠੀ ਕੰਧ ਨਾ ਪਰਦਾ ਲਾਹਿਆ । ਮਨ ਤਨ ਬੱਧਾ ਬਧਨਾ ਨਾ ਕਿਸੇ ਛੁਡਾਇਆ । ਮੁਖ ਰਖਾਏ ਵਿਸ਼ਟਾ ਗੋਦ ਅੰਮ੍ਰਿਤ ਜਾਮ ਨਾ ਕਿਸੇ ਪਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਰਘੁਰਾਇਆ । ਕਿਰਪਾ ਕਰੇ ਆਪ ਨਰ ਹਰਾ ਆਪ ਰਘੁਰਾਏ । ਆਪ ਰਘੁਬੰਸ ਕਾਇਆ ਕੀਟ ਵਿਕਾਰ ਮੁਕਾਏ । ਆਪ ਬਣਾਏ ਸਾਚਾ ਬੰਸ, ਸੋਹੰ ਸਾਚਾ ਨਾਮ ਜਪਾਏ । ਆਪ ਬਣਾਏ ਸਾਚੀ ਅੰਸ, ਜਮਦੂਤਾਂ ਮਾਰ ਭਜਾਏ । ਸੋਹੰ ਸ਼ਬਦ ਜਿਉਂ ਕਾਹਨਾ ਕੰਸ, ਭੂਤ ਪ੍ਰੇਤ ਕੋਈ ਨੇੜ ਨਾ ਅਏ । ਬਣ ਜਾਏ ਹਰਿ ਸਾਚੇ ਦੀ ਸਾਚੀ ਅੰਸ, ਲੱਖ ਚੁਰਾਸੀ ਗੇੜ ਕਟਾਏ । ਧਰਮ

ਰਾਏ ਨਾ ਦਏ ਸਜਾਏ । ਬਾਹੋਂ ਪਕੜ ਪਾਰ ਲੰਘਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਦੇਵੇ ਵਡਿਆਈ ਵਿਚ ਸਹੰਸ, ਸਹਿੰਸਾ ਸਹਿਸ ਸਹੰਸ ਸੁਖਦਾਈ । ਸਾਚਾ ਬੰਸ ਸਿੱਖ ਆਪ ਬਣਾਈ । ਆਪਣੀ ਅੰਸ ਆਪ ਜਗਾਈ । ਸ਼ਬਦ ਬਾਣ ਸਾਚਾ ਧਨੁੱਸ਼ ਚਿੱਲਾ ਨਾਉਂ ਤੀਰ ਚੜ੍ਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਤਾਂ ਦੁਸ਼ਟਾਂ ਦੇ ਸਜਾਈ । ਦੂਈ ਦੁਸ਼ਟ ਜੀਵ ਦੁਰਾਚਾਰ । ਵੇਲਾ ਅੰਤਮ ਆਪਣਾ ਗਏ ਹਾਰ । ਝੂਠੀ ਰਹੇ ਪਸਰ ਪਸਾਰ । ਪ੍ਰਭ ਅਬਿਨਾਸ਼ੀ ਸਾਚਾ ਘਨਈਆ ਸਰਬ ਜੀਆਂ ਗੁਣ ਰਿਹਾ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰ । ਰੋਗ ਸੋਗ ਚਿੰਤਾ ਦੁੱਖ । ਕਰ ਦਰਸ ਉਤਰੇ ਭੁੱਖ । ਸੁਫਲ ਕਰਾਏ ਸਾਚੀ ਕੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਮਦਿਰਾ ਮਾਸ ਤਜਾਏ ਗੁਰ ਚਰਨੀ ਸੀਸ ਨਿਵਾਏ ਉਜਲ ਕਰਾਏ ਮੁਖ । ਉਜਲ ਮੁਖ ਹੋਏ ਸੰਸਾਰਾ । ਉਤਰੇ ਭੁੱਖ ਦਰਸ ਅਪਾਰਾ । ਸਾਚਾ ਸੁਖ ਨਾਮ ਅਧਾਰਾ । ਸੁਫਲ ਕੁੱਖ ਅੰਮ੍ਰਿਤ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਬੂਝ ਬੁਝਾਰਾ । ਬੂਝ ਬੁਝਾਏ ਕਰਮ ਵਿਚਾਰੇ । ਦਰ ਘਰ ਆਵੇ ਸਾਚੇ ਨ੍ਹਾਵੇ । ਖ਼ਾਲੀ ਭਰੇ ਆਪ ਭੰਡਾਰੇ । ਜੋ ਜਨ ਆਏ ਮੰਗਣ ਦਰ ਦਵਾਰੇ । ਪ੍ਰਭ ਅਬਿਨਾਸ਼ੀ ਨਾਮ ਅਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸ਼ਬਦ ਅਪਾਰੇ । ਸ਼ਬਦ ਅਪਾਰ ਸੋਹੰ ਧਾਰ, ਗੁਰਮੁਖ ਉਚਾਰ ਨਾ ਜਾਣਾ ਬਚਨ ਹਾਰ । ਵੇਲੇ ਅੰਤ ਨਾ ਹੋਣਾ ਖੁਆਰ । ਪ੍ਰਭ ਸਾਚਾ ਮਾਰੇ ਡਾਹਢੀ ਮਾਰ । ਨਾ ਕੋਈ ਦਿਸੇ ਅੰਤ ਸਹਾਰ । ਝੂਠੀ ਕਾਇਆ ਦਿਸੇ ਜਗਤ ਪਿਆਰ । ਏਕਾ ਨਾਉਂ ਰਿਦੇ ਵਸਾਵੇ ਵੇਲੇ ਅੰਤ ਕਰਾਏ ਪਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਚਰਨ ਸਚ ਸਰਨ ਚੁਕਾਏ ਜਮ ਕਾ ਡਰਨ ਜਾਓ ਚਰਨ ਬਲਿਹਾਰ । ਬਲਿਹਾਰ ਜਾਓ, ਦਰਸ ਗੁਰ ਪਾਓ । ਦਰਦ ਦੁੱਖ ਮਿਟਾਓ । ਰਸਨਾ ਭੁੱਖ ਗਵਾਓ । ਆਤਮ ਸੁਖ ਇਕ ਉਪਜਾਓ । ਸੋਹੰ ਸਾਚਾ ਰਸਨਾ ਗਾਓ । ਹਿਰਦੇ ਵਸਣਾ ਰਾਹ ਸਾਚਾ ਦੱਸਣਾ ਨਾ ਕਦੇ ਭੁਲਾਓ । ਜਮਦੂਤਾਂ ਹਰਿ ਸਾਚੇ ਨੱਸਣਾ, ਮਾਨਸ ਜਨਮ ਲੇਖੇ ਲਾਓ । ਸ਼ਬਦ ਤੀਰ ਹਰਿ ਸਾਚੇ ਕਸਣਾ, ਪਸ਼ੂ ਪ੍ਰੇਤ ਨਾ ਬਣ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਆਤਮ ਤ੍ਰਿਖਾ ਸਰਬ ਬੁਝਾਓ । ਆਤਮ ਤ੍ਰਿਖਾ ਦਰਸ ਪਿਆਸ । ਪ੍ਰਭ ਅਬਿਨਾਸ਼ੀ ਕੀਨੇ ਨਾਸ । ਸੋਹੰ ਚੀਨਾ ਸਵਾਸ ਸਵਾਸ । ਮਾਨਸ ਜਨਮ ਕਰਾਏ ਗੁਰਸਿਖ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸ਼ਾਹੋ ਸ਼ਾਬਾਸ਼ । ਸ਼ਾਹੋ ਸ਼ਾਬਾਸੇ ਜੋਤ ਪ੍ਰਕਾਸ਼ੇ । ਅੰਧੇਰ ਵਿਨਾਸੇ, ਗੁਰਸਿਖਾਂ ਹੋਏ ਦਾਸਨ ਦਾਸੇ । ਗੁਰਮੁਖਾਂ ਦੇਵੇ ਸ਼ਬਦ ਭਰਵਾਸੇ । ਸੋਹੰ ਜਪਾਏ ਸਵਾਸ ਸਵਾਸੇ । ਏਕਾ ਸਾਚੀ ਵਸਤ ਟਿਕਾਏ ਸਾਚਾ ਨਾਉਂ ਕਾਇਆ ਝੂਠੇ ਕਾਸੇ । ਪ੍ਰਭ ਅਬਿਨਾਸ਼ੀ ਬਲ ਬਲ ਜਾਓ, ਕਰੇ ਬੰਦ ਖਲਾਸੇ । ਵਲ ਛਲ ਛਲ ਵਲ ਨਾ ਕਰ ਭੁੱਲ ਜਾਓ, ਪ੍ਰਭ ਸਾਚਾ ਵੇਖ ਰੰਗ ਤਮਾਸ਼ੇ । ਵੇਲੇ ਅੰਤਕਾਲ ਨਾ ਡੁਲ ਜਾਓ, ਮਾਨਸ ਜਨਮ ਨਾ ਜਾਏ ਹਾਸੇ । ਆਪਣੀ ਭੁੱਲ ਆਪ ਬਖ਼ਸ਼ਾਓ, ਰਸਨ ਨਾ ਲਾਓ, ਮਦਿਰਾ ਮਾਸੇ । ਪੂਰੇ ਤੋਲ ਗੁਰਸਿਖ ਤੁਲ ਜਾਓ, ਮਾਨਸ ਜਨਮ ਕਰਾਓ ਰਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੁਖਦਾਈ ਸਾਚਾ ਸੁੱਖ ਦੇ ਉਪਜਾਈ । ਆਤਮ ਦੇਵੇ ਸ਼ਬਦ ਧਰਵਾਸੇ । ਸ਼ਬਦ ਧੀਰ ਸਚ ਧੀਰਨਾ । ਅੰਮ੍ਰਿਤ ਦੇਵੇ ਸਾਚਾ ਸੀਰਨਾ । ਰੋਗਾਂ ਸੋਗਾਂ ਜਿਸ ਨੇ ਚੀਰਨਾ । ਨਾ ਕੋਈ ਜਾਣੇ ਪੀਰ ਫ਼ਕੀਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ ਤੀਰਨਾ । ਤੀਰ ਤਲਵਾਰ ਸ਼ਬਦ ਕਟਾਰ, ਖੰਡਾ ਦੋ ਧਾਰ, ਦੁਸ਼ਟਾਂ

੨੫੮ ੦੩

ਦਏ ਸੰਘਾਰ । ਗੁਰਮੁਖਾਂ ਬੇੜਾ ਲਾਵੇ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਤਰ ਜਾਏ ਪਾਰ । ਦੁਤਰ ਤਾਰੇ ਗੇੜ ਨਿਵਾਰੇ । ਸਚ ਦਰਬਾਰੇ ਲੇਖ ਲਿਖਾਵੇ ਪਵਣ ਜੋਤ ਇਕ ਹੁਲਾਰੇ । ਦੁਰਮਤ ਮੈਲ ਪਾਪਾਂ ਧੋਏ, ਅੰਮ੍ਰਿਤ ਰੰਗ ਚੜ੍ਹਾਏ ਅਪਰ ਅਪਾਰੇ । ਪ੍ਰਭ ਅਬਿਨਾਸ਼ੀ ਸਾਚੀ ਜੋਤ ਜਾਮਾ ਵਿਚ ਮਾਤ ਦੇ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸੋਹਣ ਚਰਨ ਦਵਾਰੇ । ਚਰਨ ਦਵਾਰ ਚਰਨ ਗੁਰ ਸੇਵਾ । ਪ੍ਰਭ ਅਬਿਨਾਸ਼ੀ ਅਲਖ ਅਭੇਵਾ । ਸਾਚਾ ਦੇਵੇ ਅੰਮ੍ਰਿਤ ਮੇਵਾ । ਕੋਈ ਨਾ ਜਾਣੇ ਦੇਵੀ ਦੇਵਾ । ਗੁਰਸਿਖ ਸਾਚ ਸ਼ਬਦ ਵਖਾਣੇ ਜਿਹਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਰਥਾ ਨਾ ਜਾਏ ਚਰਨ ਪ੍ਰੀਤੀ ਸੇਵਾ । ਸ਼ਬਦ ਅਸਵ ਕਸ ਤੰਗ । ਮਨ ਮਨੂਆ ਹਰਿ ਸਾਚਾ ਰੰਗ । ਏਕਾ ਚਾੜ੍ਹੇ ਹਰਿ ਆਤਮ ਰੰਗ । ਹੀਣਾ ਬਣੇ ਨਾ ਕੋਈ ਅੰਗ । ਦੁੱਖ ਰੋਗ ਪ੍ਰਭ ਕੀਨੋ ਭੰਗ । ਪ੍ਰਭ ਦਰ ਮੰਗੀ ਸਾਚੀ ਮੰਗ । ਹੋਏ ਸਹਾਈ ਅੰਗ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆ ਏਕਾ ਹੀਆ, ਸਾਚਾ ਪੀਆ ਸੋਹੰ ਬੀਜ ਸਾਚਾ ਬੀਆ, ਸਾਚੀ ਦੇਵੇ ਸ਼ਬਦ ਉਮੰਗ ।

### ✳ ੨੦੧੦ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਪਿੰਡ ਟਾਂਗਰਾ ਜ਼ਿਲਾ ਅੰਮ੍ਰਿਤਸਰ ✳

ਸਹਿਜ ਸੁਖ ਮਨ ਭਏ ਅਨੰਦਾ । ਹਰਿ ਪਾਇਆ ਪੂਰਾ ਗੁਰ ਗੋਬਿੰਦਾ । ਦਰ ਘਰ ਸਾਚੇ ਦਰਸ ਦਿਖਾਇਆ, ਆਪ ਤਜਾਇਆ ਜਮ ਕਾ ਜਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਤੇਰੀ ਸਰਨ ਚਰਨ ਆਸ ਰਖੰਦਾ । ਚਰਨ ਆਸ ਸਚ ਧਰਵਾਸ । ਸ਼ਬਦ ਵਾਸ ਜੋ ਜਨ ਹਿਰਦੇ ਰੱਖੇ ਵਾਸ । ਪ੍ਰਭ ਸਾਚਾ ਹੋਏ ਦਾਸ । ਮਾਨਸ ਜਨਮ ਕਰਾਏ ਰਾਸ । ਰੋਗ ਸੋਗ ਪ੍ਰਭ ਦਰਦ ਦੁੱਖ ਕਰੇ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੇ ਗੁਰ ਸਦ ਵਸਣਾ ਚਰਨ ਕਵਲ ਕਵਲ ਚਰਨ ਪਾਸ । ਚਰਨ ਕਵਲ ਜਿਸ ਘਰ ਟਿਕਾਇਆ । ਉਪਰ ਧਵਲ ਮਾਣ ਦਵਾਇਆ । ਕਾਹਨਾ ਸਵਲ ਜੋਤ ਸਰੂਪੀ ਭੇਖ ਵਟਾਇਆ । ਸ੍ਰਿਸ਼ਟ ਸਵਾਈ ਰਿਹਾ ਮਵਲ, ਗੁਰਮੁਖ ਵਿਰਲੇ ਭੇਵ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪ੍ਰਭ ਆਪਣੀ ਸੇਵਾ ਲਗਾਇਆ । ਧਰਤ ਧਵਲ ਵਿਚ ਅਕਾਸ਼ । ਜੋਤ ਸਰੂਪੀ ਹਰਿ ਪ੍ਰਕਾਸ਼ । ਵਿਚ ਅੰਧ ਕੂਪੀ ਸਤਿ ਸਰੂਪੀ ਸਾਚਾ ਕਰੇ ਵਾਸ । ਬਿਨ ਰੰਗ ਰੂਪੀ ਗੁਰਮੁਖਾਂ ਸਦ ਵਸੇ ਪਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵ ਪੁਰੀ ਮਵਕਲ ਦਰ ਘਰ ਸਾਚੇ ਕੀਨੇ ਨਾਸ । ਨਾਸਨ ਨਾਸ ਕਰੇ ਭਗਵੰਤ । ਆਪ ਬਣਾਏ ਸਾਚੀ ਬਣਤ । ਹੋਏ ਸਹਾਈ ਵੇਲੇ ਅੰਤ । ਜਿਸ ਜਨ ਮਿਲਿਆ ਸਾਚਾ ਕੰਤ । ਸੋਹੰ ਸ਼ਬਦ ਸੁਣਾਏ ਸਾਚਾ ਛੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰਗੰਤ । ਆਤਮ ਰੰਗ ਮਜੀਠੀ ਚਾੜ੍ਹ । ਸੋਹੰ ਜਗਾਏ ਬਹੱਤਰ ਨਾੜ । ਗੁਰਸਿਖ ਬਣਾਏ ਸਤਿਜੁਗ ਸਾਚੇ ਲਾੜ । ਬੇਮੁਖ ਚਬਾਏ ਆਪਣੀ ਦਾੜ੍ਹ । ਅੰਤਮ ਅੰਤ ਕਲਜੁਗ ਜੂਠੇ ਝੂਠੇ ਪ੍ਰਭ ਦੇਵੇ ਝਾੜ । ਬੇਮੁਖਾਂ ਹੱਥ ਫੜਾਏ ਠੂਠੇ ਦਰ ਦਰ ਫਿਰਨ ਭਿਖਾਰ । ਗੁਰਮੁਖ ਸਾਚੇ ਪ੍ਰਭ ਦਰ ਲੂਠੇ, ਆਤਮ ਦੇਵੇ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਧਾਰ । ਕਿਰਪਾ ਧਾਰੇ ਹਰਿ ਕਾਜ ਸਵਾਰੇ । ਗੁਰਮੁਖ ਸਾਚਾ ਪਾਰ ਉਤਾਰੇ । ਜਿਸ ਜਨ ਆਏ ਚਲ ਦਵਾਰੇ । ਸੱਚਾ ਘਰ ਸੱਚਾ ਦਰ ਸੱਚਾ ਹਰਿ ਜਗੇ ਜੋਤ ਇਕ ਨਿਰੰਕਾਰੇ । ਗੁਰਮੁਖਾਂ ਦੇਵੇ ਸਾਚਾ ਵਰ, ਸੋਹੰ ਸ਼ਬਦ ਵਡ

ਭੰਡਾਰੇ । ਕਰ ਦਰਸ ਕਲ ਜਾਇਣ ਤਰ, ਵੇਲੇ ਅੰਤ ਪਾਰ ਉਤਾਰੇ । ਆਪ ਚੁਕਾਏ ਜਮ ਕਾ ਡਰ, ਕਰੇ ਕਿਰਪਾ ਆਪ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਆਏ ਦਰ ਦਵਾਰੇ । ਗੁਰ ਦਰ ਸਚ ਦਵਾਰਾ । ਜੋਤ ਸਰੂਪੀ ਜਾਮਾ ਧਾਰਾ । ਕਰਮ ਧਰਮ ਜਰਮ ਗੁਰਸਿਖ ਵਿਚਾਰਾ । ਆਤਮ ਭਰਮ ਸਰਬ ਨਿਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰਾ । ਚਰਨ ਪਿਆਰ ਜਗਤ ਰੀਤ । ਗੁਰਮੁਖ ਬਖ਼ਸ਼ੇ ਸਚ ਪ੍ਰੀਤ । ਆਪੇ ਬਖ਼ਸ਼ੇ ਸਾਚੀ ਨੀਤ । ਕਲ ਕਰ ਕਿਰਪਾ ਕਾਇਆ ਕਰੇ ਪਤਿਤ ਪੁਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਾਗੇ ਮਾਨਸ ਜਨਮ ਜਾਏ ਜਗ ਜੀਤ । ਆਪ ਤਰੇ ਕੁਲ ਉਧਾਰਨਾ । ਸੋਹੰ ਸ਼ਬਦ ਰਸਨ ਉਚਾਰਨਾ । ਪਿਤਾ ਪੂਤ ਹਰਿ ਕਾਜ ਸਵਾਰਨਾ । ਏਕਾ ਦੂਜਾ ਭੇਵ ਨਿਵਾਰਨਾ । ਭੇਵ ਗੁਝ ਹਰਿ ਆਪ ਖੁਲ੍ਹਾਵਣਾ । ਗੁਰਮੁਖ ਸਾਚੇ ਸੂਝ ਪ੍ਰਭ ਪਹਿਲੀ ਮਾਘ ਦਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਆਪ ਲਿਖਾਵਣਾ । ਸਾਚਾ ਲੇਖ ਆਪ ਲਿਖਾਉਣਾ । ਪਿਤਾ ਪੂਤ ਹਰਿ ਭੇਵ ਖੁਲ੍ਹਾਉਣਾ । ਏਕਾ ਧਾਗਾ ਏਕਾ ਸੂਤ ਏਕਾ ਨਾਮ ਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਉਣਾ । ਰੰਗੇ ਰੰਗ ਸੱਚਾ ਹਰਿ । ਆਪ ਖੁਲ੍ਹਾਏ ਸੱਚਾ ਦਰ । ਭਾਗ ਲਗਾਏ ਸਾਚੇ ਘਰ । ਸਹਿੰਸਾ ਰੋਗ ਗਵਾਏ ਨਾ ਆਏ ਡਰ । ਆਪ ਚਲਾਏ ਆਪਣੇ ਰਾਹੇ ਨਾ ਕੋਈ ਰਹੇ ਅੜ । ਗੁਰਸਿਖ ਸਾਚੇ ਆਪ ਤਰਾਏ ਕਲਜੁਗ ਬਾਹੋਂ ਫੜ । ਸਾਚੇ ਮਾਰਗ ਆਪ ਲਾਏ ਪ੍ਰਭ, ਅਬਿਨਾਸ਼ੀ ਅੰਦਰ ਵੜ । ਸਾਚੀ ਦੱਸੇ ਇਕ ਸਰਨਾਏ, ਨਿਹਕਲੰਕ ਕਲ ਚਰਨ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਚਖੰਡ ਲਗਾਵੇ ਸਾਚੀ ਜੜ੍ਹ । ਸਚਖੰਡ ਸਾਚਾ ਧਾਮ, ਜਗੇ ਜੋਤ ਏਕਾ ਰਾਮ । ਪੂਰਨ ਹੋਏ ਗੁਰਸਿਖ ਕਾਮ । ਸਾਚਾ ਨਾਉਂ ਗੁਰਸਿਖ ਪੱਲੇ ਸਾਚਾ ਦਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਪਿਲਾਵੇ ਸਾਚਾ ਜਾਮ । ਜਾਮ ਨਾਮ ਪੀਓ ਸਦਾ ਜਗ ਜੀਓ । ਸੋਹੰ ਬੀਜ ਆਤਮ ਸਾਚਾ ਬੀਓ । ਆਪ ਜਗਾਓ ਬੁਝੀ ਦੀਓ । ਸੋਹੰ ਪਾਓ ਸਾਚੀ ਵੱਟੀ ਘੀਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਗੁਰਮੁਖ ਸਾਚੇ ਤੇਰੀ ਮਾਤ ਸਾਚੀ ਨੀਓ । ਮਾਤਲੋਕ ਹਰਿ ਦੇ ਵਡਿਆਈ । ਚਰਨ ਸੇਵ ਜਿਸ ਜਨ ਕਮਾਈ । ਸਾਚੇ ਘਰ ਮਿਲੇ ਵਧਾਈ । ਧਰਮ ਰਾਏ ਜਮ ਨੇੜ ਨਾ ਆਈ । ਵੇਲੇ ਅੰਤ ਹੋਏ ਆਪ ਸਹਾਈ । ਪ੍ਰਗਟ ਜੋਤ ਹਰਿ ਸਾਚਾ ਗੁਰਸਿਖਾਂ ਦਰਸ ਦਿਖਾਈ । ਆਦਿ ਜੁਗਾਦਿ ਜੁਗਾਂ ਜੁਗੰਤ ਜਨ ਭਗਤਾਂ ਦੇ ਵਡਿਆਈ । ਆਪ ਬਣਾਏ ਸਾਚੇ ਸੰਤ ਆਤਮ ਸਾਚੀ ਜੋਤ ਜਗਾਈ । ਬੇਮੁਖਾਂ ਮਾਇਆ ਪਾਏ ਬੇਅੰਤ ਦਰ ਘਰ ਸਚੇ ਸੂਝ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪਣੇ ਹੱਥ ਰੱਖੇ ਵਡਿਆਈ । ਵੱਡੀ ਵਡਿਆਈ ਹਰਿ ਸਾਚੇ ਹੱਥ । ਸਰਬ ਕਲਾ ਆਪੇ ਸਮਰਥ । ਗੁਰਮੁਖ਼ਾਂ ਦੇਵੇ ਸੋਹੰ ਸਾਚੀ ਵਥ । ਗੁਰਮੁਖਾਂ ਅੰਤਮ ਅੰਤ ਕਲਜੁਗ ਪ੍ਰਭ ਸਾਚਾ ਪਾਏ ਨੱਥ । ਗੁਰਮੁਖ ਸਾਚੇ ਆਪ ਜਗਾਏ ਸੰਤ ਚੜ੍ਹਾਏ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਬਬਾਣ ਗੁਣ ਨਿਧਾਨ ਗੁਰਸਿਖਾਂ ਦੇਵੇ ਸਾਚੀ ਵੱਥ । ਸ਼ਬਦ ਬਬਾਣ ਦੇਵੇ ਗੁਣ ਨਿਧਾਨਾ । ਕਿਰਪਾ ਕਰੇ ਆਪ ਭਗਵਾਨਾ । ਸੋਹੰ ਦੇਵੇ ਨਾਮ ਨਿਸ਼ਾਨਾ । ਪ੍ਰਭ ਅਬਿਨਾਸ਼ੀ ਵਾਲੀ ਦੋ ਜਹਾਨਾਂ । ਸਰਬ ਘਟ ਵਾਸੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਰੰਗ ਰੰਗਾਨਾ । ਆਤਮ ਰੰਗ ਇਕ ਚੜ੍ਹਾਉਣਾ । ਗੁਰਮੁਖ ਸੋਇਆ, ਸਾਚਾ ਆਪ ਜਗਾਉਣਾ । ਆਤਮ ਬੀਜ ਸਾਚਾ ਬੋਇਆ, ਸਾਚੀ ਵਸਤ ਇਕ ਟਿਕਾਉਣਾ । ਦੁਰਮਤ


੨੯੦ ੦੩

ਮੈਲ ਪਾਪਾਂ ਧੋਇਆ, ਮਾਰਗ ਸਾਚਾ ਲਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਲੰਘਾਉਣਾ । ਕਿਰਪ ਕਰੇ ਆਪ ਗਿਰਧਾਰ । ਗੁਰਮੁਖ ਵਿਰਲੇ ਕਲ ਵਿਚਾਰ । ਦੇ ਦਰਸ ਕਲ ਕਰ ਜਾਏ ਪਾਰ । ਉਤਰੇ ਹਰਸ ਨਾ ਹੋਏ ਖਵਾਰ । ਕਰੇ ਤਰਸ ਗੁਰਸਿਖ ਤੇਰੇ ਆਤਮ ਕਰਮ ਵਿਚਾਰ । ਅੰਮ੍ਰਿਤ ਮੇਘ ਹਰਿ ਦੇਵੇ ਬਰਸ, ਆਤਮ ਤ੍ਰਿਖਾ ਦੇ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਿਰਨਾ ਝਿਰਾਏ ਅਪਰ ਅਪਾਰ । ਅੰਮ੍ਰਿਤ ਝਿਰਨਾ ਆਪ ਝਿਰਾਏ । ਝਿਰਨਾ ਝਿਰੇ ਮੇਘ ਵਰਸਾਏ । ਹਰਨਾ ਫਰਨਾ ਆਪ ਖੁਲ੍ਹਾਏ । ਮਰਨਾ ਡਰਨਾ ਭੇਵ ਚੁਕਾਏ । ਸਾਚੀ ਸਰਨਾ ਇਕ ਰਘੁਰਾਏ । ਪ੍ਰਭ ਕਾ ਭਾਣਾ ਸਾਚਾ ਜਰਨਾ, ਦੇ ਮੱਤ ਆਪ ਸਮਝਾਏ । ਸਾਚੀ ਤਾਰੀ ਗੁਰਸਿਖ ਤਰਨਾ, ਕਲਜੁਗ ਵਹਿੰਦੇ ਵਹਿਣ ਡੁੱਬ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਆਪ ਆਪਣਾ ਹੱਥ ਟਿਕਾਉਣਾ । ਗੁਰਸਿਖ ਸਚਾ ਮਾਰਗ ਲਾਉਣਾ । ਦੁੱਖ ਦਰਦ ਦਲਿਦਰ ਪ੍ਰਭ ਸਾਚੇ ਸਰਬ ਕਟਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੁੱਖ ਭੁੱਖ ਮਿਟਾ ਆਪਣੇ ਰੰਗ ਰੰਗਾਉਣਾ । ਦੁੱਖ ਭੁੱਖ ਹਰਿ ਆਪ ਮਿਟਾਏ । ਸਾਚਾ ਸੁਖ ਇਕ ਉਪਜਾਏ । ਉਜਲ ਮੁਖ ਵਿਚ ਮਾਤ ਕਰਾਏ । ਮਾਤ ਕੁੱਖ ਹਰਿ ਸੁਫਲ ਕਰਾਏ । ਉਤਰੇ ਭੁੱਖ ਹਰਿ ਦਰਸ਼ਨ ਪਾਏ । ਸੁਫਲ ਹੋਏ ਦੇਹੀ ਮਨੁੱਖ, ਜਮਦੂਤ ਨਾ ਕੋਇ ਸਤਾਏ । ਮਾਤ ਗਰਭ ਨਾ ਹੋਏ ਉਲਟਾ ਰੁੱਖ, ਲੱਖ ਚੁਰਾਸੀ ਗੇੜ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਿੰਸਾ ਰੋਗ ਸਰਬ ਮਿਟਾਏ । ਸਹਿੰਸਾ ਰੋਗ ਸਗਲ ਵਸੂਰਾ । ਆਪ ਮਿਟਾਏ ਸਤਿਗੁਰ ਪੂਰਾ । ਸ਼ਬਦ ਸੁਣਾਏ ਅਨਹਦ ਅਨਾਹਤ ਸਾਚੀ ਤੂਰਾ । ਦੂਈ ਦਵੈਤ ਪਰਦਾ ਲਾਹੇ ਹਉਮੇ ਰੋਗ ਕਰੇ ਦੂਰਾ । ਆਤਮ ਸਾਚੀ ਜੋਤ ਜਗਾਏ ਜਗੇ ਜੋਤ ਜਿਉਂ ਕੋਹਤੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਦਾ ਸਦਾ ਭਰਪੂਰਾ । ਸਰਬ ਕਲਾ ਆਪੇ ਭਰਪੂਰ । ਗੁਰਮੁਖਾਂ ਸਦ ਖੜਾ ਹਜ਼ੂਰ । ਨਾ ਨੇੜੇ ਨਾ ਦਿਸੇ ਦੂਰ । ਜੋਤ ਸਰੂਪੀ ਆਤਮ ਦੇਵੇ ਸਾਚਾ ਸਤਿ ਸਰੂਰ । ਸਾਚੀ ਜੋਤ ਸਚ ਥਾਂ ਰਹਾਏ, ਸਾਚਾ ਬਖ਼ਸ਼ੇ ਆਤਮ ਨੂਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਤਰਾਏ ਪਾਰ ਲੰਘਾਏ ਨਾ ਦੇਰ ਲਗਾਏ ਆਪ ਚੜ੍ਹਾਏ ਪਹਿਲੇ ਪੂਰ । ਪਹਿਲੇ ਪੂਰ ਗੁਰਸਿਖ ਚੜ੍ਹਾਏ । ਦੇਵੇ ਵਡਿਆਈ ਮੁਨ ਰਿਖ ਉਪਜਾਏ । ਸੋਹੰ ਸਹਾਈ ਸਾਚਾ ਨਾਮ ਭਿਖ ਦਰ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤ੍ਰਿਸ਼ਨਾ ਭੁੱਖ ਸਭ ਦੇ ਬੁਝਾਏ । ਆਤਮ ਤ੍ਰਿਸ਼ਨਾ ਹਉਮੇ ਰੋਗ । ਦਿਵਸ ਰੈਣ ਦੁੱਖ ਰਿਹਾ ਭੋਗ । ਆਤਮ ਚਿੰਤਾ ਸਦਾ ਵਿਜੋਗ । ਕੋਈ ਨਾ ਦੇਵੇ ਸਾਚਾ ਸ਼ਬਦ ਸਾਚਾ ਜੋਗ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਗੁਰਮੁਖ ਸਾਚੇ ਦੇਵੇ ਦਰਸ ਅਮੋਘ । ਸੋਹੰ ਸ਼ਬਦ ਦੇਵੇ ਵਡਿਆਈ । ਆਪ ਚੁਗਾਏ ਆਤਮ ਸਾਚੀ ਚੋਗ । ਗੁਰਮੁਖ ਸਾਚੇ ਸਦ ਬਲ ਬਲ ਜਾਈ, ਪ੍ਰਭ ਮਿਲਾਇਆ ਧੁਰ ਸੰਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਵਡਿਆਈ ਆਪ ਮਿਟਾਏ ਚਿੰਤਾ ਸੋਗ । ਚਿੰਤਾ ਸੋਗ ਉਤਰੇ ਦੁੱਖ । ਆਪ ਮਿਟਾਏ ਆਤਮ ਭੁੱਖ । ਸੋਹੰ ਸ਼ਬਦ ਜਪਾਏ ਸਚਾ ਸੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਭਾਗ ਲਗਾਏ, ਆਪ ਆਪਣਾ ਦਰਸ ਦਿਖਾਏ, ਗੁਰਮੁਖ ਸਾਚੇ ਆਣ ਤਰਾਏ, ਭੂਤ ਪ੍ਰੇਤੋਂ ਦੇਵ ਬਣਾਏ, ਜਿਨ ਖ਼ਵੀਸ ਕੋਈ ਰਹਿਣ ਨਾ ਪਾਏ । ਹਾਕਣ ਡਾਕਣ ਸਿਰ ਮੁੰਡਵਾਏ । ਵਲੀਏ ਛਲੀਏ ਸਰਬ ਮਿਟਾਏ । ਮਾਇਆ ਇੰਦਰ ਜਾਲ ਆਪ ਤੁੜਾਏ । ਮਾਈ ਗੌਰਜਾਂ ਨਾ ਮਰਦੰਗ ਵਜਾਏ । ਕਿੰਗਰੇ ਕਿੰਗਰੇ ਹਰਿ ਟੰਗ

ਵਖਾਏ । ਆਪ ਆਪਣਾ ਸੰਗ ਨਿਭਾਏ । ਦੁੱਧ ਪੁੱਤ ਹਰਿ ਰੰਗ ਰੰਗਾਏ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਸਾਚਾ ਲੇਖ ਆਪ ਲਿਖਾਏ । ਆਪ ਬਣਾਏ ਸਾਚੇ ਸੁੱਤ, ਮਾਤ ਗਰਭ ਹੋਏ ਸਹਾਏ । ਆਪ ਬਣਾਏ ਸਾਚੇ ਪੁੱਤ, ਪਿਤਾ ਮਾਤ ਆਪ ਅਖਵਾਏ । ਆਪ ਸੁਹਾਏ ਸਾਚੀ ਰੁੱਤ, ਗੁਰਮੁਖ ਸਾਚੇ ਹਰਿ ਸਾਚਾ ਘਰ ਤੇਰੇ ਭਾਗ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁੱਖ ਦਰਦ ਹਰਿ ਦੇਵੇ ਸਾਚਾ ਵਰ, ਕਲਜੁਗ ਜਾਣਾ ਤਰ, ਵਸਣਾ ਸਾਚੇ ਘਰ, ਦੇਵੇ ਦਰਸ ਅਵਤਾਰ ਨਰ, ਜੋ ਜਨ ਸ਼ਰਨ ਗਏ ਪਰ । ਆਤਮ ਦਰ ਦਵਾਰੇ ਹਰਿ ਸਾਚਾ ਰਿਹਾ ਵੜ । ਗੁਰਮੁਖ ਸਾਚੇ ਸਚ ਧਾਮ ਬਹਾਏ ਆਤਮ ਬਾਹੋਂ ਫੜ । ਅੰਤਮ ਜੋਤੀ ਮੇਲ ਮਿਲਾਏ, ਜਿਸ ਹਰਿ ਸਾਚੇ ਤੇਰਾ ਫੜਿਆ ਲੜ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਵਜਲ ਪਾਰ ਕਰਾਏ ਹਰਿ ਕੀ ਪੌੜੀ ਜਾਏ ਚੜ੍ਹ । ਸਾਚੇ ਲੋਇਣ ਦਰਸ ਗੁਰ ਪੇਖੋ । ਆਪ ਮਿਟਾਏ ਆਤਮ ਭਰਮ ਭੁਲੇਖੇ । ਦਰ ਘਰ ਸਾਚੇ ਆਓ ਹਰਿ ਫੇਰ ਲਿਖਾਏ ਲੇਖੇ । ਮਦਿਰਾ ਮਾਸ ਹੱਥ ਨਾ ਲਾਓ, ਪ੍ਰਭ ਅਬਿਨਾਸ਼ੀ ਸਾਚਾ ਵੇਖੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਦਰਸ ਸਦ ਪਾਓ, ਸੋਹੰ ਸ਼ਬਦ ਆਤਮ ਲਗਾਓ ਸਾਚੀ ਮੇਖੋ । ਨੇਤਰ ਨੈਣ ਸਾਚਾ ਨੂਰ । ਅਗਿਆਨ ਅੰਧੇਰ ਹੋਏ ਦੂਰ । ਕਿਰਪਾ ਕਰੇ ਆਪ ਹਰਿ ਸਰਬ ਗੁਣ ਭਰਪੂਰ । ਮਦਿਰਾ ਮਾਸ ਗੁਰਸਿਖ ਜਾਣੋ ਜਿਉਂ ਹਿੰਦੂ ਗਾਂਏ ਮੁਸਲਿਮ ਸੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਹਿਰਦੇ ਵਸੇ ਜਿਸ ਜਨ ਜਾਣੇ ਦੂਰ । ਸਾਚਾ ਸ਼ਬਦ ਸਾਚਾ ਗਹਿਣਾ । ਸਾਚਾ ਲਹਿਣਾ ਪ੍ਰਭ ਦਰ ਲੈਣਾ । ਸਾਚਾ ਪ੍ਰਭ ਅਬਿਨਾਸ਼ੀ ਪੇਖੋ ਤੀਜੇ ਨੈਣਾ । ਝੂਠੇ ਦਿਸਣ ਮਾਤ ਪਿਤ ਭਾਈ ਭੈਣ ਭਾਈ ਸਾਕ ਸੱਜਣ ਸੈਣਾਂ । ਵੇਲੇ ਅੰਤਮ ਅੰਤ ਏਕਾ ਨਾਮ ਸਾਚਾ ਪਾਸ ਤੇਰੇ ਰਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਏ ਆਪ ਸਾਕ ਸੱਜਣ ਸੈਣ । ਸਾਕ ਸੱਜਣ ਆਪ ਸੁਹੇਲਾ । ਜੁਗਾ ਜੁਗੰਤ ਵਿਛੜਿਆਂ ਕਲ ਆਪ ਕਰਾਇਆ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਵਿਚ ਮਾਤ ਦੇ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪਣੇ ਰੰਗ ਰੰਗਾਏ ਵਸੇ ਆਪ ਸਦ ਅਕੇਲਾ । ਅੰਮ੍ਰਿਤ ਆਤਮ ਸਾਚੀ ਧਾਰਾ । ਦੁੱਖਾਂ ਰੋਗਾਂ ਕਰੇ ਖਵਾਰਾ । ਜੋ ਜਨ ਪਾਏ ਪ੍ਰਭ ਕੀ ਸਾਰਾ । ਆਤਮ ਸ਼ਬਦ ਦੇਵੇ ਸਾਚੀ ਧਾਰਾ । ਸੋਹੰ ਗਾਓ ਨਾਮ ਪਿਆਰਾ । ਏਥੇ ਓਥੇ ਹੋਏ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਦਰਸ ਦਿਖਾਏ ਅਗੰਮ ਅਪਾਰਾ । ਅਗੰਮ ਅਪਾਰ ਦਰਸ ਗੁਰਦੇਵ । ਬਿਰਥਾ ਜਾਏ ਨਾ ਗੁਰਸਿਖ ਤੇਰੀ ਸੇਵ । ਸੋਹੰ ਸ਼ਬਦ ਦੇਵੇ ਆਤਮ ਸਾਚਾ ਮੇਵ । ਵਿਚ ਮਾਤ ਦੇਵੇ ਵਡਿਆਈ ਵਿਚ ਕਰੋੜ ਤੇਤੀਸ ਦੇਵੀ ਦੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਅਲਖ ਅਭੇਵ । ਅਲਖ ਅਭੇਵ ਅਛਲ ਅਛੱਲ ਅਛੇਦਾ । ਭੇਵ ਨਾ ਪਾਇਣ ਚਾਰੇ ਵੇਦਾ । ਕਿਆ ਕੋਈ ਜਾਣੇ ਵਿਚ ਕਤੇਬਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰ ਨਰਾਇਣ ਗੁਰਮੁਖ ਸਾਚਾ ਦਿਵਸ ਰੈਣ ਸਦ ਗਾਏ ਜਿਹਵਾ । ਰਸਨਾ ਗਾਓ ਗੁਣ ਗਹਿਰ ਗੰਭੀਰ । ਆਤਮ ਸ਼ਾਂਤ ਠਾਂਡਾ ਸਰੀਰ । ਹਉਮੇ ਵਿਚੋਂ ਨਿਕਲੇ ਪੀਰ । ਸਚ ਸ਼ਬਦ ਹਰਿ ਦੇਵੇ ਧੀਰ । ਜਮ ਕੀ ਫਾਸੀ ਕੱਟੇ ਜੰਜੀਰ । ਸੋਹੰ ਬੰਦ ਖਲਾਸੀ ਅੰਮ੍ਰਿਤ ਦੇਵੇ ਸਾਚਾ ਸੀਰ । ਘਨਕਪੁਰ ਵਾਸੀ ਕਿਰਪਾ ਕਰੇ ਨਾ ਦੇਵੇ ਲੱਬਣ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਹੋਈ ਦਾਸੀ, ਨਾ ਕੋਈ ਦਿਸੇ ਪੀਰ ਫ਼ਕੀਰ ।


੨੬੨ ੦੩

✵ ੭ ਮੱਘਰ ੨੦੧੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✵

ਗੁਰ ਪਾਇਆ ਹਰਿ ਹਰਿ ਗੋਬਿੰਦ ਹੈ । ਅੰਮ੍ਰਿਤ ਆਤਮ ਸਾਚਾ ਨੀਰ ਵਹਾਏ ਜਿਉਂ ਸਾਗਰ ਸਿੰਧ ਹੈ । ਸੋਹੰ ਸਾਚਾ ਸ਼ਬਦ ਤੀਰ ਚਲਾਏ ਚਰਨ ਬਹਾਏ ਕਰੋੜ ਤੇਤੀਸ ਸੁਰਪਤ ਰਾਜਾ ਇੰਦ ਹੈ । ਜੋਤੀ ਜੋਤ ਸਰੂਪ ਹਰਿ ਸ੍ਰਿਸ਼ਟ ਸਬਾਈ ਪ੍ਰਭ ਸਾਚੇ ਦੀ ਏਕਾ ਸਾਚੀ ਬਿੰਦ ਹੈ । ਏਕ ਪਿਤ ਏਕਾ ਮਾਤਾ । ਏਕਾ ਹਿੱਤ ਦੇਵੇ ਦਾਤਾ । ਏਕਾ ਚਿੱਤ ਸਾਚਾ ਮਿਤ ਨਿਤ ਨਵਿਤ ਸੋਹੰ ਦੇਖੇ ਸਾਚੀ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਨਿਹਕਲੰਕ ਨਰਾਇਣ ਨਰ ਪੁਰਖ ਬਿਧਾਤਾ । ਹਰਿ ਰਸ ਹਰਿ ਗੁਣ ਜਾਨਣਾ । ਹੋਇਆ ਮੇਲ ਭਗਤ ਭਗਵਾਨਨਾ । ਆਤਮ ਮਿਟੇ ਅੰਧੇਰ ਹੋਏ ਕੋਟਨ ਕੋਟ ਭਾਨ ਚਾਨਨਾ । ਜੋਤ ਸਰੂਪੀ ਨਾ ਲਾਵੇ ਦੇਰ, ਏਕਾ ਸੋਹੰ ਨਾਮ ਗੁਰਸਿਖਾਂ ਦੇਵੇ ਬ੍ਰਹਮ ਗਿਆਨਨਾ । ਕਰੇ ਕਰਾਏ ਹੇਰ ਫੇਰ, ਵਡ ਦਾਤਾ ਸ਼ਾਹ ਸੁਲਤਾਨਾ । ਸ੍ਰਿਸ਼ਟ ਸਬਾਈ ਢਾਹ ਕਰੇ ਢੇਰ ਨਾ ਕਿਸੇ ਛੁਡਾਵਣਾ । ਆਪ ਚੁਕਾਏ ਮੇਰ ਤੇਰ, ਗੁਰਸਿਖ ਸਾਚੇ ਦਰ ਘਰ ਦਰਗਹਿ ਸਾਚੀ ਹਰਿ ਆਪਣੀ ਗੋਦ ਉਠਾਵਣਾ । ਸਾਚ ਨਾਉਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਸਤਿਜੁਗ ਸਾਚੇ ਆਪ ਵਖਾਨਨਾ । ਸਾਚਾ ਸ਼ਬਦ ਚਲੇ ਜੁਗ ਸਤਿ । ਸ੍ਰਿਸ਼ਟ ਸਬਾਈ ਪ੍ਰਭ ਦੇਵੇ ਇਕ ਮੱਤ । ਏਕਾ ਸ਼ਬਦ ਵਿਚ ਰਖਾਏ ਸਾਚਾ ਤਤ । ਏਕਾ ਸੂਤਰ ਧਾਗਾ ਪ੍ਰਭ ਅਬਿਨਾਸ਼ੀ ਆਤਮ ਬੈਠਾ ਰਿਹਾ ਕੱਤ । ਏਕਾ ਸ਼ਬਦ ਏਕਾ ਰਾਗਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਗੁਰਸਿਖਾਂ ਦੇ ਸਮਝਾਵੇ ਮੱਤ । ਦੇ ਮੱਤੀ ਆਪ ਸਮਝਾਇੰਦਾ । ਅਚਰਜ ਖੇਲ ਹਰਿ ਕਲ ਕਰਾਇੰਦਾ । ਸਾਚਾ ਸੱਜਣ ਸੁਹੇਲ ਆਪਣੇ ਗਲੇ ਲਗਾਇੰਦਾ । ਜੁਗਾਂ ਜੁਗਾਂ ਦੇ ਵਿਛੜਿਆਂ ਕਰ ਕਿਰਪਾ ਮੇਲ ਮਿਲਾਇੰਦਾ । ਬਿਨ ਬਾਤੀ ਬਿਨ ਤੇਲ ਦੀਪਕ ਜੋਤੀ ਆਪ ਜਗਾਇੰਦਾ । ਅਚਰਜ ਪਾਰਬ੍ਰਹਮ ਕਲ ਖੇਲ, ਭੇਵ ਕੋਈ ਨਾ ਪਾਇੰਦਾ । ਬੇਮੁਖਾਂ ਬੇੜਾ ਜਾਏ ਠੇਲ, ਸ਼ਬਦ ਇਕ ਧਕੇਲ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਇੰਦਾ । ਸ੍ਰਿਸ਼ਟ ਸਬਾਈ ਆਪ ਧਕਾਏ ਵਿਚ ਧਰਮ ਰਾਏ ਦੀ ਜੇਲ੍ਹ, ਘੋਰ ਕੁੰਡਾਂ ਵਿਚ ਫਿਰਾਇੰਦਾ । ਕਿਸੇ ਹੱਥ ਨਾ ਆਵੇ ਵੇਲ, ਮਲ ਹੱਥ ਨੇਤਰ ਨੀਰ ਵਹਾਇੰਦਾ । ਆਪ ਰੰਗ ਵਸੇ ਸਦ ਨਵੇਲ, ਰੂਪ ਰੰਗ ਕੋਈ ਦਿਸ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਅੰਤਮ ਅੰਤ ਗੁਰਸਿਖ ਦੇ ਮਤੀ ਆਪ ਸਮਝਾਇੰਦਾ । ਗੁਰਸਿਖਾਂ ਨਾ ਭੁਲਣਾ । ਪ੍ਰਭ ਸਾਚਾ ਕੰਤ ਕੰਤੂਹਲਨਾ । ਸੋਹੰ ਸ਼ਬਦ ਸਚ ਪੰਘੂੜਾ ਝੂਲਨਾ । ਪ੍ਰਭ ਆਪ ਪਹਿਨਾਏ ਗਲ ਤੇਰੇ ਮਾਲਾ ਫੂਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮਸਤਕ ਲਾਏ ਧੂੜਨਾ । ਚਰਨ ਧੂੜ ਕਰੇ ਇਸ਼ਨਾਨ । ਆਤਮ ਮੂੜ ਹੋਏ ਚਤੁਰ ਸੁਜਾਨ । ਆਪ ਕਟਾਏ ਕਾਇਆ ਜੂੜ । ਲੱਖ ਚੁਰਾਸੀ ਵਿਚ ਨਾ ਆਣ । ਏਕਾ ਰੰਗ ਚੜ੍ਹਾਏ ਗੂੜ੍ਹ, ਜੋ ਜਨ ਰਸਨਾ ਗਾਣ । ਸ੍ਰਿਸ਼ਟ ਸਬਾਈ ਕੂੜੋ ਕੂੜ, ਏਕਾ ਸਚ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਵਡ ਬਲੀ ਬਲਵਾਨ । ਬਲੀ ਬਲਵਾਨਨਾ, ਦੋ ਜਹਾਨਨਾ, ਸੋਹੰ ਤੀਰ ਖਿਚ ਲਿਆਏ ਸਚ ਨਿਸ਼ਾਨਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਆਪ ਮਿਟਾਨਨਾ । ਆਪਣੀ ਗਤ ਮਿਤ ਹਰਿ ਆਪ ਜਾਣਦਾ । ਏਕਾ ਸਾਚਾ ਰਾਹ ਸਤਿਜੁਗ ਵਖਾਣਦਾ । ਸਾਚਾ ਨਾਉਂ ਪ੍ਰਭ ਅਬਿਨਾਸ਼ੀ ਦੂਜਾ ਨਾਹੀ ਕੋ ਥਾਂਓ, ਵੇਲਾ ਆਇਆ ਬੇਮੁੱਖਾਂ ਅੰਤਮ ਪਛਤਾਣਦਾ । ਨਾ ਕੋਈ ਪਕੜੇ ਜਗਤ ਜੀਵ ਤੇਰੀ ਬਾਂਹ, ਨਾ

ਮਾਣੇ ਨਾ ਜਾਣੇ ਖੇਲ ਭਗਵਾਨ ਦਾ । ਮਾਤਲੋਕ ਫਿਰੇ ਜਿਉਂ ਸੁੰਞੇ ਘਰ ਕਾਂਓ, ਨਾ ਕੋਈ ਦਿਸੇ ਸਹਾਈ ਨਾ ਕੋਈ ਪਛਾਣਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਟੇਕ ਵਾਲੀ ਦੋ ਜਹਾਨ ਦਾ । ਵਾਲੀ ਦੋ ਜਹਾਨ ਖੇਲ ਰਚਾਇੰਦਾ । ਸੋਹੰ ਸਾਚਾ ਸ਼ਬਦ ਬਾਣ ਰਸਨਾ ਤੀਰ ਖਿਚ ਚਲਾਇੰਦਾ । ਕਲਜੁਗ ਤੇਰਾ ਮਿਟੇ ਅੰਤ ਨਿਸ਼ਾਨ, ਸਤਿਜੁਗ ਸਾਚਾ ਮਾਤ ਧਰਾਇੰਦਾ । ਖਾਣੀ ਬਾਣੀ ਵੇਦ ਪੁਰਾਨ ਕੁਰਾਨ ਅੰਜੀਲ ਰਹਿਣ ਨਾ ਪਾਇੰਦਾ । ਸੋਹੰ ਸਾਚਾ ਜਾਪ ਮਾਰੇ ਤੀਨੋਂ ਤਾਪ, ਪ੍ਰਗਟ ਹੋਵੇ ਆਪ ਜੋ ਜਨ ਰਸਨਾ ਗਾਇੰਦਾ । ਆਪ ਹੋਏ ਮਾਈ ਬਾਪ, ਪਾਏ ਝੋਲੀ ਸਾਚੀ ਦਾਤ, ਸੋਹੰ ਵਡ ਕਰਾਮਾਤ, ਸਤਿਜੁਗ ਸਾਚਾ ਰਾਹ ਵਖਾਇੰਦਾ । ਚਰਨ ਪ੍ਰੀਤੀ ਬਖ਼ਸ਼ੇ ਸਾਚਾ ਨਾਤ, ਚਾਰ ਵਰਨ ਭੈਣ ਭਰਾ ਬਣਾਇੰਦਾ । ਆਪ ਪੜ੍ਹਾਏ ਸ਼ਬਦ ਇਕ ਜਮਾਇਤ, ਆਤਮ ਰੰਗ ਮਜੀਠ ਚੜ੍ਹਾਇੰਦਾ । ਮੇਟ ਮਿਟਾਏ ਜਾਤ ਪਾਤ, ਆਪੇ ਪੁੱਛੇ ਸਭਨਾ ਬਾਤ, ਜੋਤ ਸਰੂਪੀ ਜੋਤ ਜਗਾਇੰਦਾ । ਅੰਦਰ ਬੈਠ ਵੇਖ ਜੀਵ ਮਾਰ ਝਾਤ, ਦਿਵਸ ਰੈਣ ਰੈਣ ਦਿਵਸ ਡਗਮਗਾਇੰਦਾ । ਬੈਠਾ ਰਹੇ ਵਿਚ ਇਕਾਂਤ ਆਪ ਵੇਖੇ ਦਿਸ ਨਾ ਆਇੰਦਾ । ਅੰਤਮ ਅੰਤ ਕਲਜੁਗ ਨਿਹਕਲੰਕ ਹਰਿ ਜਾਮਾ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਉਂ ਰਖਾਇੰਦਾ । ਨਿਹਕਲੰਕੀ ਜਾਮਾ ਪਾਵੇ । ਸ਼ਬਦ ਸਰੂਪੀ ਡੰਕ ਵਜਾਵੇ । ਦਵਾਰ ਬੰਕ ਆਪ ਸੁਹਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਸਾਚਾ ਮਾਣ ਦਵਾਵੇ । ਲੈਣਾ ਨਾਮ ਸ਼ਬਦ ਉਪਦੇਸ਼ । ਜੋਤ ਸਰੂਪੀ ਹਰਿ ਪ੍ਰਵੇਸ਼ । ਭਾਗ ਲੱਗਾ ਮਾਝੇ ਦੇਸ । ਸ੍ਰਿਸ਼ਟ ਸਬਾਈ ਝੂਠਾ ਵੇਸ । ਪ੍ਰਭ ਪਕੜ ਪਛਾੜੇ ਬੇਮੁਖਾਂ ਜਿਉਂ ਕਾਹਨਾ ਕੰਸਾ ਕੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੰਕਾਰੀਆਂ ਦੁਸ਼ਟ ਦੁਰਾਚਾਰੀਆਂ ਆਪਣੀ ਹੱਥੀਂ ਸੀਸ ਕਟਾਏ ਜਿਉਂ ਪਾਰਬਤੀ ਸੁੱਤ ਗਣੇਸ਼ । ਆਪਣੀ ਹੱਥੀਂ ਹਰਿ ਕਾਜ ਕਰਾਨਾ । ਸਾਚਾ ਰਾਜ ਸਾਚਾ ਤਾਜ ਏਕਾ ਏਕ ਜਗਦੀਸ਼ ਆਪਣੇ ਸੀਸ ਟਿਕਾਨਾ । ਜਗਤ ਸਾਜ ਅੰਤਮ ਅੰਤ ਕਲਜੁਗ ਪ੍ਰਭ ਸਾਚੇ ਨਸ਼ਟ ਕਰਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸੰਗ ਸੰਗਤ ਪੁੱਤਰ ਧੀਆਂ ਅੰਤਮ ਵਾਰ ਤੇਰਾਂ ਮੱਘਰ ਆਪ ਸਮਝਾਣਾ । ਤੀਜਾ ਬਚਨ ਬਚਨ ਅਖ਼ੀਰ । ਨਾ ਮਿਟੇ ਨਾ ਮੇਟ ਮਿਟਾਏ ਜਿਉਂ ਪੱਥਰ ਉਪਰ ਲਕੀਰ । ਜਿਉਂ ਦੁੱਧ ਛਿਟ ਕਾਂਜੀ ਫਿਟੇ ਨਿਰਮਲ ਸੀਰ । ਬੇਮੁਖਾਂ ਜੜ੍ਹ ਆਪੇ ਪੁੱਟੇ, ਨਾ ਕੋਈ ਦੇਵੇ ਧੀਰ । ਦਰਗਹਿ ਸਾਚੀ ਪ੍ਰਭ ਸਾਚਾ ਕੁੱਟੇ, ਰਾਹ ਔਖਾ ਦਿਸੇ ਭੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸ਼ਬਦ ਲਿਖਾਏ ਸੁਣਾਏ ਅੰਤ ਅਖੀਰ । ਏਕਾ ਸ਼ਬਦ ਅੰਤ ਲਿਖਾਉਣਾ । ਸਾਧ ਸੰਤ ਜੀਵ ਜੰਤ ਭਰਮ ਚੁਕਾਉਣਾ । ਬਣਾਏ ਬਣਤ ਸਾਚਾ ਕੰਤ, ਅੰਤਮ ਅੰਤ ਭੇਵ ਛੁਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਾਕ ਭਵਿਖਤ ਤੇਰਾਂ ਮੱਘਰ ਗੁਰ ਸੰਗਤ ਪੁੱਤਰ ਧੀਆਂ ਆਪ ਸੁਣਾਉਣਾ । ਪੁੱਤਰ ਧੀਆਂ ਆਪ ਸਮਝਾਏ । ਸਾਚਾ ਬੀਆ ਆਪ ਬਿਜਾਏ । ਏਕਾ ਹੀਆ ਜਗਤ ਕਰਾਏ । ਸਾਚੀ ਨਈਆ ਤਨ ਬਣਾਏ । ਸਾਚਾ ਪੀਆ ਅੰਮ੍ਰਿਤ ਮੇਘ ਬਰਸਾਏ । ਸਤਿ ਸੰਤੋਖ ਸਰਮ ਪੱਤ ਫੱਲ ਫੁੱਲ ਲਗਾਏ । ਆਤਮ ਧੀਰਜ ਸਾਚਾ ਜੱਤ ਪ੍ਰਭ ਸਾਚਾ ਫੱਲ ਲਗਾਏ । ਸੋਹੰ ਸ਼ਬਦ ਰਖਾਏ ਸਾਚਾ ਤਤ, ਗਿਆਨ ਗੋਝ ਗੋਝ ਗਿਆਨ ਭੇਵ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁੱਤਰ ਧੀਆਂ ਗੁਰਸਿਖ ਸੰਗਤ ਤੇਰਾਂ ਮੱਘਰ ਆਪ ਸਮਝਾਏ । ਪੁੱਤਰ ਧੀਆਂ ਛੱਡ ਸਨਬੰਧ । ਕਲਜੁਗ ਅੰਤਮ ਹੋਇਆ ਅੰਧ । ਦੂਈ ਦਵੈਤੀ ਆਤਮ ਢਾਹੋ ਕੰਧ । ਏਕਾ ਸ਼ਰਅ ਇਕ ਸ਼ਰਾਇਤੀ ਪ੍ਰਭ ਸ਼ਰਬ ਲਿਖਾਏ ਬੱਤੀ ਦੰਦ । ਨਾ ਕੋਈ ਦਿਸੇ ਜਗਤ ਹਮਾਇਤੀ, ਕਲਜੁਗ ਝੂਠਾ ਦਿਸੇ ਚੰਦ । ਗੁਰ ਸੰਗਤ ਦੱਸੇ

ਸਚ ਪੰਚਾਇਤੀ, ਸਾਚਾ ਸ਼ਬਦ ਸੁਣਾਏ ਸਾਚਾ ਛੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਦਾ ਬਖ਼ਸ਼ੰਦ । ਸਾਚਾ ਸ਼ਬਦ ਸ਼ਬਦ ਸਲੋਕ । ਆਪ ਸਵਾਰੇ ਲੋਕ ਪ੍ਰਲੋਕ । ਜੋਤ ਸਰੂਪੀ ਪਸਰ ਪਸਾਰੇ ਕਲਜੁਗ ਭੁੱਲੇ ਜੀਵ ਮਾਤਲੋਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣਾਏ, ਬ੍ਰਹਮਾ ਬ੍ਰਹਮ ਲੋਕ ਤਜਾਏ, ਕੌਣ ਸਕੇ ਰੋਕ । ਸਾਚੀ ਸਿਖਿਆ ਹਰਿ ਸਾਚੇ ਭਾਖੀ । ਆਪੇ ਦੇਵੇ ਅਲੱਖਣਾ ਅਲਾਖੀ । ਕਿਆ ਕੋਈ ਜਾਣੇ ਕਲਜੁਗ ਜੀਵ ਭਰੇ ਪਿਆਲਾ ਪੀਵੇ ਸਾਕੀ । ਚੋਰੀ ਯਾਰੀ ਠੱਗੀ ਹੁੰਦਿਆਂ ਨਾ ਕੋਈ ਕਰੇ ਰਾਖੀ । ਚਿਤਰ ਗੁਪਤ ਹਰਿ ਲੇਖਾ ਲੇਵੇ, ਰਹਿਣ ਨਾ ਦੇਵੇ ਕੁਛ ਬਾਕੀ । ਜੋਤੀ ਜੋਤ ਸਰੂਪ ਹਰਿ ਏਕਾ ਪਾਕਨ ਪਾਕੀ । ਸਚ ਤਖ਼ਤ ਸਚ ਸੁਲਤਾਨ ਅੰਦਰ ਬੈਠਾ ਵੇਖੇ ਖੋਲ੍ਹ ਤਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਅੰਮ੍ਰਿਤ ਸਾਚਾ ਸੀਰ ਪਿਆਏ ਗੁਰਸਿਖਾਂ ਬਣਿਆਂ ਸਾਚਾ ਸਾਕੀ । ਤੇਰਾਂ ਮੱਘਰ ਤੇਰਾਂ ਦਿਨ । ਸ਼ਬਦ ਸਰੂਪੀ ਪ੍ਰਭ ਦੇਵੇ ਵਿੰਨ । ਆਪ ਲਿਖਾਏ ਵਖਾਏ ਸਾਚੇ ਚੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦੁਰਕਾਰੇ ਬੇਮੁਖ ਗਿਣ ਗਿਣ । ਸਾਚੀ ਸਿਖਿਆ ਸਚ ਸ਼ਬਦ ਪਛਾਨਨੀ । ਨਾ ਕੋਈ ਜਾਣੇ ਵੇਦ ਪੁਰਾਨਨੀ । ਨਾ ਕੋਈ ਕਿਸੇ ਜੀਵ ਜੰਤ ਵਖਾਨੀ । ਬੁੱਝ ਨਾ ਸਕੇ ਕੋਈ ਬ੍ਰਹਮ ਗਿਆਨੀ । ਸੋ ਜਨ ਜਾਣੇ ਜਿਸ ਬਖ਼ਸ਼ੇ ਚਰਨ ਧਿਆਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਲਿਖਾਏ ਕੋਈ ਰਹਿਣ ਨਾ ਪਾਏ ਨਾ ਭੁੱਲੇ ਗੁਰਸਿਖ ਬਣ ਨਿਧਾਨੀ । ਗੁਰਸਿਖ ਨਾ ਜਾਣਾ ਭੁੱਲ । ਨਾ ਜਾਣਾ ਰੁੱਲ ਨਾ ਜਾਣਾ ਡੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਗੁਰਮੁਖ ਸਾਚੇ ਵਿਚ ਮਾਤ ਬਣਾਈ ਸਾਚੀ ਕੁਲ । ਸਿੰਘ ਆਸਣ ਸਿਰ ਛਤਰ ਜਗਦੀਸ਼ । ਵੇਖੇ ਵਿਚਾਰੇ ਸਦੀ ਬੀਸ । ਦਰ ਦਵਾਰਾ ਆਪ ਖੁਲ੍ਹਾਏ, ਨਾ ਕੋਈ ਲਾਏ ਫੀਸ । ਏਕਾ ਸ਼ਬਦ ਸੋਹੰ ਸਾਚਾ ਨਾਮ ਜਪਾਏ, ਮਾਣ ਦਵਾਏ ਰਾਗ ਛਤੀਸ । ਨਾਰਦ ਮੁਨ ਸੁਗੰਧੀ ਚੁਣ, ਫੁੱਲ ਬਰਖਾਇਣ ਕਰੋੜ ਤੇਤੀਸ । ਸ਼ਬਦ ਧੁਨ ਕਵਣ ਜਾਣੇ ਹਰਿ ਤੇਰੇ ਗੁਣ, ਸ੍ਰਿਸ਼ਟ ਸਬਾਈ ਆਪ ਕਟਾਏ ਝੂਠੇ ਸੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜਗਤ ਪਿਤ ਨਿੱਤ ਨਵਿਤ ਸੱਚਾ ਜਗਦੀਸ਼ । ਸਿੰਘ ਸਿੰਘਾਸਣ ਸੀਸ ਉਠਾਇਆ । ਧਰਤ ਧਵਲ ਪਤਾਲ ਗਗਨ ਹਿਲਾਇਆ । ਸਤਿਜੁਗ ਤੇਰਾ ਪਹਿਲਾ ਸਗਨ, ਪ੍ਰਭ ਅਬਿਨਾਸ਼ੀ ਗੁਰਸਿਖਾਂ ਪਹਿਲੀ ਮਾਘ ਮੁਖ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੰਨ ਧੰਨ ਧੰਨ ਗੁਰਸਿਖ ਆਤਮ ਸਹਿੰਸ ਰੋਗ ਮਿਟਾਇਆ । ਸਿੰਘ ਸਿੰਘਾਸਣ ਸੀਸ ਹੁਲਾਰ । ਕਰੇ ਖੇਲ ਹਰਿ ਕਰਤਾਰ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ । ਕਰੇ ਕਰਾਵੇ ਨਾ ਕੋਈ ਪਾਵੇ ਸਾਰ । ਗੁਰਮੁਖ ਸਾਚੇ ਆਣ ਤਰਾਵੇ, ਬੇਮੁੱਖ ਹੋਏ ਦੁਖਿਆਰ । ਧਰਤ ਮਾਤ ਹਰਿ ਦਰ ਪੁਕਾਰੇ, ਨਾ ਝੱਲਿਆ ਜਾਏ ਕਲਜੁਗ ਭਾਰ । ਪ੍ਰਗਟ ਜੋਤ ਚਰਨ ਕਵਲਾਰੇ ਆਪੇ ਲਏ ਸਹਾਰ । ਦੂਤ ਦੁਸ਼ਟ ਪ੍ਰਭ ਸਾਚਾ ਮਾਰੇ, ਏਕ ਫੜੇ ਸ਼ਬਦ ਕਟਾਰ । ਵਾਹ ਵਾਹ ਵਾਹ ਗੁਰਸਿਖ ਸੋਹਣ ਗੁਰ ਚਰਨ ਦਵਾਰੇ । ਨੇਤਰ ਪੇਖਣ ਸਚ ਭਤਾਰ, ਮਾਨਸ ਜਨਮ ਕਲ ਆਪ ਸਵਾਰੇ । ਪ੍ਰਭ ਪਾਰ ਉਤਾਰਨਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਏਕਾ ਏਕ ਵਸੇ ਨਿਰੰਕਾਰੇ । ਵਾਹ ਵਾਹ ਵਾਹ ਨਿਰੰਕਾਰਿਆ । ਕਲਜੁਗ ਖੇਲ ਅਪਰ ਅਪਾਰਿਆ । ਗੁਰਸਿਖ ਵਿਰਲਾ ਬਣੇ ਵਪਾਰਿਆ । ਜਿਸ ਕਿਰਪਾ ਆਪਣੀ ਧਾਰਿਆ । ਬੇਮੁਖਾਂ ਕਰ ਖਵਾਰਿਆ । ਆਤਮ ਦੁੱਖ ਇਕ ਹੰਕਾਰਿਆ । ਪ੍ਰਭ ਸੋਹੰ ਖੰਡਾ ਫੜੇ ਦੋ ਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾ


੨੬੫
੦੩

ਵਾਰਿਆ । ਕਵਲ ਚਰਨ ਚਰਨ ਕਵਲ ਗੁਰ ਪੂਰੇ ਸੇਵ । ਮੇਲ ਮਿਲਾਵਾ ਸਾਚਾ ਪ੍ਰਭ ਅਬਿਨਾਸ਼ੀ ਅਲਖ ਅਭੇਵ । ਦਰਗਹਿ ਸਾਚੀ ਸਾਚਾ ਨਾਵਾਂ, ਬਚ ਨਾ ਸਕੇ ਦੇਵੀ ਦੇਵ । ਦੇਵੇ ਮਾਣ ਜਗਤ ਤਾਣ ਕਲਜੁਗ ਪਛਾਣ ਨਿਥਾਵਿਆਂ ਥਾਨ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣੀ ਗੁਣਵੰਤ ਗੁਣ ਗੁਣੀ ਨਿਧਾਨ । ਗੁਣ ਨਿਧਾਨ ਸਚ ਅਸਥਾਨ ਧੁਰ ਦੀ ਬਾਣ ਗੁਰਸਿਖ ਜਗਾਣ ਕਰਮ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੇਵੇ ਪੀਣ ਖਾਣ । ਪੀਵਣਾ ਖਾਵਣਾ ਖਾਵਣਾ ਪੀਵਣਾ । ਗੁਰ ਚਰਨ ਪ੍ਰੀਤੀ ਸਾਚਾ ਜੀਵਣਾ । ਘਰ ਸਾਚੇ ਦੀ ਸਾਚੀ ਰੀਤੀ, ਸਦਾ ਸਦਾ ਵਿਚ ਮਾਤ ਨੀਵਣਾ । ਬਖ਼ਸ਼ੇ ਭੁੱਲ ਜੋ ਪਿਛੇ ਕੀਤੀ, ਅੱਗੇ ਮਾਰਗ ਸਾਚੇ ਪ੍ਰਭ ਆਪ ਲਗਾਵਣਾ । ਮਾਨਸ ਜਨਮ ਜਾਣਾ ਜਗ ਜੀਤੀ, ਸਾਚਾ ਨਾਮ ਨਾ ਮਨੋਂ ਭੁਲਾਵਣਾ । ਨਾਉਂ ਨਿਰੰਕਾਰ ਸਦ ਰਸਨਾ ਚੀਤੀ, ਪ੍ਰਭ ਕਰੇ ਵਕਤ ਸੁਹਾਵਣਾ । ਹੋਏ ਕਾਇਆ ਸੀਤਲ ਸੀਤੀ, ਪ੍ਰਭ ਅੰਮ੍ਰਿਤ ਮੇਘ ਬਰਸਾਵਣਾ । ਗੁਰਸਿਖ ਸਿੱਖ ਹੋਏ ਪਤਤ ਪੁਨੀਤੀ, ਪ੍ਰਭ ਸਾਚੀ ਰੀਤ ਚਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥੇ ਗੁਰਸਿਖਾਂ ਪੂਰ ਕਰਾਏ ਭਾਵਨਾ । ਪੂਰੀ ਭਾਵਨਾ ਬਲੀ ਬਲਵਾਨਨਾ ਜਿਉਂ ਬਲ ਬਾਵਨਾ । ਭਰਮ ਚੁਕਾਵਨਾ ਦਰਸ ਦਿਖਾਵਣਾ । ਬੇਮੁੱਖ ਖਪਾਵਣਾ, ਜਿਉਂ ਰਾਮਾ ਰਾਵਣਾ । ਗੁਰਸਿਖ ਤਰਾਵਣਾ, ਜਿਉਂ ਸਿੱਲਾ ਚਰਨ ਛੁਹਾਵਣਾ । ਵਿਚ ਬਬਾਣ ਬਿਠਾਵਣਾ । ਸਚਖੰਡ ਨਿਵਾਸ ਰਖਾਵਣਾ । ਦਾਸਨ ਦਾਸ ਆਪ ਹੋ ਜਾਵਣਾ । ਵਡ ਸ਼ਾਹੋ ਸ਼ਾਹ ਸ਼ਬਾਸ਼ ਭੇਵ ਕਿਸੇ ਨਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਵਰਤਾਵਣਾ । ਆਪੇ ਖੇਲੇ ਖੇਲ ਖਿਲਾੜੀ । ਆਪੇ ਬਣੇ ਲਾੜਾ ਲਾੜੀ । ਕਿਸੇ ਨਾ ਦਿਸੇ ਪਿਛਾ ਅਗਾੜੀ । ਪਕੜ ਪਿਛਾੜੇ ਫੜ ਫੜ ਦਾਹੜੀ । ਚਾਰ ਕੁੰਟ ਹੋਏ ਉਜਾੜੀ । ਅੰਤਮ ਉਜੜੀ ਕਰਮਾਂ ਵਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਅੰਦਰ ਬੈਠਾ ਵੇਖੇ ਲਾਈ ਤਾੜੀ । ਅੰਦਰ ਵੇਖੇ ਨੈਣ ਮੁੰਧਾਰਿਆ । ਕਿਰਪਾ ਕੀਨੀ ਤਿਸ ਜਨ ਜਿਨ ਜਿਸ ਆਪਣੇ ਚਰਨ ਲਗਾ ਰਿਹਾ । ਕਲਜੁਗ ਜੀਆਂ ਦਿਸ ਨਾ ਆ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਸਦ ਸਦ ਬਲਿਹਾਰਿਆ । ਸਦ ਬਲਿਹਾਰ ਹਰਿ ਬ੍ਰਹਿਮਾਦ । ਪ੍ਰਭ ਅਬਿਨਾਸ਼ੀ ਆਦਿ ਜੁਗਾਦਿ । ਸ਼ਬਦ ਲਿਖਾਏ ਬੋਧ ਅਗਾਧ । ਗੁਰ ਸਾਚੇ ਵੇਖ ਸੋਹੰ ਦੇਵੇ ਸਾਚੀ ਦਾਦ । ਜੋਤ ਸਰੂਪੀ ਧਾਰੇ ਭੇਸ, ਇਕ ਸ਼ਬਦ ਵਜਾਵੇ ਨਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਗੁਰਮੁਖ ਸਾਚੇ ਸਦ ਰਸਨ ਅਰਾਧ । ਗੁਰਸਿਖ ਤੀਰਥ ਯਾਤਰਾ ਗੂੜ੍ਹੀ ਗਾਇਤਰਾ ਵਿਚ ਮਾਤਰਾ ਛੇ ਸ਼ਾਸਤਰਾਂ ਸਾਚਾ ਲੇਖਾ ਰਸਨ ਲਿਖ ਭੋਜ ਪਾਤਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਏ ਸਹਾਈ ਸੁੱਤਿਆਂ ਰਾਤਰਾ । ਤੀਰਥ ਤੱਟ ਦਾਨ ਗੁਰ ਆਪ ਜਣਾਵੇ । ਤੇਰਾਂ ਮੱਘਰ ਲੇਖ ਲਿਖਾਵੇ । ਅੰਮ੍ਰਿਤ ਆਤਮ ਸਰ ਪ੍ਰਭ ਸਚ ਅਸ਼ਨਾਨ ਕਰਾਵੇ । ਆਪ ਖੁਲ੍ਹਾਵੇ ਸਾਚਾ ਦਰ, ਜੋਤ ਸਰੂਪੀ ਨਜ਼ਰੀ ਆਵੇ । ਗੁਰਸਿਖਾਂ ਦੇਵੇ ਸਾਚਾ ਵਰ, ਪਹਿਲੀ ਮਾਘ ਪ੍ਰਗਟ ਕਰਾਵੇ । ਸਾਚੀ ਵਸਤ ਗੁਰਸਿਖ ਸਾਚਾ ਘਰ ਸਾਚੇ ਲੈ ਜਾਵੇ । ਨਿੰਦਕ ਦੁਸ਼ਟ ਦੁਰਾਚਾਰ ਘਰ ਸਾਚੇ ਮੂਲ ਨਾ ਭਾਵੇ । ਪ੍ਰਭ ਅਬਿਨਾਸ਼ੀ ਤੇਰਾ ਸਾਚਾ ਸਚ ਵਿਹਾਰ, ਉਹਲਾ ਕੋਈ ਰਹਿਣ ਨਾ ਪਾਵੇ । ਜੁਗੋ ਜੁਗ ਤੇਰੀ ਸਾਚੀ ਕਾਰ, ਏਕਾ ਕੰਡਾ ਆਪਣੇ ਹੱਥ ਤੁਲਾਵੇ । ਏਕਾ ਰੁੱਤ ਇਕ ਬਹਾਰ, ਇਕ ਗੁਲਜ਼ਾਰ ਗੁਰ ਸੰਗਤ ਚਰਨ ਬਹਾਵੇ । ਬੇਮੁਖਾਂ ਦੇਵੇ ਦਰ ਦੁਰਕਾਰ । ਸਾਚੀ ਲਿਖਤ ਤੇਰਾਂ ਮੱਘਰ ਲੇਖ ਲਿਖਾਵੇ । ਜੋ ਕੁਛ ਵਰਤੇ ਹਰਿ ਵਰਤਾਰ, ਗੁਰਸਿਖਾਂ ਆਖ ਸੁਣਾਵੇ ।

ਗੁਰਸਿਖ ਲੈ ਜਾਣਾ ਇਕ ਗੁਰ ਸੰਗਤ ਵਾਰ ਸਾਚਾ ਕਰਮ ਕਮਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਦਗਾ ਨਾ ਜਗਤ ਕਮਾਵੇ । ਹਰਿ ਦੇਵੇ ਜੋਗ ਅਵੱਲੜਾ । ਜਿਥੇ ਵਸੇ ਹਰਿ ਇਕੱਲੜਾ । ਗੁਰਸਿਖ ਤੇਰੇ ਆਤਮ ਦਰ ਦਵਾਰੇ ਅੱਗੇ ਖਲੜਾ । ਗੁਰਸਿਖ ਤੇਰਾ ਵਿਚ ਲੋਕਮਾਤ ਹੋਵੇ ਭਾਰਾ ਪਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬੋਧ । ਬ੍ਰਹਮ ਵਿਚਾਰਿਆ ਹਿਰਦਾ ਸੋਧ, ਹਰਿ ਗੁਣ ਨਿਧਾਨ ਸ਼ਬਦ ਬੋਧ, ਵਡ ਦਾਤਾ ਵਡ ਜੋਧਨ ਜੋਧ, ਸ੍ਰਿਸ਼ਟ ਸਬਾਈ ਆਪਣਾ ਭੇਵ ਖੋਲ੍ਹ, ਤੋੜੇ ਮਾਣ ਸਰਬ ਤਾਣ ਸ੍ਰਿਸ਼ਟ ਸਬਾਈ ਜਾਏ ਸੋਧ, ਫੜਿਆ ਹੱਥ ਖੰਡਾ ਦੋ ਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਸ਼ਬਦ ਕਟਾਰਿਆ । ਦੋ ਧਾਰ ਵਿਚ ਸੰਸਰ । ਵੇਖ ਵਿਚਾਰ ਮਾਰੇ ਮਾਰ ਨਾ ਕੋਈ ਸਕੇ ਸਹਾਰ । ਸ੍ਰਿਸ਼ਟ ਸਬਾਈ ਆਰ ਪਾਰ, ਜੀਵ ਜੰਤ ਹੋਏ ਖੁਆਰ । ਸਾਧ ਸੰਗਤ ਦਰ ਦਰ ਭਿਖਿਆ ਮੰਗਣ ਨਾਰ । ਨਾ ਕੋਈ ਜਾਣੇ ਹਰਿ ਕੀ ਕਾਰ । ਕਰੇ ਕਰਾਏ ਵਿਚ ਸੰਸਾਰ । ਲੱਖ ਚੁਰਾਸੀ ਪਸਰ ਪਸਾਰ । ਪ੍ਰਗਟ ਹੋਏ ਘਨਕਪੁਰ ਵਾਸੀ, ਚਾਰ ਕੁੰਟ ਕਰਾਏ ਜੈ ਜੈਕਾਰ । ਜਨ ਭਗਤਾਂ ਹਰਿ ਮੇਲ ਮਿਲਾਸੀ, ਏਕਾ ਦੇਵੇ ਸ਼ਬਦ ਹੁਲਾਰ । ਸਤਿਜੁਗ ਸਾਚੀ ਧਾਰ ਬਣਾਸੀ, ਚਾਰ ਵਰਨ ਇਕ ਪਿਆਰ । ਆਪ ਆਪਣਾ ਵਿਚ ਟਿਕਾਸੀ, ਏਕਾ ਦੇਵੇ ਦਰਸ ਅਪਾਰ । ਮਾਨਸ ਜਨਮ ਕਰਾਏ ਰਹਿਰਾਸੀ, ਏਕਾ ਜੋਤ ਜਗਾਏ ਅਗੰਮ ਅਪਾਰ । ਜਨ ਭਗਤਾਂ ਹੋਏ ਦਾਸਨ ਦਾਸੀ, ਬਜ਼ਰ ਕਪਾਟੀ ਆਪ ਖੁਲ੍ਹਾਰ । ਕਲਜੁਗ ਜੀਵ ਕਰਨ ਹਾਸੀ, ਪ੍ਰਭ ਸਾਚੇ ਦੀ ਨਾ ਕੋਈ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਖੇਲ ਕਰੇ ਕਰਤਾਰ । ਅੰਤਮ ਅੰਤ ਬੇਮੁਖਾਂ ਨਸ਼ਟ ਕਰਾਵਣਾ, ਸ੍ਰਿਸ਼ਟ ਸਬਾਈ ਹੋਏ ਭਿਖਾਰ । ਦਰ ਦਰ ਘਰ ਘਰ ਹਰਿ ਆਪ ਫਿਰਾਵਣਾ, ਦਰ ਸਾਚੇ ਦੇਵੇ ਦੁਰਕਾਰ । ਸਾਚਾ ਨਾਮ ਨਾ ਕਿਸੇ ਭਿਛਿਆ ਪਾਵਣਾ, ਕਲਜੁਗ ਜੀਵ ਕੁਲੱਖਣੀ ਨਾਰ । ਹੋਏ ਰੰਡ ਨਾ ਸੁਹਾਗਣ ਕਿਸੇ ਅਖਵਾਵਣਾ, ਕਲਜੁਗ ਅੰਤਮ ਵਿਚ ਵਰਭੰਡ ਸੋਹੰ ਡੰਡਾ ਪ੍ਰਭ ਸਿਰ ਲਗਾਵਣਾ, ਆਪੇ ਕਰੇ ਖੰਡ ਖੰਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਰ । ਵਰਤੇ ਭਾਣਾ ਨਾ ਕੋਈ ਜਾਣੇ ਰਾਜਾ ਰਾਣਾ, ਕਿਆ ਕੋਈ ਜਾਣੇ ਸੁਘੜ ਸਿਆਣਾ । ਕਲਜੁਗ ਜੀਵ ਮਾਇਆ ਮਮਤਾ ਵਿਚ ਭੁਲਿਆ ਅੰਞਾਣਾ । ਆਤਮ ਅੰਧਾ ਝੂਠੇ ਹੱਟ ਵਿਕਾਣਾ । ਲੋਭੀ ਗੰਦ ਮੁਖ ਰਖਾਣਾ । ਜਗਤ ਵਿਹਾਰ ਝੂਠਾ ਧੰਦਾ, ਪ੍ਰਭ ਅਬਿਨਾਸ਼ੀ ਮਨੋਂ ਭੁਲਾਣਾ । ਕੋਈ ਨਾ ਤੋੜੇ ਆਤਮ ਜਿੰਦਾ, ਸਾਚਾ ਨਾਮ ਨਾ ਚਾਬੀ ਲਾਣਾ । ਦੂਈ ਦਵੈਤ ਵਿਚ ਰਖੰਦਾ, ਬਿਨ ਗੁਰ ਪੂਰੇ ਪਰਦਾ ਕਿਸੇ ਨਾ ਲਾਹਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਏਕਾ ਸੰਗ ਚਰਨ ਸਚ ਟਿਕਾਣਾ । ਚਰਨ ਟੇਕ ਸਰਨ ਗੁਰ ਪੂਰੇ । ਪ੍ਰਗਟ ਹੋਏ ਹਾਜਰ ਹਜੂਰੇ । ਆਤਮ ਸਾਚੀ ਜੋਤ ਜਗਾਏ ਸ਼ਬਦ ਅਨਾਹਦ ਅਨਹਦ ਤੂਰੇ । ਦਸਮ ਦਵਾਰੇ ਸੋਤ ਖੁਲ੍ਹਾਏ, ਇਕ ਦਿਸਾਵੇ ਸਾਚਾ ਨੂਰੇ । ਦੁਰਮਤ ਮੈਲ ਧੋਤ ਵਖਾਵੇ, ਸਾਚਾ ਦੇਵੇ ਨਾਮ ਸਰੂਰੇ । ਗੁਰਸਿਖ ਸੋਏ ਕਲ ਆਪ ਉਠਾਏ ਚਰਨ ਲਗਾਏ ਦੇਰ ਨਾ ਲਾਏ ਜੋਤ ਜਗਾਏ ਦਰ ਘਰ ਹਰਿ ਸਰਨ ਰਖਾਏ ਆਸਾ ਮਨਸਾ ਪੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗਾਂ ਦੇ ਵਿਛੜੇ ਕਲਜੁਗ ਮੇਲ ਮਿਲਾਰੇ । ਮੇਲ ਮਿਲਾਇਆ ਪੂਰੇ ਗੁਰ । ਹੋਇਆ ਸੰਜੋਗ ਲਿਖਿਆ ਧੁਰ । ਸਾਚਾ ਜੋਗ ਗੁਰ ਚਰਨ ਜੁੜ । ਗੁਰ ਦਰਸ਼ਨ ਕੋ ਲੋਚਣ ਸੁਰ । ਪ੍ਰਗਟੀ ਜੋਤ ਘਨਕਪੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਸੱਚਾ ਸਤਿਗੁਰ । ਜੀਵ ਨਾ

੨੬੭ ੦੩

ਭੁੱਲ ਭਰਮ ਭੁਲੇਖਾ । ਪ੍ਰਭ ਧਾਰੇ ਜੋਤ ਸਰੂਪੀ ਭੇਖਾ । ਅੰਦਰ ਬੈਠਾ ਲਿਖੇ ਲੇਖਾ । ਮੇਟ ਮਿਟਾਈ ਬਿਧਨਾ ਲਿਖੀ ਰੇਖਾ । ਪ੍ਰਭ ਦਰਸ ਜਿਸ ਜਨ ਆਏ ਨੇਤਰ ਪੇਖਾ । ਕੋਈ ਨਾ ਜਾਣੇ ਪੀਰ ਫ਼ਕੀਰ ਗੌਸ ਸ਼ੇਖ਼ਾ । ਜੀਵ ਜੰਤ ਸਾਧ ਸੰਤ ਕਲਜੁਗ ਬੇਅੰਤ ਨਾ ਜਾਣੇ ਕੋਈ ਅੰਤ ਸਭ ਰਹੇ ਵੇਖੀ ਵੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਦਰ ਦਵਾਰੇ ਸੱਚੇ ਘਰ ਬਾਹਰੇ ਹਰਿ ਨਿਰੰਕਾਰੇ ਦੇਖਾ । ਹਰਿ ਨਿਰੰਕਾਰ ਘਰ ਸਾਚੇ ਅਕਾਰ । ਗੁਰਮੁਖ ਵਿਰਲਾ ਕਰੇ ਵਿਚਾਰ । ਜਿਸ ਬਖ਼ਸ਼ੇ ਚਰਨ ਪਿਆਰ । ਆਤਮ ਦੇਵੇ ਸ਼ਬਦ ਜੋਤ ਜੋਤ ਸ਼ਬਦ ਅਧਾਰ । ਅੰਮ੍ਰਿਤ ਆਤਮ ਸਿੰਚ ਸੋਹੰ ਖਿੜੇ ਸੱਚੀ ਗੁਲਜ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਗਲ ਪਾਏ ਪਾਪਾਂ ਹਾਰ । ਸ੍ਰਿਸ਼ਟ ਸਬਾਈ ਪਾਪ ਕਮਾਇਣ । ਧਰਤ ਮਾਤ ਅੰਤਮ ਅੰਤ ਖਪਾਏ ਹੋਏ ਡਾਇਣ । ਜੂਠੇ ਝੂਠੇ ਮਾਇਆ ਲੂਠੇ ਰਹਿਣ ਨਾ ਪਾਇਣ ਕਲਜੁਗ ਪਾਇਣ ਵੈਣ । ਗੁਰਸਿਖ ਸਚੇ ਪ੍ਰਭ ਚਰਨ ਲੂਠੇ, ਦਰਸ ਦਿਖਾਵੇ ਤੀਜੇ ਨੈਣ । ਕਲਜੁਗ ਮਨਾਏ ਦਵਾਪਰ ਰੂਠੇ, ਮਿਲ ਸਾਧ ਸੰਗਤ ਗੁਰ ਚਰਨੀ ਬਹਿਣ । ਬੇਮੁਖਾਂ ਹੱਥ ਫੜਾਏ ਠੂਠੇ, ਪੀ ਪੀ ਮਦਿਰਾ ਨਾਰੀ ਕਹਿਣ ਭੈਣ । ਧਰਮ ਰਾਏ ਦਰ ਲੱਗੇ ਅੰਗੂਠੇ, ਕੋਈ ਅੰਤ ਨਾ ਛੁਡਾਇਣ । ਫੜ ਫੜ ਟੰਗਾਏ ਪੁੱਠੇ, ਅਠਾਈ ਕੁੰਡ ਵਿਚ ਫਿਰਾਇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਕੜ ਉਠਾਏ ਕੰਠ, ਲਗਾਏ, ਨਾ ਕੋਈ ਤੋੜੇ ਤੋੜ ਤੁੜਾਏ, ਸਚ ਪ੍ਰੀਤੀ ਜੋੜ ਜੁੜਾਏ, ਦਰਗਹਿ ਸਾਚੀ ਘਰ ਸਾਚੇ ਬਹਿਣ । ਦਰਗਹਿ ਸਾਚੀ ਸਚ ਘਰ ਵਾਸ । ਏਕਾ ਵਸੇ ਹਰਿ ਪੁਰਖ ਅਬਿਨਾਸ਼ । ਤੀਨ ਲੋਕ ਪ੍ਰਭ ਚਰਨ ਦਾਸ । ਏਕਾ ਜੋਤ ਸਰਬ ਪ੍ਰਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਦਾਸਨ ਦਾਸ । ਦਾਸਨ ਦਾਸ ਵਿਚ ਵਸੰਦਾ । ਨਾ ਭੇਵ ਖੁਲੰਦਾ, ਨਾ ਤੋੜੇ ਆਤਮ ਜਿੰਦਾ । ਕਿਆ ਕਰੇ ਜੀਵ ਗਵਾਰੀ ਬੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਦੂਈ ਦਵੈਤ ਮਿਟਾਏ ਸੋਹੰ ਸ਼ਬਦ ਲਗਾਏ ਰੰਦਾ । ਸੋਹੰ ਰੰਦਾ ਦੇਵੇ ਰੰਦ । ਆਪ ਮਿਟਾਏ ਦਵੈਤੀ ਕੰਧ । ਮੈਲ ਉਤਾਰੇ ਪਾਪਾਂ ਗੰਦ । ਪ੍ਰਭ ਅਬਿਨਾਸ਼ੀ ਸਦਾ ਬਖ਼ਸ਼ੰਦ । ਗੁਰਸਿਖ ਸਦਾ ਸਦਾ ਜਪ ਬੱਤੀ ਦੰਦ । ਆਪ ਉਪਜਾਵੇ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਏ ਦਇਆ ਕਮਾਏ, ਜੋ ਜਨ ਤਜਾਏ ਮਦਿਰਾ ਮਾਸ ਗੰਦ । ਗੁਰ ਸੰਗਤ ਮੰਗਲ ਗਾਇਆ ਹਰਿ ਗੋਬਿੰਦਾ । ਦੇਵੇ ਮਾਣ ਪ੍ਰਭ ਜਗਤ ਵਡਿਆਈ, ਜਿਉਂ ਰਾਜਾ ਸੁਰਪਤ ਇੰਦਾ । ਦਰ ਆਤਮ ਵੱਜੀ ਵਧਾਈ, ਹਰਿ ਸਾਚੀ ਬੂਝ ਬੁਝਾਈ, ਅੰਧੇਰ ਮਿਟਾਈ ਤੋੜੇ ਆਤਮ ਜਿੰਦਾ । ਪ੍ਰਭ ਚਰਨ ਸੀਸ ਝੁਕਾਈ । ਕਲਜੁਗ ਜੀਵ ਭੁੱਲ ਨਾ ਜਾਈ । ਮਾਨਸ ਜਨਮ ਨਾ ਮੂਲ ਗਵਾਈ । ਸੋਹੰ ਸਾਚਾ ਨਾਮ ਨਿੱਤ ਰਸਨਾ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਦ ਬਖ਼ਸ਼ਿੰਦਾ । ਸਚ ਪ੍ਰੀਤ ਗੁਰ ਚਰਨ ਹੈ । ਚਾੜ੍ਹੇ ਸਾਚੀ ਰੰਗਤ, ਚੁੱਕਦਾ ਮਰਨ ਡਰਨ ਹੈ । ਆਪ ਬਣਾਏ ਗੁਰਸਿਖ ਰਲਾਏ ਸੱਚੀ ਸੰਗਤ, ਖੁਲ੍ਹੇ ਹਰਨ ਫਰਨ ਹੈ । ਆਪ ਪਾਏ ਸਾਚਾ ਨਾਉਂ ਭਿਖ ਨਾ ਹੋਣਾ ਮੰਗਤ, ਇਕ ਦਿਸਾਏ ਸਾਚੀ ਸਰਨ ਹੈ । ਗੁਰਸਿਖਾਂ ਸਹਾਈ ਜਿਉਂ ਨਾਨਕ ਅੰਗਦ, ਜੋਤੀ ਜੋਤ ਹਰਿ ਜਗਾਈ ਹੈ । ਸਾਧ ਸੰਗਤ ਤੇਰੇ ਮਨ ਵਧਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲਜੁਗ ਅੰਤਮ ਜਾਮਾ ਪਾਈ ਹੈ । ਕਲਜੁਗ ਅੰਤਮ ਜਾਮਾ ਪਾਇਆ । ਜਿਉਂ ਰਾਮਾ ਵਿਚ ਤਰੇਤਾ ਆਇਆ । ਕ੍ਰਿਸ਼ਨਾ ਕਾਹਨਾ ਭੇਸ ਵਟਾਇਆ । ਜਿਉਂ ਜਾਦਵ ਬੰਸ ਭਾਗ ਲਗਾਇਆ । ਕਲਜੁਗ ਅੰਤਮ ਅੰਤ, ਪ੍ਰਭ ਸਵਾਂਗੀ

੨੬੮
੦੩

ਸਵਾਂਗ ਰਚਾਇਆ । ਜਿਨ ਪ੍ਰਭ ਮਿਲਣ ਦਾ ਚਾਓ, ਪ੍ਰਗਟ ਹੋਏ ਸਭ ਦਰਸ ਦਿਖਾਇਆ । ਹਰਿ ਪਾਇਆ ਸਹਿਜ ਸੁਭਾਓ, ਵਿਚ ਵਿਚੋਲਾ ਸੋਹੰ ਨਾਮ ਧਰਾਇਆ । ਸਾਚੀ ਦਰਗਹਿ ਮਿਲੇ ਥਾਉਂ, ਘਰ ਦਰ ਹਰਿ ਸਾਚੇ ਮਾਣ ਦਵਾਇਆ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋ, ਭੇਵ ਕਿਸੇ ਨਾ ਪਾਇਆ । ਆਦਿ ਅੰਤ ਜੁਗਾ ਜੁਗੰਤ ਆਪ ਅਟੱਲ ਅਚੱਲ ਰਘੁਰਾਇਆ । ਵਸੇ ਜਲ ਥਲ ਗੁਰਸਿਖ ਵੇਖ ਘੜੀ ਘੜੀ ਪਲ ਪਲ, ਤੇਰੇ ਅੰਦਰ ਆਸਣ ਲਾਇਆ । ਪ੍ਰਭ ਅਬਿਨਾਸ਼ੀ ਤੇਰੀ ਕਾਇਆ ਵਿਚ ਮਹੱਲ, ਸਿੰਘਆਸਣ ਡੇਰਾ ਲਾਇਆ । ਆਪ ਭੁਲਾਏ ਕਰ ਕਰ ਵਲ ਛਲ, ਭਰਮ ਭੁਲੇਖਾ ਵੱਡਾ ਪਾਇਆ । ਗੁਰਸਿਖ ਸਾਚੇ ਜਾਓ ਬਲ ਬਲ, ਕਰ ਕਿਰਪਾ ਜਿਸ ਸਾਚਾ ਮੇਲ ਮਿਲਾਇਆ । ਆਪ ਚਲਾਏ ਸ਼ਬਦ ਸਰੂਪੀ ਹੱਲ, ਤੇਰੀ ਆਤਮ ਸੋਹੰ ਸਾਚਾ ਬੀਜ ਬਿਜਾਇਆ । ਅੰਮ੍ਰਿਤ ਆਤਮ ਲਾਵੇ ਸਾਚਾ ਫੱਲ, ਰਸਨਾ ਰਸ ਕਿਸੇ ਵਿਰਲੇ ਗੁਰਮੁਖ ਪਾਇਆ । ਕਲਜੁਗ ਜੀਵ ਦਲੇ ਦੋ ਫਾੜੀ ਦਾਲ, ਸ਼ਬਦ ਖਰਾਸ ਆਪ ਚਲਾਇਆ । ਕਲਜੁਗ ਭਾਣਾ ਨਾ ਜਾਏ ਟਲ, ਸਾਚਾ ਲੇਖਾ ਹਰਿ ਆਪ ਲਿਖਾਇਆ । ਆਪ ਕਟਾਏ ਧੜ ਗਲ, ਇਕੱਠਾ ਦੋਵੇਂ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਆਪਣੇ ਭਾਣੇ ਵਿਚ ਆਪ ਸਮਾਇਆ । ਆਪਣਾ ਭਾਣਾ ਆਪਣਾ ਬਾਣਾ ਆਪੇ ਜਾਣਦਾ । ਆਪਣਾ ਤਖ਼ਤ ਸਾਚਾ ਰਾਣਾ, ਆਪੇ ਆਪ ਪਛਾਣਦਾ । ਨਾ ਕੋਈ ਦਿਸੇ ਸ਼ਾਹ ਸੁਲਤਾਨਾ, ਏਕਾ ਛਤਰ ਝੁਲੇ ਸੀਸ ਹਰਿ ਵਾਲੀ ਦੋ ਜਹਾਨ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ, ਕਲਜੁਗ ਤੇਰਾ ਪੰਧ ਮੁਕਾਏ, ਸੋਹੰ ਸਾਚਾ ਸ਼ਬਦ ਵਖਾਣਦਾ । ਪ੍ਰਭ ਚਰਨ ਸੱਚੀ ਸਰਨਾਈ । ਦੁਰਮਤ ਮੈਲ ਪ੍ਰਭ ਦਰ ਧਵਾਈ । ਗੁਰਮਤ ਲੈਣ ਹਰਿ ਸਰਨ ਤਕਾਈ ।
ਸਾਚਾ ਤਤ ਨਾ ਮਨੋਂ ਭੁਲਾਈ । ਧੀਰਜ ਜੱਤ ਇਕ ਰਖਾਈ । ਆਤਮ ਵੱਤ ਸਾਚਾ ਬੀਜ ਬਿਜਾਈ । ਆਪਣੀ ਪਤ ਆਪਣੇ ਹੱਥ ਰਖਾਈ । ਪ੍ਰਭ ਸਾਚਾ ਦੱਸੇ ਮਤ ਭੁੱਲ ਰੁਲ ਨਾ ਜਨਮ ਗਵਾਈ । ਕਲਜੁਗ ਰੈਣ ਅੰਧੇਰੀ ਤਤ, ਹੇਠਾਂ ਆਣ ਨਾ ਅੰਗ ਭੰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਧਿਆਈ ।



### ✻ ੧੧ ਮੱਘਰ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਆਤਮ ਵਸੂਰਾ ਸਗਲਾ ਲਾਥਿਆ, ਪ੍ਰਭ ਪਾਇਆ ਸਰਬ ਸਮਰਥ ਹੈ । ਮਹਿੰਮਾ ਜਗਤ ਅਕਥਨਾ ਅਕਥ ਹੈ । ਆਪ ਚੜ੍ਹਾਏ ਸ਼ਬਦ ਸੋਹੰ ਸਾਚੇ ਰਥ ਹੈ । ਜੁਗੋ ਜੁਗ ਪ੍ਰਭ ਸਾਚੇ ਦੀ ਗਾਥ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਜੋਤ ਪ੍ਰਗਟਾਏ ਤ੍ਰੈਲੋਕੀ ਨਾਥ ਹੈ । ਦੁੱਖ ਦਰਦ ਹਰਿ ਦੇਵੇ ਕੱਢ । ਕਰ ਸੁਖਾਲੇ ਦੁੱਖੀਆਂ ਹੱਡ । ਸਾਚੀ ਜੋਤ ਜਗਾਏ ਵਿਚ ਅੰਧੇਰੀ ਖੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਵਾਰ ਜੇਹਾ ਬੀਜੋ ਲੈਣਾ ਵੱਢ । ਕਰਮਾਂ ਸੇਤੜੀ ਸਾਚਾ ਬੀਜ । ਨਾਮ ਰਸ ਹਰਿ ਅੰਗ ਅੰਗ ਤਨ ਸਾਚਾ ਸੀਜ । ਆਤਮ ਕਰ ਦਰਸ ਮਿਟੇ ਹਰਸ ਅੰਮ੍ਰਿਤ ਮੇਘ ਪ੍ਰਭ ਦੇਵੇ ਬਰਸ ਬੈਠਾ ਆਤਮ ਦਰ ਦਹਿਲੀਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਨ ਤਨ ਆਤਮ ਸਦਾ ਗੁਰਸਿਖ ਪੀਜ਼ । ਮਨ ਭਏ ਅਨੰਦਾ, ਮਿਲ ਹਰਿ ਗੋਬਿੰਦਾ । ਚੁੱਕੇ ਮਨ ਕੀ ਚਿੰਦਾ । ਆਪ ਬਣਾਏ ਸਾਚਾ ਬੰਦਾ । ਜੋਤ ਸਰੂਪੀ ਜੋਤ ਹਰਿ

ਵਡ ਦਾਤਾ ਗੁਣੀ ਗਹਿੰਦਾ । ਮਾਤਲੋਕ ਖੁਲ੍ਹਾਵੇ ਸਾਚਾ ਦਰ, ਭਰਮ ਭੁਲੇਖਾ ਰਹਿਣ ਨਾ ਦਿੰਦਾ । ਗੁਰ ਚਰਨ ਸਾਚਾ ਸਰ, ਗੁਰਸਿਖ ਅਸ਼ਨਾਨ ਕਰੰਦਾ । ਆਤਮ ਭੰਡਾਰੇ ਦੇਵੇ ਭਰ, ਤੋਟ ਰਹਿਣ ਨਾ ਦਿੰਦਾ । ਏਕਾ ਏਕ ਰਾਖੋ ਟੇਕ, ਹਰਿ ਲੱਖ ਚੁਰਾਸੀ ਤੋੜ ਵਖੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰਾਇਣ ਨਰ, ਕਰ ਦਰਸ ਜਾਣਾ ਤਰ, ਆਦਿ ਜੁਗਾਦਿ ਵਿਚ ਬ੍ਰਹਿਮਾਦ ਸ਼ਬਦ ਨਾਦ ਸਾਚੀ ਧੁਨ ਉਪਜੰਦਾ । ਸਾਚੀ ਧੁਨ ਕਾਇਆ ਕੋਟ । ਏਕਾ ਸ਼ਬਦ ਸਚ ਦਮਾਮਾ ਆਤਮ ਸੋਹੰ ਲਾਏ ਚੋਟ । ਦਿਸ ਨਾ ਆਏ ਜੋਤ ਸਰੂਪੀ ਪਹਿਰੇ ਬਾਣਾ, ਗੁਰਮੁਖਾਂ ਕੱਢੇ ਕਾਇਆ ਖੋਟ । ਪੂਰ ਕਰਾਏ ਸਾਚਾ ਕਾਮਾ, ਰਹਿਣ ਨਾ ਦੇਵੇ ਤੋਟ । ਬੇਮੁਖ ਪਛਾੜੇ ਸਾਚਾ ਧਾਮਾ, ਡਿੱਗੇ ਆਲ੍ਹਣਿਉਂ ਕਲ ਬੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਏਕਾ ਰਾਖ, ਪ੍ਰਭ ਸਾਚੇ ਦੀ ਚਰਨ ਟੇਕ । ਸਚ ਵਣਜ ਹਰਿ ਵਣਜਾਰਾ । ਸੋਹੰ ਸ਼ਬਦ ਰਤਨ ਅਪਾਰਾ । ਗੁਰਮੁਖ ਸਾਚੇ ਰਸਨ ਕੱਤਣ, ਏਕਾ ਸੂਤਰ ਏਕਾ ਤਾਰਾ । ਆਪ ਲੰਘਾਏ ਆਤਮ ਰਸਰ, ਏਕਾ ਵੰਞ ਇਕ ਮੁਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਗੁਰਸਿਖਾਂ ਹੋਏ ਆਪ ਰਖਵਾਰਾ । ਆਤਮ ਵੇਖ ਪ੍ਰਭ ਅਬਿਨਾਸ਼ੀ ਨਿੱਤ ਨਵਿਤ ਜਨ ਭਗਤਾਂ ਹਿੱਤ । ਵਿਚ ਮਾਤ ਧਾਰੇ ਭੇਖ ਹਰਿ ਸਾਚਾ ਚਰਨ ਲਾਗ ਮਾਨਸ ਜਨਮ ਕਲ ਜਿੱਤ । ਪਸ਼ੂ ਪਰੇਤ ਕਰੇ ਦੇਵਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਨੇਤਨ ਨਿਤ । ਨੇਤ ਨਿਆਰੜਾ, ਹਰਿ ਸੱਜਣ ਪਿਆਰੜਾ । ਦੇਵੇ ਨਾਮ ਅਧਾਰੜਾ । ਸੋਹੰ ਜਾਮ ਅਪਰ ਅਪਾਰੜਾ । ਨਾ ਲਾਗੇ ਕੋਈ ਦਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲ ਸੱਜਣ ਮੀਤ ਸਾਚੇ ਯਾਰੜਾ । ਸੱਜਣ ਮੀਤਾ ਪਰਖੇ ਨੀਤਾ, ਬਖ਼ਸ਼ੇ ਚਰਨ ਪ੍ਰੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਪਤਤ ਪੁਨੀਤਾ । ਪਤਤ ਪੁਨੀਤ ਕਰੇ ਅਤੀਤ । ਹਰਿ ਸਾਚਾ ਮੀਤ, ਅੰਮ੍ਰਿਤ ਆਤਮ ਬਖ਼ਸ਼ੇ ਕਾਇਆ ਕਰੇ ਸੀਤਲ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜਾਗੇ ਭਾਗ ਧੋਏ ਦਾਗ ਅੰਤਮ ਪਕੜੇ ਤੇਰੀ ਵਾਗ ਦਿਵਸ ਰੈਣ ਸਦਾ ਰਾਖੋ ਚੀਤ । ਰਾਖੋ ਚੀਤ ਹਰਿ ਸਾਚਾ ਕੰਤਾ । ਬਣਤ ਬਣਾਈ ਜਿਸ ਜੀਵ ਜੰਤਾ । ਹੋਏ ਸਹਾਈ ਆਦਿਨ ਅੰਤਾ । ਦੇਵੇ ਵਡਿਆਈ ਸਭ ਸਾਧਨ ਸੰਤਾ । ਸਾਚਾ ਸ਼ਬਦ ਵਿਚ ਮਾਤ ਧਰਾਈ, ਸੋਹੰ ਜਾਪ ਜਪੰਤਾ । ਚਾਰ ਵਰਨ ਇਕ ਸਰਨਾਈ, ਹੋਏ ਸਹਾਈ ਪੁਰਖ ਭਗਵੰਤਾ । ਦੁਰਮਤ ਮੈਲ ਪ੍ਰਭ ਦੇਵੇ ਗਵਾਈ, ਨਿਰਮਲ ਦੇਹੀ ਹਰਿ ਕਰਾਈ, ਸਾਚੀ ਖੋਜ ਜੋ ਜਨ ਖੁਜੰਤਾ । ਆਤਮ ਭਿਛਿਆ ਪ੍ਰਭ ਸਾਚੇ ਪਾਈ, ਦਰ ਘਰ ਘਰ ਗੇੜ ਹਰਿ ਕਟੰਤਾ । ਜੋ ਆਏ ਜਨ ਸਰਨਾਈ ਸਾਚਾ ਢੋਲ ਮਰਦੰਗ ਸ਼ਬਦ ਵਜੰਤਾ । ਸਾਚੀ ਜੋਤ ਹਰਿ ਦੇ ਜਗਾਈ, ਮੇਲ ਮਿਲਾਵਾ ਸਾਚੇ ਕੰਤਾ । ਫਿਰ ਵਿਛੜ ਨਾ ਜਾਈ, ਦਰਗਹਿ ਸਾਚੀ ਹਰਿ ਮਾਣ ਦਵੰਤਾ । ਲੱਖ ਚੁਰਾਸੀ ਗੇੜ ਕਟਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲੰਦਾ । ਸਤਿਗੁਰ ਸਾਚਾ ਸਦਾ ਅਟੱਲ ਹੈ । ਨਾ ਕਰਦਾ ਵਲ ਛਲ ਹੈ । ਆਦਿ ਅੰਤ ਸਦਾ ਅਡੋਲ, ਜਿਉਂ ਸਾਗਰ ਜਲ ਹੈ । ਨਾ ਕੋਈ ਸਕੇ ਤੋਲ, ਨਾ ਕੋਈ ਕਥਨ ਸਕੇ ਸਾਚੀ ਗੱਲ ਹੈ । ਏਕਾ ਸ਼ਬਦ ਚਾਰ ਕੁੰਟ ਪ੍ਰਭ ਆਪ ਵਜਾਏ ਢੋਲ, ਗੁਰਸਿਖਾਂ ਸੁਣਾਏ ਘੜੀ ਘੜੀ ਪਲ ਪਲ ਹੈ । ਜੂਠਿਆਂ ਝੂਠਿਆਂ ਪ੍ਰਭ ਖੋਲ੍ਹ ਵਖਾਏ ਪੋਲ, ਦਰ ਘਰ ਸਾਚੇ ਲਾਹੁੰਦਾ ਖੱਲ ਹੈ । ਕਾਇਆ ਝੂਠੀ ਝੂਠਾ ਖੋਲ੍ਹ, ਜਿਉਂ ਅੰਧੇਰੀ ਡਲ ਹੈ । ਪ੍ਰਭ ਅਬਿਨਾਸ਼ੀ ਸਦ ਵਸੇ ਕੋਲ, ਆਤਮ ਨਿਹਚਲ ਧਾਮ ਅਟੱਲ ਹੈ । ਕਿਆ ਕੋਈ ਮਾਰੇ ਬੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੨੭੧
੦੩

ਜੋਤ ਸਦਾ ਅਚਲ ਹੈ । ਏਕਾ ਦਰ ਗੁਰ ਚਰਨ ਹੈ । ਗੁਰਮੁਖ ਸਾਚੇ ਵਿਚ ਮਾਤ ਸਾਚਾ ਧਰਮ ਹੈ । ਦੂਜਾ ਚੁੱਕੇ ਮਰਨ ਡਰਨ ਹੈ । ਪ੍ਰਭ ਸਾਚਾ ਕਰਨੀ ਕਰਨ ਹੈ । ਗੁਰਸਿਖਾਂ ਆਤਮ ਭਰਨੀ ਭਰਨ ਹੈ । ਜੋ ਜਨ ਰਾਖੇ ਟੇਕ ਸਾਚੀ ਸਰਨ ਹੈ । ਹਰਿ ਆਪ ਖੁਲ੍ਹਾਏ ਹਰਨ ਫਰਨ ਹੈ । ਧਰੇ ਜੋਤ ਏਕਾ ਕਰਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਅੰਤ ਬੇਅੰਤ ਸਾਚਾ ਕੰਤ ਧਰਨੀ ਧਰਨ ਹੈ । ਹਰਿ ਚਰਨ ਸੁਖ ਸਾਚਾ ਜਾਣ । ਹਰਿ ਚਰਨ ਉਜਲ ਮੁਖ ਵਿਚ ਜਹਾਨ । ਹਰਿ ਚਰਨ ਆਤਮ ਦੁੱਖ ਸਰਬ ਮਿਟ ਜਾਣ । ਹਰਿ ਚਰਨ ਤ੍ਰਿਸ਼ਨਾ ਭੁੱਖ ਕਿਲ ਵਿਖ ਪਾਪ ਸੰਤਾਪ ਸਰਬ ਮਿਟ ਜਾਣ । ਹਰਿ ਚਰਨ ਸਾਚੀ ਸਰਨ ਨਾਮ ਸਾਚੀ ਭਿੱਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਦਾਨ । ਚਰਨ ਧੂੜ ਮਸਤਕ ਲਾਓ । ਆਤਮ ਜੂੜ ਗੁਰ ਚਰਨ ਕਟਾਓ । ਮੂਰਖ ਮੁਗਧ ਚਤੁਰ ਸੁਜਾਨ, ਹਰਿ ਦਰ ਬਣ ਜਾਓ । ਗੁਰ ਚਰਨ ਸਚ ਧਿਆਨ, ਆਤਮ ਸਰ ਤੀਰਥ ਨਹਾਓ । ਆਪ ਖੁਲ੍ਹਾਏ ਦਸਵਾਂ ਦਰ ਜਿਥੇ ਵਸੇ ਅਗੰਮ ਅਥਾਹੋ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾ ਦੀਸੇ ਥਾਉਂ । ਗੁਰ ਚਰਨ ਜੋਧ ਬਲ ਸੂਰ । ਗੁਰ ਚਰਨ ਸਰਬ ਕਲਾ ਭਰਪੂਰ । ਗੁਰ ਚਰਨ ਅਠ ਸਠ ਏਕਾ ਦੇਵੇ ਸ਼ਬਦ ਸਰੂਰ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਨਾਦ ਵਜਾਏ ਸੋਹੰ ਸਾਚੀ ਤੂਰ । ਕਾਇਆ ਨਾਦ ਸ਼ਬਦ ਫੁੰਕਾਰਿਆ । ਨਾ ਕਰਨਾ ਜੀਵ ਮਾਤ ਹੰਕਾਰਿਆ । ਪ੍ਰਭ ਸਾਚੇ ਦੀ ਖੇਲ ਅਪਾਰਿਆ । ਤੀਨ ਲੋਕ ਜੀਵ ਜੰਤ ਵਿਚ ਏਕਾ ਜੋਤ ਟਿਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਆਪੇ ਆਪ ਸਮਾ ਰਿਹਾ । ਗੁਰ ਚਰਨ ਸ਼ਬਦ ਧੁਨ ਬਾਣ । ਗੁਰ ਚਰਨ ਸਾਚਾ ਦੇਵੇ ਸ਼ਬਦ ਬਬਾਣ । ਗੁਰ ਚਰਨ ਆਤਮ ਅੰਧੇਰ ਚਾਰ ਚੁਫੇਰ ਸਰਬ ਮਿਟ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਰਬ ਜੀਆਂ ਦਾ ਜਾਣੀ ਜਾਣ । ਜਾਣੀ ਜਾਣ ਜੀਆਂ ਕਾ ਦਾਤਾ । ਸ੍ਰਿਸ਼ਟ ਸਬਾਈ ਆਪੇ ਗਿਆਤਾ । ਆਪੇ ਪਿਤ ਆਪੇ ਮਾਤਾ । ਆਪ ਬੰਧਾਏ ਗੁਰਸਿਖਾਂ ਚਰਨੀ ਨਾਤਾ । ਦਰ ਘਰ ਸਾਚੇ ਕੋਈ ਨਾ ਪੁੱਛੇ ਕਿਸੇ ਜਾਤਾ । ਸੋ ਜਨ ਹੋਏ ਪਾਰ, ਆਤਮ ਮਿਲਿਆ ਪੁਰਖ ਬਿਧਾਤਾ । ਦਰ ਘਰ ਸਾਚੇ ਸੋਹੰ ਸ਼ਬਦ ਮਿਲੇ ਸਚ ਸੁਗਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ । ਸੱਚਾ ਦਾਤਾ ਵਡ ਦਾਤਾਰਾ । ਆਦਿ ਅੰਤ ਅਤੁਟ ਭੰਡਾਰਾ । ਵਰਤੇ ਵਿਚ ਸੰਸਾਰਾ । ਆਪੇ ਵਸੇ ਸਰਬ ਥਾਏਂ, ਇਕ ਰਖਾਏ ਸ਼ਬਦ ਅਪਾਰਾ । ਚਾਰ ਕੁੰਟ ਕਰਾਏ ਜੈ ਜੈਕਾਰਾ । ਚਾਰ ਵਰਨ ਆਏ ਸਰਨ ਨਿਹਕਲੰਕ ਤੇਰੇ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਵਿਚ ਮਾਤ ਆਪ ਬਣੇ ਵਰਤਾਰਾ । ਹਰਿ ਮੰਗਲ ਰਸਨਾ ਗਾਇਆ । ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ । ਘਨਕਪੁਰ ਵਾਸੀ ਤੇਰੀ ਅਚਰਜ ਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਸਮਾਇਆ । ਜੋਤ ਸਰੂਪੀ ਜੋਤ ਅਧਾਰ ਹੈ । ਜੋਤ ਸਰੂਪੀ ਆਪ ਨਿਰੰਕਾਰ ਹੈ । ਜੋਤ ਸਰੂਪੀ ਸਰਬ ਵਰਤਾਰ ਹੈ । ਜੋਤ ਸਰੂਪੀ ਏਕਾ ਵਸਤ, ਦਿਸੇ ਹਰਿ ਥਾਰ ਹੈ । ਜੋਤ ਸਰੂਪ ਸੋਹੰ ਦੇਵੇ ਵਸਤ ਬਣ ਵਰਤਾਰ ਹੈ । ਜੋਤ ਸਰੂਪ ਸੋਹੰ ਦੇਵੇ ਸ਼ਬਦ ਹਸਤ ਗੁਰਸਿਖ ਹੋਣਾ ਅਸਵਾਰ ਹੈ । ਜੋਤ ਸਰੂਪ ਦਿਵਸ ਰੈਣ ਰਖਾਵੇ ਮਸਤ, ਸਾਚਾ ਦੇਵੇ ਨਾਮ ਅਪਾਰ ਹੈ । ਨਾ ਕੋਈ ਭੰਨੇ ਨਾ ਕੋਈ ਮਾਰੇ ਸ਼ਸਤਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਕਿਰਪਾ ਧਾਰ ਹੈ । ਨਾ ਕੋਈ ਸ਼ਸਤਰ ਨਾ ਕੋਈ ਢਾਲਾ । ਨਾ ਕੋਈ ਬਸਤਰ ਨਾ ਕੋਈ ਮਾਲਾ । ਏਕਾ ਸ਼ਬਦ ਦੇਵੇ ਨਾਮ ਸੁਖਾਲਾ ।

ਗੁਰਮੁਖ ਸਾਚੇ ਸੰਤ ਜਨਾਂ ਆਪ ਤੋੜੇ ਜੰਜਾਲਾ । ਚਰਨ ਪ੍ਰੀਤੀ ਸਾਚੀ ਜੋੜੇ, ਨਾ ਹੋਵੇ ਕਦੇ ਕੰਗਾਲਾ । ਸ੍ਰਿਸ਼ਟ ਸਬਾਈ ਅੰਤਮ ਸਵਾਉਣੀ, ਉਤੇ ਪਾਏ ਚਿੱਟਾ ਇਕ ਦੁਸ਼ਾਲਾ । ਸ਼ਬਦ ਸਰੂਪੀ ਚੜ੍ਹਿਆ ਘੋੜੇ, ਕਲਜੁਗ ਕੀਆ ਖੇਲ ਨਿਰਾਲਾ । ਅੰਤ ਕਾਲ ਦਿਨ ਰਹਿ ਗਏ ਥੋੜੇ, ਵੇਖੋ ਸ੍ਰਿਸ਼ਟ ਸਬਾਈ ਕੀ ਹੋਵੇ ਹਾਲਾ । ਬੇਮੁਖ ਜੀਵ ਫਿਰਨ ਦੌੜੇ, ਨਾ ਕੋਈ ਦੇਵੇ ਬਾਹਲਾ । ਗੁਰਸਿਖ ਜੜ੍ਹ ਜਿਉਂ ਬਿਰਖ ਬੋਹੜੇ, ਪ੍ਰਭ ਅਬਿਨਾਸ਼ੀ ਹੋਏ ਆਪ ਰਖਵਾਲਾ । ਬੇਮੁਖਾਂ ਭੰਨੇ ਹੰਕਾਰੀ ਫੋੜੇ, ਆਤਮ ਉਠਿਆ ਛਾਲਾ । ਗੁਰਸਿਖ ਪ੍ਰਭ ਚਰਨ ਆਇਣ ਦੌੜੇ, ਬਾਹੋਂ ਪਕੜ ਪ੍ਰਭ ਪਾਏ ਕੰਠ ਸੱਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਨ ਭਗਤਾਂ ਹੋਏ ਆਪ ਰਖਵਾਲਾ । ਆਓ ਦਰ ਸਹਿਜ ਸੁਖ ਮਾਣੋ । ਜਾਓ ਘਰ ਪ੍ਰਭ ਵਿਚ ਬਿਠਾਏ ਬਬਾਣੋ । ਸਦਾ ਖੁਲ੍ਹੇ ਰਹਿਣ ਦਰ, ਪ੍ਰਭ ਅਬਿਨਾਸ਼ੀ ਇਕ ਭਗਵਾਨੋ । ਗੁਰਸਿਖ ਸਾਚੇ ਅੰਦਰ ਜਾਇਣ ਵੜ, ਬੇਮੁਖ ਦਰ ਤੋਂ ਦੁਰਕਾਨੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਨਿਹਕਲੰਕ ਕਲ ਨਾਮ ਰਖਾਏ, ਸਾਚਾ ਡੰਕ ਸ਼ਬਦ ਵਜਾਏ, ਗੁਰਸਿਖਾਂ ਦੇਵੇ ਸਚ ਨਿਸ਼ਾਨੋ । ਸਚ ਨਿਸ਼ਾਨੀਆਂ, ਦੇਵੇ ਕਰ ਕਰ ਵਡ ਮਿਹਰਬਾਨੀਆਂ । ਸਾਚੀ ਲਿਖਤ ਪ੍ਰਭ ਆਪ ਲਿਖਾਨੀਆਂ । ਭੇਦ ਨਾ ਜਾਣੇ ਕੋਈ ਵੇਦ ਪੁਰਾਨੀਆਂ । ਕਿਆ ਕੋਈ ਵਖਾਣੇ ਜੀਵ ਨਿਧਾਨੀਆਂ । ਪ੍ਰਭ ਵਸੇ ਬਾਹਰ ਨਾ ਵਿਚ ਕੁਰਾਨੀਆਂ । ਕਦੇ ਪ੍ਰਗਟ ਹੋਵੇ ਮਾਤ ਜਾਹਿਰ, ਕਲਜੁਗ ਆਈਆਂ ਤੇਰੀਆਂ ਅੰਤ ਨਿਸ਼ਾਨੀਆਂ । ਜਗਤ ਦਾਤਾ ਆਪੇ ਬਣਿਆ ਸ਼ਾਇਰ, ਸਤਿਜੁਗ ਤੇਰੇ ਲੇਖ ਲਿਖਾਨੀਆਂ । ਕਲਜੁਗ ਜੀਵ ਹੋਏ ਕਾਇਰ, ਅੰਤ ਪਿੱਠਾਂ ਸਰਬ ਵਢਾਨੀਆਂ । ਗੁਰਮੁਖਾਂ ਪਾਏ ਸਾਚਾ ਨਾਮ ਖੈਰ, ਸੋਹੰ ਝੋਲੀ ਭਰ ਘਰ ਲੈ ਜਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਨਾਮ ਨਿਧਾਨ, ਆਤਮ ਕਰੇ ਬ੍ਰਹਮ ਗਿਆਨੀਆਂ । ਬ੍ਰਹਮ ਗਿਆਨ ਹਰਿ ਚਰਨ ਧਿਆਨ । ਪਵਣ ਮਸਾਣ ਇਕ ਹੋ ਜਾਣ । ਤੀਨ ਲੋਕਾਂ ਵਿਚ ਫਿਰਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਅੰਤਰ ਆਤਮ ਵੇਖੇ ਸ੍ਰਿਸ਼ਟ ਸਬਾਈ ਇਕ ਧਿਆਨ ।



### ✻ ੧੨ ਮੱਘਰ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਝੂਠੀ ਮਾਇਆ ਜਗਤ ਕੰਗਾਲ ਹੈ । ਸੋਹੰ ਸ਼ਬਦ ਸੱਚਾ ਧਨ ਮਾਲ ਹੈ । ਗੁਰਸਿਖਾਂ ਹਰਿ ਦੇਵੇ ਸਾਚਾ ਲਾਲ ਹੈ । ਏਕਾ ਰੰਗ ਅਵੱਲੜਾ, ਦਿਵਸ ਰੈਣ ਸਚ ਗੁਲਾਲ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਾਚਾ ਨਾਂਓ, ਬਹਾਏ ਸਾਚੇ ਥਾਂਓ, ਸਾਚੀ ਵਸਤ ਰੱਖਣੀ ਸੰਭਾਲ ਹੈ । ਜਗਤ ਮਾਇਆ ਝੂਠੀ ਪ੍ਰੀਤ ਹੈ । ਗੁਰ ਚਰਨ ਏਕਾ ਸਾਚੀ ਰੀਤ ਹੈ । ਪ੍ਰਭ ਅਬਿਨਾਸ਼ੀ ਹੋਏ ਆਪ ਸਹਾਈ, ਬਣ ਜਾਏ ਸਾਚਾ ਮੀਤ ਹੈ । ਆਤਮ ਦਰ ਵੱਜੇ ਵਧਾਈ ਗੁਰਸਿਖ ਸਾਚਾ ਹੋਏ ਪਤਤ ਪੁਨੀਤ ਹੈ । ਹਰਿ ਹਰਿ ਗੁਣ ਰਸਨਾ ਗਾਈ, ਪ੍ਰਭ ਕਾਇਆ ਕਰੇ ਸੀਤ ਹੈ । ਘਰ ਸਾਚਾ ਭੁੱਲ ਨਾ ਜਾਈ, ਕਾਇਆ ਝੂਠੀ ਜਿਉਂ ਬਾਲੂ ਭੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਸਾਚਾ ਮੀਤ ਹੈ । ਜਗਤ ਮਾਇਆ ਕਲ ਅੰਧੇਰ ਹੈ । ਸ੍ਰਿਸ਼ਟ ਸਬਾਈ ਕਰ ਰਹੀ ਹੇਰ ਫੇਰ ਹੈ । ਗੁਰਸਿਖ ਜਗਾਏ ਹਰਿ ਨਾ ਲਾਏ ਦੇਰ ਹੈ । ਸਾਚੀ ਪਾਏ ਭਿੱਖ ਹਰਿ ਸਾਚਾ ਨਾਉਂ ਨਾ ਮੰਗੇ ਕੋਈ ਦੂਜੀ ਵੇਰ ਹੈ । ਦਰਗਹਿ ਸਾਚੀ ਦੇਵੇ ਥਾਉਂ, ਆਵਣ ਜਾਵਣ ਦੇਵੇ ਨਬੇੜ ਹੈ । ਪ੍ਰਭ ਮਿਲਣ

ਦਾ ਰਾਖੇ ਚਾਓ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਦਰਸ ਦਿਖਾਏ ਨਾ ਲਾਏ ਦੇਰ ਹੈ । ਨਾ ਦੂਰ ਨਾ ਹਰਿ ਦੁਰਾਡਾ । ਆਪੇ ਆਪ ਲਡਾਏ ਗੁਰਸਿਖਾਂ ਲਾਡਾ । ਆਪੇ ਆਪ ਚਲਾਏ ਕਾਇਆ ਦੇਹੀ ਗਾਡਾ । ਸਹਿੰਸਾ ਰੋਗ ਸਰਬ ਚੁਕਾਏ, ਸੁਫਲ ਕਰਾਏ ਹਾਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਬਾੜੀ ਆਪੇ ਬਾੜਾ । ਕਲਜੁਗ ਮਾਇਆ ਜਗਤ ਅੰਧ । ਆਤਮ ਹੋਈ ਪਾਪਾਂ ਕੰਧ । ਬੇਮੁਖ ਫਸੇ ਝੂਠੇ ਫੰਦ । ਨਾ ਕੋਈ ਛੁਡਾਏ ਜੋੜੇ ਬੰਦ ਬੰਦ । ਗੁਰਸਿਖ ਚੜ੍ਹਾਏ ਸਾਚੇ ਚੰਦ । ਮਦਿਰਾ ਮਾਸੀ ਦਰ ਦੁਰਕਾਏ ਵਿਚ ਸੰਗਤ ਰਹਿਣ ਨਾ ਦੇਵੇ ਗੰਦ । ਗੁਰਸਿਖ ਸਾਚੇ ਗਾਇਣ ਬੱਤੀ ਦੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਬਖ਼ਸ਼ੰਦ । ਕਲਜੁਗ ਮਾਇਆ ਜਗਤ ਹੁਲਾਰਾ । ਕਿਆ ਕੋਈ ਜਾਣੇ ਜੀਵ ਗਵਾਰਾ । ਝੂਠੇ ਵਹਿਣ ਝੂਠੀ ਧਾਰਾ । ਏਕਾ ਸਾਚਾ ਗੁਰ ਚਰਨ ਦਵਾਰਾ । ਜਿਥੇ ਵਸੇ ਹਰਿ ਨਿਰੰਕਾਰਾ । ਜੋਤ ਸਰੂਪੀ ਖੇਲ ਅਪਾਰਾ । ਬਿਨ ਰੰਗ ਰੂਪੀ ਵਿਚ ਗੁਰਸਿਖ ਪਸਾਰਾ । ਸ੍ਰਿਸ਼ਟ ਸਬਾਈ ਅੰਧ ਕੂਪੀ ਨਾ ਕੋਈ ਪਾਵੇ ਸਾਰਾ । ਪ੍ਰਭ ਅਬਿਨਾਸ਼ੀ ਜੋਤ ਸਰੂਪੀ, ਗੁਰਸਿਖਾਂ ਬੂਝ ਬੁਝਾਰਾ । ਭੇਵ ਨਾ ਪਾਏ ਕੋਈ ਸ਼ਾਹੋ ਵਡ ਭੂਪੀ, ਅਚਰਜ ਖੇਲ ਕਰੇ ਕਰਤਾਰਾ । ਏਕਾ ਦਿਸੇ ਸਤਿ ਸਰੂਪੀ ਜਿਨ ਆਤਮ ਦੇਵੇ ਜੋਤ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸਾਚਾ ਘਰ ਕਰਨ ਵਣਜ ਵਪਾਰਾ । ਕਲਜੁਗ ਮਾਇਆ ਜਗਤ ਜਲਾਵੇ । ਆਤਮ ਤ੍ਰਿਸ਼ਨਾ ਅਗਨ ਰਖਾਵੇ । ਬ੍ਰਹਮਾ ਵਿਸ਼ਨਾ ਸਭ ਖੇਲ ਰਚਾਵੇ । ਨਾ ਕਿਸੇ ਦਿਸਨਾ ਪ੍ਰਭ ਵਿਚ ਸਮਾਵੇ । ਆਤਮ ਉਤਾਰੇ ਝੂਠੀ ਵਿਸਨਾ, ਜੋ ਜਨ ਲੱਗੇ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਾਰ ਉਤਾਰੇ ਪਕੜੇ ਦੋਵੇਂ ਬਾਹੇਂ । ਜਗਤ ਮਾਇਆ ਵਹਿੰਦੀ ਧਾਰ । ਭਰਮ ਭੁਲੇਖੇ ਡੁੱਬਾ ਸੰਸਾਰ । ਸਾਚੇ ਲੇਖੇ ਗੁਰ ਦਰਬਾਰ । ਹੋਏ ਨਾ ਏਥੇ ਕਦੇ ਉਧਾਰ । ਸੱਚਾ ਸੌਦਾ ਹਰਿ ਚਰਨ ਪਿਆਰ । ਬਿਨ ਗੁਰ ਪੂਰੇ ਸ੍ਰਿਸ਼ਟ ਸਬਾਈ ਰਹੀ ਝੱਖ ਮਾਰ । ਨਾ ਕੋਈ ਦੇਵੇ ਆਤਮ ਸ਼ਬਦ ਸੱਚਾ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰੇ ਜਗਤ ਵਿਹਾਰ । ਕਲਜੁਗ ਮਾਇਆ ਝੂਠਾ ਵਹਿਣ । ਬੇਮੁੱਖਾਂ ਜੀਵ ਸਰਬ ਰੁੜ ਜਾਣ । ਗੁਰਮੁਖ ਸਾਚੇ ਪ੍ਰਭ ਚਰਨ ਡਿਗਣ ਆਣ । ਆਪ ਉਠਾਏ ਵਿਚ ਬੈਠਾਏ ਸ਼ਬਦ ਬਬਾਣ । ਤ੍ਰੈਲੋਕੀ ਨਾਥ, ਸਗਲਾ ਸਾਥ, ਹਰਿ ਰਘੁਨਾਥ, ਲੇਖ ਲਿਖਾਏ ਮਾਥ । ਪਿਛਲਾ ਲੇਖਾ ਦਏ ਚੁਕਾਏ । ਆਪ ਚੜ੍ਹਾਏ ਸ਼ਬਦ ਸਾਚੇ ਰਾਥ, ਕਲਜੁਗ ਬੇੜਾ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਧਰਮ ਜਰਮ ਸ੍ਰਿਸ਼ਟ ਸਬਾਈ ਆਪਣੇ ਰੱਖ ਰਖਾਏ । ਕਲਜੁਗ ਮਾਇਆ ਕੂੜ ਕੁੜਿਆਰੀ । ਜੀਵ ਅੰਧੇ ਜਿਉਂ ਰੈਣ ਅੰਧਿਆਰੀ । ਝੂਠਾ ਪਾਪ ਉਠਾਣਾ ਕੰਧੇ, ਅੱਗੇ ਜਾਣਾ ਹੋਇਆ ਭਾਰੀ । ਵੇਲਾ ਅੰਤਮ, ਸਮਝ ਮੂਰਖ ਬੰਦੇ, ਨਾ ਆਵੇ ਪਾਸਾ ਹਾਰੀ । ਜਗਤ ਵਿਹਾਰੀ ਝੂਠੇ ਧੰਦੇ, ਸਾਚਾ ਹਰਿ ਰਸਨ ਉਚਾਰੀ । ਮਦਿਰਾ ਮਾਸੀ ਪਾਪੀ ਗੰਦੇ, ਧਰਮ ਰਾਏ ਦੇ ਲਾਏ ਅਗਾੜੀ । ਕਲਜੁਗ ਹੋਏ ਭਾਗ ਮੰਦੇ, ਜਕੜੇ ਜਾਣ ਫੜ ਕੇ ਦਾਹੜੀ । ਹੱਥੀਂ ਪੈਰੀਂ ਵੱਜਣ ਜੰਦੇ, ਜਮਦੂਤ ਮੌਤ ਬਣ ਜਾਏ ਲਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦੁਰਕਾਰੇ ਨਾ ਦਿਸੇ ਕਿਸੇ ਪਿੱਛਾ ਅਗਾੜੀ । ਅੱਗੇ ਪਿੱਛੇ ਨਾ ਮਿਲੇ ਢੋਈ । ਪ੍ਰਭ ਬਿਨ ਅਵਰ ਨਾ ਦੀਸੇ ਕੋਈ । ਸ੍ਰਿਸ਼ਟ ਸਬਾਈ ਰਹੀ ਸੋਈ । ਗੁਰਮੁਖ ਸਾਚੇ ਦੁਰਮਤ ਮੈਲ ਪ੍ਰਭ ਦਰ ਧੋਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੋ ਏਕ ਪੂਜੋ ਹਰਿ ਸੋਈ । ਹਰਿ ਸਾਚਾ ਪੁਰਖ ਅਪਾਰਿਆ । ਗੁਰਸਿਖ ਸਾਚੇ ਤੇਰਾ ਆਤਮ ਬ੍ਰਹਮ

ਵਿਚਾਰਿਆ । ਕਲਜੁਗ ਜੀਵ ਭਾਂਡੇ ਕਾਚੇ, ਏਕਾ ਭਰਿਆ ਵਿਚ ਹੰਕਾਰਿਆ । ਦਰ ਘਰ ਸਾਚੇ ਆਏ ਨਾਚੇ, ਨਾ ਕੋਈ ਮਿਲੇ ਸਚ ਦਵਾਰਿਆ । ਗੁਰਮੁਖ ਸਾਚੇ ਪ੍ਰਭ ਢਾਲੇ ਸਾਚੇ ਢਾਂਚੇ । ਸੋਹੰ ਮੋਹਰ ਉਪਰ ਲਗਾ ਰਿਹਾ । ਪ੍ਰਭ ਅਬਿਨਾਸ਼ੀ ਬੈਠਾ ਹਿਰਦੇ ਵਾਚੇ, ਚਿਤਰ ਗੁਪਤ ਬਣ ਲੇਖੇ ਸਰਬ ਲਿਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲੋਕ ਪ੍ਰਲੋਕ ਮਾਤ ਪਤਾਲ ਅਕਾਸ਼ ਸਰਬ ਥਾਈਂ ਏਕਾ ਜੋਤ ਜਗਾ ਰਿਹਾ । ਕਾਇਆ ਸਾਗਰ ਨੀਰ ਅੰਮ੍ਰਿਤ ਤਾਲ ਹੈ । ਗੁਰਸਿਖ ਵਿਰਲਾ ਕਲਜੁਗ ਮਾਰੇ ਵਿਚ ਛਾਲ ਹੈ । ਪ੍ਰਭ ਆਤਮ ਚਾੜ੍ਹੇ ਏਕਾ ਸਾਚਾ ਰੰਗ ਲਾਲ ਹੈ । ਦੂਜਾ ਵਸੇ ਸਾਚਾ ਸੰਗ ਚਰਨ ਪ੍ਰੀਤੀ ਨਿਭੇ ਨਾਲ ਹੈ । ਤੀਜਾ ਦਰ ਨਾ ਕੋਈ ਮੰਗ, ਪ੍ਰਭ ਹਿਰਦੇ ਬੈਠਾ ਜਗਾਏ ਜੋਤ ਮਸਾਲ ਹੈ । ਘਰ ਚੌਥੇ ਜਾਈਂ ਲੰਘ, ਬ੍ਰਹਮ ਗਿਆਨੀਆਂ ਪੌਂਦ ਜਾਲ ਹੈ । ਪੰਚਮ ਹੋਏ ਅੰਗ ਸੰਗ, ਗੁਰਸਿਖਾਂ ਲਏ ਸੁਰਤ ਸੰਭਾਲ ਹੈ । ਛੇ ਸ਼ਾਸਤਰ ਹੋਇਣ ਭੰਗ, ਜਿਸ ਸਿਰ ਹੱਥ ਧਰੇ ਦੀਨਾ ਕਾ ਦਿਆਲ ਹੈ । ਸਤਵਾਂ ਦੇਵੇ ਸਤਿ ਸੰਤੋਖ, ਸ਼ਬਦ ਕੁਠਾਲੀ ਦੇਵੇ ਗਾਲ ਹੈ । ਅਠਵਾਂ ਉਠੇ ਦੇਵੇ ਮੱਤ, ਰੱਖੇ ਯਤ ਨਾ ਲੱਥੇ ਪਤ, ਆਪਣੀ ਗੋਦ ਉਠਾਏ ਜਿਉਂ ਮਾਤਾ ਬਾਲ ਹੈ । ਨੌਵਾਂ ਨਾਵੇਂ ਘਰ ਵਿਸ਼ੇ ਵਿਕਾਰੀ ਸਾਰੇ ਡਰਨ, ਨਾ ਦਿਸੇ ਕਿਸੇ ਹਰਿ ਤੋੜੇ ਜਗਤ ਜੰਜਾਲ ਹੈ । ਦਸਵਾਂ ਦਹਿ ਦਿਸ ਚੁਕਾਏ ਡਰ, ਭਾਣਾ ਪ੍ਰਭ ਕਾ ਲੈਣਾ ਜਰ, ਸੋਹੰ ਨਾਮ ਰਸਨ ਉਚਾਰ, ਆਪ ਖੁਲ੍ਹਾਏ ਦਸਮ ਦਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਥੇ ਵਸੇ ਇਕ ਅਕਾਲ ਹੈ । ਇਕ ਇਕ ਇਕ ਅਕਾਰਿਆ । ਦੂਜਾ ਸ੍ਰਿਸ਼ਟ ਸਬਾਈ ਆਪ ਉਪਾ ਰਿਹਾ । ਤੀਜਾ ਤੀਨੋਂ ਲੋਕ ਵਸਾ ਰਿਹਾ । ਚੌਥੇ ਚਾਰ ਕੁੰਟ ਚਾਰੇ ਚੱਕ ਏਕਾ ਰੰਗ ਰੰਗਾ ਰਿਹਾ । ਪੰਜਵਾਂ ?? ਛੇਵਾਂ ਦੱਸੇ ਸ਼ਰਅ ਸ਼ਰਾਇਤ, ਸੋਹੰ ਸਾਚਾ ਨਾਮ ਜਪਾ ਰਿਹਾ । ਸਪਤਮ ਦੇਵੇ ਸਚ ਹਦਾਇਤ । ਮਦਿਰਾ ਮਾਸ ਰਸਨਾ ਰੋਗ ਗਵਾ ਰਿਹਾ । ਅਠਵਾਂ ਦਿਸੇ ਏਕਾ ਨਾਇਕ, ਜੀਵ ਜੰਤਾਂ ਸਾਚੀ ਬਣਤ ਬਣਾ ਰਿਹਾ । ਨੌਵਾਂ ਨਰ ਨਰਾਇਣ ਏਕਾ ਨੌਂ ਦਰ ਪ੍ਰਗਟ ਕਰ, ਦਸਵਾਂ ਗੁਪਤ ਰਖਾ ਰਿਹਾ । ਆਪ ਖੁਲ੍ਹਾਏ ਗੁਰਸਿਖ ਦਸਵਾਂ ਦਰ, ਨਿਜ ਘਰ ਆਸਣ ਪ੍ਰਭ ਸਾਚਾ ਲਾ ਰਿਹਾ । ਏਕਾ ਇਕ ਸੱਚੀ ਹਰਿ ਕਾਰ ਹੈ । ਦੂਜਾ ਕੋਈ ਨਾ ਜਗਤ ਵਿਹਾਰ ਹੈ । ਤੀਜੇ ਦੱਸੇ ਸਾਚੀ ਧਾਰ ਹੈ । ਚੌਥੇ ਫੜੇ ਹੱਥ ਸ਼ਬਦ ਕਟਾਰ ਹੈ । ਪੰਚਮ ਬਣੇ ਸੱਚੀ ਸਰਕਾਰ ਹੈ । ਛੇਵੇਂ ਹਰਿ ਅਸਵ ਅਸਵਾਰ ਹੈ । ਸਤਵੇਂ ਦੇਵੇ ਜੋਤ ਅਧਾਰ ਹੈ । ਅਸ਼ਟਮ ਉਲਟੀ ਲੱਠ, ਸ੍ਰਿਸ਼ਟ ਸਬਾਈ ਆਪ ਗਿੜਾਰ ਹੈ । ਨਾਵੇਂ ਪਾਏ ਨੱਥ, ਨਾ ਕੋਈ ਦਿਸੇ ਜਗਤ ਹੰਕਾਰ ਹੈ । ਰਾਹ ਸਾਚਾ ਦਸਵਾਂ ਜਾਏ ਦੱਸ, ਜਗੇ ਜੋਤ ਅਗੰਮ ਅਪਾਰ ਹੈ । ਏਕਾ ਇਕ ਓਅੰਕਾਰਿਆ । ਦੂਜਾ ਬਲ ਬਲੀ ਬਲਕਾਰਿਆ । ਤੀਜਾ ਬਣੇ ਆਪ ਤੀਨ ਲੋਕ ਸਿਕਦਾਰਿਆ । ਚੌਥੇ ਚਾਰੇ ਵੇਦ ਆਪਣਾ ਭੇਵ ਛੁਪਾ ਰਿਹਾ । ਪੰਚਮ ਇਕ ਰਖਾਏ ਸਾਚੀ ਸੇਧ, ਸਾਚੇ ਮਾਰਗ ਲਗਾ ਰਿਹਾ । ਛੇਵਾਂ ਨਾ ਛੁਪਿਆ ਵਿਚ ਕਿਤੇਬ, ਝੂਠੀਆਂ ਪੋਥੀਆਂ ਐਵੇਂ ਫੁਲਾ ਰਿਹਾ । ਸਤਵੇਂ ਸਦਾ ਸਦਾ ਅਭੇਦ, ਭੇਵ ਨਾ ਕਿਸੇ ਜਣਾ ਰਿਹਾ । ਅਠਵੇਂ ਅੱਠ ਅਠਾਰਾਂ ਅਛਲ ਅਛੇਦ ਹੈ । ਨੌਵੇਂ ਨੌਂ ਢੁੰਕਰੇ ਨਾ ਕੋਈ ਦਿਸੇ ਵਿਚ ਛੇਦ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਵੇਂ ਦਰ ਸਾਚੇ ਘਰ ਆਪ ਖੁਲ੍ਹਾਏ ਗੁਰਸਿਖ ਤੇਰਾ ਆਤਮ ਭੇਦ ਹੈ ।


੨੭੪ ੦੩

## ✻ ੧੩ ਮੱਘਰ ੨੦੧੦ ਬਿਕ੍ਰਮੀ ਹਰਿ ਸੰਗਤ ਦਾ ਇਕੱਠ ਕੀਤਾ ਗਿਆ
## ਸਚਖੰਡ ਨਿਵਾਸੀ ਮਨਜੀਤ ਸਿੰਘ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਸੱਚ ਕਿਲ੍ਹਾ ਧਰਮ ਕੋਟ ਉਸਾਰਿਆ । ਅੰਮ੍ਰਿਤ ਬੂੰਦ ਸਵਾਂਤੀ ਕਾਇਆ ਮਿਟੀ ਗਾਰਾ ਆਪ ਬਣਾ ਰਿਹਾ । ਕਰੇ ਖੇਲ ਹਰਿ ਬਹੁ ਭਾਂਤੀ, ਸਾਚੀ ਜੁਗਤ ਆਪ ਪ੍ਰਭ ਬਣਾ ਰਿਹਾ । ਕਲਜੁਗ ਅੰਧੇਰੀ ਰਾਤੀ, ਦੀਪਕ ਜੋਤੀ ਆਪ ਜਗਾ ਰਿਹਾ । ਗੁਰਸਿਖਾਂ ਪੁੱਛੇ ਵਾਤੀ, ਬਾਹੋਂ ਪਕੜ ਵਿਚ ਬਹਾ ਰਿਹਾ । ਹੋਏ ਸਹਾਈ ਵਿਚ ਲੋਕਮਾਤੀ, ਸੋਹੰ ਸ਼ਬਦ ਪਹਿਰੇਦਾਰ ਬਣਾ ਰਿਹਾ । ਆਪੇ ਖੋਲ੍ਹੇ ਆਤਮ ਤਾਕੀ, ਸਚ ਸਰੂਪੀ ਵਸਤੂ ਵਿਚ ਆਪ ਟਿਕਾ ਰਿਹਾ । ਕਲਜੁਗ ਜੀਵਾਂ ਕਾਇਆ ਚੋਲੀ ਪਾਟੀ, ਗੁਰਮੁਖਾਂ ਸਾਚਾ ਚੋਲਾ ਸ਼ਬਦ ਪਹਿਨਾ ਰਿਹਾ । ਅੱਗੇ ਦਿਸੇ ਔਖੀ ਘਾਟੀ, ਧਰਮ ਰਾਏ ਅੱਧਵਿਚਕਾਰ ਅਟਕਾ ਰਿਹਾ । ਸਾਚੀ ਵਸਤ ਨਾ ਕਿਸੇ ਹਾਟੀ, ਝੂਠੇ ਵਣਜ ਜਗਤ ਕਰਾ ਰਿਹਾ । ਏਕਾ ਰਸ ਗੁਰ ਚਰਨ ਚਾਟੀ, ਭਾਂਡਾ ਭਰਮ ਹਰਿ ਆਪ ਭੰਨਾ ਰਿਹਾ । ਸਾਚ ਲਾਹਾ ਪ੍ਰਭ ਦਰ ਖਾਟੀ, ਸ਼ਬਦ ਜਨੇਊ ਬਸਤਰ ਤਨ ਪਹਿਨਾ ਰਿਹਾ । ਝੂਠੀ ਖੇਲ ਜਗਤ ਜਿਉਂ ਬਜ਼ੀਗਰ ਨਾਟੀ, ਸਵਾਂਗੀ ਸਵਾਂਗ ਵਰਤਾ ਰਿਹਾ । ਨਾ ਕੋਈ ਸਹਾਏ ਤੀਰਥ ਤਾਟੀ, ਏਕਾ ਆਪਣੀ ਓਟ ਰਖਾ ਰਿਹਾ । ਆਪ ਚੜ੍ਹਾਏ ਔਖੀ ਘਾਟੀ, ਚਰਨ ਜੋੜ ਗੁਰ ਪਾਰ ਲੰਘਾ ਰਿਹਾ । ਦੇਵੇ ਜੋਤ ਵਿਚ ਲਲਾਟੀ, ਪਿਛਲਾ ਘਾਟਾ ਪੂਰ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮੇਲ ਮਿਲਾ ਰਿਹਾ । ਕਾਇਆ ਕੋਟ ਕੋਟ ਦਵਾਰੇ । ਏਕਾ ਸ਼ਬਦ ਏਕਾ ਜੋਤ ਵਜਾਏ ਸਚ ਨਗਾਰੇ । ਆਪੇ ਕੱਢੇ ਹਉਮੇ ਖੋਟ, ਆਪ ਉਤਾਰੇ ਪਾਪਾਂ ਭਾਰੇ । ਕਲਜੁਗ ਜੀਵ ਆਲ੍ਹਣਿਉਂ ਡਿਗੇ ਬੋਟ, ਕਵਣ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਮਾਤ ਆਪਣੇ ਸਚ ਦੁਲਾਰੇ । ਕਾਇਆ ਕੋਟ ਗੜ੍ਹ ਹੰਕਾਰ ਦਾ । ਗੁਰਮੁਖ ਵਿਰਲਾ ਜਾਣੇ ਰੰਗ ਕਰਤਾਰ ਦਾ । ਸੋ ਜਨ ਜਾਣੇ ਜਿਸ ਮਾਰੇ ਪ੍ਰੇਮ ਸ਼ਬਦ ਬਾਣ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਪੇ ਸਭ ਕਿਛ ਜਾਣਦਾ । ਸਾਚਾ ਰਾਹ ਸੱਚੇ ਦਰਬਾਰ ਦਾ । ਸਾਚਾ ਥਾਂ ਸੱਚੀ ਸਰਕਾਰ ਦਾ । ਓਥੇ ਕੋਈ ਪਹੁੰਚੇ ਨਾ, ਜੋ ਕੋਈ ਮਾਤ ਭੇਖ ਧਾਰ ਦਾ । ਗੁਰਮੁਖਾਂ ਪਕੜੇ ਬਾਂਹ, ਭੁੱਖਿਆਂ ਨੰਗਿਆਂ ਪਾਰ ਉਤਾਰਦਾ । ਆਪੇ ਰੱਖੇ ਆਪਣੀ ਛਾਂ, ਕਲਜੁਗ ਅਗਨ ਵਿਚ ਨਾ ਸਾੜਦਾ । ਆਪਣੀ ਗੋਦ ਉਠਾਏ ਜਿਉਂ ਬਾਲਕ ਮਾਂ, ਅੰਮ੍ਰਿਤ ਦੇਵੇ ਪਿਆਰ ਦਾ । ਸਾਚੀ ਦਰਗਹਿ ਲਿਖਾਵੇ ਸਾਚਾ ਨਾਂ, ਗੇੜ ਚੁਕਾਏ ਆਵਣ ਜਾਣ ਦਾ । ਨਾ ਹਾਂ ਨਾ ਨਾਂਹ ਆਪਣਾ ਰੰਗ ਹਰਿ ਆਪੇ ਹੀ ਜਾਣਦਾ । ਕਲਜੁਗ ਜੀਵ ਜਿਉਂ ਸੁੰਞੇ ਘਰ ਕਾਂ, ਗੁਰਸਿਖ ਸਾਚਾ ਪ੍ਰਭ ਚਰਨ ਰੰਗ ਮਾਣਦਾ । ਹਰਿ ਦੇਵੇ ਨਿਥਾਵਿਆਂ ਥਾਂ, ਵਾਲੀ ਹੋਵੇ ਦੋ ਜਹਾਨ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪ ਪਛਾਣਦਾ । ਭੇਖ ਧਾਰੇ ਭਰਮ ਕਲ ਭੁੱਲੇ । ਦਰਗਹਿ ਸਾਚੀ ਨਾ ਕੋਈ ਮੁਲੇ । ਝੂਠੇ ਤੋਲ ਐਵੇਂ ਤੁਲੇ । ਚਿੱਟੇ ਬਾਣੇ ਅੰਧੇ ਕਾਣੇ ਨਾ ਫਲੇ ਨਾ ਫੁੱਲੇ । ਸਾਚਾ ਨਾਮ ਨਾ ਮਿਲਿਆ ਵੰਞ ਮੁਹਾਣੇ, ਪਾਣੀ ਪਿਆ ਕਾਇਆ ਚੁੱਲ੍ਹੇ । ਨਾ ਸੁਘੜ ਨਾ ਸਿਆਣੇ, ਪ੍ਰਭ ਅਬਿਨਾਸ਼ੀ ਸਾਚਾ ਭੁੱਲੇ । ਗੁਰਸਿਖ ਸਾਚੇ ਬਾਲ ਅੰਞਾਣੇ, ਅੰਮ੍ਰਿਤ ਆਤਮ ਕਦੇ ਨਾ ਡੁੱਲ੍ਹੇ । ਪੀ ਨਾ ਸੱਕਣ ਰਾਜੇ ਰਾਣੇ, ਜਨ ਭਗਤਾਂ ਦਵਾਰੇ ਸਦਾ ਖੁਲ੍ਹੇ । ਆਪਣੇ ਰੰਗ ਹਰਿ ਆਪੇ ਜਾਣੇ, ਦੇਵੇ ਸਾਚਾ ਨਾਉਂ, ਗੁਰਮੁਖਾਂ ਲਾਲ ਅਨਮੁਲੇ । ਸਾਧ ਸੰਗਤ

ਮਨ ਚੜ੍ਹਾਏ ਚਾਓ, ਭਾਗ ਲਗਾਏ ਸਾਚੀ ਕੁੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਆਦਿ ਅੰਤ ਸਦਾ ਅਤੋਲ ਅਤੁੱਲੇ । ਭੇਖ ਧਾਰਿਆ ਮਨ ਹੰਕਾਰਿਆ । ਨਾ ਹਰਿ ਵਿਚਾਰਿਆ, ਜਿਸ ਪਾਰ ਪਸਾਰਿਆ । ਨਾ ਮਿਲਿਆ ਸਾਚਾ ਦਰ, ਨਾ ਗੁਰ ਚਰਨ ਨਿਮਸਕਾਰਿਆ । ਆਪਣਾ ਕੀਆ ਲੈਣ ਭਰ, ਵਕਤ ਚੁਕਾਏ ਵਾਰੋ ਵਾਰਿਆ । ਆਪੇ ਕਰੇ ਚੀਰ ਦੋ ਫਾੜ, ਆਰਾ ਸੀਸ ਧਰਾ ਰਿਹਾ । ਨਾ ਦੇਵੇ ਕਿਸੇ ਸਹਾਰਾ, ਆਏ ਵਕਤ ਮੁਖ ਛੁਪਾ ਰਿਹਾ । ਪ੍ਰਭ ਅਬਿਨਾਸ਼ੀ ਹੱਥ ਫੜਾਏ ਕਟਾਰਾ, ਏਕਾ ਏਕ ਸਰਬ ਕਰਾ ਰਿਹਾ । ਕਿਸੇ ਕੋਈ ਨਾ ਚਲੇ ਚਾਰਾ, ਅੰਤਮ ਅੰਤ ਪੰਧ ਮੁਕਾ ਰਿਹਾ । ਭਾਣਾ ਮੰਨਣਾ ਦਿਸੇ ਭਾਰਾ, ਬੇਮੁਖ ਆਪਣੇ ਹੱਥ ਵਢਾ ਰਿਹਾ । ਆਪ ਕਟਾਏ ਸ਼ਬਦ ਸਰੂਪੀ ਜਿਉਂ ਸਾਬਣ ਤਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਜਗਤ ਵਰਤਾ ਰਿਹਾ । ਹਰਿ ਸ਼ਬਦ ਸਚ ਸੰਯੋਗ । ਹਰਿ ਸ਼ਬਦ ਸਾਚਾ ਰਸ ਭੋਗ । ਹਰਿ ਸ਼ਬਦ ਜਨ ਭਗਤਾਂ ਚੁਗਾਏ ਆਤਮ ਸਾਚੀ ਚੋਗ । ਹਰਿ ਸ਼ਬਦ ਕੱਟੇ ਹਉਮੇ ਰੋਗ । ਦੁਰਮਤ ਮੈਲ ਪਾਪਾਂ ਧੋਗ । ਹਰਿ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੋਹੰ ਸਾਚਾ ਯੋਗ । ਹਰਿ ਸ਼ਬਦ ਸਾਚਾ ਨਿਸ਼ਾਨ ਹੈ । ਹਰਿ ਸ਼ਬਦ ਏਕਾ ਮਾਣ ਏਕਾ ਤਾਣ ਬਲੀ ਬਲਵਾਨ ਹੈ । ਹਰਿ ਸ਼ਬਦ ਵਡ ਸ਼ਾਹੋ ਦਾਤਾ ਵਡ ਸੁਲਤਾਨ ਹੈ । ਹਰਿ ਸ਼ਬਦ ਵੱਡਾ ਰਾਜਾ ਰਾਜਾਨ ਹੈ । ਹਰਿ ਸ਼ਬਦ ਏਕਾ ਦੇਵੇ ਜਨ ਭਗਤਾਂ ਬ੍ਰਹਮ ਗਿਆਨ ਹੈ । ਹਰਿ ਸ਼ਬਦ ਸੁਰਤ ਸ਼ਬਦ ਮੇਲ ਮਿਲਾਨ ਹੈ । ਹਰਿ ਸ਼ਬਦ ਦਸਵਾਂ ਦਰ ਕਰ ਕਿਰਪਾ ਆਪ ਖੁਲ੍ਹਾਣ ਹੈ । ਹਰਿ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਆਤਮ ਵਸੇ ਸਚ ਅਸਥਾਨ ਹੈ । ਹਰਿ ਰੰਗ ਹਰਿ ਸ਼ਬਦ ਜਾਣ । ਹਰਿ ਸ਼ਬਦ ਮਿਲਾਏ ਮੇਲ ਹਰਿ ਭਗਵਾਨ । ਹਰਿ ਸ਼ਬਦ ਮੂਰਖ ਮੁਗਧ ਕਰਾਏ ਚਤੁਰ ਸੁਜਾਨ । ਹਰਿ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਪ੍ਰਗਟ ਜੋਤ ਵਾਲੀ ਦੋ ਜਹਾਨ ਹੈ । ਹਰਿ ਸ਼ਬਦ ਹਰਿ ਕਾ ਰੂਪ ਹੈ । ਹਰਿ ਸ਼ਬਦ ਆਦਿ ਅੰਤ ਜੁਗਾਂ ਜੁਗੰਤ ਸਤਿ ਸਰੂਪ ਹੈ । ਹਰਿ ਸ਼ਬਦ ਮਹਿੰਮਾ ਜਗਤ ਅਨੂਪ ਹੈ । ਹਰਿ ਸ਼ਬਦ ਗੁਰਮੁਖ ਵਿਰਲਾ ਜਾਣੇ ਨਾ ਕਿਸੇ ਦਿਸੇ ਕੋਈ ਰੰਗ ਰੂਪ ਹੈ । ਹਰਿ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਵੱਡਾ ਭੂਪ ਹੈ । ਹਰਿ ਸ਼ਬਦ ਗੁਰਮੁਖ ਜਾਨਣਾ । ਹੋਏ ਮੇਲ ਭਗਤ ਭਗਵਾਨਣਾ । ਮਿਟੇ ਅੰਧੇਰ ਹੋਏ ਚਾਨਣਾ । ਮਿਟੇ ਹੇਰ ਫੇਰ, ਏਕਾ ਦੇਵੇ ਨਾਮ ਨਿਧਾਨਣਾ । ਨਾ ਲਾਏ ਕੋਈ ਦੇਰ ਜਿਸ ਕਿਰਪਾ ਕਰੇ ਵਿਸ਼ਨੂੰ ਭਗਵਾਨਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਸ਼ਬਦ ਸਤਿਜੁਗ ਝੁੱਲੇ ਸਚ ਨਿਸ਼ਾਨਣਾ । ਹਰਿ ਸ਼ਬਦ ਹਰਿ ਕਾ ਭੇਖ ਹੈ । ਹਰਿ ਸ਼ਬਦ ਹਰਿ ਹਰਿ ਵੇਖ ਹੈ । ਹਰਿ ਸ਼ਬਦ ਪ੍ਰਭ ਲਾਏ ਆਤਮ ਸਾਚੀ ਮੇਖ ਹੈ । ਹਰਿ ਸ਼ਬਦ ਕਲਜੁਗ ਜੀਆਂ ਕੱਢੇ ਭਰਮ ਭੁਲੇਖ ਹੈ । ਹਰਿ ਸ਼ਬਦ ਗੁਰਸਿਖ ਸਾਚੇ ਦਰ ਸਾਚੇ ਨੇਤਰ ਲੈਣਾ ਪੇਖ ਹੈ । ਹਰਿ ਸ਼ਬਦ ਜਨ ਭਗਤਾਂ ਦੇਵੇ ਜਿਨ੍ਹਾਂ ਲਿਖਾਏ ਧੁਰੋਂ ਸਾਚੇ ਲੇਖ ਹੈ । ਹਰਿ ਸ਼ਬਦ ਨਾ ਬੇਮੁਖ ਜਾਣੇ, ਕਲਜੁਗ ਰਹੇ ਵੇਖਾ ਵੇਖ ਹੈ । ਹਰਿ ਸ਼ਬਦ ਹਰਿ ਰਸਨ ਵਖਾਣੇ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼ ਹੈ । ਹਰਿ ਸ਼ਬਦ ਗੁਰਮੁਖ ਤੇਰੇ ਆਤਮ ਬੱਧੇ ਗਾਨੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵਿਚੋਂ ਵੇਖ ਹੈ । ਹਰਿ ਸ਼ਬਦ ਜਗਤ ਨਿਆਰੜਾ । ਮਿਲਾਏ ਮੇਲ ਯਾਰ ਪਿਆਰੜਾ । ਦੱਸੇ ਰਾਹ ਜਗਤ ਨਿਆਰੜਾ । ਬੇਮੁੱਖ ਹੱਸ ਨਾ ਪਾਵੇ ਸਾਰੜਾ । ਗੁਰਸਿਖਾਂ ਹਰਿ ਹਿਰਦੇ ਵਸੇ, ਦੇਵੇ ਦਰਸ ਨਿਆਰੜਾ । ਕਰੇ ਪ੍ਰਕਾਸ਼ ਕੋਟ ਰਵ ਸੱਸੇ, ਮਿਟਾਏ ਅੰਧ ਅੰਧਿਆਰੜਾ ।

ਬੇਮੁਖਾਂ ਆਤਮ ਅੰਧੇਰ ਜਿਉਂ ਚੰਦ ਮੱਸੇ, ਨਾ ਦਿਸੇ ਸੱਜਣ ਮੀਤ ਪਿਆਰੜਾ । ਸਾਚਾ ਸ਼ਬਦ ਤੀਰ ਪ੍ਰਭ ਸਾਚਾ ਕੱਸੇ, ਸ੍ਰਿਸ਼ਟ ਸਬਾਈ ਪਾਰ ਕਰਾਰੜਾ । ਜੋਤ ਸਰੂਪੀ ਰਾਹ ਸਾਚਾ ਦੱਸੇ, ਨਿਹਕਲੰਕ ਲੈ ਅਵਤਾਰੜਾ । ਬੇਮੁੱਖ ਕਲਜੁਗ ਜੀਵ ਪੈਰ ਹੇਠਾਂ ਝੱਸੇ, ਨਾ ਕੋਈ ਪਾਵੇ ਸਾਰੜਾ । ਮੌਤ ਨਾਗਨੀ ਏਕਾ ਡੱਸੇ, ਨਾ ਕੋਈ ਬਣੇ ਕਿਸੇ ਸਹਾਰੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰੜਾ । ਹਰਿ ਸ਼ਬਦ ਸਚ ਧਨ ਮਾਲ । ਹਰਿ ਸ਼ਬਦ ਗੁਰਮੁਖ ਸਾਚੇ ਰੱਖ ਸੰਭਾਲ । ਅੰਤਮ ਅੰਤ ਤੇਰੇ ਨਿਭੇ ਨਾਲ । ਕਲਜੁਗ ਜੀਵ ਹੋਏ ਕੰਗਾਲ । ਝੂਠਾ ਲੱਗਾ ਜਗਤ ਜ਼ੰਜਾਲ । ਮਾਇਆਧਾਰੀ ਹੋਏ ਖੁਆਰੀ, ਨਾ ਕੋਈ ਪਾਵੇ ਸਾਰੀ, ਕਲਜੁਗ ਅੰਤਮ ਤੁੱਟਾ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਦਲਾਏ ਜਿਉਂ ਦੋ ਫਾੜੀ ਦਾਲ । ਹਰਿ ਸ਼ਬਦ ਗਹਿਰ ਗੰਭੀਰ । ਹਰਿ ਸ਼ਬਦ ਆਤਮ ਵੱਜੇ ਸਾਚਾ ਤੀਰ । ਹਰਿ ਸ਼ਬਦ ਆਤਮ ਝਿਰਨਾਂ ਦੇ ਝਿਰਾਏ, ਅੰਮ੍ਰਿਤ ਪਿਆਏ ਸਾਚਾ ਸੀਰ । ਹਰਿ ਸ਼ਬਦ ਹਰਿਜਨ ਜਾਣੇ, ਜਿਨ ਦੇਵੇ ਆਤਮ ਧੀਰ । ਹਰਿ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਿਲਾਏ ਵਿਚ ਮਾਤ ਸਾਚਾ ਸੀਰ । ਹਰਿ ਸ਼ਬਦ ਜਗਤ ਵਡਿਆਈ । ਪਤਿਪਰਮੇਸ਼ਵਰ ਦਇਆ ਕਮਾਈ । ਹਰਿ ਸ਼ਬਦ ਦੇਵੇ ਦਾਤ ਆਪ ਰਘੁਰਾਈ । ਵਡ ਕਰਾਮਾਤ ਭੁੱਲ ਨਾ ਜਾਈ । ਸਾਚਾ ਨਾਤ ਗੁਰ ਚਰਨ ਜੁੜਾਈ । ਅੰਤਮ ਮਿਟੇ ਅੰਧੇਰੀ ਰਾਤ, ਦੀਪਕ ਜੋਤੀ ਦੇ ਜਗਾਈ । ਗੁਰਮੁਖ ਸਾਚੇ ਵੇਖ ਮਾਰ ਝਾਤ, ਆਤਮ ਬੈਠਾ ਡੇਰਾ ਲਾਈ । ਨਾ ਦਿਵਸ ਨਾ ਹੋਵੇ ਰਾਤ, ਏਕਾ ਰੰਗ ਡਗਮਗਾਈ । ਬੈਠਾ ਰਹੇ ਸਦ ਇਕਾਂਤ । ਗੁਰਮੁਖ ਸਾਚੇ ਦੇ ਸਮਝਾਈ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਕਵਲ ਨਾਭ ਆਪ ਉਲਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਨਾਮ ਵਡਿਆਈ । ਹਰਿ ਸ਼ਬਦ ਸਤਿ ਸੰਤੋਖ । ਹਰਿ ਸ਼ਬਦ ਕੱਟੇ ਕਾਇਆ ਦੋਖ । ਹਰਿ ਸ਼ਬਦ ਉਜਲ ਕਰਾਏ ਜਗਤ ਮੁਖ । ਹਰਿ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਤ ਕੁੱਖ । ਹਰਿ ਸ਼ਬਦ ਹਰਿ ਕੀ ਬਣਤ । ਗੁਰਮੁਖ ਵਿਰਲਾ ਜਾਣੇ ਸੰਤ । ਕਲਜੁਗ ਜੀਆਂ ਮਾਇਆ ਪਾਏ ਬੇਅੰਤ । ਆਪੇ ਜਾਣੇ ਜਾਣ ਪਛਾਣੇ ਗੁਰਮੁਖ ਜਗਾਏ ਹਰਿ ਹਰਿ ਹਰਿ ਭਗਵੰਤ । ਦਰ ਘਰ ਸਾਚੇ ਆਪ ਦਿਖਾਏ, ਮੇਲ ਮਿਲਾਵਾ ਸਾਚੇ ਕੰਤ । ਬੇਮੁਖ ਬੰਨ੍ਹਣ ਝੂਠੇ ਦਾਅਵੇ, ਲੱਖ ਚੁਰਾਸੀ ਵਿਚ ਭਵੰਤ । ਅਠਸਠ ਤੀਰਥ ਝੂਠੇ ਨਹਾਵੇ, ਨਾ ਕੋਈ ਛੁਡਾਵੇ ਅੰਤ । ਗੁਰਸਿਖ ਸਾਚਾ ਗੁਰ ਚਰਨ ਧੂੜੀ ਮਸਤਕ ਲਾਵੇ, ਦੇਵੇ ਵਡਿਆਈ ਵਿਚ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਰਾਇਣ ਨਰ ਜਨ ਭਗਤਾਂ ਹੋਏ ਸਹਾਈ ਆਦਿ ਅੰਤ । ਹਰਿ ਸ਼ਬਦ ਹਰਿ ਭੰਡਾਰਿਆ । ਹਰਿ ਸ਼ਬਦ ਹਰਿ ਵਰਤਾਰਿਆ । ਹਰਿ ਸ਼ਬਦ ਹਰਿ ਦੇਵੇ ਵਿਚ ਸੰਸਾਰਿਆ । ਹਰਿ ਸ਼ਬਦ ਆਪ ਚਲਾਏ ਜੁਗੋ ਜੁਗ ਅਪਰ ਅਪਾਰਿਆ । ਹਰਿ ਸ਼ਬਦ ਹਰਿ ਸੁਣਾਏ, ਸੋਹੰ ਡੰਕ ਸਚ ਵਜਾ ਰਿਹਾ । ਹਰਿ ਸ਼ਬਦ ਹਰਿ ਰਸਨਾ ਗਾਏ ਕਲਜੁਗ ਝੇੜਾ ਆਪ ਚੁਕਾ ਰਿਹਾ । ਹਰਿ ਸ਼ਬਦ ਮੈਲ ਪਾਪਾਂ ਧੋਏ, ਆਤਮ ਤੀਰਥ ਸਚ ਇਸ਼ਨਾਨ ਕਰਾ ਰਿਹਾ । ਹਰਿ ਸ਼ਬਦ ਹਰਿ ਸਾਚਾ ਬੋਏ, ਅੰਮ੍ਰਿਤ ਫੱਲ ਇਕ ਲਗਾ ਰਿਹਾ । ਹਰਿ ਸ਼ਬਦ ਗੁਰਸਿਖ ਵਿਰਲਾ ਜਾਣੇ ਕੋਇ, ਜਿਸ ਬਜ਼ਰ ਕਪਾਟੀ ਚੀਰ ਵਖਾ ਰਿਹਾ । ਹਰਿ ਸ਼ਬਦ ਰਸਨਾ ਲਏ ਪਰੋਏ, ਦਸਵਾਂ ਦਰ ਆਪ ਖੁਲ੍ਹਾ ਰਿਹਾ । ਹਰਿ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਪਕ ਜੋਤੀ ਆਪ ਜਗਾ ਰਿਹਾ । ਹਰਿ ਸ਼ਬਦ ਸਾਚਾ ਰਾਗ । ਹਰਿ ਸ਼ਬਦ ਰਸਨਾ ਜਪ, ਧੋਣਾਂ ਪਾਪਾਂ ਝੂਠਾ


੨੭੭
੦੩

ਦਾਗ । ਹਰਿ ਸ਼ਬਦ ਗੁਰਮੁਖ ਪਛਾਣੇ, ਬੁਝਾਏ ਆਤਮ ਤ੍ਰਿਸ਼ਨਾ ਆਗ । ਹਰਿ ਸ਼ਬਦ ਦੇਵੇ ਹਰਿ ਤੇਰੀ ਅੰਤਮ ਪਕੜੇ ਵਾਗ । ਹਰਿ ਸ਼ਬਦ ਲੈਣਾ ਵਰ ਸਾਚੇ ਘਰ ਖੁਲ੍ਹੇ ਦਰ ਦੇਵੇ ਵਡੀ ਵਡਿਆਈ ਪ੍ਰਭ ਪਹਿਲੀ ਮਾਘ । ਗੁਰ ਚਰਨ ਸਰ ਜਾਣਾ ਤਰ । ਆਤਮ ਭੰਡਾਰੇ ਪ੍ਰਭ ਦੇਵੇ ਭਰ । ਸੁੱਕੇ ਰੁਖੜੇ ਹਰੇ ਕਰ । ਗੁਰਸਿਖ ਬਣਾਏ ਹੰਸ ਕਾਗ, ਦਰ ਘਰ ਸਾਚੇ ਜਾਣ ਵੜ । ਪ੍ਰਭ ਅਬਿਨਾਸ਼ੀ ਫੜਨਾ ਲੜ । ਬੇਮੁੱਖ ਜੀਵ ਜਾਇਨ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਲਗਾਏ ਆਗ । ਹਰਿ ਸ਼ਬਦ ਘਰ ਸਚ ਵਿਚੋਲਾ । ਹਰਿ ਸ਼ਬਦ ਕਲਜੁਗ ਜੀਵ ਕਿਉਂ ਭੁੱਲਿਆ ਗੋਲਾ । ਮਾਨਸ ਜਨਮ ਵਿਚ ਮਾਤ ਰੋਲਾ । ਬਿਨ ਗੁਰ ਨਾ ਕੋਈ ਗਾਵੇ ਘਰ ਸਾਚੇ ਦਾ ਸਾਚਾ ਸੋਹਲਾ । ਮਾਤ ਜੋਤ ਪ੍ਰਗਟਾਏ ਵੱਜੇ ਵਧਾਏ, ਪ੍ਰਗਟ ਜੋਤ ਸ੍ਰਿਸ਼ਟ ਸਬਾਈ ਦੇ ਹਿਲਾਈ, ਪ੍ਰਭ ਅਬਿਨਾਸ਼ੀ ਸੰਪੂਰਨ ਕਲਾ ਸੋਲਾਂ । ਰਾਜੇ ਰਾਣੇ ਦਏ ਉਠਾਏ, ਆਪੇ ਪਾਏ ਉਜਾੜ ਰਾਹੇ । ਤਖ਼ਤ ਤਾਜ ਕੋਈ ਰਹਿਣ ਨਾ ਪਾਏ । ਸਾਜ ਬਾਜ ਸਰਬ ਮਿਟ ਜਾਏ । ਏਕਾ ਤਾਜ ਹਰਿ ਆਪਣੇ ਸਿਰ ਟਿਕਾਏ । ਸਿੰਘ ਸਿੰਘਾਸਣ ਡੇਰਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਬਾਹੋਂ ਪਕੜ ਆਪਣੀ ਸਰਨ ਲਗਾਏ । ਏਕ ਦੀਸੇ ਹਰਿ ਜਗਦੀਸ਼ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸ । ਕਲਜੁਗ ਜੀਵ ਝੂਠੀ ਕਰਨ ਰੀਸ । ਏਕਾ ਰਾਗ ਸੋਹੰ ਸ਼ਬਦ ਮਿਟਾਏ ਰਾਗ ਛਤੀਸ । ਨਾਰਦ ਮੁਨ ਦੇ ਮੱਤ ਸਮਝਾਏ, ਮਿਟਾਇਆ ਭੇਵ ਬੀਸ ਇਕੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਸ਼ਬਦ ਇਕ ਪੜ੍ਹਾਏ, ਨਾ ਕੋਈ ਲਗਾਏ ਫੀਸ । ਵਡ ਜ਼ਰਵਾਣਿਆਂ ਸ਼ਾਹ ਸੁਲਤਾਨਿਆਂ, ਮੇਟ ਮਿਟਾਣਿਆਂ, ਵਾਲੀ ਦੋ ਜਹਾਨਿਆਂ । ਜੋਤ ਸਰੂਪੀ ਪਹਿਰੇ ਬਾਣਿਆਂ । ਨਾ ਕੋਈ ਜਾਣੇ ਸੁਘੜ ਸਿਆਣਿਆ । ਪ੍ਰਭ ਅੰਤਮ ਅੰਤ ਸ੍ਰਿਸ਼ਟ ਸਬਾਈ ਮੇਟ ਮਿਟਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਆਪੇ ਚਲੇ ਆਪਣੇ ਭਾਣਿਆਂ । ਹਰਿ ਸ਼ਬਦ ਹਰਿ ਤੀਰ ਚਲਾਵਣਾ । ਕਲਜੁਗ ਜੀਵਾਂ ਧੀਰ ਗਵਾਵਣਾ । ਚਾਰ ਕੁੰਟ ਵਹੀਰ ਕਰਾਵਣਾ । ਬਾਲਕ ਮਾਤਾ ਸੀਰ ਹੱਥ ਨਾ ਆਵਣਾ । ਕਲਜੁਗ ਜੀਵਾਂ ਨਾ ਨੀਰ ਕਿਸੇ ਮੁਖ ਚੁਆਵਣਾ । ਨਾ ਕੋਇ ਸਹਾਏ ਪੀਰ ਫ਼ਕੀਰ, ਨਾ ਕੋਈ ਪਕੜੇ ਦਾਮਨਾ । ਧਰਮ ਰਾਏ ਦੇ ਵੰਝੇ ਜੰਜ਼ੀਰ, ਅੱਗੇ ਹੋਏ ਨਾ ਕਿਸੇ ਛੁਡਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ, ਅੰਤਮ ਅੰਤ ਆਪਣੀ ਸਰਨ ਲਗਾਵਣਾ । ਹਰਿ ਸ਼ਬਦ ਸਚ ਕਟਾਰ ਹੈ । ਸੋਹੰ ਸ਼ਬਦ ਖੰਡਾ ਦੋ ਧਾਰ ਹੈ । ਪ੍ਰਭ ਸਾਚੇ ਦੀ ਸਾਚੀ ਕਾਰ ਹੈ । ਜੁਗੋ ਜੁਗ ਕਰੇ ਆਪਣਾ ਆਪ ਵਿਹਾਰ ਹੈ । ਤੀਨ ਲੋਕ ਸੱਚਾ ਇਕ ਸਿਕਦਾਰ ਹੈ । ਲੋਕਮਾਤ ਜੋਤ ਪ੍ਰਗਟਾਏ, ਆਵੇ ਜਾਵੇ ਵਾਰੋ ਵਾਰ ਹੈ । ਕਲਜੁਗ ਔਧ ਗਈ ਬੀਤ, ਪ੍ਰਭ ਵਹਾਏ ਵਹਿੰਦੀ ਧਾਰ ਹੈ । ਗੁਰਮੁਖ ਸਾਚੇ ਮਾਨਸ ਜਨਮ ਗਏ ਕਲ ਜੀਤ, ਆਏ ਸਚ ਦਰਬਾਰ ਹੈ । ਪ੍ਰਭ ਕਾਇਆ ਕਰੇ ਸੀਤਲ ਸੀਤ, ਅੰਮ੍ਰਿਤ ਚਲਾਏ ਸਚ ਫੁਹਾਰ ਹੈ । ਸਤਿਜੁਗ ਚਲਾਏ ਸਾਚੀ ਰੀਤ, ਊਚ ਨੀਚ ਭਰਮ ਨਿਵਾਰ ਹੈ । ਪ੍ਰਭ ਅਬਿਨਾਸ਼ੀ ਸਾਚਾ ਮੀਤ, ਵਾਹ ਵਾਹ ਏਕਾ ਇਕ ਪਿਆਰ ਹੈ । ਦੂਜਾ ਕੋਈ ਨਾ ਰਾਖੋ ਚੀਤ, ਨਿਹਕਲੰਕ ਸੱਚਾ ਅਵਤਾਰ ਹੈ । ਸੋਹੰ ਸ਼ਬਦ ਗਾਓ ਸੁਹਾਗੀ ਗੀਤ, ਬੇੜਾ ਹੋਵੇ ਅੰਤਮ ਪਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਮਾਤ ਲਿਆ ਅਵਤਾਰ ਹੈ । ਹਰਿ ਸ਼ਬਦ ਸਚ ਨਿਸ਼ਾਨਾ । ਹਰਿ ਸ਼ਬਦ ਸਚ ਟਿਕਾਣਾ । ਹਰਿ ਸ਼ਬਦ ਅਨਹਦ ਧੁਨ ਉਪਜਾਣਾ । ਗੁਰਮੁਖ ਸਾਚੇ ਚੁਣ ਪ੍ਰਭ

੨੭੮
੦੩

ਸਾਚੇ ਕੰਨ ਸੁਣਾਣਾ । ਹਰਿ ਸ਼ਬਦ ਹਰਿ ਕੇ ਗੁਣ, ਮੇਲ ਮਿਲਾਏ ਤੀਰ ਬਿਧਨਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਹਰਿ ਸ਼ਬਦ ਹਰਿ ਗਿਆਨ ਹੈ । ਹਰਿ ਸ਼ਬਦ ਹਰਿ ਚਰਨ ਧਿਆਨ ਹੈ । ਹਰਿ ਸ਼ਬਦ ਏਕਾ ਏਕ, ਸਾਚੀ ਟੇਕ ਗੁਰਸਿਖ ਸਾਚੇ ਭੁੱਲ ਨਾ ਜਾਣ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਦੇਵੇ ਸਾਚਾ ਦਾਨ ਹੈ । ਸਚ ਸ਼ਬਦ ਹਰਿ ਭੰਡਾਰਿਆ । ਕਰ ਕਿਰਪਾ ਦੇਵੇ ਨਿਰੰਕਾਰਿਆ । ਜਨਮ ਕਰਮ ਧਰਮ ਗੁਰਸਿਖ ਸਵਾਰਿਆ । ਭਾਂਡਾ ਭਰਮ ਹਰਿ ਆਪ ਨਿਵਾਰਿਆ । ਪੂਰਨ ਬ੍ਰਹਮ ਹਰਿ ਬੂਝ ਬੁਝਾ ਰਿਹਾ । ਵਰਨ ਬਰਨ ਸਰਬ ਮਿਟਾ ਰਿਹ । ਏਕਾ ਸਰਨ ਨਿਹਕਲੰਕ ਰਖਾ ਰਿਹਾ । ਹਰਨ ਫਰਨ ਆਪ ਖੁਲ੍ਹਾ ਰਿਹਾ । ਧਰਨੀ ਧਰਨ ਦਇਆ ਕਮਾ ਰਿਹਾ । ਗੁਰਮੁਖ ਸਾਚੇ ਸਰਨੀ ਪੜਨ, ਪ੍ਰਭ ਬਾਹੋਂ ਪਕੜ ਗਲੇ ਲਗਾ ਰਿਹਾ । ਆਪ ਚੁਕਾਏ ਮਰਨ ਡਰਨ, ਲੱਖ ਚੁਰਾਸੀ ਗੇੜ ਕਟਾ ਰਿਹਾ । ਬੇਮੁਖ ਜੀਵ ਆਪਣਾ ਕੀਆ ਭਰਨ, ਲਹਿਣਾ ਦੇਣਾ ਸਚ ਚੁਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਵਟਾ ਰਿਹਾ । ਹਰਿ ਸ਼ਬਦ ਹਰਿ ਸੰਗ ਮੇਲ । ਜਗੇ ਜੋਤ ਬਿਨ ਬਾਤੀ ਬਿਨ ਤੇਲ । ਗੁਰਮੁਖ ਸਾਚੇ ਅਚਰਜ ਵੇਖ ਪਾਰਬ੍ਰਹਮ ਦਾ ਖੇਲ । ਹਰਿ ਸ਼ਬਦ ਹਿਰਦੇ ਵਾਚੇ ਬਣ ਜਾਏ ਸਾਚਾ ਸੱਜਣ ਸੁਹੇਲ । ਬੇਮੁਖ ਦਰ ਤੇ ਆਏ ਨਾਚੇ, ਬੇੜਾ ਸ਼ੌਹ ਦਰਿਆਏ ਦੇਵੇ ਠੇਲ । ਪ੍ਰਭ ਅਬਿਨਾਸ਼ੀ ਸਾਚੋ ਸਾਚੇ, ਨਾ ਕੋਈ ਨੱਟ ਬਾਜ਼ੀਗਰ ਖੇਲ । ਬੇਮੁਖ ਹਰਿ ਆਪ ਧਕਾਏ, ਧਰਮ ਰਾਏ ਦੀ ਜੇਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾੜੀ ਬਹੱਤਰ ਅਗਨ ਲਗਾਏ, ਦਰਗਹਿ ਸਾਚੀ ਨਾ ਹੋਵੇ ਮੇਲ । ਮੇਲ ਵਿਛੋੜਾ ਹਰਿ ਦੇ ਹੱਥ । ਸਰਬ ਕਲਾ ਹਰਿ ਆਪ ਸਮਰਥ । ਜੁਗਾ ਜੁਗੰਤ ਮਹਿੰਮਾ ਅਕੱਥ । ਬੇਮੁੱਖਾਂ ਹਰਿ ਪਾਏ ਨੱਥ । ਅੰਤਮ ਅੰਤ ਜਾਏ ਮੱਥ । ਗੁਰਸਿਖ ਸਾਚੇ ਆਪ ਚੜ੍ਹਾਏ ਸੋਹੰ ਸਾਚੇ ਰਥ । ਕਰ ਦਰਸ ਸਾਚੇ ਹਰਿ ਸਗਲ ਵਸੂਰੇ ਗਏ ਲੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਜਿਉਂ ਰਾਮਾ ਘਰ ਦਸਰਥ । ਰਾਮ ਅਵਤਾਰਿਆ, ਜੋਤ ਨਿਰੰਕਾਰਿਆ । ਤਰੇਤਾ ਉਧਾਰਿਆ, ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪਣੇ ਵਿਚ ਸਮਾ ਰਿਹਾ । ਤਰੇਤਾ ਤ੍ਰਿਆ ਕਰਾਏ ਅੰਤ । ਭੇਵ ਨਾ ਜਾਣੇ ਕੋਈ ਜੀਵ ਜੰਤ । ਏਕਾ ਏਕ ਪਛਾਣੇ ਜਿਸ ਦੇਵੇ ਨਾਮ ਗੁਣ ਦਾਤਾ ਗੁਣਵੰਤ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਆਪ ਬਣਾਏ ਆਪਣੀ ਸਾਚੀ ਬਣਤ । ਹਰਿ ਸ਼ਬਦ ਸਾਚੀ ਸਿਖਿਆ । ਪ੍ਰਭ ਦੇਵੇ ਸਾਚੀ ਭਿਖਿਆ । ਸਾਚਾ ਲੇਖ ਧੁਰਦਰਗਾਹੀ ਲਿਖਿਆ । ਪ੍ਰਭ ਅਬਿਨਾਸ਼ੀ ਕਿਆ ਕੋਈ ਕਰੇ ਤੇਰੀ ਪ੍ਰਿਖਿਆ । ਭੁੱਲ ਰੁੱਲ ਦਰ ਸਾਚੇ ਆਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦਏ ਮਿਟਾਏ ਬਿਧਨਾ ਲਿਖੀ ਰੇਖਿਆ । ਹਰਿ ਸ਼ਬਦ ਜਗਤ ਢੰਡੋਰਾ । ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਚਾਰ ਕੁੰਟ ਫਿਰਾਏ ਸਾਚਾ ਘੋੜਾ । ਕਲਜੁਗ ਅੰਤਮ ਅੰਤ ਲਿਆਏ, ਪੈਰੀਂ ਪਾਉਣ ਨਾ ਦੇਵੇ ਕਿਸੇ ਜੋੜਾ । ਪ੍ਰਭ ਅਬਿਨਾਸ਼ੀ ਤੇਰੀ ਸਾਚੀ ਕਾਰ, ਕਿਆ ਕੋਈ ਵਿਚ ਅਟਕਾਏ ਰੋੜਾ । ਬੇਮੁਖ ਜੀਵਾਂ ਆਪੇ ਭੰਨ ਵਖਾਏ, ਜਿਉਂ ਨਾਈ ਨਸਤਰ ਫੋੜਾ । ਏਕਾ ਜੋਤ ਡਗਮਗਾਏ, ਕਲਜੁਗ ਅੰਧੇਰ ਸਰਬ ਮਿਟ ਜਾਏ, ਗੁਰਮੁਖ ਵਿਰਲਾ ਜਗਤ ਰਹਿ ਜਾਏ, ਸਾਚੀ ਭੁਗਤ ਹਰਿ ਚਰਨ ਸੇਵ ਕਮਾਏ । ਸਤਿਜੁਗ ਬਿਰਖ ਲਗਾਏ ਸਾਚੇ ਬੋਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਪ ਚੜ੍ਹਾਏ ਦਰਗਹਿ ਸਾਚੀ ਸਾਚੇ ਪੌੜਾ । ਹਰਿ ਸ਼ਬਦ ਆਸ ਪੁਜਾਸਿਆ । ਚਲਾਏ ਪ੍ਰਭ ਪੁਰਖ ਅਬਿਨਾਸ਼ਿਆ । ਸ੍ਰਿਸ਼ਟ ਸਬਾਈ ਕਰੇ ਦਾਗਿਆ । ਗੁਰਮੁਖਾਂ ਹਿਰਦੇ

ਸਦ ਰੱਖੇ ਵਾਸਿਆ । ਅਗਿਆਨ ਅੰਧੇਰ ਦਰ ਸਾਚੇ ਤੋਂ ਨਾਸਿਆ । ਸਤਿਜੁਗ ਸਾਚਾ ਵਿਚ ਮਾਤ ਦੀਪ ਪ੍ਰਗਾਸਿਆ । ਅਚਰਜ਼ ਖੇਲ ਜਨ ਭਗਤਾਂ ਮੇਲ ਪ੍ਰਗਟ ਹੋਏ ਘਨਕਪੁਰ ਵਾਸੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਬੰਦ ਖੁਲਾਸੀਆ । ਹਰਿ ਸ਼ਬਦ ਨਾਮ ਨਿਰੰਜਣਾ । ਹਰਿ ਸ਼ਬਦ ਦੁੱਖ ਭੈ ਭੰਜਣਾ । ਹਰਿ ਸ਼ਬਦ ਘਨਕਪੁਰ ਵਾਸੀ ਇਕ ਕਰਾਏ ਚਰਨ ਧੂੜ ਸਾਜਾ ਮਜਨਾ । ਕਲਜੁਗ ਜੀਵ ਅੰਤਕਾਲ ਕਲ ਭੱਜਣਾ । ਵੇਲੇ ਅੰਤਮ ਨਾ ਕੋਈ ਹੋਏ ਸਹਾਈ ਨਾ ਕੋਈ ਸਾਕ ਸੈਣ ਸੱਜਣਾ । ਗੁਰਮੁਖ ਸਾਚੇ ਸੰਤ ਜਨਾਂ ਪੀ ਅੰਮ੍ਰਿਤ ਦਰ ਤੇ ਰੱਜਣਾ । ਵੇਲੇ ਅੰਤਮ ਅੰਤ ਕਲ ਪ੍ਰਭ ਸਾਚੇ ਪਰਦਾ ਕੱਜਣਾ । ਜੋਤ ਸਰੂਪੀ ਪ੍ਰਗਟ ਜੋਤ ਵਿਚ ਮਾਤ ਦੇ ਗੱਜਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟਾ ਹਰਸ, ਅੰਮ੍ਰਿਤ ਮੇਘ ਪ੍ਰਭ ਦੇਵੇ ਬਰਸ, ਗੁਰਮੁਖ ਸਾਚੇ ਕਰ ਤਰਸ, ਵੇਲਾ ਫਿਰ ਮਾਤ ਨਹੀਂ ਲੱਝਣਾ । ਕਿਆ ਕੋਈ ਜਾਣੇ ਭੇਵ ਹਰਿ ਬਨਵਾਰਿਆ । ਤੇਰਾ ਖੇਲ ਅਪਰ ਅਪਾਰਿਆ । ਜਨ ਭਗਤ ਦੇਵੇ ਸ਼ਬਦ ਅਧਾਰਿਆ । ਦੇਵੇ ਮਾਤ ਜਨਮ ਸਚ ਸਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵੇ ਜਾਵੇ ਵਾਰੋ ਵਾਰਿਆ । ਹਰਿ ਖੇਲ ਹਰਿ ਆਪੇ ਜਾਣਦਾ । ਆਪਣਾ ਰੰਗ ਆਪੇ ਮਾਣਦਾ । ਵੇਲਾ ਅੰਤਮ ਅੰਤ ਸਰਬ ਪਛਾਣਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਕਲਜੁਗ ਬਣਤ ਬਣਾਏ ਵਾਲੀ ਦੋ ਜਹਾਨ ਦਾ । ਵਾਲੀ ਦੋ ਜਹਾਨਿਆਂ, ਜਨ ਦੇਵੇਂ ਸੰਤਾਂ ਸਚ ਫ਼ਰਮਾਨਿਆਂ । ਸਾਚੀ ਦੇਵੇ ਦਾਤ ਨਾਮ ਨਿਸ਼ਾਨੀਆਂ । ਏਕਾ ਏਕ ਵਡ ਕਰਾਮਾਤ ਪ੍ਰਭ ਚਰਨ ਧਿਆਨੀਆਂ । ਆਪ ਮਿਟਾਏ ਅੰਧੇਰੀ ਰਾਤ, ਮਾਰ ਭਜਾਏ ਸਰਬ ਸ਼ੈਤਾਨੀਆਂ । ਅੰਮ੍ਰਿਤ ਪਿਆਏ ਬੂੰਦ ਸਵਾਂਤ, ਦੂਈ ਦਵੈਤ ਮੇਟ ਮਿਟਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਨਾਮ ਨਿਧਾਨਿਆਂ । ਆਪਣੀ ਬਣਤ ਪ੍ਰਭ ਲਏ ਬਣਾ । ਗੁਰਮੁਖ ਸਾਚੇ ਸੰਤ ਉਪਜਾ । ਸਾਚਾ ਸ਼ਬਦ ਦਏ ਜਣਾ । ਏਕਾ ਤਾਣਾ ਏਕਾ ਪੇਟਾ ਲਏ ਬਣਾ । ਏਕਾ ਮਾਤਾ ਏਕਾ ਪਿਤਾ, ਗੁਰਸਿਖ ਬੇਟਾ ਲਏ ਬਣਾ । ਸਾਚੇ ਸੂਤਰ ਵਿਚ ਲਪੇਟਾ, ਸਾਚੀ ਭੱਠੀ ਦਏ ਚੜ੍ਹਾ । ਆਪੇ ਖੇਵਟ ਆਪੇ ਖੇਟਾ, ਵੰਞ ਮੁਹਾਣਾ ਦੇਵੇ ਨਾਮ ਫੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਦੇਵੇ ਝੋਲੀ ਪਾ । ਸਚ ਦਾਤ ਹਰਿ ਝੋਲੀ ਪਾਈ । ਮਾਤਲੋਕ ਹਰਿ ਜਨਮ ਦਵਾਈ । ਸਾਚਾ ਕਰਮ ਆਪ ਲਿਖਾਈ । ਸਚ ਧਰਮ ਵਿਚ ਜਗਤ ਚਲਾਈ । ਮਾਇਆ ਭਰਮ ਵਿਚ ਨਾ ਭੁੱਲ ਜਾਈ । ਹੱਥ ਨਾ ਆਵੇ ਮਾਨਸ ਜਨਮ, ਦਾਗ ਕੁਲ ਨਾ ਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤ ਸਮਝਾਏ, ਸਾਚਾ ਨਾਮ ਸ੍ਰਿਸ਼ਟ ਜਪਾਈ । ਸਾਚਾ ਨਾਮ ਜਗਤ ਜਪਾਉਣਾ । ਹਰਿ ਕਾ ਰਾਹ ਸਚ ਵਖਾਉਣਾ । ਝੂਠਾ ਵਣਜ ਨਾ ਕਿਸੇ ਕਰਾਉਣਾ । ਫੜ ਫੜ ਬਾਹੋਂ ਗੁਰ ਚਰਨ ਲਾਉਣਾ । ਸਾਚਾ ਨਾਉਂ ਘਰ ਸਾਚੇ ਆਪ ਲਿਖਾਉਣਾ । ਆਪੇ ਦੱਸੇ ਸਾਚਾ ਥਾਂ ਜਿਥੇ ਆਪਣਾ ਆਪ ਵਸਾਉਣਾ । ਕਿਉਂ ਭੁੱਲੇ ਫਿਰਦੇ ਕਲਜੁਗ ਜੀਵ ਕਾਂ, ਦੂਜਾ ਥਾਂ ਕਿਸੇ ਹੱਥ ਨਾ ਆਉਣਾ । ਨਾ ਪੁੱਛੇ ਵਾਤ ਪੁੱਤਾਂ ਮਾਂ, ਭੇਖਾਧਾਰੀ ਕੋਈ ਦਿਸ ਨਾ ਆਉਣਾ । ਆਪ ਸੁਹਾਏ ਸਾਚਾ ਥਾਂ, ਨਿਹਕਲੰਕ ਜਿਸ ਥਾਂ ਜਾਏ ਚਰਨ ਛੁਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਭੁੱਲਿਆਂ, ਮਾਇਆ ਦੇ ਵਿਚ ਰੁੱਲਿਆਂ, ਫੜ ਫੜ ਬਾਹੋਂ ਸਾਚੇ ਰਾਹ ਪਾਉਣਾ । ਸਾਚਾ ਰਾਹ ਸਚ ਟਿਕਾਣਾ । ਕਿਉਂ ਭੁੱਲਾ ਜੀਵ ਕਲ ਅੰਞਾਣਾ । ਨਾ ਕਰ ਝੂਠਾ ਬਾਣਾ । ਏਕੋ ਏਕ ਰੰਗ ਭਗਵਾਨਾ । ਏਕਾ ਜਗੇ ਜੋਤ ਮਹਾਨਾ । ਦੂਸਰ ਕੋਈ ਨਾ ਓਥੇ ਜਾਣਾ । ਨਾ ਕੋਈ ਪਹੁੰਚੇ ਓਥੇ ਰਾਜਾ ਰਾਣਾ ।

ਏਕਾ ਜਗੇ ਜੋਤ ਮਹਾਨਾ । ਬੈਠਾ ਵਡ ਸ਼ਾਹ ਸੁਲਤਾਨਾ । ਜੋਤ ਸਰੂਪੀ ਪਹਿਰੇ ਬਾਣਾ । ਪਵਣ ਸਰੂਪੀ ਛਤਰ ਝੁਲਾਣਾ । ਪਵਣ ਉਨੰਜਾ ਵਿਚ
ਸਮਾਣਾ । ਕਰੋੜ ਤੇਤੀਸ ਦਰ ਸਾਚੇ ਮੰਗਲ ਗਾਣਾ । ਰਾਗ ਛਤੀਸ ਪ੍ਰਭ ਸਾਚੇ ਸੰਗ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ
ਕੋਈ ਬਾਲ ਅੰਵਾਣਾ । ਹਰਿ ਸ਼ਬਦ ਸਾਚਾ ਸੰਗ । ਹੋਏ ਸਹਾਈ ਸਦਾ ਅੰਗ ਸੰਗ । ਸਾਚੀ ਦਾਤ ਪ੍ਰਭ ਦਰ ਮੰਗ । ਪ੍ਰਭ ਅਬਿਨਾਸ਼ੀ ਕੱਟੇ
ਭੁੱਖ ਨੰਗ । ਕਲਜੁਗ ਅੰਤਮ ਜਾਏ ਪਾਰ ਲੰਘ । ਦਰ ਘਰ ਸਾਚਾ ਗੁਰਸਿਖ ਸਾਚੇ ਮੂਲ ਨਾ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰ ਦਰਸ ਮਾਨਸ ਜਨਮ ਨਾ ਹੋਵੇ ਭੰਗ । ਹਰਿ ਸ਼ਬਦ ਹਰਿ ਕਾ ਖੰਡਾ । ਬੇਮੁਖਾਂ ਸਿਰ ਲਾਗੇ ਡੰਡਾ । ਸ਼ਬਦ ਸਰੂਪੀ ਚੰਡ ਪ੍ਰਚੰਡਾ । ਸ੍ਰਿਸ਼ਟ
ਸਬਾਈ ਕਰਾਏ ਵੰਡਾ । ਆਪੇ ਤੋਲੇ ਤੋਲਣਹਾਰਾ, ਸੋਹੰ ਫੜਿਆ ਹੱਥ ਵਿਚ ਕੰਡਾ । ਨਾ ਕੋਈ ਪਾਵੇ ਜੀਵ ਸਾਰਾ, ਆਪ ਕਰਾਏ ਖੰਡ ਖੰਡਾ ।
ਸੋਹੰ ਸ਼ਬਦ ਤਿਖੀ ਧਾਰਾ, ਬੇਮੁਖਾਂ ਵੰਡਾਏ ਕੰਡਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਭੇਖ ਜਗਤ ਮਿਟਾਏ, ਨਾ ਕੋਈ ਪੂਜੇ ਕਰੀਰ
ਜੰਡਾਂ । ਜੰਡ ਕਰੀਰ ਪੀਰ ਫ਼ਕੀਰ । ਔਲੀਏ ਗੌਂਸ ਸ਼ਾਹ ਦਸਤਗੀਰ । ਅਬਨੂਸ ਕਿਆਨੂਸ ਕਿਸੇ ਕੋਈ ਨਾ ਦੇਵੇ ਧੀਰ । ਹਜ਼ਰਤ ਐਲੀ ਸ਼ਾਹ
ਪ੍ਰਭ ਲਾਹੇ ਸਭ ਦੇ ਚੀਰ । ਅਹਿਮਦ ਮੁਹੰਮਦ ਸੰਗ ਚਾਰ ਯਾਰ ਹੱਥ ਨਾ ਆਵੇ ਸੀਰ । ਪ੍ਰਭ ਅਬਿਨਾਸ਼ੀ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ ਤੀਰ । ਹਰਿ ਸ਼ਬਦ ਰਸਨਾ ਖਿਚ ਤੀਰ ਕਮਾਨਾ । ਮੇਟ ਮਿਟਾਏ ਵਡ ਵਡ ਬਲੀ ਬਲਵਾਨਾ । ਨਗਰ
ਖੇੜਾ ਕੋਈ ਦਿਸ ਨਾ ਆਵੇ ਕਲਜੁਗ ਤੇਰਾ ਮਿਟੇ ਨਿਸ਼ਾਨਾ । ਖੁਲ੍ਹਾ ਕਰਾਏ ਧਰਤ ਮਾਤ ਤੇਰਾ ਵਿਹੜਾ, ਸਾਚਾ ਝੰਡਾ ਧਰਮ ਝੁਲਾਣਾ । ਆਪ

ਦੁਆਏ ਏਕਾ ਗੇੜਾ, ਝੂਠਾ ਝੇੜਾ ਜਗਤ ਮਿਟਾਨਾ । ਕਰੇ ਖੇਲ ਪਹਿਲੀ ਛੇੜ ਵਾਘੇ ਆਪ ਛਿੜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੨੮੧ ੦੩
ਤੇਰਾ ਲਿਖਿਆ ਲੇਖ ਨਾ ਕਿਸੇ ਮਿਟਾਨਾ । ਲਿਖਾਏ ਲੇਖ ਬਣ ਲਿਖਾਰੀ । ਨਾ ਕੋਈ ਜਾਣੇ ਹਰਿ ਜੁਆਰੀ । ਸਾਚੀ ਵਰਤੇ ਜਗਤ ਕਾਰੀ । ਘਰ
ਘਰ ਰੋਵੇ ਨਰ ਨਾਰੀ । ਮੌਤ ਲਾੜੀ ਸਭ ਥਾਈਂ ਫੇਰੇ ਆਪ ਬਹਾਰੀ । ਬੇਮੁੱਖਾਂ ਪਕੜ ਦਾਹੜੀ, ਆਪ ਲਗਾਏ ਆਪਣੇ ਅਗਾੜੀ । ਕਲਜੁਗ
ਜੀਵ ਕੋਈ ਛੁਪ ਨਾ ਜਾਏ, ਫੜ ਫੜ ਕਢਾਏ ਵਿਚੋਂ ਜੰਗਲ ਜੂਹ ਪਹਾੜੀ । ਵੇਲੇ ਅੰਤ ਨਾ ਕੋਈ ਛੁਡਾਏ, ਕਰਮਾਂ ਉਜੜੀ ਵਾੜੀ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਜੋਤ ਸ੍ਰਿਸ਼ਟ ਸਬਾਈ ਸਾੜੀ । ਹਰਿ ਸ਼ਬਦ ਤੀਰ ਤਫੰਗਾ । ਹਰਿ ਸ਼ਬਦ ਚਾਰ ਕੁੰਟ ਕਰਾਏ ਏਕਾ ਦੰਗਾ ।
ਹਰਿ ਸ਼ਬਦ ਕਲਜੁਗ ਜੀਵਾਂ ਖੂਨ ਵਹਾਏ ਜਿਉਂ ਵਹਿੰਦੀ ਗੰਗਾ । ਹਰਿ ਸ਼ਬਦ ਬੇਮੁਖ ਜੀਵ ਮੌਤ ਲਾੜੀ ਨਾਲ ਪਰਨਾਏ, ਆਪ ਲਗਾਏ ਹੱਥ ਖੂਨੀ
ਰੰਗਾ । ਕਰਦੇ ਜਾਇਣ ਹਾਏ ਹਾਏ, ਕਵਣ ਛੁਡਾਏ ਮੇਰੀ ਮਾਏ, ਝੂਠੇ ਦਿਸਣ ਸਾਥੀ ਸੰਗਾ । ਧਰਮ ਰਾਏ ਦਰ ਦਏ ਪੁਜਾਏ, ਏਥੇ ਓਥੇ ਦੇ
ਸਜਾਏ, ਭਰਮ ਭੁਲੇਖੇ ਸਰਬ ਗਵਾਏ, ਵੇਖਾ ਵੇਖੀ ਜੋ ਰਹੇ ਸ਼ਰਮਾਏ, ਪ੍ਰਭ ਦਰਸ ਨਾ ਦਰ ਸਾਚੇ ਮੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਾਤ ਜੋਤ ਪ੍ਰਗਟਾਏ, ਵਡ ਸੂਰਾ ਸਰਬੰਗਾ । ਹਰਿ ਸੰਤਾਂ ਹੁਕਮ ਸੁਣਾਇੰਦਾ । ਵਿਚ ਮਾਤ ਜਨਮ ਦਵਾਇੰਦਾ । ਪੂਰਬ ਲਹਿਣਾ ਝੋਲੀ ਪਾਇੰਦਾ ।
ਸ਼ਬਦ ਗਹਿਣਾ ਤਨ ਪਹਿਨਾਇੰਦਾ । ਸੱਜਣ ਸਾਕ ਸੈਣਾਂ ਆਪ ਅਖਵਾਇੰਦਾ । ਮਾਤ ਪਿਤ ਭਾਈ ਭੈਣਾਂ, ਸਰਬ ਥਾਈਂ ਆਪ ਬਣ ਜਾਇੰਦਾ ।
ਆਪ ਚੁਕਾਏ ਲਹਿਣਾ ਦੇਣਾ, ਸਾਚੇ ਮਾਰਗ ਲਾਇੰਦਾ । ਪ੍ਰਭ ਸਾਚੇ ਦਾ ਸਾਚਾ ਕਹਿਣਾ, ਗੁਰਮੁਖ ਸਾਚਾ ਭੁੱਲ ਨਾ ਜਾਇੰਦਾ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਾਚਾ ਸ਼ਬਦ ਹੁਕਮ ਸੁਣਾਇੰਦਾ । ਸਚ ਸ਼ਬਦ ਹਰਿ ਹੁਕਮ ਸੁਣਾਏ । ਸੰਤ ਜਨਾਂ ਹਰਿ ਦਏ ਵਡਿਆਏ । ਸਾਚੀ ਬਣਤ ਆਪ ਬਣਾਏ । ਸਾਚਾ ਕੰਤ ਸਿਰ ਹੱਥ ਟਿਕਾਏ । ਦੇਵ ਦੰਤ ਸਰਬ ਵਸ ਕਰਾਏ । ਬੇਅੰਤ ਬੇਅੰਤ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤ ਸਾਚੇ ਸੰਤ ਦੇ ਮੱਤ ਆਪ ਸਮਝਾਏ । ਦੇਵੇ ਮੱਤ ਸ਼ਬਦ ਗਿਆਨ । ਏਕਾ ਰੱਖਣਾ ਚਰਨ ਧਿਆਨ । ਆਤਮ ਤੋੜੇ ਸਾਰਾ ਮਾਨ । ਬੈਠੋ ਵਿਚ ਸ਼ਬਦ ਬਬਾਨ । ਤੀਨ ਲੋਕ ਹਰਿ ਉਡਾਨ । ਸ਼ਬਦ ਸਰੂਪੀ ਪਵਨ ਮਸਾਣ । ਨਾ ਕੋਈ ਜਾਣੇ ਜੀਵ ਅੰਵਾਨ । ਗੁਰਮੁਖ ਸਾਚੇ ਰੰਗ ਸਾਚਾ ਮਾਨ । ਨੇਤਰ ਪੇਖ ਆਤਮ ਜਗੇ ਜੋਤ ਮਹਾਨ । ਨਾ ਕੋਈ ਜਾਣੇ ਝੂਠਾ ਭੇਖ, ਜੋਤ ਧਰੇ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਰਬ ਜੀਆਂ ਦਾ ਜਾਣੀ ਜਾਣ, ਏਕਾ ਦੇਵੇ ਨਾਮ ਨਿਧਾਨ । ਨਾਮ ਨਿਧਾਨ ਸਰਬ ਗੁਣਵੰਤ । ਵੇਖੋ ਹਰਿ ਪੂਰਨ ਭਗਵੰਤ । ਜੋਤ ਜਗਾਏ ਵਿਚ ਜੀਵ ਜੰਤ । ਆਪਣਾ ਆਪ ਛੁਪਾਏ, ਬੈਠਾ ਰਹੇ ਸਦਾ ਇਕੰਤ । ਗੁਰਮੁਖ ਸਾਚੇ ਆਪ ਜਗਾਏ, ਦੇਵੇ ਵਡਿਆਈ ਸਾਚੇ ਸੰਤ । ਆਤਮ ਦਰ ਆਪ ਖੁਲ੍ਹਾਏ ਹੋਏ ਮਿਲਾਵਾ ਸਾਚੇ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਦਾਤਾ ਗੁਣੀ ਗੁਣਵੰਤ । ਸਾਚੇ ਸੰਤ ਸਦਾ ਉਪਦੇਸ਼ ਹੈ । ਜੋਤ ਸਰੂਪੀ ਹਰਿ ਕਾ ਭੇਸ ਹੈ । ਮਹਿੰਮਾ ਜਗਤ ਅਲੱਖਣਾ ਲੇਖ ਹੈ । ਪ੍ਰਭ ਪੂਰਨ ਕਰੇ ਆਸਾ । ਸਾਚਾ ਦੇਵੇ ਚਰਨ ਭਰਵਾਸਾ । ਸ਼ਬਦ ਚਲਾਏ ਸਵਾਸ ਸਵਾਸਾ । ਜੋਤ ਜਗਾਏ ਪ੍ਰਿਥਮੀ ਅਕਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟਾ ਘਟ ਰੱਖੇ ਵਾਸਾ । ਵਾਸ ਵਸੇਰਾ, ਨਾ ਦੂਰ ਨਾ ਨੇੜਾ । ਆਪ ਭੁਲਾਏ ਕਰ ਕਰ ਹੇਰਾ ਫੇਰਾ । ਕਲਜੁਗ ਮਾਇਆ ਵਿਚ ਰੁਲਾਏ, ਲੋਭੀ ਪਾਪੀ ਜੀਵੜਾ । ਗੁਰਮੁਖ ਸਾਚੇ ਆਪ ਜਗਾਏ, ਕਰੇ ਅੰਤ ਨਬੇੜਾ । ਸ਼ਬਦ ਨਈਆ ਆਪ ਚੜ੍ਹਾਏ, ਪਾਰ ਲੰਘਾਏ ਬੇੜਾ । ਗੁਰ ਸੰਗਤ ਬਣਾਏ ਭੈਣਾਂ ਭਈਆ, ਨਾ ਕੋਈ ਰਹੇ ਦੋ ਫਾੜਾ । ਸਾਚੇ ਲੇਖ ਆਪ ਲਿਖਾਏ ਏਕਾ ਵਈਆ, ਆਪ ਮੁਕਾਏ ਝੂਠਾ ਝੇੜਾ । ਸਚ ਦਰਬਾਰ ਇਕ ਲਗਈਆ, ਗੁਰ ਚਰਨ ਦੱਸੇ ਏਕਾ ਸਾਚਾ ਖੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਜੇਵਡ ਅਵਰ ਦਿਸੇ ਕਿਹੜਾ । ਅਵਰ ਨਾ ਦੀਸੇ ਕੋਇ । ਬਿਨ ਗੁਰ ਪੂਰੇ ਗੁਰਮੁਖ ਸਾਚਾ ਦੂਸਰ ਕੋਈ ਨਾ ਸੇਓ । ਹਰਿ ਹਰਿ ਹਰਿ ਰੰਗ ਵੇਖ ਗੁਰਮੁਖ ਜਾਣ ਪ੍ਰਭ ਅਬਿਨਾਸ਼ੀ ਅਲਖ ਅਭੇਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬਰਸੇ ਮੇਓ । ਅੰਮ੍ਰਿਤ ਮੀਂਹ ਬਰਸਾਇੰਦਾ । ਤਨ ਕਾਇਆ ਹਰਾ ਕਰਾਇੰਦਾ । ਸ਼ਬਦ ਸਰੂਪੀ ਹੱਲ ਚਲਾਇੰਦਾ । ਨਾਮ ਰੂਪੀ ਬੀਜ ਬਿਜਾਇੰਦਾ । ਸਚ ਸੁੱਚ ਦਾ ਬਿਰਖ ਲਗਾਇੰਦਾ । ਸਤਿ ਧਰਮ ਕਰਮ ਫਲ ਫੁੱਲ ਲਗਾਇੰਦਾ, ਗੁਰਸਿਖਾਂ ਕਰੇ ਸਾਚਾ ਜਨਮ ਬਣ ਮਾਲਣ ਤਨ ਮਾਲਾ ਆਪ ਪਹਿਨਾਇੰਦਾ । ਆਪ ਮਿਟਾਏ ਮਨ ਕਾ ਭਰਮ, ਤੋੜ ਫੁੱਲ ਝੋਲੀ ਆਪ ਭਰਾਇੰਦਾ । ਕੋਈ ਨਾ ਲੱਗੇ ਮੁਲ, ਪ੍ਰੇਮ ਸੂਤਰ ਸਤਿ ਧਾਗਾ ਵਟ ਚੜ੍ਹਾਇੰਦਾ । ਗੁਰਸਿਖ ਤੁਧ ਜੇਵਡ ਨਾ ਕੋਈ ਦੀਸੇ ਤੇਰੇ ਤੁਲ, ਸ਼ਬਦ ਸਰੂਪੀ ਸੂਈ ਹੱਥ ਫੜਾਇੰਦਾ । ਏਕਾ ਦੇਵੇ ਸ਼ਬਦ ਨਾਮ ਅਨਮੁਲ ਆਪ ਉਲਟਾਏ ਕਵਲ ਨਾਭ ਫੁੱਲ, ਗੁਰਮੁਖ ਸਾਚੇ ਲਏ ਚੁਣ ਫੂਲਣਹਾਰ ਆਪ ਪਰਇੰਦਾ । ਸਚ ਦਵਾਰਾ ਜਾਏ ਖੁਲ੍ਹ, ਦਰ ਘਰ ਜੋ ਜਨ ਆਏ ਭੁੱਲ, ਭਾਗ ਲਗਾਵੇ ਕੁਲ, ਸਾਚੀ ਕਿਰਪਾ ਆਪ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਵਡਿਆਈ ਫੂਲਣਹਾਰ ਸਚ ਦਾਤਾਰ ਕਰ ਵਿਹਾਰ ਅਪਰ ਅਪਾਰ ਗਲ ਆਪਣੇ ਵਿਚ ਪਾਇੰਦਾ । ਏਕਾ ਹਾਰ ਗਲੇ ਲਟਕਾਏ । ਸਾਚੀ ਕਾਰ ਆਪ ਕਰਾਏ ।


੨੮੨ ੦੩

ਦੂਜੀ ਧਾਰ ਕੋਈ ਰਹਿਣ ਨਾ ਪਾਏ । ਸਚ ਸਚ ਸੰਸਾਰ ਇਕ ਹੋ ਜਾਏ । ਏਕਾ ਧੀਰਜ ਧਰਮ ਜੈਕਾਰ ਆਪ ਕਰਾਏ । ਦੂਈ ਦਵੈਤ ਮਾਰ ਭਾਂਡਾ ਭਰਮ ਭੰਨਾਏ । ਸਤਿਜੁਗ ਵਰਤੇ ਤੇਰੀ ਸਾਚੀ ਕਾਰ, ਪ੍ਰਭ ਅਬਿਨਾਸ਼ੀ ਹੋਏ ਸਹਾਏ । ਬੇਮੁਖਾਂ ਮਾਰੇ ਡਾਹਢੀ ਮਾਰ, ਘਰ ਸਾਚੇ ਰਹਿਣ ਨਾ ਪਾਏ । ਗੁਰਸਿਖਾਂ ਦੇਵੇ ਚਰਨ ਪਿਆਰ, ਪੂਰਬ ਕਰਮ ਵਿਚਾਰ, ਆਪ ਬਣਾਏ ਆਪਣੇ ਗਲ ਦੇ ਹਾਰ, ਵਿਚ ਮਾਤ ਲਟਕਾਏ । ਪਹਿਲਾ ਹਾਰ ਹਰਿ ਉਪਦੇਸ । ਧਰੇ ਜੋਤ ਪ੍ਰਭ ਮਾਝੇ ਦੇਸ । ਜੋਤ ਸਰੂਪੀ ਧਾਰੇ ਭੇਸ । ਦੁਸ਼ਟ ਦੁਰਾਚਾਰੀਆਂ ਵਡ ਹੰਕਾਰੀਆਂ ਪ੍ਰਭ ਪਕੜ ਪਛਾੜੇ ਕੇਸ । ਗੁਰਸਿਖ ਬਲਿਹਾਰਿਆ, ਜੋ ਚਰਨ ਆਏ ਨਿਮਸਕਾਰਿਆ । ਆਇਆ ਸਚ ਦਰਬਾਰਿਆ, ਮਿਲਿਆ ਹਰਿ ਨਿਰੰਕਾਰਿਆ । ਭਰਮ ਭੁਲੇਖਾ ਦਏ ਨਿਵਾਰਿਆ । ਸੋਹੰ ਫੜੀ ਹੱਥ ਕਟਾਰਿਆ । ਸ੍ਰਿਸ਼ਟ ਸਬਾਈ ਆਰ ਪਾਰਿਆ । ਕਰਮ ਧਰਮ ਦੋਏ ਵਿਚਾਰਿਆ । ਗੁਰਸਿਖ ਸਾਚੇ ਵਿਚ ਪ੍ਰਵੇਸ਼, ਫੂਲਣਹਾਰ ਗਲ ਲਟਕਾਏ । ਦਵਾਰ ਬੰਕ ਬੰਕ ਦਵਾਰ ਆਪ ਸੁਹਾਏ । ਰਾਓ ਰੰਕ ਰੰਕ ਰਾਓ ਇਕ ਥਾਂ ਬਹਾਏ । ਮਿਟਾਏ ਸ਼ੰਕ ਰਹੇ ਅਟੰਕ ਭੁੱਲ ਕੋਈ ਰਹਿਣ ਨਾ ਪਾਏ । ਏਕਾ ਚਲਾਏ ਸ਼ਬਦ ਸਾਚਾ ਅੰਕ, ਦੂਸਰ ਕੋਈ ਰਹਿਣ ਨਾ ਪਾਏ । ਗੁਰਸਿਖ ਵਡਿਆਏ ਵਿਚ ਚਰਨ ਬਹਾਏ ਜਿਉਂ ਰਾਜਾ ਜਨਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਏ । ਫੂਲਣਹਾਰ ਕਲ ਵਿਚਾਰਾ । ਸੋਹੰ ਸ਼ਬਦ ਚਲਾਏ ਚਾਰ ਕੁੰਟ ਸਾਚਾ ਨਾਅਰਾ । ਪਵਣ ਸਰੂਪੀ ਸ਼ਬਦ ਅਸਵਾਰਾ । ਚਿੱਟੇ ਅਸਵ ਹਰਿ ਦਾਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਚ ਹਾਰ ਗਲ ਪਾਇਆ । ਗੁਰਸਿਖ ਸਾਚੇ ਭੇਟ ਚੜ੍ਹਾਇਆ । ਦੂਜਾ ਫੇਰ ਲਏ ਉਠਾਇਆ । ਸ੍ਰਿਸ਼ਟ ਸਬਾਈ ਢਹਿ ਹੋਵੇ ਢੇਰ, ਗੁਰਸਿਖ ਰੱਖੇ ਹੇਠ ਆਪਣੀ ਸਾਇਆ । ਕਲਜੁਗ ਜੀਵ ਮਾਰੇ ਘੇਰ ਘੇਰ, ਕਿਸੇ ਰਾਹ ਹੱਥ ਨਾ ਆਇਆ । ਨਾ ਕੋਈ ਜਾਣੇ ਸੰਞ ਸਵੇਰ, ਪ੍ਰਭ ਕਾ ਭੇਵ ਕਿਸੇ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦੇਵੀ ਦੇਵ ਆਪਣੀ ਸਰਨ ਰਖਾਇਆ । ਦੇਵੀ ਦੇਵਤ ਜਗਤ ਪੁਜਾਰੀ । ਸਾਚੇ ਦਰ ਦੇਣ ਬਹਾਰੀ । ਚਰਨ ਧੂੜ ਮੰਗਣ ਵਾਰੋ ਵਾਰੀ । ਚਾੜ੍ਹੇ ਰੰਗ ਗੂੜ੍ਹ, ਪ੍ਰਭ ਚਰਨ ਨਿਮਸਕਾਰੀ । ਜੀਵ ਆਤਮ ਸਦਾ ਮੂੜ੍ਹ, ਭਰਿਆ ਰਿਹਾ ਵਿਚ ਹੰਕਾਰੀ । ਬਿਨ ਗੁਰ ਪੂਰੇ ਕੌਣ ਕੱਟੇ ਜੂੜ, ਪਾਪਾਂ ਪੇਟ ਰਹੇ ਅਫਾਰੀ । ਸ੍ਰਿਸ਼ਟ ਸਬਾਈ ਕੂੜੋ ਕੂੜ, ਜਾਣਾ ਪੈਣਾ ਆਪਣੀ ਵਾਰੀ । ਗੁਰਸਿਖ ਸਾਚੇ ਪ੍ਰਭ ਰੰਗ ਚੜ੍ਹਾਏ ਮਜੀਠੀ ਗੂੜ੍ਹ, ਨਾ ਕੋਈ ਰੰਗੇ ਰੰਗ ਲਲਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਆਪਣੀ ਕਾਰੀ । ਦੂਜਾ ਦੋਐਂ ਆਪ ਉਠਾਏ । ਸੋਹੰ ਜਾਪ ਜਪਾਏ । ਓਅੰ ਸੋਹੰ ਇਕ ਹੋ ਜਾਏ । ਸੋ ਪੁਰਖ ਨਿਰੰਜਣ ਰਘੁਰਾਏ । ਸੋਹੰ ਜੀਵ ਜਗੇ ਦੀਵ, ਆਤਮ ਸਾਚੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਗੁਣ ਨਾ ਜਾਣੇ ਕੋਇ । ਦੂਜਾ ਹਾਰ ਦੂਜਾ ਘਰ । ਜਿਥੇ ਚੁੱਕੇ ਜਮ ਕਾ ਡਰ । ਅੱਗੇ ਲੱਭੇ ਸਾਚਾ ਦਰ । ਪ੍ਰਭ ਅਬਿਨਾਸ਼ੀ ਕਿਰਪਾ ਦੇਵੇ ਕਰ । ਜੋ ਜਨ ਮੰਗੇ ਸਾਚਾ ਵਰ । ਆਤਮ ਭੰਡਾਰੇ ਦੇਵੇ ਭਰ । ਅੰਮ੍ਰਿਤ ਬੂੰਦ ਪਿਆਵੇ, ਅੰਮ੍ਰਿਤ ਤੀਰਥ ਆਤਮ ਸਾਚੇ ਸਰ । ਮੁਨ ਸੁਨ ਹਰਿ ਆਪ ਤੁੜਾਏ ਜੋਤੀ ਦੀਪਕ ਦੇਵੇ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਕਿਰਪਾ ਕਰ । ਕਿਰਪਾ ਕਰੇ ਕਿਰਪਾਨਿਧ । ਗੁਰਸਿਖਾਂ ਕਾਰਜ ਕੀਨੇ ਸਿੱਧ । ਆਪ ਮਿਲਾਏ ਕਰ ਕਰ ਬਿਧ । ਸ਼ਬਦ ਤੀਰ ਚਲਾਏ ਆਤਮ ਜਾਏ ਵਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਹਰਿ ਝੋਲੀ ਪਾਏ, ਸਚ ਘਰ ਉਪਜਾਏ ਨੌਂ ਨਿਧ ।

੨੮੩ ੦੩

ਦੂਜਾ ਹਾਰ ਦੁੱਖ ਮਿਟਾਵਣਾ । ਪ੍ਰਭ ਅਬਿਨਾਸ਼ੀ ਆਪਣੇ ਗਲ ਵਿਚ ਪਾਵਣਾ । ਧਾਰੇ ਭੇਖ ਜਿਉਂ ਬਲ ਬਾਵਨਾ । ਕਲਜੁਗ ਲੈਣਾ ਵੇਖ ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣਾ । ਆਪ ਲਿਖਾਏ ਸਾਚੇ ਲੇਖ, ਗੁਰਮੁਖਾਂ ਹੋਏ ਆਪੇ ਜਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਵਾਰ ਬੰਕ ਸੁਹਾਏ ਜਿਸ ਥਾਂਏ ਚਰਨ ਛੁਹਾਣਾ । ਤੀਨ ਲੋਕ ਤਤ ਕਾਲ । ਗੁਰਮੁਖ ਸਾਚੇ ਸੁਰਤ ਸੰਭਾਲ । ਪ੍ਰਭ ਅਬਿਨਾਸ਼ੀ ਆਤਮ ਦੇਵੇ ਅਨਮੁਲੜਾ ਲਾਲ । ਆਪੇ ਕੱਟੇ ਕਲਜੁਗ ਜਗਤ ਜੰਜਾਲ । ਸਾਚੀ ਵਸਤ ਹਰਿ ਸਾਚਾ ਦੇਵੇ, ਨਿਭੇ ਤੇਰੇ ਨਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਤੀਜਾ ਹਾਰ ਹੱਥ ਉਠਾਇਆ । ਗੁਰ ਸੰਗਤ ਹਰਿ ਵਰ ਘਰ ਸਾਚਾ ਪਾਇਆ । ਆਤਮ ਦਰ ਦੇ ਖੁਲ੍ਹਾਇਆ । ਆਪਣੀ ਕਿਰਪਾ ਕਰ, ਸਵੱਛ ਸਰੂਪੀ ਦਰਸ ਦਿਖਾਇਆ । ਨਾ ਜਨਮੇ ਨਾ ਜਾਏ ਮਰੇ, ਏਕਾ ਏਕ ਆਦਿ ਅੰਤ ਇਕ ਰਘੁਰਾਇਆ । ਗੁਰਮੁਖ ਸਾਚੇ ਤੇਰੇ ਆਤਮ ਦਰ, ਪ੍ਰਭ ਅਬਿਨਾਸ਼ੀ ਡੇਰਾ ਲਾਇਆ । ਕਲਜੁਗ ਜੀਵ ਭੁੱਲਾ ਸਾਚਾ ਘਰ, ਘਰ ਘਰ ਦਰ ਦਰ ਕਿਉਂ ਫਿਰੇ ਹਲਕਾਇਆ । ਜੋਤ ਸਰੂਪੀ ਵਿਚ ਵਸੇ ਹਰਿ, ਪਾਪੀ ਗੰਦੇ ਭਾਗਾਂ ਮੰਦੇ ਆਤਮ ਅੰਧੇ ਨਾ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰ ਨਰਾਇਣ ਸੁਖ ਆਸਣ ਡੇਰਾ ਲਾਇਆ । ਸੁਖ ਆਸਣ ਡੇਰਾ ਹਰਿ ਜੀ ਲਾਏ । ਕਰ ਕਿਰਪਾ ਹਰਿ ਦਇਆ ਕਮਾਏ । ਜਨ ਭਗਤਾਂ ਆਪਣਾ ਭੇਵ ਆਪ ਖੁਲ੍ਹਾਏ । ਜੀਵਾਂ ਜੰਤਾਂ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਜਨਮ ਦਵਾਏ । ਸਤਿਜੁਗ ਸਾਚੇ ਜਨਮ ਦਵਾਇਆ । ਪਹਿਰੇਦਾਰ ਆਪ ਹੋ ਆਇਆ । ਵੇਲਾ ਵਕਤ ਆਣ ਸੁਹਾਇਆ । ਭਗਵਾਨ ਭਗਤ ਮੇਲ ਮਿਲਾਇਆ । ਜੁਗਤ ਜਗਤ ਕਰਦਾ ਆਇਆ । ਸਾਚੀ ਸ਼ਕਤ ਜਨ ਭਗਤ ਆਪਣੇ ਅੰਗ ਸੰਗ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਕਤ ਜੁਗਤ ਸਵਾਰੇ ਭੁਗਤ, ਸੋਹੰ ਸਾਚਾ ਨਾਮ ਦਵਾਇਆ । ਨਾਮ ਜਪਾਏ ਜਗਤ ਗੁਰਦੇਵਾ । ਮਾਣ ਚੁਕਾਏ ਸਰਬ ਦੇਵੀ ਦੇਵਾ । ਸ੍ਰਿਸ਼ਟ ਸਬਾਈ ਲਗਾਏ ਏਕਾ ਸੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਾਰ ਕੁੰਟ ਜਪਾਏ ਰਸਨਾ ਜਿਹਵਾ । ਤੀਜੀ ਧਾਰ ਜਗਤ ਖਵਾਰ । ਈਸਾ ਮੂਸਾ ਹੋਇਣ ਪਾਰ । ਕਾਲਾ ਸੂਸਾ ਤਨ ਪਹਿਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਲ ਆਪਣੇ ਪਹਿਨੇ ਤੀਜਾ ਹਾਰ । ਤੀਜਾ ਹਾਰ ਤੀਰਥ ਯਾਤਰਾ । ਪ੍ਰਭ ਚਰਨ ਗੂੜ੍ਹੀ ਗਾਤਰਾ । ਨਾ ਕੋਈ ਜਾਣੇ ਭੇਵ ਵੇਦ ਸ਼ਾਸਤਰਾਂ । ਕਲਜੁਗ ਮਿਟੇ ਅੰਧੇਰੀ ਰੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤਨ ਪਹਿਨਾਏ ਸਾਚਾ ਗਾਤਰਾ । ਸਾਚਾ ਸ਼ਬਦ ਤਨ ਪਹਿਨਾਏ । ਸਚ ਜਗਦੀਸ਼ ਸਿਰ ਛਤਰ ਝੁਲਾਏ । ਸ੍ਰਿਸ਼ਟ ਸਬਾਈ ਏਕਾ ਏਕ ਪੜ੍ਹਾਏ ਸ਼ਬਦ ਹਦੀਸ, ਕੁਰਾਨ ਅੰਜੀਲ ਕੋਈ ਰਹਿਣ ਨਾ ਪਾਏ । ਨਾ ਕੋਈ ਦਿਸੇ ਮਸੀਤ, ਰੋਜ਼ਾ ਬਾਂਗ ਨਾ ਕੋਈ ਸੁਣਾਏ । ਆਪੇ ਪਰਖੇ ਸਰਬ ਨੀਤ, ਅੰਤਮ ਅੰਤ ਦੇ ਮਿਟਾਏ । ਮਾਤ ਚੜ੍ਹੀ ਸਦੀ ਬੀਸ, ਭਾਣਾ ਆਪਣਾ ਹਰਿ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥਾ ਹਾਰ ਆਪਣੇ ਦਸਤ ਉਠਾਏ । ਚੌਥਾ ਹਾਰ ਚਾਰੇ ਕੂਟ । ਸ਼ਬਦ ਸਰੂਪੀ ਹਰਿ ਰਿਹਾ ਝੂਟ । ਗੁਰਮੁਖ ਸਾਚੇ ਸਾਚਾ ਲਾਹਾ ਲੈਣ ਲੂਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਦਰ ਦੁਰਕਾਰੇ, ਸਚ ਦਰਬਾਰੇ ਬਾਹਰ ਕੱਢੇ ਕੂਟ । ਚਾਰ ਕੁੰਟ ਚਾਰੇ ਜੁਗ । ਪ੍ਰਭ ਭਾਗ ਲਗਾਏ ਵਿਚ ਪਿੰਡ ਬੁਘ । ਸ੍ਰਿਸ਼ਟ ਸਬਾਈ ਹੋਏ ਉਘ । ਗੁਰਮੁਖ ਵਿਰਲੇ ਵਿਚ ਮਾਤ ਰਹਿ ਜਾਣ ਇਕ ਮੁੱਠ ਇਕ ਰੁੱਗ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਪਕੜ ਪਛਾੜੇ ਫੜ ਚੁਗ ਚੁਗ । ਚਾਰ ਕੁੰਟ ਚਾਰ ਦੀਵਾਰੀ । ਕਿਲ੍ਹਾ ਕੋਟ ਹਰਿ ਰਿਹਾ ਉਸਾਰੀ । ਸ਼ਬਦ ਸਰੂਪੀ ਪਹਿਰੇਦਾਰੀ । ਸ੍ਰਿਸ਼ਟ ਸਬਾਈ ਹੋਏ ਹੰਕਾਰੀ । ਫੜ ਫੜ ਉਠਾਵੇ ਰਲਾਵੇ ਮਾਰੇ ਸ਼ੁਬਦ ਫੁਕਾਰੀ । ਗੁਰਮੁਖ ਸਾਚੇ ਚਰਨ ਲਗਾਵੇ ਖਿਚ ਲਿਆਵੇ ਚਰਨ ਦਵਾਰੀ । ਬੇਮੁਖ ਦਰ ਹਰਿ ਆਪ ਦੁਰਕਾਵੇ ਪਾਸਾ ਦਿਸੇ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਾਚਾ ਕੰਤ, ਜਿਸ ਬਣਾਈ ਬਣਤ ਸ੍ਰਿਸ਼ਟ ਸਬਾਈ ਸਚ ਸੁਹਾਗਣ ਨਾਰੀ । ਚੌਥਾ ਹਾਰ ਚਾਰੇ ਵੇਦ । ਪ੍ਰਭ ਅਬਿਨਾਸ਼ੀ ਸਦਾ ਅਭੇਦ । ਆਪੇ ਕਰੇ ਵਿਚ ਮਾਤ ਅਛੱਲ ਅਛੇਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰੇ, ਨਾ ਕਿਸੇ ਲੱਭੇ ਵਿਚ ਕਤੇਬ । ਵੇਦ ਕਤੇਬਾਂ ਵਸੇ ਬਾਹਰ । ਕਦੇ ਗੁਪਤ ਕਦੇ ਜ਼ਾਹਿਰ । ਸਤਿਜੁਗ ਤੇਬਾ ਬਣਿਆ ਸਾਚਾ ਸ਼ਾਇਰ । ਸੋਹੰ ਸ਼ਬਦ ਚਲਾਏ ਸਾਚੀ ਲਹਿਰ । ਸ੍ਰਿਸ਼ਟ ਵਰਤੇ ਕਹਿਰ । ਪੰਚਮ ਜੇਠ ਲੱਗੇ ਇਕ ਦੁਪਹਿਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਵਰਤਾਏ, ਆਪਣੇ ਭਾਣੇ ਵਿਚ ਸਮਾਏ ਇਕ ਲਗਾਏ ਸਵਾ ਪਹਿਰ । ਸਵਾ ਪਹਿਰ ਸ਼ਬਦ ਭਬੂਤੀ । ਸੋਹੰ ਸ਼ਬਦ ਸਾਚਾ ਦੂਤੀ । ਸ੍ਰਿਸ਼ਟ ਸਬਾਈ ਜਿਉਂ ਕੱਚੇ ਸੂਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਕਟਾਏ ਕਲਜੁਗ ਜੀਆਂ ਫਸਲ ਕੁਰੂਤੀ । ਚੌਥੇ ਹਾਰ ਚੌਥੇ ਘਰ । ਗੁਰਮੁਖ ਵਿਰਲਾ ਅੰਦਰ ਵੇਖੇ ਵੜ । ਬੇਮੁਖਾਂ ਦਰ ਸਾਚੇ ਆਵੇ ਡਰ । ਬਾਹਰ ਭੱਜੇ ਫਿਰਨ ਨਾਰੀ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਉਪਜੇ ਰਾਗ, ਧੋਏ ਦਾਗ, ਪਕੜੇ ਵਾਗ ਕਲ ਜਾਓ ਤਰ । ਚੌਥਾ ਹਾਰ ਜਗਤ ਗੁਰ ਦਾਤਾ । ਗੁਰਸਿਖਾਂ ਦੇਵੇ ਦਾਤ ਆਪ ਬਣਾਏ ਬ੍ਰਹਮ ਗਿਆਤਾ । ਚਰਨੀ ਜੋੜੇ ਸਾਚਾ ਨਾਤਾ । ਕਿਰਪਾ ਕਰੇ ਪੁਰਖ ਬਿਧਾਤਾ । ਆਪੇ ਬਣੇ ਪਿਤ ਮਾਤਾ । ਪਿਤਾ ਪੂਤ ਮੇਲ ਮਿਲਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ । ਏਕਾ ਦਾਤ ਜਗਤ ਭਿਖਾਰ । ਮੰਗਣ ਖੜੇ ਕੋਟ ਦਵਾਰ । ਗੁਰਮੁਖ ਸਾਚਾ ਅੱਗੇ ਧਰੇ, ਪ੍ਰਭ ਹੱਥ ਆਪਣੇ ਪਕੜੇ ਹਾਰ । ਸਾਧ ਸੰਗਤ ਤੇਰੇ ਕਾਰਜ ਸਰੇ, ਪ੍ਰਭ ਆਪਣੇ ਗਲੇ ਲਏ ਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਚੌਥਾ ਜੁਗ ਆਪ ਕਰਾਏ ਆਰ ਪਾਰ । ਚੌਥਾ ਜੁਗ ਆਪ ਮੁਕਾਇਆ । ਆਪੇ ਬਣੇ ਦਾਈ ਦਾਇਆ । ਸਤਿਜੁਗ ਸਾਚਾ ਮਾਤ ਉਪਜਾਇਆ । ਸਚ ਸੁੱਚ ਦਾ ਰਾਹ ਚਲਾਇਆ । ਪੰਚਮ ਹਾਰ ਪ੍ਰਭ ਹੱਥ ਫੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਸਿਕਦਾਰ ਆਪ ਅਖਵਾਇਆ । ਪੰਚਮ ਹਾਰ ਪੰਚਮ ਕਟਾਰ । ਪੰਚਾਂ ਦੂਤਾਂ ਦੇਵੇ ਮਾਰ । ਤਨ ਕਾਇਆ ਵਿਚੋਂ ਕੱਢੇ ਬਾਹਰ । ਨੇੜ ਨਾ ਆਏ ਕਾਮ ਕਰੋਧ ਲੋਭ ਮੋਹ ਹੰਕਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰੇ ਅਪਰ ਅਪਾਰ । ਸਤਿਜੁਗ ਤੇਰਾ ਵਰਤੇ ਸਚ ਵਰਤਾਰ । ਪ੍ਰਭ ਅਬਿਨਾਸ਼ੀ ਆਪਣੇ ਸਿਰ ਰੱਖੇ ਦਸਤਾਰ । ਪੰਚਮ ਜੇਠ ਕੀਆ ਵਿਹਾਰ । ਸ੍ਰਿਸ਼ਟ ਦੱਬੀ ਪਾਪਾਂ ਭਾਰ । ਦਰ ਸਾਚੇ ਕਰੇ ਪੁਕਾਰ । ਜੋਤ ਧਰੇ ਆਪ ਨਿਰੰਕਾਰ । ਕਰੇ ਖੇਲ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ । ਜਾਮਾ ਧਾਰੇ ਹਰਿ ਬਲਵੰਤਾ । ਆਪ ਉਠਾਏ ਸਾਚੇ ਸੰਤਾ । ਸਾਚਾ ਸ਼ਬਦ ਕੰਨ ਸੁਣੰਤਾ । ਅਨਹਦ ਧੁਨ ਹਰਿ ਮਰਦੰਗ ਵਜੰਤਾ । ਹਰਿ ਪਰਦੇ ਦੇਵੇ ਖੋਲ੍ਹ ਦਰਸ ਦਿਖੰਤਾ । ਗੁਰਸਿਖਾਂ ਸੰਗ ਕਰੇ ਚੋਹਲ, ਨਿਜ ਘਰ ਵਖੰਤਾ । ਬੇਮੁਖਾਂ ਕੱਢੇ ਪੋਲ, ਦਰ ਦਰ ਫਿਰੰਤਾ । ਸਾਚਾ ਸ਼ਬਦ ਸੁਣਾਵੇ ਵਜਾਵੇ ਵਿਚ ਮਾਤ ਸਾਚਾ ਢੋਲ, ਨਾ ਕੋਈ ਉਹਲਾ ਭੇਵ ਰਖੰਤਾ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਗੁਣ ਨਿਧਾਨ ਚਤੁਰ ਸੁਜਾਣ ਆਵਣ ਜਾਵਣ ਗੁਰਸਿਖਾਂ ਗੇੜ ਕਟੰਤਾ । ਸਤਿਜੁਗ ਤੇਰਾ ਜਨਮ ਦਵਾਇਆ । ਪਹਿਲੀ ਮਾਘ ਲੇਖ ਲਿਖਾਇਆ । ਪ੍ਰਭ ਅਬਿਨਾਸ਼ੀ ਸਾਚੀ ਭਾਖੀ, ਕਲਜੁਗ ਝੂਠਾ ਭੇਖ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਕਰੇ ਕਰਾਏ, ਜੋ ਮਨ ਭਾਇਆ । ਸਤਿਜੁਗ ਤੇਰਾ ਸਤਿ ਦਵਾਰਾ । ਸੋਹੰ ਭਰੇ ਹਰਿ ਭੰਡਾਰਾ । ਆਪੇ ਬਣੇ ਜਗਤ ਵਰਤਾਰਾ । ਗੁਰਮੁਖ ਵਿਰਲਾ ਕਰੇ ਵਣਜ ਵਪਾਰਾ । ਜੋ ਜਨ ਆਏ ਚਰਨ ਦਵਾਰਾ । ਦਰ ਘਰ ਸਾਚੇ ਟੁੱਟੇ ਮਾਣ ਹੰਕਾਰਾ । ਮਾਨਸ ਜਨਮ ਨਾ ਚੋਗ ਨਿਖੁੱਟੇ, ਹਰਿ ਪਾਇਆ ਸਚ ਭਤਾਰਾ । ਕਲਜੁਗ ਪੀਂਘ ਨਾ ਅੱਧ ਵਿਚ ਟੁੱਟੇ, ਪ੍ਰਭ ਦੇਵੇ ਸ਼ਬਦ ਹੁਲਾਰਾ । ਬੇਮੁੱਖਾਂ ਜੜ੍ਹ ਆਪੇ ਪੁੱਟੇ, ਜਿਉਂ ਗੰਨਾ ਇਕ ਹੁਲਾਰਾ । ਸਾਚਾ ਲਾਹਾ ਗੁਰਮੁਖ ਸਾਚਾ ਪ੍ਰਭ ਦਰ ਲੁੱਟੇ, ਪ੍ਰਭ ਲਾਏ ਪਾਰ ਕਿਨਾਰਾ । ਪੀ ਅੰਮ੍ਰਿਤ ਏਕਾ ਘੁੱਟੇ, ਮਾਨਸ ਜਨਮ ਨਾ ਹੋਏ ਦੂਜੀ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੇ ਧਾਮ ਬਹਾਏ ਆਪਣੇ ਚਰਨ ਦਵਾਰਾ । ਚਰਨ ਦਵਾਰਾ ਸੱਚਾ ਘਰ ਬਾਹਰਾ । ਵਸੇ ਨਿਰੰਕਾਰਾ ਜੋਤ ਪਸਾਰਾ ਦੀਪ ਉਜਿਆਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜੋਤ ਸਰੂਪ ਵਸੇ ਨਿਰੰਕਾਰਾ । ਨਿਰੰਕਾਰ ਸਚ ਘਰ ਵਾਸ । ਪ੍ਰਭ ਅਬਿਨਾਸ਼ੀ ਪੁਰਖ ਅਬਿਨਾਸ਼ । ਜਨ ਭਗਤਾਂ ਹੋਏ ਦਾਸਨ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸ । ਮਾਨਸ ਜਨਮ ਰਾਸ ਕਰਾਵਣਾ । ਸੋਹੰ ਸ਼ਬਦ ਸਵਾਸ ਸਵਾਸ ਜਪਾਵਣਾ । ਗੁਰਮੁਖ ਸਾਚਾ ਬਿਰਖ ਵਿਚ ਕਲਜੁਗ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਮਾਣ ਦਵਾਵਣਾ । ਪੰਚਮ ਹਾਰ ਗੁਰ ਦਰ ਪ੍ਰਵਾਨ । ਪਾਵੇ ਸਾਰ ਹਰਿ ਭਗਵਾਨ । ਸ਼ਬਦ ਧਾਰ ਹਰਿ ਏਕਾ ਦੇਵੇ, ਦੂਈ ਦਵੈਤ ਸਰਬ ਮਿਟ ਜਾਣ । ਸੋਹੰ ਸ਼ਬਦ ਫੱਲ ਸਾਚਾ ਮੇਵੇ, ਗੁਰਮੁਖ ਵਿਰਲੇ ਖਾਣ । ਪੁਰਖ ਸੁਜਾਣ ਕਰ ਕਿਰਪਾ ਜਿਸ ਜਨ ਦੇਵੇ, ਸੋ ਜਨ ਹੋਏ ਚਤੁਰ ਸੁਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਇਕ ਕਰਾਏ ਰੰਕ ਰਾਜਾਨ । ਰੰਕ ਰਾਜਾਨ ਇਕ ਦਵਾਰੇ । ਊਚ ਨੀਚ ਪ੍ਰਭ ਭਰਮ ਨਿਵਾਰੇ । ਸਤਿਜੁਗ ਸਾਚੀ ਇਕ ਬਹਾਰੇ । ਸ੍ਰਿਸ਼ਟ ਸਬਾਈ ਏਕਾ ਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਇਕ ਦਵਾਰੇ । ਸਚ ਦਵਾਰਾ ਇਕ ਖੁਲ੍ਹਾਉਣਾ । ਸਤਿਜੁਗ ਸਾਚਾ ਰਾਹ ਚਲਾਉਣਾ । ਵੇਦ ਪੁਰਾਨ ਕੋਈ ਰਹਿਣ ਨਾ ਪਾਉਣਾ । ਖਾਣੀ ਬਾਣੀ ਮੇਟ ਮਿਟਾਉਣਾ । ਗਗਨ ਪਤਾਲੀ ਜੀਵਾਂ ਜੰਤਾਂ ਵਿਚ ਆਪ ਸਮਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਕਰਮ ਕਮਾਉਣਾ । ਸਤਿਜੁਗ ਸਾਚਾ ਸਚ ਵਰਤੰਤ । ਏਕਾ ਮਾਰਗ ਸਰਬ ਜੀਵ ਜੰਤ । ਮੇਲ ਮਿਲਾਏ ਫੜ ਫੜ ਉਠਾਏ ਸਰਨ ਲਿਆਏ ਸਾਚੇ ਸੰਤ । ਸ਼ਬਦ ਜਣਾਏ ਤਨਕ ਲਗਾਏ, ਮਨ ਕਾ ਮਣਕ ਫਿਰਾਏ ਕਲਜੁਗ ਵੇਲੇ ਅੰਤ । ਜਮਨ ਕਿਨਾਰੇ ਡੇਰਾ ਲਾਏ । ਹੇਰਾ ਫੇਰਾ ਸਰਬ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਜਗਾਏ । ਜਮਨ ਕਿਨਾਰੇ ਚਰਨ ਧਰ । ਅਚਰਜ਼ ਖੇਲ ਜਾਏ ਕਰ । ਵਾਲੀ ਹਿੰਦ ਆਏ ਦਰ । ਰਾਜਾ ਰਾਣਾ ਸਰਨੀ ਜਾਏ ਪੜ੍ਹ । ਪ੍ਰਗਟ ਹੋਏ ਦਰਸ ਦਿਖਾਏ, ਕਲਗੀ ਧਰ ਅੱਗੇ ਖੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਲੰਘਾਏ ਜਿਨ੍ਹਾਂ ਫੜਿਆ ਤੇਰਾ ਲੜ । ਪੰਚਮ ਹਾਰ ਪ੍ਰਭ ਮੇਟੇ ਪ੍ਰਪੰਚ । ਗੁਰਮੁਖਾਂ ਕਾਇਆ ਆਤਮ ਦੇਵੇ ਸਿੰਚ । ਜੋਤੀ ਜੋਤ ਸਰੂਪ ਹਰਿ, ਸਾਚਾ ਨਾਮ ਵਣਜ ਕਰਾਏ ਨਾ ਕੋਈ ਵਿਹਾਜੇ ਕੰਚ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਮਾਣ ਦਵਾਏ, ਸਾਚੀ ਸ਼ਰਅ ਸ਼ਰਾਇਤ ਬਣਾਏ

੨੮੭
੦੩

ਦੇਵੇ ਵਡਿਆਈ ਪੰਚ । ਪੰਚਮ ਪੰਚਮ ਮਿਲੇ ਵਡਿਆਈ । ਪ੍ਰਭ ਸਾਚੇ ਤੇਰੀ ਸਚ ਸਰਨਾਈ । ਸਤਿਜੁਗ ਵਰਤੇ ਹਰਿ ਹਰਿ ਹਰਿ ਗੁਣ ਰਸਨਾ ਗਾਈ । ਕਾਦਰ ਕਰਤੇ ਉਪਰ ਧਰਤੇ ਇਹ ਖੇਲ ਰਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਹਾਰ ਆਪਣੇ ਤਨ ਲਗਾਈ । ਪੰਚਮ ਹਾਰ ਤਨ ਲਗਾਇਆ । ਗੁਰ ਸੰਗਤ ਦਰ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਸਾਚੇ ਭਾਇਆ । ਤੇਰਾਂ ਮੱਘਰ ਦਇਆ ਕਮਾਇਆ । ਸਾਚਾ ਜੋੜ ਆਪ ਜੁੜਾਇਆ । ਨਾ ਸਕੇ ਕੋਈ ਤੋੜ ਨਾ ਛੋੜ ਛੁੜਾਇਆ । ਪ੍ਰਭ ਸਾਚੇ ਦੀ ਸਾਚੀ ਲੋੜ, ਵੇਲੇ ਅੰਤ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਵਿਚ ਸਦ ਸਮਾਇਆ । ਪੰਚਮ ਹਾਰ ਹੱਟ ਹਟਾਨੀ । ਨਾ ਕੋਈ ਪਾਵੇ ਸਾਰ, ਜੀਵ ਪਰਾਨੀ । ਜੋਤ ਸਰੂਪੀ ਜੋਤ ਹਰਿ, ਪ੍ਰਗਟ ਹੋਇਆ ਸ੍ਰਿਸ਼ਟ ਸਬਾਈ ਬਾਨੀ । ਮਾਤ ਜੋਤ ਲਈ ਧਰ, ਗੁਰਸਿਖ ਨਾ ਦੇਵੇ ਕੋਇ ਕੁਰਬਾਨੀ । ਸਾਚਾ ਰਾਹ ਦਿਸਾਏ ਚਰਨ ਤੀਰਥ ਸਰ ਕਰਾਏ ਧੁਰ ਸਚ ਇਸ਼ਨਾਨੀ । ਸਚ ਸੁੱਚ ਨਾ ਦਿਸੇ ਕਿਸੇ ਘਰ, ਪੜ੍ਹ ਪੜ੍ਹ ਥੁਕੇ ਵਡ ਵਡ ਗਿਆਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸ੍ਰਿਸ਼ਟ ਆਪੇ ਆਪ ਜੋਤ ਸਰੂਪੀ ਬ੍ਰਹਮ ਗਿਆਨੀ । ਬ੍ਰਹਮ ਗਿਆਨ ਜੀਵ ਪਛਾਣ । ਕਰ ਗੁਰ ਚਰਨ ਧਿਆਨ । ਦਰਸ ਦੇਵੇ ਤੇਰੇ ਘਰ ਸਾਚੇ ਆਣ । ਦਿਵਸ ਰੈਣ ਆਪ ਬਿਠਾਏ ਉਡਾਏ ਸ਼ਬਦ ਬਿਬਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸ਼ਬਦ ਉਡਾਰੀ ਜਾਣਾ ਉਡ । ਪ੍ਰਭ ਅਬਿਨਾਸ਼ੀ ਵਸੇ ਤੇਰੀ ਕਾਇਆ ਅੰਧੇਰੀ ਖੁਡ । ਦਿਵਸ ਰੈਣ ਰੈਣ ਦਿਵਸ ਸਦ ਸਦ ਰਹਿੰਦਾ ਤੇਰੇ ਮੁੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਰਬ ਟੇਕ, ਕਰੇ ਬੁੱਧ ਬਬੇਕ, ਸਿਮਰਨ ਜਗਤ ਅਨੇਕ, ਗੁਰਸਿਖ ਸਾਚੇ ਕੋਇ ਨਾ ਦੀਸੇ ਜੇਵਡ ਤੁਧ । ਹਰਿ ਸਾਚਾ ਸਚ ਵਿਹਾਰਾ । ਹਰਿ ਸਾਚਾ ਸਾਚੀ ਧਾਰਾ । ਹਰਿ ਸਾਚਾ ਸਚ ਕਰਾਏ ਵਣਜ ਵਪਾਰਾ । ਹਰਿ ਸਾਚਾ ਜਨ ਭਗਤਾਂ ਦੇਵੇ ਨਾਮ ਪਿਆਰਾ । ਹਰਿ ਸਾਚਾ ਕਰਮ ਧਰਮ ਰਿਹਾ ਵਿਚਾਰਾ । ਹਰਿ ਸਾਚਾ ਦਰਗਹਿ ਸਾਚੀ ਵਸੇ ਧਾਮ ਨਿਆਰਾ । ਹਰਿ ਸਾਚਾ ਆਪੇ ਵੇਖੇ ਵਿਗਸੇ ਕਰੇ ਵਿਚਾਰਾ । ਹਰਿ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਲਏ ਅਵਤਾਰਾ । ਹਰਿ ਸਾਚਾ ਮਾਤ ਜੋਤ ਪ੍ਰਗਟਾਇੰਦਾ । ਉਨੀਂ ਸੌ ਅਠਤਾਲੀ ਬਿਕ੍ਰਮੀ ਲੇਖ ਲਿਖਾਇੰਦਾ । ਮੰਗਲਵਾਰ ਪੰਚਮ ਜੇਠ ਦੀਪਕ ਜੋਤ ਆਪ ਜਗਾਇੰਦਾ । ਕਲਜੁਗ ਜੀਵ ਕੌੜੇ ਰੀਠ, ਸ਼ਬਦ ਹਥੌੜਾ ਹੱਥ ਉਠਾਇੰਦਾ । ਆਪ ਪਛਾੜੇ ਵਡ ਵਡ ਸੇਠ, ਵੇਲਾ ਨੇੜੇ ਆਪ ਲਿਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵਿਚ ਜਾਮਾ ਪਾਇੰਦਾ । ਪੁਰੀ ਘਨਕ ਹਰਿ ਜਾਮਾ ਪਾਈ । ਉਨੀਂ ਸੌ ਸਦੀ ਅਠਤਾਲੀ ਬਿਕ੍ਰਮੀ ਭਾਗ ਲਗਾਈ । ਮਾਤਾ ਪਿਤਾ ਮਿਲੀ ਵਧਾਈ । ਨਰ ਨਰਾਇਣ ਵਿਚ ਮਾਤ ਜੋਤ ਧਰਾਈ । ਨਾ ਕੋਈ ਕਹਿਣ ਨਾ ਕੋਈ ਜਾਣੇ ਮਾਤ ਪਿਤਾ ਭੈਣ ਭਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਰਚਾਈ । ਜਾਮਾ ਧਾਰ ਲਿਆ ਅਵਤਾਰਾ । ਮਾਤ ਪਿਤਾ ਨਾ ਪਾਵੇ ਸਾਰਾ । ਸਾਚਾ ਹਿੱਤਾ ਸੁੱਤ ਦੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪ ਖੁਲ੍ਹਾਰਾ । ਅਚਰਜ਼ ਵਰਤੇ ਕੀ ਕਾਰ । ਬਾਲ ਅਵਸਥਾ ਖੇਲ ਅਪਾਰ । ਨਾ ਕੋਈ ਜਾਣੇ ਨਾ ਕੋਈ ਪਛਾਣੇ ਕੀ ਵਰਤੇ ਵਰਤਾਰ । ਏਕਾ ਜਾਨਣ ਬਾਲ ਅੰਞਾਣਾ, ਜਿਸ ਸੰਗ ਕੀਆ ਸਰਬ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਸਚ ਆਪਣੇ ਦੁਲਾਰ । ਬਾਲ ਅਵਸਥਾ ਬਾਲ ਅੰਞਾਣਾ । ਨਾ ਕੋਈ ਕਰੇ ਹਰਿ ਪਛਾਣਾ । ਪ੍ਰਭ ਅਬਿਨਾਸ਼ੀ ਪਹਿਰਿਆ ਬਾਣਾ । ਕਲਜੁਗ

੨੮੮
੦੩

ਅੰਤਮ ਜਿਸ ਮੁਕਾਣਾ । ਸਤਿਜੁਗ ਸਾਚਾ ਮਾਰਗ ਲਾਣਾ । ਸਾਰਿੰਗ ਧਰ ਭਗਵਾਨ ਬੀਠਲਾ ਆਪ ਅਖਵਾਣਾ । ਕਲਜੁਗ ਜੀਵ ਕੌੜ ਰੀਠਲਾ ਭੰਨ ਵਖਾਣਾ । ਏਕਾ ਰੰਗ ਮਜੀਠਲਾ ਗੁਰਸਿਖਾਂ ਆਪ ਚੜ੍ਹਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਵਰਤਾਏ ਆਪਣਾ ਭਾਣਾ । ਬਾਲ ਅਵਸਥਾ ਬਾਲੀ ਬੁੱਧ । ਕੋਇ ਨਾ ਜਾਣੇ ਹਰਿ ਕੀ ਸੁੱਧ । ਆਪ ਬਣਾਏ ਆਪਣੀ ਬਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕਰੇ ਘਰ ਮਾਪਿਆਂ ਰੋ ਰੋ ਜਿਦ । ਰੋਵੇ ਰੋ ਰੋ ਪੁਕਾਰੇ । ਸੰਤ ਜਨਾਂ ਨੂੰ ਵਾਜਾਂ ਮਾਰੇ । ਆਓ ਚਲ ਸਚ ਦਵਾਰੇ । ਪ੍ਰਭ ਅਬਿਨਾਸ਼ੀ ਜਾਮਾ ਧਾਰੇ । ਕਿਉਂ ਸੁੱਤੇ ਪੈਰ ਪਸਾਰੇ । ਕਲਜੁਗ ਹੋਈ ਰੈਣ ਅੰਧਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵਸੇ ਧਾਮ ਨਿਆਰੇ । ਰੋਣਾ ਕੁਰਲਾਵਣਾ ਸੰਤ ਜਨਾਂ ਨੂੰ ਆਪ ਜਗਾਵਣਾ । ਮਾਤਾ ਤਾਬੋ ਲੋਰੀਆਂ ਦੇ ਚੁਪ ਕਰਾਵਣਾ । ਜਵੰਦ ਸਿੰਘ ਦੇ ਹੱਥ ਫੜਾਵਣਾ । ਪਿਤ ਪੂਤ ਭੇਵ ਨਾ ਪਾਵਣਾ । ਦੇ ਬਾਜੀਆਂ ਬਾਲ ਵਰਚਾਵਣਾ । ਜਨ ਭਗਤਾਂ ਪ੍ਰਭ ਸਾਚੇ ਊਂ ਊਂ ਸੋਹੰ ਸਾਚਾ ਗੀਤ ਸੁਨਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਸੰਤਾਂ ਪਕੜ ਗਲੇ ਲਗਾਵਣਾ । ਮਾਤਾ ਤਾਬੋ ਗਲ ਲਗਾਏ । ਲੋਰੀਆਂ ਦੇ ਪੂਤ ਸਮਝਾਏ । ਨਾ ਰੋ ਮੇਰੀ ਕੁੱਖ ਦੇ ਜਾਏ । ਪ੍ਰਭ ਅਬਿਨਾਸ਼ੀ ਮੁਖ ਭਵਾਏ । ਸੰਤਾਂ ਵਲ ਨਿਗਾਹ ਰਖਾਏ । ਆਓ ਸੰਤੋ ਮਿਲੋ ਹਰਿ ਗਲ ਲਗਾਏ । ਝੂਠੀ ਮਾਇਆ ਪਈ ਕੁਰਲਾਏ । ਗੁਰਸਿਖ ਸਾਚੇ ਪੂਤ ਪਿਤਾ ਆਪ ਬਣ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੇਵ ਕੋਈ ਨਾ ਪਾਏ । ਬਾਲ ਅਵਸਥਾ ਨਿੱਕਾ ਬਾਲਾ । ਕਿਆ ਕੋਈ ਜਾਣੇ ਕਿਆ ਪਛਾਣੇ, ਪ੍ਰਭ ਕੀ ਚਲੇ ਮਾਤ ਚਾਲਾ । ਆਪਣੀ ਖੇਲ ਆਪੇ ਜਾਣੇ, ਵਿੰਗੀਆਂ ਟੇਢੀਆਂ ਮਾਰੇ ਛਾਲਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸੁੱਤਿਆਂ ਸੁਰਤ ਸੰਭਾਲਾ । ਸੋਇਆ ਉਠਾਇਆ, ਸ਼ਬਦ ਸੁਣਾਇਆ । ਕਿਉਂ ਸੌਂ ਕੇ ਵਕਤ ਗਵਾਇਆ । ਪ੍ਰਭ ਅਬਿਨਾਸ਼ੀ ਫੇਰਾ ਪਾਇਆ । ਘਨਕਪੁਰੀ ਵਿਚ ਡੇਰਾ ਲਾਇਆ । ਪਿਤਾ ਜਵੰਦ ਸਿੰਘ ਨਾਮ ਅਖਵਾਇਆ । ਮਾਤਾ ਤਾਬੋ ਜਿਸ ਗੋਦ ਉਠਾਇਆ । ਪੂਰਨ ਭਾਗੋ ਉਠੋ ਸੰਤੋ, ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਾਏ ਗਲ ਸੋਹੰ ਮਾਲਾ । ਬਾਲ ਅਵਸਥਾ ਬਾਲ ਬਾਲੀ । ਪ੍ਰਗਟ ਹੋਇਆ ਸ੍ਰਿਸ਼ਟ ਸਬਾਈ ਆਪੇ ਵਾਲੀ । ਸਾਚੀ ਘਾਲ ਜਨ ਭਗਤਾਂ ਘਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸੁੱਤਿਆਂ ਸੁਰਤ ਸੰਭਾਲੀ । ਘਨਕਪੁਰ ਵਿਚ ਡੇਰਾ ਲਾਇਆ । ਪਿਤਾ ਜਵੰਦ ਸਿੰਘ ਨਾਮ ਅਖਵਾਇਆ । ਮਾਤਾ ਤਾਬੋ ਜਿਸ ਗੋਦ ਉਠਾਇਆ । ਪੂਰਨ ਭਾਗੋ ਉਠੋ ਸੰਤੋ ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਆਇਆ । ਸੁਣੋ ਸਾਚਾ ਰਾਗੋ ਦਿਵਸ ਰੈਣ ਰੈਣ ਦਿਵਸ ਏਕਾ ਰਾਗ ਉਪਜਾਇਆ । ਪ੍ਰਭ ਅਬਿਨਾਸ਼ੀ ਚਰਨੀ ਲਾਗੋ, ਮਾਣ ਤਾਣ ਜਗਤ ਗਵਾਇਆ । ਪ੍ਰਭ ਹੰਸ ਬਣਾਏ ਕਾਗੋ, ਛੀਵੇਂ ਮਹੀਨੇ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਸੰਤਾਂ ਬੈਠਾ ਰਾਹ ਤਕਾਇਆ । ਜਨ ਭਗਤਾਂ ਵਾਜਾਂ ਮਾਰਦਾ । ਨਾ ਆਵੇ ਪਾਸਾ ਹਾਰ ਦਾ । ਦਰ ਖੁਲ੍ਹਿਆ ਸੱਚੀ ਸਰਕਾਰ ਦਾ । ਓਥੇ ਕੋਈ ਨਾ ਕਿਸੇ ਦੁਰਕਾਰਦਾ । ਪਾਪ ਪੁੰਨ ਸਰਬ ਵਿਚਾਰਦਾ । ਛਾਣ ਪੁਣ ਸਭ ਦੇ ਭਰਮ ਨਿਵਾਰਦਾ । ਆਪ ਵਿਚਾਰੇ ਗੁਣ ਅਵਗੁਣ, ਭਾਂਡਾ ਭੰਨੇ ਵਡ ਹੰਕਾਰ ਦਾ । ਇਕ ਉਪਜਾਏ ਸ਼ਬਦ ਧੁਨ, ਸਾਚਾ ਸ਼ਬਦ ਹਰਿ ਰਸਨ ਉਚਾਰਦਾ । ਗੁਰਸਿਖ ਸਾਚੇ ਕੰਨ ਸੁਣ, ਪ੍ਰਭ ਲੱਖ ਚੁਰਾਸੀ ਗੇੜ ਨਿਵਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅਵਸਥਾ ਜਨ

ਭਗਤਾਂ ਵਾਜਾਂ ਮਾਰਦਾ । ਵਾਜਾਂ ਮਾਰੇ ਦੇ ਦੁਹਾਈ । ਆਓ ਚਲ ਕੇ ਪਾਂਧੀ ਰਾਹੀ । ਪ੍ਰਭ ਅਬਿਨਾਸ਼ੀ ਪਕੜ ਗਲੇ ਲਗਾਏ ਦੋਵੇਂ ਬਾਹੀਂ । ਆਪ ਬਹਾਏ ਦਰਗਹਿ ਸਾਚੀ ਸਾਚੇ ਥਾਈਂ । ਗੁਰਸਿਖ ਸਾਚੇ ਦੂਜੇ ਦਰ ਨਾ ਸੀਸ ਝੁਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲੀ ਬਾਲ ਅਵਸਥਾ ਦੇ ਮੱਤ ਰਿਹਾ ਸਮਝਾਈ । ਦੇ ਮਤੀ ਆਪ ਸਮਝਾਇੰਦਾ । ਗੁਰਮੁਖ ਸੋਇਆ ਆਪ ਉਠਾਇੰਦਾ । ਸ਼ਬਦ ਜਕੜ ਬੰਨ੍ਹ ਲਿਆਇੰਦਾ । ਸ਼ਬਦ ਤਕੜ ਆਪ ਤੁਲਾਇੰਦਾ । ਕਲਜੁਗ ਅੰਧੇਰੀ ਝੱਖੜ ਪਰੇ ਹਟਾਇੰਦਾ । ਸੋਹੰ ਸਾਚਾ ਰੁੱਖੜ ਤਨ ਪਹਿਨਾਇੰਦਾ । ਕਲਜੁਗ ਕੀਨਾ ਵੱਖਰ, ਨਵਾਂ ਰਾਹ ਬਤਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲੀ ਬਾਲ ਅਵਸਥਾ ਸੰਤ ਮਨੀ ਸਿੰਘ ਸੋਇਆ ਆਪ ਜਗਾਇੰਦਾ । ਉਠ ਉਠ ਸੰਤ ਉਠ ਉਠ ਜਾਗ । ਪ੍ਰਭ ਦਰ ਸਾਚੇ ਉਠ ਉਠ ਭਾਗ । ਚੜ੍ਹਿਆ ਆਵੇ ਮਹੀਨਾ ਮਾਘ । ਲੱਗਾ ਦੇਸ ਮਾਝੇ ਭਾਗ । ਕਰ ਦਰਸ ਧੋ ਪਿਛਲਾ ਦਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾਏ ਤੇਰੀ ਤ੍ਰਿਸ਼ਨਾ ਆਗ । ਆਸੀ ਆਵਾਜ਼ ਸ਼ਬਦ ਧੁਨਕਾਰੀ । ਪ੍ਰਭ ਅਬਿਨਾਸ਼ੀ ਸ਼ਬਦ ਫੁਨਕਾਰੀ । ਸੰਤ ਮਨੀ ਸਿੰਘ ਤਨ ਲੱਗੀ ਇਕ ਅੰਗਿਆਰੀ । ਮਹਾਰਾਜ ਸ਼ੇਰ ਸਿੰਘ ਆਪ ਉਠਾਏ ਗੁਰਸਿਖ ਸੋਇਆ ਜਾਏ ਦਵਾਰੀ । ਵਕਤ ਸੁਹਾਇਆ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਰਸਨ ਅਲਾਇਆ । ਵਾਹ ਵਾਹ ਸਾਚਾ ਰਾਹ ਪੁਛਾਇਆ । ਸੰਤ ਜਨਾ ਵਡ ਦਾਤਾ ਬੇਪ੍ਰਵਾਹ ਬਣ ਵਿਚੋਲਾ ਆਪ ਮਿਲਾਇਆ । ਆਪੇ ਵਸੇ ਹਰਿ ਹਰ ਥਾਂ, ਪਰਦਾ ਉਹਲਾ ਇਕ ਖੇਲ ਰਚਾਇਆ । ਜੋਤੀ ਜੋਤ ਸਰੂਪ ਗੁਰਮੁਖ ਸਾਚੇ ਤੇਰੇ ਆਤਮ ਦਰ ਦਵਾਰ ਬੈਠਾ ਆਸਣ ਲਾਇਆ । ਆਸਣ ਲਾਏ ਸਤਿਗੁਰ ਪੂਰਾ । ਜੋਤ ਸਰੂਪੀ ਸਾਚਾ ਨੂਰਾ । ਸ਼ਬਦ ਧੁਨ ਸਾਚੀ ਤੂਰਾ । ਗੁਰਮੁਖ ਸਾਚੇ ਲਏ ਚੁਣ, ਦੇਵੇ ਨਾਮ ਸਤਿ ਸਰੂਰਾ । ਜੋਤੀ ਜੋਤ ਸਰੂਪ ਹਰਿ, ਸਰਬ ਗੁਣਾਂ ਭਰਪੂਰਾ । ਰਸਨਾ ਰਸ ਗੁਰਸਿਖ ਵਿਖਾਨਿਆਂ । ਉਜਲ ਮੁਖ ਵਿਚ ਜਹਾਨਿਆਂ । ਅੰਤਮ ਅੰਤ ਨਾ ਲਾਗੇ ਦੁੱਖ ਦੇਵੇ ਦਰਸ ਆਪ ਭਗਵਾਨਿਆਂ । ਨਿਜ ਘਰ ਵਖਾਏ ਸਾਚਾ ਸੁੱਖ, ਪ੍ਰਭ ਜੋਤੀ ਜੋਤ ਮਿਲਾਨਿਆਂ । ਆਪੇ ਕੱਟੇ ਦੁੱਖ ਭੁੱਖ, ਮਾਤ ਗਰਭ ਨਾ ਹੋਏ ਉਲਟਾ ਰੁੱਖ, ਬਹਾਏ ਸਾਚੇ ਦਰ ਮਿਟਾਏ ਆਵਣ ਜਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਸਾਚੇ ਕਰੇ ਪਰਵਾਨਿਆਂ । ਆਏ ਦਰ ਦਰਗਹਿ ਪ੍ਰਵਾਨ । ਪ੍ਰਭ ਦੇਵੇ ਅੰਤਮ ਸਾਚਾ ਸਚ ਅਸਥਾਨ । ਆਪ ਉਠਾਏ ਲੈ ਜਾਏ ਬਿਠਾਏ ਵਿਚ ਬਬਾਣ । ਸ਼ਬਦ ਸਰੂਪੀ ਸ਼ਬਦ ਜਣਾਏ ਆਪਣੇ ਕੰਧ ਉਠਾਏ ਗੁਰਸਿਖ ਸਾਚੇ ਸਚ ਪਛਾਣ । ਗਗਨ ਪਾਤਾਲੀ ਪੰਧ ਮੁਕਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰਾਗ ਰੰਗ ਸੁਖ ਮਾਣ । ਸਾਚਾ ਸੰਗ ਇਕ ਭਗਵਾਨ । ਨਾਮ ਰੰਗਣ ਹਰਿ ਦੇਵੇ ਰੰਗ, ਆਤਮ ਜੋਤ ਜਗੇ ਮਹਾਨ । ਸ਼ਬਦ ਸਰੂਪੀ ਕਸੇ ਤੰਗ, ਤੀਨ ਲੋਕ ਦੇ ਵਿਚ ਫਿਰਾਨ । ਹੋਏ ਸਹਾਈ ਸਦਾ ਅੰਗ ਸੰਗ, ਜੋਤ ਸਰੂਪੀ ਗੁਣ ਨਿਧਾਨ । ਗੁਣ ਨਿਧਾਨ ਗੁਣ ਵਿਚਾਰਦਾ । ਮਾਨਸ ਜਨਮ ਕਲ ਸਵਾਰਦਾ । ਆਪ ਬਣਾਏ ਵਸਾਏ ਲੈ ਜਾਏ ਸਾਚੇ ਘਰ, ਏਕਾ ਏਕ ਰੰਗ ਵਖਾਣਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟਾ ਘਟ ਆਪੇ ਜਾਣਦਾ । ਉਤਮ ਆਤਮ ਆਪ ਵਿਚਾਰੇ । ਗੁਰਮੁਖ ਸਾਚੇ ਆਏ ਚਲ ਦਵਾਰੇ । ਆਪ ਵਸਾਏ ਨਿਹਚਲ ਧਾਮ ਅਟਲ ਨਾ ਢੱਠਣ ਕਦੇ ਚੁਬਾਰੇ । ਦਰਸ ਦਿਖਾਏ ਘੜੀ ਘੜੀ ਪਲ ਪਲ, ਜਗੇ ਜੋਤ ਕਾਇਆ ਮਹੱਲ ਮੁਨਾਰੇ । ਅੰਤਮ ਲਾਏ ਸਾਚਾ ਫਲ, ਫਲੇ ਫੁੱਲੇ ਵਿਚ ਸੰਸਾਰੇ । ਪ੍ਰਭ ਅਬਿਨਾਸ਼ੀ ਜਾਓ ਬਲ ਬਲ, ਜਨ ਭਗਤਾਂ ਪੈਜ ਸਵਾਰੇ ।

੨੯੦ ੦੩

ਜਨ ਭਗਤਾਂ ਪੈਜ ਸਵਾਰਦਾ । ਰਾਹ ਦੱਸੇ ਜਿਥੇ ਵਸੇ ਹਰਿ ਹਰਿ ਗਿਰਧਾਰ ਦਾ । ਸ਼ਬਦ ਸਰੂਪੀ ਤੀਰ ਸਾਚਾ ਕਸੇ, ਮਾਰੇ ਤੋੜੇ ਕਿਲ੍ਹਾ ਕੋਟ ਹੰਕਾਰ ਦਾ । ਜਨ ਭਗਤਾਂ ਹਰਿ ਹਿਰਦੇ ਵਸੇ, ਸਾਚਾ ਨਾਉਂ ਜੋ ਜਨ ਰਸਨ ਉਚਾਰਦਾ । ਜੋਤੀ ਜੋਤ ਸਰੂਪ ਹਰਿ ਲਹਿਣਾ ਦੇਣਾ ਸਚ ਚੁਕਾਏ ਨਾ ਵੇਲਾ ਰਿਹਾ ਉਧਾਰ ਦਾ । ਗੁਰਮੁਖਾਂ ਲੇਖਾ ਸਚ ਚੁਕਾਉਣਾ । ਬੇਮੁਖਾਂ ਬੇੜਾ ਸ਼ੌਹ ਦਰਿਆਏ ਆਪ ਡੁਬਾਉਣਾ । ਗੁਰਸਿਖਾਂ ਪ੍ਰਗਟ ਹੋਏ ਦਰਸ ਦਿਖਾਉਣਾ । ਬੇਮੁਖਾਂ ਭਰਮ ਭੁਲੇਖੇ ਵਿਚ ਭੁਲਾਉਣਾ । ਗੁਰਸਿਖਾਂ ਰਾਤੀ ਸੁਤਿਆਂ ਦਰਸ ਦਿਖਾਉਣਾ । ਬੇਮੁਖਾਂ ਮੰਗਿਆਂ ਭਿਖ ਨਾ ਦਾਣਾ ਹੱਥ ਆਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਐਸਾ ਲਿਆਉਣਾ । ਦੇਵੇ ਸ਼ਬਦ ਗਿਆਨ ਬ੍ਰਹਮ ਗਿਆਨੀਆਂ । ਦੇਵੇ ਚਰਨ ਧਿਆਨ ਵਡ ਧਿਆਨੀਆਂ । ਦੇਵੇ ਸੋਹੰ ਸਾਚਾ ਦਾਨ, ਸਤਿਜੁਗ ਸਾਚੀ ਸਚ ਨਿਸ਼ਾਨੀਆਂ । ਹੋਏ ਆਪ ਮਿਹਰਵਾਨ, ਕਰੇ ਕਰਾਏ ਵਡ ਮਿਹਰਵਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਾਣਾ ਆਪ ਉਲਟਾਏ, ਵੇਖੇ ਖੇਲ ਕਲ ਦੋ ਜਹਾਨੀਆਂ । ਸਾਚਾ ਬਾਣਾ ਆਪ ਉਲਟਾਉਣਾ । ਰਾਜਾ ਰਾਣਾ ਸਰਨ ਲਗਾਉਣਾ । ਗਰੀਬ ਨਿਮਾਣਾ ਆਪ ਉਠਾਉਣਾ । ਬਾਹੋਂ ਪਕੜ ਗਲੇ ਲਗਾਉਣਾ । ਚਾਰ ਵਰਨ ਇਕ ਕਰਾਉਣਾ । ਦਸ ਅੱਠ ਅਠਾਰਾਂ ਰਹਿਣ ਨਾ ਪਾਉਣਾ । ਸਠ ਅਠ ਤੀਰਥ ਵਕਤ ਚੁਕਾਉਣਾ । ਉਲਟੀ ਲੱਠ ਆਪ ਗਿੜਾਉਣਾ । ਸ੍ਰਿਸ਼ਟ ਸਬਾਈ ਭੱਠ, ਝੂਠੇ ਜੀਵਾਂ ਆਪ ਝੁਕਾਉਣਾ । ਸ਼ਬਦ ਸਰੂਪੀ ਤਪਾਏ ਮੱਠ, ਬੇਮੁਖਾਂ ਭਸਮ ਕਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੰਗ ਰਲਾਉਣਾ । ਗੁਰਮੁਖਾਂ ਹਰਿ ਸੰਗ ਰਲਾਏ । ਰਾਣਾ ਸੰਗਰੂਰ ਸੇਵ ਕਮਾਏ । ਚਰਨ ਧੂੜ ਮਸਤਕ ਲਾਏ । ਪ੍ਰਭ ਅਬਿਨਾਸ਼ੀ ਸੰਗ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿੱਲੀ ਜਾਏ ਚਰਨ ਛੁਹਾਏ । ਦਿੱਲੀ ਜਾ ਕੇ ਚਰਨ ਛੁਹਾਉਣਾ । ਸਾਧਾਂ ਸੰਤਾਂ ਸ਼ਬਦ ਜਣਾਉਣਾ । ਆਦਿ ਅੰਤ ਭੇਵ ਖੁਲ੍ਹਾਉਣਾ । ਚਲੋ ਆਓ ਚਲ ਸਾਚੇ ਕੰਤਾ, ਸੀਸ ਗੰਜ ਹਰਿ ਡੇਰਾ ਲਾਉਣਾ । ਫੇਰ ਬਣਾਏ ਸਾਚੀ ਬਣਤਾ, ਵਾਲੀ ਹਿੰਦ ਪ੍ਰਗਟ ਹੋਏ ਭੈ ਭਿਆਨਕ ਦਰਸ ਦਿਖਾਉਣਾ । ਭੈ ਭਿਆਨਕ ਦਰਸ ਦਿਖਾਏ । ਸੋਇਆ ਰਾਣਾ ਆਪ ਉਠਾਏ । ਊਬੜ ਵਾਹਿਆ ਰਿਹਾ ਬਰੜਾਏ । ਕਵਣ ਛੁਡਾਏ ਮੇਰੀ ਮਾਏ । ਪਹਿਰੇਦਾਰ ਰਹੇ ਤਕਾਏ । ਜੋਤ ਸਰੂਪੀ ਦਿਸ ਨਾ ਆਏ । ਛਾਤੀ ਉਪਰ ਚਰਨ ਟਿਕਾਏ । ਕਿਉਂ ਕਲਜੁਗ ਸੋਇਆ ਧਰਤ ਮਾਤ ਦੇ ਜਾਏ । ਜੀਵ ਜੰਤ ਦੁੱਖੀ ਹੋ ਹੋ ਵਿਚ ਭਾਰਤ ਕੁਰਲਾਏ । ਸਾਧਾਂ ਸੰਤਾਂ ਕੋਈ ਨਾ ਦੇਵੇ ਥਾਂਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਇਆ ਜਾਮਾ ਪਾਏ । ਛਾਤੀ ਉਪਰ ਚਰਨ ਧਰ । ਮੌਤ ਵਾਲਾ ਦੇਵੇ ਡਰ । ਕੋਈ ਨਾ ਦੀਸੇ ਖੁਲ੍ਹਾ ਦਰ । ਹੋਏ ਬੰਦ ਸਭ ਕਵਾੜ । ਕਿਥੋਂ ਆਇਆ ਚੋਰ ਅੰਦਰ ਵੜ । ਪਹਿਰੇਦਾਰ ਆਪਸ ਵਿਚ ਰਹੇ ਲੜ । ਕਿਸੇ ਨੇ ਤੋੜਿਆ ਸਾਚਾ ਗੜ੍ਹ । ਚਾਰੋਂ ਤਰਫ਼ ਰਹੇ ਖੜ੍ਹ । ਉਪਰ ਵੇਖਣ ਨਾ ਕੋਈ ਲੱਗਾ ਪੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸ਼ਬਦ ਸਰੂਪੀ ਰਿਹਾ ਲੜ । ਛਾਤੀ ਉਪਰ ਚਰਨ ਹਰਿ ਟਿਕਾਇਆ । ਸ਼ਬਦ ਸਰੂਪੀ ਹੁਕਮ ਸੁਣਾਇਆ । ਬਣ ਵਡ ਸ਼ਾਹੋ ਭੂਪੀ, ਪ੍ਰਭ ਅਬਿਨਾਸ਼ੀ ਮਨੋਂ ਭੁਲਾਇਆ । ਨਾ ਕੋਈ ਦੀਸੇ ਰੰਗ ਰੂਪੀ, ਤੇਰੇ ਉਪਰ ਬੈਠਾ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਉਖੇੜਾ ਇਕ ਲਗਾਇਆ । ਸ਼ਬਦ ਸਰੂਪੀ ਲਾਏ ਇਕ ਉਖੇੜਾ । ਪੁੱਛੇ ਦਸ ਏਥੇ ਕਵਣ ਛੁਡਾਏ ਦੀਸੇ ਬੇਲੀ ਕਿਹੜਾ । ਛਿੰਨ ਭੰਗਰ ਇਹ ਖੇਲ ਵਰਤਾ ਕੇ, ਸ਼ਬਦ ਸਰੂਪੀ ਮਾਰੇ

ਇਕ ਲਫੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਏ ਖੇਲ ਰਚਾਏ ਗਊ ਗਰੀਬ ਨਿਮਾਣਿਆਂ ਆਪ ਬੰਨ੍ਹਾਏ ਸਾਚਾ ਬੇੜਾ । ਚੁੱਕੇ ਚਰਨ ਆਪ ਜਗਦੀਸ਼ਰ । ਨਜ਼ਰੀ ਆਵੇ ਸੱਚਾ ਈਸ਼ਰ । ਚਰਨੀ ਡਿੱਗੇ ਵਡ ਤਪੀਸ਼ਰ । ਰੱਖਿਆ ਕਰੇ ਵਡ ਰਖੀਸ਼ਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਜਗਤ ਪਿਤ ਜਗਦੀਸ਼ਰ । ਵਾਲੀ ਹਿੰਦ ਉਠ ਵਿਚਾਰੇ । ਚਾਰੋਂ ਤਰਫ ਨਿਗਾਹ ਮਾਰੇ । ਉਪਰ ਵੇਖੇ ਨੈਣ ਉਘਾੜੇ । ਜੋਤ ਸਰੂਪੀ ਹਰਿ ਚਮਤਕਾਰੇ । ਹੋਏ ਅਧੀਨ ਡਿੱਗੇ ਦਵਾਰੇ । ਪ੍ਰਗਟ ਹੋਏ ਕ੍ਰਿਸ਼ਨ ਮੁਰਾਰੇ । ਮੋਰ ਮੁਕਟ ਪ੍ਰਭ ਸਾਚਾ ਸਿਰ ਧਾਰੇ । ਬਾਹੋਂ ਪਕੜ ਉਠਾਏ ਉਠ, ਧਰਤ ਮਾਤ ਦੇ ਸਚ ਦੁਲਾਰੇ । ਆਇਆ ਦਵਾਰ ਕਾਹਨ ਘਨਈਆ । ਆਪ ਚਲਾਏ ਸਾਚੀ ਨਈਆ । ਸ੍ਰਿਸ਼ਟ ਸਬਾਈ ਆਪ ਬਣਾਏ ਭੈਣਾਂ ਭਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੱਖ ਮੱਤ ਦੇ ਆਪ ਸਮਝਈਆ । ਸਾਚੀ ਮੱਤ ਆਪ ਸਮਝਾਵੇ । ਆਪਣੀ ਮਿਤ ਗਤ ਆਪ ਜਣਾਵੇ । ਗਊ ਗਰੀਬਾਂ ਕਰਨਾ ਹਿੱਤ, ਮਾਇਆਧਾਰੀ ਕੋਈ ਰਹਿਣ ਨਾ ਪਾਵੇ । ਸਰਬ ਜੀਆਂ ਹਰਿ ਆਪੇ ਸਾਚਾ ਪਿਤ, ਜਿਸ ਦਾ ਦਿਤਾ ਪੀਵੇ ਖਾਵੇ । ਜੋਤ ਪ੍ਰਗਟਾਵੇ ਨਿਤ ਨਵਿਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੈਜ ਰਖਾਵੇ । ਗੁਰ ਸੰਗਤ ਮਨ ਵਧਾਈ । ਰਸਨਾ ਰਸ ਹਰਿ ਸਾਚਾ ਗਾਈ । ਆਤਮ ਤ੍ਰਿਖਾ ਸਰਬ ਮਿਟਾਈ । ਇਕੱਠੇ ਹੋਏ ਭੈਣਾਂ ਭਾਈ । ਦਰਗਹਿ ਸਾਚੀ ਵਿਛੜ ਨਾ ਜਾਈ । ਗੁਰ ਸੰਗਤ ਸਾਚੀ ਬਣਤ ਬਣਾਈ । ਸਾਚਾ ਤਤ ਇਕ ਰਘੁਰਾਈ । ਧੀਰਜ ਜੱਤ ਕਿਸੇ ਤੁਟ ਨਾ ਜਾਈ । ਆਤਮ ਵਤ ਸੋਹੰ ਸਾਚਾ ਬੀਜ ਬਿਜਾਈ । ਆਪੇ ਦੇ ਸਮਝਾਵੇ ਮੱਤ, ਗੁਰ ਸੰਗਤ ਬਣਨਾ ਭੈਣ ਭਾਈ । ਗੁਰ ਸੰਗਤ ਗੁਰ ਏਕਾ ਰਾਹ । ਗੁਰ ਸੰਗਤ ਗੁਰ ਵਸੇ ਏਕਾ ਥਾਂ । ਗੁਰ ਸੰਗਤ ਪ੍ਰਭ ਸਾਚਾ ਸ਼ਬਦ ਸਰੂਪੀ ਰੱਖੇ ਛਾਂ । ਗੁਰ ਸੰਗਤ ਪ੍ਰਭ ਗੋਦ ਉਠਾਏ ਜਿਉਂ ਬਾਲਕ ਛੋਟਾ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਰੀਬ ਨਿਮਾਣਿਆਂ ਜਗਤ ਨਿਤਾਣਿਆਂ ਚਰਨ ਦੇਵੇ ਸਾਚੇ ਥਾਂ । ਗੁਰ ਸੰਗਤ ਸਚ ਰਾਹ ਬਣਾਇੰਦਾ । ਦੂਜਾ ਦਰ ਮੰਗਣ ਕੋਇ ਨਾ ਜਾਇੰਦਾ । ਆਤਮ ਸਰ ਆਪ ਖੁਲ੍ਹਾਇੰਦਾ । ਚੌਥੇ ਘਰ ਸਦ ਵਸਾਇੰਦਾ । ਪੰਚਮ ਜੋਤ ਧਰ ਸਾਚਾ ਮਾਰਗ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਏਕਾ ਥਾਂ ਬਹਾਇੰਦਾ । ਗੁਰ ਸੰਗਤ ਵਡੀ ਵਡਭਾਗੀ । ਚਰਨ ਪ੍ਰੀਤੀ ਸਾਚੀ ਲਾਗੀ । ਸੋਈ ਆਤਮ ਕਲਜੁਗ ਜਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਭੇਵ ਖੁਲ੍ਹਾਏ ਪਹਿਲੀ ਮਾਘੀ । ਗੁਰ ਸੰਗਤ ਧੰਨ ਧੰਨ ਧੰਨਵਾਦੀ । ਪ੍ਰਭ ਸ਼ਬਦ ਲਿਖਾਏ ਗੁਰਸਿਖਾਂ ਲੇਖ ਬੋਧ ਅਗਾਧੀ । ਏਕਾ ਨਾਦ ਧੁਨ ਸ਼ਬਦ ਵਜਾਏ ਅਨਾਦੀ । ਆਦਿ ਜੁਗਾਦਿ ਸਦ ਸੰਗਤ ਰਹਾਏ, ਬ੍ਰਹਮ ਸਰੂਪ ਵਡ ਬ੍ਰਹਿਮਾਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਏਕਾ ਧਾਗੇ ਸ਼ਬਦ ਬਾਂਧੀ । ਗੁਰ ਸੰਗਤ ਮੇਲ ਮਿਲਾਇਆ । ਕਰ ਕਿਰਪਾ ਦਰਸ ਦਿਖਾਇਆ । ਦਰ ਘਰ ਆਏ ਸਾਚਾ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤ ਪਰਦਾ ਆਪ ਕਟਾਇਆ । ਦੂਈ ਦਵੈਤ ਪਰਦਾ ਵਡ । ਕਰੇ ਸੁਖਾਲੇ ਗੁਰਸਿਖ ਹੱਡ । ਜੋਤ ਜਗਾਏ ਕਾਇਆ ਅੰਧੇਰੀ ਖੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚਾ ਬੀਜ ਬਿਜਾਏ ਦਰਗਹਿ ਸਾਚੀ ਲੈਣਾ ਵਡ । ਦਰਗਹਿ ਸਾਚੀ ਸਾਚਾ ਧਾਮ । ਜਗੇ ਜੋਤ ਏਕਾ ਰਾਮ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਰਸਨਾ ਜਪ, ਨਾ ਕੋਈ ਲੱਗੇ ਦਾਮ । ਕੋਟਨ ਕੋਟ ਉਤਾਰੇ ਪਾਪ, ਸੁੱਕਾ ਹਰਿਆ ਹੋਵੇ ਚਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਸੋਹੰ ਸ਼ਬਦ ਪਿਲਾਏ ਸਾਚਾ ਜਾਮ । ਸਾਚਾ ਜਾਮ ਗੁਰ ਦਰ ਪੀਓ । ਨਿਰਮਲ ਕਰਾਓ ਆਤਮ ਜੀਓ । ਪ੍ਰਭ ਮਿਲਣ ਦਾ ਕਰ ਸਾਚਾ ਹੀਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਸਤਿਜੁਗ ਬਣਾਏ ਸਾਚੀ ਨੀਓ । ਸੰਗਤ ਸਾਧ ਸਾਧ ਸੰਗਤ । ਇਕ ਚੜ੍ਹਾਓ ਨਾਮ ਰੰਗਤ । ਪ੍ਰਭ ਹੋਏ ਸਹਾਈ ਜਿਉਂ ਨਾਨਕ ਅੰਗਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਸਾਚੀ ਸੰਗਤ । ਗੁਰ ਸੰਗਤ ਸਤਿ ਸੰਤੋਖ ਆਤਮ ਧਾਰ । ਪ੍ਰਭ ਅਬਿਨਾਸ਼ੀ ਰਿਹਾ ਕਰਮ ਵਿਚਾਰ । ਝੂਠੇ ਭਰਮ ਨਾ ਭੁੱਲ, ਨਾ ਦੇਣਾ ਹਰਿ ਵਸਾਰ । ਅੰਮ੍ਰਿਤ ਆਤਮ ਨਾ ਜਾਏ ਡੁਲ੍ਹ । ਨਾ ਬਣਨਾ ਜੀਵ ਗਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਬੰਨ੍ਹਾਏ ਏਕਾ ਧਾਰ । ਏਕਾ ਧਾਰ ਦੇਵੇ ਬੰਨ੍ਹ । ਆਤਮ ਮਿਟਾਏ ਆਤਮ ਜਨ । ਏਕਾ ਸ਼ਬਦ ਸੁਣਾਏ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਤਮ ਅੰਨ੍ਹ । ਆਤਮ ਅੰਧਿਆ ਝੂਠੇ ਬੰਦਿਆ । ਮਦਿਰਾ ਮਾਸੀ ਗੰਦਿਆ । ਫਸਿਆ ਜਗਤ ਜੰਜਾਲੀ ਫੰਦਿਆ । ਪ੍ਰਭ ਅਬਿਨਾਸ਼ੀ ਨਾ ਰਸਨਾ ਗਾਇਆ ਬੱਤੀ ਦੰਦਿਆ । ਭਰਮ ਭੁੱਲਾ ਝੂਠੇ ਧੰਧਿਆ । ਵੇਲੇ ਅੰਤ ਚਾਰ ਭਾਈ ਉਠਾਵਣ ਕੰਧਿਆ । ਦਰ ਘਰ ਸਾਚਾ ਕੋਈ ਨਾ ਦਿਸੇ ਹੋਏ ਭਾਗ ਮੰਦਿਆ । ਧਰਮ ਰਾਏ ਦਰ ਅੱਗੇ ਹੱਸੇ, ਕਵਣ ਤੁੜਾਵੇ ਜੰਦਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸੋਹੰ ਰੰਦੇ ਆਪੇ ਰੰਦਿਆ । ਗੁਰ ਸੰਗਤ ਇਕ ਰਾਖੇ ਟੇਕ । ਤਨ ਕਾਇਆ ਨਾ ਲਾਗੇ ਸੇਕ । ਪ੍ਰਭ ਅਬਿਨਾਸ਼ੀ ਕਰੇ ਬੁੱਧ ਬਬੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਦਿ ਅੰਤ ਜੁਗਾ ਜੁਗੰਤ ਏਕਾ ਏਕ । ਏਕਾ ਓਅੰਕਾਰ । ਜੋਤ ਸਰੂਪੀ ਖੇਲ ਅਪਾਰ । ਤੀਨ ਲੋਕ ਰਿਹਾ ਪਸਰ ਪਸਾਰ ।
੨੯੨ ੦੩ ਮਾਤਲੋਕ ਆਵੇ ਜਾਮਾ ਧਾਰ । ਜੀਵਾਂ ਜੰਤਾਂ ਕਰਮ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਵੇ ਜਾਵੇ ਵਾਰੋ ਵਾਰ । ੨੯੨ ੦੩

## ੧੪ ਮੱਘਰ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ

ਕਰ ਚਰਨ ਧਿਆਨ, ਵੇਖ ਰੰਗ ਅਪਾਰਿਆ । ਏਕਾ ਹਰਿ ਚਤੁਰ ਸੁਜਾਨ, ਦੂਜਾ ਦਿਸੇ ਨਾ ਪਾਰਾਵਾਰਿਆ । ਤੀਜੇ ਹੋਏ ਆਪ ਮਿਹਰਵਾਨ, ਚੌਥੇ ਘਰ ਜਿਸ ਆਪ ਵਸਾ ਰਹਾ । ਪੰਚਮ ਦੇਵੇ ਸਾਚਾ ਦਾਨ, ਜਿਸ ਸਾਚੀ ਸਰਨ ਲਗਾ ਰਿਹਾ । ਛੇਵਾਂ ਕਰੇ ਸ਼ਬਦ ਉਪਦੇਸ਼, ਸਿਖਰ ਚੋਟੀ ਆਪ ਚੜ੍ਹਾ ਰਿਹਾ । ਸਤਵਾਂ ਵੇਖ ਪ੍ਰਭ ਸਾਚੇ ਦਾ ਸਾਚਾ ਵੇਸ, ਡੰਕ ਡਫਾਰ ਸ੍ਰਿਸ਼ਟ ਸਬਾਈ ਆਪ ਲਗਾ ਰਿਹਾ । ਅਠਵਾਂ ਅੱਠੇ ਪਹਿਰ ਗੁਰਮੁਖ ਸਾਚੇ ਵਿਚ ਪ੍ਰਵੇਸ਼, ਥਾਂ ਨਾ ਕੋਈ ਹੋਰ ਤਕਾ ਰਿਹਾ । ਨਾਵਾਂ ਨਿਜ ਘਰ ਵਸੇ ਹਰਿ ਵਸੇਖ, ਆਤਮ ਬੈਠਾ ਤਾੜੀ ਲਾ ਰਿਹਾ । ਦਸਵਾਂ ਦਸ ਦਸ ਦਸਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਜੋਤ ਜਗਾ ਰਿਹਾ । ਇਕ ਇਕੱਲੜਾ ਥਾਂਉਂ ਅਚਲ ਹੈ । ਦੂਜਾ ਦਿਸੇ ਨਾ ਰਾਹ ਸੁਖੱਲੜਾ, ਜਿਥੇ ਹੋਵੇ ਸਚ ਨਿਆਉਂ ਹੈ । ਤੀਜੇ ਹੋਵੇ ਗੁਰਸਿਖਾਂ ਭਾਰਾ ਪੱਲੜਾ, ਦਰਗਹਿ ਸਾਚੀ ਦੇਵੇ ਥਾਉਂ ਹੈ । ਚੌਥੇ ਆਤਮ ਦਰ ਦਵਾਰੇ ਅੱਗੇ ਖਲੜਾ, ਆਪੇ ਪਕੜੇ ਬਾਹੋਂ ਹੈ । ਪੰਚਮ ਹਰਿ ਹਰਿ ਹਰਿ ਏਕਾ ਰਾਹ ਅਵੱਲੜਾ, ਨਾ ਕੋਈ ਜਾਣੇ ਕਿਥੇ ਹਰਿ ਕੀ ਜੜ੍ਹ ਹੈ । ਛੇਵਾਂ ਛੇ ਘਰ ਹਰਿ ਸਾਚਾ

੨੯੩
੦੩

ਵੇਖ, ਕਾਇਆ ਮਾਟੀ ਖਾਲੀ ਘੜਾ ਹੈ । ਸਤਵਾਂ ਪ੍ਰਭ ਸਾਚੇ ਕੋ ਕਰ ਆਦੇਸ, ਜਨ ਸਰਨ ਸਾਚੀ ਪੜਾ ਹੈ । ਅਠਵਾਂ ਉਠ ਕਰ ਗੁਰਸਿਖ ਵੇਖ, ਸਾਚਾ ਹਰਿ ਨਾ ਕੋਈ ਜਾਦੂ ਜੜਾ ਹੈ । ਨਾਵੇਂ ਨਾਵਾਂ ਦਰ ਰੇਖ, ਪ੍ਰਭ ਅਬਿਨਾਸ਼ੀ ਕਿਸ ਦਰ ਵੜਾ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਮ ਘਰ ਤੇਰੇ ਆਤਮ ਦਰ ਖੜਾ ਹੈ । ਇਕ ਇਕ ਅਕਾਲ ਹਰਿ । ਦੂਜਾ ਤੋੜੇ ਜਗਤ ਜੰਜਾਲ ਦਰ । ਤੀਜੇ ਦੇਵੇ ਵਸਤ ਨਾਮ, ਘਰ ਰੱਖਣੀ ਸੰਭਾਲ ਕਰ । ਚੌਥੇ ਆਪ ਫੜਾਏ ਦਸਤ ਕਾਇਆ ਲਪੇਟ ਰੁਮਾਲ ਰੱਖਣੀ ਆਤਮ ਘਰ । ਪੰਚਮ ਕਰਾਏ ਇਸ਼ਨਾਨ, ਵੇਖ ਮਾਰ ਧਿਆਨ, ਨਾ ਬਣ ਨਿਧਾਨ ਆਤਮ ਸਾਚੇ ਸਰ । ਛੇਵਾਂ ਛੇ ਸ਼ਾਸਤਰ ਵਕਤ ਚੁਕਾਏ, ਸਾਚਾ ਸ਼ਬਦ ਚਲਾਏ, ਸੋਹੰ ਨਾਉਂ ਰਖਾਏ, ਆਪਣੀ ਕਾਰ ਜਾਏ ਕਰ । ਸਤਵੇਂ ਸਤਿ ਸਤਿਵਾਦ । ਸ਼ਬਦ ਵਜਾਏ ਸਾਚਾ ਨਾਦ । ਗੁਰਮੁਖ ਜਗਾਏ ਸਾਚੇ ਸਾਧ, ਪ੍ਰਭ ਅਬਿਨਾਸ਼ੀ ਲਏ ਮਾਤ ਲਾਧ, ਆਪ ਚੁਕਾਏ ਜਮ ਕਾ ਡਰ । ਅਠਵੇਂ ਦਸ ਅੱਠ ਅਠਾਰਾਂ, ਚੁੱਕੇ ਵਕਤ ਸੰਗ ਮੁਹੰਮਦ ਚਾਰ ਯਾਰਾਂ, ਇਕ ਬਣਾਏ ਸ੍ਰਿਸ਼ਟ ਸਬਾਈ ਸਾਚੀ ਧਾਰਾ, ਦੂਜਾ ਦਿਸੇ ਨਾ ਕਿਸੇ ਕੋਈ ਕਿਨਾਰਾ । ਆਪੇ ਬੈਠਾ ਆਰਾ ਪਾਰਾ । ਜੋਤ ਸਰੂਪੀ ਸਰਬ ਪਸਾਰਾ । ਆਪਣਾ ਕਰੇ ਸਚ ਵਿਹਾਰਾ । ਨੌਵਾਂ ਨੌਂ ਨਿਧ ਗੁਰਸਿਖ ਜਾਣ । ਪ੍ਰਭ ਮਿਲਣ ਦੀ ਸਾਚੀ ਬਿਧ, ਸੋਹੰ ਸ਼ਬਦ ਰਸਨ ਵਖਾਣ । ਆਪੇ ਕਰੇ ਕਾਰਜ ਸਿੱਧ, ਜਿਸ ਦਿਤਾ ਜੀਆਂ ਦਾਨ । ਆਪਣੇ ਭਾਣੇ ਵਸੇ ਹਰਿ । ਦਸਵੇਂ ਦਹਿ ਦਿਸ਼ ਧਾਵਣਾ । ਸਾਚਾ ਰਾਹ ਕਿਸੇ ਹੱਥ ਨਾ ਆਵਣਾ । ਕਲਜੁਗ ਭੁਲਿਆਂ ਜੀਵਾਂ ਚਾਰ ਕੁੰਟ ਭਵਾਵਣਾ । ਜੋ ਜਨ ਹੋਏ ਆਤਮ ਨੀਵਾਂ, ਪ੍ਰਭ ਖਿਚ ਆਪਣੀ ਸਰਨ ਬਹਾਵਣਾ । ਸਾਢੇ ਤਿੰਨ ਹੱਥ ਮਿਲੇ ਸੀਆਂ, ਮਾਲਕ ਮੁਲਕ ਨਾ ਕਿਸੇ ਅਖਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਰ ਘਰ ਦਸਵਾਂ ਬੂਝ ਬੁਝਾਵਣਾ । ਦਸਵਾਂ ਦਰ ਗੁਰ ਦਏ ਦਿਖਾਏ । ਗੁਰਸਿਖ ਪੂਰਨ ਆਸ ਕਰਾਏ । ਸ਼ਬਦ ਤੂਰਨ ਵਡ ਦਾਤਾ ਸੂਰਨ ਆਪ ਵਜਾਏ, ਸਰਬ ਕਲਾ ਭਰਪੂਰਨ, ਕਰ ਕਿਰਪਾ ਦਏ ਦਿਖਾਏ । ਜਿਸ ਜਨ ਜਾਨਣਾ ਪ੍ਰਭ ਪ੍ਰਗਟ ਵਿਚੋਂ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਵਾਸੀ ਨਿਜ਼ ਘਰ ਵਾਸ ਆਪ ਰਖਾਏ । ਨਿਜ ਘਰ ਵੇਖੋ ਹਰਿ ਕਾ ਮੂਲ । ਨਾ ਭੂਲੋ ਪ੍ਰਭ ਸਾਚਾ ਕੰਤ ਕੰਤੂਹਲ । ਸਿੰਘ ਆਸਣ ਬੈਠਾ ਆਤਮ ਸੇਜਾ, ਜਿਸ ਦੀ ਕੋਈ ਨਾ ਭੰਨੇ ਚੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸ੍ਰਿਸ਼ਟ ਸਬਾਈ ਲਾਏ ਤਰਸੂਲ । ਸ਼ਬਦ ਤਰਸੂਲ ਦੇਵੇ ਲਾ । ਸ਼ਿਵ ਸ਼ੰਕਰ ਰਹੇ ਚਰਨੀ ਸੀਸ ਝੁਕਾ । ਕੰਕਰ ਕੰਕਰ ਸੋਹੰ ਸ਼ਬਦ ਪ੍ਰਭ ਦੇਵੇ ਮਰਦੰਗ ਵਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਸਾਚਾ ਨਾਦ ਰਿਹਾ ਸੁਣਾ । ਦਸਵੇਂ ਘਰ ਵੇਖ ਵਿਚਾਰਨਾ । ਮਾਨਸ ਜਨਮ ਆਪ ਸਵਾਰਨਾ । ਭਰਮ ਭੁੱਲ ਨਾ ਜੀਵ ਜਨਮ ਹਾਰਨਾ । ਦਾਗ ਲਾਉਣਾ ਨਾ ਆਪਣੀ ਕੁਲ, ਪ੍ਰਭ ਸਾਚੀ ਦੱਸੇ ਸਤਿਜੁਗ ਸੌਖੀ ਧਾਰਨਾ । ਗੁਰਸਿਖ ਬਣਾਏ ਕਵਲ ਫੁੱਲ, ਮਦਿਰਾ ਮਾਸੀ ਦਰ ਦੁਰਕਾਰਨਾ । ਵੇਲਾ ਅੰਤ ਨਾ ਜਾਣਾ ਭੁੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਵੇਂ ਦਰ ਘਰ ਨਿਤ ਵਾਸ ਰਖਾਵਣਾ । ਦਸਵੇਂ ਦਰ ਬੂਝ ਬੁਝਾਵੇ । ਜਿਥੇ ਵਸੇ ਆਸਣ ਲਾਵੇ । ਮਾਇਆ ਰੂਪੀ ਪਰਦਾ ਪਾਵੇ । ਕਲਜੁਗ ਜੀਵ ਹੋਏ ਅੰਧ ਕੂਪੀ, ਦਰਸ ਕੋਈ ਨਾ ਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਇਆ ਕਮਾਵੇ । ਸਚ ਤਖ਼ਤ ਸਚ ਸੁਲਤਾਨ । ਆਤਮ ਵਸੇ ਹਰਿ ਭਗਵਾਨ । ਗੁਰਮੁਖ ਸਾਚੇ ਏਕਾ ਰੱਖਣਾ ਚਰਨ ਧਿਆਨ । ਲੋਭ ਹੰਕਾਰ ਵਿਚ ਸੰਸਾਰ ਬੜੇ ਬਲਵਾਨ ।

ਕਰਨ ਖੁਆਰ ਜੀਵ ਹੋਏ ਵਿਭਚਾਰ ਨਾ ਸਕੇ ਹਰਿ ਪਛਾਣ । ਏਕਾ ਸਾਚੀ ਧਾਰ । ਦੂਜੀ ਕਿਰਿਆ ਸਰਬ ਵਿਸਾਰ । ਏਕਾ ਪੀਆ ਸ੍ਰਿਸ਼ਟ ਸਬਾਈ ਸਾਚੀ ਤ੍ਰੀਆ, ਆਪੇ ਬਣੇ ਸਚ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਜਗਦੀਸ਼ ਏਕਾ ਆਪਣੇ ਸਿਰ ਰੱਖੇ ਦਸਤਾਰ । ਇਕ ਜਗਦੀਸ਼ ਏਕਾ ਧਰਤੇ । ਦੂਸਰ ਕੋਈ ਰੀਸ ਨਾ ਕਰਤੇ । ਖਪ ਖਪ ਮਰੇ ਮਰ ਮਰਤੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਾਣਾ ਸ਼ਬਦ ਬਾਣਾ, ਬਾਲ ਅੰਞਾਣਾ ਆਪ ਸਮਝਾਣਾ, ਗੁਰਮੁਖ ਵਿਰਲੇ ਜਰਤੇ । ਦਸਵੇਂ ਘਰ ਦੂਜ ਨਿਵਾਰਦਾ । ਤੋੜੇ ਕਿਲ੍ਹਾ ਝੂਠ ਹੰਕਾਰ ਦਾ । ਸਾਚਾ ਛਿਲਾ ਬਖ਼ਸ਼ੇ ਆਪਣੇ ਚਰਨ ਪਿਆਰ ਦਾ । ਬੇਮੁੱਖ ਜੂੱਠਾ ਝੂੱਠਾ ਬਿੱਲਾ ਸੀਰ ਪੀਵੇ ਕੁਫਰ ਕੁਫਾਰ ਦਾ । ਗੁਰਮੁਖ ਸਾਚੇ ਪ੍ਰਭ ਸਾਚਾ ਮਿਲਾ, ਦੂਜੇ ਦਰ ਨਾ ਜਾਏ ਨਿਮਸਕਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਂਡਾ ਭਰਮ ਦਰ ਸਾਚੇ ਨਿਵਾਰਦਾ । ਭਾਂਡਾ ਭਰਮ ਭੈ ਭਓ ਭੱਜਣਾ । ਸ਼ਬਦ ਸਰੂਪੀ ਸ਼ਬਦ ਕੁਠਾਲੀ ਗੁਰਸਿਖ ਸਾਚੇ ਰਿੰਨਣਾ । ਹਰਿ ਸ਼ਬਦ ਜੋ ਜਨ ਵਾਚੇ, ਦੇਹੀ ਜਾਣੇ ਮਾਟੀ ਕਾਚੇ, ਏਕਾ ਹਰਿ ਕਾ ਨਾਉਂ ਸਾਚੋ ਸਾਚੇ, ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤ ਲੈਣ ਨਾ ਦੇਵੇ ਸੁਰਪਤ ਰਾਜੇ ਇੰਦਨਾ । ਸੁਰਪਤ ਰਾਜਾ ਇੰਦ ਸਿੰਘ ਸਿੰਘਾਸਣਾ । ਕਰੋੜ ਤੇਤੀਸ ਜਿਸ ਰੱਖੇ ਦਾਸਨ ਦਾਸ, ਰਾਗ ਛਤੀਸ ਦਿਵਸ ਰੈਣ ਸਦ ਰਸਨਾ ਵਾਸਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਆਪਣਾ ਭੇਵ ਜਣਾਏ ਦਿਵਸ ਰੈਣ ਰੈਣ ਦਿਵਸ ਬੈਠਾ ਰਹੇ ਆਤਮ ਸਚ ਸਿੰਘਾਸਣਾ । ਹਰਿ ਸਿੰਘਾਸਣ ਸਾਚਾ ਧਾਮ ।

ਦੂਸਰ ਕੋਇ ਨਾ ਕਰੇ ਬਿਸਰਾਮ । ਝੂਠੀ ਮਾਟੀ ਕਾਇਆ ਚਾਮ । ਆਏ ਰੈਣ ਅੰਧਿਆਰੀ ਹੋ ਜਾਏ ਸ਼ਾਮ । ਮਾਇਆ ਮਮਤਾ ਜੀਵ ਹੰਕਾਰੀ, ਪ੍ਰਭ ਪਿਆਏ ਸਾਚਾ ਜਾਮ । ਬੇਮੁਖਾਂ ਤਨ ਮਨ ਦੁੱਖ ਲੱਗੇ ਭਾਰੀ, ਪੂਰਨ ਹੋਏ ਨਾ ਕਾਮ । ਜੋ ਜਨ ਸਰਨ ਚਰਨ ਕਰਨ ਨਿਮਸਕਾਰੀ, ਪ੍ਰਭ ਆਪ ਸੁਹਾਏ ਕਾਇਆ ਆਤਮ ਸਾਚਾ ਧਾਮ । ਮੇਲ ਮਿਲਾਵਾ ਸਚ ਬਨਵਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਜੋੜ ਕਰੇ ਪ੍ਰਨਾਮ । ਚਰਨ ਪ੍ਰਨਾਮ ਪਤੀ ਪਿਆਰਿਆ । ਆਤਮ ਸਤੀ ਰੱਖ, ਕਿਰਪਾ ਕਰ ਨਿਰੰਕਾਰਿਆ । ਦੇ ਮਤੀ ਕਰ ਵਖ, ਕਲਜੁਗ ਅੰਤਮ ਸਰਬ ਹੰਕਾਰਿਆ । ਸ੍ਰਿਸ਼ਟ ਸਬਾਈ ਲਾਉਂਦੇ ਦਿਸਣ ਭੱਖੀ, ਗੁਰਮੁਖ ਪ੍ਰਭ ਮਿਲਣ ਦੀ ਆਸ ਨਿਤ ਤਕਾ ਰਿਹਾ । ਘਰ ਘਰ ਬਲਦੇ ਦਿਸਣ ਕੱਖੀ, ਅੰਮ੍ਰਿਤ ਮੇਘ ਬਰਸ ਨਾ ਕੋਈ ਬੁਝਾ ਰਿਹਾ । ਗੁਰਸਿਖ ਪ੍ਰਭ ਸਾਚਾ ਲਏ ਰੱਖੀ, ਜਿਸ ਆਪਣੇ ਲੜ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਕਾਂਗ ਹੜ੍ਹ ਇਕ ਜਗਤ ਚੜ੍ਹਾ ਰਿਹਾ । ਸ਼ਬਦ ਕਾਂਗ ਆਵੇ ਚੜ੍ਹ । ਸ੍ਰਿਸ਼ਟ ਸਬਾਈ ਜਾਏ ਹੜ੍ਹ । ਨਾ ਕੋਈ ਦਿਸੇ ਕਿਲ੍ਹਾ ਗੜ੍ਹ । ਬੇਮੁੱਖ ਝੂਠੇ ਜਾਇਣ ਝੜ । ਦਰ ਦਰ ਮੰਗਣ ਹੱਥੀਂ ਠੂਠੇ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਜਗਾਏ, ਜੋਤ ਸਰੂਪੀ ਅੰਦਰ ਵੜ । ਅੰਦਰ ਆਏ ਦਿਸ ਨਾ ਆਏ, ਸ਼ਬਦ ਜਣਾਏ ਗੁਰਸਿਖ ਜਗਾਏ, ਦੇ ਮੱਤ ਸਮਝਾਏ, ਪ੍ਰਭ ਸਾਚੇ ਦੀ ਸਚ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਰ ਕਰਾਏ । ਭਰਮ ਭੁਲਣਾ, ਜਗਤ ਰੁਲਣਾ । ਘਰ ਸਾਚੇ ਪਵੇ ਨਾ ਕੋਈ ਮੁਲਨਾ । ਸੋਹੰ ਕੰਡੇ ਸਾਚੇ ਤੁਲਨਾ । ਸ਼ਬਦ ਪੰਘੂੜਾ ਸਾਚਾ ਝੂਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਘੋਲ ਘੁਲਨਾ । ਚਰਨ ਪ੍ਰੀਤੀ ਘੋਲ ਘੁਮਾਓ । ਆਪਣੇ ਸਿਰ ਨਾ ਚਵਰ ਝੁਲਾਓ । ਸੋ ਕਿਉਂ ਭੁੱਲੇ ਜਿਸ ਦਾ ਦਿਤਾ ਪੀਓ ਖਾਓ । ਸਚ ਸ਼ਬਦ ਇਕ ਨਾ ਨਿਕਲੇ ਮੁੱਖੇ, ਮਸਤ ਮਸਤਾਨਾ

ਨਾ ਸੀਸ ਝੁਕਾਓ । ਦਰ ਘਰ ਸਾਚਾ ਗੁਰਮੁਖ ਜਿਥੇ ਫਲੇ ਫੁੱਲੇ ਸਾਚੀ ਜੜ੍ਹ ਗੁਰ ਦਰ ਲਗਾਓ । ਸਚ ਸ਼ਬਦ ਹਰਿ ਉਚਾਰੇ । ਜਨ ਭਗਤ ਹੋਇਣ ਨਾਮ ਅਧਾਰੇ । ਦਿਵਸ ਰੈਣ ਦੋਏ ਜੋੜ ਕਰਨ ਨਿਮਸਕਾਰੇ । ਪ੍ਰਭ ਅਬਿਨਾਸ਼ੀ ਵਾਗਾਂ ਮੋੜ, ਕਰ ਕਿਰਪਾ ਆ ਸਾਚੇ ਸਚ ਦਵਾਰੇ । ਵੇਲੇ ਅੰਤਮ ਕਲਜੁਗ ਤੇਰੀ ਸਾਚੀ ਲੋੜ, ਸਾਧ ਸੰਤ ਸਰਬ ਪੁਕਾਰੇ । ਪਾਪ ਅਪਰਾਧ ਬੇਮੁੱਖਾਂ ਬੈਠਾ ਜੋੜ ਜੋੜ, ਸ਼ਬਦ ਖੰਡਾ ਮਾਰ ਦੋ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਧਾਰੇ । ਦੇਵੇ ਮਸਤੀ ਕਰੇ ਮਸਤ ਦੀਵਾਨਾ । ਨਾ ਕੋਈ ਜਾਣੇ ਹਰਿ ਸ੍ਰੀ ਭਗਵਾਨਾ । ਆਪਣਾ ਖੇਲ ਆਪ ਕਰਾਨਾ । ਸ਼ਬਦ ਸਰੂਪੀ ਹਰਿ ਡੰਕ ਵਜਾਣਾ । ਛਿੰਨ ਭੰਗਰ ਏਕਾ ਅੰਕ ਤਨਕ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਉਂ ਦਾਣਾ ਕਣਕ ਜੋਤੀ ਵਿਚ ਟਿਕਾਣਾ । ਏਕਾ ਜੋਤੀ ਵਿਚ ਟਿਕਾਏ । ਮਸਤ ਮਸਤਾਨਾ ਦੇ ਦੁਹਾਏ । ਆਓ ਵੇਖੋ ਹਰਿ ਜੀ ਆਏ । ਕਲਜੁਗ ਜੀਵ ਹੋਏ ਬਉਰਾਨੇ, ਭੇਵ ਕੋਈ ਨਾ ਪਾਏ । ਆਤਮ ਜੀਵ ਹੋਏ ਦੀਵਾਨੇ, ਹਰਿ ਜੀ ਖੇਲ ਰਚਾਏ । ਆਪ ਜਪਾਏ ਸੋਹੰ ਸ਼ਬਦ ਝੁਲਾਏ ਸਚ ਨਿਸ਼ਾਨੇ, ਗੁਰਸਿਖਾਂ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਜਨ ਭੁੱਲ ਨਾ ਜਾਏ । ਸਚ ਨਿਸ਼ਾਨਾ ਜਾਏ ਝੁੱਲ । ਪ੍ਰਭ ਸਾਚੇ ਦਾ ਸਾਚਾ ਦਰ ਜਾਏ ਖੁੱਲ੍ਹ । ਕਲਜੁਗ ਦੀਵਾ ਹੋਏ ਗੁੱਲ । ਸਤਿਜੁਗ ਫੁਲਵਾੜੀ ਗੁਰਸਿਖ ਉਪਜਾਏ ਫੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਕਰੇ ਵਾੜੀ, ਗੁਰਸਿਖ ਨਾ ਜਾਣਾ ਡੁੱਲ । ਗੁਰਸਿਖ ਆਤਮ ਮੂਲ ਨਾ ਡੋਲੇ । ਪ੍ਰਭ ਅਬਿਨਾਸ਼ੀ ਤੇਰੇ ਅੰਦਰ ਆਤਮ ਬੋਲੇ । ਸ਼ਬਦ ਸਰੂਪੀ ਤੋੜੇ ਜੰਦਰ, ਨਾ ਕੋਈ ਰੱਖੇ ਉਹਲੇ । ਬੇਮੁੱਖ ਆਪ ਫਿਰਾਏ ਦਰ ਦਰ ਘਰ ਘਰ ਜਿਉਂ ਬੰਦਰ, ਹੱਥ ਕਲੰਦਰ ਭਿੱਖ ਕੋਈ ਨਾ ਪਾਏ । ਪ੍ਰਭ ਵਸੇ ਕਾਇਆ ਅੰਧੇਰੀ ਕੰਧਰ, ਗੁਰਸਿਖ ਮੰਗਣ ਕੋਈ ਨਾ ਜਾਏ । ਨਾ ਕੋਈ ਪੂਜੇ ਗੋਰਖ ਮਛੰਦਰ, ਪ੍ਰਭ ਚਰਨ ਸਭ ਧਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਰਬ ਵਖਾਏ । ਗੋਰਖ ਮਛੰਦਰ ਜਲੰਧਰ ਗੋਪੀ ਨਾਥ । ਤੀਨਾ ਬਣਿਆ ਏਕਾ ਸਾਥ । ਉਚਾ ਟਿੱਲਾ ਸਾਚਾ ਕਿਲ੍ਹਾ ਕਿਸੇ ਨਾ ਪੁਜੇ ਹਾਥ । ਸ਼ਬਦ ਸਰੂਪੀ ਪ੍ਰਭ ਰਸਨਾ ਤੀਰ ਚੜ੍ਹਾਇਆ ਚਿੱਲ੍ਹਾ, ਆਪ ਉਲਟਾਏ ਤ੍ਰੈਲੋਕੀ ਨਾਥ । ਜੱਤ ਦਾ ਧਾਗਾ ਹੋਇਆ ਢਿੱਲਾ, ਪਿਛਲੀ ਪੂਰੀ ਹੋਈ ਗਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਗੁਰਮੁਖਾਂ ਬਣਾਏ ਸਾਚਾ ਸਾਥ । ਗੋਰਖ ਮਛੰਦਰ ਵਕਤ ਚੁਕਾਏ । ਮਾਨਸ ਜਨਮ ਫੇਰ ਦਵਾਏ । ਗੁਰਸਿਖ ਸਾਚੇ ਆਪ ਬਣਾਏ । ਸੰਗ ਭਰਥਰੀ ਦੇ ਰਲਾਏ । ਅੰਗ ਸੰਗ ਆਪ ਹੋ ਜਾਏ । ਗੋਪੀ ਰਾਜ ਸਾਚਾ ਤਾਜ ਫਿਰ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਪਿਛਲਾ ਲਹਿਣਾ ਸਤਿਜੁਗ ਸਾਚੇ ਆਪ ਦਵਾਏ । ਗੋਰਖ ਗੁਰੂ ਸੰਗ ਨੌਂ ਨਾਥ । ਗੁਰ ਸੰਗਤ ਬਣਾਏ ਸਾਚਾ ਸਾਥ । ਸਿੰਘ ਆਸਣ ਬੈਠ ਸਾਚਾ ਲੇਖ ਲਿਖਾਏ ਗਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਕੋਈ ਨਾ ਜਾਣੇ ਏਕਾ ਏਕ ਤ੍ਰੈਲੋਕੀ ਨਾਥ । ਸਾਚਾ ਸੰਗ ਜਾਏ ਬਣ । ਆਪ ਮਿਟਾਏ ਰਹਿਣ ਨਾ ਪਾਏ ਵਡ ਵਡ ਗੁਣ । ਏਕਾ ਆਪਣਾ ਨਾਮ ਜਪਾਏ ਸ੍ਰਿਸ਼ਟ ਸਬਾਈ ਸਾਚੇ ਮਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਭੇਵ ਰਖਾਏ । ਹੱਥੀ ਦੇਵੇ ਆਪ ਸਜਾਏ, ਮਾਣ ਤਾਣ ਸਰਬ ਗਵਾਏ ਜਿਉਂ ਸ਼ਿਵ ਜੀ ਲਾਇਆ ਡੰਨ । ਸ਼ਿਵ ਜੀ ਡੰਨਿਆ, ਭਾਂਡਾ ਭੰਨਿਆਂ । ਕਾਮੀ ਹੋਇਆ ਆਤਮ ਅੰਨਿਆਂ । ਨਾ ਭੇਵ ਜਾਣੇ ਸਵਾਮੀ ਨਾ ਭਾਣਾ ਸਾਚਾ ਮੰਨਿਆ । ਜੋਤੀ ਜੋਤ ਸਰੂਪ ਹਰਿ ਆਪਣਾ ਖੇਲ ਆਪ ਵਖਨਿਆਂ ।

ਖੇਲ ਵਖਾਇਆ, ਮੋਹਣੀ ਰੂਪ ਹਰਿ ਵਖਾਇਆ । ਆਤਮ ਧੀਰਜ ਜੱਤ ਗਵਾਇਆ । ਆਪਣਾ ਧੀਰਜ ਨਾ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਛਲ ਵਲ ਵਲ ਛਲ ਕਰ ਆਪ ਭੁਲਾਇਆ । ਆਤਮ ਧੀਰਜ ਨਾ ਹੋਏ ਧੀਰਾ । ਕਾਮੀ ਹੋਇਆ ਸਰਬ ਸਰੀਰਾ । ਜਗਤ ਨਾਮੀ ਵਡ ਗਹਿਰ ਗੰਭੀਰਾ । ਜੋਤੀ ਜੋਤ ਸਰੂਪ ਹਰਿ, ਮਾਇਆ ਰੂਪੀ ਉਪਰ ਦੇਵੇ ਚੀਰਾ । ਮਾਇਆ ਰੂਪੀ ਮਾਇਆ ਜਾਲ । ਨਾ ਸਕਿਆ ਆਪਣੀ ਸੁਰਤ ਸੰਭਾਲ । ਜੋਤ ਸਰੂਪੀ ਹਰਿ ਪਾਇਆ ਆਤਮ ਜਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਨ ਭਗਤਾਂ ਚਰਨ ਪ੍ਰੀਤੀ ਨਿਭਾਏ ਨਾਲ । ਕਾਮੀ ਕਪਟ ਨਾ ਝੱਲੇ ਝਪਟ ਕਾਇਆ ਤਪੇ ਜਿਉਂ ਵੈਦ ਹਕੀਮ ਦੇਵੇ ਸੰਮਪਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਆਂ ਅੰਤਮ ਬਾਜ਼ੀ ਹਾਰੀ ਜਿਉਂ ਪਾਸਾ ਚਮਪਟ । ਪਾਸਾ ਚਮਪਟ ਖੇਲ ਖਿਲਾਰੀ । ਮਾਨਸ ਜਨਮ ਨਾ ਬੂਝ ਵਿਚਾਰੀ । ਝੂਠੇ ਧੰਦੇ ਲੱਗੇ ਦਾਓ, ਆਇਆ ਪਾਸਾ ਹਾਰੀ । ਨਾ ਕੋਈ ਮਿਲੇ ਕਿਤੇ ਥਾਉਂ, ਬੇਮੁਖਾਂ ਮਤ ਗਈ ਮਾਰੀ । ਗੁਰਮੁਖ ਸਾਚੇ ਮਾਣੋ ਪ੍ਰਭ ਸਾਚੇ ਦੀ ਸਾਚੀ ਛਾਉਂ, ਸਿਰ ਰੱਖੇ ਛਤਰ ਖਿਲਾਰੀ । ਦਰਗਹਿ ਸਾਚੀ ਦੇਵੇ ਨਿਥਾਵਿਆਂ ਥਾਂਓ, ਜੋ ਜਨ ਆਏ ਚਰਨ ਦਰਬਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਰਾਇਣ ਨਰ ਅਵਤਾਰੀ । ਖੁਲ੍ਹੜੇ ਕੇਸ, ਦਰ ਦਰਵੇਸ਼ । ਮੰਗਣ ਚੜ੍ਹਿਆ ਮਾਝੇ ਦੇਸ । ਗੁਰਮੁਖ ਸਾਚੇ ਕਰਮ ਧਰਮ ਲਏ ਵੇਖ । ਦਰ ਦਵਾਰੇ ਸਾਚੇ ਜਾਏ ਆਪਣੀ ਝੋਲੀ ਅੱਗੇ ਡਾਹੇ, ਜਿਥੇ ਪੈਂਦੀ ਪ੍ਰੇਮ ਭਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਅੰਤਮ ਅੰਤ ਟੰਗੇ ਉਪਰ ਸੀਖ । ਖੁਲ੍ਹੇ ਕੇਸ ਜਟਾ ਜੂਟ ਧਾਰ । ਜਨ ਸੰਤ ਬੈਠੇ ਹੇਠ ਸੀਤਲਾ ਧਾਰ । ਜਿਥੇ ਕਰਿਆ ਤਪ ਦਸਵੇਂ ਗੁਰ ਹਰਿ ਅਵਤਾਰ । ਪੰਜੇ ਪਾਂਡੋ ਗਏ ਜਿਸ ਦਵਾਰ । ਕਿਸੇ ਨਾ ਖੁਲ੍ਹਾਇਆ ਨਾ ਪੜਦਾ ਲਾਹਿਆ ਜਿਥੇ ਲੱਗਾ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਦੇਵੇ ਇਕ ਹੁਲਾਰ । ਵਡ ਸ਼ਾਹ ਸ਼ਾਬਾਸ਼ੀਆ । ਆਵਣ ਅਬਾਸੀਆਂ । ਹੋਵਣ ਉਦਾਸੀਆਂ । ਦੱਸਣ ਸਾਥੀਆਂ । ਆਇਆ ਵਿਚ ਮਾਤ ਤ੍ਰੈਲੋਕੀ ਨਾਥੀਆ । ਜਿਸ ਚਲਾਏ ਸਾਚੀ ਗਾਥੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਰਥ ਚਲਾਏ ਬਣੇ ਆਪ ਵਡ ਰਥਵਾਹੀਆ । ਸੰਤ ਬੈਰਾਗੀ, ਕਲਜੁਗ ਮਾਇਆ ਜਾਣ ਤਿਆਗੀ । ਸੁਣਾਏ ਸ਼ਬਦ ਪਹਿਲੀ ਮਾਘੀ । ਭੱਜੇ ਆਵਣ ਕਹਿਣ ਸੋਈ ਕਿਸਮਤ ਸਾਡੀ ਜਾਗੀ । ਪ੍ਰਭ ਅਬਿਨਾਸ਼ੀ ਵਕਤ ਸੁਹਾਇਆ , ਸ਼ਬਦ ਸੁਣਾਇਆ ਸਾਚਾ ਰਾਗੀ । ਮਾਤਲੋਕ ਹਰਿ ਜਾਮਾ ਪਾਇਆ, ਸੰਤ ਜਨਾਂ ਦਾ ਸੱਚਾ ਵਾਗੀ । ਨਿਹਕਲੰਕ ਕਲ ਨਾਉਂ ਧਰਾਇਆ, ਹੰਸ ਬਣਾਏ ਕਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟ ਜਨਮ ਦੇ ਧੋਵੇ ਪਾਪ ਦਾਗੀ । ਮਨ ਬੈਰਾਗੀ ਹੋਏ ਬੈਰਾਗੀਆ । ਚਰਨ ਪ੍ਰੀਤ ਹਰਿ ਸਾਚੇ ਲਾਗੀਆ । ਦੇਵੇ ਹਰਿ ਕਲ ਮਾਣ ਆਓ ਦਰ ਵਡ ਵਡ ਭਾਗੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੁਝਾਏ ਤ੍ਰਿਸ਼ਨਾ ਆਗੀਆ । ਅਗਰ ਤਪ ਕਰਨ ਤਪੀਸਰ । ਨਾ ਮਿਲਿਆ ਹਰਿ ਸੱਚਾ ਜਗਦੀਸ਼ਰ । ਕਿਆ ਕੋਈ ਕਰੇ ਵਡ ਵਡ ਈਸ਼ਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ ਦਰਸ ਦਿਖਾਏ ਦਇਆ ਕਮਾਏ ਚਰਨ ਧੂੜੀ ਗੁਰਸਿਖ ਮਸਤਕ ਲਾਏ ਸਾਚਾ ਕੇਸਰ । ਕੇਸਰ ਤਿਲਕ ਲਾਗੇ ਚੰਦਨ । ਆਪੇ ਤੋੜੇ ਝੂਠੇ ਬੰਧਨ । ਆਤਮ ਸੁਖ ਉਪਜਾਏ, ਪਰਮ ਪੁਰਖ ਪਰਮਾਨੰਦਨ । ਗੁਰ ਗੋਬਿੰਦ ਇਕ ਥਾਂ ਬਹਾਏ, ਸਦਾ ਸਦਾ ਬਖਸ਼ਿੰਦਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਸਨ ਦਾਸ ਸਰਬ ਘਾਟ ਵਾਸ ਆਪਣਾ ਆਪ


੨੯੬
੦੩

ਰਖੰਦਨਾ । ਖੁਲ੍ਹੇ ਕੇਸ ਵੇਖ ਨਾ ਝੁਰਨਾ । ਪ੍ਰਭ ਅਬਿਨਾਸ਼ੀ ਵਡ ਦਾਤਾ ਸੂਰਨਾ । ਘਨਕਪੁਰ ਵਾਸੀ ਆਪਣੇ ਲਾਹੇ ਚੀਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਸ਼ਬਦ ਵੇਲਨੇ ਵਿਚ ਪੀੜਨਾ । ਸ਼ਬਦ ਵੇਲਣੇ ਆਪ ਪਿੜਾਏ । ਕਲਜੁਗ ਜੀਵ ਅੰਤਮ ਅੰਤ ਰੁਲਾਏ । ਲਹੂ ਮਿਝ ਘਾਣ ਰਸ ਬਣਾਏ । ਕਲਜੁਗ ਕਲਜੋਗਣਾ ਹੱਥ ਖੱਪਰ ਆਪ ਫੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੂ ਕਾਲ ਆਪਣੀ ਕਲ ਵਰਤਾਏ । ਕਲੂ ਕਾਲ ਹਰਿ ਵਰਤਾਰਾ । ਦੇਵਾਂ ਦੰਤਾਂ ਸ਼ਬਦ ਬੁਲਾਰਾ । ਸਾਧਾਂ ਸੰਤਾਂ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਸ਼ਬਦ ਡੰਕ ਕਰਾਏ ਜੈ ਜੈ ਜੈਕਾਰਾ । ਦੇਵ ਦੰਤ ਦਰ ਬੁਲਾਏ । ਹਾਕਨ ਡਾਕਨ ਸੰਗ ਰਲਾਏ । ਮਾਈ ਗੌਰਜਾਂ ਡੰਕ ਵਜਾਏ । ਕਲਜੁਗ ਭੁੱਖੇ ਤਿਹਾਏ ਕਿਰਪਾ ਕਰ ਜਿਉਂ ਕ੍ਰਿਸ਼ਨਾ ਕਾਹਨਾ ਆਤਮ ਤ੍ਰਿਖਾ ਸਾਡੀ ਬੁਝਾਏ । ਸ੍ਰਿਸ਼ਟ ਸਬਾਈ ਹੱਥ ਬੰਨ੍ਹ ਮੌਤ ਗਾਨਾ, ਜਾਂਵੀ ਲਾੜੇ ਅਸੀਂ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਰ ਬੇਤਾਲਿਆ ਜਗਤ ਬੇਹਾਲਿਆ ਭਰ ਪਿਆਲੇ ਆਪ ਪਿਆਏ । ਬੀਰ ਬੈਤਾਲੇ ਪੀਣ ਪਿਆਲੇ, ਕਲਜੁਗ ਜੀਵ ਹੋਏ ਬੇਹਾਲੇ । ਪ੍ਰਭ ਆਪ ਦਲੇ ਦੋ ਫਾੜੇ ਦਾਲੇ । ਕਲਜੁਗ ਟੁੱਟੇ ਫੱਲ ਡਾਲੇ । ਕੋਈ ਨਾ ਕਿਸੇ ਸੁਰਤ ਸੰਭਾਲੇ । ਮਾਵਾਂ ਪੁੱਤਰਾਂ ਨਾ ਨਿਭੇ ਨਾਲੇ । ਭੈਣਾਂ ਭਾਈ ਨਾ ਹੋਇਣ ਰਖਵਾਲੇ । ਥਾਓ ਥਾਈਂ ਨਿਕਲੇ ਸਰਬ ਦਵਾਲੇ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਰੱਖੇ ਚਰਨ ਮਤਵਾਲੇ । ਸਾਚਾ ਦੇਵੇ ਨਾਮ ਜਗਤ ਧੰਨਾ ਨਾ ਹੋਣ ਕਦੇ ਕੰਗਾਲੇ । ਅੰਮ੍ਰਿਤ ਨਾਮ ਰਸ ਭਿੰਨਾ, ਗੁਰਮੁਖ ਸਾਚੇ ਪ੍ਰਭ ਦਰ ਪੀਓ ਭਰ ਪਿਆਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਗਲੇ ਲਗਾਏ ਗੁਰਸਿਖ ਅੰਞਾਣੇ ਬਾਲੇ । ਖੁਲ੍ਹੇ ਕੇਸ ਧੁਰਦਰਗਾਹੀ । ਕਲਜੁਗ ਆਇਆ ਸੱਚਾ ਮਾਹੀ । ਸਾਚੀ ਗਾਥ ਜਿਸ ਸੁਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਰਥ ਦੇ ਚੜ੍ਹਾਈ । ਖੁਲ੍ਹੇ ਕੇਸ ਰਹਿਣ ਹਮੇਸ਼ । ਪ੍ਰਭ ਸਾਚੇ ਦਾ ਕਿਆ ਕੋਈ ਵੇਖੇ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਗੁਰਮੁਖ ਸਾਚੇ ਵਿਚ ਪ੍ਰਵੇਸ਼ । ਖੁਲ੍ਹੇ ਕੇਸ ਜਗਤ ਭੁਲੇਖਾ । ਏਥੇ ਮੁਕਾ ਸਾਚਾ ਲੇਖਾ । ਗੁਰਸਿਖ ਨਾ ਰਹਿਣਾ ਵੇਖੀ ਵੇਖਾ । ਸੋ ਜਨ ਉਧਰੇ ਪਾਰ ਆਏ ਦਵਾਰ ਮਿਲ ਨਿਰੰਕਾਰ ਨੇਤਰ ਦਰਸ ਪੇਖਾ । ਗੁਰ ਚਰਨ ਜਾਓ ਬਲਿਹਾਰ । ਪ੍ਰਭ ਜਾਏ ਸਾਚਾ ਤਾਰ । ਦੋਏ ਜੋੜ ਕਲ ਕਰੋ ਚਰਨ ਨਿਮਸਕਾਰ । ਝੂਠੇ ਦਿਸੇ ਸਰਬ ਸੰਸਾਰ । ਮਾਤ ਪਿਤ ਭੈਣ ਭਾਈ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਸਰਬ ਜੀਆਂ ਦਾ ਇਕ ਅਧਾਰ । ਇਕ ਅਧਾਰ ਵਿਚ ਮੰਝਧਾਰ । ਸਾਚਾ ਤਰਨੀ ਗੁਰਸਿਖ ਸਾਚਾ ਤਰੇ, ਪ੍ਰਭ ਦੇਵੇ ਸ਼ਬਦ ਹੁਲਾਰ । ਨਾ ਜਨਮੇ ਨਾ ਮਰੇ, ਆਪ ਬਣਾਏ ਸਚ ਦਵਾਰ । ਪੂਰਨ ਇਛਿਆ ਪ੍ਰਭ ਸਾਚਾ ਕਰੇ, ਜੋ ਜਨ ਚਲ ਆਇਆ ਸਚ ਦਰਬਾਰ । ਸਾਚੀ ਭਿਛਿਆ ਪਾਏ ਹਰੇ, ਦੇਵੇ ਨਾਮ ਵਸਤ ਸਚ ਭੰਡਾਰ । ਆਪਣੀ ਕਿਰਪਾ ਆਪੇ ਕਰੇ, ਨਾ ਕਰੇ ਕਿਸੇ ਉਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਾਚਾ ਨਾਮ ਅਧਾਰ । ਗੁਰਸਿਖ ਬਣੇ ਵਣਜਾਰਾ ਵਣਜ ਵਣਜਾਰਿਆ, ਹਰਿ ਪਿਆਰਿਆ । ਕਰ ਦਰਸ ਅਗੰਮ ਅਪਾਰਿਆ । ਕਰ ਤਰਸ ਆਇਆ ਗੁਰਸਿਖਾਂ ਦਰ ਦਵਾਰਿਆ । ਅੰਮ੍ਰਿਤ ਮੇਘ ਜਾਏ ਬਰਸ, ਪ੍ਰਭ ਸਾਚੇ ਲੇਖ ਆਪ ਲਿਖਾ ਰਿਹਾ । ਕਰ ਦਰਸ ਮਿਟਾਓ ਹਰਸ, ਵੇਲਾ ਗਿਆ ਪੁਰੀ ਅਨੰਦ ਗੁਰ ਗੋਬਿੰਦ ਫੇਰ ਪਛਤਾ ਰਿਹਾ । ਗੁਰ ਗੋਬਿੰਦ ਹਰਿ ਹਰਿ ਵਖਾਣੂ । ਆਪੇ ਬਣੇ ਜਗਤ ਪਛਾਣੂ । ਗਰੀਬਾ ਬਨਿਅ ਵੰਞ ਮਹਾਣੂ । ਮੇਟ ਮਿਟਾਏ ਝੂਠਾ ਮਾਣੂ । ਸ਼ਬਦ

ਚਲਾਏ ਸਾਚਾ ਬਾਣੂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਭੁੱਲੇ ਨਾ ਭੁਲਾਏ ਨਾ ਕੋਇ ਜਾਣੂ ਜੀਵ ਅੰਞਾਣੂ । ਗੁਰ ਗੋਬਿੰਦ ਹਰਿ ਹੁਕਮ ਸੁਣਾਏ । ਦੁਸ਼ਟ ਦਮਨ ਨੂੰ ਆਪ ਉਠਾਏ । ਜਗਤ ਥੰਮਣ ਵਿਚ ਮਾਤ ਬਣਾਏ । ਗੁਰਮੁਖ ਸਾਚੇ ਸੰਤ ਤੇਰੇ ਚਰਨ ਸਾਚਾ ਛਤਰ ਸੀਸ ਝੁਲਾਏ । ਦੁਸ਼ਟ ਦੂਤ ਸਭ ਕੰਬਣ, ਚੰਡ ਪ੍ਰਚੰਡ ਪ੍ਰਭ ਹੱਥ ਫੜਾਏ । ਜੋਤੀ ਜੋਤ ਸਰੂਪ ਹਰਿ, ਸਾਚਾ ਹਵਨ ਆਪਣਾ ਆਪ ਕਰਾਏ । ਹਵਨ ਕੀਆ ਦਸ ਮਾਸ । ਪ੍ਰਗਟ ਹੋਏ ਪੁਰਖ ਅਬਿਨਾਸ਼ । ਆਪ ਬਣਾਇਆ ਆਪਣਾ ਦਾਸ । ਏਕਾ ਦਿਤਾ ਸਾਚਾ ਵਰ ਜੋਤੀ ਜੋਤ ਸਰੂਪ ਹਰਿ ਬੇਮੁਖਾਂ ਕਰਾਏ ਨਾਸ । ਸਾਚਾ ਹਵਨ ਹਰਿ ਕਾ ਕੀਆ । ਸਾਚੀ ਵਸਤ ਦਾਤ ਹਰਿ ਸਾਚੇ ਦੀਆ । ਏਕਾ ਵਸਤ ਫੜਾਏ ਦਸਤ ਚੰਡੀ ਦੇਵੇ ਕਰ ਕਰ ਸਾਚਾ ਹੀਆ । ਜੋਤੀ ਜੋਤ ਸਰੂਪ ਹਰਿ ਸਾਚਾ ਰੰਗ ਏਕਾ ਏਕ ਆਪਣਾ ਆਪ ਕੀਆ । ਸਾਚਾ ਰੰਗ ਹਰਿ ਰੰਗਾਇਆ । ਕਮਰ ਤੰਗ ਆਪ ਕਸਾਇਆ । ਵਿਚ ਮਾਤ ਹੋਏ ਭੁਯੰਗ ਅਚਰਜ ਖੇਲ ਵਰਤਾਇਆ । ਜੋਤੀ ਜੋਤ ਸਰੂਪ ਹਰਿ ਧੁਰ ਫ਼ਰਮਾਣ ਆਪਣਾ ਆਪ ਸੁਣਾਇਆ । ਏਕਾ ਨੇਤਰ ਵਗੇ ਨੀਰ । ਗੁਰਸਿਖਾਂ ਪ੍ਰਭ ਕੱਟੇ ਭੀੜ । ਅੰਮ੍ਰਿਤ ਪਿਆਏ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਗਵਾਏ ਪੀਰ ਫ਼ਕੀਰ । ਨੇਤਰ ਨੀਰ ਆਪ ਵਹਾਇਆ । ਕਲਜੁਗ ਜੀਆਂ ਸਰਬ ਰਵਾਇਆ । ਸਿੰਘ ਸਿੰਘਾਸਣ ਬੈਠ ਹਰਿ ਜੀ ਸਾਚਾ ਖੇਲ ਆਪ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਾਸੀ ਦਾਸਨ ਆਪ ਅਖਵਾਇਆ । ਵਗੇ ਨੀਰ ਨੇਤਰ ਵਹਿੰਦੀ ਧਾਰ । ਕਲਜੁਗ ਵਰਤੇ ਵਿਚ ਸੰਸਾਰ । ਸੀਸ ਧੜ ਤੁਟਾ ਆਪਸ ਵਿਚ ਪਿਆਰ । ਦਾਣਾ ਪਾਣੀ ਜਗਤ ਨਿਖੁੱਟਾ, ਰੁੜ੍ਹਦੇ ਜਾਣ ਆਪੋ ਆਪਣੇ ਭਾਰ । ਕਲਜੁਗ ਤੇਰੀ ਪ੍ਰਭ ਆਪੇ ਆਪ ਹੋਏ ਜੜ੍ਹ ਪੁੱਟਾ, ਨਾ ਕੋਈ ਸਕੇ ਸਹਾਰ । ਮਾਤ ਨਾਤਾ ਤੇਰਾ ਤੁੱਟਾ, ਚਲ ਸੱਚੇ ਦਰਬਾਰ । ਕਲਜੁਗ ਜੀਵ ਭੁੰਨ ਖਾਹ ਆਪਣੀ ਹੱਥੀਂ ਭੁੱਟਾ, ਅੰਤਮ ਮਾਰੀਂ ਇਕ ਡਕਾਰ । ਸਾਚਾ ਸ਼ਬਦ ਤੀਰ ਵਿਚ ਅਸਮਾਨੋਂ ਛੁੱਟਾ, ਆਪ ਚਲਾਏ ਹਰਿ ਦਾਤਾਰ । ਦੋ ਧੜ ਕਰਾਏ ਆਪੇ ਪਾਏ ਫੁੱਟਾਂ, ਦੇਵੇ ਬਲ ਆਪ ਬਲਕਾਰ । ਸ਼ਬਦ ਨਗਾਰੇ ਵਜਾਏ ਚੋਟਾਂ, ਉਠੇ ਰੂਸਾ ਦਲ ਭਾਰ । ਕਲਜੁਗ ਜੀਵ ਤੇਰੀ ਆਪੇ ਕਰੇ ਪਰਖ ਵੇਖੇ ਖਰਾ ਖੋਟਾ, ਵਿਚ ਮਾਤ ਆਇਆ ਸੱਚਾ ਸੁਨਿਆਰ । ਗੁਰਸਿਖਾਂ ਔਣ ਦੇਵੇ ਕਦੇ ਨਾ ਤੋਟਾਂ, ਖੜਾ ਰਹੇ ਹਰਿ ਆਤਮ ਦਵਾਰ । ਪ੍ਰਭ ਨਾ ਪਤਲਾ ਨਾ ਕਦੇ ਮੋਟਾ, ਏਕਾ ਰੰਗ ਆਦਿ ਜੁਗਾਦਿ ਏਕਾ ਇਕ ਸੱਚਾ ਵਿਸਥਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਕਲਜੁਗ ਜਾਏ ਤਾਰ । ਨੇਤਰ ਨੀਰ ਵਗੇ ਜਲ । ਆਪ ਕਰਾਏ ਜਲ ਥਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਕਲਜੁਗ ਜੀਵ ਜਾਇਣ ਖੁਰ ਜਿਉਂ ਲੂਣ ਡਲ । ਗੁਰਮੁਖ ਸਾਚੇ ਜਾਇਣ ਤਰ, ਦਰ ਦਵਾਰੇ ਆਇਣ ਚਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਭੁਲਾਏ ਕਰ ਕਰ ਵਲ ਛਲ । ਸੁਧ ਬੁਧ ਕਿਸੇ ਰਹਿਣ ਨਾ ਪਾਏ, ਨੇਤਰ ਨੀਰ ਚਲੇ ਅਮੁਲ । ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਤੋਲੇ ਏਕਾ ਤੁਲ । ਗੁਰਸਿਖ ਸਾਚੇ ਸੰਤ ਜਨ ਪਕੜ ਕੱਢੇ ਵਿਚੋਂ ਵਾਲ । ਮਨ ਜਾਏ ਜਿਸ ਸਾਚਾ ਮਨ, ਪ੍ਰਭ ਦੇਵੇ ਦਰਸ ਸੁਤਿਆਂ ਅਨਭੋਲ । ਸਾਚਾ ਸ਼ਬਦ ਸੁਣਾਏ ਕੰਨ ਅੱਠੇ ਪਹਿਰ ਵਜਦੇ ਰਹਿਣ ਢੋਲ । ਗੁਰਮੁਖਾਂ ਬੇੜਾ ਦੇਵੇ ਬੰਨ੍ਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਮਵਲ । ਨੇਤਰ ਨੀਰ ਨੀਰ ਨਿਰਾਲਾ । ਸਾਚਾ ਸੀਰ ਪਿਲਾਏ ਗਊ ਗਰੀਬ ਅੰਞਾਣੇ ਬਾਲਾ । ਆਤਮ ਬਖਸ਼ੇ ਸਾਚਾ ਲਾਲਾ । ਜਮਦੂਤਾਂ ਹੱਡਾਂ ਲੱਗੇ ਪਾਲਾ ।

ਚਰਨ ਪ੍ਰੀਤੀ ਦੱਸੇ ਸਾਚੀ ਘਲਾ । ਸੋਹੰ ਸ਼ਬਦ ਪਹਿਨਾਏ ਸਾਚੀ ਮਾਲਾ । ਗੁਰਸਿਖ ਸਾਚੇ ਘਰ ਸਾਚਾ ਹੋਏ ਮਾਲ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕੱਢੇ ਆਪ ਦਵਾਲਾ । ਸਾਚਾ ਨੀਰ ਨੇਤਰ ਮੋਤੀ । ਗੁਰਸਿਖ ਜਗਾਏ ਤੇਰੀ ਆਤਮ ਜੋਤੀ । ਚਾਰ ਵਰਨ ਕਰਾਏ ਗੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਤੀਰ ਚਲਾਏ ਸ੍ਰਿਸ਼ਟ ਸਬਾਈ ਰਹੀ ਸੋਤੀ । ਨੇਤਰ ਨੀਰ ਨੀਰ ਨਿਰਲੇਪ । ਗੁਰਮੁਖ ਸਾਚੇ ਨੇਤਰ ਲੈਣਾ ਪੇਖ । ਦੂਜੀ ਵਾਰ ਸਰਨ ਚਰਨ ਗੁਰਚਰਨ ਨਾ ਆਉਣਾ ਜੇ ਝੂਠਾ ਦਿਸੇ ਭੇਖ । ਮਰਨ ਜਨਮ ਜਨਮ ਮਰਨ ਜਿਸ ਕਟਾਉਣਾ, ਆਏ ਚਲ ਜਨ ਸਾਚੇ ਘਰ ਦਰ ਦਰਵੇਸ਼ । ਜੋਤ ਸਰੂਪੀ ਹਰਿ ਜੋਤ ਮਹਾਨਾ, ਖੜੇ ਰਹਿਣ ਦਰ ਬ੍ਰਹਮਾ ਵਿਸ਼ਨ ਮਹੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਵਿਚ ਜਾਮਾ ਧਾਰੇ ਗੁਰਮੁਖ ਸਾਚੇ ਵਿਚ ਪ੍ਰਵੇਸ਼ । ਨੇਤਰ ਨੀਰ ਵਗੇ ਨਿਰਾਲਮ । ਵੱਜੇ ਤੀਰ ਜਗਤ ਸਭ ਆਲਮ । ਸ਼ਬਦ ਲਕੀਰ ਹਰਿ ਆਪ ਫਿਰਾਈ ਗੁਰਸਿਖ ਹੱਥ ਫੜਾਈ ਕਾਲਮ । ਪੈ ਜਾਏ ਵਹੀਰ ਪ੍ਰਭ ਮੇਟ ਮਿਟਾਏ ਦੂਤੀ ਦੁਸ਼ਟ ਜ਼ਾਲਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਏ ਸਹਾਏ, ਬਣ ਬਣ ਸਾਚਾ ਬਾਲਮ । ਝੂਠਾ ਸੰਗ ਨਾ ਛੱਡਣ ਚੋਰ । ਰੈਣ ਸਬਾਈ ਭੌਂਦੇ ਰਹਿਣ ਔਰ । ਗੁਰਮੁਖ ਸਾਚੇ ਕਿਰਪਾ ਨਿਧ ਗੌਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕੱਢੇ ਹੱਡ ਹੱਡ ਵੱਢੇ, ਬੈਠੇ ਅੰਧੇਰੀ ਖੱਡੇ, ਆਪ ਚੁਕਾਏ ਮੋਰ ਤੋਰ । ਸਾਥ ਸੰਗ ਸਹੇਲੀਆਂ । ਮਿਲਣ ਆਏ ਸਾਚੇ ਬੇਲੀਆਂ । ਪਿੰਜਣ ਵਾਂਗ ਰੂੰ, ਜਿਉਂ ਤਾੜਾ ਤੇਲੀਆਂ । ਕਿਆ ਕੋਈ ਕਰੇ ਹਾਂ ਹੂੰ, ਸਾਚਾ ਖੇਲ ਆਪ ਪ੍ਰਭ ਖੇਲੀਆ । ਆਤਮ ਚੁੱਲ੍ਹੇ ਧੁਖਦਾ ਰਹੇ ਧੂੰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸਾਚਾ ਬੇਲੀਆ ।



ਸਤਿ ਸੰਗ ਹੋਇਆ ਕੁਸੰਗ । ਦਿਵਸ ਰੈਣ ਕਰਦੇ ਰਹਿਣ ਤੰਗ । ਫੜ ਮਰੋੜਨ ਅੰਗ ਅੰਗ । ਹੱਡੀਆਂ ਤੋੜਨ ਮਾਰਨ ਡੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸਹਾਈ ਗੁਰਸਿਖ ਵਸੇ ਤੇਰੇ ਅੰਗ ਸੰਗ । ਝੂਠੇ ਸਾਧ ਝੁੰਡ ਝਬੇਲਾ । ਗੁਰਮੁਖ ਸਮਝਿਆ ਇਕ ਅਕੇਲਾ । ਸੌਣਾ ਕੀਤਾ ਜਗਤ ਦੁਹੇਲਾ । ਪ੍ਰਭ ਆਪ ਮਿਲਾਏ ਸਾਚਾ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਗੁਰਸਿਖ ਬਣਾਏ ਸਾਚਾ ਚੇਲਾ । ਸਤਿ ਸੰਗੀ ਦੇਣ ਤੰਗੀ । ਭੱਜੇ ਜਾਣ ਜਿਉਂ ਜਾਣ ਫਰੰਗੀ । ਪਗੜੀ ਰਹਿ ਜਾਏ ਅੱਧ ਵਿਚ ਟੰਗੀ । ਮਿਲੇ ਭਿੱਖ ਨਾ ਕਿਸੇ ਮੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਸਾਚਾ ਸਤਿ ਸਤਿ ਸੰਗੀ । ਸੰਗ ਸਬਾਇਆ, ਘਰ ਵਿਚ ਆਇਆ । ਪਵਣ ਸਰੂਪੀ ਡੇਰਾ ਲਾਇਆ । ਮਸਾਣ ਪਵਣ ਪਵਣ ਮਸਾਣ ਕਿਸੇ ਦਿਸ ਨਾ ਆਇਆ । ਸ਼ਬਦ ਬਾਣ ਹਰਿ ਇਕ ਲਗਾਇਆ । ਗੁਰਸਿਖ ਤੇਰੀ ਚਰਨ ਪਾਹਨੀ ਦੂਤਾਂ ਸਿਰ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੱਥ ਤੇਰੇ ਸਿਰ ਟਿਕਾਇਆ । ਮਾਣਕ ਮੋਤੀ ਰੋਲ ਜਗਤ ਵਣਜਾਰਿਆ । ਨਾ ਬੈਠਾ ਰਹੇ ਅਨਭੋਲ ਸੱਚਾ ਸੌਦਾ ਹਰਿ ਇਕ ਵਿਕਾ ਰਿਹਾ । ਚਾਰ ਕੁੰਟ ਵੱਜੇ ਢੋਲ, ਸਾਚੇ ਤੋਲ ਆਪ ਤੁਲਾ ਰਿਹਾ । ਕਿਆ ਕੋਈ ਸਕੇ ਪ੍ਰਭ ਸਾਚੇ ਅੱਗੇ ਬੋਲ, ਆਪਣਾ ਆਪ ਨਾ ਜੀਵ ਪਛਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤ ਆਵਣ ਨਾ ਦੇਵੇ ਵਡ ਵਡ ਸੁਘੜ ਸਿਆਣਿਆਂ । ਵਡ ਵਡ ਸੁਘੜ ਸਿਆਣੇ ਕਰਨ ਚਤੁਰਾਈਆ । ਸਾਚੀ ਵਸਤ ਕਿਸੇ ਹੱਥ ਨਾ ਆਈਆ । ਰਸਨਾ ਢੋਲੇ ਝੂਠੇ ਗਾਇਣ ਨਾ ਮਿਲਿਆ ਸਾਚਾ ਮਾਹੀਆ । ਐਵੇਂ ਗਾਇਣ ਝੂਠੇ ਗਾਇਣ, ਰਾਗ ਤਾਲ ਨਾ ਸੁਰਤ ਸ਼ਬਦ ਕਿਸੇ ਦਵਾਈਆ । ਵਹਿੰਦੇ ਜਾਣ

ਝੂਠੇ ਵਹਿਣ, ਸਾਚੀ ਬੇੜੀ ਨਾ ਕਿਸੇ ਵਖਾਈਆ । ਆਪਣਾ ਕੀਆ ਆਪੇ ਲੈਣ ਭਰ ਪ੍ਰਭ ਸਾਚਾ ਹਿਸਾਬ ਕਿਤਾਬ ਆਪ ਚੁਕਾਈਆ । ਗੁਰ ਸੰਗਤ ਬਣ ਜਾਏ ਭਾਈ ਭੈਣ, ਦੂਈ ਦਵੈਤ ਪ੍ਰਭ ਪਰ੍ਹੇ ਹਟਾਈਆ । ਆਪੇ ਬਣੇ ਸਾਕ ਸੱਜਣ ਸੈਣ, ਆਪੇ ਬਣੇ ਮਾਤ ਪਿਤਾ ਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮਾਰਗ ਗੁਰਸਿਖ ਸਾਚੇ ਲਾਈਆ । ਮਾਰਗ ਸਾਚੇ ਜਾਣਾ ਲੱਗ । ਦੂਜਾ ਫੇਰ ਉਠਾਉਣਾ ਪਗ । ਕਲਜੁਗ ਅਗਨ ਵਿਚ ਨਾ ਜਾਣਾ ਦਗ । ਪ੍ਰਭ ਪਕੜ ਪਛਾੜੇ ਬੇਮੁਖਾਂ ਸ਼ਾਹ ਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜਗਤ ਵਿਰੋਲੇ ਜਿਉਂ ਸਾਗਰ ਝੱਗ । ਸਾਗਰ ਲਹਿਰ ਜਿਉਂ ਦਏ ਉਛਾਲ । ਬਾਹਰ ਕੱਢੇ ਅਨਮੁਲੜੇ ਲਾਲ । ਜੂਠੇ ਝੂਠੇ ਆਪਣੀ ਗੋਦ ਲਏ ਬਿਠਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਾਚਾ ਦੀਪ ਜਗਾਏ ਧਰੇ ਗਗਨ ਸਰੂਪੀ ਮਸਤਕ ਥਾਲ । ਮਿਲੀ ਦਾਤ ਗੁਰ ਦਰਬਾਰੇ । ਮਿਟੇ ਅੰਧੇਰੀ ਰਾਤ ਹੋਏ ਉਜਿਆਰੇ । ਨਾ ਕੋਈ ਪੁੱਛੇ ਜ਼ਾਤ ਪਾਤ ਏਕਾ ਰੰਗ ਰੰਗੇ ਕਰਤਾਰੇ । ਤੁਟੇ ਕਦੇ ਨਾ ਤੇਰਾ ਨਾਤ, ਬੰਧਨ ਪਾਇਆ ਸੱਚੀ ਸਰਕਾਰੇ । ਸਾਚੀ ਦੇਵੇ ਦਾਤ ਕਰ ਬਹੁਭਾਂਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗਣ ਦਰ ਸੱਚਾ ਦਰਬਾਰੇ । ਗੁਰਸਿਖੀ ਖਿੜੀ ਗੁਲਜ਼ਾਰ, ਜਗ ਮਾਲਣ ਸੱਚੀ ਆਈ ਹੈ । ਫੜ ਫੜ ਫੁੱਲ ਤੋੜੇ ਸੱਚੇ ਡਾਲ, ਸਿਰ ਖਾਰੀ ਆਪ ਉਠਾਈ ਹੈ । ਜਨ ਸੰਤਾਂ ਦੀਪਕ ਜੋਤੀ ਦੇਵੇ ਬਾਲ, ਬੇਮੁਖਾਂ ਕਰਨ ਖਵਾਰ, ਗੁਰਸਿਖ ਸਾਚੇ ਇਕ ਇਕ ਪੱਤੀ, ਸਾਚੀ ਮਹਿਕ ਮਹਿਕਾਈ ਹੈ । ਸਾਚਾ ਬੀਜ ਬੀਜੇ ਇਕ ਰੱਤੀ, ਸਤਿਜੁਗ ਸਾਚੇ ਦੂਣ ਸਵਾਈ ਹੈ । ਕੋਈ ਵਿਰਲਾ ਦਿਸੇ ਜਤੀ, ਪ੍ਰਭ ਆਪਣੀ ਮਾਇਆ ਆਪ ਫੈਲਾਈ ਹੈ । ਗੁਰਸਿਖਾਂ ਦੇ ਸਮਝਾਵੇ ਮਤੀ, ਕਲਜੁਗ ਵਾ ਨਾ ਲੱਗੇ ਤਤੀ, ਪ੍ਰਭ ਆਪਣੀ ਗੋਦ ਉਠਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇ ਹਰਿ ਹਰਿ ਥਾਂਈਂ ਹੈ । ਗੁਰਸਿਖ ਫੂਲ ਹਰਿ ਸਾਚਾ ਮਾਲੀ । ਦਿਵਸ ਰੈਣ ਕਰੇ ਰਖਵਾਲੀ ਚਾਰ ਕੁੰਟ ਦਹਿ ਦਿਸ਼ਾ ਜਨ ਭਗਤ ਵਿਕਾਵੇ ਸਾਚੀ ਡਾਲੀ । ਆਤਮ ਸਾਚੀ ਜੋਤ ਧਰੇ, ਗੁਰਸਿਖ ਕੋਈ ਨਾ ਰਹੇ ਖ਼ਾਲੀ । ਕਿਰਪਾ ਕਰੇ ਨਰ ਹਰਿ ਰਹੇ ਬਣ ਆਇਆ ਸਾਚਾ ਪਾਲੀ । ਗੁਰਮੁਖਾਂ ਪੂਰੇ ਕਾਰਜ ਆਪ ਕਰੇ, ਘਰ ਸਾਚੇ ਆਪ ਲੁਆਏ ਛਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਰੱਖੇ ਜੁਗੋ ਜੁਗ ਚਾਲ ਨਿਰਾਲੀ । ਹਰਿ ਸਾਚੀ ਮਾਲਣ, ਸਾਚੀ ਪਾਲਣ, ਸਾਚੀ ਰਖਵਾਲਣ । ਗੁਰਸਿਖ ਤੋੜੇ ਫੁੱਲ ਲਾਲ ਗੁਲਾਨਨ । ਸੋਹੰ ਧਾਗੇ ਸਾਚੇ ਜੋੜੇ, ਪ੍ਰਭ ਚਰਨ ਲਗਾਏ ਸਾਚੇ ਡਾਲਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟਾਂ ਹੋਏ ਰਖਵਾਲਨ । ਗੁਰਸਿਖ ਕਿਆਰੀ, ਸਾਚੇ ਹਰਿ ਪਿਆਰੀ । ਕਲਜੁਗ ਖਿੜੇ ਅੰਤਮ ਵਾਰੀ । ਹਰਿ ਸਾਚਾ ਉਠਾਏ ਸਿਰ ਆਪਣੇ ਖਾਰੀ । ਫੜ ਲੈ ਜਾਣ ਧੁਰ ਦਰਬਾਰੀ । ਧੁਰ ਦਰਬਾਰ ਘਰ ਕਰੇ ਨਿਮਸਕਾਰੀ । ਧੰਨ ਧੰਨ ਧੰਨ ਗੁਰਸਿਖ ਆਏ ਘਰ ਸੱਚੇ ਦਰਬਾਰੀ । ਜੋਤੀ ਜੋਤ ਸਰੂਪ ਹਰਿ ਸਿੰਘ ਆਸਣ ਬੈਠਾ ਲਾਏ ਤਾੜੀ । ਏਕਾ ਏਕ ਅਵਤਾਰ ਨਰ, ਜੀਵਾਂ ਜੰਤਾਂ ਵਿਚ ਰਿਹਾ ਪਸਾਰੀ । ਜਿਥੇ ਵਸੇ ਸਾਚਾ ਹਰਿ, ਨਾ ਕੋਈ ਇੱਟ ਨਾ ਕੋਈ ਮਹੱਲ ਅਟਾਰੀ । ਖੁਲ੍ਹੇ ਰਹਿਣ ਸਦਾ ਦਰ, ਨਾ ਕੋਈ ਭਿਟ ਨਾ ਕੋਈ ਸੂਤਰ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਮਾਏ ਰੂਪ ਰੰਗ ਨਾ ਕੋਈ ਰੇਖ ਨਿਆਰੀ । ਗੁਰਸਿਖ ਫੂਲ ਆਪ ਖਿਲਾਇਆ । ਕਲਜੁਗ ਅੰਤਮ ਆਪ ਮਹਿਕਾਇਆ । ਮਹਿਕ ਮਹਿਕ ਜਿਸ ਜਨ ਰਸਨਾ ਗਾਇਆ । ਪਾਏ ਸਾਚਾ ਨਾਇਕ ਆਪੇ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ


੩੦੦ ੦੩

ਭਾਗ ਲਗਾਇਆ । ਸਚ ਖਾਰੀ ਸਿਰ ਉਠਾਈ ਹੈ । ਦੇਵੇ ਸ਼ਬਦ ਨਾਮ ਦੁਹਾਈ ਹੈ । ਗੁਰਮੁਖ ਸਾਚੇ ਲੈ ਜਗਾਈ ਹੈ । ਬੇਮੁੱਖ ਗੂੜ੍ਹੀ ਨੀਂਦ ਸਵਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਵਡਿਆਈ ਹੈ । ਸਿਰ ਰੱਖੇ ਫੂਲਾਂ ਖਾਰੀ । ਗੁਰਸਿਖ ਨੇਤਰ ਵੇਖੋ ਵਾਰੀ ਵਾਰੀ । ਮਾਤ ਜੋਤ ਧਰੇ ਨੈਣ ਮੁੰਧਾਰੀ । ਲੱਛਮੀ ਚਰਨ ਝੱਸੇ ਖੜ੍ਹੇ ਰਹਿਣ ਦਰ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਰਗਹਿ ਸੱਚੀ ਦੇਵੇ ਸੱਚੀ ਸਿਕਦਾਰੀ । ਸਚ ਸਿਕਦਾਰ ਆਪ ਅਖਵਾਇੰਦਾ । ਤੀਨਾਂ ਲੋਕ ਰਾਜ ਕਰਾਇੰਦਾ । ਸਾਚਾ ਕਾਜ ਗੁਰਮੁਖ ਵਿਰਲੇ ਆਪ ਕਰਾਇੰਦਾ । ਸ਼ਬਦ ਬਾਜ਼ ਇਕ ਉਡਾਇੰਦਾ । ਬੇਮੁੱਖ ਚਿੜੀਆਂ ਵਾਂਗ ਆਪ ਖਪਾਇੰਦਾ । ਕਲਗੀਧਰ ਆਪ ਅਖਵਾਇੰਦਾ । ਅਵਤਾਰ ਨਰ ਨਾਉਂ ਰਖਾਇੰਦਾ । ਪੁਰਖ ਪੁਰਖੋਤਮ ਆਪਣਾ ਬਿਰਦ ਆਪ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਅੰਤਮ ਮਾਰਗ ਏਕਾ ਸਾਚੇ ਜਗਤ ਚਲਾਇੰਦਾ । ਸਾਚਾ ਮਾਰਗ ਚਲਾਏ । ਵਲ ਛਲ ਨਾ ਕੋਈ ਰਖਾਏ । ਆਓ ਚਲ, ਦੇ ਮੱਤ ਆਪ ਸਮਝਾਏ । ਨਾ ਵੇਖੋ ਅਜ ਕਲ, ਵੇਲਾ ਗਿਆ ਹੱਥ ਨਾ ਆਏ । ਬੇਮੁੱਖਾਂ ਲਾਹੇ ਖੱਲ੍ਹ, ਨਾ ਸਕੇ ਕੋਈ ਛੁਡਾਏ । ਵਸੋ ਨਿਹਚਲ ਧਾਮ ਅਟੱਲ, ਗੁਰ ਚਰਨ ਪ੍ਰੀਤੀ ਸੇਵ ਕਮਾਏ । ਆਤਮ ਲਾਏ ਸਾਚਾ ਫੱਲ, ਸਚ ਸੁੱਚ ਫੱਲ ਡਾਲ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਵਾਸਨਾ ਹੋਏ ਦਾਸਨਾ ਸਿਰ ਆਪਣੇ ਆਪ ਉਠਾਏ । ਆਤਮ ਵਾਸਨਾ ਫੂਲਣਹਾਰ । ਮਹਿਕੇ ਟਹਿਕੇ ਵਿਚ ਸੰਸਾਰ । ਜਿਸ ਗਲ ਪਾਵੇ ਆਪ ਦਾਤਾਰ । ਕਿਰਪਾ ਕਰੇ ਅਪਰ ਅਪਾਰ । ਆਪੇ ਚੁੱਕੇ ਗੁਰਸਿਖ ਗੁਰਸਿਖਾਂ ਭਰ । ਧਰਮ ਰਾਏ ਨਾ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸੋਹੰ ਵਸਤ ਸੱਚੀ ਥਾਰ । ਗੁਰ ਸੰਗਤ ਗੁਰ ਚਰਨ ਪਿਆਸੀ । ਦੇਵੇ ਦਰਸ ਪੁਰਖ ਅਬਿਨਾਸ਼ੀ । ਕਰੇ ਕਰਾਏ ਹਰਿ ਤਰਸ, ਜੋ ਦਰ ਆਏ ਮਦਿਰਾ ਮਾਸੀ । ਫਿਰ ਰਸਨ ਨਾ ਲੈਣਾ ਵਰ, ਨਾ ਹੋਏ ਬੰਦ ਖਲਾਸੀ । ਘਰ ਸਾਚੇ ਜਾਓ ਤਰ, ਗਲੋਂ ਕੱਟੋ ਜਮ ਕੀ ਫਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਹਿਰਾਸੀ । ਮਦਿਰਾ ਮਾਸ ਦੇਣਾ ਤਜ । ਨਾ ਕੋਈ ਕਰਨਾ ਅਜ ਪੱਜ । ਪ੍ਰਭ ਪਰਦੇ ਲਵੇ ਕੱਜ । ਬੇਮੁਖਾਂ ਸਿਰ ਬੰਨ੍ਹੇ ਛੱਜ । ਘਰ ਘਰ ਦਰ ਦਰ ਮਰਨ ਭੱਜ ਭੱਜ । ਗੁਰ ਪੂਰੇ ਜੋਤ ਪ੍ਰਗਟਾਈ ਦਰਸ ਕਰੋ ਰੱਜ ਰੱਜ । ਦਰਸ ਕਰਨਾ ਸਾਚਾ ਗੁਰਦੇਵਾ । ਬਿਰਥਾ ਜਾਏ ਨਾ ਗੁਰਸਿਖ ਸੇਵਾ । ਲਗਾਏ ਫੱਲ ਅੰਮ੍ਰਿਤ ਆਤਮ ਸਾਚਾ ਮੇਵਾ । ਗੁਰਸਿਖ ਤੇਰੀ ਚਰਨੀ ਸੇਵ ਕਰਾਏ ਕਰੋੜ ਤੇਤੀਸ ਦੇਵੀ ਦੇਵਾ । ਗੁਰਮੁਖ ਸਾਚੇ ਵਿਚ ਹਰਿ ਆਪ ਸਮਾਏ, ਨਾ ਕੋਈ ਵਿਸ਼ਨੂੰ ਨਾ ਕੋਈ ਸ਼ਿਵ ਸ਼ੰਕਰ ਨਾ ਕੋਈ ਭਰਮ ਭੁਲੇਵਾ । ਦੇਵੀ ਦੇਵਤਿਆਂ ਉਲਟੀ ਕਾਰ । ਕਿਆ ਜਾਣੇ ਜੀਵ ਗੁਆਰ । ਭੋਗਣ ਅਪੱਛਰਾਂ ਨਾਰ । ਪ੍ਰਭ ਅਬਿਨਾਸ਼ੀ ਸਦਾ ਸਦਾ ਏਕਾ ਰੰਗ ਰਹੇ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਅਕਲੋਂ ਵਸੇ ਸਾਰਿਆਂ ਬਾਹਰ । ਅਕਲ ਦਾਨਾਈ ਨਾ ਕਿਸੇ ਚੱਲੇ । ਭੂਮੀ ਬੈਠੇ ਭੂਮਿਕਾ ਮੱਲੇ । ਜੋ ਆਏ ਪ੍ਰਭ ਸਾਚੇ ਦੇ ਘੱਲੇ । ਅੰਤਮ ਜਾਣ ਕੱਲਮ ਕੱਲੇ । ਪੱਲੇ ਕਿਸੇ ਨਾ ਦੀਸੇ ਕੁਛ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਭੇਖ ਧਾਰ ਆਪੇ ਛਲੇ । ਦੇਵੀ ਦੇਵਤ ਅਨਕਾਂ ਫਿਰ ਫਿਰ ਆਵਣ ਏਕਾ ਸਾਚੇ ਥਾਂ । ਪ੍ਰਭ ਅਬਿਨਾਸ਼ੀ ਦਰਸ ਦਿਖਾਏ ਨਾ । ਜੋਤ ਸਰੂਪੀ ਜੋਤ ਹਰਿ, ਆਪਣਾ ਭਾਣਾ ਕਿਸੇ ਜਣਾਵੇ ਨਾ । ਦੇਵੀ ਦੇਵਤ ਹਰਿ ਪੁਕਾਰਦੇ । ਮਾਨਸ ਜਨਮ ਵਿਚ ਸੰਸਾਰ

ਦੇ । ਆਪਣੀ ਚਰਨ ਪ੍ਰੀਤੀ ਕਾਰ ਦੇ । ਸਾਡਾ ਜਨਮ ਤਿੰਨ ਲੋਕਾਂ ਵਿਚ ਸਵਾਰ ਦੇ । ਭਰਮ ਭੁਲੇਖਾ ਸਰਬ ਨਿਵਾਰ ਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਸੱਚੀ ਸਰਕਾਰ ਦੇ । ਦੇਵੀ ਦੇਵਤਾ ਕੋਈ ਨਾ ਜਾਣਨਾ । ਸਿੰਘ ਪੂਰਨ ਵਿਚ ਵਸੇ ਆਪ ਭਗਵਾਨਨਾ । ਕਿਉਂ ਭੁੱਲਾ ਜੀਵ ਨਿਧਾਨਨਾ । ਆਪਣਾ ਆਪ ਜਗਤ ਪਛਾਨਣਾ । ਝੂਠਾ ਘੱਟਾ ਨਾ ਜਗਤ ਛਾਨਣਾ । ਜੋਤ ਸਰੂਪੀ ਹਰਿ ਧਰਿਆ ਭੇਖ, ਜਿਉਂ ਬਲ ਦਵਾਰੇ ਬਾਵਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਮੇਘ ਬਰਸਾਏ, ਜਿਉਂ ਬਰਸੇ ਸਾਵਨਾ । ਸਾਵਣ ਬਰਖਾ ਸਾਚੀ ਰੁੱਤ । ਪ੍ਰਭ ਅਬਿਨਾਸ਼ੀ ਏਕਾ ਵਿਚ ਰਹਾਏ ਚਲਾਏ ਬਿਨ ਨਾੜੀ ਦੇ ਬੁੱਤ । ਗੁਰਮੁਖ ਸਾਚੇ ਆਪ ਬਣਾਏ ਸਾਚੇ ਸੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਸਦਾ ਅਚੁੱਤ । ਦੇਵੀ ਦੇਵਤਾ ਨਾ ਹਰਿ ਘਲਦਾ । ਮਾਇਆ ਰੂਪੀ ਜਗਤ ਨੂੰ ਛਲਦਾ । ਲੇਖਾ ਕਰੇ ਮੰਗੇ ਘੜੀ ਘੜੀ ਪਲ ਪਲ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਵਿਚ ਮਾਤ ਦੇ ਘਲਦਾ । ਦੇਵੀ ਦੇਵਤ ਦੀਰਘ ਰੋਗ । ਨਾ ਦੇਵੇ ਕਦੇ ਦਰਸ ਅਮੋਘ । ਅੱਠੇ ਪਹਿਰ ਰਹੇ ਚਿੰਤਾ ਸੋਗ । ਨਾ ਮਿਲਿਆ ਸਾਚਾ ਯੋਗ । ਝੂਠੇ ਭੋਗਣ ਇੰਦਲੋਕ ਵਿਚ ਭੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਇਕ ਸੁਣਾਏ ਸੋਹੰ ਸ਼ਬਦ ਸਾਚਾ ਸਲੋਕ । ਇੰਦਰ ਲੋਕ ਭੋਗਣ ਭੋਗ । ਝੂਠੀ ਚੁਗਣ ਓਥੇ ਚੋਗ । ਪ੍ਰਭ ਸਾਚੇ ਦਾ ਹੋਇਆ ਵਿਜੋਗ । ਗੁਰਸਿਖ ਸਾਚੇ ਸੰਤ ਜਨਾਂ, ਧੁਰੋਂ ਲਿਖਿਆ ਹਰਿ ਸਾਚਾ ਸੰਯੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਦੇਵੇ ਸੋਹੰ ਸਾਚਾ ਜੋਗ । ਇੰਦਲੋਕ ਗੁਰਸਿਖ ਤਜਾਏ । ਬ੍ਰਹਮਲੋਕ ਵਿਚ ਠਹਿਰ ਨਾ ਪਾਏ । ਸ਼ਿਵਲੋਕ ਨਾ ਰੱਖੇ ਅਟਕਾਏ । ਭੱਜਾ ਜਾਏ ਜਿਥੇ ਵਸੇ ਆਪ ਰਘੁਰਾਏ । ਦੋਏ ਜੋੜ ਜੋੜ ਪ੍ਰਭ ਚਰਨੀ ਸੀਸ ਟਿਕਾਏ । ਮਾਤ ਪਤਾਲ ਅਕਾਸ਼ੀਂ ਬਾਹਰਾ, ਪ੍ਰਭ ਆਪਣੀ ਜੋਤ ਆਪ ਜਗਾਏ । ਏਕਾ ਭਗਤ ਸੱਚੇ ਦਰ ਪਹਿਰਾ, ਦੂਜਾ ਨਾ ਕੋਈ ਅਟਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪਣੇ ਚਰਨ ਬਹਾਏ । ਇੰਦਰਲੋਕ ਸੁਣਨਾ ਰਾਗ । ਸੁੱਤੇ ਰਹਿਣ ਸਦਾ ਭਾਗ । ਅੰਤਮ ਜੁਗ ਇਕ ਵਾਰੀ ਆਵੇ ਜਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜੋਤ ਸਰੂਪੀ ਜਿਸ ਵੇਲੇ ਵਰਤੇ ਸਾਂਗ । ਨਾ ਕੋਈ ਪੁੱਤਰ ਨਾ ਕੋਈ ਧੀ । ਗੁਰਸਿਖ ਸਾਚੇ ਸਾਚਾ ਬੀ । ਨਿਰਮਲ ਕਰਾਏ ਜਗਤ ਜੀ । ਬੇਮੁਖ ਕਲਜੁਗ ਜੀਵ ਜਾਣੇ ਕੀ । ਗੁਰਮੁਖ ਸਾਚੇ ਗੁਰ ਸੰਗਤ ਵਿਚ ਰਲਾਏ ਜਿਉਂ ਸ਼ੱਕਰ ਘੀ । ਮੱਤ ਤਤ ਇਕ ਰਖਾਏ ਪ੍ਰਭ ਦਰ ਲੈਣਾ ਪੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਪਾਟਾ ਚੋਲਾ ਦੋਵੇਂ ਹੱਥੀਂ ਸੀਂ । ਦੋਵੇਂ ਹੱਥੀਂ ਪਾਵੇ ਸੀਣ । ਪ੍ਰਭ ਚਰਨ ਆਏ ਜੋ ਹੋਵੇ ਅਧੀਨ । ਪ੍ਰਭ ਅਬਿਨਾਸ਼ੀ ਵਡ ਪ੍ਰਬੀਨ । ਸ਼ਬਦ ਸਰੂਪੀ ਫੇਰ ਵਜਾਏ ਬੀਨ । ਚਰਨ ਪ੍ਰੀਤੀ ਨਾ ਕੋਈ ਲਵੇ ਛੀਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਚਰਨ ਸਰਨ ਜਗਤ ਸਾਚਾ ਦੀਨ । ਗੁਰਮੁਖ ਦਰ ਪੁਕਾਰਿਆ । ਤੀਨ ਲੋਕ ਸੁਣੇ ਹਾਹਾਕਾਰਿਆ । ਨਾ ਕੋਈ ਸਕੇ ਰੋਕ, ਸ਼ਬਦ ਤੀਰ ਆਪ ਚਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਦਰ ਤੇਰੇ ਨੇਤਰ ਨੀਰ ਵਹਾ ਰਿਹਾ । ਨੇਤਰ ਵਹਿਣ ਜਾਏ ਵਗ । ਪ੍ਰਭ ਚਰਨਾਂ ਤੇ ਧਰੇ ਪਗ । ਕਿਰਪਾ ਕਰੇ ਵਡ ਦਾਤਾ ਸੂਰਾ ਸਰਬੱਗ । ਰੱਖੇ ਨਿਸ਼ਾਨੀ ਵਿਚ ਸਾਰੇ ਜਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨੀ ਗਏ ਲੱਗ । ਗੁਰ ਪੂਰੇ ਜਾਓ ਬਲਿਹਾਰੀ । ਆਪਣਾ ਕਰੇ ਆਪ ਵਿਹਾਰ, ਦੂਜੀ ਮੱਤ ਨਾ ਕਿਸੇ ਧਾਰੀ । ਆਪ ਬਣਾਏ ਨਾਮ

ਰਖਾਏ ਸੱਚੀ ਸਰਕਾਰ, ਬਹਾਏ ਸਚ ਦਰਬਾਰੀ । ਗੁਰਮੁਖ ਉਠੋ ਗਲ ਪਾਓ ਫੂਲਣਹਾਰ, ਆਓ ਦਰ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਕਾਰੀ । ਉਠੋ ਸਿੱਖੋ ਸਰਬ ਸੂਰਬੀਰ । ਦਰਸ਼ਨ ਪਾਵੋ ਗੁਣੀ ਗਹੀਰ । ਆਪ ਪਹਿਨਾਏ ਤਨ ਸਾਚੇ ਚੀਰ । ਲੱਬਣ ਨਾ ਦੇਵੇ ਕਲਜੁਗ ਅਖੀਰ । ਮਾਤਲੋਕ ਨਾ ਹੋਵੇ ਗੁਰਸਿਖ ਭੀੜ । ਏਕਾ ਸੁਖ ਵਖਾਏ ਕਾਇਆ ਕੱਢੇ ਪੀੜ । ਉਜਲ ਮੁਖ ਮਾਤ ਕਰਾਏ ਬੇਮੁੱਖਾਂ ਰਿਹਾ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਬੰਨ੍ਹਾਏ ਸਾਚੀ ਬੀੜ । ਗੁਰਸਿਖ ਉਠ ਉਠ ਬਲ ਧਾਰ । ਆਓ ਚਲ ਸੱਚੇ ਸਚ ਦਰਬਾਰ । ਗੁਰ ਪੂਰੇ ਗਲ ਪਾਓ ਫੂਲਣਹਾਰ । ਜਿਸ ਦਾ ਪਹਿਰੇਦਾਰ ਆਪ ਨਿਰੰਕਾਰ । ਏਥੇ ਓਥੇ ਸਦਾ ਰਖਵਾਰ । ਗੁਰਸਿਖਾਂ ਚੁੱਕੇ ਆਪਣੇ ਕੰਧੇ ਭਾਰ । ਮਾਤਲੋਕ ਵਿਚੋਂ ਪ੍ਰਭ ਲਾਏ ਪਾਰ । ਕਿਰਪਾ ਕਰ ਆਪ ਬਿਠਾਏ ਸਚ ਸੱਚੇ ਦਰਬਾਰ । ਗੁਰਮੁਖ ਸਾਚੇ ਸੰਤ ਜਨਾਂ ਏਕਾ ਰਾਗ ਸੁਣਾਏ ਮਲ੍ਹਾਰ । ਗੁਰ ਸੰਗਤ ਮਨ ਤਨ ਧਨ ਧਨਾ, ਹਰਿ ਪਾਇਆ ਅਲਖ ਅਪਾਰ । ਝੂਠਾ ਕਢਾਏ ਜਗਤ ਜਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਆਪ ਦਾਤਾਰ । ਸਿੱਖ ਸਦਕੜੇ, ਗੁਰ ਚਰਨ ਬਲਿਹਾਰੀ । ਤੁੱਲੇ ਸਾਚੇ ਤਕੜੇ, ਪਾਸਾ ਹੋਏ ਭਾਰੀ । ਗੁਰ ਚਰਨ ਜੋ ਜਨ ਅਕੜੇ, ਸ਼ਬਦ ਮਾਰ ਪ੍ਰਭ ਸਾਚੇ ਮਾਰੀ । ਢਹਿ ਢੇਰ ਚਰਨ ਗੁਰ ਪਕੜੇ, ਦਰਗਹਿ ਸਾਚੀ ਪਾਵੇ ਸਾਰੀ । ਸ਼ਬਦ ਸਰੂਪੀ ਆਤਮ ਜਕੜੇ, ਖਿਚ ਲਿਆਏ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰੇ ਸਚ ਵਿਹਾਰੀ । ਸਚ ਵਿਹਾਰ ਸਿਰ ਸਾਚਾ ਤਾਜ । ਆਪ ਦਵਾਏ ਸਤਿਗੁਰ ਸਾਚੇ ਰਾਜ । ਜਨ ਭਗਤਾਂ ਵਿਚ ਉਡਾਏ ਸ਼ਬਦ ਸਰੂਪੀ ਬਾਜ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰਿਹਾ ਸਾਜਣ ਸਾਜ । ਪੂਰੇ ਗੁਰ ਦੀਆ ਗੁਰ ਦਾਨ । ਗੁਰਮੁਖ ਜਾਓ ਚਰਨ ਕੁਰਬਾਨ । ਪ੍ਰਭ. ਅਬਿਨਾਸ਼ੀ ਹੋਇਆ ਆਪ ਮਿਹਰਬਾਨ । ਸਰਬ ਘਟ ਵਾਸੀ ਆਪਣੀ ਕਰੇ ਆਪ ਪਛਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਆ ਕੋਈ ਸਕੇ ਗੁਣ ਵਖਾਣ । ਗੁਣ ਵਖਾਣੇ ਕਿਆ ਕੋਈ ਜਾਣੇ । ਪ੍ਰਭ ਅਬਿਨਾਸ਼ੀ ਚਲੇ ਚਲਾਏ ਆਪਣੇ ਭਾਣੇ । ਏਕਾ ਸਾਚਾ ਸਚ ਦਰਬਾਰ, ਨਾ ਕੋਈ ਬਣਾਏ ਤਹਿਸੀਲ ਥਾਣੇ । ਆਪ ਬਿਠਾਏ ਸੰਗਤ ਵਿਚਕਾਰ, ਖੜਾ ਰਹੇ ਆਪ ਸਰਾਹਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ । ਸਾਚੀ ਬਣਤ ਹਰਿ ਬਣਾਈ । ਸਤਿਗੁਰ ਸਾਚੇ ਦੇ ਵਡਿਆਈ । ਫੂਲਨ ਮਾਲਾ ਪ੍ਰਭ ਭੇਟ ਚੜ੍ਹਾਈ । ਗੁਰਸਿਖਾਂ ਜੋ ਸੇਵ ਕਰਾਈ । ਸਾਚੀ ਸੇਵ ਪ੍ਰਭ ਗੁਰਦੇਵ ਵਿਚ ਮਾਤ ਝੋਲੀ ਪਾਈ । ਨਾ ਕੋਈ ਜਾਣੇ ਦੇਵੀ ਦੇਵ, ਅਚਰਜ ਖੇਲ ਹਰਿ ਰਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਢੇਰੀ ਬੈਠਾ ਢਾਹੀ । ਕਲਜੁਗ ਢੇਰੀ ਜਾਏ ਢੱਠ । ਉਲਟੀ ਗਿੜ ਜਾਏ ਜਗਤ ਲੱਠ । ਝੇੜਾ ਮੁੱਕ ਜਾਏ ਅੱਠ ਸੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਪਣੀ ਹੱਥੀਂ ਤਪਾਏ ਭੱਠ । ਆਪਣੀ ਹੱਥੀਂ ਭੱਠ ਤਪਾਉਣਾ । ਕਲਜੁਗ ਜੀਆਂ ਵਿਚ ਝੁਕਾਉਣਾ । ਸੰਤ ਮਨੀ ਸਿੰਘ ਤੇਰਾ ਲਿਖਿਆ ਲੇਖ, ਪ੍ਰਭ ਸਾਚੇ ਪੂਰ ਕਰਾਉਣਾ । ਜੋਤ ਸਰੂਪੀ ਧਾਰੇ ਭੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਹਰਿ ਵਰਤਾਉਣਾ । ਸਤਿਗੁਰ ਮਨੀ ਸਿੰਘ ਸਤਿ ਕਰ ਜਾਨਣਾ । ਦੇਵੇ ਮਾਣ ਆਪ ਭਗਵਾਨਣਾ । ਨਾ ਭੁੱਲਣਾ ਬਣ ਨਿਦਾਨਣਾ । ਸੋਹੰ ਦੇਵੇ ਨਾਮ ਨਿਧਾਨਣਾ । ਸਾਚਾ ਛਤਰ ਸੀਸ ਝੁਲਾਏ, ਵਾਲੀ ਦੋ ਜਹਾਨਣਾ । ਹੋਏ ਸਹਾਈ ਸਭਨੀ ਥਾਈਂ, ਆਪੇ ਕਰੇ ਪਾਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੂਲਣ ਖਾਰੀ

੩੦੩
੦੩

ਆਪਣੇ ਸਿਰ ਉਠਾਈ, ਬਣ ਗਈ ਫੂਲਨ ਮਾਲਨਾ । ਫੂਲ ਮਾਲਨ ਜਗਤ ਵਿਚ ਆਈ । ਜੋਤ ਸਰੂਪੀ ਭੇਖ ਵਟਾਈ । ਗੁਰਸਿਖ ਸਾਚੇ ਸੰਗ ਲਿਆਈ । ਪਤ ਡਾਲੀ ਡਾਲੀ ਹਰਿ ਫੁੱਲ ਲਗਾਈ । ਗੁਰਸਿਖ ਸਾਚਾ ਕੋਈ ਖਾਲੀ ਦਿਸ ਨਾ ਆਈ । ਜਿਸ ਬਣਿਆ ਸਾਚਾ ਪਾਲੀ, ਦੇਵੇ ਸ਼ਬਦ ਨਾਮ ਵਡਿਆਈ । ਆਪੇ ਬਣਿਆ ਸਾਚਾ ਹਾਲੀ, ਗੁਰ ਗੋਬਿੰਦ ਜੋਗ ਬਣਾਈ । ਗੁਰਸਿਖ ਸਾਚੇ ਸਚ ਵਸਤ ਟਿਕਾਏ ਤੇਰੀ ਕਾਇਆ ਥਾਲੀ, ਰਸਨਾ ਭੋਗ ਆਪ ਲਗਾਈ । ਬੇਮੁਖ ਜੀਵ ਕੱਢਣ ਗਾਲੀ, ਭੇਵ ਕੋਈ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਤੇਰੀ ਵਡਿਆਈ । ਸਤਿ ਸਤਿ ਸਤਿ ਵਡਿਆਈਆ । ਗਤ ਮਿਤ ਮਿਤ ਗਤ ਨਾ ਕਿਸੇ ਜਣਾਈਆ । ਗੁਰਮੁਖਾਂ ਕਰ ਹਿੱਤ, ਮਾਤ ਜੋਤ ਪ੍ਰਗਟਾਈਆ । ਪ੍ਰਭ ਅਬਿਨਾਸ਼ੀ ਰਾਖੋ ਚਿੱਤ, ਵਿਚ ਜਗਤ ਮਿਲੇ ਵਡਿਆਈਆ । ਨਾ ਕੋਈ ਜਾਣੇ ਦਰ ਭਿੱਤ, ਨਾ ਦਿਵਸ ਕਿਸੇ ਜਣਾਈਆ । ਆਪੇ ਜਾਣੇ ਮਾਤ ਪਿਤ, ਸ੍ਰਿਸ਼ਟ ਸਬਾਈ ਜਿਸ ਉਪਾਈਆ । ਨਾ ਕੋਈ ਭੀਤਰ ਨਾ ਕੋਈ ਭਿਤ, ਨਾ ਦਰ ਦਵਾਰ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਲੋਕ ਪਰਲੋਕ ਗੁਰਸਿਖਾਂ ਹੋਏ ਸਹਾਈਆ । ਗੁਰ ਪੂਰਾ ਰਾਗ ਰੰਗ । ਪ੍ਰਭ ਅਬਿਨਾਸ਼ੀ ਆਪ ਨਿਭਾਏ ਆਪਣਾ ਸੰਗ । ਝੂਠਾ ਰਹਿਣ ਨਾ ਦੇਵੇ ਵਿਚ ਸੰਗਤ ਕੁਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਰੰਗਣ ਵਿਚ ਦੇਵੇ ਰੰਗ । ਨਾਮ ਰੰਗਣ ਹਰਿ ਰੰਗਾਏ । ਸਾਚਾ ਕੰਗਣ ਤਨ ਪਹਿਨਾਏ । ਗੁਰਸਿਖ ਮੰਗਣ ਪ੍ਰਭ ਸਾਚਾ ਦਰ, ਸਾਚੀ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮਨੀ ਸਿੰਘ ਸਾਚਾ ਮਾਣ ਦਵਾਏ । ਸਾਚਾ ਮਾਣ ਸਾਚਾ ਮਾਲ ਫੁੱਲ ਫੂਲ । ਸੰਗਤ ਗੁਰ ਗੁਰ ਸੰਗਤ ਨਾ ਜਾਣਾ ਭੂਲ । ਜੋਤੀ ਜੋਤ ਸਰੂਪ ਹਰਿ ਆਪ ਚੁਕਾਏ ਪਿਛਲਾ ਮੂਲ । ਗੁਰਮੁਖਾਂ ਸਾਚੀ ਕਿਰਪਾ ਕਰ, ਆਪ ਬਣਾਏ ਸੂਲੀ ਸੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਸਚ ਪੰਘੂੜਾ ਰਿਹਾ ਝੂਲ । ਸਚ ਪੰਘੂੜਾ ਇਕ ਹੁਲਾਰਾ । ਆਪ ਕਰਾਏ ਆਰਾ ਪਾਰਾ । ਇਕ ਦਿਸਾਏ ਸਚ ਕਿਨਾਰਾ । ਅੰਮ੍ਰਿਤ ਵਹਿੰਦੀ ਸਾਚੀ ਧਾਰਾ । ਗੁਰਸਿਖਾਂ ਹੱਥ ਰੰਗਾਏ, ਚਰਨ ਸੇਵ ਕਰਾਏ ਚਾੜ੍ਹੇ ਰੰਗ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਏਕਾ ਇਕ ਦਵਾਰਾ । ਇਕ ਦਵਾਰਾ ਜਗਤ ਦਰਵੇਸ਼ । ਪ੍ਰਭ ਅਬਿਨਾਸ਼ੀ ਧਾਰੇ ਭੇਸ । ਵੇਖ ਵਖਾਣੇ ਸਰਬ ਜਾਣੇ ਕਿਸੇ ਪਛਾਣੇ ਕਿਸੇ ਰੁਲਾਵੇ ਕਿਸੇ ਦਿਸਾਏ ਵਖਾਏ ਜਿਸ ਹਰਿ ਵਸੇ ਦੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਨਰ ਨਰੇਸ਼ । ਨਰ ਨਰੇਸ਼ਿਆ, ਸਦਾ ਸਦਾ ਕਰੋ ਅਦੇਸਿਆ । ਜੁਗਾ ਜੁਗ ਪ੍ਰਭ ਵਿਚ ਮਾਤ ਧਾਰੇ ਭੇਸਿਆ । ਕਲਜੁਗ ਅੰਤਮ ਅੰਤ ਬੇਮੁਖਾਂ ਪਕੜ ਪਛਾੜੇ ਜਿਉਂ ਕਾਹਨਾ ਕੰਸਾ ਕੇਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਪ੍ਰਵੇਸ਼ਿਆ । ਗੁਰ ਪੂਰੇ ਕਰੋ ਪ੍ਰਨਾਮ । ਏਥੇ ਕੋਈ ਨਾ ਲੱਗੇ ਦਾਮ । ਸੁੱਕਾ ਹਰਿਆ ਹੋਵੇ ਚਾਮ । ਕਲਜੁਗ ਮਿਟੇ ਅੰਧੇਰੀ ਸ਼ਾਮ । ਪੀਉ ਅੰਮ੍ਰਿਤ ਸਾਚਾ ਜਾਮ । ਪੂਰੇ ਹੋਏ ਮਾਤ ਕਾਮ । ਦਰਗਹਿ ਸਾਚੀ ਸਚ ਘਰ ਵਖਾਏ, ਦੱਸੇ ਸਾਚਾ ਰਾਮ । ਗਿਆਨੀ ਧਿਆਨੀ ਜਗਤ ਇਸ਼ਨਾਨੀ ਕੋਈ ਬੂਝ ਨਾ ਪਾਏ, ਪ੍ਰਭ ਸਾਚੇ ਦਾ ਕਿਹੜਾ ਧਾਮ । ਗੁਰਮੁਖ ਸਾਚੇ ਆਪ ਵਖਾਏ, ਸਿੰਘ ਆਸਣ ਬੈਠ ਜਿਥੇ ਆਪ ਕਰੇ ਬਿਸਰਾਮ । ਹਰਿ ਕਾ ਘਰ ਹਰਿ ਹੀ ਜਾਣੇ । ਦੂਸਰ ਕੋਈ ਨਾ ਆਖ ਵਖਾਣੇ । ਉਚਾ ਲੰਮਾ ਚੌੜਾ ਨਾ ਕੋਈ ਬੂਝ ਬੁਝਾਣੇ । ਮਿੱਠਾ ਕੌੜਾ ਨਾ ਕੋਈ ਰਸਨ ਵਖਾਣੇ । ਸਾਚਾ ਪੌੜਾ ਚੜ੍ਹ ਚੜ੍ਹ ਥੱਕੇ ਗਿਆਨੀ, ਡਿਗੇ ਨੈਣ ਮੁੰਧਾਣੇ । ਕਰ

ਤਪੱਸਿਆ ਤਪੱਸਵੀ ਥੱਕੇ, ਨਾ ਕੋਈ ਦਿਸਿਆ ਸਚ ਟਿਕਾਣੇ । ਗੁਰਮੁਖ ਸਾਚਾ ਪ੍ਰਭ ਅਬਿਨਾਸ਼ੀ ਤੇਰੇ ਦਰ ਦਵਾਰੇ ਦਿਸੇ, ਕਰੋ ਦਰਸ ਵਿਸ਼ਨੂੰ ਭਗਵਾਨੇ । ਕਰ ਦਰਸ ਦਇਆ ਗੁਰ ਧਾਰੇ । ਗੁਰਸਿਖਾਂ ਹੋਇਆ ਪਹਿਰੇਦਾਰੇ । ਸੋਇਆ ਸਿੱਖ ਵਿਚ ਮਾਤ, ਹਰਿ ਵਾਜਾਂ ਮਾਰੇ । ਪੂਰਬ ਕਰਮ ਬੀਜ ਜੋ ਬੋਇਆ, ਆਓ ਲਓ ਚਲ ਦਵਾਰੇ । ਗੁਰ ਚਰਨ ਮਨ ਤਨ ਜਿਸ ਜਨ ਛੋਹਿਆ, ਉਤਰੇ ਪਾਪਾਂ ਭਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਗਾਹੀ ਲੈ ਆਇਆ ਸਾਚਾ ਢੋਆ, ਸੋਹੰ ਸ਼ਬਦ ਲਗਾਓ ਸਾਚੇ ਜੈ ਜੈ ਜੈਕਾਰੇ । ਸਾਚਾ ਢੋਆ ਹਰਿ ਲੈ ਆਇਆ । ਗੁਰਸਿਖ ਤੇਰਾ ਚੰਦਨ ਚੰਦ ਚੰਦੋਆ ਆਪੇ ਬਣ ਖਲੋਆ । ਕਲਜੁਗ ਅੰਤ ਨਾ ਰਹੇ ਕੋਈ ਸੋਇਆ । ਪ੍ਰਭ ਭੇਵ ਮੁਕਾਏ ਦੋਐਂ ਦੋਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਰਥਵਾਹੀ ਆਪੇ ਹੋਇਆ, ਸਾਚਾ ਸ਼ਬਦ ਘੋੜਾ ਅੱਗੇ ਜੋਇਆ । ਸ਼ਬਦ ਘੋੜਾ ਆਪ ਦੁੜਾਏ । ਗੁਰਸਿਖ ਅਜੋੜਾ ਕੋਈ ਰਹਿਣ ਨਾ ਪਾਏ । ਗੁਰ ਪੂਰੇ ਜਿਸ ਬਚਨ ਮੋੜਾ, ਸਾਚੀ ਦਰਗਹਿ ਦੇ ਸਜਾਏ । ਚਰਨ ਪ੍ਰੀਤੀ ਆਪ ਨਿਭਾਏ ਗੁਰਸਿਖ ਤੋੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਏ । ਦਇਆ ਧਾਰੇ ਹਰਿ ਭਗਵਾਨ । ਗੁਰ ਪੂਰੇ ਦੇਵੇ ਵਡਿਆਈ ਵਿਚ ਜਹਾਨ । ਆਪਣੀ ਦਸਤਾਰ ਸਿਰ ਟਿਕਾਈ, ਦੂਈ ਦਵੈਤ ਪੜਦੇ ਸਭ ਮਿਟ ਜਾਣ । ਸ਼ਬਦ ਰਥ ਪ੍ਰਭ ਦੇ ਚੜ੍ਹਾਈ, ਅੱਠੇ ਪਹਿਰ ਉਡਦਾ ਰਹੇ ਵਿਚ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਸਾਚੇ ਸੰਤ ਪਛਾਣ । ਹਰਿ ਸੰਤ ਪਛਾਨਿਆਂ, ਵਿਚ ਜਹਾਨਿਆਂ ਦਿਤਾ ਮਾਣਿਆਂ । ਸਿਰ ਤਾਜ ਪਹਿਨਾਇਆ, ਸਾਚਾ ਰਾਜ ਦਿਵਾਨਿਆਂ । ਸਤਿਜੁਗ ਸਾਚੀ ਲਾਜ ਰਖਾਨਿਆਂ । ਕਲਜੁਗ ਤੇਰਾ ਅੰਤਮ ਮਿਟੇ ਨਿਸ਼ਾਨਿਆਂ । ਗੁਰਸਿਖਾਂ ਸ਼ਬਦ ਜਣਾਏ ਦੇ ਵਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆਂ । ਸ਼ਬਦ ਜਣਾਈ ਦੇਵੇ ਕਰ । ਗੁਰਮੁਖ ਸੋਇਆ ਉਠੇ ਘਰ । ਆਪੇ ਆਏ ਸਾਚੇ ਦਰ । ਮਿਲਦੇ ਰਹਿਣ ਜਿਥੇ ਸਾਚੇ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਾਚਾ ਤਾਜ ਸੀਸ ਤੇਰੇ ਦੇਵੇ ਧਰ । ਸੰਤ ਮਨੀ ਸਿੰਘ ਸਤਿ ਵਰਤਾਵਣਾ । ਸਤਿਗੁਰ ਪੂਰਾ ਬਣ ਹੰਕਾਰ ਗਵਾਵਣਾ । ਨਾ ਹੋਏ ਬਚਨ ਅਧੂਰਾ, ਰਸਨਾ ਸ਼ਬਦ ਨਾ ਤੀਰ ਚਲਾਵਣਾ । ਪ੍ਰਭ ਅਬਿਨਾਸ਼ੀ ਕਰੇ ਪੂਰਾ, ਜਿਸ ਸੀਸ ਹੱਥ ਟਿਕਾਵਣਾ । ਆਪੇ ਦਾਤਾ ਵਡ ਵਡ ਸੂਰਾ, ਸੱਜੇ ਖੱਬੇ ਆਪ ਹੋ ਆਵਣਾ । ਗੁਰਸਿਖ ਸਾਚੇ ਖੜੇ ਹਜ਼ੂਰਾ, ਸਾਚਾ ਹੁਕਮ ਆਪ ਫਰਮਾਵਣਾ । ਸੰਤ ਮਨੀ ਸਿੰਘ ਸਤਿਗੁਰ ਪੂਰਾ, ਦੀਪਕ ਜੋਤੀ ਪ੍ਰਭ ਆਪ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਗੁਰ ਸੰਗਤ ਰਸਨਾ ਗਾਵਣਾ । ਹਰਿ ਸਾਚਾ ਆਪ ਸਮਝਾਇੰਦਾ । ਗੁਰ ਸੰਗਤ ਸੰਗਤ ਗੁਰ ਉਚੇ ਧਾਮ ਆਪ ਬਹਾਇੰਦਾ । ਜਿਸ ਦਰ ਨੂੰ ਤਰਸਣ ਸੁਰ, ਸਚ ਧਾਮ ਵਾਸ ਰਖਾਇੰਦਾ । ਕਿਰਪਾ ਕਰ ਵਾਸੀ ਘਨਕਪੁਰ, ਨੀਵਾਂ ਨੀਵਾਂ ਆਪ ਅਖਵਾਇੰਦਾ । ਜੋਤ ਸਰੂਪੀ ਜੋਤ ਧਰ, ਗੁਰਸਿਖਾਂ ਵਿਚ ਸਮਾਇੰਦਾ । ਗੁਰਸਿਖ ਤੇਰੇ ਸਿਰ ਬੱਧੀ ਦਸਤਾਰ, ਖਿਚ ਖਿਚ ਪੇਚ ਆਪ ਲਗਾਇੰਦਾ । ਪ੍ਰਭ ਅਬਿਨਾਸ਼ੀ ਵਸੇ ਤੇਰੇ ਘਰ, ਪਤਾ ਨਾ ਲੱਗੇ ਕਿਸ ਰਸਤੇ ਬਾਹਰ ਜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਗੁਰਮੁਖ ਸਾਚੇ ਆਪ ਉਪਜਾਇੰਦਾ । ਕੋਈ ਨਾ ਮੰਗੋ ਦੁੱਖ ਭੁੱਖ, ਏਕਾ ਮੰਗੋ ਨਾਮ ਦੇਵੇ ਸੁਖ । ਪੱਲੇ ਬੰਨ੍ਹੇ ਸਾਚੇ ਦਾਮ, ਉਜਲ ਹੋਵੇ ਮੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸੁੱਖਣਾ ਰਿਹਾ ਸੁੱਖ । ਸੁੱਖਣਾ ਸੁੱਖੇ ਦਿਵਸ ਰੈਣ । ਗੁਰਮੁਖ ਸਾਚੇ ਸੰਤ ਜਨ, ਮਿਲ ਚਰਨੀ ਤੇਰੀ ਬਹਿਣ । ਆਪੇ ਦੇਵੇ ਸਾਚਾ ਨਾਮ ਧਨ, ਸਾਚਾ


੩੦੫ ੦੩

ਲਹਿਣਾ ਗੁਰ ਦਰ ਲੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਏ ਸਾਕ ਸੈਣ । ਸੱਜਣ ਸੁਹੇਲਾ ਅੰਗੀਕਾਰ ਹੈ । ਸਾਚਾ ਸੰਗੀ
ਵਿਚ ਸੰਸਾਰ ਹੈ । ਨਾ ਦਰਗਹਿ ਆਵੇ ਤੰਗੀ, ਜਿਸ ਮਿਲੇ ਨਾਮ ਭੰਡਾਰ ਹੈ । ਕਾਇਆ ਕੋਠੀ ਨਾ ਮਾੜੀ ਨਾ ਚੰਗੀ, ਜਿਸ ਵਿਚ ਵਸੇ ਹਰਿ
ਦਾਤਾਰ ਹੈ । ਕਰਮਾਂ ਵਾੜੀ ਹੋਈ ਮੰਦੀ, ਜੋ ਕਰਮ ਕਰੇ ਗਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਗੁਰਸਿਖਾਂ
ਲਾਹੁੰਦਾ ਪਾਪਾਂ ਭਾਰ ਹੈ । ਪਾਪਾਂ ਭਾਰ ਲਏ ਚੁੱਕ । ਗੁਰ ਚਰਨ ਜੋ ਜਨ ਆਏ ਝੁਕ । ਸਾਚੀ ਸਰਨ ਨਾ ਕੋਈ ਪਾਏ ਮੁਖ ਥੁੱਕ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ, ਨਾ ਕੋਈ ਰੱਖੇ ਉਹਲਾ ਲੁਕ । ਨਾ ਉਹਲਾ ਨਾ ਅੰਧੇਰਾ । ਨਾ ਕੋਈ ਕਰਦਾ ਹੇਰਾ ਫੇਰਾ ।
ਉਠ ਸਿੱਖ ਸਾਚੇ ਗੁਰ ਪੂਰੇ ਜਾਮਾ ਪਾਇਆ ਵਿਚ ਮਾਤ ਹਰਿ ਵਸੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲਾਇਆ ਸਾਚਾ ਡੇਰਾ ।
ਦੋਵੇਂ ਭੁੱਜਾ ਹਰਿ ਫੈਲਾਏ । ਗੁਰਸਿਖ ਸਾਚੇ ਸੰਤ ਸੁਹੇਲੇੜਿਓ, ਆਓ ਮਿਲੋ ਪ੍ਰਭ ਗਲ ਲਾਏ । ਧੁਰਦਰਗਾਹੀ ਸਾਚੇ ਚੇਲੜਿਓ, ਕਿਉਂ ਬੈਠੇ ਮੁਖ
ਭਵਾਏ । ਹਰਿ ਸਾਚੇ ਦੇ ਲਾਲ ਅਲਬੇਲੜਿਓ, ਆਓ ਪ੍ਰਭ ਆਪਣੀ ਗੋਦ ਉਠਾਏ । ਨਾ ਰਹੋ ਮਾਤ ਅਕੇਲੜਿਓ, ਸ਼ਬਦ ਲੋਰੀ ਦੇ ਹਰਿ ਆਪ
ਵਰਚਾਏ । ਅਚਰਜ ਖੇਲ ਪਾਰਬ੍ਰਹਮ ਕਲ ਖੇਲੜਿਓ, ਬਣ ਜਾਓ ਭੈਣ ਭਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤੀ ਆਪ ਸਮਝਾਏ ।
ਗੁਰ ਪੂਰਾ ਸਦਾ ਅਰਾਧਨਾ । ਏਕਾ ਵੱਜੇ ਸੱਚਾ ਨਾਦਨਾ । ਦਰਗਹਿ ਸਾਚੀ ਦੇਵੇ ਦਾਦਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਨ
ਆਦਿਨਾ । ਆਦਿ ਅੰਤ ਸਚ ਵਿਸਥਾਰ ਹੈ । ਨਾ ਕੋਈ ਜਾਣੇ ਪ੍ਰਭ ਸਾਚੇ ਦਾ ਸਾਚਾ ਕਿਹੜਾ ਅਕਾਰ ਹੈ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ

ਬਖ਼ਸ਼ੇ ਚਰਨ ਪਿਆਰ ਹੈ । ਧੰਨ ਧੰਨ ਜਣੇਂਦੀ ਮਾਂ, ਜਿਸ ਜੰਮੇ ਲਾਲ ਦੁਲਾਰ ਹੈ । ਗੁਰ ਚਰਨ ਮਿਲੇ ਸਾਚਾ ਥਾਉਂ, ਏਕਾ ਦਿਸੇ ਸਚ ਦਰਬਾਰ
੩੦੬ ੦੩
ਹੈ । ਆਪੇ ਪਕੜੇ ਬਾਹੋਂ, ਫੜ ਫੜ ਲਾਉਂਦੇ ਰਹੇ ਪਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਅੱਕੇ ਨਾ ਥੱਕੇ, ਨਾ ਮਦੀਨੇ ਨਾ
ਮੱਕੇ, ਗੰਗਾ ਗੋਦਾਵਰੀ ਭਾਲ ਥੱਕੇ, ਅਠਸਠ ਤੀਰਥ ਭੌਂਦੇ ਸਾਧ ਸੰਤ ਅੱਕੇ, ਚਾਰੋਂ ਕੁੰਟ ਅੰਤ ਕਲਜੁਗ ਪੈਂਦੇ ਧੱਕੇ । ਭੈਣ ਭਾਈ ਨਾ ਬਣਦੇ
ਸਕੇ । ਦੂਜਾ ਭਾਰ ਨਾ ਕੋਈ ਕਿਸੇ ਦਾ ਚੱਕੇ । ਕਲਜੁਗ ਜੀਵ ਹੋਏ ਖੁਆਰ ਨਾ ਕੋਈ ਪਰਦਾ ਢਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿਖਾਂ ਕਰ ਪਿਆਰ ਦੇਵੇ ਸ਼ਬਦ ਅਧਾਰ ਚੁੱਕੇ ਸਰਬ ਧੱਕ ਧੱਕੇ । ਸਚ ਮਾਲਾ ਹੱਥ ਫੜੀ ਹੈ । ਗੁਰ ਸੰਗਤ ਦਰ ਸਾਚੇ ਖੜੀ ਹੈ । ਆਪ
ਪਰੋਏ ਏਕਾ ਲੜੀ ਹੈ । ਨਾ ਕੋਈ ਜਾਏ ਵਿਚ ਗੋਰ ਮੜ੍ਹੀ ਹੈ । ਪ੍ਰਭ ਸਾਚੇ ਡੋਰ ਆਪਣੇ ਹੱਥ ਫੜੀ ਹੈ । ਸ਼ਬਦ ਸਰੂਪੀ ਗੁਰਸਿਖਾਂ ਲਾਈ ਬੈਠਾ
ਦੋਵੇਂ ਹੱਥ ਹੱਥਕੜੀ ਹੈ । ਸਾਚੀ ਜੇਲ੍ਹ ਆਪ ਰਖਾਏ, ਜਿਸ ਦੀ ਨਾ ਕੋਈ ਤਤ ਨਾ ਕੜੀ ਹੈ । ਸਾਚਾ ਮੇਲ ਆਪ ਮਿਲਾਏ, ਗੁਰ ਸੰਗਤ ਵਿਚ
ਸਦ ਵੜੀ ਹੈ । ਵਲ ਛਲ ਨਾ ਕੋਈ ਕਰਾਏ, ਸ਼ਬਦ ਸਰੂਪੀ ਲਾਉਂਦਾ ਰਹੇ ਝੜੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ
ਕਿਰਪਾ ਕਰੇ ਬੜੀ ਹੈ । ਗੁਰਸਿਖ ਸਾਚੇ ਤੋਲ ਤੁਲਣਾ, ਨਾ ਕੋਈ ਵੱਟਾ ਨਾ ਰੱਖਿਆ ਸੇਰ ਧੜੀ ਹੈ । ਵਿਚ ਮਾਤ ਫਲਨਾ ਫੁਲਨਾ, ਸਾਚੀ
ਮਾਲਣ ਹਾਰ ਪਰੋਏ ਗੁਰ ਸੰਗਤ ਵਿਚ ਖੜੀ ਹੈ । ਦੁਰਮਤ ਮੈਲ ਪਾਪਾਂ ਧੋਏ, ਨਾ ਕੋਈ ਚਲੇ ਜਾਦੂ ਜੜੀ ਹੈ । ਕਲਜੁਗ ਮਾਇਆ ਝੂਠੀ ਛਾਇਆ
ਪ੍ਰਭ ਦਰ ਬੈਠੀ ਦੜੀ ਹੈ । ਸਾਚਾ ਤੀਰਥ ਗੁਰਸਿਖ ਨੁਹਾਇਆ, ਅੰਮ੍ਰਿਤ ਫਲ ਹਰਿ ਆਪ ਖਵਾਇਆ, ਗੁਰਸਿਖ ਸਾਚਾ ਤੋੜੇ ਪ੍ਰਭ ਹੱਥ ਫੜਾਈ

ਸੋਹੰ ਛੜੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੇ ਸਾਚੇ ਘਰ, ਜਿਥੇ ਵਸੇ ਹਰਿ ਨਿਰੰਕਾਰ ਵੇਲੇ ਅੰਤਮ ਵੜੀ ਹੈ । ਸਾਚੀ ਦੇਵੇ ਹੱਥੀਂ ਗੰਢ । ਗੁਰਸਿਖ ਤੇਰੀ ਆਤਮ ਪਾਵੇ ਠੰਡ । ਜਨ ਭਗਤ ਸਦਾ ਸੁਹਾਗਣ ਨਾਰ ਨਾ ਮਾਤ ਹੋਏ ਰੰਡ । ਕਲਜੁਗ ਬੇਮੁਖ ਜੀਵ ਪਾਉਂਦੇ ਫਿਰਨ ਡੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਤੋੜੇ ਸਰਬ ਘਮੰਡ । ਗੁਰ ਸੰਗਤ ਜਗਤ ਵਧਾਈ ਹੈ । ਚਲ ਆਏ ਪ੍ਰਭ ਸਰਨਾਈ ਹੈ । ਪ੍ਰਭ ਸਾਚਾ ਮਾਣ ਦਵਾਈ ਹੈ । ਲੇਖਾ ਦੇਵੇ ਸਰਬ ਚੁਕਾਈ ਹੈ । ਨਾ ਕੋਈ ਬਾਲ ਬਿਰਧ ਨਾ ਕੋਈ ਬਾਕੀ ਰਹੇ ਮਾਈ ਹੈ । ਏਕਾ ਵਸਤ ਗੁਰ ਸਾਚੇ ਗੁਰ ਸੰਗਤ ਆਪ ਵਰਤਾਈ ਹੈ । ਆਪੇ ਧੋਏ ਦੇਹੀ ਭਾਂਡੇ ਕਾਚੇ, ਸਾਚੀ ਵਸਤ ਵਿਚ ਇਕ ਟਿਕਾਈ ਹੈ । ਆਪੇ ਤੋਲੇ ਆਪੇ ਜਾਂਚੇ, ਵੱਡੇ ਛੋਟੇ ਇਕ ਥਾਂ ਬਹਾਈ ਹੈ । ਸਰਬ ਜੀਆਂ ਹਰਿ ਹਿਰਦੇ ਵਾਚੇ, ਨਾ ਕੋਈ ਰੱਖੇ ਭੇਵ ਲੁਕਾਈ ਹੈ । ਆਪੇ ਢਾਲੇ ਗੁਰਸਿਖ ਸਾਚੇ ਢਾਚੇ, ਉਪਰ ਸੋਹੰ ਮੋਹਰ ਲਗਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਥ ਤੇਰੇ ਵਡਿਆਈ ਹੈ । ਗੁਰ ਸੰਗਤ ਸੋਏ ਪੈਰ ਪਸਾਰ । ਪ੍ਰਭ ਖੜਾ ਹੋਏ ਪਹਿਰੇਦਾਰ । ਨੇੜ ਨਾ ਆਵੇ ਕੋਈ ਠੱਗ ਚੋਰ ਯਾਰ । ਸ਼ਬਦ ਸਰੂਪੀ ਮਾਰੇ ਇਕ ਚਪੇੜ, ਦੇਵੇ ਦਰ ਦੁਰਕਾਰ । ਵਿਚੋਂ ਮਾਤ ਦੇਵੇ ਜੜ੍ਹ ਉਖਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇਵੇ ਮਾਤ ਝਾੜ । ਹਰਿ ਸ਼ਬਦ ਮੰਡਲ ਰਾਸ ਹੈ । ਸਰਬ ਦੁੱਖ ਦਰਦ ਖੰਡਨ ਪੁਰਖ ਅਬਿਨਾਸ਼ ਹੇ । ਜੂਠੇ ਝੂਠੇ ਭੇਖ ਪਖੰਡਨ, ਪ੍ਰਭ ਕਰਦਾ ਆਇਆ ਨਾਸ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਇਕ ਪ੍ਰਕਾਸ਼ ਹੈ । ਜੋਤ ਸਰੂਪੀ ਇਕ ਪ੍ਰਕਾਸ਼ਿਆ । ਦੋਏ ਜੋੜ ਕਰੋ ਅਰਦਾਸਿਆ । ਆਪ ਵਖਾਏ ਅੰਤਮ ਕਲ ਤਮਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਪਵਾਏ ਜਗਤ ਝੂਠੀ ਰਾਸਿਆ । ਆਪਣਾ ਬੇੜਾ ਲਿਆ ਚੁੱਕ । ਗੁਰ ਸੰਗਤ ਰਾਹ ਭੀੜਾ ਗਿਆ ਮੁੱਕ । ਵੱਟੋ ਇਕ ਦੰਦੀੜਾ, ਵੇਲਾ ਨੇੜੇ ਆਇਆ ਢੁਕ । ਨਾ ਕੋਈ ਦੀਸੇ ਚਿਉਂਟੀ ਕੀੜਾ, ਗੁਰਸਿਖ ਸਾਚਾ ਮਾਤ ਰਹਿ ਜਾਏ ਜੋ ਚਰਨ ਆਏ ਝੁਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਕਲਜੁਗ ਜੀਆਂ ਦਾਣਾ ਪਾਣੀ ਗਿਆ ਮੁੱਕ । ਕਲਜੁਗ ਮੁੱਕਿਆ ਦਾਣਾ ਪਾਣੀ । ਹੋਏ ਨਾ ਮੇਲਾ ਕਿਸੇ ਹਾਣੀਆਂ ਹਾਣੀ । ਅਚਰਜ ਖੇਲ ਪਾਰਬ੍ਰਹਮ ਕਲ ਖੇਲੇ, ਸੁਰਤ ਲਏ ਨਾ ਪਤੀ ਸਵਾਣੀ । ਪ੍ਰਭ ਸਾਚੇ ਦਾ ਸਾਚਾ ਚੇਲਾ, ਸੋਹੰ ਸ਼ਬਦ ਰਸਨਾ ਗਾਏ ਧੁਰਦਰਗਾਹੀ ਸਾਚੀ ਬਾਣੀ । ਵਿਛੜਿਆਂ ਪ੍ਰਭ ਆਪ ਕਰਾਇਆ ਮੇਲਾ, ਹਰਿ ਘਰ ਚਲ ਚਲ ਥੱਕੇ ਕੋਟਨ ਪਾਂਧੀ ਰਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਗਲੇ ਲਗਾਏ ਪਕੜੇ ਬਾਂਹੀ । ਕਲਜੁਗ ਅੰਤਮ ਅੰਤ ਮਿਟਣਾ ਕੂੜ ਹੈ । ਗੁਰਸਿਖਾਂ ਮਿਲਣੀ ਚਰਨ ਧੂੜ ਹੈ । ਪ੍ਰਭ ਆਪਣੀ ਹੱਥੀਂ ਪਾਈ ਬੈਠਾ ਜੂੜ ਹੈ । ਅਜੇ ਕੋਈ ਨਾ ਸਮਝੇ, ਜਨ ਹੋਏ ਮੂਰਖ ਮੂੜ੍ਹ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਿੜਾਏ ਸ਼ਬਦ ਸਰੂਪੀ ਬੂੜ ਹੈ । ਸ਼ਬਦ ਬੂੜ ਆਪ ਪਿੜਾਏ । ਤਾੜ ਤਾੜ ਗੁਰ ਪੂਰਾ ਬੇਮੁਖ ਜੀਵ ਰਵਾਏ । ਗੁਰਮੁਖ ਸਾਚੇ ਸ਼ਬਦ ਘੋੜੀ ਆਪ ਚੜ੍ਹਾਏ । ਆਪਣੇ ਸੰਗ ਰਲਾਏ ਸਤਿਜੁਗ ਬਣਾਏ ਸਾਚੇ ਲਾੜ, ਫੂਲਨ ਬਰਖਾ ਸਾਚਾ ਪਿਤ ਆਪ ਬਰਖਾਏ । ਸਚ ਸੁੱਚ ਧਰਮ ਜੱਤ ਨਾਰੀ ਗੁਰਸਿਖ ਸਾਚਾ ਵਿਆਹ ਘਰ ਲੈ ਆਏ । ਕਰੇ ਦਰਸ ਪਾਰਬ੍ਰਹਮ ਅਬਿਨਾਸ਼ੀ ਅਚੁਤ, ਸਾਚੀ ਸੇਜਾ ਪਿਰ ਨਾਰੀ ਆਪ ਸੁਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਿੱਖ ਗੁਰ ਦੋਵੇਂ ਵਸੇ ਏਕਾ ਥਾਏਂ । ਹੱਥੀਂ ਲਾਈ ਆਪ ਹੱਥਕੜੀ ਹੈ । ਸ੍ਰਿਸ਼ਟ ਸਬਾਈ ਔਖੀ ਹੋਈ ਬੜੀ

੩੦੭
੦੩

ਹੈ । ਸਦੀ ਚੌਧਵੀਂ ਕਲਜੁਗ ਅੰਤਮ ਚੜ੍ਹੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਏਕਾ ਸਬਕ ਪੜ੍ਹਾਏ, ਸਾਚੀ ਪੱਟੀ ਗੁਰਸਿਖ ਪੜ੍ਹੀ ਹੈ । ਸਾਚੀ ਪੱਟੀ ਇਕ ਪੜ੍ਹਾਏ । ਗੁਰਮੁਖ ਚੱਟੀ ਦੇਣ ਕਿਸੇ ਨਾ ਜਾਏ । ਸਾਚਾ ਲਾਹਾ ਪ੍ਰਭ ਦਰ ਖਟੀ, ਅਗਲਾ ਲੇਖਾ ਸਰਬ ਮੁਕਾਏ । ਗੁਰ ਚਰਨ ਸਾਚੀ ਹੱਟੀ, ਸਚ ਵਸਤ ਗੁਰਸਿਖਾਂ ਝੋਲੀ ਪਾਏ । ਗੁਰਸਿਖ ਟਿਕਾਏ ਕਾਇਆ ਝੂਠੀ ਮਿੱਟੀ, ਜੋਤ ਸਰੂਪੀ ਅੱਗੇ ਡਗਮਗਾਏ । ਜਗੇ ਜੋਤ ਲਟਾ ਲਟੀ, ਗੁਰ ਪੂਰਾ ਕਰੇ ਰੁਸ਼ਨਾਏ । ਵਸ ਰਿਹਾ ਸਰਬ ਘਟ ਘਟੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਨਾ ਦਿਸੇ ਕੋਈ ਥਾਂਏ । ਦੋਏ ਭੁਜਾਂ ਹਰਿ ਬੰਨ੍ਹ ਵਖਾਏ । ਗੁਰਸਿਖਾਂ ਲੇਖਾ ਆਪ ਚੁਕਾਏ । ਕਲਜੁਗ ਝੂਠੀ ਲੱਗੀ ਮੇਖਾ, ਆਪਣੀ ਹੱਥੀਂ ਆਪ ਪੁਟਾਏ । ਸਰਬ ਕਲਾ ਪ੍ਰਭ ਸਾਚਾ ਸਮਰਥਾ, ਦੋਵੀਂ ਹੱਥੀਂ ਹੱਥਕੜੀ ਆਪ ਲਗਾਏ । ਸ੍ਰਿਸ਼ਟ ਸਬਾਈ ਜਾਏ ਮਥੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਰਿਹਾ ਲਿਖਾਏ । ਹੱਥਕੜੀ ਹੱਥ ਹਰਿ ਲੱਗੇ । ਆਪੇ ਚੱਲੇ ਅੱਗੇ ਅੱਗੇ । ਸਾਚਾ ਦੀਪਕ ਵਿਚ ਮਾਤ ਦੇ ਜਗੇ । ਸ਼ਬਦ ਅੰਧੇਰੀ ਏਕਾ ਵਗੇ । ਕਲਜੁਗ ਜੀਵ ਵਿਚ ਅਗਨ ਦੇ ਦਗੇ । ਗੁਰਮੁਖ ਸਾਚੇ ਸੰਤ ਜਨ, ਦਰ ਆਏ ਚਰਨ ਪ੍ਰਭ ਲੱਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਹਰਿ ਪਰੋਏ ਏਕਾ ਧਗੇ । ਸਾਚੇ ਧਾਗੇ ਆਪ ਬੰਧਾਏ । ਗੁਰਮੁਖ ਸਾਚੇ ਜਾਗੇ ਪ੍ਰਭ ਆਪ ਉਠਾਏ । ਪ੍ਰਭ ਅਬਿਨਾਸ਼ੀ ਚਰਨ ਲਾਗੇ ਗੁਰ ਪੂਰਾ ਹੋਏ ਸਹਾਏ । ਸ਼ਬਦ ਲਿਖਾਏ ਪਹਿਲੀ ਮਾਘੀ, ਚਲੇ ਚਲਾਏ ਆਪਣੇ ਭਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਦਾਓ ਹੇਠ ਨਾ ਆਏ । ਨਾ ਕੋਈ ਠੱਗੇ ਠੱਗ ਠਗੋਰੀ । ਨਾ ਕੋਈ ਪਾਏ ਜਾਲ ਮਾਇਆ ਰੂਪੀ ਬੋਰੀ । ਆਪੇ ਕਰੇ ਖਿਆਲ ਗੁਰਸਿਖ ਚਰਨ ਜਾਏ ਜੋੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੇ ਫੂਲ ਬਣਾਏ ਆਪੇ ਬਣਿਆ ਰਹੇ ਭਵਰੀ । ਖੁਲ੍ਹੇ ਕੇਸ ਰਖਾਏ ਹਰਿ, ਗੁਰਸਿਖਾਂ ਉਪਰ ਕਰੇ ਚਵਰੀ । ਸਾਚਾ ਚਵਰ ਕੇਸ ਕਰਾਏ । ਜਗਤ ਭਵਰ ਵਿਚੋਂ ਪਾਰ ਕਰਾਏ । ਮਾਨਸ ਜਨਮ ਜਾਏ ਸਵਰ, ਦੇਵੇ ਸਚ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਗਵਰ, ਕੋਈ ਭੇਵ ਨਾ ਪਾਏ । ਗੁਣਵੰਤ ਗੁਣੀ ਗਹੀਰ ਹੈ । ਸਤਿਗੁਰ ਮਨੀ ਸਿੰਘ ਤੇਰਾ ਹਰਿ ਸਾਚਾ ਹੋਏ ਸਹਾਈ ਅੰਤ ਅਖੀਰ ਹੈ । ਸ਼ਬਦ ਲਖਾਏ ਭੇਵ ਚੁਕਾਏ ਜਨ ਭਗਤਾਂ ਕੱਟਦਾ ਆਇਆ ਭੀੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਸਰਬ ਸਮਾਏ ਕਿਆ ਹਸਤ ਕੀੜ ਹੈ । ਇਕ ਇਕ ਫੁੱਲ ਹਰਿ ਆਪ ਵਰਤਾਉਣਾ । ਗੁਰਸਿਖ ਸੇਵਾ ਇਕ ਲਗਾਉਣਾ । ਗੁਰਮੁਖ ਸੋਇਆ ਆਪ ਜਗਾਉਣਾ । ਆਤਮ ਭਵਰ ਵਿਚੋਂ ਉਡਾਉਣਾ । ਮਾਨਸ ਜਨਮ ਜਾਏ ਸਵਰ, ਏਕਾ ਮਹਿਕ ਗੁਰਸਿਖ ਵਖਾਉਣਾ । ਕਲਜੁਗ ਵਹਿਣ ਡੂੰਘੀ ਭਵਰ, ਪ੍ਰਭ ਸਾਚੇ ਪਾਰ ਲਗਾਉਣਾ । ਨਾ ਕੋਈ ਜਾਏ ਕਿਸੇ ਵਿਚ ਕਬਰ, ਸਾਚੀ ਦਰਗਹਿ ਆਪ ਵਸਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਹਾਗ ਗੁਰ ਸੰਗਤ ਆਪ ਹੰਢਾਉਣਾ । ਸਚ ਸੁਹਾਗ ਹਰਿ ਸਾਚਾ ਕੰਤ । ਗੁਰਸਿਖਾਂ ਮੇਲ ਮਿਲਾਏ, ਬਣਾਏ ਸਾਚੀ ਬਣਤ । ਕਲਜੁਗ ਜੀਵਾਂ ਵਿਚ ਮਾਤ ਮਾਇਆ ਪਾਏ ਬੇਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜੁਗਾਂ ਜੁਗੰਤ । ਜੁਗ ਜੁਗ ਗੁਰਸਿਖ ਸਾਚੇ ਜੀਵਣਾ । ਸਾਚਾ ਬੀਜ ਪ੍ਰਭ ਸਾਚੇ ਵਿਚ ਮਾਤ ਦੇ ਬੀਵਣਾ । ਮਾਇਆ ਰੂਪੀ ਪਾਟਾ ਤਨ, ਸ਼ਬਦ ਧਾਗੇ ਪ੍ਰਭ ਆਪੇ ਸੀਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਸਦਾ ਸਦਾ ਜਗ ਸੀਵਣਾ । ਨਿਵ ਨਿਵ ਗੁਰ ਚਰਨ ਆਓ । ਅੰਮ੍ਰਿਤ

੩੦੯
੦੩

ਫਲ ਸਾਚਾ ਖਾਓ । ਏਕਾ ਏਕ ਇਕ ਇਕ ਵਰਤੇ ਹਰਿ ਅਨੇਕ ਸਾਚੇ ਮਹਿਲ ਬੂਝ ਬੁਝਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰ ਸੰਗਤ ਘਰ ਆਪਣੇ ਸੁਖੀ ਜਾਓ । ਸੁਖ ਦੇਵੇ ਸਹਿਜ ਸੁਭਾਏ । ਆਪਣੀ ਹੱਥੀਂ ਫੁੱਲ ਵਰਤਾਏ । ਗੁਰਸਿਖ ਸਾਚਾ ਕੋਈ ਭੁੱਲ ਨਾ ਜਾਏ । ਕਲਜੁਗ ਝੂਠਾ ਤੋਲ ਕੋਈ ਤੁਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੱਲ ਫੁੱਲ ਗੁਰਸਿਖਾਂ ਸਾਚੇ ਆਪ ਵਰਤਾਏ । ਸਚ ਸਮਾਧੀ ਹਰਿ ਲਗਾਈ ਹੈ । ਸ੍ਰਿਸ਼ਟ ਸਬਾਈ ਆਪ ਹਿਲਾਈ ਹੈ । ਤੀਨ ਲੋਕ ਵੱਜੀ ਵਧਾਈ ਹੈ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਮੰਗਲ ਗਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਾਤ ਪ੍ਰਗਟਾਈ ਹੈ । ਨੇਤਰ ਲਪੇਟੇ ਨੈਣ ਮੁੰਧਾਰੇ । ਵਸੇ ਹਸਤ ਕੀਟੇ ਵਿਚ ਸੰਸਾਰੇ । ਗੁਰਮੁਖ ਸਾਚੇ ਕਲਜੁਗ ਜੀਤੇ, ਆਏ ਸਚ ਦਵਾਰੇ । ਪਿਛਲੇ ਅਵਗੁਣ ਜੋ ਜਨ ਕੀਤੇ, ਆਪ ਕਟਾਏ ਪਾਪਾਂ ਭਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਇਆ ਸਚ ਦਰਬਾਰੇ । ਸਚ ਦਰਬਾਰ ਆਪ ਲਗਾਇਆ । ਵਿਚ ਅਕਾਰ ਜੋਤ ਰਖਾਇਆ । ਸਾਚੀ ਧਾਰਾ ਸ਼ਬਦ ਚਲਾਇਆ । ਵਿਚ ਸੰਸਾਰਾ ਖੇਲ ਅਪਾਰਾ ਹਰਿ ਵਰਤਾਰਾ, ਕਰੇ ਕਰਾਏ ਜੋ ਮਨ ਭਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੰਗਲ ਜੂਹ ਪਹਾੜਾਂ ਅੰਦਰ ਆਪੇ ਆਪ ਸਮਾਇਆ । ਜੰਗਲ ਜੂਹ ਵਿਚ ਪਹਾੜਾਂ । ਜੋ ਜਨ ਲਾਈ ਬੈਠੇ ਦਿਵਸ ਰੈਣ ਤਾੜਾ । ਜੋ ਜਨ ਬੈਠੇ ਵਿਚ ਉਜਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਟੇ ਦੂਈ ਦਵੈਤ ਪਾੜਾ । ਦੂਰ ਦੁਰਾਡੇ ਵਸਣ ਉਹਲੇ । ਪ੍ਰਭ ਅਬਿਨਾਸ਼ੀ ਕਰਦਾ ਚੋਹਲੇ । ਆਤਮ ਗੰਢਾਂ ਸਰਬ ਦੀਆਂ ਖੋਲ੍ਹੇ । ਵਿਚ ਵਰਭੰਡਾਂ ਆਪੇ ਬੋਲੇ । ਜਨ ਸੰਤਾਂ ਆਤਮ ਪਾਏ ਠੰਡਾਂ, ਆਤਮ ਜਿੰਦਾ ਆਪੇ ਖੋਲ੍ਹੇ । ਸਚ ਸ਼ਬਦ ਹਰਿ ਜਾਏ ਵੰਡ, ਗਾਉਂਦੇ ਜਾਓ ਰਾਹੀਂ ਢੋਲੇ । ਨੰਗੀ ਹੋਏ ਨਾ ਗੁਰਸਿਖ ਕੰਡ, ਨਾ ਕੋਈ ਤੇਰਾ ਪਰਦਾ ਫੋਲ੍ਹੇ । ਕਲਜੁਗ ਅੰਤਮ ਪੈਣੀ ਵੰਡ, ਹੋਣ ਰੋਲ ਘਚੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਆਤਮ ਅੰਦਰ ਸਾਚੇ ਮੰਦਰ ਦਿਵਸ ਰੈਣ ਸਦ ਬੋਲੇ । ਦਿਵਸ ਰੈਣ ਹਰਿ ਸਾਚਾ ਬੋਲਦਾ । ਸਰਬ ਜੀਆਂ ਹਰਿ ਆਪੇ ਤੋਲਦਾ । ਬੇਮੁਖਾਂ ਵਡ ਮਨੁੱਖਾਂ ਜੂਠੇ ਝੂਠੇ ਪਰਦੇ ਫੋਲਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਚਰਨ ਪ੍ਰੀਤੀ ਘੋਲਦਾ । ਚਰਨ ਪ੍ਰੀਤੀ ਘੋਲ ਘੁਮਾਓ । ਸਾਚਾ ਮੀਤ ਸਦ ਘਰ ਲੈ ਆਓ । ਸਾਚੀ ਰੀਤ ਮਾਤ ਭੁੱਲ ਨਾ ਜਾਓ । ਕਲਜੁਗ ਅੰਤਮ ਜਾਣਾ ਬੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ । ਸੁਣ ਸਾਚੀ ਪੁਕਾਰ, ਗੁਰਸਿਖ ਪੁਕਾਰਦੇ । ਕਰ ਕਿਰਪਾ ਆਪ ਦਾਤਾਰ, ਦੁੱਖ ਕਾਇਆ ਸਰਬ ਨਿਵਾਰ ਦੇ । ਸਾਚਾ ਬਖ਼ਸ਼ ਚਰਨ ਪਿਆਰ, ਅੰਮ੍ਰਿਤ ਸਾਚੀ ਧਾਰ ਦੇ । ਨਾ ਕੋਈ ਸਕੇ ਮਾਰ, ਸਾਚੀ ਸ਼ਬਦ ਹੱਥ ਕਟਾਰ ਦੇ । ਮਾਨਸ ਜਨਮ ਨਾ ਆਵੇ ਹਾਰ, ਸੋਹੰ ਸਾਚਾ ਗਲ ਵਿਚ ਹਾਰ ਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਦਰ ਆਇਆਂ ਤਾਰ ਦੇ । ਦਾਤਾਰ ਵਡ ਦਾਤਾਰਿਆ । ਕਲ ਮਿਲਿਆ ਸਚ ਦਰਬਾਰਿਆ । ਸਾਚੀ ਖਿੜੀ ਇਕ ਗੁਲਜ਼ਾਰਿਆ । ਗੁਰ ਸੰਗਤ ਫੁੱਲ ਸਾਚੇ ਆਪ ਮਹਿਕਾ ਰਿਹਾ । ਕਲਜੁਗ ਸੁੱਕੇ ਡਾਲ ਗੁਰਸਿਖ ਸਾਚੇ ਆਪ ਟਹਿਕਾ ਰਿਹਾ । ਰੰਗ ਨਵੇਲੀ ਚਲਿਆ ਚਾਲ, ਆਪਣਾ ਖੇਲ ਆਪ ਵਰਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੰਤਾ ਰੋਗ ਸੋਗ ਸਰਬ ਮਿਟਾ ਰਿਹਾ । ਰੋਗੀ ਚਰਨ ਦਵਾਰੇ । ਪਾਏ ਸੋਝੀ ਹਰਿ ਨਿਰੰਕਾਰੇ । ਭੇਵ ਗੋਝੀ ਆਪ ਵਿਚਾਰੇ । ਪਾਪਾਂ ਭਾਰ ਹੋਇਆ ਬੋਝੀ, ਚੁੱਕਣਾ ਹੋਇਆ ਭਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਵੇ ਸਾਰੇ ।

ਪਾਪਾਂ ਭਾਰ ਸਿਰ ਬੰਧਾਇਆ । ਆਈ ਹਾਰ ਨਾ ਕਿਸੇ ਲੁਹਾਇਆ । ਸਿਰ ਪਈ ਛਾਰ, ਸਾਚਾ ਹੱਥ ਕਿਸੇ ਨਾ ਸੀਸ ਟਿਕਾਇਆ । ਪ੍ਰਭ ਸਾਚੇ ਦੀ ਸਾਚੀ ਕਾਰ, ਪੈਜ ਜਨ ਭਗਤਾਂ ਰਖਦਾ ਆਇਆ । ਰੈਣ ਸਬਾਈ ਚਰਨ ਦਵਾਰੇ । ਸੇਵਾ ਕਰੋ ਲਾਲ ਦੁਲਾਰੇ । ਲੱਗੇ ਰੋਗ ਪ੍ਰਭ ਸਰਬ ਨਿਵਾਰੇ । ਚੁਗੋ ਚੋਗ ਪ੍ਰਭ ਚੁਗਾਏ ਸੋਹੰ ਸ਼ਬਦ ਅਪਾਰੇ । ਸਾਚਾ ਭੋਗੋ ਭੋਗ, ਰਸਨਾ ਗਾਓ ਹਰਿ ਨਿਰੰਕਾਰੇ । ਪ੍ਰਭ ਅਬਿਨਾਸ਼ੀ ਸਚ ਸੰਜੋਗ, ਗੁਰਸਿਖ ਸਾਚਾ ਸਾਚੀ ਨਾਰੇ । ਦੇਵੇ ਦਰਸ ਹਰਿ ਅਮੋਘ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਮਿਟਾਏ ਅੰਧ ਅੰਧਿਆਰੇ । ਦੁੱਖੀ ਜੀਵ ਦੁੱਖ ਨਾ ਝੱਲਣ । ਕਾਇਆ ਹੱਡ ਵਾਂਗ ਤੰਦੂਰੀ ਜਲਣ । ਦੁੱਖ ਦਰਦ ਪ੍ਰਭ ਦੇਵੇ ਵੱਢ, ਸਾਚੇ ਢਾਂਚੇ ਜੋ ਜਨ ਢਲਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਛਲੀਆ ਕਰਦਾ ਰਹੇ ਛਲਣ । ਕਾਇਆ ਦੁੱਖ ਅੱਠੇ ਪਹਿਰ । ਵਰਤਿਆ ਰਹੇ ਸਦਾ ਕਹਿਰ । ਲੱਗੀ ਰਹੇ ਜੇਠ ਦੁਪਹਿਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਆਤਮ ਵਗਾ ਅੰਮ੍ਰਿਤ ਨਹਿਰ । ਅੰਮ੍ਰਿਤ ਨਹਿਰ ਹਰਿ ਆਪ ਵਗਾਏ । ਦੁੱਖ ਰੋਗ ਸਰਬ ਰੁੜ੍ਹਾਏ । ਸਾਚਾ ਸੁਖ ਇਕ ਉਪਜਾਏ । ਸਾਚੀ ਸਰਨ ਜੋ ਜਨ ਸੇਵ ਕਮਾਏ । ਸਾਚਾ ਮੇਵਾ ਹਰਿ ਆਪ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮਿਲੇ ਲਏ ਗਲ ਲਾਏ । ਆਪਣੇ ਗਲ ਆਪ ਲਗਾ ਕੇ । ਆਤਮ ਜੋਤੀ ਆਪ ਜਗਾ ਕੇ । ਦਸਮ ਦਵਾਰੀ ਤਾਕ ਖੁਲ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਤੇਰੀ ਚਰਨੀ ਡਿੱਗੇ ਆ ਕੇ । ਆਤਮ ਤਾਕ ਆਪ ਖੁਲ੍ਹਾਇਆ । ਤਨ ਹੋਏ ਢੇਰੀ ਖਾਕ, ਜਿਸ ਸੰਗ ਝੂਠਾ ਮੋਹ ਵਧਾਇਆ । ਪ੍ਰਭ ਅਬਿਨਾਸ਼ੀ ਪਾਕੀ ਪਾਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਤ ਮਾਇਆ । ਤਨ ਕਾਇਆ ਦੁੱਖੀ ਰਹਿਣ । ਅੱਠੇ ਪਹਿਰ ਨਾ ਮਿਲਦਾ ਬਹਿਣ । ਮੰਦੇ ਲੱਗਣ ਭਾਈ ਭੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਇਆਂ ਆਪ ਚੁਕਾਏ ਲਹਿਣ ਦੇਣ । ਲਹਿਣਾ ਦੇਣਾ ਆਪ ਚੁਕਾਉਣਾ । ਕਾਇਆ ਦੁੱਖੜਾ ਸਾਰਾ ਲਾਹੁਣਾ । ਪ੍ਰੇਮੀ ਭੁੱਖੜਾ ਸ਼ਬਦ ਰਜਾਉਣਾ । ਉਜਲ ਮੁੱਖੜਾ ਆਪ ਕਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਕੁੱਖੜਾ ਸੁਫਲ ਕਰਾਉਣਾ । ਸੁਫਲ ਹੋਏ ਕੁੱਖ ਮਾਉਂ । ਏਕਾ ਗਾਓ ਹਰਿ ਕਾ ਨਾਉਂ । ਦੁੱਖ ਦਰਦ ਸਰਬ ਗਵਾਓ । ਆਪੇ ਬੈਠੇ ਸਾਚੇ ਥਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਹਰਿ ਏਕਾ ਵਸੇ ਥਾਉਂ । ਏਕਾ ਵਸੇ ਹਰਿ ਪੀਤ ਪਿਤੰਬਰ । ਜੁਗੋ ਜੁਗ ਵਿਚ ਮਾਤ ਰਚਾਏ ਇਕ ਸਵੰਬਰ । ਬੇਮੁਖ ਜੀਵ ਆਪ ਡੁਬਾਏ ਵਹਿੰਦੀ ਧਾਰ ਡੂੰਘੀ ਘੁੰਮਰ । ਝੂਠੇ ਤਾਲ ਆਪ ਨਚਾਏ, ਘਰ ਘਰ ਪੈਂਦੀ ਝੁੰਮਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਪਣੇ ਆਪ ਬਣਾਏ ਜਿਉਂ ਰਾਜਿਆਂ ਰਾਣਿਆਂ ਘਰ ਕੁੰਵਰ । ਰਾਜ ਨੀਤੀ ਰਾਜ ਨੀਤ ਹੈ । ਜਿਸ ਰਾਜਨ ਗੁਰ ਚਰਨਾਂ ਵਿਚ ਪ੍ਰੀਤ ਹੈ । ਪ੍ਰਭ ਸਾਚਾ ਜਿਸ ਦਾ ਮੀਤ ਹੈ । ਅੱਠੇ ਪਹਿਰ ਕਾਇਆ ਰੱਖੇ ਸੀਤ ਹੈ । ਕਲਜੁਗ ਜੀਵ ਝੂਠੇ ਕੂਕਾਂ ਮਾਰਨ ਜਿਉਂ ਮੁੱਲਾ ਦੇਵੇ ਬਾਂਗ ਮਸੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਗੁਰਸਿਖਾਂ ਰੱਖੇ ਕਾਇਆ ਸੀਤ ਹੈ । ਮੁਲਾਂ ਮੁਲਾਣੇ ਦੇਣ ਦੁਹਾਈ । ਰੋਜ਼ਾ ਬਾਂਗ ਕਿਸੇ ਕੰਮ ਨਾ ਆਈ । ਬੱਤੀ ਸਪਾਰੇ ਨਾ ਹੋਇਣ ਸਹਾਈ । ਸਾਚੀ ਧਾਰਾ ਇਕ ਰਖਾਈ । ਸੋਹੰ ਸ਼ਬਦ ਤੇਰੀ ਵਡਿਆਈ । ਸ੍ਰਿਸ਼ਟ ਸਬਾਈ ਜਿਸ ਨੱਥ ਵਖਾਈ । ਆਤਮ ਉਤੇ ਬੈਠਾ ਕਾਇਆ ਤਨ ਬਣਿਆ ਰਥ ਰਥਵਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਹੋਏ ਸਹਾਈ ਸਭਨੀਂ ਥਾਈਂ । ਸਾਚਾ ਬਾਣਾ

ਗੁਰਸਿਖਾਂ ਤਾਜ ਹੈ । ਗੁਰਸਿਖਾਂ ਮਾਤ ਰੱਖੇ ਆਪੇ ਲਾਜ ਹੈ । ਸ੍ਰਿਸ਼ਟ ਸਬਾਈ ਅੰਤਮ ਪੈਣੀ ਭਾਜ ਹੈ । ਸ਼ਬਦ ਸਰੂਪੀ ਮਾਰੇ ਝਪਟ ਏਕਾ ਬਾਜ ਹੈ । ਆਪੇ ਕੱਢੇ ਕਾਮੀ ਕਰੋਧੀ ਕਪਟ, ਕਰਦਾ ਰਹੇ ਸਾਚੀ ਕਾਟ ਹੈ । ਗੁਰਸਿਖ ਤੇਰੀ ਆਤਮ ਰਿਹਾ ਲਪਟ, ਅੰਦਰ ਵੇਖ ਮਾਰ ਝਾਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਰੱਖੇ ਸਾਚਾ ਤਾਜ ਹੈ । ਸਾਚਾ ਤਾਜ ਹਰਿ ਸੁਲਤਾਨ । ਸਾਚੇ ਤਖ਼ਤ ਬੈਠੇ ਭਗਵਾਨ । ਗੁਰ ਸੰਗਤ ਰੱਖੇ ਚਰਨ ਧਿਆਨ । ਕਰੇ ਖੇਲ ਹਰਿ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਸੁਹਾਏ ਸਾਚਾ ਥਾਨ । ਸਾਚਾ ਤਾਜ ਹਰਿ ਸਿਰ ਧਰ । ਪ੍ਰਗਟ ਹੋਵੇ ਅਵਤਾਰ ਨਰ । ਸਾਚਾ ਸ਼ਬਦ ਡੰਕ ਵਜਾਏ, ਸੁਣਾਏ ਘਰ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਗੁਰਸਿਖ ਸਾਚੇ ਤਰ । ਸਚ ਤਾਜ ਸੱਚੀ ਸਿਕਦਾਰੀ । ਸ੍ਰਿਸ਼ਟ ਸਬਾਈ ਕਰੇ ਚਰਨ ਪਨਿਹਾਰੀ । ਰਾਜੇ ਰਾਣੇ ਵਡ ਮਹਾਂਰਾਣੇ ਖਿਚ ਲਿਆਏ ਚਰਨ ਦਵਾਰੀ । ਆਪ ਪਹਿਨਾਏ ਚਿੱਟੇ ਬਾਣੇ, ਕਾਇਆ ਮਹੱਲ ਹਰਿ ਦੇ ਉਤਾਰੀ । ਮਾਤਲੋਕ ਆਪ ਪੁਣ ਛਾਣੇ, ਕਰੇ ਛਾਛ ਦੁੱਧ ਨਿਆਰੀ । ਆਪੇ ਬੈਠੇ ਪੈਂਦ ਸਰਹਾਣੇ, ਕਿਆ ਕੋਈ ਜਾਣੇ ਜੀਵ ਪਰਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰਚਨਾ ਆਪ ਰਚਾਣੀ । ਸਾਚੀ ਰਚਨਾ ਜਗ ਰਚਾਏ । ਸਾਚੋ ਸਾਚ ਸਚ ਕਰ ਹਰਿ ਵਖਾਏ । ਝੂਠਾ ਕਾਚ ਸ਼ਬਦ ਆਂਚ ਪ੍ਰਭ ਦੇ ਜਲਾਏ । ਗੁਰਮੁਖ ਸਾਚੇ ਸੰਤ ਜਨ ਆਪਣੀ ਸਰਨ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਏ । ਸਿਰ ਰੱਖੇ ਤਾਜ ਵਡ ਬਲਕਾਰਿਆ । ਤੋੜੇ ਮਾਣ ਸਰਬ ਹੰਕਾਰਿਆ । ਏਕਾ ਦਿਸੇ ਸੱਚਾ ਸ਼ਾਨ, ਸਚ ਦਰ ਦਰਬਾਰੀਆ । ਕੋਇ ਨਾ ਝੁੱਲੇ ਹੋਰ ਨਿਸ਼ਾਨ ਵਿਚ ਸੰਸਾਰਿਆ । ਏਕਾ ਸ਼ਬਦ ਰਸਨਾ ਗਾਇਣ, ਚਾਰ ਵਰਨ
੩੧੧ ੦੩ ਇਕ ਦਵਾਰਿਆ । ਆਪੇ ਦੇਵੇ ਨਾਮ ਨਿਧਾਨ, ਸੋਹੰ ਦਾਤ ਝੋਲੀ ਪਾ ਰਿਹਾ । ਗੁਰਮੁਖ ਸਾਚੇ ਪ੍ਰਭ ਦਰ ਪਾਣ, ਆਏ ਦਰ ਚਰਨ ਗੁਰ ਨਿਮਸਕਾਰਿਆ । ੩੧੧ ੦੩
ਆਤਮ ਸਚ ਸੁਹਾਏ ਥਾਨ, ਆਸਣ ਲਾਏ ਹਰਿ ਬਨਵਾਰੀਆ । ਆਪ ਚੁਕਾਏ ਜਮ ਕੀ ਕਾਨ, ਦੇਵੇ ਦਰਸ ਅਗੰਮ ਅਪਾਰੀਆ । ਸਾਚੀ ਨਾਮ ਵਖਾਏ ਖਾਣ, ਨਾ ਕੋਈ ਲੁੱਟੇ ਜੀਵ ਜਗਤ ਜਵਾਰੀਆ । ਸਾਚਾ ਦੇਵੇ ਪੀਣ ਗੁਣ ਨਿਧਾਨ, ਆਪਣਾ ਨਾਮ ਨਿਰੰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪੈਜ ਸਵਾਰਿਆ । ਸਿਰ ਤਾਜ ਸਰਬ ਗੁਣ ਭਰਪੂਰੇ । ਗੁਰਮੁਖ ਸਾਚੇ ਸੰਤ ਜਨ, ਪ੍ਰਭ ਆਸਾ ਮਨਸਾ ਪੂਰੇ । ਸਾਚਾ ਦੇਵੇ ਨਾਮ ਧਨ, ਏਕਾ ਸ਼ਬਦ ਸਾਚੀ ਤੂਰੇ । ਆਤਮ ਕੱਢੇ ਸਰਬ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨਾਤਾ ਚਰਨ ਹਜ਼ੂਰ ਦੇ । ਚਰਨ ਹਜ਼ੂਰੀ ਮਿਲੇ ਸਚ ਮਜ਼ੂਰੀ । ਗੁਰਸਿਖਾਂ ਘਾਲ ਹੋਏ ਪੂਰੀ । ਕਿਸੇ ਤਨ ਨਾ ਦਿਸੇ ਕਾਲੀ ਭੂਰੀ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਸੋਹੰ ਸ਼ਬਦ ਕੁੱਟ ਖਵਾਏ ਚੂਰੀ । ਆਤਮ ਤਨ ਹੋਏ ਭਿੰਨ ਭਿੰਨਾ, ਕਾਇਆ ਹੋਏ ਨੂਰੋ ਨੂਰੀ । ਨਾ ਕੋਈ ਦੀਸੇ ਰੇਖ ਨਾ ਕੋਈ ਦੀਸੇ ਚਿਨ ਚਿਨਾ, ਪ੍ਰਭ ਦੇਵੇ ਸਾਚੀ ਸਿਦਕ ਸਬੂਰੀ । ਪ੍ਰਗਟ ਹੋਵੇ ਛਿਨ ਛਿਨਾ, ਜਿਸ ਜਾਣੋ ਦੂਰੀ । ਗੁਰਸਿਖ ਰਸਨਾ ਗਾਓ ਕਿਸ ਗੁਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਵਡ ਸੂਰੀ । ਵਡ ਦਾਤਾ ਦਾਤ ਦਵਾਇੰਦਾ । ਸਾਚਾ ਸ਼ਬਦ ਵਡ ਕਰਾਮਾਤ, ਵਿਚ ਮਾਤ ਚਲਾਇੰਦਾ । ਮਿਟਾਏ ਜ਼ਾਤ ਪਾਤ, ਇਕ ਬੰਧਾਏ ਚਰਨ ਨਾਤ, ਸਤਿਜੁਗ ਸਾਚਾ ਰਾਹ ਚਲਾਇੰਦਾ । ਬੈਠ ਇਕ ਇਕਾਂਤ, ਦਿਵਸ ਰੈਣ ਰਹੇ ਸ਼ਾਂਤ, ਲੱਖ ਚੁਰਾਸੀ ਲੇਖਾ ਆਪ ਗਿਣਾਇੰਦਾ । ਭਾਂਡੇ ਘੜੇ ਬਹੁ ਬਹੁ ਭਾਂਤ, ਦੀਪਕ ਆਪਣੀ ਜੋਤੀ ਵਿਚ ਟਿਕਾਇੰਦਾ । ਨਾ ਕੋਈ ਪਿਤ ਨਾ ਕੋਈ ਮਾਤ, ਝੂਠੇ ਧੰਦੇ ਜਗਤ

ਮੋਹ ਮਾਇਆ ਵਿਚ ਫਸਾਇੰਦਾ । ਬਿਨ ਗੁਰ ਪੂਰੇ ਅੰਧੇ, ਘਰ ਸਾਚਾ ਨਾ ਕੋਈ ਵਖਾਇੰਦਾ । ਝੂਠੇ ਦਿਸਣ ਘਰ ਦੇ ਧੰਦੇ, ਅੰਤਮ ਖਾਲੀ ਹੱਥੀਂ ਜਾਇੰਦਾ । ਅਜੇ ਸਮਝ ਕਲਜੁਗ ਜੀਵ ਪਾਪੀ ਬੰਦੇ, ਪ੍ਰਭ ਮਤੀਂ ਦੇ ਆਪ ਸਮਝਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਅੱਗੇ ਖੜ ਸਾਚੇ ਰਾਹੇ ਪਾਇੰਦਾ । ਸਾਚੇ ਰਾਹੇ ਜਾਣਾ ਪੈ । ਆਪ ਲੈ ਜਾਏ ਜਿਥੇ ਵਸੇ ਇਕ ਹਰਿ ਥੈਂ । ਸ੍ਰਿਸ਼ਟ ਸਬਾਈ ਕਰ ਜਾਏ ਖੈ । ਗੁਰਮੁਖ ਵਿਰਲਾ ਵਿਚ ਮਾਤ ਰਹਿ ਜਾਏ, ਨਾਲ ਕਿਸੇ ਕੋਈ ਨਾ ਜਾਏ ਸ਼ੈ । ਗੁਰਮੁਖ ਸੋਹੰ ਸੁਗਾਤ ਪ੍ਰਭ ਸਾਚਾ ਦੇ, ਵੇਲੇ ਅੰਤਮ ਰੱਖੇ ਪਾਤ ਗੁਰਮੁਖ ਸਾਚੇ ਸੰਤ ਜਨਾਂ ਗੋਦੀ ਆਪਣੀ ਵਿਚ ਲੈ ਕੇ ਬਹਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇ ਏਕਾ ਥੈਂ । ਸਿਰ ਤਾਜ ਕਲਗੀ ਤੋੜ ਹੈ । ਪ੍ਰਭ ਟੁੱਟੀ ਰਿਹਾ ਜੋੜ ਹੈ । ਸ਼ਬਦ ਸਰੂਪੀ ਛੱਡਿਆ ਘੋੜ ਹੈ । ਚਾਰ ਚੁਫੇਰੇ ਰਿਹਾ ਦੌੜ ਹੈ । ਨਾ ਸਕੇ ਕੋਈ ਮੋੜ ਹੈ । ਗੁਰਸਿਖਾਂ ਆਤਮ ਲੱਗੀ ਔੜ ਹੈ । ਪ੍ਰਭ ਅਬਿਨਾਸ਼ੀ ਛੇਤੀ ਬਹੁੜ ਹੈ । ਕਲਜੁਗ ਅੰਤਮ ਹੋਇਆ ਚੌੜ ਹੈ । ਬੇਮੁਖਾਂ ਰਸਨਾ ਹੋਈ ਕੌੜ ਹੈ । ਨਾ ਕੋਈ ਚੜ੍ਹਦਾ ਹਰਿ ਕੇ ਪੌੜ ਹੈ । ਐਵੇਂ ਝੂਠੇ ਮਾਰਨ ਭੇਖਧਾਰੀ ਗਪੌੜ ਹੈ । ਨਾ ਕੋਈ ਜਾਣੇ ਰਾਗ ਗੌੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਹ ਔਖਾ ਦਿਸੇ ਅੱਗੇ ਸੌੜ ਹੈ । ਛੋਟਾ ਰਾਹ ਅੱਗੇ ਸੌੜਾ । ਨਾ ਲੰਮਾ ਨਾ ਚੌੜਾ । ਜਿਥੇ ਚੜ੍ਹਨਾ ਚੌਥਾ ਪੌੜਾ । ਪ੍ਰਭ ਅਬਿਨਾਸ਼ੀ ਅੱਗੇ ਲਈ ਖਲੋਤਾ ਚਿੱਟਾ ਘੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਵਿਚ ਪ੍ਰਗਟ ਜੋਤ ਵਿਚ ਮਾਤ ਦੇ ਬਹੁੜਾ । ਚਿੱਟਾ ਘੋੜਾ ਹਰਿ ਸੰਗ ਲਿਆਏ । ਸ਼ਬਦ ਸਰੂਪੀ ਤੰਗ ਕਸਾਏ । ਨਾਮ ਵੰਗ ਗੁਰਸਿਖ ਤੇਰੀ ਹੱਥੀਂ ਪਹਿਨਾਏ । ਨਾ ਜਾਣਾ ਸੰਗ ਸਾਚਾ ਦੂਹਲਾ ਗੁਰਸਿਖ ਦੁਲਹਨ ਵਿਆਹ ਘਰ ਲੈ ਜਾਏ । ਧੰਨ ਧੰਨ ਧੰਨ ਗੁਰਸਿਖ ਤੇਰੀ ਅੰਤਮ ਇਕ ਰਾਤ ਸੁਹਾਗਣ ਆਏ । ਨਾਰੀ ਪੀਆ ਨਰ ਸਾਚਾ ਹਿੱਤ, ਸਚਖੰਡ ਏਕਾ ਸੇਜਾ ਆਸਣ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਰਸ ਭੋਗ ਚਿੰਤਾ ਸੋਗ ਸਰਬ ਮਿਟਾਏ । ਪੀਆ ਨਾਰੀ ਏਕਾ ਥਾਂਏ । ਗੁਰਸਿਖ ਗੁਰ ਦੋਏ ਮਿਲ ਜਾਏ । ਲਿਖਿਆ ਧੁਰ ਨਾ ਕੋਈ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕੰਤ ਸੰਤਾਂ ਮੇਲ ਮਿਲਾਏ । ਏਕਾ ਸੰਤ ਨਾਰ ਸੁਹਾਗਣ । ਸ੍ਰਿਸ਼ਟ ਸਬਾਈ ਨਾਰ ਦੁਹਾਗਣ । ਧੰਨ ਧੰਨ ਗੁਰਸਿਖ ਜੋ ਵਿਚ ਮਾਤ ਦੇ ਜਾਗਣ । ਪ੍ਰਭ ਦਰ ਮੰਗਣ ਸਾਚੀ ਭਿਖ, ਹੋਏ ਵਡ ਵਡ ਭਾਗਣ । ਆਤਮ ਮਿਟਾਏ ਤ੍ਰਿਸ਼ਨਾ ਤ੍ਰਿਖ, ਕਲਜੁਗ ਮਾਇਆ ਨਾ ਡੱਸੇ ਨਾਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸੁਣਾਏ ਸਾਚਾ ਸੋਹੰ ਰਾਗਣ । ਸਾਚਾ ਰਾਗ ਸੋਹੰ ਜਾਨਾ । ਦੂਆ ਕੋਇ ਨਾ ਹੋਏ ਵਿਚ ਜਹਾਨਾ । ਓਅੰ ਸੋਹੰ ਏਕਾ ਮਾਨਾ । ਹੰ ਜੀਵ ਸੋ ਭਗਵਾਨਾ । ਗੁਰਮੁਖ ਸਾਚੇ ਜੋਤ ਸਰੂਪੀ ਨਾ ਸਕੇ ਪਛਾਣਾ । ਜੋਤ ਸਰੂਪੀ ਪਵਣ ਮਸਾਨਾ । ਨਾ ਕਿਸੇ ਦਿਸੇ ਅਵਣ ਜਾਣਾ । ਜਿਥੇ ਵਸੇ ਹਰਿ ਨਾ ਦਿਸੇ ਕਿਸੇ ਸਚ ਟਿਕਾਣਾ । ਕਾਇਆ ਵੇਖੇ ਸਾਚਾ ਹਰਿ, ਗੁਰ ਚਰਨ ਹੋਏ ਨਿਮਾਣਾ । ਜੋਤ ਸਰੂਪੀ ਹਰਿ ਹਿਰਦੇ ਵਸਿਆ, ਬੈਠਾ ਪਾਵੇ ਚਿੱਟਾ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਗੁਰਸਿਖ ਤੇਰਾ ਆਤਮ ਘਰ ਵਸਾਣਾ । ਵਸੇ ਘਰ ਚੜ੍ਹੇ ਚਾਓ । ਝੂਠਾ ਮੁੱਕੇ ਚੁੱਕੇ ਜਗਤ ਭਓ । ਏਕਾ ਦਿਸੇ ਸਾਚਾ ਨਾਉਂ । ਦੂਸਰ ਕੋਈ ਨਾ ਦਿਸੇ ਥਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਆਪ ਬਿਠਾਏ ਆਪਣੀ ਕਰੇ ਉਪਰ ਛਾਉਂ । ਕਰੇ ਛਾਉਂ ਰੱਖੇ ਹਿੱਤ । ਵੇਲੇ ਅੰਤਮ ਨਾ ਲੱਥੇ ਪੱਤ । ਨਾ ਗੁਰ ਪੂਰੇ ਤੇਰਾ ਤੁਟੇ ਜੱਤ । ਸਤਿ ਸੰਤੋਖ ਧਰਮ ਗੁਰ ਪੂਰਾ ਦੇਵੇ

ਮੱਤ । ਸਾਚਾ ਕਰਮ ਹਰਿ ਜਾਏ ਕਰ ਦੇਵੇ ਸਾਚੀ ਮੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਆਪੇ ਜਾਣੇ ਮਿਤ ਗਤ । ਹੋਏ ਕੁੜਮਾਈ ਵਿਚ ਸੰਸਾਰ । ਖੇਲ ਕਰਾਏ ਆਪ ਕਰਤਾਰ । ਇਕ ਘਰ ਦੇਵੇ ਧੀਆਂ ਦੂਜੇ ਬਖ਼ਸ਼ੇ ਪੂਤ ਪਿਆਰ । ਕਲਜੁਗ ਅੰਤਮ ਗੁਰਸਿਖ ਸਾਰੇ ਕਲਜੁਗ ਤੇਰੀਆਂ ਧੀਆਂ, ਪੂਰਬ ਕਰਮ ਵਿਚਾਰ । ਸਤਿਜੁਗ ਬੀਜ ਸਾਚਾ ਬੀਆ, ਲਾਲ ਬਖ਼ਸ਼ੇ ਇਕ ਕਰਤਾਰ । ਕਲਜੁਗ ਵੇਖ ਵੇਖ ਹਰਿ ਸਾਚੇ ਆਪੇ ਪਾਏ ਸਾਚੀ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਇਆ ਅਪਰ ਅਪਾਰ । ਕਲਜੁਗ ਕੂੜਮ ਕੂੜ ਕੁੜਿਆਰਾ । ਧੀਆਂ ਭੈਣਾਂ ਕਰੇ ਵਪਾਰਾ । ਸਾਚਾ ਭੁੱਲਿਆ ਹਰਿ ਦਵਾਰਾ । ਝੂਠਾ ਜਾਣੇ ਵਕਤ ਵਿਹਾਰਾ । ਪ੍ਰਭ ਸਾਚੇ ਦੀ ਏਕਾ ਸਾਚੀ ਧਾਰਾ । ਗੁਰਮੁਖ ਸਾਚੇ ਸੰਤ ਜਨੋ, ਕਲਜੁਗ ਅੰਤਮ ਵੇਖੋ ਕੀ ਵਰਤੇ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਗੁਰਸਿਖ ਸਾਚੇ ਧੀ ਸੁਲੱਖਣੀ ਵਿਆਵਣ ਆਵੇ ਨਾਰਾ । ਸਤਿਜੁਗ ਸਾਚਾ ਛੈਲ ਛਬੀਲਾ । ਪ੍ਰਭ ਆਪ ਬਣਾਏ ਆਪਣਾ ਕਰਕੇ ਹੀਲਾ । ਨਾ ਕਿਸੇ ਜਣਾਵੇ ਨਾ ਕੋਈ ਆਖ ਸੁਣਾਏ ਜਿਥੇ ਵਸੇ ਆਪ ਬੈਠਾ ਉਚੇ ਟੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਨਾ ਰੰਗ ਸੂਹਾ ਨਾ ਕਾਲਾ ਨਾ ਪੀਲਾ । ਸਤਿਜੁਗ ਸੁੱਤ ਹੋਏ ਬਲਵਾਨ । ਪਿਤਾ ਉਪਰ ਪੂਤ ਕਰੇ ਧਿਆਨ । ਆਤਮ ਵੇਖੇ ਇਕ ਗਿਆਨ । ਜਗਤ ਰੀਤੀ ਜਾਣੇ ਵਿਰਲਾ ਗੁਰਸਿਖ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਪੇ ਜਾਣੇ ਸ੍ਰੀ ਭਗਵਾਨ । ਸਤਿਜੁਗ ਕੁੜਮ ਸੱਚਾ ਸੁਚਿਆਰਾ । ਆਪ ਬਣਾਏ ਹਰਿ ਦੁਲਾਰਾ । ਕਿਆ ਕੋਈ ਜਾਣੇ ਜੀਵ ਸਾਰਾ । ਆਪਣਾ ਰੰਗ ਹਰਿ ਆਪੇ ਵਰਤੇ ਆਪੇ ਕਰੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਅਧਾਰਾ । ਸਤਿਜੁਗ ਸਾਚੇ ਚੜ੍ਹਿਆ ਚਾਓ । ਪੁੱਤਰ ਵਿਆਹੋ ਸਾਚੇ ਥਾਉਂ । ਜੋ ਰਸਨਾ ਗਾਏ ਨਾਰੀ ਹਰਿ ਕਾ ਨਾਉਂ । ਸੋ ਨਾਰੀ ਲਾਗੇ ਸੁੱਤ ਸਾਚੇ ਪਾਉਂ । ਦੁਹਾਗਣ ਨਾਰ ਕਿਤੇ ਨਾ ਮਿਲੇ ਥਾਉਂ । ਗੁਰਮੁਖ ਸਾਚੇ ਸੰਤ ਜਨ ਸਦਾ ਸੁਹਾਗਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸਚ ਚਾਓ । ਸਤਿਜੁਗ ਹੋਇਆ ਮਾਤ ਜਵਾਨ । ਸਾਚਾ ਸੁੱਤ ਬਲੀ ਬਲਵਾਨ । ਪਾਰਬ੍ਰਹਮ ਅਚੁਤ, ਕਰੇ ਖੇਲ ਆਪ ਮਹਾਨ । ਗੁਰਸਿਖਾਂ ਪਕੜ ਆਪਣੀ ਹੱਥੀਂ ਗੁੰਦੇ ਗੁੱਤ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣੀ ਜਾਣ । ਆਪਣੀ ਆਣ ਆਪੇ ਜਾਣੇ । ਮੇਲ ਮਿਲਾਇਆ ਹਰਿ ਭਗਵਾਨੇ । ਦੋਵੇਂ ਹੱਥੀਂ ਬੱਧੇ ਗਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਤੇਲ ਪਾਏ ਸ਼ਬਦ ਸਰੂਪੀ ਕਾਨੇ । ਗੁਰਸਿਖ ਤੇਰੀ ਰੱਤ ਸਾਚਾ ਤੇਲ । ਜੋਤ ਸਰੂਪੀ ਸਾਚਾ ਮੇਲ । ਏਕਾ ਫੱਲ ਲੱਗੇ, ਤੇਰੀ ਕਾਇਆ ਵੇਲ । ਬਣ ਮਾਲਣ ਹੱਥੀਂ ਆਪਣੀ ਤੋੜੇ ਗੁੰਦ ਲਿਆਵੇ ਚੰਬਾ ਮਰੂਆ ਰਵੇਲ । ਸਾਚਾ ਧਾਗਾ ਸੋਹੰ ਤੇਰੇ ਵਿਚ ਪੁਰਾਏ, ਆਪਣੇ ਹੱਥ ਫੜੇ ਨਕੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੋ ਕੀ ਵਰਤਾਏ ਖੇਲ । ਸਾਚਾ ਖੇਲ ਹਰਿ ਵਰਤਾਵਣਾ । ਕਲਜੁਗ ਸਤਿਜੁਗ ਦੋਹਾਂ ਮੇਲ ਮਿਲਾਵਣਾ । ਸਤਿਜੁਗ ਦਿਤਾ ਸਾਚਾ ਤਾਜ, ਆਪਣੀ ਹੱਥੀਂ ਸੀਸ ਟਿਕਾਵਣਾ । ਕਲਜੁਗ ਦਿਤਾ ਸਾਚਾ ਦਾਜ, ਸੋਹੰ ਸ਼ਬਦ ਗੁਰਸਿਖ ਸਾਚੀ ਧੀ ਲੈ ਘਰ ਜਾਵਣਾ । ਦੂਜ ਜਾਣੇ ਕੀ ਜੋ ਕਰੇ ਹਰਿ ਭਗਵਾਨਣਾ । ਨਾ ਕੋਇ ਡਰਾਏ ਸੱਪ ਸੀਂਹ ਭੈ ਭਿਆਨਕ ਸਰਬ ਮਿਟ ਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਬ੍ਰਹਮ ਗਿਆਨਣਾ । ਸ਼ਬਦ ਦਾਜ ਗੁਰ ਪੂਰੇ ਦੀਆ । ਕਲਜੁਗ ਅੰਤਮ ਹੋਇਆ ਵਿਆਹ, ਜਵਾਨ ਗੁਰਸਿਖ ਤੇਰੀ ਧੀਆ । ਸਤਿਜੁਗ

ਸਾਚੇ ਆਪ ਵਿਆਹਵਣ ਆਵੇ, ਪ੍ਰਭ ਅਬਿਨਾਸ਼ੀ ਬਣ ਕੇ ਸਾਚਾ ਪੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪੇ ਕੀਆ । ਸ਼ਬਦ ਵਿਚੋਲਾ ਵਿਚ ਮਾਰੇ ਫੇਰੇ, ਸਾਚੀ ਭੇਜੇ ਇਕ ਸੁਗਾਤ । ਉਠੋ ਸਿਖੋ ਵੇਲੇ ਪ੍ਰਭਾਤ । ਕਲਜੁਗ ਮੁਕਦੀ ਜਾਂਦੀ ਰਾਤ । ਕਰੋ ਦਰਸ ਜਿਸ ਨੂੰ ਰਹੇ ਤਰਸ, ਪ੍ਰਭ ਤੁਹਾਡੀ ਇਕ ਬਣਾਏ ਆਪ ਬਰਾਤ । ਗੁਰਮੁਖ ਸਾਚੇ ਸੰਤ ਜਨਾਂ ਮਿਲ ਹਰਿ ਸਾਚੇ ਹੋਏ ਸੁਹੰਝਣੀ ਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਆਪਣੀਆਂ ਅੰਕ ਸਹੇਲੜੀਆਂ ਵਟਣਾ ਮਜਨ ਲਗਾਏ ਬੈਠ ਇਕ ਇਕਾਂਤ । ਵਟਣਾ ਮਜਨ ਤਨ ਲਗਾਓ । ਗੀਤ ਸੁਹਾਗੀ ਸਾਰੇ ਗਾਓ । ਚਿੱਟੇ ਬਾਣੇ ਸਾਰੇ ਪਾਓ । ਸੁਘੜ ਸਿਆਣੇ ਸਾਰੇ ਬਣ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗ ਇਕ ਨਿਭਾਓ । ਵਟਣਾ ਤੇਲ ਹਰਿ ਲਗਾਇਆ । ਗੁਰਸਿਖਾਂ ਸਾਚਾ ਮੇਲ ਮਿਲਾਇਆ । ਅਚਰਜ ਖੇਲ ਆਪ ਰਚਾਇਆ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚੇ ਸਤਿ ਸੰਤੋਖ ਧਰਮ ਸਤਿ ਜੱਤ ਤਤ ਸਾਚੀ ਮੱਤ ਦੇ ਸੀਸ ਦਸਤਾਰ ਮਾਇਆ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਚੀਰਾ ਸਾਚਾ ਹੀਰਾ ਗੁਰਸਿਖਾਂ ਦੇਵੇ ਧੀਰਾ ਆਪਣੇ ਸਿਰ ਟਿਕਾਇਆ । ਸਾਚਾ ਦਸਤਾਰ ਹਰਿ ਸੀਸ ਟਿਕਾਏ । ਸੰਤ ਜਨਾਂ ਹਰਿ ਹੁਕਮ ਸੁਣਾਏ । ਉਠੋ ਜਾਂਞੀ ਧੁਰ ਦਰਗਾਹ ਦੇ ਸਾਂਞੀ ਆਪਣੇ ਨਾਲ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘੋੜ ਚੜ੍ਹਨ ਦੀ ਬਣਤ ਬਣਾਏ । ਸੰਤ ਜਾਂਞੀ ਸੰਗ ਸੁਹੇਲਾ । ਦਰਗਹਿ ਸਾਚੀ ਲੱਗਾ ਮੇਲਾ । ਵਿਛੜਿਆਂ ਪ੍ਰਭ ਸਾਚੇ ਆਪ ਕਰਾਇਆ ਆਪਣਾ ਮੇਲਾ । ਸਾਚੇ ਸੰਤ ਹਰਿ ਦਰ ਪੁਕਾਰਨ, ਹਰਿ ਦਰਸ ਨਿਮਸਕਾਰਨ, ਖਾਲੀ ਹੱਥੀਂ ਤੇਰੇ ਦਰ ਆਏ ਨਾ ਕੋਈ ਪੱਲੇ ਪੈਸਾ ਧੇਲਾ । ਪੈਸੇ ਕਿਸੇ ਨਾ ਪੱਲੇ ਬੱਧੇ ਦਾਮ । ਯਾਦ ਤੇਰੀ ਵਿਚ ਸੁੱਕੇ ਚਾਮ । ਧੰਨ ਸੁਭਾਗ ਅੱਜ ਆਏ ਤੇਰੇ ਕਾਮ । ਸਚ ਥਾਨ ਵਖਾਇਆ ਜਿਥੇ ਸੰਤ ਜਨਾਂ ਮੰਗਲ ਗਾਇਆ ਪਾਇਆ ਇਕ ਬਿਸਰਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੀਆ ਸਾਚਾ ਨਾਮ । ਸਾਚਾ ਨਾਮ ਪੱਲੇ ਬੰਨ੍ਹ । ਸ਼ਬਦ ਸੁਣਾਏ ਸਾਚਾ ਕੰਨ । ਰਸਨਾ ਕਹਿਣਾ ਧੰਨ ਧੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੰਞ ਲਈ ਆਪੇ ਬੰਨ੍ਹ । ਸਾਚੇ ਜਾਂਞੀ ਸੰਤ ਰਲਾਏ । ਸ਼ਬਦ ਫੁੱਲ ਜੇਵਡ ਕੋਇ ਨਾ ਤੁਲ, ਤੀਨ ਲੋਕ ਵਿਚ ਕੋਈ ਨਾ ਪਾਏ ਮੁੱਲ । ਸ਼ਬਦ ਸਿਹਰਾ ਗੁੰਦ ਲੈ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਪਣੇ ਅੰਗ ਸੰਗ ਰਖਾਏ । ਸਾਚਾ ਸਿਹਰਾ ਗੁਰਸਿਖ ਗੁੰਦਾਇਆ । ਪ੍ਰਭ ਅਬਿਨਾਸ਼ੀ ਦੇ ਸਿਰ ਬੰਧਾਇਆ । ਸ਼ਬਦ ਘੋੜਾ ਹਰਿ ਆਪ ਮੰਗਵਾਇਆ । ਚਿੱਟਾ ਅਸਵ ਇਕ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਸਾਚਾ ਰੰਗ ਵਰਤਾਇਆ । ਸਾਚਾ ਘੋੜਾ ਹਰਿ ਮੰਗਾ ਕੇ । ਸੰਤ ਜਨਾਂ ਹਰਿ ਸੰਗ ਰਖਾ ਕੇ । ਜਗਤ ਵਿਹਾਰੀ ਸਰਬ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਮਾਤਲੋਕ ਵਿਚ ਆਏ ਧਾਈ ਪਾ ਕੇ । ਮਾਤਲੋਕ ਹਰਿ ਸਾਚਾ ਆਇਆ । ਸਾਚਾ ਸਿਹਰਾ ਸੀਸ ਬੰਧਾਇਆ । ਸਚ ਨਾਰੀ ਵਿਆਹਵਣ ਆਇਆ । ਸਚ ਦਰਬਾਰੀ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਥਾਨ ਆਪ ਸੁਹਾਇਆ । ਸਾਚਾ ਥਾਨ ਆਪ ਸੁਹਾਏ । ਸਾਧ ਸੰਗਤ ਸਾਚੀ ਸੇਵਾ ਚਰਨ ਕਰਾਏ । ਕਿਆ ਕੋਈ ਜਾਣੇ ਦੇਵੀ ਦੇਵਾ, ਕਿਆ ਕਰੇ ਹਰਿ ਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਵਾ ਆਪ ਕਰਾਏ । ਮੇਲ ਮਿਲਾਵਾ ਕੁੜਮ ਕੁੜਮਾਈ । ਪ੍ਰਭ ਅਬਿਨਾਸ਼ੀ ਹਰਿ ਸਾਚਾ ਖੇਵਟ ਖਿਟਈਆ । ਦੋਵੇਂ ਹੱਥੀਂ ਆਪ ਉਠਾਏ ਸਤਿਜੁਗ

ਕਲਜੁਗ ਪਿਤ ਧੀਆਂ ਬੇਟਈਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਆਸਣ ਬੈਠਾ ਖਟਈਆ । ਉਠੇ ਦੋਵੇਂ ਮੇਲ ਮਿਲਾਇਆ । ਸਾਚੀ ਰੀਤੀ ਆਪ ਕਰਾਇਆ । ਕਲਜੁਗ ਨੀਵਾਂ ਹੋਏ ਸਤਿਜੁਗ ਤੇਰੀ ਗੋਡੀਂ ਹੱਥ ਲਗਾਇਆ । ਮੇਰਾ ਵੇਲਾ ਬੀਤਿਆ, ਅੱਗੇ ਤੇਰਾ ਵਕਤ ਸੁਹਾਇਆ । ਰੱਖੀਂ ਲਾਜ ਗੁਰਸਿਖ ਕੰਨਿਆਂ ਦਿਤਾ ਦਾਜ, ਸਿਰ ਆਪਣਾ ਹੱਥ ਟਿਕਾਇਆ । ਮੇਰਾ ਅੰਤਮ ਪੂਰਾ ਹੋਏ ਕਾਜ, ਕਿਰਪਾ ਕਰੀ ਆਪ ਮਹਾਰਾਜ, ਝੂਠਾ ਟੁੱਟਿਆ ਸਾਜ਼ ਬਾਜ਼, ਕਲਜੁਗ ਲੁੱਟਿਆ ਗਿਆ ਰਾਜ, ਸਾਰੇ ਸਾਥੀ ਗਏ ਭਾਜ, ਇਕ ਦੂਜੇ ਨੂੰ ਮਾਰਨ ਅਵਾਜ਼, ਕੋਈ ਲੰਗੜਾ ਕੋਈ ਅਪਹਾਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਲਿਖਾਇਆ । ਕਲਜੁਗ ਪੁੱਤਰੀ ਆਪ ਪਰਨਾਈ । ਸਾਚੀ ਮਹਿੰਦੀ ਹੱਥ ਲਗਾਈ । ਸਚ ਕਲੀਰੇ ਹਰਿ ਗੁਰਸਿਖਾਂ ਹੱਥ ਦੇ ਲਟਕਾਈ । ਗੁਰਸਿਖ ਸਾਚੇ ਸੰਤ ਜਨੋ, ਸਾਚੇ ਪਿਤ ਪੜੋ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਚੌਥੇ ਜੁਗ ਚੌਥੀ ਲਾਂਵ ਅੰਤਮ ਖਤਮ ਕਰਾਈ । ਚੌਥੀ ਲਾਂਵ ਚੌਥਾ ਫੇਰਾ । ਕਲਜੁਗ ਤੇਰਾ ਕੀਆ ਹਰਿ ਆਪ ਨਬੇੜਾ । ਜੁਗੋ ਜੁਗ ਚਲਦਾ ਰਹੇ ਪ੍ਰਭ ਸਾਚੇ ਦਾ ਸਾਚਾ ਗੇੜਾ । ਕਦੇ ਬਣਾਏ ਕਦੇ ਢਾਹੇ ਕਦੇ ਮੁਕਾਏ ਝੇੜਾ । ਕਦੇ ਖਪਾਏ ਕਦੇ ਮਰਾਏ ਕਦੇ ਡੁਬਾਏ ਕਦੇ ਬੰਨ੍ਹ ਵਖਾਏ ਬੇੜਾ । ਕਦੇ ਉਜਾੜੇ ਕਦੇ ਸਾੜੇ ਕਦੇ ਆਪ ਵਸਾਏ ਗੁਰਸਿਖਾਂ ਨਗਰ ਖੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਉਠਾਏ ਬੇੜਾ । ਸਾਰੀ ਰੈਣ ਖ਼ੁਸ਼ੀ ਮਨਾਈ । ਫੁੱਲ ਫੂਲਨ ਹਰਿ ਬਰਖਾ ਲਾਈ । ਸਚ ਫੁੱਲ ਹਰਿ ਦਾਤ ਬਖ਼ਸ਼ਾਈ । ਕਵਲ ਨਾਭ ਜਿਉਂ ਬੰਦ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਘਰ ਜਾਏ ਕੋਈ ਭੁੱਲ ਨਾ ਜਾਈ । ਸਾਚਾ ਫੂਲ ਹਰਿ ਵਰਤਾਇਆ । ਜਿਸ ਦਾ ਮੂਲ ਨਾ ਕਿਸੇ ਚੁਕਾਇਆ । ਸਚ ਪੰਘੂੜਾ ਲੈਣਾ ਝੂਲ, ਗੁਰਸਿਖ ਗੁਰ ਪਿਰ ਨਾਰੀ ਏਕਾ ਥਾਂ ਬਹਾਇਆ । ਮਹਾਰਾਜ ਸ਼ੇਰ ਸਿੰਘ ਸਾਚਾ ਝੂਲ ਆਪ ਝੁਲਾਇਆ । ਰੈਣ ਕੀਆ ਸਚ ਵਿਹਾਰਾ । ਗੁਰਸਿਖ ਸੁਹਾਗੀ ਵਡ ਵਡਭਾਗੀ ਦਿਨ ਚੜ੍ਹਿਆ ਮਿਲਿਆ ਸਚ ਭਤਾਰਾ । ਸਾਚਾ ਸ਼ਬਦ ਰਾਗ ਵਡ ਰਾਗੀ, ਸਾਚਾ ਦੇਵੇ ਨਾਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਖ਼ਸ਼ੇ ਸਾਚਾ ਚਰਨ ਪਿਆਰਾ । ਸਾਚੇ ਹਾਰਾ ਲੱਗੇ ਸੋਲਾਂ ਸ਼ਿੰਗਾਰਾ । ਸੋਲਾਂ ਸ਼ਿੰਗਾਰ ਗੁਰਸਿਖ ਸ਼ਿੰਗਾਰਿਆ । ਸੋਲਾਂ ਕਲਾ ਭਰਪੂਰ ਆਇਆ ਚਲ ਦਵਾਰਿਆ । ਗੁਰ ਸੰਗਤ ਬੈਠੀ ਹਜ਼ੂਰ, ਪ੍ਰਭ ਸਾਚਾ ਲੇਖ ਲਿਖਾ ਰਿਹਾ । ਸਰਬ ਗੁਣਾਂ ਭਰਪੂਰ, ਸਾਚਾ ਨਾਮ ਹਰਿ ਵਰਤਾ ਰਿਹਾ । ਸਾਚਾ ਪੱਲੂ ਹਰਿ ਆਪ ਫੜਾਇਆ, ਆਪਣੇ ਲੜ ਹਰਿ ਆਪ ਜੁੜਾ ਰਿਹਾ । ਕਲਜੁਗ ਝੂਠਾ ਕਿਲ੍ਹਾ ਗੜ੍ਹ, ਪ੍ਰਭ ਆਪ ਤੁੜਾ ਰਿਹਾ । ਸੰਤ ਜਨਾਂ ਦੀ ਫੌਜ ਲੈ ਵਿਚ ਮਾਤ ਚੜ੍ਹ ਕੇ ਆਇਆ । ਗੁਰਸਿਖ ਤੇਰੇ ਅੰਦਰ ਵੜ, ਝੂਠਾ ਮਾਲ ਧਨ ਜਗਤ ਬਾਹਰ ਕਢਾਇਆ । ਆਪ ਆਪਣੀ ਹੱਥੀਂ ਫੜ, ਲੜ ਆਪਣੇ ਨਾਲ ਬੰਧਾਇਆ । ਸਾਚੀ ਪੌੜੀ ਜਾਣਾ ਚੜ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਹਰਿ ਆਪ ਵਿਆਹਵਣ ਆਇਆ । ਹੋਇਆ ਵਿਵਾਹ ਰਚਿਆ ਕਾਜ । ਸਾਚਾ ਸ਼ਬਦ ਲੈ ਜਾਣਾ ਦਾਜ । ਮਿਲੇ ਧੁਰ ਦਰਗਾਹੀ ਸਾਚਾ ਰਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਗੁਰਸਿਖਾਂ ਲਾਜ । ਰੱਖੇ ਲਾਜ ਪਤੀ ਪਿਆਰਾ । ਗੁਰਸਿਖ ਸੁਹਾਗਣ ਜਤੀ ਨਾਰਾ । ਨਾ ਲੱਗੇ ਵਾ ਤਤੀ, ਨਾ ਹੋਏ ਤਨ ਅਫਾਰਾ । ਏਕਾ ਰਾਗ ਸੁਣੇ ਕਲ ਮਾਣ ਗਵਾਏ ਰਾਗ ਛਤੀਸ ਦਿਵਸ ਰੈਣ ਰਹੇ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਜਾਏ ਵਿਆਹ ਲੈ ਜਾਏ ਗੁਰਸਿਖ ਸਾਚੀ ਨਾਰਾ । ਸਾਚੀ ਨਾਰ ਹਰਿ ਵਿਹਾਏ ।

੩੧੫ ੦੩

ਸਚ ਭਤਾਰ ਆਪ ਹੋ ਜਾਏ । ਕਲਜੁਗ ਇਕੱਠਾ ਹੋਏ ਪਰਿਵਾਰ, ਅੰਤਮ ਵਿਦਾ ਕਰਾਏ । ਸ਼ਬਦ ਸਰੂਪੀ ਮਾਰ ਉਡਾਰ, ਘਰ ਸਾਚੇ ਵਿਚ ਜਾਏ । ਗੁਰਸਿਖਾਂ ਜਾਏ ਤਾਰ, ਸੱਚੀ ਸਰਕਾਰ ਕਰਮ ਵਿਚਾਰ ਸੰਗ ਆਪਣੇ ਲੈ ਜਾਏ । ਜਾਏ ਦਰ ਘਰ ਸੱਚੀ ਦਰਗਹਿ । ਗੁਰਸਿਖ ਤੈਨੂੰ ਚਲ ਵੇਖਣ ਆਏ ਤੇਰੀ ਧਰਤੀ ਮਾਂ । ਆਪਣੀ ਹੱਥੀਂ ਅੰਮ੍ਰਿਤ ਵਾਰੇ, ਬਹਾਏ ਸੱਚੇ ਸੁੱਚੇ ਥਾਂ । ਵੇਖਣ ਆਵਣ ਚਲ ਸਹੇਲੀਆਂ, ਬਿਨ ਗੁਰ ਪੂਰੇ ਮਾਇਆ ਰੂਪੀ ਘੁੰਡ ਕੋਈ ਚੁੱਕੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਸੁਹਾਏ ਸਾਚੇ ਥਾਂ । ਸਾਚੇ ਘਰ ਪਲੰਘ ਰੰਗੀਲਾ । ਜਿਥੇ ਸੁੱਤਾ ਹਰਿ ਛੈਲ ਛਬੀਲਾ । ਗੁਰਸਿਖ ਕਰ ਲਓ ਅੰਤਮ ਪ੍ਰਭ ਮਿਲਣ ਦਾ ਹੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਫੜੀ ਬੈਠਾ ਜੋਤ ਸਰੂਪੀ ਤੀਲਾ । ਆਪੇ ਪਾਏ ਬਾਣਾ ਮੁਹੰਮਦੀ ਨੀਲਾ । ਸਚ ਘਰ ਗੁਰਸਿਖ ਵਸੰਦਿਆ । ਆਪ ਉਠਾਏ ਲੈ ਜਾਏ ਆਪਣੇ ਕੰਧਿਆ । ਭੁੱਲ ਨਾ ਜਾਣਾ ਆਤਮ ਅੰਧਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਝੂਠੇ ਧੰਦਿਆ । ਸਾਚੇ ਘਰ ਬੈਠੀ ਸਿੱਖ ਨਾਰੀ । ਕਰੋੜ ਤੇਤੀਸ ਕਰਨ ਆਏ ਚਰਨ ਨਿਮਸਕਾਰੀ । ਸ਼ਿਵ ਸ਼ੰਕਰ ਗੁਰਸਿਖ ਜਾਇਣ ਤੈਥੋਂ ਬਲਿਹਾਰੀ । ਬ੍ਰਹਮਾ ਵਿਸ਼ਨ ਗਣੇਸ਼ ਮਹੇਸ਼ ਫੁੱਲ ਬਰਸਾਇਣ ਵਾਰੋ ਵਾਰੀ । ਗੁਰਸਿਖ ਵਸਿਆ ਸਾਚੇ ਦੇਸ, ਸਾਚੀ ਮਿਲੀ ਇਕ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਮੇਲ ਮਿਲਾਏ ਚੌਥਾ ਜੁਗ ਮਿਟਾਏ ਸਤਿਜੁਗ ਸੁੱਤਿਆਂ ਸੰਤਾਂ ਮਿਲੇ ਰੈਣ ਭੈਣ ਪਿਆਰੀ । ਭੈਣ ਤਾਈਂ ਮਿਲੇ ਭੈਣ । ਪਾ ਗਲਵਕੜੀ ਪਾਵਣ ਵੈਣ । ਤੂੰ ਕਿਥੇ ਜਾ ਸੁੱਤੜੀ, ਕਲਜੁਗ ਅੰਧੇਰੀ ਰੈਣ । ਪਾਪਾਂ ਭਰੀ ਅਜੇ ਨਾ ਮੁਕੜੀ, ਨਾ ਮਿਲਿਆ ਹੋ ਕੇ ਇਕੱਠਾ ਬਹਿਣ । ਪ੍ਰਭ ਆਪਣੇ ਹੱਥ ਫੜੀ ਤੱਕੜੀ, ਗੁਰਸਿਖਾਂ ਨੀਵੇਂ ਹੋ ਹੋ ਬਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਹਿੰਮਾ ਕਿਆ ਕੋਈ ਸਕੇ ਕਹਿਣ । ਮਿਲੀ ਭੈਣ ਸੰਗ ਭੈਣ ਪਿਆਰੀ । ਕਲਜੁਗ ਛਡ ਗਈ ਸਚ ਦਵਾਰੀ । ਝੂਠਾ ਮੋਹ ਬੇਮੁਖਾਂ ਅੜਿਆ ਰਹੇ ਮਾਤ ਝੱਖ ਮਾਰੀ । ਅੱਗੇ ਪਾਰ ਨਾ ਜਾਣਾ ਮਿਲੇ ਝੂਠੀ ਦਿਸੇ ਸਰਬ ਸਰਦਾਰੀ । ਗੁਰਸਿਖ ਸਾਚਾ ਪ੍ਰਭ ਘਰ ਆਪਣੇ ਵਿਚ ਸੱਦਿਆ ਲੈ ਜਾਏ ਵਾਰੋ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਫੇਰ ਲਗਾਏ ਤੇਰੀ ਸਚ ਫੁਲਵਾੜੀ । ਗੁਰ ਸਾਚੇ ਸਚ ਬਹਾਰ । ਖਿੜੀ ਰਹੇ ਸਦਾ ਗੁਲਜ਼ਾਰ । ਗੁਰ ਚਰਨ ਪ੍ਰੀਤੀ ਨਾ ਮਿਲੇ ਆਤਮ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਸਾਚੀ ਸਾਰ । ਧਰਤੀ ਮਾਤਾ ਪਾਣੀ ਵਾਰਿਆ । ਖ਼ੁਸ਼ੀ ਹੋਈ ਵਿਚ ਪਰਵਾਰਿਆ । ਸਤਿਜੁਗ ਆਇਆ ਤੇਰਾ ਸਚ ਦਵਾਰਿਆ । ਸਾਚਾ ਜਨਮ ਹਰਿ ਆਪ ਵਿਚ ਮਾਤ ਉਪਜਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਸੰਗ ਰਲਾ ਰਿਹਾ । ਸਾਚਾ ਜਨਮ ਮਾਤ ਦਵਾਏ । ਗੁਰਮੁਖ ਸਾਚੇ ਸੰਗ ਰਲਾਏ । ਧਰਤ ਮਾਤ ਦੀ ਗੋਦ ਬਿਠਾਏ । ਉਪਰ ਆਪਣਾ ਹੱਥ ਟਿਕਾਏ । ਸਰਬ ਕਲਾ ਸਮਰਥ, ਕਥਨਾ ਕਥੀ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਵਸਤ ਹਰਿ ਝੋਲੀ ਪਾਏ । ਸਿਦਕੀ ਸਿੱਖ ਹਰਿ ਇਕ ਥਾਂ ਬਹਾਏ । ਕਰ ਇਕੱਠ ਇਕੇ ਮੁੱਠੇ, ਸੰਤ ਮਨੀ ਸਿੰਘ ਤੇਰੇ ਸਿਰ ਟਿਕਾਏ । ਲੁਕਿਆ ਰਹੇ ਨਾ ਕੋਈ ਗੁੱਠੇ, ਜੋ ਰਹੇ ਹਰਿ ਧਿਆਏ । ਦਿਵਸ ਰੈਣ ਲਟਕੇ ਰਹਿਣ ਪੁੱਠੇ, ਪ੍ਰਭ ਆਪੇ ਬੰਦ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਚੰਦ ਏਕਾ ਨਾਮ ਚੜ੍ਹਾਏ । ਸਾਚਾ ਬੇੜਾ ਆਪ ਬੰਨ੍ਹਾਇਆ । ਸੰਤ ਮਨੀ ਸਿੰਘ ਤੇਰੇ ਸਿਰ ਟਿਕਾਇਆ । ਸ੍ਰਿਸ਼ਟ ਸਬਾਈ ਲੱਗੇ ਉਖੇੜਾ, ਨਾ ਅਟਕੇ ਕਿਸੇ

ਅਟਕਾਇਆ । ਤੇਰੇ ਵਿਚ ਨਾ ਰਹੇ ਤੇੜਾ ਚਾਰ ਵਰਨ ਤੇਰੀ ਸਰਨਾਇਆ । ਪ੍ਰਭ ਫੜ ਫੜ ਉਠਾਵੇ ਸ਼ਬਦ ਸਰੂਪੀ ਸੁਤਿਆਂ ਮਾਰੇ ਲਫੇੜਾ, ਸਾਚਾ ਸ਼ਬਦ ਹਰਿ ਮਗਰ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਗੇੜਾ ਆਪਣੀ ਹੱਥੀਂ ਆਪ ਦਵਾਇਆ । ਗੁਰਸਿਖਾਂ ਬੇੜਾ ਸਿਰ ਤੇਰੇ ਰੱਖ । ਭਾਰ ਲੱਗਣ ਨਾ ਦੇਵੇ ਕੱਖ । ਸ੍ਰਿਸ਼ਟ ਸਬਾਈ ਵਿਚੋਂ ਕੀਨੇ ਵਖ । ਲਜ ਪਤ ਪ੍ਰਭ ਸਾਚੇ ਆਪੇ ਲਏ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ । ਬੇੜਾ ਚੁਕਿਆ ਨਾ ਲੱਗੇ ਭਾਰ । ਨਿਹਕਲੰਕ ਤੇਰੇ ਕੀਆ ਚਰਨ ਪਿਆਰ । ਸਾਚਾ ਲਹਿਣਾ ਵਿਚ ਮਾਤ ਚੁਕਾਇਆ, ਨਾ ਕੀਆ ਕੋਈ ਹੁਦਾਰ । ਤੇਰੀ ਹੱਥੀਂ ਤੇਰਾ ਲੇਖ ਲਿਖਾਇਆ, ਪ੍ਰਭ ਆਪ ਵਰਤਾਏ ਸਚ ਵਰਤਾਰ । ਜੋਤ ਸਰੂਪੀ ਭੇਖ ਵਟਾਇਆ, ਸੰਤ ਮਨੀ ਸਿੰਘ ਤੇਰੀ ਆਪ ਬਣਾਏ ਸੱਚੀ ਸਰਕਾਰ । ਨਾ ਕੋਈ ਖਾਲੀ ਨਾ ਕੋਈ ਖਾਇਆ, ਕਰ ਕਰ ਵੇਖੇ ਜਗਤ ਵਿਚਾਰ । ਆਪੇ ਦਾਈ ਆਪੇ ਦਾਇਆ, ਜਿਸ ਉਤਪਤ ਕੀਆ ਸੰਸਾਰ । ਨਾ ਧੁੱਪ ਨਾ ਲੱਗੇ ਛਾਇਆ, ਜਿਸ ਸਿਰ ਹੱਥ ਧਰੇ ਕਰਤਾਰ । ਕਲਜੁਗ ਮਾਇਆ ਪੋਹ ਨਾ ਸਕੇ, ਦੀਆ ਨਾਮ ਅਧਾਰ । ਗਿਆਨੀ ਵਿਦਵਾਨੀ ਪੜ੍ਹ ਪੜ੍ਹ ਥੱਕੇ, ਨਾ ਮਿਲਿਆ ਸਚ ਭਤਾਰ । ਦਿਵਸ ਰੈਣ ਗਿਣ ਗਿਣ ਗਿਟੀਆਂ ਅਕੇ, ਵਾਰੋ ਵਾਰੀ ਦਰ ਦਰ ਰਹੇ ਪੁਕਾਰ । ਕਾਇਆ ਟੁੱਟੇ ਨਾ ਅਜੇ ਛਿੱਕੇ, ਜੋ ਪ੍ਰਭ ਅਬਿਨਾਸ਼ੀ ਲਟਕਾਏ ਅੱਧ ਵਿਚਕਾਰ । ਕਾਲਿਆਂ ਬੂਰਿਆਂ ਕੱਕਿਆਂ ਪੈਂਦੇ ਧੱਕੇ, ਨਾ ਹੋਏ ਕੋਈ ਰਖਵਾਰ । ਨਾ ਮਿਲੇ ਹਰਿ ਸਾਚਾ ਵਿਚ ਮੱਕੇ, ਉਮਤ ਨਬੀ ਰਸੂਲ ਦੀ ਅੰਤਮ ਹੋਏ ਬੇਹਾਲ । ਦਾਣਾ ਪਾਣੀ ਸਭ ਦਾ ਚੁੱਕੇ ਹੱਥੋਂ ਖੁਲ੍ਹੇ ਅਨਮੁਲੜਾ ਲਾਲ । ਕਿਸੇ ਅੱਗ ਨਾ ਦਿਸੇ ਹੁੱਕੇ, ਅੰਤਮ ਕਲਜੁਗ ਸਾਰੇ ਮੁੱਕੇ, ਪ੍ਰਭ ਸਾਚਾ ਗੁਰਸਿਖਾਂ ਦਏ ਵਖਾਲ । ਬੇਮੁਖਾਂ ਮੂੰਹ ਪਾਏ ਥੁੱਕੇ, ਵੇਲਾ ਨੇੜੇ ਆਏ ਢੁੱਕੇ, ਦਰ ਦਰ ਬੇਮੁਖ ਭੌਂਦੇ ਫਿਰਨ ਵਾਂਗ ਕੁੱਤੇ, ਨਾ ਹੋਈ ਕੋਈ ਰਖਵਾਲ । ਗੁਰਸਿਖ ਸਾਚੇ ਪੈਰ ਪਸਾਰ, ਗੂੜ੍ਹੀ ਨੀਂਦ ਪ੍ਰਭ ਦਰ ਸੁੱਤੇ, ਆਪੇ ਬਣਿਆਂ ਸਰਬ ਦਾ ਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਤੋੜੇ ਜਗਤ ਜੰਜਾਲ । ਸਚ ਬੇੜਾ ਹਰਿ ਸੀਸ ਰਖਾਇਆ । ਦਸੇ ਮੱਤ ਵਿਚ ਸੰਗਤ ਆਪ ਸਮਝਾਇਆ । ਗੁਰਸਿਖ ਸਾਚੇ ਤੇਰੀ ਕਾਇਆ ਦੀ ਰੱਤ, ਦੂਜਾ ਅੰਗ ਨਾ ਦੁੱਖ ਰਖਾਇਆ । ਆਪੇ ਬੀਜੇ ਸਾਚੇ ਵਤ, ਆਪਣੀ ਹੱਥੀਂ ਹਲ ਚਲਾਇਆ । ਬਾਲ ਅੰਞਾਣੇ ਲੱਗੇ ਸਾਚੇ ਪੱਤ, ਸਾਚੀ ਡਾਲੀਆਂ ਫਲ ਲਗਾਇਆ । ਆਪਣੀ ਝੋਲੀ ਪ੍ਰਭ ਸਾਚਾ ਲਏ ਘਤ, ਜਿਉਂ ਫੂਲ ਮਾਲਣ ਤੋੜ ਆਪਣੀ ਖਾਰੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰ ਏਕਾ ਜੋੜ ਜੁੜਾਇਆ । ਚੁੱਕ ਭਾਰ ਚੱਲਣਾ ਵਿਚ ਸੰਸਾਰ । ਕਰਦੇ ਜਾਣਾ ਸਰਬ ਪਿਆਰ । ਨੀਚ ਊਚ ਨਾ ਕਰਨੀ ਮਾਤ ਵਿਚਾਰ । ਸੂਚੋ ਸੂਚ ਆਪ ਦਾਤਾਰ । ਹੋਏ ਕੂਚ ਨਾ ਸਕੇ ਕੋਈ ਖਿਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪ ਉਠਾਈ ਫਿਰੇ ਸਿਰ ਭਾਰ । ਤੇਰਾ ਭਾਰ ਉਠਾਉਣਾ । ਜੋਤ ਸਰੂਪੀ ਦਿਸ ਨਾ ਆਉਣਾ । ਤੇਰਾ ਨਾਮ ਨਿਸ਼ਾਨਾ ਸਾਚਾ ਸਚ ਵਖਾਉਣਾ । ਧੰਨ ਧੰਨ ਧੰਨ ਮਨੀ ਸਿੰਘ ਤੇਰਾ ਬਚਨ ਪੂਰਾ ਕਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਾਕ ਆਪ ਲਿਖਾਉਣਾ । ਪੂਰਾ ਬਚਨ ਹਰਿ ਆਪ ਕਰਾਏ । ਵਿਚ ਸੰਗਰੂਰ ਜੋ ਬੈਠ ਸੁਣਾਏ । ਮੈਂ ਨਹੀਂ ਭੁਲਦਾ ਕਿਉਂ ਰਿਹਾ ਭੁਲਾਏ । ਪੂਰੇ ਤੋਲ ਮੈਂ ਸਾਚੇ ਤੁਲਦਾ, ਮੇਰੀ ਰਸਨਾ ਤੇਰਾ ਨਾਮ ਗਾਏ । ਚਰਨ ਪ੍ਰੀਤੀ ਘੋਲ ਘੁਲਦਾ, ਰਾਜੇ ਰਾਣੇ ਕੀ ਮੈਨੂੰ ਰਹੇ ਧਮਕਾਏ । ਸਚ ਦਵਾਰ ਤੇਰਾ ਵਿਚ ਮਾਤ ਦੇ ਖੁਲ੍ਹਦਾ, ਜਾਂ ਵੇਲਾ ਚੌਥੇ ਜੁਗ ਦਾ ਆਏ । ਤੂੰ

ਜਨਮ ਸਵਾਰੇ ਮੇਰੀ ਕੁਲ ਦਾ, ਤੇਰਾ ਨਾਮ ਮੇਰਾ ਕਾਮ ਵਿਚ ਜਗਤ ਰਹਿ ਜਾਏ । ਗੁਰਸਿਖ ਤੇਰਾ ਫਲਦਾ ਫੁਲਦਾ, ਨਾ ਕੋਈ ਮਾਰੇ ਮਾਰ ਮਿਟਾਏ । ਰਾਜਾ ਸੰਗਰੂਰ ਐਵੇਂ ਭੁੱਲਦਾ, ਤਖ਼ਤ ਤਾਜ ਰਹਿਣ ਨਾ ਪਾਏ । ਕਲਜੁਗ ਮਾਇਆ ਦੇ ਵਿਚ ਰੁਲਦਾ, ਲਿਖੀ ਲਿਖਤ ਕੌਣ ਮਿਟਾਏ । ਝੂਠਾ ਬਿਰਖ ਅੰਤਮ ਹੁਲਦਾ, ਨਾ ਫਲ ਕੋਈ ਲਗਾਏ । ਮਿਟੇ ਵਾਕ ਨਾ ਨਿਕਲਿਆ ਬੁਲ ਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਬੈਠਾ ਆਪ ਲਿਖਾਏ । ਵਿਚ ਬੈਠਾ ਆਪ ਨਿਰੰਕਾਰ । ਵਜਾਏ ਇਕ ਸੱਚੀ ਸਿਤਾਰ । ਸੰਤ ਮਨੀ ਸਿੰਘ ਜਾਏ ਚਰਨ ਸਰਨ ਬਲਿਹਾਰ । ਕਰ ਕਿਰਪਾ ਗੁਰ ਪੂਰੇ ਮੇਰੀ ਸੇਵਾ ਲਾਈ ਪਾਰ । ਖਾਣਾ ਪੀਣਾ ਪਹਿਨਣਾ ਨਾ ਮੇਰੇ ਮਨ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਰੱਖੀ ਪਤ ਨਾ ਲੱਥੇ ਸਿਰ ਮੇਰੇ ਤੋਂ ਦਸਤਾਰ । ਸਚ ਪੁਕਾਰ ਕਰੀ ਗੁਰ ਅੱਗੇ । ਨਾ ਪਰੋਣਾ ਮੈਨੂੰ ਕਾਚੇ ਧੱਗੇ । ਸ਼ਬਦ ਅੰਧੇਰੀ ਅੰਤਮ ਵਗੇ । ਨਿਹਕਲੰਕ ਤੇਰੀ ਜੋਤ ਵਿਚ ਮਾਤ ਦੇ ਜਗੇ । ਝੂਠੇ ਧੰਦੇ ਬੇਮੁਖ ਲੱਗੇ । ਵੇਲੇ ਅੰਤਮ ਕਲਜੁਗ ਪਕੜੇ ਪਕੜ ਪਛਾੜੇ ਸ਼ਾਹ ਰਗੇ । ਸਾਚਾ ਸ਼ਬਦ ਖੰਡਾ ਦੋ ਧਾਰੀ ਰਾਜੇ ਰਾਣੇ ਲਾਏ ਅੱਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਾਰੇ ਜੋ ਜਨ ਤੇਰੀ ਚਰਨੀ ਲੱਗੇ । ਸੰਤ ਮਨੀ ਸਿੰਘ ਦਏ ਦੁਹਾਈ । ਰਾਣੇ ਸੰਗਰੂਰ ਭੁੱਲ ਨਾ ਜਾਈ । ਨਿਹਕਲੰਕ ਮਾਤ ਜੋਤ ਪ੍ਰਗਟਾਈ । ਅੰਤਮ ਔਣਾ ਪਏ ਇਹਦੀ ਸਰਨਾਈ । ਝੂਠੀ ਮਿਟਣੀ ਤੇਰੀ ਸ਼ਾਹੀ । ਨਾ ਕੋਈ ਪਾਵੇ ਤੈਨੂੰ ਪਾਂਧੀ ਰਾਹੀ । ਏਕਾ ਉਠੇ ਮੇਰਾ ਸਾਥੀ ਗਾਂਧੀ, ਖਾਕ ਦੇਵੇ ਸਰਬ ਉਡਾਈ । ਜੋ ਲੁਕਾਈ ਛੁਪਾਈ ਬੈਠਾ ਸੋਨਾ ਚਾਂਦੀ ਗਰੀਬਾਂ ਦਏ ਲੁਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਸਕੇ ਮੈਨੂੰ ਭੁਲਾਈ । ਸੰਤ ਮਨੀ ਸਿੰਘ ਉਠੇ ਵਿਚ ਦਰਬਾਰ । ਉਚੇ ਕੂਕੇ ਕੂਕ ਪੁਕਾਰੇ ਸੁਣੇ ਸੱਚੀ ਸਰਕਾਰ । ਜੂਠ ਝੂਠ ਰਸ ਰਸਨ ਤਿਆਗੀ, ਏਕਾ ਜਾਣਾ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜੇ ਦਿਸਣ ਸਾਰੇ ਛਾਰ । ਰਾਓ ਉਮਰਾਓ ਜਾਮਾ ਖ਼ਾਕੀ । ਦੇਣੀ ਪਏ ਸਰਬ ਨੂੰ ਬਾਕੀ । ਵੇਲੇ ਅੰਤ ਨਾ ਹੋਏ ਰਹੇ ਆਕੀ । ਪ੍ਰਭ ਅਬਿਨਾਸ਼ੀ ਕਰ ਕਿਰਪਾ ਖੋਲ੍ਹੇ ਮੇਰੀ ਤਾਕੀ । ਦਿਵਸ ਰੈਣ ਰੈਣ ਦਿਵਸ, ਏਕਾ ਬਖ਼ਸ਼ੀਂ ਚਰਨ ਝਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਚ ਪਿਲਾਵੇ ਸੰਤ ਮਨੀ ਸਿੰਘ ਬਣ ਕੇ ਤੇਰਾ ਸਾਕੀ । ਭਰ ਪਿਆਲਾ ਆਪ ਪਿਆਇਆ । ਅੰਮ੍ਰਿਤ ਆਤਮ ਵਿਚ ਟਿਕਾਇਆ । ਜੋਤੀ ਦੀਪਕ ਆਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸਾਚੀ ਨਾਇਆ । ਸਾਚੀ ਨਈਆ ਆਪ ਚੜ੍ਹਾ ਕੇ । ਸਾਚਾ ਸ਼ਬਦ ਆਪ ਜਪਾ ਕੇ । ਏਕਾ ਰਾਹ ਸਚ ਵਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਇਆ ਆਪੇ ਗਿਆ ਸੰਤ ਮਨੀ ਸਿੰਘ ਆਪਣਾ ਲੜ ਫੜਾ ਕੇ । ਸਾਚੀ ਗੰਢ ਸਿਰ ਉਠਾਈ । ਵਿਚ ਵਰਭੰਡ ਗੁਰਸਿਖਾਂ ਫੜ ਫੜ ਬਾਹੀਂ । ਫਿਰੇ ਵਿਚ ਨਵ ਖੰਡ ਛਿੰਨ ਭੰਗਰ ਖੇਲ ਕਰਾਈ । ਦੇਂਦਾ ਰਹੇ ਬੇਮੁਖਾਂ ਦੰਡ, ਗੁਰਸਿਖਾਂ ਸਦਾ ਵਡਿਆਈ । ਆਵਣ ਨਾ ਦੇਵੇ ਕੰਡ, ਸਨਮੁਖ ਰੱਖੇ ਆਪ ਰਘੁਰਾਈ । ਚਰਨ ਪ੍ਰੀਤੀ ਜਾਏ ਹੰਢ, ਨਾ ਕੋਇ ਤੋੜੇ ਤੋੜ ਤੁੜਾਈ । ਆਤਮ ਬੰਨ੍ਹੇ ਸਾਚੀ ਗੰਢ, ਨਾ ਕੋਈ ਖੋਲ੍ਹੇ ਖੋਲ੍ਹ ਵਖਾਈ । ਗੁਰਸਿਖਾਂ ਪਾਏ ਠੰਡ, ਅੰਮ੍ਰਿਤ ਬੂੰਦ ਪਿਆਈ । ਏਕਾ ਹਿੱਸਾ ਦੇਵੇ ਵੰਡ, ਕਵਲ ਨਾਭ ਗੁਰਸਿਖ ਤੇਰੇ ਹਿੱਸੇ ਆਈ । ਅਗਿਆਨ ਅੰਧੇਰਾ ਵਿਚੋਂ ਦੇਵੇ ਵੱਢ, ਦੀਪਕ ਜੋਤੀ ਦੇ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸੰਤ ਮਨੀ ਸਿੰਘ ਵਾਗ ਤੇਰੇ ਹੱਥ ਫੜਾਈ । ਫੜ ਵਾਗ ਰਥ ਚਲਾਵਣਾ ।

ਸਿਧਾ ਰਾਹ ਇਕ ਵਖਾਵਣਾ । ਚਾਰਾਂ ਕੁਟਾਂ ਵਿਚ ਹਰਿ ਲੈ ਜਾਵਣਾ । ਫੜ ਬਾਂਹ ਤੀਨ ਲੋਕ ਵਿਚ ਫਿਰਾਵਣਾ । ਕੋਈ ਨਾ ਛੱਡੇ ਥਾਂ, ਜਿਥੇ ਹਰਿ ਜੋਤ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਬਬਾਣਾ ਆਪ ਉਡਾਵਣਾ । ਸ਼ਬਦ ਬਬਾਣ ਸਚ ਉਡਾਰੀ । ਆਪ ਚੜ੍ਹਾਏ ਚੜ੍ਹ ਜਾਏ ਸਾਚੇ ਮਹੱਲ ਹਰਿ ਦਰ ਅਟਾਰੀ । ਸਾਚੇ ਸੰਤ ਹਰਿ ਸੇਵ ਕਮਾਈ । ਪ੍ਰਭ ਜਨਮ ਦਵਾਈ, ਆਪਣੀ ਹੱਥੀਂ ਦੇਵੇ ਫੇਰ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰੇ ਕਾਰੀ । ਸਾਚਾ ਰਥ ਜਗਤ ਚਲਾਇਆ । ਡੋਰ ਤੇਰੇ ਹੱਥ ਫੜਾਇਆ । ਜੋੜਾ ਘੋੜਾ ਇਕ ਰਲਾਇਆ । ਖੱਬੇ ਕਲਜੁਗ ਸੱਜੇ ਸਤਿਜੁਗ ਦੋਵੇਂ ਬੰਨ੍ਹ ਵਖਾਇਆ । ਕਲਜੁਗ ਜਾਏ ਵਿਚੋਂ ਮਾਤ ਭੱਜਾ, ਸਤਿਜੁਗ ਖਿਚ ਹੇਠਾਂ ਲਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਜਣਾਇਆ । ਗਲ ਬਗਲੀ ਭੀਖ ਹਰਿ ਮੰਗਦਾ । ਗੁਰਸਿਖਾਂ ਕੋਲੋਂ ਮੂਲ ਨਾ ਸੰਗਦਾ । ਨਾਮ ਤਨ ਝੂਠਾ ਚਾਮ ਕਾਇਆ ਚੋਲੀ ਰੰਗਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦਾ ਸਦਾ ਸੰਗ ਅੰਗ ਅੰਗ ਸੰਗ ਰੱਖਦਾ । ਪ੍ਰਭ ਮੰਗਣ ਆਇਆ ਭਿਛਿਆ । ਪੂਰੀ ਕਰ ਕੇ ਜਾਏ ਇਛਿਆ । ਆਪੇ ਕਰ ਗੁਰਸਿਖਾਂ ਰੱਛਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਪ੍ਰੇਮ ਗੁਰਸਿਖੋ ਪਾਓ ਝੋਲੀ ਪ੍ਰਭ ਲੈ ਕੇ ਜਾਏ ਸਾਚੀ ਭਿਛਿਆ । ਪ੍ਰਭ ਮੰਗੇ ਇਕ ਦਾਨ । ਗੁਰਸਿਖ ਛੋਟਾ ਬਾਲ ਨਿਧਾਨ । ਰਸਨਾ ਗਾਓ ਹਰਿ ਭਗਵਾਨ । ਦੂਜਾ ਝੂਠਾ ਸਰਬ ਨਿਸ਼ਾਨ । ਵੇਲੇ ਅੰਤ ਸਰਬ ਮਿਟ ਜਾਣ । ਗੁਰਮੁਖ ਸਾਚੇ ਸੰਤ ਜਨ ਬੈਠਣ ਵਿਚ ਬਬਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਪੇ ਲੈ ਜਾਏ ਸਚ ਅਸਥਾਨ । ਸਚ ਵਿਹਾਰਾ ਜਗਤ ਗੁਰ ਰੀਤ ਹੈ । ਗੁਰ ਪੂਰੇ ਕਰਨੀ ਗੁਰ ਸੰਗਤ ਸੰਗ ਪ੍ਰੀਤ ਹੈ । ਬਣ ਜਾਣਾ ਸਾਚਾ ਮੀਤ ਹੈ । ਨਾ ਕੋਈ ਰਹਿ ਜਾਏ ਬਾਕੀ ਝੀਤ ਹੈ । ਬੈਠਾ ਵੇਖੇ ਸਰਬ ਦੀ ਨੀਤ ਹੈ । ਰਹੇ ਅਟੱਲ ਸਦਾ ਅਤੀਤ ਹੈ । ਨਾ ਕੋਈ ਭੁਲਾਏ ਕਰ ਕਰ ਵਲ ਛਲ, ਸ੍ਰਿਸ਼ਟ ਸਬਾਈ ਆਪੇ ਜੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਆਪ ਕਰਾਏ ਚਰਨ ਪ੍ਰੀਤ ਹੈ । ਸਾਚੀ ਸਿਖਿਆ ਸੁਣੋ ਕੰਨ ਖੋਲ੍ਹ । ਗੁਰ ਸੰਗਤ ਵਿਚ ਨਿਕਲੇ ਕੋਈ ਨਾ ਬੋਲ । ਅੱਠੇ ਪਹਿਰ ਰਿਹਾ ਪਰਦੇ ਫੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਣਾਏ ਉਪਰ ਧਰਤ ਧੌਲ । ਗੁਰਸਿਖ ਪੂਰੇ ਭੇਟ ਚੜ੍ਹਾਈ ਹੈ । ਪ੍ਰਭ ਕਿਰਪਾਨ ਗਾਤਰੇ ਪਾਈ ਹੈ । ਮੁੱਠ ਆਪਣੇ ਹੱਥ ਰਖਾਈ ਹੈ । ਬਾਹਰ ਖਿਚ ਹਰਿ ਚਮਕਾਈ ਹੈ । ਚਾਰ ਕੁੰਟ ਪੈ ਜਾਏ ਦੁਹਾਈ ਹੈ । ਵੇਖੋ ਸ੍ਰਿਸ਼ਟ ਸਬਾਈ ਛਿੜੇ ਕਿਵੇਂ ਲੜਾਈ ਹੈ । ਭੈਣਾਂ ਤਾਈਂ ਮਾਰਨ ਭਾਈ ਹੈ । ਨਾਰਾਂ ਰੋਂਦੀਆਂ ਦੇਣ ਦੁਹਾਈ ਹੈ । ਪਾਂਧੀਆਂ ਭੁੱਲੇ ਸਾਚੇ ਰਾਹੀ ਹੈ । ਬੇਮੁੱਖ ਜੀਵਾਂ ਪ੍ਰਭ ਆਪੇ ਜਾਂਦਾ ਗਾਹੀ ਹੈ । ਸ਼ਬਦ ਸਰੂਪੀ ਚਲਾਏ ਪਵਣ, ਦੋਵੇਂ ਹੱਥੀਂ ਜਾਂਦਾ ਉਡਾਈ ਹੈ । ਪ੍ਰਭ ਤੇਰੀ ਮਹਿੰਮਾ ਜਾਣੇ ਕਵਣ, ਗੁਰਸਿਖ ਸਾਚੇ ਦਾਣੇ ਮਾਣਕ ਮੋਤੀ ਵੱਖ ਕਰਾਈ ਹੈ । ਬੇਮੁਖ ਫੜ ਫੜ ਮਾਰੇ ਧੌਣ ਝੂਠੀ ਪਿਠ ਪੰਜਾਂ ਉਂਗਲਾਂ ਅੱਗੇ ਟਿਕਾਈ ਹੈ । ਜੋ ਬੰਨ੍ਹੀ ਫਿਰਨ ਲੱਖ ਲੱਖ, ਕਿਸੇ ਕੌਡੀ ਹੱਥ ਨਾ ਆਈ ਹੈ । ਗੁਰਸਿਖ ਪ੍ਰਭ ਦਰ ਅੰਮ੍ਰਿਤ ਰਹੇ ਚੱਖ, ਪ੍ਰਭ ਤ੍ਰਿਸ਼ਨਾ ਭੁੱਖ ਗਵਾਈ ਹੈ । ਵੇਲੇ ਅੰਤ ਲਏ ਰੱਖ, ਸੋਹੰ ਪਹਿਰੇਦਾਰ ਆਪ ਖੜਾਈ ਹੈ । ਫੜੇ ਹੱਥ ਮੁਠ ਕਟਾਰਾ । ਕਲਜੁਗ ਹੋਵੇ ਧੁੰਦੂਕਾਰਾ । ਲਹੂ ਮਿਝ ਦਾ ਬਣੇ ਸੱਚਾ ਗਾਰਾ । ਸਤਿਜੁਗ ਤੇਰਾ ਆਪ ਉਸਾਰੇ ਸੱਚਾ ਘਰ ਬਾਹਰਾ । ਬੇਮੁਖਾਂ ਉਪਰ ਪਾਏ ਡਾਹਢਾ ਭਾਰਾ । ਆਪੇ ਬਣ ਕੇ ਸਾਚਾ ਬਾਡੀ, ਰੱਖੇ ਵਿਉਂਤ ਇਕ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਚਾਰ ਕੁੰਟ ਸ਼ਬਦ ਸਰੂਪੀ ਕਰੇ ਖੜੀ ਚਾਰ ਦਿਵਾਰਾ । ਖੰਡੇ ਹੱਥ ਕਲਗੀ ਧਰ । ਸ੍ਰਿਸ਼ਟ ਸਬਾਈ ਕਰਦਾ ਜਾਏ ਸਰ । ਬੇਮੁਖ ਕਲਜੁਗ ਜੀਵ ਅੱਗੇ ਲਏ ਧਰ । ਗੁਰਸਿਖ ਸਾਚੇ ਸੰਤ ਜਨ ਬੈਠੇ ਰਹਿਣ ਆਪਣੇ ਘਰ । ਵੇਲੇ ਅੰਤਮ ਅੰਤ ਪ੍ਰਭ, ਆਪੇ ਲਿਆਏ ਆਪਣੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵੇਖੇ ਕੀ ਕਲਜੁਗ ਰਿਹਾ ਕਰ । ਹੱਥ ਖੜਗ ਸਤਿਗੁਰ ਪੂਰੇ । ਚਾਰ ਕੁੰਟ ਮਾਰੇ ਦੂਰੇ ਦੂਰੇ । ਰਾਜੇ ਰਾਣੇ ਸਰਬ ਜਰਵਾਣੇ ਵਡ ਸੂਰਬੀਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਇਕ ਨਿਸ਼ਾਨ ਰਖਾਏ ਰਸਨ ਚਲਾਏ ਸ਼ਬਦ ਤੀਰੇ । ਖੰਡਾ ਡੰਡਾ ਲੱਗੇ ਜਗ । ਵਿਚ ਵਰਭੰਡਾਂ ਲੱਗੇ ਅੱਗ । ਵਿਚ ਨਵਖੰਡਾਂ ਤੁੱਟੇ ਤੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਾਰੇ ਜੋ ਚਰਨੀ ਜਾਇਣ ਲੱਗ । ਗੁਰਸਿਖ ਸੇਵਾ ਪ੍ਰਵਾਨ । ਸਾਚਾ ਮੇਵਾ ਦੇਵੇ ਹਰਿ ਨਾਮ ਭਗਵਾਨ । ਦਿਵਸ ਰੈਣ ਰਸਨਾ ਸੇਵੋ ਸਾਚਾ ਫੱਲ ਹਰਿ ਆਪ ਖਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਇਕ ਰੁਮਾਲਾ ਇਕ ਦੋਸ਼ਾਲਾ । ਇਕ ਗੁਰ ਇਕ ਗੋਪਾਲਾ । ਦੋਏ ਜੁੜ ਬਣ ਗਏ ਦੀਨ ਦਿਆਲਾ । ਸਾਚੀ ਦੇਵੇ ਜਗਤ ਵਿਚ ਵਡਿਆਈ । ਗੁਰਸਿਖ ਸਾਚੇ ਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਭੇਟ ਕੀਆ ਰੁਮਾਲਾ । ਕੀਆ ਭੇਟ ਇਕ ਰੁਮਾਲ । ਦੇਵੇ ਵਸਤ ਵਿਚ ਲਪੇਟ ਸੋਹੰ ਸਾਚਾ ਲਾਲ । ਗੁਰਸਿਖ ਸਾਚੇ ਸਚ ਘਰ ਮਿਲੀ ਵਸਤ ਸੱਚਾ ਧੰਨ ਮਾਲ । ਕਾਇਆ ਤਨ ਬਸਤਰ ਸਾਚਾ ਸ਼ਬਦ ਤੇਰੀ ਸੱਚੀ ਢਾਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਰਖਵਾਲ । ਦੂਜਾ ਰੁਮਾਲਾ ਦੂਈ ਵੱਢੇ । ਪੰਜਾਂ ਚੋਰਾਂ ਘਰੋਂ ਕੱਢੇ । ਹਰਿ ਦਾ ਫੜਿਆ ਕੋਈ ਨਾ ਛੱਡੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪੇ ਲਡਾਏ ਲੱਡੇ । ਆਪੇ ਮੁਕਾਏ
੩੨੦ ੦੩ ਇਕ ਭਉ ਦੂਜਾ । ਆਤਮ ਭੇਵ ਖੁਲ੍ਹਾਏ ਗੂਝਾ । ਸਚ ਵਿਹਾਰ ਗੁਰਸਿਖ ਸੂਝਾ । ਚਰਨ ਪ੍ਰੀਤੀ ਗੁਰ ਦਰ ਝੂਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ੩੨੦ ੦੩
ਭਗਵਾਨ, ਆਤਮ ਵਸਤ ਟਿਕਾਏ, ਏਕਾ ਮਿਠਤ ਰਖਾਏ ਜਿਉਂ ਮਿਸਰੀ ਕੂਜਾ । ਮਿਸਰੀ ਕੂਜਾ ਕਵਲ ਨਾਭ । ਅੰਮ੍ਰਿਤ ਰੂਪੀ ਭਰੇ ਆਪ । ਝੱਲ ਨਾ ਸਕੇ ਕੋਈ ਤਾਬ । ਦਰ ਘਰ ਸਾਚੇ ਸਾਚਾ ਮਿਲੇ ਇਕ ਜਵਾਬ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਬੈਠਾ ਇਕ ਨਵਾਬ । ਇਕ ਨਵਾਬ ਸੱਚਾ ਨਿਰਧਾਰ ਹੈ । ਖਾਣ ਪੀਣ ਤੋਂ ਸਦਾ ਬਾਹਰ ਹੈ । ਬਸਤਰ ਗਹਿਣੇ ਨਾਲ ਨਾ ਕੋਈ ਵਿਹਾਰ ਹੈ । ਗੁਰਸਿਖ ਤੇਰਾ ਲਹਿਣਾ ਦੇਣਾ ਰਿਹਾ ਵਿਚਾਰ ਹੈ । ਰਸਨਾ ਗਾਓ ਪ੍ਰਭ ਸਿਰ ਕਰਜ਼ ਚੜ੍ਹਾਓ, ਆਪੇ ਦੇਵੇ ਲਹਿਣਾ ਲਹਿਣੇਦਾਰ ਹੈ । ਕਾਇਆ ਆਪਣੀ ਗਹਿਣੇ ਪਾਓ, ਬਾਕੀ ਕੁਛ ਨਾ ਵਖ ਕਰਾਓ, ਤੀਨਾਂ ਲੋਕਾਂ ਦੇਵੇ ਸੱਚਾ ਰਾਜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰਿਹਾ ਸਾਜਨ ਸਾਜ ਹੈ । ਆਪਣਾ ਆਪ ਗਹਿਣੇ ਧਰ । ਲਹਿਣੇਦਾਰ ਜਾਓ ਬਣ । ਪ੍ਰਭ ਅਬਿਨਾਸ਼ੀ ਭੱਜਾ ਆਵੇ ਗੁਰਸਿਖਾਂ ਘਰ । ਆਪੇ ਦਏ ਛੁਡਾਏ, ਨਾਮ ਨਿਧਾਨ ਸਤਿ ਸਵਰਨ ਦੇ ਕੇ ਹਰਿ । ਸਤਿ ਸਵਰਨੀ ਸੱਚੀ ਦਾਤ । ਨਾਮ ਬਿਨਾ ਨਾ ਕੋਈ ਪੁੱਛੇ ਵਾਤ । ਜਗਤ ਝੂਠੀ ਦਿਸੇ ਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਜੋੜੇ ਸਾਚਾ ਨਾਤ । ਸਾਚਾ ਨਾਤਾ ਜੋੜ ਜੁੜਾ ਕੇ । ਪੁਰਖ ਬਿਧਾਤਾ ਦਇਆ ਕਮਾ ਕੇ । ਸਰਬ ਗਿਆਤਾ ਗੁਰਸਿਖ ਬਣਾ ਕੇ । ਜ਼ਾਤਾ ਪਾਤਾਂ ਸਰਬ ਮਿਟਾ ਕੇ । ਪੁਛੇ ਵਾਤਾਂ ਹਰਿ ਜਾਮਾ ਪਾ ਕੇ । ਕਰੇ ਗੱਲਾਂ ਬਾਤਾਂ ਗੁਰ ਸੰਗਤ ਦਰ ਅੱਗੇ ਬਹਾ ਕੇ । ਬੈਠਾ ਰਹੇ ਸਦਾ ਇਕਾਂਤ ਇਕਾਤਾਂ, ਨਿਜ ਘਰ ਆਸਣ ਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਰ ਪਾਓ ਆਤਮ ਹੰਕਾਰ ਜੀਵ

ਗਵਾ ਕੇ । ਧਰਮ ਰਾਏ ਬੈਠਾ ਕਰੇ ਵਿਚਾਰ । ਪ੍ਰਭ ਅਬਿਨਾਸ਼ੀ ਮੇਰੇ ਭਰ ਭੰਡਾਰ । ਅਠਾਈ ਕੁੰਡਾਂ ਖੁਲ੍ਹੇ ਹੋਏ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਿਵਸ ਰੈਣ ਰਹੇ ਪੁਕਾਰ । ਦਿਵਸ ਰੈਣ ਧਰਮ ਰਾਏ ਪੁਕਾਰੇ । ਲਾੜੀ ਮੌਤ ਨੂੰ ਵਾਜਾਂ ਮਾਰੇ । ਉਠ ਸੁਲੱਖਣੀ ਆ ਦਵਾਰੇ । ਮਾਤਲੋਕ ਵਿਚ ਜਾਮਾ ਪ੍ਰਭ ਅਬਿਨਾਸ਼ੀ ਧਾਰੇ । ਜਾ ਕੇ ਦੱਸ ਆਪਣਾ ਨਾਂ, ਦੱਸੇ ਸਾਚੀ ਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਸੁਣੇ ਪੁਕਾਰੇ । ਦੇ ਸਿਖਿਆ ਵਿਦਾ ਕਰਾਈ । ਧਰਮ ਰਾਏ ਵਲੋਂ ਮਿਲ ਹਰਿ ਪੂਰੇ ਅੱਗੇ ਇਕ ਬੇਨੰਤੀ ਜਾਣਾ ਚਲ ਸਰਨਾਈ । ਅੱਗਾ ਪਿੱਛਾ ਕੋਈ ਨਾ ਵੇਖਣਾ ਜਾਣਾ ਵਾਹੋ ਦਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਕੇ ਤੇਰੀਆਂ ਦੋਵੇਂ ਬਾਹੀਂ । ਜਾਏ ਡਿਗੇ ਚਰਨ ਦਵਾਰੇ । ਭੁੱਖੇ ਹੋਏ ਰਾਜੇ ਜਦੋਂ ਕ੍ਰਿਸ਼ਨ ਜਾਮਾ ਧਾਰੇ । ਭੁੱਖਿਆਂ ਭੁੱਖ ਨਾ ਉਤਰੀ ਦਿਵਸ ਰੈਣ ਰਹੇ ਪੁਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਲ ਆਈ ਤੇਰੇ ਚਰਨ ਦਵਾਰੇ । ਤੇਰਾ ਚਰਨ ਸੱਚਾ ਦਵਾਰ ਹੈ । ਮੈਂ ਜਾਣਦਾ ਕਰਦਾ ਸਚ ਪਿਆਰ ਹੈ । ਤੇਰਾ ਸੱਚਾ ਜਗਤ ਵਿਹਾਰ ਹੈ । ਧਰਮ ਰਾਏ ਕਰੇ ਪੁਕਾਰ ਹੈ । ਨਿਹਕਲੰਕ ਮੇਰੇ ਖਾਲੀ ਹੋਏ ਭੰਡਾਰ ਹੈ । ਮੌਤ ਲਾੜੀ ਆਏ ਤੇਰੇ ਦਰਬਾਰ ਹੈ । ਲਾੜੇ ਮੰਗੇ ਕੋਟਨ ਕੋਟ ਅਪਾਰ ਹੈ । ਬਿਨ ਹਰਿ ਤੇਰੇ ਕੋਈ ਨਾ ਪਾਉਂਦਾ ਮੇਰੀ ਸਾਰ ਹੈ । ਸਾਰੇ ਡਰਦੇ ਫਿਰਦੇ ਵਿਚ ਸੰਸਾਰ ਹੈ । ਮੌਤ ਅੰਧੇਰੀ ਨਾ ਕੋਈ ਕਰਦਾ ਮੇਰੇ ਸੰਗ ਪਿਆਰ ਹੈ । ਸਤਿਗੁਰ ਪੂਰੇ ਸੁਣ ਮੇਰੀ ਇਕ ਪੁਕਾਰ ਹੈ । ਸੁਣੀਂ ਪੁਕਾਰ ਸਚ ਦੇ ਮਾਲਕਾ । ਮੈਂ ਮੰਗਣ ਦਰ ਤੇਰੇ ਤੇ ਆਈ, ਸ੍ਰਿਸ਼ਟ ਸਬਾਈ ਏਕਾ ਬਾਲਕਾ । ਵਲ ਛਲ ਨਾ ਕੋਈ ਕਰਾਈ, ਨਾ ਲਾਈਂ ਮੱਥੇ ਕਾਲਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਆਪੇ ਹੋਏ ਘਾਲਕਾ । ਚਰਨੀ ਡਿਗੇ ਰੋ ਰੋ ਪੁਕਾਰੇ । ਕਲਜੁਗ ਜੀਵ ਬਣਾ ਮੇਰੇ ਸਾਚੇ ਲਾੜੇ । ਮੈਂ ਆਈ ਚਲ ਪਾਰ ਕਰੇ ਜਲ ਥਲ ਕਰਕੇ ਟਟੂ ਭਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤਾਰ ਬੈਠਾ ਸਾਚੇ ਇਕ ਅਖਾੜੇ । ਸਾਚੀ ਦਾਤ ਇਕ ਦਰ ਮੰਗੀ । ਲਾੜੀ ਮੌਤ ਆਈ ਭੁੱਖੀ ਨੰਗੀ । ਕਲਜੁਗ ਜੀਵ ਇਕ ਵਸਤ ਮੈਨੂੰ ਲੱਗੇ ਚੰਗੀ । ਸਤਿਗੁਰ ਸਾਚੇ ਮੇਰੀ ਝੋਲੀ ਪਾ, ਮੇਰੀ ਕੱਟੀ ਜਾਏ ਤੰਗੀ । ਮੈਂ ਪੈ ਜਾਵਾਂ ਆਪਣੇ ਰਾਹ, ਪਕੜ ਉਠਾਵਾਂ ਸ਼ਾਹ ਫਰੰਗੀ । ਸਭ ਥਾਈਂ ਦਿਆਂ ਖੇਲ ਵਰਤਾ, ਨੌਂ ਖੰਡ ਪ੍ਰਿਥਮੀ ਚਾਰ ਕੁੰਟ ਲਗਾਊਂ ਜੰਗੀ । ਕਿਰਪਾ ਕਰ ਮੇਰੇ ਸਾਚੇ ਹਰਿ, ਬੇਮੁਖਾਂ ਸਿਰ ਫੇਰਾਂ ਕੰਘੀ । ਜਿਨ੍ਹਾਂ ਭੁਲਿਆ ਤੇਰਾ ਦਰ ਸਾਚੇ ਹਰਿ, ਫੜ ਫੜ ਕੇ ਧਰਮ ਰਾਏ ਦਰ ਜਾਵਾਂ ਟੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਵੇਲੇ ਅੰਤਮ ਕਲਜੁਗ ਇਹ ਗਲ ਲੱਗੇ ਮੈਨੂੰ ਚੰਗੀ । ਸੁਣ ਧਰਮ ਰਾਏ ਦੀ ਦੁਲਾਰੀ । ਤੇਰੇ ਹੱਥ ਫੜਾਵਾਂ ਇਕ ਬਹਾਰੀ । ਚਾਰੋਂ ਕੁੰਟ ਜਾਵੀਂ ਮਾਰੀ । ਫੇਰੀ ਜਾਵੀਂ ਵਾਰੋ ਵਾਰੀ । ਸ਼ਾਹ ਸੁਲਤਾਨ ਸੁੱਟੀਂ ਮੂੰਹ ਦੇ ਭਾਰੀ । ਇਕ ਦੋਹੱਥੜ ਉਤੋਂ ਮਾਰੀਂ । ਪਿਟੀਂ ਕੋਲ ਖਲੋ ਕੇ, ਗਲ ਸਿਆਪਾ ਪਾਵੀਂ ਭਾਰੀ । ਏਕਾ ਦੇਵੇ ਚਾਦਰ ਚਿੱਟੀ, ਸਾਰਿਆਂ ਉਪਰ ਪਾਉਂਦੀ ਜਾਵੀਂ । ਅੰਤਮ ਹੋਵਣ ਮਿਟੀ, ਝਾੜੂ ਨਾਲ ਉਡਾਉਂਦੀ ਜਾਵੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਉਂਦੀ ਜਾਵੀਂ ਚਾਈਂ ਚਾਈਂ । ਸਾਚਾ ਵਰ ਹਰਿ ਦਰ ਪਾਇਆ । ਰਸਨਾ ਹੁਕਮ ਆਪ ਸੁਣਾਇਆ । ਉਠ ਉਠ ਵਡ ਬਲਕਾਰਨ, ਮਾਰੇ ਵਡ ਵਡ ਹੰਕਾਰਨ, ਏਕਾ ਡੰਡਾ ਹੱਥ ਫੜਾਇਆ । ਨਾ ਕੋਈ ਦੀਸੇ ਨਾਰੀ ਨਾਰਨ, ਪਸੂ ਪ੍ਰੇਤ ਸਰਬ ਮਿਟ ਜਾਇਆ । ਪੰਖੀ ਬੰਸੀ ਤਰਵਰ ਸਰੋਵਰ ਸਰਬ ਮਿਟ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ

ਹੁਕਮ ਲਾੜੀ ਮੌਤ ਆਪ ਸੁਣਾਇਆ । ਸਾਚੀ ਲਾੜੀ ਚੜ੍ਹਿਆ ਚਾਓ । ਪਹਿਲਾਂ ਜਾਵਾਂ ਕਿਹੜੇ ਥਾਉਂ । ਫੜ ਕੇ ਬਾਹਾਂ ਰਾਹੇ ਪਾ । ਕੋਈ ਨਾ ਖਾਲੀ ਸੁੰਵਾ ਛੱਡਾਂ ਥਾਂ । ਘਰ ਘਰ ਕਾਗ ਦਿਆਂ ਉਡਾ । ਆਪਣਾ ਸਾਂਗ ਦਿਆਂ ਵਰਤਾ । ਪਹਿਲੀ ਮਾਘ ਸਾਂਗ ਵਰਤਾ । ਗੁਰਸਿਖਾਂ ਮਨ ਭਾਗ ਲਗਾ । ਆਤਮ ਸਾਚੀ ਜਾਗ ਲਗਾ । ਝੂਠਾ ਦਾਗ ਸਰਬ ਮਿਟਾ । ਆਤਮ ਤ੍ਰਿਸ਼ਨਾ ਆਗ ਬੁਝਾ । ਪ੍ਰਭ ਦਰ ਭਰਿਆ ਸਚ ਸਰੋਵਰ, ਝੋਲੀ ਭਰ ਕੇ ਲੈਂਦੀ ਜਾ । ਜਿਥੇ ਮਿਲੇ ਗੁਰਸਿਖ ਮੇਰਾ, ਮੂੰਹ ਉਹਦੇ ਵਿਚ ਪਾਉਂਦੀ ਜਾ । ਗੀਤ ਸੁਹਾਗੀ ਗਾਉਂਦੀ ਜਾ । ਸਚ ਸੁਨੇਹੁੜਾ ਸੁਣਾਉਂਦੀ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ, ਹੱਥੀਂ ਮਹਿੰਦੀ ਲਾਉਂਦੀ ਜਾ । ਹੱਥੀਂ ਮਹਿੰਦੀ ਲਾ ਰੰਗ ਮਜੀਠਲਾ । ਕਲਜੁਗ ਭੰਨਦੀ ਜਾਈਂ ਜੀਵ ਕੌੜਾ ਰੀਠਲਾ । ਪ੍ਰਭ ਆਪਣੀ ਹੱਥੀਂ ਆਪੇ ਪੀਸਨ ਪੀਠਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧੁਰ ਦਰਗਾਹੀ ਹੋਏ ਸਭਨੀ ਥਾਂਈ ਆਪ ਸਹਾਈ ਹਰਿ ਬਸੀਠਲਾ । ਲਾੜੀ ਮੌਤ ਕਰੇ ਚਰਨ ਨਿਮਸਕਾਰੇ । ਸੁਨੇਹੁੜਾ ਤੇਰਾ ਸਾਚਾ ਦੇਵਾਂ ਉਠ ਲਾਲ ਪਿਆਰੇ । ਸਿੰਘ ਸਿੰਘਾਸਣ ਹਰਿ ਜੀ ਬੈਠਾ, ਆਓ ਚਲ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪੇ ਵਾਜੇ ਮਾਰੇ । ਵਾਜਾਂ ਮਾਰ ਆਪ ਉਠਾਲਦਾ । ਜੋਤੀ ਦੀਵਾ ਏਕਾ ਬਾਲਦਾ । ਕਰੇ ਕੰਮ ਆਪ ਮਿਸਾਲੀ ਸਾਚੀ ਮਿਸਾਲ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਦਿ ਅੰਤ ਆਪੇ ਪਾਲਦਾ । ਲਾੜੀ ਮੌਤ ਉਠ ਉਠ ਜਾ । ਕੋਈ ਨਾ ਸਕੇ ਤੈਨੂੰ ਅਟਕਾ । ਪਹਿਲਾ ਫੇਰਾ ਮੱਕੇ ਮਦੀਨੇ ਪਾ । ਇੱਟ ਨਾਲ ਇੱਟ ਦਈਂ ਖੜਕਾ । ਦੂਜਾ ਦੱਸਾਂ ਫੇਰ ਥਾਂ । ਭੱਜੀ ਜਾਈਂ ਨਾ ਲੈਣਾ ਸਾਹ । ਕਲਜੁਗ ਅੰਤਮ ਨਾ ਕਰੀਂ ਤਰਸ, ਜੇ ਕੋਈ ਤੇਰੇ ਅੱਗੇ ਪਾ ਵੈਣ ਰੋਵੇ ਮਾਂ । ਦੇਵਣਹਾਰ ਸਦਾ ਏਕ ਹੈ । ਮੰਗਦੇ ਰਹਿਣ ਸਦਾ ਅਨੇਕ ਹੈ । ਗੁਰਮੁਖ ਸਾਚੇ ਪ੍ਰਭ ਆਪੇ ਲੈਣੇ ਵੇਖ ਹੈ । ਧਰ ਧਰ ਜੋਤ ਸਰੂਪੀ ਸਾਚਾ ਭੇਖ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਲਿਖਾਏ ਧੁਰਦਰਗਾਹੀ ਲੇਖ ਹੈ । ਸਾਚੀ ਕਰੇ ਆਪ ਪਛਾਣ । ਸਰਬ ਜੀਆਂ ਹਰਿ ਜਾਣੀ ਜਾਣ । ਗੁਰਮੁਖ ਗੁਰ ਆਪੇ ਵੇਖੇ, ਗੁਣਵੰਤ ਗੁਣੀ ਨਿਧਾਨ । ਗੁਰਸਿਖ ਸਾਚਾ ਤੀਜੇ ਲੋਇਣ ਪੇਖੇ ਦਿਸੇ ਹਰਿ ਭਗਵਾਨ । ਆਪ ਚੁਕਾਏ ਅਗਲੇ ਪਿਛਲੇ ਲੇਖੇ, ਬਾਕੀ ਹਿਸਾਬ ਨਾ ਕੋਈ ਰਹਿ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਦੇਵੇ ਸਾਚਾ ਦਾਨ । ਚਰਨ ਪ੍ਰੀਤੀ ਦੇਵੇ ਜਗਤ ਗੁਰ । ਗੁਰਮੁਖ ਸਾਚੇ ਸੰਤ ਜਨ ਪ੍ਰਭ ਚਰਨ ਜਾਇਣ ਜੁੜ । ਧੰਨ ਧੰਨ ਜਣੇਂਦੀ ਮਾਏ ਜਿਸ ਲੇਖ ਲਿਖਾਏ ਧੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਥਾਨ ਸੁਹਾਏ ਜਿਥੇ ਗੁਰ ਸੰਗਤ ਬਹੇ ਜੁੜ । ਗੁਰ ਸੰਗਤ ਮਨ ਵਧਾਈ, ਪ੍ਰਭ ਸਾਚਾ ਰਸਨਾ ਗਾਇਆ ਜਿਸ ਬਣਤ ਬਣਾਈ, ਸਹਿੰਸਾ ਰੋਗ ਚੁਕਾਇਆ । ਦਰਸ ਅਮੋਘ ਪਾਇਆ, ਆਇਆ ਹਰਿ ਸਰਨਾਈ । ਚਿੰਤਾ ਸੋਗ ਗਵਾਇਆ, ਪ੍ਰਭ ਸਾਚਾ ਭੋਗ ਲਗਾਇਆ, ਗੁਰ ਪ੍ਰਸਾਦਿ ਆਪ ਵਰਤਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਿਆਨ ਜੋਤ ਜੋਤ ਗਿਆਨ ਹਿਰਦੇ ਵਿਚ ਰਖਾਇਆ । ਗਿਆਨ ਜੋਤ ਏਕਾ ਘਰ । ਕਰਾਏ ਇਸ਼ਨਾਨ ਸਾਚੇ ਸਰ । ਤ੍ਰੈਕੁਟੀ ਖੋਲ੍ਹੇ ਤਿੰਨੇ ਦਰ । ਆਪੇ ਆਏ ਅੰਦਰ ਵੜ । ਦਰ ਦਵਾਰੇ ਗੁਰਸਿਖ ਤੇਰੇ ਜਾਏ ਖੜ । ਮਾਇਆ ਰੂਪੀ ਤੋੜੇ ਕਿਲ੍ਹਾ ਗੜ੍ਹ । ਝੂਠੇ ਪਰਦ ਜਾਇਨ ਝੜ । ਪੰਜੇ ਚੋਰ ਜਾਇਣ ਦੜ । ਕੱਢੇ ਬਾਹਰ ਬਾਹੋਂ ਫੜ । ਸਾਚੀ ਬਣਤ ਬਣਾਏ ਤੇਰੀ ਗੁਰਸਿਖ ਘੜ ਘੜ । ਮਾਤ ਪਤਾਲ ਗਗਨ ਅਕਾਸ਼ ਨਾ ਕੋਈ ਉਖਾੜੇ ਤੇਰੀ ਜੜ੍ਹ । ਮਹਾਰਾਜ ਸ਼ੇਰ ਸਿੰਘ


੩੨੨ ੦੩

ਵਿਸ਼ਨੂੰ ਭਗਵਾਨ, ਆਪ ਫੜਾਇਆ ਸਾਚਾ ਲੜ । ਸਾਚਾ ਲੜ ਹੱਥ ਫੜਾਇਆ । ਸਾਚੀ ਵੱਥ ਹਰਿ ਝੋਲੀ ਪਾਇਆ । ਸੋਹੰ ਸਾਚੇ ਰਥ ਚੜ੍ਹਾਇਆ । ਸਗਲ ਵਸੂਰੇ ਗਏ ਲੱਥ, ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ । ਗੁਰਸਿਖਾਂ ਸਿਰ ਰੱਖੇ ਹੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਇਆ । ਸਰਨੀ ਸਰਨ ਢਹਿ ਪਏ ਦਵਾਰੇ । ਵਸਾਏ ਸਾਚੇ ਇਕ ਘਰ ਅਸਥਲ ਚੁਬਾਰੇ । ਦੂਜਾ ਨਾਹੀ ਕੋਈ ਦਰ, ਏਕਾ ਏਕ ਹਰਿ ਨਿਰੰਕਾਰੇ । ਏਕਾ ਜਾਣੋ ਸਾਚਾ ਸਰ, ਪ੍ਰਭ ਚਰਨ ਕਵਲ ਅੰਮ੍ਰਿਤ ਆਤਮ ਲੈਣਾ ਭਰ, ਅੰਮ੍ਰਿਤ ਬੂੰਦ ਟਪਕੇ ਕਵਲ ਨਾਭ ਉਲਟਾਰੇ । ਸਾਚੀ ਤਰਨੀ ਜਾਣਾ ਤਰ, ਆਤਮ ਜੋਤ ਹੋਏ ਉਜਿਆਰੇ । ਪ੍ਰਭ ਸਰਨੀ ਜਾਣਾ ਪੜ, ਮਿਟੇ ਅੰਧੇਰ ਧੁੰਦੂਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਉਤਰੇ ਪਾਰ ਹਰਿ ਕੇ ਦਵਾਰੇ । ਨਾ ਕੋਈ ਡੋਬੇ ਵਿਚ ਮੰਝਧਾਰੇ । ਸੰਸਾਰ ਸਾਗਰ ਹਰਿ ਆਪ ਲਗਾਏ ਪਾਰ ਕਿਨਾਰੇ । ਕਾਇਆ ਗਾਗਰ ਵਿਚ ਭਰਿਆ ਅੰਮ੍ਰਿਤ ਅਪਾਰੇ । ਨਿਰਮਲ ਹੋਵੇ ਜੀਵ ਉਜਾਗਰ, ਰਸਨਾ ਚਖ ਇਕ ਇਕ ਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਵਸੇ ਕਾਇਆ ਮਹੱਲ ਮਹਲ ਮੁਨਾਰੇ । ਕਾਇਆ ਮਹੱਲ ਮਨਾਰ ਹੈ । ਜਿਥੇ ਵਸੇ ਹਰਿ ਕਰਤਾਰ ਹੈ । ਜਨ ਸੰਤਾਂ ਦੱਸੇ ਰਾਹ ਅਪਰ ਅਪਾਰ ਹੈ । ਸਾਚਾ ਕੰਤਾ ਜਿਥੇ ਸੁੱਤਾ ਪੈਰ ਪਸਾਰ ਹੈ । ਜੂਠੇ ਝੂਠੇ ਰਹੇ ਜਗਤ ਝੱਖ ਮਾਰ ਹੈ । ਨਾ ਆਤਮ ਦਰ ਦਵਾਰਾ ਖੁਲ੍ਹਿਆ, ਦਰ ਦਰ ਫਿਰਨ ਭਿਖਾਰ ਹੈ । ਅੰਮ੍ਰਿਤ ਆਤਮ ਆਪਣੀ ਡੁਲ੍ਹਿਆ, ਕਿਤੇ ਨਾ ਮਿਲਦੀ ਸਾਚੀ ਧਾਰ ਹੈ । ਪਾਣੀ ਪਿਆ ਵਿਚ ਕਾਇਆ ਚੁਲ੍ਹਿਆ, ਠੰਡਾ ਹੋਇਆ ਜੋਤ ਸਰੂਪੀ ਇਕ ਅੰਗਿਆਰ ਹੈ । ਕਿਉਂ ਫਿਰੇ ਬੇਮੁੱਖ ਭੁੱਲਿਆ, ਪ੍ਰਭ ਵਸੇ ਦਸਮ ਦਵਾਰ ਹੈ । ਗੁਰਮੁਖ ਸਾਚਾ ਫਲਿਆ ਫੁੱਲਿਆ,
੩੨੩ ਜਿਸ ਦੇਵੇ ਦਰਸ ਹਰਿ ਕਿਰਪਾ ਧਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵਿਚ ਰਿਹਾ ਪਸਾਰ ਹੈ । ੩੨੩
੦੩ ੦੩

*੧੫ ਮੱਘਰ ੨੦੧੦ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹਰਿ ਸੰਗਤ ਸਮੇਤ ਕਾਕਾ ਮਨਜੀਤ ਸਿੰਘ ਦੀ ਦੇਹ ਛੁਡਾਉਣ ਦੇ ਨਵਿਤ ਇਕੱਠ ਕੀਤਾ ਅਤੇ ਜੋਤ ਸਰੂਪ ਸੱਚੇ ਪਾਤਸ਼ਾਹ ਨੇ ਓਸ ਦੇ ਅੰਤ ਵਾਸਤੇ ਲਿਖਤ ਕਰਾਈ *

ਲਾੜੀ ਮੌਤ ਵਰ ਪਾਉਂਦੀ ਜਾ । ਪ੍ਰਭ ਅਬਿਨਾਸ਼ੀ ਦੇ ਗੁਣ ਗਾਉਂਦੀ ਜਾ । ਸ਼ਬਦ ਸਰੂਪੀ ਬੀਨ ਵਜਾਉਂਦੀ ਜਾ । ਮੁਹੰਮਦੀ ਦੀਨ ਆਪ ਉਠਾਉਂਦੀ ਜਾ । ਪ੍ਰਭ ਅਬਿਨਾਸ਼ੀ ਸਾਚਾ ਸਚ ਪ੍ਰਬੀਨ, ਸਾਚਾ ਹੁਕਮ ਸੁਣਾਉਂਦੀ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਆਪਣੀ ਰਸਨਾ ਸਦ ਧਿਆਉਂਦੀ ਜਾ । ਰਸਨਾ ਗਾਈਂ ਹਰਿ ਕੇ ਗੀਤ । ਘਰ ਘਰ ਢਾਹੀ ਜਾਏ ਮਸੀਤ । ਏਕ ਰਾਖੀ ਹਰਿ ਚੀਤ । ਪਹਿਲੇ ਕੂਟੇਂ ਆਈ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਾਇਆ ਰੱਖੇ ਸੀਤ । ਕਾਇਆ ਸੀਤਲ ਪਾਏ ਠੰਡ । ਪੱਲੇ ਬੰਨ੍ਹੀ ਨਾਮ ਗੰਢ । ਨਾਲ ਤੇਰੇ ਜਾਏ ਹੰਢ । ਗੁਰਮੁਖ ਮੇਰੇ ਸੱਚਿਆਂ, ਘਰ ਘਰ ਜਾਈਂ ਵੰਡ । ਕਲਜੁਗ ਜੀਵਾਂ ਕੱਚਿਆਂ, ਕਰਦੀ ਜਾਈਂ ਖੰਡ ਖੰਡ । ਤੇਰੇ ਅੱਗੇ ਕੋਈ ਨਾ ਬਚਿਆ, ਸ੍ਰਿਸ਼ਟ ਸਬਾਈ ਕਰ ਜਾਈਂ ਰੰਡ । ਝੂਠਾ ਪਾਪ ਕਿਸੇ ਨਾ ਪਚਿਆ, ਫਿਰੇ ਵਿਚ ਬ੍ਰਹਿਮੰਡ ਨਵ ਖੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਫੜਾਏ ਸੱਚੀ ਚੰਡ ਪ੍ਰਚੰਡ । ਸਾਚੀ ਚੰਡੀ ਹੱਥ ਫੜਾਈ । ਸਾਚੀ ਡੰਡੀ ਆਪੇ ਪਾਈ । ਪਹਿਲੀ

ਕੂਟ ਪ੍ਰਭ ਸਾਚੇ ਵੰਡੀ ਪਹਿਲੇ ਜਾ ਮੁਕਾਈ । ਨਾ ਕੋਈ ਦੀਸੇ ਜਗਤ ਪਖੰਡੀ, ਪੀ ਲਹੂ ਆਪਣੀ ਤ੍ਰਿਖਾ ਬੁਝਾਈ । ਭੱਜ ਭੱਜ ਪਿਛੋਂ ਵੱਢੀ ਕੰਡੀ ਨਾ ਕੋਈ ਸਕੇ ਮੁਖ ਛੁਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਅੰਗ ਸੰਗ ਹੋਏ ਸਹਾਈ । ਲਾੜੀ ਮੌਤ ਉਠ ਉਠ ਭੱਜ । ਲਹੂ ਪੀ ਲੈ ਜਾ ਕੇ ਰੱਜ । ਕਲਜੁਗ ਜੀਵ ਲਾਉਂਦੇ ਪਜ । ਗੁਰਸਿਖਾਂ ਪਰਦੇ ਆਪੇ ਕੱਜ । ਵਿਚ ਮੈਦਾਨ ਜਾਏ ਗੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਆਸਣ ਬੈਠਾ ਰਿਹਾ ਸਜ । ਲਾੜੀ ਮੌਤ ਹਰਿ ਆਪ ਦੁੜਾਵੇ । ਸ੍ਰਿਸ਼ਟ ਸਬਾਈ ਭਰੇ ਹਾਵੇ । ਫੜ ਫੜ ਬੰਨ੍ਹੇ ਸਾਰੇ ਪਾਵੇ । ਕਲਜੁਗ ਲੇਖੇ ਸਰਬ ਚੁਕਾਵੇ । ਗੁਰਮੁਖ ਸਾਚੇ ਦੇਖੇ ਪ੍ਰਭ ਅਬਿਨਾਸ਼ੀ ਜੋ ਰਸਨਾ ਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਹਿਕਮਤ ਹਕੂਮਤ ਆਪਣੇ ਹੱਥ ਰਖਾਵੇ । ਲਿਆ ਵਰ ਸੱਚੇ ਦਰਬਾਰ । ਛੱਡੀ ਜਾਏ ਆਪਣਾ ਘਰ ਬਾਹਰ । ਹੱਡੀ ਹੱਡੀ ਤੋੜ ਸੰਸਾਰ । ਸਾਚੀ ਗੱਡੀ ਲੈਣੇ ਚਾੜ੍ਹ । ਦੋਵੇਂ ਹੱਥ ਬੈਠਾ ਅੱਡੀ, ਧਰਮ ਰਿਹਾ ਪੁਕਾਰ । ਨਾ ਕਿਸੇ ਤੋਂ ਲੈਣੀ ਵੱਡੀ, ਸ਼ਬਦ ਸਰੂਪੀ ਹਰਿ ਹੋਵੇ ਪਹਿਰੇਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਫਿਰਾਏ ਤੈਨੂੰ ਵਿਚ ਸੰਸਾਰ । ਫਿਰੀ ਜਾਏ ਸਰਬ ਸੰਸਾਰ । ਖਾਲੀ ਛੱਡੀਂ ਨਾ ਕੋਈ ਘਰ ਬਾਹਰ । ਲੁਕਿਆ ਰਹੇ ਨਾ ਕੋਈ ਵਿਚ ਉਜਾੜ । ਪਕੜ ਲਿਆਵੀਂ ਉਤੋਂ ਪਹਾੜ । ਇਕ ਬਣਾਈਂ ਸਚ ਅਖਾੜ । ਆਪ ਉਠਾਈਂ ਆਪਣੀ ਧਾੜ । ਗੋਲੇ ਮਾਰੀਂ ਅਗੰਮ ਦੇ, ਵੱਜਣ ਕਾੜ ਕਾੜ । ਬੇਮੁਖ ਨਿਜ ਮਾਵਾਂ ਘਰ ਜੰਮਦੇ, ਅੰਤਮ ਹੋਏ ਭਾਗ ਮਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ, ਅਗਨ ਮਗਨ ਵਿਚ ਦੇਵੇ ਸਾੜ । ਸੁਣ ਮੌਤ ਲਾੜੀ ਸਚ ਦੁਲਾਰੀਏ । ਕਲਜੁਗ ਅੰਤਮ ਨਾ ਹੋਵੀਂ ਕਿਸੇ ਪਿਆਰੀਏ । ਘਰ ਘਰ ਪਾਉਂਦੀ ਜਾਈਂ ਸਰਬ ਖੁਆਰੀਏ । ਸ਼ਬਦ ਫੜਾਇਆ ਹੱਥ ਤੇਰੇ ਆਰੀਏ । ਦੋਵੇਂ ਹੱਥੀਂ ਚੀਰ ਚੀਰਾਈਂ ਕਰੀਂ ਜਗਤ ਦੋ ਫਾੜੀਏ । ਇਕ ਸੱਜੇ ਇਕ ਖੱਬੇ ਆਪ ਰਹੀਂ ਪਿਛੇ ਅਗਾੜੀਏ । ਨਾ ਕੋਈ ਲੁਕਿਆ ਰਹੇ ਵਿਚ ਡੱਬੀਂ ਆਪਣੀ ਹੱਥੀਂ ਝੂਠਾ ਚੋਲਾ ਪਾੜੀਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣ ਬੇਮੁਖਾਂ ਦੀ ਸਾਚੀ ਲਾੜੀਏ । ਸਾਚੀ ਲਾੜੀ ਕਰ ਪਿਆਰ । ਬੇਮੁਖ ਬਣਾ ਸਚ ਭਤਾਰ । ਵਰ ਘਰ ਲੈ ਆਪਣੇ ਜਾਈਂ, ਦੱਸੀਂ ਸੱਚਾ ਇਕ ਦਰਬਾਰ । ਸਚ ਸੁਨੇਹੜਾ ਦੇਂਦੀ ਜਾਈਂ, ਮਾਤਲੋਕ ਲਿਆ ਅਵਤਾਰ । ਭੱਜੀ ਜਾਂਦੀ ਚਾਰੋਂ ਤਰਫ ਵੇਹਿੰਦੀ ਜਾਈਂ, ਕਿਥੇ ਲੁਕਿਆ ਸਿੱਖ ਮੇਰਾ ਸਰਦਾਰ । ਝੂਠੀ ਨੀਂਦ ਨਾ ਸੌਂਦੀ ਜਾਈਂ, ਪ੍ਰਭ ਹੋਏ ਤੇਰਾ ਪਹਿਰੇਦਾਰ । ਸੋਏ ਸਿੱਖ ਫੜ ਫੜ ਬਾਹੋਂ ਆਪ ਉਠਾਉਂਦੀ ਜਾਈਂ, ਕਰਦੀ ਜਾਈਂ ਖਬਰਦਾਰ । ਅੰਮ੍ਰਿਤ ਕੁੰਗੂ ਅਤਰ ਚੰਬੇਲੀ, ਗੁਰਸਿਖਾਂ ਮੁਖ ਚਵਾਉਂਦੀ ਜਾਈਂ, ਕਰ ਜਾਈਂ ਛਿਟਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੱਸੇ ਜਗਤ ਵਿਹਾਰ । ਸਚ ਘਰੋਂ ਵਿਦਾ ਹੋ ਜਾਣਾ । ਸਿਧਾ ਰਾਹ ਇਕ ਤਕਾਣਾ । ਜਗਤ ਰਾਹ ਇਕ ਰਖਾਣਾ । ਦੂਜਾ ਨਾ ਕੋਈ ਥਾਂ ਨਾ ਹੋਰ ਵਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ ਏਕਾ ਧੁਰ ਫ਼ਰਮਾਣਾ । ਧੁਰ ਫ਼ਰਮਾਣ ਹਰਿ ਆਪ ਸੁਣਾਇਆ । ਜੋਤ ਸਰੂਪੀ ਜਾਮਾ ਪਾਇਆ । ਨਿਹਕਲੰਕ ਕਲ ਬਣ ਕੇ ਆਇਆ । ਸਾਚਾ ਸ਼ਬਦ ਨਾਲ ਲਿਆਇਆ । ਏਕਾ ਡੰਕ ਤੇਰੇ ਹੱਥ ਫੜਾਇਆ । ਰਾਓ ਰੰਕਾਂ ਤਾਈਂ ਸੁਣਾਇਆ । ਦਵਾਰ ਬੰਕਾਂ ਵਿਚ ਵਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤ ਕਰਾਏ ਦਿਵਸ ਰੈਣ ਤੇਰੀ ਢਲਦੀ ਜਾਏ ਛਾਇਆ । ਹੁਕਮ ਮੰਨ ਕਰ ਪ੍ਰਵਾਨ । ਚਲ ਉਠਾ ਬਲੀ ਬਲਵਾਨ । ਹੱਥ ਫੜਾ ਤੀਰ ਕਮਾਨ ।

ਗਾਤਰਿਉਂ ਖਿਚ ਇਕ ਕਿਰਪਾਨ । ਲਿਆ ਵਿਚ ਸੱਚੇ ਮੈਦਾਨ । ਕਲਜੁਗ ਨਾ ਕੋਈ ਵੇਲਾ ਸਕੇ ਪਛਾਣ । ਸੁੰਞੀ ਧਰਤੀ ਦੇਣੀ ਸਿੰਚ, ਲਹੂ ਮਿਝ ਵਗਾਈ ਘਾਣ । ਖਾਲੀ ਕਿਤੇ ਥਾਂ ਨਾ ਦਿਸੇ ਇੰਚ, ਜਿਥੇ ਨਾ ਝੁੱਲੇ ਪ੍ਰਭ ਸਾਚੇ ਦਾ ਇਕ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਆਪ ਫਰਮਾਣ । ਮੰਨ ਫ਼ਰਮਾਣ ਜਾ ਜਵਾਨੇ । ਧਰਮ ਰਾਏ ਦੀਏ ਸਚ ਰਕਾਨੇ । ਹੱਥੀਂ ਬੰਨ੍ਹਦੀ ਜਾ ਮੌਤੀ ਗਾਨੇ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਅਬਿਨਾਸ਼ੀ ਆਪ ਪਛਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੇ ਭਾਣੇ । ਜਾਣ ਦੌੜ ਛਾਲ ਮਾਰ । ਆਪਣੀ ਹੱਥੀਂ ਖਿਚੀ ਏਕਾ ਸ਼ਬਦ ਕਟਾਰ । ਸੀਸ ਧੜ ਧੜ ਸੀਸ, ਇਕ ਇਕ ਕਰ ਉਤਾਰ । ਆਪੇ ਹੋਏ ਵਿਚ ਲੜ, ਮਤ ਉਪਠੀ ਦੇਵੇ ਡਾਰ । ਬੇਮੁਖ ਜੀਵ ਜਾਇਣ ਝੜ, ਕਲਜੁਗ ਅਗਨ ਤਪਾ ਬਣਾ ਵਿਚ ਅੰਗਿਆਰ । ਝੂਠੀ ਮਾਇਆ ਵਿਚ ਜਾਣ ਸੜ, ਜੋ ਬੰਨ੍ਹੀ ਬੈਠੇ ਭਾਰ । ਵਿਚ ਮੈਦਾਨ ਜਾ ਖੜ ਤੋੜ ਸਰਬ ਹੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੋਏ ਆਪ ਸਹਾਰ । ਲੈ ਜਾਈਂ ਨਾਮ ਸਚ ਨਿਸ਼ਾਨਾ । ਸ੍ਰਿਸ਼ਟ ਸਬਾਈ ਸਾਚਾ ਤੀਰ ਚਲਾਣਾ । ਆਪਣੀ ਹੱਥੀਂ ਚਿਲ੍ਹਾ ਚੜ੍ਹਾਏ, ਨਾ ਰਸਤੇ ਵਿਚ ਕਿਸੇ ਅਟਕਾਨਾ । ਜੋਤ ਸਰੂਪੀ ਕਰਦਾ ਜਾਏ ਖੇਲ ਜੋ ਵਿਚ ਜਗਤ ਵਰਤਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਬਿਠਾਏ ਵਿਚ ਬਬਾਣਾ । ਬਿਠਾਏ ਵਿਚ ਬਬਾਣ ਅਕਾਸ਼ ਉਡਾਇੰਦਾ । ਕਰੇ ਖੇਲ ਅਪਾਰ, ਸ੍ਰਿਸ਼ਟ ਸਬਾਈ ਨਾਸ ਕਰਾਇੰਦਾ । ਪੂਰਬ ਕਰਮ ਵਿਚਾਰ ਲੇਖਾ ਸਰਬ ਚੁਕਾਇੰਦਾ । ਧਰਮ ਰਾਏ ਦੀ ਸੁਣ ਪੁਕਾਰ, ਅਚਰਜ ਖੇਲ ਹਰਿ ਵਰਤਾਇੰਦਾ । ਖਾਲੀ ਭਰੇ ਤੇਰੇ ਭੰਡਾਰ, ਕਿਉਂ ਨਿਉਂ ਨਿਉਂ ਸੀਸ ਝੁਕਾਇੰਦਾ । ਖੁਲ੍ਹੇ ਰੱਖ ਕਵਾੜ, ਪ੍ਰਭ ਧੱਕ ਧੱਕ ਅੱਗੇ ਸੁਟਾਇੰਦਾ ।
ਅੱਗੇ ਕਰੀਂ ਜਾਈਂ ਵਾੜ, ਪਿਛਾ ਮੁੜ ਕੋਈ ਨਾ ਆਇੰਦਾ । ਪ੍ਰਭ ਆਪੇ ਚਬਾਏ ਆਪਣੀ ਦਾੜ, ਨਾ ਕੋਈ ਕਿਸੇ ਛੁਡਾਇੰਦਾ । ਮੌਤ ਘੋੜੀ ਸਾਚੀ ਚਾੜ੍ਹ, ਘਰ ਤੇਰੇ ਬਹਾਇੰਦਾ । ਸਾਰੇ ਵਿਚ ਸੰਸਾਰ ਜੋੜੀ ਕਿਤੇ ਨਾ ਕੋਈ ਇਕੱਠੀ ਰਹਿਣ ਪਾਇੰਦਾ । ਵੇਖੇ ਵਿਗਸੇ ਕਰੇ ਵਿਚਾਰ, ਜਲ ਥਲ ਵਿਚ ਆਪ ਰਹਾਇੰਦਾ । ਨਾ ਕੋਈ ਜਾਣੇ ਅੰਧ ਅੰਧਿਆਰ, ਜੰਗਲ ਜੂਹ ਪਹਾੜਾਂ ਸਭੇ ਫੋਲ ਫੁਲਾਇੰਦਾ । ਨਾ ਕੋਈ ਅੰਦਰ ਨਾ ਕੋਈ ਬਾਹਰ, ਪ੍ਰਭ ਸਾਚਾ ਸਭ ਥਾਈਂ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜੀਵ ਭੇਵ ਛੁਪਾਇੰਦਾ । ਛੁਪਿਆ ਰਹਿਣ ਨਾ ਦੇਵੇ ਓਹਲੇ । ਘਰ ਘਰ ਕੁੰਡੇ ਆਪੇ ਖੋਲ੍ਹੇ । ਕਲਜੁਗ ਜੀਵ ਲੰਗੜੇ ਲੂਲੇ ਟੁੰਡੇ, ਫੜ ਫੜ ਪਾਏ ਆਪਣੇ ਡੋਲੇ । ਗੁਰਮੁਖ ਸਾਚੇ ਸਚ ਸੁਹਾਗਣ ਮੁੰਡੇ, ਸੋਹੰ ਸ਼ਬਦ ਗਾਉਂਦੇ ਸੱਚੇ ਬੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਅੰਤਮ ਮਿਟਾਏ ਬਣਾਏ ਧਰਮ ਰਾਏ ਦੇ ਗੋਲੇ । ਹਰਿ ਕਾ ਹੁਕਮ ਅਪਾਰ ਅਟਲ ਰਹਾਵਦਾ । ਹਰਿ ਕਾ ਸ਼ਬਦ ਅਧਾਰ ਧੀਰ ਧਰਾਂਵਦਾ । ਹਰਿ ਕਾ ਨਾਮ ਵਿਚਾਰ ਵਣਜ ਕਰਾਇੰਦਾ । ਹਰਿ ਕਾ ਨਾਮ ਸਾਚਾ ਯਾਰ ਸੰਗ ਰਲਾਵਦਾ । ਹਰਿ ਕਾ ਨਾਮ ਪੱਲੇ ਬੰਨ੍ਹੇ ਸਾਚੇ ਦਾਮ, ਸਾਚਾ ਰਾਹ ਦਿਖਾਇੰਦਾ । ਹਰਿ ਕਾ ਜਾਮ ਗੁਰਸਿਖ ਸਾਚੇ ਪੀ, ਆਤਮ ਤ੍ਰਿਖਾ ਬੁਝਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਘਾਟੇ ਪੂਰ ਕਰਾਂਵਦਾ । ਪਿਛਲਾ ਘਾਟਾ ਪੂਰਾ ਕਰੇ । ਅੱਗੇ ਵਧੇ ਨਾਮ ਧਰੇ । ਆਪੇ ਪਰਖੇ ਖੋਟੇ ਖਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਵਿਚ ਸਚ ਦਰੇ । ਸਚ ਦਰਬਾਰ ਬੈਠਾ ਹਰਿ । ਸਾਚਾ ਲੇਖਾ ਰਿਹਾ ਕਰ । ਜੋਤ ਸਰੂਪੀ ਭੇਖ ਧਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦਏ ਚੁਕਾਏ ਜੀਵ ਜੋ ਕਰਨੀ ਰਿਹਾ ਕਰ । ਕਰਨੀ

ਕਰੇ ਵਿਚ ਸੰਸਾਰ । ਕਲਜੁਗ ਤੇਰਾ ਝੂਠਾ ਹੋਇਆ ਪਿਆਰ । ਜੀਵਾਂ ਜੰਤਾਂ ਮੱਤ ਦਿਤੀ ਮਾਰ । ਸਾਚਾ ਜੱਤ ਸਾਚਾ ਤਤ ਕੋਈ ਰੱਖੇ ਨਰ ਨਾਰ । ਆਪੇ ਜਾਣੇ ਮਿਤ ਗਤ, ਪੂਰਬ ਕਰਮ ਰਿਹਾ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਪਾਵੇ ਸਾਰ । ਕਲਜੁਗ ਤੇਰਾ ਕਰਮ ਵਿਚਾਰਿਆ । ਅੱਖੀਂ ਆਪਣੀ ਵੇਖ, ਕੀ ਵਰਤੇ ਵਰਤਾਰਿਆ । ਪ੍ਰਭ ਜੋਤ ਸਰੂਪੀ ਧਾਰੇ ਭੇਖ, ਨਿਹਕਲੰਕ ਨਰਾਇਣ ਨਰ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲੇਖਾ ਸਰਬ ਚੁਕਾ ਰਿਹਾ । ਤੇਰਾ ਲੇਖਾ ਦਏ ਚੁਕਾ । ਸੱਜੀ ਟੰਗ ਦਏ ਭੰਨਾਏ । ਇਕ ਟੰਗ ਦੇ ਉਪਰ ਖੜਾ ਕਰਾਏ । ਡਾਹਢੀ ਦੇਵੇ ਅੰਤ ਸਜਾਏ । ਲੱਖ ਚੁਰਾਸੀ ਨਾ ਕੋਈ ਛੁਡਾਏ । ਗਲ ਵਿਚ ਫਾਸੀ ਨਾ ਹਰਿ ਕਟਾਏ । ਲੱਗੀ ਉਦਾਸੀ ਰਿਹਾ ਬਿਲਲਾਏ । ਛੇਤੀ ਕਰ ਘਨਕਪੁਰ ਵਾਸੀ, ਦੂਜੀ ਟੰਗ ਤੋੜ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਅੰਗ ਅੰਗ ਭੰਨਾਏ । ਅੰਗ ਅੰਗ ਹਰਿ ਆਪੇ ਤੋੜੇ । ਸ਼ਬਦ ਸਰੂਪੀ ਲਾਏ ਕੋੜੇ । ਤੇਰੇ ਦਿਨ ਰਹਿ ਗਏ ਥੋੜੇ । ਪੀ ਲੈ ਘੁੱਟ ਪਾਪਾਂ ਕੌੜੇ । ਤੇਰੀ ਥਾਂਏ ਸਤਿਜੁਗ ਬਹੁੜੇ । ਗੁਰਸਿਖ ਸਾਚੇ ਸੰਤ ਜਨ, ਪ੍ਰਭ ਚਰਨੀ ਆਇਣ ਦੌੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਕੇ ਦੋਵੇਂ ਬਾਹੀਂ ਚੜ੍ਹਾਏ ਸਾਚੇ ਪੌੜੇ । ਕਲਜੁਗ ਤੇਰਾ ਟੁੱਟਾ ਲੱਕ । ਸਤਿਜੁਗ ਦੂਰੋਂ ਰਿਹਾ ਤੱਕ । ਅੰਤਮ ਅੰਤ ਹੁਣ ਜਾਈਂ ਥੱਕ । ਤੇਰਾ ਪਿਛਲਾ ਫਲ ਗਿਆ ਪੱਕ । ਆਪਣੀ ਹੱਥੀਂ ਆਪੇ ਛਕ । ਬੇਮੁੱਖ ਝੂਠੇ ਜੀਵਾਂ ਧਰਮ ਰਾਏ ਦੇ ਅੰਦਰ ਡੱਕ । ਸਾਥੀ ਤੇਰਾ ਕੋਈ ਨਾ ਹੋਏ ਆਪੇ ਲੈ ਜਾਈਂ ਹੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਰਾਹ ਰਿਹਾ ਤੱਕ । ਕਲਜੁਗ ਤੇਰੀ ਟੁੱਟੀ ਹੱਡੀ ਰੀੜ । ਅੱਠੇ ਪਹਿਰ ਰਹੇ ਪੀੜ । ਚਾਰ ਕੁੰਟ ਪੈ ਜਾਏ ਭੀੜ । ਪ੍ਰਭ ਅਬਿਨਾਸ਼ੀ ਰਿਹਾ ਪੀੜ । ਕਿਆ ਹਸਤ ਕੀਆ ਕੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਜਾਏ ਏਕਾ ਸਾਚਾ ਗੀਤ । ਕਲਜੁਗ ਤੇਰੀ ਟੁੱਟੀ ਬਾਂਹ । ਵਿਚ ਮਾਤ ਤੇਰਾ ਮਿਟ ਜਾਏ ਨਾਂ । ਤੇਰੀ ਜਗ੍ਹਾ ਸਤਿਜੁਗ ਮੱਲੇ ਤੇਰਾ ਥਾਂ । ਪ੍ਰਭ ਅਬਿਨਾਸ਼ੀ ਸੰਤ ਜਨਾਂ ਸਿਰ ਹੇਠਾਂ ਰੱਖੇ ਬਾਂਹ । ਆਪਣੀ ਗੋਦ ਆਪ ਉਠਾਏ ਜਿਉਂ ਬਾਲਕ ਉਠਾਏ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਭਨਾ ਥਾਂ । ਕਲਜੁਗ ਤੇਰੇ ਟੁੱਟੇ ਹੱਥ । ਕਿਰਪਾ ਕਰੇ ਆਪ ਸਮਰਥ । ਦੋਈਂ ਹੱਥੀਂ ਰਿੜਕੇ ਸ੍ਰਿਸ਼ਟ ਸਬਾਈ ਜਾਏ ਮੱਥ । ਕਲਜੁਗ ਜੀਵ ਛਾਛ ਨਿਕਾਲੇ, ਗੁਰਸਿਖ ਮੱਖਣ ਲਏ ਰੱਖ । ਗੁਰਮੁਖ ਮੁਖ ਸੋਹੰ ਸ਼ਬਦ ਸਗਨ ਲਗਾਏ, ਬੇਮੁਖ ਖਾਂਦੇ ਫਿਰਨ ਭੱਖ । ਚਾਰ ਕੁੰਟ ਅਗਨ ਲਗਾਏ, ਗੁਰਸਿਖ ਸਾਚੇ ਲਏ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵਿਚੋਂ ਕੀਨੇ ਵੱਖ । ਕਲਜੁਗ ਤੇਰੀ ਟੁੱਟੀ ਗੰਢ । ਬਿਰਧ ਬਾਲ ਜਵਾਨੀ ਗਈ ਹੰਢ । ਅੰਤਮ ਪੈ ਜਾਏ ਤੇਰੀ ਵੰਡ । ਹੋ ਜਾਏ ਰੰਡੀ ਸਰਬ ਵਰਭੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਭੇਖ ਮਿਟਾਏ ਸਰਬ ਪਾਖੰਡ । ਕਲਜੁਗ ਤੇਰਾ ਵੱਢਿਆ ਗਲ । ਆਪ ਕਰਾਏ ਜਲ ਥਲ । ਸਿੰਘ ਸਿੰਘਾਸਣ ਉਪਰ ਖਲ । ਚੜ੍ਹੇ ਲਹਿਰ ਵਾਂਗ ਕਹਿਰ ਘੜੀ ਘੜੀ ਪੱਲ ਪਲ । ਕੋਈ ਨਾ ਸਕੇ ਅੱਗੇ ਠਹਿਰ, ਏਕਾ ਆਏ ਜਗਤ ਉਛਲ । ਨਾ ਕੋਈ ਦਿਸੇ ਨਗਰ ਖੇੜਾ, ਪਿੰਡ ਸ਼ਹਿਰ ਵਾਂਗ ਸਿਕੇ ਜਾਇਣ ਢਲ । ਏਕਾ ਲੱਗੇ ਜੇਠ ਦੁਪਹਿਰ, ਫਲ ਸੁੱਕ ਜਾਣ ਲੱਗੇ ਡੱਲ । ਵਰਤੇ ਕਹਿਰ ਸਵਾ ਪਹਿਰ, ਨਾ ਭਾਣਾ ਜਾਏ ਟਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਆਪਣੀ ਹੱਥੀਂ ਲਾਹੇ ਖੱਲ੍ਹ । ਕਲਜੁਗ ਤੇਰਾ ਲੱਥਾ ਸੀਸ । ਸ੍ਰਿਸ਼ਟ ਸਬਾਈ ਰਿਹਾ ਪੀਸ । ਚੁਕੇ

੩੨੬
੦੩

ਭੇਵ ਬੀਸ ਇਕੀਸ । ਕਰੇ ਖੇਲ ਆਪ ਜਗਦੀਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਕਰੇ ਰੀਸ । ਕਲਜੁਗ ਤੇਰਾ ਡਿਗਾ ਧੜ । ਪ੍ਰਭ ਅਬਿਨਾਸ਼ੀ ਵੇਖੇ ਖੜ । ਚਾਰ ਚੁਫੇਰ ਨਾ ਕੋਈ ਦੀਸੇ ਕਿਲ੍ਹਾ ਗੜ੍ਹ । ਕਿਥੇ ਵਸੇ ਕੋਈ ਅੰਦਰ ਵੜ । ਪ੍ਰਭ ਅਬਿਨਾਸ਼ੀ ਆਪ ਮਿਟਾਏ ਤੇਰੀ ਜੜ੍ਹ । ਪਾਪਾਂ ਵਹਿਣ ਵਿਚ ਜਾਏ ਹੜ੍ਹ । ਸਤਿਜੁਗ ਸਾਚਾ ਧਰਤੀ ਮਾਤ ਤੇਰੀ ਗੋਦ ਵਿਚ ਜਾਏ ਵੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪ ਲਿਆਏ ਬਾਹੋਂ ਫੜ । ਸਿਰ ਧੜ ਦੋਵੇਂ ਵੱਖ । ਕਲਜੁਗ ਜੀਵ ਤੇਰੇ ਲਈ ਇਕੱਠੇ ਕਰਦੇ ਫਿਰਨ ਕੱਖ । ਜਿਧਰ ਜਾਣ ਕਿਛ ਹੱਥ ਨਾ ਆਵੇ, ਮੁੜ ਘਰ ਆਵਣ ਸੱਖ । ਕਰਮਾ ਵਾੜੀ ਅੰਤਮ ਉਜੜੀ, ਕੌਣ ਲਏ ਤੈਨੂੰ ਰੱਖ । ਝੂਠਾ ਕਰਿਆ ਜਗਤ ਵਿਹਾਰਾ, ਮਾਰਦਾ ਰਿਹਾ ਝੱਖ । ਪ੍ਰਭ ਅਬਿਨਾਸ਼ੀ ਨਾ ਪਾਈ ਸਾਰ, ਉਲਟਾ ਰਿਹਾ ਰਾਹ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਸ਼ਬਦ ਖੰਡਾ ਦੋ ਧਾਰ ਸੀਸ ਧੜ ਤੇਰੇ ਕੀਨੇ ਵੱਖ । ਸੀਸ ਧੜ ਵਸਣ ਦੂਰੋ ਦੂਰ । ਏਕਾ ਮੰਗਣ ਦਰਸ ਹਜ਼ੂਰ । ਪਿਛਲੇ ਔਗੁਣ ਬਖ਼ਸ਼, ਸਰਬ ਕਲਾ ਭਰਪੂਰ । ਮਹਾਰਾਜ ਸ਼ੇਰ ਸਿੰਘ ਵਡ ਦਾਤਾ ਸੂਰਬੀਰ । ਸੀਸ ਧੜ ਮਿਹਣੇ ਮਾਰਨ । ਇਕ ਦੂਜੇ ਨੂੰ ਕਹਿਣ ਗਵਾਰਨ । ਕਿਉਂ ਮਾਤ ਆਏ ਹੰਕਾਰਨ । ਪ੍ਰਭ ਸਾਚੇ ਦਾ ਕੀ ਵਰਤਿਆ ਕਾਰਨ । ਰਾਜ ਗਿਆ, ਤਾਜ ਗਿਆ, ਸਾਜ ਗਿਆ, ਨਾ ਖੜੇ ਦਿਸਣ ਚਾਰ ਚੁਫੇਰ ਕੋਈ ਦਰਬਾਰਨ । ਮਾਤਲੋਕ ਵਿਚੋਂ ਭਾਜ ਗਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥੀਂ ਫੜੀ ਕਟਾਰਨ । ਸੀਸ ਧੜ ਕਰਨ ਵਿਚਾਰ । ਚਲੋ ਹਰਿ ਸਾਚੇ ਦੇ ਸਾਚੇ ਦਰਬਾਰ । ਗੁਣ ਅਵਗੁਣ ਜੋ ਰਿਹਾ ਵਿਚਾਰ । ਨਿਰਗੁਣ ਸਰਗੁਣ ਦੋਵੇਂ ਰੰਗਾਂ ਵਿਚ ਪਸਾਰ । ਸਾਡੀ ਬੇਨੰਤੀ ਸੁਣ ਕਰਦੇ ਬੇੜਾ ਪਾਰ । ਦਾਣਾ ਪੀਣਾ ਸਾਡਾ ਚੁੱਕਿਆ, ਲੈ ਜਾਏ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਧੜ ਸੀਸ ਦੋਏ ਰੋਵਣ । ਪਿਛਲੇ ਪਾਪ ਪ੍ਰਭ ਅੱਗੇ ਧੋਵਣ । ਸਾਡੇ ਦੁਖੜੇ ਦੂਰ ਹੋਵਣ । ਫੜ ਫੜ ਵਾਲ ਸਿਰ ਦੇ ਖੋਹਵਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਤੇਰੇ ਆਏ ਦਰ, ਅੰਮ੍ਰਿਤ ਮੇਘ ਬਰਸ ਜਿਉਂ ਬਰਸੇ ਸਾਵਣ । ਸਾਚਾ ਹਰਿ ਆਖ ਸੁਣਾਏ । ਭਗਤ ਜਨਾਂ ਦੀ ਜਾ ਸਰਨਾਏ । ਮੇਰੇ ਕੋਲ ਨਾ ਕੋਈ ਥਾਂਏ, ਜਨ ਭਗਤ ਤੇਰੇ ਰਾਜ ਬੈਠੇ ਮੁਖ ਛੁਪਾਏ । ਦਿਵਸ ਰੈਣ ਰੈਣ ਦਿਵਸ ਦੁੱਖ ਭੁੱਖ ਮਿਟਾਏ । ਸੱਚੇ ਘਰ ਨਾ ਦੇਵੇ ਬਹਿਣ, ਕਲਜੁਗ ਜੀਵ ਫਿਰਨ ਹਲਕਾਏ । ਸਾਚੀ ਤੈਨੂੰ ਇਕ ਮਿਲੇ ਸਜਾਏ । ਗੁਰਮੁਖ ਸਾਚੇ ਸੰਤ ਜਨ ਵਿਚ ਮਾਤ ਸੁਣਾਏ । ਸੁਣ ਪੁਕਾਰ ਹਰਿ ਦਾਤਾਰ ਕਿਰਪਾ ਧਾਰ ਜਾਮਾ ਵਿਚ ਮਾਤ ਦੇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤਮ ਅੰਤ ਆਪਣੀ ਹੱਥੀਂ ਆਪ ਕਰਾਏ । ਕਲਜੁਗ ਉਠ ਜਾ ਸੰਤ ਜਨਾ ਦੇ ਘਰ । ਏਕ ਨਾਮ ਮੰਗ ਮੁਠ ਮੁਠ, ਤੇਰੀ ਝੋਲੀ ਦੇਣ ਭਰ । ਗੁਰਸਿਖ ਸਾਚੇ ਜਾਣ ਤੁਠ, ਫੇਰ ਪ੍ਰਭ ਕਿਰਪਾ ਦੇਵੇ ਕਰ । ਜੇ ਗਏ ਤੈਥੋਂ ਰੁਠ, ਫੇਰ ਨਾ ਆਵੇ ਮੇਰੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਸਾਏ ਏਕਾ ਸਾਚਾ ਘਰ । ਕਲਜੁਗ ਉਠੇ ਕਰ ਨਿਮਸਕਾਰ । ਰੱਖੀਂ ਪੱਤ ਮੇਰੇ ਸਿਰਜਣਹਾਰ । ਮੈਂ ਚਲਿਆ ਮੰਗਣ ਭਿਖ, ਤੇਰੇ ਸਿੱਖਾਂ ਦੇ ਦਰਬਾਰ । ਧੰਨ ਧੰਨ ਧੰਨ ਤੇਰੇ ਗੁਰਸਿਖ, ਜਿਨ੍ਹਾਂ ਤੇਰਾ ਨਾਮ ਰਸਨਾ ਲਿਆ ਉਚਾਰ । ਪਾਓ ਝੋਲੀ ਕਲਜੁਗ ਮੰਗਦਾ ਫਿਰੇ ਭਿਖਾਰ । ਦੋਏ ਜੋੜ ਕਰਦਾ ਫੇਰ ਨਿਮਸਕਾਰ । ਚਾਰ ਚੁਫੇਰੇ ਵੇਖੇ ਉਠ, ਕਿਥੇ ਵਸੇ ਪ੍ਰਭ ਸਾਚੇ ਦਾ ਸੱਚਾ ਦੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਜਿਨ੍ਹਾਂ ਉਪਰ ਕਿਰਪਾ ਕਰੇ ਅਪਾਰ । ਘਰ ਘਰ ਭਿਛਿਆ ਮੰਗਦਾ ਆਇਆ । ਪੂਰਨ ਇਛਿਆ ਕਰਦਾ ਆਇਆ । ਪ੍ਰਭ ਦਰ ਮਿਲੀ ਸਾਚੀ ਸਿਖਿਆ, ਆਪਣੀ ਝੋਲੀ ਭਰ ਘਰ ਲੈ ਆਇਆ । ਪ੍ਰਭ ਅਬਿਨਾਸ਼ੀ ਤੇਰੀ ਸਚ ਪ੍ਰੀਖਿਆ, ਵੇਲੇ ਅੰਤ ਨਾ ਹੋਏ ਕੋਈ ਸਹਾਇਆ । ਕਲਜੁਗ ਕੂੜਾ ਕੁੜਿਆਰ ਬਣਿਆ ਅੰਤ ਭਿਖਾਰ । ਗੁਰਸਿਖਾਂ ਜਾਏ ਦਵਾਰ । ਸਾਚਾ ਮੰਗੇ ਨਾਮ ਕਰੇ ਵਣਜ ਵਪਾਰ । ਮੁੜ ਕੇ ਫੇਰਾ ਪਾਇਆ, ਆਇਆ ਨਿਹਕਲੰਕ ਤੇਰੇ ਸੱਚੇ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਜੋੜ ਚਰਨ ਸਰਨ ਕਰੇ ਨਿਮਸਕਾਰ । ਆਇਆ ਸਰਨ ਸੱਚੀ ਸਰਨਾਈ । ਪ੍ਰਭ ਪਕੜ ਉਠਾਵੇ ਫੜ ਕੇ ਬਾਹੀਂ । ਕਲਜੁਗ ਵੇਖੀਂ ਫੇਰ ਭੁੱਲ ਨਾ ਜਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤੀ ਆਪ ਸਮਝਾਈ । ਕਲਜੁਗ ਬੋਲੇ ਰਸਨ ਉਚਾਰੇ । ਪਿਛਲੇ ਅਵਗੁਣ ਹਰਿ ਨਾ ਵਿਚਾਰੇ । ਭੁੱਲੇ ਰਹੇ ਵਿਚ ਸੰਸਾਰੇ । ਹਰਿ ਨਾ, ਜਾਣਿਆ ਨਾ ਵਕਤ ਪਛਾਣਿਆਂ ਝੂਠੇ ਰਹੇ ਕਰਦੇ ਕਾਰੇ । ਚਰਨ ਲਾਗ ਬੁਝੀ ਆਗ ਜਾਗੇ ਭਾਗ ਰੱਖੀਂ ਚਰਨ ਦਵਾਰੇ । ਤੀਨ ਜੁਗ ਸੁਆ ਨਾ ਮੈਨੂੰ ਕੋਈ ਅਵਾਜ਼ ਮਾਰੇ । ਖਾਲੀ ਪਿਆ ਮੇਰਾ ਤਖ਼ਤ, ਉਤੇ ਸਤਿਜੁਗ ਆਪਣੀ ਹੱਥੀਂ ਬਿਠਾਲ ਦੇ । ਸਿਰ ਧਰ ਦੇ ਸਾਚਾ ਮੁਕਟ, ਗੁਰਮੁਖ ਸਾਚੇ ਸੰਤ ਜਨ ਨਾਲ ਸਾਚੇ ਪਹਿਰੇਦਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਚਰਨ ਸੱਚਾ ਅਸਥਾਨ ਦੇ । ਛੱਡਿਆ ਰਾਜ ਝੂਠਾ ਸ਼ਾਹੀ । ਏਕਾ ਮਿਲਿਆ ਸਾਚਾ ਮਾਹੀ । ਜਿਸ ਨੇ ਫੜੀਆਂ ਦੋਵੇਂ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਸਭਨਾਂ ਥਾਉਂ ਥਾਈਂ । ਸਤਿਜੁਗ ਸਾਚਾ ਤਖ਼ਤ ਬਿਠਾ । ਸਾਚਾ ਤਿਲਕ ਪ੍ਰਭ ਦੇਵੇ ਲਾ । ਸੋਹੰ ਚੰਦਨ ਉਂਗਲ ਲਗਾਓ । ਸ਼ਬਦ ਮੰਗਲ ਸੰਤੋ ਗਾਓ । ਜੋਤ ਧੀਰਜ ਦਾ ਸੰਗਲ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਰਸਨਾ ਦਏ ਸੁਣਾਓ । ਸਤਿਜੁਗ ਬਣਾ ਸੱਚਾ ਸੁਲਤਾਨ । ਕਿਰਪਾ ਕਰੇ ਆਪ ਮਿਹਰਵਾਨ । ਦੁਆਏ ਜਨਮ ਵਿਚ ਜਹਾਨ । ਤੇਰੀ ਵਧ ਜਾਏ ਸ਼ਾਨ । ਗੁਰਸਿਖ ਸੋਹੰ ਰਸਨਾ ਗਾਨ । ਏਕਾ ਰਹੇ ਚਰਨ ਧਿਆਨ । ਬੈਠਾ ਰਹਿਣਾ ਵਿਚ ਬਬਾਣ । ਉਪਰ ਝੁਲਦੇ ਰਹਿਣ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਰਹੇ ਵਖਾਨ । ਸਤਿਜੁਗ ਸੱਚਾ ਤੇਰਾ ਤਖ਼ਤ ਤੇਰਾ ਤਾਜ । ਸੱਚਾ ਕਰਨ ਵਿਚ ਮਾਤ ਦੇ ਰਾਜ । ਪ੍ਰਭ ਸੋਹੰ ਦਿਤਾ ਤੈਨੂੰ ਇਕ ਦਾਜ । ਜਨ ਭਗਤਾਂ ਮਾਰੀ ਰੱਖੀਂ ਵਾਜ਼ । ਪ੍ਰਭ ਦਰ ਆਵਣ ਸਾਰੇ ਭਾਜ । ਆਪੇ ਰੱਖੇ ਪ੍ਰਭ ਤੇਰੀ ਲਾਜ । ਅੱਠੇ ਪਹਿਰ ਸਵਾਰੇ ਕਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰਿਹਾ ਸਾਜਣ ਸਾਜ । ਗੁਰਸਿਖ ਸੁਖੀ ਵਸੰਦਿਓ, ਹਰਿ ਨਾਮ ਸਦਾ ਧਿਆਓ । ਘਰ ਸਾਚੇ ਥਾਨ ਬਹੰਦਿਓ, ਚਰਨ ਕਵਲ ਪ੍ਰੀਤ ਰਖਾਓ । ਬੇਮੁਖ ਕਰਦੇ ਫਿਰਨ ਜੋ ਨਿੰਦਿਆ, ਕੰਨੀ ਸੁਣ ਖ਼ੁਸ਼ੀ ਮਨਾਓ । ਪ੍ਰਭ ਆਪ ਮੁਕਾਏ ਆਤਮ ਅੰਨ੍ਹਿਆ, ਨਾ ਕਿਸੇ ਦੇ ਮੱਤ ਆਪ ਸਮਝਾਓ । ਨਾ ਕੋਈ ਮਨਾਵੇ ਮੰਨਿਆਂ, ਨਾ ਤੁਸੀਂ ਸਾਨੂੰ ਵਡਿਆਓ । ਜਿਸ ਘੜਿਆ ਤਿਸ ਭੰਨਿਆ , ਰੱਖੇ ਥਾਈਂ ਥਾਂਉਂ । ਪ੍ਰਭ ਅੱਧਵਿਚਕਾਰ ਬੱਧਾ ਬੰਨ੍ਹਿਆ, ਦੂਜਾ ਕੋਈ ਲਾਗੇ ਰੱਖ ਨਾ ਪਾਓ । ਜੋ ਘੜਿਆ ਸੋ ਭੰਨਿਆਂ, ਨੀਵੇਂ ਹੋ ਫਲ ਸਾਚਾ ਖਾਓ । ਪ੍ਰਭ ਹੋਏ ਗੁਰਸਿਖ ਤੇਰੇ ਦਰ ਦਾ ਪਾਲੀ ਜਿਉਂ ਮਾਲ ਚਰਾਏ ਧੰਨਿਆ, ਪ੍ਰਭ ਵੇਖੇ ਹਰਿ ਹਰਿ ਥਾਂਉਂ । ਆਪੇ ਬਣ ਜਾਏ ਤੇਰਾ ਹਾਲੀ, ਸਾਚਾ ਸੁੱਚ ਨਾਮ ਲੈ ਜਾਓ । ਅੰਤਮ ਅੰਤ ਨਾ ਜਾਣਾ ਹੱਥ ਖਾਲੀ, ਸਚ ਵਸਤ ਨਾਲ ਰਖਾਓ । ਧੁਰ ਦਰਗਾਹੋਂ ਚੁਕ ਲਿਆਇਆ ਡਾਲੀ ਗੁਰਸਿਖਾਂ ਮਾਲੀ, ਸੋਹੰ ਸ਼ਬਦ ਰਸਨਾ ਗਾਓ । ਘਰ ਸਾਚੇ ਵਿਚ ਸਾਚੀ

ਚਾਲੀ, ਧਰਮ ਰਾਏ ਦੇ ਬੰਦ ਕਟਾਓ । ਗੁਰਸਿਖ ਤੇਰੀ ਆਤਮ ਚੜ੍ਹ ਜਾਏ ਲਾਲੀ, ਦਰ ਆਏ ਦਰਸ਼ਨ ਪਾਓ । ਖੇਲੋ ਹੋਲੀ ਲਾਲ ਗੁਲਾਲੀ, ਚਰਨ ਧੂੜ ਆਪਣੇ ਉਪਰ ਛਿਣਕਾਓ । ਪ੍ਰਭ ਅਬਿਨਾਸ਼ੀ ਗੁਰਸਿਖ ਜਗਾਏ ਜਿਉਂ ਦੀਪਕ ਵਿਚ ਥਾਲੀ, ਵਿਚ ਮਾਤ ਕਰੇ ਰੁਸ਼ਨਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਗਾਓ । ਗੁਰਸਿਖ ਦਰ ਸਾਚੇ ਸੱਚੀ ਸਲਾਹ ਹੈ । ਬਣ ਜਾਵੇ ਤੇਰਾ ਅੰਤਮ ਮਲਾਹ ਹੈ । ਸਾਚੀ ਜੋਤ ਪਾਰ ਕਰਾਏ, ਫੜ ਕੇ ਤੇਰੀ ਬਾਂਹ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਭਨੀ ਥਾਂ ਹੈ । ਗੁਰਸਿਖ ਸਚ ਕਮਾਈ ਜਾ । ਸੋਹੰ ਸਾਚਾ ਨਾਉਂ ਰਸਨਾ ਗਾਈ ਜਾ । ਆਪਣਾ ਵਾਧਾ ਜਗਤ ਵਧਾਈ ਜਾ । ਸਾਧਾਂ ਸੰਤਾਂ ਆਪ ਸਮਝਾਈ । ਰਾਹ ਏਕਾ ਸਚ ਵਖਾਈ ਜਾ । ਨਾਲ ਆਪ ਨੱਠਾ ਵਾਹੋ ਦਾਹੀ ਜਾ । ਪੈਂਡਾ ਮੁੱਕੇ ਗੁਰਸਿਖਾਂ ਇਕ ਇਕੱਠਾ ਸਾਚੇ ਮਾਹੀ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਨਰ ਅਵਤਾਰ ਜਿਥੇ ਜੋਤੀ ਮੇਲ ਮਿਲਾਈਦਾ । ਗੁਰਸਿਖ ਗੁਰ ਉਪਦੇਸ਼ਨਾ । ਰੱਖੇ ਲਾਜ ਆਪਣੇ ਕੇਸਨਾ । ਜਨ ਜਾਏ ਵਸਣਾ ਸਾਚੇ ਦੇਸਨਾ । ਚਰਨ ਕਵਲ ਮੰਗਦੇ ਰਹਿਣਾ ਹਮੇਸ਼ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਜੋਤ ਮਿਲਾਏ ਸ੍ਰੀ ਗੁਰ ਦਸਮੇਸਨਾ । ਸਿੱਖੀ ਬਾਣਾ ਜਿਸ ਬਣਾਇਆ । ਵਿਚ ਮਾਤ ਸਾਚਾ ਜਾਨਾ, ਗੁਰਸਿਖਾਂ ਤਨ ਪਹਿਨਾਇਆ । ਝੁੱਲੇ ਤੇਰਾ ਇਕ ਨਿਸ਼ਾਨਾ, ਸੋਹੰ ਉਪਰ ਮੋਹਰ ਲਗਾਇਆ । ਚਾਰ ਵਰਨ ਤੇਰੀ ਸਾਇਆ ਹੇਠ ਰਖਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ ।



੩੨੯ ੦੩

### ✻ ੧੬ ਮੱਘਰ ੨੦੧੦ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰੇ ਅੱਠ ਵੱਜੇ ਕਾਕਾ ਮਨਜੀਤ ਸਿੰਘ ਦੇ ਅੰਤਮ ਸੰਸਕਾਰ ਦੇ ਨਵਿਤ ਵਿਹਾਰ ਹੋਇਆ ✻

ਪ੍ਰਭ ਸਾਚਾ ਸਹਿਜ ਧਾਰ ਹੈ । ਕਰੇ ਖੇਲ ਅਪਰ ਅਪਾਰ ਹੈ । ਖ਼ੁਸ਼ੀ ਹੋਈ ਅੱਜ ਸਾਚੀ ਸਰਕਾਰ ਹੈ । ਆਪਣਾ ਆਪ ਗੁਰਸਿਖਾਂ ਉਤੋਂ ਦਿਤਾ ਵਾਰ, ਹੈ । ਜਨਮ ਜਨਮ ਦਾ ਚੁਕਿਆ ਭਾਰ ਸਿਰਾਂ ਉਤੋਂ ਦਿਤਾ ਉਤਾਰ ਹੈ । ਕੀਆ ਆਪਣਾ ਸਚ ਵਿਹਾਰ, ਅੱਗੇ ਲਾਇਆ ਭੁਯੰਗ ਕੁਮਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਲਿਖਤ ਅਪਰ ਅਪਾਰ ਹੈ । ਉਠ ਕੁੰਵਰ ਕਰ ਤਿਆਰੀ । ਮਾਤ ਛੱਡ ਦੇ ਮਾਤਾ ਪਿਆਰੀ । ਸਕਿਆਂ ਭਾਈਆਂ ਤੇਰੀ ਟੁੱਟੀ ਯਾਰੀ । ਭੈਣਾਂ ਨਾ ਫੜੀ ਤੇਰੀ ਵਾਗ ਆਪਣੀ ਹੱਥੀਂ ਇਕ ਵਾਰੀ । ਪ੍ਰਭ ਅਬਿਨਾਸ਼ੀ ਆਪਣੀ ਹੱਥੀਂ ਘੋੜ ਚੜ੍ਹਾਇਆ, ਵਿਆਹਵਣ ਜਾਈਂ ਸਾਚੀ ਨਾਰੀ । ਦਰਗਹਿ ਸਾਚੀ ਤੇਰੀ ਸਾਚੀ ਲੋੜ, ਸਿੰਘ ਪਾਲ ਕੋਲ ਕਰ ਤਿਆਰੀ । ਦਰੋਂ ਵੇਖੇ ਅਵਾਜ਼ਾਂ ਮਾਰੇ ਦਾਦਾ ਤੇਰਾ ਰਿਹਾ ਪੁਕਾਰੀ । ਆ ਪੋਤਰੇ ਮੇਰੇ ਲਾਡਲੇ, ਦੇਵਾਂ ਤੈਨੂੰ ਇਕ ਸੱਚੀ ਸਰਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਪੁਰ ਇੰਦਰ ਕਰੋੜ ਤੇਤੀਸ ਤੇਰੇ ਚਰਨ ਕਰਨ ਨਿਮਸਕਾਰੀ । ਕਰੋੜ ਤੇਤੀਸ ਰਹੇ ਤੇਰੀ ਸਰਨ । ਦੇਵੀ ਦੇਵਤੇ ਪਾਣੀ ਤੇਰਾ ਭਰਨ । ਚਾਰ ਜੁਗ ਤੈਥੋਂ ਡਰਦੇ ਰਹਿਣ । ਨਿਵ ਨਿਵ ਦੋਏ ਜੋੜ ਤੇਰੀ ਚਰਨੀ ਬਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤੇਰਾ ਸਾਕ ਸੱਜਣ ਸੈਣ । ਉਠਿਆ ਪੂਤ ਜਗਤ ਪਧਾਰੇ । ਅਚਰਜ ਖੇਲ ਕਰੇ ਗਿਰਧਾਰੇ । ਆਏ ਵੇਖੇ ਮਾਤਲੋਕ ਕੀ ਵਰਤੇ ਕਾਰੇ । ਇਕ ਸੁਣਾਏ ਪ੍ਰਭ ਸਾਚਾ ਸ਼ਬਦ ਸਲੋਕ,

ਮਾਤ ਗਰਭ ਉਲਟਾ ਲਟਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਪਾਰ ਉਤਾਰੇ । ਉਠ ਮਨਜੀਤ ਮਨ ਜਾਈਂ ਜਿੱਤ । ਪੰਜਾਂ ਤਤਾਂ ਨਾਲ ਨਾ ਕਰਨਾ ਹਿੱਤ । ਝੂਠੇ ਦਿਸਣ ਸਾਕ ਕੁਟੰਬੀ, ਏਕਾ ਪ੍ਰਭ ਅਬਿਨਾਸ਼ੀ ਤੇਰਾ ਸਾਚਾ ਮਿੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗੋਦ ਉਠਾਈ ਬੈਠਾ ਤੇਰਾ ਸਾਚਾ ਪਿਤ । ਸਾਚਾ ਪਿਤ ਗੋਦ ਉਠਾਏ । ਨਾ ਕੋਈ ਤੇਰੀ ਦੂਜੀ ਮਾਏ । ਜਿਹੜੀ ਤੈਨੂੰ ਗੋਦ ਉਠਾਏ । ਪ੍ਰਭ ਅਬਿਨਾਸ਼ੀ ਆਪਣੀ ਬਾਹਾਂ ਉਪਰ ਆਪ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਇੰਦਰ ਵਿਚ ਜਾ ਬਹਾਏ । ਇੰਦਰਪੁਰੀ ਵਿਚ ਜਾ ਕੇ ਬੈਠ । ਸ੍ਰਿਸ਼ਟ ਸਬਾਈ ਭੰਨੇ ਜਿਉਂ ਕੌੜੇ ਰੇਠ । ਉਪਰ ਤੇਰੇ ਛਤਰ ਝੁਲਦਾ ਤੂੰ ਰਹੀਂ ਸ਼ਾਇਆ ਹੇਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਧਨ ਤੇਰੇ ਪੱਲੇ ਪਾਏ, ਬਣ ਜਾ ਪੁਰੀ ਸਾਚੀ ਦਾ ਸਾਚਾ ਸੇਠ । ਸਾਚਾ ਸੇਠ ਬਣ ਕੇ ਸ਼ਾਹ । ਸੋਹੰ ਮਾਲ ਧਨ ਨਾਲ ਲੈ ਕੇ ਜਾ । ਮਾਤਲੋਕ ਵਿਚ ਆਪਣਾ ਸਾਚਾ ਚੰਨ, ਗੁਰਸਿਖਾਂ ਸਾਹਮਣੇ ਚੜ੍ਹ ਕੇ ਜਾ । ਮਾਤ ਪਿਤ ਭੈਣ ਭਰਾ ਕਰਨ ਹਿੱਤ, ਸਾਰਿਆਂ ਨਾਲ ਲੜ ਕੇ ਜਾ । ਤੇਰਾ ਫੇਰ ਲਿਖਾਊਂ ਸਾਰਾ ਭੇਤ, ਸਾਧਾਂ ਸੰਤਾਂ ਫੜ ਕੇ ਲਿਆ । ਵੇਖੋ ਵਰਤਾਰ ਜੋ ਵਰਤੇ ਚੇਤ, ਸਿੰਘ ਮਨਜੀਤ ਤੂੰ ਆਪੇ ਆਪਣੀ ਜਾ ਥਾਂ । ਵੇਖ ਥਾਂ ਸੱਚਾ ਅਸਥਾਨ । ਬਖ਼ਸ਼ੇ ਆਪ ਹਰਿ ਭਗਵਾਨ । ਦਿਤਾ ਸਾਚਾ ਜਾਪ, ਕਰੋੜ ਤੇਤੀਸ ਦੇਵੇ ਸਾਚਾ ਦਾਨ । ਮੋਰ ਮੁਕਟ ਤੇਰੇ ਸਿਰ ਟਿਕਾਏ, ਬਣ ਕੇ ਜਾਈਂ ਸਾਚਾ ਕਾਹਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਚ ਰਖਾਏ ਨਿਸ਼ਾਨ । ਤੇਰਾ ਨਿਸ਼ਾਨ ਜਗਤ ਵਿਚ ਝੁਲਣਾ । ਗੁਰਸਿਖ ਤੇਰੀ ਚਰਨ ਪ੍ਰੀਤੀ ਘੋਲ ਘੁਲਣਾ । ਪ੍ਰਭ ਸਾਚੇ ਦੀ ਸਾਚੀ ਰੀਤੀ, ਗੁਰਸਿਖ ਕਦੇ ਨਾ ਭੁੱਲਣਾ । ਘਰ ਸਾਚੇ ਦੀ



ਮੰਗੋ ਏਕਾ ਚਰਨ ਪ੍ਰੀਤੀ, ਝੂਠੇ ਮਾਤਲੋਕ ਵਿਚ ਨਾ ਰੁਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਜ ਕਾਇਆ ਕੀਨੀ ਸੀਤਲ ਸੀਤੀ, ਸੋਇਆ ਪੂਤ ਵਿਚ ਮਾਤ ਫੇਰ ਨਾ ਹਿਲਣਾ । ਮਾਤਲੋਕ ਛੱਡ ਕੇ ਜਾਵੀਂ । ਸਿੱਖਾਂ ਤਾਈਂ ਸਮਝਾ ਕੇ ਜਾਵੀਂ । ਦਰਗਹਿ ਸਾਚੀ ਸਾਚਾ ਰਾਹ ਆਪਣੀ ਹੱਥੀਂ ਪਾ ਕੇ ਜਾਵੀਂ । ਅੰਞਾਣਾ ਬਾਲਾ ਤੋੜ ਜ਼ੰਜਾਲਾ ਖਾਲੀ ਹੱਥੀਂ ਨੱਠਾ ਜਾਵੀਂ । ਅੱਗੇ ਖੜਾ ਸਿੰਘ ਪਾਲਾ, ਘੁਟ ਕੇ ਜੱਫੀ ਪਾਉਂਦਾ ਜਾਵੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਦੇਵੇ ਸੁਨੇਹੁੜਾ ਮੇਰੇ ਲਾਲ, ਰਾਹ ਵਿਚ ਜਾਂਦਾ ਸਭਨਾਂ ਤਾਈਂ ਸੁਣਾਉਂਦਾ ਜਾਵੀਂ । ਅੱਗੇ ਆਵਣ ਤੇਰੇ ਚੌਦਾਂ ਲੋਕ । ਉਪਰ ਫਿਰ ਦਿਸੇ ਪਰਲੋਕ । ਪੜ੍ਹਦਾ ਜਾਈਂ ਸੋਹੰ ਸਚ ਸਲੋਕ । ਨਾ ਕੋਈ ਸਕੇ ਤੈਨੂੰ ਰੋਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਤੇਰੇ ਪਿਛੇ ਦੇਵੇ ਝੋਕ । ਉਠ ਉਠ ਸ਼ੇਰ ਬਣ ਦਲੇਰ, ਮਾਤਲੋਕ ਨਾ ਆਵਣਾ ਫੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੋੜ ਤੇਤੀਸ ਤੇਰੀ ਸਰਨ ਲਗਾਏ ਘੇਰ ਘੇਰ । ਇੰਦ ਇੰਦਰਾਸਣ ਜਾਏ ਤਜ । ਸਿੰਘ ਮਨਜੀਤ ਉਠ ਚੜ੍ਹ ਜਾ ਭੱਜ । ਸਾਚਾ ਵਕਤ ਤੇਰਾ ਆਪ ਸੁਹਾਇਆ ਪ੍ਰਭ ਅਬਿਨਾਸ਼ੀ ਅੱਜ । ਵਿਚ ਮਾਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪਰਦੇ ਲਏ ਕੱਜ । ਮਾਤਲੋਕ ਤੇਰਾ ਤੁੱਟਾ ਨਾਤਾ । ਛੱਡ ਦੇ ਭੈਣ ਭਾਈ ਪਿਤ ਮਾਤਾ । ਚਰਨ ਲਗਾਏ ਪ੍ਰਭ ਸਾਚਾ ਦਾਤਾ । ਸੋਹੰ ਸ਼ਬਦ ਤੇਰੀ ਝੋਲੀ ਪਾਏ ਲੈ ਜਾਈਂ ਸਚ ਸੁਗਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਆਪ ਵਖਾਏ ਪਾੜ ਗਗਨ ਦੀਆਂ ਛਾਤਾਂ । ਉਪਰ ਗਗਨ ਆਪ ਚੜ੍ਹਾਏ । ਰੰਗਣ ਸਾਚੀ ਇਕ ਰੰਗਾਏ । ਸਚ ਦਰਬਾਰ ਇਕ ਵਖਾਏ । ਸਿੰਘ ਆਸਣ ਬੈਠਾ ਪ੍ਰਭ ਉਪਰ ਡੇਰਾ ਲਾਏ । ਗੁਰਸਿਖ ਸਾਚਾ ਘਰ ਸਾਚੇ ਵਿਚ ਜਾਏ ।

ਪ੍ਰਭ ਅਬਿਨਾਸ਼ੀ ਵੇਖ ਹਰਿ, ਗੁਰਸਿਖ ਸਾਚੇ ਤੇਰੀ ਚਰਨੀ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਵੇਂ ਬਾਹੀਂ ਫੜ ਕੇ ਆਪਣੀ ਗੋਦ ਉਠਾਏ । ਆਪਣੀ ਗੋਦ ਵਿਚ ਬਿਠਾ ਕੇ । ਅਗਾਧ ਬੋਧ ਸ਼ਬਦ ਲਿਖਾ ਕੇ । ਦਾਦੇ ਨਾਲ ਮੇਲ ਮਿਲਾ ਕੇ । ਸਿੰਘ ਪਾਲ ਹੱਥ ਚਵਰ ਫੜਾ ਕੇ । ਸਿੰਘ ਮਾਹਣਾ ਲਿਆ ਨਾਲ ਖ਼ੁਸ਼ੀ ਖ਼ੁਸ਼ੀ ਆਏ, ਜਾਏ ਫੁੱਲ ਬਰਸਾ ਕੇ । ਸਿੰਘ ਸਵਰਨ ਹੋਇਆ ਨਿਹਾਲ, ਭਾਈਆਂ ਤਾਈਂ ਭਾਈ ਮਿਲਿਆ ਆ ਕੇ । ਚੇਤ ਸਿੰਘ ਚਿਹਰਾ ਹੋਇਆ ਲਾਲੋ ਲਾਲ, ਜਾਂ ਦਰਸ਼ਨ ਪਾਏ ਆ ਕੇ । ਬੁੱਧ ਸਿੰਘ ਤੇਰੇ ਸੀਸ ਬੰਨ੍ਹੇ ਰੁਮਾਲ, ਸਾਚਾ ਲਾਡ ਲਡਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਝੂਲੇ ਆਪ ਝੁਲਾਏ ਆਪਣੀ ਗੋਦ ਉਠਾ ਕੇ । ਮਾਤ, ਪਿਤਾ ਘਰ ਜਨਮ ਦਵਾਇਆ । ਜਨਮ ਕਰਮ ਆਪਣੇ ਹੱਥ ਰਖਾਇਆ । ਸਾਚਾ ਭਰਮ ਅੱਜ ਚੁਕਾਇਆ । ਪੂਰਨ ਕਰਮ ਹਰਿ ਕਰਾਇਆ । ਮਾਨਸ ਜਨਮ ਅੰਞਾਣੇ ਬਾਲੇ ਸਾਚੇ ਲਾਲੇ, ਤੇਰਾ ਸੁਫਲ ਕਰਾਇਆ । ਸੁਫਲ ਹੋਇਆ ਤੇਰਾ ਆਵਣਾ ਜਾਵਣਾ, ਦੇ ਥਾਪੀਆਂ ਗੁਰ ਪੂਰੇ ਤੈਨੂੰ ਆਪਣੀ ਗੋਦ ਸਵਾਇਆ । ਆਪਣੀ ਗੋਦ ਹਰਿ ਆਪ ਸਵਾਉਣਾ । ਮਾਨਸ ਜਨਮ ਤੇਰਾ ਲੇਖੇ ਲਾਉਣਾ । ਕਲਜੁਗ ਵਿਚ ਮਾਤ ਨਾ ਤੈਨੂੰ ਕਿਸੇ ਜਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਇਆ ਸ਼ੇਰ ਵੇਲੇ ਆਪਣੇ ਆਪ ਉਠਾਉਣਾ । ਆਏ ਵਕਤ ਲਏ ਉਠਾਲ । ਸਾਚੀ ਸ਼ਕਤ ਵਿਚ ਟਿਕਾਏ । ਪੰਚਮ ਜੇਠ ਰਾਜ ਤਿਲਕ ਤੇਰੇ ਮਸਤਕ ਲਾਏ । ਤੇਰੀ ਕਾਇਆ ਨਾ ਲੱਗੇ ਸੇਕ, ਪ੍ਰਭ ਰੱਖੇ ਗੋਦ ਉਠਾਏ । ਸਾਧ ਸੰਗਤ ਏਕਾ ਰਾਖੋ ਪ੍ਰਭ ਚਰਨ ਟੇਕ, ਨੇਤਰ ਨੀਰ ਨਾ ਕੋਈ ਵਹਾਏ । ਮਾਤ ਕੁੱਖ ਹੋਈ ਬਬੇਕ, ਸਾਚਾ ਸੀਰ ਜੋ ਰਸਨ ਪਿਆਏ । ਮਾਨਸ ਜਨਮ ਪਾਇਆ ਵਾਰ ਏਕ, ਦੂਜੀ ਵਾਰ ਵਿਚ ਮਾਤ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੰਗ ਰਖਾਏ । ਸਾਚਾ ਸੰਗ ਆਪ ਨਿਭਾਉਣਾ । ਦਰ ਘਰ ਸਾਚੇ ਮਾਣ ਦਵਾਉਣਾ । ਪਾਲ ਸਿੰਘ ਦੀ ਉਂਗਲੀ ਲਾਉਣਾ । ਸਿੱਖਾਂ ਦੇ ਘਰ ਘਰ ਫਿਰਾਉਣਾ । ਸੁਤਿਆਂ ਰਾਤੀਂ ਦਰਸ ਦਿਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰਸਨਾ ਗਾਉਣਾ । ਸਾਚੀ ਉਂਗਲੀ ਹੱਥ ਫੜਾਏ । ਸਚਖੰਡ ਦੇ ਵਿਚ ਫਿਰਾਏ । ਆਪੇ ਪਾਏ ਸਾਚੀ ਵੰਡ ਤੇਰੇ ਹਿੱਸੇ ਇੰਦਰਲੋਕ ਇਕ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਜਗਤ ਤੇਰੀ ਸਾਚੀ ਬਣਤ ਬਣਾਏ । ਸਾਚੀ ਤੇਰੀ ਬਣਤ ਬਣਾਉਣੀ । ਪੱਥਰ ਉਪਰ ਲਕੀਰ ਖਿਚਾਉਣੀ । ਬਾਰਾਂ ਮਾਹ ਤੇਰੀ ਪੱਕੀ ਰਹੇ ਹਾੜੀ ਸਾਉਣੀ । ਹਰਿ ਵਸੇ ਤੇਰੇ ਨਾਲ ਸਭਨੀ ਥਾਈਂ, ਨਾ ਅੱਗੇ ਪਾਏ ਕੋਈ ਅੜਾਉਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਜੋ ਮਨ ਭਾਉਣੀ । ਮਨ ਭਾਇਆ ਸੋਈ ਕਰਾਇਆ । ਤਿੰਨ ਦਿਨ ਖੇਲ ਵਰਤਾਇਆ । ਫੂਲਨ ਬਰਖਾ ਹਰਿ ਜੀ ਲਾਇਆ । ਇਕ ਇਕ ਫੁੱਲ ਗੁਰਸਿਖਾਂ ਤਾਈਂ ਵਰਤਾਇਆ । ਇਹ ਰੱਖਣਾ ਸਾਂਭ ਪ੍ਰਭ ਸਾਚੇ ਹੁਕਮ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਆਪ ਰਚਾਇਆ । ਇਕ ਇਕ ਫੁੱਲ ਗੁਰਸਿਖ ਰਖਾਏ । ਮਾਘੀਓਂ ਪਹਿਲੋਂ ਇਹ ਕੰਮ ਤੁਹਾਡੇ ਆਏ । ਸਚ ਸੁਨੇਹੁੜਾ ਗੁਰਸਿਖਾਂ ਆਪੇ ਆਪ ਸੁਣਾਏ । ਤੁਹਾਡਾ ਕੁੱਟੇ ਜਮ ਕਾ ਜੇਵੜਾ, ਇਕ ਬਾਲਾ ਅੱਗੇ ਲਾਏ । ਅੱਗੇ ਰਾਹ ਦਿਸੇ ਭੀਵੜਾ, ਪਹਿਲੋਂ ਛੋਟਿਆਂ ਤਾਈਂ ਲੰਘਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਤਾ ਧਰਤਾ ਆਪਣਾ ਭਾਣਾ ਆਪ ਵਰਤਾਏ । ਅੱਗੇ ਲੱਗਾ ਛੋਟਾ ਬਾਲਾ । ਗੁਰਸਿਖ ਮਾਰੋ ਪਿਛੇ ਛਾਲਾਂ । ਕਲਜੁਗ ਪਈਆਂ ਅੰਤ ਤਰਕਾਲਾਂ । ਬੇਮੁਖ ਕੱਢਣ ਮਾਵਾਂ ਗਾਲਾਂ । ਸਾਚਾ ਵਕਤ

੩੩੧ ੦੩

ਨਾ ਕਿਸੇ ਸੰਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵਿਚੋਂ ਲੱਭਾ ਇਕ ਸੱਚਾ ਲਾਲਾ । ਸਾਚਾ ਲਾਲ ਲਿਆ ਚੁਣ । ਸ੍ਰਿਸ਼ਟ ਸਬਾਈ ਛਾਣ ਪੁਣ । ਕਵਣ ਜਾਣੇ ਪ੍ਰਭ ਤੇਰੇ ਗੁਣ । ਸ੍ਰਿਸ਼ਟ ਸਬਾਈ ਅੰਤਮ ਲਏ ਕੰਨ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਪਣੀ ਗੋਦ ਉਠਾਏ ਚੁਣ ਚੁਣ । ਸਾਚਾ ਲਾਲ ਬਾਲ ਅਵਲੜਾ । ਅੱਜ ਚੱਲਿਆ ਇਕ ਇਕੱਲੜਾ । ਪ੍ਰਭ ਅਬਿਨਾਸ਼ੀ ਜਿਸ ਦੇ ਦਰ ਅੱਗੇ ਖਲੜਾ । ਆਪੇ ਬੰਨ੍ਹੇ ਤੇਰੇ ਸੰਗ ਆਪਣਾ ਸਾਚਾ ਪਲੜਾ । ਦਰਗਹਿ ਸਾਚੀ ਸਚ ਦਰ ਦਵਾਰੇ ਤੇਰੇ ਅੱਗੇ ਖਲੜਾ । ਮਾਤਲੋਕ ਰਹਿਣਾ ਝੂਠੇ ਲਾਰੇ, ਪ੍ਰਭ ਸਾਚੇ ਦੀ ਛਤਰ ਛਾਇਆ ਹੇਠ ਪਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੜ ਸਾਚੇ ਘਰ ਦੇ ਕੇ ਵਰ, ਪੁਰੀ ਇੰਦਰ ਵਿਚ ਘਲਣਾ । ਇੰਦਰ ਪੁਰੀ ਜਾ ਕੇ ਵੇਖ । ਪ੍ਰਭ ਅਬਿਨਾਸ਼ੀ ਕੀ ਕਰ ਰਿਹਾ ਭੇਖ । ਧੰਨ ਧੰਨ ਤੇਰੀ ਕਮਾਈ ਵਡਿਆਈ ਲਿਖਾਈ ਧੁਰ ਦਰਗਾਹੋਂ ਲੇਖ । ਧੰਨ ਧੰਨ ਤੇਰੀ ਜਣੇਂਦੀ ਮਾਈ, ਜਾਂਦੀ ਵਾਰ ਤੈਨੂੰ ਨੇਤਰ ਲਏ ਪੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਲਿਖੇ ਤੇਰੀ ਸਾਚੀ ਰੇਖ । ਲਿਖੇ ਰੇਖ ਬਣ ਲਿਖਾਰੀ । ਤਿੰਨ ਦਿਨ ਮੰਗਦਾ ਰਿਹਾ ਭਿੱਖ, ਬਣ ਬਣ ਭਿਖਾਰੀ । ਕਿਸੇ ਨਾ ਪਾਈ ਸਾਚੀ ਸਾਰੀ । ਪ੍ਰਭ ਅਬਿਨਾਸ਼ੀ ਕੀ ਵਰਤੇ ਕਾਰੀ । ਕਿਉਂ ਬਣੇ ਮਾਲਣ ਸਿਰ ਉਠਾਈ ਫਿਰਦਾ ਫੂਲਾਂ ਖਾਰੀ । ਕਿਉਂ ਬੰਨ੍ਹੇ ਸਿਰ ਸਿਹਰੇ, ਕਲ ਦਵਾਏ ਫੇਰੇ । ਅੱਖੀਂ ਵੇਖੇ ਵੇਲਾ ਆਇਆ ਨੇੜੇ । ਆਪਣੀ ਹੱਥੀਂ ਚਾਰ ਦਵਾਏ ਗੇੜੇ । ਝੂਠੇ ਜਗਤ ਮੁਕਾਏ ਝੇੜੇ । ਜਾ ਪੁੱਤ ਸਾਚੇ ਸੁੱਤ ਵਸ ਜਾਈਂ ਖੁਲ੍ਹੇ ਵਿਹੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਪੇ ਕਰੇ ਨਬੇੜੇ । ਆਪੇ ਕੀਆ ਕਲ ਸਿਆਪਾ । ਪ੍ਰਭ ਕਾ ਖੇਲ ਕਿਸੇ ਨਾ ਜਾਤਾ । ਨਾ ਕੋਈ ਪੀੜ ਨਾ ਕੋਈ ਤਾਪਾ । ਜੋ ਕੁਛ ਕਰੇ ਸੋ ਆਪੇ ਆਪਾ । ਨਾ ਕੋਈ ਮਾਈ ਨਾ ਕੋਈ ਬਾਪਾ । ਨਾ ਕੋਈ ਭਾਈ ਨਾ ਕੋਈ ਭੈਣ ਨਾ ਕੋਈ ਸਾਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਘਰ ਲੈ ਚਲਿਆ ਆਪਣੀ ਗੋਦ ਉਠਾਏ ਛੋਟਾ ਕਾਕਾ । ਛੋਟਾ ਕਾਕਾ ਲਾਲ ਦੁਲਾਰਾ । ਸਰਬ ਜੀਆਂ ਨੂੰ ਲੱਗੇ ਪਿਆਰਾ । ਮਾਤ ਪਿਤਾ ਭੈਣ ਭਾਈਆਂ ਹਿੱਤ ਅਪਰ ਅਪਾਰਾ । ਨਾ ਕੋਈ ਵਿਛੋੜਾ ਸਕੇ ਇਕ ਦੂਜੇ ਦਾ ਚਿੱਤ, ਬੰਧਨ ਬੱਧਾ ਜਗਤ ਗਵਾਰਾ । ਪ੍ਰਭ ਅਬਿਨਾਸ਼ੀ ਏਕਾ ਸਾਚਾ ਮਿੱਤ, ਜਿਹੜਾ ਚਲੇ ਸੰਗ ਧੁਰ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਉਠ ਲਾਲ ਜਗਤ ਪਿਆਰਿਆ । ਆਪਣੀ ਮਾਤਾ ਦੇ ਨੇਤਰ ਚੰਦ ਸਿਤਾਰਿਆ । ਪ੍ਰਭ ਅਬਿਨਾਸ਼ੀ ਤੈਨੂੰ ਸਾਚੇ ਝੂਲੇ ਆਪ ਝੁਲਾ ਰਿਹਾ । ਕਲਜੁਗ ਜੀਵ ਰਹੇ ਭੁੱਲੇ, ਅੰਤਮ ਕੋਈ ਨਾ ਕਿਸੇ ਅਟਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਰਾਹ ਪਾ ਰਿਹਾ । ਉਠ ਚੜ੍ਹ ਸਾਚੀ ਘੋੜੀ । ਮਾਤ ਪਿਤਾ ਅਜੇ ਨਾ ਵੰਡੀ ਤੇਰੀ ਸਾਚੀ ਲੋਹੜੀ । ਸਿੰਘ ਪਾਲ ਕੋਲ ਛੇਤੀ ਬਹੁੜੀਂ । ਰਸਤੇ ਪੈ ਜਾਈਂ ਜਾਈਂ ਦੌੜੀ ਦੌੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖਿੱਚ ਚੜ੍ਹਾਏ ਸਾਚੀ ਪੌੜੀ । ਉਠ ਲਾਲ ਮਾਂ ਦੇ ਜਾਏ । ਦਰਗਹਿ ਸਾਚੀ ਤੇਰੇ ਲੱਗੀ ਨਾਏਂ । ਪ੍ਰਭ ਆਪ ਬਹਾਏ ਸਾਚੇ ਥਾਏਂ । ਜਿਥੇ ਕੋਈ ਜਾਏ ਨਾਹੇਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਅਗੰਮ ਅਥਾਹੇ । ਸਚ ਪੂਤ ਹਰਿ ਘੋੜੀ ਚਾੜ੍ਹਾ । ਆਪ ਬਣਾਇਆ ਸਾਚਾ ਲਾੜਾ । ਤੇਰੀਆਂ ਅੰਕ ਸਹੇਲੜੀਆਂ ਲਾਇਆ ਸਚ ਅਖਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲ ਮਿਲਾਏ, ਜ਼ਿਮੀਂ ਅਸਮਾਨ ਖੁਲ੍ਹਾ ਪਾੜਾ । ਉਠ ਲਾਲ ਕਰ ਨਿਮਸਕਾਰਾ । ਜਾਂਦੀ ਵਾਰ ਲੈ ਜਾ ਮਾਂ

ਆਪਣੀ ਦਾ ਦੋ ਹੱਥਾਂ ਦਾ ਪਿਆਰਾ । ਪਿਛਾ ਮੁੜ ਨਾ ਵੇਖਣ ਆਵੀਂ, ਜਾਵੀਂ ਸਚ ਦਰਬਾਰਾ । ਸਾਚੀ ਸੰਗਤ ਆਪਣੇ ਸੰਗ ਰਲਾਵੀਂ, ਤੇਰੇ ਮਗਰੇ ਆਵੇ ਵਾਰੋ ਵਾਰਾ । ਅੱਗੋਂ ਮਿਲੀਂ ਚਾਈਂ ਚਾਈਂ ਲੰਮੀਆਂ ਬਾਹੀਂ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਦੇਵੇ ਕਰ ਕਰੀਂ ਚਰਨ ਨਿਮਸਕਾਰਾ । ਉਠ ਲਾਲ ਕਰ ਸਚ ਪ੍ਰੀਤ । ਸਾਧੋ ਸੰਤੋ ਗਾਓ ਸੁਹਾਗੀ ਗੀਤ । ਸਿੰਘ ਮਨਜੀਤ ਚਲਿਆ ਅੱਜ ਜਗ ਨੂੰ ਜੀਤ । ਗੁਰਸਿਖਾਂ ਸਦਾ ਰਖਣਾ ਚੀਤ । ਗੁਰ ਗੋਬਿੰਦ ਇਹ ਚਲਾਈ ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੁੱਤ ਭੇਟ ਚੜ੍ਹਾਏ, ਗੁਰਸਿਖਾਂ ਕਾਇਆ ਕਰੇ ਠੰਡੀ ਸੀਤ । ਸਾਚੇ ਦਰ ਚੜ੍ਹ ਗਈ ਭੇਟਾ । ਗੁਰਸਿਖ ਦਾ ਸਾਚਾ ਬੇਟਾ । ਦੁੱਖ ਦਰਦ ਨਾ ਆਵੇ ਕਿਸੇ ਪੇਟਾ । ਪ੍ਰਭ ਅਬਿਨਾਸ਼ੀ ਸੇਜ ਵਿਛਾਈ, ਉਪਰ ਲਾਲ ਸਾਚਾ ਲਪੇਟਾ । ਸਾਧ ਸੰਗਤ ਮਿਲ ਮੰਗਲ ਗਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣਿਆ ਖੇਵਟ ਖੇਟਾ । ਮੰਗਲ ਗਾਓ ਸਾਚੀ ਨਾਰੀ । ਪ੍ਰਭ ਅਬਿਨਾਸ਼ੀ ਕੀਆ ਖੇਲ ਪਹਿਲੀ ਵਾਰੀ । ਵੇਖੋ ਕੀ ਵਰਤੇ ਸੰਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਣਜ ਕਰਾਏ ਕੋਈ ਬਣੇ ਸਚ ਵਪਾਰੀ । ਸਾਚਾ ਵਪਾਰ ਆਪ ਕਰਾਇਆ । ਇਕ ਚੁਬਾਰਾ ਨਾਂ ਲਗਾਇਆ । ਰਾਜਾ ਇੰਦਰ ਬਾਹਰ ਕਢਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਿੱਖ ਆਪਣੀ ਹੱਥੀਂ ਉਪਰ ਤਖ਼ਤ ਬਹਾਇਆ । ਤਖ਼ਤ ਬੈਠ ਰਾਜ ਦੁਲਾਰਾ । ਭਗਤ ਜਨਾਂ ਸੰਗ ਕਰੇ ਪਿਆਰਾ । ਕਲਜੁਗ ਵੇਖੋ ਕੀ ਵਰਤੇ ਕਾਰਾ । ਧੰਨ ਧੰਨ ਧੰਨ ਭਾਗ ਮੇਰੇ, ਮੈਂ ਚਲਿਆ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਖਾਇਆ ਸੱਚਾ ਘਰ ਬਾਹਰਾ । ਝੂਠੀ ਛੱਡੀ ਮਹੱਲ ਅਟਾਰੀ । ਮਾਰੀ ਇਕੋ ਸ਼ਬਦ ਉਡਾਰੀ । ਹੋਇਆ ਤਿੰਨ ਲੋਕਾਂ ਤੋਂ ਬਾਹਰੀ । ਜਿਥੇ ਵਸਿਆ ਆਪ ਨਿਰੰਕਾਰੀ । ਜਾਏ ਚਰਨ ਸਰਨ ਨਿਮਸਕਾਰੀ । ਪ੍ਰਭ ਅਬਿਨਾਸ਼ੀ ਤੇਰੇ ਚਰਨ ਤੋਂ ਬਲਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਤਾਰੀ । ਆਪੇ ਤਾਰੇ ਤਾਰਨਹਾਰਾ । ਦਿਵਸ ਰੈਣ ਜੋ ਸਾਚੀ ਕਾਰਾ । ਗੁਰਸਿਖ ਸਾਚੇ ਖਿੱਚ ਲਿਆਏ ਚਰਨ ਦਵਾਰਾ । ਦੇ ਮੱਤ ਸਮਝਾਵੇ ਸਭ ਨਾਰੀ ਨਾਰਾ । ਨਾਰੀ ਨਰ ਕਰੋ ਵਿਚਾਰ । ਨੇਤਰ ਵਗੇ ਨਾ ਕਿਸੇ ਦੇ ਧਾਰ । ਦੋਏ ਜੋੜ ਕਰੋ ਚਰਨ ਨਿਮਸਕਾਰ । ਜਿਸ ਦਾ ਵਿਆਹ ਕੀਆ ਕਰਤਾਰ । ਉਠ ਮਾਤਾ ਸੁਲੱਖਣੀ, ਉਤੋਂ ਪਾਣੀ ਵਾਰ । ਮੇਰੀ ਭੈਣ ਨਾ ਰਹੇ ਸਖਣੀ, ਪ੍ਰਭ ਦੇਵੇ ਸਾਚੇ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲੈ ਜਾਏ ਸਾਚੇ ਦਰਬਾਰ । ਮਨਜੀਤ ਸਿੰਘ ਮਨ ਗਿਆ ਮੰਨ । ਮਾਤਲੋਕ ਵਿਚ ਚੜ੍ਹਿਆ ਸਾਚਾ ਚੰਨ । ਜੂਠਿਆਂ ਝੂਠਿਆਂ ਨਿਕਲੇ ਜਨ । ਪ੍ਰਭ ਆਪੇ ਘੜੇ ਆਪੇ ਲਏ ਭੰਨ । ਨਾ ਕੋਈ ਅੱਗੇ ਅੜੇ, ਪ੍ਰਭ ਲੈਂਦਾ ਰਹੇ ਡੰਨ । ਗੁਰਸਿਖ ਤੇਰੇ ਦਰ ਦਵਾਰੇ ਅੱਗੇ ਖੜੇ ਬੇੜਾ ਲਏ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਕਹਿਣ ਧੰਨ ਧੰਨ ਧੰਨ । ਸੋਇਆ ਪੂਤ ਸਿੰਘ ਮਨਜੀਤ । ਨਾ ਰੋਏ ਮਾਂ ਕੌਰ ਰਣਜੀਤ । ਪ੍ਰਭ ਬਖ਼ਸ਼ੇ ਚਰਨ ਸਾਚੀ ਪ੍ਰੀਤ । ਸਾਚਾ ਲਾਲ ਗਿਆ ਜਗ ਨੂੰ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੀਤਲ ਸੀਤ । ਸੀਤਲ ਧਾਰ ਹਰਿ ਕਰਤਾਰ । ਗੁਰਸਿਖਾਂ ਆਤਮ ਜਾਏ ਤਾਰ । ਸਾਚੇ ਸੁੱਤ ਕੀਆ ਪਿਆਰ । ਲਿਆ ਚੁੱਕ ਸੱਚੇ ਦਰਬਾਰ । ਖਾਣਾ ਪੀਣਾ ਪਹਿਨਣਾ ਗਿਆ ਮੁੱਕ, ਮਿਲੇ ਜੋਤ ਸਚ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਵਰਤਾਏ ਸਚ ਵਰਤਾਰ । ਸੋਲਾਂ ਮੱਘਰ ਸੋਲਾਂ ਕਲਾ ਸੰਪੂਰਾ । ਲਿਖਾਏ ਬਚਨ ਨਾ ਕਰੇ ਫੇਰ ਹਦੂਰਾ । ਸਤਿਜੁਗ ਆਉਂਦੇ ਜਾਂਦੇ ਲਛਣ, ਕਲਜੁਗ ਵਹਿੰਦੇ ਜਾਂਦੇ ਪੂਰਾ ।

੩੩੩ ੦੩

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅੰਞਾਨੜਾ ਵਿਚ ਮਾਤ ਬਣਾਇਆ ਸੂਰਾ । ਬਣਿਆ ਸੂਰ ਵਡ ਸੂਰਬੀਰ । ਪ੍ਰਭ ਚਲਾਈ ਜਾਏ ਨਾਮ ਤੇਰਾ ਇਕ ਤੀਰ । ਮਨਜੀਤ ਸ੍ਰਿਸ਼ਟ ਸਬਾਈ ਪੈਂਦੀ ਜਾਏ ਵਹੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹੀਂ ਹੱਥੀਂ ਰਿਹਾ ਚੀਰ । ਉਠ ਲਾਲ ਸਿਰ ਬੰਨ੍ਹ ਚੀਰਾ । ਮਾਤਲੋਕ ਦਾ ਬਣ ਸਾਚਾ ਹੀਰਾ । ਇਕ ਜੈਕਾਰਾ ਨਾਮ ਬੁਲਾਈਂ, ਮਿਲਣ ਆਏ ਤੇਰੇ ਵੀਰਾ । ਧੀਰਜ ਮੱਤ ਸੰਤੋਖ ਦੇ ਕੇ ਜਾਈਂ, ਨਾ ਕੋਈ ਵਹਾਏ ਨੇਤਰ ਨੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਤੇਰੇ ਸਿਰ ਬੰਨ੍ਹਾਏ ਸਾਚਾ ਚੀਰਾ । ਵੇਲਾ ਵਕਤ ਆਪ ਵਿਚਾਰੇ । ਆਪਣਾ ਖੇਲ ਕਰੇ ਕਰਤਾਰੇ । ਸਾਚੀ ਲਾਏ ਵੇਲ, ਖਿੜੇ ਗੁਲਜ਼ਾਰੇ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣੇ ਵਰਤਾਰੇ । ਦੁੱਖੀ ਜੀਵ ਸਰਬ ਪੁਕਾਰਨ । ਕਲਜੁਗ ਅੰਤਮ ਗਰੀਬਾਂ ਨਿਮਾਣਿਆਂ ਵੱਡ ਧੱਕੇ ਮਾਰਨ । ਨਾ ਕੋਈ ਦਿਸੇ ਸੱਚ ਟਿਕਾਣਿਆਂ, ਸਾਚੇ ਦਰ ਦਰਕਾਰਨ । ਝੂਠੇ ਹੋਏ ਤਹਿਸੀਲਾਂ ਥਾਣਿਆਂ, ਵੱਢੀ ਖੋਰ ਸਰਬ ਸਰਕਾਰਨ । ਸਾਰਾ ਜਗਤ ਪ੍ਰਭ ਸਾਚੇ ਛਾਣਿਆਂ, ਲੱਭਾਂ ਵਿਚੋਂ ਇਕ ਲਾਲ ਬਾਲ ਨਿਧਾਨਨ । ਪ੍ਰਭ ਆਪਣੀ ਹੱਥੀਂ ਆਪ ਉਠਾ ਲਿਆ, ਮਾਤਲੋਕ ਵਿਚ ਕਰਦਾ ਜਾਏ ਚਾਨਣ । ਸਿੰਘ ਸਿੰਘਾਸਣ ਉਪਰ ਟਿਕਾ ਲਿਆ, ਗੁਰਸਿਖ ਫੂਲ ਬਰਸਾਉਣੇ ਬਣ ਬਣ ਮਾਲਣ । ਸਾਚਾ ਲਾੜਾ ਆਪ ਸਜਾ ਲਿਆ, ਸ਼ਬਦ ਸਰੂਪੀ ਵੱਜੇ ਤਾਲਣ । ਜਨ ਭਗਤਾਂ ਖਾੜਾ ਲਾ ਲਿਆ, ਜਗੀ ਜੋਤ ਇਕ ਅਕਾਲਣ । ਵਟਣਾ ਗਾੜ੍ਹਾ ਪ੍ਰਭ ਸਾਚੇ ਤੇਰੇ ਉਤੇ ਲਾ ਲਿਆ, ਉਤੇ ਦੇਵੇ ਚਿੱਟਾ ਦੁਸ਼ਾਲਣ । ਸਾਚਾ ਰੰਗ ਤੇਰੀ ਹੱਥੀਂ ਚੜ੍ਹਾ ਲਿਆ । ਫੂਲ ਮਾਲਾ ਤੇਰੀ ਹੱਥੀਂ ਬੱਧੇ ਗਾਨਣ । ਸਾਚੀ ਨਾਰੀ ਨਾਲ ਵਿਆਹ ਲਿਆ, ਛੋਟਾ ਬਾਲਾ ਅੰਞਾਣਣ । ਪ੍ਰਭ ਸਚ ਡੋਲੀ ਵਿਚ ਪਾ ਲਿਆ, ਆਪ ਚੁੱਕ ਬਣ ਕਹਾਰਨ । ਚਵੀਂ ਕੰਧੀ ਆਪ ਉਠਾ ਲਿਆ, ਪ੍ਰਭ ਆਇਆ ਤਰਨੀ ਤਾਰਨ । ਰਾਹ ਸਾਚਾ ਇਕ ਰਖਾ ਲਿਆ, ਅੰਮ੍ਰਿਤ ਭਾਂਡਾ ਭੰਨੇ ਭੰਡਾਰਨ । ਗੁਰਸਿਖਾਂ ਮੁਖ ਵਖਾ ਲਿਆ, ਨਾ ਕੀਆ ਕੋਈ ਉਧਾਰਨ । ਪ੍ਰਭ ਸਾਚੇ ਮਾਰਗ ਪਾ ਲਿਆ, ਆਪ ਬਣਾਏ ਸਾਚੀ ਚਾਲਣ । ਗੁਰਸਿਖ ਸਾਚਾ ਸੇਜਾ ਸਿੜ੍ਹੀ ਟਿਕਾ ਲਿਆ, ਗੁਰਸਿਖ ਫੁੱਲ ਇਕ ਇਕ ਚੁੱਕ ਲਿਆਵਣ ਬਾਲਣ । ਜੋਤੀ ਲੰਬੂ ਆਪ ਲਗਾ ਲਿਆ, ਨਿਕਲੇ ਲਾਟ ਚਲੇ ਅਸਮਾਨਨ । ਧੂੰਆਂਧਾਰ ਵਿਚ ਰਖਾ ਲਿਆ, ਗੁਰਸਿਖਾਂ ਦੇਵੇ ਬ੍ਰਹਮ ਗਿਆਨਨ । ਦਿਨ ਚੌਥੇ ਆਪਣਾ ਸਚ ਵਿਹਾਰ ਕਰਾ ਲਿਆ, ਨਾ ਕੋਈ ਹੱਡੀਆਂ ਜਾਏ ਉਠਾਲਨ । ਪ੍ਰਭ ਸਨਦੇਹੀ ਸਚ ਧਾਮ ਬਹਾ ਲਿਆ, ਜਗਤ ਚਲੇ ਚਾਲ ਨਿਰਾਲਨ । ਸਾਚੇ ਲਾਲ ਤੇਰੀ ਸਾਚੀ ਖ਼ਾਕ ਬੇਮੁਖਾਂ ਸਿਰ ਪਾ ਗਿਆ, ਉਡਾਏ ਧੂੜ ਆਪ ਪੰਖੀਆਂ ਆਲ੍ਹਣ । ਸਭ ਕੂੜੋ ਕੂੜ ਸਮਝਾ ਗਿਆ, ਏਕਾ ਹਰਿ ਤੇਰਾ ਬਣਿਆ ਸੱਚਾ ਪਾਲਨ । ਉਜਲ ਮੁਖ ਵਿਚ ਜਗਤ ਰਖਾ ਗਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਬਣ ਕੇ ਆਪੇ ਜਾਮਨ । ਆਪੇ ਦੇਵੇ ਸੱਚੀ ਜਾਮਨੀ । ਪੂਰ ਕਰਾਏ ਗੁਰ ਸੰਗਤ ਭਾਵਨੀ । ਕਲਜੁਗ ਵਰਤੇ ਕਹਿਰ ਚੰਡੀ ਚਮਕੇ ਦਾਮਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਜ ਬਣਾਈ ਰੁੱਤ ਸੁਹਾਵਣੀ । ਉਠ ਲਾਲ ਇਕ ਲੈ ਅੰਗੜਾਈ । ਮਿਲਣ ਆਈ ਤੇਰੀ ਚਾਚੀ ਤਾਈ । ਭਾਈਆਂ ਨਾਲ ਹੱਥ ਮਿਲਾਈਂ । ਭੈਣਾਂ ਤਾਈਂ ਸੀਸ ਝੁਕਾਈ । ਲੱਜਿਆ ਰੱਖਣੀ ਦੇ ਮੱਤ ਸਮਝਾਈ । ਬੁੱਢੀ ਦਾਦੀ ਆਂਢਣਾਂ ਗਵਾਂਢਣਾਂ ਸੱਦ ਲੈ ਆਈ । ਆਓ ਵੇਖੋ ਮੇਰਾ ਲਾਲ ਚਲਿਆ ਕਰਨ ਕੁੜਮਾਈ । ਮਿਲ ਮਿਲ ਸਈਓ ਮੰਗਲ ਗਾਓ, ਦੇਵੋ ਪ੍ਰਭ ਪੂਰੇ ਨੂੰ ਵਧਾਈ । ਨੇਤਰ ਸੁਰਮਾ ਸਾਚੇ ਪਾਏ, ਉਠੇ ਤੇਰੀ ਭਰਜਾਈ । ਵਾਗ

ਗੁੰਦਣ ਤੇਰੀ ਆਏ ਮਾਂ ਤੇਰੀ ਦੀ ਜਾਈ । ਲਾਗੀਆਂ ਬਾਹਮਣਾਂ ਲੈ ਲੈ ਲਾਗ, ਸਾਚਾ ਤੇਲ ਤੇਰੀ ਮਾਤ ਚੋਵਣ ਆਈ । ਨੀਵਾਂ ਹੋ ਕੇ ਲੈ ਪਿਆਰ, ਪ੍ਰਭ ਉਚੀ ਘੋੜੀ ਦਿਤਾ ਚੜ੍ਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ ਮੱਘਰ ਤੇਰੀ ਪੂਰਨ ਆਸ ਕਰਾਈ । ਸੋਲਾਂ ਸ਼ਿੰਗਾਰ ਤੇਰੇ ਤਨ ਪਹਿਨਾਏ । ਗੁਰਸਿਖਾਂ ਕੋਲੋਂ ਸੋਹੰ ਕੰਗਣ ਮੰਗ ਲੈ ਆਏ । ਪ੍ਰੇਮ ਰੰਗਣ ਤੇਰੀ ਹੱਥੀਂ ਮਹਿੰਦੀ ਲਾਏ । ਆਪਣੀ ਹੱਥੀਂ ਤੇਰਾ ਕੱਸੇ ਤੰਗਣ, ਬਾਹੋਂ ਪਕੜ ਆਪਣੀ ਹੱਥੀਂ ਉਤੇ ਆਪ ਚੜ੍ਹਾਏ । ਗਰੀਬ ਨਿਮਾਣੇ ਤੇਰੇ ਦਰ ਤੇ ਮੰਗਣ, ਨਾਮ ਭਿਛਿਆ ਪਾਉਂਦਾ ਜਾਈਂ । ਤੂਤੀਆਂ ਨਗਾਰੇ ਤੇਰੇ ਵੱਜਣ, ਸੋਹੰ ਗੀਤ ਗਾਉਂਦਾ ਜਾਵੀਂ । ਬੇਮੁਖਾਂ ਗਲ ਪਈਆਂ ਫਾਹੀਆਂ ਨੂੰ ਆਪਣੀ ਹੱਥੀਂ ਆਪ ਕਟਾਉਂਦਾ ਜਾਵੀਂ । ਮਾਤਲੋਕ ਦੀਆਂ ਝੂਠੀਆਂ ਛਾਹੀਆਂ ਨੂੰ ਸਚੇ ਦਾਗ ਆਪ ਮਿਟਾਉਂਦਾ ਜਾਵੀਂ । ਲਾਗ ਲੈਣ ਦਰ ਆਇਆਂ ਲਾਗੀਆਂ ਨਾਈਆਂ ਨੂੰ ਗੁਰਸਿਖ ਨਾਈ ਆਪਣੇ ਆਪ ਬਣਾਉਂਦਾ ਜਾਵੀਂ । ਸਾਚਾ ਸਿਹਰਾ ਬੰਨ੍ਹ ਦਸਤਾਰ, ਇਕ ਇਕ ਲੜੀ ਇਕ ਦੂਜੀ ਨਾਲ ਗੁੰਦਾਉਂਦਾ ਜਾਵੀਂ । ਸਾਚੀ ਕਰੀਂ ਇਕ ਵਿਚਾਰ, ਗੁਰਸਿਖਾਂ ਤਾਈਂ ਗੁਰਸਿਖ ਮਿਲਾਉਂਦਾ ਜਾਵੀਂ । ਆਪ ਚੁੱਕ ਲੈ ਜਾਵੀਂ ਆਪਣਾ ਸਾਰਾ ਭਾਰ, ਗੁਰ ਸੰਗਤ ਹੌਲੇ ਭਾਰ ਰਖਾਉਂਦਾ ਜਾਵੀਂ । ਆਪੇ ਜਾਈਂ ਸਚ ਦਰਬਾਰ, ਸਾਚੀ ਰੀਤ ਜਗਤ ਚਲਾਉਂਦਾ ਜਾਵੀਂ । ਦਰਸ਼ਨ ਕਰ ਜਾ ਨਿਰੰਕਾਰ, ਵਿਚ ਜੋਤੀ ਜੋਤ ਮਿਲਾਉਂਦਾ ਜਾਵੀਂ । ਮਾਤਲੋਕ ਨਾ ਆਉਣਾ ਦੂਜੀ ਵਾਰ, ਲੱਖ ਚੁਰਾਸੀ ਫੰਦ ਕਟਾਉਂਦਾ ਜਾਵੀਂ । ਏਕਾ ਦਿਸੇ ਪਾਰ ਕਿਨਾਰ, ਆਪਣਾ ਪੰਧ ਆਪੇ ਆਪ ਮੁਕਾਉਂਦਾ ਜਾਵੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸੇਵ ਘਰ ਸਾਚੇ ਸਚ ਕਮਾਉਂਦਾ ਜਾਵੀਂ । ਉਠ ਲਾਲ ਤੇਰੇ ਸਾਥੀ ਆਏ । ਸੋਹੰ ਰਥ ਸਾਚੀ ਵੱਥ ਸੰਗ ਲਿਆਏ । ਸਭਨਾਂ ਤਾਈਂ ਟੇਕ ਮਥ, ਮਾਤਲੋਕ ਦੀ ਭੁੱਲ ਬਖਸ਼ਾਈਂ । ਵੇਖੋ ਜਾਂਦਾ ਖਾਲੀ ਦੋਵੇਂ ਹੱਥ, ਨਾਲ ਕੁਛ ਨਾ ਜਾਏ, ਏਕਾ ਨਾਮ ਪ੍ਰਭ ਪੱਲੇ ਬੰਨ੍ਹੇ ਸਾਚੀ ਵਥ, ਦਾਤ ਦੂਸਰ ਕੋਈ ਨਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਸਾਚੇ ਥਾਏਂ । ਮਾਂ ਲਾਡਲੀ ਲਾਡ ਲਡਾਉਣਾ । ਲੋਰੀਆਂ ਦੇ ਦੇ ਚੁੱਪ ਕਰਾਉਣਾ । ਫੜ ਫੜ ਹੱਥੀਂ ਦੁੱਧ ਪਿਆਉਣਾ । ਰੋਜ ਸਵੇਰੇ ਉਠ ਜਗਾਉਣਾ । ਉਠ ਮਨਜੀਤ ਕਰ ਕਾਇਆ ਸੀਤ, ਤੈਨੂੰ ਕਿਧਰੋਂ ਸੁਝੇ ਸੌਣਾ । ਮਹਾਰਾਜ ਸ਼ੇਰ ਸਿੰਘ ਸਚ ਚਲਾਈ ਰੀਤ, ਸੋਇਆ ਲਾਲ ਨਾ ਫੇਰ ਕਿਸੇ ਉਠਾਉਣਾ । ਗੂੜ੍ਹੀ ਨੀਂਦ ਆਪ ਸਵਾਇਆ । ਸਾਚਾ ਭੌਰ ਵਿਚੋਂ ਉਡਾਇਆ । ਮਿਰਤਕ ਲੋਥ ਆਪ ਬਣਾਇਆ । ਸਿੰਘ ਆਸਣ ਪ੍ਰਭ ਉਪਰ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚਾ ਰਾਹ ਇਕ ਚਲਾਇਆ । ਪ੍ਰਭ ਕਰੇ ਖੇਲ ਨਿਆਰੀ । ਪਈ ਵੇਖ ਮਾਂ ਪਿਆਰੀ । ਬੈਠੀ ਅੱਗੇ ਸਚ ਦਰਬਾਰੀ । ਬੈਠਾ ਲਾਲ ਲਾ ਆਸਣ ਭਾਰੀ । ਸਿੰਘ ਸਿੰਘਾਸਣ ਮਿਲੀ ਸੱਚੀ ਸਰਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਪੇਟੇ ਸ਼ਬਦ ਸਰੂਪੀ ਵਿਚ ਪਟਾਰੀ । ਸ਼ਬਦ ਸਰੂਪੀ ਦੇਵੇ ਚਾਦਰ । ਕਿਰਪਾ ਕਰੇ ਹਰਿ ਕਰਤਾ ਕਾਦਰ । ਘਰ ਲੈ ਜਾਏ ਕਰ ਕਰ ਆਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਉਪਰ ਰਖਾਏ ਵਿਚ ਮਾਤ ਚਿੱਟੀ ਚਾਦਰ । ਚਿੱਟੀ ਚਾਦਰ ਸਚ ਸੁਗਾਤ । ਦਿਨੇ ਬਣਾਈ ਮਾਤ ਰਾਤ । ਕਾਇਆ ਤੁੱਟਾ ਝੂਠਾ ਨਾਤ । ਵਿਚੋਂ ਉਡਿਆ ਜੋ ਬੈਠਾ ਰਹੇ ਵਿਚ ਇਕਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦੇਵੇ ਆਤਮ ਸ਼ਾਂਤ । ਸਾਚੀ ਜੁਗਤ ਹਰਿ ਬਣਾਏ । ਵੀਹ ਸੌ ਦਸ ਬਿਕ੍ਰਮੀ ਨਾਮ ਲਿਖਾਏ । ਤੇਰਾਂ ਵਿਸਾਖ ਦਇਆ ਕਮਾਏ । ਗੁਰਮੁਖ ਸਾਚੇ ਜਨਮ ਦਵਾਏ । ਮਾਤ ਕੁੱਖ ਸੁਫਲ

ਕਰਾਏ । ਉਤਰੇ ਭੁੱਖ ਜੋ ਦਰਸ਼ਨ ਪਾਏ । ਸ੍ਰਿਸ਼ਟ ਸਬਾਈ ਤੇਰੇ ਸਾਰੇ ਦੁੱਖ, ਪ੍ਰਭ ਸਾਚੇ ਝੋਲੀ ਪਾਏ । ਕਦੇ ਹਰਿਆ ਕਦੇ ਜਾਏ ਸੁੱਕ, ਗੁਰਮੁਖ ਬੇਮੁੱਖ ਦੋਵੇਂ ਰੰਗ ਵਖਾਏ । ਸੱਤ ਮਹੀਨੇ ਨਾ ਮਾਣਿਆਂ ਸੁੱਖ, ਉਪਰ ਦਿਨ ਤਿੰਨ ਰਖਾਏ । ਸੱਤ ਦੀਪ ਤੇਰਾ ਨਾਉਂ ਲਏ ਰੱਖ, ਤਿੰਨਾਂ ਲੋਕਾਂ ਵਿਚ ਜਪਾਏ । ਸੋਲਾ ਮੱਘਰ ਕੀਨਾ ਵੱਖ ਵੀਹ ਸੌ ਦਸ ਬਿਕ੍ਰਮੀ ਵਾਰ ਮੰਗਲ ਆਪ ਲਿਖਾਏ । ਸਿੰਘ ਪੂਰਨ ਤੇਰਾ ਸਾਚਾ ਜਨਮ ਦਿਨ ਪ੍ਰਭ ਖ਼ੁਸ਼ੀਆਂ ਨਾਲ ਮਨਾਏ । ਸਾਧ ਸੰਗਤ ਇਕੱਠ ਕਰ ਆਪਨੇ ਦਰ ਬਹਾਏ । ਸਾਚਾ ਤੇਰਾ ਇਕ ਲਾਲ ਫੜ ਕੇ ਆਪਨੀ ਹੱਥੀਂ ਭੇਟ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੀ ਸੇਵਾ ਅੱਜ ਕਰਾਏ । ਸੱਤਾਂ ਦੀਪਾਂ ਹੋਏ ਪ੍ਰਕਾਸ਼ । ਪ੍ਰਭ ਆਪ ਬਣਾਏ ਤੇਰੀ ਰਾਸ । ਲੇਖੇ ਲਾਏ ਤੇਰਾ ਇਕ ਇਕ ਸਵਾਸ । ਆਉਣਾ ਜਾਣਾ ਤੇਰਾ ਸੁਫਲ ਕਰਾਏ, ਪੁੱਠਾ ਲਟਕਿਆ ਜੋ ਦਸ ਮਾਸ । ਦਰਗਹਿ ਸਾਚੀ ਆਪਨੀ ਹੱਥੀਂ ਕੁਫਲ ਖੁਲ੍ਹਾਏ, ਵਿਚ ਰਖਾਏ ਤੇਰਾ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਜੋਤ ਵਿਚ ਜਗਤ ਕਰੇ ਪ੍ਰਕਾਸ਼ । ਮਨਜੀਤ ਮਨ ਵੱਜੀ ਵਧਾਈ । ਸੇਜੇ ਆਇਆ ਚਾਈਂ ਚਾਈਂ । ਬਾਪੂ ਮੈਨੂੰ ਗੋਦ ਉਠਾਈਂ । ਖ਼ਾਕ ਵਿਚ ਨਾ ਚਰਨ ਛੁਹਾਈਂ । ਸਾਚੀ ਦਰਗਹਿ ਲੈ ਕੇ ਜਾਈਂ । ਓਥੇ ਆਪਨਾ ਆਪ ਦਿਖਾਈਂ । ਕਿਹੜਾ ਘਰ ਕਿਹੜਾ ਦਰ ਕਿਹੜਾ ਹਰਿ ਜਿਹੜਾ ਮਿਲਦਾ ਅੱਗੋਂ ਲੰਮੀਆਂ ਕਰ ਕੇ ਬਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਭੰਡਾਰਾ ਤੈਨੂੰ ਦਿਤਾ ਸਦਾ ਸਦਾ ਪੀਵੀਂ ਖਾਈਂ । ਦਾਣਾ ਪਾਣੀ ਜਗਤ ਮੁਕਾਇਆ । ਸਿਧੇ ਰਾਹੇ ਆਪੇ ਪਾਇਆ । ਗਿਲਾ ਪੀਰਣ ਨਾ ਕੋਈ ਰਖਾਇਆ । ਕਲਜੁਗ ਜੀਵ ਤੇਰਾ ਭੇਖ ਬਾਹਰ ਕੱਢ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਗੇੜਾ ਆਪ ਦਵਾਇਆ ।
੩੩੯ ੦੩ ਆਪੇ ਗੇੜੇ ਤੇਰੀ ਜੀਵਣ ਚੱਕੀ । ਪੀਂਹਦਾ ਜਾਏ ਗਿਲੀ ਮੱਕੀ । ਪਿਛਾ ਭੌਂ ਕੇ ਫੇਰ ਨਾ ਤਕੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ੩੩੯ ੦੩
ਸਾਚਾ ਸੀਰ ਪਿਆਏ, ਘਰ ਸਾਚੇ ਵਿਚ ਜਾ ਕੇ ਛੱਕੀਂ । ਮਾਤਾ ਦਾ ਹੁਣ ਛੱਡਿਆ ਸੀਰ । ਘੱਤੀ ਜਾਈਂ ਇਕ ਵਹੀਰ । ਇਕੋ ਇਕ ਨਿਸ਼ਾਨਾ ਸਿਧਾ ਚਲੇ ਤੀਰ । ਉਥੇ ਕੋਈ ਨਾ ਪੁੱਜੇ ਪੀਰ ਫ਼ਕੀਰ । ਰਾਹ ਵਿਚ ਬਝ ਜਾਂਦੇ ਦੋ ਹੱਥੀਂ ਜੰਜੀਰ । ਧਰਮ ਰਾਏ ਅੱਗੇ ਬੈਠਾ ਮੰਗੇ ਲੇਖਾ ਅਖ਼ੀਰ । ਗੁਰਸਿਖ ਸਾਚੇ ਅੰਵਾਣੇ ਬਾਲੇ, ਜਾਈਂ ਪੈਂਡਾ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਬੈਠਾ ਭਰੀ ਪਿਆਲੇ ਅੰਮ੍ਰਿਤ ਸੀਰ । ਅੰਮ੍ਰਿਤ ਪੀਣਾ ਪ੍ਰਭ ਦਰ ਜਾ ਕੇ । ਸਦਾ ਜੀਵਣਾ ਲੇਖ ਲਿਖਾ ਕੇ । ਤਨ ਪਾਟਾ ਸੀਵਣਾ, ਸ਼ਬਦ ਸਰੂਪੀ ਸੂਈ ਚਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਾਇਆ ਸਾਚੀ ਚੋਲੀ ਆਪਨੇ ਤਨ ਪਹਿਨ ਤਿੰਨ ਲੋਕ ਵਿਚ ਜਾਏ ਜੋਤ ਸਰੂਪੀ ਜਾਮਾ ਪਾ ਕੇ । ਕਾਇਆ ਚੋਲੀ ਸੱਤ ਲੜ । ਆਪ ਟਪਾਏ ਛੇਵੇਂ ਘਰ । ਮੇਲ ਮਿਲਾਏ ਸਾਚੇ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰਨੀ ਰਿਹਾ ਕਰ । ਕਾਕਾ ਮਨਜੀਤ ਖੇਡਣ ਚੱਲਿਆ । ਭੱਜਾ ਜਾਏ ਕੱਲਮ ਕੱਲਿਆ । ਟੱਪਦਾ ਜਾਏ ਜੰਗਲ ਜੂਹ ਪਹਾੜ ਡੂੰਘੀ ਡੱਲਿਆ । ਪਾਰ ਕਰਾਏ ਜਲ ਥਲਿਆ । ਘਰ ਸਾਚੇ ਜਾਏ ਡੇਰਾ ਮਲਿਆ । ਖਿਲਾਏ ਖੇਲ ਵਲ ਛਲਿਆ । ਵਿਚ ਸੰਸਾਰ ਲੋਕਮਾਤ ਫਲਿਆ ਫੁੱਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਨੀ ਹੱਥੀਂ ਘਰ ਸਾਚੇ ਘੱਲਿਆ । ਸਾਚੇ ਘਰ ਬੈਠਾ ਜਾ । ਸੁਹਣਾ ਲੱਗਾ ਸਾਚਾ ਥਾਂ । ਦੇਵੇ ਸੁਨਹੁੜਾ ਦੇਂਦੀ ਪਵਣ ਹਵਾ । ਮੇਰੀ ਮਾਤਾ ਨੂੰ ਜਾ ਛੇਤੀ ਸਮਝਾ । ਨੇਤਰ ਨੀਰ ਵੇਖੀਂ ਨਾ ਦਈਂ ਵਗਾ । ਦੋਈਂ ਦੋਈਂ ਹੱਥੀਂ ਚੁੱਕ ਪ੍ਰਭ ਝੋਲੀ ਦੇਈਂ ਪਾ । ਮਾਂ ਪਿਆਰੀ ਮੈਂ ਅਗਲ ਵਾਢੀ

ਜਾ ਕੇ ਬਣਾਵਾਂ ਤੇਰੀ ਥਾਂ । ਸਾਚਾ ਪੁੱਤਰ ਜੰਮਿਆਂ ਤੂੰ ਮਾਣੀ ਇਹਦੀ ਛਾਂ । ਉਥੇ ਅੰਮ੍ਰਿਤ ਫਲ ਲਗਦਾ, ਨਾ ਕੋਈ ਖਾਵੇ ਚਿੜੀ ਕਾਂ । ਅੰਮ੍ਰਿਤ ਸੋਮਾ ਏਕਾ ਵਗਦਾ, ਤੇਰਾ ਬੱਚਾ ਰਿਹਾ ਤਾਰੀਆਂ ਲਾ । ਝੂਠਾ ਜਹਾਨ ਵਾਂਗ ਅਗਨ ਦੇ ਤਪਦਾ, ਕੀਤਾ ਸ਼ੁਕਰ ਜੇ ਛੁੱਟੀ ਮੇਰੀ ਬਾਂਹ । ਬਾਲ ਅੰਞਾਣੇ ਮਿਲੇ ਬਦਲਾ ਨਾ ਕੋਈ ਪਾਪ ਦਾ, ਨਾ ਕੀਤਾ ਕੋਈ ਗੁਨਾਂਹ । ਦੋਵੇਂ ਪਾਸੇ ਵੇਖ ਲਓ, ਕਾਲੀ ਛਾਹੀ ਕਿਤੇ ਦਿਸੇ ਨਾ । ਪ੍ਰਭ ਅਬਿਨਾਸ਼ੀ ਧਾਰੇ ਭੇਖ, ਗੁਰ ਗੋਬਿੰਦ ਮੇਰੇ ਸਰਹਾਣੇ ਬੈਠੇ ਆ । ਗੁਰ ਸੰਗਤ ਨੇਤਰ ਪੇਖ ਲਓ, ਪੂਰਨ ਸਿੰਘ ਸਾਚਾ ਪਿਤਾ ਰਣਜੀਤ ਕੌਰ ਮੇਰੀ ਮਾਂ । ਹਰਿ ਘਰ ਸਾਚੇ ਸਾਚਾ ਵੇਖ ਲਓ, ਦੋਹਾਂ ਫੜੀ ਬੈਠਾ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਜੇਵਡ ਦੂਸਰ ਕੋਈ ਨਾ । ਗਿਆ ਘਰ ਵੇਖੇ ਸਚ ਅਟਾਰੀਆਂ । ਪ੍ਰਭ ਅਬਿਨਾਸ਼ੀ ਤੂੰ ਕਿਵੇਂ ਇਹ ਉਸਾਰੀਆਂ । ਜਨ ਭਗਤਾਂ ਵਿਚ ਬਹਾਏ ਨਾ ਲਾਏ ਬੂਹੇ ਬਾਰੀਆਂ । ਅੱਠੇ ਪਹਿਰ ਏਕਾ ਤਾਕ ਖੁਲ੍ਹਾਏ ਨਾ ਕੋਈ ਦੀਵਾ ਹੋਰ ਜਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਤੇਰਾ ਸਰਬ ਚੁਕਾ ਰਿਹਾ । ਲਹਿਣਾ ਦੇਣਾ ਤੇਰਾ ਆਪ ਚੁਕਾਉਣਾ । ਕਾਰਜ ਸਾਚਾ ਆਪਣੀ ਹੱਥੀਂ ਆਪ ਕਰਾਉਣਾ । ਤੇਰਾ ਸਚ ਨਿਸ਼ਾਨ, ਵਿਚ ਮਾਤ ਰਖਾਉਣਾ । ਸਾਢੇ ਤਿੰਨ ਤਿੰਨ ਹੱਥ ਚਾਰੋਂ ਤਰਫ ਬਣਾਉਣਾ । ਵਿਚ ਤੈਨੂੰ ਦੇਵੇ ਰੱਖ, ਫਿਰ ਆਪਣਾ ਕਰਮ ਕਮਾਉਣਾ । ਓਥੇ ਬਣੇ ਤੇਰਾ ਰਥ, ਪ੍ਰਭ ਸਾਚੇ ਆਪ ਚਲਾਉਣਾ । ਤੇਰੀ ਜਗਤ ਗਾਏ ਗਥ, ਨਾਮ ਸ਼ਹੀਦਾਂ ਵਿਚ ਰਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਸਚ ਸਮਾਧੀ ਵਿਚ ਬਠਾਉਣਾ । ਸਚ ਸਮਾਧੀ ਦਏ ਬਣਾਏ । ਗੁਰ ਸੰਗਤ ਤੇਰੀ ਸੇਵ ਕਮਾਏ । ਸਾਚਾ ਨਾਮ ਮੇਵ ਲਗਾਏ । ਭੁੱਖਿਆਂ ਦੁੱਖੀਆਂ ਦੇਵੇ ਦੁੱਖ ਮਿਟਾਏ । ਕਰਾਏ ਉਜਲ ਮੁਖੀਆਂ ਜੋ ਆਵਣ ਤੇਰੀ ਸਰਨਾਏ । ਨਾਰਾਂ ਹੋਵਣ ਸੁੱਕੀਆਂ, ਕੁੱਖੀਆਂ ਕੁੱਖੀਂ ਭਾਗ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਰ ਵਿਚ ਮਾਤ ਤੇਰੀ ਝੋਲੀ ਪਾਏ । ਸਾਚਾ ਵਰ ਦੇ ਦਾਤਾਰਾ । ਆਪ ਬਣਾਏ ਤੇਰਾ ਇਕ ਛੋਟਾ ਘਰ ਬਾਹਰਾ । ਚੜ੍ਹਦੇ ਮੁਖ ਰਖਾਏ ਸੂਰਜ ਦੇਵਤਾ ਤੇਰੇ ਚਰਨ ਕਰੇ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਆਪ ਬਣਾਏ ਇਕ ਸਮਾਧ । ਰੱਖੇ ਨਾਮ ਆਦਿ ਜੁਗਾਦਿ । ਲਿਖਾਏ ਸ਼ਬਦ ਬੋਧ ਅਗਾਧ । ਸਾਚੀ ਦੇਵੇ ਨਾਮ ਦਾਦ । ਗੁਰ ਸੰਗਤ ਸਾਰੀ ਰੱਖਣਾ ਯਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਆਪ ਵਜਾਏ ਸਾਚਾ ਨਾਦ । ਸਾਚਾ ਨਾਦ ਆਪ ਵਜਾਉਣਾ । ਭੁੱਖਿਆਂ ਨੰਗਿਆਂ ਆਖ ਸੁਣਾਉਣਾ । ਕਰ ਦਰਸ ਆਪਣੀ ਤ੍ਰਿਖਾ ਭੁੱਖ ਮਿਟਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਰਸਨਾ ਗਾਉਣਾ । ਗੁਰਮਤ ਸਰਬ ਸੁੱਖਦਾਈ ਹੈ । ਗੁਰਮਤ ਆਤਮ ਦੁੱਖੜਾ ਦੇਵੇ ਲਾਹੀ ਹੈ । ਗੁਰਮਤ ਉਜਲ ਮੁੱਖੜਾ ਜਗਤ ਕਰਾਈ ਹੈ । ਗੁਰਮਤ ਸਾਚੇ ਦਰ ਦੇਵੇ ਵਡਿਆਈ ਹੈ । ਗੁਰਮਤ ਗੁਰ ਸੰਗਤ ਆਪ ਸੁਣਾਈ ਹੈ । ਗੁਰਮਤ ਸਤਿ ਸੰਤੋਖ ਸਰਬ ਰਖਾਈ ਹੈ । ਗੁਰਮਤ ਆਤਮ ਦੋਖ ਸਰਬ ਮਿਟਾਈ ਹੈ । ਗੁਰਮਤ ਸਾਚਾ ਜੋਗ ਚਰਨ ਕਮਾਈ ਹੈ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਭੁੱਲ ਨਾ ਜਾਈ ਹੈ । ਗੁਰਮਤ ਹਰਿ ਆਪ ਦਵਾਏ । ਦਰ ਘਰ ਸਾਚੇ ਆਏ ਆਪ ਸਮਝਾਏ । ਵੈਣ ਕੀਰਨਾ ਕੋਈ ਨਾ ਪਾਏ । ਆਤਮ ਧੀਰਨਾ ਸਰਬ ਰਖਾਏ । ਸਾਚਾ ਨਿੱਕਾ ਵੀਰਨਾ ਜਗਤ ਬਣਾਏ । ਅੰਮ੍ਰਿਤ ਪਿਆਏ ਸਾਚਾ ਸੀਰਨਾ, ਸਦਾ ਜੀਤ ਸਾਚਾ ਸੰਗ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਓਹਲਾ ਲੁਕ ਨਾ ਕੋਈ ਰਖਾਏ ।

੩੩੭ ੦੩

ਗੁਰਮਤ ਹਰਿ ਕਾ ਘਰ ਹੈ । ਜਿਥੇ ਆਵੇ ਕੋਈ ਨਾ ਡਰ ਹੈ । ਗੁਰਮੁਖ ਸਾਚੇ ਸੁਣ ਪੱਲੇ ਬੰਨ੍ਹ ਲੈ ਜਾਣਾ ਸਾਚਾ ਘਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਇਆ ਸਾਚਾ ਦਰ ਹੰ । ਗੁਰਮਤ ਜਗਤ ਪਛਾਣ । ਗੁਰਮਤ ਦੇਵੇ ਹਰਿ ਕਲ ਚਰਨ ਧਿਆਨ । ਗੁਰਮਤ ਗੁਰਸਿਖ ਨਾ ਬਣ ਜਗਤ ਨਿਧਾਨ । ਪ੍ਰਭ ਦਰ ਏਕਾ ਮਿਲਦੀ ਨਾਮ ਭਿਖ, ਦੂਜਾ ਕੋਈ ਨਾ ਹੋਰ ਨਿਸ਼ਾਨ । ਆਪ ਮਿਟਾਏ ਆਤਮ ਤ੍ਰਿਸ਼ਨਾ ਤ੍ਰਿਖਾ ਝੂਠੀ ਚੁੱਕੇ ਕਾਨ । ਸਾਚਾ ਲੇਖ ਪ੍ਰਭ ਜਾਏ ਲਿਖ, ਸਿੰਘ ਮਨਜੀਤ ਬਿਠਾਏ ਵਿਚ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਵੇਂ ਉਡ ਘਰ ਸਾਚੇ ਵਿਚ ਜਾਣ । ਗੁਰ ਚੇਲਾ ਦੋਵੇਂ ਉਡਿਆ । ਜਿਉਂ ਚੜ੍ਹੀ ਅਕਾਸ਼ੇ ਗੁਡੀਆ । ਨਾ ਕੋਈ ਰੋਵੇ ਬਾਲ ਜਵਾਨ ਮਾਈ ਬੁਢੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਡਾਏ ਆਪਣੇ ਲਡਿਆ । ਆਪ ਆਪਣਾ ਲਾਡ ਲਡਾਇਆ । ਪਹਿਲਾ ਪ੍ਰੇਮ ਇਹ ਦਿਖਾਇਆ । ਵਿਚ ਮਾਤ ਆਪਣਾ ਨਾਤ ਗੁਰਸਿਖ ਸਾਚੇ ਚਰਨ ਬੰਧਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਖ਼ਸ਼ੇ ਜੋ ਪਿਛਲਾ ਪੀਆ ਖਾਇਆ । ਆਪੇ ਬਖ਼ਸ਼ੇ ਬੱਤੀ ਧਾਰ । ਮਾਂ ਪਿਲਾਏ ਜੋ ਕਰ ਪਿਆਰ । ਲਹਿਣਾ ਸਰਬ ਚੁਕਾਏ ਨਾ ਬਾਕੀ ਰਿਹਾ ਕੋਈ ਹੁਦਾਰ । ਸਾਚਾ ਤਨ ਪ੍ਰਭ ਦਰ ਗਹਿਣੇ ਪਾ ਲਿਆ, ਲਹਿਣਾ ਲਵੇ ਸੱਚੇ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾ ਲਿਆ, ਭਾਣਾ ਮੰਨਣਾ ਪਏ ਕਰਤਾਰ । ਭਾਣਾ ਮੰਨੇ ਇਕ ਕਰਤਾਰ । ਸਰਬ ਜਾਣਾ ਆਪੋ ਆਪਣੀ ਵਾਰ । ਕੋਈ ਨਾ ਰੋਕੇ ਅੱਗੇ ਕਿਲ੍ਹਾ ਕੋਟ ਦਵਾਰ । ਕੱਚੀ ਕਾਇਆ ਤੁਟੇ ਧਾਗੇ, ਮਾਰੇ ਬਾਜ਼ ਇਕ ਉਡਾਰ । ਖਾਲੀ ਪਾਏ ਰਹਿ ਜਾਣ ਝੱਗੇ, ਨਾ ਵਿਚ ਦਿਸੇ ਕੋਈ ਫੂੰ ਫੂੰਕਾਰ । ਵਿਚ ਮਾਤ ਦਾਗ ਨਾ ਲੱਗੇ ਤੇਰੀ ਪੱਗੇ, ਨਿਰਮਲ ਹੋਏ ਕਾਇਆ ਧੋਏ ਜਾਏ ਹਰਿ ਕੇ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਬੈਠਾ ਭੁਜਾ ਪਸਾਰ । ਸਚ ਸਿਦਕ ਗੁਰ ਦੇਵੇ, ਸਾਚਾ ਵਕਤ ਸੰਭਾਲਣਾ । ਗੁਰਸਿਖ ਸਾਚੇ ਸੁਣ ਕੰਨ, ਨਾ ਹਰਿ ਕਦੇ ਭੁਲਾਵਣਾ । ਸਤਿਗੁਰ ਆਏ ਘਰ, ਭਰਮ ਸਰਬ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ ਸਾਚੀ ਭਾਵਨਾ । ਪੂਰੀ ਹੋਏ ਆਤਮ ਆਸ । ਸ਼ਬਦ ਸਰੂਪੀ ਪੈਂਦੀ ਵੇਖੇ ਸਾਚੀ ਰਾਸ । ਗੋਪੀਆਂ ਕਾਹਨ ਇਕੱਠੇ ਨੱਚਣ, ਆਪੇ ਹੋਏ ਦਾਸਨ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਧੀਰਜ ਧਰਵਾਸ । ਧੀਰ ਧਰਾਏ, ਸਤਿ ਸੰਤੋਖੀ ਸੀਰ ਪਿਲਾਏ । ਅੰਤਮ ਮੋਖੀ ਆਪ ਦਵਾਏ । ਜਗਤ ਦੋਖੀ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਦਏ ਲਿਖਾਏ । ਹਰਿ ਕਾ ਭਾਣਾ ਹਰਿ ਹੀ ਜਾਣੇ । ਜੀਵ ਜੰਤ ਨਾ ਕੋਈ ਪਛਾਣੇ । ਸਾਧ ਸੰਤ ਆਸਣ ਲਾਏ ਬੈਠੇ ਚਰਨ ਧਿਆਨੇ । ਵੇਖਣ ਸਾਚਾ ਕੰਤ ਕਿਥੇ ਵਸੇ ਹਰਿ ਭਗਵਾਨੇ । ਬਾਲ ਅਵਸਥਾ ਬਣ ਗਈ ਸਾਚੀ ਬਣਤ, ਪ੍ਰਭ ਅਬਿਨਾਸ਼ੀ ਆਪ ਪਹਿਨਾਏ ਚਿੱਟੇ ਬਾਣੇ । ਬਲ ਬਲ ਜਾਣ ਤੈਥੋਂ ਸਾਚੇ ਸੰਤ, ਤੇਰਾ ਨਾਉਂ ਸੁਣਨ ਜੋ ਕਾਨੇ । ਗਾਓ ਇਕ ਸੁਹਾਗੀ ਤਤ, ਰੋਵਣ ਧੋਵਣ ਨਾ ਪ੍ਰਭ ਮਨ ਭਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗਤ ਮਿਤ ਆਪੇ ਹੀ ਜਾਣੇ । ਆਪੇ ਜਾਣੇ ਆਪਣੀ ਰੀਤਾ । ਨਾ ਮਰੇ ਸਦਾ ਸਦ ਪ੍ਰਭ ਜਗ ਸਾਚੇ ਜੀਤਾ । ਸਾਚੀ ਤਰਨੀ ਗੁਰਸਿਖ ਤਰੇ, ਹਰਿ ਬਣੇ ਸਾਚਾ ਮੀਤਾ । ਨਾ ਜਨਮੇ ਨਾ ਮਰੇ, ਨਾ ਤਤਾ ਨਾ ਠੰਡਾ ਸੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਦਾ ਸਦਾ ਜਗ ਜੀਤਾ । ਸਾਚੀ ਬਾਜ਼ੀ ਲਗ ਜਗ । ਦਾਗ ਨਾ ਲਾਉਣਾ ਚਿੱਟੀ ਪੱਗ । ਮੁਖ ਸਾਚਾ ਸਗਨ ਲਗਾਉਣਾ ਸੋਹੰ ਸ਼ਬਦ

ਖਾਓ ਰੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੜਦਾ ਤੇਰਾ ਰਿਹਾ ਕੱਜ । ਪੜਦਾ ਕੱਜੇ ਰੱਖੇ ਲਾਜ । ਸਿਰ ਧਰੇ ਇਕ ਤੇਰੇ ਤਾਜ । ਸਾਚਾ ਦੇਵੇ ਵਿਚ ਮਾਤ ਦੇ ਰਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਚਾਇਆ ਤੇਰਾ ਕਾਜ । ਤੇਰਾ ਕਾਜ ਆਪ ਰਚਾਇਆ । ਪ੍ਰਭ ਜੋਤੀ ਦੇ ਨਾਲ ਪਰਨਾਇਆ । ਦੋਏ ਜੋਤੀ ਇਕ ਥਾਂਏ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਖਾਇਆ । ਦੋਵੇਂ ਜੋਤੀ ਮੇਲ ਮਿਲਾਏ । ਸਾਚੀ ਗੋਤੀ ਇਕ ਬਣਾਏ । ਗੁਰਸਿਖ ਮਾਣਕ ਮੋਤੀ ਆਪ ਲਿਖਾਏ । ਮਾਲਾ ਹਾਰ ਇਕ ਪਰੋਤੀ, ਗਲ ਆਪਣੇ ਲਟਕਾਏ । ਰਾਹ ਤੱਕੇ ਘਰ ਮਾਂ ਖਲੋਤੀ, ਮੁੜ ਘਰ ਆ ਮੇਰੀ ਕੁੱਖ ਦੇ ਜਾਏ । ਅੱਗੋਂ ਹੁੰਦੀ ਨਾ ਨਾ, ਮੈਥੋਂ ਦੁੱਖ ਨਾ ਝੱਲਿਆ ਜਾਏ । ਮੈਂ ਬੈਠਾ ਸੱਚੇ ਥਾਂ, ਜਿਥੇ ਪਵਣ ਚਵਰ ਝੁਲਾਏ । ਅੱਠੇ ਪਹਿਰ ਠੰਡੀ ਛਾਂ, ਤਤੀ ਵਾ ਕੋਈ ਨਾ ਲਾਏ । ਨਾ ਕੁਛ ਪੀਆਂ ਨਾ ਕੁਛ ਖਾਂ, ਸਤਿ ਸਰੂਪੀ ਰਿਹਾ ਸਮਾਏ । ਦਿਵਸ ਰੈਣ ਜਪਦਾ ਰਹਾਂ ਸੱਚਾ ਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਰਿਹਾ ਬਣਤ ਬਣਾਏ । ਦਿਵਸ ਰੈਣ ਰਸਨਾ ਗਾਵਣਾ । ਨਾ ਕੁਛ ਪੀਣਾ ਨਾ ਕੁਛ ਖਾਵਣਾ । ਸ਼ਬਦ ਆਧਾਰ ਇਕ ਰਖਾਵਣਾ । ਅੰਮ੍ਰਿਤ ਧਾਰ ਮੁਖ ਚਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗੋਦ ਉਠਾਏ ਸਿਰ ਹੇਠਾਂ ਦੇ ਕੇ ਬਾਂਹ ਸਰਹਾਣਾ । ਸਾਚੀ ਮਿਲੀ ਹਰਿ ਸਰਨਾਈ । ਭੁੱਖ ਤੇਹ ਨਾ ਲੱਗੇ ਰਾਈ । ਸਾਚਾ ਸੁਖ ਹਰਿ ਰਿਹਾ ਵਖਾਈ । ਉਤਰੀ ਭੁੱਖ ਜਾਂ ਦਰਸ਼ਨ ਪਾਈ । ਸੁੱਖਣਾ ਰਿਹਾ ਸੁੱਖ ਛੇਤੀ ਮੇਲ ਮਿਲਾਈਂ । ਚੁੱਕ ਚੁੱਕ ਵੇਂਹਦਾ ਰਹਾਂ ਮੁੱਖ, ਪੈਂਡਾ ਦੂਰ ਦਿਸੇ ਨਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਭਨੀ ਥਾਈਂ । ਹੋਏ ਸਹਾਈ ਸਭਨੀ ਥਾਉਂ ।



ਚਿੱਟਾ ਬਾਣਾ ਇਕ ਬਣਾਓ । ਮਨਜੀਤ ਸਿੰਘ ਦੇ ਗਲ ਪਹਿਨਾਓ । ਜਗਤ ਰੀਤ ਪੂਰ ਕਰਾਓ । ਸ਼ਬਦ ਗੀਤ ਸਾਚੇ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਪ੍ਰਭ ਸਾਚੇ ਦੀ ਝੋਲੀ ਪਾਓ । ਸਾਚੀ ਵਸਤ ਲੈਣੀ ਉਠਾਲ । ਪ੍ਰਭ ਅਬਿਨਾਸ਼ੀ ਚਲੇ ਨਾਲ ਨਾਲ । ਜਗਤ ਅਵਲੜੀ ਚਲੇ ਚਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਸਰਬ ਜੀਆਂ ਸੁਰਤ ਸੰਭਾਲ । ਸੁਰਤੀ ਸੁਰਤ ਹਰਿ ਵਿਚਾਰਦਾ । ਬਣਤ ਬਣਾਈ ਗੁਰ ਸਾਚੇ ਪੂਰੇ । ਕਾਰਜ ਕਰੇ ਗੁਰ ਸੰਗਤ ਖੜ ਹਜ਼ੂਰੇ । ਅੰਞਾਣੇ ਬਾਲੇ ਹਰਿ ਦਰ ਤੇਰੇ ਉਤਰੇ ਸਗਲ ਵਸੂਰੇ । ਨਾ ਜਨਮੇ ਨਾ ਇਹ ਮਰੇ, ਗਿਆ ਚਰਨ ਹਜ਼ੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਆਇਆਂ ਜਾਏ ਕਰ ਕੇ ਕਾਰਜ ਪੂਰੇ । ਬਾਲ ਅੰਞਾਣਾ ਲਾਲ ਬਣਾਇਆ । ਵਿਚ ਬਬਾਣ ਆਪ ਬਿਠਾਇਆ । ਸ਼ਬਦ ਉਡਾਣ ਇਕ ਲਗਾਇਆ । ਵਿਚ ਲੋਕਮਾਤ ਜਹਾਨ ਸਾਚਾ ਖੇਲ ਰਚਾਇਆ । ਕਰੇ ਕਰਾਏ ਸਰਬ ਜੀਆਂ ਹਰਿ ਜਾਣੀ ਜਾਣ, ਜੀਵਾਂ ਜੰਤਾਂ ਭੇਵ ਨਾ ਪਾਇਆ । ਮਨਜੀਤ ਸਿੰਘ ਤੇਰੇ ਨਾਮ ਦਾ ਬਣੇ ਇਕ ਨਿਸ਼ਾਨ, ਸਤਿਜੁਗ ਝੰਡਾ ਇਕ ਲਹਿਰਾਇਆ । ਸੰਤ ਜਨਾਂ ਨੂੰ ਵੱਜੇ ਬਾਣ, ਆਵਣ ਚਲ ਤੇਰੀ ਸਰਨਾਇਆ । ਸਭ ਨੂੰ ਭੁੱਲੇ ਪੀਵਣ ਖਾਣ, ਸ਼ਬਦ ਸਰੂਪੀ ਤੀਰ ਚਲਾਇਆ । ਝੂਠੇ ਰਹੇ ਖ਼ਾਕ ਛਾਣ, ਕਲਜੁਗ ਜੀਵਾਂ ਸਾਚਾ ਲਾਲ ਹੱਥ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਸਾਚਾ ਚੰਦ ਚੜ੍ਹਾਇਆ । ਸਤਿਜੁਗ ਚੜ੍ਹੇ ਚੰਦ ਚਾਂਦਨਾ । ਕਿਰਪਾ ਕਰੇ ਹਰਿ ਭਗਵਾਨਣਾ । ਮਾਤ ਪਿਤਾ ਤਾਈਂ ਆਪ ਸਮਝਾਵਣਾ । ਰੋ ਰੋ ਵੈਣ ਕਿਸੇ ਨਾ ਪਾਵਣਾ । ਆਪਣੀ ਹੱਥੀਂ ਪ੍ਰਭ ਸਾਚੇ ਦੀ ਸਾਚੀ ਗੋਦ ਵਿਚ ਬਿਠਾਵਣਾ । ਦਰਗਹਿ ਸਾਚੀ ਏਥੇ ਓਥੇ ਆਪੇ ਹੋਏ ਜਾਮਨਾ । ਪ੍ਰਗਟ ਹੋਏ ਜੋਤ ਸਰੂਪ ਧਾਰੇ

੩੩੯ ੦੩

ਭੇਖ ਜਿਉਂ ਬਲ ਦਵਾਰੇ ਬਾਵਨਾ । ਬਾਲ ਅੰਞਾਣੇ ਚੁਕਿਆ ਪੀਵਣਾ ਖਾਵਣਾ । ਧੁਰ ਦਰਗਾਹੇ ਲਿਖੇ ਸਾਚੇ ਲੇਖ, ਸੱਤ ਮਹੀਨੇ ਤਿੰਨ ਦਿਨ ਵਿਚ ਜਗਤ ਜੀਵਣਾ । ਝੂਠਿਆ ਜਾਣਿਆ ਜਗਤ ਭੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ ਲੈ ਜਾ ਸਾਚੇ ਦਰ, ਜਿਥੇ ਵਸੇ ਹਰਿ ਭਗਵਾਨਣਾ । ਹਰਿ ਭਗਵਾਨ ਹਰਿ ਹੀ ਜਾਣ । ਜੋਤ ਸਰੂਪੀ ਪਵਣ ਮਸਾਣ । ਦੋਹਾਂ ਮੇਲ ਮਿਲਾਏ ਆਣ । ਇਕੱਠੇ ਹੋਏ ਭਗਤ ਭਗਵਾਨ । ਕਿਰਪਾ ਕਰੀ ਵਾਲੀ ਦੋ ਜਹਾਨ । ਆਪ ਚੁਕਾਏ ਜਮ ਕੀ ਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪ ਉਠਾਏ ਚੜ੍ਹਾਏ ਵਿਚ ਸ਼ਬਦ ਬਬਾਣ । ਸ਼ਬਦ ਬਬਾਣ ਆਪ ਚੜ੍ਹਾਇਆ । ਵਿਚੋਂ ਮਾਤ ਬਾਹਰ ਕਢਾਇਆ । ਕਲਜੁਗ ਅੰਧੇਰੀ ਰਾਤ ਸਾਚਾ ਰਾਹ ਕਿਸੇ ਹੱਥ ਨਾ ਆਇਆ । ਕਲਜੁਗ ਜੀਵ ਵੇਖ ਅੰਦਰ ਮਾਰ ਝਾਤ, ਪ੍ਰਭ ਅਬਿਨਾਸ਼ੀ ਜੋਤ ਸਰੂਪੀ ਡੇਰਾ ਲਾਇਆ । ਬੈਠਾ ਰਹੇ ਇਕ ਇਕਾਂਤ, ਪਿਆਉਂਦਾ ਰਹੇ ਅੰਮ੍ਰਿਤ ਬੂੰਦ ਸਵਾਂਤ, ਕਲਜੁਗ ਅਗਨ ਨਾ ਲਾਗੇ ਮਾਇਆ । ਆਪ ਬਣਾਇਆ ਚਰਨ ਨਾਤ, ਗੁਰਸਿਖ ਬਾਲ ਅੰਞਾਣਾ ਆਪਣੀ ਗੋਦ ਉਠਾਇਆ । ਆਪਣੀ ਗੋਦ ਉਠਾਏ ਦੇਵੇ ਲੋਰੀ । ਗੁਰ ਸੰਗਤ ਤੇਰੇ ਨਾਲ ਜਾਵੇ ਤੋਰੀ । ਗੁਰਮੁਖ ਸਾਚੇ ਸੰਤ ਜਨਾਂ ਤੇਰਾ ਮੇਲ ਜਾਵੇ ਜੋੜੀ । ਵੇਲਾ ਅੰਤਮ ਅੰਤ ਕਾਲ ਆਣ ਚੁਕਿਆ, ਪ੍ਰਭ ਅਬਿਨਾਸ਼ੀ ਸਾਚੇ ਬਹੁੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰੀ ਘਰ ਸਾਚੇ ਵਿਚ ਇਕਾ ਸੋਹੰ ਸ਼ਬਦ ਲਗਾਈ ਸਾਚੀ ਪੌੜੀ । ਘਰ ਸਾਚੇ ਵਿਚ ਜਾਣਾ ਚੜ੍ਹ । ਰਾਹ ਵਿਚ ਨਾ ਜਾਣਾ ਅੜ । ਪ੍ਰਭ ਅਬਿਨਾਸ਼ੀ ਫੜਨਾ ਲੜ । ਤੋੜੀ ਜਾਈਂ ਕਿਲ੍ਹੇ ਗੜ੍ਹ । ਧਰਮ ਰਾਏ ਅੰਦਰ ਵੜ ਜਾਏ ਦੜ । ਕੋਈ ਨਾ ਤੈਨੂੰ ਲਵੇ ਫੜ । ਪ੍ਰਭ ਅਬਿਨਾਸ਼ੀ ਤੇਰਾ ਤੱਕੇ ਰਾਹ, ਦਰ ਦਵਾਰੇ ਅੱਗੇ ਖੜ । ਆਪਣੀ ਹੱਥੀਂ ਆਪ ਲਗਾਏ ਮਾਤਲੋਕੀ ਸਤਿ ਸੰਤੋਖੀ ਸਾਚਾ ਬੂਟਾ ਵਿਚ ਅਕਾਸ਼ ਜੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਵਰਤਾਏ ਬਹੱਤਰ ਨਾੜ । ਜੋਤ ਖਿਚਾਈ ਚਾਰ ਦਿਵਸ ਜੋ ਲਿਖਤ ਕਰਾਈ । ਪੂਰਨ ਅੱਜ ਕਰਾਈ । ਸਤਿਜੁਗ ਤੈਨੂੰ ਦਿਆਂ ਵਧਾਈ । ਤੇਰਾ ਸਾਚਾ ਰਾਹ ਬਣਾਈ । ਜਨ ਭਗਤਾਂ ਕੰਨ ਸੁਣਾਈ । ਭਾਣਾ ਮੰਨਣਾ ਹਰਿ ਕਾ ਭਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਾਧ ਸੰਤ ਰੱਖੇ ਆਪਣੀ ਸਰਨਾਈ । ਆਪਣੀ ਸਰਨ ਹਰਿ ਰਖਾਇਆ । ਧਰਨੀ ਧਰਨ ਆਪ ਅਖਵਾਇਆ । ਸਾਚੀ ਤਰਨੀ ਗੁਰਸਿਖ ਤਰਨ, ਸੋਹੰ ਨਈਆ ਉਪਰ ਆਪ ਚੜ੍ਹਾਇਆ । ਬੇਮੁੱਖ ਕਲਜੁਗ ਜੀਵ ਆਪਣਾ ਕੀਆ ਆਪਣੀ ਕਰਨੀ ਭਰਨ, ਬੇੜਾ ਵਿਚ ਸ਼ੌਹ ਦਰਿਆ ਰੁੜ੍ਹਾਇਆ । ਬਾਲ ਅੰਞਾਣਾ ਗਿਆ ਗੁਰ ਚਰਨ, ਪੂਰਾ ਲੇਖਾ ਮਾਤ ਕਰਾਇਆ । ਖੁਲ੍ਹਿਆ ਹਰਨ ਫਰਨ, ਤੀਨ ਲੋਕ ਗੇੜ ਲਵਾਇਆ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚਾ ਚੰਦ ਚੜ੍ਹਾਇਆ । ਸਤਿਜੁਗ ਤੇਰਾ ਚੜ੍ਹੇ ਚੰਦ । ਸੰਤ ਜਨਾਂ ਵੇਖ ਆਤਮ ਹੋਏ ਅਨੰਦ । ਰਾਤੀਂ ਸੁੱਤਿਆਂ ਦਰਸ ਦਿਖਾਏ, ਆਤਮ ਤੋੜੇ ਹੰਕਾਰੀ ਕੰਧ । ਪ੍ਰਭ ਅਬਿਨਾਸ਼ੀ ਸਾਚੀ ਜੋਤ ਵਿਚ ਟਿਕਾਏ, ਖ਼ੁਸ਼ੀ ਰਖਾਏ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਰਾਖੋ ਟੇਕ ਨਾ ਲਾਗੇ ਸੇਕ ਸਦਾ ਸਦਾ ਬਖ਼ਸ਼ੰਦ । ਆਪੇ ਬਖ਼ਸ਼ੇ ਬਖ਼ਸ਼ਣ ਯੋਗ । ਰਸਨਾ ਲਾਏ ਸਾਚਾ ਭੋਗ । ਗੁਰਸਿਖ ਤੇਰਾ ਹੋਏ ਸਚ ਸਜੋਗ । ਦਰਗਹਿ ਸਾਚੀ ਨਾ ਹੋਏ ਵਿਜੋਗ । ਸਾਚਾ ਨਾਮ ਸੋਹੰ ਸ਼ਬਦ ਦਿਆਂ ਸੱਚਾ ਜੋਗ । ਗੁਰਮੁਖ ਸਾਚੇ ਸੰਤ ਜਨਾਂ ਚੁਗਾਉਂਦਾ ਜਾਵੇ ਸਾਚੀ ਚੋਗ । ਉਚੇ ਟਿੱਲੇ ਸਮੇਰੂ ਪ੍ਰਬਤਾਂ ਮਿਟਉਂਦਾ ਜਾਏ ਸੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ

ਸੁਣਾਏ ਸ਼ਬਦ ਸੱਚਾ ਸਲੋਕ । ਉਚੇ ਟਿੱਬੇ ਔਖਾ ਰਾਹ । ਅੱਗੇ ਜਾਣਾ ਸੌਖਾ ਨਾ । ਵੰਞ ਮੁਹਾਣਾ ਕੋਈ ਸਕੇ ਨਾ ਅਟਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਖਾਏ ਜਿਸ ਵਸੇ ਸਾਚੇ ਥਾਂ । ਸਾਚਾ ਧਾਮ ਸਚ ਅਸਥਾਨ ਹੈ । ਜਿਥੇ ਵਸੇ ਹਰਿ ਭਗਵਾਨ ਹੈ । ਨਾ ਕੋਈ ਕਿਲ੍ਹਾ ਨਾ ਕੋਈ ਮਕਾਨ ਹੈ । ਨਾ ਕੋਈ ਸ਼ਬਦ ਨਾ ਗਿਆਨ ਹੈ । ਏਕਾ ਜੋਤ ਜਗੇ ਬਲੀ ਬਲਵਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਉਂ ਸੱਚਾ ਇਕ ਨਿਸ਼ਾਨ ਹੈ । ਰੱਖੇ ਪਲੰਘ ਅੱਧਵਿਚਕਾਰ । ਭੰਨੇ ਪ੍ਰਭ ਸਾਚਾ ਭੰਡਾਰ । ਚੱਲੇ ਅੰਮ੍ਰਿਤ ਸਾਚੀ ਧਾਰ । ਵਗੇ ਵਿਚ ਸਾਰੇ ਸੰਸਾਰ । ਗੁਰਸਿਖ ਸਾਚੇ ਸੰਤ ਜਨਾਂ ਪ੍ਰਭ ਆਤਮ ਤ੍ਰਿਖਾ ਦੇਵੇ ਨਿਵਾਰ । ਸੋਲਾਂ ਮੱਘਰ ਪੂਰਾ ਕੀਆ ਵਿਹਾਰ । ਵੇਖੋ ਕੀ ਵਰਤੇ ਕਲਜੁਗ ਵਰਤਾਰ । ਚਾਰੋਂ ਤਰਫ ਪੈਂਦੀ ਜਾਏ ਮਾਰ । ਗੁਰਸਿਖ ਤੇਰੇ ਘਰ, ਖਿੜੇ ਗੁਲਜ਼ਾਰ । ਫੱਲ ਲੱਗਾ ਸਾਚੇ ਦਰ, ਤੋੜੇ ਸਰਬ ਜਗਤ ਜੰਜਾਲ । ਆਪਣੀ ਗੋਦੀ ਆਪ ਉਠਾਇਆ ਇਕ ਅੰਞਾਣ ਬਾਲ । ਦਰਸ ਦਿਖਾਇਆ ਜੋਤ ਸਰੂਪੀ ਦੀਆ ਦੀਪਕ ਬਾਲ । ਸਤਿਜੁਗ ਸਾਚਾ ਰਾਹ ਚਲਾਇਆ, ਕਲਜੁਗ ਤੇਰਾ ਅੰਧੇਰ ਮਿਟਾਇਆ, ਭੇਟਾ ਕੀਆ ਸਾਚਾ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਇਆ ਆਪ ਸਦਾ ਰਖਵਾਲ । ਭੇਟਾ ਦੀਆ ਏਕਾ ਜੀਆ । ਸਤਿਜੁਗ ਸਾਚਾ ਬੀਜ ਬੀਆ । ਪ੍ਰਭ ਅਬਿਨਾਸ਼ੀ ਕੀਆ ਆਪਣਾ ਹੀਆ । ਸਾਢੇ ਤਿੰਨ ਹੱਥ ਰਖਾਈ ਤੇਰੀ ਸੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣਾ ਕੀਆ । ਆਪੇ ਕੀਆ ਸਚ ਵਿਹਾਰਾ । ਆਪੇ ਬਣਿਆ ਰਿਹਾ ਲਿਖਾਰਾ । ਤੇਰੀ ਸਾਚੀ ਬਨਾਏ ਸਤਿਜੁਗ ਧਾਰਾ । ਸਤਿਜੁਗ ਵਰਤੇ ਕੀ ਕੁੱਛ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਭੇਟਾ ਇਕ ਚੜ੍ਹਾਏ ਗੁਰਸਿਖ ਦੁਲਾਰਾ । ਸਚ ਦੁਲਾਰਾ ਕੀਆ ਦਾਨ । ਕਿਰਪਾ ਕਰੀ ਸ੍ਰੀ ਭਗਵਾਨ । ਸਤਿਜੁਗ ਸਾਚੇ ਤੇਰਾ ਝੁੱਲੇ ਇਕ ਸੱਚਾ ਨਿਸ਼ਾਨ । ਗੁਰਮੁਖ ਸਾਚੇ ਸੰਤ ਜਨ ਮਨਜੀਤ ਸਿੰਘ ਜਗ ਜੀਤ ਰਸਨਾ ਸਾਰੇ ਗਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਵਡ ਬਲੀ ਬਲਵਾਨ । ਵਡ ਬਲੀ ਬਲਵਾਨ । ਦੇਵੇ ਮਾਣ ਆਪ ਚੁੱਕਣ ਆਇਆ ਘਰ ਸ੍ਰੀ ਭਗਵਾਨ । ਆਪਣਾ ਭਾਣਾ ਆਪ ਵਰਤਾਇਆ, ਨਾ ਸਕੇ ਕੋਈ ਉਲਟਾਨ । ਤਿੰਨ ਦਿਨ ਸ਼ਬਦ ਲਿਖਾਇਆ, ਫੇਰ ਬਣਾਇਆ ਇਕ ਬਬਾਣ । ਚੌਥਾ ਦਿਨ ਸਾਚਾ ਆਇਆ, ਉਤੇ ਚੜ੍ਹਿਆ ਨੌਂ ਜਵਾਨ । ਪ੍ਰਭ ਅਬਿਨਾਸ਼ੀ ਦਇਆ ਕਮਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਉਠ ਜਵਾਨਾ ਕਰ ਸਵਾਰੀ । ਤੇਰੀ ਆਈ ਕਲਜੁਗ ਵਾਰੀ । ਚੁੱਕ ਪੰਡ ਸਿਰ ਆਪਣੇ ਭਾਰੀ । ਜਾ ਸੱਚੇ ਦਰਬਾਰੀ । ਗੁਰਸਿਖਾਂ ਦੀ ਸੁਣ ਪੁਕਾਰੀ । ਘਰ ਘਰ ਬੈਠੇ ਕਰਨ ਹਾਹਾਕਾਰੀ । ਕੋਈ ਨਾ ਬਣਦਾ ਸੱਚਾ ਸਾਈਂ, ਕਲਜੁਗ ਜੀਵ ਹੋਏ ਦੁਸ਼ਟ ਦੁਰਾਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਵਤਾਰ ਨਰੇ ਕਿਰਪਾ ਕਰੇ ਜੋਤ ਧਰੇ ਕਾਰਜ ਪੂਰੇ ਆਪ ਕਰੇ ਆਇਆ ਸਚ ਘਰੇ । ਸਚ ਘਰ ਹਰਿ ਸਾਚਾ ਜਾਣਿਆ । ਗੁਰਸਿਖ ਸਾਚਾ ਆਣ ਪਛਾਣਿਆਂ । ਬਾਹੋਂ ਪਕੜ ਆਪ ਉਠਾਏ ਉਠ ਅੰਞਾਣੇ ਬਾਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਰਖਾ ਲਿਆ । ਆਪ ਉਠਾਇਆ ਅੰਞਾਣਾ ਬਾਲਾ । ਗੋਦੀ ਵਿਚ ਲਪੇਟਿਆ ਸੱਚਾ ਲਾਲਾ । ਆਪ ਹੋਇਆ ਪ੍ਰਭ ਰਖਵਾਲਾ । ਸਚ ਪਹਿਨਾਏ ਗਲ ਤੇਰੇ ਵਿਚ ਮਾਲਾ । ਸੋਹੰ ਸ਼ਬਦ ਤੇਰੇ ਤਨ ਪਹਿਨਾਏ, ਉਪਰ ਪਾਏ ਚਿੱਟਾ ਬਾਣਾ । ਤੇਰੀ ਰੀਸ ਨਾ ਕੋਈ ਕਰਾਏ, ਵੱਡੇ ਵੱਡੇ ਸ਼ਾਹ ਸੁਲਤਾਨਾ । ਅੰਤਮ ਅੰਤ ਜੁਗਾ ਜੁਗੰਤ ਪ੍ਰਭ ਅਬਿਨਾਸ਼ੀ ਵਿਚ ਖ਼ਾਕ ਰੁਲਾਨਾ । ਗੁਰਮੁਖ ਸਾਚੇ


੩੪੧
੦੩

ਸੰਤ ਤੈਨੂੰ ਬੰਨ੍ਹਣ ਆਏ ਗਾਨਾ । ਉਠ ਬਲੀ ਬੀਰ ਜਵਾਨ, ਕਰ ਸੱਚਾ ਇਸ਼ਨਾਨਾ । ਦੇਵੀ ਦੇਵਤੇ ਅੰਮ੍ਰਿਤ ਲਿਆਏ, ਕਰੋੜ ਤੇਤੀਸ ਸੰਗ ਰਾਜ ਰਾਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਇੰਦਰ ਤੈਨੂੰ ਆਪ ਬਿਠਾਨਾ । ਇੰਦਰਪੁਰੀ ਆਈ ਹਿੱਸੇ । ਦੂਜਾ ਕੋਈ ਨਾ ਮੰਗੀਂ ਦਰ ਜਾਈਂ ਕਿਸੇ । ਕਰੋੜ ਤੇਤੀਸ ਸੰਗ ਰਾਗ ਛਤੀਸ ਤੇਰੇ ਚਰਨ ਪੀਸਨਾ ਪਿਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਹਰਿ, ਨਾ ਵਿਚ ਮਾਤ ਦੇ ਦਿਸੇ । ਮਾਤਲੋਕ ਹੋਇਆ ਅੰਧੇਰਾ । ਪ੍ਰਭ ਅਬਿਨਾਸ਼ੀ ਪਾਇਆ ਫੇਰਾ । ਬਾਹੋਂ ਪਕੜਿਆ ਆਪਣਾ ਚੇਰਾ । ਨਾ ਕੋਈ ਕੀਆ ਹੇਰਾ ਫੇਰਾ । ਨਾ ਇਹ ਮਿਟੀ ਨਾ ਇਹ ਢੇਰਾ । ਸੂਰਬੀਰ ਉਠੇ ਇਕ ਬਹਾਦਰ ਸ਼ੇਰਾ । ਚਾਰ ਕੁੰਟ ਸ਼ਬਦ ਸਰੂਪੀ ਆਪੇ ਪਾਏ ਘੇਰਾ । ਜੀਵ ਜੰਤਾਂ ਸਾਧਾਂ ਸੰਤਾਂ ਕਰਦਾ ਜਾਏ ਨਬੇੜਾ । ਆਦਿਨ ਅੰਤਾ ਪੂਰਨ ਭਗਵੰਤਾ ਤੇਰਾ ਸਚ ਵਸਾਏ ਖੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਘਰ ਬਹਾਏ ਜਿਥੇ ਚਾਰੋਂ ਤਰਫ ਖੁਲ੍ਹਾ ਵਿਹੜਾ । ਸਾਚੇ ਘਰ ਹਰਿ ਬਹਾਵਣਾ । ਦੀਪਕ ਜੋਤੀ ਤੇਰੀ ਆਪ ਜਗਾਵਣਾ । ਮਾਣਕ ਮੋਤੀ ਗੁਰਸਿਖ ਤੇਰਾ ਨਾਮ ਰਖਾਵਣਾ । ਸ੍ਰਿਸ਼ਟ ਸਬਾਈ ਰਹੀ ਸੋਤੀ, ਭੇਵ ਕਿਸੇ ਨਾ ਪਾਵਣਾ । ਨਾ ਕੋਈ ਵਰਨ ਨਾ ਕੋਈ ਗੋਤੀ, ਜੋਤ ਸਰੂਪੀ ਸਾਚਾ ਖੇਲ ਵਖਾਵਣਾ । ਦੁਰਮਤ ਮੈਲ ਤੇਰੀ ਧੋਤੀ, ਅੱਗੇ ਪਿਛੇ ਦਾਗ ਕੋਈ ਰਹਿਣ ਨਾ ਪਾਵਣਾ । ਪ੍ਰਭ ਸਾਚੇ ਦਾ ਬਣ ਜਾ ਗੋਤੀ, ਜੋਤੀ ਜੋਤ ਆਪ ਮਿਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਤੇਰਾ ਪਕੜੇ ਸਾਚਾ ਦਾਮਨਾ । ਦਾਮਨ ਪਕੜੇ ਬਾਲ ਅੰਞਾਣੇ । ਵੇਂਹਦੇ ਰਹਿ ਜਾਣ ਸੁਘੜ ਸਿਆਣੇ । ਕਲਜੁਗ ਵਰਤਣ ਕੀ ਕੀ ਭਾਣੇ । ਗਿਆਨੀ ਵਿਦਵਾਨੀ ਧਿਆਨੀ ਨਾ ਕੋਈ ਜਾਣੇ । ਨਾ ਕੋਈ ਜਾਣੇ ਵੇਦ ਪੁਰਾਨੀ ਸਕੇ ਪਛਾਣੀ ਖਾਣੀ ਬਾਣੀ ਪ੍ਰਭ ਵਸੇ ਬਾਹਰੇ । ਕਰੇ ਖੇਲ ਗੁਰ ਸੰਗਤ ਦਵਾਰੇ । ਆਏ ਚਲ ਨਰਾਇਣ ਨਰ ਅਵਤਾਰੇ । ਭਗਤ ਜਨਾਂ ਦੇ ਕਾਜ ਸਵਾਰੇ । ਆਪ ਚੜ੍ਹਾਏ ਸਾਚੇ ਸ਼ਬਦ ਸੀਤਲ ਕਰੇ ਇਕ ਰੁਸ਼ਨਾਰੇ । ਰਸਨਾ ਗਾਉਣਾ ਬੱਤੀ ਦੰਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰੇ । ਅਪਰ ਅਪਾਰ ਖੇਲ ਖਲਾਇੰਦਾ । ਅੰਞਾਣੇ ਬਾਲ ਮਾਣ ਦਵਾਇੰਦਾ । ਸ਼ਬਦ ਦੁਸ਼ਾਲੇ ਉਪਰ ਆਪ ਚੜ੍ਹਾਇੰਦਾ । ਫੂਲਨ ਮਾਲਾ ਗਲ ਵਿਚ ਪਾਇੰਦਾ । ਬਣ ਸਾਚੀ ਮਾਲਣ ਗੁਰਸਿਖ ਫੁਲਵਾੜੀ ਵਿਚੋਂ ਤੋੜ ਲਿਆਇੰਦਾ । ਸੋਹੰ ਧਾਗਾ ਨਾਮ ਸੂਈ ਆਪਣੀ ਹੱਥੀਂ ਪੁਰਾਇੰਦਾ । ਆਪੇ ਧੋਏ ਤੇਰੇ ਦਾਗ, ਗਲ ਤੇਰੇ ਵਿਚ ਮਾਲਾ ਸਾਚੀ ਪਾਇੰਦਾ । ਸਾਚੀ ਦੇਵੇ ਜਗਤ ਵਡਿਆਈ, ਲੇਖ ਤੇਰਾ ਸਚ ਲਿਖਾਇੰਦਾ । ਸਤਿਜੁਗ ਹੋਵੇ ਤੇਰੀ ਜੋਤ ਸਵਾਈ, ਸਾਧਾਂ ਸੰਤਾਂ ਤੇਰਾ ਦਰਸ ਕਰਾਇੰਦਾ । ਆਪਣੇ ਹੱਥ ਰੱਖਾ ਵਡਿਆਈ, ਤੇਰੇ ਸੀਸ ਮੁਕਟ ਟਿਕਾਇੰਦਾ । ਤੂੰ ਜਾਈਂ ਚਾਈਂ ਚਾਈਂ, ਵਾਲੀ ਹਿੰਦ ਤੇਰੀ ਰਾਹ ਤਕਾਇੰਦਾ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦਾ, ਸਾਚੀ ਦਾਤ ਤੇਰੀ ਝੋਲੀ ਪਾਇੰਦਾ । ਮੋਹਣ ਮਾਧਵ ਛੋਟੇ ਲਾਲ ਉਠ ਮਾਰ ਇਕ ਛਾਲ, ਸਾਰੇ ਕੱਟ ਜਾ ਜਗਤ ਜੰਜਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਜੋਤੀ ਆਪ ਟਿਕਾਏ ਜਿਉਂ ਗਗਨ ਦੀਪਕ ਵਿਚ ਥਾਲ । ਉਠੋ ਕਾਹਨੀ ਕੰਧ ਉਠਾਓ । ਸਾਚੀ ਸੇਵਾ ਗੁਰ ਦਰ ਕਮਾਓ । ਸਾਚਾ ਮੇਵੇ ਅੰਮ੍ਰਿਤ ਫਲ ਘਰ ਸਾਚੇ ਵਿਚ ਖਾਓ । ਘਰ ਬੈਠਾ ਵਡ ਦੇਵੀ ਦੇਵਾ ਸੁਰਪਤ ਰਾਜਾ ਇੰਦ ਇਸ ਦਾ ਨਾਮ ਰਖਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਇੰਦਰਲੋਕ ਵਿਚ ਦੇਵੇ ਧਰ, ਕਰੋੜ ਤੇਤੀਸ ਲਾਗੇ ਪਾਂਓ । ਸਚ ਸਿੰਘਾਸਣ ਆਪ ਉਠਾਓ । ਬੇਮੁਖ ਕਾਹਨੀ ਕੋਈ ਨਾ ਲਾਓ । ਸ਼ਬਦ ਨਿਸ਼ਾਨੀ ਰਸਨਾ ਗਾਓ ।

ਸੱਚਾ ਚਰਨ ਅੱਗੇ ਉਠਾਓ । ਪਹੁੰਚੇ ਜਾਏ ਆਪਣੀ ਥਾਓਂ । ਜਿਥੇ ਚੁਣਿਆ ਇਕ ਚੁਣਾਓ । ਉਪਰ ਜਾਏ ਸ਼ੇਰ ਬਹਾਓ । ਚਾਰੋਂ ਤਰਫ ਬੰਦ ਕਰਾਓ । ਸੋਹੰ ਗੀਤ ਸੁਹਾਗੀ ਤਤ ਰਸਨਾ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਲ ਜਾਓ । ਪ੍ਰਭ ਅਬਿਨਾਸ਼ੀ ਤੇਰੀ ਮਾਇਆ । ਕੱਲਰ ਵਿਚ ਕਵਲ ਲਗਾਇਆ । ਆਪਣੀ ਹੱਥੀਂ ਜੜ੍ਹ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰ ਵੜ ਆਪਣਾ ਮੰਦਰ ਆਪੇ ਢਾਹਿਆ । ਕਲਰ ਵਿਚ ਲੱਗੇ ਕਵਲ । ਸਤਿਜੁਗ ਸਚੇ ਮਵਲ । ਹੋਏ ਰੁਸ਼ਨਾਈ ਉਪਰ ਧਵਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪ ਲਗਾਏ ਜਿਉਂ ਸਾਗਰ ਵਿਚ ਕਵਲ । ਸਾਚੀ ਸੇਵਾ ਆਪ ਕਮਾਏ । ਗੁਰਸਿਖ ਤੇਰੀ ਚਰਨੀ ਫੂਲ ਚੜ੍ਹਾਏ । ਸਾਧ ਸੰਗਤ ਸੱਚੀ ਮਿਲ ਰਲ, ਸਾਚਾ ਦੂਹਲਾ ਵੇਖਣ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਿਹਾ ਕਾਰ ਵਰਤਾਏ । ਇਕ ਇਕ ਫੁੱਲ ਹਰਿ ਵਰਤਾਏ । ਗੁਰਸਿਖ ਸਾਚਾ ਭੇਟ ਚੜ੍ਹਾਏ । ਆਉਂਦਾ ਜਾਏ ਆਪਣੀ ਥਾਂਏਂ । ਅੱਗੇ ਵਧ ਕੋਈ ਹੱਥ ਨਾ ਪਾਏ । ਔਖਾ ਆਉਣਾ ਐਸੀ ਥਾਂਏ । ਜਿਥੇ ਕੋਈ ਨਾ ਹੋਏ ਸਹਾਏ । ਟੁੱਟਾ ਨਾਤਾ ਭੈਣਾਂ ਭਾਏ । ਮਾਤਾ ਪਿਤਾ ਵਿਦਾ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਧਾ ਰਾਹ ਇਕ ਦਿਖਾਏ । ਕੂੜ ਕੁਟੰਬ ਝੂਠ ਪਸਾਰਾ । ਝੂਠਾ ਕਰਨ ਹਾਹਾਕਾਰਾ । ਨਾ ਕੋਈ ਜਾਏ ਤੇਰੇ ਨਾਲ ਸੱਚੇ ਦਵਾਰਾ । ਝੂਠੀਆਂ ਕਰਨ ਜਗਤ ਵਿਚਾਰਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਲਾੜਾ ਖਾਰਾ । ਉਪਰ ਖਾਰੇ ਆਪ ਚੜ੍ਹਾਏ । ਸਾਚੀ ਛਾਲ ਇਕ ਲਵਾਏ । ਬੇਮੁਖਾਂ ਸਿਰ ਤੇਰੇ ਚਰਨਾਂ ਹੇਠ ਭੰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸਿਰ ਸਾਚਾ ਤਾਜ ਪਹਿਨਾਏ । ਸਚ



ਆਸਣ ਤੇਰਾ ਡੇਰਾ ਲਾਇਆ । ਗੁਰ ਸੰਗਤ ਤੈਨੂੰ ਘੇਰ ਪਾਇਆ । ਕਲਜੁਗ ਵੇਖੋ ਵੇਲਾ ਨੇੜੇ ਆਇਆ । ਪ੍ਰਭ ਅਬਿਨਾਸ਼ੀ ਅੰਞਾਣੇ ਬਾਲੇ ਚੁਰਾਸੀ ਗੇੜਾ ਆਪ ਕਟਾਇਆ । ਝੂਠੇ ਜਗਤ ਚੁਕਿਆ ਝੇੜਾ, ਪ੍ਰਭ ਜੋਤੀ ਮੇਲ ਮਿਲਾਇਆ । ਵਸਦਾ ਰਹੇ ਇਹ ਤੇਰਾ ਨਗਰ ਖੇੜਾ, ਸਤਿਜੁਗ ਸਾਚਾ ਪ੍ਰਭ ਸਾਚੇ ਮਾਣ ਦਵਾਇਆ । ਖੁਲ੍ਹਾ ਰਹੇ ਤੇਰਾ ਵੇਹੜਾ, ਸੌ ਸੌ ਕਰਮ ਗੇੜ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਬੇੜਾ ਆਪ ਕਰਾਇਆ । ਤੇਰਾ ਬਣੇ ਇਕ ਦਰਬਾਰ । ਵੇਖੇ ਆਪ ਸੱਚੀ ਸਰਕਾਰ । ਭੌਂਦਾ ਰਹੇ ਬਣ ਕੇ ਪਹਿਰੇਦਾਰ । ਗੁਰਸਿਖ ਸਾਚੇ ਰਹਿਣਾ ਖਬਰਦਾਰ । ਏਥੇ ਪੈਂਦੇ ਕਲਜੁਗ ਚੋਰ ਯਾਰ । ਠੱਗਾਂ ਕੋਲੋਂ ਤੈਨੂੰ ਕੀਤਾ ਬਾਹਰ । ਆਪ ਬਹਾਇਆ ਸਚ ਦਰਬਾਰ । ਜਿਥੇ ਵਸਿਆ ਹਰਿ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪਾਉਂਦਾ ਰਹੇ ਸਾਰ । ਤੇਰਾ ਧਾਮ ਆਪ ਬਣਾਏ । ਆਪਣੀ ਹੱਥੀਂ ਇੱਟ ਲਗਾਏ । ਅੰਮ੍ਰਿਤ ਬੂੰਦ ਸਿਟ ਵਖਾਏ । ਏਕਾ ਉਪਰ ਚਾਦਰ ਚਿਟ ਵਿਛਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਗੁਰ ਸੰਗਤ ਸਿਰ ਹੱਥ ਧਰ, ਤੇਰੀ ਭੇਟਾ ਫੂਲ ਚੜ੍ਹਾਏ । ਮਨਜੀਤ ਮੰਨ ਲਿਆ ਕਹਿਣਾ । ਝੂਠਾ ਦਿਸਿਆ ਬਾਲ ਅੰਞਾਣੇ, ਵਿਚ ਜਗਤ ਦੇ ਰਹਿਣਾ । ਚਾਰੋਂ ਤਰਫ ਉਠ ਉਠ ਵੇਖਿਆ ਝੂਠੇ ਦਿਸਣ ਭਾਈ ਭੈਣਾਂ । ਕੋਈ ਵਡਿਆਉਂਦਾ ਦਰਗਹਿ ਸਾਚੀ ਅਲਖਿਆ, ਨਾ ਕੋਈ ਬਣੇ ਸਾਕ ਸੱਜਣ ਸੈਣਾ । ਮਾਤ ਝੂਠਾ ਵੇਖਿਆ ਪੇਖਿਆ, ਆਪਣੀ ਹੱਥੀਂ ਬਾਹਰ ਕੱਢ ਫਿਰ ਅੰਦਰ ਬਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰੇ ਪ੍ਰੀਖਿਆ ਤੇਰਾ ਮਹੱਲ ਅਟੱਲ ਵਿਚ ਜਗਤ ਦੇ ਰਹਿਣਾ । ਤੇਰੀ ਬਣੇ ਮਹੱਲ ਅਟਾਰੀ । ਪ੍ਰਭ ਅਬਿਨਾਸ਼ੀ ਹੱਥੀਂ ਲਏ ਉਸਾਰੀ । ਚਾਰ ਦਰਵਾਜੇ ਅੱਠ ਬਾਰੀ । ਵਿਚ ਵਸੇ

ਇਕ ਸੱਚਾ ਘਰ ਬਾਹਰੀ । ਚਾਰ ਵਰਨ ਸੰਗ ਕਰੇ ਪਿਆਰੀ । ਦੂਰੋਂ ਨੇੜਿਉਂ ਆਵਣ ਚਲ ਤੇਰੇ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਤੈਨੂੰ ਆਪ ਦਿਤੀ ਸੱਚੀ ਸਿਕਦਾਰੀ । ਸਚ ਸਿਕਦਾਰ ਆਪ ਬਣਾਇਆ । ਗੁਰਸਿਖਾਂ ਦਾ ਤਾਜ ਰਖਾਇਆ । ਪੂਰਨ ਕਾਜ ਆਪ ਕਰਾਇਆ । ਮਾਰ ਅਵਾਜ਼ ਗੁਰਸਿਖ ਉਠਾਇਆ । ਸ਼ਬਦ ਦੂਤ ਤੈਨੂੰ ਦਿਤਾ ਦਾਜ, ਪੱਲੇ ਬੰਨ੍ਹ ਘਰ ਸਾਚੇ ਦੇ ਪੁਜਾਇਆ । ਕੋਈ ਆਵੇ ਅੱਜ ਕੋਈ ਕਲ, ਏਥੇ ਰਹਿਣ ਨਾ ਕੋਈ ਪਾਇਆ । ਝੂਠਾ ਦਿਸੇ ਜਗਤ ਸਾਜ ਬਾਜ, ਏਕਾ ਏਕ ਆਪ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਸਾਚਾ ਪੂਤ ਗੂੜ੍ਹੀ ਨੀਂਦ ਸਵਾਇਆ । ਗੂੜ੍ਹੀ ਨੀਂਦੇ ਜਾਵੀਂ ਸੌਂ । ਨਾ ਵੇਖੀਂ ਪਿਛਾ ਭੌਂ । ਜਾ ਮਾਣੀਂ ਠੰਡੀ ਛਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਕੜੇ ਤੇਰੀ ਬਾਹੋਂ । ਸੌਂ ਜਾ ਸਿੱਖ ਪਿਆਰਿਆ । ਧਰਤ ਮਾਤ ਦੇ ਸਚ ਦੁਲਾਰਿਆ । ਸਾਚੀ ਗੋਦੀ ਵਿਚ ਥਾਪੜ, ਪ੍ਰਭ ਆਪਣੀ ਹੱਥੀਂ ਤੈਨੂੰ ਸਵਾ ਰਿਹਾ । ਸ੍ਰਿਸ਼ਟ ਸਬਾਈ ਝੂਠੇ ਵੇਲੇ ਪਾਪੜ, ਨਾ ਕੋਈ ਪੂਤ ਭੇਟ ਚੜ੍ਹਾ ਰਿਹਾ । ਬੇਮੁਖਾਂ ਭੰਨੀ ਆਕੜ, ਸਚ ਸਬੂਤ ਸੋਹੰ ਨਾਉਂ ਤੇਰੇ ਨਾਲ ਰਖਾ ਰਿਹਾ । ਝੂਠਾ ਛੱਡ ਜਾਈਂ ਏਥੇ ਕਲਬੁਤ , ਤੇਰੀ ਖ਼ਾਕ ਪ੍ਰਭ ਅਬਿਨਾਸ਼ੀ ਦੋਈਂ ਹੱਥੀਂ ਬੇਮੁਖਾਂ ਸਿਰ ਪਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੁੜਾ ਅੰਤਮ ਵਾਰੀ ਤੈਨੂੰ ਇਕ ਸੁਣਾ ਰਿਹਾ । ਸਚ ਸੁਨੇਹੁੜਾ ਸੁਣ ਕੇ ਜਾ । ਮਾਂ ਆਪਣੀ ਸਮਝਾ ਕੇ ਜਾ । ਸਚ ਦਲਾਸਾ ਦੇ ਕੇ ਜਾ । ਪੂਰਨ ਭਰਵਾਸਾ ਝੋਲੀ ਪਾ । ਕਰਦੀ ਹਾਸਾ ਘਰ ਨੂੰ ਜਾ । ਪ੍ਰਭ ਦਰ ਜਾ ਕੇ ਸੀਸ ਝੁਕਾ । ਚਾਰ ਜੁਗ ਤੇਰਾ ਰਹਿ ਜਾਏ ਨਾਂ । ਜਿਸ ਨੇ ਜੰਮਿਆ ਸੋ ਭਾਗਣ ਹੋਈ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਰੱਖੇ ਸਿਰ ਤੇਰੇ ਉਤੇ ਛਾਂ । ਮਾਂ ਆਪਣੀ ਨੂੰ ਦੇ ਜਾ ਮਤ । ਏਕਾ ਰੱਖੀਂ ਧੀਰਜ ਯਤ । ਫੇਰ ਨਾ ਲੱਭਣਾ ਐਸਾ ਵਤ । ਸਾਚਾ ਬੀਜ ਪ੍ਰਭ ਰਿਹਾ ਘਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਬਲਿਹਾਰੀ ਜਿਸ ਰਖਿਆ ਮੇਰਾ ਜੱਤ । ਤੇਰੇ ਤਨ ਨਾ ਲੱਗੇ ਸੇਕ । ਰੱਖੀ ਇਕ ਚਰਨ ਪ੍ਰਭ ਟੇਕ । ਹੋਈ ਕਾਇਆ ਤੇਰੀ ਬਬੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸਾਚਾ ਸਿਮਰੋ ਏਕਾ ਏਕ । ਏਕਾ ਏਕ ਰਸਨ ਚਿਤਾਰਨਾ । ਪ੍ਰਭ ਅਬਿਨਾਸ਼ੀ ਨਾ ਮਨੋਂ ਵਿਸਾਰਨਾ । ਸਭ ਆਏ ਦਰ ਦਵਾਰਨਾ । ਲੇਖਾ ਹਰਿ ਮਾਤ ਵਿਚਾਰਨਾ । ਨਾ ਕਰਾਏ ਕਿਸੇ ਹੁਦਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਗੁਰਸਿਖਾਂ ਪਾਰ ਉਤਾਰਨਾ । ਕਰਨ ਕਾਰਨ ਜੋਗ ਸਰਬ ਸਮਰਥ ਹੈ । ਸੋਲਾਂ ਮੱਘਰ ਮਹਿੰਮਾ ਜਗਤ ਅਕਥ ਹੈ । ਗੁਰਸਿਖ ਸਾਚੇ ਸਿਰ ਰੱਖੇ ਹੱਥ ਹੈ । ਸਾਧ ਸੰਗਤ ਰਲਾਏ ਨਾਲ ਲਿਆਇਆ ਸੋਹੰ ਰਥ ਹੈ । ਗੁਰਸਿਖ ਸਾਚਾ ਆਪਣੀ ਹੱਥੀਂ ਉਠਾਏ, ਵਿਚ ਰਖਾਏ ਸਾਚੀ ਵਥ ਹੈ । ਸਤਿ ਸੰਗਤ ਅੱਗੇ ਲਾਏ, ਆਪਣੇ ਹੱਥ ਫੜੀ ਪ੍ਰਭ ਨੱਥ ਹੈ । ਸਾਧ ਸੰਗਤ ਹਰਿ ਦਰਸ ਕਰਾਏ, ਸਗਲ ਵਸੂਰੇ ਗਏ ਲੱਥ ਹੈ । ਸਾਕਾਂ ਸਨਬੰਧੀਆਂ ਹਰਸ ਮਿਟਾਏ, ਨਾ ਵੇਲਾ ਆਉਣਾ ਫਿਰ ਹੱਥ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ ਕਿਆ ਕੋਈ ਸਕੇ ਕਥ ਹੈ । ਭਾਣਾ ਹਰਿ ਕਾ ਸਚ ਪ੍ਰਵਾਨ । ਮਾਤਲੋਕ ਵਿਚ ਰਹੇ ਨਿਸ਼ਾਨ । ਸਤਿਜੁਗ ਸਾਚੇ ਬਾਲ ਅੰਞਾਣ । ਦੇਵੇ ਵਡਿਆਈ ਵਾਲੀ ਦੋ ਜਹਾਨ । ਕਿਰਪਾ ਕਰ ਸਾਚਾ ਹਰਿ ਆਇਆ ਘਰ ਦਿਤਾ ਵਰ, ਕਰੀ ਖੇਲ ਜਗਤ ਮਹਾਨ । ਨਾ ਜਾਣਾ ਡਰ ਬਣੇ ਸਾਚਾ ਸਰ, ਸੌ ਸੌ ਕਰਮ ਗੇੜ ਰਿਹਾ ਆਪ ਵਖਾਨ । ਵੇਖੋ ਪ੍ਰਭ ਸਾਚਾ ਕੀ ਰਿਹਾ ਕਰ । ਕਲਜੁਗ ਅੰਤਮ


੩੪੪ ੦੩

ਗਿਆ ਹਰ । ਸਤਿਜੁਗ ਸਾਚਾ ਆਇਆ ਪ੍ਰਭ ਸਾਚੇ ਦੇ ਸਾਚੇ ਦਰ । ਗੁਰਸਿਖ ਤੇਰੀ ਝੋਲੀ ਪਾ, ਮੈਂ ਮਾਤਲੋਕ ਜਾਵਾਂ ਫੇਰ ਉਠ, ਕਲਜੁਗ ਜੀਵਾਂ ਭੁਲਿਆਂ ਸਤਿਜੁਗ ਸਾਚੇ ਰਾਹੇ ਦੇਵਾਂ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸਿਰ ਤੇ ਰੱਖੀ ਆਪਣੀ ਬਾਂਹ । ਬਾਲ ਅੰਞਾਣਾ ਜਗਤ ਵਿਚੋਲਾ । ਗਾਉਂਦਾ ਜਾਏ ਸੋਹੰ ਢੋਲਾ । ਜੀਵ ਜੰਤ ਕਿਆ ਮਾਰੇ ਬੋਲਾ । ਬਣਿਆਂ ਘਰ ਸਾਚੇ ਦਾ ਸਾਚਾ ਗੋਲਾ । ਜਿਥੇ ਜਗੇ ਜੋਤ ਅਮੋਲਾ । ਨਾ ਪਰਦਾ ਨਾ ਕੋਈ ਉਹਲਾ । ਨਾ ਕੋਈ ਮਹੱਲ ਅਟਾਰੀ ਨਾ ਕੋਈ ਦੀਸੇ ਖੋਲਾ । ਏਕਾ ਨਿਕਲੇ ਜੋਤ ਸਰੂਪੀ ਲਲਾਟ ਸ਼ੋਹਲਾ । ਜੋਤੀ ਜੋਤ ਸਰੂਪ ਹਰਿ, ਏਕਾ ਬੈਠਾ ਪਹਿਨੇ ਚਿੱਟਾ ਚੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਤੋਲ ਗੁਰਸਿਖ ਸਾਚਾ ਤੋਲਾ । ਸਾਚਾ ਤੋਲ ਹਰਿ ਤੋਲਣਹਾਰਾ । ਸੋਹੰ ਕੰਡਾ ਹੱਥ ਫੜ ਅਪਾਰਾ । ਵਿਚ ਨਵਖੰਡਾਂ ਹਰਿ ਰਿਹਾ ਵਿਚਾਰਾ । ਸਚ ਬ੍ਰਹਿਮੰਡ ਦਾ ਆਪ ਪਿਆਰਾ । ਆਪੇ ਪਾਉਂਦਾ ਜਾਏ ਵੰਡਾਂ, ਤੀਨ ਲੋਕ ਦਾ ਇਕ ਦਾਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਤੇਰਾ ਬਣੇ ਆਪ ਸਹਾਰਾ । ਹੋਇਆ ਸਹਾਈ ਘਰ ਸਾਚੇ ਆਣ । ਆਪ ਚੁਕਾਏ ਜਮ ਕੀ ਕਾਣ । ਗੁਰਮੁਖ ਸਾਚਾ ਲਿਆ ਪਛਾਣ । ਆਪ ਬਿਠਾਏ ਵਿਚ ਬਬਾਣ । ਗੁਰਸਿਖ ਕਾਹਨੀ ਤੇਰੇ ਲੱਗ ਜਾਣ । ਮਦਿਰਾ ਮਾਸੀ ਤੈਨੂੰ ਹੱਥ ਨਾ ਲਾਣ । ਸਤਿਜੁਗ ਤੇਰਾ ਸੱਚਾ ਇਹ ਨਿਸ਼ਾਨ । ਸਾਧਾਂ ਸੰਤਾਂ ਘਰ ਚਲਦੀ ਰਹੇ ਦੁਕਾਨ । ਸੋਹੰ ਸਾਚਾ ਸ਼ਬਦ ਸਾਚਾ ਵਜਣ ਕਰ ਘਰ ਲੈ ਜਾਣ । ਬੇਮੁਖਾਂ ਦੇਣਾ ਕਰਜ਼, ਧਰਮ ਰਾਏ ਅੱਧ ਵਿਚ ਅਟਕਾਣ । ਪ੍ਰਭ ਅਬਿਨਾਸ਼ੀ ਕਲਜੁਗ ਜੀਵਾਂ ਰਿਹਾ ਵਰਜ, ਨਾ ਭੁੱਲੋ ਜੀਵ ਨਿਧਾਨ । ਨਾ ਕੋਈ ਰਾਗ ਨਾ ਤਰਜ਼, ਸੋਹੰ ਸਾਚਾ ਰਸਨਾ ਗਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਰਸ਼ਨ ਦੇਣੇ ਆਣ । ਦੇਵੇ ਦਰਸ ਦੀਨ ਕਾ ਦਾਤਾ । ਸਰਬ ਜੀਆਂ ਕਾ ਆਪੇ ਗਿਆਤਾ । ਆਪੇ ਹੋਏ ਪਿਤ ਮਾਤਾ । ਨਾ ਕੋਈ ਭੈਣ ਨਾ ਭਰਾਤਾ । ਇਕ ਸਹਾਈ ਹਰਿ ਰਘੁਰਾਈ, ਸਰਬ ਜੀਆਂ ਕਾ ਪੁਰਖ ਬਿਧਾਤਾ । ਗੁਰਸਿਖਾਂ ਲੈ ਆਪਣੇ ਗਲ ਲਾਈ, ਨਾ ਕੋਈ ਪਛਾਣੇ ਜਾਤਾ ਪਾਤਾਂ । ਗੁਰ ਸੰਗਤ ਮਿਲ ਦਿਓ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਚਰਨ ਨਿਭਾਇਆ ਨਾਤਾ । ਚਰਨ ਨਾਤਾ ਦੀਆ ਬੰਨ੍ਹ । ਪ੍ਰਭ ਅਬਿਨਾਸ਼ੀ ਸਤਿਜੁਗ ਚੜ੍ਹਾਇਆ ਸਾਚਾ ਚੰਨ । ਹਰਿਆ ਹੋਇਆ ਸੁੱਕਾ ਵਿਚ ਮਾਤ ਦੇ ਤਨ । ਮਨਜੀਤ ਮਨ ਗਿਆ ਮੰਨ । ਗੁਰਸਿਖ ਸਾਚੇ ਸੰਤ ਜਨ, ਉਠ ਉਠ ਵੇਖਣ ਕਹਿਣ ਧੰਨ ਧੰਨ । ਵਿਚ ਗਗਨ ਆਪ ਟਿਕਾਏ, ਨਾ ਛਪਰੀ ਨਾ ਛੰਨ । ਪਹਿਰੇਦਾਰ ਆਪ ਹੋ ਜਾਏ, ਤੇਰੇ ਘਰ ਕੋਈ ਨਾ ਲਾਵੇ ਸੰਨ੍ਹ । ਹੋਕਾ ਦੇਵੇ ਸੋਹੰ ਅਵਾਜ਼ ਲਗਾਏ, ਸੁਣ ਲਓ ਸੰਤੋ ਖੋਲ੍ਹੋ ਕੰਨ । ਪਿਛਲੇ ਪਾਪਾਂ ਦਾਗ ਧਵਾਏ, ਅੱਗੇ ਧਰਮ ਰਾਏ ਨਾ ਲਾਏ ਡੰਨ । ਆਪਣੇ ਹੱਥ ਵਾਗ ਰਖਾਏ, ਕੋਈ ਰੱਖੇ ਨਾ ਮਨ ਵਿਚ ਜਨ । ਦਰਗਹਿ ਸਾਚੀ ਆਪ ਪੁਜਾਏ, ਚੌਦਾਂ ਲੋਕ ਪੈਰਾਂ ਥੱਲੇ ਭੰਨ । ਗੁਰਸਿਖ ਤੇਰਾ ਉਪਰ ਆਸਣ ਲਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਥੇ ਨਾ ਕੋਈ ਵਸਾਏ ਗੰਧਰਬ ਗਨ । ਗਣ ਗੰਧਰਬ ਨਾ ਕੋਈ ਜਾਏ । ਕਰੋੜ ਤੇਤੀਸ ਰਹੇ ਬਿਲਲਾਏ । ਸ਼ਿਵ ਸ਼ੰਕਰ ਬੈਠੇ ਹੇਠਾਂ ਤਾੜੀ ਲਾਏ । ਬ੍ਰਹਮਾ ਉਪਰ ਮੁਖ ਉਠਾਏ । ਦੋਏ ਜੋੜ ਕਰੇ ਪ੍ਰਨਾਏ । ਚਾਰ ਵੇਦ ਜਿਸ ਲਿਖਾਏ । ਪਹਿਲੇ ਨਾਰਦ ਮੁਨ ਸੁਣਾਏ । ਫੇਰ ਵਿਚ ਮਾਤ ਟਿਕਾਏ । ਛਤੀਸ ਰਾਗ ਸੰਗ ਲਿਆਏ । ਚੌਂਹੁ ਜੁਗਾਂ ਦਾ ਭੇਵ ਪ੍ਰਭ ਅਬਿਨਾਸ਼ੀ ਆਪੇ ਆਪ ਖੁਲ੍ਹਾਏ । ਕਲਜੁਗ ਅੰਤਮ ਅੰਤ ਆ ਗਿਆ, ਪ੍ਰਭ ਫੇਰ ਦਏ ਮਿਟਾਏ । ਹਰਿ ਸਾਚਾ ਵਕਤ ਸੁਹਾ

ਗਿਆ, ਨਿਹਕਲੰਕ ਕਲ ਜਾਮਾ ਪਾਏ । ਸੋਹੰ ਸਾਚਾ ਡੰਕ ਵਜਾ ਗਿਆ, ਚਾਰ ਕੁੰਟ ਦੇ ਸੁਣਾਏ । ਰਾਓ ਰੰਕ ਰੰਕ ਰਾਜਾਨ ਵਡ ਸੁਲਤਾਨ ਤਖ਼ਤ ਤਾਜ ਸਰਬ ਮਿਟਾਏ । ਨਾ ਕਿਸੇ ਦਿਸੇ ਸਾਜ ਬਾਜ, ਨਾ ਕੋਈ ਮਾਰੇ ਦਰ ਦਰਬਾਨ ਅਵਾਜ਼, ਪੈ ਜਾਏ ਚਾਰੋਂ ਤਰਫ ਭਾਜ, ਨਾ ਕੋਈ ਰੱਖੇ ਕਿਸੇ ਲਾਜ, ਆਪਣਾ ਭਾਣਾ ਹਰਿ ਵਰਤਾਏ । ਕਲਜੁਗ ਤੇਰੀ ਮਿੱਟੀ ਆਪਣੀ ਹੱਥੀਂ ਆਪ ਉਡਾਏ । ਆਪ ਉਡਾਏ ਤੇਰੀ ਧੂੜ । ਮਾਰੀ ਜਾਏ ਬੇਮੁਖ ਮੂੜ੍ਹ । ਰਾਜਿਆਂ ਰਾਣਿਆਂ ਤਾਈਂ ਪਾਉਂਦਾ ਜਾਏ ਜੂੜ । ਸ੍ਰਿਸ਼ਟ ਸਬਾਈ ਕੂੜੋ ਕੂੜ । ਗੁਰਸਿਖ ਸਾਚੇ ਸੰਤ ਜਨਾਂ ਆਤਮ ਰੰਗ ਚੜ੍ਹਾਈ ਜਾਂਦਾ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਸ਼ਬਦ ਸਰੂਪੀ ਏਕਾ ਬੂੜ । ਏਕਾ ਗੇੜਾ ਆਪ ਗਿੜਾਉਣਾ । ਸਾਚਾ ਲੇਖਾ ਹਰਿ ਲਿਖਾਉਣਾ । ਔਲੀਆ ਪੀਰ ਸ਼ੇਖ਼ ਸਰਬ ਮਿਟਾਉਣਾ । ਵੇਖ ਵੇਖ ਪ੍ਰਭ ਸਰਬ ਉਠਾਉਣਾ । ਕਲਜੁਗ ਝੂਠਾ ਕਰਦੇ ਭੇਖ, ਪ੍ਰਭ ਅਬਿਨਾਸ਼ੀ ਨਸ਼ਟ ਕਰਾਉਣਾ । ਗੁਰਸਿਖ ਨੇਤਰ ਲੈਣਾ ਪੇਖ, ਪ੍ਰਭ ਅੱਖੀਂ ਆਪ ਵਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਉਣਾ । ਵਰਤੇ ਭਾਣਾ ਚਲੇ ਤੀਰ । ਚਾਰੋਂ ਕੁੰਟ ਹੋਏ ਵਹੀਰ । ਰੋਂਦੇ ਫਿਰਨ ਔਲੀਏ ਗੌਂਸ ਵਡ ਪੀਰ । ਨਾ ਕੋਈ ਹੋਏ ਸਹਾਈ ਦਸਤਗੀਰ । ਚਾਰ ਯਾਰਾਂ ਸੰਗ ਮੁਹੰਮਦ ਨਾ ਕੋਈ ਦੇਵੇ ਧੀਰ । ਈਸਾ ਮੂਸਾ ਹੋਏ ਖਆਰੀ, ਪ੍ਰਭ ਅਬਿਨਸ਼ੀ ਤੋੜੀ ਹੱਡੀ ਰੀੜ । ਸਭ ਦੇ ਲੱਥੇ ਤਨ ਦੇ ਚੀਰ । ਉਤੇ ਲਿਖਤ ਆਈ ਭਾਰੀ, ਭੈਣਾਂ ਛੱਡਣ ਵੀਰ । ਨਾ ਕੋਈ ਕਿਸੇ ਕਰੇ ਕਾਰੀ, ਪ੍ਰਭ ਸੋਹੰ ਆਰੇ ਨਾਲ ਰਿਹਾ ਚੀਰ । ਨਾ ਕੋਈ ਦਾਰਾ ਸ਼ਾਹ ਸ਼ਿਕਾਰੀ, ਨਾ ਕੋਈ ਦੀਸੇ ਅਮੀਰ ਵਜ਼ੀਰ । ਭਾਣਾ ਵਰਤੇ ਕਲਜੁਗ ਤੇਰੀ ਅੰਤਮ ਵਾਰੀ, ਕਿਸੇ ਹੱਥ ਨਾ ਆਉਣਾ ਨੀਰ । ਲੁਕਦੇ ਫਿਰਨ ਬੇਮੁਖ ਝਾੜੀਂ, ਗੁਰਮੁਖਾਂ ਪਿਆਏ ਪ੍ਰਭ ਅੰਮ੍ਰਿਤ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਧੀਰ । ਦੇਵੇ ਧੀਰ ਭਗਤ ਭਗਵਾਨ । ਭੁੱਲ ਨਾ ਜਾਣਾ ਵਿਚ ਜਹਾਨ । ਨਾਮ ਸ਼ਬਦ ਸਚੀ ਖਾਣ । ਨਾ ਕੋਈ ਲੁੱਟੇ ਨਾ ਇਹ ਮੁੱਕੇ ਸੰਤ ਜਨਾਂ ਦਾ ਸਾਚਾ ਧਾਨ । ਦੋਈਂ ਜਹਾਨੀ ਨਾ ਚੋਗ ਨਿਖੁੱਟੇ, ਏਥੇ ਓਥੇ ਬੈਠੇ ਖਾਣ । ਬੇਮੁੱਖ ਜੀਵ ਜਾਇਣ ਲੁੱਟੇ, ਪੁੱਟੀ ਜਾਏ ਜੜ੍ਹ ਜਹਾਨ । ਧਰਮ ਰਾਏ ਫੜੇ ਫੜ ਕੁੱਟੇ, ਨਾ ਕੋਈ ਆਵੇ ਉਥੇ ਛੁਡਾਨ । ਅੰਧੀ ਡੂੰਘਰ ਵਹਿੰਦੀ ਧਾਰ ਫੜ ਫੜ ਵਿਚ ਸੁੱਟੇ, ਅਠਾਈ ਕੁੰਡ ਫਿਰ ਫਿਰ ਸਰਬ ਪਛਤਾਣ । ਗੁਰਸਿਖ ਸਾਚੇ ਪੀ ਅੰਮ੍ਰਿਤ ਪਹਿਲੀ ਘੁੱਟੇ, ਜਮਦੂਤ ਤੇਰੇ ਨੇੜੇ ਨਾ ਆਣ । ਕਲਜੁਗ ਜੀਵ ਪੈਰ ਪਸਾਰ ਸੁੱਤੇ, ਜਾਮਾ ਧਾਰੇ ਸ੍ਰੀ ਭਗਵਾਨ । ਮਦਿਰਾ ਮਾਸੀਆਂ ਮੂੰਹ ਚੱਟਦੇ ਰਹਿਣ ਕੁੱਤੇ, ਪ੍ਰਭ ਦੇਵੇ ਦਰ ਦੁਰਕਾਨ । ਰੰਡੀ ਨਾਰ ਜਿਉਂ ਖੁਲ੍ਹੇ ਗੁੱਤੇ, ਨਾ ਹੋਏ ਸੁਹਾਗਣ ਫੇਰ ਵਿਚ ਜਹਾਨ । ਪ੍ਰਭ ਅਬਿਨਾਸ਼ੀ ਪੁਰਖ ਅਚੁੱਤੇ, ਆਤਮ ਭੁੱਲ ਨਾ ਜੀਵ ਨਿਧਾਨ । ਹੰਸ ਨਾ ਰਹਿਣਾ ਇਸ ਝੂਠੇ ਬੁੱਤੇ, ਅੰਤ ਜੋਤੀ ਜੋਤ ਹਰਿ ਮੇਲ ਮਿਲਾਣ । ਸਚੇ ਹੱਲ ਪ੍ਰਭ ਸਾਚੇ ਜੁੱਤੇ, ਕਲਜੁਗ ਸਤਿਜੁਗ ਦੋਵੇਂ ਬੈਲ ਬਣ ਜਾਣ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚਾ ਹਾਲੀ ਬਣ ਜਾਏ ਆਣ । ਕਲਜੁਗ ਸਤਿਜੁਗ ਦੋਵੇਂ ਰਲਾਏ । ਆਪ ਆਪਣਾ ਹੱਲ ਬਣਾਏ । ਜੋਤ ਸਰੂਪੀ ਹਾਲੀ ਬਣ ਕੇ ਆਏ । ਚਾਰ ਕੁੰਟ ਦੇ ਵਿਚ ਫਿਰਾਏ । ਜਿਨ੍ਹਾਂ ਲੱਗੀ ਪਾਤਾਲੀ ਜੜ੍ਹ, ਆਪਣੀ ਹੱਥੀਂ ਆਪ ਉਖੜਾਏ । ਕਢਦੇ ਫਿਰਨ ਜੋ ਪ੍ਰਭ ਸਾਚੇ ਨੂੰ ਗਾਲੀ, ਡੀਲੇ ਵਾਂਗ ਮਾਰ ਠੁਡਾ ਪਰ੍ਹੇ ਹਟਾਏ । ਅੱਗੇ ਦਿਸੇ ਡੂੰਘੀ ਖਾਲੀ, ਧਰਮ ਰਾਏ ਜਿਥੇ ਸਵਾਏ । ਨਾ ਰੋਟੀ ਮਿਲਦੀ ਕਿਸੇ ਵਿਚ ਥਾਲੀ, ਦਾਨਾ ਅੰਨ ਹੱਥ ਨਾ ਆਏ । ਮਾਤ ਪਿਤਾ ਨੂੰ ਕੱਢਣ ਗਾਲੀਂ, ਕਿਉਂ ਨਾ

੩੪੬
੦੩

ਸਿੱਧੇ ਰਸਤੇ ਪਾਏ । ਧਰਮ ਰਾਏ ਘਰ ਹੋਈ ਸਾਡੀ ਚਾਲੀ, ਹੋਏ ਵਕੀਲ ਨਾ ਕੋਈ ਛੁਡਾਏ । ਸੁੰਞੇ ਰਹਿ ਗਏ ਮੰਦਰ ਖਾਲੀ, ਜਿਹੜੇ ਆਪਣੀ ਹੱਥੀਂ ਬਣਾਏ । ਨਾ ਕੋਈ ਧਨ ਨਾ ਚੱਲਿਆ ਮਾਲ ਮਾਲੀ, ਸਾਰੇ ਪੱਲੇ ਆਪਣੇ ਆਪ ਛੁਡਾਏ । ਸਾਚਾ ਨਾਮ ਨਾ ਮਿਲਿਆ ਸਾਚੀ ਡਾਲੀ, ਜੋ ਦਰਗਹਿ ਭੇਟ ਚੜ੍ਹਾਏ । ਰਿਹਾ ਭੁੱਲਾ ਵਿਚੋਂ ਜਗਤ ਜ਼ੰਜਾਲੀ, ਧਰਮ ਰਾਏ ਫੜ ਬਹਾਏ । ਅੱਗੇ ਜਾਣ ਨਹੀਂ ਦੇਂਦਾ ਦੋ ਜਹਾਨ ਵਾਲੀ, ਪਹਿਲਾ ਲੇਖਾ ਏਥੇ ਆਪ ਚੁਕਾਏ । ਗੁਰਸਿਖ ਸਾਚੇ ਮਾਰਨ ਛਾਲੀ, ਪ੍ਰਭ ਅਬਿਨਾਸ਼ੀ ਵਿਚ ਬਬਾਣ ਆਪ ਬਿਠਾਏ । ਆਪੇ ਬਣ ਜਾਏ ਸਾਚਾ ਪਾਲੀ, ਸੱਜੇ ਖੱਬੇ ਪਿੱਛੇ ਅੱਗੇ ਆਪ ਹੋ ਜਾਏ । ਨਾ ਕੋਈ ਮੰਗੇ ਕਿਸੇ ਦਲਾਲੀ, ਜੋ ਜਨ ਸੋਹੰ ਰਸਨਾ ਗਾਏ । ਆਪੇ ਹੋਏ ਪ੍ਰਭ ਰਖਵਾਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਗੇ ਲਏ ਪਰੋਏ । ਗੁਰਸਿਖ ਤੇਰਾ ਪ੍ਰਭ ਆਪ ਰਖਵਾਰਾ । ਆਪੇ ਲੈ ਜਾਏ ਗੋਦ ਉਠਾਏ ਵਿਚ ਚਰਨ ਦਵਾਰਾ । ਸਾਚੇ ਧਾਮ ਜਾ ਬਹਾਏ, ਜਿਥੇ ਰਹੇ ਅੱਠੇ ਪਹਿਰ ਰੁਸ਼ਨਾਏ, ਉਨੰਜਾ ਪਵਣ ਤੇਰੇ ਸੀਸ ਛਤਰ ਝੁਲਾਰਾ । ਦੂਸਰ ਉਥੇ ਕੋਈ ਨਾ ਜਾਏ, ਇਕ ਕਬੀਰ ਬੈਠਾ ਦਰ ਆਏ । ਦੂਜਾ ਮੰਗਣ ਗਿਆ ਨਾਨਕ ਦਰ ਤੇ, ਜਿਸ ਨੂੰ ਭਿਛਿਆ ਸਤਿ ਨਾਮ ਹਰਿ ਝੋਲੀ ਪਾਏ । ਸਾਚਾ ਨਾਮ ਵਸਤ ਸੰਭਾਲ ਵਿਚ ਮਾਤ ਦੇ ਆਏ । ਆਪੇ ਬਣਿਆ ਜਗਤ ਕੰਗਾਲ, ਸੱਚਾ ਮਾਲ ਧੰਨ ਖ਼ਜ਼ਾਨਾ, ਵਿਚ ਦੇਹੀ ਆਪ ਟਿਕਾਏ । ਲੈ, ਕੇ ਇਕ ਰਬਾਬ ਸਿਤਾਰ ਸੰਗ ਮਰਦਾਨਾ, ਚਾਰੇ ਕੁੰਟ ਸੁਣਾਉਂਦਾ ਜਾਏ । ਵੱਡਿਆਂ ਵਡਿਆਂ ਸ਼ਾਹ ਸੁਲਤਾਨਾਂ, ਫੜ ਫੜ ਰਾਹੇ ਪਾਉਂਦਾ ਜਾਏ । ਕਲਜੁਗ ਜੀਵਾਂ ਭੁੱਖਿਆਂ ਨੰਗਿਆਂ, ਅੰਮ੍ਰਿਤ ਘੁਟ ਪਿਆਉਂਦਾ ਜਾਏ । ਆਪੇ ਕਰੇ ਖੇਲ ਜਗਤ ਬਹੁ ਰੰਗੀਆਂ, ਪੀਸਨ ਆਪਣੀ ਹੱਥੀਂ ਆਪ ਪਿਸਾਉਂਦਾ ਜਾਏ । ਤੂਹੀ ਤੂਹੀ ਚਾਰੋਂ ਤਰਫ ਗਾਉਂਦਾ ਜਾਏ । ਇਕ ਵਜਾਏ ਨਾਲ ਸਿਤਾਰ ਨਿਰੰਕਾਰ ਨਿਰੰਕਾਰ ਧਿਆਉਂਦਾ ਜਾਏ । ਸਿੰਘ ਮਨਜੀਤ ਤੇਰੀ ਓਹੋ ਧਾਰ, ਚੁਤਾਲੀ ਬਰਸ ਗੁਰ ਨਾਨਕ ਜੋ ਕੰਧੇ ਨਾਲ ਉਠਾਉਂਦਾ ਜਾਏ । ਰਾਜਾ ਜਨਕ ਤਰੇਤਾ ਦਰਬਾਰ ਦੀ ਸਾਚੀ ਨਾਰ । ਗੁਰ ਨਾਨਕ ਦੀ ਸਾਚੀ ਸਿਤਾਰ । ਮਾਤਲੋਕ ਆਈ ਜਾਮਾ ਧਾਰ । ਨਿਹਕਲੰਕ ਲਏ ਅਵਤਾਰ । ਆਪੇ ਪਾਏ ਤੇਰੀ ਸਾਰ । ਨਾ ਕੋਈ ਕਿੱਲੀ ਨਾ ਕੋਈ ਤਾਰ । ਨਾ ਕਦੇ ਹੋਏ ਢਿੱਲੀ, ਨਾ ਸੱਦੀਏ ਕੋਈ ਸੁਨਿਆਰ । ਗੁਰ ਸੰਗਤ ਤੇਰੀ ਆਤਮ ਇਹਦੀ ਵਜਦੀ ਰਹੇ ਸਿਤਾਰ । ਦਿਵਸ ਰੈਣ ਅੱਠੇ ਪਹਿਰ ਕਰਦੇ ਰਹਿਣ ਵਿਚਾਰ । ਰਸਨਾ ਸਕੇ ਨਾ ਕਿਸੇ ਕਹਿਣ, ਪ੍ਰਭ ਕੀ ਵਰਤੇ ਵਰਤਾਰ । ਆਪੇ ਵੇਖੇ ਵੇਖ ਵਿਚਾਰੇ ਕਰਨਹਾਰ ਦਾਤਾਰ । ਭਵ ਸਾਗਰ ਤੋਂ ਪਾਰ ਉਤਾਰੇ, ਕਿਰਪਾ ਕਰ ਹਰਿ ਨਿਰੰਕਾਰ । ਆਪੇ ਲੈ ਜਾਏ ਸਚ ਦਵਾਰੇ, ਵਸਾਏ ਸਚ ਸੱਚੇ ਘਰ ਬਾਹਰ । ਜੋਤ ਸਰੂਪੀ ਮੇਲ ਮਿਲਾਏ, ਫੇਰ ਨਾ ਆਵੇ ਦੂਜੀ ਵਾਰ । ਸਾਚਾ ਹੁਕਮ ਫੇਰ ਸੁਣਾਏ, ਉਠ ਮਨਜੀਤ ਹੋ ਤਿਆਰ । ਵੇਲਾ ਅੰਤਮ ਕਲਜੁਗ ਆਣ ਚੁੱਕਿਆ, ਇੰਦਰ ਹੋਇਆ ਇੰਦਰਪੁਰੀ ਵਿਚੋਂ ਬਾਹਰ । ਜੁਗ ਚੌਥੇ ਦਾਣਾ ਪਾਣੀ ਉਹਦਾ ਮੁਕਿਆ, ਭੋਗੀ ਅਪਛਰਾਂ ਕਈ ਹਜ਼ਾਰ । ਵੇਲਾ ਅੰਤਮ ਆਣ ਢੁਕਿਆ, ਨਾ ਹੋਏ ਕੋਈ ਸਹਾਰ । ਗੌਤਮ ਰਿਖੀ ਜੋ ਮੂੰਹੋਂ ਥੁੱਕ ਥੁਕਿਆ, ਪੂਰਾ ਕਰੇ ਕਰਤਾਰ । ਨਾ ਕਿਸੇ ਸਕੇ ਰੋਕ ਰੁਕਿਆ, ਰਸਨਾ ਚਲੀ ਤੇਜ ਕਟਾਰ । ਬਾਲ ਅੰਞਾਣਾ ਆਪਣੀ ਹੱਥੀਂ ਚੁਕਿਆ, ਲੈ ਜਾਣਾ ਵਿਚ ਇੰਦਰ ਦਰਬਾਰ । ਉਠ ਉਠ ਜਾਗ ਅਨਭੋਲ ਸੁਤਿਆ, ਪ੍ਰਭ ਰਿਹਾ ਕਰਮ ਵਿਚਾਰ । ਛੱਡ ਕਲਜੁਗ ਅੰਤਮ ਆਪਣਾ ਘਰ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਵਿਚ ਮਾਤ ਆਇਆ ਜਾਮਾ ਧਾਰ । ਜਾਮਾ ਧਾਰ ਲਿਆ ਅਵਤਾਰਾ । ਆਪਣਾ


੩੪੭
੦੩

ਕਰੇ ਸਚ ਵਿਹਾਰਾ । ਪ੍ਰਭ ਸਾਚੇ ਦੀ ਸਾਚੀ ਕਾਰਾ । ਜੁਗੋ ਜੁਗ ਆਵੇ ਜਾਵੇ ਵਾਰੋ ਵਾਰਾ । ਨਰਾਇਣ ਨਰ ਨਿਹਕਲੰਕ ਅੰਤਮ ਆਵੇ ਕਲਜੁਗ, ਤਿੰਨ ਜੁਗ ਨਾ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣਾ ਵਰਤਾਰਾ । ਸਚ ਸਿੰਘਾਸਣ ਇੰਦਰ ਛੱਡ । ਇੰਦਰਾਪੁਰੀ ਵਿਚੋਂ ਹੋ ਜਾ ਅੱਡ । ਚੌਥੇ ਜੁਗ ਅੰਤਮ ਅੰਤ ਪ੍ਰਭ ਸਾਰਿਆਂ ਦੇਵੇ ਬਾਹਰ ਕੱਢ । ਗੁਰਮੁਖ ਸਾਚੇ ਸੰਤ ਜਨਾਂ, ਆਪਣੀ ਹੱਥੀਂ ਹਰਿ ਜਾਏ ਛੱਡ । ਅੱਠੇ ਪਹਿਰ ਸੰਗ ਰਹਾਏ, ਆਪ ਲਡਾਏ ਸਾਚਾ ਲਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਵਤਾਰ ਨਰ ਕਿਰਪਾ ਕਰ ਜੋਤ ਧਰ ਸਾਚੇ ਦਰ ਦੇਵੇ ਵਰ ਨਾ ਜਾਣਾ ਡਰ, ਕਲਜੁਗ ਜਾਣਾ ਤਰ, ਜੋਤ ਸਰੂਪੀ ਲਡਾਏ ਸਾਚਾ ਲਡ । ਸਚ ਤਖ਼ਤ ਬਹਾਇਆ ਸਚ ਸੁਲਤਾਨਾ । ਆਪ ਬੰਨ੍ਹਾਇਆ ਆਪਣੀ ਹੱਥੀਂ ਗਾਨਾ । ਸੱਤ ਮਹੀਨੇ ਤਿੰਨ ਦਿਨ ਮਾਤਲੋਕ ਦਾ ਸਚ ਨਿਸ਼ਾਨਾ । ਲੰਘਾਏ ਦਿਨ ਗਿਣ ਗਿਣ, ਵੇਲਾ ਆਏ ਜਲਦ ਜਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਸਚ ਦਰਬਾਰ ਧਰੇ ਸਿਰ ਤਾਜ । ਪੂਰ ਕਰਾਏ ਆਪਣੇ ਕਾਜ । ਗੁਰਸਿਖ ਸਾਚਾ ਇੰਦਰਪੁਰੀ ਬੈਠਾ ਤੇਰੀ ਪ੍ਰੀਤ ਗੁਰ ਚਰਨ ਜੁੜੀ ਕਰਦਾ ਰਹੇ ਰਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਸਿੰਘ ਮਨਜੀਤ ਤੇਰੀ ਲਾਜ । ਤੇਰੀ ਲਾਜ ਰੱਖੇ ਗੁਰਦੇਵਾ । ਕਰੋੜ ਤੇਤੀਸ ਤੇਰੀ ਸੇਵਾ । ਸੋਹੰ ਫੱਲ ਖਵਾਇਆ ਸਾਚਾ ਮੇਵਾ । ਦਿਵਸ ਰੈਣ ਜਪਾਈਂ ਰਸਨਾ ਜਿਹਵਾ । ਝੂਠੀ ਕਾਇਆ ਵਿਚ ਲਗਾਈ ਆਤਮ ਸਾਚਾ ਥੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਦਵਾਏ, ਆਣ ਸ਼ਾਨ ਰਖਾਏ, ਵਿਚ ਬਬਾਣ ਬਿਠਾਏ, ਬਿਰਥਾ ਜਾਏ ਨਾ ਤੇਰੀ ਸੇਵਾ । ਸਾਚਾ ਕਰਮ ਹਰਿ ਸਾਚੇ ਕੀਆ । ਨਿਰਮਲ ਕਰਾਏ ਗੁਰਸਿਖ ਜੀਆ । ਸਾਚਾ ਬੀਜ ਧੁਰ ਦਰਗਾਹੀ ਬੀਆ । ਕਰ ਆਪਣਾ ਆਪੇ ਹੀਆ । ਸਤਿਜੁਗ ਤੇਰੀ ਰਖਾਈ ਸਾਚੀ ਨੀਆ । ਨਾ ਕੋਈ ਰੋਵੇ ਨਾ ਕੋਈ ਕੁਰਲਾਵੇ, ਨਾ ਕੋਈ ਪਾਵੇ ਹਾਵੇ ਦਰ ਦਰ ਪੁੱਤਰ ਧੀਆਂ । ਨਾ ਰੋਵਣ ਕਰਨ ਸਿਆਪੇ, ਅੱਗੇ ਖਲੋਤਾ ਪ੍ਰਭ ਅਬਿਨਾਸ਼ੀ ਆਪੇ, ਜਿਸ ਕਾਰਨ ਸਾਚਾ ਕੀਆ । ਮਾਰੇ ਤੀਨੋ ਤਾਪੇ ਸਾਚੀ ਥਾਪਨਾ ਆਪੇ ਥਾਪੇ, ਸੋਹੰ ਜਪਾਏ ਸਾਚੇ ਜਾਪੇ, ਸਾਚਾ ਮੇਲ ਅੰਤਮ ਕੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਸੰਗਤ ਮੇਲ ਵਿਚ ਮਾਤ ਆਪੇ ਕੀਆ । ਗੁਰਸਿਖ ਦੀਆ ਬਲੀਦਾਨ । ਵਰਤੇ ਕਹਿਰ ਵਿਚ ਜਹਾਨ । ਸੱਤ ਦੀਪ ਨੌਂ ਖੰਡ ਵਿਚ ਵਰਭੰਡ ਸਰਬ ਕੁਰਲਾਨ । ਆਤਮ ਖੁਲ੍ਹੀ ਏਕਾ ਗੰਢ, ਸਾਚੀ ਵਸਤ ਆਪਣੀ ਆਪ ਗਵਾਨ । ਏਕਾ ਚਮਕੇ ਚੰਡ ਪ੍ਰਚੰਡ, ਪ੍ਰਭ ਪਾਏ ਆਪਣੀ ਵੰਡ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਚੰਡੀ ਚਮਕੇ ਵਿਚ ਸੰਸਾਰ । ਸੋਹੰ ਸ਼ਬਦ ਖੰਡਾ ਦੋ ਧਾਰ । ਪੈ ਜਾਏ ਇਕ ਵੰਡ ਸਾਰੇ ਸੰਸਾਰ । ਸ਼ਬਦ ਡੰਡਾ ਪ੍ਰਭ ਮਗਰ ਲਗਾਇਆ ਭਾਰ । ਰੋਦੀਆਂ ਫਿਰਨ ਨਾਰਾਂ ਰੰਡਾਂ, ਨਾ ਕੋਈ ਦਿਸੇ ਸੁਹਾਗਣ ਨਾ ਮਿਲੇ ਕੋਈ ਭਤਾਰ । ਬੇਮੁਖ ਵਢਾਉਂਦੇ ਜਾਣ ਕੰਡਾਂ, ਛੱਡ ਜਾਣ ਘਰ ਬਾਹਰ । ਗੁਰਮੁਖ ਸਾਚੇ ਸੰਤ ਜਨ ਆਤਮ ਪਾਉਂਦੇ ਜਾਣ ਠੰਡਾਂ, ਪ੍ਰਭ ਅੰਮ੍ਰਿਤ ਬਖ਼ਸ਼ੇ ਆਤਮ ਸਾਚੀ ਧਾਰ । ਕਲਜੁਗ ਅੰਤਮ ਜੋ ਕਰਦੇ ਰਹੇ ਪਖੰਡਾ, ਭੋਗਦੇ ਰਹੇ ਵੇਸਵਾ ਨਾਰ । ਅੰਤਮ ਹੋਏ ਖੰਡ ਖੰਡਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੀਰ ਕਰੇ ਦੋ ਫਾੜ । ਆਪੇ ਚੀਰੇ ਚੀਰ ਚਿਰਾਏ । ਸ੍ਰਿਸ਼ਟ ਸਬਾਈ ਵਹੀਰ ਕਰਾਏ । ਜਗਤ ਧੀਰ ਨਾ ਕੋਈ ਰਹਾਏ । ਦੇਵੀਆਂ ਦੇਵਤ ਪੀਰ ਫ਼ਕੀਰ ਰਹੇ ਧਿਆਏ । ਵੇਦ ਪੁਰਾਨ ਸ਼ਾਸਤਰ ਸਿਮਰਤ ਕੁਰਾਨ ਅੰਜ਼ੀਲ ਨਾ ਹੋਏ ਸਹਾਏ । ਖਾਣੀ ਬਾਣੀ ਗਗਨ ਪਤਾਲੀ

ਜੀਆਂ ਜੰਤਾਂ ਸਾਚੀ ਰਾਣੀ ਨਾ ਲੇਵੇ ਅੰਤ ਬਚਾਏ । ਅੱਠ ਸੱਠ ਤੀਰਥ ਮੜ੍ਹੀ ਮਸਾਣੀ ਸਭ ਗਏ ਮੁਖ ਭਵਾਏ । ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਮਿਟੇ ਨਿਸ਼ਾਨੀ । ਜੋਤ ਸਰੂਪੀ ਪ੍ਰਭ ਜਾਮਾ ਧਾਰੇ ਮਾਝੇ ਦੇਸਾ, ਇਹੋ ਮਾਤ ਸਚ ਟਿਕਾਨੀ । ਘਨਕਪੁਰ ਵਾਸੀ ਹਰਿ ਕਰੇ ਵੇਸਾ, ਨਾ ਕੋਈ ਜਾਣੇ ਬ੍ਰਹਮ ਗਿਆਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣੀ । ਮਾਝੇ ਦੇਸ ਜਾਮਾ ਧਾਰਿਆ । ਪ੍ਰਗਟ ਹੋਇਆ ਨਰ ਅਵਤਾਰਿਆ । ਗੁਰਸਿਖ ਸੋਏ ਆਪ ਜਗਾ ਰਿਹਾ । ਬੇਮੁੱਖ ਗੂੜ੍ਹੀ ਨੀਂਦ ਸੁਆ ਰਿਹਾ । ਦੁੱਖ ਭੁੱਖ ਰੋਗ ਸਰਬ ਮਿਟਾ ਰਿਹਾ । ਆਤਮ ਸੁਖ ਆਪ ਉਪਜਾ ਰਿਹਾ । ਅੰਮ੍ਰਿਤ ਸਾਚਾ ਮੁਖ ਚਵਾ ਰਿਹਾ । ਕਵਲ ਨਾਭ ਆਪ ਉਲਟਾ ਰਿਹਾ । ਬੂੰਦ ਸਵਾਂਤੀ ਵਿਚ ਟਿਕਾ ਰਿਹਾ । ਬੈਠਾ ਵਿਚ ਇਕਾਂਤੀ, ਆਪਣਾ ਭੇਵ ਆਪ ਖੁਲ੍ਹਾ ਰਿਹਾ । ਵੇਖੇ ਅੰਦਰ ਮਾਰ ਝਾਤੀ, ਤਾਕੀ ਆਪਣੀ ਹੱਥੀਂ ਲਾਹ ਰਿਹਾ । ਗੁਰਸਿਖ ਲੇਖਾ ਰਹੇ ਨਾ ਬਾਕੀ, ਲਹਿਣਾ ਆਪ ਚੁਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਗਹਿਣਾ ਗੁਰਸਿਖਾਂ ਤਨ ਪਹਿਨਾ ਰਿਹਾ ।

### ❊ ੧੭ ਮੱਘਰ ੨੦੧੦ ਬਿਕ੍ਰਮੀ ਠਾਕਰ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ । ਸਤਿਜੁਗ ਵਾਲੀ ਸਤਿਗੁਰ ਸ਼ਬਦ ਦੀ ਜੈ । ਕਾਕਾ ਮਨਜੀਤ ਸਿੰਘ ਦੋਆਂ ਦੇ ਚਰਨਾਂ ਹੇਠਾਂ ਬੈਠਾ ਰਹਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਮਾਣ ਸਾਚਾ ਦਏ । ਸਾਚਾ ਮਾਣ ਚਰਨ ਗੁਰ ਦੇਣਾ । ਗੁਰ ਸੰਗਤ ਮੰਨਣਾ ਪ੍ਰਭ ਸਾਚੇ ਦਾ ਸਾਚਾ ਕਹਿਣਾ । ਭਰਮ ਭੁਲੇਖਾ ਵਿਚ ਨਾ ਰਹਿਣਾ । ਅੰਦਰ ਵੜ ਮਾਰ ਦੜ ਕਿਸੇ ਨਾ ਬਹਿਣਾ । ਬਾਲ ਅੰਞਾਣੇ ਤਨ ਮਨ ਸਾਚਾ ਧਨ ਧਰਿਆ ਗਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੁਕਾਏ ਲਹਿਣਾ ਦੇਣਾ । ਲਹਿਣਾ ਦੇਣਾ ਆਪ ਚੁਕਾਏ । ਸਚ ਹਿਸਾਬ ਵਿਚ ਮਾਤ ਕਰਾਏ । ਸੱਚੀ ਕਿਤਾਬ ਵਿਚ ਰਿਹਾ ਲਿਖਾਏ । ਨਾ ਕੋਈ ਅਜ਼ਾਬ ਨਾ ਦੁੱਖ ਉਠਾਏ । ਪੂਰ ਕਰਾਏ ਕਾਜ, ਤੇਰੇ ਨਾਵੇਂ ਸਾਚਾ ਧਾਮ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਮੰਦਰ ਦੇ ਵਿਚ ਟਿਕਾਏ । ਤੇਰਾ ਰੂਪ ਅਗੰਮ ਕਰਮ ਅਪਾਰ ਹੈ । ਸਚ ਤੇਰਾ ਧਰਮ ਵਿਚ ਸੰਸਾਰ ਹੈ । ਸ੍ਰਿਸ਼ਟ ਸਬਾਈ ਰਹੀ ਝੱਖ ਮਾਰ ਹੈ । ਕਲਜੁਗ ਜੀਵ ਭੁੱਲੇ ਸਰਬ ਗਵਾਰ ਹੈ । ਭਰਿਆ ਆਤਮ ਇਕ ਹੰਕਾਰ ਹੈ । ਘਰ ਸਾਚੇ ਵਿਚੋਂ ਹੋਏ ਬਾਹਰ ਹੈ । ਨਾ ਕੋਈ ਦਰ ਨਾ ਦਵਾਰ ਹੈ । ਭੌਂਦੇ ਫਿਰਨ ਕਰਨ ਹਾਹਾਕਾਰ ਹੈ । ਬਿਨ ਗੁਰ ਪੂਰੇ ਕਵਣ ਪਾਵੇ ਸਾਰ ਹੈ । ਨਾ ਹੋਵਣ ਕਾਰਜ ਪੂਰੇ, ਦਰਗਹਿ ਪੈਂਦੀ ਸਾਚੀ ਮਾਰ ਹੈ । ਸਾਚੇ ਕੰਮ ਰਹਿਣ ਹਦੂਰੇ, ਪੱਲੇ ਨਾਮ ਨਾ ਇਕ ਕਰਤਾਰ ਹੈ । ਧਰਮ ਰਾਏ ਦਰ ਜਾਇਣ ਜੂੜੇ, ਅੱਗੇ ਲੰਘਣਾ ਬੜਾ ਭਾਰ ਹੈ । ਗੁਰਸਿਖ ਸਾਚੇ ਸੰਤ ਜਨ ਝੂਲਣ ਨਾਮ ਪੰਘੂੜੇ, ਗੁਰਸਿਖ ਤੇਰੇ ਗਲ ਫੂਲਣ ਮਾਲਾ ਏਕਾ ਰਾਹ ਕਲੀਰੇ ਲਟਕਾਰ ਹੈ । ਮੁਖ ਲਾਇਆ ਸ਼ਬਦ ਸਾਚਾ ਸਗਨ, ਆਪਣੀ ਹੱਥੀਂ ਅੰਮ੍ਰਿਤ ਦਿਤਾ ਉਤੋਂ ਵਾਰ ਹੈ । ਤੇਰੇ ਨਾਮ ਦੀਪਕ ਘਰ ਘਰ ਜਗਣ, ਰਸਨਾ ਗਾਉਂਦਾ ਰਹੇ ਸੰਸਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਖੜਾ ਰਹੇ ਤੇਰੇ ਦਰ ਦਵਾਰ ਹੈ । ਜਗਤ ਦਵਾਰਾ ਇਕੋ ਰੱਖ । ਸ੍ਰਿਸ਼ਟ ਸਬਾਈ ਕੀਨੀ ਵੱਖ । ਮੁੱਲ ਕੋਈ ਨਾ ਪਾਏ, ਨਾ ਕੋਈ ਚੁਕਾਏ ਕਰੋੜ ਲੱਖ । ਪੂਰਨ ਆਸ ਸਰਬ

੩੪੯ ੦੩

ਕਰਾਏ ਤੇਰੇ ਦਰ ਆਏ ਨੀਵਾਂ ਹੋਏ ਭੇਟ ਚੜ੍ਹਾਏ ਫੁੱਲ ਕੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਲਏ ਰੱਖ । ਏਥੇ ਓਥੇ ਤੇਰਾ ਸਹਾਰਾ । ਆਪ ਬਣਾਏ ਤੇਰਾ ਇਕ ਸੱਚਾ ਦਰਬਾਰਾ । ਖਰਚ ਲਗਾਏ ਉਪਰ ਪੰਜਾਹ ਹਜ਼ਾਰਾ । ਆਪਣੀ ਹੱਥੀਂ ਨੀਂਹ ਰਖਾਏ ਸਿੰਘ ਮਨਜੀਤ ਤੇਰੀ ਭਸਮ ਲਗਾਏ ਗਾਰਾ । ਸਾਚਾ ਕਰਮ ਆਪ ਕਮਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਬਣਾਏ ਤੇਰਾ ਸਚ ਸੱਚਾ ਘਰ ਬਾਹਰਾ । ਸਚ ਘਰ ਬਾਹਰ ਆਪ ਬਣਾਉਣਾ । ਜੋਤ ਸਰੂਪੀ ਦੀਪ ਜਗਾਉਣਾ । ਸਾਚਾ ਸੁੱਤ ਪਾਰਬ੍ਰਹਮ ਅਚੁਤ ਆਪਣੀ ਹੱਥੀਂ ਵਿਚ ਟਿਕਾਉਣਾ । ਬੇਮੁਖਾਂ ਵੱਢੇ ਨੱਕ ਗੁੱਤ, ਦਰ ਦਰ ਫਿਰਾਉਣਾ । ਸਾਚੇ ਦਰ ਤੋਂ ਕੱਢੇ ਕੁੱਟ, ਪਿਛੇ ਮੂਲ ਨਾ ਕਿਸੇ ਪਰਤਾਉਣਾ । ਸਾਚਾ ਲਾਹਾ ਗੁਰਸਿਖ ਸਾਚੇ ਲੈਣ ਲੁੱਟ, ਅੰਮ੍ਰਿਤ ਪ੍ਰਭ ਸਾਚੇ ਆਪਣੀ ਹੱਥੀਂ ਆਪ ਪਿਲਾਉਂਣਾ । ਸ਼ਬਦ ਤੀਰ ਜ਼ਬਾਨੋ ਗਿਆ ਛੁੱਟ, ਰਾਜੇ ਰਾਣੇ ਨਾ ਕਿਸੇ ਅਟਕਾਉਣਾ । ਆਪੇ ਪਾਵੇ ਘਰ ਘਰ ਫੁੱਟ, ਭਾਣਾ ਵਿਚ ਸੰਸਾਰ ਵਰਤਾਉਣਾ । ਗੁਰਮੁਖ ਤੇਰੇ ਭੰਡਾਰੇ ਸਦਾ ਅਤੁਟ, ਚਾਰ ਵਰਨ ਤੇਰੇ ਦਰ ਤੇ ਆਉਣਾ । ਦਾਣਾ ਪਾਣੀ ਵਿਚੋਂ ਮਾਤ ਗਿਆ ਨਿਖੁੱਟ, ਸਾਚੀ ਦਰਗਹਿ ਵਿਚ ਬਹਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਸਦਾ ਸੁਰਜੀਤ ਵਿਚ ਸੰਸਾਰ ਰਖਾਉਣਾ । ਵਿਚ ਸੰਸਾਰ ਤੇਰਾ ਨਾਂ । ਗਾਉਂਦੇ ਫਿਰਨ ਥਾਂ ਥਾਂ । ਸੀਸ ਨਿਵਾਏ ਕਲਜੁਗ ਖਾਲੀ ਗੋਦ ਜਿਸ ਮਾਂ । ਜਿਨ੍ਹਾਂ ਘਰ ਨਾ ਹੋਵੇ ਬਾਲ, ਉਨ੍ਹਾਂ ਮਿਲੇ ਤੇਰੀ ਛਾਂ । ਸਾਚਾ ਦਾਨ ਦੀਆ ਗੁਰ ਪੂਰੇ । ਬਾਲ ਅੰਞਾਣੇ ਵਡ ਸੂਰਬੀਰੇ । ਪੂਰ ਕਰਾਏ ਧੀਰੇ ਧੀਰੇ । ਸਰ ਬਣਾਏ ਅੰਮ੍ਰਿਤ ਸਾਚੇ ਨੀਰੇ । ਚਾਰੋਂ ਤਰਫ ਜੱਤ ਤਤ ਦੀ ਆਪ ਲਗਾਏ ਲਕੀਰੇ । ਏਕਾ ਚਿੱਟਾ ਬਾਣਾ ਸਿਰ ਸਾਚਾ ਸ਼ਬਦ ਬੰਨ੍ਹਾਏ ਸਿਰ ਤੇ ਚੀਰੇ । ਨਾ ਕੋਈ ਮਾਰੇ ਅਸਤਰ ਸ਼ਸਤਰ, ਪੀ ਅੰਮ੍ਰਿਤ ਸਾਚਾ ਸੀਰੇ । ਕਿਆ ਕੋਈ ਪਛਾਣੇ ਸੁਘੜ ਚਤੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਗੁਰਸਿਖ ਇਕ ਦੂਜੇ ਦੇ ਸਾਚੇ ਵੀਰੇ । ਨਾ ਸਿਖਿਆ ਦੇਵੇ ਬਾਲ, ਨਾਮ ਵਸਤ ਰੱਖਣੀ ਸੰਭਾਲ । ਕਲਜੁਗ ਅੰਤਮ ਨਾ ਹੋਇਆ ਕੰਗਾਲ । ਤਿੰਨਾਂ ਜੁਗਾਂ ਦੀ ਨਿਭ ਗਈ ਨਾਲ । ਤਰੇਤਾ ਰਾਜੇ ਜਨਕ ਘਰ ਅੱਜ ਪੂਰੀ ਹੋਈ ਘਾਲ । ਵਸਿਆ ਆਪਣੇ ਸਾਚੇ ਘਰ, ਹੋਇਆ ਸਵਾਸ ਸੁਖਾਲ । ਖੁਲ੍ਹਿਆ ਮੇਰਾ ਸਾਚਾ ਦਰ, ਟੁੱਟਿਆ ਜਗਤ ਜੰਜਾਲ । ਪ੍ਰਭ ਅਬਿਨਾਸ਼ੀ ਲਿਆ ਵਰ, ਪਹਿਲੀ ਮਾਰੀ ਇਕੋ ਛਾਲ । ਅੰਮ੍ਰਿਤ ਨਾਤਾ ਸਾਚੇ ਸਰ, ਆਪ ਸੁਹਾਇਆ ਆਤਮ ਸਾਚਾ ਤਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭ ਗਈ ਨਾਲ । ਚਰਨ ਪ੍ਰੀਤੀ ਸੇਵ ਕਮਾਈ । ਸਾਚੀ ਰੀਤਹ ਜਗਤ ਚਲਾਈ । ਆਤਮ ਅਤੀਤੀ ਇਕ ਰਖਾਈ । ਕਾਇਆ ਹੋਈ ਸੀਤਲ ਸੀਤੀ, ਤ੍ਰਿਖਾ ਅਗਨ ਬੁਝਾਈ । ਮਨਜੀਤ ਸਿੰਘ ਗਿਆ ਜਗ ਜੀਤ, ਵਿਚ ਜੋਤੀ ਮੇਲ ਮਿਲਾਈ । ਸਾਰੇ ਰਲ ਮਿਲ ਸੰਤ ਜਨੋ, ਪੂਰੇ ਗੁਰ ਨੂੰ ਦਿਓ ਵਧਾਈ । ਰਸਨਾ ਗਾਓ ਧੰਨ ਧੰਨੋ, ਸਤਿਜੁਗ ਸਾਚੀ ਬਣਤ ਬਣਾਈ । ਝੂਠਾ ਮੋਹ ਜਾਲ ਜਗਤ ਤਿਆਗੋ ਮਨ ਤਨੋ, ਰਾਖੋ ਗੁਰ ਚਰਨ ਸਰਨਾਈ । ਸਾਚਾ ਸੁਣੋ ਸ਼ਬਦ ਕੰਨੋ, ਸਿੱਖ ਦੇ ਰਿਹਾ ਸਮਝਾਈ । ਆਪਣਾ ਬੇੜਾ ਆਪੇ ਬੰਨ੍ਹੋ, ਸੋਹੰ ਰਸਨਾ ਗਾਈ । ਸਤਿਜੁਗ ਦੇ ਸਾਚੇ ਚੰਨ ਚੰਨੋ, ਕਰੋ ਮਾਤ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈ । ਕਿਸੇ ਜੀਵ ਭੇਵ ਨਾ ਪਾਇਆ । ਕਰੇ ਕਰਾਏ ਜੁਗੋ ਜੁਗ ਆਪੇ ਆਪ ਰਘੁਰਾਇਆ । ਆਪੇ ਤੋੜੇ ਆਪੇ ਜੋੜੇ, ਆਪ ਚੜ੍ਹਾਏ ਸ਼ਬਦ ਘੋੜੇ, ਵਾਗ ਆਪਣੇ ਹੱਥ ਰਖਾਇਆ । ਗੁਰਮੁਖ ਸਾਚਾ ਘਰ ਸਾਚਾ ਲੋੜੇ, ਨਾਰ

੩੫੦ ੦੩

ਸੁਹਾਗਣ ਹਰਿ ਜੀ ਸਾਚਾ ਘਰ ਵਿਆਹਵਣ ਆਇਆ । ਸੰਤ ਜਨਾਂ ਮਿਲ ਮੰਗਲ ਗਾਇਆ । ਸੋਲਾਂ ਮੱਘਰ ਕਾਜ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੇ ਰਲ ਮਿਲ ਦਿਓ ਵਧਾਇਆ । ਸਾਚੇ ਘਰ ਵਜਦੀ ਰਹੇ ਵਧਾਈ । ਗੁਰਸਿਖ ਗਾਉਂਦੇ ਰਹਿਣ ਚਾਈਂ ਚਾਈਂ । ਸਿੰਘ ਮਨਜੀਤ ਜੋਤ ਸਰੂਪ ਜਾਈਂ ਸਭਨੀ ਥਾਈਂ । ਪਾਲ ਸਿੰਘ ਨੂੰ ਸੰਗ ਰਲਾਈਂ । ਉਂਗਲੀ ਫੜ ਕੇ ਭੱਜਾ ਜਾਈਂ । ਗੁਰ ਤੇਗ ਬਹਾਦਰ ਦੀ ਤ੍ਰਿਖਾ ਬੁਝਾਈਂ । ਪਾਲ ਸਿੰਘ ਨਾਂ ਰਖਾ ਕੇ ਕਲਜੁਗ ਫੇਰਾ ਪਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਏਕਾ ਧਾਮ ਰਿਹਾ ਸਾਚਾ ਮੇਲ ਮਿਲਾਈਂ । ਗੁਰ ਪੂਰਾ ਮੇਲ ਮਿਲਾਇੰਦਾ । ਜੋਤ ਸਰੂਪੀ ਖੇਲ ਰਚਾਇੰਦਾ । ਜੋਤ ਸਰੂਪੀ ਦਰਸ ਦਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਇੰਦਾ । ਵਰਤੇ ਚਾਲ ਜਗਤ ਨਿਰਾਲੀ । ਕੋਇ ਕੁੰਟ ਨਾ ਰਹੇ ਖਾਲੀ । ਕਿਸੇ ਫੱਲ ਨਾ ਰਹੇ ਡਾਲੀ । ਕਿਸੇ ਮੁਖ ਨਾ ਰਹੇ ਲਾਲੀ । ਕਿਸੇ ਕੁੱਖ ਨਾ ਰਹੇ ਬਾਲੀ । ਕਲਜੁਗ ਹੋਣਾ ਭੱਖ ਨਾ ਕੋਈ ਰਹੇ ਖਾਲੀ । ਅੰਤਮ ਕਲ ਆਪ ਦਲਾਏ ਜਿਉਂ ਦੋਫਾੜੀ ਦਾਲੀ । ਗੁਰਮੁਖ ਸਾਚੇ ਸੰਤ ਜਨਾਂ ਆਤਮ ਜੋਤ ਜਗਾਏ ਜਿਉਂ ਦੀਪਕ ਜਗੇ ਦੀਵਾਲੀ । ਆਤਮ ਅੰਧੇਰ ਸਰਬ ਮਿਟਾਏ, ਮਿਟ ਜਾਏ ਕਲਜੁਗ ਤੇਰੀ ਘਟਾ ਕਾਲੀ । ਗੁਰਸਿਖਾਂ ਹਰਿ ਜੋਤ ਸਰੂਪੀ ਤਨਕ ਲਗਾਏ, ਨਾ ਕੋਈ ਮੰਗੇ ਵਿਚ ਦਲਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰ ਨਿਹਕਲੰਕ ਨਰਾਇਣ ਨਰ ਅਵਤਾਰ ਕੋਈ ਨਾ ਰਹੇ ਖਾਲੀ । ਖਾਲੀ ਕੋਈ ਨਾ ਰਹਿਣਾ । ਮਿਲ ਸੰਗਤ ਵਿਚ ਜਿਸ ਬਹਿਣਾ । ਝੂਠੇ ਤਜਦੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣਾ । ਪ੍ਰਭ ਆਪੇ ਪਰਦੇ ਕੱਜ ਦਏ, ਸੋਹੰ ਸ਼ਬਦ ਪਹਿਨਾਏ ਗਹਿਣਾ । ਜੋ ਗਜਦੇ ਕਦੇ ਨਾ ਵਰਦੇ, ਝੂਠਾ ਭੇਖ ਵਿਚ ਜਗਤ ਨਾ ਰਹਿਣਾ । ਗੁਰਸਿਖ ਗੁਰ ਸੰਗਤ ਮਿਲ ਗੁਰ ਚਰਨ ਤੇ ਸਜਦੇ, ਸਾਚੀ ਸਿਖਿਆ ਭਾਈ ਬਣ ਬਣ ਬਹਿਣਾ । ਜਿਹੜੇ ਘੜੇ ਸੋ ਅੰਤਮ ਭੱਜਦੇ, ਸਾਬਤ ਕੋਈ ਮਾਤ ਨਾ ਰਹਿਣਾ । ਤਾਲ ਦੋਵੀਂ ਹੱਥੀਂ ਵੱਜਦੇ, ਗੁਰਸਿਖ ਗੁਰ ਦੂਰ ਦੂਰ ਨਾ ਰਹਿਣਾ । ਕੋਟਨ ਕੋਟ ਸੰਤ ਜਨ ਪਏ ਲੱਭਦੇ, ਪ੍ਰਭ ਵੇਖਣ ਚਾਰ ਚੁਫੇਰੇ ਕਿਹੜੀ ਗੁੱਠੇ ਬਹਿਣਾ । ਕਈ ਸਿਰ ਪੈਰਾਂ ਹੇਠ ਰੱਖਦੇ, ਅੱਠੇ ਪਹਿਰ ਮੂੰਹ ਦੇ ਭਾਰ ਰਹਿਣਾ । ਗੁਰਸਿਖ ਪਾਓ ਹਰਿ ਸਜਦੇ, ਸੋਹੰ ਰਸਨਾ ਕਹਿਣਾ । ਏਕਾ ਰੰਗ ਚੜ੍ਹਾਏ ਤਨ ਡੱਬ ਤੇ, ਲਲਾਰੀ ਹੋਰ ਸੰਸਾਰ ਵਿਚ ਕੋਈ ਨਾ ਰਹਿਣਾ । ਬੇਮੁੱਖ ਬਹਿ ਜਾਣ ਵਾਂਗ ਝੱਗ ਦੇ, ਸੋਹੰ ਸ਼ਬਦ ਜਦੋਂ ਵਹਿਣਾ । ਤੰਦੂਰ ਤਪ ਜਾਣ ਕਾਇਆ ਅੱਗ ਦੇ, ਭਾਣਾ ਔਖਾ ਹੋ ਜਾਏ ਸਹਿਣਾ । ਵੇਖੋ ਕਲਜੁਗ ਜੀਵ ਦਗਦੇ, ਪ੍ਰਭ ਵਖਾਏ ਸਾਚੇ ਨੈਣਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਸਾਚੇ ਦਰ ਤੇ ਮਿਲ ਮਿਲ ਬਹਿਣਾ । ਸਾਰੇ ਮਿਲ ਕੇ ਜਾਣਾ ਬਹਿ । ਆਪਸ ਵਿਚ ਨਾ ਮਰਨਾ ਖਹਿ ਖਹਿ । ਸ੍ਰਿਸ਼ਟ ਸਬਾਈ ਪ੍ਰਭ ਆਪੇ ਗਾਹੇ ਏਕਾ ਗਹਿ । ਗੁਰਮੁਖ ਵਿਰਲਾ ਵਿਚ ਮਾਤ ਦੇ ਰਹਿ । ਜੋਤ ਸਰੂਪੀ ਜੋਤ ਹਰਿ, ਸਦਾ ਸਦਾ ਨਿਰਭੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਸਾਚੇ ਸੰਤ ਜਨਾਂ ਚਾਰ ਕੁੰਟ ਕਰਾਏ ਜੈ ਜੈ ਜੈ । ਸੰਤ ਜਨਾਂ ਹੋਏ ਜੈਕਾਰਾ । ਸੋਹੰ ਸ਼ਬਦ ਚਲੇ ਅਪਰ ਅਪਾਰਾ । ਜਿਸ ਦੀਆਂ ਤਿਖੀਆਂ ਦੋਵੇਂ ਧਾਰਾਂ । ਗੁਰਮੁਖਾਂ ਲਾਏ ਪਾਰ, ਬੇਮੁਖਾਂ ਕਰਦਾ ਜਾਏ ਖੁਆਰਾ । ਸ੍ਰਿਸ਼ਟ ਸਬਾਈ ਹੋਏ ਦੋ ਫਾੜ, ਸਿਰ ਧਰਿਆ ਸਾਚਾ ਆਰਾ । ਕਲਜੁਗ ਸਤਿਜੁਗ ਦੋਵੇਂ ਖਿਚਣ ਵਾਰੋ ਵਾਰਾ । ਕਲਜੁਗ ਪਾਪੀ ਹੋਇਆ ਹੌਲਾ, ਸਤਿਜੁਗ ਰਹਿ ਗਿਆ ਭਾਰਾ । ਅੱਗੋਂ ਖਿੱਚੇ ਉਤੋਂ ਮਾਰੇ, ਕਲਜੁਗ ਡਿੱਗੇ


੩੫੧ ੦੩

ਮੂੰਹ ਦੇ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰਾ । ਕਲਜੁਗ ਡਿੱਗਾ ਮੂੰਹ ਦੇ ਭਾਰ । ਨਾ ਕੋਇ ਉਠਾਏ ਨਾ ਦੇਵੇ ਕੋਈ ਸਹਾਰ । ਸਤਿਜੁਗ ਸਾਚਾ ਉਪਰ ਮਾਰੇ ਛਾਲ । ਆਪਣੀ ਕਰਨੀ ਆਪੇ ਭਰ, ਹੁਣ ਕਿਉਂ ਹੋਇਓਂ ਸ੍ਰਿਸ਼ਟ ਬੇਹਾਲ । ਧੁਰਦਰਗਾਹੀ ਮੈਨੂੰ ਮਿਲਿਆ ਵਰ, ਤੇਰਾ ਤੋੜਾਂ ਜਗਤ ਜੰਜਾਲ । ਹੁਣ ਨਾ ਕੋਈ ਜਾਏ ਛਲਿਆ, ਨਾ ਤੇਰੀ ਗਲਣੀ ਦਾਲ । ਸੂਰਜ ਤੇਰਾ ਕਲਜੁਗ ਅੰਤਮ ਢਲਿਆ, ਨਾ ਰਿਹਾ ਸਚ ਰਵਾਲ । ਜੂਠੇ ਝੂਠੇ ਮਾਇਆ ਲੂਠੇ ਲੂਣ ਦੇ ਡਲਿਆ, ਖਰ ਖਰ ਹੱਡ ਮਾਸ ਹੋਇਆ ਵਿਚੋਂ ਖਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਕਰਾਇਆ ਆਪਣੀ ਹੱਥੀਂ ਕਾਲ । ਕਲਜੁਗ ਹੇਠਾਂ ਪਿਆ ਪੁਕਾਰੇ । ਉਤੋਂ ਸਤਿਜੁਗ ਧੱਕੇ ਮਾਰੇ । ਨਿਕਲ ਮਾਤਲੋਕ ਵਿਚੋਂ ਬਾਹਰੇ । ਤੂੰ ਕੀਤੇ ਲੱਖ ਚੁਰਾਸੀ ਬੜੇ ਖੁਆਰੇ । ਗਊ ਗਰੀਬ ਮੇਰੇ ਦਰ ਆ ਆ ਸਰਬ ਪੁਕਾਰੇ । ਕਲਜੁਗ ਵਰਤਿਆ ਹਰਿ ਵਿਚ ਮਾਤ ਸੰਸਾਰੇ । ਮਾਇਆਧਾਰੀ ਗਰੀਬਾਂ ਨਿਮਾਣਿਆਂ ਦੁੱਖ ਦੇਵਣ ਭਾਰੇ । ਤੇਰੇ ਦਰ ਹੋਏ ਨਿਤਾਣਿਆਂ, ਪਾਵੀਂ ਸਾਡੀ ਸਾਰੇ । ਟੁੱਟੀ ਧੀਰਜ ਰਾਜੇ ਰਾਣਿਆਂ, ਝੂਠੇ ਦਸਣ ਸਰਬ ਦਰਬਾਰੇ । ਕਲਜੁਗ ਜੀਵ ਹੋਏ ਰਹੇ ਕਾਣਿਆਂ, ਸਾਚੀ ਜੋਤ ਵਿਚੋਂ ਗਈ ਮਾਰ ਉਡਾਰੀ । ਭੁਜਦੇ ਜਾਣ ਵਾਂਗ ਦਾਣਿਆਂ, ਘਰ ਘਰ ਪਏ ਬਿਮਾਰੀ । ਸਮਝ ਨਾ ਆਵੇ ਵੈਦ ਹਕੀਮ ਸਿਆਣਿਆਂ , ਕੀ ਵਰਤੇ ਪ੍ਰਭ ਕਾਰੀ । ਕਲਜੁਗ ਬੇਮੁਖ ਮੁਹਾਣਿਆਂ, ਕਿਉਂ ਭੁੱਲਿਆ ਹਰਿ ਨਿਰੰਕਾਰੀ । ਤੇਰੇ ਭੰਨਾ ਝੂਠੇ ਡਾਹਣਿਆਂ, ਜੋ ਬੈਠੇ ਬਲਧਾਰੀ । ਆਪ ਉਜਾੜਾਂ ਤਹਿਸੀਲਾਂ ਥਾਣਿਆਂ , ਨਾ ਦੀਸੇ ਕੋਈ ਬੰਦਾ ਸਰਕਾਰੀ । ਸਾਚਾ ਤੀਰ ਚਲਾਇਆ ਸ਼ਬਦ ਬਾਣਿਆਂ, ਤਤ ਸਭ ਦੀ ਜਾਏ ਪਾੜੀ । ਗੁਰਮੁਖ ਵਿਰਲੇ ਜਾਣਿਆਂ, ਪ੍ਰਭ ਸੋਹੰ ਬੀਜੇ ਸਾਚੀ ਹਾੜੀ । ਸਤਿਜੁਗ ਸਾਚਾ ਰਾਹ ਚਲਾ ਲਿਆ, ਗੁਰਸਿਖਾਂ ਕਰਦਾ ਜਾਏ ਵਾੜੀ । ਵੇਖੋ ਕੀ ਵਰਤਾਵੇ ਭਾਣਿਆਂ, ਸਤਿਜੁਗ ਕਲਜੁਗ ਪਕੜੇ ਦਾਹੜੀ । ਪਹਿਲਾਂ ਪੈਰਾਂ ਹੇਠ ਲਤਾੜਿਆ, ਫੇਰ ਫੜ ਕੇ ਚਾਰੋਂ ਕੁੰਟ ਭਵਾਏ ਆਪੇ ਲੱਗੇ ਰਹੇ ਅਗਾੜੀ । ਵੇਖੋ ਸੰਤ ਜਨੋਂ ਸਾਚੇ ਲਾੜਿਓ, ਜੂਠਾ ਝੂਠਾ ਮਾਰਦਾ ਰਿਹਾ ਧਾੜੀ । ਸਿਰ ਪਾਹਨੀ ਇਹਦੇ ਵਿਚ ਮਾਰਿਓ, ਇਕ ਇਕ ਪੁੱਟੋ ਵਾਲ ਦਾਹੜੀ । ਇਸ ਦਾ ਵਸਦਾ ਘਰ ਉਜਾੜਿਓ, ਵਿਚ ਮਾਤ ਲਾਈ ਬੈਠਾ ਫੁਲਵਾੜੀ । ਨਾ ਕੋਈ ਜੀਵ ਜੰਤ ਰਿਹਾ ਪਹਾੜਿਓ, ਲੇਖਾ ਦੇਣਾ ਪਏ ਅਗਾੜੀ । ਆਪਣੀ ਹੱਥੀਂ ਗੁਰਸਿਖ ਇਹਨੂੰ ਸਾੜਿਓ, ਹਰਿ ਆਪ ਆਏ ਬਣ ਕੇ ਮੌਤ ਲਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਸੰਤ ਜਨ ਲਾਏ ਸਾਚੀ ਫੁਲਵਾੜੀ । ਸਹਿੰਸਾ ਸਾਗਰ ਗਹਿਰ ਹੈ । ਗੁਰ ਦਰ ਵਰਤੇ ਕਦੇ ਨਾ ਕਹਿਰ ਹੈ । ਗੁਰਸਿਖ ਮੰਗਦਾ ਰਹੇ ਮਿਹਰ ਹੈ । ਉਥੇ ਨਾ ਕੋਈ ਮੇਰ ਤੇਰ ਹੈ । ਨਾ ਕੋਈ ਘੋੜਾ ਨਾ ਕੋਈ ਸ਼ੇਰ ਹੈ । ਗੁਰਸਿਖ ਆਤਮ ਤੇਰੀ ਦਲੇਰ ਹੈ । ਜਿਹੜੀ ਪਾਪਾਂ ਨਾਲ ਕਰਦੀ ਰਹਿੰਦੀ ਭੇੜ ਹੈ । ਗੁਰ ਪੂਰੇ ਦੇ ਵਸੇ ਸੱਚੇ ਘਰ, ਕਰ ਲੈਂਦੇ ਆਪਣਾ ਨਬੇੜ ਹੈ । ਨਾ ਮਰਨ ਕਲਜੁਗ ਪਾਪਾਂ ਅੱਗੇ, ਆਪ ਮੁਕਾਉਂਦੇ ਚੁਰਾਸੀ ਗੇੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਜੇਵਡ ਅਵਰ ਕਿਹੜ ਹੈ । ਸਹਿੰਸਾ ਰੋਗ ਵੱਡਾ ਦੁੱਖ । ਅੱਠੇ ਪਹਿਰ ਲੈਣ ਨਾ ਦੇਂਦਾ ਸੁਖ । ਹੱਡ ਮਾਸ ਨਾੜੀ ਪਿੰਜਰ ਰਿਹਾ ਧੁੱਖ । ਦਿਵਸ ਰੈਣ ਰਸਨ ਪੁਕਾਰੇ, ਕਰ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤਰੇ ਤੇਰੀ ਭੁੱਖ । ਗੁਰ ਪੂਰੇ ਦਰ ਦਰਸ਼ਨ ਕਰਨਾ । ਬੇਮੁਖਾਂ ਕੋਲੋਂ ਸਦਾ ਡਰਨਾ । ਸਾਚਾ ਬਚਨ ਕਦੇ ਨਾ ਹਰਨਾ । ਝੂਠੀ ਮੌਤੇ ਪੈਣਾ ਮਰਨਾ । ਬਿਨ ਗੁਰ ਪੂਰੇ ਔਖਾ ਹੋ ਜਾਏ ਤਰਨਾ । ਨਾ ਕੋਈ ਬਹਾਵੇ

ਖਿੱਚ ਆਪਣੀ ਸਰਨਾ । ਨਾ ਕੋਈ ਸਮਝਾਵੇ ਉਠ ਮਾਰ ਛਾਲ ਮੇਰੇ ਭਲਵਾਨਾ ਹਰਨਾ । ਆਪੇ ਰੱਖੇ ਆਪਣੀ ਛਾਵੇਂ, ਕਲਜੁਗ ਧੁੱਪ ਵਿਚ ਨਾ ਸੜਨਾ । ਕਿਉਂ ਹੋਇਉਂ ਨਿਥਾਵਿਉਂ ਨਿਥਾਵਾਂ, ਪ੍ਰਭ ਸਾਚੇ ਹੱਥ ਸਿਰ ਤੇਰੇ ਤੇ ਧਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਬਾਹੋਂ ਤੇਰੀ ਫੜਨਾ । ਇਕ ਦਰ ਇਕ ਦਵਾਰਾ । ਇਕ ਘਰ ਇਕ ਘਰ ਬਾਹਰਾ । ਹੇਠਾਂ ਕੋਠਾ ਉਪਰ ਚੁਬਾਰਾ । ਥੱਲੇ ਵਸੇ ਮੋਤਾ ਸਿੰਘ ਉਤੇ ਸੰਤ ਮਨੀ ਸਿੰਘ ਤੇਰਾ ਮੁਨਾਰਾ । ਕਿਆ ਕੋਈ ਘਰ ਸਾਚੇ ਵਜਾਵੇ ਝੂਠੀ ਕਿੰਗ, ਪ੍ਰਭ ਸਾਚਾ ਰਾਗ ਤਾਲ ਸੁਣਨੇ ਵਾਲਾ । ਮਾਤਲੋਕ ਜਾਮਾ ਧਾਰੇ ਵਿਚ ਘਵਿੰਡ, ਪਿੰਡ ਸਾਰਾ ਕੱਢਦਾ ਰਹੇ ਗਾਲ੍ਹਾਂ । ਵੇਖੋ ਸਾਰਿਆਂ ਮੂਧੀ ਹੋਈ ਟਿੰਡ, ਅੱਖੀਂ ਵੇਖਦਿਆਂ ਨਿਕਲਿਆ ਦਵਾਲਾ । ਕਿਸੇ ਅੱਖੀਂ ਵੇਖਣਾ ਮਿਲੇ ਨਾ ਪਿੰਡ, ਬਾਕੀ ਤਾਰਨ ਵਾਲਾ ਰਹਿ ਗਿਆ ਹਾਲਾ । ਚਾਰੋਂ ਤਰਫ ਗਏ ਖਿੰਡ ਖਿੰਡ, ਇਕੱਠੇ ਹੋਏ ਨਾ ਭਣੋਈਏ ਕੋਲ ਸਾਲਾ । ਸਾਰਿਆਂ ਪਾਇਆ ਇਕੋ ਵਾਰ ਚਾਲਾ । ਦੂਜੀ ਚਾਲੀ ਫੇਰ ਕਰਾਉਣੀ । ਮਾਝੇ ਵਾਲੀ ਹੱਦ ਟਪਾਉਣੀ । ਸਤਿਜੁਗ ਤੇਰੀ ਕੰਧ ਲੰਘਾਉਣੀ । ਬਿਆਸਾ ਅੱਧਵਿਚਕਾਰ ਰਖਾਉਣੀ । ਮਸਤੂਆਣੇ ਛਾਉਣੀ ਪਾਉਣੀ । ਗੁਰ ਸੰਗਤ ਸਾਚੀ ਫੌਜ ਰਖਾਉਣੀ । ਸੋਹੰ ਸ਼ਬਦ ਦੀ ਤੀਰ ਕਮਾਨ ਚਲਾਉਣੀ । ਸ੍ਰਿਸ਼ਟ ਸਬਾਈ ਇਕੋ ਨਾਮ ਸੱਚੀ ਅੜਾਉਨੀ । ਗੁਰਸਿਖਾਂ ਪ੍ਰਭ ਕਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਸਾਚੀ ਦਾਤ ਆਪ ਫੜਾਉਣੀ ।



ਅੱਜ ਆਈ ਦੂਜੀ ਰਾਤੀ । ਉਤੋਂ ਬੈਠਾ ਮਾਰੇ ਥੱਲੇ ਝਾਤੀ । ਕੀ ਕਰਦੇ ਵਿਚ ਮਾਤ ਸੰਤ ਮੇਰੇ ਰਾਤੀ । ਸਾਚਾ ਲੇਖਾ ਠੀਕ ਕਰਾਇਆ, ਕੁਛ ਰਹਿ ਗਿਆ ਨਾ ਬਾਕੀ । ਸਚ ਮਹੱਲ ਆਸਣ ਲਾਇਆ, ਇਕੋ ਦਿਸੇ ਤਾਕੀ । ਪ੍ਰਭ ਅਬਿਨਾਸ਼ੀ ਦਇਆ ਕਮਾਇਆ, ਸਵਾਈ ਬੈਠਾ ਉਪਰ ਛਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਤ੍ਰੈਲੋਕੀ ਨਾਥੀ । ਉਤੇ ਛਾਤੀ ਹਰਿ ਸਵਾਇਆ । ਲੋਕਮਾਤ ਨਾਮ ਰਖਾਇਆ । ਨਾ ਗੱਲੀਂ ਬਾਤੀਂ ਹਰਿ ਖੇਲ ਵਰਤਾਇਆ । ਨਾ ਕੋਈ ਬੂਝੇ ਬੂਝ ਬੁਝਾਤੀ, ਆਪਣਾ ਭੇਵ ਹਰਿ ਆਪ ਛੁਪਾਇਆ । ਆਪ ਬਣਾਏ ਸਾਚਾ ਨਾਤੀ, ਚਰਨ ਦਵਾਰੇ ਖਿੱਚ ਲੈ ਆਇਆ । ਮਾਤਲੋਕ ਦੀ ਸਚ ਸੁਗਾਤੀ, ਵਿਚ ਸਚਖੰਡ ਆਪ ਬਹਾਇਆ । ਜਨ ਭਗਤਾਂ ਪੁੱਛੇ ਆਪੇ ਵਾਤੀ, ਜੁਗੋ ਜੁਗ ਖੇਲ ਕਰਦਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਇਆ । ਖੇਲ ਕੀਆ ਜਗਤ ਅਪਾਰ । ਸਤਿਜੁਗ ਤੇਰੀ ਬੱਧੀ ਸਾਚੀ ਧਾਰ । ਕੀਆ ਆਪਣਾ ਸਚ ਵਿਹਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਗੁਰਸਿਖ ਸਾਚਾ ਲੇਖੇ ਲਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਆਪ ਅਪਾਰ । ਸਾਚੀ ਤੇਰੀ ਧਾਰ, ਜਗਤ ਵਿਹਾਰ ਹੈ । ਸਾਚੀ ਤੇਰੀ ਕਾਰ, ਕਰਮ ਰਿਹਾ ਹਰਿ ਵਿਚਾਰ ਹੈ । ਸਾਚੀ ਤੇਰੀ ਸਰਕਾਰ, ਲੇਖਾ ਲਿਖੇ ਅਪਰ ਅਪਾਰ ਹੈ । ਸਾਚੀ ਤੇਰੀ ਸਿਕਦਾਰ, ਸਾਚਾ ਸ਼ਬਦ ਪਹਿਰੇਦਾਰ ਹੈ । ਸਾਚੀ ਤੇਰੀ ਤਾਰ, ਛੇਤੀ ਕਰੇ ਮੇਲ ਕੋਟਨ ਕੋਟ ਪੰਧ ਕਰ ਕੇ ਪਾਰ ਹੈ । ਸਾਚੀ ਤੇਰੀ ਏਕਾ ਨਾਰ, ਗੁਰਸਿਖਾਂ ਸੰਗ ਕਰੇ ਪਿਆਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਸੱਚਾ ਭਤਾਰ ਹੈ । ਸੱਚਾ ਤੇਰਾ ਰੰਗ ਇਕ ਮਜੀਠ ਹੈ । ਸੱਚਾ ਤੇਰਾ ਸੰਗ, ਗੁਰ ਸੰਗਤ ਲਿਆ

ਡੀਠ ਹੈ । ਵਸੇ ਅੰਗ ਸੰਗ ਬੇਮੁੱਖ ਭੰਨੇ ਜਿਉਂ ਕੌੜੇ ਰੀਠ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਪੀਸਣੇ ਰਿਹਾ ਪੀਠ ਹੈ । ਸਾਚਾ ਪੀਸਨਾ ਆਪ ਪਿਠਾਏ । ਸਾਚਾ ਸੀਸਨਾ ਵਿਚ ਟਿਕਾਏ । ਸਚ ਜਗਦੀਸ਼ਨਾ ਸਾਚੀ ਚੱਕੀ ਆਪਣੇ ਹੱਥ ਚਲਾਏ । ਗੁਰਸਿਖ ਤੇਰੀ ਕੋਈ ਕਰੇ ਰੀਸ ਨਾ, ਚਾਰੋਂ ਕੁੰਟ ਪ੍ਰਭ ਦਏ ਹਿਲਾਏ । ਦਰ ਸਾਚੇ ਲੱਗੇ ਕੋਈ ਫੀਸ ਨਾ, ਸੋਹੰ ਸ਼ਬਦ ਜਨ ਰਸਨਾ ਗਾਏ । ਨਾ ਕੋਈ ਸ਼ਰਅ ਨਾ ਹਦੀਸਨਾ, ਬੱਤੀ ਸਪਾਰੇ ਨਾ ਕਿਸੇ ਪੜ੍ਹਾਏ । ਨਾ ਕੋਈ ਵੇਦ ਪੁਰਾਨ ਨਾ ਗੀਤਨਾ, ਏਕਾ ਸ਼ਬਦ ਕੰਨ ਸੁਣਾਏ । ਨਾ ਕੋਈ ਖਾਣੀ ਨਾ ਕੋਈ ਬਾਣੀ ਨਾ ਕੋਈ ਜਗਤ ਭਗਤ ਅਤੀਤਲਾ, ਸਾਚੇ ਸੰਤ ਆਪ ਉਪਜਾਏ । ਗੁਰਸਿਖਾਂ ਬਣਿਆ ਸਾਚਾ ਮੀਤਲਾ, ਅਚਰਜ ਖੇਲ ਕਲ ਵਰਤਾਏ । ਰਸਨਾ ਗਾਓ ਸੁਹਾਗੀ ਗੀਤਲਾ, ਪ੍ਰਭ ਸਾਚਾ ਸਾਚੇ ਦਿਨ ਫੇਰ ਲਿਆਏ । ਕਲਜੁਗ ਅੰਤਮ ਹੋਇਆ ਭੈ ਭੀਤਲਾ, ਮਾਤਲੋਕ ਵਿਚੋਂ ਬਾਹਰ ਕਢਾਏ । ਸਤਿਜੁਗ ਆਏ ਸਾਚਾ ਸੀਤਲਾ, ਜਨ ਭਗਤਾਂ ਆਤਮ ਠੰਡਾਂ ਪਾਏ । ਜੋ ਵਰਤੇ ਸਤਿਜੁਗ ਸਾਚੀ ਰੀਤਲਾ, ਪਹਿਲੀ ਮਾਘ ਸਰਬ ਲਿਖਾਏ । ਸਭ ਦੀ ਪਰਖੀ ਜਾਂਦਾ ਨੀਤਲਾ, ਨਾ ਭੇਵ ਕੋਈ ਛੁਪਾਏ । ਗੁਰਮੁਖ ਵਿਰਲਾ ਪ੍ਰਭ ਦਰ ਆਏ ਕਰਦਾ ਦੀਦਨਾ, ਬੇਮੁਖ ਜਾਂਦੇ ਮੁਖ ਭਵਾਏ । ਗੁਰਮੁਖਾਂ ਚੜ੍ਹਿਆ ਚੰਦ ਸਾਚਾ ਈਦਨਾ, ਅੰਞਾਣਾ ਬਾਲਾ ਸਿੰਘ ਮਨਜੀਤ ਭੇਟ ਚੜ੍ਹਾਏ । ਸਾਰੇ ਗਾਓ ਸੁਹਾਗੀ ਗੀਤਲਾ, ਸਤਿਜੁਗ ਸਾਚੇ ਦਏ ਵਖਾਏ । ਲਹਿਣਾ ਦੇਵੇ ਜੋ ਪਿੱਛੇ ਕੀਤਲਾ, ਸਚ ਆਪ ਹਿਸਾਬ ਮੁਕਾਏ । ਗੁਰਸਿਖ ਮਾਨਸ ਜਨਮ ਜਗ ਜੀਤਲਾ, ਪ੍ਰਭ ਅਬਿਨਾਸ਼ੀ ਚਰਨੀ ਸੀਸ ਝੁਕਾਏ । ਜਨ ਭਗਤਾਂ ਰਾਖੇ ਚੀਤਲਾ । ਥਿਰ ਰਹਿਣ ਕੋਈ ਨਾ ਪਾਏ । ਨਾ ਕੋਈ ਕਰੇ ਕਾਇਆ ਸੀਤਲਾ, ਕਲਜੁਗ ਅਗਨੀ ਹਰਿ ਤਪਾਏ । ਕਿਸੇ ਘਰ ਨਾ ਬਲਦਾ ਦੀਪਲਾ, ਜੋਤੀ ਸਭ ਦੀ ਆਪ ਖਿਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਆਪ ਸਮਾਏ । ਆਪਣਾ ਭਾਣਾ ਹਰਿ ਚੁਕਾਉਣਾ । ਕਲਜੁਗ ਤੇਰਾ ਭੇਖ ਵੇਖ ਨੇਤਰ ਪੇਖ ਤੇਰਾ ਝੂਠਾ ਰਾਜ ਮੁਕਾਉਣਾ । ਬਣ ਬਣ ਬੈਠੇ ਜੋ ਔਲੀਏ ਪੀਰ ਸ਼ੇਖ਼, ਬਗਲ ਕੁਰਾਨ ਕਿਸੇ ਰਹਿਣ ਨਾ ਪਾਉਣਾ । ਏਕਾ ਦਿਸੇ ਹਰਿ ਸਾਚਾ ਏਕ, ਈਸਾ ਮੂਸਾ ਨਸ਼ਟ ਕਰਾਉਣਾ । ਏਕਾ ਰਾਖੇ ਗੁਰ ਚਰਨ ਟੇਕ, ਰੂਸਾ ਚੀਨਾ ਸਭ ਨਸ਼ਟ ਕਰਾਉਣਾ । ਗੁਰਸਿਖ ਤੇਰੇ ਤਨ ਨਾ ਲਾਗੇ ਸੇਕ, ਸ਼ਬਦ ਵਾੜ ਹਰਿ ਆਪ ਕਰਾਉਣਾ । ਕਰਾਏ ਕਰੇ ਹਰਿ ਏਕਾ ਏਕ, ਮੱਕਾ ਮਦੀਨਾ ਪਹਿਲੇ ਢਾਉਣਾ । ਆਪਣੀ ਹੱਥੀਂ ਕਰੇ ਛੇਕ, ਪਤਾਲ ਨਗਰੀ ਅਮਰੀਕਾ ਰਹਿਣ ਨਾ ਪਾਉਣਾ । ਆਪਣੀ ਅੱਖੀਂ ਲੈਣਾ ਵੇਖ, ਚਿੱਟਾ ਫਰੰਗੀ ਵਿਚ ਖ਼ਾਕ ਰਲਾਉਣਾ । ਪ੍ਰਭ ਜੋਤ ਧਾਰਿਆ ਭੇਖ, ਪਹਿਲੀ ਮਾਘੇ ਤੰਗ ਕਸਾਉਣਾ । ਸ੍ਰਿਸ਼ਟ ਸਬਾਈ ਲਿਖਾਏ ਲੇਖ, ਪੰਚਮ ਜੇਠ ਸੱਚਾ ਚਰਨ ਵਿਚ ਰਕਾਬ ਆਪ ਟਿਕਾਉਣਾ । ਪ੍ਰਭ ਅਬਿਨਾਸ਼ੀ ਕਰਦਾ ਜਾਏ ਲੇਖ, ਸੇਠ ਸਿਠਾਣਿਆਂ ਵਡ ਮਹਾਰਾਣਿਆਂ ਸੋਇਆਂ ਆਪ ਉਠਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਜੋ ਵਿਚ ਮਾਤ ਵਰਤਾਉਣਾ । ਲੇਖਾ ਲਿਖਾਵੇ ਸਾਚਾ ਹਰਿ । ਆਪਣੀ ਕਰਨੀ ਜਾਏ ਕਰ । ਸਿਰ ਨਾ ਰੱਖੇ ਕਿਸੇ ਦਾ ਡਰ । ਮੰਗਣ ਨਾ ਜਾਏ ਕਿਸੇ ਕੋਲੋਂ ਕੋਈ ਵਰ । ਕਰੋੜ ਤੇਤੀਸ ਦੇਵੀ ਦੇਵਤ ਰਹੇ ਚਰਨ ਪੜ । ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਪ੍ਰਭ ਸਾਚੇ ਦੇ ਸਿਰ ਚਵਰ ਰਹੇ ਕਰ । ਕਬੀਰ ਧਰੂ ਹੋਏ ਦਰਬਾਨ, ਦਰ ਦਵਾਰੇ ਅੱਗੇ ਰਹੇ ਖੜ । ਪ੍ਰਭ ਅਬਿਨਾਸ਼ੀ ਅੱਗੇ ਬੈਠਾ ਸਚ ਅਸਥਾਨ, ਕੋਈ ਨਾ ਜਾਏ ਅੰਦਰ ਵੜ । ਗੁਰਸਿਖ ਸਾਚਾ ਬੈਠੇ ਵਿਚ ਬਬਾਣ, ਪ੍ਰਭ ਛਾਤੀ ਉਤੇ ਜਾਏ ਚੜ੍ਹ । ਪਵਣ

ਸਰੂਪੀ ਜੋਤ ਸਮਾਣ, ਛਡ ਝੂਠਾ ਗਈ ਕਿਲ੍ਹਾ ਕਾਇਆ ਗੜ੍ਹ । ਜਾਂਦੀ ਵਾਰ ਨਾ ਦਿਸਿਆ ਕੋਈ ਨਿਸ਼ਾਨ । ਕਿਸੇ ਨਾ ਖੜਿਆ ਬਾਹੋਂ ਫੜ, ਕਿਉਂ ਨਾ ਰੋਵੇ ਬਾਲ ਨਿਧਾਨ । ਕਿਧਰ ਉਡਿਆ ਜਿਹੜਾ ਅੰਦਰ ਬੈਠਾ ਵੜ, ਝੂਠੀ ਕਾਇਆ ਹੋਈ ਸੁੰਞ ਮਸਾਣ । ਸਿੰਘ ਮਨਜੀਤ ਸੁੱਤਾ ਮਾਰ ਦੜ, ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਲਿਆਇਆ ਸਚ ਬਬਾਣ । ਉਠ ਸਪੂਤ ਉਤੇ ਚਾੜ੍ਹ ਤੇਰਾ ਝੁਲਦਾ ਜਾਏ ਨਾਮ ਨਿਸ਼ਾਨ । ਸਚ ਘਰ ਜਾਏ ਆਪੇ ਵੜ, ਨਿਹਕਲੰਕ ਤੇਰਾ ਬਣਾਏ ਸਚ ਅਸਥਾਨ । ਚਾਰੋਂ ਕੁੰਟ ਆਪੇ ਖੜ, ਆਪ ਸੁਹਾਏ ਭੂਮਿਕਾ ਥਾਨ । ਜਿਥੇ ਲਗਾਏ ਵਿਚ ਮਾਤ ਤੇਰੀ ਜੜ੍ਹ, ਸ੍ਰਿਸ਼ਟ ਸਬਾਈ ਸੁਣਾਏ ਕਾਨ । ਆਪ ਸਮਝਾਏ ਅੰਦਰ ਵੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਪਾਰ ਲੰਘਾਇਆ, ਆਪ ਫੜਾਇਆ ਆਪਨਾ ਲੜ । ਆਪਨਾ ਲੜ ਹੱਥ ਫੜਾਇਆ । ਸਾਚਾ ਲਾੜਾ ਜਗਤ ਬਣਾਇਆ । ਸ਼ਬਦ ਘੋੜੀ ਚਾੜ੍ਹ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਨੀ ਸਰਨ ਬਹਾਇਆ । ਸਰਨ ਬਹਾਏ ਸਰਬ ਗੁਣਵੰਤ । ਮਾਣ ਦਵਾਏ ਵਿਚ ਜੀਵਾਂ ਜੰਤਾਂ । ਤਾਣ ਰਖਾਏ ਹਰਿ ਸਾਚਾ ਕੰਤਾ । ਨਿਸ਼ਾਨ ਬਣਾਏ ਬਣ ਜਾਏ ਸਾਚੀ ਬਣਤਾ । ਸਾਚੇ ਰੰਗ ਰੰਗਾਣ ਆਪ ਰੰਗਾਏ ਆਪੇ ਜਾਣੇ ਗੁਣੀ ਗੁਣਵੰਤਾ । ਸੱਤ ਰੰਗ ਦਏ ਲਿਖਾਏ, ਤੀਨ ਲੇਖ ਉਪਰ ਲਿਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ । ਸਚ ਨਿਸ਼ਾਨ ਆਪ ਬਣਾਉਣਾ । ਸਤਿ ਧਰਮ ਝੰਡਾ ਆਪ ਝੁਲਾਉਣਾ । ਤੀਜਾ ਲੇਖ ਨਾਲ ਰਖਾਉਣਾ । ਸਚ ਸਚ ਹਰਿ ਵੇਖ ਸ਼ਬਦ ਧਾਗੇ ਨਾਲ ਸਿਵਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਬਣਤ ਆਪ ਬਣਾਉਣਾ । ਚਾਰ ਕੁੰਟ ਚਾਰ ਚੱਕੇ । ਚਾਰੋਂ ਤਰਫ ਪੈਣ ਧੱਕੇ । ਪਹਿਲੇ ਜਾਏ ਮਦੀਨੇ ਮੱਕੇ । ਪੀਰ ਔਲੀਏ ਸ਼ਮਸ ਗੌਂਸ ਬਾਹਰ ਹੱਕੇ । ਫੇਰ ਵੱਜੇ ਸ਼ਬਦ ਧੌਂਸ ਮਾਰੇ ਬੂਰੇ ਕੱਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਭਾਣਾ ਮਾਤ ਵਰਤਾਏ ਨਾ ਕੋਈ ਰੋਕ ਸਕੇ । ਆਪੇ ਜਾਏ ਮੱਕੇ ਮਦੀਨੇ । ਆਪ ਮਿਟਾਏ ਮੁਹੰਮਦੀ ਦੀਨੇ । ਸ਼ਬਦ ਤੀਰ ਮਾਰੇ ਖਿਚ ਵਿਚ ਸੀਨੇ । ਸਾਚਾ ਕਰਮ ਆਪ ਕਰਾਏ, ਰੂਸ ਰੁਲਾਏ ਨਾਲ ਚੀਨੇ । ਦੂਜਾ ਕਦਮ ਫੇਰ ਉਠਾਏ, ਕਲਜੁਗ ਜੀਵ ਮਰਨ ਧਿਆਏ, ਰਹੇ ਕੁਰਲਾਏ ਨਾ ਲੱਭੇ ਜਲ ਧਾਰ, ਨਾ ਕੋਈ ਕਰੇ ਪਿਆਰ ਨਾ ਪਾਏ ਠੰਡ ਸੀਨੇ । ਪਹਿਲੀ ਕੂਟ ਦੂਰ ਦੁਰਾਡੀ । ਪੰਚਮ ਜੇਠ ਪੈਣੀ ਵਾਢੀ । ਪ੍ਰਭ ਅਬਿਨਾਸ਼ੀ ਬਣਨਾ ਗਾਡੀ । ਸਾਚਾ ਭਾਰ ਉਠਾਏ ਚੁਕ ਚੁਕ ਇਕ ਇਕ ਹਾਡੀ । ਬੇਮੁਖਾਂ ਸਾਰ ਆਪੇ ਪਾਏ, ਫੜ ਫੜ ਬਾਹਰ ਬਾਹੋਂ ਜਾਏ ਕਾਢੀ । ਵਹਿੰਦੀ ਧਾਰ ਇਕ ਵਹਾਏ, ਬੇਮੁਖ ਪਿਛੇ ਰਹਿ ਗਏ ਫਾਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਆਪ ਚੁਕਾਏ ਵਾਰੋ ਵਾਰੀ ਆਡੋ ਆਡੀ । ਦੂਜੀ ਕੁੰਟ ਡੇਰਾ ਲਾਉਣਾ । ਹੇਰਾ ਫੇਰਾ ਹਰਿ ਕਰਾਉਣਾ । ਸ਼ਬਦ ਘੇਰਾ ਗਿਰਦ ਰਖਾਉਣਾ । ਬਾਲ ਬਿਰਧ ਸਰਬ ਉਠਾਉਣਾ । ਜੋਤੀ ਜੋਤ ਸਰੂਪ ਹਰਿ ਬਲੀ ਬਲਵਾਨ ਸੌਣ ਨਾ ਦੇਣਾ । ਅਚਰਜ ਖੇਲ ਮਾਤ ਕਰ, ਏਕਾ ਅਗਨ ਸੀਨੇ ਆਪ ਲਗਾਉਣਾ । ਉਤੇ ਅਗਨੀ ਤੇਲ ਧਰ, ਸ਼ਬਦ ਫੂੰਕਾਰਾ ਆਪ ਲਗਾਉਣਾ । ਦੋਹਾਂ ਧਿਰਾਂ ਦਾ ਮੇਲ ਕਰ, ਵਿਚ ਬਬਾਨ ਆਪ ਬਿਠਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਮੇਘ ਸਾਚੀ ਤੇਗ ਇਕ ਵਾਰ ਵਰਸਾਉਣਾ । ਤੀਜੀ ਕੂਟ ਤੀਰ ਤੁਫੰਗ । ਸ੍ਰਿਸ਼ਟ ਸਬਾਈ ਹੋਏ ਨੰਗ । ਸ਼ਬਦ ਸਰੂਪੀ ਪ੍ਰਭ ਮਾਰੇ ਡੰਗ । ਕਰਨੀ ਕਰੇ ਹਰਿ ਸੂਰਾ ਸਰਬੰਗ । ਭਰਨੀ ਭਰੇ ਕਲਜੁਗ ਜੀਵ ਝੂਠਾ ਵਜਾਇਣ ਮਰਦੰਗ । ਬੀਰ ਬੇਤਾਲੀ ਆਏ ਦਰੇ, ਆਪਨੇ ਹੱਥ ਲੈਣ ਰੰਗ । ਖਾਲੀ ਪਿਆਲੇ

੩੫੫
੦੩

ਪ੍ਰਭ ਸਾਚਾ ਭਰੇ, ਸ਼ੁਰੂ ਕਰਾਏ ਸਾਚਾ ਜੰਗ । ਅੱਡੋ ਅੱਡੀ ਹੋਣ ਸਿਰ ਧੜ, ਵੱਖ ਵੱਖ ਦਿਸਣ ਅੰਗ । ਉਚੇ ਟਿੱਬੇ ਕੋਈ ਰਿੜੇ, ਕੋਈ ਵਹੇ ਜਲ ਧਾਰਾ ਗੰਗ । ਉਲਟੀ ਲੱਠ ਏਕਾ ਗਿੜੇ, ਪੀੜੀ ਜਾਏ ਕਰੀਰ ਜੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੀ ਕੂਟ ਨਾਰ ਸਬਾਈ ਕਰਾਏ ਰੰਡ । ਘਰ ਘਰ ਰੋਵਣ ਰੰਡੀਆਂ ਨਾਰਾਂ । ਮੂੰਹ ਚੁੱਕ ਚੁੱਕ ਵੇਖਣ ਡੰਡੀਆਂ, ਕਿਥੇ ਆਵਣ ਸਾਡੇ ਭਤਾਰਾ । ਪ੍ਰਭ ਸਾਚੇ ਪਾਈਆ ਵੰਡੀਆਂ, ਰਣ ਭੂਮੀ ਸੁੱਤੇ ਪੈਰ ਪਸਾਰਾ । ਕੋਈ ਵਢਾਈ ਬੈਠੇ ਕੰਡੀਆਂ, ਸਿਰ ਪੈਰ ਨਾ ਹੋਇਆ ਕਿਸੇ ਪਿਆਰਾ । ਚਾਰੋਂ ਤਰਫ ਚਮਕਣ ਚੰਡੀਆਂ, ਨਾ ਹੋਏ ਕਿਸੇ ਛੁਟਕਾਰਾ । ਅਚਰਜ ਖੇਲ ਕਰਾਏ ਦਾਤਾ ਵਰਭੰਡੀਆ , ਨਾ ਕੋਈ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣੀ ਸਾਰਾ । ਘਰ ਘਰ ਹੋਵੇ ਰੰਡੀ ਨਾਰੀ । ਪ੍ਰਭ ਸਾਚੇ ਕੀ ਕੀਤੀ ਕਾਰੀ । ਸੁਹਾਗਣ ਰਾਤ ਵਿਚ ਮਾਤ ਨਾ ਆਏ ਦੂਜੀ ਵਾਰੀ । ਚਾਰ ਕੁੰਟ ਪ੍ਰਭ ਸਾਚਾ ਆਪਣੀ ਹੱਥੀਂ ਫਿਰਾਉਂਦਾ ਜਾਏ ਸ਼ਬਦ ਬਹਾਰੀ । ਗੁਰਮੁਖ ਸਾਚੇ ਸੰਤ ਜਨ ਵਿਚੋਂ ਫੜ ਫੜ ਬਾਹਰ ਕੱਢੀ ਜਾਏ ਨਿਤਾਰੀ । ਆਪ ਬਣਾਏ ਸਾਚੇ ਚੰਨ, ਸਤਿਜੁਗ ਦੇਵੇ ਸੱਚੀ ਸਰਦਾਰੀ । ਜਨ ਭਗਤਾਂ ਬੇੜੇ ਦੇਵੇ ਬੰਨ੍ਹ, ਨਾ ਹੋਏ ਕੋਈ ਖਵਾਰੀ । ਸੱਚਾ ਦੇਵੇ ਮਾਲ ਨਾਮ ਧੰਨ ਨਾ ਲੱਗੇ ਸੰਨ੍ਹ, ਨਾ ਕੋਈ ਲੁੱਟੇ ਚੋਰ ਯਾਰੀ । ਗੁਰਮੁਖ ਸਾਚੇ ਪੱਲੇ ਲੈਣਾ ਬੰਨ੍ਹ, ਬਣ ਸੱਚੇ ਵਪਾਰੀ । ਸਾਚਾ ਸ਼ਬਦ ਸੁਣ ਲੈਣ ਕੰਨ, ਰੱਖਣਾ ਵਿਚ ਕਾਇਆ ਮਹੱਲ ਅਟਾਰੀ । ਹੱਥੀਂ ਬੰਨ੍ਹੇ ਸਾਚੇ ਗਨ, ਪ੍ਰਭ ਚਰਨ ਕਰਨ ਨਿਮਸਕਾਰੀ । ਪ੍ਰਭ ਸਰਨ ਅਰਪਨ ਮਨ ਤਨ, ਬਚਨ ਮੋੜੇ ਨਾ ਕੋਇ ਸਿੱਖ ਬਲਕਾਰੀ । ਸਾਚੇ ਘਰ ਲੱਗੇ ਡੰਨ, ਨਾ ਕਰਦਾ ਕਿਸੇ ਹੁਦਾਰੀ । ਖੜੀ ਰਹਿਣ ਨਾ ਦੇਵੇ ਕਿਸੇ ਦੀ ਫਨ,
੩੫੬ ਜੂਠੇ ਝੂਠੇ ਰਹੇ ਫੂਕ ਫੁਕਾਰੀ । ਪ੍ਰਭ ਅਗਨ ਜੋਤ ਲਗਾਏ ਤਨ, ਜੋ ਦਰ ਆਏ ਜੀਵ ਹੰਕਾਰੀ । ਪ੍ਰਭ ਭਾਗ ਲਗਾਏ ਤੇਰੀ ਕਾਇਆ ਛੱਪਰੀ ਛੰਨ, ੩੫੬
੦੩ ਪ੍ਰਭ ਵਸੇ ਤੇਰੀ ਆਤਮ ਸੱਚੀ ਮਹੱਲ ਅਟਾਰੀ । ਗੁਰ ਦਰ ਨਿਕਲੇ ਝੂਠਾ ਜਨ, ਕੱਢੇ ਹਉਮੇ ਵਿਚੋਂ ਬਿਮਾਰੀ । ਭਾਂਡਾ ਭਰਮ ਦੇਵੇ ਭੰਨ, ਵਖਾਵੇ ੦੩
ਵਸਤ ਸੱਚੀ ਹਰਿ ਥਾਰੀ । ਮਿਟਾਏ ਅੰਧੇਰ ਆਤਮ ਅੰਨ੍ਹ, ਜਗਾਏ ਜੋਤ ਅਪਰ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਓ ਚਰਨ ਸਰਨ ਬਲਿਹਾਰੀ । ਸੰਤ ਜਨਾਂ ਹਰਿ ਪੰਧ ਮੁਕਾਇਆ । ਦਿਵਸ ਰੈਣ ਜੋ ਰਹੇ ਧਿਆਇਆ । ਅੱਠੇ ਪਹਿਰ ਧੂੜੀ ਲਾਇਆ । ਸਵਾ ਪਹਿਰ ਬਿਸਰਾਮ ਰਖਾਇਆ । ਜੇਠ ਦੁਪਹਿਰ ਬਲਦੀ ਅਗਨ ਕਾਲ ਤਨ ਲਗਾਇਆ । ਕਲਜੁਗ ਤੇਰਾ ਝੱਲਦੇ ਰਹੇ ਕਹਿਰ, ਚਾਰੋਂ ਤਰਫ ਲਕੀਰ ਲਗਾਇਆ । ਪ੍ਰਭ ਅਬਿਨਾਸ਼ੀ ਕੀਨੀ ਮਿਹਰ, ਮਾਤਲੋਕ ਵਿਚ ਜਾਮਾ ਪਾਇਆ । ਅੰਤਮ ਕਲਜੁਗ ਨਾ ਲਾਏ ਦੇਰ, ਜੋਤ ਸਰੂਪੀ ਹੋਏ ਸਹਾਇਆ । ਜੋਤ ਸਰੂਪੀ ਪਾਏ ਖੈਰ, ਆਓ ਸੰਤੋ ਚਲ ਸਰਨਾਇਆ । ਪ੍ਰਭ ਅਬਿਨਾਸ਼ੀ ਗੰਭੀਰ ਗਹਿਰ, ਭੇਵ ਕਿਸੇ ਨਾ ਪਾਇਆ । ਘਰ ਸਾਚੇ ਦੀ ਕਰ ਲਓ ਸੈਰ, ਸਚ ਬਗੀਚਾ ਹਰਿ ਜੀ ਲਾਇਆ । ਦੂਜਾ ਵੜਨ ਨਾ ਦੇਣਾ ਗੈਰ, ਮਦਿਰਾ ਮਾਸ ਜਿਸ ਰਸਨ ਲਗਾਇਆ । ਸੱਚਾ ਨਗਰ ਖੇੜਾ ਵਸਾਏ ਸ਼ਹਿਰ, ਮਨਜੀਤ ਸਿੰਘ ਜਿਥੇ ਡੇਰਾ ਲਾਇਆ । ਨਾ ਕੋਈ ਆਵੇ ਐਰ ਗੈਰ, ਸ਼ਬਦ ਡੰਡਾ ਪ੍ਰਭ ਮਗਰ ਲਗਾਇਆ । ਗੁਰਸਿਖਾਂ ਨੂੰ ਲਿਆਏ ਘੇਰ, ਹਰਿ ਸਾਚੇ ਦਾ ਖੇਲ ਵਖਾਇਆ । ਆਪ ਮੁਕਾਏ ਮੇਰ ਤੇਰ, ਸਚ ਵਿਚੋਲਾ ਆਪ ਬਣਾਇਆ । ਝੂਠਾ ਪਿਆਲਾ ਨਾ ਪੀਣਾ ਜ਼ਹਿਰ, ਦੇ ਮੱਤ ਆਪਣੀ ਸਮਝਾਇਆ । ਜਨ ਭਗਤ ਜਾਣ ਏਥੇ ਠਹਿਰ, ਸ਼ਬਦ ਸੁਹਲਾ ਹਰਿ ਸੁਣਾਇਆ । ਨਾ ਕੋਈ ਤਰਜ਼ ਨਾ ਕੋਈ ਲਹਿਰ ਭੋਲਾ ਭਾਲਾ ਹਰਿ ਰਖਾਇਆ । ਸ੍ਰਿਸ਼ਟ

ਸਬਾਈ ਢਹਿ ਢਹਿ ਹੋਏ ਢੇਰ, ਏਥੇ ਕੋਈ ਰਹਿਣ ਨਾ ਪਾਇਆ । ਨਾ ਕੋਈ ਮਾਲੀ ਨਾ ਕੋਈ ਮਹਿਰ, ਝੂਠਾ ਦਿਸੇ ਜਗਤ ਸਬਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਹਰਿ ਰਘੁਰਾਇਆ । ਸਾਚੇ ਸੰਤਾਂ ਸਚ ਸੰਦੇਸ਼ । ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਭੇਜੇ ਵਿਚੋਂ ਮਾਝੇ ਦੇਸ । ਜੋਤ ਸਰੂਪੀ ਜਾਮਾ ਧਾਰੇ ਕੀਆ ਅਵਲੜਾ ਭੇਸ । ਨਿਹਕਲੰਕ ਨਰਾਇਣ ਨਰ ਅਵਤਾਰੇ, ਗੁਰਮੁਖ ਸਾਚੇ ਵਿਚ ਪ੍ਰਵੇਸ਼ । ਬੇਮੁਖ ਨਾ ਜਾਨਣ ਪ੍ਰਭ ਦੀ ਸਾਰੇ, ਦੂਰੋਂ ਵੇਖਣ ਖੁਲ੍ਹੇ ਕੇਸ । ਪ੍ਰਭ ਅਬਿਨਾਸ਼ੀ ਦੀ ਸਾਚੀ ਕਾਰੇ, ਨਾ ਕੋਈ ਜਾਣੇ ਦਰ ਦਰਵੇਸ਼ । ਆਪੇ ਜਾਣੇ ਆਪਣੀ ਧਾਰੇ, ਜੋ ਕਰਦਾ ਰਿਹਾ ਹਮ੍ਰੇਸ਼ । ਏਕਾ ਏਕ ਸੱਚੀ ਸਰਕਾਰੇ, ਨਾ ਸੁਣੇ ਕਿਸੇ ਉਪਦੇਸ਼ । ਆਪੇ ਰਹੇ ਆਪਣੇ ਸਹਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪੂਰੇ ਕੋ ਸਦਾ ਆਦੇਸ । ਮਾਝੇ ਦੇਸ ਵੱਜੀ ਵਧਾਈ । ਉਠੋ ਸੰਤੋ ਬਣ ਜਾਓ ਰਾਹੀ । ਅੱਗੋਂ ਹੋ ਕੇ ਮਿਲੇ ਸਾਚਾ ਮਾਹੀ । ਸੋਹੰ ਢੋਲਾ ਸਾਚਾ ਗਾਓ, ਜਾਓ ਚਾਈਂ ਚਾਈਂ । ਸ਼ਬਦ ਬੋਲਾ ਏਕਾ ਨਾਉਂ, ਹਰਿ ਹਰਿ ਵੇਖੇ ਸਭਨੀ ਥਾਈਂ । ਏਕਾ ਦਿਸੇ ਚਿੱਟਾ ਚੋਲਾ, ਭਰਮ ਭੁਲੇਖਾ ਕੋਇ ਨਾਹੀ । ਨਾ ਇਹ ਝੂਠਾ ਨਾ ਇਹ ਗੋਲਾ, ਪੂਰਾ ਕਲਾ ਸੋਲਾਂ ਸਾਚਾ ਮਾਹੀ । ਨਾ ਕੋਈ ਦੇਵੇ ਧੱਕਾ ਨਾ ਕੋਈ ਦੇਵੇ ਝਕੋਲਾ, ਆਪਣੀਆਂ ਆਪ ਹਿਲਾਏ ਬਾਹੀਂ । ਪ੍ਰਭ ਅਬਿਨਾਸ਼ੀ ਨਾ ਕੋਈ ਜਾਣੇ ਭੋਲਾ, ਸਰਬ ਜੀਆਂ ਵਿਚ ਰਿਹਾ ਸਮਾਈ । ਕਿਆ ਕੋਈ ਕਰੇ ਪ੍ਰਭ ਸਾਚੇ ਤੋਂ ਉਹਲਾ, ਅੱਠੇ ਪਹਿਰੇ ਰਿਹਾ ਹਿਸਾਬ ਲਿਖਾਈ । ਹੋਇਆ ਦਰ ਸਾਚੇ ਦਾ ਗੋਲਾ, ਲੱਖ ਚੁਰਾਸੀ ਗੇੜ ਮਿਟਾਈ । ਮੈਲ ਪਾਪਾਂ ਵਾਲੀ ਧੋ ਲੈ, ਰੰਗਣ ਨਾਮ ਸਚ ਚੜ੍ਹਾਈ । ਆਤਮ ਬੀਜ ਸਾਚਾ ਬੋਅ ਲਾ, ਦਰਗਹਿ ਸਾਚੀ ਬੈਠਾ ਥਾਈਂ । ਅੰਮ੍ਰਿਤ ਮੱਝ ਸਾਚੀ ਚੋ ਲਾ, ਸਾਚਾ ਸੀਰ ਮੁਖ ਚਵਾਈਂ । ਸਾਚਾ ਸ਼ਬਦ ਬਣਾਏ ਹੋਲਾ, ਚੀਰ ਰੰਗ ਨਾਲ ਰੰਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਦਿਵਸ ਰੈਣ ਸਦਾ ਧਿਆਈਂ । ਮਾਝੇ ਦੇਸ ਖੁਲ੍ਹਿਆ ਦਰ । ਚਲ ਕੇ ਆਵਣ ਸਾਚੇ ਘਰ । ਸੰਤ ਜਨਾਂ ਭਗਤਾਂ ਨੂੰ ਦੇਵੇ ਵਰ । ਨਾਮ ਝੋਲੀ ਦੇਵੇ ਭਰ । ਜੋਤ ਸਰੂਪੀ ਕਿਰਪਾ ਕਰ । ਵਡ ਵਡ ਭੂਪੀ ਆਵੇ ਡਰ । ਬਾਹਰ ਦਵਾਰੋਂ ਰਹਿਣ ਖੜ । ਅੱਗੇ ਦਿਸੇ ਸਾਚਾ ਗੜ੍ਹ । ਪ੍ਰਭ ਅਬਿਨਾਸ਼ੀ ਬੈਠਾ ਦੜ । ਦੋ ਹੱਥੀਂ ਬੇਮੁਖਾਂ ਦੀ ਵੱਢੀ ਜਾਏ ਜੜ੍ਹ । ਕੋਈ ਨਾ ਸਕੇ ਪ੍ਰਭ ਸੱਚੇ ਅੱਗੇ ਅੜ । ਕਲਜੁਗ ਜੀਵ ਪੱਤੀਆਂ ਵਾਂਗੂ ਜਾਇਣ ਝੜ । ਝੂਠੇ ਜੂਠੇ ਵਿਚ ਤਤਾਂ ਜਾਇਣ ਵੜ । ਮਾਇਆ ਲੂਠੇ ਪ੍ਰਭ ਦਰ ਕੱਢੇ ਬਾਹਰ ਕੰਨੋ ਫੜ । ਹੱਥੀਂ ਫੜਾਏ ਖਾਲੀ ਠੂਠੇ, ਮੰਗੋ ਘਰ ਘਰ । ਮਾਤਲੋਕ ਪੁੱਟੇ ਗਏ ਬੂਟੇ, ਜੋ ਲਾਏ ਫੜ ਫੜ । ਕੌਣ ਦੇਵੇ ਵਿਚ ਪੰਘੂੜੇ ਝੂਟੇ, ਪ੍ਰਭ ਅਬਿਨਾਸ਼ੀ ਛੱਡਿਆ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਸਚ ਘਰ ਜਾਏ ਵੜ । ਸੰਤ ਜਨਾਂ ਦੇ ਜਣਾਏ । ਸ਼ਬਦ ਧੁਨ ਹਰਿ ਉਪਜਾਏ । ਚਾਰੋਂ ਤਰਫ ਚੁਣ ਚੁਣ ਸੁੱਤਿਆਂ ਲਏ ਜਗਾਏ । ਕਵਣ ਜਾਣੇ ਪ੍ਰਭ ਤੇਰੇ ਗੁਣ, ਕਲ ਕੀ ਖੇਲ ਵਰਤਾਏ । ਸ੍ਰਿਸ਼ਟ ਸਬਾਈ ਲਏ ਸੁਣ, ਮਾਤਲੋਕ ਹਰਿ ਜੋਤ ਪ੍ਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਾਉਂ ਰਖਾਏ । ਨਾਉਂ ਰਖਿਆ ਵਿਚ ਜਹਾਨਾਂ । ਜੋਤ ਸਰੂਪੀ ਪਹਰਿਆ ਬਾਣਾ । ਅਚਰਜ ਖੇਲ ਕੀਆ ਮਹਾਨਾ । ਨਾ ਕੋਈ ਜਾਣੇ ਰਾਜ ਰਾਜਾਨਾ । ਵਰਤੇ ਖੇਲ ਕੀ ਭਗਵਾਨਾ । ਕਲਜੁਗ ਮਿਟੇ ਕਿਵੇਂ ਨਿਸ਼ਾਨਾ । ਸਤਿਜੁਗ ਆਵੇ ਵਡ ਬਲੀ ਬਲਵਾਨਾ । ਸਚ ਧਰਮ ਦਾ ਸਿੱਕਾ ਚਲਾਵੇ ਪ੍ਰਭ ਅਬਿਨਾਸ਼ੀ ਬਣੇ ਸਚ ਸੁਲਤਾਨਾ । ਕਰਮ ਧਰਮ ਸਚ ਲੇਖ ਲਿਖਾਵੇ, ਸਾਚਾ ਸ਼ਬਦ ਸੁਣਾਏ ਕਾਨਾ । ਝੂਠੇ ਭਰਮ ਸਰਬ ਚੁਕਾਵੇ,

ਸਾਚਾ ਸ਼ਬਦ ਵਜਾਵੇ ਨਾਮ ਦਮਾਮਾ । ਆਪਣੀ ਖੇਲ ਆਪ ਰਚਾਵੇ, ਜਿਉਂ ਦਵਾਪਰ ਕ੍ਰਿਸ਼ਨਾ ਕਾਹਨਾ । ਆਪਣੀ ਹੱਥੀਂ ਵਾਗ ਉਠਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਜਗਤ ਪਿਤ ਜਗਦੀਸ਼ ਅਗੰਮ ਅਪਾਰਿਆ । ਸਚ ਕਰਮ ਤੇਰਾ ਕਿਆ ਕੋਈ ਕਰੇ ਰੀਸ ਹਰਿ ਨਿਰੰਕਾਰਿਆ । ਭੇਵ ਮਿਟਾਵੇ ਬੀਸ ਇਕੀਸ, ਅਚਰਜ ਖੇਲ ਵਰਤੇ ਵਿਚ ਸੰਸਾਰਿਆ । ਮਿਟਾਏ ਰਾਗ ਛਤੀਸ, ਸੀਸ ਸਿਹਰਾ ਆਪ ਬੰਨ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਬਣਤ ਆਪ ਬਣਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਗ ਰਾਗਣੀ ਨਾ ਕੋਈ ਅਲਾਏ । ਸਵਾਂਗੀ ਸਵਾਂਗ ਨਾ ਕੋਇ ਰਚਾਏ । ਦਰ ਦਰ ਘਰ ਘਰ ਨੱਚ ਨੱਚ ਨਾ ਕੋਇ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਂਓ ਸ੍ਰਿਸ਼ਟ ਸਬਾਈ ਇਕ ਜਪਾਏ । ਏਕਾ ਏਕ ਹਰਿ ਰਾਹ ਚਲਾਏ । ਸਾਚਾ ਮਾਰਗ ਸਤਿਜੁਗ ਲਾਏ । ਚਾਰ ਵਰਨ ਇਕ ਸਰਨ ਰਖਾਏ । ਨਾ ਕੋਈ ਜਾਤ ਪਾਤ ਨਾ ਬਰਨ ਆਖ ਸੁਣਾਏ । ਏਕਾ ਮਾਤ ਧਰਤ ਸਰਬ ਬਣਾਏ । ਦੂਜਾ ਨਾਤ ਸ੍ਰੀ ਹਰਿ ਰਾਏ । ਤੀਜਾ ਸਾਥ ਆਪ ਹੋ ਜਾਏ । ਚੌਥੇ ਗਾਥ ਸੋਹੰ ਜਗਤ ਚਲਾਏ । ਪੰਜਵੀਂ ਮਾਥ ਗੁਰਸਿਖਾਂ ਲੇਖ ਲਿਖਾਏ । ਛੇਵੇਂ ਰੱਖੇ ਸਿਰ ਹਾਥ, ਲੱਜ ਪੱਤ ਆਪਣੇ ਹੱਥ ਰਖਾਏ । ਸਤਵੇਂ ਦੇਵੇ ਧੀਰਜ ਜੱਤ, ਸਤਿ ਕਿਸੇ ਟੁੱਟ ਨਾ ਜਾਏ । ਅਠਵੇਂ ਦੇਵੇ ਸਾਚੀ ਮੱਤ, ਨਾਮ ਤਤ ਵਿਚ ਰਖਾਏ । ਨਾਵੇਂ ਫੜੇ ਨੱਥ ਆਪਣੇ ਹੱਥ, ਜਿਧਰ ਚਾਹੇ ਲਏ ਭਵਾਏ । ਦਸਵੇਂ ਰਾਹ ਸਾਚਾ ਦੱਸੇ ਸਮਰਥ, ਸਚ ਦਵਾਰੇ ਬੂਝ ਬੁਝਾਏ । ਸਚ ਦਵਾਰਾ ਆਪ ਬੁਝਾਉਣਾ । ਆਤਮ ਅੰਧ ਅੰਧਿਆਰਾ ਦੂਰ ਕਰਾਉਣਾ । ਸਚ ਅੰਗਿਆਰ ਜੋਤ ਜਗਾਉਣਾ । ਸ਼ਬਦ ਸ਼ੰਗਾਰਾ ਤਨ ਪਹਿਨਾਉਣਾ । ਨਾਮ ਹਾਰਾ ਗਲ ਲਟਕਾਉਣਾ । ਦੁੱਖ ਲੱਗੇ ਨਾ ਭਾਰਾ, ਦਰਗਹਿ ਸਾਚੀ ਗੁਰਸਿਖ ਅੱਗੇ ਜਾਣਾ । ਆਪੇ ਰਿਹਾ ਕਰਮ ਵਿਚਾਰਾ, ਪ੍ਰਭ ਅਬਿਨਾਸ਼ੀ ਸੁਘੜ ਸਿਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਵਖਾਏ ਸਚ ਟਿਕਾਣਾ । ਸਚ ਧਾਮ ਸਦਾ ਅਸਥੂਲ । ਸਾਚਾ ਪਲੰਘ ਨਾ ਕੋਈ ਪਾਵਾ ਨਾ ਕੋਈ ਚੂਲ । ਸਾਚਾ ਰੰਗ ਗੁਰਸਿਖ ਨਾ ਜਾਣਾ ਭੂਲ । ਹੋਏ ਸਹਾਈ ਸਦਾ ਅੰਗ ਸੰਗ, ਸ਼ਬਦ ਪੰਘੂੜੇ ਰਿਹਾ ਝੂਲ । ਮਾਨਸ ਜਨਮ ਨਾ ਹੋਏ ਭੰਗ, ਪ੍ਰਭ ਚੁਕਾਏ ਸਾਚਾ ਮੂਲ । ਸਾਚਾ ਸ਼ਬਦ ਚੜ੍ਹਾਏ ਕੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸੂਲੀਉਂ ਸੂਲ । ਸਚ ਦਵਾਰਾ ਸਚ ਘਰ ਵੇਖ । ਜਿਥੇ ਵਸੇ ਹਰਿ ਵਸੇਖ । ਜੋਤ ਸਰੂਪੀ ਨਾ ਕੋਈ ਦਿਸੇ ਰੰਗ ਰੇਖ । ਵਡ ਵਡ ਭੂਪੀ ਕਲਜੁਗ ਭੁਲਾਏ ਕਰ ਵਿਚ ਮਾਤ ਅਵਲੜਾ ਭੇਖ । ਸਾਚੇ ਮਾਰਗ ਵਿਰਲਾ ਗੁਰਮੁਖ ਆਏ, ਜਿਸ ਲਿਖਾਏ ਸਾਚੇ ਲੇਖ । ਅੰਮ੍ਰਿਤ ਆਤਮ ਪ੍ਰਭ ਇਕ ਪਿਆਏ, ਜਨ ਸੰਤ ਸਾਚੇ ਨੇਤਰ ਪੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼ । ਔਲੀਏ ਸ਼ੇਖ਼ ਨਾ ਕਿਸੇ ਵਿਚਾਰਿਆ । ਜੂਠੇ ਝੂਠੇ ਝੂਠੀਆਂ ਕਿਤਾਬਾਂ ਰਹੇ ਵੇਖ, ਪ੍ਰਭ ਅਬਿਨਾਸ਼ੀ ਖੇਲ ਅਪਾਰਿਆ । ਆਪ ਲਿਖਾਏ ਅਗਲੇ ਪਿਛਲੇ ਸਦਾ ਲੇਖ, ਤੋੜੇ ਮਾਣ ਵਡੇ ਹੰਕਾਰੀਆ । ਸਦੀ ਚੌਧਵੀਂ ਪੁੱਟੇ ਆਪਣੀ ਹੱਥੀਂ ਮੇਖ, ਪੁੱਟੀ ਜੜ੍ਹ ਨਾ ਕੋਈ ਲਗਾ ਰਿਹਾ । ਕਲਜੁਗ ਤੇਰੀ ਮਿਟਦੀ ਜਾਏ ਰੇਖ, ਸਤਿਜੁਗ ਪੈਰਾਂ ਨਾਲ ਘਸਾ ਰਿਹਾ । ਗੁਰਸਿਖ ਲੈਣਾ ਨੇਤਰ ਪੇਖ, ਭਾਣਾ ਹਰਿ ਸਾਚਾ ਵਰਤਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਾਂਓ ਥਾਈਂ ਸ੍ਰਿਸ਼ਟ ਸਬਾਈ ਆਪਣੇ ਆਪ ਹਿਲਾ ਰਿਹਾ । ਸ੍ਰਿਸ਼ਟ ਸਬਾਈ ਦਏ ਹੁਲਾਰਾ । ਇਕੋ ਲੱਗੇ ਧੱਕਾ ਭਾਰਾ । ਬੇਮੁੱਖ ਡਿਗਣ ਮੂੰਹ ਦੇ ਭਾਰਾ । ਉਤੋਂ ਵੱਜੇ ਸ਼ਬਦ ਕਟਾਰਾ । ਗੁਰਸਿਖ


੩੫੮ ੦੩

ਵੇਖਣ ਪ੍ਰਭ ਸਾਚੇ ਦਾ ਸਾਚਾ ਖਾੜਾ । ਬੇਮੁੱਖ ਅੱਗੋਂ ਕੱਢਣ ਹਾੜਾ । ਚਰਨਾਂ ਨਾਲ ਛੁਹਾਵਣ ਦਾਹੜਾ । ਅੱਗੇ ਜੋਗਾ ਨਾ ਕੋਲ ਕਿਸੇ ਦੇ ਭਾੜਾ । ਧਰਮ ਰਾਏ ਅੱਗੇ ਬੈਠਾ ਚਬਾਈ ਜਾਂਦਾ ਵਿਚ ਦਾੜ੍ਹਾਂ । ਬੇਮੁਖ ਅੱਗੇ ਕਦਮ ਉਠਾਉਂਦਾ, ਤਪਿਆ ਦਿਸੇ ਤੰਦੂਰ ਜਿਉਂ ਲੱਗੀ ਅਗਨ ਹਾੜਾ । ਪਿਛੇ ਉਠ ਉਠ ਬੇਮੁਖ ਵਲ ਮਾਂ ਦੇ ਜਾਂਦਾ, ਕਿਉਂ ਛੱਡ ਆਈ ਮਾਤਾ ਮੈਨੂੰ ਵਿਚ ਉਜਾੜਾਂ । ਨਾ ਕੁਛ ਖਾਂਦਾ ਨਾ ਕੁਛ ਪੀਂਦਾ, ਅੱਗੋਂ ਮਿਲਦੀਆਂ ਝਾੜਾਂ । ਮੈਂ ਨਿਜ ਤੇਰੇ ਘਰ ਜੰਮਦਾ, ਨਿਜ ਜਗਤ ਵਿਚ ਜੀਂਵਦਾ, ਮੇਰਾ ਲੇਖ ਹੋਇਆ ਮਾੜਾ । ਧ੍ਰਿਗ ਧ੍ਰਿਗ ਮਾਂ ਸੰਸਾਰ ਤੂੰ ਜਿਸ ਨਾ ਦੱਸਿਆ ਰਾਹ, ਨਾ ਪ੍ਰਭ ਸਾਚੇ ਘਰ ਵਾੜਾ । ਕਵਣ ਮੇਰੀ ਅੰਤ ਪਕੜੇ ਬਾਂਹ, ਘਰ ਬਾਹਰ ਕੱਢ ਤੂੰ ਕੀਆ ਬੰਦ ਕਵਾੜਾ । ਝੂਠੀ ਮਾਣੀ ਮੈਂ ਤੇਰੀ ਛਾਂ, ਅੱਗੇ ਲਗਦੀ ਅੱਗ ਵਿਚ ਬਹੱਤਰ ਨਾੜਾਂ । ਮੁੜ ਕੇ ਕੁਖ ਤੇਰੀ ਵਿਚ ਆਵਾਂ ਨਾ, ਨਾ ਦੁੱਖ ਪਾਵਾਂ ਨਾ ਤਨ ਨੂੰ ਸਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵ ਆਪ ਮਿਟਾਏ ਮਗਰ ਲਗਾਏ ਅਗੰਮੀ ਧਾੜਾਂ । ਗੁਰਸਿਖ ਸਾਚਾ ਉਠ ਉਠ ਜਾਗੇ । ਪ੍ਰਭ ਅਬਿਨਾਸ਼ੀ ਚਰਨ ਲਾਗੇ । ਪੂਰੇ ਹੋਏ ਮਾਤ ਵਿਚ ਭਾਗੇ । ਵੇਲੇ ਅੰਤਮ ਅੰਤ ਪ੍ਰਭ ਅਬਿਨਾਸ਼ੀ ਦਿਸੇ ਖੜਾ ਆਗੇ । ਨਾਲ ਲਿਆਏ ਸਾਧ ਸੰਗਤ ਹੰਸ ਬਣਾਏ ਕਾਗੇ । ਆਪ ਚੜ੍ਹਾਏ ਸਾਚੀ ਰੰਗਤ ਗਵਾਏ ਗੀਤ ਸੁਹਾਗੇ । ਨਾ ਦਰ ਕਿਸੇ ਵਿਚ ਗਿਆ ਮੰਗਤ, ਸਾਕ ਸਨਬੰਧੀ ਸੰਤ ਜਨ ਘਰ ਆਏ ਸਾਰੇ ਭਾਗੇ । ਦਰਸ਼ਨ ਕਰਨ ਲਿਆ ਚਾਰੋਂ ਤਰਫ ਮੇਰੀ ਲਾਗੇ । ਪ੍ਰਭ ਕਾ ਭਾਣਾ ਲਿਆ ਜਰ, ਮਾਤ ਧੋਏ ਆਪਣੇ ਦਾਗੇ । ਸਚ ਭੰਡਾਰਾ ਲਿਆ ਭਰ, ਨਾ ਤੋਟ ਆਵੇ ਆਗੇ । ਹਰਿ ਦਵਾਰਾ ਲਿਆ ਵਰ, ਗੁਰ ਸੰਗਤ ਤੇਰੇ ਆਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਨਾ ਮੋਇਆ ਸੋਇਆ ਸਦਾ ਜਹਾਨ ਵਿਚ ਜਾਗੇ । ਜੀਵੇ ਜਾਗੇ ਸਾਚਾ ਲਾਲ । ਉਤੇ ਧਰਿਆ ਪ੍ਰਭ ਇਕ ਚਿੱਟਾ ਰੁਮਾਲ । ਤਿਲ ਫੁੱਲ ਦਿਤਾ ਸੱਚਾ ਧੰਨ ਮਾਲ । ਹੱਸਦੇ ਗਏ ਬੁਲ੍ਹ, ਫੁੱਲ ਟੁੱਟਾ ਨਾ ਅਜੇ ਡਾਲ । ਸਚ ਦਵਾਰਾ ਧੁਰਦਰਗਾਹੀ ਗਿਆ ਖੁਲ੍ਹ, ਤੋੜ ਗਿਆ ਜਗਤ ਜੰਜਾਲ । ਕੋਈ ਜੀਵ ਨਾ ਜਾਏ ਭੁੱਲ, ਪ੍ਰਭ ਖੜਿਆ ਗੋਦ ਉਠਾਲ । ਮਾਤਲੋਕ ਨਾ ਗਿਆ ਹੁਲ, ਲੱਗਾ ਫੱਲ ਵਿਚ ਜਹਾਨ । ਭਾਗ ਲਗਾਇਆ ਆਪਣੀ ਕੁੱਲ, ਝੁਲਿਆ ਇਕ ਸੱਚਾ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਆਪ ਮਹਾਨ । ਪ੍ਰਭ ਹੱਥ ਵਡਿਆਈਆ । ਨਾ ਚਲੇ ਕਿਸੇ ਚਤੁਰਾਈਆ । ਕਿਆ ਕੋਈ ਕਿਸੇ ਸਮਝਾਈਆ । ਆਪਣੀ ਬੂਝ ਕਿਸੇ ਨਾ ਪਾਈਆ । ਭੁੱਲੀ ਰਹੇ ਸਰਬ ਲੁਕਾਈਆ । ਅੰਤਮ ਲੇਖਾ ਹਰਿ ਆਪ ਚੁਕਾਈਆ । ਬੈਠਾ ਲਿਖੇ ਥਾਉਂ ਥਾਈਆ । ਨਾ ਕੋਈ ਪਰਦਾ ਨਾ ਉਹਲਾ ਹਰਿ ਰਖਾਈਆ । ਕਾਇਆ ਚੋਲਾ ਸਰਬ ਤਜਾਈਆ । ਵਿਚ ਅਗਨੀ ਦੇ ਜਲਾਈਆ । ਸਾਚੀ ਜੋਤ ਵਿਚੋਂ ਉਡਾਈਆ । ਜਾਂਦੀ ਨਜ਼ਰ ਕਿਸੇ ਨਾ ਆਈਆ । ਵੈਦ ਹਕੀਮ ਬੈਠੇ ਰਹਿ ਗਏ ਫੜ ਕੇ ਬਾਹੀਆ । ਕਿਹੜਾ ਅੰਦਰ ਵੜਿਆ ਚੋਰ, ਦਰ ਦਵਾਰ ਕੋਈ ਨਜ਼ਰ ਨਾ ਆਈਆ । ਕਾਇਆ ਕੋਠੜੀ ਅੰਧੇਰਾ ਘੋਰ, ਕਿਵੇਂ ਵਸਤ ਸਾਚੀ ਹੱਥ ਆਈਆ । ਪ੍ਰਭ ਅਬਿਨਾਸ਼ੀ ਸਾਚਾ ਚੋਰ, ਦਵਾਰ ਦਸਵੇਂ ਵਿਚੋਂ ਬਾਹਰ ਨੱਠ ਜਾਈਆ । ਨਾ ਕੋਈ ਜਾਣੇ ਹੋਰ, ਜਿਸ ਦੀ ਵਸਤ ਉਹੋ ਘਰ ਆਪਣੇ ਲੈ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਜੋਤੀ ਜੋਤ ਮਿਲਾਈਆ । ਨਾ ਇਹ ਕਾਇਆ ਨਾ ਇਹ ਧੜ । ਨਾ ਇਹ ਕਿਲ੍ਹਾ ਨਾ ਇਹ ਗੜ੍ਹ । ਪ੍ਰਭ ਅਬਿਨਾਸ਼ੀ ਸਾਚਾ ਚੋਰ ਅੰਦਰ ਗਿਆ ਵੜ । ਜਾਂਦਾ ਆਉਂਦਾ ਨਜ਼ਰ ਨਾ ਆਏ, ਪੌੜੀ ਪੌੜੀ ਜਾਏ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ

ਸਾਚੇ ਬਾਹੋਂ ਲਿਆ ਫੜ । ਗੁਰਸਿਖ ਸਾਚੇ ਬਾਹੋਂ ਫੜਿਆ । ਕਿਥੇ ਭੰਨ ਕੇ ਜਾਏ ਮੇਰਾ ਘਾੜਨ ਘੜਿਆ । ਛੋਟਾ ਬਾਲ ਜਗਤ ਨਾ ਜਾਣ, ਮੈਂ ਦਰ ਤੇਰੇ ਅੱਗੇ ਰਹੂੰ ਅੜਿਆ । ਪੂਰਾ ਸਤਿਗੁਰ ਮੈਂ ਲਿਆ ਪਛਾਣ, ਛਾਤੀ ਉਪਰ ਰਹੂੰ ਚੜ੍ਹਿਆ । ਹੋਇਆ ਮੈਂ ਵਡ ਬਲੀ ਬਲਵਾਨ, ਤੋੜੀਂ ਜਾਊਂ ਕਿਲ੍ਹੇ ਗੜ੍ਹਿਆ । ਮਾਤ ਪਿਤਾ ਦੀ ਰਖੂੰ ਆਨ, ਜਿਸ ਲੜ ਲਾਇਆ ਪ੍ਰਭ ਸਾਚੇ ਅੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੁੱਟ ਨਾ ਜਾਏ ਮਨਜੀਤ ਸਿੰਘ ਲੜ ਤੇਰਾ ਫੜਿਆ । ਰੋਣਾ ਧੋਣਾ ਝੂਠਾ ਵਿਹਾਰਾ । ਪ੍ਰਭ ਸਾਚੇ ਦੇ ਜਾਓ ਚਰਨ ਬਲਿਹਾਰਾ । ਦਰ ਘਰ ਸਾਚੇ ਆਏ ਪਾਏ ਸਾਰਾ । ਕਾਇਆ ਦੇਹੀ ਭਾਂਡੇ ਕਾਚੇ, ਟਿਕਾਈ ਵਸਤ ਇਕ ਅਪਾਰਾ । ਆਪ ਢਾਲਿਆ ਸਾਚੇ ਢਾਂਚੇ, ਇੱਟ ਬਣਾਈ ਲਗਾਈ ਸਚ ਮੁਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਸਾਏ ਸੱਚਾ ਘਰ ਬਾਹਰਾ । ਜਗਤ ਪਿਆਰ ਝੂਠਾ ਮੋਹ । ਬਿਨ ਹਰਿ ਪੂਰੇ ਅੱਗੇ ਨਾ ਮਿਲਦਾ ਕੋ । ਏਥੇ ਸਰਬ ਰਹਿ ਜਾਣ, ਨਾਲ ਨਾ ਲੱਗਣ ਨਾ ਸਕੇ ਕੋਈ ਛੋਹ । ਪਹਿਲੇ ਪਹਿਰ ਉਠ ਉਠ ਵੇਖਣ, ਪਿਛੇ ਬਹਿਣ ਅੱਖੀਂ ਧੋ । ਦੂਜੇ ਪਹਿਰ ਵਰਤੇ ਕਹਿਰ, ਉਠੋ ਛੇਤੀ ਕਾਹਨੀ ਲਓ ਜੋ । ਤੀਜੇ ਪਹਿਰ ਨਾ ਲਾਓ ਦੇਰ, ਕਵੇਲਾ ਰਿਹਾ ਹੋ । ਚੌਥੇ ਮਿਟੀ ਢੇਰ, ਘਰ ਵਿਚ ਛੱਡ ਜਾਏ ਬੋ । ਝੂਠੇ ਸਾਕ ਸਨਬੰਧੀ ਬਹਿਣ ਦੂਰ ਹੋ । ਕੋਲੋਂ ਮੁਸ਼ਕ ਆਵੇ ਮੰਦੀ, ਵੇਖ ਵੇਖ ਕਾਲਜੇ ਪੈਂਦੀ ਖੋ । ਚਿੱਟੇ ਦਿਸਣ ਦੂਰੋਂ ਦੰਦੀ, ਅੱਗੇ ਹੋ ਕੋਈ ਨਾ ਸਕੇ ਟੋਹ । ਮਾਤ ਪਿਤਾ ਭੈਣ ਭਾਈ ਸਭ ਪੁਕਾਰਨ ਬਾਹਰ ਕੱਢੋ ਛੇਤੀ ਨਾ ਹੋਏ ਸਹਾਈ ਕੋ । ਨਾ ਹੋਏ ਸਹਾਈ ਨਾ ਸਹਾਰਾ । ਝੂਠਾ ਦਿਸੇ ਜਗਤ ਪਿਆਰਾ । ਪ੍ਰਭ ਸਾਚੇ ਦਾ ਸਚ ਵਰਤਾਰਾ । ਦੋ ਜਹਾਨਾਂ ਹੋਏ ਰਖਵਾਰਾ । ਸਾਚੀ ਕਾਹਨੀ ਸਚਖੰਡ ਲੈ ਜਾਏ ਨਾ ਜਾਣੇ ਕੋਈ ਭਾਰਾ । ਵਿਚ ਵਰਭੰਡ ਲਾਜ ਰਖਾਏ, ਆਪ ਬਹਾਏ ਚਰਨ ਦਵਾਰਾ । ਮਾਤ ਪਿਤਾ ਦਿਲ ਠੰਡ ਰਖਾਏ, ਨੇਤਰ ਨੀਰ ਨਾ ਚਲੇ ਫੁਹਾਰਾ । ਆਤਮ ਸਾਚੀ ਗੰਢ ਬੰਨ੍ਹਾਏ, ਰੋਗਾਂ ਸੋਗਾਂ ਕਰੇ ਕਿਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਖ਼ਸ਼ੇ ਚਰਨ ਪਿਆਰਾ । ਮਾਤਾ ਮਨਜੀਤ ਸਦਾ ਸੁਖ ਜਾਣ । ਸਦਾ ਸੁਰਜੀਤ ਤੇਰਾ ਬਾਲ ਅੰਵਾਣ । ਹਰਿ ਸਾਚਾ ਬਣਿਆ ਮੀਤ, ਸੰਗ ਲੈ ਆਇਆ ਸੰਤ ਸੁਜਾਨ । ਵੇਲਾ ਹੱਥ ਨਾ ਆਵੇ ਜੋ ਜਾਏ ਬੀਤ, ਕਰੇ ਕਰਾਏ ਸ੍ਰੀ ਭਗਵਾਨ । ਸਦਾ ਸਦਾ ਗਿਆ ਜਗ ਜੀਤ, ਝੁਲਦੇ ਰਹਿਣ ਨਿਸ਼ਾਨ । ਸਤਿਜੁਗ ਚਲਾਈ ਸਾਚੀ ਰੀਤ, ਕਿਰਿਆ ਕਰਮ ਕਰਮ ਕਿਰਿਆ ਸਾਚੀ ਕਰ ਮੁੜ ਘਰਾਂ ਨੂੰ ਆਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਦਰਸ਼ਨ ਦੇਵੇ ਆਣ । ਭਾਗ ਲਗਾਇਆ ਮਾਤਾ ਕੁੱਖ । ਉਜਲ ਹੋਇਆ ਜਗਤ ਮੁਖ । ਸਚ ਧਰਮ ਦੀ ਸਾਚੀ ਮਾਂ ਸੁੱਖਣਾ ਰਹੀ ਸੁੱਖ । ਸਾਧ ਸੰਗਤ ਮੈਨੂੰ ਦਿਓ ਵਧਾਈ, ਮੈਂ ਸੁੱਖਣਾ ਰਹੀ ਸੁੱਖ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਮਨਜੀਤ ਦਾ ਲੱਥਾ ਦੁੱਖ । ਮੈਂ ਹੱਸਾਂ ਚਾਈਂ ਚਾਈਂ, ਮੇਰੀ ਆਤਮ ਆਇਆ ਸੁਖ । ਪ੍ਰਭ ਅਬਿਨਾਸ਼ੀ ਚੁਕਿਆ ਆਪਣੀ ਬਾਹੀਂ, ਨਾ ਚੁੱਕਿਆ ਕਿਸੇ ਮਨੁੱਖ । ਧੁਰਦਰਗਾਹੀ ਆਇਆ ਸਾਂਈ, ਆਪ ਉਖੇੜਿਆ ਉਲਟਾ ਰੁੱਖ । ਔਸੀਆਂ ਪਾਈਂ ਕਾਗ ਉਡਾਈਂ, ਵਿਚ ਦਰਗਹਿ ਪੁੱਤ ਆਪਣੇ ਦਾ ਵੇਖੀਂ ਸਾਚਾ ਸੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਈ, ਭਾਗ, ਲਗਾਇਆ ਤੇਰੀ ਕੁੱਖ । ਭਾਗ ਲਗਾਇਆ ਮਾਤ ਸੁਲੱਖਣੀ । ਤੇਰੀ ਗੋਦ ਹੋਈ ਨਹੀਂ ਸੱਖਣੀ । ਤੇਰੀ ਲਾਜ ਪ੍ਰਭ ਸਾਚੇ ਚਾਰ ਜੁਗ ਵਿਚ ਰੱਖਣੀ । ਚਾਰ ਵਰਨ ਤੇਰਾ ਨਾਮ ਧਿਆਇਣ, ਉਤਰ ਪੂਰਬ ਪੱਛਮ ਦੱਖਣੀ । ਸਾਚਾ ਸੀਰ ਮੁਖ ਚਵਾਇਆ । ਬੱਤੀ ਧਾਰ ਪ੍ਰਭ ਦੇ ਬਖ਼ਸ਼ਾਇਆ । ਆਤਮ

ਅਧਾਰ ਇਕ ਰਖਾਇਆ । ਸ਼ਬਦ ਅਸਵਾਰ ਆਪ ਚੜ੍ਹਾਇਆ । ਤੇਰੀ ਹੱਥੀਂ ਗੁਰ ਪੂਰੇ ਆਪ ਨੁਹਾਇਆ । ਬਾਹੋਂ ਪਕੜ ਲਿਆ ਲਪੇਟ, ਚਿੱਟੇ ਚੋਲੇ ਵਿਚ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕੁਠਾਲੀ ਵਿਚ ਤਪਾਇਆ । ਸਚ ਕੁਠਾਲੀ ਆਪੇ ਪਾਏ । ਸੋਹੰ ਸ਼ਬਦ ਦੀ ਫੂਕ ਲਗਾਏ । ਕਾਇਆ ਤਨ ਵਾਂਗ ਰੂੰ ਜਲਾਏ । ਭੰਬਲ ਭੂਸੇ ਖਾਏ ਧੂੰ, ਵਿਚ ਅਸਮਾਨ ਦੇ ਜਾਏ । ਗਾਉਂਦਾ ਤੂੰ ਹੀ ਤੂੰ, ਸਚ ਮਿਲੀ ਤੇਰੀ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਭਨੀ ਥਾਂਏ । ਉਡਿਆ ਧੂੰ ਰਲਿਆ ਪਵਣ । ਜਾਵੇ ਤੀਨ ਲੋਕ ਵਿਚ ਗਵਣ । ਸਾਧਾਂ ਸੰਤਾਂ ਦੇਵੇ ਨਾ ਸਵਣ । ਉਠ ਉਠ ਵੇਖਣ ਸੁਨੇਹੁੜਾ ਦੇਵੇ ਕਵਣ । ਪ੍ਰਭ ਅਬਿਨਾਸ਼ੀ ਨੇਤਰ ਪੇਖਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰਸਨਾ ਸਾਵਣ । ਸੜਿਆ ਤਨ ਹੋਇਆ ਅੰਗਿਆਰ । ਲਾਲੋ ਲਾਲ ਜਿਉਂ ਕੁਠਿਆਲੀ ਸੁਨਿਆਰ । ਪ੍ਰਭ ਅਬਿਨਾਸ਼ੀ ਰੰਗਣ ਚੜ੍ਹਾਏ, ਸੋਹੰ ਸੁਹਾਗਾ ਉਪਰ ਡਾਰ । ਗੁਰ ਸਾਚਾ ਕੰਗਣ ਬਣਾਏ, ਗੁਰ ਸੰਗਤ ਗਲ ਪਾਏ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਪੂਰੇ ਕੀਆ ਪਿਆਰ । ਕੀਆ ਪਿਆਰ ਹਰਿ ਜੀ ਹਰਿ । ਸਚ ਵਿਹਾਰਾ ਦੀਆ ਕਲ ਕਰ । ਨਿਰਮਲ ਜੀਆ ਅੱਗੇ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਚੁਕਾਏ ਮੌਤ ਸਰੂਪੀ ਝੂਠਾ ਡਰ । ਮੌਤ ਕੋਲੋਂ ਮੂਲ ਨਾ ਡਰਨਾ । ਅੰਤਮ ਵੇਲੇ ਜਿਸ ਨੇ ਵਰਨਾ । ਬਹੇ ਕੋਈ ਨਾ ਵਿਚ ਮਾਤ ਮਾਰ ਕੇ ਧਰਨਾ । ਵਹਿਣ ਮੌਤ ਦਾ ਸਦਾ ਵਹੇ, ਅੱਗੇ ਕੋਈ ਨਾ ਇਹਦੇ ਅੜਨਾ । ਚਾਰੋਂ ਤਰਫ ਕਰਦੀ ਜਾਏ ਖੈ । ਸਾਹਮਣੇ ਹੋ ਕਿਸੇ ਨਾ ਲੜਨਾ । ਗੁਰਸਿਖ ਸਾਚਾ ਪ੍ਰਭ ਚਰਨੀ ਜਾਏ ਢਹਿ, ਅੰਤਮ ਆਏ ਬਾਹੋਂ ਜਿਸ ਫੜਨਾ । ਆਪ ਬਹਾਏ ਸਾਚੀ ਥਾਂਏ, ਓਥੇ ਹੋਰ ਕਿਸੇ ਨਾ ਵੜਨਾ । ਦਰਗਹਿ ਸਾਚੀ ਸਾਚਾ ਨਾਏਂ, ਗੁਰਸਿਖ ਸਾਚੇ ਹਰਿ ਆਪੇ ਆਏ ਖੜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜੋੜੇ ਆਪਣੇ ਲੜਨਾ । ਸਾਚੀ ਸਿਖਿਆ ਲੈਣੀ ਮੰਨ । ਆਤਮ ਆਪਣਾ ਲੈਣਾ ਬੰਨ੍ਹ । ਜਗਤ ਭੁਲੇਖਾ ਝੂਠਾ ਲੇਖਾ ਕੱਢਣਾ ਜਨ । ਜੇ ਕੋਈ ਆਖੇ ਮਾੜਾ ਹੋਇਆ, ਕਹਿਣਾ ਧੰਨ ਧੰਨ । ਸਾਚਾ ਸੁੱਤਾ ਲਾੜਾ ਹੋਇਆ, ਗੁਰਸਿਖ ਬਣ ਜੰਞ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜ ਆਪ ਚੜ੍ਹਾਇਆ । ਜੋਤ ਸਰੂਪੀ ਹੱਥੀਂ ਗਾਨਾ ਬੰਨ੍ਹ । ਹੱਥੀਂ ਗਾਨਾ ਆਪ ਬੰਨ੍ਹਾਇਆ, ਸ਼ਬਦ ਚੀਰਾ ਇਕ ਰੰਗਾਇਆ । ਨਾਮ ਹੀਰਾ ਵਿਚ ਟਿਕਾਇਆ । ਸਚ ਕਲੀਰਾ ਤਨ ਪਹਿਨਾਇਆ । ਸਾਚੀ ਡੋਲੀ ਆਪ ਚੜ੍ਹਾਇਆ, ਕਲਜੁਗ ਬੋਲੀ ਦੇ ਵਿਆਹਿਆ । ਕਲਜੁਗ ਹੋਲੀ ਦੇ ਖਿਲਾਇਆ । ਲਹੂ ਮਿਝ ਦਾ ਘਾਣ ਵਹਾਇਆ । ਖਾਨ ਪਠਾਣ ਸਰਬ ਉਠਾਇਆ । ਵੱਜਣ ਵਾਂਗ ਵਧਾਨ, ਇੱਟ ਨਾਲ ਇੱਟ ਦੇਣ ਖੜਕਾਇਆ । ਆਪੇ ਜਾਣ ਜਾਣੀ ਜਾਣੇ, ਜਿਸ ਨੇ ਖੇਲ ਰਚਾਇਆ । ਕਿਸੇ ਨਾ ਆਵੇ ਵਿਚ ਪਛਾਣ, ਕਰੇ ਕਰਾਏ ਜੋ ਮਨ ਭਾਇਆ । ਆਪੇ ਰਖਾਏ ਆਪਣੀ ਆਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦੂਜਾ ਕੋਈ ਸੰਗ ਰਖਾਇਆ । ਮੰਗੀ ਇਕ ਸੱਚੀ ਦਾਤ । ਪਹਿਲੀ ਪੱਟੀ ਪਹਿਲੀ ਇਕ ਜਮਾਤ । ਆਪ ਮਿਟਾਵੇ ਪਹਿਲੇ ਆਤਮ ਅੰਧੇਰੀ ਰਾਤ । ਦੂਜਾ ਬੰਨ੍ਹੇ ਚਰਨ ਨਾਤ । ਤੀਜੇ ਪੁੱਛੇ ਆਪੇ ਵਾਤ । ਚੌਥੇ ਡਾਲੇ ਲਾਏ ਪਾਤ । ਪੰਜਵੇਂ ਨਾਮ ਰਖਾਏ ਸਾਚਾ ਨਾਤ । ਛੇਵੇਂ ਬੈਠਾ ਵੇਖੇ ਆਪ ਇਕਾਂਤ । ਸੱਤਵੇਂ ਮਾਰੇ ਗੁਰਮੁਖ ਝਾਤ । ਅਠਵੇਂ ਕੋਇ ਨਾ ਪੁੱਛੇ ਜਾਤ ਪਾਤ । ਨਾਮ ਦੇਵੇ ਸਾਚੀ ਦਾਤ । ਦਸਵੇਂ ਮਿਟਾਏ ਅੰਧੇਰ ਕਾਇਆ ਪਿੰਡ ਪਰਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕਰਾਏ ਗੁਰਸਿਖ ਸ਼ਾਂਤ । ਆਪ

ਕਰਾਏ ਆਤਮ ਸ਼ਾਂਤੀ । ਪ੍ਰਭ ਅਬਿਨਾਸ਼ੀ ਜੀਵ ਇਕਾਂਤੀ । ਜੋਤ ਟਿਕਾਏ ਜਗਾਏ ਬਿਨ ਤੇਲ ਬਾਤੀ । ਗੁਰਸਿਖ ਸਾਚੇ ਸੰਤ ਜਨਾਂ ਦੇਵੇ ਦਰਸ ਸੁੱਤਿਆਂ ਰਾਤੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਏ ਆਪ ਜਗਾਏ, ਖੇਲ ਕਰੇ ਬਹੁ ਭਾਤੀ । ਖੇਲ ਕਰੇ ਹਰਿ ਨਿਆਰਾ । ਦੂਰੋਂ ਬੈਠੇ ਸਾਚੇ ਤੱਕਣ, ਨਾ ਕੋਈ ਆਰਾ ਨਾ ਕੋਈ ਪਾਰਾ । ਓਥੇ ਕੋਈ ਪਹੁੰਚ ਨਾ ਸਕਣ, ਸਾਧ ਸੰਤ ਥੱਕ ਥੱਕ ਹਾਰਾ । ਗੁਰਮੁਖ ਸਾਚੇ ਨਾ ਅੱਕਣ ਨਾ ਥੱਕਣ, ਚੜ੍ਹਦੇ ਜਾਣ ਸਚ ਦਵਾਰਾ । ਆਤਮ ਪਰਦੇ ਆਪਣੇ ਚੱਕਣ । ਅੱਗੇ ਦਿਸੇ ਹਰਿ ਨਿਰੰਕਾਰਾ । ਨੇਤਰ ਪੇਖ ਨਾ ਦੱਸ ਸਕਣ, ਜੋਤ ਸਰੂਪੀ ਖੇਲ ਅਪਾਰਾ । ਕਾਇਆ ਕਾਅਬਾ ਗੁਰਸਿਖ ਹਾਜ਼ੀ ਵੜ ਜਾ ਸਾਚੇ ਮੱਕਣ, ਜਿਸ ਦਾ ਉਚਾ ਇਕ ਮਨਾਰਾ । ਪੰਜੇ ਚੋਰ ਅੱਗੋਂ ਡੱਕਨ, ਸ਼ਬਦ ਖੰਡਾ ਮਾਰੀਂ ਦੋ ਧਾਰਾ । ਦੂਜਾ ਨਾ ਕੋਈ ਆਵੇ ਚੱਕਣ, ਪ੍ਰਭ ਅਬਿਨਾਸ਼ੀ ਅੱਗੇ ਖੜਾ ਦੋਵੇਂ ਬਾਂਹ ਪਸਾਰਾ । ਧੰਨ ਧੰਨ ਧੰਨ ਗੁਰਸਿਖ ਜਿਸ ਪਾਈ ਮੇਰੀ ਸਾਰਾ । ਤੇਰਾ ਉਜਲ ਹੋਇਆ ਮੁੱਖ, ਸੋਹੰ ਸ਼ਬਦ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਦਰ ਦਵਾਰੇ ਵਸੇ ਜੋਤ ਸਰੂਪੀ ਖੇਲ ਨਿਆਰਾ । ਸ਼ਬਦ ਦਾਤ ਗੁਰਸਿਖ ਭੰਡਾਰ ਹੈ । ਜਿਸ ਨਾਲ ਚਲਦੇ ਦੋ ਜਹਾਨਾਂ ਦੇ ਸਚ ਵਿਹਾਰ ਹੈ । ਏਥੇ ਮਿਲੇ ਨਾ ਕੋਈ ਤੰਗੀ, ਅੱਗੇ ਪੈਂਦਾ ਨਾਮ ਅਧਾਰ ਹੈ । ਸਾਚੀ ਰੀਤ ਵਿਚ ਮਾਤ ਚੰਗੀ, ਨਾ ਕੋਈ ਦੂਜਾ ਵਣਜ ਵਪਾਰ ਹੈ । ਸਾਚੇ ਦਰ ਮੂਲ ਨਾ ਸੰਗੀ, ਪ੍ਰਭ ਅਬਿਨਾਸ਼ੀ ਅੰਗੀਕਾਰ ਹੈ । ਸੱਚੀ ਦਾਤ ਹਰਿ ਦਰ ਮੰਗੀ, ਪ੍ਰਭ ਲਾਇਆ ਸਚ ਭੰਡਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਿਆ ਆਪ ਵਰਤਾਰ ਹੈ । ਸਚ ਸੰਤੋਖ ਹਰਿ ਗੁਰ ਚਰਨ ਹੈ । ਅੰਤਮ ਮਿਟਦੇ ਦੁੱਖ, ਚੁਕਦਾ ਮਰਨ ਡਰਨ ਹੈ । ਘਰ ਸਾਚੇ ਮਿਲਦੀ ਸਾਚੀ ਮੋਖ, ਬੇਮੁਖ ਦੁੱਖੜੇ ਅੰਤ ਭਰਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਤਮ ਦੋਖ, ਜੋ ਜਨ ਆਏ ਸਾਚੀ ਸਰਨ ਹੈ । ਹਰਿ ਚਰਨ ਸਚ ਸੁਖ ਵਿਚਾਰ । ਹਰਿ ਚਰਨ ਹਰਿ ਦੇਵੇ ਨਾਮ ਅਪਾਰ । ਹਰਿ ਚਰਨ ਗੁਰਮੁਖ ਸਾਚਾ ਲੇਵੇ ਕਰੇ ਸਾਚਾ ਵਣਜ ਵਪਾਰ । ਅੰਮ੍ਰਿਤ ਖਾਏ ਸਾਚੇ ਮੇਵੇ, ਮਿਲੇ ਫੱਲ ਸੱਚੇ ਦਰਬਾਰ । ਜੁਗ ਜੁਗ ਜਗਤ ਵਿਚ ਜੀਵੇ ਕਿਰਪਾ ਕਰੇ ਜਿਸ ਅਪਾਰ । ਲਹਿਣਾ ਦੇਣਾ ਸਾਚਾ ਦੇਵੇ, ਲੇਖਾ ਕਰ ਸੱਚੀ ਸਰਕਾਰ । ਪ੍ਰਭ ਅਬਿਨਾਸ਼ੀ ਰਸਨ ਸੇਵੇ, ਝੂਠਾ ਜਾਣੇ ਜਗਤ ਵਿਹਾਰ । ਦੋਏ ਜੋੜ ਪ੍ਰਭ ਦਰ ਨੀਵੇਂ, ਪ੍ਰਭ ਬੇੜਾ ਕਰ ਜਾਏ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਵੇ ਆਪੇ ਸਾਰ । ਪਾਵੇ ਸਾਰ ਹਰਿ ਸੁੱਖ ਅਨੰਦਾ । ਦੇਵੇ ਸ਼ਬਦ ਧਾਰ, ਕਰ ਪਿਆਰ ਆਤਮ ਤੋੜੇ ਜਿੰਦਾ । ਸਾਚਾ ਕਰ ਵਿਹਾਰ, ਸਤਿਜੁਗ ਵਰਤੇ ਜੋ ਵਰਤਾਰ । ਆਪਣੀ ਹੱਥੀਂ ਬੰਨ੍ਹੇ ਧਾਰ, ਨਾ ਕੋਈ ਭੇਵ ਰਖੰਦਾ । ਚਾਰੋਂ ਕੁੰਟ ਵੇਖੇ ਸੰਸਾਰ, ਪ੍ਰਭ ਸ਼ਬਦ ਹਲੂਣਾ ਦੇਵੇ ਮਾਰ, ਜੜ੍ਹ ਉਖੜੇ ਇਕ ਹੁਲਾਰ, ਨਾ ਕੋਈ ਮਾਤ ਰਖੰਦਾ । ਕਲਜੁਗ ਜੀਵ ਹੋਏ ਗਵਾਰ, ਧੀਆਂ ਭੈਣਾਂ ਕਰਨ ਵਪਾਰ, ਪ੍ਰਭ ਸਾਚੇ ਸੁਣੀ ਪੁਕਾਰ, ਸਾਚੀ ਜੋਤ ਵਿਚ ਮਾਤ ਜਗੰਦਾ । ਗੁਰਸਿਖ ਸੁਹਾਗਣ ਸੁਲੱਖਣੀ ਨਾਰ, ਇਕ ਹੰਢਾਏ ਸਚ ਭਤਾਰ, ਦੁਹਾਗਣ ਹੋਰ ਸਰਬ ਰਖੰਦਾ । ਆਪੇ ਹੋਏ ਪਹਿਰੇਦਾਰ, ਫਿਰਦਾ ਰਹੇ ਚਾਰ ਚੁਫਾਰ, ਚੋਰ ਯਾਰ ਠੱਗ ਕੋਈ ਨੇੜ ਨਾ ਆਇੰਦਾ । ਬਣੇ ਆਪ ਸੱਚਾ ਸਿਕਦਾਰ, ਫੜ ਸ਼ਬਦ ਹੱਥ ਕਟਾਰ, ਤਿਖੀਆਂ ਦੋਵੇਂ ਧਾਰ ਰਖੰਦਾ । ਕਲਜੁਗ ਬੇੜਾ ਕਰ ਖਵਾਰ, ਸਤਿਜੁਗ ਲਿਆਏ ਵਿਚ ਸੱਚੇ ਦਰਬਾਰ, ਦੋਈਂ ਹੱਥੀਂ ਦਏ ਪਿਆਰ ਵਿਚ ਮਾਤ ਧਰੰਦਾ । ਚਾਰ ਕੁੰਟ ਕਰਾਏ ਹਾਹਾਕਾਰ, ਬੇਮੁਖਾਂ ਕਰਾਏ ਡਾਹਢੀ ਨਾ ਹੋਏ ਕੋਈ ਸਹਾਰ, ਗੁਰਸਿਖ ਆਪਣੀ

ਸਾਇਆ ਹੇਠ ਰਖੰਦਾ । ਪੂਰਬ ਕਰਮ ਰਿਹਾ ਵਿਚਾਰ, ਲਹਿਣਾ ਦੇਣਾ ਸਚ ਚੁਕਾਏ, ਨਾ ਕਰੇ ਕੋਈ ਹੁਦਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਖੇਲ ਹਰਿ ਵਰਤੰਦਾ । ਆਪਣਾ ਖੇਲ ਵਰਤਾਵਣਾ । ਸਾਚਾ ਲੇਖਾ ਸ਼ਬਦ ਆਪ ਲਿਖਾਵਣਾ । ਕਲਜੁਗ ਤੇਰਾ ਝੂਠਾ ਭੇਖ ਆਪਣੀ ਹੱਥੀਂ ਹਰਿ ਮਿਟਾਵਣਾ । ਜੋ ਕੁਛ ਵਰਤੇ ਗੁਰਸਿਖ ਨੇਤਰ ਨੈਣਾਂ ਪੇਖ, ਨਾ ਦੇਰ ਹੁਣ ਲਗਾਵਣਾ । ਕਲਜੁਗ ਤੇਰੀ ਮਿਟਦੀ ਜਾਏ ਰੇਖ, ਸੋਹੰ ਅੱਖਰ ਉਪਰ ਘਸਾਵਣਾ । ਸਤਿਜੁਗ ਤੇਰੀ ਲੱਗਦੀ ਜਾਏ ਮੇਖ, ਸ਼ਬਦ ਹਥੌੜਾ ਇਕ ਤੇਰੇ ਸਿਰ ਲਗਾਵਣਾ । ਜੋਤ ਸਰੂਪੀ ਧਾਰੇ ਭੇਖ, ਸ਼ਬਦ ਘੋੜ ਆਪ ਚੜ੍ਹ ਜਾਵਣਾ । ਗੁਰਸਿਖਾਂ ਫੜੇ ਲਿਖਾਏ ਸਾਚੇ ਲੇਖ, ਧਰਮ ਰਾਏ ਸੀਸ ਝੁਕਾਵਣਾ । ਬੇਮੁਖ ਕਲਜੁਗ ਰਹੇ ਵੇਖਾ ਵੇਖ, ਪ੍ਰਭ ਅਬਿਨਾਸ਼ੀ ਸਭ ਆਪ ਭੁਲਾਵਣਾ । ਭੇਵ ਨਾ ਪਾਏ ਕੋਈ ਔਲੀਆ ਪੀਰ ਸ਼ੇਖ਼, ਪੜ੍ਹ ਪੜ੍ਹ ਥੱਕੇ ਸਰਬ ਕੁਰਾਨਨਾ । ਗੁਰ ਪੂਰਾ ਰਾਖੇ ਗੁਰ ਚਰਨ ਟੇਕ, ਬਾਹੋਂ ਪਕੜ ਪਾਰ ਕਰਾਵਣਾ । ਸੋਹੰ ਸ਼ਬਦ ਹਰਿ ਸਾਚੇ ਫੜੀ ਤੇਗ, ਆਪਣੀ ਹੱਥੀਂ ਸੀਸ ਸਰਬ ਕਟਾਵਣਾ । ਇਕ ਚੜ੍ਹਾਏ ਕਲਜੁਗ ਅੰਤਮ ਤੇਰੀ ਦੇਗ, ਲੱਖ ਚੁਰਾਸੀ ਵਿਚ ਪਕਾਵਣਾ । ਆਪ ਮਿਟਾਉਂਦਾ ਜਾਏ ਜੂਠਿਆਂ ਝੂਠਿਆਂ ਜੋਤ ਸਰੂਪੀ ਧਰ ਧਰ ਭੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰੇ ਆਤਮ ਦਰ ਦਵਾਰੇ ਬੈਠਾ ਰਿਹਾ ਵੇਖ । ਆਤਮ ਵੇਖੇ ਹਰਿ ਵਿਚਾਰੇ । ਵਸੇ ਤੇਰੀ ਕਾਇਆ ਮਹੱਲ ਮੁਨਾਰੇ । ਸਾਚੀ ਦੇਵੇ ਸ਼ਬਦ ਧੁਨ, ਉਪਜੇ ਰਾਗ ਅਪਾਰੇ । ਗੁਰਸਿਖ ਗੁਰ ਚਰਨ ਆਏ ਸੁਣ ਕੰਨ, ਤੇਰੇ ਉਤਰਨ ਪਾਪਾਂ ਭਾਰੇ । ਤੇਰੀ ਆਤਮ ਜਾਏ ਮੰਨ, ਆਤਮ ਜੋਤ ਹੋਏ ਉਜਿਆਰੇ । ਨਾ ਦਰਗਹਿ ਸਾਚੀ ਲੱਗੇ ਡੰਨ, ਜਾਏ ਘਰ ਸੱਚੇ ਦਰਬਾਰੇ । ਨਾ ਹੋਏ ਆਤਮ ਅੰਨ੍ਹ, ਮਾਇਆ ਪਾਏ ਪਰਦੇ ਭਾਰੇ । ਆਪਣਾ ਬੇੜਾ ਲੈਣਾ ਬੰਨ੍ਹ, ਜਾਏ ਘਰ ਹਰਿ ਸਚ ਦਵਾਰੇ । ਇਕ ਝੂਠਾ ਰਹਿ ਜਾਏ ਤਨ, ਜਿਸ ਸੰਗ ਕਰੇ ਸਚ ਪਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਦੇ ਮੱਤ ਸਮਝਾਵੇ । ਕਲਜੁਗ ਦਿਸੇ ਰੈਣ ਅੰਧਿਆਰੇ । ਰੈਣ ਅੰਧੇਰੀ ਕਲਜੁਗ ਅੰਧੇਰਾ । ਨਾ ਕੋਈ ਸੰਞ ਨਾ ਸਵੇਰਾ । ਚਾਰੋਂ ਚੱਕ ਵੱਜੇ ਧੱਕ, ਨਾ ਸਕੇ ਕੋਈ ਡੱਕ, ਸ਼ਬਦ ਸਰੂਪੀ ਪ੍ਰਭ ਪਾਏ ਘੇਰਾ । ਨੱਥ ਪਾਏ ਨੱਕ ਨਚਾਏ ਬੂਰੇ ਕੱਕ, ਤਨ ਸੁੱਕੇ ਹੋਣ ਸੱਕ, ਆਪ ਜਲਾਏ ਵਾਂਗ ਕਰੀਰਾਂ । ਅੰਤਮ ਕਰੇ ਨਬੇੜਾ ਹੱਕ । ਗੁਰਮੁਖ ਸਾਚੇ ਲਏ ਰੱਖ । ਬੇਮੁਖ ਬਾਹੋਂ ਫੜ ਕੀਨੇ ਵੱਖ । ਕੌਡੀ ਮੁਲ ਨਾ ਪਾਏ ਦਰਗਹਿ ਸਾਚੀ ਜਿਹੜੇ ਪੱਲੇ ਬੰਨ੍ਹੀ ਬੈਠੇ ਲੱਖ । ਗਊ ਗਰੀਬ ਨਿਮਾਣਿਆਂ ਰਹੇ ਸਤਾਏ, ਮਾਰਦੇ ਫਿਰਨ ਝੱਖ । ਨਿਹਕਲੰਕ ਕਲ ਜਾਮਾ ਪਾਏ, ਪ੍ਰਗਟ ਹੋਏ ਮਾਝੇ ਦੇਸ ਪ੍ਰਤੱਖ । ਇਕ ਧਕੇਲ ਆਪ ਲਗਾਏ, ਨਾ ਸਕੇ ਕੋਈ ਰੱਖ । ਮਾਝਾ ਦੇਸ ਤੇਰਾ ਖੁਲ੍ਹਾ ਵਿਹੜਾ ਆਪ ਕਰਾਏ, ਤੇਰੇ ਵਿਚ ਉਡਦੀ ਦਿਸੇ ਭੱਖ । ਬੇਮੁਖਾਂ ਨਾ ਕੋਈ ਛੁਡਾਏ, ਕਲਜੁਗ ਪਾਈ ਨਕੇਲ ਨੱਥ । ਕਰਦੇ ਜਾਣ ਹਾਏ ਹਾਏ, ਕੋਲ ਬਿਆਸਾ ਜਾਇਣ ਥੱਕ । ਕੌਣ ਛੁਡਾਏ ਮੇਰੀ ਮਾਏ, ਪਿਛਾਂ ਭੌਂ ਭੌਂ ਰਹੇ ਤੱਕ । ਬਾਲ ਅੰਞਾਣਾ ਕੋਈ ਸਮਝ ਨਾ ਪਾਏ, ਸੁਘੜ ਸਿਆਣੇ ਗਏ ਅੱਕ । ਗੁਰਮੁਖ ਸਾਚੇ ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨਾਓ ਚੜ੍ਹਾਏ, ਪਹਿਲੇ ਪੂਰ ਲੰਘਾਏ ਦੋਵੀਂ ਹੱਕੀਂ ਆਪੇ ਧੱਕ । ਆਪ ਚਲਾਏ ਸਾਚੀ ਨਈਆ । ਸੋਹੰ ਸ਼ਬਦ ਵੰਞ ਮੁਹਾਣਾ ਇਕ ਰਖਈਆ । ਏਕਾ ਚੱਪੂ ਨਾਮ ਲਗਈਆ । ਸਾਧ ਸੰਗਤ ਬਣਾਏ ਭੈਣਾਂ ਭਈਆ, ਉਪਰ ਆਪ ਬਿਠਈਆ । ਝੂਠੇ ਦਿਸਣ ਸਾਕ ਸੈਣਾਂ, ਮਦਿਰਾ ਮਾਸ ਜੋ ਮੁਖ ਰਖਈਆ । ਦਰ ਘਰ ਸਾਚੇ ਮਿਲੇ ਨਾ ਬਹਿਣਾ, ਪ੍ਰਭ ਸਾਚੀ ਖੇਲ ਆਪ

ਹਰਿ ਰਚਈਆ । ਭਾਣਾ ਹਰਿ ਕਾ ਪਵੇ ਸਹਿਣਾ, ਨਾ ਕੋਈ ਲੁਕੇ ਲੁਕ ਲੁਕਈਆ । ਸਾਚਾ ਦੇਣਾ ਪਵੇ ਲਹਿਣਾ, ਸਚ ਹਿਸਾਬ ਹਰਿ ਰਖਈਆ । ਨਾ ਕੋਈ ਮਰਨਾ ਮੰਗਦਾ, ਰਹਿਣਾ ਏਕਾ ਏਕ, ਗੁਰ ਚਰਨ ਟੇਕ, ਨਾ ਲਾਗੇ ਸੇਕ, ਹੋਏ ਬੁੱਧ ਬਬੇਕ, ਆਪਣਾ ਆਪ ਸਿਰ ਹੱਥ ਰਖਈਆ । ਹੱਥ ਰਖਾਏ ਸਿਰ ਵੇਲੇ ਅੰਤ । ਗੁਰ ਚਰਨ ਬਹਾਏ ਗੁਰਮੁਖ ਸਾਚੇ ਸੰਤ । ਕਲਜੁਗ ਮਾਇਆ ਪਾਏ ਬੇਅੰਤ । ਭੁੱਲੇ ਫਿਰਨ ਸਰਬ ਜੀਵ ਜੰਤ । ਗੁਰਸਿਖਾਂ ਮਿਲਿਆ ਹਰਿ ਸਾਚਾ ਕੰਤ । ਜਿਨ ਬਣਾਈ ਸਾਚੀ ਬਣਤ । ਜੁਗੋ ਜੁਗ ਆਦਿ ਜੁਗਾਦਿ ਮਹਿਮਾ ਜਗਤ ਅਗਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਏਕ ਜੋਤ ਸਰੂਪ ਵਡ ਸ਼ਾਹੋ ਭੂਪ ਆਦਿਨ ਅੰਤ । ਗੁਰਸਿਖ ਤੇਰੀ ਧੰਨ ਕਮਾਈ । ਧੰਨ ਧੰਨ ਗੁਰਸਿਖ ਧੰਨ ਜਣੇਂਦੀ ਮਾਈ । ਆਪਣਾ ਬੇੜਾ ਜਾਏ ਬੰਨ੍ਹ, ਆਪਣਾ ਭਾਰ ਆਪਣੇ ਸਿਰ ਉਠਾਈ । ਕਲਜੁਗ ਜੀਵ ਕੋਈ ਨਾ ਡਾਹਵੇ ਅੱਗੇ ਕੰਧ, ਪ੍ਰਭ ਦੋਈਂ ਹੱਥੀਂ ਰਿਹਾ ਦਬਾਈ । ਝੂਠੀ ਮਾਇਆ ਕੀਨੇ ਅੰਧ, ਨੇਤਰਾਂ ਵਿਚੋਂ ਗਈ ਸੱਚੀ ਰੁਸ਼ਨਾਈ । ਆਤਮ ਹੋਈ ਝੂਠੀ ਕੰਧ, ਮੋਹ ਤੁਟਾ ਭੈਣਾਂ ਭਾਈ । ਜੂਠੇ ਝੂਠੇ ਗਾਉਂਦੇ ਫਿਰਨ ਝੂਠੇ ਛੰਦ, ਸਾਚਾ ਰਾਗ ਕਿਸੇ ਹੱਥ ਨਾ ਆਈ । ਖੁਸ਼ੀ ਕਰਾਏ ਬੰਦ ਬੰਦ, ਆਤਮ ਦੇਵੇ ਜੋਤ ਸਵਾਈ । ਆਪ ਦਿਖਾਏ ਪਰਮਾਨੰਦ, ਨਿਜਾਨੰਦ ਦੇ ਵਿਚ ਸਮਾਈ । ਜੋ ਜਨ ਰਸਨਾ ਲਾਇਣ ਮਦਿਰਾ ਮਾਸ ਗੰਦ, ਦਰ ਦਵਾਰਿਓਂ ਹਰਿ ਦੇਵੇ ਦੁਰਕਾਈ । ਗੁਰਮੁਖ ਸਾਚੇ ਸੰਤ ਜਨ ਦੋਏ ਜੋੜ ਭੁੱਲ ਲੈਣ ਬਖ਼ਸ਼ਾਈ । ਵੇਲਾ ਅੰਤਮ ਕਲਜੁਗ ਆ ਗਿਆ, ਘੁੰਡ ਪਾਪਾਂ ਵਾਲਾ ਪ੍ਰਭ ਆਪਣੀ ਹੱਥੀਂ ਦੇ ਉਠਾਈ । ਸਤਿਜੁਗ ਸਾਚਾ ਮਾਤ ਧਰਾ ਲਿਆ, ਸੋਹੰ ਸ਼ਬਦ ਮੁਖ ਛੁਹਾਰਾ ਲਾਈ । ਕਲਜੁਗ ਤੇਰਾ ਅੰਧੇਰਾ ਮਿਟਾ ਲਿਆ, ਉਤੇ ਪਾਪਾਂ ਚਾਦਰ ਪਾਈ । ਸਤਿਜੁਗ ਸੁੱਤਾ ਫੇਰ ਉਠਾ ਲਿਆ, ਪ੍ਰਭ ਅਬਿਨਾਸ਼ੀ ਆਪਣੀ ਕਿਰਪਾ ਆਪ ਕਰਾਈ । ਕਲਜੁਗ ਗੂੜ੍ਹੀ ਨੀਂਦ ਸਵਾ ਲਿਆ, ਤੀਨ ਜੁਗ ਨਾ ਕੋਈ ਹਿਲਾਈ । ਸਤਿਜੁਗ ਸਾਚਾ ਆਪ ਸਿਖਾ ਲਿਆ, ਸੋਹੰ ਨਾਮ ਮਾਤ ਜਪਾਈ । ਵੇਦ ਪੁਰਾਨੀ ਖਾਣੀ ਬਾਣੀ ਕੁਰਾਨ ਅੰਜੀਲਾਂ ਆਪ ਮਿਟਾ ਲਿਆ, ਕਲਜੁਗ ਤੇਰੀ ਢੇਰੀ ਉਪਰ ਦੇ ਟਿਕਾਈ । ਸਤਿਜੁਗ ਸਾਚਾ ਸੋਹੰ ਦੀਪਕ ਆਪ ਜਗਾ ਲਿਆ, ਚਾਰ ਕੁੰਟ ਕਰੇ ਰੁਸ਼ਨਾਈ । ਕਲਜੁਗ ਮਿਟੀ ਵਿਚ ਰੁਲਾ ਲਿਆ, ਸਿੰਘ ਮਨਜੀਤ ਤੇਰੀ ਖ਼ਾਕ ਸਿਰ ਇਹਦੇ ਵਿਚ ਪਾਈ । ਰਹੇ ਜਗਤ ਸਦਾ ਅਤੀਤ, ਪ੍ਰਭ ਦੇਵੇ ਲੇਖ ਲਿਖਾਈ । ਚਾਰ ਜੁਗ ਜਾਇਣ ਬੀਤ, ਜਨ ਭਗਤ ਰਸਨਾ ਤੇਰਾ ਨਾਮ ਧਿਆਈ । ਅਜ ਕਾਇਆ ਹੋਈ ਠੰਡੀ ਸੀਤ, ਸਤਿਜੁਗ ਤੇਰੀ ਸਾਚੀ ਨੀਂਹ ਰਖਾਈ । ਝੂਠੀ ਤਜਾਈ ਜਗਤ ਪ੍ਰੀਤ, ਸਾਚੀ ਪ੍ਰੀਤ ਗੁਰ ਚਰਨ ਲਗਾਈ । ਆਪੇ ਪਰਖੇ ਸਾਚੀ ਨੀਤ, ਸਚਖੰਡ ਦਵਾਰੇ ਜਾ ਬਹਾਈ । ਗੁਰਸਿਖ ਬਣਿਆ ਗੁਰ ਪੂਰੇ ਦਾ ਸਾਚਾ ਮੀਤ, ਆਪਣੀ ਹੱਥੀਂ ਰਿਹਾ ਚਵਰ ਝੁਲਾਈ । ਮਾਨਸ ਜਨਮ ਗਿਆ ਜਗ ਜੀਤ, ਦੋਵੇਂ ਹੱਥੀਂ ਖੜਿਆ ਪ੍ਰਭ ਉਠਾਈ । ਨਾ ਕੋਈ ਅੱਗੇ ਦਿਸੇ ਭੀਤਰ ਭੀਤ, ਸਚ ਮਹੱਲ ਹਰਿ ਆਪ ਬਹਾਈ । ਸਦਾ ਗਾਓ ਸੁਹਾਗੀ ਗੀਤ, ਸਾਧ ਸੰਗਤ ਗੁਰ ਪੂਰੇ ਨੂੰ ਦਿਓ ਵਧਾਈ । ਗੁਰਸਿਖ ਸਾਚਾ ਰਖਣਾ ਚੀਤ, ਪੁਰੀ ਇੰਦਰ ਵਿਚ ਹਰਿ ਦੇ ਟਿਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਕੋਈ ਨਾ ਜਾਣੇ ਏਕਾ ਆਪਣੇ ਹੱਥ ਰੱਖੇ ਵਡਿਆਈ । ਆਪਣੇ ਹੱਥ ਰੱਖੇ ਵਡਿਆਈਆ । ਲੱਗੀ ਪ੍ਰੀਤ ਤੋੜ ਨਿਭਾਈਆ । ਵਾਹ ਵਾਹ ਕੀਤੀ ਚੰਗੀ, ਧੁਰਦਰਗਾਹ ਦੇ ਸਾਚਿਆ ਸਾਈਆ । ਸਾਚੀ ਵਸਤ ਗੁਰਸਿਖ ਇਕ ਤੇਰੇ ਦਰ ਮੰਗੀ, ਆਪਣੀ ਚਰਨ ਸਰਨ ਰੱਖ ਰਘੁਰਾਈਆ । ਦੋ ਜਹਾਨੀ ਮੈਨੂੰ ਕੋਈ ਨਾ ਦਿਸੇ ਤੰਗੀ,

੩੬੪ ੦੩

ਇਕ ਤੇਰੀ ਓਟ ਰਖਾਈਆ । ਹੋਏ ਸਹਾਈ ਸਦ ਅੰਗੀ ਸੰਗੀ, ਵਿਛੜ ਕਦੇ ਨਾ ਜਾਈਆ । ਨਾ ਕੋਈ ਭੁੱਖ ਨਾ ਨੰਗੀ, ਅੱਠੇ ਪਹਿਰ ਮੇਰੀ ਆਤਮ ਤ੍ਰਿਸ਼ਨ ਮਿਟਾਈਆ । ਮੇਰੀ ਕਾਇਆ ਚੋਲੀ ਸਾਚੀ ਰੰਗੀ, ਉਪਰ ਰੰਗ ਮਜੀਠ ਚੜ੍ਹਾਈਆ । ਹੋਏ ਧੰਨ ਭਾਗ ਕਾਇਆ ਮਿੱਟੀ ਕਾਚੀ ਵੰਗੀ, ਚੂੜੀਦਾਰ ਕਿਸੇ ਹੋਰ ਨਾ ਦੂਜੀ ਕੋਈ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਸਾਚੀ ਗੀਤ ਸੁਹਾਗੀ ਗਾਉਂਦੀ ਦਰ ਤੇਰੇ ਤੇ ਆਈਆ । ਨਾ ਕੋਈ ਸਕੇ ਤੋੜ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਹੋਇਆ ਆਪ ਸਹਾਈਆ । ਹਰਿ ਰੰਗ ਗੁਰਸਿਖ ਰਤਿਆ । ਕਲਜੁਗ ਵਾ ਨਾ ਲੱਗੇ ਤੱਤਿਆ । ਆਪ ਸਮਝਾਵੇ ਦੇਵੇ ਮਤਿਆ । ਰੱਖਣਾ ਆਤਮ ਸਾਚਾ ਧੀਰ ਗੁਰਸਿਖ ਜੱਤਿਆ । ਰੰਗਣਾ ਆਪਣਾ ਕਾਇਆ ਚੀਰ, ਰੰਗ ਕੇਸਰੀ ਲਾ ਇਕ ਰਤੀਆ । ਤੇਰੀ ਕੱਟੀ ਜਾਏ ਭੀੜ, ਮਾਤਲੋਕ ਵਿਚ ਸਾਚੇ ਸਤੀਆ । ਆਪੇ ਬੰਨ੍ਹਦਾ ਜਾਏ ਬੀੜ, ਸ਼ਬਦ ਚਾਦਰ ਉਪਰ ਘਤੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਾਉਂਦੇ ਰਹਿਣਾ ਬੱਤੀ ਦੰਦੀਆਂ । ਹਰਿ ਰੰਗ ਸ਼ਬਦ ਅਪਾਰ ਹੈ । ਗੁਰਸਿਖ ਕਰਨਾ ਸਚ ਵਿਹਾਰ ਹੈ । ਕਾਇਆ ਝੂਠਾ ਦਿਸੇ ਕੱਚ, ਭੰਨਣਾ ਅੰਤ ਪ੍ਰਭ ਭੰਨਣਹਾਰ ਹੈ । ਏਕਾ ਨਾਉਂ ਪ੍ਰਭ ਕਾ ਸਾਚੋ ਸਾਚ, ਸ੍ਰਿਸ਼ਟ ਸਬਾਈ ਚਲਣਹਾਰ ਹੈ । ਕਲਜੁਗ ਮਾਇਆ ਵਿਚ ਜਾਇਣ ਮਚ, ਜਿਨ੍ਹਾਂ ਆਤਮ ਵਡ ਹੰਕਾਰ ਹੈ । ਝੂਠੇ ਰਹੇ ਦਰ ਦਰ ਨੱਚ, ਮੰਗਦੇ ਫਿਰਨ ਝੂਠੀ ਭਿਖਾਰ ਹੈ । ਗੁਰਸਿਖ ਸਾਚੇ ਜਾਇਣ ਬਚ, ਚਲ ਆਇਣ ਨਿਹਕਲੰਕ ਤੇਰੇ ਚਰਨ ਦਵਾਰ ਹੈ, ਹਰਿ ਹਿਰਦੇ ਜਾਏ ਰਚ, ਅੰਮ੍ਰਿਤ ਧਾਰਾ ਗੁਰਸਿਖ ਦੇਵੇ ਠੰਡੀ ਠਾਰ ਹੈ । ਸਾਚਾ ਅੰਮ੍ਰਿਤ ਗੁਰਸਿਖ ਜਾਏ ਪਚ, ਬੇਮੁਖਾਂ ਚਾੜ੍ਹੀ ਜਾਏ ਬੁਖਾਰ ਹੈ । ਟੁੱਟਣ ਹੱਡ ਜਿਉਂ ਨਾਰੀ ਜਚ, ਪੇਟ ਚੜ੍ਹਦਾ ਜਾਏ ਅਫਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵੇਖੇ ਕੀ ਵਰਤਾਵੇ ਕਲਜੁਗ ਵਰਤਾਰ ਹੈ । ਹਰਿ ਰੰਗ ਸ਼ਬਦ ਅਪਾਰ ਹੈ । ਕਰਨਾ ਇਕ ਗੁਰ ਚਰਨ ਪਿਆਰ ਹੈ । ਦੂਜੇ ਸਰਨ ਗੁਰਸਿਖ ਹੋਏ ਤੇਰੀ ਨਿਮਸਕਾਰ ਹੈ । ਪ੍ਰਭ ਦੇਵੇ ਦਰਸ ਨੇਤਰ ਤੀਜੇ, ਹਰਨ ਫਰਨ ਖੋਲ੍ਹਣਹਾਰ ਹੈ । ਤਨ ਮਨ ਤੇਰੀ ਕਾਇਆ ਭਾਜੇ, ਪ੍ਰਭ ਅਬਿਨਾਸ਼ੀ ਉਤੇ ਅੰਮ੍ਰਿਤ ਛਿੜਕਣਹਾਰ ਹੈ । ਸਾਚਾ ਬੀਜ ਤੇਰੇ ਆਤਮ ਬੀਜੇ, ਫੱਲ ਲਗਾਏ ਅਪਰ ਅਪਾਰ ਹੈ । ਹਰਿ ਵਸਿਆ ਸਦਾ ਦਰ ਦਹਿਲੀਜੇ, ਬੇਮੁਖ ਜਾਨਣ ਬਾਹਰ ਹੈ । ਗੁਰਸਿਖਾਂ ਕਰੇ ਹਰਿ ਆਪੇ ਰੀਝੇ, ਆਪ ਪਹਿਨਾਏ ਸੋਲਾਂ ਸ਼ਿੰਗਾਰ ਹੈ । ਇਕ ਨਾਮ ਵਸਤ ਦਾਤ ਸਾਚੀ ਦੀਜੇ, ਸਿਰ ਬੰਨ੍ਹੇ ਸੱਚੀ ਦਸਤਾਰ ਹੈ । ਆਪਣਾ ਕਾਮ ਹਰਿ ਆਪ ਕੀਜੇ, ਸਿੰਘ ਮਨਜੀਤ ਆਪਣੀ ਹੱਥੀਂ ਪਾਏ ਗਲ ਤੇਰੇ ਵਿਚ ਹਾਰ ਹੈ । ਲੰਘੀਓ ਪਾਰ ਲੋਕ ਤੀਜੇ, ਜਿਥੇ ਵਸੇ ਇਕ ਨਿਰੰਕਾਰ ਹੈ । ਦੂਸਰ ਕੋਈ ਨਾ ਦੀਸੇ ਓਥੇ ਚੀਜੇ, ਜਗੇ ਜੋਤ ਅਗੰਮ ਅਪਾਰ ਹੈ । ਪ੍ਰਭ ਅਬਿਨਾਸ਼ੀ ਗੋਦ ਆਪਣੀ ਵਿਚ ਲੀਜੇ, ਬਾਲ ਅੰਞਾਣਾ ਵੇਖ ਕਰੇ ਸੱਚਾ ਪਿਆਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਹਰਿ ਸਾਚੇ ਘਰ ਸਿੰਘ ਸਿੰਘਾਸਣ ਉਪਰ ਹਰਿ ਦਾਤਾਰ ਹੈ । ਹਰਿ ਰੰਗ ਸਹਿਜ ਸੁਭਾਏ ਹੈ । ਪ੍ਰਭ ਦੇਵੇ ਮਾਤ ਸੱਚੀ ਦਾਤ ਆਪਣੀ ਹੱਥੀਂ ਆਏ ਹੈ । ਝੂਠਾ ਤੋੜੇ ਜਗਤ ਨਾਤ, ਆਪ ਛੁਡਾਏ ਭੈਣ ਭਰਾਤ, ਮਾਤ ਪਿਤ ਸੰਗ ਨਾ ਕੋਈ ਰਖਾਏ ਹੈ । ਕਲਜੁਗ ਆਈ ਅੰਧੇਰੀ ਰਾਤ, ਬਾਲ ਅੰਞਾਣੇ ਵੇਖੀਂ ਮਾਰ ਝਾਤ, ਝੂਠੀ ਦਿਸੇ ਸ੍ਰਿਸ਼ਟ ਸਬਾਈ ਤੇਰੀ ਦਾਤ, ਬਿਨ ਗੁਰ ਪੂਰੇ ਅੱਗੇ ਕੋਈ ਨਾ ਪੁੱਛੇ ਬਾਤ ਨਾ ਲੈਂਦਾ ਕੋਈ ਛਡਾਈ ਹੈ । ਨਾ ਕੋਈ ਜਾਤ ਨਾ ਕੋਈ ਪਾਤ, ਸਾਚੇ ਸੰਤ ਜਨ ਤੇਰੀ ਬਣੇ ਬਰਾਤ, ਪ੍ਰਭ ਅਬਿਨਾਸ਼ੀ ਤੈਨੂੰ ਦੇਵੇ ਸੋਹੰ ਸਾਚੀ ਦਾਤ, ਘਰ

ਸਾਚੇ ਦੇ ਵਧਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਆਪ ਕਮਾਈ ਹੈ । ਹਰਿ ਰੰਗ ਹਰਿ ਵਡਿਆਈ । ਗੁਰਮੁਖ ਵਿਰਲੇ ਵਿਚ ਮਾਤ ਦੇ ਪਾਈ । ਨਾਨਕ ਦਾਦਕ ਮਿਲ ਕੇ ਦਿਓ ਵਧਾਈ । ਮਨਜੀਤ ਤੇਰੀ ਸਾਚੀ ਰੀਤ, ਪ੍ਰਭ ਅਬਿਨਾਸ਼ੀ ਵਿਚ ਮਾਤ ਚਲਾਈ । ਏਕਾ ਗਾਓ ਸੋਹੰ ਗੀਤ, ਨੇਤਰ ਨੀਰ ਨਾ ਕੋਈ ਵਹਾਈ । ਨਿਭੀ ਤੋੜ ਚਰਨ ਲੱਗੀ ਪ੍ਰੀਤ, ਗਿਆ ਪੰਧ ਮੁਕਾਈ । ਮਾਤਲੋਕ ਵਿਚ ਜੋ ਗਈ ਬੀਤ, ਬਾਲ ਅੰਞਾਣਾ ਭੁੱਲ ਹੋਈ ਨਾ ਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨ ਸਭ ਥਾਈਂ ਹੋਏ ਸਹਾਈ । ਥਾਨ ਸੁਹਾਏ ਗੁਰਸਿਖ ਆਏ । ਸਾਧ ਸੰਗਤ ਸੰਗ ਰਲਾਏ । ਅੰਗ ਸੰਗ ਸੰਗ ਅੰਗ ਆਪ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਾ ਸਰਬੰਗ ਬਾਲ ਭੁਯੰਗ ਆਪਣੀ ਗੋਦ ਜਾਏ ਉਠਾਏ । ਸਚ ਰੰਗ ਹਰਿ ਜਾਣਾ ਤੁਲ । ਭਾਗ ਲਗਾਉਣਾ ਆਪਣੀ ਕੁਲ । ਅੱਠੇ ਪਹਿਰ ਰਸਨ ਧਿਆਉਣਾ, ਪ੍ਰਭ ਅਬਿਨਾਸ਼ੀ ਆਪ ਬਰਸਾਏ ਗੁਰ ਸੰਗਤ ਉਪਰ ਫੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਏ ਭੁੱਲ । ਹਰਿ ਰੰਗ ਹਰਿ ਗੁਣ ਵਥ ਹੈ । ਜੋਤ ਸਰੂਪੀ ਪਾਰਬ੍ਰਹਮ ਸਰਬ ਸਮਰਥ ਹੈ । ਬਿਨ ਰੰਗ ਰੂਪੀ ਆਦਿ ਜੁਗਾਦਿ ਅਕਥਨਾ ਅਕਥ ਹੈ । ਮਿਟਾਏ ਅੰਧੇਰੀ ਰਾਤ ਅੰਧ ਕੂਪੀ, ਸਤਿਜੁਗ ਚਲਾਈ ਆਵੇ ਰਥ ਹੈ । ਜਗੇ ਜੋਤ ਸਤਿ ਸਰੂਪੀ, ਚਾਰੋਂ ਕੁੰਟ ਹੋਏ ਰੁਸ਼ਨਾਈ ਹੈ । ਉਠ ਉਠ ਵੇਖਣ ਸ਼ਾਹੋ ਭੂਪੀ, ਜੋਤ ਕਿਸ ਜਗਾਈ ਹੈ । ਗੁਰਸਿਖ ਸਾਚਾ ਮਾਣਕ ਮੋਤੀ, ਪ੍ਰਭ ਆਪਣੇ ਗਲ ਲਏ ਲਟਕਾਈ ਹੈ । ਸ੍ਰਿਸ਼ਟ ਸਬਾਈ ਰਹੀ ਸੋਤੀ, ਗੁਰਸਿਖ ਗਾਉਂਦੇ ਚਾਈਂ ਚਾਈਂ ਹੈ । ਪ੍ਰਭ ਆਪ ਟਿਕਾਏ ਏਕਾ ਜੋਤੀ, ਸਚ ਬਣਤ ਰਿਹਾ ਬਣਾਈ ਹੈ । ਦੁਰਮਤ ਮੈਲ ਜਾਏ ਧੋਤੀ, ਨਾਮ ਸਾਬਣ ਰਿਹਾ ਲਗਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਰੰਗਣ ਨਾਮ ਇਕ ਚੜ੍ਹਾਈ ਹੈ । ਹਰਿ ਰੰਗ ਹਰਿ ਹੀ ਜਾਣੇ । ਗੁਰਸਿਖ ਸਾਚੇ ਆਪ ਚਲਾਏ ਆਪਣੇ ਭਾਣੇ । ਸਾਚਾ ਨਾਮ ਰੰਗ ਇਕ ਵਖਾਏ, ਰੰਗ ਦੂਸਰ ਕੋਈ ਨਾ ਲਾਣੇ । ਸਚ ਵਸਤ ਹਰਿ ਵਿਚ ਟਿਕਾਏ, ਜਗੇ ਜੋਤ ਇਕ ਭਗਵਾਨੇ । ਹੋਏ ਰੁਸ਼ਨਾਏ ਥਾਏਂ ਥਾਏਂ, ਕਲਜੁਗ ਅੰਧੇਰ ਆਪ ਮਿਟਾਣੇ । ਗਲੇ ਲਗਾਏ ਫੜ ਕੇ ਬਾਹੀਂ, ਗੁਰਸਿਖ ਸੋਏ ਆਪ ਜਗਾਣੇ । ਸਾਚੇ ਤੀਰਥ ਗੁਰਸਿਖ ਨੁਹਾਏ, ਅੰਮ੍ਰਿਤ ਧਾਰ ਹਰਿ ਆਪ ਚਲਾਣੇ । ਪਾਪਾਂ ਦਾਗ ਸਰਬ ਧੋਏ, ਚਰਨ ਧੂੜ ਹਰਿ ਇਸ਼ਨਾਨ ਕਰਾਣੇ । ਆਤਮ ਬੀਜ ਸਾਚਾ ਬੋਏ, ਸਾਚੇ ਫਲ ਜੋ ਆਗੇ ਖਾਣੇ । ਕਲਜੁਗ ਜੀਵ ਜਾਣੇ ਕੋਇ, ਭੁੱਲੇ ਹਰਿ ਬਣ ਨਿਧਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੇ ਭਾਣੇ । ਭਾਣਾ ਭਗਵਾਨ ਬੜਾ ਦੂਰ ਹੈ । ਸ੍ਰਿਸ਼ਟ ਸਬਾਈ ਮੰਨਣਾ ਪਏ ਜਰੂਰ ਹੈ । ਬੇਮੁਖਾਂ ਪ੍ਰਭ ਸਾਚਾ ਦਿਸੇ ਦੂਰ ਹੈ । ਗੁਰਸਿਖਾਂ ਅੱਗੇ ਖੜਾ ਹਾਜਰਾ ਹਜ਼ੂਰ ਹੈ । ਧੰਨ ਧੰਨ ਗੁਰਸਿਖ ਜੋ ਪ੍ਰਭ ਚਰਨ ਲੱਗੇ, ਹਰਿ ਸਰਬ ਕਲਾ ਭਰਪੂਰ ਹੈ । ਕਲਜੁਗ ਅਗਨ ਵਿਚ ਨਾ ਦਗੇ, ਖੇਲ ਵਰਤਾਣਾ ਮਾਤ ਜਰੂਰ ਹੈ । ਝੂਠੇ ਤੁਟੇ ਕਾਇਆ ਤਗੇ, ਵੱਝੇ ਰਹਿਣ ਨਾ ਕਿਸੇ ਜੰਜੀਰ ਹੈ । ਕਲਜੁਗ ਜੀਵ ਫਿਰਨ ਭੱਜੇ, ਨਾ ਦੇਵੇ ਕੋਈ ਧੀਰ ਹੈ । ਲਾਉਂਦੇ ਫਿਰਨ ਅੱਜੇ ਪੱਜੇ, ਅੰਤਮ ਲੱਥਣੇ ਵਿਚ ਮਾਤ ਦੇ ਚੀਰ ਹੈ । ਗੁਰਮੁਖਾਂ ਹਰਿ ਸੱਜੇ ਖੱਬੇ, ਕਟਦਾ ਜਾਏ ਭੀੜ ਹੈ । ਬੇਮੁਖਾਂ ਪੈਰਾਂ ਹੇਠ ਦੱਬੇ, ਭੰਨਦਾ ਜਾਏ ਹੱਡੀ ਰੀੜ ਹੈ । ਫੜ ਫੜ ਆਪਣੀ ਦਾੜ੍ਹੀਂ ਚੱਬੇ, ਹੋਣ ਨਾ ਦੇਵੇ ਕਿਸੇ ਪੀੜ ਹੈ । ਵੇਲਾ ਅੰਤਮ ਲਿਆਏ ਝੱਬੇ, ਗੁਰ ਸੰਗਤ ਤੇਰੀ ਭੇਟ ਚੜ੍ਹਾਇਆ ਇਕ ਤੁਹਾਡਾ ਛੋਟਾ ਵੀਰ ਹੈ । ਸਾਚਾ ਮਾਲ ਧਨ ਕਿਸੇ ਨਾ ਲੱਭੇ, ਘਤੀ ਜਾਣ



੩੯੬ ੦੩

ਸਰਬ ਵਹੀਰ ਹੈ । ਖਾਲੀ ਲਟਕਦੇ ਦਿਸਣ ਛੱਬੇ, ਖਾਲੀ ਹੋਏ ਮਹਿਲ ਮੁਨੀਰ ਹੈ । ਪ੍ਰਭ ਅਬਿਨਾਸ਼ੀ ਨਾ ਮਦੀਨੇ ਨਾ ਮੱਕੇ, ਜੋਤ ਸਰੂਪੀ ਸਭ ਥਾਈਂ ਗਹਿਰ ਗੰਭੀਰ ਹੈ । ਦਿਵਸ ਰੈਣ ਨਾ ਕਦੇ ਅੱਕੇ ਨਾ ਥੱਕੇ, ਚਾਰ ਕੁੰਟ ਤਿੰਨ ਲੋਕ ਪੈਂਡਾ ਰਿਹਾ ਚੀਰ ਹੈ । ਗੁਰ ਸੰਗਤ ਬਣਾਏ ਭਾਈ ਭੈਣ, ਪ੍ਰੇਮ ਗਲਵਕੜੀ ਗਲ ਪਵਾਏ ਹੋਇਆ ਮੇਲ ਜਿਉਂ ਵਿਛੜਿਆਂ ਭੈਣਾਂ ਵੀਰ ਹੈ । ਸ਼ਬਦ ਤਕੜੀ ਆਪ ਤੁਲਾਏ, ਧੀਰਜ ਦੇਂਦਾ ਜਾਏ ਸਾਚੀ ਧੀਰ ਹੈ । ਸ਼ਬਦ ਡੰਡੀ ਉਪਰ ਆਪ ਲਗਾਏ ਸੋਹੰ ਬੋਦੀ ਪਕੜੇ ਆਪ ਅਖੀਰ ਹੈ । ਬੇਮੁਖ ਡਿਗਦੇ ਜਾਣ ਵਾਂਗ ਮੱਕੜੀ, ਨੇਤਰਾਂ ਵਿਚੋਂ ਵਹਿੰਦਾ ਜਾਏ ਨੀਰ ਹੈ । ਗੁਰਸਿਖ ਸਾਚੇ ਗੁਰ ਚਰਨ ਪ੍ਰਭ ਦਰ ਆਏ ਪਕੜੀਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਟੀ ਜਾਂਦਾ ਹਉਮੇ ਪੀੜ ਹੈ । ਹਉਮੇ ਪੀੜ ਦਏ ਕੱਟ । ਉਤੋਂ ਲਾਹੇ ਪਾਪਾਂ ਛੱਟ । ਸ਼ਬਦ ਝਪਟ ਮਾਰੇ ਝੱਟ । ਝੂਠੇ ਕੱਢਦੇ ਦੇਹੀ ਵਟ । ਜਗੇ ਜੋਤ ਲੱਟ ਲੱਟ । ਪ੍ਰਭ ਅਬਿਨਾਸ਼ੀ ਵਸੇ ਘਟ ਘਟ । ਗੁਰਸਿਖ ਸਾਚੇ ਪਾਰ ਉਤਾਰੇ ਸੋਹੰ ਰਸਨਾ ਰੱਟ ਰੱਟ । ਆਤਮ ਦੇਵੇ ਅੰਮ੍ਰਿਤ ਸਾਚੀ ਧਾਰ ਕਾਇਆ ਝੂਠੇ ਮੱਟ । ਗੁਰਸਿਖ ਸਾਚਾ ਬਾਲ ਅੰਞਾਣਾ ਆਪ ਲਪੇਟਿਆ ਸ਼ਬਦ ਸਰੂਪੀ ਸਾਚੇ ਪੱਟ । ਨਾ ਕੋਈ ਜਾਣੇ ਰਾਜਾ ਰਾਣਾ, ਨਾ ਕੋਈ ਜਾਣੇ ਸੰਤ ਸਰਾਣਾ ਜੋ ਰਹੇ ਖ਼ਾਕ ਚੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਸਿੰਘ ਮਨਜੀਤ ਪਾਰ ਕਰਾਇਆ, ਸਾਚੇ ਤੀਰਥ ਜਾ ਬਹਾਇਆ, ਨਾ ਕੋਈ ਮੁਨਾਰਾ ਨਾ ਕੋਈ ਤੱਟ । ਸ਼ਬਦ ਘੋੜੇ ਆਪ ਚੜ੍ਹਾਇਆ, ਧੁਰ ਦਰਗਾਹੇ ਜਾਈਂ ਏਕਾ ਚਾਲ ਰੱਖੀਂ ਸਰਪਟ । ਏਕਾ ਰੱਖੀਂ ਚਾਲ ਨਿਰਾਲੀ । ਹੋਵੇ ਹਰਿ ਸੱਚਾ ਰਖਵਾਲੀ । ਤੇਰਾ ਘਰ ਨਾ ਹਏ ਖਾਲੀ । ਬੂਟਾ ਲਾਏ ਮਾਤ ਮਾਲੀ । ਦਿਨੋ ਦਿਨ ਚੜ੍ਹਦੀ ਜਾਏ ਲਾਲੀ । ਗੁਰ ਸੰਗਤ ਕਰੇ ਨਿਮਸਕਾਰ, ਦੋਵੀਂ ਹੱਥੀਂ ਵੱਜਦੀ ਤਾਲੀ । ਗੁਰ ਪੂਰੇ ਜਾਓ ਚਰਨ ਬਲਿਹਾਰ, ਕਲ ਚਲੀ ਚਾਲ ਨਿਰਾਲੀ । ਕਾਰਜ ਦਏ ਸਵਾਰ, ਦੋ ਜਹਾਨਾਂ ਵਾਲੀ । ਬੇੜਾ ਕਰ ਜਾਏ ਪਾਰ, ਗੁਰਸਿਖ ਕੋਇ ਨਾ ਰਹੇ ਖਾਲੀ । ਆਪੇ ਆਏ ਚਲ ਦਵਾਰ, ਸੋਹੰ ਸ਼ਬਦ ਲੈ ਆਏ ਡਾਲੀ । ਗੁਰਸਿਖਾਂ ਕਰਮ ਰਿਹਾ ਵਿਚਾਰ, ਸਚ ਪ੍ਰੀਤ ਜੋ ਮਾਤ ਘਾਲੀ । ਸਿੰਘ ਮਨਜੀਤ ਉਠ ਹੋ ਤਿਆਰ, ਪ੍ਰਭ ਕਰੇ ਤੇਰੀ ਆਪ ਰਖਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਸ਼ਬਦ ਦਾਤ, ਤੇਰੇ ਨਾਂਓ ਜਗਾਏ ਇਕ ਦੀਵਾਲੀ । ਹਰਿ ਪੂਰਨ ਕਾਜ ਕਰਾਇਆ । ਕਲਜੁਗ ਸਤਿਜੁਗ ਦੋਵੇਂ ਕੁੜਮ ਬਣਾਇਆ । ਸਚ ਕੁੜਮਾਈ ਆਪ ਕਰਾਈ, ਗੁਰ ਸੰਗਤ ਸੰਗ ਰਲਾਇਆ । ਪੰਜ ਦਿਵਸ ਗਾਉਂਦੇ ਰਹੇ ਚਾਈਂ ਚਾਈਂ, ਪੰਚਮ ਹਰਿ ਹਰਿ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਜੋਤ ਸਰੂਪੀ ਖੇਲ ਰਚਾਇਆ । ਜੋਤ ਸਰੂਪੀ ਕੀਆ ਖੇਲ । ਕਲਜੁਗ ਸਤਿਜੁਗ ਹੋਇਆ ਮੇਲ । ਆਪੇ ਦੋਏ ਇਕ ਥਾਂ ਬਹਾਏ, ਅਚਰਜ ਕਰਾਏ ਖੇਲ । ਕਲਜੁਗ ਜੂਠੇ ਝੂਠੇ ਇਕ ਲਗਾਏ ਧਕੇਲ । ਚਾਰੋਂ ਕੁੰਟ ਆਪ ਫਿਰਾਏ, ਫੜ ਹੱਥ ਨਕੇਲ । ਸਤਿਜੁਗ ਸਾਚਾ ਮਾਰਗ ਲਗਾਏ, ਉਤੋਂ ਵਾਰ ਲੈਣ ਦਾ ਵੇਲ । ਜਾਂਦੀ ਵਾਰੀ ਹੱਥ ਮਿਲਾਈਂ, ਫੇਰ ਜਾਣਾ ਧਰਮ ਰਾਏ ਦੀ ਜੇਲ੍ਹ । ਆਪ ਥਾਂ ਟਿਕਾਣਾ ਦੱਸ ਕੇ ਜਾਈਂ, ਫਿਰ ਹੋਸੀ ਕਦੋਂ ਮੇਲ । ਜੂਠਿਆ ਝੂਠਿਆ ਮੇਰਿਆ ਕੁੜਮਾ ਅੰਤਮ ਹੋਇਓਂ ਫੇਲ । ਸਤਿਜੁਗ ਸਾਚੇ ਸਚ ਕਰਮ ਕਮਾਇਆ, ਪ੍ਰਭ ਸ਼ਬਦ ਚਲਾਇਆ ਇਕ ਗੁਲੇਲ । ਆਪਣੀ ਹੱਥੀਂ ਅੰਮ੍ਰਿਤ ਆਪ ਛਿੜਕਾਇਆ, ਜਿਉਂ ਅਤਰ ਫੁਲੇਲ । ਸਤਿ ਸੁਗੰਧੀ ਦੇ ਉਪਜਾਇਆ, ਸੰਤ ਜਨਾਂ ਕਰਾਏ ਮੇਲ । ਆਤਮ ਤੋੜੀ ਜਾਏ ਜਿੰਦੀ, ਪਾਉਂਦਾ ਜਾਏ ਨਾਮ ਸਾਚਾ ਤੇਲ । ਵਿਚੋਂ ਕੱਢਦਾ ਜਾਏ

ਵਾਸਨਾ ਕਲਜੁਗ ਗੰਦੀ, ਪਰ੍ਹਾਂ ਕਰੇ ਧਕੇਲ । ਪੈਣਾਂ ਬੇਮੁਖ ਅੰਤ ਵਿਚ ਧਰਮ ਰਾਏ ਦੀ ਬੰਦੀ, ਬੇੜਾ ਤੇਰਾ ਜਾਏ ਠੇਲ । ਸ੍ਰਿਸ਼ਟ ਸਬਾਈ ਹੋਈ ਅੰਧੀ, ਨਾ ਕੋਈ ਗੁਰੂ ਤੇ ਨਾ ਕੋਈ ਚੇਲ । ਸ੍ਰਿਸ਼ਟ ਸਬਾਈ ਭਾਗਾਂ ਮੰਦੀ, ਕਲਜੁਗ ਤੇਰੀ ਕੱਟੀ ਮਾਤਲੋਕ ਵਿਚੋਂ ਵੇਲ । ਗੁਰਸਿਖ ਸਾਚੇ ਸੰਤ ਜਨ, ਪ੍ਰਭ ਸਾਚੇ ਦੇ ਸਾਕ ਸੱਜਣ ਸੁਹੇਲ । ਆਪੇ ਚੁੱਕ ਲੈ ਜਾਏ ਆਪਣੀ ਕੰਧੀ, ਵਸਾਏ ਘਰ ਜਿਥੇ ਪਾਰਬ੍ਰਹਮ ਦਾ ਖੇਲ । ਕੱਟੇ ਜਗਤ ਜੰਜਾਲ ਬੰਦ ਬੰਦੀ, ਕਰਾਏ ਹਰਿ ਸਾਚੇ ਨਾਲ ਸਾਚਾ ਮੇਲ । ਗੁਰਸਿਖ ਸਾਚੇ ਸੰਤ ਪਿਆਰਿਓ, ਗਾਓ ਸੋਹੰ ਸਾਚਾ ਛੰਦੀ, ਨੇਤਰ ਨੀਰ ਗੁਰ ਚਰਨ ਚਵਾਓ ਸਾਚਾ ਤੇਲ । ਸਾਚਾ ਤੇਲ ਦੇਣਾ ਚੁਆ । ਆਪਣਾ ਆਤਮ ਦਰ ਲੈਣਾ ਖੁਲ੍ਹਾ । ਅੱਠੇ ਪਹਿਰ ਗੁਰਸਿਖ ਤੈਨੂੰ ਆਉਂਦੀ ਰਹੇ ਠੰਡੀ ਵਾ । ਛੱਡ ਸਿੰਘਾਸਣ ਉਠ ਕੇ ਆਏ, ਅੱਗੋਂ ਪਕੜੇ ਤੇਰੀ ਬਾਂਹ । ਗੁਰਸਿਖ ਬਾਲ ਅੰਵਾਣਿਆਂ ਸੁਘੜ ਸਿਆਣਿਆਂ, ਸ਼ਬਦ ਸਰੂਪੀ ਆਪਣੀ ਹੱਥੀਂ ਕਰਦਾ ਜਾਏ ਛਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਪਿਤ ਮਾਂ । ਆਪੇ ਪਿਤਾ ਆਪੇ ਮਾਤਾ । ਪ੍ਰਭ ਅਬਿਨਾਸ਼ੀ ਪੁਰਖ ਬਿਧਾਤਾ । ਝੂਠਾ ਜਾਣੇ ਜਗਤ ਨਾਤਾ । ਚਾਰੋਂ ਤਰਫ ਗੁਰਸਿਖ ਸਾਚੇ ਪ੍ਰਭ ਸ਼ਬਦ ਸਰੂਪੀ ਆਪਣੀ ਹੱਥੀਂ ਤਾਣੇ ਚਾਰ ਕਨਾਤਾਂ । ਚਾਰ ਜੁਗਾਂ ਦਾ ਹਰਿ ਰਖਵਾਲੀ, ਆਪੇ ਪੁੱਛੇ ਤੇਰੀਆਂ ਵਾਤਾਂ । ਸਚ ਬਾਗ ਦਾ ਸਾਚਾ ਮਾਲੀ, ਗੁਰਸਿਖ ਲਗਾਏ ਸਚ ਸੁਗਾਤਾਂ । ਦੇਵੀ ਦੇਵਤੇ ਉਪਰ ਤਰਸਣ ਨਿਉਂ ਨਿਉਂ ਮਾਰਨ ਝਾਤਾਂ । ਨਿਹਕਲੰਕ ਕਲ ਜਾਮਾ ਪਾਇਆ, ਇਕ ਪੜ੍ਹਾਏ ਜਮਾਤਾ । ਸੋਹੰ ਸਾਚਾ ਸ਼ਬਦ ਸਿਖਾਇਆ, ਕਲਜੁਗ ਤੇਰੀ ਮਿਟਾਈ ਅੰਧੇਰੀ ਰਾਤਾ । ਗੁਰਸਿਖਾਂ ਦੀ ਝੋਲੀ ਪਾਇਆ, ਨਾ ਕੋਈ ਪੁੱਛੇ ਜਾਤਾਂ ਪਾਤਾਂ । ਬੇਮੁਖਾਂ ਨੂੰ ਪਰ੍ਹੇ ਹਟਾਇਆ, ਜਿਉਂ ਰੰਨਾਂ ਕਮਜਾਤਾਂ । ਗੁਰਸਿਖਾਂ ਨੂੰ ਚੰਨ ਚੜ੍ਹਾਇਆ, ਦੇਵੇ ਸੱਚੀਆਂ ਦਾਤਾਂ । ਬਾਹੋਂ ਪਕੜ ਗਲੇ ਲਗਾਇਆ, ਜਿਉਂ ਬਾਲਕ ਮਾਤਾ । ਆਪ ਆਪਣੇ ਧਾਮ ਬਹਾਇਆ, ਪਾੜ ਗਗਨ ਦੀਆਂ ਛਾਤਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤ ਕਿਰਪਾ ਕਰ ਸਾਚੇ ਹਰਿ ਆਪ ਬਣਾਇਆ ਚਰਨੀ ਸਾਚਾ ਨਾਤਾ । ਸਾਚਾ ਨਾਤਾ ਨਾ ਜਾਏ ਟੁੱਟ । ਕਲਜੁਗ ਜੜ੍ਹ ਜਾਏ ਪੁੱਟ । ਦਾਣਾ ਪਾਣੀ ਗਿਆ ਨਿਖੁੱਟ । ਪੀਣਾ ਮਿਲੇ ਨਾ ਮਾਤ ਵਿਚ ਇਕ ਘੁੱਟ । ਚਾਰੋਂ ਤਰਫ ਮੂੰਹ ਵਿਚ ਪੈਂਦਾ ਥੁੱਕ । ਮਾਤਾ ਗਰਭ ਵਿਚ ਬਾਲ ਅੰਵਾਣੇ ਜਾਇਣ ਸੁੱਕ । ਸਾਚਾ ਭਾਣਾ ਹਰਿ ਵਰਤਾਏ ਨਾ ਸਕੇ ਰੁਕ । ਭੱਜੇ ਫਿਰਨ ਜੀਵ ਹਲਕਾਏ, ਕਿਸੇ ਹੱਥ ਨਾ ਆਵੇ ਟੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਪਣੀ ਹੱਥੀਂ ਲਏ ਚੁੱਕ । ਮਨ ਸਖੀਆਂ ਸੱਜਣ ਸੁਹੇਲਾ । ਹੋਇਆ ਗੁਰ ਸੰਗਤ ਦਾ ਮੇਲਾ । ਜੁੜਿਆ ਜੋੜ ਬੈਠਾ ਏਕਾ ਥਾਂ ਗੁਰ ਚੇਲਾ । ਨਾ ਕੋਈ ਸਕੇ ਤੋੜ, ਪ੍ਰਭ ਅਬਿਨਾਸ਼ੀ ਬੰਦੀ ਤੋੜ, ਸਾਚਾ ਸਾਕ ਸੱਜਣ ਸੁਹੇਲਾ । ਨਾ ਕੋਈ ਸਕੇ ਅਜੋੜ ਨਾ ਹੋਏ ਰੰਗ ਦੁਹੇਲਾ । ਬੇਮੁਖਾਂ ਦੇਹੀ ਚਲੇ ਕੋਹੜ, ਜੋ ਮੂਹੋਂ ਕੱਢਣ ਬੋਲਾ । ਪ੍ਰਭ ਅਬਿਨਾਸ਼ੀ ਬੰਦੀ ਤੋੜ, ਸੋਹੰ ਗਾਓ ਸਾਚਾ ਢੋਲਾ । ਨਾ ਹੋਏ ਕਦੇ ਵਿਛੋੜ । ਗੁਰਸਿਖਾਂ ਬਣਿਆ ਰਹੇ ਗੋਲਾ । ਪ੍ਰਭ ਸਾਚੇ ਦੀ ਸਾਚੀ ਲੋੜ, ਧੁਰਦਰਗਾਹੀ ਏਕਾ ਇਕ ਵਿਚੋਲਾ । ਕਲਜੁਗ ਜੀਵ ਭੰਨੇ ਕੌੜ, ਛੱਡਣਾ ਪਏ ਸਭ ਨੂੰ ਚੋਲਾ । ਪੱਟੀ ਹੋਏ ਸਭ ਦੀ ਚੌੜ, ਖਾਲੀ ਦਿਸੇ ਸਰਬ ਪਟੋਲਾ । ਗੁਰਸਿਖ ਗੁਰ ਚਰਨੀ ਆਇਣ ਦੌੜ, ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਰੱਖੇ ਉਹਲਾ । ਚਿੱਟਾ ਅਸਵ ਮਾਰੇ ਪੌੜ, ਚਾਰੋਂ ਤਰਫ ਹੋਏ ਹਿਲ ਹਲੋਲਾ । ਆਪੇ ਚੜ੍ਹਿਆ ਸਾਚੇ ਘੋੜ, ਸ੍ਰਿਸ਼ਟ ਸਬਾਈ ਦਾ ਵੇਖੇ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਦਾ ਇਕ ਇਕੇਲਾ । ਇਕ ਇਕੇਲਾ


੩੬੮
੦੩

ਏਕਾ ਥਾਂ । ਭੌਂਦਾ ਰਹੇ ਸਾਰੇ ਥਾਂ । ਜਗਾਉਂਦਾ ਰਹੇ ਗੁਰਸਿਖਾਂ ਫੜ ਫੜ ਬਾਂਹ । ਜਪਾਉਂਦਾ ਰਹੇ ਆਪਣਾ ਨਾਂ । ਆਪੇ ਆਪ ਵਖਾਉਂਦਾ ਰਹੇ, ਦਵਾਉਂਦਾ ਰਹੇ ਇਕ ਦੂਜੇ ਨੂੰ ਥਾਂ ਦਹਾ ਬਹਾ । ਸਤਿਜੁਗ ਸਾਚੀ ਕਾਰ ਕਮਾਉਂਦਾ ਰਹੇ, ਸੋਹੰ ਦੇਵੇ ਝੋਲੀ ਪਾ । ਸਾਚਾ ਢੋਲ ਵਜਾਉਂਦਾ ਰਹੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾ । ਗੁਰ ਪੂਰਾ ਗੁਣ ਨਿਧਾਨ ਹੈ । ਗੁਰ ਸੰਗਤ ਬਲੀ ਬਲਵਾਨ ਹੈ । ਗੁਰ ਪੂਰਾ ਵਡ ਸੁਲਤਾਨ ਹੈ । ਗੁਰ ਸੰਗਤ ਨੌਜਵਾਨ ਹੈ । ਗੁਰ ਪੂਰਾ ਸ਼ਬਦ ਕਿਰਪਾਨ ਹੈ । ਗੁਰ ਸੰਗਤ ਹੱਥ ਉਠਾਨ ਹੈ । ਗੁਰ ਪੂਰਾ ਵਡ ਮਿਹਰਵਾਨ ਹੈ । ਗੁਰ ਸੰਗਤ ਰਹੀ ਵਖਾਣ ਹੈ । ਗੁਰ ਪੂਰਾ ਜਾਣੀ ਜਾਣ ਹੈ । ਗੁਰ ਸੰਗਤ ਹੋਈ ਨਿਮਾਣ ਹੈ । ਗੁਰ ਪੂਰਾ ਦੇਵੇ ਬ੍ਰਹਮ ਗਿਆਨ ਹੈ । ਗੁਰ ਸੰਗਤ ਲਾਏ ਚਰਨ ਧਿਆਨ ਹੈ । ਗੁਰ ਪੂਰਾ ਝੁਲਾਏ ਸਚ ਨਿਸ਼ਾਨ ਹੈ । ਗੁਰ ਸੰਗਤ ਸਾਇਆ ਹੇਠ ਰਖਾਨ ਹੈ । ਗੁਰ ਪੂਰਾ ਵਡ ਦਾਨੀ ਦਾਨ ਹੈ । ਗੁਰ ਸੰਗਤ ਝੋਲੀ ਭਰ ਘਰ ਲੈ ਜਾਣ ਹੈ । ਗੁਰ ਪੂਰਾ ਸੋਹੰ ਦੇਵੇ ਵਸਤ ਮਹਾਨ ਹੈ । ਗੁਰ ਸੰਗਤ ਪਾਈ ਪ੍ਰਭ ਦਰ ਆਣ ਹੈ । ਗੁਰ ਪੂਰਾ ਵਡ ਬਲੀ ਬਲਵਾਨ ਹੈ । ਗੁਰ ਸੰਗਤ ਦੇਵੇ ਜੀਆ ਦਾਨ ਹੈ । ਗੁਰ ਪੂਰਾ ਜੋਤ ਭਗਵਾਨ ਹੈ । ਗੁਰ ਸੰਗਤ ਮੇਲ ਮਿਲਾਣ ਹੈ ਗੁਰ ਪੂਰਾ ਸਰਬ ਸੁਖਦੇਵ ਹੈ । ਗੁਰ ਸੰਗਤ ਖਾਏ ਸਾਚਾ ਮੇਵ ਹੈ । ਗੁਰ ਪੂਰਾ ਵਡ ਦੇਵੀ ਦੇਵ ਹੈ । ਗੁਰ ਸੰਗਤ ਕਮਾਉਂਦੀ ਰਹੇ ਸੇਵ ਹੈ । ਗੁਰ ਪੂਰਾ ਰਸਨਾ ਜਪਣ ਜਿਹਵਾ ਜੇਹਵ ਹੈ । ਗੁਰ ਸੰਗਤ ਲਹਿਣਾ ਦੇਣ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਗੁਰਦੇਵ ਹੈ । ਹਰਿ ਸਾਚਾ ਭੋਗ ਲਗਾਇੰਦਾ । ਪੂਰਨ ਕਰਮ ਕਰਾਇੰਦਾ । ਗੁਰ ਸੰਗਤ ਚੋਗ ਚੁਗਾਇੰਦਾ । ਹਉਮੇ ਰੋਗ ਗਵਾਇੰਦਾ । ਰਾਹ ਸੱਚਾ ਇਕ ਰਖਾਇੰਦਾ । ਗੁਰ ਦਰ ਆਏ ਜੋ ਸੀਸ ਝੁਕਾਇੰਦਾ । ਲੱਖ ਚੁਰਾਸੀ ਗੇੜ ਕਟਾਇੰਦਾ । ਸਚ ਵੱਖਰ ਨਾਮ ਝੋਲੀ ਪਾਇੰਦਾ । ਇਕ ਅੱਖਰ ਨਾਮ ਸੋਹੰ ਸ਼ਬਦ ਪੜ੍ਹਾਇੰਦਾ । ਫਡ ਫੜ ਕਰਦਾ ਜਾਏ ਵੱਖਰ, ਸੰਗਤ ਸਾਚੀ ਵਿਚ ਰਲਾਇੰਦਾ । ਬੇਮੁਖ ਜੀਵ ਉਡਦੇ ਫਿਰਨ ਵਾਂਗ ਮੱਛਰ, ਪ੍ਰਭ ਆਪਣੀ ਹੱਥੀਂ ਅਗਨ ਤੇਲ ਪਾਏ ਜਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਜਨਮ ਸੁਧਾਰ । ਪ੍ਰਭ ਸਾਚੀ ਕਰੀ ਕਾਰ । ਸਾਚਾ ਬਖ਼ਸ਼ੇ ਗੁਰ ਸੰਗਤ ਇਕ ਪਿਆਰ । ਦੂਜੇ ਦਰ ਨਾ ਹੋਣਾ ਮੰਗਤ, ਬਣ ਕੇ ਜਗਤ ਭਿਖਾਰ । ਪ੍ਰਭ ਸਾਚੀ ਚਾੜ੍ਹੀ ਰੰਗਤ, ਏਕਾ ਏਕ ਨਿਹਕਲੰਕ ਨਰਾਇਣ ਨਰ ਅਵਤਾਰ । ਚੁਣ ਚੁਣ ਬਣਾਏ ਸਾਚੀ ਸੰਗਤ, ਫੜ ਫੜ ਬਾਹੋਂ ਕਰਦਾ ਜਾਏ ਬਾਹਰ । ਹੋਏ ਸਹਾਈ ਜਿਉਂ ਨਾਨਕ ਅੰਗਦ, ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਦਾਤਾਰ । ਦਾਤਾ ਦਾਤਾਰ, ਕਰਦਾ ਸਰਬ ਪਿਆਰ । ਕਰਮ ਧਰਮ ਜਗਤ ਵਿਚਾਰ । ਸਾਚਾ ਬ੍ਰਹਮ ਹਰਿ ਚਿਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹਾਏ ਚਰਨ ਦਵਾਰ । ਚਰਨ ਬਹਾਏ ਦੇਵੇ ਚਰਨੋਧ । ਸ਼ਬਦ ਕੁਠਾਲੀ ਗੁਰਸਿਖ ਦੇਵੇ ਸੋਧ । ਆਪੇ ਚਾੜ੍ਹੇ ਸਾਚੀ ਲਾਲੀ, ਆਪ ਬਿਠਾਏ ਆਪਣੀ ਗੋਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਰਾਇਣ ਨਰ ਸ਼ਬਦ ਲਿਖਾਏ ਬੋਧ ਅਗਾਧ ਅਗਾਧ ਬੋਧ । ਤੇਰਾ ਹਿਰਦਾ ਰਿਹਾ ਧੁਖ । ਘਰ ਤੇਰੇ ਵਿਚੋਂ ਦੇਵੇ ਧੱਕ । ਆਪੇ ਲੈ ਜਾਏ ਅੱਗੇ ਹੱਕ । ਦਾਣਾ ਪਾਣੀ ਸਿੰਘ ਪਾਲ ਅੱਗੇ ਬਹਿ ਕੇ ਛਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਖੇਤ ਬੇਮੁਖਾਂ ਵੱਢੇ ਅੰਤਮ ਗਿਆ ਪੱਕ । ਸੁਣ ਪੁਕਾਰ ਵਡ ਦਾਤਾਰਿਆ ।

ਭੁੱਖ ਨੰਗ ਕੀਤਾ ਲਾਚਾਰਿਆ । ਅੱਠੇ ਪਹਿਰ ਰਿਹਾ ਮੰਗ, ਨਾ ਮਿਲੇ ਕਿਤੋਂ ਭੰਡਾਰਿਆ । ਆਤਮ ਹੋਈ ਬੜੀ ਤੰਗ, ਰੋ ਰੋ ਅਰਜ਼ ਗੁਜ਼ਾਰਿਆ । ਮਾਨਸ ਜਨਮ ਹੁੰਦਾ ਜਾਏ ਭੰਗ, ਨਾ ਦਿਸੇ ਕੋਈ ਸਹਾਰਿਆ । ਹੋਏ ਸਹਾਈ ਅੰਗ ਸੰਗ, ਖੇਲ ਮੇਰ ਦਰ, ਦਵਾਰਿਆ । ਸੁੱਕੀਆਂ ਹੱਡੀਆਂ ਵਾਂਗ ਹੋਈਆਂ ਕੁਰੰਗ, ਅੰਗ ਅੰਗ ਮੇਰਾ ਪੁਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਨ ਦਾਨ ਹਰਿ ਭਗਵਾਨ ਰਿਹਾ ਮੰਗਦੇ ਵਸਤ ਸੱਚੀ ਭੰਡਾਰਿਆ । ਧੰਨ ਮਾਲ ਦੇ, ਆਇਆ ਦਰ । ਕਰ ਨਿਹਾਲ ਦੇ, ਚੁਕਾ ਡਰ । ਪੂਰਾ ਤਾਲ ਦੇ, ਦੁੱਖ ਰਹੇ ਨਾ ਘਰ । ਦੂਜੀ ਅਗਨੀ ਫਿਰ ਬਾਲ ਦੇ, ਦੁੱਖ ਭੁੱਖ ਰੋਗ ਦੂਰ ਕਰ । ਚਰਨ ਪ੍ਰੀਤੀ ਸਾਚੀ ਨਾਲ ਦੇ, ਨਿਤ ਆਉਂਦੇ ਰਹੀਏ ਤੇਰੇ ਦਰ । ਜਨ ਭਗਤਾਂ ਵਾਲੀ ਚਾਲ ਦੇ, ਮਾਨਸ ਜਨਮ ਪੂਰਾ ਜਾਈਏ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੈਨੂੰ ਧਿਆਈਏ, ਵਸਾਓ ਸਾਡਾ ਘਰ । ਕਲਜੁਗ ਮੈਲਾ ਹੋਇਆ ਤੇਰਾ ਚੋਲਾ । ਦਰ ਹੋਇਓਂ ਸਾਚੇ ਅੰਤਮ ਗੋਲਾ । ਜੂਠੇ ਝੂਠੇ ਜਗਤ ਯਾਰ, ਵੱਡ ਸਿਕਦਾਰ ਕਰਦੇ ਰਹਿਓ ਘੋਲਾ । ਘਰ ਘਰ ਭੋਗਣ ਵੇਸਵਾ ਨਾਰ, ਪ੍ਰਭ ਅਬਿਨਾਸ਼ੀ ਦਿਤਾ ਵਿਸਾਰ, ਗੁਰ ਪੂਰੇ ਨੂੰ ਮਾਰਨ ਬੋਲਾ । ਆਪੇ ਵਹਿੰਦੀ ਧਾਰ, ਉਤੇ ਪਾਏ ਪਾਪਾਂ ਭਾਰ, ਚੁੱਕਿਆ ਜਾਏ ਨਾ ਝੂਠਾ ਥੈਲਾ । ਆਪੇ ਡੁੱਬਾ ਵਿਚ ਅੰਧਕਾਰ ਨਾ ਆਰ ਪਾਰ, ਝੂਠਾ ਲਹਿਣਾ ਵਿਚ ਮਾਤ ਦੇ ਲੈ ਲਾ । ਨਾ ਭੁੱਲਣਾ ਨਿਰੰਕਾਰ, ਸਤਿਜੁਗ ਬੰਨ੍ਹਦਾ ਜਾਏ ਧਾਰ, ਗੁਰਸਿਖ ਗਲ ਫੜ ਫੜ ਪਾਉਂਦਾ ਜਾਏ ਹਾਰ, ਭਾਣਾ ਹਰਿ ਕਾ ਗੁਰਸਿਖ ਸਹਿ ਲਾ । ਬੇੜਾ ਲਾਉਂਦਾ ਜਾਏ ਪਾਰ, ਝੇੜਾ ਜਗਤ ਜਾਏ ਹਾਰ, ਖੇੜਾ ਵਸੇ ਵਿਚ ਸੰਸਾਰ, ਚਾਰ ਦਿਹਾੜ ਮਿਲ ਗੁਰ ਸੰਗਤ ਵਿਚ ਬਹਿ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨ ਚਿਤਾਰ, ਅੰਤਮ ਅੰਤ ਆਪ ਕਰਾਏ ਮੇਲਾ । ਕਲਜੁਗ ਚੋਲਾ ਮੈਲਾ ਹੋਇਆ । ਵੱਜੇ ਬੋਲਾ ਨਾ ਕਿਸੇ ਧੋਇਆ । ਹਰਿ ਸਾਚੇ ਪਰਦਾ ਖੋਲ੍ਹਾ । ਜੋਤ ਸਰੂਪੀ ਪ੍ਰਗਟ ਹੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚਾ ਸਾਚੇ ਧਾਗੇ ਆਪ ਪਰੋਇਆ । ਗੁਰਸਿਖ ਸਾਚਾ ਹੋਏ ਸਨਮੁਖ । ਪ੍ਰਭ ਅਬਿਨਾਸ਼ੀ ਗੜ੍ਹ ਤੋੜੇ ਦੁੱਖ । ਘਨਕਪੁਰ ਵਾਸੀ ਆਪ ਮਿਟਾਏ ਤ੍ਰਿਸ਼ਨਾ ਭੁੱਖ । ਕੱਟੀ ਜਾਏ ਜਮ ਕੀ ਫਾਸੀ, ਉਲਟਾ ਹੋਏ ਨਾ ਮਾਤ ਗਰਭ ਵਿਚ ਰੁੱਖ । ਅੱਠੇ ਪਹਿਰ ਰਹੇ ਉਦਾਸੀ, ਪ੍ਰਭ ਚਰਨ ਦੀ ਲੱਗੀ ਰਹੇ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਦਰਸ ਦਿਖਾਏ, ਸਦ ਸੁੱਖਨਾ ਰਹੋ ਸੁੱਖ । ਸੁੱਖਣਾ ਸੁੱਖ ਹਰਿ ਜੀ ਆਵੇ । ਸਾਧ ਸੰਗਤ ਸੰਗ ਰਲਾਵੇ । ਰੰਗਤ ਨਾਮ ਆਪ ਚੜ੍ਹਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਹਰਿ ਧਿਆਵੇ । ਕਲਜੁਗ ਚੋਲਾ ਗਿਆ ਪਾਟ । ਅੱਠੇ ਪਹਿਰ ਰਹੇ ਘਾਟ । ਲੰਬੀ ਮੁੱਕ ਗਈ ਤੇਰੀ ਵਾਟ । ਆਪਣਾ ਕਰਮਾਂ ਦਾ ਫਲ ਲੈਣਾ ਚਾਟ । ਜੂਠਾ ਝੂਠਾ ਪੇਟ ਜੋ ਰਿਹਾ ਪਾਟ । ਪ੍ਰਭ ਅਬਿਨਾਸ਼ੀ ਆਪਣੀ ਹੱਥੀਂ ਆਪ ਸਵਾਏ ਤੈਨੂੰ ਉਪਰ ਖਾਟ । ਆਪਣੀ ਹੱਥੀਂ ਬਾਹਰ ਕਢਾਏ, ਕਲਜੁਗ ਤੇਰਾ ਦੂਰ ਦਿਸੇ ਘਾਟ । ਛੇਤੀ ਫੇਰ ਮਾਤ ਨਾ ਆਈ, ਪ੍ਰਭ ਜੇਵੜੇ ਦਿਤੇ ਕਾਟ । ਜਾ ਬੈਠ ਆਪਣੀ ਥਾਂਏ, ਤੇਰੀ ਵਿਕ ਗਈ ਮਾਤਲੋਕ ਵਿਚ ਲਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਤ ਧਰਾਏ ਗੁਰਸਿਖਾਂ ਪੂਰ ਕਰਾਏ ਘਾਟ । ਗੁਰਸਿਖ ਘਾਟਾ ਪੂਰਾ ਕਰੇ । ਸ਼ਬਦ ਝੋਲੀ ਆਪੇ ਭਰੇ । ਕਿਆ ਕੋਈ ਮਾਰੇ ਬੋਲੀ, ਕਰਨਹਾਰ ਸਰਬ ਕਿਛ ਆਪੇ ਕਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸਚ ਦਰੇ । ਸਚ ਦਰ ਸਚ ਦਰਬਾਰ । ਦੋਏ ਜੋੜ ਕਰੋ ਨਿਮਸਕਾਰ । ਪੂਰਾ ਕਰ ਕੇ

ਪੂਰਾ ਚਲਿਆ, ਆਪਣਾ ਸਚ ਵਿਹਾਰ । ਨਾ ਭਾਣਾ ਕਿਸੇ ਉਥਲਿਆ, ਜੁਗੋ ਜੁਗ ਵਰਤੇ ਹਰਿ ਵਰਤਾਰ । ਨਾ ਲੱਗੇ ਘੜੀ ਪਲਿਆ, ਪ੍ਰਭ ਲੇਖੇ ਰਿਹਾ ਸਰਬ ਵਿਚਾਰ । ਪ੍ਰਭ ਅਛਲ ਨਾ ਕਦੇ ਕਿਸੇ ਛਲਿਆ, ਜੋਤ ਸਰੂਪੀ ਰੰਗ ਅਪਾਰ । ਕਲਜੁਗ ਤੇਰਾ ਅੰਤਮ ਪਰਛਾਵਾਂ ਢਲਿਆ, ਆ ਗਈ ਰੈਣ ਅੰਧਿਆਰ । ਪ੍ਰਭ ਪਾਸਾ ਤੇਰਾ ਥਲਿਆ, ਸੁੱਤਾ ਉਠ ਕਿਉਂ ਪੈਰ ਪਸਾਰ । ਬੇਮੁਖ ਮੂਰਖ ਝੱਲਿਆ, ਕਿਉਂ ਰਿਹਾ ਝੱਖ ਮਾਰ । ਵਾਂਗ ਦਾਲ ਜਾਏ ਦਲਿਆ, ਪ੍ਰਭ ਕਰੇ ਆਪ ਦੋ ਫਾੜ । ਕਲਜੁਗ ਜੂਠੇ ਝੂਠੇ ਲੂਣ ਦੇ ਡਲਿਆ, ਖੁਰ ਖੁਰ ਗਿਉਂ ਨਾ ਹੋਈ ਕੋਈ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਾਰ ਕਰਾਏ ਸਿਰ ਧੜ ਵੱਖ ਵੱਖ ਇਕ ਚਲਾਏ ਸ਼ਬਦ ਕਟਾਰ । ਕਲਜੁਗ ਜੀਵ ਉਠ ਉਠ ਭਾਗ । ਤੇਰੇ ਸਿਰ ਤੋਂ ਲੱਥਾ ਤਾਜ । ਮਾਤਲੋਕ ਦਾ ਮੁੱਕਿਆ ਰਾਜ । ਨਾ ਕੋਈ ਦੀਸੇ ਦਰ ਦਰਬਾਨ, ਨਾ ਕੋਈ ਮਾਰੇ ਆਵਾਜ਼ । ਨਾ ਕੋਈ ਦੀਸੇ ਸ਼ਾਹ ਸੁਲਤਾਨ, ਜੋ ਰੱਖੇ ਤੇਰੀ ਲਾਜ । ਨਾ ਕੋਈ ਦੀਸੇ ਬਲੀ ਬਲਵਾਨ, ਜੋ ਸਹਾਈ ਆਜ । ਕਲਜੁਗ ਜੀਵ ਸਰਬ ਸ਼ੈਤਾਨ, ਪੈਂਦੀ ਵੇਖ ਭਾਜ । ਪ੍ਰਭ ਫੜ ਫੜ ਮਾਰੇ ਬੇਈਮਾਨ, ਰਖਦੇ ਰਹਿਣ ਯਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸੋਹੰ ਸ਼ਬਦ ਦੇਵੇ ਸਾਚੀ ਦਾਦ । ਕਲਜੁਗ ਚੀਰਾ ਏਥੇ ਲਾਹ, ਨੰਗੇ ਸਿਰ ਭੱਜਾ ਜਾ । ਪ੍ਰਭ ਅਬਿਨਾਸ਼ੀ ਤੇਰੇ ਸਿਰ ਤੇ ਪਾਪਾਂ ਛੱਜਾ ਦਏ ਬੰਨ੍ਹਾ । ਘਨਕਪੁਰ ਵਾਸੀ ਸ਼ਬਦ ਧੁਜਾ ਤੇਰੀ ਉਪਰ ਧੌਣ ਦਏ ਲਗਾ । ਦੋਏ ਹੱਥੀਂ ਮਾਰੇ ਗੁਝਾਂ, ਕਿਸੇ ਦਿਸ ਨਾ ਆ । ਅੱਠੇ ਪਹਿਰ ਵੱਜਣ ਹੁਜਾਂ, ਨਾ ਕੋਈ ਸਕੇ ਛੁਡਾ । ਪ੍ਰਭ ਅਬਿਨਾਸ਼ੀ ਨਾ ਅਜੇ ਬੁਝਾ, ਵਿਚ ਮਾਝੇ ਆਇਆ ਜਾਮਾ ਪਾ । ਆਪਣਾ ਭੇਵ ਰਖਾਏ ਗੁੱਝਾ, ਗੁਰਸਿਖਾਂ ਕਰਦਾ ਜਾਏ ਛਾਂ । ਚਰਨ ਪ੍ਰੀਤੀ ਜੋ ਜਨ ਲੁਝਾ, ਫੜ ਫੜ ਪਾਰ ਲੰਘਾਏ ਬਾਂਹ । ਧਰਮ ਰਾਏ ਦੀ ਕੋਠੜੀ ਛੋਟਾ ਕੁੱਜਾ, ਪ੍ਰਭ ਅਬਿਨਾਸ਼ੀ ਬੇਮੁਖਾਂ ਦੇਵੇ ਬੰਦ ਕਰਾ । ਏਕਾ ਰਾਹ ਪ੍ਰਭ ਸਾਚੇ ਸੁਝਾ । ਆਪਣੇ ਦਰ ਤੋਂ ਦਏ ਦੁਰਕਾ । ਨਾ ਗੁਰਸਿਖ ਲੜਾਏ ਨਾ ਵੇਖੇ ਬਲ ਭੁਜਾ, ਜੋਤ ਸਰੂਪੀ ਦਏ ਖੇਲ ਵਰਤਾ । ਅੱਠੇ ਪਹਿਰ ਰਹੇ ਰੁਝਾ, ਖਾ ਖਾ ਹਲੂਣੇ ਸਾਰਾ ਜਗਤ ਦਏ ਹਿਲਾ । ਭੇਵ ਚੁਕਾਏ ਏਕਾ ਦੂਜਾ, ਕਲਜੁਗ ਪਹਿਲੇ ਤੇਰੀ ਅਲਖ ਮੁਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਦੇਵੇ ਮਾਤ ਧਰਾ । ਕਲਜੁਗ ਲਹਿਣਾ ਸਾਚਾ ਲੈ । ਮਾਤਲੋਕ ਵਿਚ ਨਾ ਰਹਿਣਾ ਬਹਿ । ਪੀਣਾ ਖਾਣਾ ਤੇਰਾ ਏਥੇ ਕੁੱਝ ਨਾ ਰਹਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਨਾ ਬੀਨਾ ਵਡ ਪ੍ਰਬੀਨਾ ਗੁਰਸਿਖਾਂ ਵਿਚ ਸਦਾ ਵਸਦਾ ਰਹਿ । ਰਸਨਾ ਲੱਗੇ ਭੋਗ, ਅੰਮ੍ਰਿਤ ਰਸ ਧਾਰ ਹੈ । ਗੁਰਸਿਖਾਂ ਬਖ਼ਸ਼ੀ ਜਾਏ ਜੋਗ, ਕਰ ਕਰ ਹਰਿ ਪਿਆਰ ਹੈ । ਨਾ ਹੋਏ ਕਦੇ ਵਿਜੋਗ, ਸਦਾ ਰਹਿਣ ਚਰਨ ਦਵਾਰ ਹੈ । ਸਾਚਾ ਰਸ ਲੈਣਾ ਭੋਗ, ਹੋਰ ਝੂਠਾ ਸਰਬ ਵਿਕਾਰ ਹੈ । ਕਰਨਾ ਦਰਸ ਅਮੋਘ, ਪ੍ਰਭ ਅਬਿਨਾਸ਼ੀ ਹਰਿ ਹਰਿ ਕੇ ਦਵਾਰ ਹੈ । ਘਨਕਪੁਰ ਵਾਸੀ ਕਰ ਕੇ ਜਾਏ ਵਿਹਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਣਿਆ ਆਪ ਵਰਤਾਰ ਹੈ । ਗੁਰਸਿਖਾਂ ਬਣੇ ਹਰਿ ਵਰਤਾਰਾ । ਦੇਵੇ ਨਾਮ ਸ਼ਬਦ ਅਪਾਰਾ । ਪਹਿਲੀ ਚਲੀ ਏ ਸਤਿਜੁਗ ਸੱਚੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸਾਚੀ ਕਾਰਾ । ਸਚ ਕਾਜ ਹਰਿ ਆਪ ਕਰਾਇਆ । ਗੰਢੀ ਦੇ ਦੇ ਗੁਰਸਿਖ ਮੰਗਾਇਆ । ਸਾਚੀ ਲੇਖ ਲਿਖਤ ਲਿਖ ਲੇਖ ਇਹ ਕਰਮ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲ ਸੰਗਤ ਮੰਗਲ ਸਾਚਾ ਗਾਇਆ । ਮੰਗਲ ਗਾਇਆ ਸਖੀ ਪਿਆਰੀਏ । ਪ੍ਰਭ ਸਾਚੇ ਦੀ ਸਾਚੀ ਨਾਰੀਏ । ਕਿਰਪਾ


੩੭੧ ੦੩

ਕਰੇ ਹਰਿ ਅਪਰ ਅਪਾਰੀਏ । ਦਰ ਆਇਆਂ ਦੇਵੇ ਵਰ, ਸਦਾ ਰਹੋ ਵਡ ਸੁਹਾਗਣ ਸੰਸਾਰੀਏ । ਤੇਰਾ ਵਸਦਾ ਰਹੇ ਘਰ, ਨਾ ਹੋਏ ਦੁਹਾਗਣ ਨਾ ਹੈਸਿੰਆਰੀਏ । ਪ੍ਰਭ ਦੇਵੇ ਸਾਚਾ ਵਰ ਚਰਨ ਕਵਲ ਕਵਲ ਚਰਨ ਚਰਨ ਸਦਾ ਨਿਮਸਕਾਰੀਏ । ਭਵ ਸਾਗਰ ਜਾਣਾ ਤਰ, ਫੇਰ ਨਾ ਆਣਾ ਦੂਜੀ ਵਾਰੀਏ । ਚੁਕਾਉਂਦਾ ਜਾਏ ਜਮ ਕਾ ਡਰ, ਬਹਾਏ ਏਕੋ ਸਚ ਅਟਾਰੀਏ । ਨੁਹਾਉਂਦਾ ਜਾਏ ਸਾਚੇ ਸਰ, ਏਕਾ ਧਾਰ ਠੰਡੀ ਠਾਰੀਏ । ਆਤਮ ਜੋਤੀ ਆਪ ਜਗਾਉਂਦਾ ਜਾਏ, ਸਚਖੰਡ ਸੱਚੀ ਸਰਕਾਰੀਏ । ਜਨ ਭਗਤਾਂ ਮੇਲ ਮਿਲਾਉਂਦਾ ਜਾਏ, ਵਡ ਦਾਤਾ ਹਰਿ ਦਰਬਾਰੀਏ । ਗੁਰਸਿਖ ਸਾਚਾ ਗਾਉਂਦਾ ਜਾਏ, ਸੋਹੰ ਕਰਦਾ ਜਾਏ ਜੈ ਜੈ ਜੈਕਾਰੀਏ । ਗੁਰਸਿਖਾਂ ਨੂੰ ਸਮਝਾਉਂਦਾ ਜਾਏ, ਆਉਣਾ ਸਭ ਨੇ ਵਾਰੋ ਵਾਰੀਏ । ਫੜ ਫੜ ਬਾਹੋਂ ਰਾਹੇ ਪਾਉਂਦਾ ਜਾਏ, ਚੜ੍ਹਨਾ ਮਹੱਲ ਸੱਚੀ ਅਟਾਰੀਏ । ਰਾਹ ਇਕ ਸੱਚਾ ਦਿਸਾਉਂਦਾ ਜਾਏ, ਗੁਰ ਸੰਗਤ ਇਕ ਇਕ ਅਪਾਰੀਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਜੋੜ ਕਰਨ ਨਿਮਸਕਾਰੀਏ । ਸਾਚੀ ਸਰਨ ਗੁਰ ਆਪ ਬਹਾਇਆ । ਗੁਰ ਸੰਗਤ ਤਾਈਂ ਦਇਆ ਕਮਾਇਆ । ਪ੍ਰਗਟ ਜੋਤ ਹਰਿ ਭੋਗ ਲਗਾਇਆ । ਗੁਰ ਸੰਗਤ ਤਾਈਂ ਦੇ ਵਰਤਾਇਆ । ਦੇ ਮੱਤ ਸਮਝਾਏ, ਦੂਜਾ ਦਰ ਨਾ ਮੰਗਣ ਜਾਇਆ । ਆਪੇ ਰੱਖੇ ਤੇਰੀ ਪੱਤ, ਜਿਸ ਆਪਣੀ ਚਰਨੀ ਲਾਇਆ । ਨਾ ਤੁਟੇ ਤੇਰਾ ਜੱਤ, ਸ਼ਬਦ ਧੀਰਜ ਆਪ ਰਖਾਇਆ । ਆਪੇ ਬੀਜੇ ਸਾਚੇ ਵੱਤ, ਸਤਿ ਸੰਤੋਖ ਬੀਰਜ ਆਪ ਟਿਕਾਇਆ । ਰਸਨਾ ਸੂਤਰ ਸਾਚਾ ਲੈਣਾ ਕੱਤ, ਕਾਇਆ ਚਰਖਾ ਦੇ ਭਵਾਇਆ । ਸਾਚੇ ਖਾਤੇ ਲੈਣਾ ਘੱਤ, ਪ੍ਰਭ ਅੱਗੇ ਦੇ ਖਵਾਇਆ । ਬੇਮੁਖਾਂ ਨਾ ਕੀਤੀ ਮਤ, ਮੂੰਹ ਥੁੱਕਾਂ ਪ੍ਰਭ ਭਰਾਇਆ । ਗੁਰਸਿਖ ਜਾਣੇ ਮਿਤ ਗਤ, ਪ੍ਰਭ ਆਪਣੀ ਸਰਨ ਲਗਾਇਆ । ਕਲਜੁਗ ਤੇਰੀ ਮਿਟੇ ਅੰਧੇਰੀ ਛਤ, ਦੋਵੀਂ ਹੱਥੀਂ ਪਰਦਾ ਉਤੋਂ ਲਾਹਿਆ । ਸਤਿਜੁਗ ਬਖ਼ਸ਼ਿਆ ਏਕਾ ਤਤ, ਸੋਹੰ ਰਸਨਾ ਦਏ ਜਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸਾਚੇ ਘਰ ਪ੍ਰਗਟ ਹੋਏ ਭੋਗ ਲਗਾਈਆ । ਲੱਗਾ ਭੋਗ ਹਰਿ ਦਵਾਰੇ । ਖਾਲੀ ਭਰਦਾ ਜਾਏ ਭੰਡਾਰੇ । ਵਿਚ ਮਾਤਲੋਕ ਦੇ ਤਰਦਾ ਜਾਏ, ਨਾ ਆਏ ਵਿਚ ਘੁੰਮਣਘਾਰੇ । ਬੇਮੁਖ ਮਾਨਸ ਜਨਮ ਹਰਦਾ ਜਾਏ, ਕਲ ਵਿਚ ਅੱਧ ਪੁਕਾਰੇ । ਗੁਰਸਿਖ ਹਰਿ ਹਰਿ ਰਸਨਾ ਕਰਦਾ ਜਾਏ, ਅੱਗੋਂ ਮਿਲੇ ਆਏ ਕੱਟੇ ਪੰਧ ਭਾਰੇ । ਭਾਣਾ ਪ੍ਰਭ ਦਾ ਜਰਦਾ ਜਾਏ, ਵੇਖੇ ਰੰਗ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਰਸ ਦਿਖਾਏ ਤ੍ਰਿਖਾ ਮਿਟਾਏ, ਸੋਹੰ ਸ਼ਬਦ ਰਸਨਾ ਕਰਾਏ ਜੈ ਜੈ ਜੈਕਾਰੇ । ਭਗਤਨ ਚੋਗ ਤੇਰੇ ਮੁਖ ਲਗਾਈ । ਚਿੰਤਾ ਸੋਗ ਗੁਰਸਿਖ ਮਿਟਾਈ । ਸਾਚੀ ਦਾਤ ਤੇਰੀ ਭੇਟ ਚੜ੍ਹਾਈ । ਸਾਧ ਸੰਗਤ ਧੀ ਬੇਟ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਸਾਚਾ ਮੇਲ ਮਿਲਾਈ । ਸੰਗਤ ਆਏ ਗੁਰ ਦਵਾਰ । ਗੁਰ ਪੂਰਾ ਅੱਗੋਂ ਕਰੇ ਨਿਮਸਕਾਰ । ਧੰਨ ਧੰਨ ਧੰਨ ਮੈਂ ਅੱਖੀਂ ਵੇਖੇ ਆਪਣੇ ਲਾਲ ਦੁਲਾਰ । ਗੁਰਮੁਖ ਸਾਚੇ ਹਰਿਆ ਹੋਵੇ ਮਨ ਤਨ, ਗੁਰ ਪੁਰੇ ਮਿਲਣ ਭੁਜਾਂ ਪਸਾਰ । ਗੁਰ ਪੂਰਾ ਕਢਦਾ ਜਾਏ ਜਨ, ਦੋਵੇਂ ਹੱਥੀਂ ਦੇਵੇ ਪਿਆਰ । ਗੁਰ ਸੰਗਤ ਭਾਂਡਾ ਭਰਮ ਦੇਵੇ ਭੰਨ, ਆਏ ਤੇਰੇ ਦਰਬਾਰ । ਆਏ ਛਾਏ ਗੁਰਸਿਖ ਛਪਰੀ ਕਾਇਆ ਛਨ, ਫੜ ਫੜ ਆਪਣੀ ਹੱਥੀਂ ਦਏ ਉਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਬਖ਼ਸ਼ੇ ਇਕ ਪਿਆਰ । ਗੁਰ ਸੰਗਤ ਆਏ ਚਲ ਦਵਾਰ । ਗੁਰ ਪੂਰਾ ਜਾਏ ਗੁਰਸਿਖ ਬਲਿਹਾਰੇ । ਗੁਰਸਿਖ ਕਰੇ ਗੁਰ ਚਰਨ ਨਿਮਸਕਾਰੇ । ਗੁਰ ਪੂਰਾ ਦੁੱਖੜੇ ਲਾਹੇ ਭਾਰੇ । ਗੁਰਸਿਖ ਇਕ ਬੇਨੰਤੀ ਕਰੇ ਗੁਰ ਚਰਨ ਦਵਾਰੇ । ਗੁਰ ਪੂਰਾ ਆਪੇ ਕਾਜ

੩੭੩ ੦੩

ਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਬਖ਼ਸ਼ੇ ਇਕ ਪਿਆਰੇ । ਗੁਰ ਸੰਗਤ ਗੁਰ ਚਰਨ ਬਲ ਬਲ ਜਾਈਂ । ਗੁਰ ਪੂਰੇ ਆਉਂਦਾ ਸਿੱਖ ਵੇਖ, ਨਿਉਂ ਨਿਉਂ ਸੀਸ ਝੁਕਾਈਂ । ਗੁਰ ਸੰਗਤ ਕੋਈ ਹੋਵੇ ਭੁੱਲ, ਗੁਰ ਦਰਬਾਰੇ ਜਾ ਬਖ਼ਸ਼ਾਈਂ । ਇਹ ਲਾਲ ਅਨਮੁਲੜਾ ਨਾ ਜਾਏ ਰੁਲ, ਗੁਰ ਪੂਰੇ ਆਪਣੀ ਗੋਦ ਉਠਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗਤ ਗੁਰ ਗੁਰ ਸੰਗਤ ਏਕਾ ਮੇਲ ਮਿਲਾਈ । ਗੁਰ ਸੰਗਤ ਗੁਰ ਬਖ਼ਸ਼ਣ ਯੋਗ ਹੈ । ਗੁਰ ਪੂਰੇ ਗੁਰਸਿਖਾਂ ਹੋਣ ਨਾ ਦੇਣਾ ਕਦੇ ਵਿਜੋਗ ਹੈ । ਗੁਰ ਸੰਗਤ ਹਰਿ ਕੱਟਣਾ ਹਉਮੇ ਰੋਗ ਹੈ । ਗੁਰ ਪੂਰੇ ਤੇਰੀ ਆਤਮ ਕਦੇ ਨਾ ਆਵੇ ਚਿੰਤਾ ਸੋਗ ਹੈ । ਗੁਰ ਸੰਗਤ ਰਸ ਲੈਣਾ ਸਾਚਾ ਭੋਗ ਹੈ । ਗੁਰ ਪੂਰੇ ਗੁਰਸਿਖਾਂ ਦੀਆਂ ਸੋਹੰ ਸਾਚਾ ਜੋਗ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਗੁਣ ਸਾਚਾ ਸ਼ਬਦ ਸਲੋਕ ਹੈ । ਪ੍ਰਭ ਝੋਲੀ ਭਿਛਿਆ ਪਾਈ ਜਾ । ਆਪਣੀ ਹੱਥੀਂ ਆਪ ਵਰਤਾਈ ਜਾ । ਦੋਵੀਂ ਹੱਥੀਂ ਮੇਘ ਬਰਸਾਈ ਜਾ । ਦੁੱਖਾਂ ਭੁੱਖਾਂ ਸਰਬ ਗਵਾਈ ਜਾ । ਸਾਚੀਆਂ ਸੁੱਖਾਂ ਘਰ ਘਰ ਉਪਜਾਈ ਜਾ । ਉਤਰਨ ਦੁੱਖਾਂ, ਦੇ ਦਰਸ ਤ੍ਰਿਖਾ ਮਿਟਾਈ ਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪ੍ਰਸਾਦੀ ਗੁਰ ਪ੍ਰਸਾਦਿ ਅੰਮ੍ਰਿਤ ਮੇਘ ਆਪ ਬਰਸਾਈ ਜਾ । ਆਪਣੀ ਹੱਥੀਂ ਹਰਿ ਬਰਸਾਵੇ । ਗੁਰਸਿਖਾਂ ਦੀ ਝੋਲੀ ਪਾਵੇ । ਸਾਚਾ ਦਰਸ ਕਰ ਗੁਰਸਿਖ ਤਰ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤੀ ਸਰਬ ਸਮਝਾਵੇ । ਅੰਮ੍ਰਿਤ ਮੇਘ ਬਰਸੇ ਠੰਡੀ ਧਾਰਾ । ਗੁਰਸਿਖਾਂ ਕਰ ਕਰ ਵਿਚ ਮਾਤ ਵਡ ਪਿਆਰਾ । ਹਉਮੇ ਰੋਗ ਦੇਵੇ ਕੱਢ, ਦੇਵੇ ਚੀਰ ਧਰ ਕੇ ਸ਼ਬਦ ਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਫੱਲ ਮੁਖ ਲਗਾਏ, ਕੱਢੇ ਤਨ ਲੱਗਾ ਅਫਾਰਾ । ਘਨਕਪੁਰ ਵਾਸੀ ਉਠਿਆ ਜਾਗਿਆ । ਸੰਤ ਮਨੀ ਸਿੰਘ ਤੇਰੇ ਕਹਿਣੇ ਲਾਗਿਆ । ਧੋਂਦਾ ਜਾਏ ਮਲ ਮਲ ਦੋ ਦੋ ਹੱਥੀਂ ਤੇਰੇ ਪਿਛਲੇ ਲੱਗੇ ਦਾਗਿਆ । ਬੀਜ ਸਾਚਾ ਆਪ ਬਿਜਾਉਂਦਾ ਜਾਏ, ਰਲ ਸੰਗਤ ਮਗਰ ਫਿਰਾਏ ਸੁਹਾਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਠਿਆ ਉਠ ਜਾਗਿਆ । ਉਠ ਜਾਗ ਮੂੰਹ ਫੇਰਿਆ ਹੱਥ । ਲਿਖਤ ਲਿਖਾਈ ਪੂਰੀ ਕਰੇ ਆਪ ਸਮਰਥ । ਤੇਰੀ ਰਸਨਾ ਕਲਮ ਚਲਾਈ, ਸਤਿਜੁਗ ਬਣ ਜਾਏ ਸਚੀ ਵੱਥ । ਇਕ ਅੰਮ੍ਰਿਤ ਬੂੰਦ ਆਪ ਬਣਾਈ, ਸਮੁੰਦਰ ਸਾਗਰ ਸਾਰੇ ਮਥ । ਇਕ ਆਪਣੇ ਹੱਥ ਟਿਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਸਕੇ ਕਥ । ਆਪਣੇ ਹੱਥ ਬੂੰਦ ਉਠਾਈ, ਬਾਸਠ ਸਾਲ ਰੱਖੀ ਗੋਦ ਉਠਾਈ । ਅੱਜ ਰੁੱਤ ਸੁਹਾਗਣੀ ਵਿਚ ਮਾਤ ਦੇ ਆਈ । ਗੁਰਸਿਖ ਬਣਾਏ ਸਾਚੇ ਸੁੱਤ, ਨਾਲ ਲੈ ਆਇਆ ਧੁਰ ਦਰਗਾਹ ਦੀ ਜਾਮਨੀ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਅਚਰਜ ਖੇਲ ਆਪ ਵਤਾਈ । ਮਨਜੀਤ ਸਿੰਘ ਹਰਿ ਸਾਚਾ ਸੁੱਤ, ਤੇਰੀ ਹੱਡੀ ਸਰ ਸਰੋਵਰ ਭੇਟ ਚੜ੍ਹਾਈ । ਬੇਮੁਖਾਂ ਮੂੰਹ ਪਉਂਦਾ ਜਾਏ ਥੁੱਕ, ਅੰਮ੍ਰਿਤ ਧਾਰ ਘਨਕਪੁਰੀ ਲੈ ਜਾਵਣੀ । ਅੱਗੇ ਖੇਤਰ ਜਾਣਾ ਰੁੱਕ । ਇਕ ਚਰਨ ਨਾ ਅੱਗੇ ਉਠਾਵਣੀ । ਕਲਜੁਗ ਦਾਣਾ ਪਾਣੀ ਗਿਆ ਮੁੱਕ, ਸਤਿਜੁਗ ਤੇਰੀ ਸੇਵ ਕਮਾਈ, ਛੱਤੀ ਮੀਲ ਛੱਤੀ ਰਾਗ ਰਲ ਰਸਨਾ ਗੀਤ ਸੁਹਾਗੀ ਗਾਵਣਾ । ਪ੍ਰਭ ਚਾੜ੍ਹਦਾ ਜਾਏ ਰੰਗ, ਤੇਰੇ ਦਰ ਕਦੇ ਨਾ ਆਉਣੀ ਸ਼ਾਮਨੀ । ਦੋਏ ਧਾਰ ਵੇਖ ਵਿਚਾਰ, ਪ੍ਰਭ ਇਕ ਲਕੀਰ ਲਗਾਵਣੀ । ਤੀਰਥ ਯਾਤਰਾ ਤੇਰੀ ਵਿਚ ਸੰਸਾਰ, ਚਾਰ ਵਰਨ ਨੁਹਾਵੇ ਸਾਚੀ ਨੁਹਾਵਣੀ । ਆਪੇ ਕਰ ਸੱਚਾ ਵਿਹਾਰ, ਗੁਰ ਪ੍ਰਸਾਦ ਗੁਰਸਿਖਾਂ ਆਪ ਵਰਤਾਵਣੀ । ਗੁਰ ਚਰਨ ਕਰ ਪਿਆਰ, ਇਕ ਇਕ ਪਤਾਸਾ ਵਿਚ ਸਰਬ ਡਾਰਨੀ । ਪ੍ਰਭ ਮਿੱਠੀ ਕਰਦਾ ਜਾਏ ਧਾਰ, ਕੂੜ

ਕੁੜਿਆਰ ਮੇਟ ਮਿਟਾਵਣੀ । ਖਵਾਜ਼ਾ ਖਿਜ਼ਰ ਨੇਤਰ ਵਹਾਏ ਨੀਰ, ਪ੍ਰਭ ਪੂਰੀ ਕਰ ਮੇਰੀ ਭਾਵਨੀ । ਗੁਰਸਿਖ ਸਾਚੇ ਸਿਰ ਬੱਧਾ ਸਾਚਾ ਚੀਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਜਿਸ ਤੇਰੀ ਸੇਵ ਕਮਾਵਨੀ । ਚੌਥੇ ਦਿਨ ਪਾਏ ਪ੍ਰਭ ਫੁੱਲ । ਗੁਰ ਪੂਰੇ ਪਾਇਆ ਗੁਰਸਿਖ ਤੇਰ ਮੁੱਲ । ਸ਼ਬਦ ਅੰਧੇਰੀ ਜਾਏ ਜਗਤ ਝੁੱਲ । ਕਲਜੁਗ ਜੀਵ ਜਾਇਣ ਰੁੱਲ । ਗੁਰਸਿਖ ਸਾਚੇ ਆਪ ਤਰਾਏ ਵੱਡ ਲਾਲ ਅਨਮੁਲ । ਆਪਣੀ ਝੋਲੀ ਆਪ ਉਠਾਏ, ਨਾ ਕੋਈ ਜਾਏ ਭੁੱਲ । ਸਚ ਭੰਡਾਰਾ ਹਰਿ ਆਪ ਵਰਤਾਏ, ਸਤਿਜੁਗ ਸਾਚੇ ਜਾਏ ਖੁਲ੍ਹ । ਆਤਮ ਤ੍ਰਿਖਾ ਤ੍ਰਿਸ਼ਨਾ ਰੋਗ ਮਿਟਾਏ, ਜੋ ਜਨ ਪੀਏ ਇਕ ਚੁੱਲ । ਪ੍ਰਗਟ ਹੋਏ ਦਰਸ ਦਿਖਾਏ ਵਿਚਕਾਰ ਦੋਵੇਂ ਪੁੱਲ । ਚੜ੍ਹਦੀ ਧਾਰ ਸਤਿਜੁਗ ਰਖਾਇਆ, ਵਹਿੰਦੀ ਧਾਰ ਕਲਜੁਗ ਰੁੜ੍ਹਾਇਆ । ਘਨਕਪੁਰੀ ਪ੍ਰਭ ਤੇਰੀ ਹੱਦ, ਆਪਣੀ ਹੱਥੀਂ ਪਾਰ ਕਰਾਇਆ । ਗੁਰ ਸੰਗਤ ਹਰਿ ਲਿਆਇਆ ਸੱਦ, ਕਲਜੁਗ ਅੰਤਮ ਅੰਤ ਵਿਹਾਰ ਕਰਾਇਆ । ਸਾਧ ਸੰਗਤ ਮਿਲ ਗਾਓ ਸੁਹਾਗੀ ਤਤ, ਪ੍ਰਭ ਅਬਿਨਾਸ਼ੀ ਬੇੜਾ ਬੰਨ੍ਹ ਵਖਾਇਆ । ਉਠ ਸਿੱਖ ਵਰਤਾ ਪ੍ਰਸਾਦ । ਦਿਉਂ ਵਡਿਆਈ ਹਰਿ ਰਘੁਰਾਈ ਆਦਿ ਜੁਗਾਦਿ । ਗਾਉਂਦੇ ਜਾਣਾ ਵਜਾਉਂਦੇ ਜਾਣਾ ਸ਼ਬਦ ਨਾਦ । ਬੇਮੁਖਾਂ ਸੁਣਾਉਂਦੇ ਜਾਣਾ, ਕਾਇਆ ਅਗਨ ਲਗਾਉਂਦੇ ਜਾਣਾ, ਆਪਣੇ ਹਿਰਦੇ ਰਖਣਾ ਯਾਦ । ਸਾਚੀ ਸਿਖਿਆ ਸਾਚੀ ਭਿਖਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਆਪਣੀ ਹੱਥੀਂ ਗੁਰਸਿਖਾਂ ਦੇਵੇ ਸੁਣ ਫਰਿਯਾਦ । ਜਲ ਧਾਰ ਤੇਰੀ ਸਰਨਾਈ । ਇਕ ਵਸਤ ਹਰਿ ਸਾਚੇ ਟਿਕਾਈ । ਦਸਤ ਬਦਸਤ ਲੇਖਾ ਦਏ ਮੁਕਾਈ । ਚਿੱਟੇ ਬਸਤਰ ਤਨ ਪਹਿਨਾਈ । ਨਾ ਕੋਈ ਲੱਗੇ ਦਾਮ ਮੁਲ ਰਿਹਾ ਸਸਤ, ਬਾਲ ਅੰਞਾਣਾ ਭੇਟ ਚੜ੍ਹਾਈ । ਗੁਰ ਸੰਗਤ ਤੇਰੀ ਅੰਮ੍ਰਿਤ ਰਸਤ, ਪ੍ਰਭ ਸਾਚੇ ਅਮਾਨਤ ਇਕ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਮਾਤ ਵਡਿਆਈ । ਇਕ ਇਕ ਦਾਣਾ ਕਰਨਾ ਭੇਟ । ਪ੍ਰਭ ਅਬਿਨਾਸ਼ੀ ਰਾਖੇ ਸਾਚੀ ਟੇਕ । ਬਣੇ ਜਲ ਠੰਡੀ ਧਾਰਾ, ਗੁਰਸਿਖ ਤੇਰੇ ਤਨ ਨਾ ਲਾਗੇ ਸੇਕ । ਗੁਰਸਿਖਾਂ ਕਰ ਪਿਆਰਾ, ਕਰਦਾ ਜਾਏ ਬੁੱਧ ਬਬੇਕ । ਬੇਮੁਖਾਂ ਫੇਰੀ ਜਾਏ ਸੀਨੇ ਆਰਾ, ਕਰਦਾ ਜਾਏ ਛੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਦਰ ਦਵਾਰਾ ਰਖਾਏ ਏਕ । ਸਤਿਜੁਗ ਤੇਰਾ ਇਕ ਦਵਾਰਾ । ਚਾਰ ਵਰਨ ਹੋਏ ਭਿਖਾਰਾ । ਦੂਜੀ ਸਰਨ ਦਏ ਨਿਵਾਰਾ । ਅੱਠ ਸੱਠ ਪਾਣੀ ਤੇਰਾ ਭਰਨ, ਨਾ ਕਲਜੁਗ ਆਈ ਵਿਚਾਰਾ । ਗੁਰਸਿਖ ਭਾਣਾ ਤੇਰਾ ਜਰਨ, ਕਰ ਕਰ ਚਰਨ ਪਿਆਰਾ । ਕਲਜੁਗ ਝੂਠੀ ਮੌਤੇ ਮਰਨ, ਗੁਰਮੁਖ ਉਡਦੇ ਮਾਰ ਸ਼ਬਦ ਉਡਾਰਾ । ਪ੍ਰਗਟ ਹੋਏ ਖੋਲ੍ਹੇ ਹਰਨ ਫਰਨ, ਦਰਸ਼ਨ ਦੇਵੇ ਅਗੰਮ ਅਪਾਰਾ । ਜੋਤ ਸਰੂਪੀ ਤਰਨੀ ਤਰਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰ ਸੰਗਤ ਰੱਖੇ ਸਾਚਾ ਸਰਨ, ਦੇਵੇ ਨਾਮ ਸ਼ਬਦ ਅਧਾਰਾ । ਆਪ ਚੁਕਾਏ ਮਰਨ ਡਰਨ, ਆਈ ਮੌਤ ਖ਼ੁਸ਼ੀ ਕਰਾਏ ਸੌ ਸੌ ਵਾਰਾ । ਇਕ ਜਗਾਉਂਦਾ ਜਾਏ ਜੋਤ, ਮਾਤਲੋਕ ਲਾਏ ਸੱਚਾ ਦਰਬਾਰਾ । ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਏਕ ਏਕੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗ ਰਲਾਏ, ਸਾਚਾ ਮੇਲ ਮਿਲਾਏ, ਅੰਮ੍ਰਿਤ ਬਣਾਏ ਜਲ ਸਾਚੀ ਧਾਰਾ । ਅੰਮ੍ਰਿਤ ਧਾਰ ਵਹਿ ਕੇ ਜਾਣਾ । ਗੁਰ ਚਰਨ ਸਰਨ ਸਾਚੀ ਗੋਦ ਬਹਿ ਕੇ ਜਾਣਾ । ਰਾਹ ਜਾਂਦਿਆਂ ਰਾਹੀਆਂ ਪਾਂਧੀਆਂ ਨੂੰ ਇਹ ਕਹਿ ਕੇ ਜਾਣਾ । ਨਿਹਕਲੰਕ ਕਲ ਵਰਤੇ ਭਾਣਾ । ਸਭਨਾਂ ਸਿਰ ਤੇ ਸਹਿ ਕੇ ਜਾਣਾ । ਨਾ ਕੋਈ ਦਿਸੇ ਰਾਜਾ ਰਾਣਾ, ਤਖ਼ਤ ਤਾਜ ਸਭ ਦਾ ਲਹਿ ਕੇ ਜਾਣਾ । ਨਾ ਕੋਈ ਦੀਸੇ ਸੁਘੜ ਸਿਆਣਾ, ਮਹਾਰਾਜ ਸ਼ੇਰ ਸਿੰਘ

੩੭੪
੦੩

ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਤੇਰੀ ਗੋਦੀ ਬਹਿ ਕੇ ਜਾਣਾ । ਅੰਮ੍ਰਿਤ ਭਰ ਸੱਚੇ ਦਵਾਰਿਆ । ਗੁਰਮੁਖ ਸਾਚਾ ਵਿਚ ਮਾਤ ਪੁਕਾਰਿਆ । ਅੱਠ ਸੱਠ ਤੀਰਥ ਹੁੰਦੀ ਪਏ ਖੁਆਰਿਆ । ਧੀਆਂ ਭੈਣਾਂ ਕਰਨ ਓਥੇ ਵਪਾਰਿਆ । ਜੂਠਿਆਂ ਝੂਠਿਆਂ ਮਿਲੀਆਂ ਵੱਡ ਸਰਦਾਰੀਆਂ । ਮਾਇਆ ਲੂਠਿਆਂ ਦੁਸ਼ਟ ਦੁਰਾਚਾਰੀਆਂ । ਆਤਮ ਵਡ ਹੰਕਾਰੀਆਂ, ਸੁਣ ਪੁਕਾਰ ਹਰਿ ਦਾਤਾਰ ਜਾਮਾ ਘਨਕਪੁਰੀ ਵਿਚ ਧਾਰਿਆ । ਘਨਕਪੁਰੀ ਹਰਿ ਜਾਮਾ ਪਾਏ । ਜੋਤ ਸਰੂਪੀ ਖੇਲ ਰਚਾਏ । ਵਡ ਸ਼ਾਹੋ ਵਡ ਭੂਪੀ, ਆਪ ਭੁਲਾਏ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ, ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਗੁਰ ਦਿਸੇ ਸਤਿ ਸਰੂਪੀ, ਜੋਤ ਸਰੂਪੀ ਦਰਸ ਦਿਖਾਏ । ਨਾ ਕੋਈ ਰੰਗ ਨਾ ਕੋਈ ਰੂਪੀ, ਨਿਹਕਲੰਕ ਕਲ ਨਾਂਓ ਰਖਾਏ । ਏਕਾ ਦਿਸੇ ਸਾਚੀ ਜੋਤੀ, ਤੀਜਾ ਨੇਤਰ ਜਿਸ ਖੋਲ੍ਹ ਵਖਾਏ । ਨਾ ਕੋਈ ਵਰਨ ਨਾ ਕੋਈ ਬਰਨ ਨਾ ਜਾਣੇ ਗੋਤੀ, ਏਕਾ ਰੰਗ ਸਭ ਸਮਾਏ । ਗੁਰਮੁਖ ਬਣਾਏ ਮਾਣਕ ਸਾਚੇ ਮੋਤੀ, ਆਪਣੇ ਕੰਠ ਲਗਾਏ । ਸ੍ਰਿਸ਼ਟ ਸਬਾਈ ਰਹੀ ਸੋਤੀ, ਭੇਖਾਧਾਰੀ ਭੇਖ ਕਮਾਏ । ਗਾਉਂਦੇ ਫਿਰਨ ਕੋਟਨ ਕੋਟੀ, ਹਰਿ ਸਾਚਾ ਕਿਸੇ ਹੱਥ ਨਾ ਆਏ । ਲੱਖਾਂ ਬੰਨ੍ਹੀ ਫਿਰਨ ਲੰਗੋਟੀ, ਤਨ ਤੇ ਭਸਮ ਲਗਾਏ । ਲੱਖਾਂ ਮੁੰਨੀ ਫਿਰਨ ਚੋਟੀ, ਪ੍ਰਭ ਜਾਏ ਦਗਾ ਕਮਾਏ । ਲੱਖਾਂ ਖਾਂਦੇ ਫਿਰਨ ਜੀਆਂ ਜੰਤਾਂ ਦਾ ਮਾਸ ਬੋਟੀ ਬੋਟੀ, ਪ੍ਰਭ ਧਰਮ ਰਾਏ ਦੇ ਦਰ ਟੰਗਾਏ । ਅੱਗੇ ਹੱਥ ਨਾ ਆਵੇ ਕਿਸੇ ਰੋਟੀ, ਬੈਠੇ ਨਗਨ ਕਰਨ ਹਾਏ ਹਾਏ । ਕਲਜੁਗ ਜੀਆਂ ਕਿਸਮਤ ਹੋਈ ਖੋਟੀ, ਕਲਜੁਗ ਵੇਲੇ ਅੰਤਮ ਨਾ ਹੋਏ ਕੋਈ ਸਹਾਏ । ਗੁਰਸਿਖ ਗੁਰ ਚਰਨ ਰੱਖੇ ਏਕਾ ਓਟੀ, ਬਾਹੋਂ ਪਕੜ ਪ੍ਰਭ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਸਚ ਤੀਰਥ ਸਚ ਇਸ਼ਨਾਨ । ਗੁਰ ਚਰਨ ਧੂੜ ਗੁਰਸਿਖ ਕਰ ਜਾਣ । ਵੱਡ ਸੂਰਬੀਰ ਬਲੀ ਬਲਵਾਨ । ਰਸਨਾ ਚਲਾਇਣ ਖਿਚ ਸ਼ਬਦ ਤੀਰ, ਬੇਮੁਖਾਂ ਵੱਜੇ ਬਾਣ । ਘੱਤੀ ਜਾਏ ਚਾਰੋਂ ਤਰਫ ਵਹੀਰ, ਤੋੜੀ ਜਾਏ ਸਰਬ ਮਾਣ । ਕੋਈ ਸ਼ਾਹ ਨਾ ਅੜੇ ਹਕੀਰ, ਏਕਾ ਸਿਧਾ ਇਕ ਨਿਸ਼ਾਨ । ਬੇਮੁਖਾਂ ਜਾਏ ਪੀੜ, ਨਾ ਸਕੇ ਕੋਈ ਅਟਕਾਨ । ਗੁਰਸਿਖਾਂ ਦੇਵੇ ਧੀਰ, ਚਰਨੀ ਡਿਗਣ ਆਣ । ਕਰੇ ਆਤਮ ਸ਼ਾਂਤ ਸਰੀਰ, ਆਪ ਬਿਠਾਏ ਵਿਚ ਬਬਾਣ । ਕਲਜੁਗ ਕੱਟੀ ਜਾਏ ਭੀੜ, ਹੋਏ ਸਹਾਈ ਆਪੇ ਆਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਚਰਨ ਸਰਨ ਗੁਰਮੁਖ ਸਾਚੇ ਰਾਖੋ ਸਦਾ ਧਿਆਨ । ਧਰੋ ਧਿਆਨ ਹਰਿ ਚਰਨ ਗੋਬਿੰਦ । ਦਰਗਹਿ ਦੇਵੇ ਸਾਚਾ ਮਾਣ, ਹਰਿ ਸਦਾ ਬਖ਼ਸ਼ਿੰਦ । ਘਰ ਸਾਚੇ ਹੋਏ ਪ੍ਰਵਾਨ, ਮਾਣ ਗਵਾਇਆ ਸੁਰਪਤ ਰਾਜੇ ਇੰਦ । ਆਪ ਖੜਿਆ ਵਿਚ ਬਬਾਣ, ਵਡ ਦਾਤੇ ਗੁਣੀ ਗਹਿੰਦ । ਕਲਜੁਗ ਜੀਵ ਸਰਬ ਪਛਤਾਣ, ਇਸ ਵੇਲੇ ਕਰਨ ਜੋ ਨਿੰਦ । ਗੁਰਮੁਖ ਸਾਚੇ ਸੰਤ ਜਨ ਪ੍ਰਭ ਚਰਨੀ ਡਿਗਣ ਆਣ, ਪ੍ਰਭ ਸਾਚੇ ਦੀ ਸਾਚੀ ਬਿੰਦ । ਸਰ ਤੋੜ ਮਾਣ ਤਾਣ, ਸਰਨ ਆਏ ਵਾਲੀ ਹਿੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਵੱਡਾ ਦਾਤਾ ਮਰਗਿੰਦ । ਜੋਗ ਜੁਗਤ ਜਗਤ ਗੁਰ ਜਾਣ । ਮੁਕਤ ਜੁਗਤ ਸ਼ਕਤ ਹਰਿ ਫ਼ਰਮਾਣ । ਨਾ ਕੋਈ ਰੋਕੇ ਨਾ ਸਕੇ ਰੁਕਤ, ਕੀ ਜਾਣੇ ਕਲਜੁਗ ਜੀਵ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦੇਵੇ ਮਾਣ । ਮਾਣ ਪਾਓ ਦੁੱਖ ਦਰਦ ਮਿਟਾਓ । ਸਹਿਜ ਅਨੰਦ ਸੁਖ ਘਰ ਲੈ ਜਾਓ । ਉਤਰੇ ਆਤਮ ਚਿੰਦਿਆ ਭੁੱਖ, ਦਿਵਸ ਰੈਣ ਸਦ ਰਸਨਾ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰੰਜਣ ਨਰਾਇਣ ਭੁੱਲ ਨਾ ਜਾਓ । ਆਪਣੇ ਅੰਦਰ ਸਾਚੇ ਮੰਦਰ ਦਿਵਸ ਰੈਣ ਸਦਾ ਵਸਾਓ । ਹਰਿ

ਜੀ ਵਸੇ ਸਾਚੇ ਮੰਦਰ । ਇਕ ਅੰਧੇਰੀ ਕਾਇਆ ਕੰਦਰ । ਜਿਥੇ ਵੱਜਾ ਰਹੇ ਜੰਦਰ । ਕਲਜੁਗ ਜੀਵ ਨੱਚਦੇ ਫਿਰਨ ਚਾਰੋਂ ਤਰਫ ਬੰਦਰ । ਗੁਰਮੁਖ
ਸਾਚੇ ਸੰਤ ਜਨ ਗੁਰ ਚਰਨ ਬਹਿਣ ਆਪ ਲੈ ਜਾਏ ਸਾਚੇ ਅੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੀਪਕ ਆਪ ਜਗਾਏ
ਤੇਰੀ ਕਾਇਆ ਮਹਿਲ ਮੰਦਰ । ਕਾਇਆ ਮਹਿਲ ਮੰਦਰ ਅਟਾਰੀ । ਵਿਚ ਜਗੇ ਜੋਤ ਅਗੰਮ ਅਪਾਰੀ । ਮੂਰਖ ਜੀਵ ਨਾ ਪਾਵੇ ਸਾਰੀ । ਲੱਭਦਾ
ਫਿਰਦਾ ਦਰ ਬਣ ਭਿਖਾਰੀ । ਨਾ ਕੋਈ ਖੁਲ੍ਹਾਵੇ ਆਤਮ ਦਰ ਦਵਾਰੀ । ਗੁਰ ਪੂਰੇ ਸਦ ਬਲ ਬਲ ਜਾਵੇ, ਜੋ ਦੇਵੇ ਨਾਮ ਅਧਾਰੀ । ਮਾਇਆ
ਪਰਦੇ ਸਾਰੇ ਲਾਹੇ, ਮਿਟੇ ਰੈਣ ਅੰਧਿਆਰੀ । ਬਾਹੋਂ ਪਕੜ ਰਾਹ ਸਾਚੇ ਪਾਏ, ਜਿਥੇ ਵਸੇ ਆਪ ਨਿਰੰਕਾਰੀ । ਬੇਮੁਖ ਬੰਨ੍ਹਣ ਝੂਠੇ ਦਾਅਵੇ, ਧਰਮ
ਰਾਏ ਜਾਏ ਖਾਇਣ ਮਾਰੀ । ਗੁਰਸਿਖ ਸਾਚਾ ਸਚ ਤੀਰਥ ਨੁਹਾਵੇ, ਆਵੇ ਚਲ ਦਵਾਰੀ । ਅੰਮ੍ਰਿਤ ਸਾਚਾ ਸੀਰਬ ਪੀਵੇ, ਪ੍ਰਭ ਦੇਵੇ ਆਪ ਭੰਡਾਰੀ ।
ਗੁਰ ਚਰਨ ਸਾਚੇ ਤੀਰਥ ਨੁਹਾਵਣ ਹੋਏ ਨਾ ਦੂਜੀ ਵਾਰੀ । ਜੁਗੋ ਜੁਗ ਗੁਰਸਿਖ ਸਾਚਾ ਜੀਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ
ਦੀ ਕਰਦਾ ਆਪੇ ਕਾਰੀ । ਨਾ ਕੋਈ ਜਾਣੇ ਨਾ ਕੋਈ ਪਛਾਣੇ ਹਕੀਮ ਵੇਦਾ । ਜੋਤ ਸਰੂਪੀ ਬਹੱਤਰ ਨਾੜੀ, ਪ੍ਰਭ ਸਾਚੇ ਦਾ ਅਚਰਜ ਭੇਦਾ ।
ਫੜ ਫੜ ਬਾਹੀਂ ਸਾਰੇ ਵੇਖਣ, ਨਾ ਕੋਈ ਜਾਣੇ ਰਾਹ ਸੀਧਾ । ਏਕਾ ਜਾਣੇ ਹਰਿ ਲੇਖਾ, ਲਿਖਣ ਝੂਠਾ ਲੇਖ ਵਿਚ ਕਤੇਬਾਂ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਅਛਲ ਅਛੱਲ ਅਭੇਦ ਅਭੇਦਾ । ਨਾ ਵੇਲਾ ਨਾ ਕਵੇਲਾ, ਗੁਰਸਿਖਾਂ ਦਾ ਜਿਥੇ ਮੇਲਾ । ਅਚਰਜ ਪਾਰਬ੍ਰਹਮ ਸਚ ਖੇਲ
ਕਲ ਖੇਲਾ । ਗੁਰਸਿਖਾਂ ਵਕਤ ਸੁਹਾ ਗਿਆ, ਬੇਮੁਖਾਂ ਆਇਆ ਵਕਤ ਦੁਹੇਲਾ । ਬਾਹੋਂ ਪਕੜ ਦੇ ਹਲੂਣ ਜਗਾ ਗਿਆ, ਆਪੇ ਗੁਰ ਬਣ ਜਾਏ
ਚੇਲਾ । ਸੋਹੰ ਸਾਚਾ ਰਾਗ ਸੁਣਾ ਗਿਆ, ਅੱਗੇ ਜਾਏ ਨਾ ਗੁਰਸਿਖ ਅਕੇਲਾ । ਤੇਰੇ ਸੰਗ ਸਾਚੀ ਵਸਤ ਰਖਾ ਗਿਆ, ਦਰਗਹਿ ਸਾਚੀ ਵੇਂਹਦਾ
ਜਾਈਂ ਮੇਲਾ । ਬੇਮੁਖ ਮੂੰਹ ਦੇ ਭਾਰ ਡਿਗਾ ਗਿਆ, ਨਾ ਹੋਏ ਕੋਈ ਸੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਏਕਾ ਏਕ ਵਸੇ
ਜੋਤ ਸਰੂਪੀ ਇਕ ਇਕੇਲਾ । ਇਕ ਨਿਰੰਕਾਰ ਹੈ । ਇਕ ਨਿਰਾਧਾਰ ਹੈ । ਏਕਾ ਏਕ ਸਰਬ ਜੀਆਂ ਦੀ ਟੇਕ ਆਪ ਕਰਤਾਰ ਹੈ । ਏਕਾ
ਏਕ ਸਰਬ ਥਾਈਂ ਵੇਖ ਗੁਰਸਿਖ ਵੇਖ ਗੁਰ ਪੂਰੇ ਕਰ ਨਿਮਸਕਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਅਪਰ ਅਪਾਰ
ਹੈ । ਸਤਿ ਸਰੋਵਰ ਸਾਕੀਆ, ਅੰਮ੍ਰਿਤ ਪਿਆਲਾ ਭਰ । ਖੋਲ੍ਹ ਵਜੀਆਂ ਹੋਈਆਂ ਤਾਕੀਆਂ, ਆਪ ਚੁਕਾਏ ਜਗਤ ਡਰ । ਲੇਖਾ ਦੇਣਾ ਪਵੇ
ਨਾ ਕਿਸੇ ਬਾਕੀਆ, ਜਾਵੇ ਸਿਧੇ ਘਰ । ਏਥੇ ਓਥੇ ਨਾ ਹੋਏ ਕੋਈ ਆਕੀਆ, ਪ੍ਰਭ ਚਰਨ ਨਿਵਾਵਾਂ ਸਿਰ । ਮਾਰ ਚੜ੍ਹ ਇਕ ਪਲਾਕੀਆ, ਪ੍ਰਭ
ਘੋੜੇ ਲੈ ਆਇਆ ਦਰ । ਉਪਰ ਅਸਮਾਨ ਪਾਟੀ ਟਾਕੀਆ, ਅੰਦਰ ਜਾਈਂ ਸਾਚੇ ਵੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ
ਕਰਮ ਰਿਹਾ ਕਰ । ਸਰ ਸਰੋਵਰ ਵਡ ਵਡ ਸਾਗਰ । ਭਰੀ ਰਹੇ ਤੇਰੀ ਸਾਚੀ ਗਾਗਰ । ਨਿਰਮਲ ਹੋਏ ਜਗਤ ਉਜਾਗਰ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਤੇਰਾ ਕਰਦਾ ਰਹੇ ਆਦਰ । ਅੰਮ੍ਰਿਤ ਨੀਰ ਭਰਿਆ ਸਚ ਪਿਆਲਾ । ਤੇਰੇ ਵਿਚ ਆਪ ਟਿਕਾਏ ਅੰਞਾਣਾ ਬਾਲਾ । ਸਾਚੀ
ਦਾਤ ਭੇਟ ਚੜ੍ਹਾਏ ਉਠੇ ਉਠ ਉਠ ਮਾਰੇ ਛਾਲਾਂ । ਆਪਣਾ ਅੱਗਾ ਖੇਤ ਰਖਾਏ ਪਿੱਛਾ ਜੇਠੂਵਾਲਾ । ਮਾਤ ਪਿਤਾ ਦਾ ਹਿੱਤ ਤਜਾਏ, ਨਾ ਡਰੇ
ਰਾਤੀ ਕਾਲਾ । ਉਤੋਂ ਮਹੀਨਾ ਚੇਤ ਆਏ, ਵੇਖੇ ਕੀ ਚਲਿਆ ਪ੍ਰਭ ਚਾਲਾ । ਵੇਖ ਵੇਖ ਹਰਿ ਲੇਖ ਲਿਖਾਏ, ਘਰ ਬੈਠੇ ਜੋ ਕੱਢਣ ਗਾਲਾਂ ।

੩੭੬
੦੩

ਜੋਤ ਸਰੂਪੀ ਜਾਮਾ ਪਾਏ, ਤਨ ਪਹਿਨਾਏ ਕਲਜੁਗ ਸੂਸੀ ਕਾਲਾ । ਆਪੇ ਵੇਖੇ ਦਿਸ ਨਾ ਆਏ, ਬੇਮੁਖਾਂ ਕਰੇ ਮੂੰਹ ਕਾਲਾ । ਗੁਰਸਿਖਾਂ ਆਤਮ ਵਿਸ ਲੁਹਾਏ, ਜੋ ਪੀਵੇ ਅੰਮ੍ਰਿਤ ਭਰ ਪਿਆਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਇਆ ਰਹੇ ਰਖਵਾਲਾ । ਅੰਮ੍ਰਿਤ ਆਤਮ ਸਾਚਾ ਸਰ । ਖੁਲ੍ਹੇ ਰਹਿਣ ਅੱਠੇ ਪਹਿਰ ਦਰ । ਗੁਰਮੁਖ ਸਾਚੇ ਸੰਤ ਜਨ, ਕਾਇਆ ਠੂਠੇ ਲੈਣ ਭਰ । ਕਲਜੁਗ ਜੀਵਾਂ ਦਰ ਘਰ ਸਾਚੇ ਔਂਦਾ ਰਹੇ ਡਰ । ਅੰਮ੍ਰਿਤ ਸਾਚਾ ਗੁਰ ਦਰ ਪੀਵਾਂ, ਤਨ ਮਨ ਪ੍ਰਭ ਹਰਿਆ ਦੇਵੇ ਕਰ । ਚਾਰ ਜੁਗ ਵਿਚ ਮਾਤ ਦੇ ਜੀਵਾਂ, ਸਾਚੀ ਕਰਨੀ ਆਇਆ ਕਰ । ਚਲਦਾ ਰਹੂੰ ਹੋ ਹੋ ਨੀਵਾਂ, ਆਪਣੀ ਝੋਲੀ ਆਇਆ ਭਰ । ਕਾਇਆ ਜਾਮਾ ਪਾਟਾ ਆਪਣੀ ਹੱਥੀਂ ਸੀਵਾਂ, ਜਾ ਬੈਠਾ ਵਿਚ ਸਾਚੇ ਸਰ । ਭਰਮ ਭੁਲੇਖਿਆਂ ਝੂਠਿਆਂ ਜੀਵਾਂ, ਅੰਮ੍ਰਿਤ ਭਰ ਭਰ ਪਿਆਲੇ ਮੈਂ ਪ੍ਰਭ ਦਰ ਉਤੇ ਪੀਵਾਂ, ਜਗਤ ਕਹੇ ਮਨਜੀਤ ਸਿੰਘ ਗਿਆ ਮਰ । ਮੈਂ ਸਦਾ ਜਗਤ ਤੇ ਜੀਵਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤ ਸੱਚੇ ਦਰ ਥੀਵਾਂ । ਸਚ ਦਵਾਰਾ ਹਰਿ ਕੀ ਪੌੜੀ । ਛੱਤੀ ਮੀਲ ਰੱਖੇ ਲੰਬੀ ਛੱਤੀ ਕਰਮਾਂ ਚੌੜੀ । ਗੁਰਸਿਖ ਸਾਚੇ ਸਚ ਘਰ ਆਇਣ, ਪੀ ਅੰਮ੍ਰਿਤ ਅਮਰ ਹੋਏ ਘਰ ਸਾਚੇ ਜਾਈਂ ਦੌੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਟਿਕਾਏ ਨਾ ਦਿਸੇ ਵਸਤ ਕੋਈ ਕੌੜੀ । ਲੰਬੀ ਪੌੜੀ ਸੋਨੇ ਡੰਡਾ । ਆਪੇ ਪਾਉਂਦਾ ਜਾਏ ਵੰਡਾਂ । ਛੱਤੀ ਦਰ ਹਰਿ ਦੇਵੇ ਕਰ, ਇਕ ਇਕ ਥਾਂ ਇਕ ਇਕ ਰਖਾਏ ਡੰਡਾ । ਗੁਰਮੁਖ ਸਾਚਾ ਜਾਏ ਚੜ੍ਹ, ਪ੍ਰਭ ਅਬਿਨਾਸ਼ੀ ਵੇਖੇ ਅੰਦਰ ਵੜ, ਜਗੇ ਜੋਤ ਚੰਡ ਪ੍ਰਚੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਇਕ ਬਣਾਏ ਵਿਚ ਨਵ ਖੰਡਾਂ । ਪਹਿਲਾ ਡੰਡਾ ਇਕ ਲਗਾਇਆ । ਕੰਢੇ ਉਪਰ ਚਰਨ ਛੁਹਾਇਆ । ਪਹਿਲੀ ਮਾਘੀ ਦੂਜਾ ਦੇਵੇ ਹੱਥ ਫੜਾਇਆ । ਪੰਚਮ ਜੇਠ ਅੱਗੇ ਚੜ੍ਹਨ ਦਾ ਦੇਵੇ ਰਾਹ ਬਤਾਇਆ । ਗੁਰਮੁਖ ਸਾਚੇ ਘਰ ਸਾਚੇ ਫੜਨ, ਨਾ ਸਕੇ ਕੋਈ ਅਟਕਾਇਆ । ਬੇਮੁਖ ਜੀਵ ਕਲਜੁਗ ਲੜਨ, ਪ੍ਰਭ ਸਾਚੇ ਸਾਚਾ ਭੇੜ ਭਿੜਾਇਆ । ਚਾਰ ਕੁੰਟ ਦਿਸਣ ਧੜ, ਪ੍ਰਭ ਆਪਣੀ ਹੱਥੀਂ ਸਰਬ ਸੀਸ ਕਟਾਇਆ । ਹੁੰਦੀ ਦਿਸੇ ਕੜ ਕੜ, ਢਹਿੰਦੇ ਜਾਣ ਕਿਲ੍ਹੇ ਗੜ੍ਹ, ਸ਼ਬਦ ਤੀਰ ਇਕ ਚਲਾਇਆ । ਨਾ ਕੋਈ ਜਾਏ ਅੰਦਰ ਵੜ, ਬੇਮੁਖ ਕੱਢੇ ਬਾਹੋਂ ਫੜ, ਦਾਣਾ ਪਾਣੀ ਜਗਤ ਮੁਕਾਇਆ । ਗੁਰਮੁਖ ਸਾਚੇ ਪ੍ਰਭ ਸਾਚੇ ਦਾ ਫੜ ਲੜ, ਆਪਣੀ ਰੱਖ ਸੱਚੀ ਜੜ੍ਹ ਨਾ ਸਕੇ ਕੋਈ ਹਿਲਾਇਆ । ਨਾ ਕੋਈ ਜਾਣਾ ਅੱਗੇ ਅੜ, ਸ਼ਬਦ ਕਾਂਗ ਚੜ੍ਹਾਇਆ । ਹਰਿ ਆਪੇ ਠੇਲੇ ਠੇਲ ਠਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਵਰਨੀ ਸਚ ਪੌੜੀ ਆਪਣੀ ਹੱਥੀਂ ਦੇ ਲਗਾਇਆ । ਤੀਰਥ ਬਣਾਏ ਵਸਾਏ ਦੋਵੇਂ ਤੱਟ । ਪ੍ਰਭ ਅਬਿਨਾਸ਼ੀ ਵਸੇ ਘਟ ਘਟ । ਸਤਿਜੁਗ ਜੋ ਜਨ ਦਰ ਆਏ ਰਸਨਾ ਰਸ ਲਵੇ ਚੱਟ । ਕਲਜੁਗ ਲੱਗੀ ਮੇਲੇ ਸਤਿਜੁਗ ਸਾਚੇ ਪ੍ਰਭ ਸਾਚਾ ਦੇਵੇ ਕੱਟ । ਅੱਠ ਸੱਠ ਤੀਰਥ ਜੋ ਰਹੀ ਫੈਲ, ਪ੍ਰਭ ਆਪ ਝੁਕਾਏ ਵਿਚ ਭੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਇਕ ਰਖਾਏ ਸਾਚਾ ਹੱਠ । ਸਾਚਾ ਹੱਠ ਆਪ ਰਖਾਏ । ਧੀਰਜ ਗੱਠ ਆਪ ਦਵਾਏ । ਸੱਠ ਅੱਠ ਅੱਠਸੱਠ ਲਿਆਏ ਤੇਰੀ ਸਰਨਾਏ । ਗੰਗਾ ਗੋਦਾਵਰੀ ਰਹੀਆਂ ਸੀਸ ਝੁਕਾਏ । ਸ਼ਿਵ ਸ਼ੰਕਰ ਜਟਾ ਜੂਟ ਸੀਤਲ ਧਾਰ ਸੀਸ ਬੰਦ ਕਰਾਏ । ਗੋਦਾਵਰੀ ਅੰਮ੍ਰਿਤ ਗਰੜ ਚੁੰਚ ਇਕ ਗਿਰਾਏ ਪ੍ਰਭ ਆਪਣੀ ਖਿਚ ਵਖਾਏ । ਕਰੋੜ ਤੇਤੀਸ ਹਰਿ ਜਗਦੀਸ਼ ਰਹੇ ਤਰਸ, ਸਾਨੂੰ ਆਪਣੀ ਹੱਥੀਂ ਦੇ ਪਿਲਾਏ । ਗੁਰਸਿਖ ਤੇਰੀ ਕੋਈ ਨਾ ਕਰੇ ਰੀਸ, ਜੋ ਗਾਏ ਰਾਗ


੩੭੭ ੦੩

ਛਤੀਸ, ਨਾਰਦ ਮੁਨ ਸੇਵ ਕਮਾਏ । ਪ੍ਰਭ ਕਰਦਾ ਆਇਆ ਭੇਸ ਵਿਚ ਮਾਝੇ ਦੇਸ, ਪੁਰੀ ਘਨਕ ਡੇਰਾ ਲਾਏ । ਗੁਰਸਿਖ ਨੇਤਰ ਲੈਣਾ ਪੇਖ, ਹਰਿ ਭਗਤ ਜਨਕ ਪ੍ਰਗਟ ਫੇਰ ਮਾਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਰ ਸਰੋਵਰ ਆਪਣੀ ਹੱਥੀਂ ਆਪ ਬਣਾਏ । ਸਤਿ ਸਰੋਵਰ ਸਚ ਦੇਵੇ ਮਾਣ । ਆਪਣੀ ਹੱਥੀਂ ਆਪ ਬਣਾਏ ਝੁਲਾਏ ਸਚ ਨਿਸ਼ਾਨ । ਗੁਰਸਿਖ ਗੁਰ ਸੰਗਤ ਸੇਵ ਆਪ ਕਮਾਏ, ਅੰਮ੍ਰਿਤ ਮੇਵਾ ਫੱਲ ਸਾਚਾ ਖਾਣ । ਜੋਤ ਸਰੂਪੀ ਹਰਿ ਸੰਗ ਰਹਾਏ, ਦੇਵੀ ਦੇਵਤੇ ਉਤੋਂ ਫੁੱਲ ਬਰਸਾਣ । ਗਣ ਗੰਧਰਬ ਰਹੇ ਤਕਾਏ, ਪ੍ਰਭ ਦੱਸੇ ਇਕ ਸੱਚਾ ਫਰਮਾਣ । ਦਰ ਆਈਏ ਸੇਵ ਕਮਾਈਏ, ਸਾਡੀ ਹੋਏ ਫੇਰ ਕਲਿਆਣ । ਹਿਸੇਦਾਰ ਮਾਤਲੋਕ ਦੇ ਬਣ ਜਾਈਏ, ਨਿਹਕਲੰਕ ਤੇਰੀ ਚਰਨੀ ਲੱਗੀਏ ਆਣ । ਏਥੇ ਨਾ ਕੁਝ ਪੀਏ ਨਾ ਕੁਝ ਖਾਈਏ, ਅੱਠੇ ਪਹਿਰ ਰਹਿੰਦਾ ਇਕ ਧਿਆਨ । ਭੋਗ ਅਪਛਰਾਂ ਆਪਣਾ ਵਕਤ ਗਵਾਈਏ, ਨਾ ਆਉਂਦਾ ਬ੍ਰਹਮ ਗਿਆਨ । ਤੇਰੀ ਜੋਤ ਮਿਲਣ ਨੂੰ ਅਸੀਂ ਆਪ ਤਰਸਾਈਏ, ਕਿਰਪਾ ਕਰ ਹਰਿ ਭਗਵਾਨ । ਇਕ ਵੇਰ ਲੋਕਮਾਤ ਵਿਚ ਆਈਏ, ਸਤਿਜੁਗ ਸਾਚੀ ਨੀਂਹ ਆਪਣੀ ਹੱਥੀਂ ਸੇਵ ਕਮਾਈਏ, ਏਕਾ ਘਲ ਸ਼ਬਦ ਬਬਾਨ । ਤੇਰਾ ਸੱਚਾ ਮਲ ਮਲ ਤੀਰਥ ਨਹਾਈਏ, ਜੁਗਾਂ ਜੁਗਾਂ ਦੀ ਮੈਲ ਗਵਾਈਏ, ਲਾਈਏ ਬੈਠ ਇਕ ਧਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਝੁਲਾਈਏ ਤੇਰਾ ਇਕ ਸੱਚਾ ਨਿਸ਼ਾਨ । ਇਕ ਸਿੱਖ ਤੇਰਾ ਏਥੇ ਆਇਆ । ਸਚ ਸੁਨੇਹੁੜਾ ਆਣ ਸੁਣਾਇਆ । ਨਿਹਕਲੰਕ ਕਲ ਜਾਮਾ ਪਾਇਆ । ਜੋਤ ਸਰੂਪੀ ਖੇਲ ਕਰਾਇਆ । ਸਿੰਘ ਮਨਜੀਤ ਜਿਸ ਤਰਾਇਆ । ਬਾਹੋਂ ਪਕੜ ਇੰਦਰਪੁਰੀ ਦੇ ਵਿਚ ਬਹਾਇਆ । ਕਰੋੜ ਤੇਤੀਸ ਸੁੱਤਾ ਗੂੜ੍ਹੀ ਨੀਂਦ, ਛੋਟੇ ਬਾਲ ਜਾਏ ਜਗਾਇਆ । ਕਿਉਂ ਝੂਠਾ ਪੀਸਨਾ ਰਿਹਾ ਪੀਸ, ਜਾਓ ਹਰਿ ਸਰਨਾਇਆ । ਮਾਤ ਧਰੇ ਜੋਤ ਜਗਦੀਸ਼, ਕਰੋੜ ਤੇਤੀਸ ਕਿਉਂ ਬੈਠੇ ਮੁਖ ਭਵਾਇਆ । ਦਰ ਮੰਗੇ ਨਾ ਕੋਈ ਦੂਜੀ ਫੀਸ, ਨਿਉਂ ਨਿਉਂ ਚਲਣਾ ਇਕੋ ਇਕ ਸਮਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹੋਏ ਸਹਾਇਆ । ਬਾਲ ਅੰਞਾਣਾ ਜਾ ਸੁਣਾਏ । ਉਠੋ ਉਠ ਬਲ ਧਾਰੋ, ਕਿਉਂ ਬੈਠੇ ਵਕਤ ਗਵਾਏ । ਛੋੜੋ ਅਪਛਰਾਂ ਝੂਠੀਆਂ ਨਾਰਾਂ, ਬਿਨ ਗੁਰ ਪੂਰੇ ਨਾ ਕੋਈ ਪਾਰ ਲੰਘਾਏ । ਸੰਗ ਰੱਖ ਇਹਨਾਂ ਭੀ ਜਾਏ ਤਾਰੋ, ਦੋਏ ਜੋੜ ਸਰਨ ਕਰੋ ਨਿਮਸਕਾਰੋ । ਸਾਚਾ ਖੁਲ੍ਹਿਆ ਹਰਿ ਕਾ ਦਵਾਰ, ਉਤਰ ਜਾਓ ਪਾਰੋ । ਸਤਿਜੁਗ ਬੰਨ੍ਹਦਾ ਜਾਏ ਧਾਰ, ਗੁਰ ਸੰਗਤ ਦਸਦਾ ਜਾਏ ਇਕ ਪਿਆਰ, ਆਪਣਾ ਕਰਦਾ ਜਾਏ ਸਚ ਵਿਹਾਰ, ਸਭ ਦੀ ਪਾਉਂਦਾ ਜਾਏ ਸਾਰ, ਰੂਪ ਅਗੰਮ ਹਰਿ ਅਪਾਰੋ । ਜਾਓ ਸਚ ਦਰਬਾਰ । ਦੋਏ ਜੋੜ ਕਰੋ ਪੁਕਾਰ । ਬੈਠਾ ਰਹੇ ਕਰੋੜ ਤੇਤੀਸ ਨਾ ਪਾਏ ਕੋਈ ਸਾਰ । ਸਤਿਜੁਗ ਸਾਚਾ ਵਿਚ ਮਾਤ ਧਰਾਇਆ, ਸਾਡੇ ਕਰਮ ਵਿਚਾਰ । ਲੋਕ ਪ੍ਰਲੋਕ ਦੇ ਉਲਟਾਇਆ, ਇੰਦਰ ਪੁਰੀ ਕਿਉਂ ਦਿਤਾ ਵਿਸਾਰ । ਸਾਡਾ ਹਿਰਦਾ ਆਪ ਹੁਲਸਾਇਆ, ਛੋਟੇ ਬਾਲ ਦੱਸਿਆ ਮਾਤਲੋਕ ਵਿਚ ਆਇਆ ਸਾਚਾ ਯਾਰ । ਖਾਣਾ ਪੀਣਾ ਸੌਣਾ ਬਹਿਣਾ ਸਾਨੂੰ ਭੁੱਲਿਆ ਭੋਗ ਬਿਲਾਸਾ ਛੱਡ ਆਏ ਹਾਸਾ, ਨਾਰਾਂ ਛੱਡਿਆ ਪਿਆਰ । ਤੇਰੇ ਦਰ ਹੋਏ ਦਾਸਨ ਦਾਸਾ, ਕਰ ਘਨਕਪੁਰੀ ਵਿਚ ਸਾਡਾ ਵਾਸਾ, ਪਿਆ ਅੰਮ੍ਰਿਤ ਘੁੱਟ ਇਕ ਠੰਡੀ ਧਾਰ । ਦੁੱਖ ਰਹੇ ਨਾ ਮਾਸਾ, ਹੋਣ ਸੁਖਾਲੇ ਸਵਾਸਾ, ਦਰ ਆਏ ਪੂਰੀ ਹੋਏ ਆਸਾ, ਗੁਰ ਪੂਰੇ ਦੇਵੀਂ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਅਸ਼ਟਭੁਜ ਆਈ ਹਰਿ ਦਵਾਰੇ । ਆਪ ਖਲੋਤੀ ਦਰ ਤੋਂ ਬਾਹਰੇ । ਦੂਰੋਂ ਕਰੇ ਚਰਨ ਨਿਮਸਕਾਰੇ । ਉਤੇ

ਸਿੰਘ ਹੋਈ ਅਸਵਾਰੇ । ਗਦਾ ਚੱਕਰ ਸੰਖ ਧੁਜ ਫੜੀ ਹੱਥ ਭਾਰੇ । ਤੀਰ ਤੁਰੰਗ ਮਰਦੰਗ ਖੰਡਾ ਦਿਸੇ ਦੋ ਧਾਰੇ । ਬੀਰ ਬੇਤਾਲਿਆ ਸੰਗ, ਕਲਜੋਗਣਾ ਪਿਛੇ ਲੱਗੇ ਆਵਣ ਵਾਰੋ ਵਾਰੇ । ਦੋਏ ਜੋੜ ਕਰੇ ਬੇਨੰਤੀ ਹੁਕਮ ਦੇ ਸੱਚੀ ਸਰਕਾਰੇ । ਮਾਰੂੰ ਕਰ ਕਰ ਗਿਣਤੀ, ਚਾਰੋਂ ਕੁੰਟ ਕਰੂੰ ਖਵਾਰੇ । ਮਿਣਦੀ ਜਾਊਂ ਕਰ ਕਰ ਮਿਣਤੀ, ਸੁੰਭ ਨਿਸੁੰਭ ਜਿਉਂ ਦੈਂਤ ਹੰਕਾਰੇ । ਮਿਟਾਂਦੀ ਜਾਊਂ ਸਭ ਦੀ ਚਿੰਤੀ, ਉਠਾਊਂ ਖੰਡਾ ਦੋ ਧਾਰੇ । ਕਿਰਪਾ ਕਰ ਬਖ਼ਸ਼ਣਹਾਰ, ਸੇਵਾ ਲਾ ਇਕ ਸੰਸਾਰੇ । ਆ ਜਾ ਦਰ ਨਾ ਵੇਖ ਡਰ । ਪ੍ਰਭ ਸਾਚੇ ਦਾ ਸਾਚਾ ਘਰ । ਦਰਸ ਕਰ, ਲੈ ਜਾ ਵਰ । ਪਹਿਲੀ ਕੂਟੇ ਜਾਈਂ ਚੜ੍ਹ । ਕਲਜੁਗ ਵੜ੍ਹਿਆ ਜਿਥੇ ਅੜ । ਬਾਹੋਂ ਫੜ ਕਰੀਂ ਦੋ ਧੜ । ਪ੍ਰਭ ਅਬਿਨਾਸ਼ੀ ਤੇਰਾ ਵੇਖੇ ਖੇਲ, ਸਿੰਘ ਉਪਰ ਬੈਠੀ ਜਿਥੇ ਰਹੀ ਤੂੰ ਲੜ । ਝੂਠੇ ਭਾਂਡੇ ਭੰਨ ਵਖਾਈਂ, ਖੰਡਾ ਡੰਡਾ ਤਨ ਲਗਾਈਂ, ਮਿਝ ਲਹੂ ਦਾ ਘਾਣ ਚਲਾਈਂ, ਕਾਲਕਾ ਨੂੰ ਸੰਗ ਰਲਾਈਂ, ਖਪਰ ਉਹਦੇ ਹੱਥ ਫੜਾਈਂ, ਭਰ ਭਰ ਲਹੂ ਪਿਆਲੇ ਆਪ ਪਿਆਉਂਦੀ ਜਾਈਂ, ਨਾ ਕੋਈ ਸਕੇ ਅੱਗੇ ਅੜ । ਲੱਗੀ ਤ੍ਰਿਸ਼ਨਾ ਅੱਗ ਬੁਝਾਈਂ, ਬੀਰ ਬੇਤਾਲੇ ਸਰਬ ਰਜਾਈਂ, ਗੁਰਸਿਖ ਨਿਮਾਣੇ ਕੰਗਾਲੇ ਲਈਂ ਬਚਾਈ, ਪ੍ਰਭ ਅਬਿਨਾਸ਼ੀ ਜਿਨ੍ਹਾਂ ਫੜਿਆ ਲੜ । ਸਿੰਘ ਅਸਵਾਰੀ ਚੜ੍ਹ ਕੇ ਜਾਈਂ, ਨਿਹਕਲੰਕ ਨਰਾਇਣ ਨਰ ਅਵਤਾਰੀ ਲੜ ਫੜ ਕੇ ਜਾਈਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਖਾੜੇ ਸਭ ਦੀ ਜੜ੍ਹ । ਅਸਤਰ ਸ਼ਸਤਰ ਸਾਚੇ ਪਹਿਨ । ਨਾਲ ਲੈ ਜਾ ਕਾਲਕਾ ਭੈਣ । ਜਗਤ ਖਪਾਈਂ ਬਣ ਬਣ ਡੈਨ । ਨਾ ਕੋਈ ਵੇਖੀਂ ਸਾਕ ਸੱਜਣ ਸੈਣ । ਘਰ ਘਰ ਪਵਾਉਂਦੀ ਜਾਈਂ ਵੈਣ । ਪ੍ਰਭ ਸਾਚੇ ਦਾ ਮੰਨਣਾ ਕਹਿਣ । ਭਾਣਾ ਹੋ ਜਾਏ ਔਖਾ ਸਹਿਣ । ਗੁਰਮੁਖ ਸਾਚੇ ਵੇਖੀ ਜਾਈਂ ਖੋਲ੍ਹ ਖੋਲ੍ਹ ਕੇ ਨੈਣ । ਪ੍ਰਭ ਆਪਣੇ ਹੱਥੀਂ ਵਾੜੀ ਆਪਣੀ ਲਾਈ, ਨਾ ਖਾਏ ਕਾਲਕਾ ਡੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਜਵਾਲਾ ਤੇਰਾ ਹਰਿ ਰਖਵਾਲਾ । ਜਿਧਰ ਜਾਂਏ ਤੇਰਾ ਭਰਦਾ ਰਹੇ ਪਿਆਲਾ । ਰਾਜਿਆਂ ਰਾਣਿਆਂ ਕਢਦੀ ਜਾਈਂ ਦਵਾਲਾ । ਗੁਰਸਿਖਾਂ ਬਾਲ ਅੰਞਾਣਿਆਂ ਗਲ ਪਾਉਂਦੀ ਜਾਈਂ ਫੂਲਣ ਮਾਲਾ । ਜੋ ਹੋਏ ਮਾਣ ਨਿਮਾਣਿਆਂ, ਨੇਤਰ ਵੇਖ ਭੁੱਲ ਬਖ਼ਸ਼ਾਉਂਦੀ ਜਾਈਂ । ਬੇਮੁਖ ਭੁੰਨਾਈਂ ਜਿਉਂ ਭਠਿਆਲੇ ਦਾਣਿਆਂ, ਇਕ ਇਕ ਫੜ ਫੜ ਵਿਚ ਪਵਾਉਂਦੀ ਜਾਈਂ । ਨਾ ਕੋਈ ਵੇਖੀਂ ਬਲ ਅੰਞਾਣਿਆਂ, ਸਾਰੇ ਇਕੋ ਰਾਹ ਝੁਕਾਉਂਦੀ ਜਾਈਂ । ਨਾ ਕੋਈ ਛੱਡੀ ਅੰਨ੍ਹੇ ਕਾਣਿਆਂ, ਲੰਗੜੇ ਲੂਲਿਆਂ ਸਾਥ ਮੁਕਾਉਂਦੀ ਜਾਈਂ । ਨਾ ਕੋਈ ਵੇਖੀਂ ਵੇਦ ਪੁਰਾਨਿਆਂ, ਨਾ ਕੋਈ ਵੇਖੀਂ ਵਡ ਗਿਆਨੀਆਂ, ਸ਼ਬਦ ਖੰਡਾ ਸੀਸ ਲਗਾਉਂਦੀ ਜਾਈਂ । ਪ੍ਰਭ ਸਾਚੇ ਦੀਆਂ ਵਡ ਮਿਹਰਬਾਨੀਆਂ, ਗੁਰਸਿਖ ਸੋਏ ਆਪਣੀ ਹੱਥੀਂ ਆਪ ਜਗਾਉਂਦੀ ਜਾਈਂ । ਦੂਸਰ ਰਹੇ ਨਾ ਕੋਇ, ਏਕਾ ਧਾਰ ਵਿਚ ਸੰਸਾਰ ਵਗਾਉਂਦੀ ਜਾਈਂ । ਪੁੱਤਰ ਧੀ ਨਾ ਛੱਡੀਂ ਕਿਸੇ ਨਾਰ, ਮਾਂ ਪੁੱਤਾਂ ਪਿਆਰ ਹਟਾਉਂਦੀ ਜਾਈਂ । ਨਾ ਕੋਈ ਬੁੱਢੀ ਨਾ ਮੁਟਿਆਰ, ਸਭ ਗੂੜ੍ਹੀ ਨੀਂਦ ਸਵਾਉਂਦੀ ਜਾਵੀਂ । ਹੁਕਮ ਦਿਤਾ ਸੱਚੀ ਸਰਕਾਰ । ਲੈਣੀ ਸੰਭਾਲ ਆਪਣੀ ਤਲਵਾਰ । ਖੰਡਾ ਹੱਥ ਫੜੀਂ ਦੋ ਧਾਰ । ਫਿਰੀਂ ਵਿਚ ਸਾਰੇ ਸੰਸਾਰ । ਹੁਕਮ ਦੇਵਾਂ ਵਾਰੋ ਵਾਰ । ਪਹਿਲੀ ਕੂਟ ਫਿਰ ਫਿਰ ਆਵੀਂ ਸੱਚੇ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਨੂੰ ਦੇਵੇ ਦੋ ਹੱਥਾਂ ਦਾ ਪਿਆਰ । ਲਿਆ ਵਰ ਉਠ ਤੁਰ ਜਾ । ਪ੍ਰਭ ਅਬਿਨਾਸ਼ੀ ਦਿਤੀ ਦਇਆ ਕਮਾ । ਘਨਕਪੁਰ ਵਾਸੀ ਦਿਤੀ ਸੇਵਾ ਲਾ । ਕਾਰਜ ਪੂਰੇ ਕਰ ਕੇ ਘਰਾਂ ਨੂੰ ਆਵੀਂ, ਨਾ ਆਵੀਂ ਪਿਠ ਵਢਾ । ਸਿੰਘ ਆਸਣ ਬੈਠਾ ਹਰਿ ਜੀ ਵੇਖੇ, ਰਿਹਾ ਖ਼ੁਸ਼ੀ ਮਨਾ, ਸਚ ਸੁਨੇਹੁੜਾ ਲੈ ਕੇ ਆਈ,

ਦਰ ਆਈਂ ਫਤਿਹ ਦਾ ਡੰਕ ਵਜਾ । ਪ੍ਰਭ ਅਬਿਨਾਸ਼ੀ ਅੰਮ੍ਰਿਤ ਸਾਚਾ ਸੀਰ ਪਿਲਾਏ, ਫੜ ਕੇ ਤੇਰੀ ਬਾਂਹ ਸਰ ਸਰੋਵਰ ਵਿਚ ਤੇਰਾ ਛੋਟਾ ਵੀਰ ਨੁਹਾਏ, ਮਨਜੀਤ ਸਿੰਘ ਜਿਸ ਦਾ ਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭਨਾ ਦੇਵੇ ਮੇਲ ਮਿਲਾ । ਫਤਿਹ ਦੇਣਾ ਡੰਕ ਸੰਖ ਪੂਰ, ਆਈ ਚਲ ਪ੍ਰਭ ਦਰ ਸੱਚੇ ਹਜ਼ੂਰ । ਅਸ਼ਟਭੁਜ ਤੇਰੀ ਸਚ ਸਵਾਰੀ, ਕਰਦੀ ਆਈ ਚੂਰੋ ਚੂਰ । ਤੇਰਾ ਮੇਰਾ ਭੇਵ ਨਾ ਰਾਈ, ਨਾ ਕੋਈ ਜਾਣੀਂ ਦੂਰ । ਤੇਰੀ ਜੋਤ ਹਰਿ ਆਪ ਉਪਜਾਈ, ਇੰਦਲੋਕ ਸ਼ਿਵਲੋਕ ਬ੍ਰਹਮਲੋਕ ਜਾ ਦੇਵਤਿਆਂ ਤੂੰ ਲਏਂ ਘੂਰ । ਸੁੰਭ ਨਿਸੁੰਭ ਜਿਉਂ ਬੜੇ ਬਲਵਾਨ, ਹੋਏ ਮਾਤ ਵਿਚ ਗ਼ਰੂਰ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਈ, ਅਸ਼ਟਭੁਜ ਦੇਵੀ ਕਾਇਆ ਆਪਣੀ ਆਪ ਬਣਾਈ, ਕਾਰਜ ਕਰਦਾ ਆਇਆ ਪੂਰ । ਅਸ਼ਟਭੁਜ ਤੇਰੀ ਵਡਿਆਈ । ਸਚ ਸ਼ਕਤ ਹਰਿ ਰਘੁਰਾਈ । ਵੇਲੇ ਵਕਤ ਹਰਿ ਦਏ ਉਪਜਾਈ । ਗੁਰ ਗੋਬਿੰਦ ਇਕ ਵੇਰ ਧਿਆਈ । ਪ੍ਰਗਟ ਹੋਏ ਚੰਡ ਪ੍ਰਚੰਡ ਸਾਹਮਣੇ ਆਈ । ਖਿਚ ਇਕ ਕਟਾਰ ਸਿੰਘ ਗੋਬਿੰਦ ਹੱਥ ਫੜਾਈ । ਮਾਤਲੋਕ ਵਿਚ ਸਾਚੀ ਰੀਤ ਜਾ ਚਲਾਈ । ਸਾਚਾ ਪੰਥ ਖਾਲਸਾ ਪੁਰੀ ਅਨੰਦ ਲਈ ਉਪਜਾਈ । ਜੋਤ ਸਰੂਪੀ ਜੋਤ ਹਰਿ, ਭੇਵ ਕੋਈ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਅਡੋਲ ਸਦਾ ਅਤੋਲ ਨਾ ਤੋਲਿਆ ਜਾਈ । ਗੁਰ ਪੂਰਾ ਦਇਆ ਕਮਾਵੰਦਾ । ਗੁਰ ਸੰਗਤ ਵਿਦਾ ਕਰਾਵੰਦਾ । ਸ਼ਬਦ ਦਾਤ ਝੋਲੀ ਪਾਵੰਦਾ । ਦੇ ਮੱਤੀ ਆਪ ਸਮਝਾਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਮਾਨਸ ਜਨਮ ਲੇਖੇ ਲਾਇੰਦਾ । ਗੁਰ ਸੰਗਤ ਹਰਿ ਦਏ ਵਧਾਈ । ਘਰ ਮੁੜ ਜਾਣਾ ਚਾਈਂ ਚਾਈਂ । ਜਾਏ ਸੁਣਾਉਣਾ ਭੈਣਾਂ ਭਾਈ । ਮਿਲ ਕੇ ਆਏ ਸਾਚੇ ਮਾਹੀ । ਜਿਸ ਸਾਡੀ ਬਣਤ ਬਣਾਈ । ਹੋਏ ਸਹਾਈ ਸਭਨੀ ਥਾਈਂ । ਸਾਚਾ ਦਿੱਤਾ ਨਾਮ ਨਿਧਾਨ ਸੋਹੰ ਰਸਨਾ ਗਾਈ । ਆਏ ਦਰ ਕਰ ਗਏ ਚਰਨ ਧੂੜ ਇਸ਼ਨਾਨ, ਕਲ ਪਾਪਾਂ ਮੈਲ ਧਵਾਈ । ਮਿਲਿਆ ਨਾਮ ਦਾਨ ਉਪਜੇ ਬ੍ਰਹਮ ਗਿਆਨ, ਚਰਨ ਪ੍ਰੀਤੀ ਇਕ ਰਖਾਈ । ਸੰਤਾਂ ਭਗਤਾਂ ਮੇਲ ਮਿਲਾਨ, ਕਿਰਪਾ ਕਰ ਕਰ ਹਰਿ ਭਗਵਾਨ ਨਾ ਦੂਰ ਕੋਈ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰ ਸੰਗਤ ਤੇਰੀ ਸੇਵਾ ਲੇਖੇ ਲਾਈ । ਸੇਵਾ ਲੇਖੇ ਗਈ ਲੱਗ । ਗੁਰਸਿਖਾਂ ਬੁੱਝੇ ਆਤਮ ਅੱਗ । ਆਪ ਬੰਨ੍ਹਾਏ ਆਪਣੀ ਹੱਥੀਂ ਸੋਹੰ ਸਾਚੇ ਤੱਗ । ਮਾਤਲੋਕ ਵਿਚ ਵਡਿਆਏ, ਲੱਜ ਪੱਤ ਲਏ ਰੱਖ । ਏਕਾ ਬਖ਼ਸ਼ੇ ਚਰਨ ਸਰਨਾਏ, ਸੁੱਕੇ ਡਾਲੇ ਰਹੇ ਕਰਾਏ, ਫੱਲ ਫੁੱਲ ਲਗਾਏ ਨਾਮ ਸੱਚੇ ਵੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇ ਸਮਝਾਵੇ ਮੱਤ । ਗੁਰ ਸੰਗਤ ਹਰਿ ਦੇ ਸਮਝਾਈ । ਪਹਿਲੀ ਮਾਘੀ ਨੇੜੇ ਆਈ । ਨੇਤਰ ਪੇਖਣਾ ਗੁਰ ਦਰ ਆਈ । ਤ੍ਰਿਖਾ ਤ੍ਰਿਸ਼ਨ ਲਏ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇਵੇ ਆਪ ਵਡਿਆਈ । ਪਹਿਲੀ ਮਾਘੀ ਆਏ ਨੇੜੇ । ਮੁਕਦੇ ਜਾਣ ਜਗਤ ਝੇੜੇ । ਉਜੜਦੇ ਜਾਣ ਨਗਰ ਖੇੜੇ । ਖੁਲ੍ਹੇ ਹੁੰਦੇ ਜਾਣ ਧਰਤ ਮਾਤ ਦੇ ਵਿਹੜੇ । ਪ੍ਰਭ ਅਬਿਨਾਸ਼ੀ ਖੇਲ ਵਰਤਾਏ ਰੋਕ ਸਕਣ ਕਿਹੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਲੇਖ ਲਿਖਾਵੇ ਜਿਉਂ ਬੰਨ੍ਹੇ ਬੇੜੇ । ਪਹਿਲੀ ਮਾਘੀ ਲੇਖ ਲਿਖਾਉਣਾ । ਪ੍ਰਭ ਅਬਿਨਾਸ਼ੀ ਭੇਵ ਭੇਖ ਨਾ ਕੋਈ ਲਿਖਾਉਣਾ । ਜੋ ਕੁਛ ਵਰਤੇ ਸੋ ਲੈਣਾ ਵੇਖ, ਭਉ ਭਰਮ ਸਰਬ ਮਿਟਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਗੁਰ ਦਰ ਆ ਪਹਿਲੀ ਮਾਘੀ ਦਰਸ਼ਨ ਪਾਉਣਾ ।

੩੮੦ ੦੩

## ❊ ਪਹਿਲੀ ਮਾਘ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ❊

ਸਿੰਘ ਆਸਣ ਬੈਠਾ ਹਰਿ ਦਾਤਾਰ । ਗੁਰਮੁਖ ਮੰਗਣ ਆਏ ਚਲ ਦਵਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਇਕ ਵਖਾ ਸੱਚਾ ਘਰ ਬਾਹਰ । ਆਤਮ ਜੋਤੀ ਸਾਚੀ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਆਏ ਦਰ ਸੱਜਣ ਸੁਹੇਲੇ । ਪ੍ਰਭ ਅਬਿਨਾਸ਼ੀ ਕੀਏ ਮੇਲੇ । ਗੁਰਮੁਖ ਸਾਚੇ ਸੰਤ ਜਨ ਹਰਿ ਆਪਣੇ ਸਾਚੇ ਰੰਗ ਰੰਗਾਏ, ਆਪਣਾ ਰੰਗ ਹਰਿ ਆਪੇ ਖੇਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਲੜ ਲਗਾਏ ਕਲਜੁਗ ਅੰਤਮ ਮੇਲੇ । ਕਲਜੁਗ ਅੰਤਮ ਫੜਨਾ ਲੜ । ਬੇਮੁਖ ਜੀਵ ਜਾਇਣ ਝੜ । ਢਹਿੰਦੇ ਜਾਣ ਕਿਲ੍ਹੇ ਗੜ੍ਹ । ਦੋ ਹੱਥੀਂ ਪ੍ਰਭ ਅਬਿਨਾਸ਼ੀ ਪੁੱਟੇ ਜੜ੍ਹ । ਰਾਜਾ ਰਾਣਾ ਕੋਈ ਨਾ ਬੈਠੇ ਅੰਦਰ ਵੜ । ਅੱਠੇ ਪਹਿਰ ਦਿਵਸ ਰੈਣ ਸ਼ਬਦ ਸਰੂਪੀ ਪ੍ਰਭ ਰਿਹਾ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਰ ਦਰਸ, ਪੰਜ ਤਤ ਤੇਰੇ ਜਾਇਣ ਸੜ । ਗੁਰਮੁਖ ਸਾਚੇ ਸੰਤ ਆਤਮ ਪ੍ਰਕਾਸ਼ । ਪ੍ਰਭ ਅਬਿਨਾਸ਼ੀ ਅੱਠੇ ਪਹਿਰ ਰਹੇ ਦਾਸ । ਘਨਕਪੁਰ ਵਾਸੀ ਨਿਜ ਆਤਮ ਰੱਖੇ ਵਾਸ । ਨਾ ਹੋਏ ਕਦੇ ਉਦਾਸੀ, ਗੁਰਮੁਖ ਸਾਚੇ ਹਰਿ ਵਸੇ ਸਦ ਤੇਰੇ ਪਾਸ । ਬੇਮੁਖ ਕਲਜੁਗ ਜੀਵ ਅੰਤਮ ਨੇਤਰ ਆਪਣੇ ਵੇਖ ਕਲਜੁਗ ਚੜ੍ਹਿਆ ਫਾਂਸੀ, ਨਾ ਕੱਟੇ ਕੋਈ ਗਲੋਂ ਧਰਮ ਰਾਏ ਦੀ ਫਾਸੀ, ਚਾਰ ਕੁੰਟ ਏਕਾ ਅੰਧੇਰਾ ਛਾਸੀ, ਕਰੇ ਕਰਾਏ ਪੁਰਖ ਅਬਿਨਾਸ਼ । ਨਾ ਕੋਈ ਰਹਿਣ ਦੇਵੇ ਮਦਿਰਾ ਮਾਸੀ, ਘਰ ਘਰ ਦਰ ਦਰ ਇਕ ਦੂਜੇ ਦੇ ਉਪਰ ਚੜ੍ਹਦੀ ਦਿਸੇ ਲਾਸ਼ । ਨੌਂ ਖੰਡ ਪ੍ਰਿਥਮੀ ਆਵੇ ਡਰੇ, ਬੇਮੁਖਾਂ ਕੋਈ ਅੰਤ ਨਾ ਖਾਏ ਮਾਸ । ਆਪਣਾ ਕੀਆ ਲੈਣ ਭਰ, ੩੮੧
੦੩ ਵਕਤ ਭੁਲਾਇਆ ਜੋ ਪੁੱਠੇ ਲਟਕੇ ਮਾਤ ਗਰਭ ਦਸ ਮਾਸ । ਕਲਜੁਗ ਅੰਤਮ ਵੇਲੇ ਪ੍ਰਗਟ ਜੋਤ, ਨਿਹਕਲੰਕ ਵਿਚ ਮਾਤ ਕਰ ਜਾਏ ਨਾਸ । ਗੁਰਮੁਖ ਸਾਚੇ ਸੰਤ ਜਨ ਪ੍ਰਭ ਸਰਨ ਲਗਾਇਆ, ਹੋਏ ਨਿਮਾਣੇ ਸੋਹੰ ਸ਼ਬਦ ਮੁਖ ਲਗਾਇਆ ਘਾਸ । ਆਪੇ ਰੱਖੇ ਹੇਠ ਆਪਣੀ ਛਾਇਆ, ਮਾਨਸ ਜਨਮ ਕਰਾਏ ਰਾਸ । ਧੰਨ ਧੰਨ ਧੰਨ ਗੁਰਸਿਖ ਤੇਰੀ ਜਣੇਂਦੀ ਮਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਰਸਨ ਧਿਆਇਆ ਸਵਾਸ ਸਵਾਸ । ਰਸਨਾ ਗਾਓ ਸਹਿਜ ਸੁਖ ਪਾਓ । ਵੇਲਾ ਅੰਤ ਭੁੱਲ ਨਾ ਜਾਓ । ਗੁਰ ਦਰ ਬਣ ਜਾਓ ਸਾਚੇ ਸੰਤ, ਕਲਜੁਗ ਮਾਇਆ ਵਿਚ ਰੁਲ ਨਾ ਜਾਓ । ਆਪ ਬਣਾਏ ਗੁਰਸਿਖਾਂ ਬਣਤ, ਦਰਗਹਿ ਸਾਚੀ ਸਾਚਾ ਮੁਲ ਪਵਾਓ । ਲੱਖ ਚੁਰਾਸੀ ਵਿਚ ਮਾਤ ਜੀਵ ਜੰਤ, ਆਵਣ ਜਾਵਣ ਫੰਦ ਕਟਾਓ । ਪ੍ਰਭ ਮਿਲੇ ਗੁਰਸਿਖਾਂ ਸਾਚਾ ਕੰਤ, ਲਾਗ ਚਰਨ ਪਿਛਲੀ ਭੁੱਲ ਬਖ਼ਸ਼ਾਓ । ਏਕਾ ਗਾਓ ਸੁਹਾਗੀ ਸਾਚਾ ਛੰਤ, ਦਰਗਹਿ ਸਾਚੀ ਸਹਿਜ ਸੁਖ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ ਸਦਾ ਸਦਾ ਸਦਾ ਗੁਰਸਿਖ ਮਾਣੋ ਛਾਂਓ । ਅਸ਼ਟਭੁਜ ਆਏ ਦਰਬਾਰ । ਪ੍ਰਭ ਅਬਿਨਾਸ਼ੀ ਦੇਵੇ ਤਾਰ । ਅੱਠੇ ਭੁੱਜਾਂ ਅੱਠੇ ਹੱਥ ਆਪਣੇ ਫੇਰ ਸਵਾਰ । ਦਰ ਦਰ ਘਰ ਘਰ ਬੇਮੁਖ ਜੀਵਾਂ ਫੜ ਫੜ ਵਿਚ ਮਾਤ ਕਰ ਖਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ ਸਾਚਾ ਹੁਕਮ ਸੁਣਾਵੇ ਮੁੜ ਆਈ ਫੇਰ ਸੱਚੇ ਦਰਬਾਰ । ਹੁਕਮ ਮਨ ਕਰ ਪ੍ਰਵਾਨ, ਦੇਵੇ ਹਰਿ ਸਾਚਾ ਧੁਰ ਦਰਗਾਹੀ ਇਕ ਫਰਮਾਣ । ਚਾਰੋਂ ਕੁੰਟ ਕਿਤੇ ਰਹਿ ਨਾ ਜਾਏ ਕਾਣ । ਜੋਤ ਸਰੂਪੀ ਹਰਿ ਸਾਚਾ ਵੇਖੇ ਸ਼ਬਦ ਸਰੂਪੀ ਬੈਠੇ ਵਿਚ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਬੇਮੁਖਾਂ ਆਪ ਵਹਾਏ ਲਹੂ ਮਿਝ ਦਾ ਏਕਾ ਘਾਣ । ਲਹੂ ਮਿਝ ਘਾਣ ਵਗਾਈ । ਕਲਜੁਗ ਡੈਣ ਬਣ ਕੇ

੩੮੧ ੦੩

ਖਾਈ । ਸ੍ਰਿਸ਼ਟ ਸਬਾਈ ਪੁਣ ਛਾਣ, ਛਾਣ ਪੁਣ ਘਰ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੋਂ ਮਿਲੇ ਚਾਈਂ ਚਾਈਂ । ਅਸ਼ਟਭੁੱਜ ਪ੍ਰਭ ਅਬਿਨਾਸ਼ੀ ਆਪ ਸੁਣਾਏ । ਪ੍ਰਗਟ ਹੋਏ ਵਿਚ ਮਾਝੇ ਦੇਸ, ਜੋਤ ਸਰੂਪੀ ਜਾਮਾ ਪਾਏ । ਗੁਰਮੁਖ ਸਾਚੇ ਵਿਚ ਪ੍ਰਵੇਸ਼, ਜੀਵ ਜੰਤ ਕੋਈ ਸਾਰ ਨਾ ਪਾਏ । ਪ੍ਰਭ ਅਬਿਨਾਸ਼ੀ ਆਪ ਵਟਾਇਆ ਭੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਖਾਏ, ਬੇਮੁਖਾਂ ਪਰਦਾ ਪਾਏ । ਖੁਲ੍ਹੇ ਕੇਸ ਜਗਤ ਸਿਆਪਾ । ਨਾ ਕੋਈ ਮਾਈ ਨਾ ਕੋਈ ਬਾਪਾ । ਸ੍ਰਿਸ਼ਟ ਸਬਾਈ ਮਾਰੇ ਤੀਨੋ ਤਾਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸਾਚਾ ਘਰ ਵਿਰਲੇ ਗੁਰਮੁਖ ਜਾਤਾ । ਖੁਲ੍ਹੇ ਕੇਸ ਕਵਣ ਵਿਚਾਰੇ । ਪ੍ਰਭ ਅਬਿਨਾਸ਼ੀ ਖੇਲ ਅਪਾਰੇ । ਕਲਜੁਗ ਜੀਵ ਰੰਡੀ ਨਾਰੇ । ਨਾ ਹੋਏ ਸੁਹਾਗਣ ਦੂਜੀ ਵਾਰੇ । ਖੁਲ੍ਹੀ ਗੁੱਤ ਵਿਚ ਸੰਸਾਰੇ । ਫਿਰ ਨਾ ਆਏ ਦੂਜੀ ਰੁੱਤ, ਪ੍ਰਗਟੇ ਜੋਤ ਪ੍ਰਭ ਅਬਿਨਾਸ਼ੀ ਅਚੁੱਤ, ਗੁਰਮੁਖ ਸਾਚੇ ਬਾਹੋਂ ਪਕੜ ਕਲ ਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਰਤਾਈ, ਸ੍ਰਿਸ਼ਟ ਸਬਾਈ ਦਏ ਦੁਹਾਈ, ਕਰੇ ਕਰਾਏ ਆਪਣੀ ਕਾਰੇ । ਸ਼ਿਵ ਸ਼ੰਕਰ ਜਟਾ ਜੂਟ ਧਾਰ । ਗੰਗਾ ਵਹਾਈ ਜਟਾ ਜੂਟ ਨਾ ਪਾਈ ਕਿਸੇ ਸਾਰ । ਮੂਰਖ ਮੁਗਧ ਪਾਂਧੇ ਪੰਡਤ ਕਰਦੇ ਆਪਣੀ ਝੂਠੀ ਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਵੇ ਸਾਚੀ ਕਾਰ । ਚਿੱਟਾ ਕਾਲਾ ਸੂਹਾ ਲਾਲ । ਕਲਜੁਗ ਸਤਿਜੁਗ ਦਵਾਪਰ ਤਰੇਤਾ ਆਪਣੀ ਆਪੇ ਰੱਖਣ ਵਸਤ ਸੰਭਾਲ । ਸਤਿਜੁਗ ਸਾਚੇ ਚਿੱਟਾ ਵੇਸ, ਨਾ ਹੋਏ ਕਦੇ ਕੰਗਾਲ । ਕਲਜੁਗ ਪਾਪੀ ਕਾਲਾ ਸੂਸਾ ਖੁਲ੍ਹੜੇ ਕੇਸ, ਹੋਇਆ ਅੰਤ ਬੇਹਾਲ । ਜੋਤ ਧਰੇ ਪ੍ਰਭ ਮਾਝੇ ਦੇਸ, ਗੁਰਮੁਖ ਚੁਣੇ ਅਨਮੁਲੜੇ ਲਾਲ । ਸਿੰਘ ਸਿੰਘਾਸਣ ਪ੍ਰਭ ਧਾਰੀ ਬੈਠਾ ਭੇਖ, ਉਤੇ ਲਿਆ ਇਕ ਦੋਸ਼ਾਲ । ਬੇਮੁਖਾਂ ਮਿਟਾਉਂਦਾ ਜਾਏ ਰੇਖ, ਗੁਰ ਸਾਚੇ ਗੋਦ ਆਪਣੀ ਲਏ ਉਠਾਲ । ਜੋ ਵਰਤੇ ਭਾਣਾ ਗੁਰ ਸੰਗਤ ਨੇਤਰ ਲੈਣਾ ਪੇਖ, ਇਕ ਸ਼ਬਦ ਰੱਖਣਾ ਸੰਭਾਲ । ਕਵਣ ਮਿਟਾਏ ਹਰਿ ਸਾਚੇ ਦਾ ਲਿਖਿਆ ਲੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਏਕਾ ਵੇਰ ਧਰਮ ਰਾਏ ਦੀ ਜੇਲ੍ਹ । ਧਰਮ ਰਾਏ ਖੋਲ੍ਹ ਕਵਾੜ । ਮਹੀਨਾ ਚੜ੍ਹਦਾ ਆਏ ਹਾੜ । ਪ੍ਰਭ ਸਾਚੇ ਦੀ ਇਕੋ ਉਠੇ ਧਾੜ । ਲੁਕਿਆ ਰਹਿਣ ਨਾ ਦੇਵੇ ਕੋਈ ਵਿਚ ਜੰਗਲ ਜੂਹ ਪਹਾੜ । ਏਕਾ ਤੀਰ ਚਲੇ ਵੱਜੇ ਬੇਮੁਖਾਂ ਦੇ ਸੀਨੇ ਕਾੜ । ਬਚੀ ਰਹੇ ਨਾ ਕੋਈ ਵਿਚੋਂ ਬਹੱਤਰ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਰਿਹਾ ਗਗਨ ਨੂੰ ਪਾੜ । ਸ਼ਬਦ ਸਰੂਪੀ ਗਗਨ ਪਾਟਾ । ਕਾਇਆ ਮੰਦਰ ਸਾਚਾ ਹਾਟਾ । ਗੁਰਮੁਖਾਂ ਆਤਮ ਜੋਤ ਜਗਾਏ, ਆਪ ਕਢਾਏ ਜੋਤ ਲਲਾਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਾ ਕੋਈ ਬਾਜ਼ੀਗਰ ਨਾਟਾ । ਨਾ ਬਾਜ਼ੀਗਰ ਨਾ ਇਹ ਨਟ । ਨਾ ਪਖੰਡੀ ਨਾ ਇਹ ਭੱਟ । ਵਸੇ ਸ੍ਰਿਸ਼ਟ ਸਬਾਈ ਲੱਖ ਚੁਰਾਸੀ ਘਟ ਘਟ । ਵੇਲਾ ਅੰਤਮ ਆਪ ਲਿਆਏ, ਚਿੱਟੇ ਅਸਵ ਚੜ੍ਹ ਸਰਪਟ । ਸਚਾ ਲਾਹਾ ਗੁਰਸਿਖ ਸਾਚੇ ਲੈਣਾ ਖਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਭੁਲਿਆ ਰਹਿ ਨਾ ਜਾਏ ਆਪ ਕਰਾਏ ਪੂਰੇ ਘਾਟ । ਪਿਛਲਾ ਘਾਟਾ ਪੂਰ ਕਰਾਏ, ਹਾਜ਼ਰ ਹਜ਼ੂਰ ਹੋ ਦਰਸ ਦਿਖਾਏ । ਸਾਚਾ ਸ਼ਬਦ ਰਸਨ ਚਲਾਏ । ਗੁਰਸਿਖ ਤੇਰਾ ਪਾਟਾ, ਤਨ ਆਪਣੀਂ ਹੱਥੀਂ ਸੀਂ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਨੀਂਹ ਰਖਾਏ । ਆਪੇ ਵੱਢੇ ਬਣ ਬਣ ਬਾਢੀ । ਆਪੇ ਬਣ ਜਾਏ ਕਲਜੁਗ ਅੰਤਮ ਗਾਡੀ । ਬੇਮੁਖਾਂ ਕਲਜੁਗ ਚੁਗ ਚੁਗ ਲਿਆਏ ਹਾਡੀ । ਗੁਰ ਸੰਗਤ ਤੇਰੇ ਦਰ ਦਵਾਰੇ ਖੜਾ ਅੱਠੇ ਪਹਿਰ ਲਡਾਵੇ

ਲਾਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰਿਉਂ ਦੇਵੇ ਕਾਢੀ । ਦਰ ਦਵਾਰਾ ਦਿਸੇ ਦੂਰ । ਪ੍ਰਭ ਅਬਿਨਾਸ਼ੀ ਹਾਜ਼ਰ ਹਜ਼ੂਰ । ਗੁਰਮੁਖ ਅੱਠੇ ਪਹਿਰ ਜੋਤ ਸਰੂਪ ਪ੍ਰਭ ਸਾਚੇ ਦਾ ਵੇਖ ਏਕਾ ਨੂਰ । ਹਉਮੇ ਮਮਤਾ ਰੋਗ ਗਵਾਏ, ਭੰਨ ਭੰਨ ਕੁੱਟ ਕੁੱਟ ਪੰਜੇ ਚੋਰ ਕਰੇ ਦੂਰ । ਸ੍ਰਿਸ਼ਟ ਸਬਾਈ ਪਾਏ ਫੁੱਟ, ਗੁਰਸਿਖ ਲਾਹਾ ਲੈਣ ਲੁੱਟ, ਭਾਣਾ ਵਰਤੇ ਕਲ ਜਰੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਆਪ ਲਿਖਾਏ, ਨਾ ਕੋਈ ਮੇਟੇ ਮੇਟ ਮਿਟਾਏ, ਸਰਬ ਕਲਾ ਆਪੇ ਭਰਪੂਰ । ਸਰਬ ਕਲਾ ਭਰਪੂਰ, ਸਰਬ ਬਿਧ ਜਾਣੇ । ਸ੍ਰਿਸ਼ਟ ਸਬਾਈ ਹੱਥੀਂ ਮੌਤ ਸਰੂਪੀ ਬੰਨ੍ਹੇ ਗਾਨੇ । ਘਰ ਘਰ ਦਿਸਣ ਤਤਾਂ ਉਪਰ ਖਾਲੀ ਕਾਨੇ । ਕਲਜੁਗ ਜੀਵ ਅੰਤਮ ਅੰਤ ਹੋਏ ਨਿਧਾਨੇ । ਨਾ ਪ੍ਰਭ ਦਿਸੇ ਸਰਬ ਜੀਆਂ ਦੀ ਆਪੇ ਜਾਣੇ । ਨਾ ਰੋਵੇ ਨਾ ਹੱਸੇ, ਨਾ ਅੰਧੇਰ ਨਾ ਸਵੇਰ ਏਕਾ ਏਕ ਰਾਹ ਸਾਚਾ ਦੱਸੇ, ਮੇਲ ਮਿਲਾਏ ਗੁਰਸਿਖਾਂ ਵਿਸ਼ਨੂੰ ਭਗਵਾਨੇ । ਫੂਲਣ ਹਾਰ ਗੁਰਸਿਖ ਭੇਟ ਚੜ੍ਹਾਇੰਦਾ । ਪ੍ਰਭ ਸਾਚਾ ਲੇਖੇ ਲਾਇੰਦਾ । ਸਾਚਾ ਜਗਤ ਵਿਹਾਰ, ਹਰਿ ਆਪੇ ਆਪ ਕਰਾਇੰਦਾ । ਸਤਿਜੁਗ ਤੇਰੀ ਬੰਧੇ ਆਪੇ ਧਾਰ, ਸੋਹੰ ਸ਼ਬਦ ਚਲਾਇੰਦਾ । ਸ੍ਰਿਸ਼ਟ ਸਬਾਈ ਬੱਧਾ ਪਾਪਾਂ ਭਾਰ, ਨਾ ਅੱਗੇ ਕੋਈ ਉਠਾਇੰਦਾ । ਕਿਰਪਾ ਕਰ ਹਰਿ ਨਿਰੰਕਾਰ, ਛੋਟਾ ਕਾਕਾ ਅੱਗੇ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਭਾਣਾ ਕੀ ਵਰਤਾਇੰਦਾ । ਬਾਲ ਅੰਞਾਣਾ ਅੱਗੇ ਗਿਆ ਲੱਗ । ਗੁਰਮੁਖਾਂ ਆਤਮ ਤ੍ਰਿਖਾ ਬੁਝਾਉਂਦਾ ਜਾਏ ਅੱਗ । ਸ੍ਰਿਸ਼ਟ ਸਬਾਈ ਵਖਾਉਂਦਾ ਜਾਏ ਆਪਣਾ ਰਾਹ ਪਗ । ਬੇਮੁੱਖ ਜੀਵ ਉਠਾਉਂਦਾ ਜਾਏ ਅਗਨ ਜੋਤ ਵਿਚ ਜਾਇਣ ਦਗ । ਸਾਚੀ ਜੋਤ ਮਾਤ ਜਗਾਉਂਦਾ ਜਾਏ, ਗੁਰਮੁਖ ਲਾਜ ਰਖਾਉਂਦਾ ਜਾਏ ਜੱਗ । ਫੜ ਫੜ ਬਾਹੋਂ ਰਾਹੇ ਪਾਉਂਦਾ ਜਾਏ, ੩੮੩
੦੩ ਦੇਵੇ ਸੁਨੇਹੁੜਾ ਨਿਹਕਲੰਕ ਕਲ ਜਾਮਾ ਪਾਏ ਸੂਰਾ ਸਰਬੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਵਸੇ ਸਦਾ ਅਲੱਗ । ਬਾਲੀ ਬੁੱਧ ਵੱਡ ਬਲਧਾਰ । ਪ੍ਰਭ ਅਬਿਨਾਸ਼ੀ ਦੇਵੇ ਦੋ ਹੱਥਾਂ ਦਾ ਸਿਰ ਤੇ ਇਕ ਪਿਆਰ । ਗੁਰ ਸੰਗਤ ਕਰ ਜਾ ਹੌਲਾ ਭਾਰ । ਕਲਜੁਗ ਬੇੜਾ ਬੰਨ੍ਹਣਾ ਲੱਖ ਚੁਰਾਸੀ ਤੈਨੂੰ ਧੰਨ ਧੰਨ ਧੰਨ ਕਰੇ ਪੁਕਾਰ । ਸਤਿਜੁਗ ਧਾਰ ਹਰਿ ਦੇਵੇ ਬੰਨ੍ਹ, ਪਹਿਲੀ ਮਾਘੀ ਦਿਵਸ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ ਪੂਰਬ ਕਰਮ ਵਿਚਾਰ । ਆਪਣਾ ਭਾਣਾ ਆਪੇ ਜਾਣੇ । ਪਹਿਲੀ ਮਾਘੀ ਮੁਹੰਮਦੀ ਸਰਬ ਕੁਰਲਾਣੇ । ਗੁਰਮੁਖ ਸਾਚੇ ਸਾਚੇ ਰਾਹੇ ਜਾਣੇ ਲੱਗ, ਮਾਨਸ ਜਨਮ ਸੁਫਲ ਕਰਾਣੇ । ਬੇਮੁਖਾਂ ਪਕੜੇ ਸ਼ਾਹ ਰਗ, ਪ੍ਰਭ ਅਬਿਨਾਸ਼ੀ ਹੱਥੀਂ ਗੂੜ੍ਹੀ ਨੀਂਦ ਸਵਾਣੇ । ਰਾਜੇ ਮਹਾਰਾਣਿਆਂ ਵਡ ਜ਼ਰਵਾਣਿਆਂ ਤੁੱਟੇ ਤੱਗ, ਨਾ ਕੋਈ ਲੜ ਬੰਧਾਏ । ਏਕਾ ਹਰਿ ਸ਼ਾਹ ਸੁਲਤਾਨਿਆਂ, ਛਤਰ ਆਪਣੇ ਸੀਸ ਝੁਲਾਏ । ਜੋਤ ਸਰੂਪੀ ਪਹਿਰਿਆ ਬਾਣਿਆਂ, ਦਿਸ ਕਿਸੇ ਨਾ ਆਏ । ਗੁਰਮੁਖ ਸਾਚੇ ਸੁਘੜ ਸਿਆਣਿਆਂ, ਪ੍ਰਭ ਆਪਣੀ ਸਰਨ ਲਗਾਏ । ਜੋ ਜਨ ਆਏ ਗੁਰ ਦਰ ਬਣ ਨਿਮਾਣਿਆਂ, ਪ੍ਰਗਟ ਹੋਏ ਦਰਸ ਦਿਖਾਏ । ਸਾਚਾ ਰੰਗ ਗੁਰਮੁਖ ਸਾਚੇ ਮਾਣਿਆਂ, ਜੋ ਰਸਨਾ ਹਰਿ ਹਰਿ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਲੇ ਚਲਾਏ ਆਪਣੇ ਭਾਏ । ਚਲੇ ਚਲਾਏ ਆਪਣੇ ਭਾ । ਸ੍ਰਿਸ਼ਟ ਸਬਾਈ ਚਲਾਏ ਏਕਾ ਰਾਹ । ਨਿਹਕਲੰਕ ਕਲ ਜਾਮਾ ਪਾਇਆ, ਆਪਣਾ ਭੇਖ ਲਏ ਵਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਢੰਡੋਰਾ ਰਿਹਾ ਵਜਾ । ਕਲਜੁਗ ਮਾਇਆ ਵਿਚ ਰੁਲ ਨਾ ਜਾਏ, ਦੇ ਮੱਤ ਰਿਹਾ ਸਮਝਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਪਰਦਾ ਨਾ ਕੋਈ ਉਹਲਾ ਨਾ ਕੋਈ ਭਰਮ ਭੁਲਾ ।

ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਸਰਬ ਕਲਾ ਭਰਪੂਰ । ਏਕਾ ਜੋਤੀ ਧਾਰ, ਏਕਾ ਸਾਚਾ ਨੂਰ । ਗੁਰਮੁਖ ਸਾਚੇ ਸੰਤ ਜਨੋ, ਆਤਮ ਸਹਿੰਸਾ ਕਰੋ ਦੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਵਖਾਣੇ ਨਾ ਜਾਣੋ ਕੂੜੋ ਕੂੜ । ਜਨ ਭਗਤਾਂ ਸਹਿੰਸਾ ਲੈਣਾ ਕੱਢ । ਸ਼ਬਦ ਆਰੀ ਨਾਲ ਪ੍ਰਭ ਦੇਵੇ ਵੱਢ । ਗੁਰਮੁਖਾਂ ਕਰੇ ਸੁਖਾਲੇ ਹੱਢ । ਨਾ ਮੰਗੇ ਕੋਈ ਦਲਾਲੀ, ਨਾ ਮੰਗੇ ਕੋਈ ਹਲਾਲੀ, ਗੁਰਮੁਖਾਂ ਦਏ ਛੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁੱਖ ਅੰਤਮ ਜੀਵ ਕੋਈ ਨਾ ਦੇਵੇ ਛੱਡ । ਉਠੋ ਸਿੰਘੋ ਉਠ ਬਲ ਧਾਰੋ । ਭਰਮ ਭੁਲੇਖਾ ਸਰਬ ਨਿਵਾਰੋ । ਭੁੱਲ ਰੁਲ ਕਲਜੁਗ ਅੰਤਮ ਨਾ ਜਾਓ ਡੁੱਲ, ਪ੍ਰਭ ਬਖਸ਼ਣ ਆਇਆ ਬਖ਼ਸ਼ਣਹਾਰੋ । ਦਾਗ ਨਾ ਲਾਉਣਾ ਆਪਣੀ ਕੁੱਲ, ਮਾਨਸ ਜਨਮ ਸਵਾਰੋ । ਅੰਤਮ ਪਾਣੀ ਪੈਣਾ ਕਾਇਆ ਚੁੱਲ੍ਹ, ਚੜ੍ਹੇ ਝੂਠਾ ਰੰਗ ਰੰਗਾ ਕੁੜਿਆਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਪਾਏ ਪ੍ਰਭ ਸਾਚਾ ਸਚ ਭਤਾਰੋ । ਸਚ ਭਤਾਰ ਸੰਤਨ ਸੁਹੇਲਾ । ਕਰ ਵਿਹਾਰ ਸ਼ਬਦ ਸਰੂਪੀ ਮੇਲ ਮੇਲਾ । ਏਕਾ ਪੁਰਖ ਅਪਾਰ ਵੱਡ ਅਲਬੇਲਾ । ਦੱਸੇ ਸ਼ਬਦ ਸੱਚੀ ਧਾਰ, ਗੁਰਮੁਖ ਬਣੇ ਸੱਚਾ ਚੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤਾਂ ਆਪ ਕਰਾਏ ਆਪਣਾ ਮੇਲਾ । ਮੇਲ ਮਿਲਾਏ ਸਾਚੇ ਸੰਤ । ਆਪ ਬਣਾਏ ਜਗਤ ਬਣਤ । ਮੇਲ ਮਿਲਾਵਾ ਸਾਚੇ ਕੰਤ । ਦਰਗਹਿ ਸਾਚੀ ਖੇਲ ਬੇਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਇਕ ਸੁਣਾਵੇ ਸ਼ਬਦ ਤਤ । ਹਰਿ ਸੰਤ ਹਰਿ ਹਰਿ ਜਾਣੇ । ਹਰਿ ਸੰਤ ਹਰਿ ਆਪ ਪਛਾਣੇ । ਹਰਿ ਸੰਤ ਹਰਿ ਆਪ ਚਲਾਏ ਆਪਣੇ ਭਾਣੇ । ਹਰਿ ਸੰਤ ਹਰਿ ਪਹਿਨਾਏ ਸ਼ਬਦ ਬਾਣੇ । ਹਰਿ ਸੰਤ ਹਰਿ ਆਪ ਬਣਾਏ ਵਿਚ ਮਾਤ ਸੁਘੜ ਸਿਆਣੇ । ੩੮੪
ਹਰਿ ਸੰਤ ਹਰਿ ਆਪ ਉਠਾਏ, ਅੰਤਮ ਕਲ ਬਾਲ ਅੰਵਾਣੇ । ਹਰਿ ਸੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਚਰਨ ਧਿਆਨੇ । ਹਰਿ ਸੰਤ ਹਰਿ ਰੰਗ ਵੇਖ । ਹਰਿ ਸੰਤ ਪ੍ਰਭ ਅਬਿਨਾਸ਼ੀ ਧਾਰੇ ਭੇਖ । ਹਰਿ ਸੰਤ ਮਿਲ ਸਾਚੇ ਕੰਤ ਚਲ ਆਓ ਮਾਝੇ ਦੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਪ੍ਰਵੇਸ਼ । ਹਰਿ ਸੰਤ ਵੇਖੋ ਜਾਣੋ । ਹਰਿ ਸੰਤ ਪ੍ਰਭ ਅਬਿਨਾਸ਼ੀ ਰੰਗ ਪਛਾਣੋ । ਹਰਿ ਸੰਤ ਨਾ ਜਾਣਾ ਭੁੱਲ, ਗੁਰਮੁਖ ਸਾਚੇ ਬਣ ਨਿਧਾਨੋ । ਹਰਿ ਸੰਤ ਬਣਾਏ ਬਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੋ । ਹਰਿ ਸੰਤ ਹਰਿ ਕਾ ਰੂਪ । ਹਰਿ ਸੰਤ ਸੰਤ ਹਰਿ ਏਕਾ ਦਰ ਏਕਾ ਘਰ ਦਿਸੇ ਸਤਿ ਸਰੂਪ । ਹਰਿ ਸੰਤ ਆਦਿ ਅੰਤ ਜੁਗਾ ਜੁਗੰਤ ਮਹਿੰਮਾ ਜਗਤ ਅਨੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਾਤ ਝੋਲੀ ਪਾਏ ਸਾਚਾ ਸ਼ਬਦ ਬਣਾਏ ਦੂਤ । ਸਿਰ ਤਾਜ ਦੀਆ ਗੁਰ ਪੂਰੇ । ਉਪਜੇ ਧੁਨ ਅਨਾਹਦ ਤੂਰੇ । ਸਾਚੇ ਸੰਤ ਕਾਰਜ ਹੋਏ ਪੂਰੇ । ਅੱਠੇ ਪਹਿਰ ਨਾ ਤੁੱਟੇ ਧੁਨ, ਖੁੱਲ੍ਹੇ ਸੁਨ ਦਿਸੇ ਹਾਜ਼ਰ ਹਜ਼ੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਸਾਚੇ ਹਰੀ, ਸਾਚੇ ਸੰਤ ਸਾਚਾ ਕੰਤ ਪ੍ਰਭ ਦਰ ਵਰੀ, ਪ੍ਰਭ ਵਸੇ ਨੇੜ ਨਾ ਜਾਣੋ ਦੂਰੇ । ਸਾਚਾ ਕੰਤ ਹਰਿ ਸੰਤ ਲਿਆ ਪਛਾਣ । ਪ੍ਰਭ ਅਬਿਨਾਸ਼ੀ ਇਕੋ ਦੇਵੇ ਸਾਚਾ ਮਾਣ । ਆਤਮ ਸਾਚੀ ਜੋਤ ਜਗਾਏ ਕਰੇ ਰੁਸ਼ਨਾਏ ਕੋਟਨ ਭਾਨ । ਰੋਗ ਸੋਗ ਕੋਈ ਰਹਿਣ ਨਾ ਪਾਏ, ਏਕਾ ਚੜ੍ਹਾਏ ਸ਼ਬਦ ਬਬਾਣ । ਦਰਸ ਦਿਖਾਏ, ਹਰਸ ਮਿਟਾਏ, ਪ੍ਰਗਟ ਹੋਏ ਆਪ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਸੰਤਾਂ ਆਦਿ ਅੰਤ ਜੁਗਾਂ ਜੁਗੰਤ ਦੇਂਦਾ ਆਇਆ ਮਾਣ । ਗੁਰਮੁਖ ਸਾਚੇ ਸੰਤ ਗਾਇਣ ਚਾਈ ਚਾਈਂ । ਸਾਧ ਸੰਗਤ ਮੇਲ ਕਰ, ਦੇਵੇ ਨਾਮ ਸੱਚੀ ਵਡਿਆਈ ।

ਅਚਰਜ ਪਾਰਬ੍ਰਹਮ ਕਲ ਖੇਲ ਕਰ, ਸਾਚੇ ਮਾਰਗ ਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਰ ਸਾਚੀ ਪਾਈ । ਪਾਏ ਸਾਰ ਸਚ ਧੁਨ । ਸਾਚਾ ਸ਼ਬਦ ਲਏ ਕੰਨ ਸੁਣ । ਗੁਰਮੁਖ ਸਾਚੇ ਸੰਤ ਜਨ ਪ੍ਰਭ ਚਰਨ ਲਿਆਏ ਚੁਣ । ਓਥੇ ਕੋਇ ਨਾ ਪਹੁੰਚੇ ਰਿਖ ਮੁਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਕਵਣ ਜਾਣੇ ਗੁਣ ਹਰਿ ਤੇਰੇ । ਸ੍ਰਿਸ਼ਟ ਸਬਾਈ ਭੁਲਾਈ ਕਰ ਕਰ ਹੇਰੇ ਫੇਰੇ । ਹਰਿ ਨਾ ਕਿਸੇ ਦਿਸੇ ਘਰ, ਨਾ ਕਿਸੇ ਦਰ ਨਾ ਕਿਸੇ ਮੰਦਰ ਨਾ ਕਿਸੇ ਡੇਰੇ । ਨਾ ਕਿਸੇ ਜੂਹ ਪਹਾੜ ਜੰਗਲ ਡੂੰਘੀ ਕੰਦਰ, ਨਾ ਕਿਸੇ ਨਗਰ ਖੇੜੇ । ਕਲਜੁਗ ਜੀਵ ਭੌਂਦੇ ਫਿਰਦੇ ਬੰਦਰ, ਚਾਰੋਂ ਤਰਫ ਪਾਉਂਦੇ ਫਿਰਦੇ ਫੇਰੇ । ਨਾ ਕੋਈ ਕਰੇ ਸ਼ਾਂਤ ਅੰਦਰ, ਨਾ ਕੋਈ ਮਿਟਾਏ ਝੂਠੇ ਝੇੜੇ । ਗੁਰਮੁਖ ਸਾਚੇ ਸੰਤ ਜਨੋਂ ਪ੍ਰਭ ਅਬਿਨਾਸ਼ੀ ਵਸੇ ਕਾਇਆ ਮਹੱਲ ਅਟਾਰੀ ਅੰਦਰ, ਜਿਸ ਦੇ ਸਦਾ ਖੁਲ੍ਹੇ ਵਿਹੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪੇ ਕਰੇ ਨਬੇੜੇ । ਸਚ ਨਬੇੜਾ ਆਪੇ ਕਰ । ਕਿਸੇ ਕੋਲੋਂ ਲੈਣ ਨਾ ਜਾਂਦਾ ਕੋਈ ਵਰ । ਬ੍ਰਹਮਾ ਵਿਸ਼ਨ ਮਹੇਸ਼ ਸ਼ਿਵ ਅੱਠੇ ਪਹਿਰ ਖੜੇ ਰਹਿਣ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਮੁਖ ਭਵਾਏ, ਏਕਾ ਮੁਖ ਰਖਾਏ ਗੁਰਸਿਖਾਂ ਘਰ । ਨਿਹਕਲੰਕ ਕਲ ਜਾਮਾ ਧਾਰੇ । ਤੀਨ ਲੋਕ ਸਰਬ ਪੁਕਾਰੇ । ਚੌਦਾਂ ਲੋਕ ਹਾਹਾਕਾਰੇ । ਸਾਚੀ ਹੱਟੀ ਸਾਚੀ ਖੱਟੀ ਨਾ ਕਿਸੇ ਖੱਟੀ, ਝੂਠੇ ਬਣੇ ਸਰਬ ਵਣਜਾਰੇ । ਅੰਤਮ ਅੰਤ ਕਲ ਜਾਏ ਜੜ੍ਹ ਪੁੱਟੀ, ਲੱਗੇ ਇਕ ਧੱਕਾ ਭਾਰੇ । ਗੁਰਮੁਖ ਸਾਚੇ ਪੀ ਅੰਮ੍ਰਿਤ ਏਕਾ ਘੁੱਟੀ, ਹਰਿ ਆਤਮ ਖੋਲ੍ਹ ਖੁਲ੍ਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਗੁਰਸਿਖਾਂ ਸੀਸ ਛਤਰ ਝੁਲਾਰੇ । ਕਲਜੁਗ ਅੰਤਮ ਹੋਣਾ ਅੰਤ । ਰੋਣ ਸਭੇ ਲੱਖ ਚੁਰਾਸੀ ਜੀਵ ਜੰਤ । ਹੱਥ ਮਲ ਮਲ ਧੋਣਾ, ਵੇਲਾ ਗਿਆ ਹੱਥ ਨਾ ਆਉਣਾ ਕਿਸੇ ਸਾਧ ਸੰਤ । ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਦੇਵੇ ਵਡਿਆਈ ਵਿਚ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸਾਚਾ ਘਰ ਪਾਓ ਹਰਿ ਬਣਾਓ ਸਾਚਾ ਕੰਤ । ਕਲਜੁਗ ਅੰਤਮ ਕਰ ਵਿਚਾਰ । ਘਨਕਪੁਰ ਵਾਸੀ ਜਾਮਾ ਧਾਰ । ਬ੍ਰਹਮਾ ਦਿਤਾ ਹਰਿ ਦੁਰਕਾਰ । ਬ੍ਰਹਮਪੁਰੀ ਵਿਚੋਂ ਹੋ ਜਾਣਾ ਬਾਹਰ । ਕਲਜੁਗ ਅੰਤਮ ਚਾਰ ਵੇਦ ਤੇਰੇ ਹੋਏ ਖੁਆਰ । ਅਥਰਬਣ ਡਿਗਾ ਮੂੰਹ ਦੇ ਭਾਰ । ਨਾ ਪਾਏ ਆਪਣੀ ਸੁਧ, ਕਲਜੁਗ ਜੀਵਾਂ ਉਲਟੀ ਬੁੱਧ, ਪ੍ਰਭ ਆਪੇ ਜੀਵਾਂ ਜੰਤਾਂ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜਾਮਾ ਪਾਏ ਇਕ ਲਗਾਏ ਸੱਚਾ ਸਚ ਦਰਬਾਰ । ਬ੍ਰਹਮੇ ਵੇਦ ਚਾਰ ਉਚਾਰ । ਸ੍ਰਿਸ਼ਟੀ ਦੱਸੀ ਸਾਚੀ ਧਾਰ । ਅੰਤਮ ਕਲ ਨਾ ਕੋਇ ਕਰੇ ਵਿਚਾਰ । ਬੇਮੁਖਾਂ ਔਖਾ ਚੁੱਕਣਾ ਹੋਇਆ ਭਾਰ । ਚਿਤਰ ਗੁਪਤ ਹਰਿ ਲੇਖਾ ਲਿਖੇ, ਕਰਦਾ ਰਹੇ ਵਿਚਾਰ । ਗੁਰਮੁਖ ਸਾਚਾ ਮੰਗੇ ਸਾਚੀ ਭਿਖੇ, ਸਾਚਾ ਸ਼ਬਦ ਹਰਿ ਦੇਵੇ ਝੋਲੀ ਡਾਰ । ਆਤਮ ਲਾਹੇ ਝੂਠੀ ਵਿਖੇ, ਸਾਚਾ ਨਾਮ ਇਕ ਖੁਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਅੰਤ ਆਪੇ ਲਏ ਵਿਚਾਰ । ਸਤਿਗੁਰ ਪੂਰਾ ਸਰਬ ਸੁਖਦਾਈ ਹੈ । ਸਤਿਗੁਰ ਪੂਰਾ ਮਮਤਾ ਮੈਲ ਰਿਹਾ ਧਵਾਈ ਹੈ । ਸਤਿਗੁਰ ਸਾਚਾ ਸੋਹੰ ਸ਼ਬਦ ਕਾਇਆ ਸਾਬਣ ਆਪ ਲਗਾਈ ਹੈ । ਸਤਿਗੁਰ ਸਾਚਾ ਗੁਰਮੁਖ ਸਾਚੇ ਆਪੇ ਲਏ ਬਣਾਈ ਹੈ । ਸਤਿਗੁਰ ਸਾਚਾ ਸਾਚੀ ਪੱਟੀ ਇਕ ਜਮਾਤ ਲਏ ਪੜ੍ਹਾਈ ਹੈ । ਸਤਿਗੁਰ ਪੂਰਾ ਸਾਚਾ ਲਾਹਾ ਗੁਰ ਦਰ ਖੱਟੀ, ਪੰਚਾਂ ਚੋਰਾਂ ਨਾਲ ਨਾ ਕਰਨੀ ਪਏ ਲੜਾਈ ਹੈ । ਸਤਿਗੁਰ ਪੂਰਾ ਵਸੇ ਘਟ ਘਟੀ, ਤੇਰੀ ਆਤਮ ਜੋਤ ਕਰੇ ਰੁਸ਼ਨਾਈ ਹੈ । ਸਤਿਗੁਰ



੩੮੫ ੦੩

ਪੂਰਾ ਵੇਖੇ ਕਾਇਆ ਝੂਠੀ ਮਾਟੀ, ਭਰਮ ਭੁਲੇਖੇ ਕਿਉਂ ਰਿਹਾ ਵਕਤ ਗਵਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਆਪ ਸਹਾਈ ਹੈ । ਸਤਿਗੁਰ ਪੂਰਾ ਨਰ ਨਰਾਇਣ । ਸਤਿਗੁਰ ਪੂਰਾ ਨਾ ਕੋਈ ਰਸਨਾ ਸਕੇ ਕਹਿਣ । ਸਤਿਗੁਰ ਪੂਰਾ ਗੁਰਮੁਖ ਸਾਚੇ ਸਾਚਾ ਲਾਹਾ ਪ੍ਰਭ ਦਰ ਲੈਣ । ਸਤਿਗੁਰ ਸਾਚਾ ਬੇਮੁਖਾਂ ਅੰਤਮ ਅੰਤਕਾਲ ਘਰ ਘਰ ਪਵਾਏ ਵੈਣ । ਸਤਿਗੁਰ ਪੂਰਾ ਖੁਲੜੇ ਕੇਸ ਧੁਰ, ਬੇਮੁਖ ਖਪਾਏ ਜਿਉਂ ਖਾਏ ਡੈਣ । ਸਤਿਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣੇ ਸਾਕ ਸੱਜਣ ਸੁਹੇਲ । ਸਤਿਗੁਰ ਪੂਰਾ ਹਰਿ ਵਰਤਾਰ । ਸਤਿਗੁਰ ਪੂਰਾ ਗੁਰਸਿਖ ਵਿਚਾਰ । ਸਤਿਗੁਰ ਪੂਰਾ ਏਕਾ ਦੇਵੇ ਨਾਮ ਸ਼ਬਦ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਧਰਮ ਜਰਮ ਗੁਰਸਿਖਾਂ ਰਿਹਾ ਵਿਚਾਰ । ਸਤਿਗੁਰ ਪੂਰਾ ਸੱਚੀ ਜੋਤ ਜਗਾਈ ਹੈ । ਗੁਰ ਪੂਰਾ ਗੁਰਸਿਖਾਂ ਦੇਵੇ ਆਪ ਵਡਿਆਈ ਹੈ । ਸਤਿਗੁਰ ਪੂਰਾ ਗੁਰ ਸੰਗਤ ਸਾਚਾ ਮੇਲ ਪਹਿਲੀ ਮਾਘੀ ਆਪ ਕਰਾਈ ਹੈ । ਸਤਿਗੁਰ ਪੂਰਾ ਪ੍ਰੀਤ ਜਿਸ ਜਨ ਲਾਗੀ, ਸਾਚੀ ਸਰਨ ਗੁਰ ਪੂਰਾ ਆਪ ਬਹਾਈ ਹੈ । ਸਤਿਗੁਰ ਪੂਰਾ ਚੁਕਾਏ ਮਰਨ ਡਰਨ, ਖੁਲ੍ਹਾਏ ਹਰਨ ਫਰਨ ਜਿਸ ਜਨ ਸੇਵ ਕਮਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਧਰ ਮਾਤ ਜੋਤ ਪ੍ਰਗਟਾਈ ਹੈ । ਸਤਿਗੁਰ ਪੂਰਾ ਸਰਬ ਗੁਣਵੰਤ । ਸਤਿਗੁਰ ਪੂਰਾ ਮੇਲ ਮਿਲਾਏ ਗੁਰਮੁਖ ਸਾਚੇ ਸੰਤ । ਸਤਿਗੁਰ ਪੂਰਾ ਗੁਰਸਿਖ ਬਣਾਏ ਅੰਤਮ ਕਲਜੁਗ ਸਾਚਾ ਕੰਤ । ਸਤਿਗੁਰ ਸਾਚਾ ਦਰਗਹਿ ਸਾਚੀ ਨਾਲ ਹੰਢਾਓ, ਆਪ ਬਣਾਓ ਏਥੇ ਆਪਣੀ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਆਓ ਚਲ ਸਰਨਾਈ ਵਿਚ ਸਰਬ ਜੀਵ ਜੰਤ । ਸਤਿਗੁਰ ਜਗਤ ਗੁਰਦੇਵ । ਬਿਰਥਾ ਜਾਏ ਨਾ ਗੁਰ ਦਰ ਸੇਵ । ਅੰਮ੍ਰਿਤ ਦੇਵੇ ਸਾਚਾ ਫਲ, ਸੋਹੰ ਸਾਚਾ ਮੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਪਛਾਣੇ ਨਾ ਕੋਈ ਜਾਣੇ ਕਰੋੜ ਤੇਤੀਸ ਦੇਵੀ ਦੇਵ । ਅੰਤਮ ਹਰਿ ਹਰਿ ਹਰਿ ਜੀ ਆਇਆ । ਜੋਤ ਸਰੂਪੀ ਜਾਮਾ ਪਾਇਆ । ਅਚਰਜ ਖੇਲ ਰਿਹਾ ਵਰਤਾਏ, ਧਰਤ ਮਾਤ ਦੇ ਲਾਲ ਉਠ ਦੁਲਾਰਿਆ । ਤੇਰਾ ਵਕਤ ਸੁਹਾਇਆ, ਕਿਉਂ ਸੁੱਤਾ ਪੈਰ ਪਸਾਰਿਆ । ਪ੍ਰਭ ਅਬਿਨਾਸ਼ੀ ਫੇਰਾ ਪਾਇਆ, ਆਵੇ ਜਾਵੇ ਵਾਰੋ ਵਾਰਿਆ । ਆਪਣਾ ਭਾਣਾ ਆਪਣਾ ਬਾਣਾ ਆਪਣੇ ਹੱਥ ਰਖਾਇਆ, ਨਾ ਜਾਣੇ ਕੋਈ ਭੇਵ ਰਾਜਾ ਰਾਣਾ ਸੁਘੜ ਸਿਆਣਾ ਤਖ਼ਤੋਂ ਲਾਹ ਬਹਾਇਆ, ਨਾ ਕੋਈ ਕਿਸੇ ਸਿਕਦਾਰੀਆ । ਗਊ ਗਰੀਬ ਨਿਮਾਣਿਆਂ ਪ੍ਰਭ ਅਬਿਨਾਸ਼ੀ ਆਪਣੇ ਗਲੇ ਲਗਾਏ, ਦੇਵੇ ਸੱਚੀ ਸਰਦਾਰੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸਰਨ ਜਾਓ ਬਲਹਾਰਿਆ । ਗਊ ਗਰੀਬ ਦਰ ਪੁਕਾਰੇ । ਧਰਤ ਮਾਤ ਦਿਵਸ ਰੈਣ ਕਰੇ ਹਾਹਾਕਾਰੇ । ਕਲਜੁਗ ਜੀਵ ਤੁੱਟਾ ਨਾਤ, ਪ੍ਰਭ ਅਬਿਨਾਸ਼ੀ ਜਾਮਾ ਧਾਰੇ । ਗੁਰਮੁਖਾਂ ਦੇਵੇ ਸਚ ਸੁਗਾਤ, ਸੋਹੰ ਸ਼ਬਦ ਅਪਰ ਅਪਾਰੇ । ਨਾ ਹੋਏ ਅੰਧੇਰੀ ਕਦੇ ਰਾਤ, ਅੱਠੇ ਪਹਿਰ ਜੋਤ ਸਰੂਪ ਏਕਾ ਜੋਤ ਚਮਤਕਾਰੇ । ਗੁਰਸਿਖਾਂ ਪੁੱਛੇ ਆਪੇ ਵਾਤ, ਆਪਣੇ ਰੱਖੇ ਆਪ ਸਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਆਪ ਬਣਾਏ ਸਚ ਦੁਲਾਰੇ । ਧਰਤ ਮਾਤ ਦਰ ਪੁਕਾਰੇ । ਪ੍ਰਭ ਅਬਿਨਾਸ਼ੀ ਜਾਮਾ ਧਾਰੇ । ਜੀਵਾਂ ਜੰਤਾਂ ਸਰਬ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵੱਜਾ ਡੰਕ ਗੁਰਸਿਖਾਂ ਖਿਚ ਲਿਆਏ ਚਰਨ ਦਵਾਰੇ । ਜਾਮਾ ਧਾਰ ਭੇਵ ਛੁਪਾਇਆ । ਪਰਦਾ ਉਹਲਾ ਆਪ ਰਖਾਇਆ । ਬੇਮੁਖਾਂ ਕੱਢੇ ਪੋਲਾ ਵੇਲਾ ਅੰਤਮ ਆਇਆ । ਆਪ ਛੱਡਿਆ ਤਨ ਝੂਠਾ ਚੋਲਾ, ਜੋਤ ਸਰੂਪੀ ਜਾਮਾ ਪਾਇਆ । ਨਾ ਕੋਈ

੩੮੬
੦੩

ਸੁਘੜ ਨਾ ਸਿਆਣਾ ਪ੍ਰਭ ਅਬਿਨਾਸ਼ੀ ਭੇਵ ਨਾ ਜਾਣੇ ਕੋਈ ਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇ ਮੱਤ ਰਿਹਾ ਸਮਝਾਇਆ । ਦੇ ਮੱਤੀ ਆਪ ਸਮਝਾਇੰਦਾ । ਫੜ ਬਾਹੋਂ ਰਾਹੇ ਪਾਇੰਦਾ । ਪ੍ਰਗਟ ਹੋ ਪ੍ਰਭ ਸਾਚਾ ਦਰਸ ਦਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਅੰਤ ਮੁਕਾਇੰਦਾ । ਕਲਜੁਗ ਲੇਖਾ ਹਰਿ ਮੁਕਾਇਆ । ਸਤਿਜੁਗ ਸਾਚਾ ਮਾਤ ਧਰਾਇਆ । ਪਹਿਲੀ ਮਾਘੀ ਜਨਮ ਦਵਾਇਆ । ਸਾਚੇ ਰਾਗੀ ਸਾਚਾ ਰਾਗ ਸੋਹੰ ਸ਼ਬਦ ਸੁਣਾਇਆ । ਏਕਾ ਧੁਨ ਚਾਰ ਕੁੰਟ ਵਾਜੀ ਸਾਧਾਂ ਸੰਤਾਂ ਦਏ ਸੁਣਾਇਆ । ਜਿਸ ਪ੍ਰੀਤੀ ਹਿਰਦੇ ਲਾਗੀ, ਮੁਨ ਸੁਨ ਦੇ ਤੁੜਾਇਆ । ਸਤਿਜੁਗ ਸਾਚੇ ਨਿਹਕਲੰਕ ਤੇਰਾ ਨਾਉਂ ਵਿਚ ਮਾਤ ਧਰਾਇਆ । ਗੁਰਸਿਖ ਕਿਸਮਤ ਸੋਈ ਜਾਗੀ , ਗੁਰ ਦਰ ਦਰਸ਼ਨ ਪਾਇਆ । ਕਲਜੁਗ ਮਾਇਆ ਤਨ ਨਾ ਲਾਗੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਪ੍ਰਗਟ ਹੋ ਗੁਰ ਸੰਗਤ ਤੇਰੇ ਵਿਚ ਸਮਾਇਆ । ਪਹਿਲੀ ਮਾਘ ਸੁਹੰਵਣੀ ਰਾਤ । ਗੁਰ ਸੰਗਤ ਬਣੇ ਸਚ ਸੁਗਾਤ । ਪ੍ਰਭ ਝੋਲੀ ਪਾਏ ਸਾਚੀ ਦਾਤ । ਸੋਹੰ ਸ਼ਬਦ ਵਡ ਕਰਾਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਏ ਇਕ ਜੁੜਾਏ ਚਰਨ ਨਾਤਾ । ਸਾਚਾ ਨਾਤ ਦੇਣਾ ਬੰਨ੍ਹ । ਧਰਮ ਰਾਏ ਨਾ ਲਾਏ ਡੰਨ । ਸਾਚੇ ਧਾਮ ਆਪ ਬਹਾਏ, ਨਾ ਕੋਈ ਛੱਪਰੀ ਨਾ ਕੋਈ ਛੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਲੈ ਜਾਏ ਧਰ ਕੇ ਆਪਣੇ ਕੰਨ੍ਹ । ਕਲਜੁਗ ਉਠ ਉਠ ਤੁਰ ਜਾ । ਪ੍ਰਭ ਅਬਿਨਾਸ਼ੀ ਜਾਮਾ ਪਾਏ, ਬਾਹਰ ਕਢਾਏ ਫੜ ਕੇ ਤੇਰੀ ਬਾਂਹ । ਤਿੰਨ ਜੁਗ ਨਾ ਤੈਨੂੰ ਕੋਈ ਜਗਾਏ, ਸੌਂ ਜਾਏ ਧਰ ਸਰਾਹਣੇ ਬਾਂਹ । ਤੇਰਾ ਲੇਖਾ ਫੇਰ ਲਿਖਾਏ, ਪਹਿਲੋਂ ਸਤਿਜੁਗ ਦਵਾਏ ਥਾਂ । ਸਤਿਜੁਗ ਸਾਚੇ ਤੇਰਾ ਜਨਮ ਵਿਚ ਮਾਤ ਦਵਾਏ । ਧਰਤ ਮਾਤ ਬਣਾਏ ਤੇਰੀ ਮਾਂ । ਚਿੱਟਾ ਬਾਣਾ ਤੇਰੇ ਤਨ ਪਹਿਨਾਏ, ਸਾਧਾਂ ਸੰਤਾਂ ਰੱਖੀ ਠੰਡੀ ਛਾਂ । ਸੋਹੰ ਸ਼ਬਦ ਤੇਰੇ ਤਨ ਪਹਿਨਾਏ, ਨਾ ਲੱਗੇ ਤਤੀ ਵਾ । ਬੇੜਾ ਤੇਰਾ ਬੰਨ੍ਹ ਵਖਾਏ, ਸਾਚਾ ਨਾਮ ਚਪੂ ਲਾਏ, ਗੁਰਮੁਖ ਸਾਚੇ ਉਪਰ ਲਏ ਚੜ੍ਹਾ । ਨਗਰ ਖੇੜਾ ਆਪ ਵਸਾਏ, ਝੂਠਾ ਝੇੜਾ ਆਪ ਮੁਕਾਏ, ਗੁਰਮੁਖ ਸਾਚੇ ਆਪਣੀ ਚਰਨੀ ਲਏ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇ ਮੱਤ ਲਏ ਸਮਝਾ । ਸੋਏ ਜਾਗੋ ਪਹਿਲੀ ਮਾਘੋ । ਧੋ ਦਾਗੋ ਸੁਣੋ ਰਾਗੋ । ਬਣ ਜਾਓ ਹੰਸ ਕਾਗੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਕਲ ਪਾਇਆ ਗੁਰ ਪੂਰੇ ਦੀ ਚਰਨੀ ਲਾਗੋ । ਪਹਿਲੀ ਮਾਘ ਜਾਣਾ ਜਾਗ । ਕੁਲ ਆਪਣੀ ਨਾ ਲਾਉਣਾ ਦਾਗ । ਚਾਰ ਕੁੰਟ ਦਿਵਸ ਰੈਣ ਪ੍ਰਭ ਸਾਚਾ ਆਪਣੀ ਹੱਥੀਂ ਲਾਉਂਦਾ ਫਿਰੇ ਆਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤੀਰ ਚਲਾਏ ਕੀਆ ਸਚ ਸਵਾਂਗ । ਸਚ ਤੀਰ ਸ਼ਬਦ ਚਲਾਇਆ । ਪੀਰ ਫ਼ਕੀਰ ਸਰਬ ਹਿਲਾਇਆ । ਅਹਿਮਦ ਮੁਹੰਮਦ ਚਾਰ ਯਾਰ ਨਾ ਕੋਇ ਧੀਰ ਧਰਾਇਆ । ਗੁਰਸਿਖ ਵੇਖੋ ਕਿਵੇਂ ਪੈਂਦੀ ਮਾਰ, ਪ੍ਰਭ ਸਾਚਾ ਹੁਕਮ ਸੁਣਾਇਆ । ਵਹਿੰਦੇ ਜਾਣ ਵਹਿੰਦੀ ਧਾਰ, ਪਹਿਲੀ ਕੂਟ ਸ਼ਬਦ ਡੰਕ ਆਪ ਵਜਾਇਆ । ਆਪੇ ਜਾਣੇ ਆਪਣੀ ਸਾਰ, ਫੜਿਆ ਹੱਥ ਖੰਡਾ ਦੋ ਧਾਰ, ਕਰਦਾ ਜਾਏ ਸਰਬ ਸਫਾਇਆ । ਨਾ ਕੋਈ ਛੱਡੇ ਨਾਰੀ ਨਾਰ, ਬਾਲ ਬਿਰਧਾਂ ਨਾ ਕਰੇ ਪਿਆਰ । ਹਰਿ ਇਕੋ ਧਾਰ ਸਰਬ ਵਹਾਇਆ । ਕਰੇ ਕਰਾਏ ਸਾਚੀ ਕਾਰ, ਕਲਜੁਗ ਝੂਠਾ ਹੋ ਜਾਏ ਬਾਹਰ, ਸਤਿਜੁਗ ਤੇਰੀ ਬੰਧੇ ਸਾਚੀ ਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਆਪ ਮਿਟਾਏ ਮੁਹੰਮਦੀ ਦੀਨ । ਨਾ ਕੋਈ ਮੰਨੇ ਕਿਸੇ ਈਨ । ਰਲੇ ਰੂਸਾ ਸੰਗ ਚੀਨ ।

੩੮੭
੦੩

ਝੂਠੀ ਭੰਨੇ ਹੰਕਾਰੀ ਬੀਨ । ਝੂਠਾ ਦੇਸ ਝੂਠਾ ਵੇਸ ਅੰਤਮ ਅੰਤ ਕਲ ਲਏ ਛੀਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਵਡ ਦਾਤਾ ਪ੍ਰਬੀਨ । ਪਹਿਲੀ ਕੂਟ ਹਰਿ ਹੁਕਮ ਸੁਣਾਇਆ । ਲਾੜੀ ਮੌਤ ਫੜ ਕੇ ਆਪਣੀ ਹੱਥੀਂ ਰਾਹੇ ਪਾਇਆ । ਉਠ ਉਠ ਜਾਹ ਵੇਲਾ ਅੰਤਮ ਕਲ ਨੇੜੇ ਆਇਆ । ਪ੍ਰਭ ਅਬਿਨਾਸ਼ੀ ਜਾਮਾ ਧਾਰ ਸ਼ਬਦ ਡੰਡਾ ਮਗਰ ਲਗਾਇਆ । ਨਾ ਵੇਖੀਂ ਮਾਤ ਪਿਤ ਨਾ ਛੱਡੀਂ ਕੋਈ ਥਾਂ, ਬਚਿਆ ਕੋਈ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪੀ ਅੱਠੇ ਪਹਿਰ ਆਪੇ ਵੇਖੇ ਕਰੇ ਕਰਾਏ ਜੋ ਮਨ ਭਾਇਆ । ਲਾੜੀ ਮੌਤ ਗਈ ਭੱਜ । ਲਹੂ ਪੀਵਾਂ ਜਾ ਕੇ ਰੱਜ । ਲਾਉਣ ਨਾ ਦੇਵਾਂ ਕਿਸੇ ਅੱਜ ਪੱਜ । ਸ਼ਬਦ ਕਟਾਰਾ ਜਾਏ ਵੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪ੍ਰਗਟਾਈ ਸ਼ਬਦ ਸਰੂਪੀ ਰਿਹਾ ਗੱਜ । ਪਹਿਲੀ ਕੂਟ ਹਰਿ ਕੀਨੀ ਵੰਡ । ਜੀਵ ਜੰਤ ਸਭ ਪਾਇਣ ਡੰਡ । ਘਰ ਘਰ ਦਿਸੇ ਨਾਰ ਰੰਡ । ਕੱਚੇ ਭੱਜਣ ਝੂਠੇ ਅੰਡ । ਬੇਮੁਖਾਂ ਪ੍ਰਭ ਸਾਚੇ ਅੰਤਮ ਅੰਤ ਕੀਨੀ ਝੰਡ । ਗੂੜ੍ਹੀ ਨੀਂਦ ਸਵਾਇਆ ਵੇਖੇ ਕਰ ਕੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰਾਏ ਚੰਡ ਪ੍ਰਚੰਡ । ਪਹਿਲੀ ਕੂਟੇ ਚਲੇ ਚੰਡੀ । ਨਾ ਕੋਈ ਦੀਸੇ ਜੀਵ ਘਮੰਡੀ । ਪ੍ਰਭ ਪਾਉਂਦਾ ਜਾਏ ਸਭ ਦੀ ਵੰਡੀ । ਚਾਰੋਂ ਤਰਫ ਵਹੀਰ ਕਰਾਏ, ਨਾ ਦੀਸੇ ਕੋਈ ਰਾਹ ਡੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰ ਖੰਡੀ ਖੰਡੀ । ਪਹਿਲੀ ਕੂਟ ਆਪ ਮੁਕਾਏ । ਦੂਜਾ ਹੁਕਮ ਫੇਰ ਸੁਣਾਏ । ਵਰਤੇ ਵਰਤਾਵੇ ਜੋ ਮਨ ਭਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਆਪ ਹਰਿ ਰਾਏ । ਗੁਰ ਪੂਰੇ ਧਾਰ ਬੰਧਾਈ ਹੈ । ਸਤਿਜੁਗ ਸਾਚੇ ਤੇਰੀ ਬਣਤ ਬਣਾਈ ਹੈ । ਮਹਿੰਮਾ ਅਗਣਤ ਨਾ ਗਣੀ ਜਾਈ ਹੈ । ਬੇਅੰਤ ਬੇਅੰਤ ਕਹੇ ਸਰਬ ਲੋਕਾਈ ਹੈ । ਗੁਰਮੁਖ ਸਾਚੇ ਆਪਣੇ ਭੇਵ ਰਿਹਾ ਖੁਲਾਈ ਹੈ । ਸਰਬ ਭੁੱਲੇ ਜੀਵ ਜੰਤ, ਨਾ ਸਾਰ ਕਿਸੇ ਪਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪੇ ਆਪ ਵਰਤਾਈ ਹੈ । ਆਪਣੀ ਖੇਲ ਹਰਿ ਆਪ ਵਰਤਾਈ ਹੈ । ਦੂਜੇ ਸਿਰ ਨਾ ਭਾਰ ਰਖਾਈ ਹੈ । ਤਾਅਨਾ ਮਿਹਣਾ ਕਿਆ ਕੋਈ ਦੇਵੇ, ਡੋਰ ਆਪਣੇ ਹੱਥ ਰਖਾਈ ਹੈ । ਸਾਚਾ ਮਾਣ ਤਾਣ ਹਰਿ ਆਪੇ ਦੇਵੇ, ਗੁਰਸਿਖਾਂ ਦੇ ਵਡਿਆਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਬਣਤ ਰਿਹਾ ਬਣਾਈ ਹੈ । ਆਦਿ ਅੰਤ ਹਰਿ ਬਣਤ ਬਣਾਏ । ਸਾਚੇ ਸੰਤ ਹਰਿ ਆਪ ਵਡਿਆਏ । ਜੀਵ ਜੰਤ ਵਿਚੋਂ ਫੜ ਹਰਿ ਬਾਹਰ ਕਢਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਆਪੇ ਲਾਏ । ਪਹਿਲਾ ਲੇਖਾ ਆਪ ਚੁਕਾਇਆ । ਆਪਣਾ ਭੇਵ ਨਾ ਕਿਸੇ ਵਖਾਇਆ । ਅਚਰਜ ਖੇਲ ਪਾਰਬ੍ਰਹਮ ਆਪਣਾ ਆਪ ਕਰਾਇਆ । ਗੁਰ ਤੇਗ ਬਹਾਦਰ ਨਾਂਵੇ ਗੁਰ, ਜਨਮ ਫੇਰ ਮਾਤ ਦਵਾਇਆ । ਜੋਤ ਸਰੂਪੀ ਕਿਰਪਾ ਕਰ, ਆਪਣਾ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਦਰ ਸਾਚੇ ਸਾਚਾ ਮਾਣ ਦਵਾਇਆ । ਤੇਗ ਬਹਾਦਰ ਗੁਰ ਵਡਿਆਈ । ਮਾਤਲੋਕ ਹਰਿ ਜਨਮ ਦਵਾਈ । ਆਪਣਾ ਆਪ ਸੰਗ ਰਖਾਈ । ਜਿਉਂ ਅੰਗਦ ਨਾਨਕ ਅੰਗ ਲਗਾਈ । ਸਾਧ ਸੰਗਤ ਗੁਰ ਪੂਰੇ ਨੂੰ ਦਿਓ ਵਧਾਈ । ਜੁਗਾਂ ਜੁਗਾਂ ਵਿਛੜਿਆਂ ਗੁਰ ਸੰਗਤ ਮੇਲ ਮਿਲਾਈ । ਆਪਣਾ ਭਾਣਾ ਆਪੇ ਜਾਣੇ, ਕੋਈ ਜੀਵ ਕਹਿ ਸਕੇ ਨਾ ਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਮਾਤ ਪਿਤ ਆਪੇ ਬਣੇ ਭੈਣ ਭਾਈ । ਸਾਚਾ ਜਨਮ ਮਾਤ ਦਵਾਇਆ । ਆਪਣਾ ਆਪ ਨਾਲ ਉਪਾਇਆ ।

੩੮੮
੦੩

ਸਿੰਘ ਪਾਲ ਹਰਿ ਨਾਮ ਰਖਾਇਆ । ਏਕਾ ਸ਼ਬਦ ਹਰਿ ਸਾਚੇ, ਗੁਰਸਿਖ ਪੂਰੇ ਆਖ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਸ੍ਰਿਸ਼ਟ ਸਬਾਈ ਰਿਹਾ ਛੁਪਾਇਆ । ਏਕਾ ਸ਼ਬਦ ਦੀਆ ਸਿੱਖ ਪੂਰੇ । ਜਿਸ ਵਸਿਆ ਆਤਮ ਨਾ ਹੋਇਆ ਦੂਰੇ । ਦਿਵਸ ਰੈਣ ਅੱਠੇ ਪਹਿਰ ਰੱਖੇ ਸ਼ਬਦ ਤੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜਾਮਾ ਪਾਇਆ । ਨਾਥ ਤ੍ਰਲੋਕੀ ਕਰਕੇ ਜਾਏ ਕਾਰਜ ਪੂਰੇ । ਪੂਰਾ ਕਾਰਜ ਆਪ ਕਰਾਉਣਾ । ਤੀਨ ਲੋਕ ਹਰਿ ਆਪ ਉਲਟਾਉਣਾ । ਸੱਚਾ ਕਰਮ ਹਰਿ ਸਾਚੇ ਵਿਚ ਮਾਤ ਆਪਣੀ ਹੱਥੀਂ ਆਪ ਵਰਤਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਆਤਮ ਅੰਮ੍ਰਿਤ ਮੇਘ ਆਪ ਬਰਸਾਉਣਾ । ਸਿੰਘ ਪਾਲ ਆਪ ਜਗਾਇਆ । ਬਾਲ ਅਵਸਥਾ ਦਰਸ ਦਿਖਾਇਆ । ਕਾਹਨਾ ਕ੍ਰਿਸ਼ਨਾ ਪ੍ਰਗਟ ਹੋਏ ਬਾਹੋਂ ਪਕੜ ਗਲੇ ਲਗਾਇਆ । ਉਠ ਅਨਭੋਲ ਸੁੱਤਿਆ, ਘਨਕਪੁਰੀ ਹਰਿ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪੇ ਆਪ ਸਮਾਇਆ । ਗੁਰਸਿਖ ਸਾਚਾ ਲਏ ਉਠਾਏ । ਸਚ ਵਿਚੋਲਾ ਗੁਰਸਿਖ ਰਖਾਏ । ਪੜਦਾ ਉਹਲਾ ਨਾ ਕੋਈ ਰਖਾਏ । ਸ਼ਬਦ ਬੋਲਾ ਇਕ ਸੁਣਾਏ । ਆਪਣੀ ਹੱਥੀਂ ਤੋਲ ਪੂਰੇ ਤੋਲਾ, ਨਾ ਘਾਟ ਕੋਈ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੰਗ ਇਕ ਲਿਆਇਆ ਸ਼ਬਦ ਡੋਲਾ, ਆਪਣੀ ਹੱਥੀਂ ਉਪਰ ਚੜ੍ਹਾਏ । ਸ਼ਬਦ ਡੋਲਾ ਆਪ ਲੈ ਆਇਆ । ਪਾਲ ਸਿੰਘ ਨੂੰ ਹੁਕਮ ਸੁਣਾਇਆ । ਉਠ ਲਾਲ ਪ੍ਰਭ ਦਰ ਤੇਰੇ ਤੇ ਆਇਆ । ਕਰ ਦਰਸ ਹੋ ਨਿਹਾਲ, ਜੋਤ ਸਰੂਪੀ ਹਰਿ ਲਏ ਜੋਤ ਮਿਲਾਇਆ । ਅੱਗੋਂ ਕਰੇ ਦੋਏ ਜੋੜ ਚਰਨ ਨਿਮਸਕਾਰ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਨਾ ਸੁਣੇ ਪੁਕਾਰ ਸੱਚੀ ਸਰਕਾਰ, ਵੇਲਾ ਅੰਤਮ ਨੇੜੇ ਆਇਆ । ਤਿੰਨ ਲੋਕਾਂ ਦੀ ਬੱਧੀ ਧਾਰ, ਭਾਣਾ ਆਪਣੇ ਹੱਥ ਰਖਾਇਆ । ਉਠ ਸਿੱਖ ਹੋ ਅਸਵਾਰ, ਸਚ ਰਥ ਪ੍ਰਭ ਸਾਚਾ ਘਰ ਤੇਰੇ ਲੈ ਆਇਆ । ਇਕੋ ਮਾਰ ਸ਼ਬਦ ਉਡਾਰ, ਅੰਤਮ ਅੰਤ ਹਰਿ ਕਲ ਬ੍ਰਹਮੇ ਵਕਤ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਆਪੇ ਕਰ, ਸਾਚੇ ਧਾਮ ਆਪਣੀ ਹੱਥੀਂ ਦਏ ਬਹਾਇਆ । ਦੂਜੀ ਬੱਧੀ ਫੇਰ ਧਾਰ । ਵੀਹ ਸੌ ਸੱਤ ਬਿਕ੍ਰਮੀ ਸਪਤਮ ਜੇਠ ਕਰ ਵਿਚਾਰ । ਸਿੰਘ ਸਵਰਨ ਹੋ ਉਠ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਤੇਰੇ ਪਹਿਲੇ ਆਏ ਗੁਰ ਸੰਗਤ ਨਾਲ ਲੈ ਦੁਲਾਰ । ਸਿੰਘ ਸਵਰਨ ਹੋ ਤਿਆਰ । ਬੇਮੁਖ ਕਲਜੁਗ ਵਿਚੋਂ ਹੋਇਆ ਬਾਹਰ । ਹਰਿ ਚਰਨ ਕਰ ਪਿਆਰ ਮਿਲੇ ਸਾਚਾ ਸੁੱਖ, ਰੋਗ ਸੋਗ ਜਗਤ ਨਿਵਾਰ । ਤੇਰੀ ਉਤਰੇ ਭੁੱਖ, ਕਰ ਦਰਸ ਹਰਿ ਨਿਰੰਕਾਰ । ਸੁਫਲ ਕਰਾਏ ਮਾਤ ਕੁੱਖ, ਫਿਰ ਜਨਮ ਨਾ ਆਵੇ ਦੂਜੀ ਵਾਰ । ਤੇਰੀ ਕਾਇਆ ਲਗਾਏ ਸਾਚਾ ਫਲ ਨਾ ਜਾਏ ਸੁੱਕ, ਤੇਰੇ ਹਰੇ ਰਹਿਣ ਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਰਦਾ ਰਹੇ ਸਦਾ ਸਦਾ ਪ੍ਰਿਤਪਾਲ । ਸਪਤਮ ਜੇਠ ਸਤਿ ਸਰੂਪ । ਮਹਿੰਮਾ ਕੀਨੀ ਜਗਤ ਅਨੂਪ । ਨਜ਼ਰ ਨਾ ਆਇਆ ਜਿਸ ਖੇਲ ਰਚਾਇਆ, ਨਾ ਕੋਈ ਵੇਖੇ ਰੰਗ ਰੂਪ । ਜੋਤ ਸਰੂਪੀ ਜਾਮਾ ਪਾਇਆ, ਆਪੇ ਬਣ ਜਾਏ ਵਡ ਸ਼ਾਹੋ ਵਡ ਵਡ ਭੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪ ਪਰੋਇਆ ਸੋਹੰ ਸਾਚੇ ਸੂਤ । ਸਿੰਘ ਸਵਰਨ ਕਰ ਤਿਆਰ । ਆਪ ਹੋਇਆ ਨਾਲ ਪਹਿਰੇਦਾਰ । ਇਕ ਲਵਾਈ ਸ਼ਬਦ ਉਡਾਰ । ਚੜ੍ਹਦਾ ਜਾਏ ਵਾਰੋ ਵਾਰ । ਆਪ ਬਹਾਏ ਸਚ ਘਰ ਬਾਹਰ । ਧਰੂ ਦਰਬਾਨ ਅੰਤਮ ਕਲ ਆਈ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਆਪੇ ਪਾਵੇ ਸਰਬ ਸਾਰ । ਚੌਥੇ ਜੁਗ ਵਕਤ ਚੁਕਾਇਆ । ਭਗਤ

ਧਰੂ ਵਿਚ ਜੋਤੀ ਮੇਲ ਮਿਲਾਇਆ । ਗੁਰਸਿਖ ਸਾਚਾ ਵਿਚੋਂ ਮਾਤ ਧੂਹ ਆਪਣੀ ਸਰਨ ਬਹਾਇਆ । ਝੂਠੀ ਕਾਇਆ ਘਰ ਵਿਚ ਦਿਸੇ ਨਾ ਹਾਂ ਨਾ ਹੂੰ, ਸਾਰਾ ਬੰਸ ਦੇ ਦੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗਤ ਦਰ ਬਹਾਈ, ਇਕੋ ਸ਼ਬਦ ਦਏ ਪੜ੍ਹਾਇਆ । ਬੰਸ ਸਾਰਾ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਘਰ ਖਿੜੀ ਸੱਚੀ ਗੁਲਜ਼ਾਰ । ਗੁਰਸਿਖ ਸਾਚਾ ਘਰ ਸਾਚੇ ਹੋਇਆ ਨਾਲ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੀ ਆਪ ਚੜ੍ਹਾਇਆ, ਸਿਰ ਬੰਨ੍ਹੀ ਚਿੱਟੀ ਦਸਤਾਰ । ਸਿਰ ਦਸਤਾਰਾ ਦਿਤਾ ਬੰਨ੍ਹ । ਆਪ ਉਠਾਇਆ ਆਪਣੇ ਕੰਨ੍ਹ । ਮਾਤਲੋਕ ਵਿਚ ਚੜ੍ਹਿਆ ਚੰਨ । ਭੈਣਾਂ ਭਾਈਆਂ ਦੇਵੇ ਧੀਰਜ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਕਹੇ ਧੰਨ ਧੰਨ । ਸਿੰਘ ਚੇਤ ਅਰਜ਼ ਗੁਜਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਸੁਣ ਪੁਕਾਰੇ ਕੀ ਵਰਤੇ ਕਲਜੁਗ ਵਰਤਾਰੇ । ਸਾਚਾ ਸੁਤ ਘਰ ਮੇਰੇ ਸੁੱਤਾ ਪੈਰ ਪਸਾਰੇ । ਕਿਰਪਾ ਕਰ ਜੋਤ ਧਰ ਮੈਂ ਗਲੇ ਲਗਾਵਾਂ ਭੁਜਾ ਪਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਸੁਣਾਏ ਗੁਰਮੁਖ ਸਾਚੇ ਪਾਰ ਉਤਾਰੇ । ਸਨਮੁਖ ਗੁਰਸਿਖ ਬਹਾਇਆ । ਗੁਰ ਪੂਰੇ ਸਾਚਾ ਸ਼ਬਦ ਸੁਣਾਇਆ । ਚੇਤ ਸਿੰਘ ਮਨ ਗਿਆ ਮੰਨ, ਨੇਤਰ ਨੀਰ ਨਾ ਇਕ ਵਹਾਇਆ । ਹੱਸ ਹੱਸ ਖੁਸ਼ੀ ਮੰਗ ਤੇਰੀ ਵਸਤ ਹਰਿ ਤੂੰ ਆਪੇ ਲੈ ਘਰ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਆਪੇ ਆਪ ਸਮਾਇਆ । ਧਰੂ ਦਰਬਾਨ ਹੋਇਆ ਦੂਰ । ਸਿੰਘ ਸਵਰਨ ਬੈਠਾ ਜਾ ਹਜ਼ੂਰ । ਦੇਵੇ ਦਰਸ ਕਰ ਤਰਸ, ਅੰਮ੍ਰਿਤ ਮੇਘ ਰਿਹਾ ਬਰਸ ਸਾਚਾ ਨਾਮ ਦੇਵੇ ਸਰੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਸਰਬ ਕਲਾ ਭਰਪੂਰ । ਕਲਜੁਗ ਵੇਲਾ ਨੇੜੇ ਆਇਆ । ਪ੍ਰਭ ਅਬਿਨਾਸ਼ੀ ਸਾਚਾ ਲੇਖਾ ਆਪ ਕਰਾਇਆ । ਜਗਤ ਭੁਲੇਖਾ ਕੱਢ ਵਖਾਇਆ । ਜੋ ਜਨ ਰਹੇ ਵੇਖੀ ਵੇਖਾ, ਵੇਲਾ ਗਿਆ ਹੱਥ ਨਾ ਆਇਆ । ਨਾ ਜਾਣੇ ਕੋਈ ਔਲੀਆ ਪੀਰ ਸ਼ੇਖਾ, ਪ੍ਰਭ ਸਾਚਾ ਕਿਸੇ ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਲੇਖਾ ਲਿਖਣਹਾਰ ਆਪ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ, ਜੋ ਕਿਛ ਕਰੇ ਕਰਾਇਆ । ਆਪਣਾ ਭਾਣਾ ਆਪੇ ਕਰ । ਭਾਗ ਲਗਾਏ ਸਾਚੇ ਘਰ । ਪ੍ਰਗਟ ਹੋਏ ਜੋਤ ਸਰੂਪ, ਗੁਰ ਸੰਗਤ ਲਿਆ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰਨੀ ਰਿਹਾ ਕਰ । ਸਚ ਵਿਹਾਰ ਸਚ ਕਰਤਾਰ । ਸ੍ਰਿਸ਼ਟ ਸਬਾਈ ਪ੍ਰਭ ਸਾਚਾ ਬੰਧੇ ਸਾਚੀ ਧਾਰ । ਰੈਣ ਸਬਾਈ ਗੁਰ ਸੰਗਤ ਕੀਆ ਮੰਗਲਾਚਾਰ । ਅੰਮ੍ਰਿਤ ਵੇਲਾ ਪਹਿਲੀ ਮਾਘੀ, ਰੁੱਤ ਸੁਹਾਈ ਕਿਰਪਾ ਕਰ ਹਰਿ ਦਾਤਾਰ । ਨਾ ਕਿਸੇ ਸੋਵਣਾ ਬਿਰਧ ਬਾਲ ਜਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਚਨਾ ਆਪੇ ਜਾਣੇ ਨਾ ਕੋਈ ਆਖੇ ਆਖ ਵਖਾਣੇ, ਏਕਾ ਸ਼ਬਦ ਧੁਰ ਫ਼ਰਮਾਣ । ਕਲਜੁਗ ਅੰਤਮ ਹਰਿ ਵਿਚਾਰਿਆ । ਆਪਣਾ ਰੰਗ ਆਪਣਾ ਸੰਗ ਆਪ ਨਿਵਾਰਿਆ । ਸ਼ਬਦ ਸਰੂਪੀ ਸਾਚਾ ਤੰਗ, ਆਪ ਕਸਾ ਰਿਹਾ । ਕਲਜੁਗ ਜੀਵ ਭੰਨੇ ਜਿਉਂ ਕਾਚੀ ਵੰਗ, ਨਾ ਕੋਈ ਅਟਕਾ ਰਿਹਾ । ਸ੍ਰਿਸ਼ਟ ਸਬਾਈ ਹੋਏ ਜੰਗ, ਸਾਚੀ ਭੱਠੀ ਆਪ ਚੜ੍ਹਾ ਰਿਹਾ । ਲੱਖ ਚੁਰਾਸੀ ਹੋਏ ਭੰਗ, ਨਾ ਹਰਿ ਕਿਸੇ ਵਿਚਾਰਿਆ । ਗੁਰਸਿਖ ਸਾਚੇ ਪਾਰ ਜਾਇਣ ਲੰਘ, ਚਰਨ ਸੇਵ ਜਿਸ ਲਗਾ ਰਿਹਾ । ਹੋਏ ਸਹਾਈ ਅੰਗ ਸੰਗ, ਨਾ ਭੇਵ ਕੋਈ ਛੁਪਾ ਰਿਹਾ । ਸਾਚੀ ਮੰਗੋ ਪ੍ਰਭ ਦਰ ਮੰਗ, ਪ੍ਰਭ ਭੇਵ ਸਰਬ ਚੁਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਟੇ ਭੁੱਖ ਨੰਗ, ਜੋ ਜਨ ਦਰ ਆਏ ਭੁੱਲ ਬਖ਼ਸ਼ਾ ਰਿਹਾ । ਭੁੱਖ ਨੰਗ ਹਰਿ

ਕਰੇ ਦੂਰ । ਦੇਵੇ ਦਰਸ ਸਾਚੇ ਘਰ ਜੋ ਆਏ ਹਜ਼ੂਰ । ਗੁਰਸਿਖ ਨਾ ਜਾਏ ਕੋਈ ਡਰ, ਪ੍ਰਭ ਵਡ ਦਾਤਾ ਵਡ ਸੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਈ ਚਾਰ ਕੁੰਟ ਕਰਾਏ ਨੂਰੋ ਨੂਰ । ਏਕਾ ਜੋਤ ਨੂਰ ਨੁਰਾਨੀ । ਰਹਿਣ ਨਾ ਦੇਵੇ ਕੋਇ ਦੁਰਾਨੀ । ਵੇਖੇ ਕੋਈ ਰਹਿਣ ਨਾ ਪਾਏ ਜੀਵ ਸ਼ੈਤਾਨੀ । ਏਕਾ ਸ਼ਬਦ ਤੀਰ ਚਲਾਏ, ਸੀਨੇ ਵੱਜੇ ਸਾਚੀ ਕਾਨੀ । ਪੀਰ ਫਕੀਰ ਸਰਬ ਮਿਟਾਏ, ਨਾ ਕੋਈ ਦਿਸੇ ਨੀਲਾ ਬਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਪਹਿਲੀ ਦੇਵੇ ਇਕ ਨਿਸ਼ਾਨੀ । ਪਹਿਲਾ ਲਾਇਆ ਇਕ ਨਿਸ਼ਾਨਾ । ਅਚਰਜ ਕੀਆ ਖੇਲ ਵਾਲੀ ਦੋ ਜਹਾਨਾਂ । ਆਪ ਮਿਟਾਏ ਵਡ ਵਡ ਸ਼ਾਹ ਸੁਲਤਾਨਾ । ਰਾਓ ਰੰਕ ਰੰਕ ਰਾਓ ਏਕਾ ਥਾਉਂ ਬਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚ ਨੀਚ ਭਰਮ ਸਭ ਮਿਟਾਨਾ । ਹਰਿਜਨ ਏਕਾ ਥਾਉਂ । ਹਰਿਜਨ ਏਕਾ ਨਾਉਂ । ਹਰਿਜਨ ਏਕਾ ਛਾਉਂ । ਹਰਿਜਨ ਪ੍ਰਭ ਅਬਿਨਾਸ਼ੀ ਆਪ ਲਗਾਏ ਆਪਣੇ ਪਾਉਂ । ਹਰਿਜਨ ਹਰਿ ਦਵਾਰ । ਹਰਿਜਨ ਹਰਿ ਚਰਨ ਪਿਆਰ । ਹਰਿਜਨ ਹਰਿ ਦੇਵੇ ਦਰਸ ਅਗੰਮ ਹੈ । ਹਰਿਜਨ ਮਿਟਾਏ ਹਰਸ, ਆਪ ਸੁਹਾਏ ਆਤਮ ਦਰ ਦਵਾਰ । ਹਰਿਜਨ ਅੰਮ੍ਰਿਤ ਮੇਘ ਦੇਵੇ ਬਰਸ, ਕਾਇਆ ਕਰੇ ਠੰਡੀ ਠਾਰ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗੇ ਕਰਤਾਰ । ਹਰਿਜਨ ਹਰਿ ਸੁਖ । ਹਰਿਜਨ ਉਤਰੇ ਭੁੱਖ । ਹਰਿਜਨ ਉਜਲ ਮੁਖ । ਹਰਿਜਨ ਉਲਟਾ ਹੋਏ ਨਾ ਮਾਤ ਗਰਭ ਵਿਚ ਰੁੱਖ । ਹਰਿਜਨ ਦਿਵਸ ਰੈਣ ਸਦਾ ਸੁੱਖਣਾ ਰਹੇ ਸੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਤ੍ਰਿਸ਼ਨਾ ਭੁੱਖ । ਹਰਿਜਨ ਹਰਿ ਸਾਚਾ ਜਾਣ । ਹਰਿਜਨ ਹਰਿ ਨੇਤਰ ਪੇਖ, ਦਰਸ ਵਿਸ਼ਨੂੰ ਭਗਵਾਨ । ਹਰਿਜਨ ਲਿਖਾਏ ਸਾਚੇ ਲੇਖ, ਪਿਛਲੇ ਲੇਖ ਸਰਬ ਮਿਟ ਜਾਣ । ਹਰਿ ਦਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਵੇ ਮਿਲਾਵਾ ਵਾਲੀ ਦੋ ਜਹਾਨ । ਹਰਿਜਨ ਹਰਿ ਹਰਿ ਵੇਖ । ਹਰਿਜਨ ਧਰੇ ਜੋਤ ਧਾਰੇ ਭੇਖ । ਹਰਿਜਨ ਆਪ ਮਿਟਾਏ ਤੇਰੀ ਲਿਖੀ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਰਹਿਣ ਨਾ ਦੇਵੇ ਕੋਈ ਔਲੀਆ ਪੀਰ ਸ਼ੇਖ਼ । ਹਰਿਜਨ ਜਗਤ ਮੂਲ । ਹਰਿਜਨ ਹਰਿ ਨਾ ਭੂਲ । ਹਰਿਜਨ ਵਿਚ ਮਾਤ ਫਲ ਫੂਲ । ਹਰਿਜਨ ਬੇਮੁਖਾਂ ਲਗਾਏ ਪ੍ਰਭ ਸਾਚਾ ਇਕ ਤਰਸੂਲ । ਸਾਚਾ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਆਸਣ ਡੇਰਾ ਲਾਏ ਜਿਸ ਦਾ ਨਾ ਕੋਈ ਪਾਵਾ ਨਾ ਕੋਈ ਚੂਲ । ਹਰਿਜਨ ਹਰਿ ਹਰਿ ਮਨ ਮੰਨ । ਹਰਿਜਨ ਭਾਂਡਾ ਭਰਮ ਆਤਮ ਭੰਨ । ਹਰਿਜਨ ਹਰਿ ਸ਼ਬਦ ਸੁਣ ਕੰਨ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਬੇੜਾ ਦੇਵੇ ਬੰਨ੍ਹ । ਹਰਿਜਨ ਹਰਿ ਦਵਾਰ । ਹਰਿਜਨ ਹਰਿ ਚਰਨ ਨਿਮਸਕਾਰ । ਹਰਿਜਨ ਮਿਲ ਹਰਿ ਸਚ ਭਤਾਰ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰੇ ਸਦ ਪਿਆਰ । ਹਰਿਜਨ ਹਰਿ ਮਨ ਭਾਏ । ਹਰਿਜਨ ਹਰਿ ਦਰਸ ਦਿਖਾਏ । ਹਰਿਜਨ ਕਰ ਤਰਸ, ਕਲਜੁਗ ਅੰਤਮ ਵੱਖ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਛਾਣੇ ਪੁਣੇ ਲੱਖਾਂ ਵਿਚੋਂ ਕੋਈ ਇਕ ਹੱਥ ਨਾ ਆਏ । ਸ੍ਰਿਸ਼ਟ ਸਬਾਈ ਛਾਣ ਪੁਣ । ਗੁਰਮੁਖਾਂ ਜਾਣੇ ਆਪੇ ਗੁਣ । ਸ੍ਰਿਸ਼ਟ ਸਬਾਈ ਵਿਚੋਂ ਲਏ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਰੀਬ ਨਿਮਾਣਿਆਂ ਜਗਤ ਨਿਤਾਣਿਆਂ ਲਏ ਪੁਕਾਰ ਸੁਣ । ਸੁਣ ਪੁਕਾਰ ਹਰਿ ਦਾਤਾਰ । ਏਕਾ ਏਕ ਸਚ ਵਿਹਾਰ । ਸਾਚੀ ਬੱਧੀ ਜਗਤ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ

ਆਪੇ ਢਾਹੇ ਨਾ ਕੋਈ ਪਾਵੇ ਸਾਰ । ਜਗਤ ਧਾਰ ਆਪ ਬੰਧਾਏ । ਸ਼ਬਦ ਅਸਵਾਰ ਆਪ ਅਖਵਾਏ । ਇਕ ਅਕਾਰ ਸਰਬ ਥਾਈਂ ਰਹਾਵੇ । ਵੇਖੇ ਵਿਗਸੇ ਕਰੇ ਵਿਚਾਰ, ਨਾ ਕੋਈ ਸਕੇ ਭੇਵ ਛੁਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਏ । ਸਚ ਕਰਮ ਕਲਜੁਗ ਰੀਤੀ । ਸਤਿਜੁਗ ਸਾਚੇ ਸਚ ਵਸਤ ਹਰਿ ਸਾਚੇ ਦੀਤੀ । ਮਾਤ ਜੋਤ ਧਰ ਕਾਇਆ ਕੀਨੀ ਸੀਤਲ ਸੀਤੀ । ਛੋਟਾ ਬਾਲਾ ਭੇਟ ਕਰ ਗੁਰਸਿਖ ਕਾਇਆ ਕੀਤੀ ਪਤਿਤ ਪੁਨੀਤੀ । ਛੋਟਾ ਬਾਲ ਹਰਿ ਲਿਆ ਸੰਭਾਲ । ਗੋਦ ਆਪਣੀ ਪ੍ਰਭ ਲਿਆ ਬਠਾਲ । ਉਤੇ ਦਿਤਾ ਇਕ ਚਿੱਟਾ ਰੁਮਾਲ । ਸਾਚਾ ਮਾਲ ਧਨ ਹਰਿ ਝੋਲੀ ਪਾਇਆ, ਦਰਗਹਿ ਸਾਚੀ ਨਾ ਹੋਏ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਫਲ ਲਗਾਇਆ ਆਤਮ ਡਾਲ । ਸਾਚੇ ਲਾਲ ਹਰਿ ਹੁਕਮ ਸੁਣਾਇਆ । ਆਪਣੀ ਹੱਥੀ ਦੇਹ ਛੁਡਾਇਆ । ਸਿਧੇ ਰਾਹੇ ਆਪੇ ਪਾਇਆ । ਇੰਦਰਪੁਰੀ ਵਿਚ ਵਸਾਇਆ । ਸੁਰਪਤ ਰਾਜਾ ਇੰਦ ਬਾਹੋਂ ਪਕੜ ਤਖ਼ਤੋਂ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਦੇ ਮੱਤ ਸਮਝਾਏ, ਨਿਹਕਲੰਕ ਕਲ ਜਾਮਾ ਪਾਇਆ । ਪੁਰੀ ਇੰਦਰ ਗਿਆ ਸਚ ਘਰ । ਪ੍ਰਭ ਅਬਿਨਾਸ਼ੀ ਦਿਤਾ ਸਾਚੇ ਲਾਲ ਸੋਹੰ ਵਰ । ਸ਼ਬਦ ਸੋਹੰ ਸਾਚਾ ਸ਼ਬਦ ਵਿਚ ਪੁਰੀ ਕਰੋੜ ਤੇਤੀਸ ਅੱਗੇ ਜਾਏ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਰਹੇ ਕਰ । ਛੋਟੇ ਬਾਲੇ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਪਕੜੀ ਬਾਂਹ । ਆਪ ਬਹਾਏ ਸਾਚੇ ਥਾਂ । ਜਿਥੇ ਕੋਈ ਜਾਏ ਨਾ । ਸਾਚਾ ਨਾਮ ਰਸਨਾ ਰਿਹਾ ਜਣਾ । ਸੋਹੰ ਸ਼ਬਦ ਰਸਨਾ ਗਾਓ, ਪ੍ਰਭ ਅਬਿਨਾਸ਼ੀ ਦੇਵੇ ਦਇਆ ਕਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਨਸ ਜਨਮ ਦਵਾਏ, ਤੁਹਾਡੀ ਬਣਤ ਦਏ ਬਣਾ । ਸੋਹੰ ਸ਼ਬਦ ਰਸਨਾ ਗਾਓ । ਸਤਿਜੁਗ ਸਾਚੇ ਜਨਮ ਪਾਓ । ਪ੍ਰਭ ਅਬਿਨਾਸ਼ੀ ਚਰਨ ਸੇਵ ਕਮਾਓ । ਆਪਣਾ ਲੇਖਾ ਫੇਰ ਲਿਖਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਅਮਰਾ ਪਦ ਪਾਓ । ਕਰੋੜ ਤੇਤੀਸ ਸਰਬ ਪੁਕਾਰਨ । ਪ੍ਰਭ ਪੂਰੇ ਨੂੰ ਅਵਾਂਜਾਂ ਮਾਰਨ । ਪਿਛਲੇ ਅਵਗੁਣ ਬਖ਼ਸ਼ ਜੋ ਕੀਤੇ ਕਾਰਨ । ਭੋਗ ਅਪੱਛਰਾਂ ਨਾਰ ਹੋਏ ਹੰਕਾਰਨ । ਏਕਾ ਮਾਰ ਸ਼ਬਦ ਖੰਡਾ ਦੋ ਧਾਰ, ਦੂਈ ਦਵੈਤ ਪੜਦੇ ਪਾੜਨ । ਸਤਿਜੁਗ ਸਾਚੇ ਪਾ ਸਾਚੀ ਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਕਾਰਨ । ਛੋਟੇ ਬਾਲੇ ਦਿਤੀ ਮੱਤ । ਬਹੱਤਰ ਨਾੜਾਂ ਉਬਲੀ ਰੱਤ । ਦਿਵਸ ਰੈਣ ਅੱਠੇ ਪਹਿਰ ਸੋਹੰ ਸ਼ਬਦ ਰਸਨਾ ਰਹੇ ਘੱਤ । ਕਲਜੁਗ ਵੇਲਾ ਅੰਤਮ ਆਇਆ, ਸਤਿਜੁਗ ਸਾਚੇ ਆਇਆ ਵੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਾਡੀ ਆਤਮ ਦੇਵੇ ਸਾਚਾ ਬੀਜ ਘੱਤ । ਛੋਟੇ ਬਾਲੇ ਆਖ ਸੁਣਾਇਆ । ਪ੍ਰਭ ਅਬਿਨਾਸ਼ੀ ਕਿਉਂ ਮਨੋਂ ਭੁਲਾਇਆ । ਝੂਠੇ ਵਹਿਣ ਆਪਣਾ ਆਪ ਗਵਾਇਆ । ਨਾ ਕੋਈ ਚੁਕਾਏ ਲਹਿਣ ਦੇਣ, ਨਾ ਕੋਈ ਹੋਏ ਸਹਾਇਆ । ਮਾਤਲੋਕ ਹਰਿ ਜਾਮਾ ਧਾਰੇ ਵੇਖੋ ਜਾਏ ਆਪਣੇ ਨੈਣ, ਨਿਹਕਲੰਕ ਨਾਮ ਰਖਾਇਆ । ਜਿਸ ਦਾ ਨਾ ਕੋਈ ਮਾਤ ਪਿਤ ਨਾ ਭਾਈ ਭੈਣ, ਗੁਰ ਸੰਗਤ ਹਿੱਤ ਰੱਖਦਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪਣਾ ਆਪ ਕਮਾਇਆ । ਛੋਟਾ ਬਾਲਾ ਦਏ ਦੁਹਾਈ । ਕਲਜੁਗ ਆਇਆ ਸਾਚਾ ਮਾਹੀ । ਜਿਹੜਾ ਫੜਦਾ ਦੋਵੇਂ ਬਾਹੀਂ । ਸਿੰਘ ਸਿੰਘਾਸਣ ਸਚ ਤਖ਼ਤ ਬੈਠਾ ਸੁਲਤਾਨ, ਭੇਵ ਨਾ ਰੱਖਦਾ ਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟਾ ਕਾਕਾ ਬਾਲ ਅੰਞਾਣਾ ਆਪਣੀ ਗੋਦੀ ਬੈਠਾ ਆਪ ਉਠਾਈ । ਬੈਠ ਗੋਦ ਲਾਲ ਦੁਲਾਰਾ । ਸਤਿਜੁਗ ਦਾ


੩੯੨ ੦੩

ਚੰਦ ਸਤਾਰਾ । ਸ੍ਰਿਸ਼ਟ ਸਬਾਈ ਲੱਗੇ ਪਿਆਰਾ । ਆਪ ਬੰਨ੍ਹੇ ਪ੍ਰਭ ਸਾਚਾ ਸਾਚੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ, ਗੁਰ ਸੰਗਤ ਤੇਰਾ ਵੱਡਾ ਭਾਰ ਉਹਦੇ ਸਿਰ ਰਖਾਇਆ । ਬਾਹੋਂ ਪਕੜ ਗੁਰਸਿਖਾਂ ਅੱਗੇ ਲਾਇਆ । ਗੁਰਸਿਖਾਂ ਅੱਗੇ ਦਿਤਾ ਲਾ । ਆਪ ਚੜ੍ਹਾਇਆ ਸਾਚਾ ਚਾਅ । ਆਪ ਰਖਾਏ ਹੇਠਾਂ ਆਪਣੀ ਠੰਡੀ ਛਾਂ । ਗੁਰ ਗੋਬਿੰਦ ਦੋਏ ਸੁੱਤੇ, ਥੱਲੇ ਰੱਖੀ ਬੈਠੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਚੁਕਾਏ ਗੁਰਸਿਖ ਸਾਚੇ ਤੇਰਾ ਜਗਤ ਰਖਾਏ ਨਾਂ । ਅਚਰਜ ਖੇਲ ਹਰਿ ਕਰਾਈ । ਗੁਰ ਸੰਗਤ ਵਿਚ ਦਏ ਦੁਹਾਈ । ਸਾਚੀ ਭਿਛਿਆ ਕਲ ਕੋਈ ਪਾਈ । ਸਾਰੀ ਸੰਗਤ ਚੁਪ ਚੁਪੀਤੀ ਨਾ ਕੋਈ ਦਿਲਾਸਾ ਧਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਕਰੇ ਜੋ ਆਪਣੇ ਮਨ ਭਾਈ । ਤਿੰਨ ਦਿਨ ਹਰਿ ਭਿਛਿਆ ਮੰਗੀ । ਕੋਈ ਨਾ ਦੇਵੇ ਭੇਟ ਸਚਾ ਇਕ ਭੁਯੰਗੀ । ਸ੍ਰਿਸ਼ਟ ਸਬਾਈ ਵੇਖੀ ਹਰਿ ਹਰਿ ਬਹੁ ਰੰਗੀ । ਘਰ ਘਰ ਦਿਸੇ ਮਾਂ ਪੁੱਤਰ ਵਿਛੋੜਾ, ਔਖੀ ਝੱਲਣੀ ਤੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣ, ਸਚ ਵਸਤ ਸਾਚਾ ਕਿਸੇ ਦਰੋਂ ਨਾ ਮਿਲੇ ਮੰਗੀ । ਜੇ ਕੋਈ ਮੰਗੇ ਪ੍ਰਭ ਇਕ ਦੁਲਾਰਾ । ਸ੍ਰਿਸ਼ਟ ਸਬਾਈ ਕਰੇ ਵਿਚਾਰਾ । ਨਾ ਕੋਈ ਆਵੇ ਫੇਰ ਦੁਬਾਰਾ । ਝੂਠਾ ਦਿਸੇ ਸਰਬ ਪਸਾਰਾ । ਨਿਹਕਲੰਕ ਨਰਾਇਣ ਨਰ ਆਪੇ ਜਾਣੇ ਆਪਣੀ ਸਾਰਾ । ਆਦਿ ਅੰਤ ਜਿਸ ਦੇ ਭਰੇ ਰਹਿਣ ਸਦ ਭੰਡਾਰਾ । ਨਾ ਜਾਇਣ ਕਦੇ ਨਿਖੁਟ, ਪਿਆਉਂਦਾ ਰਹੇ ਅੰਮ੍ਰਿਤ ਧਾਰਾ । ਏਕਾ ਅੰਮ੍ਰਿਤ ਪਿਆਏ ਘੁੱਟ, ਲੱਖ ਚੁਰਸੀ ਗੇੜ ਨਿਵਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕੀਆ ਆਪੇ ਸਚ ਵਿਹਾਰਾ । ਸਾਚੀ ਖੇਲ ਹਰਿ ਵਰਤਾਇੰਦਾ । ਕਲਜੁਗ ਸਤਿਜੁਗ ਦੋਹਾਂ ਮੇਲ ਮਿਲਾਇੰਦਾ । ਸਤਿਜੁਗ ਸਾਚਾ ਆਏ ਮਾਤ, ਪ੍ਰਭ ਸਾਚਾ ਜਨਮ ਦਵਾਇੰਦਾ । ਆਪ ਸੁਹਾਏ ਭਿੰਨੜੀ ਰਾਤ, ਸਾਚੇ ਲੇਖ ਲਿਖਾਇੰਦਾ । ਸੋਹੰ ਸ਼ਬਦ ਦੇਵੇ ਦਾਤ, ਸਤਿਜੁਗ ਤੇਰੀ ਝੋਲੀ ਪਾਇੰਦਾ । ਤੇਰਾ ਕਦੇ ਨਾ ਤੁਟੇ ਨਾਤ, ਚਰਨ ਪ੍ਰੀਤੀ ਜੋੜ ਜੁੜਾਇੰਦਾ । ਨਾ ਕੋਈ ਪੁੱਛੇ ਜਾਤ ਪਾਤ, ਲੱਖ ਚੁਰਾਸੀ ਵਿਚ ਸਮਾਇੰਦਾ । ਬੈਠਾ ਰਹੇ ਸਦ ਇਕਾਂਤ, ਦਿਸ ਕਿਸੇ ਨਾ ਆਇੰਦਾ । ਗੁਰਸਿਖਾਂ ਅੰਮ੍ਰਿਤ ਬੂੰਦ ਪਿਆਏ ਸਵਾਤ, ਆਤਮ ਤ੍ਰਿਖਾ ਸਰਬ ਬੁਝਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਤਿਜੁਗ ਦੋਹਾਂ ਕਲਜੁਗ ਸਤਿਜੁਗ ਜੋੜ ਜੁੜਾਇਆ । ਕਲਜੁਗ ਅੰਤਮ ਅੰਤ ਪ੍ਰਭ ਅਬਿਨਾਸ਼ੀ ਤੇਰਾ ਨਾਤਾ ਵਿਚੋਂ ਮਾਤ ਤੋੜ ਵਖਾਇਆ । ਸਤਿਜੁਗ ਸਾਚੇ ਹਰਿ ਸਾਚੇ ਘੋੜ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਜਨਮ ਦਵਾਇਆ । ਸਤਿਜੁਗ ਸਾਚੇ ਜਨਮ ਦਵਾ । ਕਲਜੁਗ ਅੰਤਮ ਦਏ ਮਿਟਾ । ਸਤਿਜੁਗ ਸਾਚੇ ਹੁਕਮ ਸੁਣਾ । ਕਲਜੁਗ ਧੱਕਾ ਦੇਵੇ ਲਾ । ਸਤਿਜੁਗ ਸਾਚੇ ਸ਼ਬਦ ਸੁਣਾ । ਕਲਜੁਗ ਸੁੱਧ ਬੁੱਧ ਹਰਿ ਦਏ ਭੁਲਾ । ਸਤਿਜੁਗ ਸਾਚੀ ਜੋਤ ਜਗਾ, ਕਲਜੁਗ ਅੰਧੇਰ ਦਏ ਮਿਟਾ, ਸਤਿਜੁਗ ਸਾਚੇ ਸੰਤ ਉਪਜਾ, ਕਲਜੁਗ ਬੇਮੁੱਖ ਦਏ ਖਪਾ । ਸਤਿਜੁਗ ਸਾਚਾ ਰਾਗ ਸੋਹੰ ਸ਼ਬਦ ਜਪਾ, ਕਲਜੁਗ ਅੰਤਮ ਅੰਤ ਰਾਗ ਰਾਗਨੀ ਦਏ ਭਸਮ ਕਰਾ । ਸਤਿਜੁਗ ਸਾਚੇ ਚਾਰ ਵਰਨ ਦਏ ਬਹਾ । ਕਲਜੁਗ ਅੰਤਮ ਅੰਤ ਮੇਰ ਤੇਰ ਦਏ ਮਿਟਾ । ਸਤਿਜੁਗ ਸਾਚੇ ਪ੍ਰਭ ਕਰਮ ਧਰਮ ਦਏ ਜਗਤ ਚਲਾ । ਕਲਜੁਗ ਅੰਤਮ ਏਕਾ ਕਰਤ, ਪ੍ਰਭ ਦੇਵੇ ਖੇਹ ਉਡਾ । ਸਤਿਜੁਗ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਵਿਚ ਮਾਤ ਵੱਡੀ ਦਾਤ ਸਾਚਾ ਜਨਮ ਦਵਾ । ਪਹਿਲੀ ਮਾਘੀ ਹਰਿ ਜਨਮ ਦਵਾਇਆ । ਭਿੰਨੜੀ ਰੈਣ ਸੰਗ ਰਲਾਇਆ ।

ਗੁਰ ਸੰਗਤ ਬੇੜਾ ਬੰਨ੍ਹ ਵਖਾਇਆ । ਨਗਰ ਖੇੜਾ ਇਕ ਵਸਾਇਆ । ਝੂਠਾ ਝੇੜਾ ਜਗਤ ਮੁਕਾਇਆ । ਇਕ ਉਖੇੜਾ ਆਪੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਬੇੜਾ ਆਪ ਉਠਾਇਆ । ਕਲਜੁਗ ਬੇਮੁਖ ਐਵੇਂ ਮਾਰੇ ਫੋਕੀ ਤੜ । ਬੇਮੁਖਾਂ ਕਿਉਂ ਰਿਹਾ ਲੜ । ਧਰਮ ਰਾਏ ਦੇ ਅੰਦਰ ਵੜ । ਝੂਠੇ ਜੂਠੇ ਝੂਠੀ ਪੌੜੀ ਜਾਇਣ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਅੱਗੇ ਖੜ੍ਹ । ਸਤਿਜੁਗ ਉਠ ਉਠ ਬਲਧਾਰ । ਪਹਿਲੀ ਮਾਘੀ ਵਕਤ ਵਿਚਾਰ । ਪ੍ਰਭ ਅਬਿਨਾਸ਼ੀ ਬੰਧੇ ਤੇਰੀ ਧਾਰ । ਸ੍ਰਿਸ਼ਟ ਸਬਾਈ ਕਰ ਖਵਾਰ । ਬੇਮੁੱਖ ਵਹਾ ਵਹਿੰਦੀ ਧਾਰ । ਗੁਰਸਿਖ ਜਗਾ, ਲਿਆ ਚਰਨ ਦਵਾਰ । ਆਤਮ ਤ੍ਰਿਖਾ ਬੁਝਾ, ਮਿਲੇ ਮੇਲ ਸਚ ਭਤਾਰ । ਦਰ ਘਰ ਸਾਚੇ ਨਿਥਾਵਿਆਂ ਦੇਵੇ ਥਾਂ, ਬੇਮੁੱਖਾਂ ਧੱਕੇ ਮਾਰ ਕੱਢੇ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਿਮਾਣਿਆਂ ਆਪੇ ਪਾਵੇ ਸਾਰ । ਸਤਿਜੁਗ ਸਾਚੇ ਉਠ ਉਠ ਜਾਗ । ਪਹਿਲੀ ਮਾਘ ਲੱਗਾ ਭਾਗ । ਏਕਾ ਸੁਣ ਸਚਾ ਰਾਗ । ਚਾਰ ਕੁੰਟ ਵੱਜੇ ਸਾਚਾ ਨਾਦ । ਸ਼ਬਦ ਲਿਖਾਏ ਹਰਿ ਬੋਧ ਅਗਾਧ । ਆਪ ਉਠਾਏ ਸੋਏ ਵਡ ਵਡ ਗੁਰਸਿਖ ਸਾਚੇ ਸੰਤ ਸਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਗੁਰਮੁਖ ਸਾਚੇ ਰਸਨ ਅਰਾਧ । ਸਤਿਜੁਗ ਸਾਚੇ ਲੈ ਅੰਗੜਾਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਚਾਰੋਂ ਕੁੰਟ ਹਰਿ ਦਏ ਹਿਲਾਈ । ਪੰਚਮ ਜੇਠ ਨਾ ਭੁੱਲ ਰੱਖੇ ਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਛੇੜੇ ਛੇੜ ਛਿੜਾਏ ਥਾਉਂ ਥਾਈਂ । ਸਤਿਜੁਗ ਸਾਚੇ ਉਠ ਲਲਕਾਰ । ਕਲਜੁਗ ਹੋ ਜਾਏ ਘਰ ਤੇਰੇ ਵਿਚੋਂ ਬਾਹਰ । ਲੱਖ ਚੁਰਾਸੀ ਜਿਸ ਕੀਤੀ ਬੜੀ ਖਵਾਰ । ਅੰਤਮ ਹੋਏ ਨਾ ਬੰਦ ਖਲਾਸੀ, ਜਾਏ ਧਰਮ ਰਾਏ ਦੇ ਦਵਾਰ । ਹਰਿ ਲੇਖਾ ਮੰਗੇ ਸ਼ਾਹੋ ਸ਼ਾਬਾਸ਼ੀ, ਨਾ ਰੱਖੇ ਕੋਈ ਉਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਲੇਖ ਲਿਖਾਰ । ਸਤਿਜੁਗ ਸਾਚੇ ਸੁਰਤ ਸੰਭਾਲ । ਗੁਰਮੁਖਾਂ ਦੁੱਖੀ ਹੋਇਆ ਵਾਲ ਵਾਲ । ਸਾਚਾ ਨਾਮ ਧੰਨ ਮੰਗਣ ਹੁਣ ਬਣ ਕੰਗਾਲ । ਸਚ ਵਸਤ ਕਿਤੋਂ ਹੱਥ ਨਾ ਆਏ, ਨਾ ਮਿਲੇ ਅਨਮੁਲੜਾ ਲਾਲ । ਅਠਸਠ ਤੀਰਥ ਫਿਰ ਫਿਰ ਥੱਕੇ, ਸੁੱਕੇ ਹਰੇ ਨਾ ਹੋਏ ਡਾਲ । ਕਲਜੁਗ ਅੰਤਮ ਸਾਰੇ ਅੱਕੇ, ਨਾ ਹੋਏ ਕੋਈ ਰਖਵਾਲ । ਗੁਰਸਿਖ ਸਾਚਾ ਪ੍ਰਭ ਅਬਿਨਾਸ਼ੀ ਅੱਠੇ ਪਹਿਰ ਰਾਹ ਤੇਰਾ ਤੱਕੇ, ਫੜ ਬਾਹੋਂ ਗੋਦ ਉਠਾਲ । ਪ੍ਰਭ ਮਿਲੇ ਨਾ ਮਦੀਨੇ ਨਾ ਮੱਕੇ, ਗੁਰਸਿਖ ਤੇਰੇ ਹਿਰਦੇ ਰਿਹਾ ਸੰਭਾਲ । ਆਪ ਤੁੜਾਏ ਆਧ ਵਿਚ ਟੰਗੇ ਛਿਕੇ, ਏਕਾ ਮਾਰੇ ਸ਼ਬਦ ਛਾਲ । ਗੌਂਸ ਪੀਰ ਸਭ ਆਪੇ ਹੱਕੇ, ਵੱਜਣ ਦੇਵੇ ਨਾ ਕਿਸੇ ਤਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਮਤ ਨਬੀ ਰਸੂਲ ਦੀ ਆਪੇ ਦੇਵੇ ਗਾਲ । ਆਪ ਮਿਟਾਏ ਝੂਠੀ ਰੀਤ । ਨਾ ਕੋਈ ਦੇਵੇ ਬਾਂਗ ਵਿਚ ਮਸੀਤ । ਗੁਰਸਿਖ ਸਾਚੇ ਸੰਤ ਜਨੋ, ਪ੍ਰਭ ਅਬਿਨਾਸ਼ੀ ਰਾਖੋ ਚੀਤ । ਅੰਤਮ ਅੰਤ ਕਲ ਆ ਗਿਆ, ਪ੍ਰਭ ਏਕੋ ਬਣੇ ਸਾਚਾ ਮੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੋ ਸ਼ਬਦ ਸੁਣਾਏ ਸੋਹੰ ਸੁਹਾਗੀ ਗੀਤ । ਸਤਿਜੁਗ ਸਾਚੇ ਬਣ ਦਲੇਰ । ਬੇਮੁਖਾਂ ਪ੍ਰਭ ਮਾਰੇ ਘੇਰ ਘੇਰ । ਸ਼ਬਦ ਖੰਡਾ ਹਰਿ ਹੱਥ ਉਠਾਏ, ਸਿੰਘ ਸ਼ੇਰ ਸ਼ੇਰ ਦਲੇਰ । ਉਚ ਮੁਨਾਰੇ ਆਪੇ ਢਾਹੇ, ਨਾ ਢਾਉਂਦਿਆਂ ਲੱਗੇ ਦੇਰ । ਆਪਣੇ ਖਾਤੇ ਆਪੇ ਪਾਏ, ਨਾ ਕੋਈ ਕਢਾਏ ਦੂਜੀ ਵੇਰ, ਕਲਜੁਗ ਅੰਧੇਰੀ ਰਾਤ ਆਪ ਮਿਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਭੁਲਾਏ ਕਰ ਕਰ ਹੇਰ ਫੇਰ । ਉਚ ਮੁਨਾਰੇ ਹਰਿ ਦੇਵੇ ਢਾਹ । ਸ਼ਬਦ ਤੀਰ ਦਏ ਚਲਾ । ਬੇਮੁਖਾਂ ਆਤਮ ਧੀਰ ਦਏ ਗਵਾ । ਕਿਸੇ ਹੱਥ ਨਾ ਆਵੇ ਨੀਰ, ਚਾਰੋਂ ਕੁੰਟ ਬਿਰਧ


੩੯੪ ੦੩

ਬਾਲ ਜਵਾਨ ਸਾਰੇ ਦਏ ਰਵਾ । ਨਾ ਬਾਲਕ ਪਿਲਾਏ ਮਾਤਾ ਸੀਰ, ਨਾ ਹੋਏ ਕੋਈ ਸਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਲੰਘਾਏ ਆਪੇ ਫੜੇ ਬਾਂਹ । ਏਕਾ ਛੇੜ ਹਰਿ ਛਿੜਾਏ । ਦੂਜਾ ਕਦਮ ਫੇਰ ਉਠਾਏ । ਸੱਤਰ ਲੱਖ ਪਠਾਣ ਚੜ੍ਹਾਏ । ਮਾਝੇ ਵਾਲੀ ਹੱਦ ਲੰਘਾਏ । ਸਰ ਅੰਮ੍ਰਿਤ ਹਰਿ ਥੇਹ ਕਰਾਏ । ਆਪੇ ਵੇਖੇ ਦਿਸ ਨਾ ਆਏ । ਆਪਣੇ ਭਾਣੇ ਵਿਚ ਸਮਾਏ । ਕਲਜੁਗ ਵੇਲਾ ਅੰਤਮ ਢੁਕਿਆ, ਪਰਦਾ ਉਹਲਾ ਨਾ ਕੋਈ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਰ ਲੱਖ ਪਠਾਣ ਚੜ੍ਹਾਏ ਸੱਤਰ ਲੱਖ ਚੜ੍ਹ ਪਠਾਣ । ਇਕ ਕਰਨ ਸਚ ਨਿਸ਼ਾਨ । ਉਡਣ ਅਕਾਸ਼ ਵਿਚ ਬਬਾਣ । ਕਰੇ ਖੇਲ ਆਪ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਭੰਨੇ ਕਾਇਆ ਟਾਹਣ । ਮਾਝੇ ਦੇਸ ਉਡੇ ਧੂੜ । ਬੇਮੁੱਖਾਂ ਪੈਂਦੇ ਜਾਇਣ ਜੂੜ । ਗੁਰਸਿਖਾਂ ਆਤਮ ਰੰਗ ਚੜ੍ਹਾਏ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਚਤੁਰ ਬਣਾਏ ਦਰ ਆਏ ਮੂੜ੍ਹ । ਮਾਝੇ ਦੇਸ ਹਰਿ ਜਾਮਾ ਧਾਰਿਆ । ਬੇਮੁਖਾਂ ਨਾ ਕਲ ਵਿਚਾਰਿਆ । ਭਰਮ ਭੁਲੇਖੇ ਆਪਣਾ ਆਪ ਗਵਾ ਰਿਹਾ । ਸਾਚਾ ਲੇਖਾ ਪ੍ਰਭ ਆਪੇ ਆਪ ਚੁਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਹਿੰਦੀ ਧਾਰ ਬਿਆਸਾ ਆਪ ਰੁੜ੍ਹਾ ਰਿਹਾ । ਅਚਨ ਅਚੇਤੀ ਵੱਜੇ ਸੱਟ । ਹੱਥੀਂ ਰਹਿਣ ਪਿਆਲੇ ਜੋ ਪੀਂਦੇ ਗਟ ਗਟ । ਰਾਤੀਂ ਸੁਤਿਆਂ ਪ੍ਰਭ ਭੰਨੇ ਕਾਇਆ ਮਟ । ਕਲਜੁਗ ਅੰਤਮ ਘਰ ਘਰ ਵਿਚ ਗਏ ਫੱਟ । ਬੇਮੁਖ ਜੀਵ ਅੰਧਿਆ, ਦੇਸ ਮਾਝੇ ਜੋਤ ਜਗੇ ਲੱਟ ਲੱਟ । ਮਾਝੇ ਦੇਸ ਪੁਰੀ ਘਨਕ ਹਰਿ ਜਾਮਾ ਪਾਇਆ, ਬੇਮੁਖ ਜਾਨਣ ਬਾਜ਼ੀਗਰ ਨੱਟ । ਮਾਝੇ ਦੇਸ ਫਿਰੇ ਢੰਡੋਰਾ । ਸ਼ਬਦ ਸਰੂਪੀ ਹਰਿ ਫੇਰੇ ਘੋੜਾ । ਅੰਤਮ ਵੇਲਾ ਕਲਜੁਗ ਆਇਆ, ਹਰਿ ਪਾਉਣ ਨਾ ਦੇਵੇ ਕਿਸੇ ਪੈਰੀਂ ਜੋੜਾ । ਬਹੁਤਾ ਵਕਤ ਹਰਿ ਲੰਘਾਇਆ, ਹੁਣ ਰਹਿ ਗਿਆ ਥੋੜਾ । ਸਾਚਾ ਸ਼ਬਦ ਆਪ ਸੁਣਾਇਆ, ਗੁਰਸਿਖਾਂ ਗੁਰ ਪੂਰਾ ਬਹੁੜਾ । ਬਾਹੋਂ ਪਕੜ ਚਰਨ ਲਗਾਇਆ, ਆਪ ਚੜ੍ਹਾਇਆ ਸਾਚੇ ਪੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸੰਤ ਜਨਾਂ ਆਪ ਲਿਆਏ ਚੜ੍ਹ ਕੇ ਉਪਰ ਉਤੇ ਸ਼ਬਦ ਘੋੜਾ । ਚਿੱਟੇ ਅਸਵ ਹਰਿ ਤੰਗ ਕਸਾਇਆ । ਚਾਰੋਂ ਕੁੰਟ ਦਏ ਭਜਾਇਆ । ਸਚ ਅਸਵਾਰ ਉਪਰ ਆਸਣ ਲਾਇਆ । ਆਪੇ ਵੇਖੇ ਵੇਖ ਵਿਚਾਰੇ, ਸ੍ਰਿਸ਼ਟ ਸਬਾਈ ਦਏ ਹਿਲਾਇਆ । ਰਣ ਭੂਮੀ ਸੁੱਤੇ ਪੈਰ ਪਸਾਰ, ਪ੍ਰਭ ਅਬਿਨਾਸ਼ੀ ਏਕਾ ਧੱਕਾ ਸ੍ਰਿਸ਼ਟ ਸਬਾਈ ਆਪ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰੱਖੇ ਹੇਠ ਆਪਣੀ ਸਾਇਆ । ਪਹਿਲੀ ਮਾਘੀ ਤੰਗ ਕਸ । ਵਡ ਵਡ ਜਰਵਾਣਿਆਂ, ਪ੍ਰਭ ਹਿਰਦੇ ਜਾਏ ਵਸ । ਦੇਵੇ ਉਲਟੀ ਮੱਤ ਬਣਾਏ ਨਿਧਾਨਿਆਂ, ਆਪਸ ਵਿਚ ਜਾਇਣ ਫਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਤੀਰ ਚਲਾਏ ਰਸਨ ਕਮਾਨ ਵਿਚੋਂ ਕਸ । ਚਾਰ ਕੁੰਟ ਹਰਿ ਚਾਕਰੀ ਕਰੇ ਦਿਵਸ ਰੈਣ । ਨਾ ਚੱਲੇ ਕੋਈ ਕਿਸੇ ਚਾਤਰੀ, ਪ੍ਰਭ ਵੇਖੇ ਪਰਖੇ ਵਖਾਏ ਸਾਚੇ ਨੈਣ । ਨਾ ਕੋਈ ਰਹੇ ਪ੍ਰਭ ਅੱਗੇ ਆਕਰੀ, ਪ੍ਰਭ ਲੈਂਦਾ ਰਹੇ ਲਹਿਣਾ ਦੇਣ । ਕਲਜੁਗ ਜੀਵ ਕੌੜੀ ਕਾਕੜੀ, ਅੰਤਮ ਖਾਵੇ ਮੌਤ ਡੈਣ । ਘਰ ਪੂਰਾ ਵਿਚ ਕਿਹੜਾ ਬਣੇ ਲਾਕੜੀ, ਨਾ ਕੋਈ ਜਾਣੇ ਜਾਣ ਪਛਾਣੇ, ਨਾ ਰਸਨਾ ਕੁਛ ਕਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਨਿਤਾਣਿਆਂ ਮਾਤ ਪਿਤ ਸਾਕ ਸੱਜਣ ਸੈਣ । ਸੱਚਾ ਮੀਤ ਯਾਰ ਪਿਆਰੜਾ । ਇਕ ਇਕੱਲਾ ਵਸੇ ਧਾਮ ਨਿਆਰੜਾ । ਸ੍ਰਿਸ਼ਟ ਸਬਾਈ ਰਾਹ ਸਾਚਾ ਦੱਸੇ, ਨਾ ਕਰੇ ਕੋਈ ਹੁਦਾਰੜਾ । ਨਿਮਾਣਿਆਂ ਨਿਤਾਣਿਆਂ ਹਰਿ ਹਿਰਦੇ ਵਸੇ, ਮਿਲੇ ਗੁਰਮੁਖਾ ਹਰਿ ਯਾਰ ਪਿਆਰੜਾ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਪਾਉਂਦਾ ਰਹੇ ਸਾਰੜਾ । ਪਾਏ ਸਾਰ ਅੱਠੇ ਪਹਿਰ । ਅੰਦਰ ਵੜ ਮਾਰੀ ਰੱਖੇ ਦੜ । ਸਾਰੇ ਘਾੜਨ ਹਰਿ ਰਿਹਾ ਘੜ । ਸਚ ਘਰ ਆਸਣ ਲਾਏ, ਗੁਰਮੁਖ ਵਿਰਲਾ ਪੌੜੀ ਪੌੜੀ ਜਾਏ ਚੜ੍ਹ । ਅੱਗੇ ਹਰਿ ਜੀ ਨਜ਼ਰੀ ਆਏ, ਦਰ ਦਰਬਾਰੇ ਜਾਏ ਖੜ੍ਹ । ਜੋਤ ਸਰੂਪੀ ਹਰਿ ਦਰਸ ਦਿਖਾਏ ਆਪ ਬੰਧਾਏ ਸਾਚੇ ਲੜ । ਸਾਚਾ ਸ਼ਬਦ ਕੰਨ ਸੁਣਾਏ, ਸ਼ਰਅ ਹਦੀਸ ਨਾ ਕੋਈ ਰਖਾਏ, ਕੁਰਾਨ ਅੰਜੀਲ ਨਾ ਖਾਣੀ ਬਾਣੀ ਵੇਦ ਪੁਰਾਨੀ ਆਪਣੀ ਹੱਥੀਂ ਫੜ । ਸਾਚਾ ਭਾਣਾ ਹਰਿ ਵਰਤਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਬੇਮੁਖਾਂ ਨਾਲ ਰਿਹਾ ਲੜ । ਨਿਰਧਨ ਨਿਰਮਾਣ ਪ੍ਰਭ ਸਚ ਭੂਮਿਕਾ ਤਨ ਸੁਹਾਏ, ਦਰਸ ਦਿਖਾਏ ਸਚ ਅਸਥਾਨ । ਅੰਦਰ ਡੂੰਘੀ ਕੰਦਰ ਹਰਿ ਦਿਸ ਨਾ ਆਏ, ਬੇਮੁਖਾਂ ਦਿਸੇ ਸੁੰਞ ਮਸਾਣ । ਝੂਠਾ ਵੱਜਾ ਰਹੇ ਜੰਦਰ, ਬਿਨ ਗੁਰ ਪੂਰੇ ਨਾ ਕੋਈ ਖੁਲ੍ਹਾਏ ਬੇਮੁਖ ਭੱਜੇ ਫਿਰਨ ਦਰ ਦਰ ਬੰਦਰ, ਨਾ ਮਿਲੇ ਕਿਤੇ ਸੱਚਾ ਨਿਸ਼ਾਨ । ਜਤੀ ਸਤੀ ਹਠੀ ਸਭ ਹਾਰੇ, ਗੋਪੀ ਨਾਥ ਗੋਰਖ ਮਛੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਨਚਾਏ, ਨੱਥ ਆਪਣੇ ਹੱਥ ਰਖਾਏ, ਉਠਾਏ ਨਚਾਏ ਜਿਉਂ ਬੰਦਰ ਹੱਥ ਕਲੰਦਰ, ਆਪਣੇ ਹੱਥ ਰੱਖੇ ਡੋਰ । ਜਿਧਰ ਚਾਹੇ ਲਏ ਮੋੜ । ਬੇਮੁੱਖ ਵਹਾਏ ਡੁਬਾਏ ਵਿਚ ਅੰਧ ਘੋਰ । ਗੁਰਸਿਖ ਸਾਚੇ ਆਪ ਜਗਾਵੇ, ਪੰਜ ਚੋਰ ਜਿਸ ਦਰ ਨਾ ਪਾਇਣ ਸ਼ੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਧੰਨ ਤੇਰੀ ਝੋਲੀ ਪਾਏ, ਦਰਗਹਿ ਸਾਚੀ ਖਾਈਂ ਭੋਰ ਭੋਰ । ਹੋਏ ਨਿਮਾਣਾ ਗੁਰ ਚਰਨ ਆ । ਆਤਮ ਤ੍ਰਿਸ਼ਨਾ ਪ੍ਰਭ ਦਏ ਮਿਟਾ । ਕਾਹਨਾ ਕ੍ਰਿਸ਼ਨਾ ਜੋਤ ਸਰੂਪੀ ਆਇਆ ਜਾਮਾ ਪਾ । ਅਤੁਲ ਅਡੁਲ ਨਿਖੁੱਟ ਸਭਨੀ ਥਾਈਂ ਹੋਏ ਸਹਾ । ਸਾਚਾ ਲਾਹਾ ਲੈਣ ਲੁੱਟ, ਵੇਲਾ ਗਿਆ ਪਿੱਛੇ ਰਹੇ ਸਭੇ ਪਛਤਾ । ਗੁਰਸਿਖਾਂ ਗਲ ਲਾਏ ਘੁੱਟ, ਅੰਮ੍ਰਿਤ ਜਾਮਾ ਦਏ ਪਿਲਾ । ਸ੍ਰਿਸ਼ਟ ਸਬਾਈ ਪਾਏ ਘਰ ਘਰ ਫੁੱਟ, ਗੁਰ ਸੰਗਤ ਬਣਾਏ ਭੈਣ ਭਰਾ । ਬੇਮੁਖ ਦਰ ਤੋਂ ਕੱਢੇ ਕੁੱਟ, ਗੁਰ ਸੰਗਤ ਵਿਚ ਨਾ ਦੇਵੇ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਬੇਮੁਖ ਫਿਰਾਏ ਜਿਉਂ ਸੁੰਞੇ ਘਰ ਕਾਂ । ਨਿਰਧਨ ਹੋਏ ਕਰਮ ਵਿਚਾਰੇ । ਆਪੇ ਪਾਏ ਨਿਮਾਣਿਆਂ ਨਿਤਾਣਿਆਂ ਘਰ ਜਾਏ ਸਾਰੇ । ਜੋ ਚਲੇ ਹਰਿ ਕੇ ਭਾਣਿਆਂ, ਬਾਹੋਂ ਪਕੜ ਪਾਰ ਉਤਾਰੇ । ਹਰਿ ਰੰਗ ਸਾਚਾ ਜਿਸ ਜਨ ਜਾਣਿਆਂ, ਪ੍ਰਭ ਸਾਚਾ ਦੇਵੇ ਨਾਮ ਅਪਰ ਅਪਾਰੇ । ਨਾ ਭੇਵ ਜਣਾਏ ਸੁਘੜ ਸਿਆਣਿਆਂ, ਦੇਵੇ ਮਾਣ ਜੋ ਜਨ ਚਰਨ ਨਿਮਸਕਾਰੇ । ਮੰਗਿਆ ਭਿਖ ਨਾ ਮਿਲੇ ਰਾਜੇ ਰਾਣਿਆਂ, ਵੇਖੋ ਚਲ ਆਇਣ ਦਵਾਰੇ । ਵੇਲਾ ਨੇੜੇ ਆ ਗਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾ ਲਏ ਸਾਰੇ । ਰਾਣਾ ਸੰਗਰੂਰ ਸਰਨ ਆਏ । ਦੋਏ ਜੋੜ ਪਿਛਲੀ ਭੁੱਲ ਬਖ਼ਸ਼ਾਏ । ਅੱਗੇ ਪ੍ਰਭ ਸਾਚੇ ਮਾਰਗ ਪਾਏ । ਪ੍ਰਭ ਅਬਿਨਾਸ਼ੀ ਕਿਰਪਾ ਕਰ ਗੁਰ ਸੰਗਤ ਸੰਗ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪੇ ਆਪ ਚਲਾਏ । ਮੰਨੇ ਪ੍ਰਭ ਸਾਚੇ ਦਾ ਸਾਚਾ ਭਾਣਾ । ਗੁਰ ਸੰਗਤ ਸੰਗ ਇਕ ਹੋ ਜਾਣਾ । ਰਾਜਾ ਰਾਣਾ ਨਾ ਕੋਈ ਸੁਲਤਾਨਾ । ਵਡ ਜ਼ਰਵਾਣਾ ਨਾ ਕੋਈ ਬਲੀ ਬਲਵਾਨਾ । ਏਕਾ ਏਕ ਆਪੇ ਆਪ, ਨਾ ਕੋਈ ਰੰਕ ਨਾ ਰਾਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਆਤਮ ਵਸੇ ਹਰਿ ਜੀ ਹਰਿ ਸ੍ਰੀ ਭਗਵਾਨਾ । ਹਰਿ ਕਾ ਨਾਮ ਇਕ ਜਗਤ ਰਖਵਾਲ ਹੈ । ਪ੍ਰਭ ਮਿਲਣ ਦੀ ਸਿਕ ਵਡ ਭਗਤੀ ਵਿਚ ਜਹਾਨ ਹੈ । ਗੁਰਸਿਖ ਸਾਚੀ ਸਿਖਿਆ ਲੈਣ ਸਿੱਖ, ਇਕ ਨਾ ਭੁੱਲੇ ਹਰਿ ਭਗਵਾਨ ਹੈ । ਆਤਮ ਉਤਾਰੇ

੩੯੬ ੦੩

ਕਲਜੁਗ ਝੂਠੀ ਵਿੱਖ, ਅੰਮ੍ਰਿਤ ਪਿਆਏ ਨਾਮ ਨਿਧਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਹੋਇਆ ਆਪ ਮਿਹਰਵਾਨ ਹੈ । ਹਰਿ ਰੰਗ ਨਾਮ ਚਲੂਲ । ਗੁਰਮੁਖ ਸਾਚੇ ਨਾ ਜਾਣਾ ਮਾਤ ਭੂਲ । ਪ੍ਰਭ ਅਬਿਨਾਸ਼ੀ ਦਇਆ ਕਮਾਏ ਕਲ ਕੰਤ ਕੰਤਹੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚਾ ਜਾਮ ਪਿਆਏ, ਆਤਮ ਤ੍ਰਿਖਾ ਸਰਬ ਗਵਾਏ, ਗੁਰਮੁਖਾਂ ਬਣਾਏ ਸੂਲਿਉਂ ਸੂਲ । ਪਹਿਲੀ ਮਾਘੀ ਹਰਿ ਵਡਿਆਏ । ਸਚਖੰਡ ਨਿਵਾਸੀ ਸਚ ਧਾਮ ਡੇਰਾ ਲਾਏ । ਸੰਝ ਸਵੇਰਾ ਏਕਾ ਇਕ ਕਰਾਏ । ਹੇਰਾ ਫੇਰਾ ਜਗਤ ਅੰਧੇਰਾ ਗੁਰਸਿਖ ਗਵਾਏ । ਕਰੇ ਖੇਲ ਪਹਿਲੀ ਵੇਰਾ, ਸਾਚੀ ਛੇੜਾ ਆਪ ਛਿੜਾਏ । ਆਪ ਰੁੜਾਏ ਪ੍ਰਭ ਜੂਠਿਆਂ ਝੂਠਿਆਂ ਵਿਚ ਮਾਤ ਬੇੜਾ, ਨਾ ਕਿਸੇ ਥਾਂ ਫੇਰ ਬਹਾਏ । ਸ਼ਬਦ ਮਾਰੇ ਆਪ ਲਫੇੜਾ, ਮੂੰਹ ਦੇ ਭਾਰ ਸਭ ਗਿਰਾਏ । ਆਪੇ ਦੇਵੇ ਉਲਟਾ ਗੇੜਾ, ਵਾਂਗ ਦਾਣੇ ਆਪ ਪਿਸਾਏ । ਆਪ ਮੁਕਾਏ ਝੂਠਾ ਝੇੜਾ, ਆਪਣਾ ਨਾਏ ਤੀਰ ਚਲਾਏ । ਨਾ ਕੋਈ ਦਿਸੇ ਨਗਰ ਖੇੜਾ, ਇੱਟ ਨਾਲ ਇੱਟ ਦਏ ਖੜਕਾਏ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਪ੍ਰਭ ਆਪੇ ਆਪ ਕਰਾਏ । ਗੁਰਸਿਖਾਂ ਬੰਧਾਏ ਬੇੜਾ, ਆਪਣੀ ਹੱਥੀਂ ਪਾਰ ਕਰਾਏ । ਕਲਜੁਗ ਅੰਤਮ ਕੀਆ ਨਬੇੜਾ, ਸਤਿਜੁਗ ਸਾਚਾ ਮਾਤ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਜਨਮ ਦਵਾਏ । ਕਰੇ ਨਬੇੜਾ ਦੀਨਾ ਨਾਥ । ਗੁਰ ਸੰਗਤ ਤੇਰਾ ਸਗਲਾ ਸਾਥ । ਏਕਾ ਗਾਓ ਸਾਚੀ ਗਾਥ । ਸਾਚੇ ਲੇਖ ਹਰਿ ਲਿਖਾਏ, ਗੁਰਮੁਖ ਸਾਚੇ ਸੰਤ ਜਨ ਆਪ ਚੜ੍ਹਾਏ ਆਪਣੇ ਰਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਤ੍ਰੈਲੋਕੀ ਨਾਥ । ਨਾਥ ਤ੍ਰੈਲੋਕੀ ਵਡ ਸ਼ਬਦ ਸਲੋਕੀਆ । ਤੇਰਾ ਭਾਣਾ ਵਡ ਜ਼ਰਵਾਣਾ ਨਾ ਕੋਈ ਸਕੇ ਰੋਕੀਆ । ਸ੍ਰਿਸ਼ਟ ਸਬਾਈ ਛੋਟੇ ਬਾਲੇ ਤੇਰੇ ਪਿੱਛੇ ਝੋਕੀਆ । ਛੋਟਾ ਬਾਲਾ ਕੀਆ ਭੇਟਾ । ਗੁਰਸਿਖਾਂ ਬਣ ਜਾਏ ਖੇਵਟ ਖੇਟਾ । ਬੇਮੁਖਾਂ ਆਪ ਵਹਾਏ ਕਿਸੇ ਨਾ ਸਕੇ ਕੋਈ ਅਟਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਜੇਵਡ ਕੋਈ ਨਾ ਦੀਸੇ, ਨਾ ਕਰੇ ਤੇਰੀ ਰੀਸੇ ਨਾ ਕੋਈ ਫੜੇ ਬਾਂਹ । ਪਹਿਲੀ ਮਾਘੀ ਵੱਜੇ ਨਗਾਰਾ । ਸੋਹੰ ਸ਼ਬਦ ਚਲੇ ਸਾਚਾ ਇਕ ਜੈਕਾਰਾ । ਚਾਰੋਂ ਕੁੰਟ ਹੋਏ ਹਾਹਾਕਾਰਾ । ਗੁਰਮੁਖ ਸਾਚੇ ਸੰਤ ਜਨ ਤੇਰਾ ਆਪਣੀ ਹੱਥੀਂ ਪ੍ਰਭ ਸਾਚੇ ਬਣਾਇਆ ਗਾਰਾ । ਇਕ ਮੰਦਰ ਸੁੰਦਰ ਸਾਚਾ ਰਥ ਸੁਹਾਇਆ, ਵਿਚ ਦਿਸੇ ਇਕ ਛੋਟਾ ਚੁਬਾਰਾ । ਨਿਹਕਲੰਕ ਉਪਰ ਆਸਣ ਲਾਇਆ । ਗੁਰਮੁਖ ਵਿਰਲਾ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਆਪੇ ਆਪ ਵਸਾਏ ਆਪਣਾ ਸਚ ਦਵਾਰਾ । ਸੁਚ ਦਵਾਰਾ ਆਪ ਬਣਾਏ । ਪੰਚਮ ਜੇਠ ਨੀਂਹ ਰਖਾਏ । ਆਪਣੀਂ ਹੱਥੀਂ ਪ੍ਰਭ ਸਾਚਾ ਬੇਮੁੱਖ ਪੀਸ ਵਖਾਏ । ਨੇਤਰ ਲੈਣਾ ਪੇਖ ਜੋ ਹਰਿ ਖੇਲ ਵਰਤਾਏ । ਸਿੰਘ ਮਨਜੀਤ ਜਿਥੇ ਪ੍ਰਭ ਤੇਰੀ ਰਤ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਰੀ ਆਖ ਸੁਣਾਏ । ਗੁਰ ਸੰਗਤ ਹਰਿ ਦਏ ਜਣਾਈ । ਸੁਣੋ ਸੰਤੋ ਸਰਬ ਕੰਨ ਲਾਈ । ਵੇਲਾ ਹੱਥ ਨਾ ਆਏ ਜੀਵ, ਭੁੱਲੀ ਰਹੀ ਸਰਬ ਲੋਕਾਈ । ਸ਼ਬਦ ਘੋੜਾ ਆਪ ਭਜਾਵਣਾ, ਚਾਰ ਕੁੰਟਾਂ ਵਿਚ ਫਿਰਾਈ । ਇਕ ਅਸਵਾਰ ਆਪ ਅਖਵਾਵਣਾ, ਦੂਜਾ ਕੋਈ ਰਹਿਣ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵਾਗ ਏਕਾ ਆਪਣੇ ਹੱਥ ਰਖਾਈ । ਆਪਣੇ ਹੱਥ ਰੱਖੇ ਵਾਗ । ਸ਼ਬਦ ਲਿਖਾਏ ਪਹਿਲੀ ਮਾਘ । ਗੁਰਸਿਖ ਸੋਏ ਕਲਜੁਗ ਗਏ ਜਾਗ । ਗੁਰ ਦਰ ਆਏ ਮਾਣ ਪਾਏ ਪਿਛਲੇ ਧੋਏ ਦਾਗ । ਪ੍ਰਭ ਦਰਸ ਦਿਖਾਏ ਹੰਸ ਕਾਗ । ਕਾਗ ਹੰਸ, ਗੁਰਸਿਖ ਫੇਰ ਵਡਿਆਏ ਬਣਾਏ ਰਾਜ ਹੰਸ ।

ਸਾਚਾ ਮਾਣ ਦਵਾਏ, ਗੁਰ ਪੂਰੇ ਦਾ ਸਾਚਾ ਬੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਿਰ ਛਤਰ ਝੁਲਾਏ, ਦੇਵੇ ਵਡਿਆਈ ਵਿਚ ਸਹੰਸ । ਵਿਚ ਸਹੰਸ ਦੇ ਵਡਿਆਈ । ਤੀਨ ਲੋਕ ਮਾਣ ਰਖਾਈ । ਸਤਿਜੁਗ ਸਾਚਾ ਮਾਤ ਧਰਾਈ । ਸਾਧਾਂ ਸੰਤਾਂ ਮਾਣ ਦਵਾਇਆ, ਸਿਰ ਉਪਰ ਹੱਥ ਟਿਕਾਈ । ਆਪਨਾ ਬਾਣਾ ਹਰਿ ਆਪ ਸੁਹਾਇਆ, ਉਤੇ ਚਿੱਟੀ ਚਾਦਰ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਘਰ ਆਪਨੇ ਲੈ ਜਾਈ । ਆਪਨੇ ਘਰ ਲੈ ਕੇ ਜਾਵੇ । ਆਪ ਲਿਖਾਵੇ ਸਾਚੇ ਨਾਂਵੇ । ਸਦਾ ਰਖਾਵੇ ਆਪਨੀ ਛਾਂਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਵੇ । ਨੇੜੇ ਨੇੜੇ ਹਰਿ ਜੀ ਵਸੇ । ਬੇਮੁਖ ਨਾ ਰਾਹ ਦਿਸੇ । ਗੁਰਮੁਖਾਂ ਸੰਗ ਸਦ ਹੈ ਵਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਵਾਰਾ ਏਕਾ ਸ਼ਬਦ ਜੈਕਾਰਾ ਨਾਮ ਬਾਣ ਹਰਿ ਏਕਾ ਕਸੇ । ਉਠਿਆ ਹਰਿ ਸ਼ੇਰ ਦਲੇਰ । ਕਲਜੁਗ ਲਿਆਏ ਵਗਾਏ ਇਕ ਅੰਧੇਰ । ਬੇਮੁਖ ਜੀਵ ਆਪਨੀ ਹੱਥੀਂ ਝਾੜੇ ਜਿਉਂ ਝੱਖੜ ਡਿੱਗੇ ਬੇਰ । ਗੁਰਸਿਖ ਸਾਚੇ ਸੰਤ ਜਨ, ਪ੍ਰਭ ਚਰਨ ਬਹਾਏ ਘੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸਾਚਾ ਸਦ ਵਸੇ ਨੇਰਨ ਨੇਰ । ਨੇਰਨ ਨੇਰ ਹਰਿ ਬਸੇਰਾ । ਗੁਰਮੁਖ ਸਾਚੇ ਕਰ ਦਰਸ ਮਨ ਚੜ੍ਹੇ ਚਾਓ ਘਨੇਰਾ । ਆਤਮ ਤ੍ਰਿਖਾ ਮਿਟੇ ਹਰਸ, ਮਿਟ ਜਾਏ ਕਲਜੁਗ ਅੰਤ ਅੰਧੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਸਿੰਘ ਆਸਣ ਲਾਇਆ ਡੇਰਾ । ਸਾਚਾ ਹੁਕਮ ਹਰਿ ਸੁਣਾਇਆ । ਸਾਚਾ ਘੋੜਾ ਦਰ ਮੰਗਾਇਆ । ਚਿੱਟਾ ਜੋੜਾ ਚਰਨ ਛੁਹਾਇਆ । ਦੌੜਾ ਦੌੜਾ ਅੱਗੋਂ ਸਿੱਖ ਲਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਪੌੜਾ ਡੰਡਾ ਆਪਨੀ ਹੱਥੀਂ ਆਪ ਲਗਾਇਆ । ਸ਼ਬਦ ਘੋੜਾ ਆਏ ਦਰਬਾਰ । ਅੱਗੋਂ ਕਰੇ ਇਕ ਨਿਮਸਕਾਰ । ਸਾਚੇ ਸ਼ਾਹ ਸੁਲਤਾਨ ਹੋ ਮੇਰੇ ਉਪਰ ਅਸਵਾਰ । ਤੂੰ ਬਣ ਕੇ ਉਪਰ ਬੈਠ ਕਾਹਨ, ਮੈਂ ਫਿਰਾਵਾਂ ਵਿਚ ਜਹਾਨ । ਬੇਮੁਖਾਂ ਭੰਨਾ ਜਵਾਨੀ ਟਾਹਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਚਿੱਟੇ ਅਸਵ ਅਸਵਾਰ । ਚਿੱਟਾ ਅਸਵ ਚਰਨ ਪੁਕਾਰੇ । ਪ੍ਰਭ ਅਬਿਨਾਸ਼ੀ ਹੋ ਅਸਵਾਰੇ । ਧਰਤ ਮਾਤ ਪਈ ਪੁਕਾਰੇ । ਦੁੱਖੀ ਹੋਏ ਜੀਵ ਜੰਤ ਕਰਨ ਹਾਹਾਕਾਰੇ । ਚਾਰ ਕੁੰਟ ਕਰ ਖੁਆਰੇ । ਏਕਾ ਡੰਡਾ ਮਗਰ ਲਾ, ਕੱਢੀ ਜਾ ਮਾਤਲੋਕ ਵਿਚੋਂ ਬਾਹਰੇ । ਨੌਂ ਖੰਡ ਪ੍ਰਿਥਮੀ ਵੰਡ ਵਖਾ, ਨਾ ਕੋਈ ਰਹੇ ਛੁਪਿਆ ਵਿਚ ਉਜਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਜਨ ਸਤਿਜੁਗ ਸਾਚੇ ਸਤਿ ਬਣਾਏ ਸਾਚੇ ਲਾੜੇ । ਸ਼ਬਦ ਖੰਡਾ ਖਿਚ ਦੋ ਧਾਰ । ਚਾਰੋਂ ਤਰਫ ਮਾਰੀਂ ਏਕਾ ਮਾਰ । ਚਿੱਟਾ ਅਸਵ ਪਵਣ ਸਰੂਪੀ ਉਡੇ ਇਕ ਉਡਾਰ । ਪਹਿਲੀ ਉਡਾਰੀ ਇਕੋ ਲਾਈਂ, ਜਾਈਂ ਸਚ ਦਰਬਾਰ । ਜੋਤ ਸਰੂਪੀ ਡਗਮਗਾਈਂ, ਨਿਉਂ ਨਿਉਂ ਕਰੀਂ ਚਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਈ ਹੁਕਮ ਸੁਣਾਈ, ਪੰਚਮ ਜੇਠ ਨੇੜੇ ਆਈ ਫੇਰ ਤੇਰੇ ਉਪਰ ਹੋਵਾਂ ਅਸਵਾਰ । ਸਾਚਾ ਅਸਵ ਹਰਿ ਵੇਖ ਵਖਾਣਿਆਂ । ਆਪ ਚਬਾਵੇ ਸੋਹੰ ਸ਼ਬਦ ਸਾਚਾ ਦਾਣਿਆਂ । ਸਾਚਾ ਹੁਕਮ ਆਪ ਸੁਣਾਵੇ, ਮਾਰੀਂ ਪੌੜ ਰਾਜੇ ਰਾਣਿਆਂ । ਚਾਰੋਂ ਕੁੰਟ ਜਾਣਾ ਦੌੜ, ਸੁੱਟੀਂ ਮੂੰਹ ਦੇ ਭਾਰ ਕਲਜੁਗ ਜੀਵ ਵਡ ਵਡ ਬੈਠੇ ਬਣ ਜੋ ਸੁਘੜ ਸਿਆਣਿਆਂ । ਗੁਰਮੁਖਾਂ ਪਾਈ ਸਾਰ, ਕਲਜੁਗ ਪਾ ਪੱਲੇ ਗਲ ਦਰ ਜੋ ਹੋਏ ਨਿਮਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਨਾ ਭਾਣਾ ਆਪੇ ਜਾਣਿਆਂ । ਪਹਿਲੀ ਮਾਘੀ ਤੰਗ ਕਸਾਇਆ । ਪ੍ਰਭ ਅਬਿਨਾਸ਼ੀ ਸੰਗ ਰਖਾਇਆ । ਧਰਤ ਮਾਤ ਮੰਗੀ ਸਾਚੀ

੩੯੯
੦੩

ਮੰਗ, ਦੇਣ ਵਰ ਘਰ ਹਰਿ ਸਾਚੇ ਆਇਆ । ਆਪ ਮਿਟਾਏ ਲੱਖ ਚੁਰਾਸੀ, ਧਰਮ ਰਾਏ ਦਾ ਦਰ ਦਏ ਖੁਲ੍ਹਾਇਆ । ਧਰਮ ਰਾਏ ਹੋ ਤਿਆਰ, ਪ੍ਰਭ ਅਬਿਨਾਸ਼ੀ ਏਕਾ ਧੱਕਾ ਆਪ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੱਕਾ ਮਦੀਨਾ ਪਹਿਲੇ ਢਾਹਿਆ । ਮੱਕਾ ਮਦੀਨਾ ਜਾਏ ਢੱਠ । ਆਪ ਗਿੜਾਏ ਉਲਟੀ ਲੱਠ । ਅਗਨ ਜੋਤ ਆਪ ਲਗਾਏ, ਇਕ ਬਣਾਏ ਵੱਡਾ ਮੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਏ ਜਣਾਏ, ਜੋਤ ਪ੍ਰਗਟਾਏ ਗੁਰ ਸੰਗਤ ਫੇਰ ਕਰੇ ਇਕੱਠ । ਗੁਰ ਸੰਗਤ ਸੌਣਾ ਪੈਰ ਪਸਾਰ । ਭਾਣਾ ਵਰਤਾਏ ਹਰਿ ਕਰਤਾਰ । ਗੁਰਮੁਖਾਂ ਦੇਵੇ ਸ਼ਬਦ ਹੁਲਾਰ । ਆਪਣੇ ਚਰਨ ਲਿਆਏ, ਵੇਲੇ ਅੰਤ ਨਾ ਕੋਈ ਅਧਾਰ । ਗੁਰਮੁਖ ਵਿਰਲਾ ਜਾਣੇ ਸੰਤ ਜਿਸ ਕੀਆ ਸ਼ਬਦ ਪਿਆਰ । ਪ੍ਰਭ ਬਣਾਈ ਸਾਚੀ ਬਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਇਕ ਦਾਤਾ ਸਿਰਜਣਹਾਰ । ਸਿਰਜਣਹਾਰ ਸਰਬ ਗੁਣਕਾਰੀਆ । ਗੁਰਸਿਖਾਂ ਦੇਵੇ ਵਡ ਵਡ ਸਿਕਦਾਰੀਆਂ । ਸੋਹੰ ਸ਼ਬਦ ਰਸਨਾ ਗਾਓ, ਸਦਾ ਸਦਾ ਜੈ ਜੈਕਾਰੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਡ ਬਲਕਾਰੀਆ । ਸਤਿਜੁਗ ਸਾਚਾ ਵੇਲਾ ਆਇਆ । ਗੁਰਸਿਖ ਵਿਰਲਾ ਇਕ ਇਕੇਲਾ ਹਰਿ ਜੀ ਆਪਣਾ ਸੰਗ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਆਂ ਵਕਤ ਦੁਹੇਲਾ ਗੁਰਸਿਖਾਂ ਮੇਲਾ ਪਹਿਲੀ ਮਾਘੀ ਗੁਰ ਚਰਨ ਲਾਇਆ । ਪਹਿਲੀ ਮਾਘ ਮਿਲਿਆ ਮੇਲ । ਸਾਚਾ ਦੀਪਕ ਜੋਤ ਜਗਾਏ ਬਿਨ ਬਾਤੀ ਬਿਨ ਤੇਲ । ਗੁਰਸਿਖ ਸਾਚੇ ਸੰਤ ਜਨੋ ਹਰਿ ਹਰਿ ਗਾਓ, ਹਰਿ ਪ੍ਰਭ ਪਾਓ, ਆਪ ਕਰਾਓ ਆਪਣਾ ਮੇਲ । ਪ੍ਰਭ ਅਬਿਨਾਸ਼ੀ ਭੁੱਲ ਨਾ ਜਾਓ, ਬੇੜਾ ਆਪਣਾ ਨਾ ਜਾਣਾ ਸ਼ੌਹ ਦਰਿਆਏ ਠੇਲ । ਕਲਜੁਗ ਮਾਇਆ ਝੂਠੀ ਛਾਇਆ ਵਿਚ ਰੁਲ ਨਾ ਜਾਓ, ਫਲ ਲਗਾਉਣਾ ਆਪਣੀ ਕਾਇਆ ਵੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਗੁਰਸਿਖਾਂ ਸਾਚਾ ਸੱਜਣ ਸੁਹੇਲ । ਸਾਚਾ ਸੱਜਣ ਸੁਹੇਲ ਸਾਚਾ ਮੀਤ ਹੈ । ਗੁਰਸਿਖਾਂ ਦੱਸੇ ਸਾਚੀ ਰੀਤ ਹੈ । ਸ੍ਰਿਸ਼ਟ ਸਬਾਈ ਪਰਖੇ ਨੀਤ ਹੈ । ਗੁਰਮੁਖ ਏਕਾ ਬਖਸ਼ੇ ਚਰਨ ਪ੍ਰੀਤ ਹੈ । ਦਰ ਘਰ ਆਏ ਜੋ ਦਰਸ਼ਨ ਪਾਏ ਕਾਇਆ ਹੋਏ ਸੀਤਲ ਸੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰ ਦਰਸ ਮਾਨਸ ਜਨਮ ਲਿਆ ਕਲ ਜੀਤ ਹੈ । ਹਰਿ ਜੋਤ ਅਕਾਰ ਜਗਤ ਪ੍ਰਕਾਸ਼ ਹੈ । ਗੁਰਸਿਖ ਸਾਚੇ ਕਰੋ ਵਿਚਾਰ, ਸ੍ਰਿਸ਼ਟ ਸਬਾਈ ਅੰਤਮ ਹੋਣਾ ਨਾਸ ਹੈ । ਅੱਗੇ ਪੈਂਦੀ ਡਾਹਢੀ ਮਾਰ, ਨਾ ਕੋਈ ਕਰੇ ਬੰਦ ਖਲਾਸ ਹੈ । ਧਰਮ ਰਾਏ ਲੈ ਖਲਾਰ, ਲੇਖਾ ਚੁਕਾਏ ਸ਼ਾਹ ਸ਼ਾਬਾਸ਼ ਹੈ । ਨਾ ਕੋਈ ਜਾਏ ਸਚ ਦਰਬਾਰ, ਬੇਮੁਖ ਮਰੇ ਕਲਜੁਗ ਜੂਠੇ ਝੂਠੇ ਰੱਸ ਰੱਸ ਹਾਸ ਹੈ । ਧਰਮ ਰਾਏ ਘਰ ਗਏ ਫੜੇ, ਨਾ ਕੋਈ ਕਰੇ ਬੰਦ ਖਲਾਸ ਹੈ । ਆਪਣਾ ਕੀਆ ਆਪੇ ਭਰੇ, ਸਾਚਾ ਨਾਮ ਨਾ ਕਿਸੇ ਪਾਸ ਹੈ । ਡੂੰਘੀ ਕੰਦਰ ਅੱਗੇ ਆਵੇ ਡਰੇ, ਏਕਾ ਅਗਨੀ ਨਿਕਲੇ ਲਾਟ ਹੈ । ਹਰਿ ਪਰਖੇ ਖੋਟੇ ਖਰੇ, ਬੇਮੁਖਾਂ ਅੰਤਮ ਆਉਣਾ ਘਾਟ ਹੈ । ਗੁਰਮੁਖ ਸਾਚੇ ਵਿਚ ਮਾਤ ਤਰੇ, ਪ੍ਰਭ ਚਰਨ ਧੂੜ ਰਸਨਾ ਰਹੇ ਚਾਟ ਹੈ । ਆਤਮ ਦਰ ਦਵਾਰ ਆਪੇ ਆਏ ਖੜੇ, ਨਾ ਜਾਣੇ ਦੂਰ ਦੁਰਾਡੀ ਕੋਈ ਵਾਟ ਹੈ । ਸ਼ਬਦ ਘੋੜੇ ਉਪਰ ਚੜ੍ਹੇ, ਏਕਾ ਚਾਲ ਰੱਖੇ ਸਰਪਟ ਹੈ । ਦਰਗਾਹ ਸਾਚੀ ਜਾਏ ਧਰੇ, ਜੋਤ ਸਰੂਪੀ ਏਕਾ ਹਰਿ ਡਗਮਗਾਹਟ ਹੈ । ਕਿਰਪਾ ਆਪਣੀ ਆਪੇ ਕਰੇ, ਗੁਰਸਿਖ ਸਾਚੇ ਦਰ ਸਾਚੇ ਤਰੇ, ਬੇਮੁੱਖਾਂ ਗਲ ਪਾਇਆ ਚੋਲਾ ਗਿਆ ਪਾਟ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਰਿ ਨਰ ਨਰਾਇਣ ਨਾ ਨਟੀਆ ਨਾ ਨਾਟ ਹੈ । ਬੇਮੁਖ ਰੋਵਣ ਕਰਨ

ਪੁਕਾਰ, ਰਾਏ ਧਰਮ ਮਾਰੇ ਡਾਹਡੀ ਮਾਰ । ਖਾਓ ਪੀਓ ਜੋ ਕੀਤਾ ਕਰਮ, ਨਾ ਹੋਏ ਕੋਈ ਅੱਗੇ ਸਹਾਰ । ਮਾਨਸ ਜਨਮ ਗਵਾਇਆ ਵਿਚ ਮਾਇਆ, ਭਰਮ ਭੁਲਾਇਆ ਹਰਿ ਕਰਤਾਰ । ਦਰ ਆਵੇ ਸ਼ਰਮ, ਨਾ ਮੁਖ ਵਖਾਵੇ ਵਿਚ ਦਰਬਾਰ । ਝੂਠਾ ਤਨ ਏਥੇ ਰਹਿ ਜਾਏ ਚਰਮ, ਜੀਵ ਜੰਤ ਹੋਏ ਗਵਾਰ । ਏਕਾ ਨਾਮ ਧਨ ਸਾਚਾ ਧਰਮ, ਗੁਰਸਿਖ ਸਾਚੇ ਸਚ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਉਠਾਵੇ ਆਪਣੀਆਂ ਦੋਵੇਂ ਭੁਜਾਂ ਪਸਾਰ । ਧਰਮ ਰਾਏ ਵਡਾ ਸ਼ਾਹ, ਲੇਖਾ ਮੰਗੇ ਥਾਂਉਂ ਥਾਂ । ਕਿਸੇ ਨਾ ਓਥੇ ਮੂੰਹ ਵਿਚੋਂ ਨਿਕਲੇ ਨਾ । ਅਠਾਈ ਕੁੰਡ ਅੱਗੇ ਵਖਾਏ, ਜਿਥੇ ਮਿਲੇ ਨਾ ਕੋਈ ਠੰਡੀ ਛਾਂ । ਆਪਣੀ ਹੱਥੀਂ ਬੇਮੁਖਾਂ ਰਿਹਾ ਝੁਕਾਏ, ਕਿਧਰੇ ਪੁੱਤ ਕਿਧਰੇ ਮਾਂ । ਇਕ ਦੂਜੇ ਨੂੰ ਮਾਰਨ ਮਿਹਣੇ, ਪੁੱਤ ਕਹੇ ਤੂੰ ਝੂਠੀ ਬਣੀ ਮੇਰੀ ਮਾਂ । ਝੂਠੇ ਕਲਜੁਗ ਉਡਾਉਂਦੀ ਰਹੀ ਕਾਂ । ਹਰਿ ਜੀ ਸਾਚਾ ਜੋਤ ਪ੍ਰਗਟਾਏ, ਨਾ ਦੱਸਿਆ ਤੂੰ ਸਾਚਾ ਥਾਂ । ਮਾਵਾਂ ਪੁੱਤਾਂ ਪੈ ਜਾਏ ਝੇੜਾ, ਕੋਈ ਨਬੇੜਾ ਕਰੇ ਨਾ । ਸਾਚੀ ਮਾਂ ਹੋਵੇ ਜਗ, ਦਾਗ ਲੱਗਣ ਨਾ ਦੇਵੇ ਚਿੱਟੀ ਪੱਗ, ਪੁੱਤਾਂ ਫੜ ਫੜ ਬਹਾਏ ਪ੍ਰਭ ਸਾਚੇ ਦੇ ਦਰ, ਦੋਈਂ ਹੱਥੀਂ ਬਾਂਹ । ਬੇਮੁਖਾਂ ਪਕੜੇ ਸ਼ਾਹ ਰਗ, ਅੰਤ ਕੋਈ ਛੁਡਾਏ ਨਾ । ਗੁਰਮੁਖ ਸਾਚੀ ਸੇਵਾ ਆਪ ਕਮਾਏ, ਝੂਠੀ ਮਹਿੰਦੀ ਨਾ ਹੱਥੀਂ ਲਾਏ, ਚਰਨ ਧੂੜ ਸਾਚੀ ਥਾਂ । ਦੂਜੇ ਦਰ ਨਾ ਮੰਗਣ ਜਾਏ, ਨਾ ਅੱਗੇ ਸਕੇ ਕੋਈ ਅਟਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਬੇੜਾ ਨਗਰ ਖੇੜਾ ਆਪੇ ਆਪ ਦਏ ਵਸਾ । ਧਰਮ ਰਾਏ ਸਚ ਦਵਾਰ । ਇਕ ਪਾਸੇ ਰੋਵੇ ਮਾਂ, ਦੂਜੇ ਪਾਸੇ ਸਚ ਦੁਲਾਰ । ਝੂਠਾ ਹੋਇਆ ਕਲਜੁਗ ਠੂਠਾ, ਡਿੱਗਾ ਮੂੰਹ ਦੇ ਭਾਰ । ਹੱਥ ਅੰਗੂਠਾ ਨਾ ਲਗਾ ਲੇਖੇ ਨਾ ਹੋਏ ਕੋਈ ਸਹਾਰ । ਗੁਰਮੁਖਾਂ ਹਰਿ ਕਿਰਪਾ ਕਰ ਪਹਿਲੀ ਮਾਘੀ ਦੇਵੇ ਅੰਮ੍ਰਿਤ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਆਪ ਲਿਖਾਏ, ਲਾਏ ਸਚ ਦਰਬਾਰ । ਬੇਮੁਖ ਜੀਵ ਦਏ ਦੁਹਾਈ । ਔਖੀ ਘਾਟੀ ਨਾ ਦੇਵੇ ਕੋਈ ਚੜ੍ਹਾਈ । ਕਾਇਆ ਮਾਟੀ ਪ੍ਰਭ ਸਾਚੇ ਅੰਤਮ ਭੰਨ ਵਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਹਰਿ ਜੀ ਬੈਠੇ ਰਿਹਾ ਡੰਨ ਲਗਾਈ । ਧਰਮ ਰਾਏ ਦਾ ਲੱਗਿਆ ਡੰਨ । ਸ਼ਬਦ ਨਾ ਸੁਣਿਆ ਸਾਚਾ ਕੰਨ । ਆਪਣਾ ਬੇੜਾ ਨਾ ਲਿਆ ਬੰਨ੍ਹ । ਝੂਠੀ ਅਗਨੀ ਲੱਗੀ ਸਾਚੇ ਤਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਗਿਆਨ ਦਵਾਏ, ਗੁਰਸਿਖ ਸਾਚਾ ਜਾਏ ਮਨ । ਹਰਿ ਸਿਰ ਉਠਾਏ ਫੂਲਾ ਖਾਰੀ । ਗੁਰਸਿਖ ਲਗਾਏ ਵਿਚ ਮਾਤ ਸੱਚੀ ਫੁਲਵਾੜੀ । ਸ੍ਰਿਸ਼ਟ ਸਬਾਈ ਆਪੇ ਵੇਖੇ ਪਿੱਛਾ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਕਰੇ ਤਾੜੀ । ਫੂਲਨ ਖਾਰੀ ਹਰਿ ਉਠਾਏ । ਗੁਰਸਿਖਾਂ ਭਾਰ ਰਿਹਾ ਵੰਡਾਏ । ਸਾਚਾ ਚਰਨ ਪਿਆਰ ਆਪਣਾ ਆਪ ਰਿਹਾ ਬੰਧਾਏ । ਕਿਰਪਾ ਕਰ ਹਰਿ ਦਾਤਾਰ, ਸਾਚੀ ਧਾਰ ਰਿਹਾ ਚਲਾਏ । ਕਰਮ ਧਰਮ ਜਰਮ ਵਿਚਾਰ, ਭਰਮ ਭੁਲੇਖੇ ਦੂਰ ਕਰਾਏ । ਪ੍ਰਭ ਦਰ ਆਏ ਸੇਵ ਕਮਾਏ । ਪਹਿਲੀ ਮਾਘੀ ਲੇਖੇ ਲਾਏ । ਜੋ ਜਨ ਚੜ੍ਹਾਇਨ ਪ੍ਰਭ ਗਲ ਪਾਇਣ ਫੂਲਣਹਾਰ, ਪ੍ਰਭ ਆਤਮ ਬਰਖਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਮਾਤ ਫੁੱਲ ਵਿਚ ਸੰਸਾਰ ਆਪਣਾ ਏਕਾ ਰਾਹ ਬਣਾਏ । ਗੁਰਸਿਖ ਸਾਚੇ ਸਚ ਗੁਲਜ਼ਾਰ । ਪ੍ਰਭ ਪੂਰੀ ਕਰੇ ਅੰਤ ਬਹਾਰ । ਆਪਣਾ ਆਪ ਕਰੇ ਸਚ ਵਿਹਾਰ । ਇਕ ਇਕ ਫੁੱਲ ਤੋੜੇ ਹਰਿ ਡਾਲੀ, ਬਣ ਬਣ ਮਾਲਣ ਕਵਲ ਨੈਣ ਮੁੰਧਾਰ । ਗੁਰਸਿਖ ਹਿਰਦਾ ਰਹੇ ਨਾ ਕੋਈ ਖਾਲੀ, ਪ੍ਰਭ ਆਪਣੀ ਝੋਲੀ ਭਰੇ ਅੰਮ੍ਰਿਤ ਝਿਰਨਾ ਝਿਰੇ ਅਪਾਰ । ਮਾਤਲੋਕ ਵਿਚ ਆਇਆ

ਮਾਲੀ, ਫੜ ਫੜ ਬੂਟੇ ਆਪ ਲਗਾਏ ਆਪਣੇ ਚਰਨ ਦਵਾਰ । ਸ਼ਬਦ ਝੂਲੇ ਆਪ ਝੁਲਾਏ, ਦੇਵੇ ਇਕ ਸ਼ਬਦ ਹੁਲਾਰ । ਸਾਚਾ ਤਨ ਸੋਹੰ ਸੂਟੇ ਆਪ ਪਹਿਨਾਏ, ਕਿਰਪਾ ਕਰ ਅਪਰ ਅਪਾਰ । ਬੇਮੁਖ ਦਰ ਤੋਂ ਕੱਢੇ, ਕੋਈ ਨਾ ਕਰੇ ਚਰਨ ਨਿਮਸਕਾਰ । ਗੁਰਮੁਖਾਂ ਪਿਆਏ ਅੰਮ੍ਰਿਤ ਪਹਿਲੀ ਮਾਘੀ ਏਕਾ ਘੁੱਟੇ, ਦੇਵੇ ਸਚ ਖੁਮਾਰ । ਏਥੇ ਓਥੇ ਨਾ ਜਮ ਕੀ ਛੁੱਟੇ, ਧਰਮ ਰਾਏ ਕਰੇ ਖੁਆਰ । ਦਿਨ ਦਿਹਾੜੇ ਜਾਇਣ ਲੁੱਟੇ, ਨਾ ਪਾਵੇ ਕੋਈ ਸਾਰ । ਸਿੰਘ ਸਿੰਘਾਸਣ ਹਰਿ ਜੀ ਬੈਠਾ ਜੜ੍ਹ ਸਭਨਾ ਦੀ ਪੁੱਟੇ, ਏਕਾ ਦੇਵੇ ਦੋ ਹੱਥੀਂ ਹੁਲਾਰ । ਫੜ ਫੜ ਹੱਥੀਂ ਸ਼ੌਹ ਦਰਿਆ ਸੁੱਟੇ, ਆਪ ਵਹਾਏ ਵਹਿੰਦੀ ਧਾਰ । ਗੁਰਮੁਖ ਸਾਚੇ ਸੰਤ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਪਕੜ ਕਲ ਜਾਏ ਤਾਰ । ਫੂਲਣਹਾਰ ਗੁਰਸਿਖ ਪਾਏ । ਪ੍ਰਭ ਅਬਿਨਾਸ਼ੀ ਤਨ ਲਗਾਏ । ਮਨ ਤਨ ਧੰਨ ਹਰਿ ਦੇ ਵਡਿਆਏ । ਸ਼ਬਦ ਸੁਣਾਏ ਕੰਨ, ਭਾਂਡਾ ਭਰਮ ਭੰਨਾਏ । ਧਰਮ ਰਾਏ ਨਾ ਦੇਵੇ ਡੰਨ, ਰਾਹ ਵਿਚ ਨਾ ਕੋਈ ਰਖਾਏ । ਦਰ ਘਰ ਸਾਚਾ ਸਾਚਾ ਧਾਮ ਨਾ ਸੰਨ੍ਹ ਕੋਈ ਲਗਾਏ । ਸੋਹੰ ਸ਼ਬਦ ਜਿਸ ਹਿਰਦੇ ਵਾਚਾ, ਪ੍ਰਭ ਪ੍ਰਗਟ ਹੋਏ ਦਰਸ ਦਿਖਾਏ । ਬੇਮੁਖ ਜੀਵ ਦੇਹੀ ਭਾਂਡਾ ਕਾਚਾ, ਹਰਿ ਅੰਤਮ ਭੰਨ ਵਖਾਏ । ਗੁਰਮੁਖ ਸਾਜਣ ਹਰਿ ਸਾਚੋ ਸਾਚਾ, ਵੇਲੇ ਅੰਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੂਲਨ ਬਰਖਾ ਲਾਏ, ਗੁਰਸਿਖਾਂ ਦਇਆ ਕਮਾਏ । ਸ਼ਬਦ ਫੂਲ ਹਰਿ ਬਰਸਾਏ । ਗੁਰਸਿਖਾਂ ਮੂਲ ਆਪ ਚੁਕਾਏ । ਸ਼ਬਦ ਤਰਸੂਲ ਬੇਮੁਖਾਂ ਦੇ ਸੀਨੇ ਲਾਏ । ਕਲਜੁਗ ਤੇਰੀ ਭੰਨੀ ਪਹਿਲੀ ਚੂਲ, ਨਾ ਬਾਡੀ ਕੋਈ ਬਣਾਏ । ਗੁਰਸਿਖ ਨਾ ਜਾਣਾ ਭੂਲ, ਵਰਤੇ ਸੋ ਜੋ ਪਹਿਲੀ ਮਾਘ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਏ । ਆਪਣੇ ਹੱਥ ਰੱਖੇ ਹਰਿ ਭਾਣਾ । ਨਾ ਕੋਈ ਜਾਣੇ ਰਾਜਾ ਰਾਣਾ ਨਾ ਕੋਈ ਜਾਣੇ ਸੁਘੜ ਸਿਆਣਾ । ਨਾ ਦਿਸੇ ਕੋਈ ਵੰਞ ਮੁਹਾਣਾ । ਗੁਰਮੁਖ ਰਾਹ ਸਾਚਾ ਦੱਸੇ, ਗੁਰ ਚਰਨ ਪ੍ਰੀਤ ਸੱਚਾ ਟਿਕਾਣਾ । ਦੂਜੀ ਥਾਂ ਤੇਰੇ ਕੋਈ ਨਾ ਆਈ ਵਸੇ, ਚਾਰ ਕੁੰਟ ਸ੍ਰਿਸ਼ਟ ਸਬਾਈ ਹੋਏ ਸੁੰਞ ਮਸਾਣਾ । ਬੇਮੁਖ ਜੀਵ ਅਗਨ ਮਾਇਆ ਵਿਚ ਜਾਇਣ ਲੂਸੇ, ਪ੍ਰਭ ਏਕਾ ਭੱਠ ਤਪਾਇਆ । ਬੇਮੁਖ ਬੈਠਾ ਜੋ ਮੁਖ ਛੁਪਾਏ, ਵੇਲੇ ਅੰਤ ਪ੍ਰਭ ਦਏ ਸਜਾਇਆ । ਲੁਕਿਆ ਰਹਿਣ ਨਾ ਦੇਵੇ ਵਿਚ ਕਿਸੇ ਗੁੱਠੇ, ਅਗਨ ਜੋਤ ਪ੍ਰਭ ਦਏ ਲਗਾਇਆ । ਬੇਮੁੱਖਾਂ ਹੱਥ ਫੜਾਇਆ ਠੂਠਾ, ਦਰ ਦਰ ਫਿਰਾਏ । ਗੁਰਮੁਖ ਸਾਚੇ ਸੰਤ ਜਨੋ ਰੰਗ ਸਾਚੇ ਮਾਣੋ ਅਨੂਠਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਦਇਆ ਕਮਾਇਆ । ਮਾਣੋ ਰੰਗ ਹਰਿ ਹਰਿ ਜਾਣ । ਆਪਣਾ ਆਪ ਲੈਣਾ ਪਛਾਣ । ਭਰਮ ਭੁਲੇਖਾ ਕਰਨਾ ਦੂਰ, ਅੱਗੇ ਖੜਾ ਸ੍ਰੀ ਭਗਵਾਨ । ਜਿਸ ਜਨ ਹੋਏ ਆਤਮ ਗਰੂਰ, ਦਰ ਆਏ ਦੂਜੀ ਹਰਿ ਮਿਟਾਨ । ਨਾ ਕੋਈ ਧੋਖਾ ਨਾ ਅਧਰਮ, ਨਾ ਕੋਈ ਭੂਤ ਪ੍ਰੇਤ ਜਿਨ ਮਸਾਣ । ਪ੍ਰਭ ਦਰ ਆਓ ਵੇਖੋ ਹਰਿ ਪੁਕਾਰੇ, ਸ਼ਬਦ ਵਖਾਏ ਇਕ ਬਬਾਣ । ਗੁਰਸਿਖਾਂ ਲਿਖਾਏ ਸਾਚੇ ਲੇਖੇ, ਧੁਰਦਰਗਾਹੀ ਆਪ ਸੁਣਾਏ ਸੋਹੰ ਸਚ ਫਰਮਾਣ । ਗੁਰਮੁਖ ਸਾਚੇ ਸੰਤ ਗਾਏ, ਜਨਮ ਮਰਨ ਹਰਿ ਫੰਦ ਕਟਾਨ । ਮਾਨਸ ਜਨਮ ਲੇਖੇ ਲਾਏ, ਲੱਖ ਚੁਰਾਸੀ ਫੇਰ ਨਾ ਪਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਜੋ ਜਨ ਚਰਨ ਸਰਨ ਕਰੇ ਧਿਆਨ । ਪਹਿਲੀ ਮਾਘੀ ਚਰਨ ਨਿਮਸਕਾਰ । ਜੁਗਾਂ ਜੁਗਾਂ ਦਾ ਲਾਹਿਆ ਭਾਰ । ਗੁਰਸਿਖ ਹੌਲਾ ਹੋ ਜਾਏ, ਚਲ ਆਏ ਗੁਰ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਕਰੇ ਖੇਲ ਅਪਰ ਅਪਾਰ । ਗੁਰਸਿਖ ਸਾਚਾ ਵਣਜ ਵਪਾਰ


੪੦੧
੦੩

ਕਰੋ ਪ੍ਰਭ ਸਾਚਾ ਹੱਟ ਖੁਲ੍ਹਾ ਰਿਹਾ । ਸਾਚੀ ਨਾਮ ਦਾਤ ਝੋਲੀ ਭਰੇ, ਪ੍ਰਭ ਦੋ ਹੱਥੀਂ ਆਪ ਭਰਾ ਰਿਹਾ । ਅੰਮ੍ਰਿਤ ਸੋਮਾ ਮਾਤ ਫੁੱਟੇ ਪਹਿਲੀ ਮਾਘ ਪੀਓ ਨਾਮ ਸੋਹੰ ਘੁੱਟ ਸਾਚਾ ਪਿਲਾ ਰਿਹਾ । ਗੁਰਮੁਖ ਸਾਚੇ ਸੰਤ ਜਨ ਸਾਚਾ ਲਾਹਾ ਲੈਣ ਲੁੱਟ, ਲੱਖ ਚੁਰਾਸੀ ਗੇੜ ਮੁਕਾਵੇ । ਜੰਮ ਕਾ ਜੇੜਾ ਜਾਵੇ ਤੁੱਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਭੰਡਾਰੀ ਵਡ ਭੰਡਾਰਾ ਆਪ ਲਗਾ ਰਿਹਾ । ਵੱਡਾ ਹਰਿ ਭੰਡਾਰ ਹੈ । ਸੱਚਾ ਇਕ ਦਰਬਾਰ ਹੈ । ਸੱਚਾ ਇਕ ਘਰ ਬਾਹਰ ਹੈ । ਸੱਚਾ ਦਰ ਗੁਰਸਿਖ ਮੰਗਣ ਹਰਿ ਦੇਵਣਹਾਰ ਦਾਤਾਰ ਹੈ । ਦੋਏ ਜੋੜ ਕਰਨ ਨਿਮਸਕਾਰ, ਪ੍ਰਭ ਦੇਂਦਾ ਜਾਏ ਪਿਆਰ ਹੈ । ਆਤਮ ਬੰਧੇ ਸੱਚੀ ਧਾਰ, ਝਿਰਨਾ ਝਿਰਾਏ ਅਪਰ ਅਪਾਰ ਹੈ । ਪ੍ਰਭ ਅਬਿਨਾਸ਼ੀ ਆਤਮ ਦੇਵੇ ਠਾਰ, ਅੰਮ੍ਰਿਤ ਸਾਚਾ ਸੀਰ ਪਿਲਾਏ, ਨਿਹਕਲੰਕ ਅਵਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਕਰਮ ਵਿਚਾਰ ਹੈ । ਪਹਿਲੀ ਮਾਘੀ ਕਰਮ ਵਿਚਾਰ । ਪਿਛਲੇ ਦਾਗ ਦਏ ਉਤਾਰ । ਆਪ ਵਖਾਏ ਫਿਰ ਸੱਚਾ ਘਰ ਬਾਹਰ । ਗੁਰਮੁਖ ਸਾਚੇ ਸੰਤ ਜਨੋ ਹਰਿ ਹਰਿ ਨੇਤਰ ਪੇਖੋ ਭਰਮ ਭੁਲੇਖਾ ਦਏ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ, ਚਲਾਏ, ਸੁਣਾਏ, ਫੜ ਫੜ ਰਾਹੇ ਪਾਏ, ਗੁਰਸਿਖ ਕੋਈ ਭੁੱਲ ਨਾ ਜਾਏ, ਆਪੇ ਹੋਏ ਸਦ ਰਖਵਾਰ । ਆਪੇ ਹੋਏ ਰਾਖਾ ਆਪ ਰਘੁਬੰਸ । ਮਾਤ ਪਿਤ ਪੁੱਤਰ ਧੀਆਂ ਕੋਈ ਨਾ ਜਾਣੇ, ਨਾ ਦਿਸੇ ਹੋਰ ਕੋਈ ਬੰਸ । ਬੇਮੁਖਾਂ ਹਰਿ ਆਪ ਪਛਾੜੇ, ਜਿਉਂ ਕਾਹਨਾ ਕੰਸ । ਗੁਰਸਿਖਾਂ ਲਗਾਏ ਧਰਮ ਜੜ੍ਹ । ਬੇਮੁੱਖ ਜਾਇਣ ਪਹਿਲੇ ਹੜ੍ਹ । ਗੁਰਸਿਖ ਜਗਾਏ ਬਾਹੋਂ ਫੜ । ਆਤਮ ਹੰਕਾਰੀ ਤੋੜ ਗੜ੍ਹ । ਜਿਥੇ ਬੈਠਾ ਹਰਿ ਅੰਦਰ ਵੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਸਾਚੇ ਹਰੀ ਆਪ ਫੜਾਇਆ ਆਪਣਾ ਲੜ । ਆਪਣਾ ਲੜ ਹੱਥ ਫੜਾਨਾ । ਪਹਿਲੀ ਮਾਘੀ ਜੋੜ ਜੁੜਾਨਾ । ਜੁੜਿਆ ਜੋੜ ਨਾ ਕਿਸੇ ਤੁੜਾਨਾ । ਬੰਦੀ ਛੋੜ ਆਪ ਅਖਵਾਨਾ । ਸ਼ਬਦ ਘੋੜ ਆਪ ਚੜ੍ਹਾਨਾ । ਕਲਜੁਗ ਵੇਲਾ ਨੇੜੇ ਆਣਾ । ਨਾ ਮਿੱਠਾ ਨਾ ਕੌੜਾ ਹਰਿ, ਗੁਰਸਿਖ ਸਾਚੇ ਆਓ ਦਰ, ਪਹਿਲੀ ਮਾਘੀ ਪ੍ਰਭ ਦਇਆ ਕਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਨਾ ਕਿਸੇ ਮਿਟਾਣਾ । ਕਰੋ ਵਣਜ ਹਰਿ ਵਣਜਾਰਿਓ । ਪ੍ਰਭ ਅਬਿਨਾਸ਼ੀ ਆਇਆ ਚਲ ਦਵਾਰਿਓ । ਘਨਕਪੁਰ ਵਾਸੀ ਆਤਮ ਲਾਹੇ ਸਰਬ ਉਦਾਸੀ, ਦੋਏ ਜੋੜ ਕਰੋ ਨਿਮਸਕਾਰਿਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਸਦਾ ਸਦਾ ਸਦ ਬਲਹਾਰਿਓ । ਬਲਿਹਾਰੀ ਬਲਿਹਾਰ ਬਲਿਹਾਰ । ਗੁਰ ਸੰਗਤ ਤਾਰੀ, ਪ੍ਰਭ ਆਪਣੀ ਕਿਰਪਾ ਧਾਰ । ਬਾਲ ਬਿਰਧ ਜਵਾਨ ਨਰ ਨਾਰੀ, ਏਕਾ ਬਖ਼ਸ਼ੇ ਚਰਨ ਪਿਆਰ । ਊਚ ਨੀਚ ਜ਼ਾਤ ਪਾਤ ਰਾਓ ਰੰਕ ਨਾ ਕਰੇ ਕੋਈ ਵਿਚਾਰ । ਏਕਾ ਨਾਮ ਏਕਾ ਡੰਕ, ਸ੍ਰਿਸ਼ਟ ਸਬਾਈ ਏਕਾ ਦਰ ਬਣੇ ਭਿਖਾਰ । ਏਕਾ ਨਾਮ ਏਕਾ ਅੰਕ, ਸ੍ਰਿਸ਼ਟ ਸਬਾਈ ਮਿਟਾਏ ਸ਼ੰਕ, ਪ੍ਰਗਟ ਹੋਏ ਗੁਰਸਿਖ ਵਡਿਆਏ ਜਿਉਂ ਰਾਜਾ ਜਨਕ, ਆਪ ਬਹਾਏ ਚਰਨ ਦਵਾਰ । ਕਲਜੁਗ ਵੇਲਾ ਅੰਤਮ ਅੰਤ ਆਣ ਢੁਕਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਸ਼ਬਦ ਬਣਾਇਆ ਵਡ ਸਿਪਾਸਲਾਰ । ਪੰਚਮ ਰਾਣੀ ਮਾਰੀ ਧਾ । ਪ੍ਰਭ ਅਬਿਨਾਸ਼ੀ ਕਲ ਪਾਇਆ ਫਾਹ । ਦੋ ਹੱਥੀਂ ਰਿਹਾ ਗਲ ਘੁਟ, ਕਿਹੜੇ ਰਸਤੇ ਖਾਂ । ਜੜ੍ਹ ਤੇਰੀ ਰਿਹਾ ਪੁੱਟ, ਨਾ ਦਿਸੇ ਹੋਰ ਕੋਈ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾ ਰਾਣੀ ਵਡ ਜਰਵਾਣੀ ਕਰਦੀ ਜਾਈਂ ਪਛੋਤਾ । ਪੰਚਾ ਰਾਣੀ ਉਲਟੀ ਬੁੱਧ । ਹਿਰਦਾ ਹੋਣ ਨਾ ਦੇਵੇ ਕਿਸੇ ਸੁੱਧ । ਝੂਠੀ ਜਾਗ

ਆਪ ਲਗਾਈ, ਜਿਉਂ ਕਾਂਜੀ ਦੁੱਧ । ਅੱਠੇ ਪਹਿਰ ਕਰਦੀ ਰਹੇ ਕਾਇਆ ਅੰਦਰ ਜੁੱਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਖੰਡਾ ਆਪੇ ਮਾਰੇ, ਲੈਣ ਨਾ ਦੇਵੇ ਗੁਰਮੁਖ ਤੇਰੀ ਆਤਮ ਵਿਚ ਸੁੱਧ । ਪੰਚਮ ਪੰਚਾਇਣ ਪੰਚਮ ਡਾਇਣ । ਸ੍ਰਿਸ਼ਟ ਸਬਾਈ ਵਹਾਏ ਵਹਿੰਦੇ ਵਹਿਣ । ਸਾਚੇ ਲੇਖੇ ਨਾ ਕਿਸੇ ਲਾਏ, ਝੂਠੇ ਗੁਹਾਏ ਗਹਿਣ । ਔਜੜ ਰਾਹੇ ਸਾਰੇ ਪਾਏ, ਨਾ ਅੰਤਮ ਮਿਲਾਏ ਕਿਸੇ ਸਾਕ ਸੱਜਣ ਸੈਣ । ਗੁਰਸਿਖ ਸਾਚੇ ਪ੍ਰਭ ਆਪ ਉਪਜਾਏ, ਦਰ ਸਾਚੇ ਲਾਹਾ ਲੈਣ । ਸਚ ਦਰ ਭਿਛਿਆ ਪਾਏ, ਗੁਰਸਿਖ ਭਰ ਝੋਲੀ ਘਰ ਲੈ ਜਾਏ, ਸੋਹੰ ਸ਼ਬਦ ਹਰਿ ਲਿਆਏ ਬਬਾਣ ਉਪਰ ਆਪ ਚੜ੍ਹੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ ਗੁਰਸਿਖ ਨਾ ਜਾਏ ਵਿਚ ਮੜ੍ਹੀ ਮਸਾਣ । ਗੁਰਸਿਖਾਂ ਵਿਚ ਬਬਾਣ ਆਪ ਉਡਾਏ । ਸਾਚੀ ਦਇਆ ਆਪ ਕਮਾਏ । ਸਾਚੀ ਕਾਣ ਆਪ ਰਖਵਾਏ । ਗੁਰਸਿਖ ਚੁੱਕ ਹਰਿ ਸਚ ਦਰਬਾਰ ਲੈ ਜਾਏ । ਜਿਥੇ ਹੋਵੇ ਇਕ ਜੋਤ ਅਕਾਰ, ਦੂਸਰ ਕੋਈ ਨਾ ਦਿਸੇ ਰਾਏ । ਬਣ ਹਰਿ ਰਾਏ ਗੁਰਸਿਖਾਂ ਨਾਲ ਮਿਲਾਏ, ਸਾਚੀ ਵਸਤ ਝੋਲੀ ਪਾਏ, ਆਪ ਪਹਿਨਾਏ ਸਾਚਾ ਬਸਤਰ ਸਾਚੀ ਦਇਆ ਕਮਾਏ । ਹਰਿ ਹਰਿ ਸਭ ਥਾਈਂ ਵਸੇ ਕੀੜੀ ਵਿਚ ਹਸਤ ਕੋਈ ਭੁੱਲ ਨਾ ਜਾਏ । ਗੁਰਮੁਖ ਸਾਚੇ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਗਤ ਆਪਣੀ ਆਪਣੇ ਧਾਮ ਬਹਾਏ । ਸਚ ਤਖ਼ਤ ਦਿਤਾ ਤਾਜ । ਸਤਿਜੁਗ ਲਗਾਏ ਪਹਿਲੀ ਮਾਘ । ਗੁਰਮੁਖ ਵਿਰਲਾ ਪ੍ਰਭ ਦਰ ਆਏ, ਰੁਕ ਨਾ ਜਾਏ ਪ੍ਰਭ ਪੂਰਨ ਕਰੇ ਕਾਜ । ਸਾਚਾ ਸ਼ਸਤਰ ਤਨ ਪਹਿਨਾਏ, ਸੋਹੰ ਸ਼ਬਦ ਉਡਾਏ ਹੱਥ ਤੇਰੇ ਵਿਚ ਬਾਜ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੇ ਸੰਗ ਰਲਾਏ ਸਿਰ ਟਿਕਾਏ ਸਾਚਾ ਤਾਜ । ਸਤਿਜੁਗ ਤੇਰਾ ਸਚ ਦਰਬਾਰ । ਲਿਖਤ ਲਿਖਾਏ ਹਰਿ ਨਿਰੰਕਾਰ । ਪਹਿਲੀ ਮਾਘੀ ਦਿਵਸ ਵਿਚਾਰ । ਆਪ ਉਪਜਾਵੇ ਕਰਨਹਾਰ ਦਾਤਾਰ । ਹੱਥੀਂ ਗਾਨਾ ਤੇਰਾ ਬੰਨ੍ਹੇ, ਸਤਿਗੁਰ ਮਨੀ ਸਿੰਘ ਬਣੇ ਸੱਚਾ ਸਿਕਦਾਰ । ਗੁਰਮੁਖ ਚੜ੍ਹਾਏ ਸੰਗ ਰਲਾਏ ਕਿਰਪਾ ਕਰ ਅਪਾਰ । ਬੇਮੁੱਖ ਜੀਵ ਕੋਈ ਨਾ ਜਾਣੇ ਹੋਇਆ ਧੁੰਧੂਕਾਰ । ਅੰਤਮ ਗਏ ਧਰਮ ਰਾਏ ਦੇ ਬੰਦੀਖਾਨੇ, ਡਿੱਗੇ ਮੂੰਹ ਦੇ ਭਾਰ । ਪੁੱਤਾਂ ਮਾਂ ਨਾ ਕੋਈ ਪਛਾਣੇ, ਨਾ ਕੋਈ ਵੇਖੇ ਨਾਰ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੋ ਕੀ ਵਰਤੇ ਵਰਤਾਰ । ਸਤਿਜੁਗ ਸਾਚਾ ਤਖਤ ਬਹਾਇਆ । ਮਾਤਲੋਕ ਵਿਚ ਮਾਣ ਦਵਾਇਆ । ਜਾਣ ਪਛਾਣ ਗੁਰ ਦਰ ਸਾਚਾ ਹਰਿ ਭਗਤ ਭਗਵਾਨ ਦਏ ਕਰਾਇਆ । ਇਕ ਦੂਜੇ ਦੇ ਬਣੇ ਜਾਣੀ ਜਾਣ, ਪਰਦਾ ਉਹਲਾ ਸਰਬ ਹਟਾਇਆ । ਸ੍ਰਿਸ਼ਟ ਸਬਾਈ ਪੁਣ ਛਾਣ, ਲਾਲ ਅਨਮੁਲੜਾ ਹਰਿ ਇਕ ਲੈ ਆਇਆ । ਉਤੇ ਚਿੱਟੇ ਤਾਣਾ ਤਾਣ, ਸਾਚੀ ਸੇਜਾ ਆਪ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਨਜੀਤ ਤੇਰਾ ਮਾਨਸ ਜਨਮ ਵਿਚ ਮਾਤ ਲੇਖੇ ਲਾਇਆ । ਲੇਖੇ ਗਿਆ ਲੱਗ, ਲਗਾਇਆ ਹਰਿ ਨਿਰੰਕਾਰ । ਮੌਤ ਲਾੜੀ ਵਿਆਹੇ ਬੇਮੁਖ ਵੱਗ, ਭਰੀ ਜਾਏ ਧਰਮ ਰਾਏ ਦੇ ਦਵਾਰ । ਮੂੰਹ ਵਿਚੋਂ ਡਿਗਦੀ ਰਹੇ ਸਾਰਿਆਂ ਝੱਗ, ਮੂੰਹ ਥੁੱਕਾਂ ਭਰੇ ਵਾਰੋ ਵਾਰ । ਬੇਮੁਖ ਜੀਵ ਦਰ ਪੁਕਾਰੇ, ਨਾ ਕੋਈ ਬਚਾਵੇ ਅੰਤ ਹੋਇਆ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਏ ਗੁਰਸਿਖ ਸਾਚੇ ਤਾਣ ਰਖਾਏ ਆਪੇ ਲੈ ਜਾਏ ਵਿਚ ਦਰਬਾਰ । ਸਚ ਦਰਬਾਰ ਆਪੇ ਖੜ੍ਹ । ਆਪ ਫੜਿਆ ਆਪਣਾ ਲੜ । ਬੇਮੁੱਖ ਜੀਵ ਜਾਇਣ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਪਹਿਲੀ ਮਾਘੀ ਲਿਆਇਆ ਬਾਹੋਂ ਫੜ । ਗੁਰਮੁਖ ਆਏ ਚਲ ਹਜ਼ੂਰ । ਸਾਚੀ ਜੋਤ ਹਰਿ ਜਗਾਏ

ਕਰੇ ਨੂਰੋ ਨੂਰ । ਬੇਮੁੱਖ ਜੀਵ ਦਰ ਰਹਿਣ ਨਾ ਪਾਏ, ਆਪ ਕਰਾਏ ਦੂਰੋ ਦੂਰ । ਮਦਿਰਾ ਮਾਸ ਜੋ ਜਨ ਮੁਖ ਲਾਏ, ਪ੍ਰਭ ਆਪ ਕਰਾਏ ਚੂਰੋ ਚੂਰ । ਸੋਹੰ ਜਾਪ ਜੋ ਜਨ ਪ੍ਰਭ ਸਾਚੇ ਘਰ ਗਾਏ, ਹੋਏ ਸਰਬ ਕਲਾ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਕਰੇ ਪੂਰ । ਮਦਿਰਾ ਮਾਸੀ ਦੁਸ਼ਟ ਦੁਰਾਚਾਰ । ਪ੍ਰਭ ਅਬਿਨਾਸ਼ੀ ਦੇਵੇ ਦਰ ਦੁਰਕਾਰ । ਸਾਚੇ ਘਰ ਵਿਚੋਂ ਹੋ ਜਾਣਾ ਬਾਹਰ । ਏਥੇ ਪੈਂਦੀ ਸ਼ਬਦ ਮਾਰ । ਬੇਮੁਖ ਜੀਵ ਰਹੇ ਝੱਖ ਮਾਰ । ਕਾਇਆ ਚੋਲੀ ਆਪਣੀ ਹੱਥੀਂ ਪਾੜੀ, ਨਾ ਕੋਈ ਸਕੇ ਖੁਲ੍ਹਾਰ । ਬੇਮੁੱਖਾਂ ਹਰਿ ਪੁੱਟੇ ਦਾਹੜੀ, ਤੋੜੇ ਜਵਾਨੀ ਡਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੁਕਿਆ ਰਹਿਣ ਨਾ ਦੇਵੇ ਕੋਈ ਵਿਚ ਝਾੜੀ, ਸ਼ਬਦ ਸਰੂਪੀ ਮਗਰ ਲਾਏ ਧਾੜ । ਸ਼ਬਦ ਸਰੂਪੀ ਹਰਿ ਕੀ ਧਾੜ । ਉਚੇ ਟਿੱਲੇ ਵਿਚ ਪਹਾੜ । ਸਮੇਰੂ ਪਰਬਤ ਵੇਖ ਵਖਾਣੇ, ਚੌਦਾਂ ਲੋਕਾਂ ਵਿਚ ਫਿਰਾਏ ਬੇਮੁਖਾਂ ਟੋਹੇ ਨਾੜ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਆਪ ਲਿਖਾਏ ਆਪ ਵਰਤਾਏ, ਚਾਰ ਕੁੰਟ ਹੋਏ ਕਾੜ ਕਾੜ । ਏਕਾ ਚਲੇ ਨਾਮ ਧਮਾਕਾ । ਇਕ ਦੂਜੇ ਦੇ ਛੁੱਟਣ ਸਾਕਾ । ਘਰ ਘਰ ਦੇ ਦਿਸਣ ਖੁਲ੍ਹੇ ਤਾਕਾ । ਲਹਿਣਾ ਦੇਣਾ ਰਹਿ ਜਾਏ ਬਾਕਾ । ਬੁੱਢੀ ਮਾਈ ਕਿਸੇ ਨਾ ਮਿਲੇ ਚੁੱਕਣਾ ਕਾਕਾ । ਦਿਨ ਦਿਹਾੜੇ ਪੈਣਾ ਡਾਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਾ ਸ਼ਬਦ ਲਿਖਾਏ, ਨਾ ਕੋਈ ਰਹੇ ਸ਼ਾਹ ਸੁਲਤਾਨ ਅੱਗੇ ਆਕਾ । ਗੁਰਸਿਖ ਸਾਚਾ ਸਚ ਵਿਚੋਲਾ, ਜੇ ਰਹੇ ਖਬਰਦਾਰ । ਦੋਹੀਂ ਧਿਰੀਂ ਕੋਈ ਨਾ ਨਿਕਲੇ ਬੋਲਾ, ਜੇ ਖੜਾ ਹੋਵੇ ਅੱਧਵਿਚਕਾਰ । ਦੋਹਾਂ ਧਿਰਾਂ ਦਾ ਬਣਿਆ ਰਹੇ ਗੋਲਾ, ਨਾ ਛੁੱਟੇ ਲੜ ਸੱਚੀ ਸਰਕਾਰ । ਨਾ ਕੋਈ ਪਰਦਾ ਨਾ ਕੋਈ ਉਹਲਾ, ਨਾ ਕੋਈ ਝਕੋਲਾ, ਸੰਤ ਮਨੀ ਸਿੰਘ ਸੱਚਾ ਸਿਕਦਾਰ । ਸਿੰਘ ਮੋਤਾ ਬਣੇ ਭੋਲਾ ਭਾਲਾ, ਪ੍ਰਭ ਪਾਵੇ ਸਾਚੀ ਸਾਰ । ਗੁਰਸਿਖ ਸਾਚਾ ਗਾਵੇ ਏਕਾ ਨਾਮ ਪ੍ਰਭ ਸਾਚੇ ਦਾ ਸਾਚਾ ਸੋਹਲਾ, ਪ੍ਰਭ ਸਾਚੇ ਕਰਦਾ ਰਹੇ ਸਦ ਨਿਮਸਕਾਰ । ਨਾਮ ਵਸਤ ਹਰਿ ਸਾਚੀ ਦੇਵੇ, ਸਾਚਾ ਕਰਨਾ ਵਣਜ ਵਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਆਪਣੀ ਜਾਣੇ ਧਾਰ । ਹਰਿ ਵਡ ਧਾਰਨਾ, ਲੱਖ ਚੁਰਾਸੀ ਵਿਚ ਪਸਾਰੇ ਜੀਵਾਂ ਜੰਤਾਂ ਸਰਬ ਵਿਚਾਰਨਾ । ਆਪੇ ਕਰੇ ਕਾਲਾ ਸੂਸਾ, ਆਪੇ ਖੁਲ੍ਹੇ ਕੇਸ ਗਲੇ ਵਿਚ ਡਾਰਨਾ । ਆਪੇ ਬਣੇ ਫੂਲਣ ਮਾਲਨ, ਆਪੇ ਬਣੇ ਗੁਰਮੁਖਾਂ ਦਰ ਦਰ ਘਰ ਘਰ ਭਿਖਾਰਨਾ । ਆਪੇ ਬਣੇ ਗੁਰ ਸੰਗਤ ਪਾਲਨ, ਬਾਹੋਂ ਪਕੜ ਫੜ ਫੜ ਸੁੱਤਿਆਂ ਉਠਾਲਨਾ । ਗੁਰਸਿਖ ਫੁੱਲ ਚੁਗ ਲਿਆਏ ਹਰਿ ਬਾਲਣ, ਜੋ ਸੇਜਾ ਸੀੜੀ ਉਤੇ ਡਾਲਨਾ । ਗੁਰਮੁਖ ਵਿਰਲੇ ਝੱਲਣ ਸਾਚੀ ਝਾਲਣ, ਹੰਕਾਰ ਵਿਕਾਰ ਵਿਚੋਂ ਸਰਬ ਨਿਕਾਲਨਾ । ਫੱਲ ਫੇਰ ਲੱਗੇ ਸੱਚੇ ਡਾਲਨ, ਗੁਰ ਦਰ ਦੋਏ ਜੋੜ ਜਿਸ ਨਿਮਸਕਾਰਨਾ । ਸਾਚਾ ਦੀਪਕ ਜੋਤ ਚਾਨਣ, ਅੰਧ ਅੰਧੇਰ ਸਰਬ ਨਿਵਾਰਨਾ । ਦੇਵੇ ਦਰਸ ਵਿਚ ਪੰਖੀਆਂ ਆਲ੍ਹਣ, ਰਸਨਾ ਜਿਸ ਉਚਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਸਿਰ ਨਾ ਪਾਏ ਆਪਣਾ ਭਾਰਨਾ । ਆਪਣਾ ਭਾਰ ਨਾ ਕਿਸੇ ਸਿਰ ਰਖਾਇਆ । ਜੋਤ ਸਰੂਪੀ ਜਾਮਾ ਧਾਰ, ਆਪਣੇ ਕੰਧੇ ਆਪ ਉਠਾਇਆ । ਨਿਹਕਲੰਕ ਅਵਤਾਰ ਨਰ ਸੱਜਾ ਮੋਢਾ ਅੱਗੇ ਡਾਹਿਆ । ਸਤਿਜੁਗ ਸਾਚਾ ਕਰ ਅਕਾਰ, ਸੱਜੇ ਕੰਧੇ ਆਪ ਟਿਕਾਇਆ । ਕਲਜੁਗ ਝੂਠਾ ਲਿਆ ਵਿਚਾਰ, ਖੱਬੇ ਕੰਧੇ ਆਪ ਉਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਗੋਦੀ ਵਿਚੋਂ ਬਾਹਰ ਕਢਾਇਆ । ਆਪਣਾ ਭਾਰ ਹਰਿ ਉਠਾਇਆ । ਗੁਰ ਸੰਗਤ ਹੌਲੇ ਭਾਰ ਰਖਾਇਆ । ਉਤੇ ਖਿਲਅਤ ਆਏ ਭਾਰੀ, ਹਰਿ ਸਚ ਖੇਲ ਕਲ ਵਰਤਾਇਆ । ਮਹਾਰਾਜ

੪੦੪ ੦੩

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਨਾਮ ਜਪਾਇਆ । ਗੁਰਮੁਖ ਸਾਚੇ ਸ਼ਬਦ ਉਪਦੇਸ਼ । ਅੱਠੇ ਪਹਿਰ ਹਰਿ ਸਾਚਾ ਦੇਵੇ ਵਿਚ ਮਾਝੇ ਦੇਸ । ਗੁਰਮੁਖ ਵਿਰਲਾ ਦਰ ਆਏ ਲੇਵੇ, ਨਾ ਪਾਏ ਭਰਮ ਭੁਲੇਵੇ, ਨਾ ਵੇਖੇ ਖੁਲ੍ਹੜੇ ਕੇਸ । ਗੁਰ ਸੰਗਤ ਵੇਲਾ ਅੰਤਮ ਕਲਜੁਗ ਆਇਆ, ਪ੍ਰਭ ਬਣਿਆ ਆਪ ਦਰਵੇਸ਼ । ਜੁਗੋ ਜੁਗ ਜਾਮਾ ਧਾਰੇ ਆਪੇ ਜਾਣੇ ਆਪਣਾ ਭੇਖ । ਹੱਥ ਨਾ ਆਏ ਕਿਸੇ ਰਾਜੇ ਰਾਣੇ, ਉਚੇ ਮਹੱਲ ਮੰਦਰ ਬੈਠੇ ਰਹੇ ਵੇਖ । ਨਾ ਕੋਈ ਜਾਣੇ ਸੁਘੜ ਸਿਆਣਾ, ਹੱਥ ਨਾ ਆਵੇ ਔਲੀਏ ਪੀਰ ਮੁਸਾਇਕ ਸ਼ੇਖ । ਗੁਰਸਿਖ ਸਾਚੇ ਦਰ ਸਾਚਾ ਪਾ ਲੈ, ਏਕਾ ਰਾਖੋ ਗੁਰ ਚਰਨ ਟੇਕ । ਸਾਚਾ ਨਾਮ ਰਸਨਾ ਗਾ ਲੈ, ਪ੍ਰਭ ਕਰੇ ਬੁੱਧ ਬਬੇਕ । ਹਉਮੇ ਅਗਨ ਸਰਬ ਜਲਾ ਲੈ, ਸ਼ਬਦ ਸਰੂਪੀ ਹਰਿ ਕਰੇ ਛੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਰ ਨਰਾਇਣ ਆਦਿ ਜੁਗਾਦਿ ਏਕੋ ਏਕ । ਏਕੋ ਏਕ ਨਰ ਹਰਾ । ਗੁਰਮੁਖ ਸਾਚੇ ਵੇਖ ਆਤਮ ਦਰ ਖੜਾ ਸ਼ਬਦ ਭੰਡਾਰਾ ਅੰਮ੍ਰਿਤ ਧਾਰਾ ਸੀਰ ਪਿਆ, ਆਪੇ ਕਿਰਪਾ ਕਰ ਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਮੋਹ ਨਾ ਕੋਈ ਜਾਣੋ ਵੇਲੇ ਅੰਤਮ ਕਲਜੁਗ ਹੋਇਆ ਹਾਹਾਕਾਰਾ । ਮਾਣ ਮੋਹ ਹਰਿ ਆਪ ਤਜਾਏ । ਝੂਠਾ ਧਰੋ ਨਾ ਨਾਲ ਕਿਸੇ ਕਮਾਏ । ਆਪਣੀ ਕਾਇਆ ਭਾਂਡੇ ਲੈਣੇ ਧੋ, ਸਚ ਵਸਤ ਹਰਿ ਆਪੇ ਪਾਏ । ਸੋਹੰ ਸ਼ਬਦ ਗੁਰਸਿਖ ਤੇਰੀ ਆਤਮ ਢੋਆ ਦੇਵੇ ਢੋ, ਤੇਰੀ ਹੱਥੀਂ ਕੰਗਣ ਆਪ ਪਹਿਨਾਏ । ਨਾ ਮਰੇ ਨਾ ਜਾਏ ਦੋਏ ਧਿਰਾਂ ਬਹਿਣ ਇਕੱਠੇ ਹੋ, ਭੁੱਖ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕੋ ਦਾਤਾ ਤੋਟ ਕੋਈ ਨਾ ਆਏ । ਘਰ ਦਿਆਂ ਕਿਉਂ ਕਰੇ ਖੁਆਰੀ । ਜਿਨ੍ਹਾਂ ਪਾਈ ਸਾਚੀ ਸਾਰੀ । ਮੁਖ ਭਵਾਏ ਸਾਰ ਨਾ ਆਏ, ਆਤਮ ਹੋਏ ਹੰਕਾਰੀ । ਪ੍ਰਭ ਬਾਹੋਂ ਪਕੜ ਉਠਾਏ, ਭੇਵ ਚੁਕਾਏ ਆਪ ਰਖਾਏ ਪਿਛੇ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੋ ਦੂਰ, ਵਿਚ ਰਹਾਏ ਬਹੱਤਰ ਨਾੜੀ । ਬਹੱਤਰ ਨਾੜੀ ਜੋਤ ਪ੍ਰਕਾਸ਼ । ਜੋਤ ਸਰੂਪੀ ਜੋਤ ਹਰਿ, ਹਰ ਹਿਰਦੇ ਰੱਖੇ ਵਾਸ । ਏਕਾ ਜੋਤ ਹਰਿ ਬਲੋਏ, ਪਿਛਲੇ ਦਾਗ ਸਾਰੇ ਧੋਏ, ਸਾਚੀ ਜੋਤ ਕਰੇ ਪ੍ਰਕਾਸ਼ । ਗੁਰਮੁਖ ਵਿਰਲਾ ਜਾਣੇ ਕੋਇ, ਆਪ ਬੰਧਾਏ ਏਕਾ ਮੁੱਠੇ ਹਰਿ ਸਰਬ ਗੁਣਤਾਸ । ਜੋ ਜਨ ਰਹੇ ਦਰ ਘਰ ਸਾਚੇ ਰੁੱਠੇ, ਸਾਚੇ ਘਰ ਨਾ ਹੋਏ ਵਾਸ । ਸ਼ਬਦ ਤੀਰ ਰਸਨ ਛੁੱਟੇ, ਜਾਏ ਪਾੜ ਅਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਰਖਾਏ ਵਸਾਏ ਸਚਖੰਡ ਨਿਵਾਸੀ ਏਕਾ ਏਕ, ਆਪਣਾ ਆਸਣ ਆਪ ਵਖਾਏ ਜਿਥੇ ਰੱਖੇ ਵਾਸ । ਆਤਮ ਸਾਚਾ ਹਰਿ ਕਾ ਵਾਸ । ਬੇਮੁਖ ਕਿਉਂ ਲੱਭਣ ਜਾਏ ਵਿਚ ਪਰਭਾਸ । ਦੋਏ ਜੋੜ ਕਰ ਨਿਮਸਕਾਰ, ਪ੍ਰਭ ਸਾਚੇ ਦਾ ਬਣ ਜਾ ਦਾਸ । ਨੇਤਰ ਵੇਖਿਆ ਨਜ਼ਰ ਨਾ ਆਏ ਮਾਤ ਪਤਾਲ ਅਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਵਸੇ ਸਦਾ ਰਹੇ ਆਸ ਪਾਸ । ਸਹਿੰਸਾ ਸਾਗਰ ਡੂੰਘੀ ਗਾਰ । ਕੋਈ ਨਾ ਪਾਵੇ ਪ੍ਰਭ ਸਾਚੇ ਦੀ ਸਾਚੀ ਸਾਰ । ਘਰ ਬੈਠੇ ਕਰ ਰਹੇ ਸਰਬ ਵਿਚਾਰ । ਕਰਨਹਾਰ ਸੋ ਕਰੇ, ਜੋ ਕਰਮ ਰਿਹਾ ਵਿਚਾਰ । ਲਹਿਣਾ ਦੇਣਾ ਅੱਗੇ ਧਰੇ, ਨਾ ਕਰੇ ਕੋਈ ਉਧਾਰ । ਗੁਰਸਿਖਾਂ ਭੰਡਾਰੇ ਸਾਚੇ ਭਰੇ, ਜੋ ਮੰਗਣ ਆਏ ਦਰ ਦਵਾਰ । ਦਰ ਘਰ ਸਾਚੇ ਕਾਰਜ ਸਰੇ, ਕਿਰਪਾ ਕਰੇ ਆਪ ਨਿਰੰਕਾਰ । ਗੁਰਮੁਖ ਸਾਚਾ ਨਾ ਜਨਮੇ ਨਾ ਮਰੇ, ਲੈ ਜਾਏ ਆਪ ਸੱਚੇ ਦਰਬਾਰ । ਆਪ ਚੁਕਾਏ ਜਮ ਕਾ ਡਰੇ, ਪਹਿਰੇਦਾਰ ਹੋਏ ਖ਼ਬਰਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਦਾ ਸਦਾ ਹੋਏ ਰਖਵਾਰ । ਸ਼ਬਦ ਨਗਾਰਾ ਢੋਲ ਸਾਚਾ ਵੱਜਦਾ । ਜੋਤ ਸਰੂਪੀ

ਜਾਮਾ ਧਾਰ, ਵਿਚ ਮਾਤ ਹਰਿ ਗੱਜਦਾ । ਕਲਜੁਗ ਘਾੜਨ ਘੜਿਆ ਹਰਿ, ਅੰਤਮ ਵੇਖੇ ਭੱਜਦਾ । ਖਾਲੀ ਹੱਥ ਦੋਏ ਖੜਿਆ ਦਰ, ਮੈਂ ਅਜੇ ਨਹੀਂ ਰੱਜਦਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਤੂੰ ਸਭ ਦੇ ਪਰਦੇ ਕੱਜਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਆਸਣ ਬੈਠਾ ਦਰ ਦਰਬਾਰ ਸੱਚੇ ਸਜਦਾ । ਕਲਜੁਗ ਆਇਆ ਚਰਨ ਦਵਾਰ । ਦੋਏ ਜੋੜ ਕਰੇ ਨਿਮਸਕਾਰ । ਪ੍ਰਭ ਅਬਿਨਾਸ਼ੀ ਮੇਰਾ ਕਰਮ ਧਰਮ ਨਾ ਵਿਚਾਰ । ਅੱਗੇ ਪੈਂਦੀ ਡਾਹਢੀ ਮਾਰਾ । ਅੰਤਮ ਕਲਜੁਗ ਤੂੰ ਜਾਮਾ ਵਿਚ ਮੇਰੇ ਪਾਇਆ, ਚਰਨ ਧੂੜ ਤੂੰ ਮਸਤਕ ਮੇਰੇ ਡਾਰ । ਅਵਗੁਣ ਗੁਣ ਨਾ ਹਰਿ ਮੇਰੇ ਵਿਚਾਰ । ਮੈਂ ਆਇਆ ਦਰ ਤੇਰੇ ਖਾਲੀ ਹੱਥ, ਗਲ ਵਿਚ ਪੱਲਾ ਡਾਰ । ਸਿੰਘ ਸਿੰਘਾਸਣ ਹਰਿ ਜੀ ਬੈਠਾ ਆਦਿ ਅੰਤ ਬਖ਼ਸ਼ਣਹਾਰ । ਸਚ ਸੁਣਾਵਾਂ ਸਚ ਦਵਾਰੇ ਸਾਚੀ ਸੁਣ ਪੁਕਾਰ । ਜੂਠਾ ਝੂਠਾ ਮਾਇਆ ਲੂਠਾ ਆਏ ਦਰ ਕਰੇ ਹਾਹਾਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਕੀ ਵਰਤੇ ਵਰਤਾਰ । ਕਲਜੁਗ ਤੇਰੀ ਸੁਣਾਂ ਪੁਕਾਰ । ਏਕਾ ਏਕ ਅੰਤਮ ਵਾਰ । ਮਾਤਲੋਕ ਵਿਚੋਂ ਕੱਢਾਂ ਬਾਹਰ । ਵਸਦਾ ਘਰ ਤੇਰਾ ਦਿਆਂ ਉਜਾੜ । ਸ੍ਰਿਸ਼ਟ ਸਬਾਈ ਆਪੇ ਵੱਢੇ ਆਪੇ ਕੱਟੇ, ਜਿਉਂ ਖੇਤ ਕਿਰਸਾਣੀ ਹਾੜ । ਆਪੇ ਲਾਏ ਦੋ ਹੱਥੀਂ ਝੱਟੇ, ਆਪ ਉਖੜਾਏ ਜੜ੍ਹ ਪਹਾੜ । ਕਿਸੇ ਸਵਾਸ ਨਾ ਹੋਏ ਝੂਠੀ ਕਾਇਆ ਮੱਟੇ, ਆਪੇ ਸੁੱਟੇ ਪਾੜ ਪਾੜ । ਗੁਰਸਿਖ ਤੇਰੀ ਆਤਮ ਜੋਤ ਜਗੇ ਲਟ ਲਟੇ, ਨਾ ਹੋਣ ਭਾਗ ਮਾੜ । ਜੰਗਲ ਜੂਹ ਵਿਚ ਪਹਾੜਾਂ ਸਾਚਾ ਸ਼ਬਦ ਲੋੜ ਸਾਚੇ ਹੱਟੇ, ਨਾ ਮਾਰੇ ਕੋਈ ਧਾੜ । ਨਾ ਕੋਈ ਢਾਹੇ ਨਾ ਕੋਈ ਭੰਨੇ, ਪ੍ਰਭ ਅਬਿਨਾਸ਼ੀ ਆਪੇ ਪਾਏ ਸਾਰ । ਨਾ ਕੋਈ ਚੂਹੜਾ ਨਾ ਕੋਈ ਜੱਟੇ, ਚਾਰ ਵਰਨ ਏਕਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੰਕਾਰੀਆਂ ਦੁਸ਼ਟ ਦੁਰਚਾਰੀਆਂ ਮਾਰੇ ਸ਼ਬਦ ਮਾਰ । ਪ੍ਰਭ ਅਬਿਨਾਸ਼ੀ ਮਾਰੇ ਸ਼ਬਦ ਬਾਨ । ਝੂਠੀ ਕਾਇਆ ਦੇਵੇ ਛਾਨ । ਏਕਾ ਏਕ ਆਪ ਰਖਾਏ ਆਪਨੀ ਆਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਆਪਨੀ ਆਣ ਆਪ ਰਖਾਏ । ਸ੍ਰਿਸ਼ਟ ਸਬਾਈ ਸਰਨ ਲਗਾਏ । ਵਰਨ ਬਰਨ ਕੋਈ ਰਹਿਣ ਨਾ ਪਾਏ । ਬਗਲ ਕੁਰਾਨ ਨਾ ਕੋਈ ਉਠਾਏ । ਵਿਛਾ ਮੁਸੱਲਾ ਨਾ ਨਿਮਾਜ ਕਿਸੇ ਪੜ੍ਹਾਏ । ਰੋਜ਼ਾ ਬਾਂਗ ਨਾ ਕੋਈ ਕਿਸੇ ਸੁਣਾਏ । ਪ੍ਰਭ ਸਾਚਾ ਵਰਤੇ ਇਕ ਸਾਂਗ, ਚਾਰੋਂ ਕੁੰਟ ਕਰੇ ਰੁਸ਼ਨਾਏ । ਆਪ ਚੜ੍ਹਾਏ ਸ਼ਬਦ ਕਾਂਗ, ਗੁਰਮੁਖ ਸਾਚੇ ਵਿਚ ਨੁਹਾਏ । ਆਪੇ ਵਰਤੇ ਸਵਾਂਗੀ ਸਵਾਂਗ, ਵੇਲਾ ਗਿਆ ਕਿਸੇ ਹੱਥ ਨਾ ਆਏ । ਗੁਰਮੁਖ ਰੱਖ ਪ੍ਰਭ ਮਿਲਣ ਦੀ ਤਾਂਘ, ਬੇਮੁਖਾਂ ਪ੍ਰਭ ਦੇਵੇ ਛਾਂਗ, ਟਾਹਣ ਕਿਸੇ ਰਹਿਣ ਨਾ ਪਾਏ । ਧਰਮ ਰਾਏ ਦਰ ਦੇਵੇ ਟੰਗ, ਪੁੱਠੀ ਖੱਲ੍ਹ ਲੁਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬੇੜਾ ਬੰਨ੍ਹ ਵਖਾਏ । ਬੇੜਾ ਬੰਨ੍ਹ ਅੰਤਰ ਹਰਿ । ਪਿੰਡ ਬੁੱਘੇ ਜੋਤ ਧਰ । ਗੁਰ ਸੰਗਤ ਮੁਖ ਕਰਾਏ ਉਘੇ, ਜੋ ਜਨ ਰਸਨ ਰਹੇ ਉਚਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁੱਖ ਫਿਰਾਏ ਘਰ ਘਰ । ਤੋੜ ਜੰਜਾਲ ਦਰ ਆਏ ਕਾਲ । ਮੇਰੀ ਵੇਖ ਇਕੋ ਛਾਲ । ਬੇਮੁੱਖ ਜੀਵਾਂ ਆਪਨੀ ਗੋਦ ਲਵਾਂ ਉਠਾਲ । ਪਾਣੀ ਫੇਰ ਪੀਵਾਂ ਜੇ ਲਵਾਂ ਸੁਰਤ ਸੰਭਾਲ । ਤੇਰੇ ਦਰ ਰਹਿਵਾਂ ਨੀਵਾਂ, ਬਨਿਆ ਰਹਿਵਾਂ ਸਦਾ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇ ਵਰ, ਸ੍ਰਿਸ਼ਟ ਸਬਾਈ ਲਵਾਂ ਸੁਰਤ ਸੰਭਾਲ । ਆਇਆ ਕਾਲ ਕਰੇ ਅਰਦਾਸ । ਪ੍ਰਭ ਅਬਿਨਾਸ਼ੀ ਦੇ ਦਰ ਦਵਾਰ, ਖਲੋਤਾ ਦੋਏ ਜੋੜ ਹੋਇਆ ਦਾਸ । ਸਾਚੀ ਸੇਵਾ ਹਰਿ ਜੀ ਦੇ, ਦੇਵਾਂ ਫਲ ਖਵਾਲ ਜੋ ਬੇਮੁਖਾਂ ਬੋਇਆ । ਚਾਰ ਕੁੰਟ ਸਾਰੇ ਕਰਾਵਾਂ ਥੇਹ, ਆਪਨੀ ਮਿਟਾਵਾਂ ਭੁੱਖ ਤੇਹ,

੪੦੬
੦੩

ਖਾਵਾਂ ਬੀ ਜੋ ਆਪਣੀ ਹੱਥੀਂ ਬੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਜੇਵਡ ਅਵਰ ਨਾ ਕੋਇਆ । ਆਏ ਕਾਲ ਕਰੇ ਕਲਿਆਣ । ਸਾਚੀ ਸੇਵਾ ਦੇ ਵਿਸ਼ਨੂੰ ਭਗਵਾਨ । ਬੇਮੁਖਾਂ ਰਸਨ ਨਾ ਗਾਇਆ ਨਾ ਜਪਿਆ ਜੀਵਾ, ਮੈਂ ਆਪਣਾ ਕਰਾਂ ਪੀਣ ਖਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗਣ ਆਇਆ ਦਰ, ਦੇ ਦਈਂ ਸਾਚਾ ਵਰ, ਮੈਂ ਛੋਟਾ ਬਾਲ ਅੰਞਾਣ । ਸਿੰਘ ਸਿੰਘਾਸਣ ਹਰਿ ਬਿਰਾਜੇ । ਪ੍ਰਗਟ ਹੋਏ ਦੇਸ ਮਾਝੇ । ਮੈਂ ਦਰ ਤੇਰੇ ਆਇਆ ਮੇਰੀ ਰੱਖੀਂ ਲਾਜ ਪਹਿਲੀ ਮਾਘੇ । ਮੈਂ ਮਰਿਆ ਭੁੱਖਾ ਤੇ ਤਿਰਹਾਇਆ, ਮਾਰੀ ਇਕੋ ਅਵਾਜੇ । ਸ੍ਰਿਸ਼ਟ ਸਬਾਈ ਮੈਂ ਇਕੋ ਗਾਹ ਪਾਇਆ, ਫੇਰ ਚੌਬਲਦ ਸੁਹਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਵੇਖੋ ਕਿਵੇਂ ਛੇੜ ਛਿੜਾਏ ਕੋਲ ਵਾਘੇ । ਕਲੂ ਕਾਲ ਕਲ ਕਲੰਦਰ । ਸਾਚੇ ਦਰ ਆਇਆ ਅੰਦਰ । ਨਾਲ ਲਿਆਇਆ ਗੋਰਖ ਮਛੰਦਰ । ਬੇਮੁੱਖਾਂ ਨੱਥ ਮੇਰੇ ਹੱਥ, ਮੈਂ ਨਚਾਵਾਂ ਦਰ ਤੇਰੇ ਤੇ ਬੰਦਰ । ਆਪਣੀ ਕਲ ਦਿਆਂ ਵਰਤਾ, ਘਰ ਘਰ ਮਰਵਾਵਾਂ ਜੰਦਰ । ਫੇਰ ਧਿਆਵਾਂ ਤੇਰਾ ਨਾਉਂ, ਜਿਸ ਬਣਾਇਆ ਕਾਇਆ ਸਾਚਾ ਮੰਦਰ । ਮੇਰੀ ਫੜ ਲਈਂ ਹਰਿ ਸਾਚੇ ਬਾਂਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਈ ਮੈਨੂੰ ਚਾਈਂ ਚਾਈਂ ਨਾ ਕੋਈ ਛੱਡਾਂ ਵਿਚ ਜੰਗਲ ਜੂਹ ਪਹਾੜਾਂ ਡੂੰਘੀ ਕੰਦਰ । ਆਇਆ ਕਾਲ ਦਰ ਪੁਕਾਰਦਾ । ਆਇਆ ਕਲਜੁਗ ਜੀਆਂ ਪਾਸਾ ਹਾਰਦਾ । ਘਨਕਪੁਰ ਵਾਸੀ ਦੇ ਦੇ ਵਰ, ਮੈਂ ਗਲ ਵਿਚ ਪੱਲਾ ਡਾਰਦਾ । ਲੱਖ ਚੁਰਾਸੀ ਬਾਹੋਂ ਫੜ ਮੈਂ ਤੇਰੇ ਅੱਗੇ ਦੇਵਾਂ ਧਰ, ਫਿਰ ਕਰਾਂ ਸ਼ੁਕਰ ਸੱਚੇ ਪਰਵਰਦਿਗਾਰ ਦਾ । ਲਾਹੁੰਦਾ ਜਾਵਾਂ ਭਾਰ, ਢਾਹੁੰਦਾ ਜਾਵਾਂ ਕਿਲ੍ਹੇ ਦਵਾਰ, ਧਰਮ ਰਾਏ ਤੇਰੇ ਦਵਾਰੇ ਦੇਵਾਂ ਭਰ ਤੂੰ ਕਿਉਂ ਉਠ ਉਠ ਅਵਾਜਾਂ ਮਾਰਦਾ । ਮੌਤ ਲਾੜੀ ਤੇਰੀ ਸਚ ਦੁਲਾਰੀ, ਪ੍ਰਭ ਰੱਖੀ ਆਪ ਪਿਆਰੀ, ਵੇਲੇ ਅੰਤਮ ਉਹਨੂੰ ਨਾਲ ਵੰਗਾਰਦਾ । ਕਲਜੁਗ ਲਾੜੀ ਮੌਤ ਹੋਏ ਇਕੱਠੇ, ਵੇਖੇ ਖੇਲ ਹਰਿ ਰੰਗ ਕਰਤਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਾਏ ਨਿਹਕਲੰਕ ਨਰਾਇਣ ਨਰ ਭੇਖ ਧਾਰੇ ਸ੍ਰੀ ਭਗਵਾਨ ਦਾ । ਕਲੂ ਕਲ ਇਕ ਇਕੱਲਾ । ਮੰਗਣ ਆਇਆ ਦਰ ਤੇਰੇ ਤੇ ਦੇ ਸੋਹੰ ਭਾਲਾ । ਸੀਨੇ ਸਭ ਦੇ ਸਿੱਟਾਂ ਪਾੜ, ਨਾ ਕਿਸੇ ਵਾਰ ਮੇਰਾ ਝੇਲਾ । ਸਭ ਦੀ ਜੜ੍ਹ ਦੇਵਾਂ ਉਖਾੜ, ਆਪ ਫਿਰਾਵਾਂ ਸ਼ਬਦ ਸਰੂਪ ਤੇਰਾ ਹੱਲਾ । ਮੌਤ ਲਾੜੀ ਨਾਲ ਵਿਆਹਵਾਂ, ਧਰਮ ਰਾਏ ਦੇ ਘਰ ਘੱਲਾਂ । ਚਾਰੋਂ ਤਰਫ ਉਠ ਉਠ ਵੇਖਾਂ ਦਿਸੇ ਸਰਬ ਉਜਾੜ, ਗੁਰਸਿਖ ਸਾਚਾ ਤੇਰੀ ਛਤਰ ਛਾਇਆ ਹੇਠ ਪੱਲਾ । ਆਪ ਚਬਾਏ ਆਪਣੀ ਦਾੜ੍ਹ ਬੇਮੁੱਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਇਕੱਲਾ । ਇਕ ਇਕੱਲਾ ਵਡ ਬਲਕਾਰੀ । ਮੰਗਣ ਨਾ ਜਾਏ ਕਿਸੇ ਦਵਾਰੀ । ਦੇਵਣਹਾਰ ਸਰਬ ਸੰਸਾਰੀ । ਏਕਾ ਸ਼ਬਦ ਰਸਨ ਲਗਾਏ ਕਿਰਪਾ ਧਾਰੀ । ਬੇਮੁੱਖ ਖਪਾਏ ਇਕ ਧਕੇਲ ਆਪ ਲਗਾਏ ਪਹਿਲੀ ਕੂਟ ਕਰੇ ਖਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਆਪ ਲਿਖਾਏ ਦੂਜੀ ਕੂੰਟ ਫੇਰ ਲਿਆਏ ਵਾਰੀ । ਉਠੋ ਉਠੋ ਹੋ ਤਿਆਰ, ਚੁੱਕਣਾ ਮਿਲੇ ਨਾ ਕਿਸੇ ਭਾਰ । ਕਲਜੁਗ ਜੀਵ ਕਿਉਂ ਸੋਏ ਪੈਰ ਪਸਾਰ । ਏਕਾ ਛੱਡੋ ਜੂਠਾ ਝੂਠਾ ਜਗਤ ਪਿਆਰ । ਮਿਲਾਓ ਮੇਲ ਹਰਿ ਸਚ ਭਤਾਰ । ਦੀਪਕ ਜੋਤ ਵਿਚ ਮਾਤ ਦੇ ਜਗੋ ਮਿਟੇ ਅੰਧ ਅੰਧਿਆਰ । ਪ੍ਰਭ ਮਿਲਦਾ ਅੱਗੋਂ ਦੋਵੇਂ ਭੁਜਾ ਪਸਾਰ । ਝੂਠੇ ਤਨ ਨਾ ਬੰਨ੍ਹੋ ਝੂਠੇ ਤਗੋ, ਜੋ ਅੰਤ ਦੇਵੇ ਹਾਰ । ਮਨ ਤਨ ਆਪਣਾ ਪ੍ਰਭ ਦਰ ਰੰਗੋ, ਚੜ੍ਹੇ ਰੰਗ ਅਪਰ ਅਪਾਰ । ਪਹਿਲੀ ਮਾਘੀ ਪੀ ਅੰਮ੍ਰਿਤ ਰੱਜੋ, ਪ੍ਰਭ ਸਾਚੇ ਦੇ ਭਰੇ ਭੰਡਾਰ । ਆਪਣੇ ਪਰਦੇ ਆਪੇ ਕੱਜੋ, ਵਿਚ


੪੦੭
੦੩

੪੦੮ ੦੩

ਖੜਾ ਸਿਰਜਣਹਾਰ । ਕੋਈ ਨਾ ਕਰਨਾ ਅਜੋ ਪਜੋ, ਲੇਖਾ ਸਭ ਦਾ ਰਿਹਾ ਵਿਚਾਰ । ਬੇਮੁੱਖ ਜੀਵ ਛਟਾਏ ਜਿਉਂ ਦਾਣੇ ਪਾਏ ਵਿਚ ਛੱਜੇ, ਵਾਂਗ ਭੱਖ ਦਏ ਨਿਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਕੀ ਵਰਤੇ ਵਰਤਾਰ । ਨਾ ਕੋਈ ਗੋਪੀ ਨਾ ਕੋਈ ਕਾਹਨ । ਕਰੇ ਖੇਲ ਆਪ ਭਗਵਾਨ । ਆਤਮ ਸ਼ਬਦ ਲਗਾਏ ਬਾਣ । ਵਾਰੋ ਵਾਰੀ ਸਰਬ ਹਿਲ ਜਾਣ । ਸਿੰਘਆਸਣ ਬੈਠਾ ਕਰੇ ਸਰਬ ਪਛਾਣ । ਏਕਾ ਰਾਹ ਸਾਚਾ ਦੱਸਿਆ, ਗੁਰ ਚਰਨ ਜਾਓ ਕੁਰਬਾਨ । ਮਿਟੇ ਅੰਧੇਰ ਜਿਉਂ ਚੰਦ ਮੱਸਿਆ, ਝੁੱਲੇ ਇਕ ਸੱਚਾ ਨਿਸ਼ਾਨ । ਸਾਚਾ ਤੰਗ ਪ੍ਰਭ ਸਾਚੇ ਕਸਿਆ, ਉਤੇ ਚੜ੍ਹੇ ਪ੍ਰਭ ਬਲੀ ਬਲਵਾਨ । ਕਲਜੁਗ ਪੈਰਾਂ ਦੇ ਹੇਠ ਝੱਸਿਆ, ਨਾ ਉਠੇ ਫੇਰ ਜੀਵ ਨਿਧਾਨ । ਜੋ ਆਏ ਦਰ ਜਾਏ ਘਰ ਹੱਸਿਆ, ਸਹਿੰਸੇ ਰੋਗ ਸਰਬ ਮਿਟ ਜਾਣ । ਬੇਮੁਖ ਜਾਏ ਦਰ ਤੋਂ ਡਰਦਾ ਨੱਸਿਆ, ਏਕਾ ਚਲੇ ਰਸਨਾ ਤੀਰ ਕਮਾਨ । ਗੁਰ ਸੰਗਤ ਹਰਿ ਸਾਚਾ ਤੇਰੇ ਹਿਰਦੇ ਵਸਿਆ, ਕਰ ਕਰ ਵੇਖੋ ਸਚ ਪਛਾਨ । ਹੋਏ ਪ੍ਰਕਾਸ਼ ਕੋਟ ਰਵ ਸੱਸਿਆ, ਕਰੇ ਤੇਜ ਵਡ ਭਾਨਨ ਭਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਮੇਲ ਮਿਲਾਇਆ, ਪਹਿਲੀ ਮਾਘ ਕਰਨਾ ਚਰਨ ਧੂੜ ਇਸ਼ਨਾਨ । ਸਾਚੀ ਚਰਨ ਧੂੜ ਜਗਤ ਇਸ਼ਨਾਨਾ । ਪ੍ਰਭ ਦੋਵੇਂ ਹੱਥੀਂ ਬੰਨ੍ਹੇ ਗੁਰਸਿਖਾਂ ਗਾਨਾ । ਆਪੇ ਲੈ ਜਾਣਾ ਸਾਚੇ ਘਰ, ਪ੍ਰਭ ਸਾਚੇ ਦਾ ਸਾਚਾ ਬਾਣਾ । ਓਥੇ ਕੋਈ ਨਾ ਪੁਜੇ ਸ਼ਾਹ ਅਸਵਾਰ, ਜਿਥੇ ਗੁਰਸਿਖ ਹਰਿ ਬਹਾਨਾ । ਬੇਮੁਖ ਰਾਹ ਆਵੇ ਡਰ, ਧਰਮ ਰਾਏ ਬਾਹੋਂ ਲਏ ਫੜ ਵਿਚ ਅੱਧ ਅਟਕਾਣਾ । ਗੁਰਸਿਖਾਂ ਪ੍ਰਭ ਲੰਬਾ ਪੈਂਡਾ ਆਪ ਚੁਕਾਨਾ । ਪ੍ਰਭ ਆ ਲੈ ਜਾਏ ਸਾਚੇ ਘਰ, ਨਾ ਜਨਮੇ ਨਾ ਮਰੇ ਆਦਿ ਜੁਗਾਦਿ ਵਿਚ ਸ੍ਰਿਸ਼ਟ ਰਹਾਨਾ । ਆਪਣੀ ਕਰਨੀ ਰਿਹਾ ਕਰ, ਨਿਹਕਲੰਕ ਨਰਾਇਣ ਨਰ ਸ੍ਰੀ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮਾਝੇ ਦੇਸ ਪਹਰਿਆ ਬਾਨਾ । ਮਾਝੇ ਦੇਸ ਮਿਲੀ ਵਧਾਈ । ਗੁਰ ਸੰਗਤ ਬਣਾਏ ਭੈਣਾਂ ਭਾਈ । ਪਹਿਲੀ ਮਾਘੀ ਖੁਸ਼ੀ ਮਨਾਈ । ਗੁਰ ਸੰਗਤ ਹੋਏ ਆਪ ਸਹਾਈ । ਦੋਏ ਹੱਥੀਂ ਸਿਰ ਰਿਹਾ ਛਤਰ ਝੁਲਾਈ । ਅੰਤਮ ਅੰਤ ਕਾਲ ਆਪੇ ਰੱਖੇ ਆਪਣੀ ਛਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਜਾਮਾ ਧਾਰ, ਤੇਰਾ ਕਰਮ ਲਿਆ ਵਿਚਾਰ ਦੇਵੇ ਅੰਤ ਸਜਾਈ । ਘਰ ਘਰ ਹੋਏ ਜੀਵ ਕੁਲਖਣੀ ਨਾਰ । ਨਾ ਮਿਲਿਆ ਹਰਿ ਸੱਚਾ ਭਤਾਰ । ਦਰ ਘਰ ਸਾਚੇ ਵੇਖੋ ਕਿਵੇਂ ਪੈਂਦੀ ਮਾਰ । ਵੇਲਾ ਅੰਤਮ ਨੇੜੇ ਆ ਗਿਆ, ਦਿਨ ਰਹਿ ਗਏ ਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਰਿਹਾ ਕਰਮ ਵਿਚਾਰ । ਕਰਮ ਵਿਚਾਰੇ ਲੇਖਾ ਜਾਣੇ ਵਿਚ ਸੰਸਾਰੇ, ਧਾਰੇ ਬਾਣਾ ਅੰਦਰ ਬਾਹਰੇ, ਹਰਿ ਹਰਿ ਵਖਾਣੇ ਸੋਹੰ ਸ਼ਬਦ ਲਗਾਏ ਨਾਅਰੇ । ਘਰ ਘਰ ਕਰਾਏ ਜੈ ਜੈਕਾਰੇ । ਮੰਦਰ ਮਸੀਤਾਂ ਸਾਰੇ ਢਾਹਣੇ, ਨਾ ਕਿਤੇ ਦਿਸਣ ਗੁਰਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਮੰਦਰ ਮਸੀਤ ਜਾਣੇ ਢਹਿ । ਕਲਜੁਗ ਅੰਤਮ ਵੇਲਾ ਹੋਇਆ, ਇਕ ਪਾਸੇ ਜਾਏ ਬਹਿ । ਸਤਿਜੁਗ ਸਾਚਾ ਹਰਿ ਦਰ ਅਰਜ਼ ਗੁਜ਼ਾਰੇ, ਮੈਂ ਜਾ ਵਸਾਂ ਕਿਹੜੀ ਥਾਂ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ, ਆਪ ਲਗਾਏ ਮਾਤ ਵਕਤ ਸੁਹਾਵਣਾ । ਸਤਿਜੁਗ ਤੇਰੀ ਆਪਣੀ ਹੱਥੀਂ ਫੜੇ ਬਾਂਹ, ਸਾਚਾ ਧਾਮ ਤੇਰੇ ਨਾਮ ਲਗਾਵਣਾ । ਪੁਰੀ ਘਨਕ ਨਾਮ ਰਖਾਏ, ਵੱਜੇ ਡੰਕ ਚਾਰ ਕੁੰਟ ਸੁਨਾਵਣਾ । ਰਾਜਾ ਰਾਣਾ ਫੜ ਚਰਨ ਬਹਾਵਣਾ । ਪਹਿਲੋਂ ਪੀਣਾ ਖਾਣਾ ਸਰਬ ਛੁਡਾਵਣਾ । ਦਾਨਾ ਕਿਸੇ ਹੱਥ ਨਾ ਆਵਣਾ । ਦੀਨ ਮੁਹੰਮਦੀ ਹਰਿ ਆਪ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਗੁਰਸਿਖਾਂ ਗੂੜ੍ਹੀ ਨੀਂਦ ਆਪ ਸਵਾਵਣਾ । ਗੂੜ੍ਹੀ ਨੀਂਦ ਦਏ ਸਵਾਲ । ਨਾ ਸਕੇ ਕੋਈ ਉਠਾਲ । ਉਤੋਂ ਮਾਰੇ ਸਤਿਜੁਗ ਛਾਲ । ਪ੍ਰਭ ਅਬਿਨਾਸ਼ੀ ਹੋ ਰਖਵਾਲ । ਮੈਂ ਤੇਰੇ ਸਾਚੇ ਸੰਤ ਜਨਾਂ ਦੀ ਜਾ ਕਰੂੰ ਪ੍ਰਿਤਪਾਲ । ਲੱਖ ਚੁਰਾਸੀ ਵਿਚੋਂ ਲਭੂੰ, ਇਕ ਇਕ ਨੂੰ ਭਾਲ । ਵਿਚ ਸੰਗਤ ਦੇ ਮੈਂ ਲਭੂੰ, ਗੁਰਸਿਖ ਅਨਮੁਲੜੇ ਲਾਲ । ਵੇਲਾ ਲਿਆਏ ਝੱਬ ਝੱਬੂ, ਅਸੀਂ ਹੋਏ ਬੈਠੇ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰੇ ਫਲ ਲਗਾਏ ਡਾਲ । ਗੁਰ ਸੰਗਤ ਸਾਚਾ ਫਲ ਲਗਾਵਣਾ । ਸੋਹੰ ਮੇਵਾ ਮੁਖ ਲਗਾਵਣਾ । ਵਡ ਦੇਵੀ ਦੇਵ ਕਿਸੇ ਵਿਰਲੇ ਗੁਰਮੁਖ ਦਰ ਆ ਸੇਵ ਕਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਆਪਣਾ ਭੇਵ ਆਪ ਖੁਲ੍ਹਾਵਣਾ । ਪਹਿਲੀ ਮਾਘੀ ਦਿਵਸ ਭਾਗੀ । ਗੁਰਸਿਖ ਆਏ ਬਣ ਕੇ ਸਾਚੇ ਰਾਗੀ । ਸਾਚੀ ਧੁਨ ਆਪ ਉਪਜਾਏ, ਸਾਚਾ ਵੱਜੇ ਨਾਦੀ, ਹਰਿ ਬ੍ਰਹਿਮਾਦੀ । ਸਾਚਾ ਸ਼ਬਦ ਹਰਿ ਆਪ ਲਿਖਾਏ, ਗੁਰ ਸੰਗਤ ਤਾਈਂ ਆਖ ਸੁਣਾਏ, ਆਪੇ ਹੋਏ ਸਰਬ ਵਿਸਮਾਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਸਦ ਰਸਨ ਅਰਾਧੀ । ਰਸਨਾ ਗਾਓ ਹਰਿ ਗੁਣਵੰਤਾ । ਕਾਰਜ ਕਰੇ ਪੂਰੇ ਸਾਚੇ ਸੰਤਾ । ਸਤਿਜੁਗ ਬਣਾਏ ਤੇਰੀ ਬਣਤਾ । ਆਪੇ ਗਿਣੇ ਸਾਚੀ ਗਣਤਾ । ਨਾ ਕੋਈ ਜਾਣੇ ਜੀਵ ਜੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਦਏ ਵਡਿਆਈ ਚਰਨ ਲਗਾਈ ਸਤਿਜੁਗ ਸਾਚੇ ਗੁਰਸਿਖ ਸਾਚੇ ਸੰਤਾ । ਸਤਿਜੁਗ ਸਾਚੇ ਜਨਮ ਦਵਾਈ । ਭਿੰਨੜੀ ਰੈਣ ਨਾਲ ਰਲਾਈ । ਸਾਧ ਸੰਗਤ ਕਰ ਇਕੱਠੀ, ਏਕਾ ਮੇਲ ਤਿੰਨਾਂ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੀ ਬਾਹੀ ਆਪਣੇ ਹੱਥ ਰਖਾਈ । ਤਿੰਨੇ ਪਾਸੇ ਹਰਿ ਜੀਵ ਅਪਾਰੇ । ਚੌਥੇ ਪਾਸੇ ਆਪੇ ਦਿਸੇ ਖੜਾ ਪਹਿਰੇਦਾਰੇ । ਚੌਥਾ ਦਰਵਾਜਾ ਚੌਥਾ ਘਰ ਸਾਚਾ ਦਰ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਘਰ ਭਾਗ ਲਗਾਏ ਆਏ ਦਰ ਦਵਾਰੇ । ਛੁੱਟੇ ਤੀਰ ਰਸਨ ਕਮਾਨ । ਤੁਟੇ ਹੱਡੀ ਰੀੜ ਜੋ ਜਨ ਰਸਨ ਹੋਏ ਬੇਈਮਾਨ । ਪ੍ਰਭ ਆਪ ਕਰਾਏ ਅੰਤਮ ਅੰਤ ਫੜ ਏਕਾ ਛੱਡਿਆ ਸਚ ਈਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਏ ਨਰ ਹਰਿ ਸ੍ਰੀ ਭਗਵਾਨ । ਰਸਨਾ ਤੀਰ ਚੜ੍ਹੇ ਚਿੱਲ੍ਹਾ । ਵਾਰੋ ਵਾਰੀ ਪ੍ਰਭ ਮਾਰੇ ਜੋ ਅੱਖੋਂ ਦਿਸੇ ਬਿਲਾ । ਦੋਹੀਂ ਹੱਥੀਂ ਹਰਿ ਪਾਏ ਚੀਰ, ਹੋਇਆ ਚਿੱਲ੍ਹਾ ਢਿੱਲਾ । ਖਿਚੀ ਜਾਏ ਚਿੱਟੇ ਉਤੇ ਇਕ ਕਾਲੀ ਲਕੀਰ, ਰਹਿਣ ਨਾ ਦੇਵੇ ਕੋਈ ਬੂਰਾ ਪਿੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਗੁਰ ਸੰਗਤ ਤੇਰਾ ਪੂਰ ਕਰਾਇਆ ਦੁੱਖਾਂ ਵਾਲਾ ਸ਼ਿਲਾ । ਤੀਰ ਕਮਾਨ ਚੜ੍ਹੇ ਰਸਨ ਤਰੰਗ । ਤੀਰ ਤਫੰਗ ਪ੍ਰਭ ਅਬਿਨਾਸ਼ੀ ਦੂਜੀ ਕੱਟੇ ਆਪ ਮਿਟਾਏ ਸ਼ਾਹ ਫਰੰਗ । ਏਕਾ ਧੱਕਾ ਲਾਏ ਖਾਏ ਡੱਕੋ ਡੋਲੇ ਆਪੇ ਵੇਖੇ ਪ੍ਰਭ ਸਾਚੇ ਦਾ ਸਾਚਾ ਰੰਗ । ਬੇਮੁੱਖ ਜੀਵ ਰਹੇ ਭੋਲੇ ਭਾਲੇ, ਆਪੇ ਭੰਨੇ ਅੰਗ ਅੰਗ । ਪਹਿਲੀ ਮਾਘੀ ਵਕਤ ਸੁਹਾਇਆ, ਚਿੱਟੇ ਅਸਵ ਕਸਾਇਆ ਹਰਿ ਸਾਚੇ ਤੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦਰ ਸਭਨਾਂ ਮਿਲਦੀ ਮੂੰਹੋਂ ਮੰਗੀ ਮੰਗ । ਸਚ ਮੰਗ ਪ੍ਰਭ ਦਰ ਮੰਗਣ । ਬੀਰ ਬੈਤਾਲੇ ਅੰਤ ਨਾ ਸੰਗਣ । ਹੋਏ ਬਹਾਲੇ ਨਾਲ ਪਿਆਲੇ, ਲਾ ਮਹਿੰਦੀ ਹੱਥ ਰੰਗਣ । ਬੇਮੁੱਖ ਜੀਵਾਂ ਫੜ ਉਠਾਈਏ ਝੋਲੀ ਪਾਈਏ, ਆਪਣੀ ਤ੍ਰਿਖਾ ਮਿਟਾਈਏ ਇਕ ਲਗਾਏ ਸਾਚਾ ਜੰਗਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਤੀਰ ਰਸਨ ਚਲਾਇਆ, ਚਾਰ ਕੁੰਟ ਵਜਾਏ ਮਰਦੰਗਨ । ਰਸਨਾ ਚੋਟ ਲੱਗੇ ਨਗਾਰੇ । ਤੀਨ ਲੋਕ ਚਾਰ ਕੁੰਟ ਹੋਏ ਜੈ ਜੈਕਾਰੇ । ਨਾ

੪੦੯
੦੩

ਕੋਈ ਸਕੇ ਰੋਕ, ਪ੍ਰਭ ਸਾਚੇ ਤੇਰੀ ਸਾਚੀ ਕਾਰੇ । ਪਹਿਲੀ ਮਾਘੀ ਬਣਤ ਬਣਾਈ, ਸਤਿਜੁਗ ਤੇਰੀ ਨੀਂਹ ਆਪਣੀ ਹੱਥੀਂ ਆਪ ਰਖਾਈ । ਆਪੇ ਢਾਹਿਆ ਕਰ ਸਿਆਪਾ । ਨਾ ਕੋਈ ਛੁਡਾਏ ਮਾਈ ਬਾਪਾ । ਕਲਜੁਗ ਝੂਠਾ ਮਾਰ ਮੁਕਾਇਆ, ਨਾ ਕੋਈ ਚੜ੍ਹਿਆ ਤੀਜਾ ਤਾਪਾ । ਨਾ ਕਿਸੇ ਕੋਲੋਂ ਹਰਿ ਮੰਗਣ ਜਾਏ ਕੋਈ ਜਾਪਾ । ਪ੍ਰਭ ਅਬਿਨਾਸ਼ੀ ਵਕਤ ਸੁਹਾਇਆ, ਵਿਚ ਮਾਤ ਦੇ ਸਤਿਜੁਗ ਥਾਪਾ । ਥਾਪੀ ਦੇ ਦੇਵੇ ਪਿਆਰ । ਸਚ ਧਰਮ ਦਾ ਕਰੋ ਵਪਾਰ । ਪ੍ਰਭ ਅਬਿਨਾਸ਼ੀ ਦੇਵੇ ਸਾਚੀ ਮੱਤ, ਸੋਹੰ ਕੰਗਣ ਗੁਰਸਿਖਾਂ ਹੱਥੀਂ ਦਿਤੇ ਡਾਰ । ਦੂਜੇ ਦਰ ਨਾ ਜਾਏ ਮੰਗਣ, ਗੁਰਸਿਖ ਝੋਲੀ ਅੱਡ ਨਾ ਹੋਣ ਦਿਤੇ ਕਿਤੇ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਅੱਗੇ ਦਿਸੇ ਖੜਾ ਭਤਾਰ । ਅੱਗੇ ਦਿਸੇ ਨੇੜੇ ਨੇੜੇ । ਪ੍ਰਭ ਆਪ ਵਸੇ ਆਤਮ ਖੇੜੇ । ਮੁਕਾਉਂਦਾ ਜਾਏ ਪਹਿਲੀ ਮਾਘੀ ਝੂਠੇ ਧੰਦੇ ਝੇੜੇ । ਧਰਤ ਮਾਤ ਉਠ ਮਾਰ ਝਾਤ, ਤੇਰੇ ਖੁਲ੍ਹੇ ਕਰਾਏ ਆਪੇ ਵਿਹੜੇ । ਧਰਤ ਮਾਤ ਤੇਰਾ ਦਰਦ ਵੰਡਾਇਆ । ਬੇਮੁੱਖਾਂ ਹਰਿ ਕੰਡ ਵਖਾਇਆ । ਚੰਡ ਪ੍ਰਚੰਡ ਵਿਚ ਨਵ ਖੰਡ ਦੋਹੀਂ ਹੱਥੀਂ ਦਏ ਖੜਕਾਇਆ । ਸਾਚਾ ਖੰਡਾ ਪ੍ਰਭ ਸਾਚੇ ਆਪੇ ਫੜ ਬਹਾਇਆ । ਬੇਮੁੱਖਾਂ ਮਗਰ ਪ੍ਰਭ ਸ਼ਬਦ ਡੰਡਾ ਆਪ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁੱਖ ਜੀਵ ਨਾ ਰਹਿਣ, ਸਭ ਦੀ ਆਤਮ ਰੰਡ ਕਰ ਵਖਾਇਆ । ਬੇਮੁੱਖ ਨਾਰ ਹੋਈ ਵਿਭਚਾਰ । ਪ੍ਰਭ ਅਬਿਨਾਸ਼ੀ ਆਇਆ ਜਾਮਾ ਧਾਰ । ਬੇਮੁਖਾਂ ਫੜ ਫੜ ਬਾਹੋਂ ਕੱਢਦਾ ਜਾਏ ਬਾਹਰ । ਸਰਬ ਕਲਾ ਆਪੇ ਸਮਰਥੀ, ਗੁਰਸਿਖਾਂ ਸਿਰ ਸੋਹੰ ਸ਼ਬਦ ਬੰਨ੍ਹਾਈ ਜਾਏ ਸੱਚੀ ਦਸਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਘਰ ਦਰ ਦਰ ਜਾ ਗੁਰਸਿਖਾਂ ਦੇਵੇ ਦਰਸ, ਚਰਨ ਸਰਨ ਸਾਚਾ ਦੇਵੇ ਇਕ ਅਧਾਰ । ਸੰਤ ਮਨੀ ਸਿੰਘ ਧੰਨ ਕਮਾਈ । ਜਿਸ ਨੇ ਡਾਹਡੀ ਕਲਮ ਚਲਾਈ । ਨਿਹਕਲੰਕ ਤੇਰੀ ਲਿਖਤ ਲੇਖ ਪਿਛੇ ਆਪਣੀ ਦੇਹ ਛੁਡਾਈ । ਗੁਰਮੁਖ ਤੇਰਾ ਲਿਖਿਆ ਲੇਖ, ਪ੍ਰਭ ਪੂਰਾ ਰਿਹਾ ਕਰਾਈ । ਜੋਤ ਸਰੂਪੀ ਹਰਿ ਧਰਿਆ ਭੇਖ, ਤੂੰ ਬੈਠਾ ਵੇਖ ਆਸਣ ਲਾਈ । ਆਪੇ ਲਿਖੇ ਤੇਰੀ ਦੂਜੀ ਵਾਰੀ, ਪਿਤਾ ਪੂਤ ਕਰ ਜਨਮ ਦਵਾਈ । ਆਪ ਲਗਾਏ ਸਾਚੀ ਸੇਵੇ, ਘਰ ਸਾਚੇ ਮਿਲੇ ਸੰਤ ਵਡਿਆਈ । ਸਚ ਸ਼ਬਦ ਹਰਿ ਭੇਜੇ ਦੂਤ, ਗੁਰਮੁਖ ਸਾਚੇ ਪਹਿਲੀ ਮਿਲਣ ਘਨਕਪੁਰੀ ਵਿਚ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ । ਇਕੋ ਮਿਲਿਆ ਸਿੱਖ ਪਿਆਰਾ । ਸੰਤ ਮਨੀ ਸਿੰਘ ਸ਼ਬਦ ਪਿਆਰਾ । ਆਏ ਵਿਚ ਮਾਝੇ ਦੇਸ, ਪ੍ਰਭ ਅਬਿਨਾਸ਼ੀ ਦਰਸ ਦਿਖਾਇਆ, ਮਿਲਿਆ ਹਰਿ ਸਚ ਭਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਸੁਰਤ ਦਵਾਈ, ਅਕਾਲ ਮੂਰਤ ਇਹ ਦਇਆ ਕਮਾਈ, ਸੁਣੇ ਸ਼ਬਦ ਹੋਏ ਰੁਣ ਝੁਣ, ਵੱਜੇ ਧੁਨ ਅਪਰ ਅਪਾਰਾ । ਵੱਜੇ ਧੁਨ ਸ਼ਬਦ ਸਰੂਪੀ ਸਾਚਾ ਤਾਲ । ਪ੍ਰਭ ਅਬਿਨਾਸ਼ੀ ਕੀਆ ਖੇਲ ਮਾਤ ਕਮਾਲ । ਲੁਧਿਆਣੇ ਇਕ ਲਪੇਟਿਆ ਕਾਇਆ ਝੂਠੀ ਵਿਚ ਸਾਚਾ ਲਾਲ । ਵਿਚ ਘਨਕ ਪੁਰੀ ਹਰਿ ਜਾਮਾ ਪਾਇਆ, ਸੁੱਤਿਆਂ ਲਿਆ ਉਠਾਲ । ਸਿੰਘ ਮਹਿਤਾਬ ਜੋ ਬਚਨ ਸੁਣਾਇਆ, ਗੁਰਮੁਖ ਸਾਚੇ ਰੱਖਿਆ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤੋੜਿਆ ਜਗਤ ਜੰਜਾਲ । ਗੁਰ ਕਾ ਹੁਕਮ ਮਨ ਵਸਾਇਆ । ਬੀਸ ਬਰਸ ਨਾ ਕਿਸੇ ਉਠਾਇਆ । ਏਕਾ ਰਾਹ ਰਿਹਾ ਤਕਾਇਆ । ਪ੍ਰਭ ਅਬਿਨਾਸ਼ੀ ਕਲ ਜਾਮਾ ਪਾਏ, ਪ੍ਰਗਟ ਹੋਏ ਆਪੇ ਲਏ ਜਗਾਇਆ । ਗੁਰਮੁਖ ਸਾਚੇ ਤੇਰਾ ਸਾਚਾ ਮਾਣ ਤਾਣ, ਗੁਣ ਨਿਧਾਨ ਹਰਿ ਭਗਵਾਨ ਜਾਣੀ ਜਾਣ, ਸ਼ਬਦ ਸਰੂਪੀ ਮੇਲ ਮਿਲਾਇਆ । ਸੁੱਤਾ ਪੈਰ ਪਸਾਰ, ਰੱਖੀ ਓਟ ਹਰਿ । ਪ੍ਰਭ ਅਬਿਨਾਸ਼ੀ ਪਾਈ

ਸਾਰ, ਲਾਈ ਸ਼ਬਦ ਚੋਟ ਘਰ । ਸਾਚੇ ਹਰਿ ਜੋਤ ਜਗਾਈ, ਝੂਠਾ ਖੋਟ ਬਾਹਰ ਧਰ । ਏਕਾ ਦਿਤੀ ਸਚ ਰੁਸ਼ਨਾਈ । ਸ਼ਬਦ ਸਰੂਪੀ ਸੰਤ ਮਨੀ ਸਿੰਘ ਦਿਤੀ ਪੋਟ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਵੇ ਵਡਿਆਈ ਕੋਟਾਂ ਉਪਰ ਕੋਟ ਕਰ । ਸਾਚਾ ਸੰਤ ਜਿਸ ਸਚ ਕਰ ਮੰਨਿਆ । ਰਾਣਾ ਸੰਗਰੂਰ ਜਿਸ ਨੇ ਡੰਨਿਆ । ਹੱਥੀਂ ਬੰਨ੍ਹੇ ਹੱਥਕੜੀ, ਹੋਇਆ ਮਾਤਲੋਕ ਵਿਚ ਅੰਨ੍ਹਿਆ । ਅੰਤਕਾਲ ਲਿਆਵੇ ਫੜੀ, ਕਲਜੁਗ ਭਾਂਡਾ ਦੇਵੇ ਭੰਨਿਆ । ਸਾਚੇ ਵੇਲੇ ਨਾ ਕੀਤੀ ਸੇਵਾ, ਨਾ ਮੰਨੇ ਮੂਰਖ ਨਾ ਸੁਣੇ ਕੰਨ ਕੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਖੀਂ ਪਰਦਾ ਪਾਈ ਬੈਠਾ, ਸ੍ਰਿਸ਼ਟ ਸਬਾਈ ਕਰੇ ਅੰਨਿਆ । ਸੰਤ ਮਨੀ ਸਿੰਘ ਸਚ ਦੁਲਾਰਾ । ਭਗਤ ਜਨਾਂ ਦਾ ਵਡ ਪਿਆਰਾ । ਦੱਸਿਆ ਰਾਹ ਜਿਸ ਅਪਰ ਅਪਾਰਾ । ਕੱਟਿਆ ਫਾਹ ਗੁਰਸਿਖਾਂ ਲੱਖ ਚੁਰਾਸੀ ਗੇੜ ਨਿਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪ ਕਮਾਏ ਆਪੇ ਪਾਏ ਸਾਚੇ ਸੰਤ ਜੁਗਾ ਜੁਗੰਤ ਆਤਮ ਸਾਚੀ ਸਾਰਾ । ਹਰਿ ਸਾਚੇ ਸਾਚੀ ਸੇਜਾ ਆਪ ਵਿਛਾਇਆ । ਫੂਲਨ ਖਾਰੀ ਤਿੰਨ ਦਿਨ ਜੋ ਉਠਾਇਆ । ਸਾਚਾ ਲਾਲ ਇਕ ਨੌਜਵਾਨ ਦਿਤਾ ਉਪਰ ਚੜ੍ਹਾਈਆ । ਗੁਰ ਸੰਗਤ ਗੁਰ ਪੂਰੇ ਮਿਲ ਮਿਲ ਦਿਉ ਵਧਾਈਆ । ਗੁਰ ਪੂਰੇ ਨੂੰ ਦਿਉ ਵਧਾਈ । ਗੁਰਸਿਖ ਸੰਗ ਰਲਾਈ ਜਾਏ ਚਾਈਂ ਚਾਈਂ । ਆਪਣੀ ਹੱਥੀਂ ਹਰਿ ਆਪੇ ਫੜ, ਸਾਚੀ ਸੇਜੇ ਦਿਤਾ ਆਪ ਸਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਈ । ਆਪਣਾ ਭਾਣਾ ਦਿਤਾ ਕਰ । ਗੁਰ ਸੰਗਤ ਮਿਲਿਆ ਸਾਚਾ ਵਰ । ਸਿੰਘ ਮਨਜੀਤ ਅੱਗੇ ਧਰ । ਗੁਰ ਸੰਗਤ ਤੇਰਾ ਚੁਕਾਇਆ ਕਲਜੁਗ ਅੰਤਮ ਵਾਲਾ ਡਰ । ਸਾਚੇ ਘਰ ਹੱਸ ਹੱਸ ਆਵੇ, ਆਤਮ ਸਰੋਵਰ ਸਾਚੇ ਨਹਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਕਲ ਜਾਓ ਤਰ । ਜੋ ਜਨ ਮੰਗੇ ਸ਼ਬਦ ਦਾਨ । ਪਹਿਲੋਂ ਕਰੇ ਆਪਣੀ ਆਪ ਪਛਾਣ । ਸਾਚਾ ਮਿਲੇ ਹੁਕਮ ਧੁਰ ਫ਼ਰਮਾਣ । ਜੋ ਜਨ ਨੇਤਰ ਪੇਖੇ ਕਲ, ਜਮ ਕੇ ਡਰ ਸਰਬ ਮਿਟ ਜਾਣ । ਲਿਖਿਆ ਲੇਖ ਜੋ ਆਇਆ ਨਾਲ ਧੁਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣੀ ਜਾਣ । ਸਾਚਾ ਸ਼ਬਦ ਜੇ ਕਮਾਉਣਾ । ਪਹਿਲੋਂ ਆਪਣਾ ਮਨ ਸਮਝਾਉਣਾ । ਗੁਰ ਸੰਗਤ ਵਿਚ ਨਾਮ ਰਖਾਉਣਾ । ਦੂਜਾ ਥਾਂ ਨਾ ਕੋਈ ਹੋਰ ਤਕਾਉਣਾ । ਪ੍ਰਭ ਦੇਵੇ ਠੰਡੀ ਛਾਂ, ਜਿਸ ਜਨ ਚਰਨ ਧਿਆਨ ਰਖਾਉਣਾ । ਆਪੇ ਫੜੀ ਬੈਠਾ ਬਾਂਹ, ਨਾ ਕਿਸੇ ਛੁਡਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤ ਗੁਰਸਿਖਾਂ ਸਮਝਾਉਣਾ । ਪਹਿਲੀ ਮੱਤ ਤਤ ਵਿਚਾਰ । ਫੇਰ ਮੰਗੇ ਸ਼ਬਦ ਧਾਰ । ਕਿਰਪਾ ਕਰੇ ਹਰਿ ਦਾਤਾਰ । ਗੁਰਸਿਖ ਦੋਏ ਜੋੜ ਕਰੇ ਚਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਸ਼ਬਦ ਬਾਣਾ ਜਿਸ ਜਨ ਪਾਉਣ । ਪਹਿਲੋਂ ਮਦਿਰਾ ਮਾਸ ਤਜਾਉਣਾ । ਗੁਰ ਦਰ ਆ ਫਿਰ ਸੀਸ ਝੁਕਾਉਣਾ । ਬੇਮੁਖਾਂ ਪ੍ਰਭ ਸਾਚੇ ਦਰ ਤੋਂ ਬਾਹਰ ਕਢਾਉਣਾ । ਬੇਮੁਖ ਜੀਵ ਭਾਂਡੇ ਕਾਚੇ, ਪ੍ਰਭ ਆਪਣੀ ਹੱਥੀਂ ਆਪ ਭੰਨਾਉਣਾ । ਗੁਰਮੁਖ ਵੇਖ ਹਰਿ ਸਾਚੋ ਸਾਚੇ, ਨਾ ਫੇਰ ਮਨ ਡੁਲਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤ ਆਪ ਸਮਝਾਉਣਾ । ਪਹਿਲੀ ਦੱਸੇ ਸ਼ਬਦ ਧਾਰ । ਦੂਜੀ ਕਰੇ ਫੇਰ ਵਿਚਾਰ । ਤੀਜੇ ਪਾਵੇ ਆਪੇ ਸਾਰ । ਚੌਥੇ ਆਪ ਵਖਾਏ ਸੱਚਾ ਘਰ ਬਾਹਰ । ਪੰਜੇ ਤਤ ਮਾਰ ਕੱਢੇ ਬਾਹਰ । ਛੇਵੇਂ ਦੋ ਹੱਥੀਂ ਸਾਚੀ ਰੱਖੇ ਛਾਂ, ਕਿਰਪਾ ਕਰ ਆਪ ਨਿਰੰਕਾਰ । ਸਤਵੇਂ ਕਰਨਾ ਸਤਿ ਸਤਿ ਨਾ ਹੋਏ ਕਦੇ ਖੁਆਰ । ਅਠਵੇਂ ਰਹਿਣਾ ਸਾਚਾ ਹੱਠ, ਪ੍ਰਭ ਉਲਟੀ ਲੱਠ


੪੧੧ ੦੩

ਆਪ ਗਿੜਾਰ । ਨਾਵੇਂ ਆਪ ਬੰਨਾਏ ਸਾਚਾ ਨਤ, ਨਾ ਫੇਰ ਹੋਵੇ ਛੁਟਕਾਰ । ਦਸਵੇਂ ਦੇ ਸਮਝਾਏ ਮੱਤ, ਸਾਚੀ ਦਇਆ ਆਪ ਕਮਾਏ, ਦਹਿ ਦਿਸ਼ਾ ਨਾ ਮਨੂਆ ਧਾਏ, ਸ਼ਬਦ ਸਰੂਪੀ ਬੰਨ੍ਹ ਵਖਾਏ, ਪੰਜੇ ਚੋਰ ਅੱਠੇ ਪਹਿਰ ਤੱਕਣ ਘਰ ਸਾਚੇ ਸੰਨ੍ਹ ਕੋਈ ਨਾ ਲਾਏ । ਗੁਰਸਿਖ ਸਾਚੇ ਨਾ ਅੱਕਣ ਨਾ ਥੱਕਣ, ਪੌੜੀ ਪੌੜੀ ਚੜ੍ਹਦੇ ਜਾਇਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤ ਆਪ ਸਮਝਾਏ । ਸੁਣੋ ਮੱਤ ਆਤਮ ਧਾਰੋ । ਅਚਰਜ਼ ਭੇਖ ਹਰਿ ਕਰਤਾਰੋ । ਘਰ ਬੈਠੇ ਨੇਤਰ ਲੈਣਾ ਪੇਖ, ਖੁਲ੍ਹੇ ਕੇਸ ਦਰ ਦਵਾਰੋ । ਨਾ ਵਸੇ ਦੂਰ ਦੁਰਾਡੇ ਦੇਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਹਿਰਦੇ ਵਸੇ ਸਚ ਘਰ ਬਾਹਰੋ । ਸਾਚੀ ਸਿਖਿਆ ਲੈਣੀ ਮੰਨ । ਪਹਿਲੋਂ ਕੱਢਣਾ ਆਪਣਾ ਜਨ । ਭਾਂਡਾ ਭਰਮ ਪ੍ਰਭ ਦਰ ਲੈਣਾ ਭੰਨ । ਹਰਿਆ ਫੇਰ ਹੋਵੇ ਤਨ । ਸਾਚੀ ਵਸਤ ਹਰਿ ਝੋਲੀ ਪਾਏ, ਤੇਰੀ ਆਤਮ ਧਰੇ ਸੋਹੰ ਸ਼ਬਦ ਸਾਚਾ ਧੰਨ । ਆਪਣੀ ਕਿਰਪਾ ਆਪੇ ਕਰੇ, ਧਰਮ ਰਾਏ ਨਾ ਦੇਵੇ ਡੰਨ । ਗੁਰਸਿਖ ਤੇਰੇ ਕਾਰਜ ਸਰੇ ਸਾਰੇ, ਜੇ ਗੁਰ ਸਿਖਿਆ ਲਏ ਮੰਨ । ਮਦਿਰਾ ਮਾਸ ਦੇਣਾ ਤਜ । ਅੰਮ੍ਰਿਤ ਪੀਣਾ ਪ੍ਰਭ ਦਰ ਰੱਜ । ਆਤਮ ਸੇਜਾ ਜਾਏ ਸਜ । ਪ੍ਰਭ ਅਬਿਨਾਸ਼ੀ ਚੜ੍ਹ ਜਾਏ ਉਤੇ ਭੱਜ । ਸਾਚਾ ਵਕਤ ਆਪ ਸੁਹਾਏ ਪਹਿਲੀ ਮਾਘੀ ਲੇਖ ਲਿਖਾਏ ਗੁਰਸਿਖਾਂ ਪਰਦੇ ਲਏ ਕੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁੱਖਾਂ ਸਿਰ ਬੰਨ੍ਹੇ ਛੱਜ । ਇਕ ਭੁਯੰਗ ਕੀਆ ਤਿਆਰ । ਮੰਗੇ ਮੰਗ ਸੱਚੇ ਦਰਬਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਸਾਚੀ ਦੇ ਨਾਮ ਵੱਥ, ਆਪ ਆਪਣਾ ਬਣਾ ਸੱਚਾ ਦੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਏ ਬਣ ਬਣ ਲੇਖ ਲਿਖਾਰ । ਰੱਖੇ ਨਾਮ ਅਪਰ ਅਪਾਰਾ । ਮਾਤ ਪਿਤਾ ਦਾ ਸੁੱਤ ਦੁਲਾਰਾ ।



ਪਾਈ ਚੋਲੀ ਸਾਚੀ ਡੋਲੀ ਨਾ ਕੋਈ ਕੀਆ ਬੋਲ ਬੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਣਜ ਕਰਾਏ ਬਣ ਸੱਚਾ ਵਣਜਾਰਾ । ਸਚ ਵਣਜ ਕਰ ਪ੍ਰੀਤ । ਨਾਮ ਰਖਾਏ ਸਿੰਘ ਮਨਜੀਤ । ਗੁਰਸਿਖ ਬੈਠੇ ਦੂਰ ਦੁਰਾਡੇ ਤੇਰੀ ਕਾਇਆ ਹੋਈ ਸੀਤ । ਪ੍ਰਭ ਅਬਿਨਾਸ਼ੀ ਸਾਚੀ ਜੋਤ ਵਿਚ ਟਿਕਾਏ, ਝੂਠੀ ਢਾਹੇ ਭਰਮਾਂ ਵਾਲੀ ਖੜੀ ਮਸੀਤ । ਝੂਠੀ ਦਿਤੀ ਢੇਰੀ ਢਾਹ । ਗਲੋਂ ਫਾਹੀ ਦਿਤੀ ਲਾਹ । ਸਾਚਾ ਮਿਲਿਆ ਮਾਹੀ ਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਹੱਥ ਸੱਚੀ ਵਡਿਆਈਆ । ਵੱਡੀ ਵਡਿਆਈ ਹਰਿ ਗੁਣਕਾਰ ਹੈ । ਆਦਿ ਅਨਾਦੀ ਕਰਦਾ ਰਹੇ ਸੱਚੀ ਕਾਰ ਹੈ । ਗੁਰਸਿਖ ਦਰ ਸਾਚੇ ਮੰਗਣ ਪ੍ਰਭ ਦੇਵਣਹਾਰ ਦਾਤਾਰ ਹੈ । ਗੁਰਸਿਖਾਂ ਦੇਵੇ ਸਾਚੀ ਦਰ ਰੰਗਣ, ਵੜਨ ਨਾ ਦੇਵੇ ਕੋਈ ਐਰ ਗੈਰ ਹੈ । ਅੰਤਮ ਅੰਤ ਕਲਜੁਗ ਕਰਾਇਆ, ਲੱਗੀ ਜੇਠ ਦੁਪਹਿਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਸ਼ਾਇਰ ਹੈ । ਜੇਠ ਦੁਪਿਹਰ ਤਤੀ ਵਾ । ਬੇਮੁੱਖਾਂ ਨੂੰ ਰਹੀ ਖਾ । ਸੋਹੰ ਸ਼ਬਦ ਕਰਦਾ ਜਾਏ ਗੁਰਸਿਖਾਂ ਨੂੰ ਠੰਡੀ ਛਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਨੂੰ ਬਾਹੋਂ ਪਕੜ ਬਹਾਏ ਸਾਚੇ ਥਾਂ । ਸਾਚੇ ਚਰਨ ਸਚ ਦਵਾਰ । ਕਲਜੁਗ ਜੀਵ ਨਾ ਭੁੱਲ ਗਵਾਰ । ਦਰ ਸਾਚਾ ਗਿਆ ਖੁਲ੍ਹ, ਸਤਿਜੁਗ ਪਹਿਲੀ ਵਾਰ । ਪ੍ਰਭ ਦਰ ਮਿਲੇ ਸੋਹੰ ਨਾਮ ਅਨਮੁਲ, ਨਾ ਕਰੇ ਕੋਈ ਅਧਾਰ । ਪੂਰੇ ਤੋਲ ਜਾਣਾ ਤੁੱਲ, ਪ੍ਰਭ ਸਾਚਾ ਤੋਲ ਤੋਲਣਹਾਰ । ਅੰਮ੍ਰਿਤ ਆਤਮ ਨਾ ਜਾਏ ਡੁੱਲ, ਕਲਜੁਗ ਵਹਿੰਦਾ ਡੂੰਘੀ ਧਾਰ । ਪ੍ਰਭ ਅਬਿਨਾਸ਼ੀ ਗਲ ਪਾਈ ਬੈਠਾ ਫੁੱਲ, ਗੁਰਸਿਖ ਸਾਚੇ ਚੁਗ ਚੁਗ ਆਪ ਗੁੰਦਾਏ ਸਾਚੇ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਮਾਤ ਵਰਤਾਏ ਆਪੇ ਜਾਣੇ ਆਪਣੀ ਸਾਰ । ਸੰਗਤ

੪੧੨
੦੩

ਸੁਣਾਏ ਸ਼ਬਦ ਸੰਗੀਤ । ਸਤਿਜੁਗ ਤੇਰੀ ਚਲਾਈ ਸਾਚੀ ਰੀਤ । ਏਕਾ ਬੰਧਾਏ ਸਾਚੀ ਚਰਨ ਪ੍ਰੀਤ । ਚਾਰੋਂ ਤਰਫ ਉਠ ਉਠ ਵੇਖੇ, ਢਾਹੁੰਦੇ ਫਿਰਦੇ ਸਰਬ ਮਸੀਤ । ਗੁਰਸਿਖ ਸਾਚਾ ਅੱਗੇ ਲਾਇਆ, ਪ੍ਰਭ ਅਬਿਨਾਸ਼ੀ ਦਇਆ ਕਮਾਇਆ ਸਿੰਘ ਮਨਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਤੇਰੀ ਰੀਤ । ਸ਼ਬਦ ਲਗਾਏ ਰਸਨਾ ਭੋਗ । ਗੁਰ ਸੰਗਤ ਚੁਗਾਏ ਸਾਚੀ ਚੋਗ । ਪ੍ਰਗਟ ਹੋਇਆ ਘਨਕਪੁਰ ਵਾਸੀ, ਦਰਸ ਦਿਖਾਏ ਖੜ ਅਮੋਘ । ਗੁਰਮੁਖ ਸਾਚੇ ਸੰਤ ਪਿਆਰਿਓ, ਪ੍ਰਭ ਆਇਆ ਕੱਟਣ ਰੋਗ । ਬੈਠੇ ਸਚ ਦਰਬਾਰਿਓ, ਹਰਿ ਮਿਲਿਆ ਮੇਲ ਲਿਖਿਆ ਧੁਰ ਸੰਜੋਗ । ਪੂਰਬ ਆਪਣੇ ਮਨ ਵਿਚਾਰਿਓ, ਨਾ ਹੋਏ ਕਦੇ ਵਿਜੋਗ । ਏਕਾ ਸੋਹੰ ਸ਼ਬਦ ਰਸਨ ਉਚਾਰਿਓ, ਆਪ ਮਿਟਾਏ ਚਿੰਤਾ ਸੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਪੂਰੀ ਆਸ ਕਰਾਏ ਆਪ ਲਗਾਏ ਸਾਚਾ ਭੋਗ । ਭੋਜਨ ਲੱਗੇ ਭੋਗ, ਲਗਾਏ ਹਰਿ ਭਗਵਾਨ । ਗੁਰ ਸੰਗਤ ਸਾਰੀ ਉਠ ਚਾਈਂ ਚਾਈਂ ਖਾਣ । ਪ੍ਰਭ ਅਬਿਨਾਸ਼ੀ ਸੇਵਾ ਕਰੇ ਗੁਰਸਿਖਾਂ ਹੋ ਮਿਹਰਵਾਨ । ਚੋਗ ਚੁਗਾਏ ਫੜ ਫੜ ਦੋਵੀਂ ਹੱਥੀਂ, ਭੁੱਖਾ ਨਾ ਕੋਈ ਦਰ ਕੁਰਲਾਨ । ਪ੍ਰਭ ਸੋਏ ਆਪ ਉਠਾਏ, ਵਿਚ ਮਾਤ ਕਰ ਕਰ ਆਪ ਪਛਾਣ । ਅੰਤਮ ਬੀਜ ਸਾਚਾ ਬੋਏ, ਸੋਹੰ ਸ਼ਬਦ ਵੱਡੀ ਖਾਣ । ਸਾਚੇ ਧਾਗੇ ਲਏ ਪਰੋਏ, ਅੱਧ ਵਿਚ ਤੁਟ ਨਾ ਜਾਣ । ਪਿਛਲੇ ਦਾਗ ਆਪੇ ਧੋਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਪਿਛਲੇ ਦਾਗਾਂ ਧੋਣੀ ਮੈਲ । ਅੱਠ ਸੱਠ ਜੋ ਉਪਰ ਰਹੀ ਫੈਲ । ਗੁਰ ਸੰਗਤ ਪ੍ਰਭ ਅਬਿਨਾਸ਼ੀ ਚਲੇ ਤੇਰੀ ਗੈਲ ਗੈਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸ਼ਬਦ ਸਰੂਪੀ ਕਰਦਾ ਫਿਰਦਾ ਸੈਲ । ਕਲਜੁਗ ਤੇਰੀ ਮਾਤ ਫੁਲਵਾੜੀ । ਪ੍ਰਭ ਉਠ ਉਠ ਵੇਖੇ ਚਾਰੋਂ ਤਰਫ ਕਿਧਰੋਂ ਪੱਕੇ ਮੇਰੀ ਹਾੜੀ । ਇਕੋ ਧਾਰੀ ਸ਼ਬਦ ਫਿਰਾਏ, ਆਪੇ ਖੋਲ੍ਹੇ ਸਭਨਾ ਤਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਰ ਆਈ ਮੰਗਤ ਚਾਰੋਂ ਤਰਫ ਸ਼ਬਦ ਸਰੂਪੀ ਕਰਦਾ ਜਾਏ ਵਾੜੀ । ਸ਼ਬਦ ਵਾੜ ਪਾਏ ਘੇਰਾ । ਵਿਚ ਲਗਾਏ ਗੁਰ ਸੰਗਤ ਡੇਰਾ । ਅੰਗ ਸੰਗ ਸੰਗ ਅੰਗ ਹਰਿ ਸਦ ਰਹਾਏ, ਪ੍ਰਗਟ ਜੋਤ ਦਰਸ ਦਿਖਾਏ ਨਾ ਲਾਏ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਮਾਣ ਦਵਾਏ, ਆਪਣੀ ਸਰਨ ਬਹਾਏ ਨਾ ਕਰੇ ਹੇਰਾ ਫੇਰਾ । ਹੇਰਾ ਫੇਰਾ ਜਗਤ ਖਵਾਰੀ । ਪ੍ਰਭ ਅਬਿਨਾਸ਼ੀ ਜਗਤ ਬੰਨ੍ਹੇ ਸਾਚੀ ਧਾਰੀ । ਪਹਿਲੀ ਮਾਘੀ ਆਈ ਵਿਚ ਸੰਸਾਰੀ । ਸੋਹੰ ਸ਼ਬਦ ਸੁਹਾਗੀ ਗਾਓ ਗੀਤ, ਦਰ ਘਰ ਸਾਚੇ ਆਏ ਨਰ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੀਜ ਬਿਜਾਏ ਗੁਰਸਿਖ ਤੇਰੀ ਆਤਮ ਇਕ ਕਿਆਰੀ । ਨਿਹਕਲੰਕੀ ਲੈ ਅਵਤਾਰ । ਫਤਹਿ ਡੰਕ ਇਕ ਵਜਾਏ, ਆਪੇ ਬਣੇ ਸੁਨਿਆਰ, ਸ੍ਰਿਸ਼ਟ ਸਬਾਈ ਫੜ ਉਠਾਏ, ਸੁੱਤਾ ਦਿਸੇ ਨਾ ਕੋਈ ਵਿਚ ਬਾਜ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪਣੀ ਖੇਲ ਕਰ ਜਾਏ ਜਮਨ ਕਿਨਾਰ । ਮਸਤੂਆਣੇ ਮਾਣ ਦਵਾ । ਜਮਨ ਕਿਨਾਰੇ ਜਾਏ ਬਹਿ ਡੇਰਾ ਲਾ । ਜੋਤ ਸਰੂਪੀ ਲਏ ਜੋਤ ਜਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਵਾਲੀ ਹਿੰਦ ਦਏ ਸ਼ਬਦ ਜਣਾ । ਸੋਏ ਰਾਣੇ ਉਠ ਜਾਗ । ਵਿਚ ਭਾਰਤ ਲੱਗਾ ਭਾਗ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਆਪ ਪਛਾਣੇ ਗੁਰਸਿਖਾਂ ਬੁਝਾਏ ਆਗ । ਵੇਲਾ ਅੰਤਮ ਕਿਉਂ ਭੁਲਾਇਆ, ਆਪ ਧੋ ਪਿਛਲੇ ਦਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਏ ਦਰਸ ਦਿਖਾਇਆ ਪਹਿਲੀ ਮਾਘ । ਉਠੋ ਰਾਣਾ ਹੋਏ ਖ਼ਬਰਦਾਰ । ਆਪਣੇ ਮਨ ਕਰੇ ਵਿਚਾਰ । ਕਿਹੜਾ ਚੋਰ

ਅੰਦਰ ਵੜਿਆ, ਜਿਸ ਦਿਤਾ ਸ਼ਬਦ ਹੁਲਾਰ । ਪ੍ਰਭ ਅਬਿਨਾਸ਼ੀ ਅੰਦਰ ਵੜਿਆ, ਕੀਤਾ ਖਬਰਦਾਰ । ਨਾ ਭੁੱਲ ਅਨਭੋਲ ਸੁੱਤਿਆ, ਪ੍ਰਭ ਤੇਰਾ ਹੋਵੇ ਪਹਿਰੇਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਸੁਲਤਾਨ ਵਾਲੀ ਦੋ ਜਹਾਨ ਅੱਠੇ ਪਹਿਰ ਰਹੇ ਪਹਿਰੇਦਾਰ । ਵਾਲੀ ਹਿੰਦ ਫੜ ਉਠਾਏ । ਫੇਰ ਆਪਣੀ ਸਰਨ ਲਗਾਏ । ਅਗਲਾ ਪਿਛਲਾ ਲੇਖਾ ਸਰਬ ਮੁਕਾਏ । ਅਠ ਦਸ ਅਠਾਰਾਂ ਕੋਈ ਰਹਿਣ ਨਾ ਪਾਏ । ਵਰਨ ਬਰਨ ਸਭ ਮਿਟ ਜਾਏ । ਸਾਚਾ ਹੁਕਮ ਹਰਿ ਜੀ ਆਪਣਾ ਆਪ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਪ੍ਰਗਟ ਜੋਤ, ਵਾਲੀ ਹਿੰਦ ਆਪਣਾ ਦਰਸ ਦਿਖਾਏ । ਸ਼ਬਦ ਤਿਲਕ ਲਗਾਏ ਲਲਾਟ । ਆਪ ਕਰਾਏ ਪੂਰਾ ਘਾਟ । ਸਾਚਾ ਸੰਤ ਜਣਾਏ ਨੇੜੇ ਆਏ ਵਾਟ । ਗੁਰਸਿਖੋ ਅੰਤਮ ਅੰਤ ਝੂਠਾ ਚੋਲਾ ਗਿਆ ਪਾਟ । ਏਕਾ ਏਕ ਜਗੇ ਜੋਤ, ਨਿਹਕਲੰਕ ਨਰਾਇਣ ਨਰ ਸ਼ਬਦ ਸਰੂਪੀ ਛੁੱਟੇ ਏਕਾ ਲਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ ਬਾਕੀ ਜਿੰਨੀ ਰਹਿ ਗਈ ਵਾਟ । ਭਿੰਨੜੀ ਰੈਣ ਹਰਿ ਵਕਤ ਸੁਹਾਵਣਾ । ਗੁਰਸਿਖ ਸਾਚੇ ਸਾਚਾ ਲਾਹ ਲੈਣ, ਦਰਗਹਿ ਸਾਚੀ ਹਰਿ ਬਣੇ ਜਾਮਨਾ । ਸੋਹੰ ਸ਼ਬਦ ਤਨ ਪਹਿਨਾਏ ਸਾਚਾ ਗਹਿਣਾ ਪੂਰ ਕਰਾਏ ਭਾਵਨਾ । ਗੁਰਮੁਖ ਸਾਚੇ ਸੰਤ ਜਨ ਉਠ ਭਿੰਨੜੀ ਰੈਣ ਰਸਨ ਕਹਿਣ ਕਲ ਅੰਤਮ ਜੁਗ ਪਕੜੇ ਦਾਮਨਾ । ਭਿੰਨੜੀ ਰੈਣ ਜਗਤ ਅੰਧੇਰਾ । ਗੁਰਮੁਖ ਤੇਰੀ ਆਤਮ ਸਦ ਵਸੇਰਾ । ਡੂੰਘੀ ਕੰਦਰ ਕਿਆ ਵੇਖ ਵਿਚਾਰੋ, ਪ੍ਰਭ ਵਸੇ ਨੇਰਨ ਨੇਰਾ । ਜੋਤ ਸਰੂਪੀ ਪ੍ਰਗਟ ਹੋਏ ਨਾ ਲਾਏ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਪਾਇਆ ਫੇਰਾ । ਭਿੰਨੜੀ ਰੈਣ ਕਲ ਸੁਹਾਈ । ਵੇਲੇ ਅੰਤਮ ਕਲਜੁਗ ਤੇਰੇ ਇਹੋ ਹਿੱਸੇ ਆਈ । ਦੂਜੇ ਹਿੱਸੇ ਸਤਿਗੁਰ ਸਾਚੇ ਸਤਿਜੁਗ ਤੇਰੀ ਵੰਡ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸਦ ਵਡਿਆਈ । ਭਿੰਨੜੀ ਰੈਣ ਸੰਤ ਕਰੇ ਪਿਆਰ । ਅੰਮ੍ਰਿਤ ਵੇਲਾ ਉਠ ਉਠ ਜਾਗੇ ਪ੍ਰਭ ਅਬਿਨਾਸ਼ੀ ਅਵਾਜ਼ਾਂ ਮਾਰ । ਅਗਲ ਵਾਂਢੀ ਫੜ ਲੈ ਵਾਗੇ, ਆਤਮ ਖੋਲ੍ਹ ਦਰ ਦਵਾਰ । ਸੋਏ ਭਾਗ ਕਲਜੁਗ ਜਾਗੇ, ਗੁਰਮੁਖ ਮਿਲਿਆ ਹਰਿ ਦਾਤਾਰ । ਆਪ ਪਰੋਏ ਸੋਹੰ ਸਾਚੇ ਧਾਗੇ, ਗਲ ਆਪਣੇ ਵਿਚ ਲਏ ਡਾਰ । ਆਪ ਬਣਾਏ ਹੰਸ ਕਾਗੇ, ਅੰਮ੍ਰਿਤ ਮੁਖ ਚਵਾਏ ਧਾਰ । ਏਕਾ ਸ਼ਬਦ ਉਪਜਾਏ ਸਾਚੇ ਰਾਗੇ, ਚਲੇ ਵਿਚ ਸੰਸਾਰ । ਪ੍ਰਭ ਅਬਿਨਾਸ਼ੀ ਜੋ ਜਨ ਸਰਨੀ ਲਾਗੇ, ਪ੍ਰਭ ਬੇੜਾ ਕਰ ਜਾਏ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਭਿੰਨੜੀ ਰੈਣ ਰੁੱਤ ਸੁਹਾਏ । ਸਾਚੇ ਸੁੱਤ ਆਪ ਜਗਾਏ । ਬੇਮੁੱਖਾਂ ਵਡ ਨੱਕ ਗੁੱਤ, ਕਲਜੁਗ ਤੇਰੇ ਅੱਗੇ ਲਾਏ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਚਾਰੋਂ ਕੁੰਟ ਮੂੰਹ ਥੁੱਕਾਂ ਨਾਲ ਭਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਸੇਵਾ ਆਪਣੀ ਹੱਥੀਂ ਆਪ ਕਮਾਏ । ਭਿੰਨੜੀ ਰੈਣ ਰਾਜ ਦੁਲਾਰੀ । ਪ੍ਰਭ ਅਬਿਨਾਸ਼ੀ ਲੱਗੇ ਪਿਆਰੀ । ਆਪ ਬਹਾਏ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ ਸੁਣੇ ਪੁਕਾਰੀ । ਭਿੰਨੜੀ ਰੈਣ ਕਲ ਅੰਤਮ ਰੋਏ । ਹੰਝੂਆਂ ਨਾਲ ਮੂੰਹ ਧੋਏ । ਕਲਜੁਗ ਜੀਵ ਜੂਠਾ ਝੂਠਾ ਅੰਤਮ ਆਪਣਾ ਆਪ ਖੋਏ । ਮਾਇਆ ਲੂਠਾ ਏਕਾ ਝੂਠਾ ਬੀਜ ਬੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਹੋਏ ਰੁਸ਼ਨਾਏ ਤਿੰਨਾਂ ਲੋਏ । ਭਿੰਨੜੀ ਰੈਣ ਰਾਜ ਸੁਖ ਮਾਣ । ਦੇਵੇ ਮਾਣ ਆਪ ਭਗਵਾਨ । ਨਾਲ ਰਲਾਏ ਤੇਰੇ ਸੰਤ ਜਨ ਸੁਘੜ ਸਿਆਣ । ਸਾਚਾ ਸ਼ਬਦ ਸੁਣਾਏ ਕੰਨ, ਭਰਮ

ਭੁਲੇਖੇ ਸਰਬ ਮਿਟ ਜਾਣ । ਸ਼ਬਦ ਸਰੂਪੀ ਲਾਏ ਡੰਨ, ਬਣ ਕੇ ਆਏ ਸਾਚਾ ਕਾਹਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੈਣ ਪਿਆਰੀ ਤੈਨੂੰ ਦੇਵੇ ਮਾਣ । ਰੈਣ ਪਿਆਰੀ ਵਕਤ ਸੁਹੇਲਾ । ਸਾਧਾਂ ਸੰਤਾਂ ਲੱਗਾ ਮੇਲਾ । ਪ੍ਰਭ ਅਬਿਨਾਸ਼ੀ ਆਪਣੇ ਧਾਮ ਏਕਾ ਵਸੇ ਇਕ ਇਕੇਲਾ । ਅਚਰਜ ਖੇਲ ਪਾਰਬ੍ਰਹਮ ਕਲਜੁਗ ਅੰਤਮ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਏਕਾ ਏਕ ਲਗਾਏ ਸੋਹੰ ਸ਼ਬਦ ਅੰਮ੍ਰਿਤ ਫਲ ਕੇਲਾ । ਭਿੰਨੜੀ ਰੈਣ ਜਗਤ ਸੁਖਦਾਈ । ਗੁਰ ਸੰਗਤ ਦਰ ਸਾਚੇ ਤੈਨੂੰ ਦੇਣ ਆਈ ਵਧਾਈ । ਸੰਤਾਂ ਨਾਲ ਸੰਤ ਮਿਲੇ ਜਿਉਂ ਮਿਲੇ ਵਿਛੜੇ ਭਾਈਆਂ ਭਾਈ । ਏਕਾ ਊਚਾ ਧਾਮ ਆਪੇ ਦੱਸੇ, ਦੂਜਾ ਕੋਈ ਰਹਿਣ ਨਾ ਪਾਈ । ਗੁਰਮੁਖ ਸਾਚੇ ਸੰਤ ਜਨਾਂ ਵਿਚ ਮਾਤ ਹਰਿ ਆਪ ਦੇਵੇ ਵਡਿਆਈ । ਆਪੇ ਹੋਵੇ ਸਭ ਤੋਂ ਨੀਂਵਾਂ, ਅਚਰਜ ਖੇਲ ਕਰੇ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਿੰਨੜੀ ਰੈਣ ਗੁਰਸਿਖ ਬਣਾਏ ਤੇਰੇ ਸਾਕ ਸੱਜਣ ਤੈਨੂੰ ਦੇਣ ਸਭੇ ਵਧਾਈ । ਭਿੰਨੜੀ ਰੈਣ ਨੇਤਰ ਖੋਲ੍ਹੇ । ਪ੍ਰਭ ਅਬਿਨਾਸ਼ੀ ਕਿਥੋਂ ਬੋਲੇ । ਨਾ ਕਿਸੇ ਮੰਦਰ ਨਾ ਡੂੰਘੀ ਕੰਦਰ ਨਾ ਦਿਸੇ ਵਿਚ ਖੋਲ੍ਹੇ । ਗੁਰ ਸੰਗਤ ਤੇਰਾ ਸਾਚਾ ਧਾਮ ਸੁਹਾਇਆ, ਪ੍ਰਭ ਅਬਿਨਾਸ਼ੀ ਤੇਰੇ ਵਿਚ ਮੌਲੇ । ਗੁਰਮੁਖ ਸਾਚੇ ਸੰਤ ਜਨੋਂ ਸੋਹੰ ਸ਼ਬਦ ਗਾਓ ਸੁਹਾਗੀ, ਹਰਿ ਸਚ ਜੈਕਾਰਾ ਬੋਲੇ । ਏਕਾ ਸ਼ਬਦ ਸੁਣਾਏ ਰਾਗ, ਉਪਜੇ ਧੁਨ ਨਾਦ, ਗੁਰਸਿਖ ਸਾਚਾ ਕਦੇ ਨਾ ਡੋਲੇ । ਆਪੇ ਪਕੜੇ ਦੋ ਹੱਥਾਂ ਨਾਲ ਵਾਗ, ਪ੍ਰਗਟ ਹੋਇਆ ਜਿਉਂ ਪਹਿਲੀ ਮਾਘ, ਅੱਠੇ ਪਹਿਰ ਗੁਰਸਿਖ ਸਾਚੇ ਆਤਮ ਤੇਰੇ ਬੋਲੇ । ਭਿੰਨੜੀ ਰੈਣ ਗੁਰ ਸੰਗਤ ਦੇਣ ਆਈ ਸਤਿ ਸੁਗਾਤ, ਨਾਮ ਸ਼ਬਦ ਭਰ ਲੈਣੇ ਝੋਲੇ । ਨਾ ਕੋਈ ਪੁੱਛੇ ਜ਼ਾਤ ਪਾਤ, ਰੰਕ ਰਜਾਨ ਸ਼ਾਹ ਸੁਲਤਾਨ ਬੁੱਢਾ ਬਿਰਦ ਬਾਲ ਜਵਾਨ ਏਕਾ ਰੰਗ ਹਰਿ ਵਖਾਨ, ਨਾ ਕੋਈ ਰੱਖੇ ਪਰਦੇ ਓਹਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਇਕ ਟਿਕਾਈ, ਅੱਠੇ ਪਹਿਰ ਕਰੇ ਰੁਸ਼ਨਾਈ, ਵਿਚ ਕਾਇਆ ਸਾਚੇ ਚੋਲੇ । ਕਾਇਆ ਚੋਲੇ ਜਗੇ ਜੋਤ । ਨਾ ਕੋਈ ਵਰਨ ਨਾ ਕੋਈ ਗੋਤ । ਏਕਾ ਏਕ ਕਰੇ ਬੁੱਧ ਬਬੇਕ । ਗੁਰਮੁਖ ਸਾਚੇ ਸੰਤ ਜਨਾਂ ਆਪ ਰਖਾਏ ਆਪਣੀ ਟੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਜਨਾਂ ਤਨ ਲੱਗਣ ਨਾ ਦੇਵੇ ਸੇਕ । ਭਿੰਨੜੀ ਰੈਣ ਖ਼ੁਸ਼ੀ ਮਨਾ । ਇਕੱਠੇ ਹੋਏ ਭੈਣ ਭਰਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਚੀ ਸੰਗਤ ਲਈ ਬਣਾ । ਦਰ ਘਰ ਸਾਚੇ ਦੇਵੇ ਵਰ, ਸੋਹੰ ਨਾਮ ਦਏ ਰੰਗ ਚੜ੍ਹਾ । ਆਤਮ ਭੰਡਾਰੇ ਦੇਵੇ ਭਰ, ਸਰ ਸਰੋਵਰ ਆਤਮ ਬੈਠੇ ਗੁਰਸਿਖ ਤਾਰੀ ਲਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਆਤਮ ਤੇਰੀ ਜੋਤ ਜਗਾਏ, ਅੱਠੇ ਪਹਿਰ ਡਗਮਗਾਏ, ਅਗਿਆਨ ਅੰਧੇਰ ਸਰਬ ਮਿਟਾਏ, ਜੋਤ ਸਰੂਪੀ ਦੀਪਕ ਦੇਵੇ ਆਪ ਜਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਭਿੰਨੜੀ ਰੈਣ ਸੰਗ ਮਿਲਾ, ਆਤਮ ਜੋਤ ਦਏ ਜਗਾ । ਭਿੰਨੜੀ ਰੈਣ ਭੱਜੀ ਆਈ । ਗੁਰ ਸੰਗਤ ਮੈਨੂੰ ਸੰਗ ਰਲਾਈਂ । ਫੜ ਮਿਲਾਈਂ ਸਾਚੇ ਮਾਹੀ । ਦਰਸ ਕਰਾਉਣਾ ਜਿਹੜਾ ਦਿਸੇ ਕਿਸੇ ਨਾਹੀ । ਮੇਰੇ ਉਤੇ ਪ੍ਰਭ ਅਬਿਨਾਸ਼ੀ ਤਰਸ ਕਮਾਵਣਾ ਮੈਂ ਨੀਂਵੀ ਹੋ ਹੋ ਆਈ । ਉਚਾ ਸੁੱਚਾ ਆਪੇ ਹੋਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾਹੀਂ । ਉਚਾ ਸੁੱਚਾ ਹਰਿ ਨਿਰੰਕਾਰ । ਏਕਾ ਜੋਤ ਅਗੰਮ ਅਪਾਰ । ਤਿੰਨ ਲੋਕਾ ਕਰੇ ਅਕਾਰ । ਜੀਵਾਂ ਜੰਤਾਂ ਪਾਵੇ ਸਾਰ । ਲੱਖ ਚੁਰਾਸੀ ਪਸਰ ਪਸਾਰ । ਫਿਰ ਵੀ ਵਸੇ ਸਭ ਤੋਂ ਬਾਹਰ । ਕਦੇ ਗੁਪਤ ਕਦੇ ਜ਼ਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਪਾਵੇ ਤੇਰੀ ਸਾਰ । ਸਚ ਕਵਾਏ ਹਰਿ ਜੀ ਪਾਈ ਹੈ । ਸਿਰ ਕਲਗੀ ਆਪ

ਲਗਾਈ ਹੈ । ਪ੍ਰਗਟ ਹੋਇਆ ਆਪ ਰਘੁਰਾਈ ਹੈ । ਤੀਨ ਲੋਕਾਂ ਵੱਜੀ ਵਧਾਈ ਹੈ । ਪਹਿਲੀ ਮਾਘੀ ਰੁੱਤ ਸੁਹਾਈ ਹੈ । ਗੁਰਸਿਖ ਸਾਚੇ ਸੰਤ ਜਨਾਂ ਮਿਲ ਸਾਚੀ ਸੇਜ ਵਿਛਾਈ ਹੈ । ਕਿਰਪਾ ਕਰ ਸਾਚਾ ਹਰਿ ਉਪਰ ਆਪਣਾ ਚਰਨ ਛੁਹਾਈ ਹੈ । ਜਾਮਾ ਧਾਰ ਵਡ ਬਲੀ ਬਲਵਾਨ, ਸ੍ਰਿਸ਼ਟ ਸਬਾਈ ਆਪਣੇ ਹੱਥ ਰਖਾਈ ਹੈ । ਬਣ ਕੇ ਆਇਆ ਸਾਚਾ ਕਾਹਨ, ਗੁਰ ਸੰਗਤ ਗੋਪੀਆਂ ਨਾਲ ਲਿਆਈ ਹੈ । ਗੁਰਮੁਖਾਂ ਦੇਵੇ ਸਾਚਾ ਨਾਉਂ, ਸੋਹੰ ਸ਼ਬਦ ਵਡ ਵਡਿਆਈ ਹੈ । ਦਰ ਘਰ ਸਾਚੇ ਪਾਉਣਾ ਮਾਣ, ਚਰਨ ਧੂੜ ਕਰ ਜਾਣਾ ਇਸ਼ਨਾਨ, ਦੁਰਮਤ ਮੈਲ ਸਰਬ ਗਵਾਈ ਹੈ । ਜਾਮਾ ਧਾਰੇ ਸ੍ਰੀ ਭਗਵਾਨ, ਰਸਨਾ ਚਲਾਏ ਇਕ ਕਿਰਪਾਣ, ਆਪਣੇ ਹੱਥ ਉਠਾਈ ਹੈ । ਦੇਵੇ ਸੋਹੰ ਸਾਚਾ ਦਾਨ, ਗੁਰਮੁਖਾਂ ਮਨ ਜਾਏ ਮਾਨ, ਭੁੱਲ ਰਹੇ ਨਾ ਰਾਈ ਹੈ । ਦੂਸਰ ਕੋਈ ਨਾ ਸੁਣਨਾ ਕਾਨ, ਨਾ ਕੋਈ ਰੰਕ ਨਾ ਰਾਜਾਨ, ਨਿਹਕਲੰਕ ਹੱਥ ਤੇਰੇ ਵਡਿਆਈ ਹੈ । ਸਾਚਾ ਵਕਤ ਆਪ ਸੁਹਾਏ, ਦਿੱਲੀ ਜਾਏ ਚਰਨ ਛੁਹਾਏ, ਉਪਰ ਸਿੰਘਾਸਣ ਆਸਣ ਲਾਏ, ਵਾਲੀ ਹਿੰਦ ਦੋਏ ਜੋੜ ਆਏ ਸਰਨਾਏ, ਵਾਹ ਵਾਹ ਤੇਰੀ ਸਚ ਵਡਿਆਈ ਹੈ । ਪਿਛਲੀ ਭੁੱਲ ਬਖ਼ਸ਼ਾਏ, ਅੱਗੇ ਹੁਕਮ ਹਰਿ ਸੁਣਾਏ, ਚਾਰ ਵਰਨ ਦਾ ਸੇਵਾਦਾਰ ਬਣਾਏ, ਸਾਚੀ ਸੇਵਾ ਲਾਈ ਹੈ । ਭਰਮ ਭੁਲੇਖਾ ਦਰ ਕਢਾਏ, ਸਾਚਾ ਸ਼ਬਦ ਕੰਨ ਸੁਣਾਏ, ਇਕ ਲਫੇੜਾ ਉਤੋਂ ਲਾਏ, ਚਰਨ ਧੂੜ ਲਾ ਆਤਮ ਮੂੜ੍ਹ ਆਤਮ ਲਾਟ ਹਰਿ ਜਗਾਈ ਹੈ । ਇਕ ਚੜ੍ਹਾਏ ਰੰਗ ਗੂੜ੍ਹ, ਕੱਟੀ ਜਾਏ ਸਭ ਦੇ ਜੂੜ, ਸਾਚਾ ਪ੍ਰਭ ਵਿਚ ਮਾਤ ਕਰ ਆਇਆ ਧਾਈ ਹੈ । ਗੁਰ ਸੰਗਤ ਸਾਰੀ ਰਲ ਮਿਲ ਦਿਓ ਵਧਾਈ, ਪਹਿਲੀ ਮਾਘੀ ਆ ਗੁਰ ਦਰ ਮਨਾਈ ਹੈ । ਸਤਿਜੁਗ ਤੇਰਾ ਸੱਚਾ ਬਾਣਾ, ਪ੍ਰਭ ਅਬਿਨਾਸ਼ੀ ਆਪੇ ਬਣੇ ਸ੍ਰਿਸ਼ਟ ਸਬਾਈ ਵੱਡਾ ਰਾਣਾ, ਚਾਰ ਕੁੰਟ ਤੇਰੀ ਸਰਨ ਆਏ ਨਿਹਕਲੰਕ ਵਡ ਬਲੀ ਬਲਵਾਨਾ । ਗੁਰਸਿਖ ਸਾਚੇ ਸੰਤ ਜਨ ਪ੍ਰਭ ਆਪਣੇ ਸੰਗ ਰਲਾਏ ਆਪ ਉਡਾਏ ਵਿਚ ਸ਼ਬਦ ਬਬਾਨਾ । ਦੂਸਰ ਕੋਈ ਦਿਸ ਨਾ ਆਏ, ਗੁਰ ਸੰਗਤ ਤੇਰਾ ਮੇਲ ਪਹਿਲੀ ਮਾਘੀ ਕਲਜੁਗ ਆਏ ਤੇਰੀ ਮੁਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣਾ ਭਾਣਾ । ਗੁਰ ਸੰਗਤ ਸਾਰੀ ਸੰਗ ਬਣਾਇਆ । ਪਹਿਲੀ ਮਾਘੀ ਕਲਜੁਗ ਤੈਨੂੰ ਇਕੋ ਧੱਕਾ ਲਾਇਆ । ਕੋਈ ਰਾਮ ਨਾਮ ਕੋਈ ਕਾਹਨ ਕਿਸੇ ਦਿਸੇ ਸ਼ਾਹ ਟਿੱਕਾ, ਪ੍ਰਭ ਅਬਿਨਾਸ਼ੀ ਇਕੋ ਇੱਕਾ, ਆਦਿ ਅੰਤ ਸਾਧ ਸੰਤ ਪੈਜ ਰਖਦਾ ਆਇਆ । ਆਪ ਚਲਾਏ ਆਪਣਾ ਸਿੱਕਾ, ਸਿੰਘ ਆਸਣ ਹਰਿ ਦਿੱਲੀ ਡੇਰਾ ਲਾਇਆ । ਜੋਤ ਸਰੂਪੀ ਜੋਤ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ ਸ਼ਬਦ ਸਰੂਪੀ ਗੁਰਮੁਖਾਂ ਹੁਕਮ ਸੁਣਾਇਆ । ਚਾਰ ਪਾਵੇ ਅੱਠ ਚੂਲ । ਉਤੇ ਬੈਠਾ ਹਰਿ ਜੀ ਦਿਸੇ ਸਾਚਾ ਧਾਮ ਇਕ ਅਸਥੂਲ । ਗੁਰ ਸੰਗਤ ਤੇਰਾ ਵਕਤ ਚੁਕਾਇਆ, ਸਾਚਾ ਸਮਾਂ ਆਣ ਸੁਹਾਇਆ, ਆਪ ਗਵਾਏ ਪਿਛਲਾ ਮੂਲ । ਫੜ ਫੜ ਬਾਹੋਂ ਰਾਹੇ ਪਾਇਆ, ਔਜੜ ਰਾਹ ਨਾ ਕੋਈ ਵਖਾਇਆ, ਸੋਹੰ ਸਾਚਾ ਨਾਮ ਜਪਾਇਆ, ਹਿਰਦੇ ਹਰਿ ਜੀ ਨਾਮ ਰਖਾਇਆ, ਦਾਸਨ ਦਾਸ ਆਪ ਹੋ ਆਇਆ, ਗੁਰਸਿਖ ਨਾ ਜਾਣਾ ਭੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਾਚਾ ਕੰਤ ਕੰਤੂਹਲ । ਗੁਰਸਿਖ ਸਾਚੇ ਸਾਚੀ ਨਾਰ । ਅੱਠੇ ਪਹਿਰ ਕਰਨ ਪਿਆਰ । ਸਾਚੀ ਸੇਜਾ ਆਤਮ ਵਸੇ, ਸੁੱਤਾ ਪੈਰ ਪਸਾਰ । ਜਿਉਂ ਲਛਮੀ ਚਰਨ ਹਰਿ ਜੀ ਝੱਸੇ, ਨਾ ਲੱਭੇ ਹਰਿ ਖੁਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸੰਤ ਜਨੋ, ਸਦ ਅੰਦਰ ਵਸੇ ਵੇਖੋ ਝਾਤੀ ਮਾਰ । ਅੰਦਰ ਮਾਰੇ ਏਕਾ ਝਾਤੀ । ਬੈਠਾ ਰਹੇ ਸਦਾ ਇਕਾਂਤੀ ।

੪੧੬
੦੩

ਪਿਆਉਂਦਾ ਰਹੇ ਬੂੰਦ ਸਵਾਂਤੀ । ਗਵਾਉਂਦਾ ਰਹੇ ਕਿਲ ਵਿਖ ਜਾਤੀ । ਗੁਰਮੁਖ ਸਾਚੇ ਸੰਤ ਜਨ ਪ੍ਰਭ ਦਰ ਆਏ, ਆਪੇ ਪੁੱਛੇ ਵਾਤੀ ਸੁੱਤਿਆਂ ਰਾਤੀ । ਸੋਹੰ ਸਾਚਾ ਸ਼ਬਦ ਸੁਣਾਏ, ਇਕ ਪੜ੍ਹਾਏ ਜਮਾਤੀ । ਏਕਾ ਆਪਣਾ ਨਾਮ ਜਪਾਏ, ਚਰਨ ਬੰਨ੍ਹਾਏ ਸਾਚੀ ਨਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਮਾਣ ਦਵਾਏ, ਨਾ ਕੋਈ ਊਚ ਨੀਚ ਨਾ ਕੋਈ ਵੱਡਾ ਜ਼ਾਤੀ । ਜ਼ਾਤ ਪਾਤ ਕੀਆ ਨਬੇੜਾ । ਖਾਣੀ ਬਾਣੀ ਚੁੱਕਿਆ ਝੇੜਾ । ਵੇਦ ਪੁਰਾਨੀ ਖੁਲ੍ਹਾ ਹੋ ਜਾਏ ਵਿਹੜਾ । ਮੜ੍ਹੀ ਮਸਾਣੀ ਗੁਰਸਿਖ ਨਾ ਚੁੱਕੇ ਤੇਰਾ ਝੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਪਹਿਲੀ ਮਾਘੀ ਕਰੇ ਸਚ ਨਬੇੜਾ । ਨਾ ਕੋਈ ਕੁਰਾਨ ਨਾ ਅੰਜ਼ੀਲਾ । ਨਾ ਕੋਈ ਦੀਸੇ ਕਾਲਾ ਪੀਲਾ । ਨਾ ਕੋਈ ਜੀਵ ਦੱਸੇ, ਜੋ ਪਾਈ ਫਿਰਦਾ ਨੀਲਾ ਚੋਲਾ । ਚਾਰੇ ਜੁਗ ਚਾਰੇ ਰੰਗ ਕਾਲਾ ਪੀਲਾ ਚਿੱਟਾ ਲਾਲ । ਕਲਜੁਗ ਖੱਟੀ ਕਾਲਖ, ਰੰਗਿਆ ਰੰਗ ਇਕੋ ਕਾਲ । ਪ੍ਰਭ ਅਬਿਨਾਸ਼ੀ ਆਪੇ ਧੋਏ ਗੁਰਸਿਖ ਬਾਲ ਅੰਞਾਣਿਆਂ, ਜੋ ਦਰ ਆਏ ਮਾਰ ਵੱਡੀ ਛਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਫੇਰ ਰੰਗਾਏ, ਸ਼ਬਦ ਭੱਠੀ ਦੇਵੇ ਡਾਲ । ਸ਼ਬਦ ਭੱਠਾ ਆਪ ਤਪਾਇਆ । ਸਾਚੀ ਰੰਗਣ ਗੁਰਸਿਖ ਰੰਗਾਇਆ । ਸੋਹੰ ਕੰਗਣ ਤਨ ਪਹਿਨਾਇਆ । ਗੁਰਮੁਖ ਸਾਚੇ ਦਰ ਸਾਚਾ ਮੰਗਣ ਜੋ ਆਤਮ ਭਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਆਪਣੀ ਸਰਨਾਇਆ । ਕਿਰਪਾ ਕਰ ਜਾਏ ਸਾਚੇ ਘਰ ਸਾਚੇ ਦਰ, ਸਾਚਾ ਆਣ ਆਤਮ ਦਰ ਸਦਾ ਖੁੱਲ੍ਹਾ । ਗੁਰਮੁਖ ਸਾਚਾ ਪੂਰੇ ਤੋਲ ਤੁੱਲਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਤੇਰਾ ਆਪ ਪਾਏ ਪਹਿਲੀ ਮਾਘੀ ਮੁੱਲਾ । ਸਾਚੀ ਸੇਵਾ ਦਰ ਕਮਾਏ, ਚਰਨ ਪ੍ਰੀਤੀ ਘੋਲ ਘੁੱਲਾ । ਸਾਚੀ ਸੇਵਾ ਲੇਖੇ ਲਾਏ, ਏਕਾ ਜੋਤ ਵਿਚ ਟਿਕਾਏ, ਪੰਜ ਤਤ ਜੋ ਬਣਿਆ ਝੂਠਾ ਕੁੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਮੇਘ ਬਰਸਾਏ, ਗੁਰਸਿਖ ਲਾਲ ਇਕ ਵਾਰ ਵਿਚ ਮਾਤ ਦੇ ਮਿਲਾ । ਇਕੋ ਇਕ ਹਰਿ ਸਾਚੀ ਧਾਰ ਰਖਾਵੰਦਾ । ਸਾਚਾ ਮਾਣ ਤਾਲ ਬਾਲ ਅੰਞਾਣੇ ਆਪ ਰਖਾਵੰਦਾ । ਏਕਾ ਦੇਵੇ ਸ਼ਬਦ ਨਿਸ਼ਾਨ, ਝੰਡਾ ਧਰਮ ਆਪ ਝੁਲਾਵੰਦਾ । ਨਾਰੀ ਦੁਖਿਆਰੀ ਕੁੱਖ ਲੱਗੇ ਨਾ ਭਾਗ, ਆਏ ਦਰ ਦਵਾਰ ਪ੍ਰਭ ਸਾਚੀ ਵਸਤ ਹਰਿ ਝੋਲੀ ਪਾਵੰਦਾ । ਵਾਹ ਵਾਹ ਸਿੰਘ ਮਨਜੀਤ ਸਦਾ ਸੁਰਜੀਤ ਤੇਰੀ ਵਡਿਆਈ, ਗੁਰ ਸੰਗਤ ਸਦਾ ਆਪਣੇ ਰੰਗ ਰੰਗਾਵੰਦਾ । ਸਾਧ ਸੰਤ ਤੇਰੇ ਹੱਥ ਵਡਿਆਈ, ਕਰੇ ਕਰਾਏ ਜਿਵੇਂ ਮਨ ਭਾਈ, ਪ੍ਰਭ ਅਬਿਨਾਸ਼ੀ ਅਤੋਲ ਅਤੁਲ ਨਾ ਤੋਲਿਆ ਜਾਈ । ਵਡ ਅਛਲ ਵਡ ਸਿਕਦਾਰ ਨਾ ਛੱਲਿਆ ਕਿਸੇ ਤੋਂ ਜਾਈ । ਪ੍ਰਗਟ ਹੋਵੇ ਘੜੀ ਘੜੀ ਪਲ ਪਲ, ਅਚਰਜ ਲੀਲਾ ਮਾਝੇ ਦੇਸ ਲਗਾਈ । ਚਾਰੋਂ ਤਰਫ ਵੇਖੋ ਕਿਵੇਂ ਹੁੰਦੀ ਜਲ ਥਲ, ਸ੍ਰਿਸ਼ਟ ਸਬਾਈ ਨਾ ਸਕੇ ਝੱਲ, ਏਕਾ ਜੋਤ ਅਗਨ ਲਗਾਈ । ਬੇਮੁੱਖਾਂ ਹਰਿ ਲਾਹੇ ਖੱਲ੍ਹ । ਆਪ ਸੁਟਾਏ ਧਰਮ ਰਾਏ ਦੀ ਡੂੰਘੀ ਡਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਲਏ ਬਚਾਈ । ਗੁਰ ਪੂਰਾ ਵਿਦਾ ਕਰਾਇੰਦਾ । ਗੁਰ ਸੰਗਤ ਸੰਗ ਰਲਾਇੰਦਾ । ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਮਾਣ ਦਵਾਇੰਦਾ । ਰਸਨਾ ਕਹਿਣ ਧੰਨ ਧੰਨ, ਸਚ ਦਾਤ ਹਰਿ ਝੋਲੀ ਪਾਇੰਦਾ । ਜਾਓ ਸੁਣਾਓ ਸਾਰਿਆਂ ਕੰਨ, ਨਿਹਕਲੰਕ ਕਲ ਜਾਮਾ ਪਾਇੰਦਾ । ਕੱਢੀ ਜਾਏ ਜਨ ਮਨ, ਪ੍ਰਭ ਆਪਣਾ ਹੱਥ ਸਿਰ ਰਖਾਇੰਦਾ । ਭਰਮ ਭਾਂਡੇ ਸਭ ਦੇ ਦੇਵੇ ਭੰਨ, ਸਾਧਾਂ ਸੰਤਾਂ ਹੱਥ ਹਥੌੜਾ ਆਪ ਸ਼ਬਦ ਫੜਾਇੰਦਾ । ਬੇਮੁੱਖਾਂ ਲਾਓ ਡੰਨ, ਪ੍ਰਭ ਅਬਿਨਾਸ਼ੀ ਸਾਚਾ ਰਾਹ ਵਖਾਇੰਦਾ । ਗੁਰਸਿਖ ਸਾਚੇ ਸੰਤ ਜਨ ਸਿੰਘ ਮਨਜੀਤ ਦਰ ਦਰ ਘਰ

ਘਰ ਜਾਏ ਸਾਚਾ ਹੁਕਮ ਸੁਣਾਇੰਦਾ । ਉਠੋ ਸੰਤੋ ਕਰੋ ਤਿਆਰੀ, ਪ੍ਰਭ ਅਬਿਨਾਸ਼ੀ ਮਾਝੇ ਦੇਸ ਜੋਤ ਜਗਾਇੰਦਾ । ਭੱਜੇ ਆਓ ਵਾਰੀ ਵਾਰੀ, ਪ੍ਰਭ ਦੋਵੇਂ ਭੁਜਾਂ ਅੱਗੇ ਉਠਾਇੰਦਾ । ਬੇਮੁਖਾਂ ਘਰ ਜਾਏ ਦਿਓ ਬਹਾਰੀ, ਗੁਰਸਿਖਾਂ ਨੂੰ ਜਾਓ ਤਾਰੀ, ਸਚ ਸੁੱਚ ਹਰਿ ਵਰਤਾਇੰਦਾ । ਬੇਮੁੱਖਾਂ ਲਿਆਉਣਾ ਫੜ ਫੜ ਦਾਹੜੀ, ਨੱਕ ਨਕੇਲ ਸੋਹੰ ਸ਼ਬਦ ਫੜਾਇੰਦਾ । ਖਿੱਚੀ ਫਿਰੋ ਜੰਗਲ ਜੂਹ ਵਿਚ ਪਹਾੜੀ, ਨਾ ਕੋਈ ਕਿਸੇ ਛੁਡਾਇੰਦਾ । ਨਿਹਕਲੰਕ ਵਡ ਬਲੀ ਬਲਵਾਨ ਸ਼ਾਹ ਸੁਲਤਾਨ ਸਾਚਾ ਕੰਤ ਸਾਚੇ ਸੰਤਾਂ ਵਿਚ ਅੱਠੇ ਪਹਿਰ ਸਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲਿਖਾਏ ਤੇਰਾਂ ਮੱਘਰ ਤੇਰੇ ਲੇਖੇ ਪ੍ਰਭ ਪਹਿਲੀ ਮਾਘੀ ਪੂਰੇ ਕਰਾਇੰਦਾ । ਸਾਚੇ ਸੰਤਾਂ ਦੇਵੇ ਵਧਾਈ । ਜੋ ਚਲ ਆਏ ਵਾਹੋ ਦਾਹੀ । ਪਹਿਲੀ ਮਾਘੀ ਹਰਿ ਦਰ ਮਨਾਈ । ਗੁਰ ਸੰਗਤ ਸਾਚੀ ਸਾਚੇ ਸੰਤ ਸਾਚੀ ਲਿਖਤ ਲਿਖਾਈ । ਵਾਹ ਵਾਹ ਗੁਰਮੁਖ ਗੁਰਸਿਖ ਪਿਆਰਿਆ, ਤੇਰੀ ਹੋਵੇ ਜਗਤ ਰੁਸ਼ਨਾਈ । ਗੁਰ ਚਰਨ ਸੀਸ ਝੁਕਾ ਲਿਆ, ਪੈ ਜਾਏ ਆਪਣੇ ਰਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪਿੱਛੇ ਲੱਗਾ ਰਹੇ ਸੱਚਾ ਮਾਹੀ । ਅੰਮ੍ਰਿਤ ਬੂੰਦ ਸੁਹਾਵਣੀ । ਦਰ ਆਏ ਪੰਧ ਮੁਕਾ, ਪੂਰਾ ਕਰੇ ਹਰਿ ਸਾਚੇ ਭਾਵਨੀ । ਸਾਡਾ ਪਿਛਲਾ ਲੇਖ ਅੱਜ ਚੁਕਾ, ਗੁਰ ਸੰਗਤ ਹੋਏ ਨਿਮਾਵਣੀ । ਸਾਚੇ ਚਰਨਾਂ ਛੁਪਿਆ ਕਲਜੁਗ ਚਮਕੇ ਜੰਡੀ ਦਾਮਨੀ । ਗਲ ਆਪਣੇ ਲਈਂ ਲਗਾ, ਦਰ ਘਰ ਸਾਚੇ ਦਈਂ ਜਾਮਨੀ । ਗਲੋਂ ਕੱਟੀਂ ਜਗਤ ਜੰਜਾਲਾ ਫਾਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾ ਤ੍ਰਿਖਾ ਭੁੱਖ ਅਗਨ ਕਾਮਨੀ । ਸ਼ਬਦ ਕਟਾਰੀ ਨਾਮ ਹੈ । ਗੁਰ ਸੰਗਤ ਅੰਮ੍ਰਿਤ ਸਾਚਾ ਜਾਮ ਹੈ । ਪ੍ਰਗਟ ਹੋਇਆ ਵਿਚ ਮਾਤ ਹਰਿ ਬਨਵਾਰੀ ਘਨਈਆ ਸ਼ਾਮ ਹੈ । ਸਾਰੇ ਵੇਖੋ ਮਾਰ ਝਾਤ, ਚਾਰੋਂ ਤਰਫ ਰੈਣ ਅੰਧਿਆਰੀ ਹੈ ।
੪੧੮
੦੩
ਕਿਤੋਂ ਨਾ ਮਿਲੇ ਸਾਚੀ ਦਾਤ, ਅੱਠ ਸੱਠ ਤੀਰਥ ਬੈਠੇ ਠੱਗ ਚੋਰ ਯਾਰੀ ਹੈ । ਵਿਚੋਂ ਉਡ ਗਈ ਸਭ ਕਰਾਮਾਤ, ਧੀਆਂ ਭੈਣਾਂ ਹੋਏ ਖੁਆਰੀ ਹੈ । ਝੂਠਿਆਂ ਜੀਵਾਂ ਤੁਟਾ ਨਾਤ, ਮਦਿਰਾ ਮਾਸੀ ਬੈਠੇ ਗੁਰ ਘਰ ਸੱਚੇ ਝੱਖ ਮਾਰੀ ਹੈ । ਪ੍ਰਭ ਅਬਿਨਾਸ਼ੀ ਉਤੇ ਬੈਠਾ ਥੱਲੇ ਮਾਰੇ ਝਾਤ ਰੋਵੇ ਧਰਤ ਮਾਤ ਪ੍ਰਭ ਦਰ ਆਏ ਪੁਕਾਰੀ ਹੈ । ਜੋ ਬੈਠਾ ਇਕ ਇਕਾਂਤ, ਵੇਖੇ ਲੱਖ ਚੁਰਾਸੀ ਬੜੀ ਖੁਆਰੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ ਫਿਰ ਮਾਤ ਜੋਤ ਜਗਾਈ ਹਰਿ ਸੱਚੀ ਨਿਰੰਕਾਰੀ ਹੈ । ਕਿਸ ਕੀਆ ਅਕਾਰ ਕੌਣ ਬਣਾਇੰਦਾ । ਕਿਸ ਬਣਾਈ ਸ਼ਬਦ, ਧਾਰ ਕਿਵੇਂ ਚਲਾਇੰਦਾ । ਕਿਸ ਉਪਜਾਏ ਜੋਤ ਅਪਰ ਅਪਾਰ ਵਿਚ ਜੋਤੀ ਆਪ ਸਮਾਇੰਦਾ । ਵੱਡਾ ਛੋਟਾ ਨਾ ਕੋਈ ਅਕਾਰ, ਰੂਪ ਰੰਗ ਨਾ ਕੋਈ ਜਣਾਇੰਦਾ । ਨਾ ਕਦੇ ਕਰੇ ਤਨ ਸ਼ਿੰਗਾਰ, ਤੀਰ ਕਮਾਨ ਨਾ ਹੱਥ ਉਠਾਇੰਦਾ । ਨਾ ਜਾਵੇ ਕਿਸੇ ਦਵਾਰ, ਪਹਿਲੋਂ ਇਕੋ ਇਕ ਆਪਣਾ ਆਪ ਉਪਜਾਇੰਦਾ । ਆਪਣਾ ਨਾਉਂ ਧਰ ਨਿਰੰਕਾਰ, ਫਿਰ ਡੂੰਘੀ ਸੋਚ ਵਿਚ ਪੈ ਜਾਇੰਦਾ । ਕਿਹੜੀ ਕਰਨੀ ਮੈਂ ਆਪਣੀ ਕਾਰ, ਆਪਣਾ ਆਪਣੇ ਨਾਲ ਮਤਾ ਪਕਾਇੰਦਾ । ਏਕਾ ਕੀਆ ਸੱਚੋ ਸਚ ਵਿਹਾਰ, ਚੌਦਾਂ ਲੋਕ ਹੱਟ ਖੁਲ੍ਹਾਇੰਦਾ । ਕਿਰਪਾ ਕਰ ਫੇਰ ਦਾਤਾਰ, ਲੋਕ ਤਿੰਨ ਬਣਤ ਬਣਾਇੰਦਾ । ਪੂਰਬ ਕਰ ਵਿਚਾਰ, ਸੱਤ ਦੀਪ ਆਪ ਉਪਜਾਇੰਦਾ । ਆਪੇ ਬੰਨ੍ਹੇ ਆਪਣੀ ਧਾਰ, ਨਵ ਖੰਡ ਕਰ ਵਖਾਇੰਦਾ । ਜੋਤ ਸਰੂਪੀ ਕਰ ਅਕਾਰ, ਮਾਇਆ ਰੂਪੀ ਸਰਬ ਉਪਾਇੰਦਾ । ਆਪੇ ਜਾਣੇ ਆਪਣੀ ਸਾਰ, ਕਿਹੜੇ ਵੇਲੇ ਸਾਰੇ ਇਕੱਠੇ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾਇੰਦਾ । ਜੋਤ ਨਿਰੰਕਾਰ ਆਪ ਜਗਾਈ । ਤਿੰਨਾਂ ਲੋਕਾਂ ਬਣਤ ਬਣਾਈ । ਵਾਰੋ ਵਾਰੀ ਦੇਂਦਾ ਆਇਆ ਤਿੰਨਾਂ ਲੋਕਾਂ ਵਡਿਆਈ । ਸਤਾਈ

ਜੁਗ ਪ੍ਰਭ ਡੂੰਘੀ ਭਵਰ, ਆਪਣੀ ਆਤਮ ਬਣਤ ਬਣਾਈ । ਫੇਰ ਬਣਾਇਆ ਕਵਲ ਫੁੱਲ, ਆਪਣੀ ਨਾਭੀ ਲਿਆ ਟਿਕਾਈ । ਆਪੇ ਗਿਆ ਵਿਚ ਮਵਲ, ਮਾਤਾ ਪਿਤਾ ਕੋਈ ਦੀਸੇ ਨਾਹੀ । ਨਾਭੀ ਪਾਟੀ ਪ੍ਰਗਟ ਹੋਇਆ ਉਪਰ ਧਵਲ, ਬ੍ਰਹਮਾ ਨਾਮ ਰਖਾਈ । ਫੁੱਟਿਆ ਕਵਲ ਜੋਤੀ ਜੋਤ ਸਰੂਪ ਹਰਿ, ਆਪਣੀ ਲੀਲਾ ਅਚਰਜ਼ ਆਪ ਵਖਾਈ । ਨਾਭੀ ਪਾਟੀ ਬ੍ਰਹਮਾ ਆਇਆ, ਪ੍ਰਭ ਅਬਿਨਾਸ਼ੀ ਸਿੰਘ ਸਿੰਘਾਸਣ ਬੈਠ ਆਪਣੇ ਆਪ ਨੂੰ ਰਿਹਾ ਸਮਝਾਇਆ । ਇਕ ਇਕੱਲਾ ਤਿੰਨਾਂ ਲੋਕਾਂ ਬ੍ਰਹਮ ਵਿਚਾਰਾ ਕਿਵੇਂ ਪਸਾਰਾ, ਜੋਤੀ ਜੋਤ ਸਰੂਪ ਹਰਿ, ਆਪਣਾ ਅਕਾਰ ਫੇਰ ਬਣਾਇਆ । ਆਪਣਾ ਇਕ ਅਕਾਰ ਕਰਾਏ । ਨਾਰ ਮੁਨ ਸੰਗ ਉਪਜਾਏ । ਚਾਰ ਸਿਰ ਬ੍ਰਹਮੇ ਲਾਏ । ਚਾਰੋਂ ਤਰਫ ਮੁਖ ਰਖਾਏ । ਉਠ ਉਠ ਵੇਖੇ ਕਿਹੜੇ ਪਾਸਿਉਂ ਹਰਿ ਜੀ ਆਏ । ਅੱਠੇ ਪਹਿਰ ਅੱਠੇ ਨੇਤਰ ਸਾਚਾ ਰਾਹ ਤਕਦੇ ਰਹੇ ਪ੍ਰਭ ਅਬਿਨਾਸ਼ੀ ਕਿਰਪਾ ਕਰ ਆਤਮ ਧੁਨ ਉਪਜਾਏ । ਆਪ ਖੁਲ੍ਹਾਏ ਮੁਨ ਸੁਨ, ਚਾਰੇ ਵੇਦ ਲਏ ਲਿਖਾਏ । ਆਪਣਾ ਭਾਣਾ ਆਪੇ ਜਾਣੇ, ਬ੍ਰਹਮਾ ਲਏ ਭੁਲਾਏ । ਹੰਕਾਰ ਆਇਆ ਮਨ ਅੰਦਰ, ਪ੍ਰਭ ਅਬਿਨਾਸ਼ੀ ਸਾਚਾ ਖੇਲ ਵਰਤਾਏ । ਸੀਸ ਗਧੇ ਦਾ ਬ੍ਰਹਮ ਦੇ ਉਪਰ ਲਗਾਏ । ਜੋਤ ਸਰੂਪੀ ਜੋਤ ਹਰਿ, ਮਾਇਆ ਪਰਦਾ ਸਭ ਨੂੰ ਪਾਏ । ਮਾਇਆ ਰੂਪੀ ਤਣਿਆ ਜਾਲ । ਆਕਾਸ਼ ਮਾਤ ਪਤਾਲ । ਸਭਨਾਂ ਕਰੇ ਆਪ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪਣੀ ਚਲੇ ਆਪੇ ਚਾਲ । ਤੀਨ ਲੋਕ ਹਰਿ ਉਪਜਾਏ । ਚਾਰ ਵੇਦ ਬ੍ਰਹਮਾ ਮੁਖ ਗਾਏ । ਫੇਰ ਉਤਾਰੇ ਰਾਗ ਛਤੀਸ, ਨਾਰਦ ਝੋਲੀ ਪਾਏ । ਨਾਰਦ ਮੁਨ ਜਿਥੇ ਚਾਹੇ ਓਥੇ ਗਾਏ, ਸਾਰੇ ਰੰਗ ਵਖਾਏ । ਹਰਿ ਹਰਿ ਹਰਿ ਲੋਕ ਉਸਾਰੇ । ਬ੍ਰਹਮਾ ਬਹਾਏ ਇਕ ਚੁਬਾਰੇ । ਸ਼ਿਵਲੋਕ ਵਸੇ ਵਿਚਕਾਰੇ । ਇੰਦਰ ਵਸੇ ਥੱਲੇ ਕਰੇ ਆਪਣੀ ਕਾਰੇ । ਸਭ ਤੋਂ ਉਪਰ ਹਰਿ ਜੀ ਵਸੇ, ਨਿਉਂ ਨਿਉਂ ਝਾਤੀਆਂ ਮਾਰੇ । ਜੋਤੀ ਜੋਤ ਸਰੂਪ ਹਰਿ, ਤਿੰਨਾਂ ਲੋਕਾਂ ਪਾਉਂਦਾ ਸਾਰੇ । ਲੱਖ ਚੁਰਾਸੀ ਹਰਿ ਉਪਾਈ । ਆਪਣੀ ਜੋਤ ਵਿਚ ਟਿਕਾਈ । ਆਪ ਬਹਾਏ ਥਾਉਂ ਥਾਈਂ । ਆਪਣਾ ਭੇਵ ਆਪਣੇ ਅੰਦਰ ਰਿਹਾ ਛੁਪਾਈ । ਜੋਤ ਸਰੂਪੀ ਜੋਤ ਹਰਿ, ਕਵਣ ਜਾਣੇ ਤੇਰੀ ਵਡਿਆਈ । ਬ੍ਰਹਮਾ ਵਿਸ਼ਨੂੰ ਮਹੇਸ਼ ਉਪਾਏ । ਆਪ ਆਪਣੀ ਸੇਵਾ ਲਾਏ । ਜਟਾ ਜੂਟ ਧਾਰ ਰਹੇ ਨਾਗ ਗਲ ਲਟਕਾਏ । ਅਠਾਸੀ ਹਜ਼ਾਰ ਬਰਸ ਕਰ ਤਪ, ਫਿਰ ਪ੍ਰਭ ਅਬਿਨਾਸ਼ੀ ਦਰਸ਼ਨ ਪਾਏ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਰਹਾਏ । ਸ਼ਿਵ ਜੀ ਹੋਏ ਜਟਾ ਧਾਰ । ਗੰਗਾ ਚਲਾਈ ਵਿਚ ਸੰਸਾਰ । ਏਕਾ ਸੋਮਾ ਫੁੱਟਿਆ ਸਾਚਾ ਧਾਰ । ਸਾਚੇ ਦਰ ਤੋਂ ਜੋ ਲਿਆਇਆ ਗਰੜ ਵਿਚ ਸੰਸਾਰ । ਇਕ ਬੂੰਦ ਡਿਗੀ ਗੋਦਾਵਰੀ ਦੂਜੀ ਪਈ ਗੰਗਾ ਜਲ ਧਾਰ । ਤੀਜੀ ਆਈ ਜਮਨ ਕਿਨਾਰੇ, ਟੰਗੇ ਰਹਿ ਗਈ ਅੱਧਵਿਚਕਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਪੁਰੀਆਂ ਲੋਆਂ ਲੋਕ ਆਪ ਬਣਾਏ । ਥਾਉਂ ਥਾਈਂ ਸਰਬ ਟਿਕਾਏ । ਮਾਇਆ ਰੂਪੀ ਚਾਰੋਂ ਤਰਫ ਏਕਾ ਜਾਲ ਲਗਾਏ । ਜੋਤੀ ਜੋਤ ਸਰੂਪ ਹਰਿ, ਫੇਰ ਕਰਾਏ ਹਿੱਸੇ ਆਪਣੀ ਦਇਆ ਕਮਾਏ । ਚਾਰ ਕੁੰਟ ਚਾਰ ਹਿੱਸੇ । ਚਾਰੋਂ ਕੁੰਟ ਹਰਿ ਜੀ ਦਿਸੇ । ਸੂਰਜ ਚੰਦ ਸਦਾ ਸਦਾ ਦੋਵੇਂ ਨਿਵਾਉਂਦੇ ਸੀਸੇ । ਜੋਤੀ ਜੋਤ ਸਰੂਪ ਹਰਿ, ਕਿਆ ਕੋਈ ਕਰੇ ਤੇਰੀ ਰੀਸੇ । ਪਹਿਲੀ ਵੰਡ ਆਪ ਕਰਾਈ । ਸਾਚੀ ਕੰਧ ਨੀਂਹ ਰਖਾਈ । ਸਤਿਜੁਗ ਸਾਚਾ ਨਾਂ ਉਪਜਾਈ । ਚਿੱਟੀ ਚਾਦਰ ਉਤੇ ਪਾਈ । ਸਾਧ ਸੰਤ ਸੰਗ ਰਲਾਈ । ਏਕਾ ਹੁਕਮ ਸਰਬ ਸੁਣਾਈ । ਖੁਲ੍ਹੇ ਕੇਸ ਸਭ ਨੇ ਰੱਖਣੇ, ਗਾਉਂਦੇ ਰਹਿਣਾ ਸਾਚਾ ਮਾਹੀ । ਜੋਤੀ ਜੋਤ ਸਰੂਪ ਹਰਿ, ਆਪਣੀ ਬਣਤ ਆਪ ਬਣਾਈ ।


੪੧੯ ੦੩

ਸਤਿਜੁਗ ਸਾਚਾ ਚਿੱਟਾ ਦੁੱਧ । ਉਜਲ ਕਰੇ ਸਭ ਦੀ ਬੁੱਧ । ਪੰਚਾਂ ਤਤਾਂ ਨਾਲ ਕੋਇ ਨਾ ਕਰੇ ਯੁੱਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਚਿੱਟੇ ਅਸਵ ਸੱਚੇ ਚੜ੍ਹਦਾ, ਮਾਰ ਛਾਲ ਉਤੇ ਬਹਿੰਦਾ ਕੁੱਦ । ਸਤਿਜੁਗ ਚਿੱਟਾ ਮਾਤ ਧਰਾਇਆ । ਉਤੇ ਹਰਿ ਜੀ ਚਿੱਟੀ ਚਾਦਰ ਪਰਦਾ ਪਾਇਆ । ਸਾਚੇ ਸੰਤਾਂ ਕਰਦਾ ਆਦਰ, ਸਾਚਾ ਹੁਕਮ ਆਪਣਾ ਆਪ ਸੁਣਾਇਆ । ਜੋਤ ਸਰੂਪੀ ਜੋਤ ਹਰਿ, ਸ਼ਾਮ ਵੇਦ ਸੰਗ ਰਲਾਇਆ । ਸਤਿਜੁਗ ਸਾਚੇ ਸਚ ਵਿਚਾਰੋ । ਜੂਠ ਝੂਠ ਨਾ ਧਰੋ ਵਿਚ ਸੰਸਾਰੋ । ਕੋਈ ਨਾ ਜਾਵੇ ਰੂਠ, ਵੇਲਾ ਮਿਲੇ ਨਾ ਫੇਰ ਦੂਜੀ ਵਾਰੋ । ਜੋਤੀ ਜੋਤ ਸਰੂਪ ਹਰਿ, ਆਪੇ ਪਾਵੇ ਸਭ ਦੀ ਸਾਰੋ । ਸਤਿਜੁਗ ਸਾਚੇ ਤੇਰੀ ਵੱਡੀ ਵਡਿਆਈ । ਵਿਚ ਤੇਰੇ ਹਰਿ ਜੀ ਜੋਤ ਪ੍ਰਗਟਾਈ । ਕਰੇ ਖੇਲ ਅਪਰ ਅਪਾਰ, ਅਚਰਜ ਜਾਮੇ ਹਰਿ ਪਹਿਨਾਈ । ਕਦੇ ਬਣੇ ਨਰਾਇਣ ਨਰ, ਕਦੇ ਸੂਕਰ ਜੂਨ ਆਪ ਅਖਵਾਈ । ਪੀਠ ਪਤਾਲ ਲਿਆ ਧਰ, ਉਪਰ ਧਰਤ ਉਠਾਈ । ਉਪਰ ਲਿਆਇਆ ਚੁੱਕ ਵਿਚ ਮਾਤ ਫੇਰ ਟਿਕਾਈ । ਅਚਰਜ ਖੇਲ ਹਰਿ ਕਰ, ਸਭਨਾਂ ਦੇਂਦਾ ਰਿਹਾ ਵਡਿਆਈ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਤੇਰੀ ਸਾਚੀ ਬਣਤ ਬਣਾਈ । ਰੰਗ ਰੂਪ ਹਰਿ ਜੀ ਧਾਰੇ । ਅੰਤਮ ਸਤਿਜੁਗ ਫੇਰ ਕਰੇ ਸਾਚੀ ਕਾਰੇ । ਮਾਨਸ ਦੇਹੀ ਜਾਮਾ ਧਾਰ ਬਣਿਆ ਬਿਰਧ ਅਵਤਾਰੇ । ਆਇਆ ਬਲ ਦਵਾਰ, ਬੁੱਢਾ ਬ੍ਰਹਿਮਣ ਨਾ ਕੋਈ ਪਾਵੇ ਸਾਰੇ । ਆਉਂਦੇ ਜਾਂਦੇ ਕਰਨ ਵਿਚਾਰ, ਨਾ ਕੋਈ ਵਿਚਾਰੇ । ਜੋਤੀ ਜੋਤ ਸਰੂਪ ਹਰਿ, ਇਕ ਟੰਗ ਖਲੋਤਾ ਚਾਰ ਵੇਦ ਰਸਨ ਉਚਾਰੇ । ਖਾਣਾ ਪੀਣਾ ਕੋਈ ਨਾ ਸੂਝੇ, ਆਪਣੇ ਰੰਗ ਕਰੇ ਕਰਤਾਰੇ । ਰਾਜ ਰਾਜਾਣ ਵੱਡ ਸੁਲਤਾਨ ਪੁੱਛੇ ਸਭ ਅਹਿਲਕਾਰੇ । ਚਾਰੋਂ ਕੁੰਟ ਵੇਖੋ ਨਾ ਖਾਲੀ ਭੁੱਖਾ ਰਹੇ ਮੇਰੇ ਦਵਾਰੇ । ਅਸਮੇਧ ਜਗ ਮੈਂ ਕਰਾਇਆ ਪਹਿਲੇ ਸੌ ਹੋਏ ਖਵਾਰੇ । ਜੋਤੀ ਜੋਤ ਸਰੂਪ ਹਰਿ, ਦਰ ਖਲੋਤਾ ਅਵਾਜਾਂ ਮਾਰੇ । ਇਕ ਉਠਿਆ ਚੋਬਦਾਰ । ਬਾਹੋਂ ਪਕੜ ਹਲੂਣਿਆਂ, ਤੂੰ ਖਲੋਤਾ ਕਵਣ ਗਵਾਰ । ਤੇਰੇ ਖਪਰੇ ਦਿਸਦੇ ਖਾਲੀ, ਨਾ ਭਰੇ ਨਾ ਊਣੇ ਕੀ ਮੁੱਖੋਂ ਰਿਹਾ ਉਚਾਰ । ਤੋਤਲ ਮੋਤਲ ਕੁਛ ਨਹੀਂ ਜਾਣਦੇ, ਐਵੇਂ ਰਿਹਾ ਤੂੰ ਝੱਖ ਮਾਰ । ਤੂੰ ਗੁਨਾਹੀ ਵੱਡਾ ਹੋਇਆ, ਹੁਕਮ ਨਾ ਮੰਨਿਆ ਸੱਚੀ ਸਰਕਾਰ । ਫੜ ਕੇ ਬਾਹੋਂ ਅੰਦਰ ਖਿਚੇ, ਤੈਨੂੰ ਦਵਾਵਾਂ ਸਜ਼ਾ ਭਾਰ । ਅੱਗੋਂ ਹਰਿ ਜੀ ਹੱਸ ਕੇ ਬੋਲੇ, ਸੁਣ ਸਾਚੇ ਪਹਿਰੇਦਾਰ । ਰਾਜਨ ਨੂੰ ਇਕ ਦੇ ਸੁਨੇਹੁੜਾ, ਬੁੱਢਾ ਬ੍ਰਹਿਮਣ ਕਰੇ ਵਿਚਾਰ । ਨਾ ਕੁਛ ਖਾਂਦਾ ਨਾ ਕੁਛ ਪੀਂਦਾ, ਖੜਾ ਖਲੋਤਾ ਨਿਰਾਧਾਰ । ਪ੍ਰਭ ਅਬਿਨਾਸ਼ੀ ਸਾਚਾ ਭੇਖ ਧਰ, ਖੜਾ ਬਲ ਦਵਾਰ । ਸਾਚਾ ਦੂਤ ਅੰਦਰ ਜਾਏ, ਦੋਏ ਜੋੜ ਦਿਤੀ ਅਰਜ਼ ਗੁਜ਼ਾਰ । ਇਕ ਦਰਵੇਸ਼ ਖੜਾ ਦਰ ਅੱਗੇ, ਨਾ ਕੁਛ ਪੀਏ ਨਾ ਕੁਛ ਖਾ । ਇਕ ਟੰਗ ਦੇ ਭਾਰ ਖਲੋਤਾ, ਨਾ ਪਤਾ ਕੀ ਗਾਉਂਦਾ ਨਾਂ । ਜੇ ਕੋਈ ਉਹਨੂੰ ਗੁਸੇ ਹੁੰਦਾ, ਹੱਸ ਕੇ ਅੱਗੋਂ ਕਹਿੰਦਾ ਹਾਂ । ਬਲ ਰਾਜੇ ਨੂੰ ਮਿਲਣ ਮੈਂ ਆਇਆ, ਹੋਰ ਨਾ ਕੋਈ ਮੰਗਾਂ ਥਾਂ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਨਾਂ । ਰਾਜਾ ਬਲ ਤਖ਼ਤ ਤੇ ਫਬੇ । ਚੋਬਦਾਰ ਖੜੇ ਸੱਜੇ ਖੱਬੇ । ਏਕਾ ਵਿਚ ਸੱਚਾ ਸਰਦਾਰ ਲੱਭੇ । ਸਚ ਸੁਨੇਹੁੜਾ ਦੇਵੇ ਚੋਬਦਾਰ, ਮਾਰ ਛਾਲ ਉਤਰੇ ਝੱਬੇ । ਆਇਆ ਚਲ ਬਾਹਰ, ਚਾਰੋਂ ਤਰਫ ਦਰ ਦਰਵੇਸ਼ ਨੂੰ ਲੱਭੇ । ਅੱਗੇ ਕੱਢੀ ਬੈਠਾ ਲਕਾਰ, ਨਾ ਕੋਈ ਪੈਰ ਧਰੇ ਅੱਗੇ । ਰਾਜਾ ਬਲ ਆਇਆ ਚਰਨ ਦਵਾਰ, ਅੱਗੋਂ ਲੱਗੇ ਤਤੀ ਅੱਗੇ । ਦਿਲ ਆਪਣੇ ਵਿਚ ਕਰੇ ਵਿਚਾਰ, ਕਿਥੇ ਭਾਬੜ ਜਗੇ । ਜੋਤ ਸਰੂਪੀ ਕਿਰਪਾ ਧਾਰ ਆਪਣਾ ਸੀਨਾ ਖੋਲ੍ਹ ਵਖਾਇਆ ਏਥੇ ਲੱਗੀ ਅੱਗੇ । ਗੁਰਮੁਖ ਸਾਚੇ ਸੰਤ ਜਨ ਤੇਰੇ

੪੨੦ ੦੩

ਮਨ ਨਾ ਹੋਏ ਹੰਕਾਰ, ਪ੍ਰਭ ਆਇਆ ਤੇਰੇ ਦਰ ਤੇ ਝੱਬੇ । ਜੋਤ ਸਰੂਪੀ ਕਿਰਪਾ ਧਾਰ, ਗੁਰਮੁਖਾਂ ਹਰਿ ਆਪੇ ਲੱਭੇ । ਰਾਜੇ ਬਲ ਮਨ ਵਿਚਾਰਿਆ । ਜੋਤ ਸਰੂਪੀ ਦਰਸ ਪਾਇਆ, ਜਗੀ ਜੋਤ ਅਪਾਰਿਆ । ਦੋਏ ਜੋੜ ਕਰੇ ਬੇਨੰਤੀ, ਡਿੱਗਾ ਮੂੰਹ ਦੇ ਭਾਰਿਆ । ਜੋਤ ਸਰੂਪੀ ਜੋਤ ਹਰਿ, ਬਾਹੋਂ ਪਕੜ ਆਪਣੇ ਗਲੇ ਲਗਾ ਰਿਹਾ । ਰਾਜੇ ਬਲ ਅਰਜ਼ ਗੁਜ਼ਾਰੀ । ਮੂਹੋਂ ਮੰਗ ਹਰਿ ਮੁਰਾਰੀ । ਅਜੇ ਨਾ ਪਾਈ ਪੂਰੀ ਸਾਰੀ । ਜੋਤੀ ਜੋਤ ਸਰੂਪ ਹਰਿ, ਕਵਣ ਜਾਣੇ ਤੇਰੀ ਸਚ ਸਿਕਦਾਰੀ । ਅੱਗੋਂ ਹਰਿ ਜੀ ਆਖ ਸੁਣਾਏ । ਵਸਤ ਕੋਈ ਨਹੀਂ ਮੰਗਣ ਆਏ । ਇਕ ਬਣਾਉਣਾ ਛੋਟਾ ਕੁੱਲਾ, ਜਿਥੇ ਬਹਿ ਕੇ ਝੱਟ ਲੰਘਾਏ । ਰਾਜਾ ਬਲ ਹੋ ਦਲੇਰ ਅੱਗੋਂ ਕਹਿੰਦਾ ਮੰਗੋ ਛੇਤੀ ਜਿਥੇ ਲੱਗੇ ਚੰਗੀ ਥਾਂਏਂ । ਪ੍ਰਭ ਅਬਿਨਾਸ਼ੀ ਰਸਨਾ ਕਹਿੰਦਾ ਢਾਈ ਕਰਮਾਂ ਦੇਣਾ ਥਾਂ ਬਣਾਏ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਵ ਰਿਹਾ ਛੁਪਾਏ । ਰਾਜੇ ਬਲ ਚੜ੍ਹਿਆ ਚਾਅ । ਢਾਈ ਕਰਮਾਂ ਜਿਹੜਾ ਥਾਂ । ਵਿਚੋਂ ਮਹੱਲਾਂ ਲਓ ਮਿਣਾ । ਉਠੇ ਹੋਏ ਹਰਿ ਜੀ ਅਗਾਂਹ । ਜੋਤੀ ਜੋਤ ਸਰੂਪ ਹਰਿ, ਆਪਣਾ ਮਿਣਦਾ ਆਪੇ ਥਾਂ । ਰਾਜੇ ਬਲ ਕੀਆ ਪ੍ਰਵਾਨ । ਕਰੇ ਖੇਲ ਆਪ ਭਗਵਾਨ । ਦੋ ਕਰਮਾਂ ਕਰ ਤਿੰਨ ਲੋਆਂ ਸੱਤ ਦੀਪ ਨੌਂ ਖੰਡ ਸਭੇ ਮਿਣ ਜਾਣ । ਅੱਧੀ ਕਰਮ ਬਾਕੀ ਰਹਿ ਗਈ, ਫੇਰ ਬੋਲੇ ਭਗਵਾਨ । ਰਾਜਾ ਬਲ ਉਪਰ ਵੇਖ, ਨਾ ਬਣ ਹੁਣ ਨਿਧਾਨ । ਢਾਈ ਕਰਮਾਂ ਪੂਰੀ ਕਰਦੇ, ਨਹੀ ਤੇ ਮਿਟ ਜਾਉ ਨਾਮ ਨਿਸ਼ਾਨ । ਸਾਚੇ ਭਗਤ ਆਈ ਵਿਚਾਰ । ਇਹ ਬੁੱਢਾ ਬ੍ਰਹਿਮਣ ਨਹੀਂ ਗਵਾਰ । ਅੱਗੇ ਡਿੱਗਾ ਮੂੰਹ ਦੇ ਭਾਰ । ਮੁੱਖੋਂ ਕਹੇ ਰਸਨ ਉਚਾਰ । ਅੱਧੀ ਕਰਮ ਲਓ ਮਿਣਾਏ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਪੂਰਬ ਕਰਮ ਲਿਆ ਵਿਚਾਰ । ਬਾਹੋਂ ਪਕੜੇ ਗਲੇ ਲਗਾਈ, ਉਤੋਂ ਪਾਇਆ ਦੋ ਹੱਥਾਂ ਦਾ ਭਾਰ । ਆਪ ਘੱਲਿਆ ਹੇਠ ਪਤਾਲ । ਸਾਚਾ ਨਾਉਂ ਬਲਖ ਬੁਖਾਰ ਦਏ ਲਿਖਾਈ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਦੇ ਵਰਤਾਈ । ਸਤਿਜੁਗ ਤੇਰਾ ਸੰਗ ਨਿਭਾਇਆ । ਸਾਧਾਂ ਸੰਤਾਂ ਰੰਗ ਚੜ੍ਹਾਇਆ । ਭੁੱਖਾ ਨੰਗਾ ਕੋਈ ਦਿਸ ਨਾ ਆਇਆ । ਕਿਸੇ ਅੰਗ ਨਾ ਭਬੂਤ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪਣਾ ਵੇਲਾ ਆਪੇ ਆਣ ਸੁਹਾਇਆ । ਚਿੱਟਾ ਦੁੱਧ ਚਿੱਟਾ ਬਾਣਾ । ਸਤਿਜੁਗ ਸਾਚੇ ਹਰਿ ਜੀ ਤੇਰਾ ਸਾਚਾ ਵੇਲਾ ਆਣਾ । ਦੋਵੇਂ ਅੱਖੀਂ ਪੁੱਟ ਪੁੱਟ ਵੇਖੇ, ਨਾ ਅੰਨ੍ਹਾ ਨਾ ਕਾਣਾ । ਜੋਤ ਸਰੂਪੀ ਧਾਰੇ ਭੇਖ, ਨਾ ਜਾਣੇ ਕੋਈ ਸੁਘੜ ਸਿਆਣਾ । ਸਾਚੇ ਸੰਤ ਇਕੱਠੇ ਕਰ ਬਣਾਏ ਬਣਤ, ਸਾਰਿਆਂ ਜੁਗਾਂ ਦੀ ਲਾਹੁੰਦਾ ਰਹੇ ਮੁਕਾਣਾਂ । ਸਤਿਜੁਗ ਸਾਚੇ ਕੀਆ ਖੇਲ, ਭੁਲਿਆ ਇੰਦਰ ਲੁਬਾਣਾ । ਘਰ ਗੌਤਮ ਦੇ ਆਇਆ ਡੁਲਿਆ ਰੰਗ ਰਲੀਆਂ ਮਾਣਾ । ਦਿਤਾ ਇਕ ਸਰਾਪ ਰਿਖੀ ਨੇ, ਆਪ ਉਲਟਾਇਆ ਜੁਗ ਦਾ ਬਾਣਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਭਾਣਾ । ਸਤਿਜੁਗ ਤੇਰੇ ਨਾਂ ਰੁਸ਼ਨਾਈ । ਭਗਤ ਜਨਾਂ ਹਰਿ ਦੇ ਵਡਿਆਈ । ਸਚ ਪਦਵੀ ਧਰੂ ਨੇ ਪਾਈ । ਬੈਠਾ ਦਰ ਦਰਬਾਨ, ਅੱਠੇ ਪਹਿਰ ਦਰਸ਼ਨ ਪਾਈ । ਵੱਡਾ ਦਾਤਾ ਹਰਿ ਸੁਲਤਾਨ, ਭਗਤ ਪ੍ਰਹਿਲਾਦ ਰਿਹਾ ਗਾਈ । ਏਕਾ ਨਾਮ ਰੱਖਿਆ ਯਾਦ, ਹਰਨਾਖ਼ਸ਼ ਅੱਠੇ ਪਹਿਰ ਰਿਹਾ ਸਮਝਾਈ । ਦੂਤਾਂ ਦੁਸ਼ਟਾਂ ਕੀਨੇ ਕਹਿਰ, ਅਪਾਰ ਹਿਰਦਾ ਇਕ ਅਟੱਲ ਰਖਾਈ । ਵੇਲੇ ਅੰਤਮ ਜੋਤ ਪ੍ਰਗਟ ਨਰ ਸਿੰਘ ਰੂਪ ਹਰਿ ਬਣਾਈ । ਜੋਤ ਸਰੂਪੀ ਜੋਤ ਹਰਿ ਆਪਣੀ ਬਣਤ ਰਿਹਾ ਬਣਾਈ । ਹਰਨਾਖ਼ਸ਼ ਦੈਂਤ ਹਰਿ ਜੀ ਮਾਰ । ਅੱਗੇ ਜਾਏ ਵੇਖੇ ਇਕ ਰਿਖੀ ਤੇ ਇਕ ਨਾਰ । ਦੋਹਾਂ ਦਾ ਸਾਂਝਾ ਦਿਸੇ ਪਿਆਰ । ਨਾਰੀ ਵੇਖੇ ਨੈਣ ਉਘਾੜ । ਸਿੰਘ ਰੂਪ ਹਰਿ ਅੱਗੋਂ ਦਿਸਿਆ, ਡਿੱਗੀ ਮੂੰਹ ਦੇ ਭਾਰ । ਝੂਠਾ



੪੨੧
੦੩

ਤਨ ਓਥੇ ਪਸਾਰਿਆ, ਵਿਚੋਂ ਹੰਸ ਗਿਆ ਮਾਰ ਉਡਾਰ । ਸਾਚਾ ਰਿਖੀ ਹੋਇਆ ਗੁੱਸੇ, ਕੌਣ ਤੂੰ ਆਇਆ ਦਰ ਮੇਰੇ ਗਵਾਰ । ਅੱਗੋਂ ਹਰਿ ਜੀ ਹੱਸ ਕੇ ਬੋਲੇ, ਮੈਂ ਜੋਤ ਸਰੂਪੀ ਨਰ ਅਵਤਾਰ । ਸਾਚਾ ਰਿਖੀ ਫੇਰ ਨਾ ਡਰੇ, ਰਸਨਾ ਖਿਚ ਚਲਾਏ ਇਕ ਕਟਾਰ । ਅੱਠੇ ਪਹਿਰ ਅਸੀ ਤੇਰੇ ਹੋਏ ਗੋਲੇ, ਤੂੰ ਵਿਚ ਉਜਾੜਾਂ ਮਾਰੀ ਮੇਰੀ ਨਾਰ । ਐਵੇਂ ਭੇਖ ਵਟਾਇਆ ਪਾਏ ਝੂਠੇ ਚੋਲੇ, ਨਾ ਕਰੇ ਚੰਗੀ ਕਾਰ । ਜੋਤੀ ਜੋਤ ਸਰੂਪ ਹਰਿ, ਆਪਣਾ ਆਪ ਰਿਹਾ ਵਿਚ ਵਿਚਾਰ । ਸਾਚੇ ਰਿਖ ਆਖ ਸੁਣਾਇਆ । ਰਸਨਾ ਨਾਲ ਸਰਾਪ ਦਵਾਇਆ । ਤੂੰ ਚੰਗਾ ਹਰਿ ਜਿਸ ਉਜਾੜਿਆ ਮੇਰਾ ਘਰ, ਨਹੀਂ ਤੇਰੇ ਮਨ ਭਾਇਆ । ਜੋਤ ਸਰੂਪੀ ਜੋਤ ਹਰਿ, ਅੱਗੋਂ ਫੇਰ ਮੁਸਕਰਾਇਆ । ਸਾਚੇ ਰਿਖੀ ਤੀਰ ਚਲਾਇਆ । ਨਾਰੀ ਪਿਛੇ ਹਰਿ ਜੀ ਤੂੰ ਵੀ ਫਿਰੇ ਹਲਕਾਇਆ । ਸਤਿਜੁਗ ਅੰਤਮ ਪ੍ਰਭ ਅਬਿਨਾਸ਼ੀ ਏਕਾ ਪੰਧ ਚੁਕਾਇਆ । ਉਤੇ ਵੇਖੇ ਵਿਚ ਮਾਤ ਦੇ ਤਰੇਤੇ ਜਨਮ ਦਵਾਇਆ । ਲੱਗਾ ਸਰਾਪ ਸਚ ਰਿੱਖੀ ਦਾ, ਪ੍ਰਭ ਅਬਿਨਾਸ਼ੀ ਬਣ ਰਾਮ ਅਵਤਾਰ ਵਿਚ ਮਾਤ ਜੋਤ ਜਗਾਇਆ । ਤਰੇਤਾ ਹਰਿ ਜੀ ਮਾਤ ਧਰਾਏ । ਸਤਿਜੁਗ ਸਾਚੇ ਵਕਤ ਚੁਕਾਏ । ਚਿੱਟੀ ਚਾਦਰ ਛੋਟੇ ਛੋਟੇ ਆਪਣੀ ਹੱਥੀਂ ਦਾਗ ਲਗਾਏ । ਜੋਤ ਸਰੂਪ ਜੋਤ ਹਰਿ, ਜੁਗ ਤਰੇਤੇ ਤੇਰੇ ਸਿਰ ਦੇ ਉਪਰ ਪੜਦੇ ਛਾਏ । ਤਰੇਤਾ ਜੁਗ ਮਾਤ ਧਰਾਇਆ । ਸਾਚ ਨਾਤ ਜਗਤ ਬੰਧਾਇਆ । ਰਿਗ ਵੇਦ ਸੰਗ ਰਲਾਇਆ । ਲਾਲ ਬਾਣਾ ਤਨ ਪਹਿਨਾਇਆ । ਆਪਣਾ ਭਾਣਾ ਆਪ ਸੁਣਾਇਆ । ਰਿਸ਼ੀਆਂ ਮੁਨੀਆਂ ਹੱਠ ਜਪ ਤਪ ਕਰਨਾ ਇਹ ਸਮਝਾਇਆ । ਬਣਤ ਬਣਾਏ ਆਪੇ ਆਪ, ਥੋੜਾ ਉਹਲਾ, ਥੋੜਾ ਪਰਦਾ ਆਪ ਰਖਾਇਆ । ਤਰੇਤੇ ਤੇਰੇ ਪੱਲੂ ਥੋੜਾ ਪਾਪ, ਆਪਣੀ ਹੱਥੀਂ ਬੰਨ੍ਹ ਵਖਾਇਆ । ਜੋਤ ਸਰੂਪੀ ਜੋਤ ਹਰਿ ਆਪਣਾ ਖੇਲ ਆਪ ਵਰਤਾਇਆ । ਤਰੇਤਾ ਜੁਗ ਵੇਖ ਵਿਚਾਰ । ਹਰਿ ਜੀ ਆਏ ਲਏ ਅਵਤਾਰ । ਸਾਚਾ ਕਰਮ ਸਰਬ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪੇ ਬੰਨ੍ਹੇ ਸਾਚੀ ਧਾਰ ਬਣ ਰਾਮ ਅਵਤਾਰ । ਤਰੇਤੇ ਤੇਰੀ ਸਚ ਨਿਸ਼ਾਨੀ । ਰਿਖੀਆਂ ਮੁਨੀਆਂ ਸਾਚੇ ਕੇਸ, ਮਸਤਕ ਬੱਧੀ ਗਾਨੀ । ਸਾਚੇ ਭਗਤ ਆਪ ਉਪਜਾਏ, ਬਣਾਏ ਜਗਤ ਨਿਸ਼ਾਨੀ । ਮੁਕਤ ਜੁਗਤ ਆਪਣੇ ਹੱਥ ਰਖਾਏ, ਨਾ ਕੋਈ ਸਕੇ ਪਹਿਚਾਨੀ । ਬਾਲਮੀਕ ਵੱਡਾ ਨੀਚ, ਦੇ ਮੱਤ ਆਪ ਸਮਝਾਏ । ਬਾਲਮੀਕ ਹੋਇਆ ਜਵਾਨ । ਫਰਕਣ ਅੰਗ ਨਾ ਸਕੇ ਸੰਭਾਲ । ਰਾਹ ਜਾਂਦਿਆਂ ਨੂੰ ਮਾਰੇ ਡੰਗ, ਲੁੱਟ ਲੁੱਟ ਲੈ ਘਰ ਜਾਣ । ਪ੍ਰਭ ਅਬਿਨਾਸ਼ੀ ਆਪ ਨਿਭਾਇਆ ਆਪਣਾ ਸੰਗ, ਦੇ ਮੱਤ ਹਰਿ ਆਪ ਸਮਝਾਨ । ਸਾਚੇ ਮਾਰਗ ਫੜ ਕੇ ਪਾਇਆ ਕੀਆ ਚਤੁਰ ਸੁਜਾਨ । ਆਤਮ ਦੀਆ ਬ੍ਰਹਮ ਗਿਆਨ ਸਾਚਾ ਸ਼ਬਦ ਰਿਦੇ ਵਸਾਇਆ, ਇਕ ਰਖਾਇਆ ਚਰਨ ਧਿਆਨ । ਸਾਚਾ ਹੁਕਮ ਆਪ ਸੁਣਾਇਆ, ਜੋਤੀ ਜੋਤ ਸਰੂਪ ਹਰਿ, ਆਪਣਾ ਲੇਖਾ ਆਪੇ ਆਪ ਲਿਖਾਇਆ । ਤਰੇਤੇ ਜੁਗ ਬਾਲਮੀਕ ਮਾਰੇ ਧਾੜੇ । ਬਰਸ ਸੌ ਪੰਜ ਪਹਿਲੇ ਤੇਰਾ ਬਣੇ ਲਿਖਾਰੇ । ਜੀਵ ਜੰਤ ਜਿਸ ਕੀਨੇ ਤੰਗ, ਹੁਣ ਵਸੇ ਹਰਿ ਦੁਆਰੇ । ਫੇਰ ਲਈ ਮੰਗ ਮੰਗ, ਹੋਵੇ ਮੇਲ ਕਦੋਂ ਭਤਾਰੇ । ਜੋਤੀ ਜੋਤ ਸਰੂਪ ਹਰਿ, ਆਪਣੀ ਰਸਨੀ ਆਪ ਉਚਾਰੇ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਹੋਏ ਤੰਗ, ਨਿਹਕਲੰਕ ਕਲ ਜਾਮਾ ਧਾਰੇ । ਤੈਨੂੰ ਰੱਖੇ ਅੰਗ ਸੰਗ, ਆਪ ਬਣਾਏ ਸਚ ਦੁਲਾਰੇ । ਪਹਿਲੋਂ ਪਿਆਏ ਪੋਸਤ ਅਫੀਮ ਭੰਗ, ਪੀ ਪੀ ਸ਼ਰਾਬਾਂ ਵਿਚ ਬਜ਼ਾਰਾਂ ਮਾਰੇ ਲਲਕਾਰੇ । ਤੇਰੀ ਆਤਮ ਤੁੱਟੇ ਤੰਗ, ਪੰਜੇ ਯਾਰ ਕਰਨ ਖੁਆਰੇ । ਜੋਤੀ ਜੋਤ ਸਰੂਪ ਹਰਿ, ਫਿਰ ਮਾਤ ਜਾਮਾ ਧਾਰੇ । ਪੀ ਸ਼ਰਾਬ ਮਾਰੇ ਲਲਕਾਰ । ਅੱਠੇ ਪਹਿਰ ਚੜ੍ਹਿਆ ਰਹੇ ਬੁਖਾਰ । ਚਵੀ ਘੰਟੇ ਕਿਸੇ ਵੇਲੇ


੪੨੨ ੦੩

ਟੁੱਟਣ ਨਾ ਦੇਵੇ ਤਾਰ । ਸੁੱਧ ਬੁੱਧ ਸਰਬ ਭੁਲਾਈ, ਜੂਠਿਆਂ ਝੂਠਿਆਂ ਕੀਆ ਪਿਆਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਲਏ ਅਵਤਾਰ ਪਾਵੇ ਸਾਰ ਸੁਰਤ ਸੰਭਾਲੇ । ਤਰੇਤੇ ਮੰਗੀ ਮੰਗ ਕਲਜੁਗ ਅੰਤਮ ਤੇਰੀ ਨਿਭ ਜਾਏ ਨਾਲੇ । ਨਿਹਕਲੰਕ ਕਲ ਜਾਮਾ ਪਾਇਆ, ਸੋਇਆ ਪੁੱਤ ਫੇਰ ਜਗਾਇਆ, ਸ਼ਬਦ ਬਾਣਾ ਤਨ ਪਹਿਨਾਇਆ, ਆਪ ਉਠਾਇਆ ਸਿੰਘ ਪਾਲੇ । ਜੋਤੀ ਜੋਤ ਸਰੂਪ ਹਰਿ, ਆਪੇ ਚਲੇ ਆਪਣੇ ਭਾਣੇ । ਤਰੇਤਾ ਤ੍ਰਿਆ ਕਰੇ ਖਵਾਰੀ । ਆਪਣੀ ਕਰੇ ਆਪੇ ਕਾਰੀ । ਰਾਵਣ ਦੁਸ਼ਟ ਹੋਇਆ ਹੰਕਾਰੀ । ਉਤੇ ਧਰਤ ਆਈ ਭਾਰੀ । ਜੋਤੀ ਜੋਤ ਸਰੂਪ ਹਰਿ, ਆਪ ਉਠਾਏ ਵਡ ਵਡ ਬਲਕਾਰੀ । ਉਠੇ ਜੋਧਾ ਵਡ ਬਲਕਾਰ । ਚਾਰੋਂ ਤਰਫ ਹੋਏ ਧੂਆਂਧਾਰ । ਚਾਰੋਂ ਤਰਫ ਹੋਏ ਖੁਆਰ । ਥਾਉਂ ਥਾਈਂ ਦਏ ਮਾਰ । ਆਪ ਵਗਾਏ ਨੇਤਰ ਧਾਰ । ਪੂਰ ਕਰਾਏ ਜਗਤ ਵਿਹਾਰ । ਊਚ ਨੀਚ ਨਾ ਕਰੇ ਵਿਚਾਰ । ਜਾਏ ਭੀਲਨੀ ਦੇਵੇ ਤਾਰ । ਗੌਤਮ ਅਹਿਲਿਆ ਹੋਈ ਪਾਰ । ਚਰਨ ਛੁਹਾਇਆ ਪਹਿਲੀ ਵਾਰ । ਜੋਤੀ ਜੋਤ ਸਰੂਪ ਹਰਿ, ਤਰੇਤਾ ਰਾਮ ਲਿਆ ਅਵਤਾਰ । ਰਾਮ ਅਵਤਾਰ ਹਰਿ ਜੀ ਹਰਿ, ਭਗਤਾਂ ਦੇਵੇ ਮਾਣ ਜਾਏ ਦਰ ਘਰ । ਬੇਮੁੱਖਾਂ ਲਾਹੇ ਘਾਣ ਤੀਰ ਕਮਾਨ ਹੱਥੀਂ ਫੜ । ਰਣ ਭੂਮੀ ਸੁੱਤੇ ਪੈਰ ਪਸਾਰ, ਨੌਂਜਵਾਨ ਜੋ ਰਥਾਂ ਉਤੇ ਆਏ ਚੜ੍ਹ । ਦਹਿ ਦਿਸ਼ਾ ਭੌਂਦੇ ਸਿਰ, ਜਿਮੀ ਉਪਰ ਡਿਗਣ ਆਣ । ਜੋਤੀ ਜੋਤ ਸਰੂਪ ਹਰਿ, ਆਪੇ ਮਾਰੇ ਆਪਣਾ ਬਾਣ । ਰਾਵਣ ਦਿਸੇ ਨਾ ਦਸ ਸੀਸ । ਏਕਾ ਜਾਣੇ ਹਰਿ ਜਗਦੀਸ਼ । ਸਰਬ ਜੀਆਂ ਨੂੰ ਰਿਹਾ ਪੀਸ । ਜੋਤੀ ਜੋਤ ਸਰੂਪ ਹਰਿ, ਸਿਰ ਧੜ ਆਪ ਕਟਾਏ, ਕਰੇ ਵੱਖਰੇ ਸੀਸ । ਤਰੇਤੇ ਜੁਗ ਦੋ ਰਲਾਏ । ਪਾਣੀ ਦੁੱਧ ਇਕ ਥਾਂ ਬਹਾਏ । ਬੇਮੁੱਖਾਂ ਉਲਟੀ ਬੁੱਧ, ਬੂਝ ਕੋਈ ਨਾ ਪਾਏ । ਜਨ ਭਗਤਾਂ

੪੨੩ ਦਵਾਏ ਸੁੱਧ, ਆਪਣਾ ਦਰਸ ਦਿਖਾਏ । ਰਾਮਾ ਰਾਮ ਨਾ ਦਿਸੇ ਕੋਇ ਜੇਵਡ ਤੁੱਧ, ਦੁਸ਼ਟ ਹੰਕਾਰੀ ਮਾਰ ਖਪਾਏ । ਜੋਤੀ ਜੋਤ ਸਰੂਪ ਹਰਿ, ੪੨੩

੦੩ ੦੩

ਅੰਤਮ ਅੰਤ ਤਰੇਤੇ ਆਪਣੇ ਖੇਲ ਵਖਾਏ । ਤਰੇਤਾ ਅੰਤ ਆਪ ਚੁਕਾਇਆ । ਫੇਰ ਦਵਾਪਰ ਮਾਤ ਧਰਾਇਆ । ਸੂਹਾ ਵੇਸ ਤਨ ਪਹਿਨਾਇਆ । ਯੁਜਰ ਵੇਦ ਸੰਗ ਰਲਾਇਆ । ਦੇਸ ਵਦੇਸ ਆਪ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਆਪ ਵਰਤਾਇਆ । ਸਾਚਾ ਖੇਲ ਆਪ ਕਰ । ਕਾਹਨਾ ਕ੍ਰਿਸ਼ਨਾ ਬਣ ਕਰ । ਜੋਤੀ ਜੋਤ ਸਰੂਪ ਹਰਿ, ਏਕਾ ਆਪਣੀ ਸ਼ਾਨ ਧਰ । ਕ੍ਰਿਸ਼ਨ ਮੁਰਾਰ ਵਡ ਬਲਕਾਰਿਆ । ਨਾ ਕਰੇ ਯੁਧ ਨਾ ਫੜੇ ਹੱਥ ਕਟਾਰਿਆ । ਬੇਮੁਖਾਂ ਭੁਲਾਈ ਫਿਰੇ ਸੁੱਧ, ਨਾ ਪਾਵੇ ਸਾਰ ਵਡ ਦਰਯੋਧਨ ਹੰਕਾਰਿਆ । ਦੋਵੇਂ ਅਸਵ ਰਹੇ ਕੁੱਦ, ਰੱਥ ਚਲਾਵੇ ਆਪ ਬਨਵਾਰਿਆ । ਜੋਤੀ ਜੋਤ ਸਰੂਪ ਹਰਿ, ਕਾਹਨਾ ਕ੍ਰਿਸ਼ਨਾ ਆਪ ਅਖਵਾ ਰਿਹਾ । ਸਾਚੀ ਬਿਧ ਆਪ ਕਰਾਇਆ । ਚਾਰੋਂ ਤਰਫ ਲਕੀਰ ਖਿਚਾਇਆ । ਤਿਖੀ ਧਾਰ ਹਰਿ ਦਾਤਾਰ ਸ਼ਬਦ ਕਟਾਰ ਆਪ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਦ ਆਪ ਰਹਾਇਆ । ਰਣ ਭੂਮੀ ਬਣਿਆ ਸਚ ਅਖਾੜਾ । ਚਾਰੋਂ ਤਰਫ ਚੰਡੀ ਚਮਕੇ ਵਿਚ ਮੈਦਾਨਾ ਚੜਕੇ ਜਿਉਂ ਤੇਲੀ ਤਾੜਾ । ਪ੍ਰਭ ਅਬਿਨਾਸ਼ੀ ਬਣੇ ਰਥਵਾਹੀ, ਜ਼ਿਮੀਂ ਅਸਮਾਨ ਤੁੱਟਾ ਪਾੜਾ । ਅਰਜਨ ਬ੍ਰਹਮ ਗਿਆਨ ਦਵਾਇਆ ਆਪਣਾ ਮੂੰਹ ਖੋਲ੍ਹ ਵਖਾਇਆ, ਸ੍ਰਿਸ਼ਟ ਸਬਾਈ ਚਬਾਈ ਬੈਠਾ ਹੇਠ ਆਪਣੀ ਦਾੜ੍ਹਾ । ਏਕਾ ਜੋਤ ਅਗਨ ਲਗਾਏ, ਹਾੜ ਮਹੀਨਾ ਨੇੜੇ ਆਇਆ । ਸਾਚਾ ਨੀਰ ਕਿਸੇ ਹੱਥ ਨਾ ਆਇਆ । ਅਠਾਰਾਂ ਦਿਨ ਗਿਣ ਗਿਣ ਵਕਤ ਲੰਘਾਇਆ । ਕੋਰੋਂ ਕੁਸ਼ੇਤਰ ਤੇਰੀ ਭੇਟ ਦਵਾਪਰ ਜੀਵ ਸਰਬ ਚੜ੍ਹਾਇਆ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਆਪੇ ਆਪ ਹਰਿ ਜੀ ਆਪ ਬਣਾਇਆ । ਕਿਰਪਾ

ਕਰੀ ਆਪ ਮਹਾਨ । ਸ਼ਬਦ ਸੁਣਾਇਆ ਭਗਤ ਕਾਹਨ । ਅਰਜਨ ਉਠਿਆ ਨੌਜਵਾਨ । ਏਕਾ ਉਠ ਲਈ ਅੰਗੜਾਈ, ਹੱਥੀਂ ਫੜੇ ਤੀਰ ਕਮਾਨ । ਦੂਜੇ ਪਾਸੇ ਉਸ ਦਾ ਕਰਨ ਭਾਈ, ਜੰਮਿਆ ਜਿਹੜਾ ਕਵਾਰੀ ਮਾਈ, ਸੂਰਜ ਪਿਤਾ ਸਰਬ ਵਖਾਨ । ਜੋਤੀ ਜੋਤ ਸਰੂਪ ਹਰਿ, ਦੋਵੇਂ ਭਾਈ ਇਕ ਦੂਜੇ ਨਾਲ ਲੜਾਏ, ਚਲਾਏ ਰਥ ਵੇਖੇ ਖੇਲ ਹਰਿ ਭਗਵਾਨ । ਜੋਤੀ ਜੋਤ ਸਰੂਪ ਹਰਿ, ਜੁਗ ਦਵਾਪਰ ਤੇਰੀ ਅੰਤਮ ਅੰਤ ਆਪੇ ਲਾਹੀ ਵਿਚ ਮਾਤ ਮਕਾਣ । ਦਵਾਪਰ ਜੁਗ ਅੰਤ ਕਰਾਇਆ । ਗੀਤਾ ਗਿਆਨ ਸਰਬ ਦਵਾਇਆ । ਹਰਿ ਭਗਵਾਨ ਏਕਾ ਭਗਤ ਇਕ ਵਾਰ ਸਮਝਾਇਆ । ਸ੍ਰਿਸ਼ਟ ਸਬਾਈ ਰਹੀ ਰਸਨ ਵਖਾਨ, ਵੇਲਾ ਗਿਆ ਹੱਥ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਆਪਣਾ ਭਾਣਾ ਆਪਣਾ ਬਾਣਾ ਵਿਚ ਮਾਤ ਕਰਦਾ ਆਇਆ । ਦਵਾਪਰ ਕੀਨੀ ਅੰਤ ਤਿਆਰੀ । ਲੋਕਮਾਤ ਵਿਚੋਂ ਹੋਇਆ ਬਾਹਰੀ । ਕਲਜੁਗ ਜੂਠੇ ਝੂਠੇ ਮਿਲੀ ਸੱਚੀ ਸਿਕਦਾਰੀ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰੇ ਆਪ ਬਨਵਾਰੀ । ਕਲਜੁਗ ਕੂੜ ਕੁੜਿਆਰ ਮਾਤ ਜਨਮ ਦਵਾਇਆ । ਸਿਰ ਝੁਕਾਇਆ ਵੱਡਾ ਭਾਰ, ਕਾਮ ਕਰੋਧ ਹੰਕਾਰ ਇਹਦੇ ਸੰਗ ਰਲਾਇਆ । ਉਤੇ ਤਨ ਪ੍ਰਭ ਸਾਚੇ ਲਈ ਛਾਰ , ਕਲਜੁਗ ਜੀਵਾਂ ਕਾਲਾ ਮੂੰਹ ਕਰਾਇਆ । ਮਾਤਲੋਕ ਵਿਚ ਆਇਆ ਕਰ ਵਿਚਾਰ ਕੋਈ ਨਾ ਛੱਡਾ ਥਾਂ, ਜੋਤੀ ਜੋਤ ਸਰੂਪ ਹਰਿ, ਸਾਚਾ ਹੁਕਮ ਕਲੂ ਕਾਲ ਕਲਜੁਗ ਆਪਣਾ ਆਪ ਸੁਣਾਇਆ । ਕਲਜੁਗ ਹਰਿ ਮਾਤ ਧਰਾਇਆ । ਧਰਮ ਮਾਤ ਤੇਰੀ ਗੋਦ ਬਿਠਾਇਆ । ਏਕਾ ਦਿਤੀ ਹਰਿ ਸੁਗਾਤਾ, ਜੂਠ ਝੂਠ ਪੱਲੇ ਬੰਨ੍ਹ ਲੈ ਆਇਆ । ਸਦਾ ਰੱਖੇ ਅੰਧੇਰੀ ਰਾਤ, ਠੱਗਾਂ ਚੋਰਾਂ ਯਾਰਾਂ ਲਏ ਬੁਲਾਇਆ । ਜਨ ਭਗਤ ਨਾ ਪੁੱਛੇ ਵਾਤ, ਪ੍ਰਭ ਅਬਿਨਾਸ਼ੀ ਕਾਲਾ ਟਿੱਕਾ ਇਹਦੇ ਮਸਤਕ ਲਾਇਆ । ਆਪਣੀ ਹੱਥੀਂ ਪੁੱਟੇ ਡੂੰਘੇ ਖਾਤ, ਪ੍ਰਭ ਸਾਚੇ ਮਗਰ ਸ਼ਬਦ ਡੰਡਾ ਲਾਇਆ । ਕਲਜੁਗ ਲੱਖ ਚੁਰਾਸੀ ਪੜ੍ਹਾਈ ਇਕ ਅਪੁਠੀ ਜਮਾਇਤ, ਧਰਮ ਰਾਏ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਵਿਚ ਮਾਤ ਟਿਕਾਇਆ । ਕਲਜੁਗ ਕੀ ਕਰੇ ਵਿਚਾਰਾ । ਪਿਛੇ ਲੱਗਾ ਡੰਡਾ ਭਾਰਾ । ਨਾਮ ਸ਼ਬਦ ਹਰਿ ਅਪਾਰਾ । ਨਾ ਕੋਈ ਵੇਖੇ ਨਾ ਦਿਸੇ ਪੈਂਦਾ ਰਹੇ ਉਤੇ ਵਾਰੋ ਵਾਰਾ । ਕਲਜੁਗ ਝੂਠਾ ਬਾਲ ਅੰਵਾਣਾ ਮਾਤ ਵਿਚ ਆਣ ਪੁਕਾਰਾ । ਪ੍ਰਭ ਅਬਿਨਾਸ਼ੀ ਕਿਰਪਾ ਕਰ ਚਾਰ ਲੱਖ ਬਤੀਸ ਹਜ਼ਾਰ ਮੈਥੋਂ ਦੁੱਖ ਝੱਲਿਆ ਨਹੀਂ ਜਾਣਾ । ਮੇਰੀ ਆਤਮ ਪੈਂਦੀ ਘਾਰ, ਪੰਜਾਂ ਯਾਰਾਂ ਮੈਨੂੰ ਖ਼ਾਕ ਰੁਲਾਣਾ । ਮੇਰੀ ਕਿਸੇ ਨਹੀਂ ਬੰਨ੍ਹਣੀ ਧਾਰ, ਤੇਰਾ ਹੁਕਮ ਨਾ ਕਿਸੇ ਅਟਕਾਣਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਝੂਠਾ ਬਾਲ ਅੰਵਾਣਾ ਦੇ ਮੱਤ ਆਪ ਸਮਝਾਣਾ । ਕਲਜੁਗ ਨਾ ਰੋ ਨਾ ਕਰ ਪੁਕਾਰ । ਛੇਤੀ ਛੇਤੀ ਹੋ ਜਵਾਨ, ਸਭਨਾਂ ਕਰ ਖੁਆਰ । ਸਿਰ ਦੇ ਵਾਲ ਦੋਹੀਂ ਹੱਥੀਂ ਖੋਹ, ਬਾਲ ਜਵਾਨ ਨਾ ਕੋਈ ਵੇਖੀ ਬੁੱਢੀ ਮੁਟਿਆਰ । ਵਾਂਗ ਬੱਕਰੇ ਸਾਰੇ ਕੋਹ, ਵਿਚ ਵਸਾਇਆ ਕਾਮ ਕਰੋਧ ਲੋਭ ਮੋਹ ਹੰਕਾਰ । ਏਕਾ ਹੱਲ ਆਪਣਾ ਜੋ, ਜੂਠਾ ਝੂਠਾ ਬੀਜ ਡਾਲ । ਬੇਮੁਖਾਂ ਦੀ ਆਤਮ ਬੋ, ਫੱਲ ਨਾ ਲੱਗੇ ਕਿਸੇ ਡਾਲ । ਹਰਿ ਨਾ ਪਛਾਣੇ ਕਲਜੁਗ ਕੋ, ਕਲਜੁਗ ਜੀਵ ਹੋਏ ਗਵਾਰ । ਗੁਰਮੁਖ ਸਾਚੇ ਸੰਤ ਜਨਾਂ ਸਤਿਜੁਗ ਭਾਂਡਾ ਲੈਣਾ ਧੋ, ਪੂਰਬ ਕਰਮ ਵਿਚਾਰ । ਜੋਤੀ ਜੋਤ ਸਰੂਪ ਹਰਿ, ਦੇ ਦਿਲਾਸਾ ਕਲਜੁਗ ਤਾਈਂ ਦਿਤਾ ਇਕ ਪਿਆਰ । ਕਲਜੁਗ ਹੋਇਆ ਵਡ ਬਲਕਾਰੀ । ਪੂਰਨ ਕੀਨੀ ਆਪਣੀ ਕਾਰੀ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਨਾ ਕੋਈ ਛੱਡਿਆ ਘਰ ਬਾਹਰੀ । ਧੁਰਦਰਗਾਹੀ ਸਾਚਾ ਹੁਕਮ ਵੰਡੀ ਗਿਆ ਵਾਰੋ ਵਾਰੀ । ਜੋਤ ਸਰੂਪੀ ਜੋਤ ਹਰਿ, ਸ਼ਬਦ ਸਰੂਪੀ ਅਵਾਜ਼ਾਂ ਮਾਰੀ । ਕਲਜੁਗ ਆਪਣੀ ਕਾਰ ਕਮਾਈ । ਸ੍ਰਿਸ਼ਟ

੪੨੪
੦੩

ਸਬਾਈ ਫੜ ਫੜ ਬਾਹੋਂ ਝੂਠੇ ਧੰਦੇ ਆਪੇ ਲਾਈ । ਜੂਠੇ ਝੂਠੇ ਹੋ ਗਏ ਪਾਪੀ ਗੰਦੇ, ਆਪਣਾ ਆਪ ਗਏ ਭੁਲਾਈ । ਆਤਮ ਹੋ ਗਏ ਅੰਧੇ, ਨਾ ਰਹੀ ਵਿਚ ਰੁਸ਼ਨਾਈ । ਹਰਿ ਹਰਿ ਨਾ ਗਾਇਆ ਬੱਤੀ ਦੰਦੇ, ਭੁੱਲੀ ਸਰਬ ਲੋਕਾਈ । ਪ੍ਰਭ ਅਬਿਨਾਸ਼ੀ ਵੇਖ ਵਿਚਾਰੇ ਕਿਰਪਾ ਧਾਰੇ, ਗੌਤਮ ਬੁੱਧ ਹੁਕਮ ਸੁਣਾਈ । ਆਪਣੀ ਸੇਵਾ ਆਪੇ ਲਾਇਆ । ਝੂਠਾ ਤਾਜ ਸਿਰੋਂ ਪਰ੍ਹੇ ਹਟਾਇਆ । ਫਿਰ ਮਾਰੀ ਸ਼ਬਦ ਅਵਾਜ਼, ਸੋਇਆ ਪੁੱਤ ਆਪ ਜਗਾਇਆ । ਸ਼ਬਦ ਸੁਣਾਇਆ ਸੰਗ ਰਲਾਇਆ, ਨਾਲ ਦਾਤ ਚਾਰੋਂ ਕੁੰਟ ਦੇ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਦਰ ਝੂਠੇ ਮੰਦਰ ਬੇਮੁਖਾਂ ਡੇਰਾ ਲਾਇਆ । ਚਾਰੋਂ ਤਰਫ ਆਖ ਸੁਣਾਏ । ਮਦਿਰਾ ਮਾਸ ਕੋਈ ਨਾ ਖਾਏ । ਕਲਜੁਗ ਜੀਵ ਭੁੱਲੇ ਰੁੱਲੇ ਡੁੱਲੇ ਅੱਗੋਂ ਕਰਦੇ ਨਾਹੇ । ਘਰ ਘਰ ਬੈਠੇ ਕਰਨ ਵਿਚਾਰਾਂ, ਇਹ ਕਰਮ ਕੌਣ ਕਮਾਏ । ਝੂਠੀਆਂ ਬਣ ਗਈਆਂ ਮਾਵਾਂ ਨਾਰਾਂ, ਨਾ ਦੇ ਮੱਤ ਪੁੱਤਾਂ ਕੋਈ ਸਮਝਾਏ । ਜੋਤ ਸਰੂਪੀ ਜੋਤ ਹਰਿ, ਕਲਜੁਗ ਤੇਰੀ ਗਣਤ ਆਪ ਗਿਣਾਏ । ਕਲਜੁਗ ਹਰਿ ਫੇਰ ਸਮਝਾਇਆ । ਪੂਰਾ ਕਰਮ ਨਾ ਤੂੰ ਅਜੇ ਕਮਾਇਆ । ਉਹਲਾ ਪਰਦਾ ਹਰਿ ਰਖਾਇਆ । ਅੱਗੋਂ ਕਰੇ ਦੋਏ ਜੋੜ ਬੇਨੰਤੀ, ਕਿਰਪਾ ਕਰ ਮੇਰੇ ਰਘੁਰਾਇਆ । ਮੈਂ ਇਕ ਇਕੱਲਾ ਲੱਖ ਚੁਰਾਸੀ ਮੇਰਾ ਹੌਲਾ ਪੱਲਾ ਤੂੰ ਰਖਾਇਆ । ਇਕ ਦੇ ਮੈਨੂੰ ਨਵਾਂ ਸਾਥੀ, ਫੇਰ ਕਰਾਂ ਜੋ ਮਨ ਭਾਇਆ । ਪ੍ਰਭ ਅਬਿਨਾਸ਼ੀ ਸਾਚੇ ਹਰਿ ਸਾਚਾ ਵਰ ਕਲਜੁਗ ਤੇਰੀ ਝੋਲੀ ਪਾਇਆ । ਸਾਚਾ ਵਰ ਹਰਿ ਝੋਲੀ ਪਾਇਆ । ਈਸਾ ਮੂਸਾ ਨਾਲ ਰਲਾਇਆ । ਵਡ ਕੁਕਰਮੀ ਆਪ ਬਣਾਇਆ । ਜੀਵ ਧਰਮੀ ਕੋਈ ਰਹਿਣ ਨਾ ਪਾਇਆ । ਉਲਟੀ ਮੱਤ ਦੇ ਜਗਤ, ਇਹ ਪੱਲੇ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਕਰੇ ਕਰਾਏ ਜੋ ਮਨ ਭਾਇਆ । ਪ੍ਰਭ ਅਬਿਨਾਸ਼ੀ ਸਰਬ ਘਟ ਵਾਸੀ, ਕਲਜੁਗ ਪਿੱਛੇ ਏਕ ਸ਼ਬਦ ਡੰਡਾ ਲਾਇਆ । ਕਲਜੁਗ ਆਇਆ ਫੇਰ ਦਰਬਾਰ । ਦੋਏ ਜੋੜ ਕਰੇ ਨਿਮਸਕਾਰ । ਪ੍ਰਭ ਅਬਿਨਾਸ਼ੀ ਅਸੀਂ ਦੋਵੇਂ ਗਏ ਹਾਰ । ਵਿਚ ਨੌਂ ਖੰਡ ਪ੍ਰਿਥਮੀ ਨਾ ਸਾਡੀ ਗਲਦੀ ਦਾਲ । ਕਿਰਪਾ ਕਰ ਸਾਚੇ ਹਰਿ, ਇਕ ਦੇ ਦੇ ਸਾਥੀ ਨਾਲ । ਦੂਜੀ ਵਾਰ ਮਿਲੀ ਦਾਤ । ਤਿੰਨਾਂ ਮਿਲ ਬਣ ਗਈ ਇਕ ਜਮਾਤ । ਕਲਜੁਗ ਆਉਂਦੀ ਜਾਏ ਅੰਧੇਰੀ ਰਾਤ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਆਸਣ ਬੈਠਾ ਏਕਾ ਏਕ ਇਕਾਂਤ । ਪੂਰਨ ਆਸ ਕਲ ਕਰਾਈ । ਅਹਿਮਦ ਮੁਹੰਮਦ ਸੰਗ ਰਲਾਈ । ਚਾਰੋਂ ਯਾਰ ਦੇਣ ਸਲਾਹੀ । ਅਥਰਬਣ ਵੇਦ ਇਕੋ ਅਲਾਹ ਸਾਡੇ ਹਿੱਸੇ ਆਈ । ਸਾਡੇ ਹਿੱਸੇ ਆਇਆ ਐੜਾ, ਅਲੋ ਨਾਮ ਲਏ ਉਪਜਾਈ । ਪ੍ਰਭ ਅਬਿਨਾਸ਼ੀ ਵਾਲਾ ਛੱਡਿਆ ਖਹਿੜਾ, ਦਿਵਸ ਰੈਣ ਜੋ ਰਿਹਾ ਧਿਆਈ । ਪ੍ਰਭ ਅਬਿਨਾਸ਼ੀ ਕਿਰਪਾ ਕਰ ਜੋਤ ਧਰ ਭਾਈਆਂ ਨਾਲ ਮਿਲਾਇਆ ਭਾਈ । ਤਿੰਨੇ ਭਾਈ ਕਰਨ ਸਲਾਹ । ਕਿਹੜਾ ਲਾਈਏ ਅਸੀਂ ਦਾਅ । ਯਸੂ ਕ੍ਰਿਸ਼ਤੀ ਕਹੇ ਨਾ ਮੇਰੀ ਕੋਈ ਚਲੇ ਵਾਹ । ਇਕ ਮੁਹੰਮਦ ਕੀਤੀ ਹਾਂ । ਕਲਜੁਗ ਜੀਵਾਂ ਪਕੜਾਂ ਬਾਂਹ । ਚਾਰੋਂ ਕੁੰਟ ਏਕਾ ਵਾਰੀ ਦੇਵਾਂ ਭਵਾ । ਜੋਤੀ ਜੋਤ ਸਰੂਪ ਹਰਿ, ਆਪਣੀ ਬਣਤ ਆਪੇ ਲਈ ਬਣਾ । ਅਹਿਮਦ ਮੁਹੰਮਦ ਕਰਮ ਕਮਾਇਆ । ਚਾਲੀ ਬਰਸ ਹਰਿ ਜੀ ਧਿਆਇਆ । ਫੇਰ ਹਰਿ ਜੀ ਦਰਸ ਦਿਖਾਇਆ । ਸਾਚਾ ਸ਼ਬਦ ਕੰਨ ਸੁਣਾਇਆ । ਪ੍ਰਭ ਦਰ ਮੰਗ ਚਾਰ ਯਾਰ ਸੰਗ ਚੜ੍ਹੇ ਰੰਗ ਦੂਣ ਸਵਾਇਆ । ਅੰਤਮ ਵੇਲੇ ਹੋਏ ਭੰਗ, ਧਰਮ ਰਾਏ ਘਰ ਦੇਵੇ ਟੰਗ, ਬਹੁਤੀ ਦੇਰ ਨਾ ਕਿਸੇ ਲਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਹੁਕਮ ਆਪਣਾ ਆਪ ਸੁਣਾਇਆ । ਮੁਹੰਮਦ ਅੱਗੋਂ ਕਰੇ ਨਿਮਸਕਾਰ । ਕਿਰਪਾ ਕਰ ਮੇਰੇ ਦਾਤਾਰ । ਸਦੀ ਚੌਧਵੀਂ ਮੇਰੀ ਝੋਲੀ ਡਾਰ ।

ਫੇਰ ਕਰੀਂ ਆਪਣਾ ਸਚ ਵਿਹਾਰ । ਚੜ੍ਹਨ ਨਾ ਦੇਵੀਂ ਪਾਰ ਕਿਨਾਰ । ਬੇੜਾ ਡੋਬੀਂ ਵਿਚ ਮੰਝਧਾਰ । ਫੇਰ ਬਣੀ ਆਪ ਸੱਚੀ ਸਰਕਾਰ । ਤੇਰਾ ਹੁਕਮ ਮੈਂ ਪੂਰਾ ਕਰਾਂ ਮੇਰੇ ਪਰਵਰਦਗਾਰ । ਦੀਨ ਇਸਲਾਮ ਵਿਚ ਮਾਤ ਦੇ ਧਰਾਂ, ਨਾਲ ਲੈ ਲਾਂ ਚਾਰੇ ਯਾਰ । ਬੂਹਾ ਖੋਲ੍ਹਾਂ ਕੁਫਰ ਹੰਕਾਰ ਦਾ, ਮੱਤ ਅਪੁੱਠੀ ਦੇਵਾਂ ਡਾਰ । ਦੋਵੇਂ ਜੋੜ ਪ੍ਰਭ ਦਰ ਨਿਮਸਕਾਰਦਾ, ਸਦੀ ਚੌਧਵੀਂ ਮੈਨੂੰ ਅੱਖੀਂ ਵਖਾਈਂ ਬੇਮੁੱਖਾਂ ਪੈਂਦੀ ਮਾਰ । ਜੋਤੀ ਜੋਤ ਸਰੂਪ ਹਰਿ, ਸੰਗ ਮੁਹੰਮਦ ਕੀਆ ਇਕ ਸੱਚਾ ਪਿਆਰ । ਮੰਗੀ ਮੰਗ ਹਰਿ ਦਰਬਾਰੀ । ਉਤੇ ਸ੍ਰਿਸ਼ਟ ਆਈ ਭਾਰੀ । ਅਹਿਮਦ ਮੁਹੰਮਦ ਮਿਲੀ ਸਿਕਦਾਰੀ । ਚਾਰੋਂ ਤਰਫ ਹੋਏ ਖੁਆਰੀ । ਆਪਣੇ ਹੱਥ ਇਕ ਉਠਾਈ ਵਡ ਜ਼ੁਲਮ ਕਟਾਰੀ । ਗਊ ਗਰੀਬ ਨਿਮਾਣਿਆਂ ਵੱਢ ਵੱਢ ਸੁੱਟਣ ਮੂੰਹ ਦੇ ਭਾਰੀ । ਉਠਣ ਵਡ ਵਡ ਸ਼ਾਹ ਸੁਲਤਾਨਿਆਂ, ਘਰ ਘਰ ਫੇਰਦੇ ਜਾਣ ਬਹਾਰੀ । ਵੇਖ ਵੇਖ ਇਹ ਨਿਸ਼ਾਨੀਆਂ, ਧਰਤ ਮਾਤ ਪ੍ਰਭ ਅੱਗੇ ਜਾ ਪੁਕਾਰੀ । ਜੋਤ ਸਰੂਪੀ ਜੋਤ ਹਰਿ, ਆਪਣੀ ਕਿਰਪਾ ਧਾਰੀ । ਧਰਤ ਮਾਤ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਪਾਪ ਜ਼ੁਲਮ ਦਾ ਲੱਗੇ, ਸਿਰ ਮੇਰੇ ਉਤੇ ਭਾਰ । ਚਾਰੋਂ ਤਰਫ ਬੇਗੁਨਾਹੀ ਹੁੰਦੇ ਫਿਰਨ ਖੁਆਰ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਫੇਰ ਘੱਲਿਆ ਨਾਨਕ ਨਿਰੰਕਾਰ । ਨਾਨਕ ਨਿਰੰਕਾਰ ਮਾਤ ਉਪਜਾਇਆ । ਪਿੰਡ ਤਲਵੰਡੀ ਡੇਰਾ ਲਾਇਆ । ਮਾਤਾ ਤ੍ਰਿਪਤਾ ਪਿਤਾ ਕਾਲੂ ਛੋਟੇ ਬਾਲੇ ਜਨਮ ਦਵਾਇਆ । ਪੰਦਰਾਂ ਸੌ ਛੱਬੀ ਬਿਕ੍ਰਮੀ ਮਾਤਲੋਕ ਵਿਚ ਚੰਦ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਗਊ ਗਰੀਬ ਨਿਮਾਣਿਆਂ ਖ਼ੁਸ਼ੀ ਬੰਦ ਬੰਦ ਕਰਾਇਆ । ਨਾਨਕ ਆਇਆ ਜਾਮਾ ਧਾਰ । ਬਾਲ ਅਵਸਥਾ ਕਰੇ ਖੇਲ ਅਪਾਰ । ਮਾਤਾ ਪਿਤਾ ਨਾ ਜਾਣੇ ਸਾਰ । ਇਕੋ ਇਕ ਸਮਝਣ ਸਾਡਾ ਪੁੱਤ ਜੰਮਿਆ ਗਵਾਰ । ਨਾ ਇਹ ਹਾਲੀ ਨਾ ਇਹ ਪਾਲੀ, ਨਾ ਖਾਵੇ ਰੋਟੀ ਵਿਚ ਇਹ ਥਾਲੀ, ਬੈਠਾ ਰਹੇ ਮੜ੍ਹੀ ਮਸਾਣ । ਨਾ ਇਹ ਪੜ੍ਹੇ ਪੋਥੀ ਬਾਣੀ, ਨਾ ਇਹ ਪੜ੍ਹੇ ਅੰਜੀਲ ਕੁਰਾਨੀ, ਨਾ ਇਹ ਜਾਣੇ ਸ਼ੇਖ਼ ਪੰਡਤਾਣੀ, ਆਪੇ ਆਪ ਰਿਹਾ ਝੱਖ ਮਾਰ । ਜੋਤੀ ਜੋਤ ਸਰੂਪ ਹਰਿ, ਆਪੇ ਰਿਹਾ ਸਰਬ ਕਰਮ ਵਿਚਾਰ । ਨਾਨਕ ਹੋਇਆ ਨੌਜਵਾਨ । ਚਾਰੋਂ ਤਰਫ ਮਾਰ ਧਿਆਨ । ਪਿੱਛੋਂ ਸ਼ਬਦ ਆਵੇ ਆਤਮ ਵੱਜੇ ਇਕੋ ਬਾਨ । ਕਿਸ ਕਰਮ ਹਰਿ ਘੱਲਿਆ, ਕਿਉਂ ਸੁੱਤਾ ਵਡ ਬਲਵਾਨ । ਕਲਜੁਗ ਪਾਪ ਫੱਲਿਆ ਫੁੱਲਿਆ, ਇਹਦੇ ਭੰਨ ਦੇ ਡਾਹਣ । ਪਾਪ ਅੰਧੇਰ ਏਕਾ ਝੁੱਲਿਆ, ਜੀਵ ਜੰਤ ਸਰਬ ਕੁਰਲਾਣ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਜਾਣੀ ਜਾਣ । ਨਾਨਕ ਕਰੀ ਸਚ ਵਿਚਾਰ । ਡੁੱਬਾ ਬੇਂਈ ਕਿਨਾਰੇ ਡੂੰਘੀ ਚੁੱਭੀ ਮਾਰ । ਆਪ ਗਿਆ ਸਚ ਦੁਆਰੇ ਗਲ ਵਿਚ ਪੱਲਾ ਡਾਰ । ਦਰ ਦਰਬਾਰਿਉਂ ਬਾਹਰ ਖਲੋਤਾ , ਦੋਏ ਜੋੜ ਕਰੇ ਨਿਮਸਕਾਰ । ਅੱਗੇ ਹਰਿ ਜੀ ਸਿੰਘ ਆਸਣ ਸੋਤਾ, ਉਠੇ ਭੁੱਜਾ ਪਸਾਰ । ਆ ਨਾਨਕ ਮੈਂ ਦਰ ਅੱਗੇ ਖਲੋਤਾ, ਜਿਸ ਨੇ ਤੈਨੂੰ ਦਿਤਾ ਇਕ ਅਕਾਰ । ਸਾਚਾ ਰਥ ਮੈਂ ਲਈ ਖਲੋਤਾ, ਉਤੇ ਮਾਰ ਛਾਲ ਹੋ ਅਸਵਾਰ । ਨੇਤਰ ਭਰ ਭਰ ਨੀਰ ਨਾਨਕ ਰੋਤਾ, ਨਾ ਜਾਏ ਝੱਲਿਆ ਚਮਤਕਾਰ । ਚਾਰੋਂ ਤਰਫ ਵੇਖੇ ਝਿਲਮਿਲ ਜੋਤ ਕਰੇ ਅਪਾਰ । ਜੋਤੀ ਜੋਤ ਸਰੂਪ ਹਰਿ, ਤੇਰੀ ਮਹਿੰਮਾ ਰਸਨਾ ਗਾਏ ਏਕਾ ਅਪਰ ਅਪਾਰ । ਨਾਨਕ ਗਿਆ ਹਰਿ ਦਵਾਰੇ । ਅੱਗੋਂ ਮਿਲਿਆ ਪ੍ਰਭ ਅਬਿਨਾਸ਼ੀ ਦੋਵੇਂ ਭੁੱਜਾ ਪਸਾਰੇ । ਆ ਨਾਨਕ ਅੱਠੇ ਪਹਿਰ ਮੇਰੀ ਤੇਰੀ ਤੇਰੀ ਮੇਰੀ ਵੱਜਦੀ ਰਹੇ ਇਕ ਸਤਾਰੇ । ਤੇਰੀ ਆਤਮ ਮੇਰਾ ਘਰ, ਹਰਿ ਜੀ ਵਸੇ ਤੇਰੀ ਕਾਇਆ ਮਹੱਲ ਮੁਨਾਰੇ । ਜੋਤ ਸਰੂਪੀ ਜੋਤ ਹਰਿ, ਅੱਗੇ ਬੈਠਾ ਸੱਚੇ ਦਰਬਾਰੇ । ਤਖ਼ਤੇ ਬੈਠਾ ਸਚ ਸੁਲਤਾਨਾ । ਦਰ ਘਰ ਸਾਚੇ ਆਇਆ

ਨਾਨਕ ਪਹਿਨ ਗਰੀਬੀ ਬਾਨਾ । ਪ੍ਰਭ ਅਬਿਨਾਸ਼ੀ ਕਿਰਪਾ ਕਰ ਆਪਣੀ ਹੱਥੀਂ ਬੱਧਾ ਗਾਨਾ । ਦੂਜੀ ਵਸਤ ਹੱਥ ਫੜਾਈ, ਸਤਿਨਾਮ ਦਿਤਾ ਇਕ ਨਿਸ਼ਾਨਾ । ਧਰਤ ਮਾਤ ਦੇ ਵਿਚ ਵੜ ਬੇਮੁੱਖਾਂ ਦੇ ਦਿਲ ਵਸਾਨਾ । ਜੋਤ ਸਰੂਪੀ ਜੋਤ ਹਰਿ ਏਕਾ ਤੈਨੂੰ ਦੇਵੇ ਦਾਜ, ਸਿਰ ਤੇਰੇ ਤੇ ਰੱਖੇ ਤਾਜ, ਚੜ੍ਹਿਆ ਫਿਰੇ ਵਿਚ ਪਵਣ ਬਬਾਨਾ । ਸਾਚਾ ਵਰ ਝੋਲੀ ਪਾ । ਆਪਣਾ ਹੁਕਮ ਦਿਤਾ ਸੁਣਾ । ਨਾਨਕ ਗੁਰ ਜਾ ਵਿਚ ਮਾਤ ਸਾਚੇ ਥਾਂ । ਜੋਤ ਸਰੂਪੀ ਜੋਤ ਹਰਿ, ਸਾਰਿਆਂ ਤਾਈਂ ਜਾ ਸੁਣਾ । ਨਾਮ ਸਤਿ ਲੈ ਕੇ ਆਇਆ । ਆਪੇ ਵੇਖੇ ਕਿਹੜਾ ਵੱਤ ਕਿਹੜਾ ਤਤ ਕਿਹੜਾ ਜੱਤ ਜਿਥੇ ਦੇ ਬਜਾਇਆ । ਇਹਦਾ ਫੱਲ ਲੱਗੇ ਸਤਿ, ਮਾਤਲੋਕ ਦੇ ਉਪਜਾਇਆ । ਰਸਨਾ ਚਰਖਾ ਲੈਣਾ ਕੱਤ, ਸਾਚਾ ਹੁਕਮ ਆਪ ਸੁਣਾਇਆ । ਚਾਰੋਂ ਤਰਫ ਚਾਰੋਂ ਕੁੰਟ ਚਾਰ ਉਦਾਸੀ ਆਪੇ ਆਪ ਲਗਾਇਆ । ਚਾਰ ਕੂਟ ਨਾਨਕ ਜਾਏ । ਅੱਠੇ ਪਹਿਰ ਕੰਨ ਸੁਣਾਏ । ਬੇਮੁਖ ਜੀਵ ਨਾ ਭੁੱਲੋ ਹਰਿ ਰਾਏ । ਜਿਧਰ ਜਾਏ ਪੈਣ ਝਾੜਾਂ, ਸਿਰ ਤੇ ਫਿਰਦਾ ਭਾਰ ਉਠਾਏ । ਕਦੀ ਸੁੱਤਾ ਵਿਚ ਉਜਾੜਾਂ, ਰੋੜਾਂ ਸੇਜ ਵਿਛਾਏ । ਮੁਗਲ ਪਠਾਣੀ ਮਗਰ ਲੱਗੀ ਧਾੜਾ, ਸਿਰ ਤੇ ਭਾਰ ਚੁਕਾਏ । ਬੰਦੀ ਖਾਨੇ ਦੇ ਵਿਚ ਵੜਦਾ, ਆਪਣੀ ਹੱਥੀਂ ਚੱਕੀ ਆਪੇ ਆਪ ਚਲਾਏ । ਜੋਤੀ ਜੋਤ ਸਰੂਪ ਹਰਿ, ਅੱਠੇ ਪਹਿਰ ਰਸਨਾ ਨਾਲ ਗਾਉਂਦਾ ਜਾਏ । ਨਾਨਕ ਕਰੀ ਫੇਰ ਵਿਚਾਰ । ਕਿਹੜੀ ਲੱਭਾਂ ਦੂਜੀ ਧਾਰ । ਜਿਹੜੀ ਮੇਰੇ ਕੰਨ ਸੁਣਾਏ ਕਰਤਾਰ ਕਰਤਾਰ । ਬਾਹੋਂ ਪਕੜ ਮਰਦਾਨਾ ਕੀਆ ਖ਼ਬਰਦਾਰ । ਉਠਾ ਲਿਆ ਇਕ ਸਿਤਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਮਰਦਾਨਾ ਜਾਏ ਵਿਚ ਬਾਜ਼ਾਰ । ਫੜ ਫੜ ਟੋਹੇ ਇਕ ਸਿਤਾਰ । ਕੋਈ ਨਾ ਲਵੇ ਅੱਗੇ ਸਾਰ । ਆਤਮ ਡੋਲੇ ਨਾ ਮੁੱਖੋਂ ਬੋਲੇ ਕਿਧਰੋਂ ਆਇਆ
੪੨੭ ਪਾਸਾ ਹਾਰ । ਆਤਮ ਪਰਦਾ ਕਿਹੜਾ ਖੋਲ੍ਹੇ, ਬਾਹਰ ਬੈਠਾ ਵਿਚ ਉਜਾੜ । ਨਾਨਕ ਨਿਰੰਕਾਰ ਕੋਲ ਆਇਆ, ਮੁੜ ਕਰੇ ਨਿਮਸਕਾਰ । ਹਰਿ ੪੨੭
੦੩ ਜੀ ਮੈਨੂੰ ਨਾ ਮਿਲੇ ਕੋਈ ਸਿਤਾਰ । ਜਿਹੜੀ ਬੋਲੇ ਹਰਿ ਕਰਤਾਰ । ਜਾ ਸਾਰੰਗਾ ਇਕੋ ਭਾਲ । ਜਿਹੜਾ ਵੱਜਦਾ ਰਿਹਾ ਰਾਜੇ ਜਨਕ ਦੇ ਦਰਬਾਰ । ੦੩
ਮੇਰਾ ਉਹਦਾ ਤਰੇਤੇ ਜੁਗ ਦਾ ਸੱਚਾ ਹੈ ਪਿਆਰ । ਕੀਤਾ ਹੋਇਆ ਪੱਕਾ ਵਾਇਦਾ, ਕਲਜੁਗ ਤੇਰੀ ਕਰੂੰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਮਰਦਾਨਾ ਉਠੇ ਉਠ ਕੇ ਧਾਏ । ਅੱਗੋਂ ਮਿਲਿਆ ਇਕ ਬਾਲਾ ਮੋਢੇ ਸਿਤਾਰ ਉਠਾਏ । ਕਰਦੀ ਜਾਏ ਖੇਲ ਨਿਰਾਲਾ, ਗਾਉਂਦੀ ਜਾਏ ਨਿਰੰਕਾਰ । ਨਾ ਕੋਈ ਕਿੱਲੀ, ਨਾ ਹੋਵੇ ਕਿਸੇ ਪਾਸਿਉਂ ਢਿੱਲੀ, ਨਾ ਬਣਾਈ ਨਾ ਘੜਾਈ ਕਿਸੇ ਸੁਨਿਆਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਮਰਦਾਨੇ ਐਂਗੋਂ ਅਰਜ਼ ਗੁਜਾਰੀ । ਓ ਬਾਲ ਨਿਧਾਨੇ ਇਹ ਲੱਭਦਾ ਨਾਨਕ ਨਿਰੰਕਾਰੀ । ਆਤਮ ਵੱਜੇ ਸੀਨੇ ਬਾਣਾ, ਕਿਥੇ ਬੈਠਾ ਸਚ ਦਰਬਾਰੀ । ਤਿੰਨ ਜੁਗ ਹੋ ਗਏ ਵਿਛੜਿਆਂ, ਹੁਣ ਕਲਜੁਗ ਆਈ ਮਿਲਣ ਦੀ ਵਾਰੀ । ਭੱਜਾ ਆਇਆ ਵਾਹੋ ਦਾਹੀ ਦੂਰੋਂ ਵੇਖੇ ਚਮਤਕਾਰ । ਦੂਰੋਂ ਕਰੇ ਨਿਮਸਕਾਰ । ਸਤਿਗੁਰ ਸਾਚਾ ਕਿਰਪਾ ਧਾਰ । ਪੂਰਬ ਕਰਮ ਰਿਹਾ ਵਿਚਾਰ । ਦੋਹਾਂ ਹੱਥਾਂ ਦੇਵੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਦਾਤਾਰ । ਸਾਚੀ ਸਿਤਾਰ ਸੰਗ ਰਲਾਈ । ਇਕ ਧਾਰ ਜਿਸ ਰਖਾਈ । ਚਾਰੋਂ ਕੁੰਟ ਵਿਚ ਫਿਰਾਈ । ਬੇਮੁੱਖਾਂ ਮੱਤ ਦੇ ਸਮਝਾਈ । ਫੜ ਫੜ ਬਾਹੋਂ ਰਾਹੇ ਪਾਈ । ਭਰਮ ਭੁਲੇਖਾ ਰਹੇ ਨਾਹੀ । ਜੋਤੀ ਜੋਤ ਸਰੂਪ ਹਰਿ, ਵਸੇ ਸਭਨੀ ਥਾਈਂ । ਨਾਨਕ ਤੇਰੀ ਸਚ ਸਿਤਾਰ । ਕਰਦੀ ਰਹੀ ਸਚ ਪੁਕਾਰ । ਪ੍ਰਭ ਅਬਿਨਾਸ਼ੀ ਸਦਾ ਰਿਹਾ ਉਤੋਂ ਪਰਦੇ ਸਭ ਉਤਾਰ । ਸਾਚਾ ਜੋੜ ਜੁੜਦਾ ਰਿਹਾ, ਪੂਰਬ

ਕਰਮ ਲਿਆ ਵਿਚਾਰ । ਅੰਤਮ ਅੰਤ ਕਲਜੁਗ ਨਿਹਕਲੰਕ ਲਿਆ ਅਵਤਾਰ । ਸਾਚਾ ਕਰਮ ਹਰਿ ਕਮਾਇਆ । ਪਿਛਲਾ ਗਾਇਆ ਲੇਖੇ ਲਾਇਆ । ਗੁਰਮੁਖ ਸਾਚੇ ਸਾਚੇ ਘਰ ਵਿਚ ਮਾਤ ਜਨਮ ਦਵਾਇਆ । ਪ੍ਰਭ ਅਬਿਨਾਸ਼ੀ ਕਿਰਪਾ ਕਰ ਅੱਠੇ ਪਹਿਰ ਜਿਸ ਦੇ ਵਿਚ ਸਮਾਇਆ । ਗੁਰਮੁਖ ਸਾਚੇ ਵੇਖ ਵਿਚਾਰੋ, ਅੰਤਮ ਅੰਤ ਕਲਜੁਗ ਨਿਹਕਲੰਕ ਲਿਆ ਅਵਤਾਰ । ਸਾਚਾ ਕਰਮ ਹਰਿ ਕਮਾਇਆ । ਆਪੇ ਕਰ ਹਰਿ ਵਿਚਾਰ ਸਿੰਘ ਮਨਜੀਤ ਨਾਮ ਰਖਾਇਆ । ਤੇਰਾਂ ਮੱਘਰ ਵੱਜੀ ਵਧਾਈ, ਸੋਲਾਂ ਮੱਘਰ ਖੁਸ਼ੀ ਮਨਾਈ , ਸਾਧ ਸੰਗਤ ਤੇਰਾ ਬੇੜਾ ਬੰਨ੍ਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪਨੇ ਭਾਣੇ ਵਿਚ ਸਦ ਆਪ ਸਮਾਇਆ । ਗੁਰ ਨਾਨਕ ਸਚਾ ਕਰਮ ਕਮਾਇਆ । ਸਚ ਸੁੱਚ ਦਾ ਰਾਹ ਚਲਾਇਆ । ਬੇਮੁੱਖਾਂ ਨੂੰ ਬਹਿ ਸਮਝਾਇਆ । ਪ੍ਰਭ ਅਬਿਨਾਸ਼ੀ ਕਵਣ ਜਾਣੇ ਤੇਰੀ ਅਚਰਜ ਮਾਇਆ । ਜੋਤ ਸਰੂਪੀ ਜੋਤ ਹਰਿ, ਆਤਮ ਪੜਦਾ ਸਭ ਤੇ ਪਾਇਆ । ਅੰਤਮ ਨਾਨਕ ਗਿਆ ਹਾਰ । ਨਾ ਸਮਝਿਆ ਕਲਜੁਗ ਜੀਵ ਝੂਠਾ ਗਵਾਰ । ਇਕੋ ਜੋਤ ਇਕੋ ਗੋਤ ਵਿਚ ਅੰਗਦ ਦਿਤੀ ਡਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਦੋਹਾਂ ਮਿਲਿਆ ਇਕ ਭਤਾਰ । ਇਕੋ ਜੋਤ ਹਰਿ ਜਗਾਈ । ਗੁਰ ਨਾਨਕ ਛੱਡੀ ਗੁਰ ਅੰਗਦ ਹੱਥ ਫੜਾਈ । ਖਡੂਰ ਵਿਚ ਹੋਈ ਰੁਸ਼ਨਾਈ । ਅੰਤਮ ਅੰਤ ਕਲਜੁਗ ਪ੍ਰਭ ਵੇਖੇ ਕਿਵੇਂ ਦਏ ਬੁਝਾਈ । ਆਪਨੀ ਖੇਲ ਕਰਦਾ ਆਇਆ, ਸਾਧ ਸੰਗਤ ਸੰਗ ਰਲਾਈ । ਏਕਾ ਬੋਲਾ ਸ਼ਬਦ ਲਿਖਾਇਆ । ਜੀਵ ਜੰਤਾਂ ਸਭ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪਨੇ ਭਾਣੇ ਵਿਚ ਰਖਾਇਆ । ਅੰਗਦ ਛੱਡਿਆ ਕਾਇਆ ਚੋਲਾ । ਅਮਰਦਾਸ ਦਾ ਪਰਦਾ ਖੋਲ੍ਹਾ । ਬਹੱਤਰ ਬਰਸ ਜੋ ਰਿਹਾ ਗੋਲਾ । ਜੋਤੀ ਜੋਤ ਸਰੂਪ ਹਰਿ, ਆਦਿ ਜੁਗਾਦਿ ਵਿਚ ਬ੍ਰਹਿਮਾਦ ਸਦ ਸਦ ਵਸੇ ਨਾ ਜਾਣੇ ਕੋਈ ਭੋਲਾ । ਅਮਰਦਾਸ ਅਮਰਾ ਪਦ ਪਾਈ । ਰਾਮਦਾਸ ਜੋਤ ਜਗਾਈ । ਸਾਚਾ ਸਰ ਅੰਮ੍ਰਿਤ ਆਪਨੀ ਹੱਥੀਂ ਨੀਂਹ ਰਖਾਈ । ਸਾਚੇ ਦਰ ਸਾਚੇ ਘਰ ਚਾਰ ਦਵਾਰੇ ਚੌਹਾਂ ਵਰਨਾ ਏਕਾ ਥਾਂ ਬਹਾਈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾਂ ਜੁਗੰਤ ਏਕਾ ਏਕ ਬਣਤ ਬਣਾਈ । ਰਾਮ ਦਾਸ ਮਾਰੀ ਉਡਾਰੀ । ਗੁਰ ਅਰਜਨ ਨੇ ਕਰੀ ਤਿਆਰੀ । ਗੁਰਦਾਸ ਬਣੇ ਸਚ ਲਿਖਾਰੀ । ਖਾਣੀ ਬਾਣੀ ਤਾਣ ਕਨਾਤ, ਰਸਨਾ ਨਾਲ ਉਚਾਰੀ । ਆਤਮ ਵੇਖੇ ਮਾਰ ਝਾਤ, ਅਗਲੀ ਪਿਛਲੀ ਲਾਹੇ ਸ਼ਾਹੀ । ਜਨ ਭਗਤਾਂ ਪੁਛੇ ਵਾਤ, ਬਵੰਜਾ ਧਾਰ ਨਾਮ ਲਿਖਾਰੀ । ਜੋਤੀ ਜੋਤ ਸਰੂਪ ਹਰਿ, ਆਪਣੀ ਖੇਲ ਆਪ ਕਰਾਈ । ਅਰਜਨ ਤੇਰੀ ਵਡ ਵਡਿਆਈ । ਤਤੀ ਲੋਹ ਪੈਰਾਂ ਹੇਠ ਠੰਡੀ ਕਰਾਈ । ਉਤੇ ਬੈਠਾ ਤਾੜੀ ਲਾਈ । ਇਕੋ ਜੋਤ ਹਰਿ ਜੀ ਤੇਰੇ ਨਾਲ ਮਿਲਾਈ । ਕਲਜੁਗ ਜੀਵਾਂ ਝੂਠਿਆਂ ਮੱਥੇ ਛਾਹੀ ਲਾਈ । ਜੋਤੀ ਜੋਤ ਸਰੂਪ ਹਰਿ, ਆਪਣੀ ਬਣਤ ਆਪੇ ਰਿਹਾ ਬਣਾਈ । ਅਰਜਨ ਮਾਰੀ ਇਕ ਉਡਾਰੀ । ਹੋਇਆ ਤਿੰਨਾਂ ਲੋਕਾਂ ਤੋਂ ਬਾਹਰੀ । ਹਰਿ ਗੋਬਿੰਦ ਤੇਰੀ ਆਈ ਵਾਰੀ । ਰਾਣਾ ਬਾਣਾ ਸੁਹਣਾ ਲੱਗੇ, ਸੱਚੀ ਮਿਲੀ ਸਰਦਾਰੀ । ਮੀਰੀ ਪੀਰੀ ਸੱਜੇ ਖੱਬੇ, ਉਤੇ ਅਸਵ ਅਸਵਾਰੀ । ਬੇਮੁੱਖਾਂ ਪੈਰਾਂ ਨਾਲ ਦੱਬੇ, ਪੌੜ ਮਾਰੇ ਸਿਰ ਵਿਚ ਅਧਕਾਰੀ । ਇਕੋ ਤਾਰੀ ਹੋਏ ਪਹਿਲੀ ਵਾਰੀ, ਬਾਕੀ ਝੇੜਾ ਮੁਕ ਜਾਏ ਝੱਬੇ, ਮਹੱਲ ਅੰਦਰ ਢਾਹੁੰਦਾ ਜਾਏ, ਜੋਤੀ ਜੋਤ ਸਰੂਪ ਹਰਿ, ਆਪਣੀ ਜਾਣੇ ਆਪੇ ਕਾਰੀ । ਹਰਿ ਗੋਬਿੰਦ ਬੜਾ ਬਲਕਾਰ । ਉਹ ਵੀ ਗਿਆ ਅੰਤਮ ਹਾਰ । ਮੂਰਖ ਮੁਗਧ ਨਾ ਪਾਇਣ ਸਾਰ । ਅੱਗੋਂ ਮੁੜ ਗਈ ਖੰਡੇ ਧਾਰ । ਫੇਰ ਕਰੀ ਵਿਚਾਰ । ਨਿਹਕਲੰਕ ਕਲ ਆਏ ਜਾਮਾ ਧਾਰ । ਕਲਜੁਗ ਜੀਵ ਹੋਰ ਵਧਾ ਲਓ ਆਪਣਾ ਭਾਰ । ਏਕਾ ਖੰਡਾ ਹੱਥ

੪੨੮ ੦੩

ਉਠਾਏ, ਸਭ ਨੂੰ ਸੁੱਟੇ ਮੂੰਹ ਦੇ ਭਾਰ । ਉਤੋਂ ਵੱਢੇ ਪਿੱਠਾਂ ਕੰਡਾਂ ਕਰੇ ਦੋ ਦੋ ਫਾੜ । ਜੋਤੀ ਜੋਤ ਸਰੂਪ ਹਰਿ, ਪਹਿਲੀ ਹਾੜੇ ਦੇਵੇ ਸਾੜ । ਹਰਿ ਗੋਬਿੰਦ ਕਰੇ ਤਿਆਰੀ । ਹਰਿ ਰਾਏ ਨੂੰ ਕਰੋ ਨਿਮਸਕਾਰੀ । ਸਤਵਾਂ ਗੁਰ ਸੱਤਾਂ ਦੀਪਾਂ ਹੋਏ ਉਜਿਆਰੀ । ਕਲਜੁਗ ਜੀਵ ਭੁੱਲਿਆ ਫੇਰ ਨਾ ਪਾਵੇ ਸਾਰੀ । ਨਾ ਵੇਲਾ ਏਕਾ ਝੁੱਲਿਆ, ਰਾਮ ਰਾਏ ਉਠਿਆ ਦੂਜਾ ਭਾਈ ਬਲਕਾਰੀ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰੀ । ਹਰਿ ਰਾਏ ਹਰੀ ਹਰਿ । ਅੰਤਮ ਕਾਇਆ ਅਗਨੀ ਭੇਟ ਗਿਆ ਕਰ । ਛੋਟੇ ਬਾਲੇ ਬਾਲ ਅੰਵਾਣੇ, ਅਸ਼ਟਮ ਗੁਰ ਹਰਿ ਕ੍ਰਿਸ਼ਨ ਵਿਚ ਗਿਆ ਵੜ । ਖੇਲ ਕਰੇ ਬਹੁਤ ਭਾਰੇ, ਬਾਲ ਅਵਸਥਾ ਦਿੱਲੀ ਖੜਿਆ ਫੜ । ਸਾਚੇ ਦਰ ਆਪ ਬੁਲਾਇਆ, ਬੇਮੁੱਖਾਂ ਦੇ ਸ਼ਾਹ ਅੜ । ਆਪਣਾ ਵੇਲਾ ਆਪ ਸੁਹਾਇਆ, ਉਤੇ ਸੀਤਲਾ ਆਈ ਚਾਰੋਂ ਤਰਫ ਲਏ ਫੜ । ਝੂਠੀ ਕਾਇਆ ਚੋਲਾ ਆਪ ਤਜਾਇਆ, ਗੁਰਸਿਖਾਂ ਨੂੰ ਹੁਕਮ ਸੁਣਾਇਆ, ਬਾਬੇ ਬਕਾਲੇ ਦਾ ਰਾਹ ਵਖਾਇਆ ਜਿਥੇ ਬੈਠਾ ਅੰਦਰ ਵੜ । ਹਰਿ ਕ੍ਰਿਸ਼ਨ ਆਪਣਾ ਆਪ ਛੁਪਾਇਆ । ਰਾਜੇ ਬਾਈ ਧਾਰ ਹੋ ਤਿਆਰ, ਵਡ ਮਸੰਦਾ ਖੋਦ ਕੰਦਾਂ ਆਪਣਾ ਡੇਰਾ ਲਾਇਆ । ਉਠਿਆ ਇਕ ਸੱਚਾ ਵਪਾਰੀ । ਜਿਸ ਤੇ ਔਕੜ ਬਣੀ ਭਾਰੀ । ਬੇੜਾ ਰੁੜਦਾ ਜਾਏ ਵਿਚ ਮੰਝਧਾਰੀ । ਦੋਏ ਜੋੜ ਕਰੇ ਹਰਿ ਚਰਨ ਨਿਮਸਕਾਰੀ । ਔਖਾ ਵੇਲਾ ਨੇੜੇ ਆਇਆ । ਪਾ ਸਾਰ ਇਕ ਵਾਰੀ । ਤੇਗਾ ਕਮਲਾ ਜਿਸ ਮੂੰਹ ਛੁਪਾਇਆ । ਥੱਲੇ ਮੋਢਾ ਜਾ ਡਾਹਿਆ । ਬਾਹੋਂ ਫੜ ਕੇ ਬਾਹਰ ਕਢਾਇਆ । ਸ਼ਾਹ ਲੁਬਾਣਾ ਫੁੱਲਿਆ ਨਾ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਵਿਚ ਆਪ ਸਮਾਇਆ । ਉਠਿਆ ਮੱਖਣ ਸ਼ਾਹ ਲੁਬਾਣਾ । ਆਪਣੇ ਆਤਮ ਕਰੇ ਧਿਆਨਾ । ਕਿਸ ਦੀ ਭੇਟ ਚੜ੍ਹਾਵਾਂ ਪੰਜ ਸੌ ਮੋਹਰ ਕਿਹਨੂੰ ਗੁਰੂ ਬਣਾਵਾਂ । ਜੋਤੀ ਜੋਤ ਸਰੂਪ ਹਰਿ, ਕਿਥੇ ਬੈਠਾ ਦੱਸੇ ਕੋਈ ਟਿਕਾਣਾ । ਆ ਬਕਾਲੇ ਕਰਾਂ ਵਿਚਾਰ । ਕਿਹੜਾ ਵੇਖਾਂ ਸਚ ਦਰਬਾਰ । ਬਾਈ ਬੈਠੇ ਭੁੱਜਾ ਪਸਾਰ । ਮੈਂ ਸੁਣਦਾ ਆਇਆ ਇਕੋ ਇਕ ਸੱਚਾ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਮੇਰੀ ਆਤਮ ਪੂਰੀ ਕਰੋ ਵਿਚਾਰ । ਆਤਮ ਇਕ ਇਕ ਵਿਚਾਰੀ । ਵੇਖਾਂ ਕਿਹੜਾ ਸੱਚਾ ਸ਼ਾਹਕਾਰੀ । ਇਕ ਇਕ ਅਸ਼ਰਫੀ ਸਭ ਦੇ ਚਰਨਾਂ ਉਤੇ ਜਾਏ ਡਾਰੀ । ਝੂਠੇ ਝੂਠੇ ਮਾਇਆ ਧਾਰੀ । ਫੜ ਫੜ ਜੇਬੇ ਪਾਉਣ ਵਾਰੋ ਵਾਰੀ । ਜੋਤੀ ਜੋਤ ਸਰੂਪ ਹਰਿ, ਨਾ ਦਿਸਿਆ ਅਜੇ ਨਿਰੰਕਾਰੀ । ਪੂਰੀ ਹੋਈ ਨਾ ਅਜੇ ਆਸ । ਆਤਮ ਧਰੇ ਨਾ ਧਰਵਾਸ । ਪੁੱਛੇ ਫੇਰ ਆਸ ਪਾਸ । ਕਿਹੜਾ ਗੁਰੂ ਜਿਸ ਦੇ ਜਾਵਾਂ ਮੈਂ ਬਲ ਬਲ ਹੋਵਾਂ ਦਾਸ । ਸਾਰੇ ਆਖਣ ਇਕ ਤੇਗਾ ਕਮਲਾ ਰਮਲਾ ਝਮਲਾ ਸਦ ਅੰਦਰ ਰੱਖੇ ਵਾਸ । ਉਹਦੇ ਦਰ ਫਿਰ ਆਇਆ । ਜਿਥੇ ਬੈਠਾ ਮੂੰਹ ਛੁਪਾਇਆ । ਬਾਹਰੋਂ ਆ ਕੁੰਡਾ ਖੜਕਾਇਆ । ਚੁਤਾਲੀ ਬਰਸ ਲੁਕ ਲੁਕ ਡੇਰਾ ਲਾਇਆ । ਬਾਹਰ ਨਿਕਲ ਅੰਮ੍ਰਿਤ ਮੇਘ ਦੇ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਗੁਰ ਤੇਗ ਬਹਾਦਰ ਅੰਦਰ ਵੜਿਆ ਡੇਰਾ ਲਾਇਆ । ਅੰਤਮ ਕੀਆ ਇਕ ਵਿਚਾਰ । ਦੋਹਾਂ ਹੱਥਾਂ ਨਾਲ ਖੋਲ੍ਹਿਆ ਇਕ ਕਵਾੜ । ਸ਼ਾਹ ਮੱਖਣ ਨੇੜੇ ਆਇਆ, ਡਿਗਿਆ ਮੂੰਹ ਦੇ ਭਾਰ । ਇਕ ਅਸ਼ਰਫੀ ਅੱਗੇ ਰੱਖੀ ਅੱਗੋਂ ਬੋਲੇ ਸ਼ਾਹ ਅਲਖੀ ਕਿਉਂ ਹੋਇਓ ਮੂਰਖ ਮੁਗਧ ਗਵਾਰ । ਪੰਜ ਸੌ ਮੋਹਰ ਕਿਥੇ ਸਾਂਭ ਰੱਖੀ, ਕਿਉਂ ਰਿਹੋਂ ਮਨੋਂ ਵਿਸਾਰ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਵ ਆਪੇ ਦਿਤਾ ਖੁਲ੍ਹਾਰ । ਭੇਵ ਖੁਲ੍ਹਾਇਆ ਦੀਆ ਉਪਦੇਸ਼ । ਵਜਾਓ ਢੋਲ ਮਾਝੇ ਦੇਸ਼ । ਫੇਰ ਹੋਇਆ ਅਚਰਜ ਵੇਸ । ਦਿੱਲੀ ਜਾਏ ਸੀਸ ਕਟਾਇਆ । ਮਤੀ ਦਾਸ ਤੇ ਭਾਈ ਦਿਆਲਾ ਦੋਹਾਂ ਸੰਗ ਰਹਾਇਆ । ਅੰਤਮ ਵੇਲੇ

੪੨੯
੦੩

ਸਾਰੇ ਸੰਗੀ, ਨੱਠ ਨੱਠ ਘਰਾਂ ਨੂੰ ਜਾਇਆ । ਪ੍ਰਭ ਸਾਚੇ ਦਾ ਸੁਣ ਹੁਕਮ ਅਪਰ ਅਪਾਰ, ਆਪਣੇ ਆਤਮ ਧੀਰਜ ਇਕ ਰਹਾਇਆ । ਦਿਆਲਾ ਉਬਲੇ ਦੇਗ ਅੰਦਰ, ਮਤੀ ਦਾਸ ਆਰੇ ਨਾਲ ਚਿਰਾਇਆ । ਤੇਗ ਬਹਾਦਰ ਬਾਹੋਂ ਫੜ, ਵਿਚ ਚੌਂਕ ਚਾਂਦਨੀ ਆਇਆ । ਸ਼ਾਹ ਸੁਲਤਾਨ ਆਪਣਾ ਹੁਕਮ ਫ਼ਰਮਾ, ਅੰਤਮ ਵਾਰ ਇਕ ਸੁਣਾਇਆ । ਤੇਗ ਬਹਾਦਰ ਦਾ ਸਿਰ ਕਟਾਓ । ਸਾਰੀ ਹਿੰਦ ਈਨ ਮਨਾਓ । ਏਕਾ ਧਾਰ ਸਰਬ ਰਖਾਓ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਭਾਓ । ਤੇਗ ਬਹਾਦਰ ਕੱਟਿਆ ਸੀਸ । ਆਪੇ ਵੇਖੇ ਹਰਿ ਜਗਦੀਸ਼ । ਏਕਾ ਸ਼ਬਦ ਨਾਮ ਰਖਾਇਆ ਬੀਸ ਇਕੀਸ । ਅੰਤਮ ਵਾਰੀ ਭੇਵ ਚੁਕਾਏ, ਨਾ ਕੋਈ ਕਰੇ ਰੀਸ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਜਾਏ ਪੀਸ । ਗੁਰ ਗੋਬਿੰਦ ਫੇਰ ਉਠਾਇਆ । ਪੰਥ ਖਾਲਸਾ ਜਿਸ ਸਜਾਇਆ । ਸਤਾਰਾਂ ਸੌ ਤੇਈ ਬਿਕ੍ਰਮੀ ਵਿਚ ਮਾਤ ਸਾਚਾ ਚੰਦ ਚੜ੍ਹਾਇਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਦਇਆ ਕਮਾਇਆ । ਪੰਜ ਪਿਆਰੇ ਸਚ ਦੁਲਾਰੇ ਆਪਣੇ ਆਪ ਬਣਾਇਆ । ਪ੍ਰਭ ਅਬਿਨਾਸ਼ੀ ਵੇਖੇ ਮਾਰ ਝਾਤ, ਮਾਛੀਵਾੜੇ ਜਿਸ ਨੇ ਨੰਗੀਂ ਪੈਰੀਂ ਡੇਰਾ ਲਾਇਆ । ਊਚ ਨੀਚ ਜ਼ਾਤ ਪਾਤ ਗੁਰ ਪੂਰਾ ਆਪਣੀ ਹੱਥੀਂ ਦੇ ਮਿਟਾਇਆ । ਸਤਾਰਾਂ ਸੌ ਪੈਂਠ ਬਿਕ੍ਰਮੀ ਸਾਚੀ ਆਈ । ਗੁਰ ਗੋਬਿੰਦ ਕਰੀ ਸਚਖੰਡ ਚੜ੍ਹਾਈ । ਗੁਰ ਸੰਗਤ ਸਾਰੀ ਹੁਕਮ ਸੁਣਾਈ । ਪੰਥ ਖਾਲਸਾ ਇਕ ਮੁੱਠ ਹੋ ਜਾਈ । ਪ੍ਰਭ ਅਬਿਨਾਸ਼ੀ ਪਾਏ ਨੱਥ, ਨਿਹਕਲੰਕ ਲਏ ਜੋਤ ਪ੍ਰਗਟਾਈ । ਜੋਤੀ ਜੋਤ ਸਰੂਪ ਹਰਿ, ਆਪਣੀ ਬਣਤ ਆਪੇ ਆਪ ਬਣਾਈ । ਸਾਚਾ ਚੋਲਾ ਸਤਿਜੁਗ ਪਾਇਆ । ਕਾਲਾ ਰੰਗ ਉਪਰ ਚੜ੍ਹਾਇਆ । ਦੀਨ ਮੁਹੰਮਦੀ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪਣਾ ਵੇਲਾ ਆਪੇ ਆਣ ਸੁਹਾਇਆ । ਕਲਜੁਗ ਅੰਤਮ ਅੰਤ ਕਰਾਵਣਾ । 
ਗੁਰਮੁਖ ਸਾਚੇ ਸੰਤ ਦੇ ਮਤੀ ਆਪ ਸਮਝਾਵਣਾ । ਆਪ ਬਣਾਏ ਸਾਚੀ ਬਣਤ, ਸਚ ਸਮਗਰੀ ਆਪਣੇ ਹੱਥ ਰਖਾਵਣਾ । ਜੋਤੀ ਜੋਤ ਸਰੂਪ ਹਰਿ, ਏਕਾ ਲੰਬੂ ਪਹਿਲੀ ਮਾਘ ਲਗਾਵਣਾ । ਕਲਜੁਗ ਤੇਰਾ ਦਾਣਾ ਪਾਣੀ ਗਿਆ ਨਿਖੁੱਟ । ਦੋਈਂ ਹੱਥੀਂ ਹਰਿ ਜੀ ਫੜ ਕੇ ਤੇਰਾ ਗਲ ਦੇਵੇ ਘੁੱਟ । ਤੇਰਾ ਵੇਲਾ ਮੁਕਦਾ ਜਾਏ, ਸਿੰਘ ਪੂਰਨ ਦਾ ਗਲਾ ਛੁਟਦਾ ਜਾਏ ਝੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਮਾਤਲੋਕ ਵਿਚੋਂ ਤੈਨੂੰ ਕੱਢੇ ਬਾਹਰ ਕੁੱਟ । ਕਲਜੁਗ ਤੇਰਾ ਅੰਤ ਸੁਹਾਇਆ । ਸਾਚਾ ਵਰ ਤੇਰੀ ਝੋਲੀ ਪਾਇਆ । ਛਿੰਨ ਭੰਗਰ ਜਿਸ ਪ੍ਰਭ ਚਰਨੀ ਸੀਸ ਝੁਕਾਇਆ । ਕਰਨੀ ਕਰ ਧਰਨੀ ਧਰ ਬੇੜਾ ਬੰਨ੍ਹੇ ਲਾਇਆ । ਜੋਤ ਸਰੂਪੀ ਜੋਤ ਹਰਿ, ਨਿਹਕਲੰਕ ਕਲ ਜਾਮਾ ਪਾਇਆ । ਕਲਜੁਗ ਤੇਰਾ ਬਣੇ ਅਖਾੜਾ । ਵਿਚ ਮਾਤ ਦੇ ਪਹਿਲੀ ਹਾੜਾ । ਪ੍ਰਭ ਅਬਿਨਾਸ਼ੀ ਬਣ ਜਾਏ ਲਾੜਾ । ਲੱਖ ਚੁਰਾਸੀ ਆਪ ਬਹਾਏ ਲਾਹੇ ਉਤੋਂ ਪਹਾੜਾਂ । ਦੇਵ ਦੰਤ ਸਰਬ ਉਠਾਏ, ਨਾਲ ਹਨਵੰਤ ਹਰਿ ਰਲਾਏ, ਜੋ ਉਤੇ ਬੈਠੇ ਸਮੇਰੂ ਲੁਕ ਉਜਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਲਿਆਇਆ ਘਰ ਅੰਕ ਸਹੇਲੜੀਆਂ ਲਾਇਆ ਮਿਲ ਕੇ ਇਕ ਸੱਚਾ ਅਖਾੜਾ । ਸਾਚਾ ਲਾੜਾ ਹਰਿ ਰੰਗੀਲਾ । ਆਪਣੀ ਹੱਥੀਂ ਚੋਲਾ ਪਾੜੇ ਕਲਜੁਗ ਤੇਰਾ ਰਹਿਣ ਨਾ ਦੇਵੇ ਨੀਲਾ । ਸਚ ਸਮਗਰੀ ਇਕੱਠੀ ਕੀਤੀ, ਆਪਣਾ ਕਰ ਕਰ ਹੀਲਾ । ਸਾਧ ਸੰਗਤ ਪ੍ਰਭ ਦਰ ਆਈ ਨੱਠੀ, ਚੁੱਕ ਲਿਆਈ ਇਕ ਇਕ ਤੀਲਾ । ਪ੍ਰਭ ਅਬਿਨਾਸ਼ੀ ਪਹਿਲੀ ਮਾਘੀ ਤਾਅ ਭੱਠੀ, ਬੇਮੁੱਖ ਜੀਵ ਏਕਾ ਵਾਰ ਚੜ੍ਹਾ ਅਗਨੀ ਜੋਤ ਲਾ ਤੀਲਾ । ਸਾਚੀ ਭੱਠੀ ਆਪ ਚੜ੍ਹਾਈ । ਸਾਚੀ ਸੰਗਤ ਆਪ ਬਚਾਈ । ਬਾਸਠ ਸਾਲ ਜੋ ਅੱਗ ਥੱਲੇ ਰੱਖੀ ਧੁਖਾਈ । ਆਪ ਕਰਾਏ ਸਾਚੇ ਚੱਠੀ, ਨੀਲ ਆਪਣੇ

ਹੱਥ ਉਠਾਈ । ਖਲਕਤ ਸਾਰੀ ਆਵੇ ਨੱਠੀ, ਨਿਹਕਲੰਕ ਤੇਰੀ ਜੋਤ ਹੋਵੇ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤ ਲਿਆਏ ਭੈਣਾਂ ਛੱਡਣ ਭਾਈ । ਕਲਜੁਗ ਤੇਰਾ ਵਕਤ ਸੁਹਾਇਆ । ਵੇਲਾ ਅੰਤਮ ਵਿਚ ਮਾਤ ਦੇ ਆਇਆ । ਲਾੜੀ ਮੌਤ ਸੱਦ ਲਿਆਇਆ । ਬੀਰ ਬੈਤਾਲੇ ਨਾਲ ਰਲਾਇਆ । ਮਾਈ ਗੌਰਜਾਂ ਸੱਚਾ ਇਕ ਮਰਦੰਗ ਵਜਾਇਆ । ਅਸ਼ਟਭੁਜ ਆਪਣਾ ਰੰਗ ਦੂਜੀ ਵਾਰੀ ਆਪਣੀ ਹੱਥੀਂ ਫੇਰ ਲਏ ਚੜ੍ਹਾਇਆ । ਕਲਜੁਗ ਤੇਰਾ ਕਰਨ ਕਾਲ ਪਹਿਲੀ ਮਾਘ ਕਲੂ ਕਾਲ ਪ੍ਰਭ ਦਰ ਅੱਗੇ ਚਰਨ ਸੀਸ ਝੁਕਾਇਆ । ਸਾਚਾ ਕਾਲ ਇਕ ਫ਼ਰਮਾਣ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦੇ ਦੇ ਸਵਾਇਆ । ਆਪ ਉਠਾਇਆ ਵਡ ਬਲੀ ਬਲਵਾਨ, ਵਿਚ ਬਬਾਣ ਦੇਵੇ ਬਹਾਇਆ । ਉਤੋਂ ਅਗਨ ਸਿੰਘ ਬਰਸਾਣ, ਕਲਜੁਗ ਜੀਵ ਬੱਲੇ ਹਾਹਾਕਾਰ ਕਰ ਚਾਰੋਂ ਤਰਫ ਬਿਲਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਧਾਰ, ਕਰ ਵਿਚਾਰ ਕਲਜੁਗ ਤੇਰਾ ਅੰਤਮ ਅੰਤ ਕਰਾਇਆ । ਕਲਜੁਗ ਤੇਰਾ ਅੰਤ ਹੋਏ ਨਬੇੜਾ । ਮੁੱਕ ਜਾਏ ਵਿਚੋਂ ਮਾਤ ਦੇ ਝੇੜਾ । ਕੋਈ ਨਾ ਦਿਸੇ ਚਾਰੋਂ ਕੁੰਟ ਨਗਰ ਖੇੜਾ । ਆਪਣੀ ਹੱਥੀਂ ਤੇਰੀ ਚੱਕੀ ਆਪ ਚਲਾਏ, ਇਕੋ ਦੇਵੇ ਗੇੜਾ । ਗੁਰਮੁਖ ਸਾਚਾ ਸੰਤ ਰਹਿ ਜਾਏ ਜਿਉਂ ਕਿਲੀ ਲਾਗੇ ਦੁਫੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਮਾਂ ਸੁਹਾਏ ਵਕਤ ਆ ਗਿਆ ਨੇੜਾ । ਕਲਜੁਗ ਹੋ ਗਿਆ ਤਿਆਰ । ਕਰਮਾਂ ਉਤੇ ਹੋਇਆ ਅਸਵਾਰ । ਡਿਗਦਾ ਜਾਏ ਮੂੰਹ ਦੇ ਭਾਰ । ਚਾਰੋਂ ਕੁੰਟ ਦਿਸੇ ਪੈਂਦੀ ਮਾਰ । ਘਰ ਘਰ ਦਰ ਦਰ ਜੀਵ ਜੰਤ ਦਿਸਣ ਦੁਸ਼ਟ ਦੁਰਾਚਾਰ । ਗੁਰਸਿਖਾਂ ਮਿਲਦਾ ਸਾਚਾ ਵਰ, ਦੇਵੇ ਹਰਿ ਆਪ ਜੋਤ ਸਰੂਪੀ ਜਾਮਾ ਧਾਰ । ਕਲਜੁਗ ਅੰਤ ਨਾ ਡਰ ਪ੍ਰਭ ਆਪ ਤਰਿਆ, ਗੁਰ ਸੰਗਤ ਪਿਛੇ ਜਾਏ ਤਾਰ । ਬੇੜਾ ਕਰੇ ਬਿਆਸੋਂ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਚਿੱਟੇ ਘੋੜੇ ਉਤੇ ਅਸਵਾਰ । ਚਿੱਟੇ ਘੋੜੇ ਤੰਗ ਕਸਾਇਆ । ਕਲਜੁਗ ਤੇਰਾ ਵਕਤ ਚੁਕਾਇਆ । ਸਾਧ ਸੰਗਤ ਤੇਰਾ ਸਾਚਾ ਬੇੜਾ ਬੰਨ੍ਹ ਵਖਾਇਆ । ਸਿੰਘ ਮੋਤਾ ਲਗਾਏ ਲੜ, ਜਿਹੜਾ ਦਸ ਸਾਲ ਭੁੱਖਾ ਰੱਖ ਰੱਖ ਔਖਾ ਕਰ ਕਰ ਵਕਤ ਲੰਘਾਇਆ । ਪਹਿਲੀ ਮਾਘੀ ਆਪਣਾ ਹੱਥ ਫੜਾਇਆ ਘੋੜਾ, ਪੈਰੀਂ ਪਾਉਣ ਨਾ ਦਿਤਾ ਜੋੜਾ, ਸੰਤ ਮਨੀ ਸਿੰਘ ਸੰਗ ਸੰਗ ਰਖਾਇਆ । ਸਤਿਜੁਗ ਕਲਜੁਗ ਏਕਾ ਹਲ ਹਰਿ ਸਾਚੇ ਸਾਚਾ ਜੋਤਾ, ਹਾਲੀ ਬਣ ਕੇ ਲਾਇਆ । ਜੋਤੀ ਜੋਤ ਸਰੂਪ ਸੰਤ ਮਨੀ ਸਿੰਘ ਦੇ ਵਡਿਆਈ, ਸਾਚਾ ਰਾਜ ਤਿਲਕ ਮੱਥੇ ਲਗਾਇਆ । ਮਨੀ ਸਿੰਘ ਹੋਏ ਸਿਕਦਾਰ । ਨਿਹਕਲੰਕ ਉਹਦਾ ਹੋਏ ਪਹਿਰੇਦਾਰ । ਚਾਰੋਂ ਤਰਫ ਗੁਰਮੁਖਾਂ ਨੂੰ ਕਰੇ ਖ਼ਬਰਦਾਰ । ਸੋਹੰ ਸ਼ਬਦ ਡੰਕ ਲਗਾਏ, ਉਪਜਾਏ ਇਕ ਸੱਚੀ ਧੁਨਕਾਰ । ਦਵਾਰਾ ਬੰਕ ਜਾ ਸਹਾਏ, ਸੰਤ ਮਨੀ ਸਿੰਘ ਤੇਰੇ ਸਿਰ ਰੱਖੇ ਦਸਤਾਰ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਤੇਰਾ ਲਾਏ ਸੱਚਾ ਦਰਬਾਰ । ਸਤਿਗੁਰ ਮਨੀ ਸਿੰਘ ਸਚ ਕਰਮ ਕਮਾਉਂਦਾ ਜਾਈਂ ਆਪ ਬਣਾਈਂ ਸਰਵਣ ਵਹਿੰਗੀ ਇਕ ਪਾਸੇ ਰਖਾਈਂ ਬੇਮੁੱਖ ਚੜ੍ਹਾਉਂਦਾ ਜਾਈਂ । ਸਚ ਧਰਮ ਦਾ ਕਰਨਾ ਵਿਹਾਰ, ਜੂਠੇ ਝੂਠੇ ਨਸ਼ਟ ਕਰਾਉਂਦਾ ਜਾਈਂ । ਪ੍ਰਭ ਅਬਿਨਾਸ਼ੀ ਪਾਏ ਸਾਰ, ਬੇਮੁਖਾਂ ਮੁਕਾਉਂਦਾ ਜਾਈਂ । ਸੋਹੰ ਸ਼ਬਦ ਕੰਡਾ ਪਕੜ ਹੱਥੀਂ ਵੰਡਾਂ ਪਾਉਂਦਾ ਜਾਈਂ । ਕਲਜੁਗ ਅੰਤਮ ਵਰਤੇ ਕਹਿਰ, ਗੁਰਸਿਖਾਂ ਅਗਨ ਬੁਝਾਉਂਦਾ ਜਾਈਂ । ਕਰ ਕਰ ਆਪਣੀਆਂ ਮਿਹਰਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦੂਜੇ ਨੂੰ ਗੁਰਸਿਖ ਮਿਲਾਉਂਦਾ ਜਾਈਂ । ਸਤਿਜੁਗ ਤੇਰੀ ਆਈ ਬਹਾਰ । ਘਰ ਘਰ ਮਾਤ ਖਿੜੀ ਗੁਲਜ਼ਾਰ । ਗੁਰ ਪੂਰਾ ਆਇਆ ਹੋ ਤਿਆਰ । ਸੁਹਣੇ ਬਾਂਕੇ ਦਾ ਅਸਵਾਰ ।

ਤਿੰਨਾਂ ਲੋਕਾਂ ਦਾ ਸਰਦਾਰ । ਨੌਂ ਖੰਡ ਪ੍ਰਿਥਮੀ ਆਇਆ ਕਰਨ ਵਿਚਾਰ । ਸੱਤਾਂ ਦੀਪਾਂ ਪਹਿਲੀ ਮਾਘ ਕਰਿਆ ਖਬਰਦਾਰ । ਕਲਜੁਗ ਅੰਤਮ ਜਾਣਾ ਜਾਗ, ਪੈਣੀ ਡਾਹਢੀ ਮਾਰ । ਪ੍ਰਭ ਅਬਿਨਾਸ਼ੀ ਚਰਨ ਜਾਣਾ ਲਾਗ, ਨਾ ਹੋਣਾ ਫੇਰ ਖੁਆਰ । ਦੋਈਂ ਹੱਥੀਂ ਗੁਰਸਿਖਾਂ ਪਕੜੇ ਵਾਗ, ਪ੍ਰਭ ਪੂਰਨ ਕਰਮ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ । ਸਤਿਜੁਗ ਤੇਰਾ ਜਨਮ ਦਵਾਇਆ । ਇਕ ਬਗੀਚਾ ਹੱਥੀਂ ਲਾਇਆ । ਪਹਿਲੀ ਮਾਘੀ ਬੀਜ ਬਿਜਾਇਆ । ਹਾਲੀ ਹੋ ਕੇ ਹਲ ਚਲਾਇਆ । ਤਿੰਨ ਦਿਨ ਤਿੰਨ ਰਾਤਾਂ ਵਾਹ ਵਾਹ ਜੋਤਰਾ ਡਾਹਢਾ ਲਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਫੱਲ ਗੁਰ ਸੰਗਤ ਤੈਨੂੰ ਦੇ ਖਵਾਇਆ । ਸਤਿਜੁਗ ਤੇਰਾ ਵੱਜੇ ਤਾਲ । ਕਲਜੁਗ ਖਾਣ ਆਇਆ ਪਹਿਲੀ ਮਾਘੀ ਕਾਲ । ਪ੍ਰਭ ਅਬਿਨਾਸ਼ੀ ਉਠ ਉਠ ਜਾਗ, ਸਾਚੀ ਸੁਰਤ ਸੰਭਾਲ । ਗੁਰਮੁਖ ਸਾਚੇ ਸੰਤ ਜਨ ਹੰਸ ਬਣਾ ਕਾਗ ਧੋ ਪਿਛਲੇ ਦਾਗ । ਅੱਗੇ ਫਲ ਲਗਾ ਸਾਚੇ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਲੋਂ ਕੱਟ ਗੁਰਸਿਖਾਂ ਜਗਤ ਜੰਜਾਲ । ਸਤਿਜੁਗ ਤੈਨੂੰ ਮਿਲੇ ਵਧਾਈ । ਨਿਹਕਲੰਕ ਕਲ ਜੋਤ ਪ੍ਰਗਟਾਈ । ਬਣ ਕੇ ਮਾਲਨ ਫੂਲਣ ਖਾਰੀ ਸਿਰ ਉਠਾਈ । ਆਓ ਸਿੱਖੋ ਸੰਤ ਪਿਆਰਿਓ, ਪ੍ਰਭ ਸਾਚੀ ਬਣਤ ਰਿਹਾ ਬਣਾਈ । ਇਕ ਇਕ ਫੁੱਲ ਕਰ ਇਕੱਠਾ ਇਕ ਸੋਹਣਾ ਹਾਰ ਬਣਾਈ । ਗੁਰਸਿਖ ਸਾਚੇ ਸੰਤ ਜਨੋਂ ਉਤੇ ਸ਼ਬਦ ਬੰਨ੍ਹ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸੰਤ ਫੂਲਣਹਾਰ ਤਨ ਸ਼ਿੰਗਾਰ ਆਤਮ ਦੇਵੇ ਪਹਿਨਾਈ । ਸਤਿਜੁਗ ਤੇਰੀ ਬੱਧੀ ਧਾਰ । ਪ੍ਰਭ ਅਬਿਨਾਸ਼ੀ ਆਪਣੇ ਅੱਗੇ ਪਿੱਛੇ ਪਾਏ ਹਾਰ । ਸੱਜੇ ਖੱਬੇ ਖੇਲ ਰਚਾਈ, ਆਪ ਬੈਠਾ ਹਰਿ ਵਿਚਕਾਰ । ਗੁਰ ਸੰਗਤ ਫੂਲਨ ਵਾੜ ਚਾਰੋਂ ਤਰਫ ਕਰਾਈ । ਕਿਸੇ ਉਂਗਲ ਦੁੱਖ ਨਾ ਲੱਗੇ ਭਾਰ । ਇਹ ਕੰਡਿਆਂ ਵਿਚੋਂ ਹਰਿ ਜੀ ਤੋੜ ਲਿਆਈ, ਫੇਰ ਬਣਾਇਆ ਇਕ ਸੱਚਾ ਸੋਹਣਾ ਹਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਜੋਤ ਧਰ ਗੁਰਸਿਖ ਸਾਚੇ ਸੰਤ ਜਨੋ ਗਲ ਤੁਹਾਡੇ ਦੇਵੇ ਡਾਰ । ਫੂਲਣਹਾਰ ਦਿਤੀ ਵਡਿਆਈ । ਸਤਿਜੁਗ ਤੇਰੀ ਸਾਚੀ ਰੀਤ ਚਲਾਈ । ਅੱਗੇ ਪਿੱਛੇ ਆਪਣੇ ਹਰਿ ਜੀ ਰਿਹਾ ਲਟਕਾਈ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਸੋਹਣੀ ਸੇਜਾ ਆਪ ਬਣਾਈ । ਸੋਹਣਾ ਨਗਰ ਵਿਚਾਰ ਕਰ, ਸੋਹਣਾ ਮਨਜੀਤ ਉਤੇ ਦਿਤਾ ਸਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਬਣਾਈ ਬਣਤ, ਇਕ ਬਾਲਾ ਭੇਟ ਚੜ੍ਹਾਈ । ਸਤਿਜੁਗ ਤੇਰਾ ਸਾਚਾ ਚਾਨਣ । ਗੁਰਸਿਖਾਂ ਦੇਵੇ ਹਰਿ ਪ੍ਰਭ ਗਿਆਨਣ । ਏਕਾ ਰਾਖੇ ਚਰਨ ਧਿਆਨਣ । ਗੁਰਮੁਖ ਸਾਚੇ ਸੰਤ ਜਨ ਫੂਲਣ ਸੇਜਾ ਸਾਚੀ ਮਾਨਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖੋ ਇਹ ਬਣਾਇਆ ਤੁਹਾਡਾ ਬਾਲਣ । ਅੰਤਮ ਸਿੜੀ ਫੂਲਨ ਦਏ ਬਣਾ । ਗੁਰਮੁਖ ਸਾਚੇ ਸੰਤ ਜਨਾਂ ਅੰਤਮ ਵਾਰੀ ਉਤੇ ਦਏ ਟਿਕਾ । ਆਪਣੀ ਕਿਰਪਾ ਦੇਵੇ ਕਰ, ਸ਼ਬਦ ਬਬਾਣੇ ਲਏ ਚੜ੍ਹਾ । ਕਿਤੇ ਨਾ ਜਾਏ ਰਾਹ ਵਿਚ ਅੜ, ਸਾਚੇ ਅੰਦਰ ਜਾਏ ਵੜ, ਜਿਥੇ ਬੈਠਾ ਜੋਤ ਜਗਾ । ਦੋਵੀਂ ਹੱਥੀਂ ਚਰਨ ਲਏ ਫੜ, ਪ੍ਰਭ ਅਬਿਨਾਸ਼ੀ ਦੇਵੇ ਠੰਡੀ ਛਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਗੁਰ ਸੰਗਤ ਮਾਣ ਦਵਾਏ, ਸਾਚੇ ਥਾਂ ਬਹਾਏ, ਆਪੇ ਫੜੇ ਦੋ ਹੱਥਾਂ ਨਾਲ ਬਾਂਹ । ਸਾਚਾ ਸਚ ਵਿਹਾਰ ਆਪ ਕਰਾਉਣਾ । ਗੁਰਸਿਖ ਤੇਰੇ ਦਰ ਘਰ ਜਾਏ ਸ਼ਬਦ ਸਰੂਪੀ ਆਤਮ ਜੋਤ ਜਗਾਉਣਾ । ਦੇਂਦਾ ਜਾਏ ਸਾਚਾ ਵਰ, ਬਾਹੋਂ ਫੜ ਆਪ ਉਠਾਉਣਾ । ਨੁਹਾਉਂਦਾ ਜਾਏ ਸਾਚੇ ਸਰ, ਕਾਗ ਹੰਸ ਆਪ ਬਣਾਉਣਾ । ਅੰਮ੍ਰਿਤ ਭੰਡਾਰੇ ਜਾਏ ਭਰ, ਅਗਿਆਨ ਅੰਧੇਰ ਸਰਬ ਮਿਟਾਉਣਾ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਗੁਰਸਿਖ ਸਾਚੇ ਤੇਰੀ ਬਣਤ ਆਪਣੀ ਹੱਥੀਂ ਆਪ ਬਣਾਉਂਣਾ । ਸਾਚੇ ਘਰ ਕਰੇ ਰੁਸ਼ਨਾਈ । ਪਹਿਲੀ ਮਾਘੀ ਜੋਤ ਜਗਾਈ । ਉਚੀ ਕੂਕੇ ਕੂਕ ਪੁਕਾਰੇ, ਨਿਹਕਲੰਕ ਕਲ ਜਾਮਾ ਪਾਈ । ਗੁਰਸਿਖ ਬਣਾਏ ਬਣਤ ਸਚ ਦੁਲਾਰੇ, ਸਿਰ ਸਿਹਰਾ ਹੱਥ ਲਗਾਈ । ਆਓ ਸੰਤ ਪਿਆਰਿਓ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸੱਚੀ ਵਡਿਆਈ । ਪਹਿਲੀ ਮਾਘ ਕਰਮ ਕਮਾਇਆ । ਸਤਿਜੁਗ ਸਾਚਾ ਮਾਤ ਧਰਾਇਆ । ਵਾਲੀ ਦੋ ਜਹਾਨੀ ਬਣ ਕੇ ਹਰਿ ਜੀ ਆਇਆ । ਕੋਈ ਹੱਥ ਨਾ ਦਿਸੇ ਖਾਲੀ, ਘਰ ਘਰ ਗੁਰਸਿਖ ਰੁਸ਼ਨਾਈ ਕਰਦਾ ਆਇਆ । ਦੇਂਦਾ ਜਾਏ ਵਰ, ਸਾਚਾ ਸਿਹਰਾ ਸੀਸ ਤੇਰੇ ਧਰਾਇਆ । ਆਪੇ ਬੰਧ ਆਪਣੇ ਲੜ, ਗਲ ਵਿਚ ਜਿਹੜਾ ਲਟਕਾਇਆ । ਲੱਖ ਚੁਰਾਸੀ ਵਿਚੋਂ ਪ੍ਰਭ ਅਬਿਨਾਸ਼ੀ ਬਾਹੋਂ ਫੜ, ਇਕ ਅੱਠ ਗੁਰਸਿਖ ਇਕੱਠੇ ਕਰ, ਕਰ ਦਰ ਆਪਣੇ ਲਏ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਿਆ ਤੁਠ, ਗੁਰਸਿਖ ਜੋ ਗਿਆ ਰੁਠ, ਪਹਿਲੀ ਮਾਘੀ ਫੇਰ ਮਨਾਇਆ । ਸੰਤ ਮਨੀ ਸਿੰਘ ਹੋ ਤਿਆਰ, ਛੇਤੀ ਉਠ ਵੇਲਾ ਨੇੜੇ ਆਇਆ । ਪ੍ਰਭ ਅਬਿਨਾਸ਼ੀ ਖੜਾ ਖਲੋਤਾ ਦੇਵੇ ਦੋ ਹੱਥਾਂ ਦਾ ਪਿਆਰ, ਆਪ ਹੋਏ ਸਹਾਇਆ । ਦੇਵੇ ਮਾਣ ਸੱਚੇ ਦਰਬਾਰ, ਪਰਦਾ ਉਹਲਾ ਨਾ ਕੋਈ ਰਖਾਇਆ । ਪ੍ਰਭ ਅਬਿਨਾਸ਼ੀ ਸਚ ਭਤਾਰ, ਨਾ ਕੋਈ ਠੱਗ ਨਾ ਕੋਈ ਚੋਰ ਯਾਰ, ਭਰਮ ਭੁਲੇਖਾ ਦੂਰ ਕਰਾਇਆ । ਆਓ ਵੇਖੋ ਹਰਿ ਨਿਰੰਕਾਰ, ਜੋਤ ਸਰੂਪੀ ਜਾਮਾ ਪਾਇਆ । ਸਿੰਘ ਸਿੰਘਾਸਣ ਹਰਿ ਜੀ ਬੈਠਾ ਦੋਵੇਂ ਭੁੱਜਾ ਪਸਾਰ, ਗੁਰਮੁਖ ਸਾਚੇ ਸੰਤ ਜਨਾਂ ਆਪਣਾ ਮੇਲ ਮਿਲਾਇਆ । ਪੰਚਾਂ ਦੂਤਾਂ ਦੇਵੇ ਮਾਰ, ਆਪਣਾ ਆਪ ਵਿਚ ਦੇ ਟਿਕਾਇਆ । ਫੇਰ ਨਾ ਨਿਕਲੇ ਵਿਚੋਂ ਬਾਹਰ, ਹੰਕਾਰ ਵਿਕਾਰ ਨੇੜ ਕੋਈ ਨਾ ਆਇਆ । ਸਤਿਜੁਗ ਤੇਰੀ ਬੱਧੀ ਧਾਰ, ਸਿਰ ਆਪਣੇ ਤੇ ਚੁਕਿਆ ਭਾਰ, ਰਸਤਾ ਬੰਦ ਕਰਾਇਆ । ਗੁਰਸਿਖਾਂ ਸੰਗ ਕੀਆ ਪਿਆਰ, ਪਿੱਛਲਾ ਕਰ ਵਿਚਾਰ ਵਿਹਾਰ, ਨਿਹਕਲੰਕ ਕਲ ਜਾਮਾ ਪਾਇਆ । ਹਰਿ ਸੱਚਾ ਸ਼ਾਹ ਸੁਲਤਾਨ ਹੈ । ਖੋਲ੍ਹੇ ਸਤਿਜੁਗ ਤੇਰੀ ਸੱਚੀ ਇਕ ਦੁਕਾਨ ਹੈ । ਸਿੰਘਾਸਣ ਬਣਾਏ ਸੱਚਾ ਮਕਾਨ ਹੈ । ਚਾਰ ਪਾਵੇ ਚਾਰ ਕੁੰਟ ਦਾ ਸੱਚਾ ਨਿਸ਼ਾਨ ਹੈ । ਪ੍ਰਭ ਅਬਿਨਾਸ਼ੀ ਕਿਰਪਾ ਕਰ ਜੋਤ ਜਗਾਏ ਨਾ ਕੋਈ ਦਿਸੇ ਕਿਲ੍ਹਾ ਮਕਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਲਗਾਏ ਸੱਚੀ ਉਡਾਨ ਹੈ । ਸਚ ਖੁਲ੍ਹਾਇਆ ਹਰਿ ਦਵਾਰ । ਵਣਜ ਕਰਨਾ ਗੁਰਸਿਖ ਇਕ ਸੱਚਾ ਵਪਾਰ । ਸੋਹੰ ਵਸਤ ਲੈਣੀ ਰਸਦ ਵਿਚ ਮਾਤ ਅਪਰ ਅਪਾਰ । ਪ੍ਰਭ ਕਸ ਬੈਠਾ ਤੰਗ, ਸੱਚੇ ਹਸਤ ਉਤੇ ਹੋਣ ਵਾਲਾ ਅਸਵਾਰ । ਕਿਸੇ ਪਾਉਣਾ ਮਿਲੇ ਨਾ ਤਨ ਬਸਤਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਅਸਵਾਰ । ਸਾਚਾ ਵਣਜ ਕਰ ਗੁਰਸਿਖ ਵਣਜਾਰਿਆ । ਸਾਚਾ ਲਾਹਾ ਖੱਟ, ਪ੍ਰਭ ਆਪ ਦਵਾਰਿਆ । ਏਕਾ ਵਸੇ ਝੂਠੇ ਮੱਟ, ਅੰਤਮ ਭੰਨੇ ਭੰਨਣ ਹਾਰਿਆ । ਪ੍ਰਭ ਵਸੇ ਘਟ ਘਟ, ਜੋਤ ਜਗੇ ਲਟ ਲਟ, ਆਤਮ ਜੋਤੀ ਆਪ ਜਗਾ ਰਿਹਾ । ਸਾਚਾ ਸ਼ਬਦ ਵਿਹਾਜੋ ਪੱਟ, ਤਨ ਗਹਿਣਾ ਆਪ ਪਹਿਨਾ ਰਿਹਾ । ਦਿਵਸ ਰੈਣ ਰਸਨਾ ਰਟ, ਦੁੱਖ ਰੋਗ ਪਾਪ ਕੱਟ, ਅੰਮ੍ਰਿਤ ਕਾਂਗ ਇਕ ਚੜ੍ਹਾ ਰਿਹਾ । ਪੀ ਅੰਮ੍ਰਿਤ ਗਟ ਗਟ, ਦੂਈ ਦਵੈਤ ਫਟ ਸ਼ਬਦ ਪੱਟੀ ਲਾ ਝੱਟ, ਪ੍ਰਭ ਸਾਰੇ ਰੋਗ ਗਵਾ ਰਿਹਾ । ਚਰਨ ਧੂੜ ਪ੍ਰਭ ਦਰ ਚੱਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਘਾਟਾ ਪੂਰ ਕਰਾ ਰਿਹਾ । ਪਿਛਲਾ ਘਾਟਾ ਹੋਇਆ ਪੂਰਾ । ਅੱਗਾ ਨੇੜੇ ਆ ਗਿਆ, ਪਿਛਾ ਰਹਿ ਗਿਆ ਦੂਰਾ । ਗੁਰ ਗੋਬਿੰਦ ਜੋ ਵਕਤ ਗਵਾਇਆ, ਫਿਰ ਪਛੋਤਾਵ ਕਰਾਇਆ, ਕਰ ਕੇ ਜਾਏ

ਪੂਰਾ । ਨਿਹਕਲੰਕ ਕਲ ਜਾਮਾ ਪਾਏ ਜੋਤ ਜਗਾਏ ਕਰੇ ਰੁਸ਼ਨਾਇਆ, ਕਰੇ ਕਰਾਏ ਜੋ ਮਨ ਭਾਇਆ ਬਚਨ ਨਾ ਰਹੇ ਅਧੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਸੂਰਾ ਸੂਰਬੀਰਾ । ਸੂਰਬੀਰ ਸਖੀ ਸੁਲਤਾਨ । ਲਾਈ ਬੈਠਾ ਇਕ ਦੁਕਾਨ । ਰਿਧਾਂ ਸਿਧਾਂ ਇਹੋ ਖਾਨ । ਕਲਜੁਗ ਲਾਹੁਣ ਆਇਆ ਮਕਾਨ । ਬੈਠਾ ਉਪਰ ਸ਼ਬਦ ਬਬਾਨ । ਚਾਰੋਂ ਤਰਫ ਬੇਮੁਖਾਂ ਭੰਨਦਾ ਜਾਏ ਟਾਹਣ । ਏਕਾ ਸ਼ਬਦ ਤੀਰ ਚਲਾਏ ਵੱਜੇ ਸੀਨੇ ਬਾਣ । ਉਠ ਉਠ ਭੱਜੇ ਆਉਣ ਮੈਦਾਨ । ਬਚੇ ਕਚੇ ਦੂਜੇ ਦਾ ਲਾਹੁਣ ਘਾਣ । ਗੁਰਮੁਖਾਂ ਹਰਿ ਪਰਦਾ ਕੱਜੇ, ਪਹਿਲੀ ਮਾਘੀ ਜੋ ਜਨ ਆਏ ਦਰਸ਼ਨ ਪਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਗਿਆ ਹੱਥ ਨਾ ਆਵਣਾ । ਦੇ ਮੱਤ ਵਿਚ ਮਾਤ ਬਿਨ ਗੁਰ ਪੂਰੇ ਨਾ ਕਿਸੇ ਸਮਝਾਵਣਾ । ਗੁਰਸਿਖਾਂ ਬਾਲ ਅੰਞਾਨਿਆਂ, ਬਾਹੋਂ ਫੜ ਨਾ ਕਿਸੇ ਗਲੇ ਲਗਾਵਣਾ । ਹੰਕਾਰੀ ਵਡ ਜਰਵਾਨਿਆਂ ਸੁਘੜ ਸਿਆਨਿਆਂ, ਪ੍ਰਭ ਧੱਕੇ ਦੇ ਪਰ੍ਹੇ ਹਟਾਵਣਾ । ਗਰੀਬ ਨਿਮਾਨਿਆਂ, ਪ੍ਰਭ ਸਾਚੇ ਵਿਚ ਮਾਤ ਗਲੇ ਲਗਾਵਣਾ । ਪ੍ਰਭ ਚਰਨ ਲਗਾਏ ਰਾਜੇ ਰਾਣਿਆਂ, ਗੁਰ ਸੰਗਤ ਤੇਰੇ ਸੰਗ ਰਲਾਵਣਾ । ਫੇਰ ਪਹਿਨੇ ਚਿੱਟਾ ਬਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਵੇਸ ਮਾਝੇ ਦੇਸ, ਗੁਰਸਿਖਾਂ ਨੂੰ ਸਮਝਾਣਾ । ਗੁਰਸਿਖਾਂ ਹਰਿ ਸਮਝਾਇੰਦਾ । ਰਾਹ ਸਾਚੇ ਆਪੇ ਪਾਇੰਦਾ । ਭਾਂਡੇ ਕਾਚੇ ਹਿਰਦੇ ਵਾਚੇ, ਆਪੇ ਪੋਚੇ, ਆਪੇ ਪਾਚੇ ਦੀਪਕ ਜੋਤੀ ਵਿਚ ਟਿਕਾਇੰਦਾ । ਪ੍ਰਭ ਅਬਿਨਾਸ਼ੀ ਸਾਚੋ ਸਾਚੇ, ਝੂਠਾ ਵਣਜ ਨਾ ਕਿਸੇ ਕਰਾਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁੱਤਿਆਂ ਆਪ ਉਠਾਏ, ਦੇ ਮੱਤ ਆਪ ਸਮਝਾਏ, ਗੁਰਮੁਖ ਸਾਚੇ ਦਰਗਹਿ ਲੇਖੇ ਲਾਇੰਦਾ । ਪ੍ਰਭ ਅਬਿਨਾਸ਼ੀ ਕੰਡਾ ਫੜਿਆ ਅੱਧਵਿਚਕਾਰ । ਏਕਾ ਦਿਤਾ ਚਾਰੋਂ ਤਰਫ ਹੁਲਾਰ । ਸਤਿਜੁਗ ਇਕ ਪੂਰੇ ਤੋਲ ਤੋਲਿਆ, ਕਲਜੁਗ ਹੋਇਆ ਹੌਲਾ ਭਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਾਤਲੋਕ ਵਿਚੋਂ ਕੱਢਿਆ ਬਾਹਰ । ਦੂਜਾ ਕੰਡਾ ਆਪ ਉਠਾਇਆ । ਸਿਧਾ ਡੰਡਾ ਆਪ ਰਖਾਇਆ । ਇਕ ਪਾਸੇ ਗੁਰ ਸੰਗਤ ਪਾਈ ਦੂਜੇ ਪਾਸੇ ਨੌਂ ਖੰਡ ਪ੍ਰਿਥਮੀ ਵਰਭੰਡਾ ਆਇਆ । ਏਕਾ ਦੇਵੇ ਫੇਰ ਹੁਲਾਰਾ, ਗੁਰਸਿਖ ਤੇਰਾ ਭਾਰ ਨਾ ਹੌਲਾ ਸਕੇ ਕੋਈ ਕਰਾਇਆ । ਗੁਰਸਿਖ ਸਾਚਾ ਲੇਖੇ ਲਾਇਆ । ਬੇਮੁੱਖ ਅੱਧਵਿਚਕਾਰ ਧਰਮ ਰਾਏ ਲਏ ਖਲਾਰ । ਏਥੇ ਲੇਖਾ ਦੇ ਕੇ ਜਾਣਾ, ਅੱਗੇ ਸੱਚੀ ਸਰਕਾਰ । ਚਾਰੋਂ ਤਰਫ ਉਠ ਉਠ ਵੇਖਣ ਸਿਰ ਤੇ ਚੁਕਿਆ ਜੂਠਿਆਂ ਝੂਠਿਆਂ ਝੂਠਾ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਲੋਕਮਾਤ ਆਇਆ ਜਾਮਾ ਧਾਰ । ਧਰਮ ਰਾਏ ਅੱਧ ਵਿਚ ਅਟਕਾਏ । ਸਾਚਾ ਹੁਕਮ ਇਕ ਸੁਣਾਏ । ਪਿਛਲਾ ਲੇਖਾ ਖੋਲ੍ਹ ਵਖਾਏ । ਅੱਡੋ ਅੱਡੀ ਲੇਖੇ ਲਾਏ । ਵਹੀ ਖਾਤਾ ਹਰ ਇਕ ਦਾ ਆਪ ਬਣਾਏ । ਪ੍ਰਭ ਅਬਿਨਾਸ਼ੀ ਉਤੋਂ ਵੇਖੇ ਪਾੜ ਗਗਨ ਦੀਆਂ ਛਾਂਤਾਂ, ਕਲਜੁਗ ਜੀਵਾਂ ਅੰਤਮ ਅੰਤ ਕਲ ਧਰਮ ਰਾਏ ਕਿਵੇਂ ਲੇਖ ਮੁਕਾਏ । ਧਰਮ ਰਾਏ ਘਰ ਹੋਏ ਚਾਲੀ । ਪੁੱਤਰ ਮਾਵਾਂ ਕੱਢਣ ਗਾਲੀਂ । ਐਵੇਂ ਖਵਾਈ ਰੋਟੀ ਵਿਚ ਪਾਪਾਂ ਥਾਲੀ । ਨਾ ਸ਼ਬਦ ਸਾਚਾ ਰਾਹ ਵਖਾਇਆ, ਨਾ ਘਰ ਸਾਚੇ ਜਾ ਬਹਾਇਆ ਨਾ ਮਿਲਿਆ ਸਾਚਾ ਮਾਲੀ । ਅੱਗੇ ਹੋ ਨਾ ਕੋਈ ਛੁਡਾਏ, ਸਾਰੇ ਦਿਸਣ ਦੋਹਾਂ ਹੱਥਾਂ ਤੋਂ ਖ਼ਾਲੀ । ਮਾਤ ਪਿਤ ਭੈਣ ਭਰਾ ਸਾਕ ਸੱਜਣ ਇਕ ਦੂਜੇ ਨੂੰ ਕੱਢਣ ਗਾਲੀ । ਕਲਜੁਗ ਝੂਠਾ ਮਾਤਲੋਕ ਵਿਚੋਂ ਬਾਹਰ ਕਢਾਇਆ । ਸਿਧੇ ਰਾਹੇ ਆਪੇ ਪਾਇਆ । ਝੂਠੇ ਝੂਠਾ ਭਾਰ ਸਿਰ ਚੁਕਾਇਆ । ਪੌੜੀ ਪੌੜੀ ਦੇ ਚੜ੍ਹਾਇਆ । ਕਲਜੁਗ ਅੱਗੋਂ ਦੋਏ ਜੋੜ ਕਰੇ ਸਰਨਾਇਆ । ਪ੍ਰਭ ਅਬਿਨਾਸ਼ੀ ਮਾਰੇ ਧੱਕੇ,


੪੩੪
੦੩

ਇਕ ਇਕ ਘੁੱਟ ਪਾਣੀ ਦੇ ਪਿਆਇਆ । ਦੂਜਾ ਹੁਕਮ ਸੁਣਾਇਆ ਮੌਤ ਲਾੜੀ ਜਾ ਮਦੀਨੇ ਮੱਕੇ, ਪੀਰ ਕੁਤਬ ਗੌਸ ਵਡ ਮੁਨਾਰੇ ਸਾਰੇ ਢਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਨੇਤਰ ਪੇਖ ਦਰ ਘਰ ਸਾਚੇ ਵੇਖ ਪਹਿਲੀ ਮਾਘੀ ਕੀ ਸਾਂਗ ਵਰਤਾਇਆ । ਧਰਮ ਰਾਏ ਸਾਚਾ ਸ਼ਾਹ । ਬੇਮੁਖ ਜੀਵਾਂ ਸੂਦ ਲਾਏ ਮਹਿੰਗੇ ਭਾ । ਏਥੇ ਲੇਖਾ ਸਚ ਚੁਕਾਉਣਾ, ਬੇਈਮਾਨਾਂ ਵਡ ਸ਼ੈਤਾਨਾਂ ਨਾ ਕੋਈ ਮਿਲੇ ਥਾਂ । ਗੁਰਸਿਖ ਸਾਚੇ ਸੰਤ ਜਨਾਂ ਪ੍ਰਭ ਨੇਤਰ ਨਾਲ ਵਖਾਉਣਾ, ਚਾਰੋਂ ਤਰਫ ਫਿਰਾਉਣਾ, ਅੱਗੇ ਫੜ ਕੇ ਤੇਰੀ ਦੋ ਹੱਥਾਂ ਨਾਲ ਬਾਂਹ । ਸਤਿਜੁਗ ਤੇਰਾ ਚੁੱਕਿਆ ਭਾਰ । ਮਾਤਲੋਕ ਆਇਆ ਸੱਚਾ ਸਿਕਦਾਰ । ਸਤਿਜੁਗ ਬੰਨ੍ਹੇ ਸਾਚੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਗੁਰਸਿਖਾ ਵਰਤੇ ਆਪਣੀ ਕਾਰ । ਸਤਿਜੁਗ ਪ੍ਰਭ ਹੱਥ ਤੇਰੀ ਡੋਰ । ਚਾਰੇ ਤਰਫ ਕਰੇ ਸ਼ਬਦ ਘਨਘੋਰ । ਨਾ ਕੋਈ ਦਿਸੇ ਠੱਗ ਯਾਰ ਚੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਮੋਰ ਤੋਰ ।

### * ੨ ਮਾਘ ਅਤੇ ੩ ਮਾਘ ੨੦੧੦ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਹਿ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ਘਨਕਪੁਰੀ ਦੇ ਨਾਮ ਦੀ ਵਡਿਆਈ *

ਘੱਗਾ ਘਰ ਸਚ ਬਣਾਇਆ, ਓਥੇ ਕੋਈ ਨਾ ਵੜੇ ਹੋਰ । ਪ੍ਰਭ ਬਾਹੋਂ ਫੜ ਪਾਰ ਕਰਾਇਆ, ਅੰਦਰ ਵੜਿਆ ਵਿਚ ਪੰਜ ਤਤੀ ਚੋਰ । ਬਾਹਰ ਕੱਢ ਪ੍ਰਭ ਅਬਿਨਾਸ਼ੀ ਗੁਰਸਿਖਾਂ ਆਪਣਾ ਦਰਸ ਨੇਤਰ ਖੋਲ੍ਹ ਵਖਾਇਆ, ਰਹਿਣ ਨਾ ਦੇਵੇ ਕੋਈ ਹਰਾਮ ਖੋਰ । ਘੱਗਾ ਘੋੜਾ ਇਕ ਰਖਾਇਆ, ਜਿਹੜਾ ਅੱਠੇ ਪਹਿਰ ਪਾਉਂਦਾ ਰਹੇ ਸ਼ੋਰ । ਪਹਿਲੀ ਮਾਘ ਜਿਸ ਦਾ ਤੰਗ ਕਸਾਇਆ, ਪ੍ਰਭ ਦਰ ਆਇਆ ਧੁਰ ਦਰਗਾਹੋਂ ਦੌੜ । ਸਾਚਾ ਹੁਕਮ ਹਰਿ ਸੁਣਾਇਆ, ਕਲਜੁਗ ਸਿਰ ਵਿਚ ਮਾਰਿਆ ਪਹਿਲਾ ਪੌੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲਾ ਘੱਗਾ ਆਖ ਸੁਣਾਇਆ, ਪੱਟੀ ਕੀਤੀ ਚੌੜ । ਘੱਗਾ ਦੱਸਾਂ ਪਿੰਡ ਘਵਿੰਡ । ਬੇਮੁਖਾਂ ਜੀਵਾਂ ਆਤਮ ਹੋਈ ਰੰਡ । ਕਲਜੁਗ ਅੰਤਮ ਸਾਰੇ ਵੇਖੋ ਬੇਮੁਖਾਂ ਮੂਧੀ ਹੋਈ ਟਿੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਆਪੇ ਵਸੇ ਗੁਰਸਿਖ ਸਾਚੇ ਘਰ ਆਤਮ ਪਿੰਡ । ਘੱਗਾ ਘਰ ਪਾਇਆ ਘੇਰਾ । ਚਾਰੋਂ ਤਰਫ ਲੱਗਾ ਪਹਿਰਾ, ਫਿਰੇ ਚਾਰ ਚੁਫੇਰਾ । ਸਾਚਾ ਹੁਕਮ ਇਕ ਸੁਣਾਏ, ਵੜਨ ਨਾ ਦੇਵੇ ਐਰਾ ਗੈਰਾ । ਪਾਪੋਂ ਚੋਰ ਹਰਾਮ ਖੋਰ ਢਹਿ ਢਹਿ ਪੈਂਦੀ ਪੈਰਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪੇ ਤਾਰੇ ਸਚ ਦਵਾਰੇ ਕਰ ਕਰ ਵੱਡੀਆਂ ਮਿਹਰਾਂ । ਘੱਗਾ ਘਰ ਘਰ ਦਏ ਸੰਦੇਸ਼ । ਪ੍ਰਭ ਪ੍ਰਗਟਿਆ ਮਾਝੇ ਦੇਸ । ਪ੍ਰਭ ਧਾਰੀ ਬੈਠਾ ਜੋਤ ਸਰੂਪੀ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਸਿੰਘ ਆਸਣ ਡੇਰਾ ਲਾਏ ਸ੍ਰਿਸ਼ਟ ਸਬਾਈ ਦਾ ਇਕ ਸੱਚਾ ਨਰ ਨਰੇਸ਼ । ਨੰਨਾ , ਨੰਨੇ ਤੇਰੀ ਆਈ ਵਾਰੀ । ਨਰਾਇਣ ਨਰ ਜੋਤ ਧਾਰੀ । ਸਚ ਬਣਾਈ ਇਕ ਅਕਾਰੀ । ਗੁਰਸਿਖ ਤੇਰੀ ਕਾਇਆ ਪਿਆਰੀ । ਸੱਚਾ ਆਸਣ ਆਤਮ ਸੇਜਾ, ਪ੍ਰਭ ਅਬਿਨਾਸ਼ੀ ਸੁੱਤਾ ਦੋਵੇਂ ਪੈਰ ਪਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ, ਆਇਆ ਮਾਤਲੋਕ ਜਾਮਾ ਧਾਰੀ । ਨੰਨਾ

ਨਰ ਹਰਿ ਹਰਿ ਅਵਤਾਰਾ । ਏਕਾ ਕੀਆ ਸਚ ਵਿਹਾਰਾ । ਕਲਜੁਗ ਜਾਮਾ ਅੰਤਮ ਪਾਇਆ, ਮਾਤਲੋਕ ਵਿਚੋਂ ਕੀਆ ਬਾਹਰਾ । ਸਤਿਜੁਗ ਸਾਚਾ ਮਾਤ ਧਰਾਇਆ, ਧਰਤ ਮਾਤ ਤੇਰਾ ਬਣਾਇਆ ਛੋਟਾ ਨਿੱਕਾ ਇਕ ਦੁਲਾਰਾ । ਗੁਰ ਸੰਗਤ ਸਾਰੀ ਨਾਲ ਰਲਾਏ, ਆਪੇ ਦੇਵੇ ਚਾਰੋਂ ਤਰਫ ਪਹਿਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ, ਸੋਹੰ ਸ਼ਬਦ ਚਾਰ ਕੁੰਟ ਇਕ ਕਰਾਏ ਜੈ ਜੈ ਜੈਕਾਰਾ । ਨੰਨੇ ਨਾਮ ਦੇਵੇ ਵਡਿਆਈ । ਸੋਹੰ ਸ਼ਬਦ ਤੇਰੀ ਸਤਿ ਕਮਾਈ । ਸਤਿਜੁਗ ਸਾਚੇ ਮਾਤ ਧਰ, ਤੇਰੀ ਜੋਤ ਜਗਾਈ । ਚਰਨ ਪ੍ਰੀਤੀ ਨਾਤ ਕਰ, ਗੁਰਸਿਖਾਂ ਦੇ ਸਮਝਾਈ । ਦੂਜੇ ਨਾਲ ਨਾ ਬਾਤ ਕਰ, ਦਰ ਦਰਬਾਰਿਉਂ ਬਾਹਰ ਕਢਾਈ । ਜ਼ਾਤ ਪਾਤ ਦੂਰ ਕਰ, ਚਾਰ ਵਰਨ ਭੈਣ ਭਰਾ ਬਣਾਈ । ਸਾਚੀ ਝੋਲੀ ਹਰਿ ਦਾਤ ਭਰ, ਗੁਰਸਿਖਾਂ ਸੋਹੰ ਦੇਵੇ ਸੱਚੀ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਟੇ ਗੁਰਸਿਖਾਂ ਲੱਗੀ ਛਾਹੀ । ਨੰਨਾ ਨੌਂ ਨਿਧ ਨਾਮ ਨਿਧਾਨ ਹੈ । ਪਹਿਲੀ ਮਾਘੀ ਦੇਵੇ ਗੁਰਸਿਖਾਂ ਬਣ ਕੇ ਮਿਹਰਬਾਨ ਹੈ । ਨਵਾਂ ਨਾਲ ਨਾਵੇਂ ਘਰੇ ਅਠਾਰਾਂ ਸਿਧਾਂ, ਤੇਰੇ ਦਰ ਦਰ ਧੱਕੇ ਖਾਣ ਹੈ । ਆਪ ਬਣਾਈ ਸਾਚੀ ਬਿਧਾ, ਕਲਜੁਗ ਤੇਰੀ ਲਹੁਣ ਆਇਆ ਮਕਾਨ ਹੈ । ਲਾੜੀ ਮੌਤ ਪਹਿਲਾ ਇਕ ਵਖਾਇਆ ਰਾਹ ਸਿੱਧਾ, ਮੁਹੰਮਦੀ ਦੀਨਾ ਆਪ ਮਿਟਾਣ ਹੈ । ਖਾਣ ਨਾ ਦੇਵੇ ਕਿਸੇ ਪੱਕਾ ਰਿੱਧਾ, ਵੇਲੇ ਅੰਤ ਸਰਬ ਪਛਤਾਣ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ, ਏਕਾ ਮਾਰੇ ਸ਼ਬਦ ਬਾਣ ਹੈ । ਨੰਨਾ ਨਈਆ ਜਗਤ ਚਲਾਈ । ਗੁਰ ਸੰਗਤ ਭੈਣਾਂ ਭਈਆ ਆਪ ਬਣਾਈ । ਆਪੇ ਬਣੇ ਸਾਚਾ ਪਿਤ, ਧਰਤ ਮਾਤ ਸਾਚੀ ਮਾਂ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਾਚੀ ਦਾਤ ਗੁਰਮੁਖਾਂ ਝੋਲੀ ਪਾਈ । ਸਾਚੀ ਨਈਆ ਆਪ ਚਲਾਏ । ਗੁਰਸਿਖਾਂ ਉਪਰ ਚੜ੍ਹਾਏ ਕੰਧਿਆਂ ਉਪਰ ਦੋਹੀਂ ਪਾਸੀਂ ਗੁਰ ਸੰਗਤ ਸਾਰੀ ਲਏ ਉਠਾਏ । ਗੁਰਮੁਖ ਸਾਚੇ ਸੰਤ ਜਨ ਆਤਮ ਜਾਏ ਮੰਨ, ਪ੍ਰਭ ਅਬਿਨਾਸ਼ੀ ਅੱਗੇ ਪਿੱਛੇ ਸੱਜੇ ਖੱਬੇ ਆਪਣੇ ਹਾਰ ਲਟਕਾਏ । ਗੁਰ ਸੰਗਤ ਕਹੇ ਹਰਿ ਧੰਨ ਧੰਨ, ਪਹਿਲੀ ਮਾਘੀ ਜੋ ਗੁਰ ਦਰ ਆਏ । ਪ੍ਰਭ ਅਬਿਨਾਸ਼ੀ ਮਿਲਿਆ ਵਾਗੀ, ਕਰ ਇਕੱਠੇ ਘਰ ਬਹਾਏ । ਸੋਈ ਕਿਸਮਤ ਜਿਨ੍ਹਾਂ ਜਾਗੀ, ਸਾਚਾ ਨਾਮ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ, ਪੂਰੀ ਇਛਿਆ ਗੁਰਸਿਖਾਂ ਆਪ ਕਰਾਏ । ਨੰਨਾ ਨਿੰਰਕਾਰ ਜੋ ਨਾਮ ਧਿਆਇਆ । ਸਭ ਤੋਂ ਪਹਿਲੋਂ ਇਹ ਬਣਾਇਆ । ਸ੍ਰਿਸ਼ਟ ਸਬਾਈ ਫੇਰ ਅਕਾਰ ਕਰਾਇਆ । ਫਿਰ ਬੱਧੀ ਜਗਤ ਧਾਰ, ਦੀਪਾਂ ਲੋਆਂ ਖੰਡਾਂ ਬ੍ਰਹਿਮੰਡਾਂ ਨਵ ਖੰਡਾਂ ਸਭ ਥਾਈਂ ਆਪ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ, ਆਪਣਾ ਭਾਣਾ ਆਪੇ ਆਪ ਜਣਾਇਆ । ਨੰਨੇ ਦੇਵੇ ਆਪ ਵਡਿਆਈ । ਭਗਤ ਜਨਾਂ ਦਾ ਹੋਇਆ ਸਹਾਈ । ਨਰ ਸਿੰਘ ਨਰ ਹਰਿ ਰੂਪ ਬਣਾਈ । ਸਾਰੇ ਵੇਖਣ ਥਰ ਥਰ ਕੰਬਣ, ਭੇਵ ਕੋਈ ਨਾ ਪਾਈ । ਵੇਲਾ ਅੰਤਮ ਕਲਜੁਗ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਮਾਤ ਜੋਤ ਪ੍ਰਗਟਾਈ । ਨੰਨਾ ਨਰ ਨਰਾਇਣ ਸੱਚਾ ਨਾਅਰਾ । ਸੋਹੰ ਸ਼ਬਦ ਸਤਿਜੁਗ ਬੰਧਾਵੇ ਤੇਰੀ ਸਾਚੀ ਧਾਰਾ । ਸਚ ਵਿਹਾਰਾ ਆਪ ਕਰਾਏ, ਗੁਰ ਸੰਗਤ ਨਾ ਕੀਆ ਕੋਈ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਏ ਪਹਿਲੀ ਮਾਘੀ ਜੋ ਆਏ ਚਰਨ ਦਵਾਰਾ । ਨੰਨਾ ਨਾਮ ਨਿਰੰਜਣ ਨੇਤਰ ਪਾਏ ਸਾਚੇ ਅੰਜਨਾ । ਚਰਨ ਧੂੜ ਕਰਾਏ ਸਾਚਾ ਮਜਨਾ । ਏਥੇ ਓਥੇ ਸਭਨੀਂ ਥਾਈਂ ਬਣੇ ਸਾਕ ਸੈਣ ਸੱਜਣਾ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਮਾਤ ਜਾਮਾ ਧਾਰੇ ਗੁਰ ਸੰਗਤ ਚਾਰੇ ਕੁੰਟ ਵਿਚ ਮੈਦਾਨਾ ਗੱਜਣਾ । ਨੰਨਾ ਨੂਰ ਸੱਚਾ ਪ੍ਰਕਾਸ਼ । ਧਰੀ ਜੋਤ ਪੁਰਖ ਅਬਿਨਾਸ਼ । ਆਦਿ ਅੰਤ ਜੁਗਾ ਜੁਗੰਤ ਨਾ ਹੋਏ ਕਦੇ ਨਾਸ । ਗੁਰਸਿਖ ਸਾਚੇ ਸੰਤ ਤੇਰਾ ਹੋਇਆ ਰਹੇ ਸਦਾ ਦਾਸ । ਆਪੇ ਬਣੇ ਸਾਚਾ ਕੰਤ ਨਿਜ ਆਤਮ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਵਡਿਆਈ ਕਰੇ ਬੰਦ ਖਲਾਸ । ਨੰਨਾ ਨੀਰ ਅੰਮ੍ਰਿਤ ਜਲ ਧਾਰ ਹੈ । ਜਿਸ ਨਾਲ ਹਰਿਆ ਹੋਵੇ ਸਰੀਰ, ਲਭ ਨਾ ਲੱਗੇ ਇਹ ਪਿਆਰ ਹੈ । ਚੱਲੇ ਸਦਾ ਇਕੋ ਤੀਰ, ਪਹਿਲੀ ਕੂਟ ਕਰੇ ਦੋਫਾੜ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਹੱਥੀਂ ਰਿਹਾ ਪਾੜ ਹੈ । ਨੰਨਾ ਨਾਦ ਸ਼ਬਦ ਵਜਾਇਆ । ਸਾਚੇ ਸੰਤ ਹਰਿ ਆਪ ਉਠਾਇਆ । ਆਦਿ ਜੁਗਾਦਿ ਜਨ ਭਗਤਾਂ ਪੈਜ ਰੱਖਦਾ ਆਇਆ । ਆਪ ਮਿਟਾਏ ਵਾਦ ਵਿਵਾਦ, ਜਿਸ ਜਨ ਰਸਨਾ ਗਾਇਆ । ਸ਼ਬਦ ਲਿਖਾਏ ਬੋਧ ਅਗਾਧ, ਪਹਿਲੀ ਮਾਘ ਵਕਤ ਸੁਹਾਇਆ । ਇਕੱਠੇ ਹੋਏ ਕਲਜੁਗ ਸਤਿਜੁਗ ਦੋਹਾਂ ਦੇ ਨਾਨਕ ਦਾਦਕ ਕੁੜਮ ਕੁੜਮਾਈ ਪ੍ਰਭ ਆਪੇ ਆਪ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪੇ ਆਪ ਕਰਾਇਆ । ਨੰਨਾ ਨੀਂਹ ਰੱਖੇ ਸਤਿਜੁਗ । ਸਾਧ ਸੰਗਤ ਕਰ ਇਕੱਠੀ ਪਿੰਡ ਬੁਗ । ਸਾਚਾ ਮਾਣ ਆਪ ਦਵਾਏ ਰਹੇ ਚਾਰ ਜੁਗ । ਜਿਸ ਕੁਲ ਹਰਿ ਚਰਨ ਛੁਹਾਏ, ਇਕ ਵਸਿਆ ਰਹਿ ਜਾਏ ਝੁੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁੱਖਾਂ ਪਕੜ ਪਛਾੜੇ ਮਹੀਨੇ ਹਾੜੇ ਚੁਗ ਚੁਗ । ਨੰਨਾ ਨਰ ਨਾਰੀ ਸਮਝਾਇੰਦਾ । ਸਿੱਧੇ ਰਾਹੇ ਆਪੇ ਪਾਇੰਦਾ । ਭੈਣ ਭਾਈ ਗੁਰ ਸੰਗਤ ਇਕੋ ਨਾਤਾ ਬਣਾਇੰਦਾ । ਗੁਰ ਘਰ ਨਾ ਮਿਲੇ ਵਡਿਆਈ ਕਿਸੇ ਧੀ ਜਵਾਈ, ਉਚ ਪਲੰਘ ਨਾ ਕਿਸੇ ਹੇਠ ਨਜ਼ਰੀ ਆਇੰਦਾ । ਪ੍ਰਭ ਅਬਿਨਾਸ਼ੀ ਸੱਚੀ ਸੇਜਾ ਏਕਾ ਖ਼ਾਕੀ ਰਿਹਾ ਬਣਾਈ, ਜਿਸ ਦੇ ਉਪਰ ਸਭ ਟਿਕਾਇੰਦਾ । ਲੇਖਾ ਰਹਿਣ ਨਾ ਦੇਵੇ ਬਾਕੀ, ਜੋ ਮਨ ਹੰਕਾਰ ਰਖਾਇੰਦਾ । ਗੁਰਸਿਖਾਂ ਖੋਲ੍ਹੇ ਆਤਮ ਤਾਕੀ, ਮਾਰ ਝਾਕੀ ਆਪਣਾ ਆਪ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਾਣਾ ਸਾਚਾ ਰਾਣਾ ਆਪਣੇ ਤਨ ਆਪੇ ਪਾਇੰਦਾ । ਨੰਨਾ ਨਿਰਗੁਣ ਸਰਗੁਣ ਰੂਪ । ਦੋਏ ਏਕਾ ਥਾਂਏ ਮਿਲ ਹੋ ਗਏ ਸਤਿ ਸਰੂਪ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਏ ਵਡ ਸ਼ਾਹੋ ਵਡ ਭੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੇ ਉਠ ਉਠ ਨੇਤਰ ਪੇਖੋ ਹਰਿ ਸਾਚਾ ਕਿਤੇ ਦਿਸ ਨਾ ਆਏ ਨਾ ਕੋਈ ਰੰਗ ਨਾ ਕੋਈ ਰੂਪ । ਨੰਨਾ ਨਿਰਾਧਾਰ ਨਿਰਵੈਰ । ਗੁਰ ਦਰ ਵਰਤੇ ਕਦੇ ਨਾ ਕਹਿਰ । ਗੁਰਮੁਖ ਸਾਚੇ ਸੰਤ ਜਨੋ ਘਰ ਸਾਚਾ ਜਾਣਾ ਠਹਿਰ । ਮਨ ਤਨ ਸਾਚਾ ਆਪ ਰੰਗੋ, ਵਸਣਾ ਨਗਰ ਖੇੜੇ ਸਾਚੇ ਸ਼ਹਿਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਗੰਭੀਰ ਗਹਿਰ । ਨੰਨਾ ਨਿਉਂਦਰਾ ਕਲਜੁਗ ਪਾਇਆ । ਸਾਧ ਸੰਗਤ ਸਾਰੀ ਸੱਦ ਲਿਆਇਆ । ਸਾਚਾ ਲਾੜਾ ਹਰਿ ਜੀ ਆਪੇ ਬਣ ਕੇ ਆਇਆ । ਆਪੇ ਬੰਨ੍ਹੇ ਹੱਥੀਂ ਗਾਨਾ, ਆਪੇ ਪਹਿਨੇ ਆਪਣਾ ਬਾਣਾ ਸ਼ਬਦ ਰੰਗ ਰੰਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਸਾਚੇ ਹਰਿ ਕਲਜੁਗ ਸਾਚੇ ਘਰ ਹਰਿ ਸਾਚਾ ਆਪ ਲੈ ਜਾਏ ਵਿਹਾਇਆ । ਨੰਨਾ ਨਿਝਰੋਂ ਨੀਰ ਵਹਾਇੰਦਾ । ਸ਼ਬਦ ਤੀਰ ਇਕ ਲਗਾਇੰਦਾ । ਹਉਮੇ ਪੀੜ ਬਾਹਰ ਕਢਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਸਾਚੀ ਬੀੜ, ਸਤਿਜੁਗ ਤੇਰੀ ਪਹਿਲੀ ਮਾਘੀ ਬੰਨ੍ਹਾਇੰਦਾ । ਕੱਕਾ ਕਾਮ ਕਰੋਧ ਹੰਕਾਰ ਚੰਡਾਲ । ਗੁਰ ਸੰਗਤ ਤੇਰੇ ਸਾਰੇ ਪ੍ਰਭ ਇਕ ਇਕਲੜਾ ਲਏ ਸੰਭਾਲ । ਆਤਮ ਸਾਚੀ ਧਰੇ ਨਾਮ ਖਜ਼ਾਨਾ ਕਰੇ ਮਾਲੋ ਮਾਲ ।

ਜਗੇ ਜੋਤ ਕੋਟਨ ਭਾਨਾ । ਪ੍ਰਭ ਅਬਿਨਾਸ਼ੀ ਜਾਮਾ ਧਾਰੇ ਬਣ ਕੇ ਆਇਆ ਸਾਚਾ ਕਾਹਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਕੱਕਾ ਕਰਮ ਹਰਿ ਵਿਚਾਰੇ । ਕੂੜ ਕਰਮ ਸਰਬ ਨਿਵਾਰੇ । ਦੋਹੀਂ ਹੱਥੀਂ ਕਲਜੁਗ ਧੱਕੇ ਮਾਰੇ । ਸਤਿਜੁਗ ਸਾਚੇ ਤੇਰੇ ਦਰ ਸਚ ਘਰ ਲੈਣ ਵਰ ਗੁਰਸਿਖ ਸੰਤ ਪਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਉਠ ਉਠ ਅਵਾਜਾਂ ਮਾਰੇ । ਹਰਿ ਉਠ ਉਠ ਵਾਜਾਂ ਮਾਰਦਾ । ਗੁਰਸਿਖਾਂ ਤਾਈਂ ਤਾਰਦਾ । ਨਾ ਆਵੇ ਪਾਸਾ ਹਾਰ ਦਾ । ਫੜਿਆ ਲੜ ਸੱਚੀ ਸਰਕਾਰ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਬੰਨ੍ਹੇ ਦੱਸੇ ਸੱਚਾ ਰਾਹ ਇਕ ਪਰਵਰਦਿਗਾਰ ਦਾ । ਪੱਪਾ ਸਿੰਘ ਪੂਰਨ ਵਿਚ ਪ੍ਰਵੇਸ਼ । ਭਾਗ ਲੱਗਾ ਮਾਝੇ ਦੇਸ । ਅੱਠੇ ਪਹਿਰ ਦਿਵਸ ਰੈਣ ਵਸੇ ਵਿਚ ਹਮੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਾਚਾ ਹਰਿ ਭੁੱਲੇ ਬੈਠੇ ਜੀਵ ਜੰਤ ਲੱਭਦੇ ਫਿਰਨ ਸ੍ਰੀ ਦਸਮੇਸ਼ । ਸ੍ਰੀ ਦਸਮੇਸ਼ ਇਕੋ ਹਰਿ । ਨਿਹਕਲੰਕ ਆਇਆ ਜਾਮਾ ਧਰ । ਦੂਜਾ ਨਹੀਂ ਜੇ ਹੋਰ ਕੋਈ ਘਰ । ਚਾਰੋਂ ਤਰਫ ਆਉਣ ਡਰ । ਸੱਚਾ ਦੇਵੇ ਨਾ ਕੋਈ ਵਰ । ਗੁਰਮੁਖ ਸਾਚੇ ਸੰਤ ਜਨ ਪ੍ਰਭ ਦਰ ਨਾਵ੍ਹਣ ਸਾਚੇ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਧਰਨੀ ਧਰ । ਪੱਪਾ ਪੂਰਾ ਰਿਹਾ ਸਭ ਥਾਈਂ । ਗੁਰਮੁਖ ਜਗਾਏ ਫੜ ਕੇ ਬਾਹੀਂ । ਸਾਚਾ ਨਾਮ ਦਾਨ ਝੋਲੀ ਪਾਈ । ਸਾਚੀ ਦਰਗਹਿ ਜਾਏ ਖਾਈਂ । ਗੁਰਸਿਖ ਸਾਚਾ ਸੰਗ ਨਿਭਾਈਂ । ਅੱਗੇ ਦੇਵੇ ਠੰਡੀ ਛਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਲੈਣ ਆਉਂਦਾ ਦੂਰ ਦੁਰਾਡਾ ਚਾਈਂ ਚਾਈਂ । ਪੱਪਾ ਪਾਲ ਸਿੰਘ ਪ੍ਰਧਾਨ । ਬ੍ਰਹਮੇ ਕੋਲੋਂ ਲਈ ਜਿਸ ਇਕ ਸੱਚੀ ਦੁਕਾਨ । ਪ੍ਰਭ ਅਬਿਨਾਸ਼ੀ ਕਿਰਪਾ ਕਰ ਫਲ ਲਗਾਇਆ ਉਹਦੇ ਡਾਹਨ । ਸਿੰਘ ਪੂਰਨ ਵਿਚ ਜੋਤ ਧਰ ਵਿਚ ਬੈਠਾ ਰਹੇ ਬਲੀ ਬਲ ਬਲਵਾਨ । ਸ੍ਰਿਸ਼ਟ ਸਬਾਈ ਭੌਂਦੀ ਫਿਰੇ ਦਰ ਦਰ, ਨਾ ਸਕੇ ਕੋਈ ਪਛਾਣ । ਖੁਲ੍ਹੇ ਕੇਸ ਹਰਿ ਦਰ ਬੱਧੀ ਦਾਹੜੀ, ਕਲਜੁਗ ਜੀਆਂ ਕਿਸਮਤ ਮਾੜੀ, ਧਰਿਆ ਇਕ ਅਵਲੜਾ ਭੇਸ । ਗੁਰਮੁਖ ਸਾਚੇ ਸੰਤ ਜਨੋ ਪ੍ਰਗਟ ਹੋਇਆ ਇਕ ਦਸਮੇਸ਼ । ਪ੍ਰਭ ਅਬਿਨਾਸ਼ੀ ਕਿਰਪਾ ਕਰ । ਪ੍ਰਗਟ ਹੋਇਆ ਅਵਤਾਰ ਨਰ । ਮਾਤਲੋਕ ਆਇਆ ਜੋਤ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਇਕ ਇਕਲੜਿਆਂ ਆਪਣਾ ਮੇਲ ਲਿਆ ਕਰ । ਪੱਪਾ ਪੁੱਟੇ ਸਭ ਦੀ ਜੜ੍ਹ । ਗੁਰ ਸੰਗਤ ਪ੍ਰਭ ਅਬਿਨਾਸ਼ੀ ਦਰ ਦਵਾਰੇ ਖੜ । ਆਪੇ ਭੰਨੇ ਆਪੇ ਡੰਨੇ, ਲੱਖ ਚੁਰਾਸੀ ਜੋ ਲਈ ਘੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਰਹਿਣ ਨਾ ਦੇਵੇ ਚਾਰ ਕੁੰਟ ਜੋ ਮੂੰਹ ਨਾਲ ਪੀਂਦੇ ਨੜ । ਪੱਪਾ ਪੂਰਨਾ ਦੇਵੇ ਪਾ । ਮਦਿਰਾ ਮਾਸੀ ਸਰਬ ਮਿਟਾ । ਸ਼ਬਦ ਸੁਆਸੀ ਲਏ ਬਚਾ । ਅੱਠੇ ਪਹਿਰ ਦਿਵਸ ਰੈਣ ਜੋ ਰਹੇ ਹਰਿ ਸਾਚੇ ਨੂੰ ਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਠ ਉਠ ਵੇਖੇ ਨੇਤਰ ਖੋਲ੍ਹੇ ਗੁਰਸਿਖ ਬੈਠਾ ਮੇਰਾ ਕਿਹੜਾ ਥਾਂ । ਪੱਪਾ ਪੂਰੀ ਕਰੇ ਆਸ । ਸੋਇਆ ਸਿੱਖ ਉਠ ਉਠ ਵੇਖੇ, ਘਰ ਸਾਚੇ ਪੈਂਦੀ ਰਾਸ । ਗੁਰਸਿਖ ਸਾਚੇ ਗਊ ਨਿਮਾਣੇ ਸੋਹੰ ਸ਼ਬਦ ਮੂੰਹ ਵਿਚ ਰੱਖਣ ਘਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ ਹੋਇਆ ਸਰਬ ਦਾਸ । ਪੱਪਾ ਪੁਰੀ ਇਕੋ ਵੇਖ । ਜਿਥੇ ਵਸੇ ਹਰਿ ਵਸੇਖ । ਗੁਰਸਿਖ ਨੇਤਰ ਖੋਲ੍ਹ ਲਓ ਵੇਖ ਕਿਹੜਾ ਭੇਸ । ਹਰਿ ਜੀ ਜੋਤ ਸਰੂਪੀ ਕਰਦਾ ਕਿਹੜਾ ਵੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਭੁੱਲ ਫਿਰਦੇ ਇਕੋ ਜੋਤ ਸ੍ਰੀ ਦਸਮੇਸ਼ । ਜ਼ਾਤੀ ਪਾਤੀ ਸਰਬ ਮਿਟਾਈ । ਅੱਠ ਦਸ ਅਠਾਰਾਂ ਆਪਣੀ ਹੱਥੀਂ ਡੂੰਘੀ ਧਾਰ ਵਹਾਈ । ਫੇਰ ਸਾਰ

ਸਤਿਜੁਗ ਤੇਰੀ ਪਾਈ । ਲਾ ਇਕ ਸੱਚਾ ਦਰਬਾਰ, ਉਪਰ ਆਪ ਬੈਠਾ ਰਘੁਰਾਈ । ਆਪਣੇ ਸੀਸ ਰਿਹਾ ਚਵਰ ਝੁਲਾਈ । ਬੈਠੀ ਉਤੇ ਆਪ ਸੱਚੀ ਸਰਕਾਰ, ਕਰੇ ਆਪ ਸਚ ਨਿਆਈਂ । ਗੁਰਮੁਖ ਸਾਚੇ ਸੰਤ ਜਨਾਂ ਨਾ ਆਈ ਹਾਰ, ਮਿਲੀ ਸਾਚੀ ਵਡਿਆਈ । ਗੁਰਮੁਖ ਸਾਚੇ ਸੰਤ ਜਨੋ ਇਕੋ ਪੁਰੀ ਸਾਚਾ ਧਾਮ ਤੁਹਾਡੀ ਆਪ ਬਣਾਈ । ਪੱਪਾ ਪਿਤਾ ਹੋਵੇ ਸੁਜਾਨ । ਕਿਉਂ ਪੂਤ ਹੋਵੇ ਨਿਧਾਨ । ਜਿਸ ਚਰਨ ਦੇਵੇ ਧਿਆਨ । ਸ਼ਬਦ ਮਾਰੇ ਖਿਚ ਸੀਨੇ ਵਿਚ ਬਾਣ । ਆਪਣੀ ਹੱਥੀਂ ਗਾਤਰੇ ਪਾਈ ਕੱਢੇ ਤੀਰ ਕਮਾਨ । ਇਕੋ ਚਿੱਲ੍ਹਾ ਨਾਮ ਚੜ੍ਹਾਏ, ਸਿੱਧਾ ਜਾਏ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਅੱਗੇ ਲਈ ਖਲੋਤਾ ਸ਼ਬਦ ਸਰੂਪੀ ਇਕ ਬਬਾਣ । ਪਿਤਾ ਪੂਤ ਕਰੇ ਵਿਚਾਰ । ਆਪੇ ਪਾਵੇ ਸਾਚੀ ਸਾਰ । ਅੰਮ੍ਰਿਤ ਆਤਮ ਵਹਾਏ , ਏਕਾ ਸਾਚੀ ਧਾਰ । ਸਾਚਾ ਕੰਤ ਆਪ ਬਣ ਜਾਵੇ ਗੁਰਸਿਖ ਬਣਾਵੇ ਸਾਚੀ ਨਾਰ । ਸਾਚਾ ਸੰਤ ਆਪ ਜਗਾਵੇ, ਦੇਵੇ ਸ਼ਬਦ ਹੁਲਾਰ । ਸਾਚੀ ਬਣਤ ਆਪ ਬਣਾਏ ਗਲ ਪਾਏ ਫੂਲਨ ਹਾਰ । ਮਹਿੰਮਾ ਅਗਣਤ ਗਣੀ ਨਾ ਜਾਏ, ਕਿਆ ਕੋਈ ਕਰੇ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਬੱਧੀ ਵਿਚ ਦੇਹ ਧਾਰ । ਰਾਰਾ ਰਾਜ ਜੋਗ ਗੁਰਸਿਖ ਜਾਣ । ਪ੍ਰਭ ਅਬਿਨਾਸ਼ੀ ਕਰ ਚਰਨ ਧਿਆਨ । ਆਪਣਾ ਭੇਵ ਨਾ ਕਿਸੇ ਦੱਸੇ, ਸਰਬ ਘਟਾਂ ਘਟ ਜਾਣੀ ਜਾਣ । ਕਲਜੁਗ ਵੇਲਾ ਅੰਤਮ ਆਇਆ, ਹਰਿ ਜੀ ਖਿੜ ਖਿੜ ਹੱਸੇ, ਬੇਮੁਖ ਜੀਵ ਸਰਬ ਪਛਤਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਤਮ ਜੋਤ ਜਗਾਏ ਕੋਟ ਰਵ ਸੱਸੇ, ਕਰੇ ਤੇਜ ਕੋਟਨ ਭਾਨਨ ਭਾਨ । ਕਲਜੁਗ ਜੀਆਂ ਅੰਧੇਰੀ ਰੈਣ ਜਿਉਂ ਚੰਦ ਮੱਸੇ, ਗੁਰ ਦਰ ਸੱਚੇ ਨਾ ਹੋਏ ਪ੍ਰਵਾਨ । ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਤੇਰੇ ਹਿਰਦੇ ਵਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਰਾਰਾ ਰੂਪ ਰੰਗ ਨਾ ਵੇਖ । ਪ੍ਰਭ ਧਾਰੀ ਬੈਠਾ ਭੇਖ । ਸਚ ਲਿਖਾਏ ਜਨ ਭਗਤਾਂ ਲੇਖ । ਪਿਛਲੀ ਮਿਟਾਏ ਬਿਧਨਾ ਲਿਖੀ ਰੇਖ । ਲੱਖ ਚੁਰਾਸੀ ਵਿਚੋਂ ਵੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਨੇਤਰ ਖੋਲ੍ਹੇ, ਘਰ ਸਾਚਾ ਲੈਣਾ ਵੇਖ । ਪੱਪਾ ਪੰਡਤ ਗਿਆਨ ਵਿਚਾਰਨ । ਪ੍ਰਭ ਅਬਿਨਾਸ਼ੀ ਨਾ ਪਾਏ ਸਾਰਨ । ਤਿਲਕ ਲਲਾਟੀ ਔਖੀ ਘਾਟੀ ਨਾ ਜਾਨਣ ਸਾਚਾ ਕਾਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜਾਣੇ ਆਪਣੀ ਸਾਚੀ ਧਾਰਨ । ਰਾਰਾ ਰਿਖ ਮੁਨ ਸਰਬ ਪੁਕਾਰਦੇ । ਇਕੋ ਵਾਰ ਦਰਸ ਕਰਤਾਰ ਦੇ । ਬਾਲ ਜਵਾਨੀ ਸਾਰੀ ਲਾ ਲਾ ਧੂਣੀਆਂ ਗਾਲਦੇ । ਗੁਰਸਿਖਾਂ ਦੇਵੇ ਸੋਹੰ ਸਾਚੀ ਨਾਮ ਨਿਸ਼ਾਨੀ, ਪ੍ਰਗਟ ਹੋਏ ਦਰਸ ਦਿਖਾਏ ਹਰਿ ਰਘੁਰਾਏ ਪੂਰਨ ਚਰਨ ਪਿਆਰ ਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭੰਡਾਰੇ ਭਰਾਏ ਸਾਚਾ ਸ਼ਬਦ ਧੰਨ ਮਾਲ ਦੇ । ਰਾਰਾ ਰੀਤ ਸੱਚੀ ਚਲਾਈ ਹੈ । ਸਤਿਜੁਗ ਸਾਚੀ ਨੀਂਹ ਰਖਾਈ ਹੈ । ਸਾਢੇ ਤਿੰਨ ਹੱਥ ਸੀਂ ਸਚ ਬਣਾਈ ਹੈ । ਸਿੰਘ ਗੁਰਮੁਖ ਤੇਰੀ ਹੱਥ ਦਿਤੀ ਵਡਿਆਈ ਹੈ । ਜਿਸ ਜਾ ਲਕਾਰ ਲਾਈ ਹੈ । ਪ੍ਰਭ ਅਬਿਨਾਸ਼ੀ ਕਿਰਪਾ ਕਰ ਉਤੇ ਮਨਜੀਤ ਸਿੰਘ ਦਿਤਾ ਟਿਕਾਈ ਹੈ । ਰਾਜ ਬਣਤ ਕਰੇ ਰਘੁਰਾਈ ਹੈ । ਗੁਰ ਸੰਗਤ ਕਾਇਆ ਕੀਤਾ ਸੀਤ, ਛੋਟੀ ਕਾਇਆ ਅੱਗੇ ਆਪ ਲਗਾਈ ਹੈ । ਅੱਗੋਂ ਮਿਲੇ ਸਾਚਾ ਮੀਤ, ਤਿੰਨਾਂ ਲੋਕਾਂ ਕਰੇ ਜਣਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਕੂਟ ਮੁਲਾਂ ਮਸੀਤ ਸਭ ਢਾਹੀ ਹੈ । ਰਾਜਾ ਰਾਜ ਤਿਲਕ ਸੰਜੋਗ । ਸਤਿਜੁਗ ਬਖਸ਼ਿਆ ਤੈਨੂੰ ਸੋਹੰ ਸੱਚਾ ਜੋਗ । ਗੁਰਸਿਖ ਸਾਚੇ ਸੰਤ ਜਨੋ, ਸਾਚਾ ਰਸ ਰਸਨਾ ਲੈਣਾ ਭੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੪੩੯ ੦੩

ਏਥੇ ਓਥੇ ਹੋਣ ਨਾ ਦੇਵੇ ਕਦੇ ਵਿਜੋਗ । ਰਾਰਾ ਰਾਗ ਛਤੀਸ ਗਾਉਂਦੇ । ਚਾਰ ਵੇਦ ਪੁਰਾਨ ਅਠਾਰਾਂ ਸੰਗ ਰਲਾਉਂਦੇ । ਕੁਰਾਨ ਅੰਜੀਲ ਇਕੱਠੇ ਬਹਿ ਬਹਿ ਮਤਾ ਪਕਾਉਂਦੇ । ਜੋਤ ਸਰੂਪੀ ਜੋਤ ਹਰਿ, ਭੇਵ ਕੋਈ ਨਾ ਪਾਉਂਦੇ । ਖਾਣੀ ਬਾਣੀ ਰਹੇ ਅਲਾਏ । ਹਰਿ ਜੀ ਕਿਸੇ ਦਿਸ ਨਾ ਆਏ । ਉਤਰੇ ਪਾਰ ਜੋ ਰਸਨਾ ਗਾਏ । ਕਰੇ ਵਿਚਾਰ ਆਤਮ ਵਿਚ ਵਸਾਏ । ਹੋਏ ਰਾਮ ਕ੍ਰਿਪਾਲ । ਪ੍ਰਗਟ ਹੋਏ ਦਰਸ ਦਿਖਾਏ । ਤੋੜੇ ਜਗਤ ਜੰਜਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਨਾਹੀ ਕੋਇ । ਰਾਰਾ ਰਿੜਕੇ ਸਰਬ ਜਹਾਨ । ਵਿਚੋਂ ਮਿਲਿਆ ਬਾਲ ਨਿਧਾਨ । ਆਪ ਬਿਠਾਇਆ ਵਿਚ ਬਬਾਨ । ਜਾ ਟਿਕਾਇਆ ਸਚ ਭੂਮਿਕਾ ਸਚ ਅਸਥਾਨ । ਸਤਿਜੁਗ ਜਿਥੇ ਬਣੇ ਇਕ ਸੱਚਾ ਥਾਨ । ਚੌਥੇ ਦਿਨ ਹਰਿ ਵਿਹਾਰ ਕਰਾਇਆ, ਗੁਰ ਸੰਗਤ ਸਾਰੀ ਰਲ ਮਿਲ ਚਰਨ ਕਰ ਧਿਆਨ । ਸਾਚਾ ਹਰਿ ਕਿਰਪਾ ਕਰ ਕਰੇ ਆਪ ਫ਼ਰਮਾਣ । ਸਿੰਘ ਪ੍ਰੀਤਮ ਉਠ ਬਲ ਧਾਰ, ਸਿਰ ਚੁੱਕ ਸੱਚਾ ਪ੍ਰਸਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਬੱਧੀ ਮੁਨਿਆਦ । ਗੁਰ ਗੋਬਿੰਦ ਦਇਆ ਕਮਾਈ । ਸਾਰੀ ਸੰਗਤ ਨਾਲ ਰਲਾਈ । ਹਰਿ ਜਸ ਗਾਉਂਦੇ ਬਾਹਰ ਕੰਢੇ ਨਹਿਰ ਆਈ । ਇਕ ਕਿਨਾਰਾ ਪਾਰ ਕਰ, ਦੂਜੇ ਕਿਨਾਰੇ ਲਏ ਬਹਾਈ । ਅੱਗੇ ਵੇਖੇ ਨਜ਼ਰ ਮਾਰ ਔਖੀ ਘਾਟੀ ਦਿਸੇ ਨਾਹੀ । ਪੂਰਬ ਕਰੇ ਵਿਚਾਰ, ਸਾਚੀ ਕਿਰਪਾ ਆਪ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸਾਚੇ ਫੁੱਲ ਗੁਰਸਿਖਾਂ ਹੱਥ ਫੜਾਈ । ਗੁਰਸਿਖਾਂ ਹਰਿ ਹੱਥ ਫੜਾਏ । ਫੇਰ ਆਪਣਾ ਹੁਕਮ ਸੁਣਾਏ । ਇਕ ਇਕ ਫੁੱਲ ਵਰਤਾ ਗੁਰ ਸੰਗਤ ਵਿਚ ਜਲ ਰੁੜ੍ਹਾਏ । ਛੱਤੀ ਮੀਲ ਇਸ ਵਹਿ ਕੇ ਜਾਣਾ, ਨਾਂ ਹੀਰਾ ਘਾਟ ਰਖਾਏ । ਪਿਛਾ ਸਿੰਘ ਮਨਜੀਤ ਰਖਾਏ, ਵਿਚਕਾਰ ਮਾਹਣਾ ਸਿੰਘ ਬਹਾਣਾ, ਤੀਜਾ ਥਾਂ ਫੇਰ ਵਖਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਬਹਿ ਜਾਏ ਡੱਕਾ ਲਾਏ । ਅੱਗੇ ਜਾ ਕੇ ਲਏ ਡੱਕ । ਕਲਜੁਗ ਫੱਲ ਗਿਆ ਪੱਕ । ਗੁਰਸਿਖ ਜਿਹਨੂੰ ਵੇਂਹਦੇ ਦੂਰ ਦੁਰਾਡਾ ਆਉਂਦਿਆਂ ਜਾਂਦਿਆਂ ਗਏ ਥੱਕ । ਪ੍ਰਭ ਅਬਿਨਾਸ਼ੀ ਮਾਤਲੋਕ ਵਿਚੋਂ ਆਪਣੀ ਹੱਥੀਂ ਅੱਗੇ ਲਾਏ ਲੈ ਜਾਏ ਹੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚੀ ਧਾਰ ਵਹਾਏ ਨਾ ਜਾਏ ਕਦੇ ਅੱਕ । ਕਲਜੁਗ ਹਰਿ ਜੀ ਕਲ ਧਾਰ । ਕਰੇ ਸਿਆਪਾ ਪਹਿਲੀ ਵਾਰ । ਸਚ ਨਾ ਜਪਿਆ ਕਿਸੇ ਜਾਪਾ, ਸਾਰੇ ਗਏ ਮਾਨਸ ਜਨਮ ਹਾਰ । ਅੱਠੇ ਪਹਿਰ ਚੜ੍ਹਿਆ ਰਹੇ ਹੰਕਾਰੀ ਤਾਪਾ, ਨਾ ਲੱਥੇ ਕਦੇ ਬੁਖਾਰ । ਵੇਲੇ ਅੰਤਮ ਕਲਜੁਗ ਕਾਂਪਾ, ਪ੍ਰਭ ਅਬਿਨਾਸ਼ੀ ਪਾਈ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤਮ ਕਰੇ ਸਚ ਵਿਹਾਰ । ਕਲਜੁਗ ਤੇਰੀ ਸਿੜੀ ਹਰਿ ਜੀ ਲਏ ਚੁਣ । ਸ੍ਰਿਸ਼ਟ ਸਬਾਈ ਲਏ ਕੰਨ ਸੁਣ । ਆਪਣਾ ਕਰਮ ਹਰਿ ਕਮਾਇਆ, ਪਿਛਲੇ ਵਿਚਾਰ ਗੁਣ ਅਵਗੁਣ । ਪਹਿਲੀ ਮਾਘੀ ਭਰਮ ਚੁਕਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਲਏ ਚੁਣ । ਕਲਜੁਗ ਤੇਰੀ ਸੋ ਮੰਦੀ । ਬੇਮੁਖਾਂ ਹੋਈ ਆਤਮ ਗੰਦੀ । ਅੰਤਮ ਪਏ ਧਰਮ ਰਾਏ ਦੀ ਬੰਦੀ । ਦੋਹੀਂ ਹੱਥੀਂ ਵੱਜੇ ਜੰਦੀ । ਚਾਰੋਂ ਤਰਫ ਦਿਸਣ ਕੰਧੀ । ਬੇਮੁਖ ਜੀਵ ਕੁਲੱਖਣੀ ਨਾਰ, ਏਥੇ ਓਥੇ ਹੋਏ ਅੰਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਧਰਮ ਰਾਏ ਦੀ ਬੰਦੀ । ਬੰਦੀ ਖਾਨੇ ਦੇਵੇ ਵਾੜ । ਸ਼ਬਦ ਸਰੂਪ ਅੱਗੇ ਕਰੇ ਵਾੜ । ਦੂਤਾਂ ਦੁਸ਼ਟਾਂ ਮਾਰੇ ਕਰ ਖੁਆਰ । ਜਿਹੜੇ ਘੜੇ ਜੋਤ ਸਰੂਪੀ ਭੰਨ ਵਖਾਏ, ਅਗਨ ਸੁੱਟੇ ਝਾੜ ਝਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਬੈਠਾ ਹੇਠਾਂ ਦਾੜ । ਕਲਜੁਗ ਤੈਨੂੰ ਲੰਬੂ ਲਾਇਆ । ਧੂੰਆਂ ਧਾਰ ਜਗਤ ਕਰਾਇਆ ।

ਰੰਡੀ ਨਾਰ ਕਰ ਵਖਾਇਆ । ਸਰਬ ਸੰਸਾਰ ਹਾਹਾਕਾਰ ਕਰ ਰਵਾਇਆ । ਸੁਹਾਗੀ ਕੰਤ ਕਿਸੇ ਨਜ਼ਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸੁਣ ਪੁਕਾਰ ਕਰ ਵਿਚਾਰ ਜਾਮਾ ਘਨਕਪੁਰੀ ਵਿਚ ਪਾਇਆ । ਕਲਜੁਗ ਅੰਤਮ ਜਾਏ ਸੜ । ਸ਼ਬਦ ਬਬਾਣੇ ਜਾਏ ਚੜ੍ਹ । ਝੂਠੇ ਤਹਿਸੀਲਾਂ ਥਾਣੇ ਟੁੱਟ ਜਾਣ ਗੜ੍ਹ । ਵੱਢੀ ਖਾਣੇ ਜਾਣ ਹੜ੍ਹ । ਗੁਰਮੁਖ ਸਾਚੇ ਸੰਤ ਜਨਾਂ, ਹਰਿ ਆਪ ਫੜਾਏ ਆਪਣਾ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਸ਼ਬਦ ਸਰੂਪੀ ਆਪੇ ਰਿਹਾ ਛੜ । ਸ਼ਬਦ ਸਰੂਪੀ ਵੱਜੇ ਪੌਲਾ । ਬੇਮੁੱਖਾਂ ਹਰਿ ਕੱਢੇ ਪੋਲਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ ਗੁਰਸਿਖ ਸਾਚੇ ਸੰਤ ਜਨ ਬਣ ਘਰ ਸਾਚੇ ਦਾ ਸਾਚਾ ਗੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਨਾ ਵੇਖੇ ਖੁਲ੍ਹੜੇ ਕੇਸ ਨਾ ਜਾਣੇ ਭਾਲਾ ਭੋਲਾ । ਕਲਜੁਗ ਵੇਲਾ ਹੋਇਆ ਦਜਨ ਦਾ, ਅੰਤਮ ਵੇਲੇ ਮਾਰੀ ਇਕੋ ਧਾਹ । ਪ੍ਰਭ ਅਬਿਨਾਸ਼ੀ ਆਪ ਫੜਾਈ ਮੈਨੂੰ ਆਪਣੀ ਬਾਂਹ । ਲੱਖ ਚੁਰਾਸੀ ਧਰਮ ਰਾਏ ਦੇ ਦਰ ਆਪੇ ਦਈਂ ਬਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਰਖਾਏ ਸਦਾ ਸਦਾ ਠੰਡੀ ਛਾਂ । ਕਲਜੁਗ ਕਾਲ ਰੂਪ ਕੁਲਵੰਤ, ਵੇਲੇ ਅੰਤ ਨਾ ਰੱਖੀਂ ਕਿਸੇ ਹਿੱਤ । ਝੂਠੇ ਦਿਸਣ ਠੱਗ ਚੋਰ ਯਾਰ ਮਿੱਤ । ਰਾਤੀਂ ਸੁੱਤਿਆਂ ਉਤੋਂ ਪਾੜਨ ਛੱਤ । ਕੋਈ ਨਾ ਮਿਲੀ ਸੱਚੀ ਸਰਕਾਰ, ਖ਼ਬਰਦਾਰ ਨਾ ਹੋਇਆ ਕੋਈ ਚੋਬਦਾਰ, ਨਿਹਕਲੰਕ ਕਲ ਆਇਆ ਜਾਮਾ ਧਾਰ, ਗੁਰਸਿਖਾਂ ਗਲ ਪਾਏ ਹਾਰ, ਸ੍ਰਿਸ਼ਟ ਵਹਾਏ ਨੁਹਾਏ ਏਕਾ ਨਦੀ ਰੱਤ । ਨਦੀਆਂ ਵਾ ਵਹਿਣ ਅਪੁੱਠੇ । ਬੇਮੁੱਖ ਸਾਰੇ ਹੋਣ ਇਕੱਠੇ । ਪ੍ਰਭ ਆਪ ਬੰਨ੍ਹਾਏ ਏਕਾ ਗੱਠੇ । ਫੇਰ ਗਿੜਾਏ ਉਲਟੀ ਲੱਠੇ । ਆਪ ਚੜ੍ਹਾਏ ਏਕਾ ਭੱਠੇ । ਅੱਗ ਬਾਲੇ ਥੱਲੇ ਮੱਠੀ ਮੱਠੇ । ਝੂਠੇ ਬੇਮੁਖ ਜੀਵ ਚਿੱਟੇ ਬਾਣੇ ਤਨ ਵਿਚ ਪਹਿਨਣ, ਨਾਂ ਰਖਾਏ ਲੱਠੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਮਿਟਾਏ ਤੀਰਥ ਅੱਠ ਸੱਠੇ । ਅੱਠ ਸੱਠ ਹਰਿ ਮਿਟਾਵਣਾ । ਗੁਰ ਸੰਗਤ ਮੇਲ ਮਿਲਾਏ ਆਤਮ ਜੋਤ ਜਗਾਏ, ਦੂਈ ਦਵੈਤੀ ਫਟ ਪ੍ਰਭ ਆਪਣੀ ਹੱਥੀਂ ਪਹਿਲੀ ਮਾਘ ਆਪ ਸੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਸਾਚਾ ਹੱਟ, ਕਿਰਪਾ ਕਰ ਆਪ ਖੁਲ੍ਹਾਏ । ਭੁੱਖਿਆਂ ਨੰਗਿਆਂ ਕਰੀ ਵਿਚਾਰ । ਉਠਿਆ ਹਰਿ ਸੱਚਾ ਸਰਦਾਰ । ਗੁਰਸਿਖ ਕੀਨੇ ਖ਼ਬਰਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਸਰਬ ਚੁਕਾਏ, ਨਾ ਕਰੇ ਕੋਈ ਹੁਦਾਰ । ਸਾਚਾ ਹੁਕਮ ਹਰਿ ਸੁਣਾਇਆ । ਬਣ ਕੇ ਬਾਵਨ ਘਰ ਵਿਚ ਆਇਆ । ਫੜ ਕੇ ਦਾਮਨ ਲੜ ਨਾਲ ਲੜ ਬੰਧਾਇਆ । ਹੋਵੇ ਸੱਚਾ ਜਾਮਨ ਲੱਖ ਚੁਰਾਸੀ ਵਿਚੋਂ ਛੁਡਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਦੁੱਖ ਭੁੱਖ ਰੋਗ ਕੱਢਣ ਵਿਚ ਮਾਤ ਦੇ ਆਇਆ । ਦੁੱਖ ਭੁੱਖ ਹਰਿ ਕਰ ਜਾਏ ਦੂਰ । ਬਚਨ ਲਿਖਾਏ ਪ੍ਰਗਟ ਹੋਏ ਹਾਜ਼ਰ ਹਜ਼ੂਰ । ਸੰਗਤ ਖਾਣਾ ਦਾਣਾ ਹਰਿ ਭਗਵਾਨਾ, ਆਪ ਬਣਾਏ ਵੱਡਾ ਇਕੋ ਪੂਰ । ਸਾਚੇ ਹੱਥੀਂ ਭੱਠ ਤਪਾਏ, ਪਹਿਲੋਂ ਫੜ ਕੇ ਉਹਨਾਂ ਡਾਹੇ, ਜੋ ਖਾਂਦੇ ਰਹੇ ਸੂਰ । ਦੂਜਾ ਨਾਲ ਹੱਟ ਖੁਲ੍ਹਾਏ । ਗੁਰ ਸੰਗਤ ਸਾਚੀ ਭਿਛਿਆ ਝੋਲੀ ਪਾਏ । ਜੋ ਦਰ ਸਾਚੇ ਮੰਗਣ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਕੰਗਣ ਤਨ ਪਹਿਨਾਏ । ਗੁਰਸਿਖ ਗੁਰ ਸੰਗਤ ਬਲ ਲਿਆ ਧਾਰ । ਲੰਗਰ ਕੀਨਾ ਇਕ ਤਿਆਰ । ਪ੍ਰਭ ਅਬਿਨਾਸ਼ੀ ਸਾਰ ਸਮਾਲੇ ਪ੍ਰਿਤਪਾਲੇ ਗੁਰਸਿਖ ਬਣਾਏ ਸਾਚੇ ਸਚ ਦੁਲਾਰ । ਚੋਗ ਚੁਗਾਵੇ ਰੋਗ ਸੋਗ ਮਿਟਾਵੇ, ਦਰਸ ਅਮੋਘ ਦਿਖਾਵੇ ਖੜਾ ਹੋਵੇ ਵਿਚ ਦਰਬਾਰ । ਭੋਗ ਲਗਾਵੇ ਲੇਖੇ ਲਾਵੇ, ਸਾਚਾ ਲੇਖ ਆਪ ਲਿਖਾਵੇ, ਹਰਿ ਸੱਚੀ

ਇਕ ਸਰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਪੂਰਾ ਕਰੇ ਪਿਆਰ । ਗੁਰ ਸੰਗਤ ਸਾਚਾ ਲੰਗਰ ਚਲਾਇਆ । ਗੁਰ ਘਰ ਦਾ ਘਾਟਾ ਦੂਰ ਕਰਾਇਆ । ਅੱਗੇ ਵਾਟਾ ਨੇੜੇ ਆਇਆ । ਬੇਮੁੱਖ ਜੀਵਾਂ ਝੂਠਾ ਤਨ ਚਾਰੋਂ ਤਰਫ ਪਾਟਾ, ਸ਼ਬਦ ਸੂਈ ਲੈ ਨਾ ਕਿਸੇ ਸੁਆਇਆ । ਗੁਰਸਿਖ ਸਾਚੇ ਸਤਿਜੁਗ ਸਾਚੇ ਪ੍ਰਭ ਆਪ ਬਣਾਇਆ । ਪ੍ਰੇਮ ਤੇਰਾ ਸਾਚਾ ਆਟਾ ਲੇਖੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪ ਖਵਾਏ, ਬਜਰ ਕਪਾਟੀ ਖੋਲ੍ਹ ਵਖਾਇਆ । ਸਾਚੇ ਲੰਗਰ ਭੋਜਨ ਖਾਓ । ਤਨ ਦੇ ਸੰਗਲ ਸਰਬ ਕਟਾਓ । ਪਰਮਾਨੰਦਨ ਵਿਚ ਸਮਾਓ । ਨਿਜਾਨੰਦ ਸਦਾ ਰਸ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਸ ਹੱਸ ਰਾਹ ਦੱਸ ਦੱਸ, ਗੁਰਸਿਖਾਂ ਰਾਹੇ ਪਾਓ । ਗੁਰ ਸੰਗਤ ਤੇਰੀ ਧੰਨ ਕਮਾਈ । ਗੁਰ ਲੰਗਰ ਵਿਚ ਜਿਸ ਨੇ ਪਾਈ । ਪ੍ਰਭ ਅਬਿਨਾਸ਼ੀ ਲੇਖੇ ਲਾਈ । ਸ੍ਰਿਸ਼ਟ ਸਬਾਈ ਨੇਤਰ ਪੇਖੇ ਵੇਲਾ ਗਿਆ ਹੱਥ ਨਾ ਆਈ । ਸਾਚੀ ਲਿਖਤ ਲਿਖਾਏ ਗੁਰਸਿਖਾਂ ਜੁਗਤ ਬਣਾਏ ਜੋ ਆਏ ਹਰਿ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਅਤੁਟ ਨਿਖੁਟ ਨਾ ਭੰਡਾਰ ਕਦੇ ਮੁੱਕ ਜਾਈ । ਸਾਚਾ ਹਰਿ ਵਡ ਭੰਡਾਰਾ । ਮੰਗਣ ਆਵਣ ਕੋਟ ਦਵਾਰਾ । ਸਭ ਦੀ ਪਾਵੇ ਆਪੇ ਸਾਰਾ । ਊਚ ਨੀਚ ਦੇ ਵਿਚ ਪਸਾਰਾ । ਲੱਖ ਚੁਰਾਸੀ ਦਏ ਸਹਾਰਾ । ਹੋਏ ਸਹਾਈ ਜੰਗਲ ਜੂਹ ਪਹਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੱਠਾ ਏਕਾ ਚਾੜ੍ਹਾ । ਸਾਚੀ ਭੱਠੀ ਹਰਿ ਚੜ੍ਹਾਈ । ਗੁਰ ਸੰਗਤ ਕਰ ਇਕੱਠੀ ਗਰੀਬ ਨਿਮਾਣਿਆਂ ਦੁੱਖ ਭੁੱਖ ਹਰਿ ਦੇਵੇ ਆਪ ਕਟਾਈ । ਜੋ ਜਨ ਦਰ ਤੋਂ ਗਏ ਰੁਠ, ਅੰਤ ਰਹਿਣ ਪਛਤਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਆਪ ਵਡਿ ਆਈ ।

੪੪੨ ੦੩
ਹਰਿ ਸੱਚਾ ਸਿਕਦਾਰ, ਸਰਬ ਥਾਇੰਦਾ । ਕਰੇ ਖੇਲ ਅਪਰ ਅਪਾਰ, ਲੋਕਮਾਤ ਜਾਮਾ ਪਾਇੰਦਾ । ਜਨ ਭਗਤਨ ਕਰ ਪਿਆਰ, ਚਰਨ ਦਵਾਰ ਹਰਿ ਲੈ ਆਇੰਦਾ । ਆਪ ਉਠਾਏ ਸਾਰਾ ਭਾਰ, ਗੁਰਸਿਖ ਹੌਲੇ ਭਾਰ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਖੀਆਂ ਸਾਚਾ ਮੰਗਲ ਗਾਇਆ । ਜੂਠਾ ਝੂਠਾ ਕਲਜੁਗ ਵੱਜਾ ਸੰਗਲ, ਪ੍ਰਭ ਪਹਿਲੀ ਮਾਘ ਆਪ ਤੁੜਾਇਆ । ਮੁਖ ਸੋਹੰ ਲੱਗਾ ਸਗਨ, ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਆਪਣੀ ਹੱਥੀਂ ਦੇ ਲਗਾਇਆ । ਆਤਮ ਜੋਤੀ ਮਾਣਕ ਮੋਤੀ ਉਠੀ ਸੋਤੀ ਸ਼ਬਦ ਫੁੰਕਾਰ ਹਰਿ ਲਗਾਇਆ । ਵਰਨੀ ਵਰਨਾ ਧਰਨੀ ਧਰਨਾ ਸੱਚਾ ਗੋਤੀ, ਸਾਚਾ ਰੰਗ ਚੜ੍ਹਾਇਆ । ਗੁਰਮੁਖ ਸਾਚੇ ਸੰਤ ਜਨੋ ਪਹਿਲੀ ਮਾਘੀ ਸਾਚੇ ਮੰਦਰ ਹਰਿ ਜੀ ਅੰਦਰ ਹੋਇਆ ਸਚ ਅਸਵਾਰ ਆਪਣੇ ਘਾਟ ਲੰਘਾਇਆ । ਕਿਰਪਾ ਕਰ ਸਾਚੇ ਹਰਿ ਆਤਮ ਭੰਡਾਰਾ ਦਿਤਾ ਭਰ, ਗੁਰ ਪ੍ਰਸਾਦੀ ਆਪਣੀ ਹੱਥੀਂ ਪਹਿਲੋਂ ਆਣ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਹੁਕਮ ਦਏ ਸੁਣਾਇਆ । ਚੌਥਾ ਦਿਨ ਚਾਲ ਨਿਰਾਲੀ । ਕਰਦਾ ਰਿਹਾ ਦੋ ਜਹਾਨਾਂ ਵਾਲੀ । ਗੁਰਮੁਖ ਸਾਚੇ ਸੰਤ ਜਨ ਦੀਪਕ ਸਚ ਜਗਾਏ ਆਤਮ ਰੱਖੇ ਅੱਠੇ ਪਹਿਰ ਏਕਾ ਹਰਿ ਜੋਤ ਇਕ ਅਕਾਲੀ । ਲਾਹੌਰ ਸ਼ਹਿਰ ਹੋਣਾ ਕਹਿਰ, ਚਾਰੋਂ ਕੁੰਟ ਪੈਣੀ ਗਹਿਰ, ਦੱਸੇ ਪਹਿਲੀ ਇਹ ਨਿਸ਼ਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਆਪੇ ਬਣਾਏ ਬਾਨੀ । ਉਠੇ ਧੁੰਆਂਧਾਰ, ਚਾਰੋਂ ਤਰਫ ਅੰਧੇਰਾ । ਨਾ ਕੋਈ ਪਾਵੇ ਸਾਰ, ਚਾਰੋਂ ਤਰਫ ਪੈ ਜਾਏ ਘੇਰਾ । ਨਾ ਆਵੇ ਕਿਸੇ ਵਿਚਾਰ, ਰੁੜ੍ਹਿਆ ਜਾਏ ਸਭ ਦਾ ਡੇਰਾ । ਚਾਰੋਂ ਤਰਫ ਪੈ ਜਾਏ ਮਾਰ, ਵੇਲਾ ਅੰਤ ਆਇਆ ਨੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਿਹਾਰ ਆਪ

ਕਰਾਇਆ, ਸਿਰ ਬੰਨ੍ਹ ਕੇ ਆਪਣਾ ਸਿਹਰਾ । ਸਾਚਾ ਸਿਹਰਾ ਸਿਰ ਲਟਕਾਇਆ । ਇੱਟ ਨਾਲ ਇੱਟ ਦਏ ਖੜਕਾਇਆ । ਧਰੀ ਨੀਂਹ ਇੱਟ ਕੋਈ ਰਹਿਣ ਨਾ ਪਾਇਆ । ਦਰ ਦਰ ਘਰ ਘਰ ਹਰਿ ਹਰਿ ਜਾਏ ਆਪਣੀਂ ਹੱਥੀਂ ਦੇਵੇ ਪੁੱਟ, ਅੰਤਮ ਅੰਤ ਕਲਜੁਗ ਢਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੇ ਗਾਹੇ ਲੱਖ ਚੁਰਾਸੀ ਦੇਵੇ ਗਾਹਿਆ । ਗੁਰ ਸੰਗਤ ਮਨ ਵਿਚਾਰਨਾ । ਘਰ ਜਾ ਨਾ ਹਰਿ ਵਿਸਾਰਨਾ । ਰੱਖਣਾ ਆਤਮ ਸਾਚੇ ਥਾਂ ਨਾ ਕਦੇ ਹੰਕਾਰਨਾ । ਨਾ ਕੁਛ ਪੀਆਂ ਨਾ ਕੁਛ ਖਾਂ, ਨਾ ਕੁਛ ਕਰਾਂ ਉਧਾਰਨਾ । ਕੋਈ ਮੈਥੋਂ ਡਰ ਨਾ ਜਾਏ, ਪ੍ਰਭ ਅਬਿਨਾਸ਼ੀ ਕਿਸ ਤਰਾਂ ਪਾਲਨਾ । ਸਾਰੀ ਸੰਗਤ ਕਹਿ ਦੇ ਹਾਂ, ਪ੍ਰਭ ਅਬਿਨਾਸ਼ੀ ਆਪੇ ਕਰੇ ਆਪਣੀ ਭਾਵਨਾ । ਏਕਾ ਮੰਗੇ ਪ੍ਰੇਮ ਕਟੋਰੀ । ਫੜੀ ਰੱਖੇ ਗੁਰਸਿਖ ਤੇਰੀ ਕਾਇਆ ਵਾਲੀ ਆਪਣੀ ਹੱਥੀਂ ਡੋਰੀ । ਬੇਮੁੱਖ ਝੂਠਾ ਜੀਵ ਅੰਞਾਣਾ ਗੁਰ ਪੂਰੇ ਤੋਂ ਕਰੇ ਚੋਰੀ । ਲੱਖ ਚੁਰਾਸੀ ਮਾਤ ਭੋਗਣ ਜੂਨ ਪਾਇਣ ਢੋਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਹਿਰਦੇ ਅੰਦਰ ਵਸੇ ਨਾ ਰਹੇ ਕਿਸੇ ਮੰਦਰ ਮਸਜਿਦ ਨਾ ਰਹੇ ਵਿਚ ਭੋਰੀ । ਤਨ ਕਾਇਆ ਸੇਜ ਬਣਾਈ ਹੈ । ਹਰਿ ਸਿੰਘਾਸਣ ਸਾਚੀ ਸੇਜਾ, ਹਰਿ ਆਪਣੀ ਆਪ ਬਣਾਈ ਹੈ । ਨਾ ਕੋਈ ਪਾਵਾ, ਨਾ ਚੂਲ ਕੋਈ ਰਖਾਈ ਹੈ । ਏਕਾ ਮੂਲ ਸਚ ਅਸਥੂਲ ਹਰਿ ਆਪਣੀ ਬਣਤ ਬਣਾਈ ਹੈ । ਉਤੇ ਬੈਠਾ ਰਹੇ ਕੰਤ ਕੰਤੂਹਲ, ਜੋਤੀ ਦੂਣ ਸਵਾਈ ਹੈ । ਗੁਰਸਿਖ ਤੇਰੀ ਆਤਮ ਤਨ ਚੜ੍ਹਾਉਂਦਾ ਰਹੇ ਫੜ ਫੜ ਸਾਚੇ ਫੂਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਘਰ ਜਾ ਨਾ ਜਾਣਾ ਭੂਲ ਹੈ । ਆਤਮ ਸੇਜਾ ਮਾਰ ਧਿਆਨ । ਆਸਣ ਲਾਏ ਹਰਿ ਭਗਵਾਨ । ਬੈਠਾ ਰਹੇ ਬਣ ਕੇ ਕਾਹਨ । ਕਰਾਉਂਦਾ ਰਹੇ ਆਤਮ

੪੪੩ ੦੩

੪੪੩ ੦੩

ਸਰ ਸਾਚੇ ਦਾ ਸੱਚਾ ਇਕ ਇਸ਼ਨਾਨ । ਆਪੇ ਦੱਸੇ ਆਪਣਾ ਘਰ ਗੁਰਸਿਖ ਕਰ ਚਰਨ ਧਿਆਨ । ਆਪ ਚੁਕਾਏ ਜਮ ਕਾ ਡਰ ਕਿਰਪਾ ਕਰ ਆਪ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਬਾਲ ਨਿਧਾਨ । ਆਤਮ ਪੇਖ ਹਰਿ ਪਿਆਰਾ । ਸਤਿ ਸਵਰਨੀ ਉਚੀ ਸੇਜਾ ਉਤੇ ਬੈਠਾ ਹਰਿ ਭਤਾਰਾ । ਭੱਖ ਭੋਜ ਲਹਿਜਾ ਫਹਿਜਾ ਚਾਰੇ ਬਣਾਏ ਇਕੋ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਸਾਚੇ ਘਰ ਗੁਰਸਿਖਾਂ ਵੰਡਦਾ ਰਹੇ ਸਦਾ ਇਕੋ ਭੰਡਾਰਾ । ਆਤਮ ਸੇਜਾ ਰੰਗ ਅਨੂਪ । ਉਤੇ ਬੈਠਾ ਹਰਿ ਸ਼ਾਹ ਵੱਡਾ ਭੂਪ । ਏਕਾ ਜੋਤ ਜਗੇ ਅਗੰਮੀ ਨਾ ਕੋਈ ਰੰਗ ਨਾ ਕੋਈ ਰੂਪ । ਕਾਇਆ ਗਗਨ ਬੈਠਾ ਥੰਮੀ, ਕਰੇ ਰੁਸ਼ਨਾਈ ਵਿਚ ਅੰਧਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਆਪਣਾ ਆਪ ਦਿਖਾਏ, ਪ੍ਰਗਟ ਹੋਏ ਸਵੱਛ ਸਰੂਪ । ਸਾਚੀ ਸਿਖਿਆ ਲੈਣੀ ਮੰਨ । ਆਤਮ ਕੱਢਣਾ ਝੂਠਾ ਜਨ । ਧਰਮ ਰਾਏ ਨਾ ਲਾਏ ਡੰਨ । ਘਰ ਸਾਚੇ ਚੜ੍ਹਾਓ ਸਾਚੇ ਚੰਨ । ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ । ਜੂਠੇ ਝੂਠੇ ਬੇਮੁਖ ਜੀਵਾਂ ਵੇਲੇ ਅੰਤ ਹਰਿ ਕਲਜੁਗ ਦੇਵੇ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ ਗੁਰ ਸੰਗਤ ਸੁਣਨਾ ਕੰਨ । ਸਚ ਸ਼ਬਦ ਹਰਿ ਸੁਣਾਵੇ । ਗੁਰਮੁਖ ਸਾਚਾ ਰਸਨਾ ਗਾਵੇ । ਆਤਮ ਸਰ ਸਾਚੇ ਤੀਰਥ ਅੱਠੇ ਪਹਿਰ ਨੁਹਾਵੇ । ਕਿਰਪਾ ਕਰ ਦਿਤਾ ਵਰ ਅੰਮ੍ਰਿਤ ਆਤਮ ਸਾਚਾ ਸਰ ਭਰ ਪਿਆਲੇ ਆਪ ਪਿਆਵੇ । ਪ੍ਰਗਟ ਹੋਇਆ ਵਾਲੀ ਦੋ ਜਹਾਨਾਂ ਵਡ ਪੀਰਨ ਪੀਰ, ਭੁੱਲ ਕੋਈ ਨਾ ਜਾਵੇ । ਚਾਰੋਂ ਤਰਫ ਹੋਏ ਵਹੀਰ ਨੀਰ ਕਿਸੇ ਹੱਥ ਨਾ ਆਵੇ । ਭੱਜੇ ਫਿਰਨ ਦਸਤਗੀਰ ਸ਼ੇਖ਼ ਮੁਸਾਇਕ ਔਲੀਏ ਨਾ ਪੀਰ ਕੋਈ ਸਹਾਈ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ

ਚਲਾਇਆ ਤੀਰ, ਨਾ ਕੋਈ ਰੋਕ ਵਖਾਵੇ । ਚਲਿਆ ਤੀਰ ਤਿੱਖਾ ਮੁਖ । ਲਾਹੁੰਦਾ ਜਾਏ ਦੁੱਖ ਤੇਰੀ ਕੱਟਦਾ ਜਾਏ ਭੁੱਖ । ਏਕਾ ਦੇਂਦਾ ਜਾਏ ਸੁਖ । ਸਿੱਧਾ ਰਾਹੇ ਪਾਉਂਦਾ ਜਾਏ, ਪੁੱਠਾ ਲਟਕਿਆ ਰਿਹੋਂ ਚੁਰਾਸੀ ਮਾਨਸ ਰੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ, ਫੇਰ ਆਉਣ ਨਹੀਂ ਦੇਣਾ ਕੁੱਖ । ਆਪੇ ਕੱਟੇ ਗਰਭਵਾਸ । ਆਪਣੀ ਕਿਰਪਾ ਕਰ ਹਰਿ ਅਬਿਨਾਸ਼ । ਸੋਹੰ ਸ਼ਬਦ ਨਾਮ ਜਪਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਕਾਇਆ ਅੰਦਰ ਅੱਠੇ ਪਹਿਰ ਪਾਉਂਦਾ ਰਹੇ ਰਾਸ । ਪਾਵੇ ਰਾਸ ਬਣ ਕੇ ਕਾਹਨ । ਜੋਤ ਸਰੂਪੀ ਇਕ ਨਿਸ਼ਾਨ । ਰਾਗ ਛਤੀਸ ਗੁਰਮੁਖ ਸਾਚੇ ਤੇਰੇ ਅੰਦਰ ਗਾਨ । ਧੁਨ ਨਾਦ ਸਾਜ਼ ਬਾਜ ਪ੍ਰਭ ਆਪਣੀ ਹੱਥੀਂ ਕਰੇ ਖੜਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂਤੀਆਂ ਨਗਾਰੇ ਆਪ ਵਜਾਏ ਗੁਰਸਿਖ ਤੇਰੇ ਅੰਦਰ ਬੈਠਾ ਹਰਿ ਕਿਰਪਾ ਕਰ ਭਗਵਾਨ । ਵੱਜੇ ਢੋਲ ਨਗਾਰਾ ਸ਼ਬਦ ਜਣਾਈਆ । ਉਠੇ ਸਿੱਖ ਪਿਆਰਾ, ਹਰਿ ਜੀ ਆਸਣ ਆਤਮ ਸੇਜਾ ਲਾਈਆ । ਵੱਜੇ ਇਕ ਨਗਾਰਾ ਸੋਹੰ, ਚੋਟਾ ਆਪ ਲਗਾਈਆ । ਫਿਰ ਖੁਲ੍ਹੇ ਸੱਚਾ ਚੁਬਾਰਾ, ਦਸਮ ਦੁਆਰਾ ਦਿਸੇ ਆਪ ਖੁਲ੍ਹਾਈਆ । ਜਗੇ ਜੋਤ ਇਕ ਨਿਰੰਕਾਰਾ, ਵੇਖੇ ਰੰਗ ਅਗੰਮ ਅਪਾਰਾ, ਉਤੇ ਬੈਠਾ ਹਰਿ ਸ਼ਾਹ ਅਸਵਾਰਾ, ਆਸਣ ਬੈਠਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸੰਤ ਜਨੋ, ਕਰਦਾ ਰਹੇ ਸਦਾ ਨਿਆਈਂਆ । ਆਤਮ ਵੇਖ ਪੈਂਦੀ ਰਾਸ । ਕਿਉਂ ਭੁੱਲੇ ਪੁਰਖ ਅਬਿਨਾਸ਼ । ਦਸ ਮਹੀਨੇ ਉਲਟਾ ਲਟਕੇ ਰੱਖਿਆ, ਗਰਭਵਾਸ । ਅੱਠੇ ਪਹਿਰ ਰਿਹਾ ਧਿਆਇਆ, ਬਾਹਰ ਆਏ ਵਕਤ ਭੁਲਾਇਆ, ਆਪਣਾ ਆਪ ਕੀਆ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਫੇਰ ਸੁਣਾਏ ਪੁਰਖ ਅਬਿਨਾਸ । ਸਾਚਾ ਹੁਕਮ ਹਰਿ ਸੁਣਾਇਆ । ਸ਼ਬਦ ਡੰਕਾ ਮਗਰ ਲਗਾਇਆ । ਸਾਚਾ ਕੰਡਾ ਹੱਥ ਫੜਾਇਆ । ਗੁਰਸਿਖ ਤੇਰੇ ਵਿਚ ਰਖਾਇਆ । ਕਾਇਆ ਬਣਾਈ ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਆਪੇ ਰੱਖੇ ਵਾਸ । ਗੁਰ ਸੰਗਤ ਧੰਨ ਕਮਾਈਆ । ਧਰਮ ਦਿਹਾੜਾ ਸਾਚਾ ਮੰਨ, ਪਹਿਲੀ ਮਾਘੀ ਖ਼ੁਸ਼ੀ ਮਨਾਈਆ । ਪ੍ਰਭ ਸਾਚੇ ਜਗ ਚੜ੍ਹਾਇਆ ਸਾਚਾ ਚੰਨ, ਦਿਨੋ ਦਿਨ ਕਰੇ ਰੁਸ਼ਨਾਈਆ । ਢਾਹੁੰਦਾ ਜਾਏ ਕਲਜੁਗ ਛੱਪਰੀ ਛੰਨ, ਅਗਨ ਆਪਣੇ ਹੱਥ ਲਗਾਈਆ । ਸਤਿਜੁਗ ਸੁਣਾਉਂਦਾ ਜਾਏ ਕੰਨ, ਸੋਹੰ ਗੀਤ ਢੋਲਾ ਗਾਈਆ । ਕਲਜੁਗ ਦੇਂਦਾ ਜਾਏ ਡੰਨ, ਜਿਨ੍ਹਾਂ ਵਿਸਾਰਿਆ ਹਰਿ ਰਘੁਰਾਈਆ । ਸਤਿਜੁਗ ਵਸਾਉਂਦਾ ਜਾਏ ਤਨ, ਨਾਮ ਧੰਨ ਝੋਲੀ ਪਾਈਆ । ਕਲਜੁਗ ਅੰਤਮ ਜਾਏ ਭੰਨ, ਝੂਠੀ ਕਾਇਆ ਜੋ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਰੱਖੇ ਥਾਉਂ ਥਾਈਂਆ । ਸਤਿਜੁਗ ਸਚ ਧਰਮ ਦਾ ਇਕ ਦੁਲਾਰਾ । ਕਲਜੁਗ ਹੋਇਆ ਅੰਤ ਖੁਆਰਾ । ਪ੍ਰਗਟ ਹੋ ਸਾਚੇ ਹਰਿ ਪਹਿਲੀ ਬੱਧੀ ਏ ਸਾਚੀ ਸਤਿਜੁਗ ਧਾਰਾ । ਕਲਜੁਗ ਝੂਠਾ ਰਿਹਾ ਰੋ, ਧੱਕਾ ਲੱਗੇ ਇਕੋ ਭਾਰਾ । ਸਤਿਜੁਗ ਸਾਚੇ ਜਨਮ ਦਵਾਇਆ ਆਇਆ ਵਿਚ ਸੰਸਾਰਾ । ਕਲਜੁਗ ਝੂਠਾ ਬਾਹਰ ਕਢਾਇਆ, ਮਾਤਲੋਕ ਵਿਚੋਂ ਹੋਇਆ ਬਾਹਰਾ । ਸਤਿਜੁਗ ਸਾਚੇ ਸਾਚਾ ਕਰਮ ਕਮਾਇਆ, ਚਾਰ ਵਰਨ ਇਕ ਦੁਆਰਾ । ਕਲਜੁਗ ਝੂਠਾ ਭੇਖ ਵਟਾਇਆ, ਡਿੱਗਾ ਮੂੰਹ ਦੇ ਭਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਕਰਾਏ ਆਪਣਾ ਸੱਚੋ ਸਚ ਵਿਹਾਰਾ । ਸਤਿਜੁਗ ਉਠਿਆ ਸੁਰਤ ਸੰਭਾਲ । ਕਲਜੁਗ ਅੰਤਮ ਹੋਇਆ ਕੰਗਾਲ । ਏਕਾ ਮੰਗ ਸਤਿਜੁਗ ਮੰਗੀ, ਗੁਰਸਿਖ ਦੇ ਦੇ ਏਕਾ ਨਾਲ । ਕਲਜੁਗ ਤੇਰਾ ਕੋਇ ਨਾ ਸੰਗੀ ਅੰਗੀ, ਸਾਰੇ ਗਏ ਪਿਠ ਵਖਾਲ । ਸਤਿਜੁਗ

੪੪੪ ੦੩

ਸਾਚਾ ਗੁਰਸਿਖਾਂ ਜਾਏ ਰੰਗੀ, ਦੇਵੇ ਰੰਗ ਇਕ ਕਮਾਲ । ਬੇਮੁੱਖ ਕਲਜੁਗ ਜੀਵ ਕਰੇ ਪਿੱਠ ਨੰਗੀ, ਨਾ ਕੋਈ ਰੋਕ ਸਕੇ ਜੂਠੀ ਝੂਠੀ ਢਾਲ । ਸਤਿਜੁਗ ਸਾਚਾ ਮਾਤ ਵਿਚ ਆਇਆ, ਮਾਰੀ ਇਕੋ ਛਾਲ । ਕਲਜੁਗ ਝੂਠਾ ਬਾਹਰ ਕਢਾਇਆ, ਅੰਤਮ ਹੋਇਆ ਮਾਤ ਬੇਹਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਲਏ ਸੁਰਤ ਸੰਭਾਲ । ਸਤਿਜੁਗ ਰਿਹਾ ਹੱਥ ਜੋੜ । ਕਲਜੁਗ ਜੂਠੇ ਝੂਠੇ ਦੋਹੀਂ ਹੱਥੀਂ ਚਲਿਆ ਕੋਹੜ । ਸਤਿਜੁਗ ਸਾਚਾ ਅੱਠੇ ਪਹਿਰ ਮੰਗੇ ਪ੍ਰਭ ਸਾਚੇ ਤੇਰੀ ਸਾਚੀ ਲੋੜ । ਕਲਜੁਗ ਬੇਮੁੱਖ ਜੀਵਾਂ ਬੂਟਾ ਲਾਇਆ ਪ੍ਰਭ ਅਬਿਨਾਸ਼ੀ ਆਪਣੀ ਹੱਥੀਂ ਪੁੱਟੇ ਡੂੰਘਾ ਪਤਾਲੀਂ ਲੱਗਾ ਬੋਹੜ । ਸਤਿਜੁਗ ਸਾਚਾ ਕਰੇ ਬੇਨੰਤੀ, ਮੇਰੀ ਨਿਭ ਜਾਏ ਨਾਲ ਸੰਗ ਤੋੜ । ਕਲਜੁਗ ਬੇਮੁੱਖ ਜੂਠਾ ਝੂਠਾ ਹਾਹਾਕਾਰ ਪੁਕਾਰੇ, ਪੀੜ ਪਵੇ ਡਾਹਢੀ ਜੋੜ । ਸਤਿਜੁਗ ਸਾਚਾ ਪ੍ਰਭ ਚਰਨ ਬਲਿਹਾਰੇ, ਅੱਠੇ ਪਹਿਰ ਪੁਕਾਰੇ ਪ੍ਰਭ ਅਬਿਨਾਸ਼ੀ ਵਾਗਾਂ ਮੋੜ । ਕਲਜੁਗ ਅੰਤਮ ਹੋਏ ਖੁਆਰੇ, ਨਾ ਕੋਈ ਨਿਭਾਏ ਲੱਗੀ ਤੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਦੋਹਾਂ ਧਿਰਾਂ ਨੂੰ ਪੈ ਗਈ ਲੋੜ । ਸਤਿਜੁਗ ਸਾਚਾ ਮੰਗੇ ਦਾਤ । ਕਲਜੁਗ ਝੂਠੇ ਤੁੱਟਾ ਨਾਤ । ਸਤਿਜੁਗ ਸਾਚਾ ਅਰਜ਼ ਗੁਜ਼ਾਰੇ, ਨਾ ਹੋਏ ਅੰਧੇਰੀ ਰਾਤ । ਕਲਜੁਗ ਜੀਵ ਦੁੱਖ ਲੱਗਾ ਭਾਰੇ, ਨਾ ਕੋਈ ਮਿਲੇ ਅੰਤ ਭੈਣ ਭਰਾਤ । ਸਤਿਜੁਗ ਸਾਚਾ ਦੋਏ ਜੋੜ ਡਿਗਾ ਚਰਨ ਕਮਲਾਰੇ, ਪ੍ਰਭ ਅੰਮ੍ਰਿਤ ਬੂੰਦ ਪਿਆਈ ਸਵਾਂਤ । ਕਲਜੁਗ ਡਿੱਗਾ ਮੂੰਹ ਦੇ ਭਾਰੇ, ਉਪਰ ਧਵਲਾਤ । ਦੀਨ ਮੁਹੰਮਦੀ ਪਹਿਲਾਂ ਹੋਏ ਖਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਰੋ ਵਾਰੀ ਢਾਹੁੰਦਾ ਜਾਏ ਸਰਬ ਚੁਬਾਰੇ । ਸਤਿਜੁਗ ਆਇਆ ਸੱਚਾ ਸਿਕਦਾਰ । ਵੇਖੇ ਕਲਜੁਗ ਪੈਂਦੀ ਮਾਰ । ਤਖ਼ਤ ਬੈਠਾ ਆਪ ਨਿਰੰਕਾਰ । ਲੱਖ ਚੁਰਾਸੀ ਕਰੇ ਦਾਸੀ ਘੱਲੇ ਧਰਮ ਰਾਏ ਦੇ ਦਵਾਰ । ਸਤਿਜੁਗ ਸਾਚਾ ਚਲ ਕੇ ਆਇਆ ਹਰਿ ਹਰਿ ਦਵਾਰ । ਫੜ ਪਾਏ ਦੋਹਾਂ ਹੱਥਾਂ ਨਾਲ ਹਾਰ । ਕਲਜੁਗ ਜੂਠਾ ਝੂਠਾ ਰੋ ਰੋ ਕਰੇ ਪੁਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਰਸਨ ਚਲਾਇਆ ਏਕਾ ਤਿਖੀਆਂ ਦੋਵੇਂ ਧਾਰ । ਸੋਹੰ ਖੰਡਾ ਦੋ ਤਿਖੀਆਂ ਧਾਰਾਂ । ਗੁਰਮੁਖ ਸਾਚੇ ਕਰੋ ਵਿਚਾਰਾ । ਸਤਿਜੁਗ ਪਾਵੇ ਗੁਰਸਿਖ ਸਾਰਾ । ਕਲਜੁਗ ਅੰਤਮ ਬੇਮੁਖ ਜੀਵਾਂ ਕਰੇ ਆਪ ਦੋ ਫਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਵੀਂ ਪਾਸੀਂ ਚੀਰ ਧਰਾਏ ਛੇਤੀ ਹੋਵਣ ਆਰਾ ਪਾਰਾ । ਸਾਚਾ ਚੀਰ ਹਰਿ ਚਿਰਾਵਣਾ । ਪੀਰ ਫ਼ਕੀਰ ਅਮੀਰ ਵਜ਼ੀਰ ਸ਼ਾਹ ਹਕੀਰ ਸਰਬ ਮੁਕਾਵਣਾ । ਕਲਜੁਗ ਅੰਤਮ ਅੰਤ ਅਖੀਰ, ਨੀਰ ਸੀਰ ਕਿਸੇ ਹੱਥ ਨਾ ਆਵਣਾ । ਨਾ ਕੋਈ ਦੇਵੇ ਕਿਸੇ ਧੀਰ, ਕੁਰਾਨ ਅੰਜੀਲ ਖਾਣੀ ਬਾਣੀ ਵੇਦ ਪੁਰਾਣੀ ਸਭ ਨੇ ਮੁਖ ਛੁਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਚਾਰ ਕੁੰਟ ਵਜਾਵਣਾ । ਸੋਹੰ ਸ਼ਬਦ ਵੱਜੇ ਡੰਕ ਚਾਰ ਕੁੰਟ ਹੋਏ ਜੈਕਾਰ, ਸਤਿਜੁਗ ਸਾਚਾ ਮਾਣ ਦਵਾਏ । ਆਪ ਸੱਚੀ ਸਰਕਾਰ, ਚਾਰ ਵਰਨ ਏਕਾ ਥਾਂ ਬਹਾਏ । ਊਚ ਨੀਚ ਦਾ ਭਰਮ ਨਿਵਾਰ, ਰਾਜਾ ਰਾਣਾ ਸੁਘੜ ਸਿਆਣਾ ਵਡ ਜਰਵਾਣਾ ਪਛੋਤਾਉਣਾ, ਬੇਮੁਹਾਣਾ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰਿਆਂ ਬਹਾਏ ਇਕੋ ਥਾਂਏ । ਇਕ ਦਰ ਆਪ ਖੁਲ੍ਹਾਇਆ । ਸਾਚਾ ਰਾਹ ਜਗਤ ਬਣਾਇਆ । ਏਕਾ ਨਾਮ ਸ਼ਬਦ ਜਪਾਇਆ । ਦੁੱਖ ਦਲਿਦਰ ਸਾਰਾ ਲਾਹਿਆ । ਪੂਰੀ ਕਰ ਜਾਏ ਸੱਧਰ, ਜੋ ਜਨ ਪ੍ਰਭ ਅਬਿਨਾਸ਼ੀ ਤੇਰੀ ਸਰਨੀ ਆਇਆ । ਖੇਲ ਕਰਾਇਆ ਜੋ ਸੋਲਾਂ ਮੱਘਰ, ਸਾਚਾ ਚੰਨ ਚੜ੍ਹਾਇਆ । ਗੁਰਸਿਖ ਸਾਚੇ ਸੰਤ ਜਨੋ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵੀਰਾ ਛੋਟਾ

ਹੀਰਾ ਸਿੰਘ ਮਨਜੀਤ ਤੁਹਾਡੇ ਅੱਗੇ ਲਾਇਆ । ਗੁਰ ਸੰਗਤ ਹਰਿ ਵਡਿਆਈ ਹੈ । ਜਗਤ ਪਿਤ ਕਰ ਹਿੱਤ, ਆਪਣੇ ਸੰਗ ਰਖਾਈ ਹੈ । ਬਣਿਆ ਸਾਚਾ ਮਿੱਤ, ਵਿਛੜ ਕਦੇ ਨਾ ਜਾਈ ਹੈ । ਰਖੱਣਾ ਸਦਾ ਚਿੱਤ, ਨਿਹਕਲੰਕ ਹਰਿ ਰਘੁਰਾਈ ਹੈ । ਨਾ ਕੋਈ ਦਰ ਦਰਵਾਜਾ ਨਾ ਕੋਈ ਭੀਤਰ ਭਿੱਤ, ਦਸਮ ਦੁਆਰ ਨਾ ਕਿਸੇ ਬੂਝ ਪਾਈ ਹੈ । ਅੰਮ੍ਰਿਤ ਆਤਮ ਪ੍ਰਭ ਦੇਵੇ ਸਿੰਚ, ਤ੍ਰਿਖਾ ਅਗਨ ਬੁਝਾਈ ਹੈ । ਨਾ ਕੋਈ ਵਾਰ ਨਾ ਕੋਈ ਥਿਤ, ਅੱਠੇ ਪਹਿਰ ਗੁਰਸਿਖ ਪੂਰੇ ਵਿਚ ਰਿਹਾ ਸਮਾਈ ਹੈ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਸਰਬ ਘਟਾਂ ਵਾਸ ਰਖਾਈ ਹੈ । ਜੋਤ ਪ੍ਰਗਟਾਏ ਨਿੱਤ ਨਵਿਤ, ਅਚਰਜ ਖੇਲ ਬਣਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦੇ ਵਧਾਈ ਹੈ । ਗੁਰ ਸੰਗਤ ਸਾਚਾ ਕਰਮ ਕਮਾਉਣਾ । ਮਦਿਰਾ ਮਾਸ ਹੱਥ ਨਾ ਲਾਉਣਾ । ਬੇਮੁੱਖ ਹੋਏ ਨਾ ਮੁਖ ਲਗਾਉਣਾ । ਲੱਗੇ ਦੁੱਖ ਨਾ ਕਿਸੇ ਛੁਡਾਉਣਾ । ਸੁੱਕ ਜਾਏ ਕੁੱਖ, ਨਾ ਹਰੀ ਕਿਸੇ ਕਰਾਉਣਾ । ਛਾਹੀ ਲੱਗੇ ਮੁੱਖ, ਨਾ ਦਾਗ ਕਿਸੇ ਮਿਟਾਉਣਾ । ਉਲਟਾ ਹੋਇਆ ਜੀਵ ਮਨੁੱਖ, ਲੱਖ ਚੁਰਾਸੀ ਵਿਚ ਫਿਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤ ਗੁਰਮੁਖਾਂ ਆਪ ਸਮਝਾਂਉਣਾ । ਮਦਿਰਾ ਮਾਸ ਜੇ ਰਸਨ ਲਗਾਓ । ਮੁੜ ਫੇਰਾ ਇਸ ਘਰ ਨਾ ਪਾਓ । ਝੇੜਾ ਸੱਚੇ ਦਰ ਦਾ ਆਪਣੀਂ ਹੱਥੀਂ ਆਪ ਚੁਕਾਓ । ਕਾਇਆ ਨਗਰ ਖੇੜਾ ਬੇਮੁਖ ਆਪਣੀ ਹੱਥੀਂ ਆਪੇ ਢਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤ ਸਮਝਾਵੇ, ਦੇਵੇ ਠੰਡੀ ਛਾਉਂ ।


੪੪੬ ੦੩

## ❊ ੩ ਮਾਘ ੨੦੧੦ ਬਿਕ੍ਰਮੀ ਬੁੱਘੀਂ ਘਰ ਤੋਂ ਬਾਹਰ ਖੇਤ ਵਿਚ ❊

ਮੰਗਲ ਗਾਇਆ ਸਾਚੇ ਘਰ । ਗੁਰ ਸੰਗਤ ਵਿਦਾ ਦੇਵੇ ਕਰ । ਖ਼ੁਸ਼ੀ ਜਾਣਾ ਆਪਣੇ ਦਰ । ਨਾਲ ਲੈ ਜਾਣਾ ਸਾਚਾ ਵਰ । ਸੋਹੰ ਸ਼ਬਦ ਝੋਲੀ ਭਰ । ਆਤਮ ਨੁਹਾਉਣਾ ਸਾਚੇ ਸਰ । ਰਸਨਾ ਗਾਉਣਾ ਕਰਨੀ ਕਰ । ਚਰਨ ਸੀਸ ਧਰਾਵਣਾ, ਆਤਮ ਹੰਕਾਰ ਦੂਰ ਕਰ । ਆਪਣਾ ਆਪ ਭੇਟ ਚੜ੍ਹਾਵਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਹਿੰਸਾ ਦੇਵੇ ਕੱਢ, ਜੋਤੀ ਸਾਚਾ ਨੂਰ ਧਰ । ਗੁਰ ਸੰਗਤ ਹਰਿ ਵਿਦਾ ਕਰਾਈ । ਸਿੱਧਾ ਰਾਹ ਇਕ ਰਖਾਈ । ਦੂਜੇ ਰਾਹ ਕੋਈ ਨਾ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭਨਾਂ ਮਿਲੇ ਥਾਉਂ ਥਾਈਂ । ਦੂਰ ਦੁਰਾਡਾ ਹਰਿ ਨਾ ਜਾਣੋ । ਪਹਿਲੇ ਆਪਣਾ ਆਪ ਪਛਾਣੋ । ਪ੍ਰਭ ਅਬਿਨਾਸ਼ੀ ਹਿਰਦੇ ਵਸੇ, ਆਤਮ ਰੰਗ ਸਾਚਾ ਮਾਣੋ । ਬੇਮੁਖਾਂ ਨਾ ਹਰਿ ਜੀ ਦਿਸੇ ਵਿਚ ਬੈਠਾ ਨੈਣ ਮੁਧਾਨੋ । ਸਾਚੀ ਵਸਤ ਹੱਥ ਨਾ ਆਈ ਕਿਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਨਹੀਂ ਬਾਲ ਅੰਞਾਣੋ । ਸੰਗਤ ਗੁਰ ਗੁਰ ਸੰਗਤ ਚੜ੍ਹ ਜਾਏ ਚਾਅ ਦੋਹਾਂ ਡਿਠਾ ਸੱਚਾ ਥਾਂ । ਹਰਿ ਜੀ ਸਾਚੇ ਆਸਣ ਲਾਇਆ, ਫੜ ਕੇ ਬੈਠਾ ਦੋਹਾਂ ਬਾਂਹ । ਆਪਣਾ ਬਾਣਾ ਗੁਰਸਿਖਾਂ ਅੱਖੀਂ ਆਪ ਵਖਾਇਆ, ਨਾ ਛੱਡਿਆ ਖਾਲੀ ਕੋਈ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵਾਂ ਦਰ ਦਰ ਫਿਰਾਏ ਜਿਉਂ ਸੁੰਞੇ ਘਰ ਕਾਂ । ਗੁਰਮੁਖ ਵਿਰਲਾ ਗੁਰ ਹਰਿ ਧਾਰਦਾ । ਦਰ ਆਏ ਚਰਨ ਨਿਮਸਕਾਰਦਾ । ਭਾਂਡਾ ਭਰਮ ਭੌ ਭੰਨੇ ਤੋੜੇ ਕੁਫਲ ਹੰਕਾਰ ਦਾ । ਆਤਮ ਫੇਰ ਮੰਨੇ, ਅੱਗੇ ਨਾ ਲੱਗੇ ਤਨੇ, ਕਿਸੇ ਥਾਂ ਨਾ ਜਾਏ ਡੰਨੇ, ਕਰੇ ਦਰਸ ਹਰਿ ਨਿਰੰਕਾਰ

ਦਾ । ਵਾਂਗ ਧੰਨੇ ਆਪੇ ਭੰਨੇ ਗੰਨੇ, ਆਪ ਕਿਆਰੇ ਬੰਨ੍ਹੇ ਆਤਮ ਕਿਆਰੀ ਆਪੇ ਵੇਖ ਵਖਾਇੰਦਾ । ਨਾ ਛੱਪਰੀ ਨਾ ਛੰਨੇ, ਜੋਤ ਸਰੂਪੀ ਜੋਤ ਹਰਿ, ਆਪਣਾ ਧਾਮ ਆਪੇ ਆਪ ਸੁਹਾਵੰਦਾ । ਗੁਰ ਸੰਗਤ ਗੁਰ ਸੰਗਤ ਏਕਾ ਰੰਗ । ਦੋਹਾਂ ਬਣ ਜਾਏ ਸਾਚਾ ਸੰਗ । ਦੂਜਾ ਦਰ ਨਾ ਕੋਈ ਲਏ ਮੰਗ । ਕੱਟਣ ਆਇਆ ਹਰਿ ਸਾਚਾ ਭੁੱਖ ਨੰਗ । ਪਿਛਲਾ ਵਕਤ ਜੋ ਲੰਘਾਇਆ ਗੁਰਸਿਖਾਂ ਹੋਏ ਤੰਗ । ਸਾਚਾ ਵਕਤ ਆਣ ਸੁਹਾਇਆ, ਸ਼ਬਦ ਸਰੂਪੀ ਨਾਦ ਵਜਾਇਆ, ਕਲਜੁਗ ਸੁਣਾਇਆ ਸਾਚਾ ਮਰਦੰਗ । ਏਕਾ ਆਪਣਾ ਨਾਮ ਚੜ੍ਹਾਇਆ, ਭੱਠੀ ਡਾਹਢੀ ਸਾਚਾ ਬਾਢੀ ਆਪੇ ਲਏ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਮੂਲ ਤੇਰਾ ਰੰਗ ਚਲੂਲ ਨਾ ਜਾਣਾ ਭੂਲ, ਹਰਿ ਅਮੂਲ ਹਰਿ ਅਸਥੂਲ ਸੋਹੰ ਸ਼ਬਦ ਸਾਚਾ ਚੋਲਾ ਤੇਰੇ ਤਨ ਪਹਿਨਾਇਆ । ਤਨ ਪਹਿਨਾਏ ਸਾਚਾ ਚੋਲਾ । ਪ੍ਰਭ ਅਬਿਨਾਸ਼ੀ ਪੂਰਾ ਕਲਾ ਸੋਲਾਂ । ਸਾਚਾ ਸ਼ਬਦ ਹਰਿ ਸੁਣਾਏ, ਨਾ ਕੋਈ ਪਰਦਾ ਨਾ ਕੋਈ ਉਹਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੇ ਦਰ ਗੁਰਸਿਖ ਸਾਚਾ ਗੋਲਾ । ਪ੍ਰਭ ਅਬਿਨਾਸ਼ੀ ਸ਼ਾਹ ਮਸਤਾਨਾ, ਨਾ ਕੋਈ ਜਗਤ ਅਮੀਰ ਹੈ । ਬਣ ਕੇ ਆਏ ਜਗਤ ਦੀਵਾਨਾ, ਗੁਰਸਿਖਾਂ ਕੱਟਣ ਆਇਆ ਭੀੜ ਹੈ । ਹਰਿ ਕਾ ਭੇਵ ਨਾ ਕਿਸੇ ਪਛਾਣਾ, ਨਾ ਸ਼ਾਹ ਨਾ ਹਕੀਰ ਹੈ । ਗੁਰਮੁਖ ਸਾਚੇ ਹਰਿ ਸਾਚੇ ਦਾ ਸਚ ਨਿਸ਼ਾਨਾ, ਤੇਰੀ ਆਤਮ ਵੱਜੇ ਤੀਰ ਹੈ । ਆਪ ਚਲਾਏ ਵਾਲੀ ਦੋ ਜਹਾਨਾਂ, ਬਜ਼ਰ ਕਪਾਟੀ ਜਾਏ ਚੀਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਉਪਰ ਬੈਠਾ ਵਡ ਦਾਤਾ ਪੀਰ ਹੈ । ਅੰਮ੍ਰਿਤ ਤੇਰੀ ਸਾਚੀ ਧਾਰ । ਗੁਰ ਸੰਗਤ ਹਿਰਦਾ ਦੇਵੇ ਠਾਰ । ਇਕ ਦੂਜੇ ਦਾ ਸਾਂਝਾ ਕਰੇ ਪਿਆਰ । ਗੁਰਸਿਖਾਂ ਗੁਰਮੁਖਾਂ ਚੁੱਕੇ ਆਪੇ ਸੱਚਾ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬਖ਼ਸ਼ੇ ਕਿਰਪਾ ਧਾਰ । ਅੰਮ੍ਰਿਤ ਸਾਚੀ ਤ੍ਰਿਖਾ ਮਿਟਾਵੀਂ । ਸਿੱਧੇ ਰਸਤੇ ਗੁਰ ਸੰਗਤ ਪਾਵੀਂ । ਗੁਰਸਿਖ ਜੇ ਕੋਈ ਭੁੱਲਣ ਲੱਗੇ, ਬਾਹੋਂ ਫੜ ਕੇ ਹਲੂਣ ਜਗਾਵੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਤਾਣ ਤੇਰੀ ਝੋਲੀ ਪਾਏ ਸਭ ਦੇ ਮੁਖ ਲਗਾਵੀਂ । ਨਰ ਨਰਾਇਣ ਤੇਰੀ ਸਾਚੀ ਧਾਰ । ਧਰਤ ਮਾਤ ਸੁਣ ਪੁਕਾਰ । ਮਾਤ ਆਇਆ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬਣਾਏ ਸੱਚੀ ਸਰਕਾਰ । ਸਾਚੀ ਬਣਤ ਹਰਿ ਬਣਾਏ । ਸਤਿਜੁਗ ਕਲਜੁਗ ਇਕੱਠੇ ਕਰ ਵਖਾਏ । ਸਾਚਾ ਹਾਲੀ ਸਾਚਾ ਪਾਲੀ, ਆਪਣਾ ਹੱਲ ਆਪੇ ਆਣ ਜਵਾਏ । ਧਰਤ ਮਾਤ ਤੇਰੇ ਚਾਰ ਚੁਫੇਰੇ ਪਹਿਲਾ ਫੇਰਾ ਲਾਏ । ਕਲਜੁਗ ਜੀਵ ਨੌਂ ਖੰਡ ਪ੍ਰਿਥਮੀ ਬਾਹਰ ਕੋਈ ਰਹਿ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਜਾ ਆਸਣ ਲਾਏ । ਸਾਚਾ ਹਾਲੀ ਹਲ ਚਲਾਵੇ । ਪਹਿਲੀ ਕੂਟ ਇਕਾ ਰਹਿਲ ਮੱਲ ਵਖਾਵੇ । ਮੁਹੰਮਦੀ ਦੀਨਾਂ ਕੀਨਾ ਵਖ ਆਪੇ ਮਾਰ ਵਖਾਵੇ । ਘਰ ਘਰ ਲਾਉਂਦੇ ਵੇਖੋ ਭੱਖ, ਕੋਈ ਰਹਿਣ ਨਾ ਪਾਏ । ਜਿਨ੍ਹਾਂ ਪੱਲੇ ਬੰਨ੍ਹੇ ਲੱਖ, ਦਾਣਾ ਹੱਥ ਨਾ ਆਏ । ਕਲਜੁਗ ਅੰਤਮ ਸਾਚੇ ਹਾਲੀ ਸਾਚਾ ਹਲ ਚਲਾਇਆ । ਪਾੜ੍ਹਾ ਕੋਈ ਰਹਿਣ ਨਾ ਪਾਇਆ । ਜ਼ਿਮੀ ਅਸਮਾਨ ਪਾੜ੍ਹਾ, ਚਾੜ੍ਹੀ ਇਕੋ ਧਾੜਾ, ਸਭ ਨੂੰ ਗੂੜ੍ਹੀ ਨੀਂਦ ਸਵਾਇਆ । ਚਾਰੋਂ ਤਰਫ ਦਿਸਣ ਤਪੀਆਂ ਉਜਾੜਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਕਿਰਸਾਨਾ । ਬੇਮੁਹਾਣਾ ਕੀਤੀ ਜਾਏ ਵਾਹੋ ਦਾਹੀ, ਕਲਜੁਗ ਸਤਿਜੁਗ ਦੋਵੇਂ ਜਾਇਣ ਥੱਕ । ਪਿਛੋਂ ਪ੍ਰਭ ਅਬਿਨਾਸ਼ੀ ਮਾਰੇ ਇਕੋ ਧੱਕ । ਆਪਣੀ ਹੱਥੀਂ ਆਪੇ ਲਏ ਹੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਕੂਟ ਲਾਏ ਝਕੋਲੇ, ਦਏ ਹਲੂਣੇ ਮਾਰ ਮੁਕਾਵੇ ਝੱਟ ।

ਸਾਚਾ ਹਾਲੀ ਹਲ ਚਲਾਏ । ਉਤੋਂ ਰਿਹਾ ਖੂਬ ਦਬਾਏ । ਜੜ੍ਹ ਕਿਸੇ ਦੀ ਰਹਿ ਨਾ ਜਾਏ । ਅੰਦਰ ਵੜ ਮਾਰ ਦੜ ਕੋਈ ਛੁਪ ਨਾ ਜਾਏ । ਆਪੇ ਭੰਨੇ ਜੋ ਲਏ ਘੜ, ਸ਼ਬਦ ਹਥੌੜਾ ਉਪਰ ਲਾਏ । ਕਲਜੁਗ ਅਗਨ ਵਿਚ ਗਏ ਸੜ, ਦੋਸ਼ ਨਾ ਕਿਸੇ ਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ ਜੋ ਕਰੇ ਕਰਾਏ । ਪਹਿਲੀ ਕੂਟ ਵੰਡ ਕਰਾਈ ਬੇਮੁਖ ਜੀਵਾਂ ਠੁੱਡੇ ਨਾਲ ਛੰਡ ਵਖਾਈ । ਅੱਗੇ ਜੇ ਕੋਈ ਦਿਸੇ ਅੜਿਆ, ਪਿਛੋਂ ਧੱਕਾ ਦੇਵੇ ਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਖੀਂ ਵੇਖੋ ਕਿਵੇਂ ਕਰੇ ਸਫਾਈ । ਸਾਚਾ ਹਲ ਹਰਿ ਬਣਾਇਆ । ਸੋਹੰ ਫਾਲਾ ਅੱਗੇ ਲਾਇਆ । ਸਭ ਦੀ ਜੜ੍ਹ ਵੱਢਦਾ ਜਾਏ, ਨਾ ਘਿਸੇ ਕਿਸੇ ਘਸਾਇਆ । ਪੱਥਰ ਜੂਹ ਉਜਾੜ ਪਹਾੜਾਂ ਅੰਦਰ ਵੜਦਾ ਜਾਏ, ਨਾ ਅਟਕੇ ਨਾ ਕਿਸੇ ਅਟਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤੋਂ ਦੋ ਹੱਥੀਂ ਰਿਹਾ ਦਬਾਇਆ । ਖ਼ੁਸ਼ੀਆਂ ਨਾਲ ਹਰਿ ਹੱਲ ਚਲਾਏ । ਸਿਧੀ ਰਾਹਲ ਇਕ ਰਖਾਏ । ਦੋਵੇਂ ਬੈਲ ਕਲਜੁਗ ਸਤਿਜੁਗ ਰਹੇ ਤਕਾਏ । ਪ੍ਰਭ ਅਬਿਨਾਸ਼ੀ ਮਾਰ ਅਵਾਜ਼, ਸੰਤ ਮਨੀ ਸਿੰਘ ਸੱਦ ਲਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਸਤਿਜੁਗ ਬਾਹਰ ਕੱਢੇ, ਅੱਗੇ ਉਹਨੂੰ ਆਪ ਜੁਆਏ । ਉਠ ਸੰਤ ਤੇਰੀ ਬਣਦੀ ਜਾਏ ਬਣਤ, ਸਤਿਜੁਗ ਵੇਲਾ ਨੇੜੇ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਲੇਖਾ ਰਿਹਾ ਮੁਕਾਏ । ਸੰਤ ਮਨੀ ਸਿੰਘ ਖ਼ੁਸ਼ੀ ਮਨਾਈ । ਪੂਰੇ ਹਰਿ ਕਿਰਪਾ ਕਰ ਮੇਰੀ ਸੇਵਾ ਵਾਹ ਵਾਹ ਲੇਖੇ ਲਾਈ । ਮੈਨੂੰ ਚੁਕਿਆ ਸਾਰਾ ਡਰ, ਇਕੋ ਲਾਉਣਾ ਧਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਰਪਾ ਕਰੀ, ਦੇ ਕੇ ਵਰ ਨਾ ਸਿਰ ਤੋਂ ਹੱਥ ਉਠਾਈ । ਸਾਚਾ ਕਰਮ ਕਮਾਉਂਦਾ ਜਾਏ । ਗੁਰਸਿਖ ਸੋਇਆ ਆਪ ਉਠਾਉਂਦਾ ਜਾਏ । ਸਾਚਾ ਬੀਜ ਆਪਣੀ ਹੱਥੀਂ ਪ੍ਰਭ ਅਬਿਨਾਸ਼ੀ ਵਿਚ ਮਾਤ ਬਿਜਾਉਂਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਨੀਂਹ ਰਖਾਈ, ਗੁਰਸਿਖਾਂ ਸਾਚਾ ਅੰਮ੍ਰਿਤ ਫੱਲ ਆਪ ਖਵਾਉਂਦਾ ਜਾਏ । ਪਹਿਲਾ ਜੋਤਰਾ ਲਏ ਲਗਾਏ । ਦੂਜੇ ਦੀ ਫੇਰ ਵਾਰੀ ਆਏ । ਸ਼ਬਦ ਸਰੂਪੀ ਸੰਤ ਮਨੀ ਸਿੰਘ ਹਰਿ ਜੀ ਹੁਕਮ ਸੁਣਾਏ । ਸਿੱਧਾ ਹੋ ਕੇ ਬੰਨ੍ਹੇ ਲਗ, ਦੂਜੀ ਗੁੱਠੇ ਫੇਰਾ ਪਾਏ । ਪ੍ਰਭ ਅਬਿਨਾਸ਼ੀ ਸੂਰਾ ਸਰਬੱਗ, ਬੂਰੇ ਕੱਕੇ ਵਾਹੁੰਦਾ ਢਾਹੁੰਦਾ ਆਪ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਗੂੜ੍ਹੀ ਨੀਂਦ ਸਵਾਏ । ਨਾ ਫੇਰ ਕੋਈ ਉਠਾਵੰਦਾ, ਆਪਣਾ ਭਾਣਾ ਸਾਚਾ ਰਾਣਾ ਆਪੇ ਕਰਦਾ ਜਾਏ । ਅਗਲੀ ਗੁੱਠੋਂ ਸੰਤ ਮਨੀ ਸਿੰਘ ਤੇਰਾ ਮੋੜ ਮੁੜਾਏ । ਮੁੜ ਅੰਦਰ ਆ, ਸੰਤਾਂ ਵਲ ਫੇਰਾ ਪਾ । ਜਿਹੜੇ ਰਹੇ ਪ੍ਰਭ ਪੂਰੇ ਨੂੰ ਧਿਆ । ਅੱਗੋਂ ਆਈ ਸਰਨ ਲਗਾਈਂ ਫੜ ਲਈਂ ਸੱਚੀ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਾਲੀ ਸਾਚਾ ਪਾਲੀ, ਜਗਤ ਸਾਰਾ ਕੱਢੇ ਗਾਲੀ, ਗੁਰਮੁਖ ਸਾਚੇ ਬਲ ਬਲ ਜਾਂ । ਸੰਤ ਮਨੀ ਸਿੰਘ ਖਿਚੀ ਜਾਵੀਂ । ਸਿਧਾ ਰਾਹ ਇਕ ਦਿਖਾਵੀਂ । ਬਾਹਵਾਂ ਥੱਕਣ ਹਰਿ ਜੀ ਧਿਆਵੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਵੇਂ ਪਾਸੇ ਰੱਖੇ ਤੇਰੀ ਪੰਜਾਲੀ ਸਾਵੀਂ । ਸਾਂਵਾਂ ਲੱਗੇ ਤੇਰਾ ਜ਼ੋਰ । ਸਿੰਘ ਮੋਤਾ ਪ੍ਰਭ ਤੇਰੇ ਨਾਲ ਲਏ ਤੋਰ । ਕਲਜੁਗ ਜੀਵ ਸਾਰੇ ਖਿਚਣੇ, ਅੰਤਮ ਮਰ ਗਏ ਢੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੇਟ ਮਿਟਾਏ ਕਰੇ ਸਫਾਏ, ਰਹਿਣ ਕੋਈ ਨਾ ਪਾਏ, ਬੇਮੁਖ ਝੂਠੇ ਪਾਉਂਦੇ ਫਿਰਨ ਸ਼ੋਰ । ਸਾਚਾ ਹਾਲੀ ਕਦੇ ਨਾ ਥੱਕੇ । ਪਹਿਲੀ ਮਾਰ ਮੁਹੰਮਦੀ ਦੀਨਾਂ ਢਾਹੇ ਮਦੀਨੇ ਮੱਕੇ । ਦੂਜਾ ਫੇਰਾ ਫੇਰ ਚਲਾਇਆ, ਹੇਰਾ ਫੇਰਾ ਸਰਬ ਮੁਕਾਇਆ, ਅੱਗੇ ਲਾਏ ਬੂਰੇ ਕੱਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਈਸਾ ਮੂਸਾ ਤੇਰੀ ਜੜ੍ਹ ਉਖਾੜੇ, ਵਿਚੋਂ ਪਤਾਲਾਂ ਉਪਰ ਚੁੱਕੇ । ਦੂਜੀ ਕੂਟ ਹਰਿ ਵਿਚਾਰੀ । ਸਾਚੇ ਬੈਲ ਰਿਹਾ ਸ਼ਿੰਗਾਰੀ । ਦੋਵੇਂ ਸੰਤ ਹਰਿ ਦੁਲਾਰੀ । ਪਾਸਾ ਏਧਰ ਹੋਵੇ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਕੀ ਵਰਤੇ ਖੇਲ ਨਰਾਇਣ ਨਰ ਅਵਤਾਰੀ । ਦੋਹਾਂ ਲਏ ਅੱਗੇ ਜੋਅ ਆਪੇ ਬਣੇ ਸਾਚਾ ਹਾਲੀ, ਜਿਸ ਦੇ ਚਿੱਟੇ ਬਸਤਰ ਤਨ ਪਹਿਨਾਏ, ਸੋਹੰ ਸਾਬਣ ਨਾਲ ਲਏ ਧੋ । ਆਪ ਕਰਾਏ ਚਿਟਿਆਂ ਚਾਲੀ, ਰਾਜ ਮੁਲਕ ਤੇਰਾ ਸਾਚਾ ਤਿਲਕ, ਪ੍ਰਭ ਸਾਚਾ ਲਏ ਖੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਰਿਹਾ ਕਮਾਈ, ਅੰਦਰ ਬੈਠਿਆਂ ਸਾਰਿਆਂ ਪੈ ਜਾਏ ਖੋਹ । ਸਾਚਾ ਹੱਲ ਚਲਦਾ ਜਾਏ । ਬੇਮੁੱਖ ਜੀਵ ਗਲਦਾ ਜਾਏ । ਖ਼ਾਕ ਨਾਲ ਖ਼ਾਕ ਹੋ ਰਲਦਾ ਜਾਏ । ਗੁਰਮੁਖ ਸਾਚਾ ਪ੍ਰਭ ਸਾਚੇ ਤੇਰੀ ਛਤਰ ਛਾਇਆ ਹੇਠ ਪਲਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ ਕਲਜੁਗ ਅੰਤਮ ਅੰਤ ਵੇਖੇ ਪ੍ਰਛਾਵਾਂ ਇਹਦਾ ਢਲਦਾ ਜਾਏ । ਦੋਹਾਂ ਕੂਟਾਂ ਹੋਏ ਖੁਆਰੀ । ਆਪੇ ਵਰਤੇ ਆਪਣੀ ਕਾਰੀ । ਪ੍ਰਭ ਅਬਿਨਾਸ਼ੀ ਲਾੜੀ ਮੌਤ ਅੱਗੇ ਲਾਏ, ਪਿਛੇ ਪਿਛੇ ਹੱਲ ਚਲਾਏ, ਫੇਰੀ ਜਾਵੇ ਬਹਾਰੀ । ਉਚੇ ਟਿੱਬੇ ਵਾਹੁੰਦਾ ਜਾਏ, ਥਲਾਂ ਵਿਚ ਚਲਾਉਂਦਾ ਜਾਏ, ਜਲਾਂ ਵਿਚ ਤਰਾਉਂਦਾ ਜਾਏ ਕਰੇ ਖੇਲ ਨਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਆਪਣਾ ਭਾਣਾ ਸਾਚਾ ਰਾਣਾ ਆਪੇ ਆਪ ਵਰਤਾਉਂਦਾ ਜਾਏ । ਪਹਿਲਾ ਜੋਤਰਾ ਹੋਇਆ ਪੂਰਾ । ਚੁਕਿਆ ਹੱਲ ਪ੍ਰਭ ਸਾਚਾ ਆਪਣੇ ਮੋਢੇ ਬਣਿਆ ਸਾਚਾ ਸੂਰਾ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਨੇੜੇ ਵਸੇ ਜਿਸ ਨੂੰ ਜਾਣੋ ਦੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਚਨ ਲਿਖਾਏ ਫੇਰ ਵਰਤਾਏ ਕਰ ਵਖਾਏ ਪੂਰਾ । ਪੂਰਾ ਕਰੇ ਕਰ ਵਖਾਏ । ਗੁਰਸਿਖ ਵੇਖੇ ਨੇਤਰ ਪੇਖੇ ਪ੍ਰਭ ਅਬਿਨਾਸ਼ੀ ਦਏ ਦਿਖਾਏ । ਜੋ ਰਹੇ ਭੁੱਲ ਭੁਲੇਖੇ, ਪ੍ਰਭ ਗੂੜ੍ਹੀ ਨੀਂਦ ਸਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਆਉਣਾ ਲਾਇਆ ਲੇਖੇ, ਤੇਰੀ ਸੇਵਾ ਦੋਹੀਂ ਹੱਥੀਂ ਆਪ ਕਮਾਏ । ਦੋਹੀਂ ਹੱਥੀਂ ਹਲ ਚਲਾਇੰਦਾ । ਅੱਗੋਂ ਖਿਚੇ ਪਿਛੋਂ ਸੋਹੰ ਸਾਚਾ ਬੀਜ ਗੁਰ ਸੰਗਤ ਤੇਰੇ ਲਈ ਬਿਜਾਇੰਦਾ । ਤੇਰੀ ਆਤਮ ਕਾਇਆ ਜਾਏ ਸਿੰਚ, ਅੰਮ੍ਰਿਤ ਮੇਘ ਬਰਸਾਇੰਦਾ । ਆਪ ਕਰਾਏ ਗੁਰਸਿਖਾਂ ਪੂਰੀ ਰੀਝ, ਸਤਿਜੁਗ ਸਾਚਾ ਵਕਤ ਲਿਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਫੱਲ ਏਕਾ ਡਾਲ, ਗੁਰ ਸੰਗਤ ਤੇਰੀ ਕਾਇਆ ਤਨ ਲਗਾਇੰਦਾ । ਸਾਚਾ ਬੀਜ ਹਰਿ ਬਿਜਾਇਆ । ਅੰਮ੍ਰਿਤ ਫਲ ਨਾਉਂ ਰਖਾਇਆ । ਨਾ ਮੁੱਕੇ ਨਾ ਤੁੱਟੇ, ਤੋਟ ਕਦੇ ਨਾ ਆਇਆ । ਨਾ ਹਰਿਆ ਨਾ ਕਦੇ ਸੁੱਕੇ, ਏਕਾ ਰੰਗ ਰੰਗਾਇਆ । ਦਾਣਾ ਪਾਣੀ ਸਭ ਦਾ ਚੁੱਕੇ, ਗੁਰਮੁਖ ਵਿਰਲਾ ਸਰਨ ਬਹਾਇਆ । ਕਿਸੇ ਅੱਗ ਨਾ ਦਿਸੇ ਹੁੱਕੇ, ਪਾਣੀ ਸਭ ਦਾ ਆਪ ਰੁੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ ਵਿਚ ਮੈਦਾਨਾ ਬੁੱਕੇ, ਆਪੇ ਬਣਿਆ ਸਚ ਲਿਖਾਰ । ਉਚੀ ਕੂਕੇ ਬੋਲ ਬੁਲਾਵੇ, ਸੋਹੰ ਸ਼ਬਦ ਲਗਾਵੇ ਸਾਚੇ ਨਾਅਰੇ । ਸਾਚਾ ਕਰਮ ਕਰੇ, ਸਾਚਾ ਧਰਮ ਧਰੇ ਵਿਚ ਸੰਸਾਰੇ । ਗੁਰਮੁਖ ਸਾਚੇ ਸੰਤ ਜਨੋ ਸਾਚਾ ਦੇਵੇ ਨਾਮ ਧੰਨ, ਸੁਣਨਾ ਕੰਨ ਬੇੜਾ ਲੈਣਾ ਬੰਨ੍ਹ, ਜਾਓ ਦਰ ਸੱਚੇ ਦਰਬਾਰੇ । ਸਾਚਾ ਹਾਲੀ ਹੱਲ ਚਲਾਏ । ਧਰਤ ਮਾਤ ਆਪਣੀ ਹੱਥੀਂ ਜਲ ਪਿਆਏ । ਲਛਮੀ ਪੁੱਛੇ ਵਾਤ, ਜਿਹੜੀ ਚਰਨ ਝਸਾਏ । ਦੋਹਾਂ ਬਣੀ ਇਕ ਜਮਾਤ, ਇਕੱਠੀਆਂ ਹੋ ਕਰਨ ਸਲਾਹੀਂ । ਪ੍ਰਭ ਅਬਿਨਾਸ਼ੀ ਹਾਲੀ ਗਿਆ ਉਠ ਪ੍ਰਭਾਤ, ਖਾਣਾ ਕੋਈ ਦਿਤਾ ਨਾਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੋਂ

ਖਿਚੇ ਪਿੱਛੋਂ ਦੱਬੇ ਥੱਕੀਆਂ ਅਜੇ ਨਾ ਬਾਹੀਂ । ਦੋਹਾਂ ਭੈਣਾਂ ਕਰੀ ਸਲਾਹ । ਆਪਣੀ ਬਣਤ ਲਈ ਬਣਾ । ਭੁੱਖਾ ਨਾ ਮਰੇ ਸਾਡਾ ਸ਼ਹਿਨਸ਼ਾਹ । ਸਾਚਾ ਭੱਤਾ ਲਈਏ ਬਣਾ । ਸ੍ਰਿਸ਼ਟ ਸਬਾਈ ਏਕਾ ਭੱਠਾ, ਦੋਵੇਂ ਭੈਣਾਂ ਲਈਏ ਚੜ੍ਹਾ । ਲੱਖ ਚੁਰਾਸੀ ਕਰ ਇਕੱਠਾ, ਸਾਰਾ ਦਈਏ ਪਕਾ । ਉਤੋਂ ਸੋਹੰ ਸ਼ਬਦ ਪਾ ਲਈਏ ਥੋੜਾ ਮਿੱਠਾ, ਪ੍ਰਭ ਅਬਿਨਾਸ਼ੀ ਅੱਗੇ ਦਈਏ ਟਿਕਾ । ਉਤੇ ਪਰਦਾ ਚਿੱਟਾ ਪਾਈਏ ਚਿੱਟਾ ਲੱਠਾ, ਨਾ ਲੱਗੇ ਤਤੀ ਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਬੈਠਾ ਲੱਖ ਚੁਰਾਸੀ ਆਪੇ ਜਾਏ ਖਾ । ਲੱਖ ਚੁਰਾਸੀ ਬਣਿਆ ਤੋਸਾ । ਹੁਣ ਪਾਣੀ ਮੰਗਦਾ ਹਰਿ ਜੀ ਕੋਸਾ । ਜਲਾਂ ਥਲਾਂ ਆਪ ਤਪਾਏ, ਬਤਾਲੀ ਲੱਖ ਦਜਨ ਕਰਾਏ ਏਕਾ ਜੋਤ ਅਗਨ ਲਗਾਏ ਝੋਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤ ਮਿਟਾਏ ਦਏ ਜਲਾਏ ਜੋ ਪਹਿਨਿਆਂ ਕਾਲਾ ਸੂਸਾ । ਲੱਖ ਚੁਰਾਸੀ ਹਰਿ ਜੀ ਖਾ । ਦੋਹਾਂ ਭੈਣਾਂ ਨੂੰ ਦਏ ਸੁਣਾ । ਮੇਰੀ ਭੁੱਖ ਲੱਥੀ ਨਾ । ਉਪਰ ਚੜ੍ਹ ਚੜ੍ਹ ਵੇਖੇ ਕੋਈ ਬਚਿਆ ਰਹੇ ਨਾ । ਕਿਸੇ ਘਰ ਕਿਸੇ ਦਰ ਨਾ ਧੂੰਆਂ ਜਾਏ ਧੁੱਖ, ਦੇਵਾਂ ਬੜੀ ਸਜ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖਾਣਾ ਅੰਤਮ ਖਾਣਾ, ਕਲਜੁਗ ਦੋਹੀਂ ਹੱਥੀਂ ਰਿਹਾ ਖਾ । ਖਾਣਾ ਖਾਏ ਦਾੜ੍ਹਾਂ ਹੇਠ ਚਬਾਏ । ਪਹਿਲੋਂ ਅਗਨੀ ਨਾਲ ਤਪਾਏ । ਜੀਵ ਜੰਤ ਸਰਬ ਕੁਰਲਾਏ । ਵੇਲੇ ਅੰਤ ਨਾ ਕੋਈ ਛੁਡਾਏ । ਪ੍ਰਭ ਅਬਿਨਾਸ਼ੀ ਕਲਜੁਗ ਮਾਇਆ ਪਾਏ ਬੇਅੰਤ, ਸਰਬ ਭੁਲਾਏ ਏਕਾ ਵੱਡਾ ਸ਼ਾਹ ਇਕਾ ਨਰ ਨਰਾਇਣ ਨਰਾਇਣ ਨਰ ਹਰਿ ਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਦੇਵੇ ਸਰਬ ਸਜਾਏ । ਲੱਖ ਚੁਰਾਸੀ ਕੀਤੀ ਪਾਈ । ਗੁਰਸਿਖ ਸਾਚੇ ਲੇਖੇ ਲਾਈ । ਮਾਤਲੋਕ ਹਰਿ ਮੇਖ ਲਗਾਈ । ਨੇਤਰ ਪੇਖੋ ਗੁਰਸਿਖੋ, ਕੀ ਹਰਿ ਜੀ ਖੇਲ ਰਚਾਈ । ਆਪ ਮਿਟਾਏ ਪੀਰ ਗੌਂਸ, ਸ਼ੇਖੋ ਉਤੇ ਚੜ੍ਹ ਚੜ੍ਹ ਸਭ ਦੀਆਂ ਇੱਟਾਂ ਰਿਹਾ ਗਿਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇ ਹਰਿ ਵਡਿਆਈ । ਅੰਮ੍ਰਿਤ ਸਾਚਾ ਸੀਰ ਹਰਿ ਪਿਲਾਇੰਦਾ । ਵੇਖੋ ਵਕਤ ਅਖੀਰ, ਸਾਚੇ ਨੀਰ ਇਸ਼ਨਾਨ ਕਰਾਇੰਦਾ । ਏਕਾ ਧਾਰ ਵਗਾਏ ਨੀਰ, ਦੋਵੇਂ ਮੁਖ ਠੰਡੇ ਠਾਰ ਰਖਾਇੰਦਾ । ਪ੍ਰਭ ਅਬਿਨਾਸ਼ੀ ਕਰੇ ਸਾਚੀ ਕਾਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਜੋਤ ਸਰੂਪੀ ਜੋਤ ਹਰਿ, ਦਵਾਰ ਦਸਵੇਂ ਬੂਝ ਬੁਝਾਇੰਦਾ । ਥੱਲੇ ਰੱਖੇ ਹਰਿ ਜੀ ਮੁੱਠੀ । ਇਹ ਬੱਧੀ ਪਈ ਤ੍ਰੈਕੁਟੀ । ਸਰਗਣ ਨਿਰਗੁਣ ਦੋਵੇਂ ਰਾਹ ਤੀਜੀ ਆਪ ਜਾਏ ਛੁੱਟੀ । ਗੁਰਮੁਖਾਂ ਮਿਲਿਆ ਸਾਚਾ ਥਾਂ, ਬੇਮੁਖਾਂ ਜੜ੍ਹ ਜਾਏ ਪੁੱਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਸੀਰ ਪਿਲਾਏ ਗੁਰਸਿਖ ਪੀਓ ਹੱਸ ਹੱਸ ਘੁੱਟੀ । ਸੋਹੰ ਡੰਡਾ ਕਰ ਇਸ਼ਨਾਨ । ਪਹਿਲੀ ਮਾਘ ਹੋਇਆ ਸਵਾਧਾਨ । ਪ੍ਰਭ ਅਬਿਨਾਸ਼ੀ ਸਿਰ ਹੱਥ ਰਖਾ, ਕਿਰਪਾ ਕਰ ਸ੍ਰੀ ਭਗਵਾਨ । ਕਈ ਬਰਸ ਜੋ ਰਖਿਆ ਲੁਕਾ, ਇਸ ਦਾ ਚੜ੍ਹਾ ਸਚ ਨਿਸ਼ਾਨ । ਸਾਚਾ ਸ਼ਬਦ ਜੋ ਪਹਿਲੇ ਦਿਤਾ ਲਿਖਾ, ਤਿੰਨ ਲੇਖ ਉਤੇ ਬਣ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਝੰਡਾ ਆਪੇ ਰਿਹਾ ਝੁਲਾਨ । ਸਾਚਾ ਡੰਡਾ, ਗੁਰਮੁਖੋ ਇਹ ਵਖਾਉਂਦਾ, ਕਲਜੁਗ ਅੰਤਮ ਕੰਢਾ । ਭੰਨੀ ਮਰੋੜੀ ਜਾਵੇ ਰਹਿਣ ਨਾ ਦੇਵੇ ਇਹ ਕਿਸੇ ਦੀ ਕੰਡਾ । ਗੁਰਸਿਖਾਂ ਨਾਲ ਗੁਰਸਿਖ ਮਿਲਾਉਂਦਾ, ਪਿਆਏ ਅੰਮ੍ਰਿਤ ਸਾਚਾ ਜਾਮ ਮੁਖ ਚੁਆਉਂਦਾ ਪਾਈ ਜਾਏ ਠੰਡਾਂ । ਵਿਚ ਬ੍ਰਹਿਮੰਡਾਂ ਸਾਚਾ ਹੁਕਮ ਸੁਣਾਉਂਦਾ ਜਾਏ, ਪਾਉਂਦਾ ਜਾਏ ਵੰਡਾਂ । ਮਾਤ ਖੇਲ ਰਚਾਏ ਵੇਖ ਸਰਬ ਲੁਕਾਏ ਆਪੇ ਖੜਕਾਏ ਇਕ ਦੂਜੇ ਨਾਲ ਚੰਡ ਪ੍ਰਚੰਡਾਂ । ਵਾਹ ਵਾਹ ਡੰਡੇ ਤੇਰੀ ਧਾਰ । ਫੜਿਆ ਹੱਥ

ਸੱਚੀ ਸਰਕਾਰ । ਮਾਰੀ ਜਾਵੀਂ ਸਭ ਨੂੰ ਮਾਰ । ਪਹਿਲੀ ਮਾਘੀ ਪ੍ਰਭ ਉਤੋਂ ਰਿਹਾ ਹੁਲਾਰ । ਬੇਮੁਖਾਂ ਜੀਵਾਂ ਹੋ ਹੋ ਨੀਵਾਂ ਦੇਵੀਂ ਸਿਰ ਨੂੰ ਪਾੜ । ਤੇਰੇ ਉਤੋਂ ਬਲ ਬਲ ਥੀਵਾਂ ਕਰਨੀ ਸਚ ਕਾਰ । ਗੁਰ ਸੰਗਤ ਹਰਿ ਦੇ ਵਡਿਆਈ ਵੇਖੇ ਕੀ ਵਰਤੇ ਵਰਤਾਰ । ਡੰਡਾ ਫੜਿਆ ਹੱਥ ਹਥੌੜਾ । ਭੰਨ ਵਖਾਉਣਾ ਕਲਜੁਗ ਜੀਵ ਕੌੜਾ । ਗੁਰਸਿਖ ਸਾਚਾ ਸੰਤ ਪਿਆਰਾ, ਪ੍ਰਭ ਚਰਨੀ ਆਏ ਦੌੜਾ । ਸੋਹੰ ਸ਼ਬਦ ਨਜ਼ਰੀ ਆਏ ਪਹਿਲਾ ਦਿਸੇ ਚੜ੍ਹੇ ਜੋ ਪੌੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਦਿਸਾਏ, ਨਾ ਭੇਵ ਕੋਈ ਛੁਪਾਏ, ਨਾ ਲੰਬਾ ਨਾ ਚੌੜਾ । ਸੋਹੰ ਡੰਡਾ ਸਿਰੋਂ ਭਾਰਾ । ਬੇਮੁੱਖਾਂ ਸਿਰ ਲੱਗੇ ਕਰਾਰਾ । ਪਾੜੀ ਜਾਏ ਵਾਰੋ ਵਾਰਾ । ਝਾੜੀ ਜਾਏ ਕੱਚੇ ਫਲ ਉਚੇ ਲੱਗੇ ਡਾਲਾ । ਲੁਕਿਆ ਕੋਈ ਰਹਿਣ ਨਾ ਪਾਏ । ਮਗਰ ਲਗਾਏ ਅਗੰਮੀ ਧਾੜਾ । ਫੜ ਫੜ ਦੋਹੀਂ ਹੱਥੀਂ ਪਾੜੀ ਜਾਏ ਸਾੜੀ ਜਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀਆਂ ਸੰਤ ਸਹੇਲੀਆਂ ਤੇਰੇ ਅੰਦਰ ਲਾਇਆ ਖਾੜਾ । ਹਰਿ ਡੰਡਾ ਹੱਥ ਉਠਾਇਆ । ਉਪਰ ਕੰਧੇ ਲਏ ਟਿਕਾਇਆ । ਆਤਮ ਅੰਧੇ ਲਏ ਜਗਾਇਆ । ਪਾਪੀ ਗੰਦੇ ਲਏ ਢਾਹਿਆ । ਮਦਿਰਾ ਮਾਸ ਲਾਉਂਦੇ ਬੱਤੀ ਦੰਦੇ, ਪ੍ਰਭ ਭੰਨ ਭੰਨ ਦਏ ਵਖਾਇਆ । ਗੁਰਸਿਖ ਚੜ੍ਹਾਏ ਸਾਚੇ ਚੰਦੇ, ਸਾਚਾ ਮਾਣ ਹਰਿ ਦਵਾਇਆ । ਸੋਹੰ ਸ਼ਬਦ ਰੰਦੇ ਸਾਚੇ ਰੰਦੇ, ਕਲਜੁਗ ਮਾਇਆ ਪਰਦਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਸਾਚਾ ਮੇਲ ਮਿਲਾਇਆ । ਸੋਹੰ ਡੰਡਾ ਬਲ ਬਲਕਾਰ । ਸਤਿਜੁਗ ਬਣਿਆਂ ਤੇਰਾ ਸਚ ਸਰਦਾਰ । ਗੁਰਸਿਖ ਅਨਭੋਲ ਸੁਤਿਆਂ, ਕਰਦਾ ਜਾਏ ਖ਼ਬਰਦਾਰ । ਬੇਮੁੱਖ ਜੂਠਿਆਂ ਝੂਠਿਆਂ ਕੁੱਤਿਆਂ, ਮਾਰ ਮਾਰ ਧਰਤ ਮਾਤ ਵਿਚੋਂ ਕੱਢੇ ਬਾਹਰ । ਅਜ ਸੁਹਾਈ ਰੁੱਤ, ਗੁਰ ਸੰਗਤ ਸੰਗ ਹਰਿ ਕੀਆ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਲਿਖ ਲਿਖ ਥੱਕੇ ਵੇਦ ਪੁਰਾਨ । ਪੜ੍ਹ ਪੜ੍ਹ ਥੱਕੇ ਜੀਵ ਜਹਾਨ । ਨਾਲ ਰਲ ਗਈ ਅੰਜ਼ੀਲ ਕੁਰਾਨ । ਚਾਰੇ ਕਰਨ ਹੱਕ ਬਿਆਨ । ਸਚ ਖੁਦਾਈ ਹਰਿ ਰਘੁਰਾਈ ਵਾਲੀ ਦੋ ਜਹਾਨ । ਨੂਰ ਇਲਾਹੀ ਸਾਚਾ ਮਾਹੀ ਜਗੇ ਜੋਤ ਜਗਤ ਮਹਾਨ । ਖਾਣੀ ਬਾਣੀ ਫੇਰ ਰਲਾਈ । ਸਚ ਸੁਨੇਹੜਾ ਦੇਵਣ ਆਈ । ਜਮ ਕਾ ਜੇਵੜਾ ਕਟਾਵਣ ਆਈ, ਗਲੋਂ ਕੱਟੇ ਫਾਹੀ । ਬੇਮੁੱਖ ਜੀਵਾਂ ਕਲਜੁਗ ਅੰਦਰ ਕਿਸੇ ਨਾ ਮਿਲਿਆ ਸਾਚਾ ਮਾਹੀ । ਚਾਰੇ ਵੇਦ ਲਏ ਉਚਾਰ । ਚਹੁੰ ਜੁਗਾਂ ਦਾ ਕਰ ਵਿਸਥਾਰ । ਬੰਧੀ ਗਿਆ ਸਾਚੀ ਧਾਰ । ਕਿਰਪਾ ਕਰੀ ਫੇਰ ਪ੍ਰਗਟ ਕੀਆ, ਵੇਦ ਵਿਆਸ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਪੁਰਾਨ ਅਠਾਰਾਂ ਦਏ ਰਸਨ ਉਚਾਰ । ਪੁਰਾਨ ਅਠਾਰਾਂ ਸਰਬ ਪੁਕਾਰੇ । ਪ੍ਰਭ ਅਬਿਨਾਸ਼ੀ ਦੇ ਦੱਸਣ ਕਾਰੇ । ਇਕੱਠੇ ਹੋ ਹੋ ਸਾਰੇ ਹੱਸਣ, ਇਕ ਦੂਜੇ ਨੂੰ ਬਹਿ ਬਹਿ ਦੱਸਣ, ਕਿਤੋਂ ਨਾ ਲੱਭਾ ਹਰਿ ਨਿਰੰਕਾਰੇ । ਜੋਤੀ ਜੋਤ ਸਰੂਪ ਇਕ ਇਕਲੜਾ ਸਦਾ ਸੁਖੱਲੜਾ ਦਿਸੇ ਹਰਿ ਦਵਾਰੇ । ਕੁਰਾਨ ਅੰਜ਼ੀਲ ਜਿਸ ਬਣਾਈ । ਇਕਾ ਓਟ ਹਰਿ ਰਖਾਈ । ਸਾਚੀ ਚੋਟ ਸ਼ਬਦ ਜਿਸ ਲਗਾਈ । ਬਾਹਰ ਕੱਢੇ ਸਾਰੇ ਖੋਟ, ਜੋਤੀ ਵਿਚ ਟਿਕਾਈ । ਕਲਜੁਗ ਅੰਤਮ ਆਲਣਿਉਂ ਡਿੱਗੇ ਬੋਟ, ਨਾ ਫੇਰ ਕੋਈ ਉਠਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤ ਜਾਮਾ ਪਾਈ । ਵੇਦ ਪੁਰਾਨ ਕਰਨ ਸਲਾਹ । ਕਲਜੁਗ ਅੰਤਮ ਲੱਭੇ ਕਿਹੜਾ ਮਲਾਹ । ਕਿਹੜੀ ਕੂਟੇ ਕਿਹੜੀ ਦਿਸ਼ਾ ਅਸੀਂ ਵੇਖੀਏ ਜਾ । ਗੁਰ ਸੰਗਤ ਤੇਰੇ ਆਇਆ ਹਿੱਸੇ, ਮਾਝੇ ਦੇਸ ਸੱਚਾ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਨਾਹੀ ਦੀਸੇ, ਗੁਰ ਸੰਗਤ ਤੇਰੇ

ਵਿਚ ਰਿਹਾ ਸਮਾ । ਵੇਦ ਪੁਰਾਨ ਲੈਣ ਅੰਗੜਾਈ । ਉਠ ਉਠ ਵੇਖਣ ਸਾਚਾ ਮਾਹੀ । ਕਿਸੇ ਦਿਸ ਨਾ ਆਵੇ ਗੁਰ ਸੰਗਤ ਤੇਰੇ ਅੱਗੇ ਬੈਠਾ ਚਿੱਟੀ ਸੇਜ ਵਿਛਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਹਰਿ ਉਤੇ ਬੈਠਾ ਆਸਣ ਲਾਈ । ਵੇਦ ਪੁਰਾਨਾ ਮਾਰੀ ਧਾਹ । ਕਿਤੇ ਨਾ ਮਿਲਦਾ ਸਾਨੂੰ ਥਾਂ । ਬਣੇ ਬਣਾਏ ਸਾਰੇ ਥਾਂ, ਪ੍ਰਭ ਅਬਿਨਾਸ਼ੀ ਦੇਵੇ ਢਾਹ । ਸਚ ਉਸਾਰੀ ਏਕਾ ਲਾਏ, ਆਪਣਾ ਕਰਮ ਆਪ ਕਮਾਏ, ਮਨਜੀਤ ਤੇਰੀ ਭਸਮ ਲਈ ਬਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮੰਦਰ ਰਿਹਾ ਬਣਾ । ਕੁਰਾਨ ਅੰਜ਼ੀਲ ਕਰੇ ਪੁਕਾਰ । ਅੰਤਮ ਆ ਗਈ ਸਾਨੂੰ ਹਾਰ । ਉਠਿਆ ਇਕ ਮਾਝੇ ਸੱਚਾ ਸਰਦਾਰ । ਜਿਸ ਨੇ ਫੜਿਆ ਸੋਹੰ ਡੰਡਾ ਦੋਹਾਂ ਹੱਥਾਂ ਨਾਲ ਰਿਹਾ ਹੁਲਾਰ । ਆਪੇ ਪਾਉਂਦਾ ਜਾਏ ਵੰਡਾਂ, ਚਿੱਟੀਆਂ ਉਤੇ ਮਾਰੇ ਕਾਲੀ ਲਕਾਰ । ਵੇਖੋ ਕੀ ਵਰਤੇ ਵਰਤਾਵੇ ਵਿਚ ਨੌਂ ਖੰਡਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਹੜੀ ਕਰਦਾ ਕਾਰ । ਕੁਰਾਨ ਅੰਜ਼ੀਲ ਹੋਏ ਗਮ । ਗਗਨ ਪਤਾਲ ਹਿਲੇ ਥੰਮ । ਕਿਹੜਾ ਪਿਆ ਮਾਤ ਜੰਮ । ਜਿਸ ਨੇ ਲਾਹੁਣਾ ਸਾਡਾ ਚੰਮ । ਨੇਤਰ ਨੀਰ ਵਹਾਇਣ ਰੋਵਣ ਛੰਮ ਛੰਮ । ਪ੍ਰਭ ਅਬਿਨਾਸ਼ੀ ਸੋਹੰ ਡੰਡਾ ਹੱਥ ਉਠਾਏ ਆਪੇ ਕਰੇ ਫੋਕਟ ਖਾਲੀ ਝਮ ਝਮ ਝੰਬ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਆਪਣਾ ਕੰਮ । ਕੁਰਾਨ ਅੰਜ਼ੀਲ ਉਠੇ ਰੋ । ਕਿਹੜਾ ਦੇਵੇ ਮੁੱਖੜਾ ਧੋ । ਕਲਜੁਗ ਵੇਲੇ ਰਹੇ ਸੋ । ਵੇਲਾ ਅੰਤ ਨਾ ਹੋਏ ਸਹਾਈ ਕੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ, ਆਪਣੇ ਕਰਮ ਪੀਣੇ ਧੋ ਧੋ । ਅੱਲ੍ਹਾ ਨੂਰ ਇਕ ਅਲਾਹੀ । ਜਿਸ ਨੂੰ ਲੱਗੀ ਪਾਪਾਂ ਛਾਹੀ । ਅੰਤ ਵੇਲੇ ਨਾ ਕੋਇ ਲਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੂਠਿਆਂ ਝੂਠਿਆਂ ਆਪੇ ਪਾਏ ਅੰਤਮ ਫਾਹੀ । ਕੁਰਾਨ ਅੰਜ਼ੀਲ ਰਹੇ ਪੁਕਾਰ । ਅੰਤਮ ਕਿਉਂ ਆਈ ਸਾਨੂੰ ਹਾਰ । ਆਪਣਾ ਕਰਮ ਨਾ ਲਿਆ ਵਿਚਾਰ । ਅੰਤਮ ਪੈਂਦੀ ਦਿਸੇ ਮਾਰ । ਮਾਝੇ ਦੇਸ ਪ੍ਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ । ਜਿਸ ਨੇ ਹੱਲ ਸਾਚਾ ਜੋਇਆ, ਉਤੇ ਪਾਈ ਜਾਂਦਾ ਭਾਰ । ਸ਼ਬਦ ਡੰਡਾ ਹੱਥ ਵਿਚ ਫੜਿਆ, ਮਾਰੇ ਡਾਹਢੀ ਮਾਰ । ਆਪੇ ਤੋੜੇ ਵਿਚੋਂ ਗੰਢਾਂ, ਸੁੱਟੇ ਮੂੰਹ ਦੇ ਭਾਰ । ਉਤੋਂ ਕਰਦਾ ਜਾਏ ਝੰਡਾਂ, ਬੇਮੁੱਖ ਜੀਵ ਰਣ ਭੂਮੀ ਸੁੱਤੇ ਪੈਰ ਪਸਾਰ । ਵਢਾਈ ਬੈਠਾ ਕੰਡਾਂ ਘਰ ਰੋਵਣ ਨਾਰਾਂ ਰੰਡਾਂ, ਪ੍ਰਭ ਅਬਿਨਾਸ਼ੀ ਤੂੰ ਕਿਹੀਆਂ ਪਾਈਆਂ ਵੰਡਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਕਾਰ । ਕੁਰਾਨ ਅੰਜ਼ੀਲ ਉਠ ਉਠ ਵੇਖੇ । ਕਿਹੜਾ ਲਿਖਦਾ ਰਿਹਾ ਸਾਡੇ ਲੇਖੇ । ਅੰਤਮ ਅੰਤ ਵੇਲਾ ਨੇੜੇ ਆਇਆ, ਨਾ ਨਿਕਲੇ ਭਰਮ ਭੁਲੇਖੇ । ਚਾਰੋਂ ਤਰਫ ਦਿਸ ਨਾ ਆਇਆ, ਜੋਤ ਸਰੂਪੀ ਧਾਰੇ ਭੇਖੇ । ਮਾਝੇ ਦੇਸ ਭਾਗ ਲਗਾਇਆ, ਗੁਰਸਿਖ ਸਾਚੇ ਵਿਚ ਪ੍ਰਵੇਸ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੋਤ ਸਿੱਖੋ ਜਾਣੋ, ਦੂਜੀ ਨਹੀਂ ਹੋਰ ਕੋਈ ਦਸਮੇਸ਼ੇ । ਕੁਰਾਨ ਅੰਜੀਲ ਮਾਰੇ ਧਾਈ । ਗਲ ਵਿਚ ਪੈਂਦੀਆਂ ਜਾਂਦੀਆਂ ਫਾਹੀ । ਅੰਤਮ ਛੁਡਾਉਣਾ ਕਿਸੇ ਨਾਹੀ । ਸਾਰੇ ਰੋਵਣ ਥਾਉਂ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰਮੁਖ ਪਿਆਰਿਓ, ਅੱਗੋਂ ਮਿਲਦਾ ਕਰ ਕੇ ਲੰਮੀਆਂ ਬਾਹੀਂ । ਕੁਰਾਨ ਅੰਜੀਲ ਨਾਤਾ ਤੁੱਟਾ । ਇਕੋ ਤੀਰ ਸ਼ਬਦ ਛੁੱਟਾ । ਦਿਨ ਦਿਹਾੜੇ ਕਲਜੁਗ ਝੂਠਾ ਪਾਪੀ ਮਚਾਉਂਦਾ ਰਿਹਾ ਲੁਟਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਏਕਾ ਜਾਮ ਬਣਾਇਆ ਪਿਆਏ ਪਹਿਲੀ ਘੁੱਟਾ । ਕੁਰਾਨ ਅੰਜੀਲ ਚੜ੍ਹ ਮੁਨਾਰੇ । ਉਚੀ ਕੂਕਣ ਰੋ ਰੋ ਪੁਕਾਰਨ ਪ੍ਰਭ ਸਾਚੇ ਨੂੰ ਵਾਜਾਂ ਮਾਰੇ । ਉਤੋਂ ਬੈਠਾ ਹਰਿ ਜੀ ਵੇਖੇ

ਦੇਵੇ ਝੂਠੇ ਲਾਰੇ । ਬੇਮੁੱਖ ਜੀਵ ਨਿਮਾਣਿਆਂ ਨਾ ਵਕਤ ਪਛਾਣਿਆਂ ਘਨਕਪੁਰੀ ਵਿਚ ਜਾਮਾ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ ਬਾਣਿਆਂ, ਢਹਿ ਜਾਇਣ ਉਚੇ ਮਹੱਲੇ ਮੁਨਾਰੇ । ਕੁਰਾਨ ਅੰਜ਼ੀਲ ਆਇਆ ਯਾਦਾ । ਲੇਖਾ ਲੈਣ ਆਇਆ ਹਰਿ ਜੀ, ਵੱਢ ਵੱਢ ਮਾਸ ਜੋ ਢੋਰਾਂ ਖਾਧਾ । ਵੇਲੇ ਅੰਤ ਨਾ ਲਏ ਕੋਈ ਛੁਡਾਇਆ, ਧਰਮ ਰਾਏ ਘਰ ਜਾਏ ਬਾਧਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਸ਼ਬਦ ਲਿਖਾਏ ਬੋਧ ਅਗਾਧਾ । ਮਿਟਦੀ ਜਾਏ ਜਗਤ ਕੁਰਾਨ । ਆਪਣਾ ਭੇਖ ਵੇਖ ਬੇਈਮਾਨ । ਨਾ ਕੋਈ ਦੀਨ ਨਾ ਈਮਾਨ, ਮਿਟਦੀ ਜਾਏ ਮੁਸਲਮਾਨ । ਕੋਈ ਨਾ ਦਿਸੇ ਬਿਰਧ ਬਾਲ ਜਵਾਨ । ਪ੍ਰਭ ਅਬਿਨਾਸ਼ੀ ਮਾਰੇ ਛਾਣ ਛਾਣ । ਘਰ ਘਰ ਲਾਹੁੰਦਾ ਜਾਏ ਸਭਨਾ ਆਪ ਮਕਾਨ । ਸਾਚਾ ਹੁਕਮ ਸੁਣਾਉਂਦਾ ਜਾਏ, ਮੁੱਕ ਗਿਆ ਪੀਣ ਖਾਣ । ਉਚੇ ਮੰਦਰ ਢਾਹੁੰਦਾ ਜਾਏ, ਨਾ ਸੌਣਾ ਕਿਸੇ ਵਿਚ ਮਕਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਮਿਟਾਏ ਸਰਬ ਸ਼ੈਤਾਨ । ਅੰਤ ਮਿਟਾਈ ਜਾਏ ਕੁਰਾਨ । ਉਡੇ ਗੌਂਸ ਨਿਸ਼ਾਨੀ ਇਹ ਸ਼ੈਤਾਨ । ਝੂਠੀ ਮਾਰਨ ਧੌਂਸ ਬਗਲੇ ਫੜੀ ਫਿਰਨ ਕੁਰਾਨ । ਕਲਜੁਗ ਚਲਾਈ ਝੂਠੀ ਰੌਂਸ, ਹੱਥ ਮੱਸਲਾ ਸਰਬ ਉਠਾਨ । ਅੱਗੋਂ ਪ੍ਰਗਟਿਆ ਸ਼ਾਹ ਗੌਂਸ, ਮਾਝੇ ਦੇਸ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਫੜ ਫੜ ਮਾਰੇ ਵੱਡੇ ਵਡ ਸ਼ੈਤਾਨ । ਅੰਤ ਕਾਲ ਮਿਟਦੀ ਜਾਏ ਕੁਰਾਨ । ਕਰੇ ਰੰਗ ਹਰਿ ਭਗਵਾਨ । ਆਪ ਨਿਭਾਏ ਆਪਣਾ ਸੰਗ, ਸ਼ਬਦ ਲਗਾਏ ਸਾਚਾ ਬਾਣ । ਜੋਤ ਸਰੂਪੀ ਜੋਤ ਹਰਿ ਚਲਿਆ ਵਿਚ ਮੈਦਾਨ । ਦੂਜੇ ਵੇਖੋ ਹੋਰ ਮਜੌਰ । ਜਿਨ੍ਹਾਂ ਬਦਲੇ ਅੱਠੇ ਪਹਿਰ ਤੌਰ । ਪ੍ਰਭ ਅਬਿਨਾਸ਼ੀ ਜੋਤ ਧਰ, ਪਹਿਲਾਂ ਕੀਤਾ ਓਥੇ ਗੌਰ । ਬਾਹੋਂ ਪਕੜ ਹਲੂਣਿਆਂ, ਹੋਸ਼ ਕਰ ਤੇਰਾ ਪਾਸਾ ਹੋਇਆ ਚੌੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਮਗਰ ਲਗਾਇਆ ਦੂਜਾ ਘੋੜਾ ਸੰਗ ਰਲਾਇਆ, ਪਹਿਲੋਂ ਮਾਰੀ ਸਿਰ ਵਿਚ ਪੌੜ । ਕੁਰਾਨ ਕੁਰਲਾਈ ਦਏ ਦੁਹਾਈ । ਨਿਹਕਲੰਕ ਵੱਜਾ ਡੰਕ, ਨਾ ਕੋਈ ਲਏ ਛੁਡਾਈ । ਗੁਰਸਿਖ ਸਾਚੇ ਜਿਉਂ ਭਗਤ ਜਨਕ, ਗੁਰ ਸਾਚਾ ਲਏ ਬਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਏ ਚਾਰੋਂ ਤਰਫ ਪਏ ਦੁਹਾਈ । ਕੁਰਾਨ ਅੰਧੀ ਹੋਈ ਕੁੜਿਆਰੀ । ਪਹਿਲੀ ਕੂਟੇ ਆਈ ਭਾਰੀ । ਹੁੰਦੀ ਦਿਸੇ ਸਰਬ ਖੁਆਰੀ । ਉਤੇ ਸ਼ਬਦ ਡੰਡਾ ਲੱਗੇ ਭਾਰੀ । ਦੀਨ ਮੁਹੰਮਦੀ ਅੱਗੇ ਭੱਜੇ, ਪਿੱਛੇ ਲਸ਼ਕਰ ਲੱਗੇ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਾਚਾ ਹੁਕਮ ਸੁਣਾਏ ਜੋ ਵਰਤੇ ਵਰਤਾਰੀ । ਸੰਤ ਮਨੀ ਸਿੰਘ ਤੇਰੀ ਧੰਨ ਕਮਾਈ । ਪੂਰਨ ਬੁੱਧ ਸੱਚੀ ਸੁੱਧ, ਪ੍ਰਭ ਤੈਨੂੰ ਇਕ ਦਵਾਈ । ਆਪਣੀ ਹੱਥੀਂ ਸੀਰ ਪਿਲਾਇਆ, ਮੁਖ ਚਵਾਇਆ ਚਿੱਟਾ ਦੁੱਧ । ਸਾਚਾ ਸ਼ਬਦ ਹਰਿ ਜਣਾਇਆ, ਆਪਣਾ ਆਪ ਵਿਚ ਟਿਕਾਇਆ, ਨਿਰਮਲ ਹੋਈ ਬੁੱਧ । ਨਿਰੰਕਾਰ ਇਹ ਖੇਲ ਬਣਾਇਆ । ਸਿੰਘ ਸਿੰਘਾਸਣ ਆਪ ਸਜਾਇਆ । ਚਿੱਟੀ ਚਾਦਰ ਉਤੇ ਪਾਇਆ । ਉਤੇ ਬੈਠਾ ਡੇਰਾ ਲਾਇਆ । ਕਲਜੁਗ ਅੰਤਮ ਜਿਸ ਵਿਆਹਿਆ । ਸਾਚਾ ਸੰਤ ਅਗਲ ਵਾਂਢੀ ਡੋਲੀ ਚਾੜ੍ਹਨ ਆਇਆ । ਗੁਰ ਸੰਗਤ ਪ੍ਰਭ ਆਪ ਬਣਾਏ ਜੋੜੀ । ਹਰਿ ਮਾਰੇ ਛਾਲ ਬਣ ਜਾਏ ਸੰਤ ਘੋੜੀ । ਸਾਚਾ ਮੇਲ ਹੋਇਆ ਵਾਹ ਵਾਹ, ਗੁਰ ਸੰਗਤ ਜੋ ਪ੍ਰਭ ਦਰ ਆਈ ਦੌੜੀ । ਸਤਿਜੁਗ ਕਲਜੁਗ ਦੋਵੇਂ ਕੁੜਮ, ਕਰ ਕੁੜਮਾਈ ਹਰਿ ਜੀ ਆਪਣਾ ਖੇਲ ਕਰਾਇਆ । ਕੁੜਮ ਕੁੜਮਾਇਆ ਦੋਹਾਂ ਜੋੜ ਕਿਸੇ ਬੱਧਾ ਕਿਸੇ ਦਿਤਾ ਤੋੜ । ਸਤਿਜੁਗ ਸਾਚਾ ਮਾਤ ਧਰਾਇਆ, ਕਲਜੁਗ ਦਿਤਾ ਰੋੜ੍ਹ । ਗੁਰਸਿਖ ਸਾਚਾ ਆਣ ਜਗਾਇਆ,

ਬੇਮੁੱਖਾਂ ਪੁੱਟੇ ਬੂਟਾ ਬੋਹੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਿਹਨੂੰ ਕਹਿਣ ਪ੍ਰਗਟ ਹੋਣਾ ਘਰ ਬ੍ਰਹਿਮਣ ਗੌੜ । ਦੋਹਾਂ ਧਿਰਾਂ ਕਾਰਜ ਕਰਾਏ । ਵਿਚ ਵਿਚੋਲਾ ਸੰਤ ਬਣਾਏ । ਜਾਂਵੀ ਲਾੜੇ ਗੁਰਸਿਖ ਰਲਾਏ । ਸਾਚੇ ਪਸਾਰੇ ਹਰਿ ਜੀ ਲਾਏ । ਕਲਜੁਗ ਝੂਠੇ ਜੁਗ, ਚਾਰੇ ਫੇਰੇ ਆਪ ਦਵਾਏ । ਆਪੇ ਪਾਏ ਸਾਚੀ ਡੋਲੀ, ਤੋਰੀ ਜਾਏ ਹੌਲੀ ਹੌਲੀ, ਕਲਜੁਗ ਚੀਖ ਚਿਹਾੜਾ ਪਾਏ । ਅੰਮ੍ਰਿਤ ਵੇਲੇ ਆ ਛੁਡਾਈਂ ਮੇਰੀ ਮਾਏ, ਮੈਂ ਧੀ ਨਿਮਾਣੀ ਭੋਲੀ ਭਾਲੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਝੂਠੀ ਨਾਰੀ ਘਰ ਵਿਆਹ ਲੈ ਚਲਿਆ ਬਣਾਏ ਝੂਠੀ ਗੋਲੀ । ਕਲਜੁਗ ਰੋਵੇ ਚੀਖਾਂ ਮਾਰੇ । ਘਰ ਵਿਚੋਂ ਜਾਏ ਕੱਢਿਆ ਬਾਹਰੇ । ਜਮਦੂਤ ਕੁਹਾਰ ਚੁੱਕਣ ਆਏ, ਚੁਕਿਆ ਨਾ ਜਾਏ ਭਾਰੇ । ਉਠ ਉਠ ਪਿਛਾਂਹ ਨੂੰ ਭੱਜੇ, ਧਰਮ ਰਾਏ ਦੇ ਦਰ ਪੁਕਾਰੇ । ਸੁਣ ਬੇਨੰਤੀ ਧਰਮ ਰਾਏ ਕਲਜੁਗ ਪਾਪ ਕੀਤੇ ਭਾਰੇ । ਚਾਰੇ ਜਣੇ ਰਹੇ ਉਠਾਏ, ਚੁਕਿਆ ਨਾ ਜਾਏ ਕੋਈ ਕਿਨਾਰੇ । ਚੰਗੀ ਲਾੜੀ ਹਰਿ ਜੀ ਵਿਆਹੀ, ਬਹਾਏ ਕਿਹੜੇ ਚੁਬਾਰੇ । ਪ੍ਰਭ ਅਬਿਨਾਸ਼ੀ ਸਾਚਾ ਮਾਹੀ, ਜਿਸ ਦੇ ਅਸਥਲ ਸੋਹਣ ਚੁਬਾਰੇ । ਜੋਤੀ ਜੋਤ ਸਰੂਪ ਹਰਿ, ਅਚਰਜ ਖੇਲ ਰਚਾਇਆ ਸੰਤ ਮਨੀ ਸਿੰਘ ਸ਼ਬਦ ਸੁਣਾਇਆ ਕਰ ਲਾ ਸਚ ਵਿਹਾਰੇ । ਧਰਮ ਰਾਏ ਆਖ ਸੁਣਾਏ । ਪਹਿਲੇ ਜਾਓ ਹਰਿ ਸਰਨਾਏ । ਦੋਏ ਜੋੜ ਕਰੋ ਨਿਮਸਕਾਰ, ਮੰਗੋ ਵਰ ਦੇਵੇ ਹਰਿ, ਪਿਛਲੀ ਭੁੱਲ ਲਏ ਬਖ਼ਸ਼ਾਏ । ਸਾਚਾ ਹਰਿ ਕਿਰਪਾ ਕਰ ਪਹਿਲੀ ਮਾਘੀ ਦਇਆ ਦਏ ਕਮਾਏ । ਚੁਕੋ ਡੋਲੀ ਕਲਜੁਗ ਗੋਲੀ, ਸ੍ਰਿਸ਼ਟ ਸਬਾਈ ਅੰਦਰ ਲੱਖ ਚੁਰਾਸੀ ਜਿਸ ਨੇ ਰੋਲੀ, ਲੈ ਜਾਓ ਮੇਰੇ ਥਾਂਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪਾ ਕਾਜ ਰਚਾਇਆ । ਸਾਜ ਬਾਜ ਤਾਜ ਜੋੜਾ ਘੋੜਾ ਕਲਗੀ ਤੋੜਾ ਆਪਣੇ ਸਿਰ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਨਾਰੀ ਤੇਰਾ ਸਾਚਾ ਲਾੜਾ ਫੜ ਕੇ ਡੰਡਾ ਹੱਥ ਵਿਚ ਆਇਆ । ਸਾਚਾ ਲਾੜਾ ਡੰਡਾ ਫੜ । ਮਾਤਲੋਕ ਵਿਚ ਗਿਆ ਖੜ । ਕਲਜੁਗ ਨਾਰੀ ਕਰ ਤਿਆਰੀ, ਜਾਈਂ ਅੰਦਰ ਵੜ । ਬੇਮੁੱਖਾਂ ਮੈਂ ਪਾਵਾਂ ਸਾਰੀ, ਮਾਰਾਂ ਫੜ ਫੜ । ਸ਼ਬਦ ਖੰਡਾ ਸਾਚਾ ਡੰਡਾ ਫੜ ਇਕ ਦੋ ਧਾਰੀ, ਜੀਵ ਜੰਤ ਸਰਬ ਮਿਟਾਵਾਂ, ਇਕ ਅਪੁੱਠੀ ਮੱਤ ਪਾਵਾਂ ਮਰਨ ਲੜ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਦਿਓ ਵਧਾਈ ਦੇਵੇ ਮਾਣ ਤਾਣ ਨਿਥਾਵਿਆਂ ਥਾਂ ਅੱਗੇ ਖੜ੍ਹ । ਮਾਤਲੋਕ ਵਰਤੇ ਵਰਤਾਰ । ਕਰੇ ਕਰਾਵੇ ਸਿਰਜਣਹਾਰ । ਅੱਗੇ ਪਿੱਛੇ ਬੰਨ੍ਹੇ ਭਾਰ । ਸ੍ਰਿਸ਼ਟ ਸਬਾਈ ਕਰੇ ਖੁਮਾਰ । ਘਰ ਘਰ ਰੋਵੇ ਨਰ ਨਾਰ । ਸ਼ਬਦ ਡੰਡਾ ਰਿਹਾ ਮਾਰ । ਕਲਜੁਗ ਜੀਵ ਅੰਧਾ ਝੂਠਾ ਬੰਦਾ, ਅੰਤਮ ਚੜ੍ਹਿਆ ਬੁਖਾਰ । ਮਦਿਰਾ ਮਾਸੀ ਗੰਦਾ ਜੋ ਲਾਉਂਦਾ ਰਿਹਾ, ਪ੍ਰਭ ਇਕ ਇਕ ਦਏ ਉਖਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਕਾਰ । ਸਾਚੇ ਡੰਡੇ ਸੇਵਾ ਲਾਈ । ਕੱਚੇ ਅੰਡੇ ਭੰਨ ਵਖਾਈਂ । ਵਿਚ ਨਵ ਖੰਡੇ ਆਪਣਾ ਤੇਜ ਵਖਾਈਂ । ਵਿਚ ਵਰਭੰਡੇ ਚਾਰ ਕੁੰਟ ਰੰਡ ਕਰਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੈਨੂੰ ਦੇਵੇ ਫੇਰ ਵਡਿਆਈ । ਸੋਹੰ ਡੰਡਾ ਅੱਗੋਂ ਪੁਕਾਰੇ । ਸੁਣ ਮੇਰੇ ਸਚ ਭਤਾਰੇ । ਦੋਏ ਜੋੜ ਕਰੇ ਨਿਮਸਕਾਰੇ । ਕਿਰਪਾ ਕਰ ਸਾਚੇ ਹਰਿ ਮੰਗਾਂ ਵਰ, ਦੇ ਮੈਨੂੰ ਇਕ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ ਦੇ ਦੇ ਇਕ ਅਧਾਰੇ । ਸ਼ਬਦ ਮੰਗੇ ਵਰ ਅੱਗੇ ਸਾਚੇ ਹਰਿ । ਇਕ ਦਈਂ ਭੈਣ ਪਿਆਰੀ, ਮੈਂ ਨਾਲ ਉਹਦੇ ਜਾਵਾਂ ਤਰ । ਚਾਰੋਂ ਕੁੰਟ ਕਰਾਂ ਸਰ । ਖੁਲ੍ਹਾ ਕੋਈ ਨਾ ਦਿਸੇ ਘਰ । ਜਿਸ ਦਾ ਨਾਂ ਰੱਖਿਆ ਕਟਾਰੀ ।

ਜੋਤੀ ਜੋਤ ਸਰੂਪ ਹਰਿ, ਸਿੰਘ ਸਿੰਘਾਸਣ ਉਪਰ ਚੜ੍ਹ ਭੈਣ ਭਰਾਵਾ ਬੱਧੀ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਿਤਾ ਵਰ, ਪਹਿਲੀ ਮਾਘੀ ਪਹਿਲੀ ਵਾਰੀ । ਭੈਣ ਭਰਾਵਾਂ ਲਿਆ ਬਲ ਧਾਰ । ਦੋਏ ਜੋੜ ਕਰਨ ਨਿਮਸਕਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਜਾਂਦੀ ਵਾਰੀ, ਇਕਾ ਦੇ ਦੋਹਾਂ ਹੱਥਾਂ ਦਾ ਪਿਆਰ । ਫੇਰ ਆਈਏ ਤੇਰੇ ਦਰ ਸਾਚੇ ਘਰ ਪਹਿਲੋਂ ਕਾਰਜ ਤੇਰਾ ਇਕ ਸਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੈਠਾ ਸ੍ਰਿਸ਼ਟ ਸਬਾਈ ਵੇਖੇ ਜਿਉਂ ਰੰਗ ਕਰੇ ਕਰਤਾਰ । ਭੈਣ ਭਰਾ ਉਠ ਪਏ ਦੋਵੇਂ ਗਏ ਤੁਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ ਦੋਹਾਂ ਬਣਾਈ ਇਕੋ ਸੁਰ । ਇਕ ਦੂਜੇ ਦਾ ਨਾ ਹੋਏ ਵਿਛੋੜਾ, ਇਕੱਠੇ ਹੋ ਗਏ ਦੋਵੇਂ ਜੁੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਵਿਚੋਂ ਤੋਰਨ ਆਇਆ ਉਪਰ ਚੜ੍ਹਾਏ ਸਾਚੇ ਘੋੜ । ਸਚ ਕਟਾਰ ਕਰੀ ਵਿਚਾਰ । ਭੈਣ ਭਰਾਵਾਂ ਬੜਾ ਪਿਆਰ । ਤੂੰ ਸੁੱਟੀ ਜਾਈਂ ਮੂੰਹ ਦੇ ਭਾਰ । ਮੈਂ ਕੱਟੀ ਜਾਵਾਂ ਵੱਢੀ ਜਾਵਾਂ ਜਿਉਂ ਝਾੜੀ ਝਾੜੇ ਝਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਹੁਕਮ ਸੁਣਾਏ ਮਗਰ ਲਗਾਏ ਮੌਤ ਲਾੜ । ਇਕ ਹੱਥ ਖੰਡਾ ਇਕ ਹੱਥ ਡੰਡਾ । ਭੱਜਾ ਫਿਰੇ ਵਿਚ ਨਵ ਖੰਡਾ । ਫਿਰਦਾ ਜਾਏ ਵਿਚ ਬ੍ਰਹਿਮੰਡਾ । ਭੰਨੀ ਜਾਏ ਕੱਚੇ ਅੰਡਾ । ਤੋੜੀ ਜਾਏ ਸਰਬ ਘਮੰਡਾ । ਰੋੜ੍ਹੀ ਜਾਏ ਤੋੜੀ ਜਾਏ ਕੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੈਣ ਭਰਾਵਾਂ ਮੇਲ ਮਿਲਾਇਆ, ਰਾਹੇ ਸਾਚੇ ਪਾਇਆ, ਪਹਿਲੀ ਪਾਈ ਏਕਾ ਵੰਡਾਂ । ਪਹਿਲੀ ਵੰਡ ਦਿਤੀ ਕਰ । ਉਹਨੂੰ ਕਰਨਾ ਪਹਿਲੋਂ ਸਰ । ਫੇਰ ਆਉਣਾ ਮੇਰੇ ਦਰ । ਦੂਜਾ ਦੇਖਾਂ ਫੇਰ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੈਣ ਭਰਾਵਾਂ ਦੇਵੇ ਸਾਚਾ ਵਰ । ਕਲਜੁਗ ਤੇਰਾ ਸੀਸ ਗੁੰਦਾਇਆ, ਉਤੇ ਪਾਈ ਸੱਗੀ । ਪ੍ਰਭ ਅਬਿਨਾਸ਼ੀ ਸਾਚੇ ਨਰ ਜੋਤ ਮਾਝੇ ਦੇਸ ਜਗੀ । ਤਤੀ ਵਾ ਚਾਰੋਂ ਤਰਫ ਪਹਿਲੀ ਮਾਘੀ ਵਗੀ । ਕਿਤੇ ਨਾ ਮਿਲਣੀ ਠੰਡੀ ਛਾਂ, ਚੁੱਕਣੀ ਮਿਲੇ ਨਾ ਬੱਧੀ ਡੱਗੀ । ਘਰ ਘਰ ਭੌਂਦੇ ਦਿਸਣ ਕਾਂ, ਅੰਦਰ ਅੱਗ ਸਭ ਦੇ ਲੱਗੀ । ਪੀਣਾ ਦੁੱਧ ਨਾ ਮਿਲੇ ਕਿਸੇ ਮਾਂ, ਗਾਂ ਮੱਝ ਕਿਲੇ ਰਹਿ ਜਾਣ ਬੱਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਤੇਰੀ ਵੇਲ ਵੱਧੀ । ਕਲਜੁਗ ਤੇਰਾ ਸੀਸ ਗੁੰਦਾਇਆ ਉਤੇ ਦਿਤਾ ਦੁਪੱਟਾ । ਬੇਮੁੱਖਾਂ ਸੌਂ ਕੇ ਵਕਤ ਲੰਘਾਇਆ, ਪ੍ਰਭ ਅਬਿਨਾਸ਼ੀ ਆਪਣੀ ਹੱਥੀਂ ਸਿਰ ਵਿਚ ਪਾਇਆ ਘੱਟਾ । ਗੁਰਸਿਖਾਂ ਸਾਚਾ ਹੱਲ ਚਲਾਇਆ, ਸੋਹੰ ਬੀਜ ਦਿਤਾ ਛੱਟਾ । ਆਪਣੀ ਕਾਰ ਆਪ ਕਮਾਇਆ । ਜੁਗੋ ਜੁਗ ਜਨ ਭਗਤਾਂ ਸੇਵਾ ਕਰਦਾ ਆਇਆ । ਪੈਜ ਰਖਦਾ ਆਇਆ, ਜੋਤ ਧਰਦਾ ਆਇਆ, ਸਾਚਾ ਫੱਲ ਦਏ ਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਰਾਹ ਸਾਚਾ ਥਾਂ ਆਪੇ ਆਣ ਬੁਝਾਇਆ । ਕਲਜੁਗ ਨਾਰੀ ਤੇਰੀ ਖੁਲ੍ਹੀ ਗੁੱਤ । ਮਾਵਾਂ ਛੱਡਣ ਘਰ ਸੁੱਤੇ ਪੁੱਤ । ਵੇਲਾ ਨੇੜੇ ਆ ਗਿਆ ਛੇਤੀ ਬਹੁੜੇ ਰੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਰ ਦੁਰਕਾ ਗਿਆ, ਵੜਨ ਨਾ ਦੇਵੇ ਵਿਚ ਗੁਰ ਸੰਗਤ ਦੇ ਘੁਤ । ਕੁੱਤੇ ਕੂਕਰ ਕੁੜਿਆਰ ਬਾਹਰ ਖਲੋਤੇ ਦੂਰੋਂ ਵੇਖਣ ਰਹੇ ਝੱਖ ਮਾਰ । ਅੱਗੇ ਆਵਣ ਆਵੇ ਡਰ, ਸਚ ਤਖ਼ਤ ਬੈਠਾ ਆਪ ਸੱਚਾ ਸਰਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਵਿਚ ਫੜਿਆ, ਪੰਜਾਂ ਚੋਰਾਂ ਨਾਲ ਲੜਿਆ ਕਰਦਾ ਜਾਏ ਖਬਰਦਾਰ । ਸਤਿਜੁਗ ਸਾਚੇ ਪ੍ਰਭ ਤੈਨੂੰ ਦਿਤੀ ਚਿੱਟੀ ਚਾਦਰ । ਤੇਰਾ ਮਾਣ ਤਾਣ ਰਖਾਇਆ, ਕੀਆ ਪਹਿਲਾ ਆਦਰ । ਫੇਰ ਆਪਣਾ ਉਪਰ ਚਰਨ ਛੁਹਾਇਆ, ਉਤੇ ਬੈਠਾ ਸ਼ੇਰ ਸਿੰਘ ਬਹਾਦਰ । ਸ੍ਰਿਸ਼ਟ ਸਬਾਈ ਭੁੱਲੀ ਫਿਰਦੀ, ਸਭ ਮੁਸਲੀ

ਰੁਲੀ ਫਿਰਦੀ, ਜੋਤ ਸਰੂਪ ਨਿਹਕਲੰਕ ਕਰਤਾ ਕਾਦਰ । ਕਲਜੁਗ ਨਾਰੀ ਹੱਥੀਂ ਲਾ ਮਹਿੰਦੀ । ਬੇਮੁੱਖ ਜੀਵ ਭੁੱਲੇ ਫਿਰਦੇ ਪ੍ਰਗਟ ਹੋਣਾ ਅਮਾਮ ਮਹਿੰਦੀ । ਭੇਵ ਨਾ ਪਾਵਣ ਹਰਿ ਅਬਿਨਾਸ਼ੀ, ਪ੍ਰਗਟ ਹੋਇਆ ਪੁਰੀ ਘਨਕ ਹੀਰਾ ਘਾਟ ਦਿਸ਼ਾ ਲਹਿੰਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਾਰ ਆਪ ਕਰਾਈ ਸਿੰਘ ਮਨਜੀਤ ਭੇਟ ਚੜ੍ਹਾਈ ਜਿਸ ਦੀ ਧਾਰ ਲਹਿੰਦੇ ਨੂੰ ਵਹਿੰਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੀਤ ਚਲਾਈ ਵੇਖੋ ਸ੍ਰਿਸ਼ਟ ਸਬਾਈ ਇਕ ਦੂਜੇ ਨਾਲ ਕਿਵੇਂ ਖਹਿੰਦੀ । ਪ੍ਰਭ ਅਬਿਨਾਸ਼ੀ ਚਾਰ ਕੁੰਟ ਭਾਖੀ, ਉਠ ਉਠ ਵੇਖੇ ਸਾਰਾ ਥਾਂ, ਸਤਿਜੁਗ ਸਾਚਾ ਮਾਤ ਧਰਾਇਆ । ਆਪਣਾ ਭੇਖ ਹਰਿ ਵਟਾਇਆ । ਸਾਚਾ ਸਾਂਗ ਕਲ ਵਰਤਾਇਆ । ਸੰਤ ਮਨੀ ਸਿੰਘ ਸਾਚਾ ਗੁਰ ਵਿਚ ਮਾਤ ਪ੍ਰਗਟਾਇਆ । ਆਪੇ ਆਇਆ ਵੇਸ ਧਰ, ਸਿੰਘ ਸਿੰਘਾਸਣ ਡੇਰਾ ਲਾਇਆ । ਨੀਵੇਂ ਹੋਏ ਦੋਵੇਂ ਇਕੱਠੇ ਗਏ ਜੁੜ, ਇਕ ਦੂਜੇ ਨਾਲ ਕਰਨ ਸਲਾਹਿਆ । ਪ੍ਰਭ ਅਬਿਨਾਸ਼ੀ ਚੜ੍ਹਨਾ ਘੋੜ, ਚਾਰ ਕੁੰਟ ਲਏ ਦੁੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਸੰਤ ਮਨੀ ਸਿੰਘ ਤੇਰੇ ਹੱਥ ਵਾਗ ਫੜਾਇਆ । ਫੜਨੀ ਵਾਗ ਸੰਗਤ ਸਾਰੀ । ਉਤੇ ਸ੍ਰਿਸ਼ਟੀ ਆਉਣੀ ਭਾਰੀ । ਚੁਕਣਾ ਭਾਰ ਕਰ ਤਿਆਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ ਗੁਰ ਸੰਗਤ ਤਾਰੀ । ਨਿਹਕਲੰਕ ਨਰਾਇਣ ਨਰ, ਤੇਰਾ ਸੱਚਾ ਹਰਿ ਭਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਦੇਵੇ ਇਕ ਸ਼ਬਦ ਉਡਾਰੀ । ਗੁਰ ਗੋਬਿੰਦ ਮਤਾ ਪਕਾਇਆ । ਸਾਧ ਸੰਗਤ ਮਾਤ ਪਿਤ ਭੈਣ ਭਾਈ ਸਕਾ ਬਣਾਇਆ । ਝੂਠੀ ਮਾਇਆ ਦਰ ਤੋਂ ਭਾਗੀ ਪਹਿਲੀ ਮਾਘੀ ਸੋਹੰ ਸ਼ਬਦ ਸਵਰਨ ਟਿਕਾ ਹਰਿ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਝੋਲੀ ਪਾਇਆ । ਖੱਟਣਾ ਖਾਣਾ ਰੱਖਣਾ ਸੰਭਾਲ । ਏਥੇ ਓਥੇ ਚਲਣਾ ਨਾਲ । ਇਕ ਅਨਮੁਲੜਾ ਦਿਤਾ ਲਾਲ । ਹੋਰ ਕਿਸੇ ਕੋਲ ਨਾ ਜਾਣਾ ਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਸ੍ਰਿਸ਼ਟ ਸਬਾਈ ਕਰਦੀ ਜਾਏ ਖੈ । ਗੁਰਮੁਖ ਵਿਰਲਾ ਵਿਚ ਮਾਤ ਦੇ ਰਹੈ । ਅੱਠੇ ਪਹਿਰ ਦਿਵਸ ਰੈਣ ਜੋ ਨਾਉਂ ਤੇਰਾ ਸਾਚਾ ਲਏ । ਅੰਤਮ ਅੰਤ ਕਲਜੁਗ ਮੰਦਰ ਮਸੀਤਾਂ ਜਾਣੇ ਢਹਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਆਖੋ ਤੇਰੀ ਸਦਾ ਜੈ । ਗੁਰ ਗੋਬਿੰਦ ਕਰੀ ਸਲਾਹ । ਪਹਿਲਾ ਮਤਾ ਲਿਆ ਪਕਾ । ਸਾਚਾ ਹੁਕਮ ਪਹਿਲੀ ਮਾਘੀ ਦਿਤਾ ਸੁਣਾ । ਸਾਰੀ ਸੰਗਤ ਗਲੇ ਲਗਾਉਣੀ ਨਾ ਸੌਣਾ ਧਰ ਹੇਠ ਸਰਹਾਨੇ ਬਾਂਹ । ਗੁਰ ਗੱਦੀ ਬੜੀ ਔਖੀ ਨਿਭਾਉਣੀ, ਪਿਛਲੀ ਟੁੱਟੀ ਫੇਰ ਗੰਢਾਉਣੀ, ਕਲਜੁਗ ਅੰਦਰ ਦਿਸੇ ਇਕ ਅੜਾਉਣੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸਿਰ ਉਤੋਂ ਹੱਥ ਚੁੱਕੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਸਾਚੇ ਹਰੀ ਅੱਗੇ ਦਰ ਦਵਾਰ ਖੜੀ, ਦੋਹਾਂ ਭਾਈਆਂ ਇਕ ਦੂਜੇ ਦੀ ਫੜਾਏ ਬਾਂਹ । ਅੱਗਾ ਪਿੱਛਾ ਇਕੋ ਇਕ । ਇਕ ਦੂਜੇ ਨੂੰ ਨਾ ਮਾਰੋ ਖਿਚ । ਜਿਨ੍ਹਾਂ ਦਾ ਮਾਹੀ ਸੱਚਾ ਪਿਤ । ਝੂਠਿਆਂ ਨਾਲ ਕਿਉਂ ਕਰਨਾ ਹਿੱਤ । ਸੱਚਾ ਹਰਿ ਸੱਚਾ ਦਰ ਸ੍ਰਿਸ਼ਟ ਸਬਾਈ ਲੈਣੀ ਜਿੱਤ । ਸਾਚੀ ਜੋਤ ਵਿਚ ਟਿਕਾਈ, ਪੂਰਨ ਲਿਖਤ ਆਪ ਕਰਾਈ, ਪਹਿਲੀ ਮਾਘੀ ਵਾਰ ਥਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗਤ ਤੇਰੀ ਤੋੜ ਨਿਭਾਇਆ, ਤੇਰਾ ਪਹਿਲਾ ਕੀਆ ਹਿੱਤ । ਸੰਤ ਮਨੀ ਸਿੰਘ ਸੋਝੀ ਪਾ । ਗੁਰਸਿਖ ਵੇਖੀ ਥਾਂ ਥਾਂ । ਦਰਸ ਦਿਖਾਵੀਂ ਪਕੜ ਉਠਾਵੀਂ ਘਰ ਘਰ ਜਾਵੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਪਹਿਰਿਆ ਜਾਮਾ, ਜਿਸ ਦੀ ਨਾ ਕੋਈ ਪਿਤ ਤੇ ਨਾ ਕੋਈ ਮਾਂ ।

੪੫੬ ੦੩

ਸ਼ੇਰ ਸਿੰਘ ਤੂੰ ਹੋਇਆ ਸੜ ਕੇ ਸੁਆਹ । ਜਿਸ ਦੀ ਮਾਤਾ ਤਾਬੋ ਜਵੰਦ ਸਿੰਘ ਰਖਾਇਆ ਨਾਂ । ਗਿਆ ਕੋਈ ਫੇਰ ਨਾ ਆਇਆ, ਕਿਸੇ ਲੱਭੇ ਵਿਚ ਕਤੇਬਾਂ ਨਾ । ਘਨਕਪੁਰ ਵਾਸੀ ਜਾਮਾ ਪਾਇਆ, ਮੜ੍ਹੀ ਮਸਾਣੀ ਜੋਤ ਜਗਾਇਆ, ਪ੍ਰਗਟ ਹੋਇਆ ਵਿਚੋਂ ਸੁਆਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭਾਗ ਲਗਾ । ਸੜਿਆ ਤਨ ਹੋਇਆ ਢੇਰ । ਚਾਰੋਂ ਤਰਫ ਹੋਇਆ ਅੰਧੇਰ । ਪੰਚਮ ਜੇਠ ਨੇੜੇ ਆਈ, ਪ੍ਰਭ ਅਬਿਨਾਸ਼ੀ ਪ੍ਰਗਟ ਹੋਇਆ ਫੇਰ । ਵਿਚੋਂ ਸਮਾਧੀ ਨਿਕਲ ਆਇਆ ਵੇਖੇ ਚਾਰ ਚੁਫੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਨੀਂਹ ਰਖਾਈ, ਲੰਮੇ ਪੈ ਕੇ ਹੱਦ ਰਖਾਈ ਨੇਤਰ ਵੇਖੋ ਨਾ ਕੀਨਾ ਹੇਰ ਫੇਰ । ਸੰਤ ਮਨੀ ਸਿੰਘ ਤੇਰੀ ਕਲਮ ਚਲਾਈ, ਹਰਿ ਜੀ ਆਪੇ ਪੂਰ ਕਰਾਈ । ਅੱਖੀਂ ਗੁਰਸਿਖ ਘਵਿੰਡ ਨਾ ਵੇਖਣ ਦੂਰ ਖਲੋਤੇ ਵਡ ਸ਼ੇਰ ਦਲੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੋਤ ਆਪ ਜਗਾਈ, ਘਨਕਪੁਰ ਦਏ ਵਸਾਏ ਦੂਜੀ ਵੇਰ । ਹਰਿ ਹਰਿ ਹਰਿ ਭਗਵਾਨ । ਹਰਿ ਹਰਿ ਹਰਿ ਸਚ ਨਿਸ਼ਾਨ । ਹਰਿ ਹਰਿ ਹਰਿ ਗੁਣ ਨਿਧਾਨ । ਹਰਿ ਹਰਿ ਹਰਿ ਚਤੁਰ ਸੁਜਾਨ । ਹਰਿ ਹਰਿ ਹਰਿ ਵਡ ਬਲੀ ਬਲਵਾਨ । ਹਰਿ ਹਰਿ ਹਰਿ ਅੱਠੇ ਪਹਿਰ ਨੌਜਵਾਨ । ਹਰਿ ਹਰਿ ਹਰਿ ਬੁੱਢਾ ਬਿਰਧ ਨਾ ਬਾਲ ਜਵਾਨ । ਹਰਿ ਹਰਿ ਹਰਿ ਕਾਰਜ ਕਰੇ ਸਿੱਧ, ਆਪੇ ਆਪਣੇ ਆਣ । ਹਰਿ ਹਰਿ ਹਰਿ ਲੱਖ ਚੁਰਾਸੀ ਲਈ ਰਿਧ, ਬਣਿਆ ਪਕਵਾਨ । ਹਰਿ ਹਰਿ ਹਰਿ ਆਪ ਬਣਾਈ ਆਪਣੀ ਸਿੱਧ, ਜੋਤ ਅਗਨੀ ਦਿਤੀ ਬਾਲ । ਹਰਿ ਹਰਿ ਹਰਿ ਜੋਤ ਸਰੂਪੀ ਜਾਮਾ ਧਰ ਮਾਤਲੋਕ ਵਿਚ ਆਇਆ ਬਣ ਕੇ ਸੱਚਾ ਕਾਹਨ । ਹਰਿ ਹਰਿ ਹਰਿ ਸੱਚੀ ਹਰਿ ਨਿਸ਼ਾਨੀ । ਹਰਿ ਹਰਿ ਹਰਿ ਅੰਮ੍ਰਿਤ ਬੋਲੇ ਹਰਿ ਰਸਨਾ ਬਾਣੀ । ਹਰਿ ਹਰਿ ਹਰਿ ਚਾਰ ਕੁੰਟ ਜਿਸ ਵਖਾਣੀ । ਹਰਿ ਹਰਿ ਹਰਿ ਆਪਣੀ ਕਰਨੀ ਰਿਹਾ ਕਰ, ਰਸਨਾ ਚਲਾਏ ਤੀਰ ਕਮਾਨੀ । ਹਰਿ ਹਰਿ ਹਰਿ ਚਾਰੋਂ ਤਰਫ ਆਵੇ ਡਰ, ਹਰਿ ਹਰਿ ਹਰਿ ਸਤਿਜੁਗ ਦਿਨ ਗਿਆ ਚੜ੍ਹ, ਆਉਂਦੀ ਜਾਵੇ ਝੱਟ ਜਵਾਨੀ । ਹਰਿ ਹਰਿ ਹਰਿ ਕਲਜੁਗ ਅੱਗੇ ਗਿਆ ਹੜ੍ਹ, ਮਿਟਦੀ ਜਾਏ ਮਾਤ ਨਿਸ਼ਾਨੀ । ਹਰਿ ਹਰਿ ਹਰਿ ਖੁਲ੍ਹੇ ਰੱਖੀਂ ਦਰ, ਗੁਰਸਿਖ ਲੈਣੀ ਝੋਲੀ ਭਰ, ਨਾ ਹੋਵੇ ਕਦੇ ਖਾਲੀ । ਹਰਿ ਹਰਿ ਹਰਿ ਗੁਰਮੁਖਾਂ ਭਾਣਾ ਲੈਣਾ ਜਰ, ਚੁਕਾਉਣਾ ਸਭ ਦਾ ਡਰ, ਸਿਰ ਹੱਥ ਦੇਵੇ ਧਰ, ਦੋ ਜਹਾਨਾਂ ਵਾਲੀ । ਹਰਿ ਹਰਿ ਹਰਿ ਨਾ ਜਨਮੇ ਨਾ ਜਾਏ ਮਰ, ਗੁਰਮੁਖਾਂ ਦੇਵੇ ਸਾਚਾ ਵਰ, ਦੋਹੀਂ ਹੱਥੀਂ ਰਿਹਾ ਝੋਲੀ ਭਰ, ਕੋਈ ਹੱਥ ਨਾ ਦਿਸੇ ਖਾਲੀ । ਹਰਿ ਹਰਿ ਹਰਿ ਗੁਰ ਸੰਗਤ ਆਈ ਦਰ ਚੁੱਕੇ ਡਰ, ਚੜ੍ਹਦੀ ਜਾਏ ਦੂਣ ਸਵਾਈ ਲਾਲੀ । ਹਰਿ ਹਰਿ ਹਰਿ ਆਪਣਾ ਆਪ ਬਣਾਇਆ ਘਰ, ਆਪੇ ਕਰੇ ਆਪੇ ਰੱਖੇ ਅੱਠੇ ਪਹਿਰ ਰਖਵਾਲੀ । ਹਰਿ ਹਰਿ ਹਰਿ ਗੁਰਮੁਖ ਸਾਚੇ ਦੂਰ ਦੁਰਾਡੇ ਅੰਦਰ ਬਹਿ ਕੇ ਲਏ ਫੜ, ਸਾਚੇ ਘੋੜ ਚੜ੍ਹਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣਾ ਬੇੜਾ ਆਪੇ ਬੰਨ੍ਹ ਵਖਾਇਆ । ਹਰਿ ਹਰਿ ਹਰਿ ਸੁੱਖਦਾਈ । ਹਰਿ ਹਰਿ ਹਰਿ ਬਣਤ ਰਿਹਾ ਬਣਾਈ । ਹਰਿ ਹਰਿ ਹਰਿ ਵਸੇ ਸਾਚੇ ਘਰ, ਜਿਸ ਦਾ ਕਿਸੇ ਨਾ ਲੱਭੇ ਦਰ, ਬੈਠਾ ਜੋਤ ਜਗਾਈ । ਹਰਿ ਹਰਿ ਹਰਿ ਨਾ ਕੋਈ ਦਿਸੇ ਸ਼ਰਾਇਤ ਨਾ ਸ਼ਰਅ, ਏਕਾ ਸੋਹੰ ਸ਼ਬਦ ਰਿਹਾ ਜਪਾਈ । ਹਰਿ ਹਰਿ ਹਰਿ ਸ੍ਰਿਸ਼ਟ ਸਬਾਈ ਸਾਚਾ ਨਾਇਕ, ਗੁਰਸਿਖ ਸਾਚੇ ਸੰਤ ਜਨੋ ਰਸਨਾ ਲੈਣਾ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਸਾਚੀ ਬਣਤ ਬਣਾਈ । ਹਰਿ ਹਰਿ ਹਰਿ ਰਾਮ ਰਹੀਮ ਹੈ । ਹਰਿ ਹਰਿ ਹਰਿ ਕਾਦਰ ਕਰਤਾ ਧਰਨੀ ਧਰਤਾ ਵਡ ਵਡ ਹਕੀਮ ਹੈ । ਹਰਿ

ਹਰਿ ਹਰਿ ਵਡ ਦਾਤਾ ਗੁਣੀ ਗਨੀਮ ਹੈ । ਹਰਿ ਹਰਿ ਹਰਿ ਗੁਰਸਿਖ ਸਾਚੇ ਆਪੇ ਬਣਾਏ ਜਿਉਂ ਸੂਰਾ ਵਿਚ ਦਵਾਪਰ ਭੀਮ ਹੈ । ਹਰਿ ਹਰਿ ਹਰਿ ਆਪ ਖੁਲ੍ਹਾਇਆ ਸਾਚਾ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੈ । ਹਰਿ ਹਰਿ ਹਰਿ ਸਾਚੀ ਵੇਖ ਵਖਾਣੀ । ਅੰਮ੍ਰਿਤ ਵੇਲਾ ਸਾਚਾ ਹੋਇਆ ਸਤਿਜੁਗ ਤੇਰੀ ਸੁਹਾਈ ਰਾਤ ਰਾਣੀ । ਕਲਜੁਗ ਜੀਵ ਬੇਮੁੱਖ ਸੋਏ ਗੁਰਸਿਖਾਂ ਪਿਆਏ ਅੰਮ੍ਰਿਤ ਸਾਚੀ ਬਾਣੀ । ਰਸਨਾ ਗਾਏ ਸਾਚੀ ਬਾਣੀ । ਵਕਤ ਦੁਹੇਲੜਾ ਆਏ, ਹਾਣੀਆਂ ਛੱਡਣੇ ਹਾਣੀ । ਇਕ ਇਕੱਲੜਾ ਹਰਿ ਜੀ ਬੈਠਾ, ਚਾਰੋਂ ਕੁੰਟ ਖੇਲ ਵਰਤਾਏ । ਦਿਸ ਕਿਸੇ ਨਾ ਆਏ ਨਾ ਕਿਸੇ ਫੜਾਏ ਪਲੜਾ, ਰਾਜੇ ਰਾਣੇ ਵਡ ਜਰਵਾਣੇ ਸੂਰਬੀਰ ਰਹੇ ਸਰਬ ਕੁਰਲਾਏ । ਗੁਰਮੁਖ ਸਾਚੇ ਸੰਤ ਜਨੋ ਤੁਹਾਡੇ ਦਰ ਦਵਾਰੇ ਖਲੜਾ, ਨਾ ਕੋਈ ਦਲਾਲ ਵਿਚ ਰਖਾਏ । ਏਕਾ ਦਿਤਾ ਨਾਮ ਅਨਮੁਲੜਾ, ਨਾ ਕਿਸੇ ਤੋਲ ਤੋਲੜਾ, ਸੋਹੰ ਸਾਚਾ ਗੁਰਸਿਖ ਸਾਚਾ ਰਸਨਾ ਗਾਏ । ਵਸਦਾ ਰਹੇ ਕਾਇਆ ਕੁਲੜਾ, ਜਿਥੇ ਹਰਿ ਜੀ ਡੇਰਾ ਲਾਏ । ਜਗਤ ਭੁਲੇਖਾ ਕਲਜੁਗ ਜੀਵ ਲਾਲ ਅਨਮੁਲੜਾ, ਕੌਡੀ ਮੁੱਲ ਕੋਈ ਨਾ ਪਾਏ । ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਆਤਮ ਅਜੇ ਨਾ ਡੁੱਲ੍ਹੜਾ, ਸਿਧੀ ਨਾਭੀ ਆਪ ਰਖਾਏ । ਸੋਹੰ ਸ਼ਬਦ ਲਗਾਓ ਬੁੱਲ੍ਹੜਾ, ਅੱਠੇ ਪਹਿਰ ਏਕਾ ਰੰਗ ਰੰਗਾਏ । ਪ੍ਰਭ ਸਾਚੇ ਦਾ ਸਾਚਾ ਦਰ ਅੱਠੇ ਪਹਿਰ ਖੁੱਲ੍ਹੜਾ, ਨਾ ਬੰਦ ਕਦੇ ਕਰਾਏ । ਨਾ ਲੈਂਦਾ ਕੋਈ ਮੁੱਲੜਾ, ਪ੍ਰੇਮ ਵੱਢੀ ਵਿਚ ਰਖਾਏ । ਸਾਚਾ ਛਤਰ ਪ੍ਰਭ ਸਾਚੇ ਦਾ ਝੁੱਲੜਾ, ਜੋ ਆਪਣੇ ਹੱਥ ਰਿਹਾ ਉਠਾਏ । ਕਲਜੁਗ ਝੂਠਾ ਅੰਤਮ ਹੁਲੜਾ, ਕਿਸੇ ਡਾਲੇ ਫਲ ਨਜ਼ਰ ਨਾ ਆਏ । ਸਤਿਜੁਗ ਸਾਚਾ ਫੁਲੜਾ, ਗੁਰ ਸੰਗਤ ਫਲ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਰੰਗਤ ਉਤੇ ਆਪ ਚੜ੍ਹਾਏ । ਸਤਿਜੁਗ ਸਾਚੇ ਤੇਰਾ ਖਿੜਿਆ ਫੁੱਲ । ਗੁਰਮੁਖ ਸਾਚੇ ਸੰਤ ਜਨਾਂ ਪਹਿਲੀ ਮਾਘੀ ਪਾਇਆ ਮੁੱਲ । ਮਨ ਤਨ ਨਾਮ ਰਸਨਾ ਭਿੰਨਿਆ, ਸਾਚਾ ਸ਼ਬਦ ਲਿਆ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਹਰਿ ਸਾਚੇ ਦੇ ਗਾਇਣ ਗੁਣ । ਹਰਿ ਹਰਿ ਹਰਿ ਅਨਮੋਲ । ਆਪੇ ਤੋਲੇ ਪੂਰਾ ਤੋਲ । ਦੂਈ ਦਵੈਤੀ ਪਰਦੇ ਖੋਲ੍ਹ । ਸੋਹੰ ਸ਼ਬਦ ਵਜਾਵੇ ਸਾਚਾ ਢੋਲ । ਬੇਮੁੱਖਾਂ ਹਰਿ ਦਿਸ ਨਾ ਆਏ, ਗੁਰਮੁਖਾਂ ਸਦ ਵਸੇ ਕੋਲ । ਜੂਹ ਜੰਗਲ ਪਹਾੜ ਉਜਾੜਾਂ ਕਾਹਨੂੰ ਵੇਖੋ, ਆਤਮ ਗੰਢੀ ਲਓ ਖੋਲ੍ਹ । ਜਗੇ ਜੋਤ ਵਿਚ ਬਹੱਤਰ ਨਾੜਾਂ, ਪ੍ਰਭ ਅਬਿਨਾਸ਼ੀ ਗੁਰਸਿਖ ਸਾਚੇ ਅੱਠੇ ਪਹਿਰ ਤੇਰੇ ਨਾਲ ਕਰਦਾ ਰਹੇ ਚੋਲ੍ਹ । ਸਿੱਖ ਨਾਰੀ ਹਰਿ ਜੀ ਕੰਤਾ, ਏਕਾ ਸੇਜਾ ਇਕ ਦੂਜੇ ਦੇ ਨਾਲ ਰਹੇ ਬੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਮੁਲ ਪਵਾਇਆ, ਪਹਿਲਾ ਤੋਲ ਆਪ ਤੁਲਾਇਆ, ਸਾਚਾ ਕੰਡਾ ਹੱਥ ਰਖਾਇਆ, ਸੋਹੰ ਜਿਸ ਦਾ ਨਾਮ ਰਖਾਇਆ, ਸ੍ਰਿਸ਼ਟ ਸਬਾਈ ਰਹੀ ਅਨਭੋਲ । ਹਰਿ ਹਰਿ ਹਰਿ ਰੰਗ ਕਰਤਾਰ । ਆਪਣਾ ਕਰੇ ਆਪ ਵਿਹਾਰ । ਪਹਿਲੀ ਮਾਘੀ ਲਿਆ ਵਿਚਾਰ । ਗੁਰ ਸੰਗਤ ਆਈ ਹਰਿ ਲਿਆ ਖਿਚ ਚਰਨ ਦਵਾਰ । ਫੇਰ ਸਤਿਜੁਗ ਤੇਰੀ ਬਣਤ ਬਣਾਈ, ਸ਼ਬਦ ਲਿਖਾਈ ਰਸਨ ਉਚਾਰ । ਦੂਜਾ ਨਾ ਕੋਈ ਹੋਇਆ ਸਹਾਈ, ਆਪਣੀ ਰੀਤ ਆਪ ਚਲਾਈ, ਆਪੇ ਕਰਨ ਕਰਾਵਣਹਾਰ । ਦੂਜੀ ਦਿਤੀ ਹਰਿ ਵਡਿਆਈ । ਸੋਹੰ ਦਾਤ ਝੋਲੀ ਪਾਈ । ਸਤਿਜੁਗ ਤੇਰੀ ਬਣਤ ਬਣਾਈ, ਦੋਹਾਂ ਬਣਾਇਆ ਇਕਾ ਸਾਥ । ਤੀਜੀ ਹਰਿ ਜੀ ਰੀਤ ਚਲਾਈ । ਗੁਰ ਸੰਗਤ ਚਰਨ ਪ੍ਰੀਤ ਬਣਾਈ । ਕਾਇਆ ਠੰਡੀ ਸੀਤ ਕਰਾਈ । ਸਾਚਾ ਪਿਤ ਰੱਖਣਾ ਚਿੱਤ ਪਰਖੇ ਨੀਤ ਅੱਠੇ ਪਹਿਰ ਨਾ ਦੇਣਾ ਮਨੋ ਭੁਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਰਿਹਾ ਆਪ

੪੫੮
੦੩

ਸਮਾਈ । ਹਰਿ ਹਰਿ ਹਰਿ ਗੁਰ ਸੰਗਤ ਮੀਤਾ । ਪਹਿਲੀ ਮਾਘੀ ਤਨ ਕਾਇਆ ਪਾਟਾ ਦੋਹੀਂ ਹੱਥੀਂ ਆਪੇ ਸੀਤਾ । ਅੱਗੇ ਫੇਰ ਨਾ ਆਵੇ ਘਾਟਾ, ਜਗੇ ਜੋਤ ਵਿਚ ਲਲਾਟਾ, ਪ੍ਰਭ ਅੰਤਮ ਕੀਆ ਠੰਡਾ ਸੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਗੁਰ ਸੰਗਤ ਦੇਵੇ ਸੋਹੰ ਸੁਣਿਆ ਸੁਹਾਗੀ ਗੀਤਾ । ਹਰਿ ਹਰਿ ਹਰਿ ਭਗਵਾਨ । ਬਣ ਕੇ ਆਇਆ ਮਾਤਲੋਕ ਦਰ ਸਾਚਾ ਕਾਹਨ । ਝੁਲਦੇ ਚਾਰੋਂ ਤਰਫ ਗੁਰ ਸੰਗਤ ਵੇਖੇ ਹਰਿ ਸਾਚੇ ਦੇ ਸਚ ਨਿਸ਼ਾਨ । ਦੂਸਰ ਕੋਈ ਰਹਿਣ ਨਾ ਪਾਏ, ਵੇਲਾ ਅੰਤਮ ਢੁਕਿਆ ਆਣ । ਸਾਰੇ ਮਿਟ ਜਾਣ ਥਾਉਂ ਥਾਈਂ, ਸੋਹੰ ਸ਼ਬਦ ਵੱਜੇ ਬਾਣ । ਇਕ ਦੂਜੇ ਨਾ ਹੋਏ ਕੋਈ ਸਹਾਈ, ਮਲ ਮਲ ਹੱਥ ਸਰਬ ਪਛਤਾਣ । ਦੂਰੋਂ ਕਰਨ ਲੰਮੀਆਂ ਬਾਹੀਂ, ਰੋ ਰੋ ਮਾਰਨ ਉਚੀਆਂ ਧਾਹੀਂ । ਵੇਦ ਪੁਰਾਨ ਕੁਰਾਨ ਅੰਜੀਲ ਖਾਣੀ ਬਾਣੀ ਨਾ ਮਿਲਦਾ ਸਾਚਾ ਮਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਸਾਚਾ ਕਰਮ ਕਮਾਵੇ, ਜੋਤ ਸਰੂਪੀ ਜਾਮਾ ਪਾਵੇ, ਸ਼ਬਦ ਸਰੂਪੀ ਸਾਚੀ ਵਥ, ਗੁਰ ਸੰਗਤ ਤੇਰੇ ਅੱਗੇ ਆਣ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਦਰ ਨਾ ਗਿਆ ਮੰਗਤ, ਨਾ ਭੁੱਖਾ ਨਾ ਨੰਗਤ, ਅੱਠੇ ਪਹਿਰ ਏਕਾ ਜੋਤ ਏਕਾ ਗੋਤ ਏਕਾ ਰੰਗਤ ਚੜ੍ਹੇ ਦੂਣ ਸਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਵਸੇ ਹੱਸੇ ਰਸੇ । ਗੁਰਸਿਖ ਮਾਤ ਕੁਰਲਾਏ ਉਤੋਂ ਆਇਆ ਨੱਸੇ । ਫੜ ਫੜ ਬਾਹੋਂ ਪਕੜ ਉਠਾਏ, ਰਾਹ ਸਾਚਾ ਘਨਕਪੁਰੀ ਦਾ ਦੱਸੇ । ਆਓ ਸਿੰਘੋ ਸੰਤ ਜਨੋ ਪ੍ਰਭ ਅਬਿਨਾਸ਼ੀ ਦਰਸ਼ਨ ਪਾਓ, ਹਰਿ ਘਰ ਸਾਚੇ ਵਿਚ ਵਸੇ । ਕਰੇ ਨਬੇੜਾ ਹੱਕ ਸਚ । ਸੁਲਤਾਨ ਵਾਲੀ ਦੋ ਜਹਾਨ ਆਪ ਅਖਵਾਇੰਦਾ ਨਾ ਸਕੇ ਕੋਈ ਡੱਕ । ਉਡੇ ਖ਼ਾਕ ਮਦੀਨੇ ਮੱਕ । ਨਾ ਹੱਡੀਆਂ ਸਕੇ ਕੋਈ ਚੱਕ । ਦੂਰੋਂ ਸਾਰੇ ਰਹੇ ਤੱਕ । ਵੇਖੋ ਖੇਲ ਹਰਿ ਵਰਤਾਇੰਦਾ ਫਲ ਗਿਆ ਪੱਕ । ਬੀਰ ਬੇਤਾਲੇ ਥੱਲੇ ਬੈਠੇ ਉਪਰ ਰਹੇ ਤੱਕ । ਪ੍ਰਭ ਅਬਿਨਾਸ਼ੀ ਦੇ ਹਲੂਣਾ, ਸਾਡਾ ਆਤਮ ਹੋਇਆ ਊਣਾ, ਤੇਰੇ ਦਰ ਕਰੀ ਪੁਕਾਰ ਇਕ ਵਾਰ ਲਈਏ ਰੱਜ । ਚਿੱਟੇ ਅਸਵ ਹੋ ਅਸਵਾਰ, ਚਾਰੋਂ ਤਰਫ ਘੇਰਾ ਡਾਰ, ਗੁਰਸਿਖਾਂ ਬਣ ਜਾ ਪਹਿਰੇਦਾਰ, ਆਪਣੀ ਗੋਦ ਵਿਚ ਲਈਂ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਕਥਨਾ ਅਕਥ ਨਾ ਸਕੇ ਕੋਈ ਲੱਖ, ਸਭ ਤੋਂ ਰਹੇ ਸਦਾ ਵੱਖ, ਗੁਰ ਸੰਗਤ ਸਾਚੀ ਲਏ ਰੱਖ । ਮੋਰ ਮੁਕਟ ਸਚ ਨਿਸ਼ਾਨ । ਖੜਾ ਦਿਸੇ ਹਰਿ ਭਗਵਾਨ । ਪਾਉਂਦਾ ਜਾਏ ਹਿੱਸੇ, ਲਾਉਂਦਾ ਜਾਏ ਆਪਣੀ ਹੱਥੀਂ ਆਪ ਨਿਸ਼ਾਨ । ਭੇਵ ਨਾ ਲੱਗੇ ਕਿਸੇ ਵਡ ਰਾਜੇ ਰਾਜਾਨ । ਚਾਰੋਂ ਕੁੰਟ ਹਰਿ ਜੀ ਵਸੇ ਨਾ ਦਿਸੇ ਜੋਤੀ ਜੋਤ ਸਰੂਪ ਹਰਿ ਆਪੇ ਜਾਣੀ ਜਾਣ । ਆਪਣੀ ਆਣ ਆਪੇ ਜਾਣੇ, ਕਰੇ ਹਰਿ ਪਛਾਣ । ਪਹਿਲਾ ਭੇਖ ਹਰਿ ਮਿਟਾਏ, ਵੇਖ ਵੇਖ ਸਰਬ ਉਠਾਏ, ਜੋ ਬਗਲੇ ਰੱਖਣ ਕੁਰਾਨ । ਗਾਨੀਆਂ ਮਣਕੇ ਗਲ ਵਿਚ ਰਹੇ ਲਟਕਾਏ, ਹੱਥੀਂ ਤਸਬੀਆਂ ਰਹੇ ਵਖਾਏ, ਨਾ ਜਾਨਣ ਹਰਿ ਭਗਵਾਨ । ਕੂੜ ਮੁਸੱਲਾ ਰਹੇ ਉਠਾਏ, ਸੱਚਾ ਅੱਲ੍ਹਾ ਹੱਥ ਨਾ ਆਏ, ਇਕ ਇਕੱਲਾ ਸਾਚੇ ਥਾਂ ਰਹਾਏ, ਰੋਜ਼ਾ ਬਾਂਗ ਨਿਮਾਜ਼ ਤਿੰਨੇ ਰੱਖਣ । ਪ੍ਰਭ ਮਿਲੇ ਨਾ ਉਤਰ ਪੂਰਬ ਪੱਛਮ ਦੱਖਣ । ਲਹਿੰਦੇ ਕਰ ਕਰ ਮੁਖ ਸਾਰੇ ਰਹੇ ਸੀਸ ਝੁਕਾਏ, ਅੰਤ ਵੇਲੇ ਨਾ ਕੋਈ ਸਹਾਏ ਨਾ ਕੋਈ ਰੱਖ ਸਕਣ । ਪ੍ਰਭ ਅਬਿਨਾਸ਼ੀ ਮਾਝੇ ਦੇਸ ਜਾਮਾ ਪਾਏ, ਨਾ ਕੋਈ ਹਾਜ਼ੀ ਨਾ ਕੋਈ ਮੱਕਨ । ਸਾਰੇ ਅੱਧ ਵਿਚ ਢਾਹੇ, ਝੂਠੇ ਪਿਆਲੇ ਕੁੱਤੇ ਲੱਕਣ । ਜੋ ਹੰਕਾਰੀ ਭਰਾਏ, ਗੌਂਸ ਮਜੌਰ ਸਾਰੇ ਧੱਕਣ । ਹਾਕਨ ਡਾਕਨ ਮਗਰ ਲਗਾਏ, ਪਿਛਾ ਭੌਂ ਭੌਂ ਫੇਰ ਨਾ ਤੱਕਣ । ਮੱਕਾ ਮਦੀਨਾ ਵੇਖ ਨਾ ਸਕਣ, ਪੀਰ ਫਕੀਰ ਦਸਤਗੀਰ ਔਲੀਆ

ਸ਼ੇਖ ਨਾ ਕੋਈ ਮਾਰੇ ਧੌਂਸ, ਪ੍ਰਭ ਉਲਟੀ ਚਲਾਈ ਰੌਂਸ, ਨਾ ਕੋਈ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਮਾਝੇ ਦੇਸ ਕਰ ਵੇਸ, ਗੁਰਸਿਖ ਸਾਚੇ ਵਿਚ ਪ੍ਰਵੇਸ਼, ਚਿੱਟੀ ਚਾਦਰ ਆਪ ਵਿਛਾਈ, ਪਹਿਲਾਂ ਕੀਆ ਆਦਰ, ਆਪ ਲਿਖਾਏ ਸਭ ਦੇ ਲੇਖ । ਉਤੇ ਬੈਠਾ ਰਿਹਾ ਵੇਖ, ਨੇਤਰ ਕਿਸੇ ਨਜ਼ਰ ਨਾ ਆਵੇ, ਸਾਰੇ ਕਹਿਣ ਅੰਨ੍ਹਾ ਸ਼ੇਖ਼ । ਪ੍ਰਭ ਅਬਿਨਾਸ਼ੀ ਸਰਬ ਜੀਆਂ ਦਾ ਆਪੇ ਜਾਣੇ, ਲੱਖ ਚੁਰਾਸੀ ਵਿਚ ਪ੍ਰਵੇਸ । ਕਿਆ ਕੋਈ ਜਾਣੇ ਹਰਿ ਸਾਚੇ ਦੇ ਸਾਚੇ ਭਾਣੇ, ਭੁੱਲੇ ਸਰਬ ਨਰੇਸ਼ । ਕਲਜੁਗ ਜੀਵ ਅੰਧੇ ਕਾਣੇ, ਗਿਆਨੀ ਧਿਆਨੀ ਵਡ ਸਿਆਣੇ । ਮਿਲਿਆ ਹਰਿ ਨਾ ਚੁਕਿਆ ਡਰ ਨਾ ਵਸਿਆ ਘਰ, ਜਿਥੇ ਜਾਣ ਅੰਤ ਵੜ, ਸਾਰਿਆਂ ਪਹਿਨੇ ਚਿੱਟੇ ਬਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਚਲਾਏ ਆਪਣੇ ਭਾਣੇ । ਦੇਵੇ ਬਾਂਗ ਕੂਕ ਪੁਕਾਰੇ । ਬੇਮੁੱਖਾਂ ਨੂੰ ਅਵਾਜ਼ਾਂ ਮਾਰੇ । ਆਤਮ ਭੁੱਖਾ ਹੱਥ ਵਿਚ ਹੁੱਕਾ, ਉਤੇ ਅੱਗ ਧਰੀ ਅੰਗਿਆਰੇ । ਥੱਲੇ ਪਾਣੀ ਵਿਚ ਪਵਣ ਮਸਾਣੀ, ਥੱਲੇ ਪ੍ਰਾਣੀ ਪਹਿਲੇ ਸਾੜੇ । ਪ੍ਰਭ ਅਬਿਨਾਸ਼ੀ ਕਿਰਪਾ ਕਰ ਉਮਤ ਨਬੀ ਰਸੂਲ ਤੇਰੀ ਆਪ ਕਟਾਏ ਫਸਲ ਹਾੜੇ । ਜਗਤ ਪਿਤ ਜਗਦੀਸ਼ ਨਰ ਹਰਿ । ਆਪ ਚੜ੍ਹਾਈ ਸਦੀ ਬੀਸ ਕਿਰਪਾ ਕਰ । ਵਿਚ ਜੋਤ ਧਰੀ ਆਪਣਾ ਭਾਣਾ ਰਿਹਾ ਕਰ । ਧੜ ਅੱਡ ਸੀਸ ਵੱਖ ਕਰੀ, ਨਾ ਰੱਖੇ ਕੋਈ ਡਰ । ਆਪਣੀ ਕਰਨੀ ਰਿਹਾ ਕਰ । ਗੁਰਸਿਖਾਂ ਦੇਵੇ ਸਾਚਾ ਵਰ । ਚਰਨ ਲਾਗ ਪੂਰੇ ਭਾਗ, ਪਹਿਲੀ ਮਾਘ ਗੁਰ ਸੰਗਤ ਤੇਰਾ ਸੁਣਿਆ ਰਾਗ, ਧੋਇਆ ਦਾਗ, ਬੁਝੀ ਆਗ, ਗਏ ਜਾਗ, ਕਲਜੁਗ ਮਾਇਆ ਨਾ ਡੱਸੇ ਨਾਗ, ਕਿਰਪਾ ਪੂਰੇ ਹਰਿ ਕਰੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲੈਣ ਵਰ । ਵਰ ਵਰਿਆਮ ਹਰਿ ਸੁਲਤਾਨ । ਪੂਰਨ ਕਰੇ ਕਾਮ, ਜੋਤ ਸਰੂਪੀ ਹੁੰਦਾ ਜਾਏ ਦਿਨੋ ਦਿਨ ਜਵਾਨ । ਦਸ ਬਰਸ ਅਵਸਥਾ ਹੋਈ ਖਿਚਿਆ ਤੀਰ ਕਮਾਨ । ਜੋਤੀ ਜੋਤ ਸਰੂਪ ਹਰਿ, ਆਪ ਬਣਿਆ ਵਡ ਬਲਵਾਨ । ਦਸ ਸਾਲ ਹਰਿ ਹੋਇਆ ਜਾਮਾ ਧਾਰੇ । ਜੋਤ ਸਰੂਪੀ ਕਰੇ ਖੇਲ ਅਪਰ ਅਪਾਰੇ । ਕਦੇ ਥੱਲੇ ਕਦੇ ਉਪਰ ਕਦੇ ਅੰਦਰ ਕਦੇ ਬਾਹਰੇ । ਕਦੇ ਲੇਟੇ ਮਿਟੀ ਨਾਲ ਤਨ ਲਪੇਟੇ, ਕਦੇ ਪਿਤਾ ਕਦੇ ਬੇਟੇ ਕਰੇ ਰੰਗ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਲਿਖਾਏ ਲੇਖ ਜੋ ਵਰਤੇ ਵਿਚ ਮਾਤ ਵਰਤਾਰੇ । ਦਸ ਬੀਸ ਇਕੀਸ ਇਕੀਸ ਬੀਸ ਸ੍ਰਿਸ਼ਟ ਸਬਾਈ ਜਾਏ ਪੀਸ । ਸਾਚਾ ਦਰ ਇਕੋ ਰਹਿਣਾ ਜਿਥੇ ਲੱਗੇ ਨਾ ਕੋਈ ਫੀਸ । ਨਾ ਕੋਈ ਮੁਲਾਂ ਸ਼ੇਖ਼ ਕਾਜ਼ੀ ਦਿਸੇ ਨਾ ਕੋਈ ਦਿਸੇ ਹੋਰ ਹਦੀਸ । ਨਾ ਕੋਈ ਪੰਡਤ ਵੇਦ ਪੁਰਾਣੀ ਦਿਸੇ, ਦੂਜੇ ਥਾਂ ਨਾ ਨਿਵਾਏ ਸੀਸ । ਨਾ ਕੋਈ ਖਾਣੀ ਬਾਣੀ ਬ੍ਰਹਮ ਗਿਆਨੀ ਦਿਸੇ, ਸੋਹੰ ਸ਼ਬਦ ਗੁਰਸਿਖਾਂ ਏਕਾ ਆਇਆ ਹਿੱਸੇ, ਦਿਤਾ ਹਰਿ ਜਗਦੀਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਿਆ ਕੋਈ ਕਰੇ ਰੀਸ । ਗਿਆਰਵਾਂ ਸਾਲ ਪੰਚਮ ਜੇਠ ਚੜ੍ਹਣਾ ਆਣ । ਪੂਰਾ ਕਰ ਵਖਾਏ ਵੇਦ ਵਿਆਸ ਜੋ ਲਿਖਾਏ, ਵਿਚ ਗਰੜ ਪੁਰਾਨ । ਗਰੜ ਪੁਰਾਨ ਗਿਆਰਾਂ ਹਜ਼ਾਰ ਸਲੋਕ ਪ੍ਰਭ ਸਾਚੀ ਲਿਖਤ ਲਿਖਾਏ, ਇਕ ਦੂਜੇ ਨੂੰ ਰਹੇ ਟੋਕ । ਧਰਮ ਰਾਏ ਰਿਹਾ ਬਿਲਲਾਏ, ਪ੍ਰਭ ਅਬਿਨਾਸ਼ੀ ਤੇਰੇ ਘਰ ਵਿਚ ਆਵਣ ਨਾ ਦੇਵੇ ਤੋਟ । ਲੱਖ ਚੁਰਾਸੀ ਬੜੀ ਵਧਾਈ ਸਿੰਘ ਮਨਜੀਤ ਤੇਰੇ ਪਿੱਛੇ ਦੇਵੇ ਝੋਕ । ਆਪਣੀ ਹੱਥੀਂ ਮਗਰ ਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਲ ਗਿਆਰਵੇਂ ਆਪਣੀ ਸੁਰਤ ਸੰਭਾਲ ਆਪੇ ਕਹਿਰ ਵਰਤਾਏ ਨਾ ਸਕੇ ਕੋਈ ਰੋਕ । ਗਰੜ ਪੁਰਾਨ ਲੇਖ ਲਿਖਾਇਆ । ਅਠਾਈ ਕੁੰਡਾਂ ਭੇਵ ਖੁਲ੍ਹਾਇਆ । ਧਰਮ ਰਾਏ ਜੋ ਹੱਟ ਲਗਾਇਆ । ਅੱਗੇ ਹਰਿ ਜੀ ਵੱਟ

ਲਗਾਇਆ । ਸੋਹੰ ਅੱਗੇ ਡੰਡਾ ਡਾਹਿਆ । ਬੇਮੁਖ ਜੀਵ ਕੋਈ ਲੰਘ ਨਾ ਜਾਏ ਦੋਵੀਂ ਪਾਸੀਂ ਪਹਿਰੇਦਾਰ, ਸੰਤ ਮਨੀ ਸਿੰਘ ਦੂਜਾ ਸੰਗ ਰਲਾਇਆ । ਧਰਮ ਰਾਏ ਦੇ ਪਿਆਰ, ਹਰਿ ਨਿਰੰਕਾਰ ਖਬਰਦਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਜੇ ਛੋਟਾ ਬਾਲ ਨਿੱਕਾ ਮੁੰਡਾ ਆਪਣੀ ਹੱਥੀਂ ਕੁੰਡਾ ਧਰਮ ਰਾਏ ਤੇਰੇ ਦਰ ਦਾ ਆਣ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਫੜ ਫੜ ਤੇਰੇ ਅੰਦਰ ਦਏ ਬਹਾਇਆ । ਤੇਰੇ ਘਰ ਵਿਚ ਲੱਗੇ ਭਾਗ । ਨਿਹਕਲੰਕ ਪਿਆ ਜਾਗ । ਸਤਿਜੁਗ ਆ ਗਿਆ ਪਹਿਲੀ ਮਾਘ । ਗੁਰਸਿਖਾਂ ਸੁਣਿਆ ਸਾਚਾ ਰਾਗ । ਸੋਹੰ ਵੱਜਾ ਸਾਚਾ ਨਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣਾ ਸਾਂਗ । ਧਰਮ ਰਾਏ ਖ਼ੁਸ਼ੀ ਮਨਾਈ । ਪ੍ਰਭ ਦਰ ਅੱਗੇ ਸੀਸ ਨਿਵਾਈ । ਧੰਨ ਭਾਗ ਮੇਰੇ ਤੂੰ ਕਰੀਂ ਸਚ ਨਬੇੜੇ, ਕੋਈ ਭਗਤ ਮੇਰੇ ਦਰ ਨਾ ਘੱਲੀਂ, ਰਾਜੇ ਜਨਕ ਵਾਂਗੂੰ ਨਾ ਲਏ ਮੈਥੋਂ ਸਾਰੇ ਛੁਡਾਈ । ਕਰੇ ਪੁਕਾਰ ਘੜੀ ਘੜੀ ਪਲ ਪਲ ਇਹ ਭੁੱਲ ਮੇਰੀ ਬਖ਼ਸ਼ਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸਤਿ ਸੁਣਾਏ ਧਰਮ ਰਾਏ ਤੂੰ ਜਾਈਂ ਚਾਈਂ ਚਾਈਂ । ਧਰਮ ਰਾਏ ਵੇਖ ਵਿਚਾਰ । ਪ੍ਰਭ ਅਬਿਨਾਸ਼ੀ ਦੇਵੇ ਤੈਨੂੰ ਇਕ ਪਿਆਰ । ਇਕ ਸਿੱਖ ਏਥੇ ਆਉਣਾ ਲੰਘ ਜਾਏ ਘਰ ਤੇਰੇ ਤੋਂ ਬਾਹਰ ਬਾਹਰ । ਤੇਰਾ ਫੇਰ ਅਠਾਈ ਕੁੰਡਾਂ ਤਾ ਇਕ ਕਵਾੜ । ਪਹਿਲਾਂ ਪਾਇਆ ਹਰਿ ਜੀ ਮੁੱਲੇ, ਗੁਰਸਿਖ ਸਾਚੇ ਪੂਰੇ ਤੋਲ ਤੁਲੇ, ਸਿੰਘ ਮਨਜੀਤ ਅੱਗੇ ਲਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਉਹਦੇ ਪਿੱਛੇ ਸਾਰੀ ਦੇਵੇ ਝਾੜ । ਧਰਮ ਰਾਏ ਚੜ੍ਹਿਆ ਚਾਅ । ਮੇਰੀ ਖ਼ੁਸ਼ੀ ਤੂੰ ਮਨਾ । ਦੂਜੀ ਮਾਘੀ ਕਿਸਮਤ ਜਾਗੀ ਕਲਜੁਗ ਅੰਤਮ ਵੇਲਾ ਸ਼ਾਮ ਹੋਇਆ । ਕਲਜੁਗ ਦੁੱਖੜੇ ਸਾਰੇ ਭੁੰਨ ਕੜਾਹੀ, ਗੁਰ ਦਰ ਬਹਿ ਕੇ ਲਓ ਖਾ । ਗੁਰ ਪੂਰੇ ਨੂੰ ਦਿਓ ਵਧਾਈ, ਲੱਖ ਚੁਰਾਸੀ ਜਿਸ ਕਟਾਈ, ਆਪਣੀ ਸਰਨ ਲਿਆ ਲਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਰਾਏ ਤੇਰਾ ਹੋਏ ਸਹਾਈ, ਲੱਖ ਚੁਰਾਸੀ ਤੇਰੇ ਘਰ ਬਹਾਏ ਤੂੰ ਰੱਖੀ ਥਾਂ ਥਾਂ । ਥਾਂ ਥਾਂ ਲਈਂ ਬਹਾਏ । ਕੋਈ ਲਟਕਣ ਪੁੱਠੇ ਕੋਈ ਸੀਖਾਂ ਨਾਲ ਪਰੋਏ । ਕੋਈ ਭੁੱਖੇ ਨੰਗੇ ਤਰਸਣ, ਦਾਣਾ ਹੱਥ ਨਾ ਆਏ । ਕੋਈ ਦੂਰ ਦੁਰਾਡੇ ਤਰਸਣ, ਪਾਣੀ ਕੋਈ ਨਾ ਕਿਸੇ ਪਿਆਏ । ਕੋਈ ਵਾਂਗ ਕਬੂਤਰ ਤੜਫਨ, ਖੰਭ ਚਾਰੋਂ ਤਰਫ ਹਿਲਾਏ । ਅੱਗੇ ਪੈ ਗਈ ਔਖੀ ਅਟਕਣ, ਨਾ ਕੋਈ ਆਏ ਛੁਡਾਏ । ਸਾਰੇ ਦਰ ਤੋਂ ਝਿੜਕਣ, ਇਕ ਦੂਜੇ ਨੂੰ ਅੱਖੀਂ ਵੇਖਣ ਮਾਂ ਪਿਓ ਭੈਣ ਭਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਆਪਣੇ ਲੜ ਲਈ ਲਗਾਏ । ਧਰਮ ਰਾਏ ਦਾ ਖੁਲ੍ਹਾ ਵਿਹੜਾ । ਆਪੇ ਫੜ ਬਹਾਏ, ਗਿਣ ਗਿਣ ਥਾਂ ਥਾਂ ਰਖਾਏ ਜਾ ਛੁਡਾਏ ਕਿਹੜਾ । ਭੱਠੇ ਵਾਂਗ ਅਗਨ ਤਪਾਏ, ਨੰਗੇ ਕਰ ਕਰ ਉਪਰ ਬਹਾਏ ਮੁਕਾਏ ਝੂਠਾ ਝੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਜੋਤ ਧਰ, ਨਿਹਕਲੰਕ ਅਵਤਾਰ ਨਰ, ਆਪ ਇਕ ਦਵਾਏ ਗੇੜਾ । ਇਕ ਜੈਕਾਰਾ ਨਾਮ ਬੁਲਾਇਆ । ਤਿੰਨ ਲੋਕਾਂ ਦੇ ਵਿਚ ਸੁਣਾਇਆ । ਗੁਰ ਸੰਗਤ ਹਰਿ ਆਪ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਿਹਾੜਾ ਖੁਸ਼ੀਆਂ ਨਾਲ ਮਨਾਇਆ । ਨੇੜੇ ਦੂਰ ਸਾਰੇ ਬੈਠੇ, ਦੋਏ ਜੋੜ ਕਰੋ ਪ੍ਰਨਾਮ । ਪ੍ਰਭ ਅਬਿਨਾਸ਼ੀ ਘਰ ਸਾਚੇ ਚਲਿਆ, ਗੁਰ ਸੰਗਤ ਤੇਰੇ ਪੂਰ ਕਰਾਏ ਕਾਮ । ਗੁਰਸਿਖ ਸਾਚਾ ਫਲਿਆ ਫੁਲਿਆ, ਹਰਿ ਮਿਲਿਆ ਸਾਚਾ ਨਾਮ । ਜੋ ਜਨ ਦਰ ਆਇਆ ਭੁਲਿਆ ਰੁਲਿਆ, ਪ੍ਰਭ ਲੇਖੇ ਲਾਇਆ ਚਾਮ । ਜੋ ਜਨ ਚਰਨ ਪ੍ਰੀਤੀ ਘੋਲ ਘੁਲਿਆ, ਪ੍ਰਭ ਹੋਣ ਨਾ ਦੇਵੇ ਰੈਣ ਅੰਧਿਆਰੀ

ਵੇਲਾ ਸ਼ਾਮ । ਸਾਚਾ ਦਰ ਹਰਿ ਸਾਚੇ ਦਾ ਖੁਲ੍ਹਿਆ, ਨਾ ਕੋਈ ਲੱਗੇ ਦਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੇ ਰਲ ਮਿਲ ਦਿਓ ਵਧਾਈ, ਜਿਸ ਪਿਆਇਆ ਸੋਹੰ ਸ਼ਬਦ ਜਾਮ । ਏਕਾ ਜਾਮ ਨਾਮ ਖੁਮਾਰੀ । ਦੇਵੇ ਹਰਿ ਆਤਮ ਸੇਜਾ ਬੈਠਾ ਕਰੇ ਸਾਚੀ ਕਾਰੀ । ਜੋਤੀ ਜੋਤ ਸਰੂਪ ਹਰਿ, ਕਿਰਪਾ ਕਰ ਸਾਚੇ ਘਰ, ਗੁਰ ਸੰਗਤ ਆਣ ਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਲਾੜੀ ਮੌਤ ਭਜਾਈ ਦੇਂਦੀ ਫਿਰੇ ਘਰ ਘਰ ਬਹਾਰੀ । ਮਾਇਆ ਰਾਣੀ ਹੋਈ ਪ੍ਰਧਾਨ, ਕਲਜੁਗ ਮਿਟਿਆ ਸਚ ਨਿਸ਼ਾਨ । ਵਡ ਹੰਕਾਰਨ ਮਾਰੇ ਫੁੰਕਾਰਨ ਖਾਵੇ ਸੇਠ ਤੇ ਸਿਠਾਨ । ਨੌਜਵਾਨ ਬਲੀ ਬਲਵਾਨ ਹੱਥੀਂ ਬੰਨ੍ਹਦੀ ਗਾਨੇ ਮਾਰੇ ਹੰਕਾਰ ਜੈਕਾਰੇ । ਮਾਇਆ ਰਾਣੀ ਆਪਨਾ ਜਾਲ ਬੈਠੀ ਤਾਣੀ, ਸ੍ਰਿਸ਼ਟ ਸਬਾਈ ਭਰਦੀ ਪਾਣੀ, ਨਾ ਹੋਏ ਅੰਤ ਛੁਟਕਾਰੇ । ਖਾਣੀ ਬਾਣੀ ਸਰਬ ਪੁਕਾਰੇ । ਸਾਰੇ ਹੋ ਜਾਓ ਖਬਰਦਾਰੇ । ਨਿਹਕਲੰਕ ਕਲ ਜਾਮਾ ਧਾਰੇ । ਕਾਇਆ ਆਸਣ ਸਭ ਦੇ ਵਸੇ, ਉਲਟੇ ਰਾਹ ਅੱਠੇ ਪਹਿਰ ਦੱਸੇ । ਰਾਜਿਆਂ ਰਾਣਿਆਂ ਆਪਨਿਆਂ ਪੈਰਾਂ ਹੇਠ ਝੱਸੇ । ਉਤੇ ਖੜੀ ਹੋ ਕੇ ਚੈਂਚਲਹਾਰੀ ਖਿੜ ਖਿੜ ਹੱਸੇ । ਕਲਜੁਗ ਜਾਵੇ ਵਹਿੰਦੀ ਧਾਰੀ । ਰੋ ਰੋ ਪ੍ਰਭ ਅੱਗੇ ਕਰੀ ਪੁਕਾਰੀ । ਮੈਂ ਕਿਹੜੇ ਘਰ ਜਾਵਾਂ ਕਲਜੁਗ ਜੀਵ ਮੇਰੀ ਉਜੜੀ ਵਾੜੀ । ਮੈਂ ਕਿਹਦੇ ਨਾਲ ਵਸਾਂ ਮੈਂ ਰੰਡੀ ਹੋਈ ਦੁਹਾਗਣ, ਫੇਰ ਹੋਣਾ ਮੈਂ ਸੁਹਾਗਣ, ਸਤਿਜੁਗ ਆਇਆ ਪਹਿਲੀ ਮਾਘਣ, । ਗੁਰਮੁਖ ਸਾਚੇ ਪ੍ਰਭ ਦਰ ਜਾਗਣ, ਮਾਇਆ ਨਾਰੀ ਹੋਵੇ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਤੇਰੀ ਸੱਚੀ ਸਿਕਦਾਰੀ । ਮਾਇਆ ਮਮਤਾ ਮਾਇਆ ਮੋਹ । ਕਰਦੀ ਰਹੀ ਸਰਬ ਧਰੋ । ਇਕ ਦੂਜੇ ਦੇ ਨਾਲ ਨਾ ਸਕਣ ਛੋਹ । ਕੋਈ ਬੈਠਾ ਬਣ ਸ਼ਾਹ ਸੁਲਤਾਨ ਕੋਈ ਲੰਮੇ ਪੈ ਪੈ ਰਹੇ ਰੋ । ਸਭਨਾਂ ਵਿਚ ਇਕੋ ਭਗਵਾਨ, ਬੇਮੁੱਖ ਜੀਵ ਹੋਏ ਸ਼ੈਤਾਨ, ਸਭ ਦੇ ਪਰਦੇ ਲੈਂਦੇ ਖੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਰਗ ਲਾਏ, ਦੁੱਖੀਆਂ ਦੁੱਖ ਮਿਟਾਏ ਪਿਛਲੇ ਦਾਗ ਸੋਹੰ ਬਬਾਨ ਲਾ ਰਿਹਾ ਧੋ । ਸਾਚਾ ਬੀਜ ਆਪ ਬਿਜਾਏ ਦੂਸਰ ਨਾਹੀ ਕੋ । ਮਾਇਆ ਮਾਣ ਹੋਇਆ ਹੰਕਾਰ । ਘਰ ਘਰ ਬੈਠੇ ਸਰਦਾਰ । ਗਰੀਬ ਨਿਮਾਣਿਆਂ ਕੱਢਣ ਬਾਹਰ ਧੱਕੇ ਮਾਰ । ਕੋਈ ਨਾ ਸੁਣੇ ਕਿਸੇ ਪੁਕਾਰ । ਵੱਢੀ ਖੋਰ ਸਰਕਾਰ । ਚਾਰੋਂ ਤਰਫ ਹੋਏ ਇਕੱਠੇ ਬੇਈਮਾਨ ਵਡ ਸ਼ੈਤਾਨ ਨਾ ਦਿਸੇ ਕੋਈ ਧਾਰ । ਜੀਵਾਂ ਜੰਤਾਂ ਸਾਧਾਂ ਸੰਤਾਂ ਜਾਮਾ ਧਾਰ, ਨਿਹਕਲੰਕ ਮਾਤ ਲਿਆ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਇਕ ਰਹਾਏ । ਬਾਕੀ ਸਾਰੇ ਮੇਟ ਮਿਟਾਏ । ਜੋਤ ਆਪਨੀ ਸਚ ਜਗਾਏ । ਕਲਗੀ ਤੋੜਾ ਸੀਸ ਲਗਾਏ । ਉਪਰ ਚਵਰ ਆਪ ਝੁਲਾਏ । ਸਿੰਘਾਸਣ ਬੈਠ ਡੇਰਾ ਲਾਏ । ਨੌਂ ਖੰਡ ਪ੍ਰਿਥਮੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਗੁਰਮੁਖ ਸਾਚੇ ਸੰਤ ਜਨਾਂ ਖੁਸ਼ੀਆਂ ਨਾਲ ਸੁਣਾਏ । ਉਠੋ ਉਠ ਉਠ ਜਾਓ, ਵੰਡੋ ਵੰਡੀ ਹਿੱਸੇ ਪਾਏ । ਨੌਂ ਖੰਡ ਪ੍ਰਿਥਮੀ ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਬਣਾਏ ਦੂਤ ਉਚੇ ਥਾਂ ਬਹਾਏ । ਪਿੱਛੇ ਰੱਖੇ ਸ਼ਬਦ ਧਾਰ, ਅੱਗੇ ਮਾਰੀ ਜਾਏ ਮਾਰ, ਸਰਬ ਤਾਈਂ ਆਪ ਸਮਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਰਾਣੀ ਸਤਿਜੁਗ ਤੇਰੇ ਸੱਚੇ ਦਰਬਾਰ ਅੰਦਰ ਰਹਿਣ ਨਾ ਪਾਏ । ਮਾਇਆ ਡੱਸਣੀ ਵੱਡਾ ਨਾਗ । ਘਰ ਘਰ ਅੰਤਮ ਉਡਦੇ ਵੇਖੋ ਕਾਗ । ਕਿਸੇ ਰਿਧੀ ਦਾਲ ਕਿਸੇ ਪੱਕੀ ਰੋਟੀ ਕਿਸੇ ਦਾ ਚੁਲ੍ਹੇ ਚੜ੍ਹਿਆ ਰਹਿ ਜਾਏ ਸਾਗ । ਕੋਈ ਸਵਾਣੀ ਸੁੱਤੀ ਨਾ ਉਠੇ, ਕਿਸੇ ਦੇ ਦੁੱਧ ਨੂੰ ਲੱਗੀ ਰਹਿ ਜਾਏ ਜਾਗ । ਕਿਸੇ ਵਿਚ ਨਾ ਕਾੜ੍ਹਨੇ ਦੁੱਧ ਪਾਇਆ, ਉਤੋਂ ਨਾ ਬੁੱਝੀ ਝਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੪੬੨ ੦੩

ਚਿੱਟੇ ਅਸਵ ਹੋਇਆ ਅਸਵਾਰ, ਆਪਣੇ ਹੱਥ ਰਖਾਏ, ਏਕਾ ਤਨਕ ਲਗਾਏ ਚਿੱਟੇ ਘੋੜੇ ਤੇਰੀ ਵਾਗ । ਮਾਇਆ ਡੁੱਬੀ ਵਿਚ ਮੰਝਧਾਰਾ । ਇਕ ਪਾਸੇ ਕਲਜੁਗ ਦੂਜੇ ਪਾਸੇ ਸਤਿਜੁਗ ਆ ਗਈ ਦੋਹਾਂ ਦੇ ਵਿਚਕਾਰਾ । ਸਤਿਜੁਗ ਹੋਇਆ ਨਿਮਾਣਾ, ਕੀਆ ਪ੍ਰਭ ਚਰਨ ਧਿਆਨ, ਹਰਿ ਸਾਚਾ ਰਸਨ ਵਖਾਨ, ਲੀਤਾ ਹਰਿ ਸੱਚੇ ਦਾ ਇਕ ਸਹਾਰਾ, ਕਲਜੁਗ ਪਾਪੀ ਹੋਇਆ ਖਵਾਰਾ । ਵੇਖੋ ਪੈਂਦੀ ਡਾਹਢੀ ਮਾਰ ਨਾ ਹੋਏ ਕੋਈ ਰਖਵਾਰਾ । ਕਲਜੁਗ ਪਿਆ ਥੱਲੇ ਦੜ । ਸਤਿਜੁਗ ਉਤੇ ਗਿਆ ਚੜ੍ਹ । ਇਹ ਮਾਇਆ ਰਾਣੀ ਦੋਹਾਂ ਦੇ ਅੰਦਰ ਬੈਠੀ ਵੜ । ਪ੍ਰਭ ਅਬਿਨਾਸ਼ੀ ਆਪਣੀ ਹਿਕਮਤ ਆਪੇ ਕੀਤੀ, ਦੋਹਾਂ ਬੰਨ੍ਹਾਇਆ ਇਕਾ ਲੜ । ਦੋਹਾਂ ਮਿਲ ਕੇ ਬਨਿਆ ਬੇੜਾ । ਸੋਹੰ ਸ਼ਬਦ ਦੋਹਾਂ ਧਿਰਾਂ ਕਰੇ ਨਖੇੜਾ । ਸ਼ਬਦ ਸਰੂਪੀ ਵਿਚ ਰਖਾਏ ਆਪਣੀ ਹੱਥੀਂ ਦੇਵੇ ਗੇੜਾ । ਧਰਮ ਰਾਏ ਤੂੰ ਖੁੱਲ੍ਹਾ ਰੱਖ ਵਿਹੜਾ । ਗੁਰਮੁਖ ਸਾਚੇ ਸੰਤ ਜਨੋ, ਪ੍ਰਭ ਸਾਚਾ ਕਰੇ ਨਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਸਦਾ ਵਸਾਏ ਨਗਰ ਖੇੜਾ । ਸੱਜੇ ਹੱਥ ਨਾਲ ਚਲਾਈ ਚੱਕੀ । ਖੱਬੇ ਹੱਥ ਨਾਲ ਜਾਏ ਧੱਕੀ । ਵਾਹ ਵਾਹ ਪੀਹਣ ਸੋਹਣਾ ਪਾਇਆ, ਦਾਣਾ ਸੋਹੰ ਸ਼ਬਦ ਵਾਲਾ ਨਾ ਕਿਸੇ ਸੁਕਾਇਆ, ਆਪੇ ਪੀਹਵੇ ਜਿਉਂ ਗਿਲੀ ਮੱਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਕਰਮ ਕਮਾਏ, ਆਪੇ ਆਪਣਾ ਲੇਖਾ ਚੁਕਾਏ ਨਾ ਅੱਕੇ ਨਾ ਥੱਕੇ । ਮਾਇਆ ਰਾਣੀ ਤੇਰਾ ਬਨਿਆ ਆਟਾ । ਪੂਰਾ ਕਰਾਇਆ ਸਿੱਖਾਂ ਘਾਟਾ । ਆਪ ਚੜ੍ਹਾਇਆ ਤੇਰਾ ਮਾਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਲੰਗਰ ਲਵਾਇਆ, ਸੋਹੰ ਰਖਾਇਆ ਇਕੋ ਬਾਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸੰਗਤ ਖਾਣ ਆਈ, ਭੋਰਾ ਕੋਈ ਡਿਗ ਨਾ ਜਾਈ, ਰਸਨਾ ਨਾਲ ਫੜ ਫੜ ਚਾਟਾ । ਸਾਚੀ ਚੱਕੀ ਆਪ ਚਲਾਈ । ਮਾਇਆ ਰਾਣੀ ਦਾਲ ਬਣਾਈ । ਕਲਜੁਗ ਸਤਿਜੁਗ ਦੋਵੇਂ ਪੁੜ ਵਿਚ ਲਏ ਪਿਸਾਈ । ਸਤਿਜੁਗ ਪੁੜ ਉਤੇ ਰਖਿਆ, ਉਤੋਂ ਭਾਰ ਡਾਹਢਾ ਪਾਈ । ਬੇਮੁੱਖ ਜੀਵ ਕੋਈ ਕੌੜ ਰਹਿਣ ਨਾ ਪਾਈ । ਗੁਰਮੁਖ ਸਾਚੇ ਕਲਜੁਗ ਸੋਹੰ ਸ਼ਬਦ ਵਿਚ ਡੰਡਾ ਕਿਲੀ ਰੱਖ ਚਾਰੋਂ ਤਰਫ ਲਏ ਭਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਰਾਣੀ ਪਹਿਲੀ ਮਾਘੀ ਵੱਡੀ ਦੇਗ ਬਣਾਈ । ਸਾਚੀ ਦੇਗ ਲਈ ਉਬਾਲ । ਗੁਰਸਿਖਾਂ ਨੂੰ ਦਿਤੀ ਖੁਲ੍ਹ ਮਾਲ । ਲੰਗਰ ਲਾਇਆ ਹੁਕਮ ਸੁਣਾਇਆ, ਗੁਰ ਸੰਗਤ ਸੇਵਾ ਲਈ ਕਮਾਇਆ, ਆਪਣਾ ਆਪ ਲਓ ਸੰਭਾਲ । ਏਥੇ ਓਥੇ ਨਾ ਹੋਏ ਕੋਇ ਕੰਗਾਲ । ਕਲਜੁਗ ਟੁੱਟਾ ਗਲੋਂ ਜ਼ੰਜਾਲ । ਉਠੋ ਮਾਰੋ ਇਕੋ ਛਾਲ । ਨਿਹਕਲੰਕ ਕਲ ਜਾਮਾ ਪਾਇਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਲੀ ਬਲਵਾਨ, ਮਾਇਆ ਰਾਣੀ ਹੋਈ ਨਿਤਾਨੀ ਗੁਰਸਿਖਾਂ ਪੇਟ ਭਰਾਇਆ । ਦਰ ਆਏ ਸਤਿਜੁਗ ਡਿਠਾ । ਸੋਹੰ ਸ਼ਬਦ ਪਾਇਆ ਮਿੱਠਾ । ਕਲਜੁਗ ਜੀਵ ਭੰਨ ਵਖਾਇਆ, ਪਹਿਲੀ ਮਾਘੀ ਕੌੜਾ ਰੀਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਰ ਦੁਰਾਡੇ ਕਿਸੇ ਨਾ ਜਾਣੇ, ਏਥੇ ਬੈਠਾ ਮਾਰ ਮੁਕਾਏ ਸੋਹੰ ਡੰਡਾ, ਛੋਟੀਆਂ ਮੋਟੀਆਂ ਮਿਣ ਮਿਣ ਗਿਠਾਂ । ਸਚ ਸਮਗਰੀ ਆਪ ਬਣਾਈ । ਪੰਜਾਂ ਸਿੱਖਾਂ ਹੁਕਮ ਸੁਣਾਈ । ਉਠੋ ਸੇਵਾ ਹਰਿ ਜੀ ਲਾਈ । ਬੇਮੁਖਾਂ ਹੱਡੀਆਂ ਬਾਲਣ ਹਰਿ ਦਏ ਬਣਾਈ । ਛੇਤੀ ਡਾਹੋ ਅਗਨ ਲਗਾਓ ਉਤੇ ਤੇਲ ਸੋਹੰ ਦੇਵੇ ਪਾਈ । ਸਾਚਾ ਹੁਕਮ ਕੀਆ ਵਡ ਸ਼ਾਹੋ, ਸ਼ਬਦ ਫੁੰਕਾਰੀ ਇਕ ਲਗਾਈ । ਨਿਕਲੀ ਲਾਟ ਹੋਇਆ ਘਾਟ ਅੱਗੇ ਨੇੜਾ ਆਈ ਵਾਟ, ਪ੍ਰਭ ਸਾਰੇ ਦਏ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਵਾਹਵਾ ਜੋੜ ਜੁੜਾਈ । ਸਾਚਾ ਲੰਗਰ ਆਪਣੀ ਹੱਥੀਂ ਰਿਹਾ ਆਪ ਚਲਾਈ, ਲੂਣ

ਮਿਰਚ ਪਾਇਆ ਮਸਾਲਾ । ਆਪੇ ਤੋੜਿਆ ਜਗਤ ਜੰਜਾਲਾ । ਅੱਗੇ ਲਾਇਆ ਛੋਟਾ ਬਾਲਾ । ਘਰ ਸੱਚੀ ਮਿਲੀ ਸਰਦਾਰੀ, ਗੁਰਸਿਖ ਜੋ ਕਲ ਹੋਏ ਰਹੇ ਕੰਗਾਲੀ, ਸੋਹੰ ਮਾਲ ਧੰਨ ਝੋਲੀ ਪਾਇਆ, ਕੀਆ ਮਾਲ ਮਾਲਾ । ਪਹਿਲੀ ਵਾਰੀ ਪਹਿਲੀ ਮਾਘੀ ਸਚ ਕਰਮ ਕਮਾਇਆ, ਪਹਿਲੋਂ ਅੱਗੇ ਲਾਇਆ ਸਿੰਘ ਮਨਜੀਤ ਨਿੱਕਾ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲ ਮਿਲਾਇਆ, ਆਪਣੇ ਸੰਗ ਰਲਾਇਆ, ਸ੍ਰਿਸ਼ਟ ਸਬਾਈ ਹੱਥ ਫੜਾਇਆ, ਨਾਮ ਰਖਾਇਆ ਸਿੰਘ ਪਾਲਾ । ਸਿੰਘ ਪਾਲ ਬੜਾ ਹੁਸ਼ਿਆਰ । ਮਾਤਲੋਕ ਵਿਚੋਂ ਹੋਇਆ ਬਾਹਰ । ਪੂਰਬ ਕਰੀ ਵਿਚਾਰ । ਏਕਾ ਮਿਲਿਆ ਸ਼ਬਦ ਸੱਚੀ ਧਾਰ । ਵੇਖਿਆ ਜਾ ਹਰੀ ਦਵਾਰ । ਮਿਲਿਆ ਸਚ ਸੱਚੇ ਨਿਰੰਕਾਰ । ਦੋਹਾਂ ਜੋਤ ਇਕੋ ਧਾਰ । ਪਿਓ ਪੁੱਤਾਂ ਜਿਉਂ ਹੋਏ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਪਾਉਂਦਾ ਰਹੇ ਸਾਰ । ਆਤਮ ਜੋਤੀ ਖਿਚ ਵਖਾਈ । ਆਪਣੇ ਨਾਲ ਲਿਆ ਮਿਲਾਈ । ਚਵੀ ਚੇਤ ਉਨੀਂ ਸੌ ਅਠੰਨਵੇਂ ਬਿਕ੍ਰਮੀ ਸ਼ਬਦ ਸਰੂਪੀ ਬਬਾਣ ਲਿਆਈ । ਸ਼ਬਦ ਸਰੂਪੀ ਹੁਕਮ ਸੁਣਾਈ । ਉਠ ਸਿੰਘ ਪਾਲ ਹੋ ਤਿਆਰ, ਪ੍ਰਭ ਆਇਆ ਕਰ ਕੇ ਧਾਈ । ਦੋਏ ਜੋੜ ਕਰੇ ਅਰਦਾਸ, ਇਕ ਵਾਰ ਬਖ਼ਸ਼ ਮੇਰੇ ਰਘੁਰਾਈ । ਅੱਗੋਂ ਕਿਹਾ ਹਰਿ ਪੁਕਾਰ, ਸਾਚੀ ਦਰਗਹਿ ਤੇਰੀ ਵਾਰੀ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਤੇਰੇ ਜੋਗੀ ਸੋਹਣੀ ਥਾਂ ਬਣਾਈ । ਅੱਗੋਂ ਸਿੱਖ ਕਰੀ ਪੁਕਾਰ । ਦੱਸੀਂ ਮੈਨੂੰ ਸਚ ਵਿਹਾਰ । ਕਿਹੜੀ ਕਰਨੀ ਓਥੇ ਕਾਰ । ਜਿਥੇ ਨਾ ਤੁੱਟੇ ਤੇਰਾ ਮੇਰਾ ਲੱਗਾ ਚਰਨਾਂ ਨਾਲ ਪਿਆਰ । ਪਾ ਜੱਫੀ ਹਰਿ ਸਾਚਾ ਪ੍ਰਭ ਘੁੱਟੇ, ਅੱਗੋਂ ਬੁਲ੍ਹ ਖਿੜੇ ਜਿਉਂ ਖਿੜੀ ਗੁਲਜ਼ਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸ਼ਬਦ ਬਬਾਣ ਲਿਆਇਆ, ਲੈ ਗਿਆ ਸਚ ਦਰਬਾਰ । ਸਚ ਤਖ਼ਤ ਉਤੇ ਬੈਠਾ ਮਿਹਰਵਾਨ । ਸ਼ਬਦ ਸਰੂਪੀ ਅੱਠੇ ਪਹਿਰ ਕਰਦਾ ਰਹੇ ਵਖਿਆਨ । ਆਵੇ ਜਾਵੇ ਵਾਰੋ ਵਾਰੀ ਜੋਤ ਜਗਾਏ ਮਹਾਨ । ਗੁਰਮੁਖ ਸਾਚੇ ਫੜ ਉਠਾਵੇ, ਫੜ ਫੜ ਬਾਹੋਂ ਰਾਹੇ ਪਾਵੇ, ਭੁੱਲ ਕੋਈ ਰਹਿਣ ਨਾ ਪਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਆਣ । ਸਾਚੇ ਘਰ ਧਾਮ ਬਹਾਇਆ । ਫੇਰ ਹਰਿ ਜੀ ਹੁਕਮ ਸੁਣਾਇਆ । ਉਠ ਸਿੱਖ ਹੋ ਤਿਆਰ, ਤੇਰਾ ਥਾਂ ਦਿਆਂ ਵਖਾਇਆ । ਜਿਹੜਾ ਲੱਗਾ ਤੇਰੇ ਨਾਂ, ਉਹ ਤੇਰੇ ਨਾਂ ਦਿਆਂ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜਿਆ ਬਾਂਹ, ਸਿੰਘ ਪਾਲ ਆਪਣੇ ਨਾਲ ਬ੍ਰਹਮਲੋਕ ਵਿਚ ਲੈ ਕੇ ਆਇਆ । ਬ੍ਰਹਮਲੋਕ ਵਿਚ ਦੋਵੇਂ ਆਏ । ਦੂਜਾ ਤੀਜਾ ਕੋਈ ਓਥੇ ਦਿਸੇ ਨਾਹੇ । ਆਪਸ ਵਿਚ ਹੋਏ ਇਕੱਠੇ ਜਿਉਂ ਪਿਤਾ ਪੂਤ ਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪਾਲ ਹੱਥ ਫੜ ਚਾਰੋਂ ਤਰਫ ਵਖਾਏ ਸਾਚੀ ਥਾਏ । ਸੱਚਾ ਥਾਂ ਇਕ ਅਸਥੂਲ । ਏਥੇ ਬਹਿ ਕੇ ਚੁਕਾ, ਸ੍ਰਿਸ਼ਟ ਸਬਾਈ ਦਾ ਸਾਚਾ ਮੂਲ । ਸ਼ਬਦ ਪੰਘੂੜਾ ਹਰਿ ਜੀ ਦਿਤਾ ਅੱਠੇ ਪਹਿਰ ਝੂਲ । ਬ੍ਰਹਮ ਬ੍ਰਹਮ ਸਰੂਪ ਹੋ ਰਹਿਣਾ, ਸਾਚੀ ਸੇਜਾ ਉਤੇ ਬਹਿਣਾ, ਨਾ ਕੋਈ ਪਾਵਾ ਨਾ ਕੋਈ ਚੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਪਰ ਤੇਰੇ ਹੱਥ ਰਖਾਏ, ਨਾ ਜਾਣਾ ਕਦੀ ਭੂਲ । ਸਿੰਘ ਪਾਲ ਅੱਗੇ ਖੜਾ ਕਰੇ ਨਿਮਸਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮੈਂ ਇਕ ਇਕੱਲਾ ਤੇਰਾ ਸਿੱਖ ਤੂੰ ਰਹੀਂ ਪਹਿਰੇਦਾਰ । ਚਾਰੋਂ ਤਰਫ ਨਾ ਦਿਸੇ ਕੋਈ ਹੋਰ, ਮੈਂ ਕਰਦਾ ਇਕ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟਾ ਰਾਹ ਇਕ ਰਖਾਈਂ, ਮੇਰੀ ਨਿਗਾਹ ਓਤਾਂਹ ਉਠਾਈਂ, ਮੈਂ ਵੇਂਹਦਾ ਰਹਾਂ ਤੇਰੇ ਸੱਚੇ ਦਰਬਾਰ । ਸਾਚੇ ਹਰਿ ਕੀਆ ਪ੍ਰਵਾਨ । ਦਿਤਾ ਗੁਰਮੁਖ ਨੂੰ ਪੂਰਾ ਦਾਨ । ਕਿਰਪਾ ਕਰ ਆਪ

੪੬੪
੦੩

ਮਹਾਨ । ਅੱਠੇ ਪਹਿਰ ਰੱਖੂੰ ਧਿਆਨ । ਉਤੇ ਬੈਠ ਕਰੂੰ ਇਸ਼ਨਾਨ । ਅੰਮ੍ਰਿਤ ਧਾਰਾ ਡਿਗੂ, ਤੇਰੀ ਚੋਟੀ ਲੱਗੂ ਆਣ । ਸਚ ਫੁਹਾਰਾ ਤੇਰੇ ਆਤਮ ਵਗੂ, ਅੰਮ੍ਰਿਤ ਸਰ ਸਾਚੇ ਦਰ ਅੱਠੇ ਪਹਿਰ ਦੇਵੇ ਨੁਹਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹੋਇਆ ਆਪ ਮਿਹਰਵਾਨ । ਗੁਰਮੁਖ ਪੂਰਾ ਕਰੇ ਨਿਮਸਕਾਰ । ਮੈਂ ਨਾ ਜਾਣਾ ਤੇਰੀ ਧਾਰ । ਮੈਨੂੰ ਦੱਸ ਸੱਚਾ ਵਿਹਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰੇ ਸਾਚੇ ਹਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਰਜ ਦਏ ਸਵਾਰ । ਸਾਚਾ ਕਰੂੰ ਸਚ ਵਿਹਾਰਾ । ਫੇਰ ਬਣੂ ਮੈਂ ਨਿਰੰਕਾਰਾ । ਝੂਠਾ ਜੂਠਾ ਖੇਲ ਜੇ ਦਿਸੇ ਛਡ ਜਾਈਂ ਦਰਬਾਰਾ । ਇਕੋ ਲੋਕ ਆਇਆ ਤੇਰੇ ਹਿੱਸੇ, ਲਾ ਚੌਂਕੜਾ ਭਾਰਾ । ਚਾਰ ਮੁਖ ਨਾ ਕਿਸੇ ਦਿਸੇ, ਝੂਠਾ ਬੋਲ ਬੁਲਾਰਾ । ਇਕੋ ਸ਼ਬਦ ਇਕੋ ਧੁੰਨ ਦਹਿ ਦਿਸ਼ ਬੋਲਣਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰ ਅਵਤਾਰਾ । ਚਾਰ ਮੁਖ ਬ੍ਰਹਮਾ ਲਿਖਾਏ । ਚਾਰ ਸਿਰ ਨਾ ਹਰਿ ਜੀ ਲਾਏ । ਚੌਹਾਂ ਜੁਗਾਂ ਦੀ ਸੁਰਤ ਦਵਾਏ । ਏਕਾ ਧੁਨ ਸ਼ਬਦ ਉਪਜਾਏ । ਏਕਾ ਸੁਰਤ ਸ਼ਬਦ ਦਵਾਏ । ਜੋਤੀ ਜੋਤ ਸਰੂਪ ਹਰਿ, ਚਾਰੇ ਵੇਦ ਜਿਸ ਲਿਖਾਏ । ਗੁਰ ਪੂਰੇ ਦਇਆ ਕਮਾਈ । ਗੁਰ ਸੰਗਤ ਭਿਛਿਆ ਪਾਈ । ਆਪਣੀ ਹੱਥੀਂ ਦੋਹਾਂ ਰਲ ਮਿਲ ਗੁਰ ਗੋਬਿੰਦ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਵਿਛੋੜਾ ਸਾਰਾ ਦਏ ਮਿਟਾਈ । ਹਰਿ ਨਰ ਗੁਰ ਦੀ ਝੋਲੀ ਭਰਾਇੰਦਾ । ਗੁਰ ਪੂਰਾ ਕਿਰਪਾ ਕਰ ਗੁਰਸਿਖਾਂ ਝੋਲੀ ਪਾਇੰਦਾ । ਹਰਿ ਨਰ ਪਿਛਲਾ ਘਾਟਾ ਪੂਰ ਕਰਾਇੰਦਾ । ਸਾਚਾ ਗੁਰ ਅੱਗੇ ਵਾਧਾ ਫੇਰ ਕਰਾਇੰਦਾ । ਗੁਰਮੁਖ ਗੁਰਮੁਖ ਜਨ ਭਗਤ ਇਕ ਇਕੱਠਾ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖੀਆਂ ਭੁੱਖੀਆਂ ਸਾਰੇ ਦੁੱਖ ਮਿਟਾਇੰਦਾ । ਝੋਲੀ ਭਰ ਭਰ ਲੈਂਦੇ ਜਾਓ । ਖ਼ੁਸ਼ੀਆਂ ਨਾਲ ਬੈਠੇ ਖਾਓ । ਏਥੇ ਵਕਤ ਸੁਹੇਲਾ ਹੋਇਆ, ਸਾਧ ਸੰਗਤ ਦਾ ਮੇਲਾ ਹੋਇਆ, ਅੱਗੇ ਫਲ ਸਾਚਾ ਖਾਓ । ਆਪੇ ਗੁਰ ਆਪੇ ਚੇਲਾ ਹੋਇਆ, ਦੋਵੇਂ ਰਲ ਮਿਲ ਇਕ ਥਾਂ ਬਹਿ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੇ ਰਲ ਮਿਲ ਰਸਨਾ ਗਾਓ । ਹਰਿ ਵਡ ਸਾਚਾ ਦਾਤਾਰ ਹੈ । ਗੁਰ ਪੂਰਾ ਬਖ਼ਸ਼ਣਹਾਰ ਹੈ । ਹਰਿ ਆਪਣੀ ਜੋਤ ਅਧਾਰ ਹੈ । ਗੁਰ ਪੂਰਾ ਸ਼ਬਦ ਅਪਰ ਅਪਾਰ ਹੈ । ਕਲਜੁਗ ਮਿਟਦਾ ਜਾਏ ਭੇਖ, ਜਾਮਾ ਧਾਰੇ ਨਰ ਅਵਤਾਰ ਹੈ । ਸਤਿਜੁਗ ਲਿਖਦਾ ਜਾਏ ਲੇਖ, ਗੁਰਸਿਖਾਂ ਕਰਦਾ ਆਪ ਪਿਆਰ ਹੈ । ਦਰ ਸਾਚੇ ਨੇਤਰ ਲੈਣਾ ਪੇਖ, ਪ੍ਰਭ ਸਾਚੇ ਦਾ ਸਚ ਵਿਹਾਰ ਹੈ । ਦਰਗਹਿ ਸਾਚੀ ਲਾਉਂਦਾ ਜਾਏ ਮੇਖ, ਸ਼ਬਦ ਹਥੌੜਾ ਉਤੇ ਮਾਰ ਹੈ । ਜੋਤ ਸਰੂਪੀ ਧਾਰੇ ਹਰਿ ਜੀ ਭੇਖ, ਸ਼ਬਦ ਸਰੂਪੀ ਆਪ ਅਸਵਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਰਿਹਾ ਤਾਰ ਹੈ । ਗੁਰ ਸੰਗਤ ਗੁਰ ਦਰ ਵੇਖਣਾ । ਨਾ ਕੋਈ ਜਾਏ ਭੁੱਲ ਰੁਲ, ਪ੍ਰਭ ਨਾ ਜਾਣੇ ਝੂਠਾ ਭੇਖਣਾ । ਏਥੇ ਸਾਚਾ ਪੈਣਾ ਮੁਲ, ਖੋਟਾ ਖਰਾ ਜਿਸ ਸਾਰਾ ਵੇਖਣਾ । ਭੱਠੀ ਕਾਇਆ ਤਪਦੀ ਰਹੇ ਚੁੱਲ੍ਹ, ਅੰਮ੍ਰਿਤ ਜਿਸ ਨੇ ਉਪਰ ਡਾਲਣ । ਅੰਤਮ ਮੀਟੇ ਰਹਿ ਜਾਣ ਬੁੱਲ੍ਹ, ਵਿਚੋਂ ਫੇਰ ਨਾ ਕਿਸੇ ਬੋਲਣਾ । ਹਰਿ ਕਾ ਦਰ ਬੜਾ ਅਨਮੁਲ, ਚਰਨ ਪ੍ਰੀਤੀ ਘੋਲ ਘੁਲਣਾ । ਗੁਰਸਿਖ ਵਿਚ ਮਾਤ ਦੇ ਫੱਲ ਫੁੱਲ, ਸੋਹੰ ਸ਼ਬਦ ਰਸਨਾ ਬੋਲਣਾ । ਹਰਿ ਸਾਚਾ ਸਦਾ ਹੈ ਅਡੁਲ, ਗੁਰਸਿਖ ਕਦੇ ਨਾ ਡੋਲਣਾ । ਹਰਿ ਸਾਚਾ ਸਦਾ ਅਨਮੁਲ, ਜਿਸ ਸਚ ਦਾ ਬੂਹਾ ਖੋਲ੍ਹਣਾ । ਭਾਗ ਲਗਾਉਣਾ ਆਪਣੀ ਕੁਲ, ਦਰ ਗੁਰ ਝੂਠ ਕਦੇ ਨਾ ਬੋਲਨਾ । ਜੋ ਦਰ ਸਾਚੇ ਆਇਣ ਰਲ, ਪ੍ਰਭ ਪੂਰੇ ਤੋਲ ਤੋਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਰਸਨਾ ਬੋਲਣਾ ।

## ✻ ੪ ਮਾਘ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਅਤੇ ਡਾ੦ ਪਾਲ ਸਿੰਘ ਦੇ ਪਿਛਲੇ ਜਨਮ ਨਵਿਤ ✻

ਇਕ ਚੂਹੜਾ ਤੇ ਇਕ ਚੁਮਿਆਰ । ਦੋਵੇਂ ਬਣ ਗਏ ਸਾਚੇ ਯਾਰ । ਇਹ ਬਾਲਮੀਕ ਮਾਰੇ ਡਾਕੇ ਤੇ ਧਾੜ । ਰਾਹ ਜਾਂਦੇ ਲੁੱਟੇ ਫੜ ਫੜ ਕੁਟੇ ਵਿਸਰਿਆ ਕਰਤਾਰ । ਇਹ ਪਾਣਾ ਗੰਢੇ ਬਹਿ ਕੇ ਵਾਟ ਡੰਡੇ ਥੱਲੇ ਗੰਗਾ ਮਾਤਾ ਦਾ ਸਿਣਕਾਰ । ਨਾ ਉਹ ਸੋਨਾ ਨਾ ਉਹ ਰੂਪਾ ਨਾ ਕੋਈ ਪਰਖ ਕਰੇ ਸੁਨਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਆਣ ਮਿਲਾਇਆ, ਦੋਹਾਂ ਭਾਈਆਂ ਮੇਲ ਮਿਲਾਇਆ । ਨੀਚੋਂ ਊਚ ਕਰਦਾ ਆਇਆ । ਮਾਣ ਨਿਮਾਣਿਆਂ ਦੇਂਦਾ ਆਇਆ । ਇਕੋ ਧੱਕਾ ਲਾਉਂਦਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦਾ ਵਾਹਵਾ ਮੇਲ ਮਿਲਾਇਆ । ਚੂਹੜਾ ਤੇ ਚੁਮਿਆਰ ਹੋਏ ਇਕੱਠੇ, ਬਣ ਗਏ ਚਿੱਟੇ ਲੱਠੇ, ਪ੍ਰਭ ਅਬਿਨਾਸ਼ੀ ਬੰਨ੍ਹੇ ਧਾਰ । ਬਾਕੀ ਉਚੇ ਹੋ ਹੋ ਜੋ ਫਿਰਨ ਨੱਠੇ, ਪ੍ਰਭ ਅਬਿਨਾਸ਼ੀ ਤੋੜੇ ਸਰਬ ਹੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੇ ਕਰੇ ਦਰ ਇਕੱਠੇ, ਦੇਵੇ ਨਾਮ ਅਧਾਰ । ਸਾਰਾ ਹਾਲ ਫੇਰ ਲਿਖਾਵਣਾ । ਜਿਥੇ ਗੁਰਸਿਖ ਸੱਚੀ ਸੇਵ ਕੀਤੀ, ਵਿਚ ਕਿਤਾਬ ਲਿਖਾਵਣਾ । ਏਕਾ ਜੋਤ ਸਦਾ ਸੁਰਜੀਤੀ, ਬੁਝ ਕਦੇ ਨਾ ਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਜਾਮਾ ਸਪਸ਼ਟ ਵਖਾਵਣਾ । ਸਾਚਾ ਹੁਕਮ ਸੱਚੀ ਸਰਕਾਰ । ਦੋਵੇਂ ਉਠੋ ਹੋ ਤਿਆਰ । ਗੁਰਸਿਖ ਨਾਲ ਕਰੋ ਪਿਆਰ । ਇਕ ਦੂਜੇ ਨਾਲ ਅੱਗੇ ਹੋ ਹੋ ਦੇਂਦੇ ਜਾਓ, ਜੋ ਸੱਚੀ ਵਸਤ ਰੱਖੀ ਸੰਭਾਲ । ਪ੍ਰਭ ਅਬਿਨਾਸ਼ੀ ਆਪ ਨਾ ਖਾਵੇ । ਇਕ ਭੋਰਾ ਮੁਖ ਲਗਾਵੇ । ਗੁਰਮੁਖ ਭੁੱਖੇ ਹਰਿ ਸਾਚਾ ਆਪ ਰਜਾਵੇ । ਆਪਣੇ ਆਪ ਦੀ ਸੁੱਧ ਨਾ ਰੱਖ ਪਹਿਲੋਂ ਬਾਲਾਂ ਨੂੰ ਪ੍ਰਚਾਵੇ । ਬਾਲ ਅੰਞਾਣੇ ਗੁਰਸਿਖ ਜੋ ਚਲਾਏ ਆਪਣੇ ਭਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਨਿਮਾਣਿਆਂ ਮਾਣੇ । ਭੁੱਖਾਂ ਕੱਟੇ ਰੱਖੇ ਤੇਹ । ਗੁਰਸਿਖਾਂ ਮਨ ਬਰਸੇ ਆਤਮ ਮੇਂਹ । ਕਰੇ ਤਰਸ ਦੇਵੇ ਵਰ ਨਾ ਤੁਟੇ ਨੇਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲਹਿਣਾ ਗੁਰ ਸੰਗਤ ਲੈ । ਸੀਤ ਪ੍ਰਸਾਦ ਦੀਨਾ ਵੰਡ । ਗੁਰਮੁਖਾਂ ਆਤਮ ਪਾਉਂਦੇ ਜਾਣਾ ਠੰਡ । ਸਾਚਾ ਕਰਮ ਇਕ ਕਰਾਉਣਾ, ਘੁੱਟ ਘੁੱਟ ਦੇਂਦੇ ਜਾਣਾ ਗੰਢ । ਇਕ ਇਕ ਭੋਰਾ ਮੁਖ ਲਗਾਉਣਾ, ਬਾਕੀ ਘਰ ਦਿਆਂ ਤਾਈਂ ਦੇਣਾ ਵੰਡ । ਪ੍ਰਭ ਅਬਿਨਾਸ਼ੀ ਵਡ ਰਥਵਾਹੀ ਆਪ ਅਖਵਾਉਣਾ, ਸਾਰਿਆਂ ਭਾਰ ਲਏ ਵੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਗੁਰ ਮਿਲਿਆ ਲੇਖ ਲਿਖਿਆ ਧੁਰ, ਅੰਤਮ ਦੇਵੇ ਕਦੇ ਨਾ ਕੰਡ । ਨਾ ਅੰਤਮ ਦੇਵੇ ਪਿੱਛਾ । ਬਣੇ ਔਖੀ ਕਰੇ ਰਿਛਾ । ਸਾਚੀ ਦੇਵੇ ਦਾਤ ਨਾਮ ਹਰਿ ਜੀ ਭਿੱਛਾ । ਬੇਮੁਖ ਜੀਵਾਂ ਚਾਰੋਂ ਕੁੰਟ ਨਚਾਏ ਜਿਉਂ ਕਲੰਦਰ ਹੱਥ ਰਿਛਾ । ਖਿਚੇ ਨੱਥ ਦਏ ਹੁਲਾਰਾ, ਦਰ ਦਰ ਨਚਾਏ ਨਾ ਕਰੇ ਹੁਦਾਰਾ, ਕਿਤੇ ਨਾ ਮਿਲਦੀ ਸਾਚੀ ਭਿੱਛਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਜੇ ਜਾਓ ਪਾਸਾ ਮੋੜ ਫੇਰ ਵੀ ਨਾ ਛੋਡੇ ਪਿੱਛਾ । ਇਕ ਵਾਰ ਸਿੱਖ ਮੂੰਹ ਮੋੜੇ, ਫੜ ਕੇ ਸ਼ਬਦ ਡੰਡਾ ਮੋੜ ਲਿਆਏ । ਅਗਲ ਵਾਂਢੀ ਜੋਤ ਸਰੂਪ ਅੱਗੇ ਖੜਾ ਨਜ਼ਰੀ ਆਏ । ਫੜ ਕੇ ਨੱਥ ਖਿਚ ਦਵਾਰੇ ਆਪਣੇ ਲਿਆਏ । ਸਿਰ ਤੇ ਰੱਖੇ ਹੱਥ ਪ੍ਰਭ ਅਬਿਨਾਸ਼ੀ ਸੋਲਾਂ ਕਲਾ ਸਮਰਥ, ਆਤਮ ਦੇਵੇ ਸਾਚੀ ਵਥ, ਜੁੜਿਆ ਜੋੜ ਹਰਿ ਰਘੁਰਾਏ । ਨਾ ਕੋਈ ਸਕੇ ਫੇਰ ਤੋੜ, ਨਾ ਕੋਈ ਸਕੇ ਝੱਟ ਮਰੋੜ, ਦੂਜੇ ਦੀ ਨਾ ਪਏ ਲੋੜ, ਇਕੋ ਇਕ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਖ਼ਸ਼ੇ ਕਿਰਪਾ ਕਰ ਆਪਣੀ ਚਰਨ ਸਰਨਾਏ । ਗੁਰ

੪੬੬
੦੩

ਪ੍ਰਸਾਦਿ ਪਰਮਗਤ ਜਾਣ । ਮਿਲਦੀ ਨਹੀਂ ਕਿਸੇ ਵਿਚ ਜਹਾਨ । ਦਰ ਦਰ ਘਰ ਘਰ ਬੈਠੇ ਬੈਠੇ ਵਿਚ ਮੰਦਰ ਗੁਰਦਵਾਰੇ ਬੈਠੇ ਰਹੇ ਖ਼ਾਕ ਛਾਣ । ਮੰਦਰਾਂ ਉਤੇ ਫਿਰਦੇ ਬੰਦਰ, ਕਦੇ ਭੱਜਣ ਬਾਹਰ ਕਦੇ ਵੜਦੇ ਅੰਦਰ । ਆਪੇ ਬਣੇ ਠੱਗ ਚੋਰ ਯਾਰ, ਘਰ ਸਾਚੇ ਦਾ ਤੋੜੇ ਜੰਦਰ । ਪ੍ਰਭ ਅਬਿਨਾਸ਼ੀ ਜਾਮਾ ਧਾਰੇ, ਬਣ ਜਾਏ ਬੇਮੁੱਖਾਂ ਦਾ ਆਪ ਕਲੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੱਕੀਂ ਨੱਥ ਕੰਨ ਪੜਵਾਏ ਆਪ ਨਚਾਏ ਜਿਉਂ ਗੋਰਖ ਨਚਾਇਆ ਆਪਣਾ ਗੁਰ ਮਛੰਦਰ । ਕਾਮੀ ਕਰੋਧੀ ਕੂੜ ਕੁੜਿਆਰੇ । ਮੱਲੀ ਬੈਠੇ ਗੁਰੂਦਵਾਰੇ । ਆਪਣੀ ਆਪ ਨਾ ਪਾਇਣ ਸਾਰੇ । ਕਾਇਆ ਸਚ ਮਹੱਲ ਖਾਲੀ ਹੋਇਆ ਕਿਉਂ ਮੱਲੇ ਝੂਠੇ ਚੁਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਜਾਮਾ ਧਰ ਆਪਣੀ ਹੱਥੀਂ ਸਰਬ ਸੰਘਾਰੇ । ਅੱਠੇ ਪਹਿਰ ਰਹਿਣ ਸਚ ਦਰਬਾਰ । ਕਰਦੇ ਰਹਿਣ ਝੂਠੀ ਮਾਇਆ ਵਾਲੀ ਵਿਚਾਰ । ਝੂਠੀ ਕਰਨ ਸੇਵਾ, ਝੂਠਾ ਲੱਗੇ ਮੇਵਾ, ਅੱਖੀਂ ਚੁੱਕ ਚੁੱਕ ਵੇਖਣ ਕਿਧਰੋਂ ਆਉਂਦੀ ਧੀ ਭੈਣ ਮੁਟਿਆਰ । ਲੱਜ ਪੱਤ ਨਾ ਰੱਖੀ ਸਾਂਝੀ, ਨਾ ਜਾਨਣ ਇਹ ਕੋਈ ਸੁਹਾਗਣ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜਾਮਾ ਧਾਰ ਸਭ ਦਾ ਸਿਰ ਦੇਵੇ ਪਾੜ । ਲੱਗੀ ਜੜ੍ਹ ਦਏ ਉਖਾੜ । ਗੁਰਸਿਖਾਂ ਨਿਭੇ ਨਾਲ । ਆਪਣੇ ਤਾਣੇ ਤਣੇ ਲਏ ਸੁਰਤ ਸੰਭਾਲ । ਗੁਰੂ ਘਰ ਜਿਸ ਨੇ ਖਾਧਾ, ਦੂਣਾ ਸੂਦ ਲਗਾਇਆ ਵਧ ਗਿਆ ਵਾਧਾ । ਜੋਤ ਸਰੂਪੀ ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਆਪੇ ਕੱਢੇ ਫੜ ਬਕਾਇਆ, ਜੋ ਲਿਆ ਪਿਓ ਦਾਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਪਾਰ ਕਰਾਇਆ, ਜਿਸ ਨੇ ਰਸਨ ਅਰਾਧਾ । ਪੰਡਤ ਪੜ੍ਹਨ ਪੁਰਾਨ, ਆਤਮ ਹੋਏ ਨਾ ਫੇਰ ਗਿਆਨ, ਆਤਮ ਹੋਏ ਬੇਈਮਾਨ, ਝੂਠੇ ਤਿਲਕ ਵਿਚ ਲਲਾਟ ਲਗਾਉਂਦੇ । ਭੁਲਿਆ ਹਰਿ ਭਗਵਾਨ, ਜਿਸ ਨੇ ਦਿਤਾ ਪੀਣ ਖਾਣ, ਉਹਨੂੰ ਵੱਢੀ ਖੋਰ ਬਣਾਉਂਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰ ਲਵੇ ਸਾਰ, ਜੋ ਨਰ ਨਾਰ ਪ੍ਰਭ ਨੂੰ ਹਰਾਮ ਖੋਰ ਸਦਾਉਂਦੇ ।

### ✻ ੫ ਮਾਘ ੨੦੧੦ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਮਨਮੱਤ ਹਰਿ ਬੁਲਾਈ ਹੈ । ਲੱਖ ਚੁਰਾਸੀ ਵਿਚੋਂ ਖਿਚ ਆਪਣੇ ਚਰਨ ਬਹਾਈ ਹੈ । ਵੱਢੀ ਨੱਕ ਗੁੱਤ, ਦੇਵੇ ਪਈ ਦੁਹਾਈ ਹੈ । ਜਿਸ ਨੇ ਤੋੜਿਆ ਸਭ ਦਾ ਜੱਤ, ਦਰ ਸਾਚੇ ਆਣ ਸ਼ਰਮਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਨਮੱਤ ਸ਼ਬਦ ਡੋਰ ਨਾਲ ਬੰਧਾਈ ਹੈ । ਮਨਮੱਤ ਆਈ ਦਵਾਰੇ । ਖੜ ਹਰਿ ਜੀ ਅੱਗੇ ਦੋਏ ਜੋੜ ਕਰੇ ਨਿਮਸਕਾਰੇ । ਕਲਜੁਗ ਜੀਵ ਮੈਂ ਵਹੁੰਦੀ ਰਹੀ ਜੂਠੇ ਝੂਠੇ ਢੱਗੇ, ਨਾ ਵੇਖੇ ਚੰਗੇ ਮਾੜੇ । ਅੱਗ ਲਗਾਈ ਰਖੀ ਅੰਗੇ, ਨਾ ਵਿਚ ਕਲਜੁਗ ਸੰਗੇ, ਨਾ ਕੋਈ ਵਿਚਾਰੇ । ਵੇਲਾ ਅੰਤਮ ਕਲਜੁਗ ਹੋਏ ਨੰਗੇ । ਲੱਖ ਚੁਰਾਸੀ ਚਾਰੋਂ ਤਰਫ ਦਿਸਣ ਹਰਿ ਸੰਗੇ । ਕਿਹੜਾ ਦਰ ਕਿਥੇ ਜਾਵਾਂ ਕਿਹਦੇ ਕੋਲ ਨਾਮ ਦਾਤ ਸਾਚੀ ਮੰਗੇ । ਪ੍ਰਭ ਅਬਿਨਾਸ਼ੀ ਲਿਆ ਫੜ, ਸ਼ਬਦ ਸਰੂਪੀ ਘੋੜੀ ਚੜ੍ਹ ਤੋੜੇ ਸਰਬ ਹੰਕਾਰੀ । ਮਨਮੱਤ ਦਏ ਦੁਹਾਈ । ਕਿਹੜੀ ਫਾਹੀ ਮੈਨੂੰ ਪਾਈ । ਨਿਹਕਲੰਕ ਦੇਵੇ ਅੰਤ ਬੜੀ ਸਜਾਈ । ਗੁਰਮੁਖ ਵਿਰਲੇ ਸਾਧ ਸੰਤ ਆਪੇ ਲਏ ਬਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਸਭ ਦਾ ਰਿਹਾ ਫੰਦ ਕਟਾਈ । ਮਨਮਤ ਲਈ

ਹੋਸ਼ ਸੰਭਾਲ । ਲੱਖ ਚੁਰਾਸੀ ਜਿਸ ਨੇ ਕੀਤੀ ਮਾਤ ਕੰਗਾਲ । ਪਾਉਂਦੀ ਰਹੀ ਗਲ ਵਿਚ ਜਮ ਕੀ ਫਾਸੀ, ਨਾ ਕੋਈ ਸਕਿਆ ਸੁਰਤ ਸੰਭਾਲ । ਜਨ ਭਗਤਾਂ ਹੋਈ ਰਹੀ ਦਾਸੀ, ਨਾ ਚਲੇ ਇਹਦੀ ਚਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਇਹਦੇ ਭੰਨੇ ਜਵਾਨੀ ਡਾਹਣ । ਮਨ ਮੱਤ ਕਰੇ ਪੁਕਾਰ । ਆਈ ਹਰਿ ਸੱਚੇ ਦਵਾਰ । ਕਿਰਪਾ ਮੇਰੇ ਉਤੇ ਧਾਰ । ਮੈਂ ਜਾਵਾਂ ਤੇਰੇ ਸਿੱਖਾਂ ਦੇ ਦਵਾਰ । ਦੋਏ ਜੋੜ ਕਰਾਂ ਚਰਨ ਨਿਮਸਕਾਰ । ਕਲਜੁਗ ਅੰਤਮ ਲਿਆ ਵਿਚਾਰ । ਅੱਗੇ ਪਿੱਛੇ ਆਈ ਹਾਰ । ਦੋਹੀਂ ਹੱਥੀਂ ਪੈਣੀ ਮਾਰ । ਸਤਿਜੁਗ ਆਇਆ ਮਾਤ ਧਰਾਇਆ, ਨਿਹਕਲੰਕ ਨਰਾਇਣ ਨਰ ਹਰਿ ਅਵਤਾਰ । ਸੋਹੰ ਸਾਚਾ ਸ਼ਬਦ ਚਲਾਇਆ, ਬੇਮੁਖਾਂ ਦੇ ਮਗਰ ਲਾਇਆ, ਸਿੰਘ ਸਿੰਘਾਸਣ ਹਰਿ ਜੀ ਬੈਠਾ ਦੂਰੋਂ ਤੱਕੇ ਰਿਹਾ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਦਾ ਜਾਏ ਸਰਬ ਖੁਆਰ । ਮਨਮੱਤ ਮੂਰਖ ਅੰਞਾਣ ਹੈ । ਜਿਸ ਭੁੱਲਿਆ ਸਰਬ ਜਹਾਨ ਹੈ । ਇਕ ਭੁਲਾਇਆ ਹਰਿ ਭਗਵਾਨ ਹੈ । ਅੰਤਮ ਅੰਤ ਕਲ ਧਰਮ ਰਾਏ ਦੇਸ ਜਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਆਪੇ ਆਪ ਚੁਕਾਨ ਹੈ । ਮਨਮਤ ਮੂਰਖ ਮੁਗਧ ਗਵਾਰ । ਵੱਡੇ ਸੁਘੜ ਸਿਆਣਿਆਂ ਦੇਂਦੀ ਆਈ ਹਾਰ । ਵੱਡੇ ਰਾਣੇ ਰਾਜੇ ਮਹਾਂਰਾਣਿਆਂ ਸੁੱਟਦੀ ਆਈ ਮੂੰਹ ਦੇ ਭਾਰ । ਨਾ ਕੋਈ ਜਾਣੇ ਜਾਣ ਪਛਾਣਿਆਂ, ਝੂਠੇ ਰਹੀ ਮਹੱਲ ਉਸਾਰ । ਨਾ ਕੋਈ ਜਾਣੇ ਵੰਞ ਮੁਹਾਣਿਆਂ, ਡੂੰਘੇ ਡੂਗਰ ਬੇਮੁੱਖ ਜੀਵਾਂ ਰਹੀ ਉਤਾਰ । ਨਾ ਜਾਣੇ ਹਰਿ ਕੇ ਭਾਣਿਆਂ, ਅੰਤਮ ਕਲਜੁਗ ਨਿਹਕਲੰਕ ਲਏ ਅਵਤਾਰ । ਪ੍ਰਭ ਪੂਰਨ ਕਰਮ ਆਪ

४६८ ਵਿਚਾਰਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਇਆ ਕਲਗੀ ਧਰ ਸਾਚਾ ਹਰਿ ਸੱਚੀ ਸਰਕਾਰ । ਮਨਮਤ ਸ੍ਰਿਸ਼ਟ ਸਬਾਈ ਬੇਮੁਖ ੪੬੮

੦੩ ਜੀਵਾਂ ਮੂੰਹ ਦੇ ਵਿਚ ਪਾਉਂਦੀ ਫਿਰੇ ਥੁੱਕ । ਗੁਰਮੁਖ ਸਾਚੇ ਸੰਤ ਜਨਾਂ, ਦਰ ਘਰ ਆਏ ਬਾਹਰ ਜਾਏ ਰੁਕ । ਅੱਗੇ ਖੜਾ ਹਰਿ ਜੀ ਦਿਸੇ, ਨਾ ੦੩

ਪੈਰ ਸਕੇ ਚੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਰਿਹਾ ਸੁਣਾਏ ਕਲਜੁਗ ਵੇਲਾ ਗਿਆ ਹੱਥ ਨਾ ਆਏ, ਅੰਤਮ ਰਹੇ ਸਰਬ ਪਛਤਾਏ, ਨਾ ਕੋਈ ਰੋਕੇ ਨਾ ਸਕੇ ਰੁਕ । ਮਨਮੱਤ ਝੂਠੀ ਵਣਜਾਰੀਏ । ਬੇਮੁਖਾਂ ਦੀ ਪਿਆਰੀਏ । ਕੀਤੇ ਬੇਮੁੱਖ ਵਡ ਵਡ ਮਨੁੱਖ, ਉਲਟੀ ਫੇਰੀ ਇਕੋ ਆਰੀਏ । ਸਭ ਨੂੰ ਅੰਤਮ ਸਹਿਣਾ ਪਿਆ ਦੁੱਖ, ਕਲਜੁਗ ਅੰਤਮ ਆਇਆ ਭਾਰੀਏ । ਘਰ ਘਰ ਧੂੰਏ ਰਹੇ ਧੁੱਖ, ਹਰਿ ਸ਼ਬਦ ਫੁੰਕਾਰਾ ਏਕਾ ਮਾਰੀਏ । ਦੇਵੀ ਦੇਵਤੇ ਨੀਵੇਂ ਹੋ ਕੇ ਵੇਖਣ ਝੁੱਕ, ਨਿਹਕਲੰਕ ਵਿਚ ਕਿਹੜੀ ਕੂਟ ਵਿਚਾਰੀਏ । ਕਲਜੁਗ ਜੀਵਾਂ ਬੂਟੇ ਗਏ ਸੁੱਕ, ਆਏ ਬਾਡੀ ਸ਼ਬਦ ਕੁਹਾੜਾ ਜੜ੍ਹ ਉਤੇ ਮਾਰੀਏ । ਭਰਮ ਭੁਲੇਖਾ ਦੇਵੇ ਕੱਢ, ਅੱਡ ਅੱਡ ਕਰਾਏ ਇਕ ਇਕ ਹੱਡ, ਸੋਹੰ ਆਰੇ ਨਾਲ ਚਿਰਾਰੀਏ । ਆਪੇ ਬਣ ਜਾਏ ਸਾਚਾ ਗਾਡੀ, ਲੈ ਜਾਏ ਧਰਮ ਰਾਏ ਦਵਾਰੀਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਅੰਤਮ ਅੰਤ ਕਲਜੁਗ ਆਪਣਾ ਆਪ ਗਈ ਹਾਰੀਏ । ਦੁਰਮਤ ਸਰਬ ਦੁੱਖਦਾਈ ਹੈ । ਸ੍ਰਿਸ਼ਟ ਸਬਾਈ ਜਿਸ ਭੁਲਾਈ ਹੈ । ਰੈਣ ਸਬਾਈ ਬੇਮੁਖਾਂ ਜੀਵਾਂ ਗੂੜ੍ਹੀ ਨੀਂਦ ਸਵਾਈ ਹੈ । ਗੁਰਮੁਖ ਵਿਰਲਾ ਰਾਤੀ ਉਠੇ ਹੋ ਕੇ ਨੀਵਾਂ ਗੁਰ ਚਰਨ ਧਿਆਈ ਹੈ । ਠੱਗ ਚੋਰ ਯਾਰ ਚਾਰੋਂ ਤਰਫ ਰਾਤੀਂ ਸੁੱਤਿਆਂ ਲਾਉਣਾ ਸੀਵਾਂ, ਪ੍ਰਭ ਅੰਤਮ ਦੇਵੇ ਸਖਤ ਸਜ਼ਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਰਮਤ ਬੇਮੁੱਖਾਂ ਝੋਲੀ ਪਾਈ ਹੈ । ਮਨ ਮੱਤ ਦੁਰਮਤ ਦੋਵੇਂ ਭਸਮ ਕਰਾਈ । ਕਲਜੁਗ ਅੰਤਮ ਅੰਤ ਵਹਿੰਦੀ ਧਾਰ ਵਹਾਈ । ਗੁਰਮਤ ਸਾਚੀ ਜਗਤ ਧਰ, ਸਤਿਜੁਗ ਝੋਲੀ ਪਾਈ । ਸਾਚਾ ਨਾਮ

੪੬੯
੦੩

ਸਾਚਾ ਤਤ ਸਾਚਾ ਜੱਤ ਵਿਚ ਮਾਤ ਨਾਲ ਕਰ ਸਾਚਾ ਹੁਕਮ ਸੁਣਾਏ, ਵਿਚ ਮਾਤ ਰੱਖਣੀ ਪੱਤ, ਆਪਣੀ ਮੱਤ ਪ੍ਰਭ ਸਾਚਾ ਦਏ ਸਮਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਬਣਤ ਰਿਹਾ ਬਣਾਈ । ਗੁਰਮਤ ਆਈ ਚਰਨ ਨਿਰੰਕਾਰ । ਆਪੇ ਪੁੱਛੇ ਆਪਣੀ ਕਾਰ । ਪ੍ਰਭ ਗੁਰਮੁਖ ਸਾਚੇ ਸੰਤ ਜਨ ਵਿਚ ਮਾਤ ਉਠਾਏ ਚੰਦੋਆ ਚੰਦਨ ਗੁਛੇ, ਜਾਏ ਕਰੀਂ ਘਣ ਛਣਕਾਰ । ਬੇਮੁੱਖ ਰਹੇ ਰੁੱਸੇ, ਨਾ ਪਾਵੀਂ ਕਿਸੇ ਸਾਰ । ਗੁਰਮੁਖਾਂ ਤੂੰ ਆਈ ਹਿੱਸੇ, ਭੱਜ ਜਾਈਂ ਸੱਚੇ ਘਰ ਬਾਹਰ । ਹੋਰ ਕਿਸੇ ਨੂੰ ਮੂਲ ਨਾ ਦਿਸੇ, ਸਾਰੇ ਰਹੇ ਝੱਖ ਮਾਰ । ਕਲਜੁਗ ਜੂਠੀ ਝੂਠੀ ਚੱਕੀ ਸਾਰੇ ਪੀਸੇ, ਕੋਈ ਨਾ ਰਿਹਾ ਵਿਚ ਦੋ ਫਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਆਪ ਸਮਝਾਈ, ਸੋਹੰ ਸ਼ਬਦ ਡੰਡੇ ਨਾਲ ਰਿਹਾ ਤਾੜ । ਗੁਰਮਤ ਗੁਰਸਿਖਾਂ ਦੇ ਘਰ ਜਾ । ਜਿਥੇ ਹੋਵੇ ਸਿੱਖ ਲਾਡਲਾ, ਉਹਨੂੰ ਲਈਂ ਗਾ । ਪ੍ਰਭ ਅਬਿਨਾਸ਼ੀ ਕਿਰਪਾ ਕਰੇ ਸਾਚੇ ਰਾਹੇ ਦਏ ਪਾ । ਨਿਹਕਲੰਕ ਕਲ ਜੋਤ ਧਰਾਇਆ ਕੰਨ ਦਏ ਸੁਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਤਰਫ ਗੁਰਮੁਖ ਵੇਖ ਸੋਹੰ ਜੈਕਾਰਾ ਦੇਣਾ ਬੁਲਾ । ਗੁਰ ਮੱਤ ਹਰਿ ਸਮਝਾਈ । ਸਾਚੀ ਡੰਡੀ ਆਪੇ ਪਾਈ । ਵਰਭੰਡੀ ਆਵੇ ਕਰ ਕੇ ਧਾਈ । ਉਤੇ ਬੈਠਾ ਵੇਖੇ ਹਰਿ ਰਘੁਰਾਈ । ਪਿਛਾ ਆਇਆ ਨੱਸਾ, ਮਾਤਲੋਕ ਵਿਚ ਜੋਤ ਜਗਾਈ । ਪਹਿਲਾ ਰਾਹ ਏਕਾ ਦੱਸਾ, ਗੁਰਮੁਖਾਂ ਦੇ ਦਵਾਰੇ ਜਾਈ । ਸਾਚੀ ਦਾਤ ਪਾਵਾਂ ਸੋਹੰ ਨਾਮ ਤੇਰੀ ਝੋਲੀ ਭਿਛਾ, ਗੁਰਸਿਖਾਂ ਦੀ ਆਤਮ ਜਾਏ ਟਿਕਾਈ । ਪੂਰੀ ਕਰ ਦਈਂ ਜਾ ਕੇ ਇੱਛਾ । ਜੋ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਹੇ ਧਿਆਈ । ਗੁਰਮਤ ਉਠ ਉਠ ਵੱਡੀ ਬਲਕਾਰਨ । ਚਾਰੋਂ ਕੁੰਟ ਉਠ ਕੇ ਵੇਖੀਂ ਕਲਜੁਗ ਜੀਵ ਹੰਕਾਰਨ । ਨੇਤਰ ਪੁੱਟ ਕੇ ਹਰਿ ਜੀ ਵੇਖਿਆ, ਦੋਏ ਜੋੜ ਕਰੇ ਨਿਮਸਕਾਰਨ । ਸਾਚਾ ਲੇਖ ਜੋ ਪ੍ਰਭ ਸਾਚੇ ਲਿਖਿਆ, ਮੇਰੀ ਬੰਨ੍ਹੀ ਸਾਚੀ ਧਾਰਨ । ਮੈਂ ਗੁਰਸਿਖ ਵਿਰਲਾ ਵਿਚ ਮਾਤ ਚਾਰੋਂ ਤਰਫ ਮਾਰ ਨਜ਼ਰ ਦੇਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਸਾਚੇ ਰਾਹੇ ਪਾਈਂ, ਸਿਰ ਮੇਰੇ ਤੇ ਹੱਥ ਰਖਾਈਂ, ਮੇਰੀ ਕਰਦਾ ਨਾ ਰਹੀਂ ਪ੍ਰੀਖਿਆ । ਮੈਂ ਅਜੇ ਅੰਞਾਣੀ ਬਾਲੀ । ਮੇਰੀ ਸੁਰਤ ਹਰਿ ਸੰਭਾਲੀ । ਬੇਮੁਖ ਸਾਰੇ ਤੈਨੂੰ ਕੱਢਣ ਗਾਲ੍ਹੀ । ਗੁਰਮੁਖਾਂ ਨੂੰ ਨੇਤਰ ਵੇਖ ਮਸਤਕ ਚੜ੍ਹ ਜਾਏ ਲਾਲੀ । ਜੋਤ ਸਰੂਪੀ ਧਾਰੇ ਭੇਖ, ਜਨ ਭਗਤਾਂ ਬਣਿਆ ਆਪ ਵਾਲੀ । ਲਿਖਾਉਂਦਾ ਜਾਏ ਸਾਚੇ ਲੇਖ, ਮਿਟਾਉਂਦਾ ਜਾਏ ਬਿਧਨਾ ਰੇਖ, ਗੁਰਮੁਖ ਸਾਚੇ ਨੇਤਰ ਪੇਖ, ਅੱਗੇ ਖੜਾ ਦੋ ਜਹਾਨਾਂ ਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਬਾਗ ਲਗਾਇਆ ਪਹਿਲੀ ਮਾਘੀ । ਗੁਰਮੁਖ ਸਾਚੇ ਸਾਚਾ ਬੂਟਾ ਵਿਚ ਮਾਤ ਧਰਾਇਆ । ਆਪਣੀ ਕਿਰਪਾ ਕਰ ਸਾਚੇ ਹਰਿ ਉਤੇ ਅੰਮ੍ਰਿਤ ਮੇਘ ਬਰਸਾਇਆ । ਗੁਰਮੁਖ ਵਿਰਲੇ ਗਏ ਤਰ, ਜਿਹੜੇ ਗਏ ਰੰਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਪਹਿਲੀ ਮਾਘੀ ਆਪਣੀ ਹੱਥੀਂ ਹਰਿ ਸਮਰਥੀ ਵਿਚ ਮਾਤ ਦੇ ਲਾਇਆ । ਗੁਰਮੁਖਾਂ ਕਰਨੀ ਸਾਚੀ ਕਾਰ, ਬੇਮੁਖ ਦੇਵੀਂ ਦਰ ਦੁਰਕਾਰ । ਗੁਰਸਿਖਾਂ ਪਾਵੀਂ ਸਾਚੀ ਸਾਰ । ਆਤਮ ਵਸੀਂ ਰਾਹ ਸਾਚਾ ਦੱਸੀਂ, ਬੇਮੁੱਖਾਂ ਵਲ ਖਿੜ ਖਿੜ ਵੇਖ ਹੱਸੀ, ਗੁਰਮੁਖ ਸਾਚੇ ਜਾਵੀਂ ਤਾਰ । ਮਦਿਰਾ ਮਾਸੀ ਜੂਠਾ ਝੂਠਾ ਜੇ ਕੋਈ ਦਿਸੇ ਛੱਡ ਜਾਵੀਂ ਘਰ ਬ੍ਹਾਹਰ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਪਹਿਲੀ ਵੰਡ ਕਰਾਈ ਪਾਏ ਤੇਰੇ ਹਿੱਸੇ ਦੇਂਦੀ ਜਾਈਂ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਰ ਦੁਰਾਡਾ ਤੈਨੂੰ ਵੇਖੇ ਕਰਦੀ ਜਾਈਂ ਸਚ ਵਿਹਾਰ । ਦੁਰਮਤ ਮਨਮੱਤ ਮਾਤਲੋਕ ਵਿਚੋਂ ਟੁੱਟਾ ਨਾਤਾ ਗੁਰਮਤ ਮਾਤ ਆਈ ।

ਹਰਿ ਜਨਮ ਦਵਾਈ ਰੱਖੇ ਧੀਰਜ ਜੱਤ, ਮਨਮੱਤ ਦੁਰਮਤ ਲੱਥੀ ਪੱਤ ਨਾ ਰਿਹਾ ਸਤਿ, ਪ੍ਰਭ ਦੇਵੇ ਅੰਤ ਮਿਟਾਈ । ਗੁਰਮਤ ਸੋਹੰ ਦੇਵੇ ਪ੍ਰਭ ਸਾਚਾ ਤਤ, ਰਸਨਾ ਚਰਖਾ ਲੈਣਾ ਕੱਤ, ਦਿਵਸ ਰੈਣ ਰਿਹਾ ਚਲਾਈ । ਪ੍ਰਭ ਅਬਿਨਾਸ਼ੀ ਅੰਦਰ ਬਾਹਰ ਪਰਦੇ ਉਹਲੇ ਕਿਤੇ ਨਾ ਦਿਸੇ, ਨਾ ਵੜੇ ਕਿਸੇ ਭਿਤ , ਆਤਮ ਅੰਦਰ ਰਿਹਾ ਟਿਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਦਿਸੇ ਆਤਮ ਸੇਜਾ ਬੈਠਾ ਜੋਤ ਸਰੂਪੀ ਜੋਤ ਜਗਾਈ । ਆਤਮ ਸੇਜਾ ਕਰਨਾ ਧਿਆਨ । ਉਪਰ ਬੈਠਾ ਹਰਿ ਭਗਵਾਨ । ਜੋਤ ਸਰੂਪੀ ਇਕ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਅੰਦਰ ਵਸੇ ਨਾ ਕੋਈ ਕਿਲ੍ਹਾ ਕੋਟ ਨਾ ਦੂਜਾ ਹੋਰ ਮਕਾਨ । ਕਿਲ੍ਹਾ ਕਾਇਆ ਕੋਟ ਗੜ੍ਹ । ਪ੍ਰਭ ਅਬਿਨਾਸ਼ੀ ਅੰਦਰ ਬੈਠਾ ਵੜ । ਬੇਮੁੱਖਾਂ ਹਰਿ ਦਿਸ ਨਾ ਆਏ, ਮਾਰੀ ਬੈਠਾ ਦੜ । ਗੁਰਮੁਖਾਂ ਆਤਮ ਵਿਸ ਲੁਹਾਏ, ਪੰਚਾਂ ਚੋਰਾਂ ਨਾਲ ਰਿਹਾ ਲੜ । ਗੁਰਮੁਖ ਸਾਚੇ ਸੰਤ ਤਰਾਏ, ਆਪ ਫੜਾਇਆ ਆਪਣਾ ਲੜ । ਪ੍ਰਗਟ ਹੋਏ ਦਰਸ ਦਿਖਾਏ, ਜੋਤ ਸਰੂਪੀ ਸ਼ਬਦ ਘੋੜੀ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਤ ਧਰਾਏ, ਸੋਹੰ ਸਾਚਾ ਜਾਪ ਜਪਾਏ, ਨੌਂ ਖੰਡ ਪ੍ਰਿਥਮੀ ਸਰਨ ਲਿਆਏ, ਨਾ ਕੋਈ ਸਕੇ ਅੱਗੇ ਅੜ । ਅੱਗੇ ਅੜੇ ਨਾ ਕੋਇ ਰਾਜਾਨ । ਸਾਚਾ ਇਕ ਵੱਡਾ ਸ਼ਾਹ ਸੁਲਤਾਨ । ਜੋਤ ਸਰੂਪੀ ਜਾਮਾ ਧਾਰੇ, ਮਾਤਲੋਕ ਵਿਚ ਸਾਚਾ ਕਾਹਨ । ਸੋਹੰ ਸ਼ਬਦ ਲਗਾਏ ਸਾਚਾ ਨਾਅਰਾ, ਕਿਰਪਾ ਕਰ ਹਰਿ ਭਗਵਾਨ । ਅੰਤਮ ਹੋਏ ਖੁਆਰੇ, ਵੇਦ ਚਾਰੇ ਜਿਹੜੇ ਰਹੇ ਸਰਬ ਵਖਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣੀ ਜਾਣ । ਜਨਮ ਕਰਮ ਹਰਿ ਹੱਥ, ਜੀਵ ਗੁਆਰ ਹੈ । ਜਨਮ ਕਰਮ ਹਰਿ ਹੱਥ, ਲਹਿਣਾ ਦੇਣਾ ਲਹਿਣਾ ਆਪੇ ਰਿਹਾ ਵਿਚਾਰ ਹੈ । ਜਨਮ ਕਰਮ ਹਰਿ ਹੱਥ, ਭਾਣਾ ਮੰਨਣਾ ਰਿਹਾ ਪੁਕਾਰ ਹੈ । ਜਨਮ ਕਰਮ ਪ੍ਰਭ ਹੱਥ, ਤਨ ਦੇਵੇ ਸਾਚਾ ਗਹਿਣਾ, ਸੋਹੰ ਸ਼ਬਦ ਅਪਾਰ ਹੈ । ਜਨਮ ਕਰਮ ਪ੍ਰਭ ਹੱਥ, ਇਕੱਠੇ ਹੋ ਹੋ ਬਹਿਣਾ, ਦਰ ਦਰ ਨਾ ਹੋਣਾ ਖੁਆਰ ਹੈ । ਜਨਮ ਕਰਮ ਪ੍ਰਭ ਹੱਥ ਆਪ ਚੁਕਾਏ ਲਹਿਣਾ ਦੇਣਾ ਸੱਚੀ ਸਰਕਾਰ ਹੈ । ਜਨਮ ਕਰਮ ਪ੍ਰਭ ਹੱਥ ਗੁਰਸਿਖ ਵੇਖੇ ਨੈਣਾ, ਸ੍ਰਿਸ਼ਟ ਸਬਾਈ ਬੱਧੀ ਬੈਠਾ ਭਾਰ ਹੈ । ਜਨਮ ਕਰਮ ਪ੍ਰਭ ਹੱਥ ਲੱਖ ਚੁਰਾਸੀ ਜੋਤ ਪ੍ਰਕਾਸ਼, ਅੱਗੇ ਪਿੱਛੇ ਖੁਲ੍ਹੇ ਦਰ ਦਵਾਰ ਹੈ । ਜਨਮ ਕਰਮ ਪ੍ਰਭ ਹੱਥ, ਸ੍ਰਿਸ਼ਟ ਸਬਾਈ ਕਰੇ ਦਾਸ, ਕਰਨ ਕਰਾਵਣਹਾਰ ਹੈ । ਜਨਮ ਕਰਮ ਧਰਮ ਪ੍ਰਭ ਹੱਥ, ਕਰੇ ਕਰਾਏ ਘਨਕਪੁਰ ਵਾਸੀ ਗੁਰਸਿਖਾਂ ਬਖ਼ਸ਼ਣਹਾਰ ਹੈ । ਕਰਮ ਧਰਮ ਪ੍ਰਭ ਹੱਥ, ਕਲਜੁਗ ਅੰਤ ਵਿਨਾਸੀ ਸਤਿਜੁਗ ਆਇਆ ਮਾਤ ਜਾਮਾ ਧਾਰ ਹੈ । ਜਨਮ ਕਰਮ ਪ੍ਰਭ ਹੱਥ, ਸ੍ਰਿਸ਼ਟ ਸਬਾਈ ਕਰੇ ਦਾਸਨ ਦਾਸੀ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰ ਹੈ । ਕਰਮ ਧਰਮ ਪ੍ਰਭ ਹੱਥ, ਸੱਚੀ ਜੋਤ ਮਾਤ ਪ੍ਰਗਟਾਈ ਜਗੇ ਜੋਤ ਅਗੰਮ ਅਪਾਰ ਹੈ । ਕਰਮ ਧਰਮ ਪ੍ਰਭ ਹੱਥ, ਮਾਨਸ ਜਨਮ ਕਰਾਏ ਰਹਿਰਾਸੀ, ਕਰੇ ਕਰਾਵੇ ਸਿਰਜਣਹਾਰ ਹੈ । ਜਨਮ ਕਰਮ ਪ੍ਰਭ ਹੱਥ, ਅੰਤਮ ਕਰੇ ਬੰਦ ਖਲਾਸੀ, ਗੁਰਮੁਖਾਂ ਬੇੜਾ ਬੰਨ੍ਹਣਹਾਰ ਹੈ । ਕਰਮ ਜਨਮ ਪ੍ਰਭ ਹੱਥ, ਧਰੇ ਜੋਤ ਮਾਤ ਵਡ ਸ਼ਾਹੋ ਸ਼ਾਬਾਸ਼ੀ, ਰਾਓ ਰੰਕ ਬਹਾਏ ਇਕ ਦਵਾਰ ਹੈ । ਜਨਮ ਕਰਮ ਹਰਿ ਹੱਥ, ਅੰਤ ਮਿਟਾਏ ਮਦਿਰਾ ਮਾਸੀ, ਨਾ ਕੋਈ ਖੇਡਣ ਜਾਏ ਸ਼ਿਕਾਰ ਹੈ । ਜਨਮ ਕਰਮ ਹਰਿ ਹੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚ ਰਿਹਾ ਪਸਰ ਪਸਾਰ ਹੈ । ਹਰਿ ਜੋਤ ਹਰਿ ਅਕਾਰ । । ਹਰਿ ਜੋਤ ਹਰਿ ਪਸਾਰ ਹੈ । ਹਰਿ ਜੋਤ ਸ੍ਰਿਸ਼ਟ ਸਬਾਈ ਹਰਿ ਰਿਹਾ ਪਸਰ ਪਸਾਰ ਹੈ । ਹਰਿ ਜੋਤ ਇਕ ਦਿਸੇ ਅਨੇਕ

ਹੈ । ਹਰਿ ਜੋਤ ਏਕਾ ਇਕੋ ਟੇਕ ਹੈ । ਹਰਿ ਜੋਤ ਇਕ ਬੁੱਧ ਕਰੇ ਬਬੇਕ ਹੈ । ਹਰਿ ਜੋਤ ਇਕ ਗੁਰਮੁਖ ਕਾਇਆ ਲਗਣ ਨਾ ਦੇਵੇ ਸੇਕ, ਰੱਖੇ ਠੰਡੀ ਛਾਉਂ ਹੈ । ਹਰਿ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ੍ਰਿਸ਼ਟ ਸਬਾਈ ਵੇਖੇ, ਲਿਖੇ ਸਾਚੇ ਲੇਖ ਹੈ । ਹਰਿ ਜੋਤ ਹਰਿ ਲੇਖ ਲਿਖਾਰੀ । ਹਰਿ ਜੋਤ ਹਰਿ ਸਰਬ ਪਸਾਰੀ । ਹਰਿ ਜੋਤ ਵੇਖੇ ਵਿਗਸੇ ਕਰੇ ਵਿਚਾਰੀ । ਹਰਿ ਜੋਤ ਲੱਖ ਚੁਰਾਸੀ ਜੀਵਾਂ ਜੰਤਾਂ ਸਾਧਾਂ ਸੰਤਾਂ ਪਾਵੇ ਸਾਰੀ । ਹਰਿ ਜੋਤ ਹਰਿ ਮਾਤ ਧਰ, ਕਰੇ ਖੇਲ ਅਪਰ ਅਪਾਰੀ । ਹਰਿ ਜੋਤ ਦਿਸੇ ਸਾਚੇ ਘਰ ਆਤਮ ਦਰ, ਬਾਹਰ ਲੱਭਣ ਜੀਵ ਗਵਾਰੀ । ਹਰਿ ਜੋਤ ਇਕ ਨਰ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਅੰਦਰ ਵਸੇ ਗੁਰਸਿਖ ਤੇਰੀ ਕਾਇਆ ਮਹੱਲ ਅਟਾਰੀ । ਕਾਇਆ ਮਹੱਲ ਮੁਨਾਰਾ । ਨਾ ਕੋਈ ਲੱਭਦਾ ਗੁਰੂਦਵਾਰਾ । ਪ੍ਰਭ ਅਬਿਨਾਸ਼ੀ ਦਿਸੇ ਅੰਦਰ ਨਾ ਕੋਈ ਪਾਵੇ ਸਾਰਾ । ਬੇਮੁਖਾਂ ਆਤਮ ਵੱਜਾ ਰਹੇ ਜੰਦਰ, ਨਾ ਕੋਈ ਤੋੜੇ ਦੁੱਖ ਲੱਗਾ ਭਾਰਾ । ਘਰ ਘਰ ਭੌਂਦੇ ਫਿਰਨ ਬੰਦਰ, ਕਦੇ ਬਾਹਰ ਕਦੇ ਅੰਦਰ, ਨਾ ਮਿਲੇ ਕੋਈ ਦਵਾਰਾ । ਪ੍ਰਭ ਅਬਿਨਾਸ਼ੀ ਵਸੇ ਕਾਇਆ ਡੂੰਘੀ ਕੰਦਰ, ਗੁਰਮੁਖ ਵਿਰਲਾ ਪਾਵੇ ਸਾਰਾ । ਹਰਿ ਜੀ ਵਸਿਆ ਰਹੇ ਹਰਿ ਆਤਮ ਮੰਦਰ, ਗੁਰਮੁਖ ਜੋਤੀ ਦੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਅਵਤਾਰ ਲੋਕਮਾਤ ਵਿਚ ਜਾਮਾ ਧਾਰਾ । ਲੋਕਮਾਤ ਲਿਆ ਅਵਤਾਰਾ । ਜੋਤ ਸਰੂਪੀ ਖੇਲ ਅਪਾਰਾ । ਏਕਾ ਜੋਤ ਏਕਾ ਗੋਤ ਰੂਪ ਰੰਗ ਅਪਰ ਅਪਾਰਾ । ਬੇਮੁੱਖ ਜੀਵ ਕਲਜੁਗ ਰਹੇ ਰੋਤ, ਅੰਤ ਦੁੱਖ ਲੱਗਾ ਭਾਰਾ । ਪੈਰ ਪਸਾਰ ਜੋ ਰਹੇ ਸੋਤ, ਅੰਤਮ ਹੋਏ ਨਾ ਕੋਈ ਸਹਾਰਾ । ਗੁਰਮੁਖ ਤੇਰੀ ਆਤਮ ਜਗਦੀ ਦਿਸੇ ਜੋਤ, ਸੋਹੰ ਸ਼ਬਦ ਬੋਲ



ਜੈਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਏ ਆਪਣੀ ਸਰਨ ਲਏ ਰਖਾਏ, ਬਾਹੋਂ ਪਕੜ ਗਲੇ ਲਗਾਏ, ਕਲਜੁਗ ਮਿਟਾਏ ਦੁੱਖ ਮਾਇਆ ਮਮਤਾ ਮੋਹ ਜੋ ਲੱਗਾ ਭਾਰਾ । ਮਾਇਆ ਮਮਤਾ ਮੋਹ ਜਗਤ ਧਰੋ ਹੈ । ਬਿਨ ਗੁਰ ਪੂਰੇ ਬਾਤ ਨਾ ਪੁੱਛੇ ਕੋ ਹੈ । ਅੰਤਮ ਵੇਲੇ ਬੇਮੁਖ ਸਾਰੇ ਚਾਰੋਂ ਤਰਫ ਰਹੇ ਰੋ ਹੈ । ਨੇਤਰ ਨੈਣ ਵਿਚਾਰੇ ਵਹਾਇਣ ਨੀਰ, ਨੂਰੀ ਮੁਖੜਾ ਰਹੇ ਧੋ ਹੈ । ਅੱਠੇ ਪਹਿਰ ਹਉਮੇ ਪੀੜ, ਸੋਹੰ ਡੰਡੇ ਤੋੜੀ ਹੱਡੀ ਰੀੜ ਹੈ । ਸਾਚਾ ਸ਼ਬਦ ਮਗਰ ਲਗਾਇਆ, ਏਕਾ ਗੇੜਾ ਆਪ ਦਵਾਇਆ, ਬੇਮੁਖਾਂ ਰਿਹਾ ਪੀੜ ਹੈ । ਗੁਰਮੁਖ ਸੋਇਆ ਆਪ ਉਠਾਇਆ, ਬਾਹੋਂ ਪਕੜ ਗਲੇ ਲਗਾਇਆ, ਅੰਮ੍ਰਿਤ ਸਾਚਾ ਮੁਖ ਚਵਾਇਆ । ਦੂਈ ਦਵੈਤੀ ਪਰਦਾ ਲਾਹਿਆ । ਲੱਖ ਚੁਰਾਸੀ ਗੇੜ ਕਟਾਇਆ । ਜਮ ਕਾ ਡਰ ਪਰ੍ਹੇ ਹਟਾਇਆ । ਸੋਹੰ ਸ਼ਬਦ ਇਕ ਸੁਣਾਇਆ । ਗਿਆਨੀ ਧਿਆਨੀ ਪੜ੍ਹ ਪੜ੍ਹ ਥੱਕੇ, ਹਰਿ ਜੀ ਕਿਸੇ ਹੱਥ ਨਾ ਆਇਆ । ਕੋਈ ਹਾਜੀ ਹੱਜ ਕਰਨ ਨੂੰ ਜਾਵੇ ਮੱਕੇ, ਖਾਲੀ ਹੱਥ ਦੋਵੇਂ ਮੁੜ ਘਰਾਂ ਨੂੰ ਆਇਆ । ਕਾਂਸ਼ੀ ਪਰਾਗ ਅਯੁਧਿਆ ਅਠ ਸਠ ਤੀਰਥ ਪੈਣ ਧੱਕੇ, ਨਾ ਹੋਏ ਕੋਈ ਸਹਾਇਆ । ਗੰਗਾ ਗੋਦਾਵਰੀ ਨਹਾ ਨਹਾ ਕਲਜੁਗ ਥੱਕੇ, ਆਤਮ ਮੈਲ ਕੋਈ ਨਾ ਲਾਹਿਆ । ਪ੍ਰਭ ਅਬਿਨਾਸ਼ੀ ਕਰੇ ਨਬੇੜਾ ਹੱਕੋ ਹੱਕੇ, ਜੂਠਿਆਂ ਝੂਠਿਆਂ ਦੋਹੀਂ ਹੱਥੀਂ ਆਪੇ ਘੁੰਡ ਚੁਕਾਇਆ । ਬੇਮੁੱਖ ਖਾਂਦੇ ਰਹੇ ਗਰੀਬ ਨਿਮਾਣਿਆਂ ਮਾਰ ਮਾਰ ਫੱਕੇ, ਨਿਹਕਲੰਕ ਨਰਾਇਣ ਨਰ ਸਿਰ ਸੋਹੰ ਡੰਡਾ ਲਾਇਆ । ਅੱਗੋਂ ਹੱਥ ਕੋਈ ਨਾ ਚੱਕੇ, ਅੰਤ ਫਲ ਕਲਜੁਗ ਪੱਕੇ, ਪ੍ਰਭ ਸਾਰੇ ਝਾੜ ਵਖਾਇਆ । ਬਾਹੋਂ ਫੜ ਅੱਗੇ ਖੜ ਧਰਮ ਰਾਏ ਦੇ ਘਰ ਵਿਚ ਡੱਕੇ, ਨਾ ਲਏ ਕੋਈ ਛੁਡਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗੋ ਜੁਗ ਜਨ ਭਗਤਾਂ ਪੈਜ ਰਖਦਾ

ਆਇਆ । ਚਾਰੋਂ ਤਰਫ ਹਰਿ ਵਿਚਾਰੇ । ਜੂਠੇ ਝੂਠੇ ਮਾਇਆ ਲੂਠੇ, ਅੰਤਮ ਕਲਜੁਗ ਕੱਢੇ ਬਾਹਰੇ । ਗੁਰਮੁਖ ਸਾਚੇ ਸੰਤ ਜਨ ਪ੍ਰਭ ਚਰਨ ਲੂਠੇ, ਹਰਿ ਪ੍ਰਗਟ ਹੋਏ ਦਰਸ ਦਿਖਾਏ ਜੋਤ ਜਗਾਏ ਸਚ ਦਰਬਾਰੇ । ਦਰਗਹਿ ਸਾਚੀ ਸਚ ਲਿਖਾਏ ਲੇਖੇ, ਨਾ ਕਰੇ ਕੋਈ ਹੁਦਾਰੇ । ਬੇਮੁਖਾਂ ਮੂਧੇ ਹੋਏ ਠੂਠੇ, ਨਾ ਪਾਵੇ ਕੋਈ ਭਿਖਾਰੇ । ਪ੍ਰਭ ਦਰ ਤੋਂ ਗਏ ਰੂਠੇ, ਦੁੱਖ ਲੱਗਾ ਭਾਰੇ । ਨਿਹਕਲੰਕ ਕਲ ਜਾਮਾ ਪਾਇਆ ਸਾਰੇ ਹੋ ਗਏ ਝੂਠੇ, ਚਾਰੋਂ ਕੁੰਟ ਰਹੇ ਝੱਖ ਮਾਰੇ । ਗੁਰਮੁਖ ਸਾਚੇ ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਚਰਨ ਬਹਾਏ ਕਰੇ ਸੁੱਤ ਪਿਆਰੇ । ਚਰਨ ਬਹਾਏ ਗੁਰਸਿਖ ਦੁਲਾਰਾ । ਕਰਦਾ ਜਾਏ ਹਰਿ ਪਿਆਰਾ । ਰਾਹ ਦੱਸਦਾ ਜਾਏ, ਹਿਰਦੇ ਵਸਦਾ ਜਾਏ, ਦੇਵੇ ਦਰਸ ਅਗੰਮ ਅਪਾਰਾ । ਨਾਲ ਨਾਲ ਨੱਸਦਾ ਜਾਏ, ਘੋੜੇ ਦਾ ਤੰਗ ਕਸਦਾ ਜਾਏ, ਸ੍ਰਿਸ਼ਟ ਸਬਾਈ ਝੱਸਦਾ ਜਾਏ, ਕਰੇ ਖੇਲ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰਾ । ਆਪਣੀ ਸਾਰ ਹਰਿ ਆਪ ਸਮਾਲਦਾ । ਗੁਰਮੁਖ ਸਾਚੇ ਸੰਤ ਜਨਾਂ ਅੰਦਮ੍ਰਤ ਸੀਰ ਪਿਆਏ ਆਪਣੀ ਹੱਥੀਂ ਮੁਖ ਚਵਾਏ, ਬੱਚੇ ਸੋਹਣੇ ਆਪੇ ਪਾਲਦਾ । ਬੇਮੁੱਖਾਂ ਦੇ ਸਜਾਏ, ਦਰ ਤੋਂ ਦਏ ਦੁਰਕਾਏ, ਸਾਰੇ ਕਰਨ ਹਾਏ ਹਾਏ, ਪ੍ਰਭ ਅੰਤਮ ਸਭ ਨੂੰ ਗਾਲਦਾ । ਗੁਰਮੁਖ ਸੋਏ ਲਏ ਜਗਾਏ, ਸਾਚੀ ਦਾਤ ਝੋਲੀ ਪਾਏ, ਭਿਛਿਆ ਮੰਗੇ ਜੋ ਦਰ ਆਏ, ਸਾਚੇ ਤੋਲ ਹਰਿ ਜੀ ਤੋਲਦਾ । ਬੇਮੁੱਖਾਂ ਮੁਖ ਭਵਾਏ, ਅੰਤਮ ਦੇਵੇ ਡਾਹਢੀ ਵਿਚ ਮਾਤ ਸਜ਼ਾਏ, ਆਂਢੀ ਗਵਾਂਢੀ ਭੈਣ ਭਾਈ ਆਣ ਨਾ ਕੋਇ ਛੁਡਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਜਾਮਾ ਮਾਤਲੋਕ ਵਿਚ ਧਾਰਦਾ । ਜਾਮਾ ਧਾਰੇ ਹਰਿ ਹਰਿ । ਕਰੇ ਵਿਚਾਰ ਘਰ ਘਰ । ਵੇਖੇ ਜਾ ਦਰ ਦਰ । ਗੁਰਮੁਖ ਸਾਚੇ ਸੰਤ ਜਨ ਆਪ ਨੁਹਾਏ ਬਾਹੋਂ ਫੜ ਸਾਚੇ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਦਏ ਭੰਡਾਰੇ ਭਰ । ਹਰਿ ਯੋਗ ਸਚ ਦਵਾਇਆ । ਰਸ ਭੋਗ ਅੰਮ੍ਰਿਤ ਫਲ ਖਵਾਇਆ । ਹੋਇਆ ਸਚ ਸੰਜੋਗ, ਗੁਰਸਿਖ ਪੂਰਾ ਮੇਲ ਮਿਲਾਇਆ । ਕੱਟੇ ਹਉਮੇ ਰੋਗ, ਝੂਠਾ ਦਾਗ ਧੋ ਵਖਾਇਆ । ਸਾਚੀ ਸ਼ਬਦ ਚੁਗਾਏ ਚੋਗ, ਤ੍ਰਿਸ਼ਨਾ ਭੁੱਖ ਮਿਟਾਇਆ । ਨਾ ਹੋਵੇ ਕਦੇ ਵਿਯੋਗ, ਨਿਜ ਆਸਣ ਡੇਰਾ ਲਾਇਆ । ਦਰਸ ਦੇਵੇ ਹਰਿ ਅਮੋਘ, ਜੋਤ ਸਰੂਪੀ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਰਹਾਇਆ । ਭਾਣਾ ਹਰਿ ਗੁਰਸਿਖ ਜਾਨਣਾ । ਵੇਲਾ ਜਾਏ ਬੀਤ, ਪਿਛੇ ਸਰਬ ਪਛਤਾਨਣਾ । ਮਾਤ ਜੋਤ ਧਰ ਕਾਇਆ ਕਰੇ ਸੀਤ, ਦੇਵੇ ਨਾਮ ਚਰਨ ਧੂੜ ਇਸ਼ਨਾਨਣਾ । ਮਾਨਸ ਜਨਮ ਜਾਣਾ ਜੀਤ, ਸੋਹੰ ਬੰਨ੍ਹੇ ਹੱਥੀਂ ਗਾਨਣਾ । ਲੱਗੀ ਤੋੜ ਨਿਭ ਜਾਏ ਪ੍ਰੀਤ, ਆਤਮ ਹੋਵੇ ਬ੍ਰਹਮ ਗਿਆਨਣਾ । ਗੁਰਸਿਖ ਕਦੇ ਨਾ ਹੋਏ ਖੋਟੀ ਨੀਤ, ਧੀਆਂ ਭੈਣਾਂ ਸਰਬ ਪਛਾਨਣਾ । ਇਕੋ ਜਾਣੇ ਹਰਿ ਸਾਚਾ ਮੀਤ, ਹੋਰ ਕੂੜੇ ਕੂੜ ਵਖਾਨਣਾ । ਕਲਜੁਗ ਚਲਾਈ ਸਾਚੀ ਰੀਤ, ਹਰਿ ਸਾਚਾ ਰਾਹ ਵਖਾਲਣਾ । ਗੁਰਸਿਖ ਸਾਚੇ ਸੰਤ ਜਨੋਂ ਗਾਓ ਸੁਹਾਗੀ ਗੀਤ, ਹਰਿ ਸੋਹੰ ਸ਼ਬਦ ਜਪਾਨਣਾ । ਕਲਜੁਗ ਅੰਤਮ ਗਿਆ ਬੀਤ, ਸਤਿਜੁਗ ਕਰਦਾ ਆਇਆ ਚਾਨਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਜੋਤ ਜਗਾਏ, ਅਗਿਆਨ ਅੰਧੇਰ ਮਿਟਾਏ, ਕਰੇ ਪ੍ਰਕਾਸ਼ ਕੋਟਨ ਭਾਨਣਾ । ਮਿਟੇ ਅੰਧੇਰ ਜੋਤ ਪ੍ਰਕਾਸ਼ਿਆ । ਨਾ ਹੋਈ ਦੇਰ, ਪ੍ਰਭ ਆਇਆ ਘਰ ਪੁਰਖ ਅਬਿਨਾਸ਼ਿਆ । ਆਪਣਾ ਖੇਲ ਕੀਆ ਪਹਿਲੀ ਵੇਰ, ਗੁਰ ਸੰਗਤ ਬਣਾਏ ਆਪਣੀ ਦਾਸ ਦਾਸਿਆ । ਚਰਨ ਲਗਾਏ ਘੇਰ, ਕਮਲਾਪਤ ਹਰਿ ਬਲ ਜਾਸਿਆ । ਚੁਕਾਏ

ਮੇਰ ਤੇਰ, ਨਾ ਕਰੇ ਹੇਰ ਫੇਰ, ਏਕਾ ਰਾਹ ਚਲਾਸਿਆ । ਸ੍ਰਿਸ਼ਟ ਸਬਾਈ ਮਾਰੇ ਭੇੜ ਭੇੜ, ਨਾ ਕੋਈ ਅੰਤ ਛੁਡਾਸਿਆ । ਆਪੇ ਛੇੜਾਂ ਰਿਹਾ ਛੇੜ, ਨਾ ਕੋਈ ਜਾਣੇ ਸ਼ਾਹ ਸੁਲਤਾਨ, ਕਰੇ ਕਰਾਏ ਹਰਿ ਘਟ ਘਟ ਵਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਮਾਤ ਪਤਾਲ ਅਕਾਸ਼ ਏਕਾ ਜੋਤ ਕਰੇ ਪ੍ਰਕਾਸ਼ਿਆ । ਸਾਚੀ ਜੋਤ ਹਰਿ ਟਿਕਾਏ । ਸਾਚਾ ਰਾਹ ਸਤਿਜੁਗ ਦਿਸਾਏ । ਸੋਹੰ ਸ਼ਬਦ ਰਸਨ ਜਪਾਏ । ਸਚ ਸੁੱਚ ਸੰਗ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਏਕਾ ਏਕ ਆਪਣਾ ਆਪ ਸੁਣਾਏ । ਸਚ ਸੁੱਚ ਰਲ ਗਈ ਨਾਲ । ਸਤਿਜੁਗ ਸਾਚੇ ਉਠੀ ਸੁੱਤੀ ਮਾਰ ਛਾਲ । ਪਹਿਲਾਂ ਘਰ ਸਾਚਾ ਵੇਖਾਂ, ਜਿਥੇ ਗੁਰਮੁਖ ਹੋਏ ਅਨਮੁਲੜਾ ਲਾਲ । ਉਹਦੀ ਉਤਾਰਾਂ ਜਾਏ ਤ੍ਰਿਖਾ, ਨਾ ਹੋਏ ਫੇਰ ਬੇਹਾਲ । ਅੰਦਰ ਵੜ ਕੇ ਲਾਹੂੰ ਝੂਠੀ ਵਿਖਾ, ਲਵਾਂ ਸੁਰਤ ਸੰਭਾਲ । ਸੋਹੰ ਸ਼ਬਦ ਲਵਾਂ ਤਿੱਖਾ, ਜਿਹੜਾ ਜੜ੍ਹ ਪੁੱਟੇ ਵਾਲ । ਪ੍ਰਭ ਦਿਤੀ ਸਾਚੀ ਭਿੱਖਾ, ਮੈਂ ਹੋਈ ਬੜੀ ਖ਼ੁਸ਼ਹਾਲ । ਮੇਰਾ ਲੇਖ ਸਾਚਾ ਲਿਖਾ, ਸਤਿਜੁਗ ਲੈ ਚਲਿਆ ਮੈਨੂੰ ਨਾਲ । ਮੈਂ ਜਾ ਕੇ ਮਿਲਾਂ ਸਾਚੇ ਗੁਰਸਿਖਾਂ, ਮੈਨੂੰ ਲੈਣਾਂ ਤੁਸਾਂ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਜਾਣੇ ਬਾਲ ਨਿਧਾਨ ਅੰਞਾਣਾ ਬਾਲ । ਸਾਚਾ ਨਾਉਂ ਰਸਨਾ ਗਾਵਣਾ । ਪ੍ਰਭ ਪੂਰ ਕਰਾਏ ਭਾਵਣਾ । ਸ਼ਬਦ ਬਣਾਏ ਸਚ ਵਿਚੋਲਾ, ਆਪ ਬਣ ਜਾਏ ਸਾਚਾ ਜ਼ਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜਾਣੇ ਜਾਣ ਪਛਾਣੇ ਸ੍ਰੀ ਭਗਵਾਨਨਾ । ਨਾਮ ਜਪ ਰਸਨ ਧਿਆਉਣਾ । ਪੂਰਨ ਭਾਗ ਹਰਿ ਲਗਾਉਣਾ । ਕਲਜੁਗ ਮਾਇਆ ਭੁੱਲ ਨਾ ਆਪਣਾ ਆਪ ਗਵਾਉਣਾ । ਜੂਠਾ ਝੂਠਾ ਖਤਮ ਹੋਇਆ ਜੁਗ, ਸਚ ਸੁੱਚ ਰਹਿ ਰਾਹ ਚਲਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤੀ ਆਪ ਸਮਝਾਉਣਾ ।



## ❊ ੬ ਮਾਘ ੨੦੧੦ ਬਿਕ੍ਰਮੀ ਅਮਰਜੀਤ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਲਿਖੇ ਲੇਖ ਲੇਖ ਲੇਖਨੀ, ਗੁਰਸਿਖ ਕਲਮ ਅਪਾਰ । ਸਾਚੇ ਹਰਿ ਸਭ ਦਰ ਦੇਖਣੀ, ਬੰਨ੍ਹੇ ਸਾਚੀ ਧਾਰ । ਮਿਟਾਏ ਪੀਰ ਸ਼ੇਖਣੀ, ਆਪ ਬਣੇ ਸੱਚੀ ਸਰਕਾਰ । ਸਤਿਜੁਗ ਲਿਖਾਏ ਸਾਚੀ ਰੇਖਨੀ, ਮਾਤਲੋਕ ਦਿਤਾ ਜਨਮ ਅਪਾਰ । ਝੂਠ ਆਪ ਮਿਟਾਏ ਭੇਖਨੀ, ਸ੍ਰਿਸ਼ਟ ਸਬਾਈ ਪੈਜ ਸਵਾਰ । ਗੁਰਸਿਖ ਸਾਚੇ ਨੇਤਰ ਪੇਖਣੀ, ਜੋ ਵਰਤੇ ਵਰਤਾਰ । ਲਾਈ ਮਾਤ ਸੱਚੀ ਮੇਖਣੀ, ਨਾ ਸਕੇ ਕੋਈ ਜੜ੍ਹ ਉਖਾੜ । ਜੋ ਜਨ ਰਹੇ ਵੇਖਾ ਵੇਖਣੀ, ਪ੍ਰਭ ਸੋਹੰ ਡੰਡੇ ਦੇਵੇ ਝਾੜ । ਹਰਿ ਰੱਖੇ ਲਾਜ ਕੇਸਨੀ, ਚਵਰ ਝੁਲਾਵੇ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਸਤਿਜੁਗ ਸਾਚਾ ਮਾਤ ਧਰਾਇਆ । ਚਿੱਟਾ ਬਾਣਾ ਤਨ ਪਹਿਨਾਇਆ । ਸਾਚਾ ਰਾਣਾ ਹਰਿ ਅਖਵਾਇਆ । ਵਡ ਜ਼ਰਵਾਣਾ ਸ਼ਬਦ ਨਾਲ ਲਿਆਇਆ । ਸਚ ਸੁੱਚ ਫ਼ਰਮਾਣਾ ਧੀਰਜ ਮੱਤ ਜੱਤ ਦੇ ਸਮਝਾਇਆ । ਗੁਰਸਿਖ ਮੰਨੋ ਸਾਚਾ ਭਾਣਾ, ਹਰਿ ਜੀ ਹੁਕਮ ਸੁਣਾਇਆ । ਉਚ ਨੀਚ ਜ਼ਾਤ ਪਾਤ ਡੂੰਮ ਡੂੰਮਾਣਾ ਹਰਿ ਏਕਾ ਰੰਗ ਰੰਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਏਕਾ ਬਾਣਾ ਤਨ ਪਹਿਨਾਇਆ । ਚਿੱਟਾ ਬਾਣਾ ਸਰਬ ਪਛਾਣ । ਧਰੇ ਮਾਤ ਹਰਿ ਭਗਵਾਨ । ਗੁਰਮੁਖਾਂ ਆਤਮ ਉਪਰ ਸ਼ਬਦ ਦੇਣਾ ਤਾਣ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਫੇਰ ਕਰੇ ਫਰਮਾਣ । ਸਚ ਸਿੰਘਾਸਣ ਉਤੇ ਸੱਚਾ ਸ਼ਾਹ । ਹਰਿ ਜੀ ਲਾਈ ਬੈਠਾ ਆਸਣ, ਦਾਗ ਕੋਈ ਦਿਸੇ ਨਾ । ਸਤਿਜੁਗ ਬੰਨ੍ਹੇ ਸਾਚੀ ਰਾਸਣ, ਕੋਈ ਜੀਵ ਭੁੱਲੇ ਨਾ । ਆਪ ਮਿਟਾਏ ਮਦਿਰਾ ਮਾਸਣ, ਸਤਿਜੁਗ ਖਾਏ ਕੋਈ ਨਾ । ਜੋ ਕਰ ਕਰ ਜਾਇਣ ਹਾਸਣ, ਦਰਗਹਿ ਸਾਚੀ ਮਿਲੇ ਨਾ ਥਾਂ । ਧਰਮ ਰਾਏ ਦੀ ਫਾਸੀ ਫਾਸਣ, ਨਾ ਲਏ ਕੋਈ ਛੁਡਾ । ਸੋਹੰ ਸ਼ਬਦ ਚਲੇ ਅਕਾਸ਼ਣ, ਤਿੰਨਾ ਲੋਕ ਦਏ ਜਣਾ । ਪ੍ਰਗਟ ਹੋਇਆ ਘਨਕਪੁਰ ਵਾਸਣ, ਸਾਚੀ ਜੋਤ ਦੇਵੇ ਮਾਤ ਜਗਾ । ਗੁਰਸਿਖਾਂ ਹੋਇਆ ਦਾਸ ਦਾਸਣ, ਨਾਮ ਦਾਤ ਦੇਵੇ ਝੋਲੀ ਪਾ । ਆਪੇ ਕੱਟੇ ਜਮ ਕੀ ਫਾਸਣ, ਜਗਤ ਜੰਜਾਲੇ ਰਿਹਾ ਕਟਾ । ਉਤੇ ਦੇਵੇ ਸ਼ਬਦ ਦੁਸ਼ਾਲਣ, ਗੁਰਸਿਖਾਂ ਪਰਦਾ ਰਿਹਾ ਪਾ । ਸਾਚੇ ਫੂਲ ਦੇਵੇ ਨਾਲ ਅੰਤਮ ਬਾਲਣ, ਸਾਚੀ ਦੇਵੇ ਸਿੜ੍ਹੀ ਬਣਾ । ਉਤੇ ਰੱਖੇ ਚੁੱਕ ਚੁੱਕ ਸਿੱਖ ਬਾਲ ਅੰਞਾਣ, ਹੋਏ ਆਪ ਸਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਸਤਿਜੁਗ ਬਹਾਏ ਸਾਚੇ ਥਾਂ । ਸੱਚਾ ਹੁਕਮ ਸੱਚਾ ਫ਼ਰਮਾਣ । ਗੁਰਮੁਖ ਸਾਚੇ ਸਚ ਪਛਾਣ । ਸਤਿਜੁਗ ਝੁੱਲੇ ਸੱਚਾ ਇਕ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣਤ ਬਣਾਏ, ਸੱਤ ਰੰਗ ਆਪ ਚੜ੍ਹਾਏ, ਉਤੇ ਤਿੰਨ ਲੇਖ ਲਿਖਾਨ । ਸੱਤ ਰੰਗ ਪ੍ਰਭ ਦਏ ਚੜ੍ਹਾਏ । ਸੱਤਾਂ ਦੀਪਾਂ ਲੋਅ ਕਰਾਏ । ਜੋਤੀ ਜੋਤ ਸਰੂਪ ਹਰਿ, ਦੀਪਕ ਜੋਤੀ ਲਏ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸੱਚਾ ਝੰਡਾ ਆਪਣੀ ਹੱਥੀਂ ਆਪ ਬਣਾਏ । ਸਤਿ ਧਰਮ ਹਰਿ ਕਾ ਬਾਣਾ । ਪ੍ਰਭ ਆਪਣੀ ਹੱਥੀਂ ਆਪ ਬਣਾਨਾ । ਘਨਕਪੁਰ ਵਾਸੀ ਕਿਰਪਾ ਕਰ ਸਾਚੇ ਹਰਿ, ਨਾਮ ਡੋਰੀ ਨਾਲ ਬੰਧਾਣਾ । ਫਿਰ ਉਪਰ ਜਾਏ ਚੜ੍ਹ, ਚਾਰੋਂ ਤਰਫ ਵੇਖੇ ਖੜ੍ਹ, ਕੋਈ ਨਾ ਦੀਸੇ ਕਿਲ੍ਹਾ ਗੜ੍ਹ, ਸਾਰਿਆਂ ਉਪਰ ਇਕ ਨਿਸ਼ਾਨ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਦੀਪਾਂ ਏਕਾ ਝੰਡਾ ਏਕਾ ਡੰਡਾ ਸੋਹੰ ਸ਼ਬਦ ਰਖਾਣਾ । ਸਾਚਾ ਝੰਡਾ ਦਏ ਚੜ੍ਹਾਏ । ਵਿਚ ਵਰਭੰਡਾਂ ਹੋਏ ਰੁਸ਼ਨਾਏ । ਬੇਮੁਖ ਪਾਉਂਦੇ ਝੂਠੀਆਂ ਵੰਡਾਂ, ਅੰਤ ਕੋਈ ਰਹਿਣ ਨਾ ਪਾਏ । ਹਰਿ ਵੱਢੀ ਜਾਏ ਸਭ ਦੀਆਂ ਕੰਡਾਂ, ਧਰਤ ਮਾਤ ਦੇ ਉਤੇ ਸਵਾਏ । ਘਰ ਘਰ ਚਾਰੋਂ ਤਰਫ ਦਿਸਣ ਨਾਰਾਂ ਰੰਡਾਂ, ਸੁਹਾਗੀ ਕੰਤ ਨਾ ਕੋਇ ਹੰਢਾਏ । ਹਰਿ ਜੀ ਫੜਿਆ ਹੱਥ ਸੋਹੰ ਖੰਡਾ, ਬੇਮੁੱਖਾਂ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤਭੁਜ ਸੇਤਜ ਅੰਡਜ ਜ਼ੇਰਜ ਸਭਨਾਂ ਵਿਚ ਸਮਾਏ । ਦੀਪ ਲੋਅ ਪਤਾਲ ਅਕਾਸ਼ । ਸਭੇ ਹੋਏ ਹਰਿ ਪ੍ਰਕਾਸ਼ । ਕਲਜੁਗ ਅੰਤਮ ਸਾਰੇ ਰੋਏ, ਹੋਣਾ ਪੈਣਾ ਨਾਸ । ਕੌਣ ਪਿਛਲੇ ਪਾਪਾਂ ਦਾਗ ਧੋਏ, ਹਰਿ ਨਾਮ ਨਾ ਕਿਸੇ ਪਾਸ । ਗੁਰਮੁਖ ਸਾਚੇ ਸੰਤ ਜਨ ਪ੍ਰਭ ਸੋਹੰ ਧਾਗੇ ਲਏ ਪਰੋਏ, ਕਰੇ ਬੰਦ ਖੁਲਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜਾਮਾ ਧਾਰੇ, ਸਤਿਜੁਗ ਬਣਾਏ ਤੇਰੀ ਸਾਚੀ ਰਾਸ । ਸਾਚਾ ਹਰਿ ਬਣਤ ਬਣਾਏ । ਸਤਿਜੁਗ ਸਾਚਾ ਮਾਤ ਧਰਾਏ । ਪੰਚਮ ਜੇਠ ਪਹਿਲੀ ਆਏ । ਖੁਸ਼ੀਆਂ ਨਾਲ ਹਰਿ ਮਨਾਏ । ਕਲਜੁਗ ਤੇਰਾ ਕਾਲਾ ਸੂਸਾ ਗਲੋਂ ਲਾਹ ਪਰੇ ਹਟਾਏ । ਮਿਟਦੇ ਜਾਣ ਈਸਾ ਮੂਸਾ ਜੋ ਰਹੇ ਡੰਕ ਵਜਾਏ । ਨਾ ਕੋਈ ਦਿਸੇ ਕੁਰਾਨ ਹਦੀਸਾ, ਨਾ ਕੋਈ ਮੁਲਾ ਸਬਕ ਪੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਆਪ ਜਣਾਏ । ਸਤਿਜੁਗ ਆਏ ਪਹਿਲੀ ਪੰਚਮ ਜੇਠ । ਪ੍ਰਭ ਫੜ ਫੜ ਭੰਨੇ ਚਾਰੋਂ ਤਰਫ ਵਡ ਵਡ ਸੇਠ । ਕੂੜੇ ਜੀਵ ਸਰਬ ਕੁੜਿਆਰ, ਆਪੇ ਭੰਨੇ ਕੌੜੇ ਰੇਠ । ਪੂਰਬ ਕਰਮ ਹਰਿ ਵਿਚਾਰ, ਸ੍ਰਿਸ਼ਟ ਸਬਾਈ ਪਾਵੇ ਸਾਰ, ਉਪਰ ਸਿੰਘ ਸਿੰਘਾਸਣ ਬੈਠ । ਸਾਚਾ

੪੭੪ ੦੩

ਹਰਿ ਕਰਮ ਕਮਾਏ, ਸਾਚਾ ਧਰਮ ਮਾਤ ਧਰਾਏ । ਕਲਜੁਗ ਬਾਣਾ ਗਲੋਂ ਲਾਹੇ । ਸਤਿਜੁਗ ਤੇਰਾ ਸਾਚਾ ਬਾਣਾ ਹਰਿ ਸਾਚਾ ਰਾਣਾ ਤਨ ਪਹਿਨਾਏ । ਗੁਰਮੁਖ ਸਾਚਾ ਸੁਘੜ ਸਿਆਣ ਕਰ ਧਿਆਨਾ, ਆਪਣੇ ਨਾਲ ਰਲਾਏ । ਸੱਚਾ ਦੇਵੇ ਸ਼ਬਦ ਬਬਾਣਾ, ਸੋਹੰ ਨਾਮ ਪੀਣਾ ਖਾਣਾ, ਭੁੱਖ ਹਰਿ ਸਰਬ ਮਿਟਾਏ । ਚਾਰੋਂ ਤਰਫ ਨਾ ਹੋਏ ਹੀਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਆਪੇ ਲਾਏ । ਸਾਚੇ ਸਿੱਖ ਲਏ ਉਪਜਾਏ । ਸਾਚਾ ਹੁਕਮ ਪਹਿਲੀ ਲਿਖਤ ਗੁਰਮੁਖ ਸਾਚੇ ਸੰਤ ਜਨੋ ਸੁਣੋ ਸਰਬ ਕੰਨ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪੇ ਆਪ ਰਹਾਏ । ਸਾਚਾ ਹੁਕਮ ਸਚ ਗੁਰ ਮੰਤਰ । ਸਰਬ ਜੀਆਂ ਹਰਿ ਜਾਣੇ ਅੰਤਰ । ਆਪ ਬਣਾਏ ਸਤਿਜੁਗ ਤੇਰੀ ਪੰਚਮ ਜੇਠ ਬਣਤਰ । ਸਾਚਾ ਖੰਡਾ ਕੰਡਾ ਹੱਥ ਉਠਾਏ, ਸੋਹੰ ਸਾਚਾ ਸ਼ਸਤਰ । ਗੁਰਮੁਖਾਂ ਹਰਿ ਹੁਕਮ ਸੁਣਾਏ, ਚਿੱਟੇ ਬਣਾਓ ਸਾਰੇ ਬਸਤਰ । ਬੇਮੁੱਖਾਂ ਹਰਿ ਬਿੰਨ੍ਹ ਵਖਾਏ, ਜਿਉਂ ਫੋੜਾ ਨਾਈ ਨਸਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ, ਸ਼ਬਦ ਸਰੂਪੀ ਜੰਗ ਕਰਾਏ, ਗੁਰਸਿਖ ਨਾ ਉਠਾਏ ਕੋਈ ਸ਼ਸਤਰ । ਗੁਰਸਿਖ ਚਿੱਟੇ ਬਾਣੇ ਲੈਣ ਬਣਾ । ਨੇਤਰ ਵੇਖ ਦੂਰੋਂ ਹਰਿ ਜੀ ਖ਼ੁਸ਼ੀਆਂ ਲਏ ਮਨਾ । ਸਤਿਜੁਗ ਤੇਰਾ ਵਕਤ ਸੁਹਾਏ ਪੰਚਮ ਜੇਠੀ ਜੇਠਾ ਪੁੱਤ ਗੁਰ ਸੰਗਤ ਲਏ ਬਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਗੀਤ ਸਤਿਜੁਗ ਤੇਰੀ ਸਾਚੀ ਰੀਤ, ਸ੍ਰਿਸ਼ਟ ਸਬਾਈ ਦਏ ਸੁਣਾ । ਸਾਚਾ ਬਾਣਾ ਪਾ ਕੇ ਆਉਣਾ । ਪ੍ਰਭ ਅਬਿਨਾਸ਼ੀ ਦਰਸ਼ਨ ਪਾਉਣਾ । ਖ਼ੁਸ਼ੀਆਂ ਨਾਲ ਦਿਨ ਮਨਾਉਣਾ । ਸੌਂ ਕੇ ਮੂਲ ਨਾ ਵਕਤ ਲੰਘਾਉਣਾ । ਸਾਚਾ ਸ਼ਬਦ ਸਚ ਗਿਆਨ ਸਚ ਧਿਆਨ ਇਕ ਰਖਾਉਂਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸਾਚਾ ਝੰਡਾ, ਆਪਣਾ ਆਪ ਝੁਲਾਉਣਾ । ਗੁਰਸਿਖ ਪਾਇਣ ਚਿੱਟੇ ਬਾਣੇ । ਹਰਿ ਸਾਚਾ ਸਾਚਾ ਸ਼ਾਹੋ ਵੇਖ ਖ਼ੁਸ਼ੀਆਂ ਮਾਣੇ । ਸੱਜੇ ਖੱਬੇ ਅੱਗੇ ਪਿੱਛੇ ਚਾਰੋਂ ਤਰਫ ਹਰਿ ਜੀ ਫਿਰਦਾ, ਫਿਰ ਖੜਾ ਰਹੇ ਸਰਹਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਵਿਚ ਮਾਤ ਆਪ ਪਛਾਣ ਪਵਾਏ ਚਿੱਟੇ ਬਾਣੇ । ਚਿੱਟੇ ਬਾਣੇ ਦਏ ਪਵਾ । ਸਾਚਾ ਖੇਲ ਲਏ ਵਰਤਾ । ਦੇਵੇ ਮਾਣ ਨਿਥਾਵਿਆਂ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਦੇਵੇ ਆਪਣੀ ਠੰਡੀ ਛਾਂ । ਪਹਿਲਾ ਬਾਣਾ ਹਰਿ ਜੀ ਪਾਏ । ਦੂਜਾ ਫੇਰ ਹੁਕਮ ਸੁਣਾਏ । ਸੰਤ ਮਨੀ ਸਿੰਘ ਤਨ ਛੁਹਾਏ । ਤੀਜਾ ਨੇਤਰ ਖੋਲ੍ਹ ਵਖਾਏ । ਗੁਰਸਿਖਾਂ ਦੀ ਵਾਰੀ ਆਏ । ਉਠੋ ਸਿੱਖੋ ਨੇਤਰ ਵੇਖੋ, ਦਰ ਘਰ ਸਾਚੇ ਹਰਿ ਜੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜਾ ਬਾਣਾ ਗੁਰਮੁਖ ਸਾਚੇ ਸਿੰਘ ਪ੍ਰੀਤਮ ਤਨ ਪਹਿਨਾਏ । ਚੌਥਾ ਬਾਣਾ ਹਰਿ ਉਠਾਏ । ਸਾਚਾ ਹੁਕਮ ਆਪ ਸੁਣਾਏ । ਸਿੰਘ ਬਿਸ਼ਨ ਹਰਿ ਦਏ ਵਡਿਆਏ । ਰੱਖੀ ਲਾਜ ਪਗ ਨਿਸ਼ਾਨਾ, ਕਿਰਪਾ ਫੇਰ ਕਰੇ ਰਘੁਰਾਏ । ਪੰਚਮ ਜੇਠ ਪੰਚਮ ਵਾਰੀ ਗੁਰਮੁਖ ਸਾਚੇ ਵੇਖ, ਆਪਣੀ ਹੱਥੀਂ ਆਪ ਵਡਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਤੇਜਾ ਸੋਇਆ ਮੋਇਆ ਆਪੇ ਲਏ ਜਗਾਏ । ਛੇਵਾਂ ਬਾਣਾ ਹਰਿ ਉਠਾਇਆ । ਸਾਚਾ ਰਾਣਾ ਦਇਆ ਕਮਾਇਆ । ਗਰੀਬ ਨਿਮਾਣਾ ਗਲੇ ਲਗਾਇਆ । ਸਿੰਘ ਇੰਦਰ ਦੇ ਤਨ ਪਹਿਨਾਇਆ । ਕਰਦਾ ਰਹੇ ਆਪਣੀ ਛਾਇਆ । ਆਪਣਾ ਭਾਣਾ ਆਪੇ ਜਾਣੇ । ਸਤਵਾਂ ਦੇਵੇ ਸਤਿ ਉਪਦੇਸ਼ । ਪ੍ਰਗਟ ਹੋਇਆ ਮਾਝੇ ਦੇਸ । ਜੋਤ ਸਰੂਪੀ ਕੀਆ ਵੇਸ । ਨਾ ਕੋਈ ਜਾਣੇ ਨਰ ਨਰੇਸ਼ । ਗੁਰਮੁਖ ਸਾਚੇ ਸੰਤ ਜਨ, ਸਿੰਘ ਪ੍ਰੇਮ ਤੇਰੇ ਤਨ ਪਹਿਨਾਣਾ । ਅਠਵਾਂ ਬਾਣਾ ਹਰਿ ਉਠਾ । ਦੂਜਾ ਹੁਕਮ ਦਏ ਸੁਣਾ । ਗੁਰਮੁਖ

੪੭੫ ੦੩

ਸਾਚੇ ਲਏ ਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੋਲਾ ਭਾਲਾ ਸਿੰਘ ਆਤਮਾ ਆਪਣੀ ਸਰਨ ਲਏ ਲਗਾ । ਨਾਵਾਂ ਬਾਣਾ ਨਾਵੇਂ ਦਰ । ਪ੍ਰਭ ਅਬਿਨਾਸ਼ੀ ਵੇਖੇ ਸਾਚਾ ਘਰ । ਗੁਰਮੁਖ ਸਾਚੇ ਸੰਤ ਜਨਾਂ ਦੇਵੇ ਕਿਰਪਾ ਕਰ । ਗੁਰਮੁਖ ਸਿੰਘ ਤੇਰੇ ਤਨ ਪਹਿਨਾਨਾ । ਕਰੇ ਚਤੁਰ ਸੁਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਰੰਗ ਰੰਗਾਨਾ । ਦਸਵਾਂ ਵੇਖੇ ਵੇਖ ਵਿਚਾਰੇ । ਕਿਥੇ ਬੈਠੇ ਸਿੱਖ ਪਿਆਰੇ । ਖਿਚ ਲਿਆਏ ਚਰਨ ਦਵਾਰੇ, ਪਾਲ ਸਿੰਘ ਹਰਿ ਮਾਣ ਦਵਾਣਾ । ਯਾਰਵਾਂ ਮਿਲਿਆ ਸੱਚਾ ਯਾਰ । ਨਿਹਕਲੰਕ ਨਰਾਇਣ ਨਰ ਅਵਤਾਰ । ਅੱਗੋਂ ਮਿਲਦਾ ਭੁਜਾ ਪਸਾਰ । ਦੇਵੇ ਸ਼ਬਦ ਸਾਚੀ ਧਾਰ । ਸਿੰਘ ਦਰਸ਼ਨ ਦੇਵੇ ਤਾਰ । ਬਣਿਆਂ ਰਹੇ ਲੇਖ ਲਿਖਾਰ । ਬਾਰਾਂ ਬਾਰਾਂ ਮਾਸ ਗੁਰਸਿਖ ਨਾ ਹੋਏ ਕਦੇ ਉਦਾਸ । ਪੂਰੀ ਕਰਦਾ ਰਹੇ ਆਸ । ਹੋਏ ਦੁੱਖੜਾ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁੱਲਾ ਰੁੱਲਾ ਡੁੱਲਾ ਗੁਰਸਿਖ ਗਲੇ ਲਏ ਲਗਾਇਆ, ਸਿੰਘ ਜੀਵਣ ਹੋਇਆ ਦਾਸ । ਤੇਰਾਂ ਤੇਰੀ ਹਰਿ ਵਡਿਆਈ । ਪੰਚਮ ਜੇਠ ਨੇੜੇ ਆਈ । ਅਚਰਜ ਖੇਲ ਹਰਿ ਵਰਤਾਈ । ਗੁਰਮੁਖ ਬੇਮੁਖਾਂ ਦੋਵੇਂ ਨਾਮ ਲਏ ਲਿਖਾਈ । ਸਚ ਦਰ ਦਵਾਰੇ ਅੱਗੇ ਖੜ੍ਹ, ਦੋਵੇਂ ਰਾਹ ਲਏ ਬਣਾਈ । ਗੁਰਮੁਖ ਅੰਦਰ ਜਾਣ ਵੜ, ਬੇਮੁੱਖ ਪਿਛੇ ਜਾਣ ਧੱਕੇ ਖਾਈ । ਸਿੰਘ ਠਾਕਰ ਖੜੇ ਪਹਿਰੇਦਾਰ, ਅੱਗੇ ਖੜ ਬਾਹੋਂ ਲਏ ਫੜ, ਮਦਿਰਾ ਮਾਸੀ ਕੋਈ ਅੱਗੇ ਲੰਘ ਨਾ ਜਾਈ । ਅੱਗੇ ਸਿੰਘ ਸਿੰਘਾਸਣ ਹਰਿ ਜੀ ਬੈਠੇ, ਉਪਰ ਚਿੱਟੀ ਚਾਦਰ ਵਿਛਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਚਾਰੋਂ ਤਰਫ ਦੇਵੇ ਲਕੀਰ ਲਗਾਈ । ਇਕੋ ਰਾਹ ਹਰਿ ਰਖਾਉਣਾ । ਗੁਰਸਿਖਾਂ ਸਿੱਧਾ ਅੱਗੇ ਆਉਣਾ । ਸਾਚਾ ਹੁਕਮ ਹਰਿ ਸੁਨਾਉਣਾ । ਚਰਨਾਂ ਉਪਰ ਹੱਥ ਸੀਸ ਦੋਵੇਂ ਝੁਕਾਉਣਾ । ਉਪਰ ਕਿਸੇ ਹੱਥ ਨਾ ਲਾਉਣਾ । ਦੱਸ ਮਤੀਂ ਹਰਿ ਸਾਚੇ ਆਪ ਸਮਝਾਉਣਾ । ਕਲਜੁਗ ਵੇਲਾ ਖਤਮ ਹੋਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਲ ਘਚੋਲ ਸਰਬ ਮੁਕਾਉਣਾ । ਚੌਦਾਂ ਵੇਖੇ ਚੌਦਾਂ ਲੋਕ । ਅੱਠੇ ਪਹਿਰ ਆਵੇ ਜਾਵੇ, ਨਾ ਸਕੇ ਕੋਈ ਰੋਕ । ਗੁਰਮੁਖ ਸਾਚੇ ਸੰਤ ਜਨ ਨੇਤਰ ਲੈਣਾ ਪੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣਾਏ ਪੰਚਮ ਸਲੋਕ । ਜੋ ਕਿਛ ਵਰਤਾਏ ਸਿੰਘ ਲਛਮਣ ਤੇਰੇ ਗੁਰ ਸੰਗਤ ਨਾਲ ਲਿਖਾਏ ਲੇਖ । ਪੰਚਮ ਜੇਠ ਤਖ਼ਤ ਬਣਾਉਣਾ । ਚਿੱਟਾ ਬਾਣਾ ਸਭ ਨੇ ਪਾਉਣਾ । ਚਾਰ ਕੁੰਟ ਗੁਰਮੁਖ ਸਾਚੇ ਆਪਣੀ ਹੱਥੀਂ ਛਤਰ ਝੁਲਾਉਣਾ । ਸਤਿਜੁਗ ਸਾਚਾ ਧਰਿਆ ਮਾਤ, ਪੰਚਮ ਜੇਠ ਤਿਲਕ ਲਗਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ੁਸ਼ੀ ਮਨਾਏ ਵਕਤ ਸੁਹਾਉਣਾ । ਮਿਟਿਆ ਕਲਜੁਗ ਝੂਠਾ ਭੇਖ, ਪੰਦਰਾਂ ਸੋਲਾਂ ਸਤਾਰਾਂ, ਗੁਰਮੁਖ ਚੁਣੇ ਵਿਚੋਂ ਲੱਖਾਂ ਤੇ ਹਜ਼ਾਰਾਂ । ਆਪ ਲਿਖਾਏ ਲੇਖ ਬਣ ਲਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਾਚੀ ਨਾਮ ਭਿਖ, ਜੋ ਮੰਗਣ ਸਚ ਦਵਾਰਾ । ਪੰਦਰਾਂ ਸੋਲਾਂ ਸਤਾਰਾਂ ਪ੍ਰਭ ਜਾਣੇ ਸਭ ਦੀਆਂ ਅੰਦਰਾ । ਵਿਚ ਵੜਿਆ ਬੈਠਾ ਡੂੰਘੀ ਕੰਦਰਾ । ਤੋੜੀ ਬੈਠਾ ਗੁਰਮੁਖਾਂ ਆਤਮ ਜੰਦਰਾ । ਭੇਖ ਮਿਟਉਂਦਾ ਜਾਏ, ਸ੍ਰਿਸ਼ਟ ਸਬਾਈ ਸੋਹੰ ਗੀਤ ਸੁਣਾਉਂਦਾ ਜਾਏ, ਉਚੇ ਟਿੱਲੇ ਨਿਵਾਉਂਦਾ ਜਾਏ, ਦਰ ਆਏ ਗੋਰਖ ਤੇ ਮਛੰਦਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਕੀ ਸਿੱਖਾਂ ਫੇਰ ਨਾਂ ਲਿਖਾਏ ਪੰਚਮ ਜੇਠ ਹਰਿ ਬੈਠ ਸਾਚੇ ਮੰਦਰਾ । ਲਿਖਾ ਲੇਖਾ ਲੇਖ ਉਨੀਂ । ਗੁਰਮੁਖ ਉਪਰ ਪ੍ਰਭ ਦੇਵੇ ਸੋਹੰ ਚੁੰਨੀ । ਬੇਮੁੱਖਾਂ ਦੀ ਚੋਟੀ ਮੁੰਨੀ । ਕਲਜੁਗ ਜੀਵ ਅੰਤਮ ਕਲਜੁਗ ਹੋਈ ਕਾਇਆ ਕੱਚੀ ਭੁੰਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾ ਸ੍ਰਿਸ਼ਟ ਸਬਾਈ ਵਿਚੋਂ ਆਪੇ ਛਾਣੇ


੪੭੬ ੦੩

ਛਾਣ ਕਰਾਏ ਆਪੇ ਰਿਹਾ ਪੁਣੀ । ਬੀਸ ਇਕੀਸ ਇਕੀਸ ਬੀਸ । ਦੋਹਾਂ ਦੀ ਨਾ ਕਰੇ ਕੋਈ ਰੀਸ । ਇਕ ਗੁਰ ਸੰਗਤ ਇਕ ਜਗਦੀਸ਼ । ਦੋਹਾਂ ਛਤਰ ਝੁੱਲੇ ਸੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੱਚਾ ਸ਼ਾਹੋ ਨਾ ਕੋਈ ਕਰੇ ਰੀਸ । ਸਾਚੇ ਹਰਿ ਤਖ਼ਤ ਬਰਾਜਣਾ । ਆਪੇ ਸਾਜੇ ਸ੍ਰਿਸ਼ਟ ਸਬਾਈ ਤੇਰੀ ਸਾਜਣਾ । ਦੂਰੋਂ ਨੇੜਿਉਂ ਖਿਚ ਲਿਆਏ, ਸ਼ਬਦ ਸਰੂਪੀ ਹੁਕਮ ਸੁਣਾਏ ਵਡ ਰਾਜ ਰਾਜਾਨਾ । ਆਪੇ ਬੈਠਾ ਮੁਖ ਛੁਪਾਏ, ਜੋ ਕਿਸੇ ਦਿਸ ਨਾ ਆਏ, ਆਪੇ ਵੇਖ ਵੇਖ ਵਖਾਏ, ਸਰਬ ਜੀਆਂ ਦੀ ਆਪੇ ਜਾਣੇ ਕਿਆ ਕੋਈ ਜੀਵ ਭੇਵ ਛੁਪਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਚਿੱਟੇ ਬਾਣੇ ਤਨ ਪਹਿਨਾਨਾ । ਗੁਰਸਿਖ ਸਾਚੇ ਜਾਣਾ ਜਾਗ । ਪ੍ਰਭ ਪਕੜੇ ਆਪਣੀ ਹੱਥੀਂ ਮਾਤ ਤੇਰੀ ਵਾਗ । ਹਰਿ ਸਰਬ ਕਲਾ ਸਮਰਥੀ, ਨਾ ਰਹਿਣ ਦੇਵੇ ਕੋਈ ਦਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਇਕ ਸੁਣਾਏ ਰਾਗ । ਸਚ ਸਿੰਘਾਸਣ ਕਰ ਤਿਆਰ । ਗੁਰਮੁਖ ਹੋਣਾ ਖਬਰਦਾਰ । ਖੜੇ ਰਹਿਣ ਚਾਰੋਂ ਤਰਫ ਚਾਰ ਚੁਫਾਰ । ਅੱਠੇ ਪਹਿਰ ਆਤਮ ਬੱਝੀ ਰਹੇ ਸੋਹੰ ਧਾਰ । ਬੇਮੁਖ ਕੋਈ ਹੱਥ ਨਾ ਲਾਏ, ਪ੍ਰਭ ਰਿਹਾ ਰਸਨ ਉਚਾਰ । ਸਾਚਾ ਸੱਚਾ ਦਰ ਦਵਾਰ ਆਪ ਬਣਾਏ, ਦੋਵੇਂ ਲੇਖ ਗੁਰਮੁਖ ਬੇਮੁਖ ਰਾਹ ਵਿਚ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ । ਗੁਰਮੁਖ ਆਓ ਅੰਦਰ ਵੜ । ਬੇਮੁਖ ਵੇਖੋ ਦੂਰ ਖੜ । ਸਾਚਾ ਡੰਡਾ ਏਥੇ ਲੱਗਾ, ਮਦਿਰਾ ਮਾਸੀ ਕੋਈ ਨਾ ਜਾਵੇ ਚੜ੍ਹ । ਸਾਚਾ ਝੰਡਾ ਏਥੇ ਲੱਗਾ, ਦੂਰ ਦੁਰਾਡੇ ਉਪਰ ਵੇਖੋ ਰਿਹਾ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਹੱਥੀਂ ਲਏ ਫੜ । ਗੁਰਮੁਖ ਸਾਚੇ ਹੋ ਹੁਸ਼ਿਆਰ । ਪ੍ਰਭ ਸ਼ਬਦ ਲਿਖਾਏ ਅਪਰ ਅਪਾਰ । ਆਪੇ ਜਾਣੇ ਆਪਣੀ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਵੇ ਆਪ ਭੁਗਤਾਵੇ ਆਪਣੀ ਕਾਰ । ਅਸ਼ਟਮ ਜੇਠ ਉਠ ਕਰ ਜਾਣਾ । ਵਿਚ ਖੇਤਾਂ ਡੇਰਾ ਲਾਣਾ । ਸਾਚਾ ਲੇਖ ਫੇਰ ਲਿਖਾਣਾ । ਹੀਰਾ ਘਾਟ ਚਰਨ ਛੁਹਾਣਾ । ਸਾਚਾ ਬੰਧ ਆਪ ਬੰਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਰ ਕਿਸੇ ਥਾਂ ਨਾ ਚਰਨ ਛੁਹਾਣਾ । ਸਿੱਧਾ ਜਾਏ ਸਾਚੇ ਥਾਂ । ਜਿਥੇ ਮਨੀ ਸਿੰਘ ਵਸਿਆ ਸੱਚਾ ਸ਼ਾਹ । ਸਾਚੇ ਫੁੱਲ ਹਰਿ ਮੰਗਵਾਏ, ਪਿੰਡ ਭੰਡਾਲ ਰਹਿਣ ਨਾ ਪਾਏ ਖੇਤੀਂ ਰੱਖੇ ਟਿਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੇਲਿਆਂ ਥੱਲੇ ਰੱਖੇ ਛੁਪਾ । ਸੰਤ ਮਨੀ ਸਿੰਘ ਤੇਰਾ ਪਾਉਣ ਜਾਣਾ ਮੁੱਲ । ਸ੍ਰਿਸ਼ਟ ਸਬਾਈ ਤਪਾਉਣ ਜਾਣਾ ਕਾਇਆ ਚੁੱਲ੍ਹ । ਹਰਿ ਰਘੁਰਾਈ ਏਕਾ ਏਕ ਸਦਾ ਆਪ ਅਤੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕਵਣ ਜਾਣੇ ਸਾਰੇ ਗਏ ਭੁੱਲ । ਸਾਚੀ ਬੰਨ੍ਹੇ ਧਾਰ ਹੁਕਮ ਸੁਣਾਇੰਦਾ । ਆਪੇ ਬਣੇ ਸੱਚੀ ਸਰਕਾਰ, ਸਾਚਾ ਰਾਹ ਵਖਾਇੰਦਾ । ਸਿੰਘ ਆਸਣ ਬੈਠ ਹਰਿ ਦਾਤਾਰ, ਗੁਰਮੁਖਾਂ ਇਹ ਸਮਝਾਇੰਦਾ । ਗੁਰਮੁਖ ਸਾਚੇ ਸੰਤ ਜਨੋ, ਹਰਿ ਦੇ ਪਿੱਛੇ ਹੋ ਨਾ ਸੀਸ ਛਤਰ ਕੋਇ ਝੁਲਾਇੰਦਾ । ਸੱਜੇ ਖੱਬੇ ਖੱਬੇ ਸੱਜੇ ਚਾਰੋਂ ਕੁੰਟ ਗੁਰਸਿਖ ਫੱਬੇ, ਫੇਰ ਹੱਥ ਹਿਲਾਇੰਦਾ । ਆਪੇ ਬੈਠੇ ਅੱਧਵਿਚਕਾਰ । ਜਿਸ ਦਾ ਦਿਸੇ ਨਾ ਕੋਈ ਕਿਨਾਰ । ਅੱਗਾ ਪਿੱਛਾ ਸੱਜਾ ਖੱਬਾ, ਚਾਰੇ ਤਰਫ ਪਾਉਂਦਾ ਰਹੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਸਾਚੀ ਬੰਨ੍ਹੇ ਧਾਰ । ਗੁਰਸਿਖ ਚਵਰ ਝੁਲਾਵੇ । ਇਕ ਹੱਥ ਕਦੀ ਨਾ ਲਾਵੇ । ਦੋਵੇਂ ਹੱਥੀਂ ਫੜ ਉਠਾਵੇ । ਹਉਮੇ ਮਮਤਾ ਮਾਣ ਗਵਾਵੇ । ਲੰਮੀ ਬਾਂਹ ਨਾ ਕੋਇ ਕਰਾਵੇ । ਗੁਰਸਿਖ ਪ੍ਰਭ ਪੂਰੇ ਤੇਰੇ ਸਿਰ ਉਤੇ ਨਾ ਕੋਈ ਹੱਥ ਫੈਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ

ਧਾਰਾ ਵਿਚ ਸੰਸਾਰਾ, ਅਪਰ ਅਪਾਰਾ ਆਪਣੀ ਆਪ ਬੰਧਾਵੇ । ਦੋਵੇਂ ਹੱਥ ਕਰਨਾ ਚਵਰ । ਸੀਸ ਉਪਰ ਆਪ ਉਡਾਣਾ, ਜਿਉਂ ਭੌਂਦੇ ਰਹਿਣ ਭਵਰ । ਚਾਰੋਂ ਤਰਫ ਸੱਜਣ ਗੁਰਮੁਖ ਸਾਚੇ ਸੰਤ ਜਨ ਵਿਚ ਬੈਠਾ ਗਹਿਰ ਗਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਸੁਣਾਏ, ਜਨ ਪੂਰੀ ਸੇਵ ਕਮਾਏ, ਮਾਨਸ ਜਨਮ ਜਾਏ ਸਵਰ । ਚਾਰ ਕੁੰਟ ਚਾਰੋਂ ਤਰਫ ਗੁਰਸਿਖ ਚਾਰ ਚੁਫੇਰੇ । ਪ੍ਰਭ ਅਬਿਨਾਸ਼ੀ ਆਪੇ ਜਾਏ ਗੁਰਸਿਖਾਂ ਦੇ ਘੇਰੇ । ਰਾਹ ਕੋਈ ਨਜ਼ਰ ਨਾ ਆਵੇ, ਨਾ ਕੋਈ ਕਰੇ ਹੇਰੇ ਫੇਰੇ । ਅੱਠੇ ਪਹਿਰ ਸੰਝ ਸਵੇਰੇ ਕਰੇ ਹੱਕ ਨਬੇੜੇ । ਆਵੇ ਜਾਵੇ ਵਾਰੋ ਵਾਰੇ । ਵਿਚ ਮਾਤ ਮਾਰੇ ਫੇਰੇ, ਮੁਕਾਏ ਜਗਤ ਝੇੜੇ । ਸਾਰੇ ਉਠ ਉਠ ਬੇਮੁਖ ਵੇਖਣ, ਹਰਿ ਵਸੇ ਕਿਹੜੇ ਖੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੀ ਆਤਮ ਵਸੇ ਜਿਸ ਦੇ ਖੁਲ੍ਹੇ ਵਿਹੜੇ । ਆਪੇ ਵੇਖੇ ਵਖਾਣੇ, ਸਰਬ ਘਟ ਵਾਸ ਰਖਾਇੰਦਾ । ਸਰਬ ਜੀਆਂ ਹਰਿ ਗਤ ਮਿਤ ਜਾਣੇ, ਨਾ ਕੋਈ ਭੇਵ ਰਖਾਇੰਦਾ । ਨਾ ਜਾਣੇ ਬੁੱਢੇ ਬਾਲ ਅੰਞਾਣੇ, ਅੰਦਰ ਬੈਠਾ ਲੇਖ ਲਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਹੋਰ ਕਿਸੇ ਦਿਸ ਨਾ ਆਇੰਦਾ । ਆਪੇ ਵੇਖੇ ਵੇਖ ਵਖਾਣੇ । ਤਣਦਾ ਰਹੇ ਸਾਰੇ ਤਾਣੇ । ਬਣਾਉਂਦਾ ਰਹੇ ਜੀਆਂ ਬਾਣੇ । ਲੱਖ ਚੁਰਾਸੀ ਖੇਲ ਭਗਵਾਨੇ । ਏਕਾ ਜੋਤੀ ਮੇਲ ਮਿਲਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨੇ । ਵਡ ਬਲੀ ਬਲਵਾਨ, ਬਲ ਹਰਿ ਧਾਰਿਆ । ਬਣਦਾ ਜਾਏ ਨੌਜਵਾਨ, ਸਾਲ ਦਸਵਾਂ ਖ਼ੁਸ਼ੀਆਂ ਨਾਲ ਲੰਘਾ ਰਿਹਾ । ਪੰਚਮ ਜੇਠ ਆਵੇ ਵਿਚ ਸੰਸਾਰ, ਗਿਆਰਵੇਂ ਸਾਲ ਹਰਿ ਪਹਿਲਾ ਚਰਨ ਟਿਕਾ ਰਿਹਾ । ਸ੍ਰਿਸ਼ਟ ਸਬਾਈ ਹੋਏ ਕੰਗਾਲ, ਗੁਰਸਿਖ ਲੱਭੇ ਸਾਚੇ ਲਾਲ, ਆਪੇ ਬਣਿਆ ਵਿਚ ਦਲਾਲ, ਵਿਚੋਲਾ ਹੋਰ ਨਾ ਕੋਈ ਰਖਾ ਰਿਹਾ । ਸੋਹੰ ਸ਼ਬਦ ਦੇਵੇ ਧਨ ਮਲ, ਆਪੇ ਲਏ ਸੁਰਤ ਸੰਭਾਲ, ਗੁਰਮੁਖ ਦਿਸੇ ਬਾਲ ਅੰਞਾਣ, ਪਰਦਾ ਉਹਲਾ ਆਪ ਹਟਾ ਰਿਹਾ । ਫੱਲ ਲਗਾਏ ਸਾਚੇ ਡਾਲ, ਗੁਰਮੁਖ ਸਾਚੇ ਸੰਤ ਜਨ ਲੱਗੀ ਪ੍ਰੀਤ ਨਿਭ ਗਈ ਨਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜੰਜਾਲ ਆਪ ਤੁੜਾ ਰਿਹਾ । ਜਗਤ ਜੰਜਾਲਾ ਗਿਆ ਤੁਟ । ਪ੍ਰਭ ਅਬਿਨਾਸ਼ੀ ਇਕ ਪਿਆਇਆ ਅੰਮ੍ਰਿਤ ਸਾਚਾ ਘੁੱਟ । ਗੁਰਮੁਖ ਸਾਚੇ ਸੰਤ ਸਾਚਾ ਲਾਹਾ ਲੈਣ ਲੁੱਟ । ਰਸਨਾ ਕਹਿਣ ਧੰਨ ਧੰਨ, ਸ਼ਬਦ ਸੁਣ ਸਾਚਾ ਕੰਨ, ਆਤਮ ਸਭ ਦਾ ਜਾਏ ਮੰਨ, ਮਿਲੇ ਭੰਡਾਰਾ ਅਤੁਟ । ਬੇਮੁਖਾਂ ਪ੍ਰਭ ਦਏ ਡੰਨ, ਆਤਮ ਕੱਢੇ ਝੂਠਾ ਜਨ, ਕਾਇਆ ਠੂਠਾ ਦੇਵੇ ਭੰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰਮ ਆਪ ਕਮਾਇਆ ਅਬਿਨਾਸ਼ੀ ਅਚੁਤ । ਸੋਹੰ ਸ਼ਬਦ ਤਿਖੀ ਧਾਰ । ਸੋਹੰ ਸ਼ਬਦ ਹਰਿ ਹੱਥ ਕਟਾਰ । ਸੋਹੰ ਸ਼ਬਦ ਹਰਿ ਮਿਆਨ ਵਿਚੋਂ ਕੀਨੀ ਬਾਹਰ । ਸੋਹੰ ਸ਼ਬਦ ਕਰ ਧਿਆਨ, ਸਤਿਜੁਗ ਹੋਏ ਜਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖਪਾਏ ਸਰਬ ਕਾਇਰ । ਸੋਹੰ ਸ਼ਬਦ ਸਾਚੀ ਢਾਲ । ਕਲਜੁਗ ਤੇਰਾ ਵਾਰ ਅੰਤਮ ਲਿਆ ਸੰਭਾਲ । ਪ੍ਰਭ ਅਬਿਨਾਸ਼ੀ ਕਿਰਪਾ ਕਰ ਸਤਿਜੁਗ ਸੋਇਆ ਲਿਆ ਉਠਾਲ । ਸਤਿਜੁਗ ਉਠਿਆ, ਹੱਥ ਪਾਏ ਸੋਹੰ ਮੁਠਿਆ, ਖਿਚੀ ਸ਼ਬਦ ਸੱਚੀ ਤਲਵਾਰ । ਕਲਜੁਗ ਵੇਖ ਅੱਗੋਂ ਰੁੱਠਿਆ, ਮੈਂ ਲੁੱਕਾ ਕਿਹੜੀ ਗੁੱਠਿਆ, ਪ੍ਰਭ ਟੰਗੇ ਕਰ ਕਰ ਪੁੱਠਿਆ, ਲੱਖ ਚੁਰਾਸੀ ਜੋ ਰੱਖੀ ਮਾਤ ਸੰਭਾਲ । ਸੋਹੰ ਸ਼ਬਦ ਤੀਰ ਸਾਚਾ ਛੁੱਟਿਆ, ਬੇਮੁਖਾਂ ਸੀਨਾਂ ਫੁੱਟਿਆ, ਜਗਤ ਜਹਾਨ ਨਾਤਾ ਤੁੱਟਿਆ, ਪ੍ਰਭ ਰਸਨਾ ਖਿਚੀ ਤੀਰ ਕਮਾਨ । ਕਲਜੁਗ ਚੋਗ ਨਿਖੁਟਿਆ, ਦੋਹੀਂ ਹੱਥੀਂ ਹਰਿ ਸਾਚੇ ਗਲ ਘੁੱਟਿਆ, ਖਾਲੀ ਹੱਥੀਂ ਜਗਤ ਜਹਾਨੋਂ ਗਿਆ ਪੁੱਟਿਆ, ਨਾ ਕਰਾਇਆ ਅੰਤਮ ਕਿਸੇ


੪੭੮ ੦੩

੪੭੯
੦੩

ਇਸ਼ਨਾਨ । ਸੋਹੰ ਸ਼ਬਦ ਲਗਾਏ ਸਾਚੇ ਬੂਟਿਆ, ਆਪੇ ਦਏ ਹੁਲਾਰਾ ਸੱਚਾ ਝੂਟਿਆ, ਕਿਰਪਾ ਕਰੇ ਹਰਿ ਮਿਹਰਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਤਿਜੁਗ ਦਿਤਾ ਸੱਚਾ ਦਾਨ । ਸੋਹੰ ਸ਼ਬਦ ਆਦਿ ਅੰਤ । ਜਪਦੇ ਆਏ ਸਾਧ ਸੰਤ । ਮੇਲ ਮਿਲਾਵਾ ਸਾਚੇ ਕੰਤ । ਸਾਚਾ ਦਾਅਵਾ ਗੁਰਮੁਖ ਸਾਚੇ ਸੰਗ ਹਰਿ ਭਗਵੰਤ । ਅੰਤਮ ਅੰਤ ਏਕਾ ਜੋਤੀ ਹੋਏ, ਬਣ ਗਈ ਸਾਚੀ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਵਾ ਸਾਚੇ ਕੰਤ । ਸਾਚਾ ਕੰਤ ਹਰਿ ਸੰਸਾਰਾ । ਗੁਰਮੁਖ ਸਾਚੇ ਕਰ ਵਿਚਾਰਾ । ਘਰ ਘਰ ਵੇਖੇ ਲਿਖਾਏ ਲੇਖੇ, ਜੋ ਜਨ ਆਏ ਚਲ ਦਵਾਰਾ । ਗੁਰਮੁਖ ਵਿਰਲਾ ਨੇਤਰ ਪੇਖੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਸੋਹੰ ਨਾਮ ਅਧਾਰਾ । ਸੋਹੰ ਨਾਮ ਨਿਧਾਨ ਗੁਰਮੁਖਾਂ ਦਾਤ ਹੈ । ਦੇਵੇ ਹਰਿ ਭਗਵਾਨ, ਲਿਆਇਆ ਧੁਰ ਦਰਗਾਹੋਂ ਸੱਚੀ ਇਕ ਸੁਗਾਤ ਹੈ । ਕਿਰਪਾ ਕੀਤੀ ਆਪ ਮਿਹਰਵਾਨ, ਕਲਜੁਗ ਅੰਤਮ ਗੁਰਸਿਖਾਂ ਨਾਲ ਕਰਾਈ ਮੁਲਾਕਾਤ ਹੈ । ਆਪ ਬਣਾਏ ਚਤੁਰ ਸੁਜਾਨ, ਸਤਿਜੁਗ ਸਾਚੇ ਰਸਨਾ ਹਰਿ ਚੇਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਏਕਾ ਸਾਚਾ ਕੰਤ ਹੈ । ਸੋਹੰ ਸ਼ਬਦ ਵਡ ਸਰਦਾਰ । ਗੁਰਮੁਖ ਸਾਚੇ ਸੰਤ ਜਨਾਂ ਸਦਾ ਕਰਦਾ ਰਹੇ ਪਿਆਰ । ਦੇਵੇ ਸਾਚਾ ਨਾਮ ਧਨਾ, ਰਸਨਾ ਕਰਾਏ ਸੱਚਾ ਵਣਜ ਵਪਾਰ । ਬੰਨ੍ਹੇ ਨਾਲ ਛੱਡਦਾ ਜਾਏ ਬੰਨ੍ਹਾ, ਗੁਰਮੁਖ ਬੇਮੁਖ ਦੋਵੇਂ ਖੜੇ ਹੋਣ ਜੇ ਇਕ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰ ਬੈਠ ਸਭ ਕੁਛ ਵੇਖੇ, ਨਾ ਕਰੇ ਕਿਸੇ ਹੁਦਾਰ । ਆਤਮ ਵੇਖੇ ਗੁਣ ਨਿਧਾਨ । ਵਾਹਵਾ ਸਾਚੀ ਕਰੇ ਪਛਾਣ । ਇਕੋ ਵੱਡਾ ਦਿਸੇ ਵਿਚ ਹਰਿ ਬਲੀ ਬਲਵਾਨ । ਪੰਜੇ ਚੋਰ ਜਿਸ ਕੋਲ ਵੱਡੇ ਵਡ ਸ਼ੈਤਾਨ । ਸ਼ਬਦ ਤੀਰ ਹਰਿ ਸਾਚਾ ਕਸੇ, ਮਾਰੇ ਖਿਚ ਬੇਮੁੱਖਾਂ ਆਤਮ ਬਾਣ । ਗੁਰਸਿਖਾਂ ਹਰਿ ਹਿਰਦੇ ਵਸੇ, ਦੇਵੇ ਜੋਤ ਮਹਾਨ । ਬੇਮੁਖ ਜੀਵ ਕਲਜੁਗ ਤੇਰੀ ਝੂਠੀ ਚੱਕੀ ਪੀਸੇ, ਹਰਿ ਰਸ ਨਾ ਰਸਨਾ ਗਾਣ । ਗੁਰਮੁਖਾਂ ਹਰਿ ਆਇਆ ਹਿੱਸੇ, ਪਹਿਲੀ ਮਾਘੀ ਪਹਿਲੀ ਵੰਡ ਕਰਾਣ । ਬੇਮੁਖਾਂ ਪ੍ਰਭ ਕਿਤੇ ਨਾ ਦਿਸੇ, ਮੰਦਰ ਮਸਜਿਦ ਸਾਰੇ ਵੇਖਣ ਬਗਲ ਫੜ ਕੁਰਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਰੁੱਤ ਸੁਹਾਈ, ਗੁਰਮੁਖ ਸਾਚੇ ਸੁੱਤ ਬਣਾਈ, ਜਾਮਾ ਧਾਰੇ ਸ੍ਰੀ ਭਗਵਾਨ । ਮਾਝੇ ਦੇਸ ਜੋਤ ਜਗਾਈ । ਗੁਰਮੁਖ ਸਾਚੇ ਆਪ ਉਠਾਈ । ਕਲਜੁਗ ਜੀਵ ਖਾਲੀ ਬੁੱਤ, ਅੰਤਮ ਖਾਕ ਮਿਲਾਈ । ਚਾਰੋਂ ਕੁੰਟ ਪਏ ਮੁਖ ਬੁੱਕ, ਨਾ ਹੋਏ ਕੋਈ ਸਹਾਈ । ਗੁਰਮੁਖ ਸਾਚੇ ਸੰਤ ਜਨ ਨਾ ਜਾਇਣ ਕਿਤੇ ਰੁੱਕ, ਪ੍ਰਭ ਦੇਵੇ ਪੰਧ ਚੜ੍ਹਾਈ । ਅੰਤਮ ਵੇਲਾ ਕਲਜੁਗ ਆਇਆ, ਦੂਈ ਦਵੈਤੀ ਪਰਦਾ ਗਿਆ ਚੁੱਕ । ਸਤਿਜੁਗ ਸਾਚਾ ਮਾਤ ਧਰਾਇਆ, ਕਲਜੁਗ ਹੋ ਗਿਆ ਗੁਟ । ਪੀ ਪੀ ਲਹੂ ਗਰੀਬ ਨਿਮਾਣਿਆਂ, ਵੱਡਾ ਭਾਰ ਰੱਖਿਆ ਚੁੱਕ । ਜਾਮਾ ਧਾਰੇ ਹਰਿ ਭਗਵਾਨਿਆਂ, ਬੇਮੁੱਖਾਂ ਅੰਤ ਖਪਾਏ ਆਪਣੀ ਹੱਥੀਂ ਕੁੱਟ ਕੁੱਟ ਕੁੱਟ । ਆਪਣੇ ਹੱਥ ਫੜ ਖੰਡਾ ਦੋ ਧਾਰ । ਸਿਰ ਧੜ ਧੜ ਸਿਰ ਦੋਵੇ ਦਏ ਉਤਾਰ । ਦਰ ਦਵਾਰੇ ਦੋਵੇਂ ਵੇਖਣ, ਇਕ ਦੂਜੇ ਨੂੰ ਨੇਤਰ ਪੇਖਣ, ਏਕਾ ਚਲੇ ਲਹੂ ਧਾਰ । ਮਿਹਣੇ ਮਾਰਨ ਕਰਨ ਸਿਆਪੇ, ਕਿਉਂ ਨਾ ਹਰਿ ਜੀ ਪਾਈ ਸਾਰ । ਅੰਤਮ ਸਹਾਈ ਕੋਈ ਨਾ ਜਾਪੇ, ਮਦਿਰਾ ਮਾਸੀ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸਦਾ ਸਹਾਰ । ਸਦਾ ਸਹਾਈ ਆਪੇ ਹਰਿ । ਗੁਰਮੁਖਾਂ ਦੇਵੇ ਸਾਚਾ ਵਰ । ਸੋਹੰ ਸਾਚਾ ਰਸਨਾ ਗਾਓ, ਚੁਕਾਓ ਜਮ ਕਾ ਡਰ । ਅਮਰਾਪਦ ਘਰ ਸਾਚੇ ਪਾਓ, ਨਾ ਜਾਓ ਕਦੇ ਮਰ । ਆਪ ਬਿਠਾਏ ਸਾਚੇ ਥਾਉਂ, ਜਿਥੇ ਵਸੇ

ਸਾਚਾ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਨਰ ਨਰਾਇਣ ਅੱਠੇ ਪਹਿਰ ਖੁਲ੍ਹੇ ਰਹਿਣ ਦਰ । ਖੁਲ੍ਹਾ ਰਹੇ ਦਵਾਰਾ, ਹਰਿ ਨਿਰੰਕਾਰ ਦਾ । ਦੂਰੋਂ ਵੇਖੇ ਮਾਰੇ ਵਾਜ਼ਾਂ, ਗੁਰਸਿਖਾਂ ਸਦਾ ਪੁਕਾਰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ, ਆਪ ਗਗਨ ਦੀਆਂ ਤਤਾ ਪਾੜੇ, ਉਤੋਂ ਹੇਠਾਂ ਝਾਤੀ ਮਾਰਦਾ । ਥੱਲੇ ਖੜੇ ਸਿੱਖ ਵਿਚਾਰੇ, ਦੋਏ ਜੋੜ ਕਰਨ ਨਿਮਸਕਾਰੇ, ਪ੍ਰਭ ਅਬਿਨਾਸ਼ੀ ਵੇਖ ਵਿਚਾਰੇ, ਜਾਮਾ ਮਾਤਲੋਕ ਵਿਚ ਧਾਰਦਾ । ਦਰ ਘਰ ਆਏ ਪਾਏ ਸਾਰੇ, ਸੋਹੰ ਦੇਵੇ ਨਾਮ ਅਧਾਰੇ, ਗੁਰਮੁਖ ਸਾਚੇ ਆਪੇ ਤਾਰੇ, ਭਰਮ ਭੁਲੇਖੇ ਸਰਬ ਨਿਵਾਰਦਾ । ਜਾਮਾ ਧਾਰ ਕਰੇ ਵਿਚਾਰ, ਗੁਰਮੁਖਾਂ ਪਾਏ ਆਪੇ ਸਾਰ, ਬੇਮੁਖਾਂ ਕਰੇ ਖੁਆਰ, ਦੇ ਦਰਸ ਮਿਟਾਵੇ ਭੁੱਖਾਂ, ਸੁਫਲ ਕਰਾਏ ਮਾਤ ਕੁੱਖਾਂ, ਜੋ ਜਨ ਚਰਨ ਨਿਮਸਕਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਆਪੇ ਚੁੱਕੀ ਫਿਰਦਾ ਭਾਰ, ਜਗਤ ਜਹਾਨ ਪਾਰ ਉਤਾਰਦਾ । ਗੁਰ ਸੰਗਤ ਤੇਰਾ ਚੁੱਕੇ ਭਾਰ । ਅੱਠੇ ਪਹਿਰ ਦਰ ਦਵਾਰ । ਖਲੋਤਾ ਹੋਇਆ ਪਹਿਰੇਦਾਰ । ਬੇਮੁਖ ਜੀਵ ਕਲਜੁਗ ਰੋਤਾ, ਨਾ ਕੋਈ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਗੁਰਸਿਖਾਂ ਰਿਹਾ ਕਰਮ ਵਿਚਾਰ । ਗਿਆਨ ਗੁਰੂ ਕੇ ਹੱਥ ਹੈ । ਕਰੇ ਧਿਆਨ ਸਰਬ ਸਮਰਥ ਹੈ । ਵਡ ਦਾਤਾ ਮਿਹਰਵਾਨ ਮਹਿੰਮਾ ਅਕਥਨਾ ਅਕੱਥ ਹੈ । ਮੂਰਖ ਮੁਗਧ ਗਵਾਰ ਕਰੇ ਚਤੁਰ ਸੁਜਾਨ ਜਿਸ ਸਿਰ ਧਰੇ ਪ੍ਰਭ ਹੱਥ ਹੈ । ਟੁੱਟੇ ਮਾਣ ਤਾਣ, ਸਾਚਾ ਸ਼ਬਦ ਕਰੇ ਪ੍ਰਵਾਨ, ਪ੍ਰਭ ਆਪ ਚੜ੍ਹਾਏ ਸਾਚੇ ਰਥ ਹੈ । ਮਿਲੇ ਸੱਚਾ ਇਕ ਨਿਸ਼ਾਨ, ਸਤਿਜੁਗ ਲੱਗਾ ਵਿਚ ਜਹਾਨ, ਕਲਜੁਗ ਭੱਜਾ ਬੇਈਮਾਨ, ਪ੍ਰਭ ਪਾਏ ਅੰਤਮ ਨੱਥ ਹੈ । ਗੁਰ ਪੂਰੇ ਸਦ ਕੁਰਬਾਨ, ਜਿਸ ਦਿਤਾ ਪੀਣ ਖਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁੱਲ ਕਦੇ ਨਾ ਜਾਈ ਹੈ । ਮਿਟੀ ਧੁੰਦ ਗੁਬਾਰ ਜਗਤ ਅੰਧੇਰ ਹੈ । ਫਿਟੀ ਬੁੱਧੀ ਨਾ ਪਾਏ ਸੁਧੀ, ਅੰਤ ਹੋਏ ਖੁਆਰ ਹੈ । ਉਛਲੀ ਕੁਦੀ ਬੇਮੁੱਖਾਂ ਨਾਲ ਕਰਦੀ ਰਹੀ ਯੁੱਧੀ, ਗੁਰਸਿਖਾਂ ਦਿਤੀ ਦਰ ਦੁਰਕਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਫੜਾਏ, ਨਾਮ ਡੰਡਾ ਸਚ ਚੜ੍ਹਾਏ ਗੁਰਸਿਖ ਰਹਿਣਾ ਖਬਰਦਾਰ ਹੈ । ਜਗਤ ਅੰਧੇਰਾ ਕੂੜ ਤੁਫਾਨ ਹੈ । ਬੇਮੁਖ ਮੂੜ ਹੋਇਆ ਸਰਬ ਜਹਾਨ ਹੈ । ਗੁਰਮੁਖ ਵਿਰਲੇ ਮਿਲੇ ਚਰਨ ਧੂੜ, ਕਰੇ ਸੱਚਾ ਇਸ਼ਨਾਨ ਹੈ । ਚੜ੍ਹਾਏ ਰੰਗ ਗੂੜ੍ਹ, ਹਰਿ ਸਾਚਾ ਵਾਲੀ ਦੋ ਜਹਾਨ ਹੈ । ਸ੍ਰਿਸ਼ਟ ਸਬਾਈ ਕੂੜੋ ਕੂੜ, ਨਾ ਸਕੇ ਕੋਈ ਵਖਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰੇ ਆਪ ਪਛਾਣ ਹੈ । ਆਪ ਪਛਾਣੇ ਕਰਮ ਵਿਚਾਰਿਆ । ਦਿਤਾ ਨਿਮਾਣਿਆਂ ਮਾਣ ਜਨਮ ਸਵਾਰਿਆ । ਸੋਹੰ ਸ਼ਬਦ ਸਾਚਾ ਰਸਨ ਵਖਾਨ, ਆਤਮ ਭਰਿਆ ਗੁਰਸਿਖ ਭੰਡਾਰਿਆ । ਧਰੇ ਜੋਤ ਹਰਿ ਭਗਵਾਨ, ਮਿਟਾਏ ਅੰਧ ਅੰਧੇਰ ਹੋਏ ਫੇਰ ਉਜਿਆਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰੀ ਘਨਕ ਕਲ ਜਾਮਾ ਧਾਰਿਆ । ਪੂਰੀ ਘਨਕ ਹਰਿ ਪੂਰੀ ਦੇਵੇ ਮੱਤ । ਸਤਿ ਸੰਤੋਖ ਤੇਰੀ ਝੋਲੀ ਪਾਏ, ਸੋਹੰ ਬੀਜ ਬਿਜਾਏ ਤੇਰੀ ਆਤਮ ਸਤਿ । ਸ਼ਬਦ ਡੋਲੀ ਇਕ ਬਣਾਏ, ਸਤਿਜੁਗ ਸਾਚੇ ਲਏ ਉਠਾਏ, ਗੁਰਮੁਖਾਂ ਦਵਾਰੇ ਦਏ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤਮ ਆਏ, ਗੁਰਮੁਖ ਸਾਚੇ ਲਏ ਉਠਾਏ, ਸਚ ਵਸਤ ਵਿਚ ਰੱਖ । ਕੂੜੀ ਕਿਰਿਆ ਕੂੜੀ ਨਾਰ ਹੈ । ਨਾ ਮਿਲਿਆ ਹਰਿ ਸੱਚਾ ਭਤਾਰ ਹੈ । ਕੂੜੀ ਕੂੜਾ ਕੀਤਾ ਕੰਮ, ਸੰਗ ਰਖਿਆ ਕਾਮ ਕਰੋਧ ਮੋਹ ਲੋਭ ਹੰਕਾਰ ਹੈ । ਅੰਤਮ ਥੋਥਾ ਹੋਇਆ ਚੰਮ, ਨਾ ਮਿਲੇ ਕੋਈ ਦਮ, ਨਾ ਕੋਈ ਕਰੇ ਵਣਜ ਵਪਾਰ ਹੈ । ਨੇਤਰ ਰੋਵੇ ਛੰਮ


੪੮੦ ੦੩

ਛੰਮ, ਮੈਂ ਕਿਹੜੇ ਕੀਤੇ ਕੰਮ, ਮੈਂ ਕਾਹਨੂੰ ਪਈ ਜੰਮ, ਦਿਤਾ ਹਰਿ ਵਿਸਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ ਨਾ ਕੀਤੀ ਆਪ ਵਿਚਾਰ ਹੈ । ਭੋਗ ਲਗਾਇਆ ਹਰਿ ਬਨਵਾਰੀ । ਕਿਰਪਾ ਕਰੀ, ਮੁਕੰਦ ਮਨੋਹਰ ਲਖ਼ਮੀ ਨਰਾਇਣ ਮੋਹਣ ਮਾਧਵ ਕ੍ਰਿਸ਼ਨ ਮੁਰਾਰੀ । ਗੁਰਸਿਖਾਂ ਆਸ ਪੂਰੀ ਕਰੀ, ਜੋ ਆਏ ਚਲ ਦਵਾਰੀ । ਹਉਮੇ ਚਿੰਤਾ ਰੋਗ ਸੋਗ ਹਰਿ ਦੂਰ ਕਰੀ ਪਾਵੇ ਆਤਮ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘਰ ਇਕ ਵਖਾਏ ਜਗੇ ਜੋਤ ਅਗੰਮ ਅਪਾਰੀ । ਲਗਾਇਆ ਭੋਗ ਰਸਨਾ ਚੱਖ । ਸਤਿਜੁਗ ਤੇਰਾ ਹਿੱਸਾ, ਪ੍ਰਭ ਆਪਣੇ ਅੰਦਰ ਰਿਹਾ ਰੱਖ । ਮਾਤਲੋਕ ਜਨਮ ਦਵਾਇਆ, ਕਲਜੁਗ ਲਾਉਂਦਾ ਝੂਠੇ ਭੱਖ । ਸੋਹੰ ਸ਼ਬਦ ਨਾਲ ਲਿਆਇਆ, ਗੁਰਮੁਖ ਵਿਰਲਾ ਪਾਏ ਗੁਰ ਦਰ ਆਏ ਲੱਖਾਂ ਵਿਚੋਂ ਹੋਏ ਵੱਖ । ਬੇਮੁੱਖ ਸਾਰੇ ਹੋਏ ਹਲਕਾਏ, ਸਾਚਾ ਜਾਮ ਨਾ ਕੋਈ ਪਿਆਏ, ਮਦਿਰਾ ਮਾਸੀ ਪੀ ਪੀ ਥੱਕੇ, ਅੰਤਮ ਗਏ ਅੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਸੋਹੰ ਸਾਚਾ ਸ਼ਬਦ ਖਵਾਏ, ਅੰਮ੍ਰਿਤ ਆਤਮ ਸੀਰ ਵਹਾਏ, ਦੂਰ ਦੁਰਾਡੇ ਜੋ ਬੈਠੇ ਰਹੇ ਤੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਅੰਤਮ ਅੰਤ ਵਿਚ ਮਾਤ ਲਏ ਰੱਖ । ਸਰਨ ਗੁਰਦੇਵ ਹੋਏ ਪ੍ਰਵਾਨ, ਚਰਨ ਧਿਆਨ ਕਰ । ਪੂਰ ਕਰਾਏ, ਸੋਹੰ ਸ਼ਬਦ ਖਵਾਏ ਮੇਵ, ਆਤਮ ਬ੍ਰਹਮ ਗਿਆਨ ਕਰ । ਹਰਿ ਜੋਤ ਜਗਾਏ ਵਡ ਦੇਵੀ ਦੇਵ, ਗੁਰਸਿਖ ਸਾਚੇ ਚਰਨ ਧੂੜ ਇਸ਼ਨਾਨ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ, ਸਾਚਾ ਹਰਿ ਜੋ ਜਨ ਆਏ ਦਰ, ਸਾਚਾ ਮੇਲ ਹਰਿ ਭਗਵਾਨ ਕਰ । ਦੂਰ ਨੇੜਾ ਹਰਿ ਨਾ ਜਾਣੇ । ਸਰਬ ਜੀਆਂ ਹਰਿ ਵੇਖ ਵਖਾਣੇ । ਆਸਣ ਬੈਠਾ ਤਾੜੀ ਲਾਏ, ਨਿਜ ਘਰ ਨਿਜ ਦਰ ਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨ ਕਰੇ ਸੁਘੜ ਸਿਆਣੇ, ਏਕਾ ਕਰੇ ਗੁਰ ਸੰਗਤ ਚਰਨ ਧਿਆਨ । ਆਪ ਚੁਕਾਏ ਜਮ ਕੀ ਕਾਨ । ਸਚ ਨਾਮ ਹਰਿ ਝੋਲੀ ਪਾਏ, ਮਿਟਾਵੇ ਆਵਣ ਜਾਣ । ਆਤਮ ਪੜਦੇ ਲਾਹੁੰਦਾ ਜਾਏ, ਗੁਣਵੰਤ ਗੁਣ ਨਿਧਾਨ । ਗੁਰ ਮਤ ਦੇ ਗੁਰਸਿਖ ਸਮਝਾਉਂਦਾ ਜਾਏ, ਮਦਿਰਾ ਮਾਸ ਨਾ ਕੋਈ ਖਾਏ, ਸਾਚੀ ਦਰਗਹਿ ਮਿਲਦਾ ਮਾਣ । ਅੰਮ੍ਰਿਤ ਆਤਮ ਪਿਆਉਂਦਾ ਜਾਏ, ਜੁਗਾਂ ਜੁਗਾਂ ਦੇ ਵਿਛੜੇ ਗੁਰ ਸੰਗਤ ਨਾਲ ਮਿਲਾਉਂਦਾ ਜਾਏ । ਗੁਰਮੁਖ ਸੋਏ ਸੰਤ ਜਨ ਬਾਹੋਂ ਪਕੜ ਉਠਾਏ ਗਲੇ ਲਗਾਉਂਦਾ ਜਾਏ । ਦੇਵੇ ਸਾਚਾ ਚਰਨ ਧਿਆਨ, ਬਾਹੋਂ ਫੜ ਕੇ ਰਾਹੇ ਪਾਉਂਦਾ ਜਾਏ । ਜਲ ਥਲ ਪਹਾੜ ਜੰਗਲ ਜੂਹ ਉਜਾੜ ਫੜ ਉਂਗਲੀ ਪਾਰ ਕਰਾਉਂਦਾ ਜਾਏ । ਚੌਗਿਰਦ ਰੱਖੇ ਸ਼ਬਦ ਵਾੜ, ਸ਼ਬਦ ਧਾੜ ਪਰ੍ਹੇ ਹਟਾਉਂਦਾ ਜਾਏ । ਆਪ ਲਗਾਇਆ ਸਚ ਅਖਾੜ, ਗੁਰ ਸੰਗਤ ਅੰਕ ਸਹੇਲੜੀਆਂ ਆਪਣੀਆਂ ਆਪ ਬਣਾਉਂਦਾ ਜਾਏ । ਹਰਿ ਵਸੇ ਇਕ ਇਕੱਲਾ ਅਕੇਲੜੀਆ, ਆਤਮ ਸੇਜਾ ਆਸਣ ਲਾਉਂਦਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਤੇਰਾ ਘਰ ਚਾਈਂ ਚਾਈਂ ਗਾਉਂਦਾ ਜਾਏ । ਚਾਈਂ ਚਾਈਂ ਗਾਉਂਦੇ ਜਾਣ । ਮਿਲ ਕੇ ਆਏ ਸਾਚੇ ਭਗਵਾਨ । ਜਿਸ ਨੇ ਦਿਤਾ ਨਾਮ ਨਿਧਾਨ । ਸੋਹੰ ਪਿਆਇਆ ਸਾਚਾ ਜਾਮ । ਜੂਠ ਝੂਠ ਮਿਟੇ ਸਰਬ ਨਿਸ਼ਾਨ । ਪੂਰਨ ਹੋਇਆ ਕਾਮ, ਪ੍ਰਗਟ ਹੋਇਆ ਵਾਲੀ ਦੋ ਜਹਾਨ । ਆਪ ਸੁਹਾਏ, ਗੁਰਸਿਖ ਤੇਰੀ ਆਤਮ ਸਾਚਾ ਧਾਮ । ਅੱਠੇ ਪਹਿਰ ਜੋਤ ਸਰੂਪੀ ਡਗਮਗਾਇਆ, ਏਕਾ ਸ਼ਬਦ ਸੁਣਾਏ ਕਾਨ । ਅਨਹਦ ਧੁਨ ਸ਼ਬਦ ਉਪਜਾਣਾ, ਨਾਮ ਦਾਤ ਦੇਵੇ ਵੱਡੀ ਖਾਨ । ਏਥੇ ਓਥੇ ਦੋਏ ਜਹਾਨੀ ਬਹਿ ਕੇ ਖਾਣ । ਸਾਚਾ ਦੇਵੇ ਨਾਮ ਸ਼ਬਦ ਬਬਾਣ ।

੪੮੧
੦੩

ਅੰਤਮ ਅੰਤ ਗੁਰਮੁਖ ਸਾਚੇ ਸੰਤ ਵਿਚ ਉਹਦੇ ਬਹਿ ਕੇ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਮੇਲ ਮਿਲਾਏ, ਗੁਰਸਿਖ ਗੁਰ ਇਕ ਜੋਤ ਬਣ ਜਾਏ, ਮਿਲੇ ਜੋਤ ਹਰਿ ਭਗਵਾਨ । ਇਕ ਦਵਾਰਾ ਸੱਚਾ ਰਾਹ । ਦੂਜਾ ਦਵਾਰਾ ਜਮ ਕਾ ਫਾਹ । ਇਕ ਦਵਾਰਾ ਮਿਲੇ ਸੱਚਾ ਥਾਂ । ਇਕ ਦਵਾਰਾ ਵਾਤ ਕੋਈ ਪੁੱਛੇ ਨਾ । ਇਕ ਦਵਾਰਾ ਅੰਮ੍ਰਿਤ ਮਿਲੇ ਸਾਚਾ ਸੀਰ, ਜਿਉਂ ਦੁੱਧ ਪਿਆਏ ਮਾਂ । ਇਕ ਦਵਾਰਾ ਸਾਰ ਕੋਈ ਨਾ ਪਾਏ, ਸੱਚੇ ਘਰ ਫਿਰਦੇ ਕਲਜੁਗ ਜੀਵ ਝੂਠੇ ਕਾਂ । ਇਕ ਦਵਾਰਾ ਅੱਠੇ ਪਹਿਰ ਰਹਿੰਦੀ ਠੰਡੀ ਛਾਂ । ਇਕ ਦਵਾਰਾ ਅੱਠੇ ਪਹਿਰ ਰਿਹਾ ਅਗਨ ਤਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬੇਮੁੱਖ ਦੋਵੇਂ ਚਲਾਏ ਬਹਾਏ ਆਪੋ ਆਪਣੇ ਥਾਂ । ਗੁਰਮੁਖ ਆਇਣ ਗੁਰ ਦਰਬਾਰ । ਬੇਮੁਖ ਦੂਰ ਤੱਕਣ ਖੜੇ ਬਾਹਰ । ਗੁਰਮੁਖ ਆਏ ਕਰੇ ਚਰਨ ਨਿਮਸਕਾਰ । ਬੇਮੁੱਖ ਵੇਖਣ ਹੱਸਣ ਪ੍ਰਭ ਬਣਾਏ ਗੁਆਰ । ਗੁਰਮੁਖ ਆਏ ਪ੍ਰਭ ਦੇਵੇ ਸ਼ਬਦ ਅਧਾਰ । ਬੇਮੁਖ ਜੂਠੇ ਝੂਠੇ ਦਰ ਦੇਵੇ ਦੁਰਕਾਰ । ਗੁਰਮੁਖ ਆਇਣ ਪ੍ਰਭ ਭਰੇ ਸ਼ਬਦ ਭੰਡਾਰ । ਕਲਜੁਗ ਜੀਵ ਚਾਰੇ ਪੱਲੂ ਖਾਲੀ ਗਏ ਝਾੜ । ਗੁਰਮੁਖ ਆਏ ਪ੍ਰਭ ਸ਼ਬਦ ਕਰਾਏ ਸਾਚੀ ਵਾੜ । ਬੇਮੁਖ ਜੀਵ ਕੱਚੇ ਬੇਰ, ਪ੍ਰਭ ਅਬਿਨਾਸ਼ੀ ਦੇਵੇ ਝਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬੇਮੁਖ ਦੋਵੇਂ ਆਪਣੇ ਆਪਣੇ ਘਰ ਦੋਹਾਂ ਦੇਵੇ ਵਾੜ । ਸਚ ਤਖ਼ਤ ਸੁਲਤਾਨ ਹਰਿ ਬਰਾਜਿਆ । ਕਲਜੁਗ ਤੇਰਾ ਜੂਠਾ ਝੂਠਾ ਵਾਜਾ ਵਾਜਿਆ । ਖੇਲ ਕਰੇ ਆਪ ਕਰਤਾਰ, ਜਿਸ ਤੇਰਾ ਸਾਜਨ ਸਾਜਿਆ । ਸ਼ਬਦ ਦੇਵੇ ਕਰਮ ਵਿਚਾਰ, ਅਤੁਲ ਅਡੁਲ ਗਰੀਬ ਨਿਵਾਜਿਆ । ਲੇਖ ਲਿਖੇ ਸੱਚੀ ਸਰਕਾਰ, ਜੋਤ ਧਾਰੇ ਵਿਚ ਦੇਸ ਮਾਝਿਆ । ਮਾਰੇ ਸ਼ਬਦ ਡਾਹਢੀ ਮਾਰ, ਬੇਮੁਖ ਤੇਰਾ ਕਿਸੇ ਨਾ ਪਰਦਾ ਕਾਜਿਆ । ਗੁਰਮੁਖਾਂ ਵੇਲੇ ਅੰਤ ਰੱਖੇ ਲਾਜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕ ਮਿਰਤੂ ਆਇਆ ਭਾਜਿਆ । ਮਿਰਤੂ ਲੋਕ ਮਿਰਤਕ ਲੋਥਾ । ਕਲਜੁਗ ਜੀਵ ਝੂਠੀ ਕਾਇਆ ਭਾਂਡਾ ਥੋਥਾ । ਪੰਡਤ ਪੜ੍ਹਨ ਗਿਆਨ, ਗਿਆਨੀ ਕਰ ਧਿਆਨ, ਜੂਠਾ ਝੂਠਾ ਬੋਲਣ ਬੋਲ ਸਾਚਾ ਰਾਹ ਕਿਸੇ ਹੱਥ ਨਾ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਸਮਾਇਆ, ਆਪ ਕਰਾਏ ਕਾਇਆ ਮਿਤਰਕ ਲੋਥਾ । ਜੁਗਤ ਜਗਤ ਪ੍ਰਭ ਹਥ ਕਰਮ ਵਿਚਾਰਦਾ । ਜੁਗਤ ਜਗਤ ਸ਼ਬਦ ਰਥ ਹਰਿ ਨਿਰੰਕਾਰ ਦਾ । ਜੁਗਤ ਜਗਤ ਗੁਰਮੁਖਾਂ ਦੇਵੇ ਨਾਮ ਵੱਥ, ਵਡ ਕਿਰਪਾ ਹਰਿ ਤਾਰਦਾ । ਜੁਗਤ ਜਗਤ ਬੇਮੁਖਾਂ ਪਾਵੇ ਨੱਥ, ਭਾਂਡਾ ਭੰਨੇ ਹੰਕਾਰ ਦਾ । ਜੁਗਤ ਜਗਤ ਕਰੇ ਆਪ ਸਮਰਥ, ਆਦਿ ਅੰਤ ਜੁਗਾ ਜੁਗੰਤ ਪੂਰਬ ਕਰਮ ਸਰਬ ਵਿਚਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰਦਾ । ਜੁਗਤ ਜਗਤ ਹਰਿ ਜਣਾਏ । ਜੁਗਤ ਜਗਤ ਹਰਿ ਆਪ ਬਣਾਏ । ਜੁਗਤ ਜਗਤ ਹਰਿ ਲਿਖਾਏ । ਲਿਖਿਆ ਲੇਖ ਜਾਏ ਭੁਗਤ, ਨਾ ਕੋਇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਰਿਹਾ ਲਿਖਾਏ । ਘਨਕਪੁਰ ਵਾਸੀ ਤੇਰੀ ਬੇਪਰਵਾਹੀਆ । ਚਾਰੋਂ ਕੁੰਟ ਉਠ ਉਠ ਵੇਖਣ, ਕਰਦਾ ਜਾਏ ਸਰਬ ਸਫਾਈਆ । ਗੁਰਸਿਖ ਲੈਣਾ ਵੇਖ, ਪੁੱਤਰਾਂ ਛੱਡਣਾ ਮਾਈਆਂ । ਪ੍ਰਭ ਜੋਤ ਸਰੂਪੀ ਧਾਰੇ ਭੇਖ, ਆਪ ਭੁਲਾਏ ਜਾਂਦਿਆ ਰਾਹੀਆਂ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਉਚੀ ਕੂਕਣ ਦੇਣ ਦੁਹਾਈਆ । ਧੁਰਦਰਗਾਹੀ ਸਾਚਾ ਮਾਹੀ ਮਾਝੇ ਦੇਸ ਲਾਏ ਮੇਖ ਨਾ ਸਕੇ ਕੋਇ ਹਿਲਾਈਆ । ਸਾਚਾ ਲੇਖ ਸਚ ਲਿਖਾਏ, ਬੇਮੁਖਾਂ ਪਾਏ ਫਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਬੇਪਰਵਾਹੀਆ । ਸੂਰਬੀਰ ਸੁਲਤਾਨ ਹਰਿ ਨਿਰੰਕਾਰ,

ਜੋਤ ਸਰੂਪੀ ਧਾਰੇ ਭੇਖ ਹਰਿ ਭਗਵਾਨ । ਕਰੇ ਆਪਣੀ ਸਾਚੀ ਕਾਰ, ਸ੍ਰਿਸ਼ਟ ਸਬਾਈ ਹੋਈ ਨਿਧਾਨ । ਨਾ ਪਾਵੇ ਕੋਈ ਸਾਰ, ਗੁਰਮੁਖ ਸਾਚੇ ਹੋਏ ਨੌਜਵਾਨ । ਪ੍ਰਭ ਉਤੋਂ ਦੇਵੇ ਸ਼ਬਦ ਹੁਲਾਰਾ, ਆਪ ਬਿਠਾਏ ਵਿਚ ਬਬਾਨ । ਦੇਵੇ ਹਰਿ ਸੱਚੀ ਉਡਾਨ । ਸੱਚਾ ਨਾਮ ਪੀਣ ਖਾਣ । ਤ੍ਰਿਸ਼ਨਾ ਭੁੱਖ ਸਰਬ ਮਿਟਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸਾਚਾ ਹਰਿ, ਵਾਲੀ ਦੋ ਜਹਾਨ । ਵਾਲੀ ਦੋ ਜਹਾਨ ਸਰਬ ਵਿਚਾਰਦਾ । ਵਕਤ ਸੁਹਾਇਆ ਆਣ, ਕਲਜੁਗ ਜੂਠੇ ਝੂਠੇ ਬੇਈਮਾਨ ਦਾ । ਸ਼ਬਦ ਲਗਾਇਆ ਬਾਣ ਤੋੜੇ ਸਰਬ ਮਾਣ, ਬੇੜਾ ਡੋਬੇ ਬੇਮੁੱਖਾਂ ਵਕਤ ਚੁਕਾਏ ਪੀਣ ਖਾਣ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਸ੍ਰਿਸ਼ਟ ਸਬਾਈ ਪੁਣ ਛਾਣ ਦਾ । ਧਾਰੇ ਭੇਖ ਹਰਿ ਦਾਤਾਰ । ਸਾਚੀ ਕਰੇ ਆਪੇ ਕਾਰ । ਏਕਾ ਸ਼ਬਦ ਰੱਖੇ ਦੋ ਧਾਰ । ਸ੍ਰਿਸ਼ਟ ਸਬਾਈ ਆਪ ਕਰੇ ਆਰ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਈ ਕਰੇ ਰੁਸ਼ਨਾਈ ਵਿਚ ਸਰਬ ਸੰਸਾਰ । ਸਰਬ ਸੰਸਾਰ ਹਰਿ ਦਾਤਾਰ ਆਪ ਭੁਲਾਇਆ । ਵੇਖੇ ਵਿਗਸੇ ਕਰੇ ਵਿਚਾਰ, ਜੋਤ ਸਰੂਪੀ ਖੇਲ ਰਚਾਇਆ । ਨਾ ਫੜੇ ਹੱਥ ਕਟਾਰ, ਸ੍ਰਿਸ਼ਟ ਸਬਾਈ ਮਾਰੇ ਡਾਹਢੀ ਮਾਰ, ਸ਼ਬਦ ਖੰਡਾ ਏਕਾ ਹੱਥ ਉਠਾਇਆ । ਪਾਉਂਦਾ ਜਾਏ ਸਭ ਦੀਆਂ ਵੰਡਾਂ ਵਿਚ ਨਵਖੰਡਾਂ, ਪਹਿਲੀ ਮਾਘੀ ਪਹਿਲਾ ਹਿੱਸਾ ਅੱਡ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਲਾਡ ਲਡਾਇਆ । ਪਹਿਲੀ ਮਾਘੀ ਵੰਡ ਕਰਾ ਕੇ । ਸਾਚਾ ਹੁਕਮ ਧੁਰ ਦਰਗਾਹੀ ਆਪਣਾ ਆਪ ਸੁਣਾ ਕੇ । ਗਲ ਵਿਚ ਪਾਉਂਦਾ ਜਾਏ ਫਾਹੀ, ਸ਼ਬਦ ਸਰੂਪੀ ਸਾਚਾ ਸ਼ਬਦ ਲਿਖਾ ਕੇ । ਗੁਰਸਿਖਾਂ ਪਕੜੇ ਬਾਹੀਂ, ਘਰ ਆਏ ਚਾਈਂ ਚਾਈਂ, ਜੋਤ ਸਰੂਪੀ ਜਾਮਾ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪਣਾ ਆਪ ਲਿਖਾਏ ਪੰਚਮ ਜੇਠ ਸਾਚੀ ਜੋਤ ਜਗਾ ਕੇ । ਪੰਚਮ ਜੇਠ ਸਚ ਵਿਹਾਰਾ । ਕਰੇ ਆਪਣਾ ਆਪ ਕਰਤਾਰਾ । ਜਗੇ ਜੋਤ ਅਗੰਮ ਅਪਾਰਾ । ਸਾਧਾਂ ਸੰਤਾਂ ਪਾਵੇ ਸਾਰਾ । ਖਿਚ ਲਿਆਏ ਚਰਨ ਦਵਾਰਾ । ਏਕਾ ਨਾਮ ਜੋਤ ਲਾਏ ਬੱਤੀ, ਗੁਰਸਿਖ ਤੈਨੂੰ ਵਾ ਨਾ ਲੱਗੇ ਤਤੀ, ਸਾਚਾ ਹਰਿ ਦਰ ਬੁਲਾਏ ਦੇਵੇ ਸਾਚੀ ਮੱਤੀ, ਕਰੇ ਖੇਲ ਅਪਰ ਅਪਾਰਾ । ਆਪ ਬੰਨ੍ਹਾਏ ਚਰਨ ਨਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਿਸਾਏ, ਦੂਈ ਦਵੈਤੀ ਪਰਦਾ ਲਾਹੇ, ਆਤਮ ਖੋਲ੍ਹ ਵਖਾਏ ਇਕ ਦਵਾਰਾ । ਹਰਿ ਹਰਿ ਹਰਿ ਵੇਖ ਵਿਚਾਰਦਾ । ਕਿਰਪਾ ਕਰ ਕਰ ਗੁਰਮੁਖ ਸਾਚੇ ਤਾਰਦਾ । ਖਿਚ ਲਿਆਏ ਦਰ, ਆਤਮ ਦੇਵੇ ਰੰਗ ਸਚ ਪਿਆਰ ਦਾ । ਹਰਿ ਘਰ ਹਰਿ ਸਮਾਵੰਦਾ । ਹਰਿ ਘਰ ਹਰਿ ਦਰ ਆਪਣਾ ਆਪ ਖੁਲ੍ਹਾਵੰਦਾ । ਹਰਿ ਘਰ ਵਸੇ ਨਰ, ਜੋਤੀ ਜੋਤ ਜਗਾਵੰਦਾ । ਹਰਿ ਘਰ ਚੁੱਕੇ ਡਰ, ਭਾਂਡਾ ਭਓ ਭੰਨਾਵੰਦਾ । ਹਰਿ ਘਰ ਅੰਮ੍ਰਿਤ ਸਰ ਸਚ ਤੀਰਥ ਇਸ਼ਨਾਨ ਕਰਾਵੰਦਾ । ਹਰਿ ਘਰ ਗੁਰਮੁਖ ਸਾਚੇ ਲੈਣਾ ਵਰ, ਲੱਖ ਚੁਰਾਸੀ ਗੇੜ ਚੁਕਾਵੰਦਾ । ਹਰਿ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਆਪ ਬਣਾਵੰਦਾ । ਹਰਿ ਘਰ ਆਤਮ ਵਾਸ । ਹਰਿ ਘਰ ਗੁਰਸਿਖ ਸਾਚੇ ਤੇਰੇ ਘਟ ਘਟ ਵਾਸ । ਹਰਿ ਘਰ ਗੁਰਸਿਖ ਸਾਚੇ ਵੇਖ ਪ੍ਰਭ ਅਬਿਨਸ਼ੀ ਜੋਤ ਸਰੂਪ ਅੱਠੇ ਪਹਿਰ ਪਾਉਂਦਾ ਰਾਸ । ਹਰਿ ਘਰ ਸਾਚਾ ਦਰ ਕਰੇ ਬੰਦ ਖੁਲਾਸ । ਹਰਿ ਘਰ ਨਾ ਆਵੇ ਡਰ, ਪੰਜਾਂ ਚੋਰਾਂ ਕਰੇ ਨਾਸ । ਹਰਿ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਸਦ ਰੱਖ ਮਿਲਣ ਦੀ ਆਸ । ਹਰਿ ਘਰ ਆਤਮ ਤਾਕੀ । ਕਲਜੁਗ ਅੰਤਮ ਗੁਰਸਿਖ ਸਾਚੇ ਨਿਹਕਲੰਕ ਚੁਕਾਏ ਤੇਰੀ ਬਾਕੀ । ਪੰਜ ਚੋਰ ਕੱਢੇ ਬਾਹਰ,

ਕੋਈ ਨਾ ਰਹੇ ਆਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਘਰ ਜੋਤ ਸਰੂਪੀ ਜਾਮਾ ਪਾਇਆ, ਕੋਈ ਨਾ ਜਾਣੇ ਬੰਦਾ ਖ਼ਾਕੀ । ਹਰਿ ਘਰ ਸੱਚਾ ਅਸਥਾਨ । ਹਰਿ ਘਰ ਗੁਰਮੁਖ ਸਾਚੇ ਜਾਣ । ਹਰਿ ਘਰ ਹਰਿ ਜੋਤ ਸਰੂਪੀ ਪਵਣ ਮਸਾਣ । ਹਰਿ ਘਰ ਪ੍ਰਭ ਏਕਾ ਏਕ ਰਖਾਏ ਸ਼ਬਦ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਦਰ ਸ੍ਰੀ ਭਗਵਾਨ । ਆਤਮ ਦਰ ਡੂੰਘੀ ਕੰਦਰ । ਗੁਰਸਿਖ ਤੇਰੀ ਕਾਇਆ ਅੰਦਰ ਬਣਿਆ ਸਾਚਾ ਮੰਦਰ । ਚੁਪ ਚੁਪੀਤਾ ਅੰਦਰ ਵੜਿਆ ਬੈਠਾ ਮਾਰੇ ਜੰਦਰ । ਬੇਮੁਖ ਜੀਵ ਚਾਰੋਂ ਕੁੰਟ ਭੌਂਦੇ ਬੰਦਰ । ਸਾਚਾ ਰਾਹ ਕਿਤੋਂ ਹੱਥ ਨਾ ਆਏ ਮੂੰਡ ਮੁੰਡਾਏ ਉਚੇ ਟਿੱਲੇ ਬੈਠੇ ਗੋਰਖ ਤੇ ਮਛੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸਾਚਾ ਹਰਿ, ਗੁਰਮੁਖ ਤੇਰਾ ਖੋਲ੍ਹੇ ਆਤਮ ਦਰ, ਬੈਠਾ ਰਹੇ ਤੇਰੀ ਕਾਇਆ ਸਾਚੇ ਮੰਦਰ । ਹਰਿ ਘਰ ਗੁਰਸਿਖ ਤੇਰਾ ਤਨ । ਪ੍ਰਭ ਬੰਨ੍ਹ ਲਿਆਏ ਆਪਣੇ ਚਰਨ ਕੱਢੇ ਝੂਠਾ ਜਨ । ਸ਼ਬਦ ਸਰੂਪੀ ਬਾਣ ਲਗਾਏ, ਭਾਂਡਾ ਭਰਮ ਦੇਵੇ ਭੰਨ । ਏਕਾ ਆਪਣੀ ਆਣ ਰਖਾਏ, ਨੌਂ ਖੰਡ ਪ੍ਰਿਥਮੀ ਕੋਈ ਨਾ ਸਕੇ ਤੈਨੂੰ ਡੰਨ । ਉਪਰ ਆਪਣਾ ਹੱਥ ਟਿਕਾਏ, ਚੌਦਾਂ ਲੋਕ ਥੱਲੇ ਰੱਖੇ ਬੰਨ੍ਹ । ਬ੍ਰਹਮਾ ਵਿਸ਼ਨ ਮਹੇਸ਼ ਖੜੇ ਗੁਰਸਿਖ ਤੈਨੂੰ ਵੇਖ ਕਹਿਣ ਧੰਨ ਧੰਨ । ਪ੍ਰਭ ਅਬਿਨਾਸ਼ੀ ਤੇਰੀ ਬਾਹੋਂ ਫੜੇ, ਸਚਖੰਡ ਦਰ ਦਵਾਰੇ ਅੱਗੇ ਖੜ੍ਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਡੰਡਾ ਹੱਥ ਉਠਾਇਆ, ਬੇਮੁੱਖਾਂ ਮਾਰੇ ਆਤਮ ਅੰਨ੍ਹ । ਸ਼ਬਦ ਡੰਡਾ ਹੱਥ ਹਥੌੜਾ । ਬੇਮੁਖ ਕੋਈ ਨਾ ਚੜ੍ਹੇ ਸਾਚਾ ਪੌੜਾ । ਗੁਰਮੁਖ ਸਾਚਾ ਆਵੇ ਚਰਨ ਦੌੜਾ । ਪਹਿਲੀ ਮਾਘ ਵਿਸ਼ਨੂੰ ਭਗਵਾਨ, ਤੰਗ ਕਸਾਇਆ , ਪੰਚਮ ਜੇਠ ਪ੍ਰਭ ਅਬਿਨਾਸ਼ੀ ਚੜ੍ਹੇ ਚਿੱਟੇ ਅਸਵ ਸਾਚੇ ਘੋੜਾ । ਸਾਚੇ ਅਸਵ ਹੋ ਅਸਵਾਰ । ਤਿੰਨਾਂ ਲੋਕਾਂ ਪਾਵੇ ਸਾਰ । ਕਦੇ ਅੰਦਰ ਕਦੇ ਬਾਹਰ । ਚਾਰੋਂ ਤਰਫ ਏਕਾ ਧਾਰ । ਜੋਤ ਸਰੂਪੀ ਹਰਿ ਨਿਰੰਕਾਰ । ਮਾਰੀ ਜਾਵੇ ਡਾਹਢੀ ਮਾਰ । ਸੁਟਦਾ ਜਾਏ ਮੂੰਹ ਦੇ ਭਾਰ । ਨੌਂ ਖੰਡ ਪ੍ਰਿਥਮੀ ਹੋਏ ਖਵਾਰ । ਕਲਜੁਗ ਜੀਵ ਭੁਲੇ ਹਰਿ ਨਿਰੰਕਾਰ । ਮਦਿਰਾ ਮਾਸੀ ਆਤਮ ਡੁੱਲੇ ਰੁੱਲੇ ਭੁੱਲੇ, ਲੱਗੀ ਅੱਗ ਇਕ ਕਾਇਆ ਕੁੱਲੇ, ਬਲਦਾ ਰਹੇ ਇਕ ਅੰਗਿਆਰ । ਕਿਸੇ ਅੱਗ ਨਾ ਦਿਸੇ ਚੁਲ੍ਹੇ, ਪ੍ਰਭ ਸ਼ਬਦ ਡੰਡਾ ਹੱਥ ਫੜਿਆ ਸਿਰ ਤੋਂ ਲਾਹੁੰਦਾ ਫਿਰਦਾ ਵਡ ਵਡ ਬੱਧੇ ਕੁੱਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਹੜਾ ਜਾਣੇ ਤੇਰੀ ਧਾਰ ਹਰਿ ਵਿਹਾਰ । ਮੁਲਾਂ ਮੁਲਾਣੇ ਲੈਣੇ ਢਾਹ । ਸ਼ਬਦ ਸਰੂਪੀ ਪਾਏ ਫਾਹ । ਪੰਚਮ ਜੇਠ ਸ਼ਬਦ ਲਿਆਏ ਪਹਿਲੀ ਹਾੜ ਲੈਣੇ ਉਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਫੜਾਏ ਆਪਣੀ ਬਾਂਹ । ਆਪਣੀ ਬਾਂਹ ਆਪ ਫੜਾਏ । ਕਲਜੁਗ ਵੇਲਾ ਨੇੜੇ ਆਏ । ਦੂਸਰ ਕੋਈ ਨਾਹੀ ਥਾਂਏ । ਸ਼ਬਦ ਸਰੂਪੀ ਸਾਚਾ ਸ਼ਬਦ ਲਿਖਾਏ । ਅਠਸਠ ਤੀਰਥ ਨਾ ਹੋਏ ਕੋਈ ਸਹਾਏ । ਪਹਿਲਾ ਚਰਨ ਆਪ ਉਠਾਇਆ, ਮਦੀਨੇ ਮੱਕੇ ਵੇਖੋ ਕਿਵੇਂ ਢਾਹੇ । ਧਰਮ ਰਾਏ ਅੱਧ ਵਿਚ ਬੈਠਾ ਰਾਹ ਸਾਚਾ ਤੱਕੇ, ਕਿਹੜੇ ਰਾਹ ਹਰਿ ਜੀ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਹ ਵਾਹ ਸਾਚਾ ਬਾਣਾ ਆਪਣੇ ਤਨ ਪਹਿਨਾਏ । ਗੁਰਸਿਖਾਂ ਸੰਗ ਰਲਾਏ । ਨੌਂ ਖੰਡ ਦੇਵੇ ਵੰਡ । ਸੰਤ ਦੀਪ ਸਚ ਵਿਚਾਰ ਆਪ ਕਰਾਏ ਬੇਮੁਖਾਂ ਆਤਮ ਰੰਡ । ਹੋਏ ਦੁਹਾਗਣ ਨਾਰ, ਜੋਤ ਧਰ ਹਰਿ ਭੇਵ ਛੁਪਾਇਆ, ਇਕ ਰਖਾਈ ਬੇਮੁਖਾਂ ਵਲ ਕੰਡ । ਰੰਗ ਰੂਪ ਸ਼ਾਹ ਭੂਪ ਕਿਸੇ ਦਿਸੇ ਨਾ ਆਇਆ, ਗੁਰਸਿਖਾਂ ਹਿੱਸੇ ਆਈ ਸਾਚੀ ਵੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਗੁਰਮੁਖ ਸਾਚੇ ਸੰਤ ਜਨੋ ਤੁਹਾਡੀ ਦੁੱਖਾਂ ਵਾਲੀ ਸਿਰ ਆਪਣੇ ਪੰਡ । ਮਾਤਲੋਕ ਨਾ ਦੁੱਖ ਵਿਚਾਰੋ ।

ਲੱਖ ਚੁਰਾਸੀ ਵਿਚੋਂ ਦੇਹ ਮਨੁੱਖ ਵਡ ਸੰਸਾਰੋ । ਬੇਮੁੱਖਾਂ ਆਤਮ ਕਾਇਆ ਰਹੇ ਦੁੱਖ, ਨਾ ਮਿਲੇ ਹਰਿ ਭਤਾਰੋ । ਗੁਰਸਿਖ ਸਾਚੇ ਤੇਰੀ ਆਤਮ ਸਾਚਾ ਸੁੱਖ, ਜਗਾਏ ਜੋਤ ਹਰਿ ਕਿਰਪਾ ਕਰ ਅਗੰਮ ਅਪਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੇ ਆਤਮ ਦਰ ਦਵਾਰ ਖਲੋਤਾ ਸਾਚੇ ਘਰ ਹਰਿ ਵਿਚਾਰੋ । ਸਾਚਾ ਹਰਿ ਗੁਰ ਸੰਗਤ ਸੇਵਾਦਾਰ । ਮਾਤਲੋਕ ਅੰਤਮ ਕਲ ਆਇਆ ਜਾਮਾ ਧਾਰ । ਪੰਚਮ ਜੇਠ ਕਰ ਪ੍ਰਕਾਸ਼, ਕਰੇ ਸਚ ਵਿਹਾਰ । ਜਨ ਭਗਤਾਂ ਬਣ ਜਾਏ ਆਪੇ ਦਾਸ, ਦੇਵੇ ਨਾਮ ਸੱਚਾ ਅਧਾਰ । ਅੱਠੇ ਪਹਿਰ ਹਰਿ ਹਿਰਦੇ ਵਸੇ, ਗੁਰਸਿਖ ਨਾ ਹੋਏ ਤੇਰੀ ਕਾਇਆ ਵਿਚੋਂ ਕਦੇ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਨੇੜੇ ਆਈ ਹੋਣ ਵਾਲਾ ਚਿੱਟੇ ਅਸਵ ਦਾ ਅਸਵਾਰ । ਚਿੱਟਾ ਅਸਵ ਹਰਿ ਮੰਗਵਾਇਆ । ਦੱਖਣ ਦਿਸ਼ਾ ਆਪਣੇ ਦਰ ਬਹਾਇਆ । ਗੁਰਸਿਖਾਂ ਉਤਾਰੇ ਤ੍ਰਿਖਾ ਭੁੱਖਾਂ, ਵੇਲਾ ਅੰਤਮ ਨੇੜੇ ਆਇਆ । ਸਾਚਾ ਲੇਖ ਪ੍ਰਭ ਸਾਚੇ ਲਿਖਾ, ਜੁਗਾਂ ਜੁਗਾਂ ਦੇ ਵਿਛੜੇ ਕਲਜੁਗ ਅੰਤਮ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਸਾਚੇ ਸੀਸ ਦੋਹੀਂ ਹੱਥੀਂ ਰਿਹਾ ਛਤਰ ਝੁਲਾਇਆ । ਦੋਹੀਂ ਹੱਥੀਂ ਹਰਿ ਛਤਰ ਝੁਲਾਵੇ । ਗੁਰਸਿਖਾਂ ਰਿਹਾ ਬਣਤ ਬਣਾਏ, ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜ ਗੁਰਮੁਖ ਸਾਚੇ ਸਚ ਘਰ ਹਰਿ ਲੈ ਜਾਏ । ਆਓ ਦਰ ਪੰਚਮ ਜੇਠ ਨੇੜੇ ਆਈ, ਸਾਚਾ ਰੰਗ ਹਰਿ ਵਖਾਏ । ਗੁਰਮੁਖਾਂ ਲਏ ਪਰਦੇ ਕੱਜ, ਬੇਮੁਖਾਂ ਸਿਰ ਛਾਰ ਦੋਹੀਂ ਹੱਥੀਂ ਪਾਏ । ਗੁਰਸਿਖਾਂ ਪਿਆਏ ਅੰਮ੍ਰਿਤ ਗੁਰਮੁਖ ਪੀਣ ਰੱਜ, ਬੇਮੁਖ ਜੂਠੇ ਝੂਠੇ ਸਾਚੇ ਦਰ ਦੁਰਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਣਾ ਸਾਚਾ ਬਾਣਾ ਆਪਣੇ ਤਨ ਛੁਹਾਏ, ਗੁਰ ਸੰਗਤ ਨਾਲ ਰਲਾਏ । ਕਲਜੁਗ ਮਿਟਦਾ ਜਾਏ ਨਿਸ਼ਾਨ । ਸਤਿਜੁਗ ਹੁੰਦਾ ਜਾਏ ਜਵਾਨ । ਕਲਜੁਗ ਚੁੱਕਦੀ ਜਾਏ ਕਾਨ । ਸਤਿਜੁਗ ਵਧਦੀ ਜਾਏ ਸ਼ਾਨ । ਕਲਜੁਗ ਮੁਕਦਾ ਜਾਏ ਮਾਣ ਤਾਨ । ਸਤਿਜੁਗ ਬਣਦਾ ਜਾਏ ਚਤੁਰ ਸੁਜਾਨ । ਕਲਜੁਗ ਰੁਲਦਾ ਜਾਏ ਵਿਚ ਜਹਾਨ । ਸਤਿਜੁਗ ਫਲਦਾ ਫੁਲਦਾ ਆਏ ਵਿਚ ਸ਼ਬਦ ਬਬਾਣ । ਕਲਜੁਗ ਝੂਠੇ ਤੋਲ ਤੁਲਦਾ, ਨਾ ਪੂਰੀ ਹੋਈ ਖਾਣ । ਸਤਿਜੁਗ ਸਚ ਭੰਡਾਰਾ ਖੁਲ੍ਹਦਾ, ਨਿਹਕਲੰਕ ਧਰੇ ਜੋਤ ਬਲੀ ਬਲਵਾਨ । ਕਲਜੁਗ ਖਾਧਾ ਪੀਤਾ ਛੁੱਟਦਾ, ਵੱਜੇ ਸ਼ਬਦ ਸੱਚਾ ਬਾਣ । ਸਤਿਜੁਗ ਸਾਚੇ ਸਾਚੀ ਦਿਸ਼ਾ ਹਰਿ ਸਾਚੇ ਦਿਸਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਕਲਜੁਗ ਭਇਆ ਅੰਧ ਅੰਧਿਆਰਾ । ਸਤਿਜੁਗ ਲੱਗਾ ਪਹਿਲੀ ਮਾਘੀ ਵਿਚ ਮਾਤ ਕਰੇ ਉਜਿਆਰਾ । ਕਲਜੁਗ ਜੂਠਾ ਝੂਠਾ ਢਾਹਿਆ ਦੋ ਹੱਥੀਂ, ਆਪ ਬਣਿਆ ਝੂਠਾ ਮਹੱਲ ਮੁਨਾਰਾ । ਸਤਿਜੁਗ ਸਾਚਾ ਮਾਤ ਧਰਾਇਆ, ਖੋਲ੍ਹਿਆ ਸੱਚਾ ਇਕ ਦਵਰਾ । ਕਲਜੁਗ ਝੂਠਾ ਬਾਹੋਂ ਪਕੜ ਪ੍ਰਭ ਅਬਿਨਾਸ਼ੀ ਵਿਚੋਂ ਮਾਤ ਕੀਆ ਬਾਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਵਿਚ ਮਾਤ ਜਨਮ ਦਵਾਰਾ । ਕਲਜੁਗ ਤੇਰਾ ਭਰਿਆ ਪੂਰ । ਸਤਿਜੁਗ ਉਤੋਂ ਰਿਹਾ ਘੂਰ । ਕਲਜੁਗ ਘਰ ਸਾਚੇ ਵਿਚੋਂ ਹੋ ਜਾ ਦੂਰ । ਸਤਿਜੁਗ ਸਾਚੇ ਮਿਲੀ ਸਾਚੀ ਦਾਤ, ਸੋਹੰ ਸ਼ਬਦ ਡੰਡਾ ਕਰੇ ਚੂਰੋ ਚੂਰ । ਕਲਜੁਗ ਬੇਮੁੱਖ ਜੀਵਾਂ ਆਤਮ ਕੀਨੀ ਰੰਡ, ਲੱਖ ਚੁਰਾਸੀ ਭਰਿਆ ਇਕ ਗਰੂਰ । ਸਤਿਜੁਗ ਸਾਚਾ ਆਇਆ ਧਰਾਇਆ ਵਿਚ ਨੌਂ ਖੰਡ, ਕਰ ਕਿਰਪਾ ਹਰਿ ਦਾਤੇ ਵਡ ਸੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੂਠੇ ਝੂਠੇ ਮਾਇਆ ਲੂਠੇ, ਬੇਮੁੱਖ ਜੀਵ ਪ੍ਰਭ ਸਾਚੇ ਤੋਂ ਰੂਠੇ, ਬੇੜਾ ਡੋਬੇ ਪਹਿਲੇ ਪੂਰ । ਕਲਜੁਗ ਕੂੜਾ ਕੂੜ ਕੁੜਿਆਰੀ । ਸਤਿਜੁਗ ਆਇਆ ਵਿਚ ਮਾਤ ਵਟਾਏ ਚਾਰ ਯਾਰੀ । ਕਲਜੁਗ ਅੰਤਮ ਅੰਤ ਹੋਏ

੪੮੫ ੦੩

ਮਾਤ ਖੁਆਰੀ । ਸਤਿਜੁਗ ਸਾਚਾ ਇਕ ਵਸਤ ਸਾਚੀ ਨਾਲ ਲੈ ਆਇਆ ਸ਼ਬਦ ਕਟਾਰੀ । ਕਲਜੁਗ ਵੇਲਾ ਵਕਤ ਹਰਿ ਚੁਕਾਇਆ ਨਾ ਸਕੇ ਕੋਇ ਖਲ੍ਹਾਰੀ । ਸਤਿਜੁਗ ਸਾਚੇ ਹਰਿ ਮਾਤ ਜਨਮ ਦਵਾਇਆ, ਕਿਰਪਾ ਕਰ ਵਡੇ ਬਲਕਾਰੀ । ਕਲਜੁਗ ਸਤਿਜੁਗ ਦੋਹਾਂ ਕਰੇ ਨਬੇੜਾ । ਸਾਚਾ ਕਰਮ ਹਰਿ ਕਮਾਏ ਇਕ ਵਸਾਏ ਗੁਰਸਿਖ ਆਤਮ ਲਗਾ ਖੇੜਾ । ਚਾਰ ਕੁੰਟ ਸ੍ਰਿਸ਼ਟ ਸਬਾਈ ਆਪ ਹਿਲਾਏ, ਕਰ ਕਰ ਹੇਰਾ ਫੇਰਾ । ਕਲਜੁਗ ਵੇਲਾ ਅੰਤਮ ਨੇੜੇ ਆਏ, ਨਾ ਲੱਗੇ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਇਆ ਕਮਾਏ, ਗੁਰਮੁਖਾਂ ਆਤਮ ਅੰਧੇਰ ਮਿਟਾਏ ਇਕ ਕਰਾਏ ਸੰਵ ਸਵੇਰਾ । ਸੰਵ ਸਵੇਰਾ ਸੁਹੰਵਣੀ ਰਾਤ । ਗੁਰਸਿਖ ਸਾਚੇ ਸੰਤ ਜਨ ਬਣਨ ਇਕ ਸੱਚੀ ਬਰਾਤ । ਜੋਤ ਸਰੂਪੀ ਜਾਮਾ ਧਰ, ਸੋਹੰ ਸ਼ਬਦ ਚਾਰ ਚੁਫੇਰੇ ਤਨਣੀ ਇਕ ਕਨਾਤ । ਸਾਚਾ ਦੇਣਾ ਪਹਿਲਾ ਵਰ, ਵਿਚ ਮਾਤ ਬਣਾਉਣੀ ਗੁਰ ਸੰਗਤ ਸੱਚੀ ਇਕ ਜਮਾਤ । ਆਪਣਾ ਹੱਥ ਸਿਰ ਰਖਾਉਣਾ, ਲੇਖੇ ਲਾਉਣਾ ਮਾਨਸ ਜਨਮ ਜੋ ਪਾਇਆ ਵਿਚ ਲੱਖ ਚੁਰਾਸੀ ਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਗਾਤ ਲਿਆਏ ਗੁਰ ਸੰਗਤ ਆਪ ਵਰਤਾਏ ਸੋਹੰ ਸ਼ਬਦ ਸਾਚੀ ਦਾਤ । ਸੋਹੰ ਸ਼ਬਦ ਵਡ ਭੰਡਾਰਾ । ਦੇਵਣਹਾਰ ਹਰਿ ਨਿਰੰਕਾਰਾ । ਕਲਜੁਗ ਅੰਤਮ ਕਰੇ ਖੇਲ ਅਪਰ ਅਪਾਰਾ । ਸਤਿਜੁਗ ਤੇਰੀ ਬੰਨ੍ਹੇ ਸਾਚੀ ਧਾਰਾ । ਗੁਰਮੁਖ ਸਾਚੇ ਸੰਤ ਜਨਾਂ ਹਰਿ ਝੋਲੀ ਪਾਏ ਜੋ ਮੰਗਣ ਆਇਣ ਸੱਚਾ ਇਕ ਦਵਾਰਾ । ਏਕਾ ਰੰਗਣ ਨਾਮ ਸਚ ਚੜ੍ਹਾਏ, ਨਾ ਉਤਰੇ ਨਾ ਫੇਰ ਕੋਈ ਚੜ੍ਹਾਏ ਦੂਜੀ ਵਾਰਾ । ਸੋਹੰ ਸ਼ਬਦ ਕੰਗਣ ਤਨ ਪਹਿਨਾਏ, ਨਾ ਘੜੇ ਕੋਈ ਸੁਨਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਇਕੋ ਜਾਣੋ ਸਚ ਭਤਾਰਾ । ਸੱਚਾ ਨਾਮ ਦਏ ਵਰਤਾ । ਪੰਚਮ ਜੇਠ ਚਿੱਟੇ ਅਸਵ ਉਤੇ ਆਸਣ ਲਾ । ਸਾਚਾ ਕਰਮ ਹਰਿ ਕਰਾਉਣਾ ਗੁਰਸਿਖ ਮਸਤਕ ਤਿਲਕ ਲਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮੱਤ ਆਪ ਸਮਝਾਉਣਾ, ਸਾਚੇ ਮਾਰਗ ਲਾਉਣਾ ਸਾਚੇ ਬਾਣੇ ਲਓ ਬਣਾ । ਪਹਿਲੋਂ ਬਾਣਾ ਇਕ ਬਣਾਉਣਾ । ਸਾਢੇ ਤਿੰਨ ਹੱਥ ਨਾਪ ਰਖਾਉਣਾ । ਸੋਲਾਂ ਤਣੀਆਂ ਨਾਲ ਗੁੰਦਾਉਣਾ । ਪ੍ਰਭ ਅਬਿਨਾਸ਼ੀ ਗਲ ਵਿਚ ਪਾਉਣਾ । ਮਿਟਾਵੇ ਭੇਵ ਹਰਿ ਸਾਚਾ, ਤਿੰਨਾਂ ਲੋਕਾਂ ਆਪ ਖੁਲ੍ਹਾਉਣਾ । ਚੌਦਾਂ ਲੋਕ ਜੋ ਹੱਟ ਖੁਲ੍ਹਾਏ ਗੁਰਸਿਖਾਂ ਵਿਚ ਬਹਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦਿਵਸ ਰੈਣ ਅੱਠੇ ਪਹਿਰ ਉਡਾਏ ਜੋਤ ਸਰੂਪੀ ਸ਼ਬਦ ਪਵਣਾ । ਸਾਚਾ ਸ਼ਬਦ ਸਾਚਾ ਬਾਣਾ । ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਅਬਿਨਾਸ਼ੀ ਤਨ ਪਹਿਨਾਣਾ । ਸਾਚਾ ਦੇਵੇ ਨਾਮ ਧੰਨਾ, ਬਣਾਏ ਸੁਘੜ ਸਿਆਣਾ । ਆਤਮ ਕੱਢੇ ਸਭ ਜਨਾਂ, ਦੇਵੇ ਸ਼ਬਦ ਗਿਆਨਾ । ਭਾਂਡਾ ਭਰਮ ਭਉ ਸਭ ਭੰਨਾ, ਕਰੇ ਪ੍ਰਕਾਸ਼ ਕੋਟਨ ਭਾਨਾ । ਸੋਹੰ ਸ਼ਬਦ ਰਾਗ ਸੁਣਾਏ ਸਚ ਕੰਨਾਂ, ਤੋੜੇ ਆਤਮ ਸਰਬ ਅਭਿਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਜਾਣੀ ਜਾਨਾ । ਜਾਣੀ ਜਾਣ ਹਰਿ ਨਿਰੰਕਾਰ । ਅੰਦਰ ਬਾਹਰ ਦੂਰ ਦੁਰਾਡਾ ਰਿਹਾ ਕਰਮ ਵਿਚਾਰ । ਕਾਇਆ ਤਨ ਮਾਸ ਹਾਡੀ ਹਾਡੇ ਸਰਬ ਘਟਾਂ ਹਰਿ ਵਸੇ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪਣਾ ਆਪ ਦੱਸੇ, ਗੁਰਮੁਖ ਕਰਨਾ ਸਚ ਵਿਹਾਰ । ਸਚ ਵਿਹਾਰ ਗੁਰ ਸੰਗਤ ਕਰੇ । ਪ੍ਰਭ ਅਬਿਨਾਸ਼ੀ ਜੋਤ ਮਾਝੇ ਦੇਸ ਧਰੇ । ਪੰਚਮ ਜੇਠ ਚਾਰੇ ਵੇਸ ਜੋਤ ਸਰੂਪੀ ਹਰਿ ਦਸਮੇਸ਼ ਨਰ ਨਰੇਸ਼ ਸਿੰਘਆਸਣ ਬੈਠ ਕਰੇ । ਜਗੇ ਜੋਤ ਆਦਿ ਅੰਤ ਜੁਗਾ ਜੁਗੰਤਰੇ । ਲੋਕਮਾਤ ਹਮੇਸ਼ ਵਸੇ ਇਕ ਸਾਚੇ ਘਰੇ । ਪ੍ਰਭ ਅਬਿਨਾਸ਼ੀ ਸਾਚਾ ਸਚ ਅਵਲੜਾ ਇਕ


੪੮੬
੦੩

ਇਕੱਲੜਾ ਸਾਚਾ ਦੇਸ ਖੁਲ੍ਹੇ ਰਹਿਣ ਸਦ ਦਰੇ । ਜੋ ਜਨ ਪ੍ਰਭ ਚਰਨ ਪਾਏ ਗਲ ਪਲੜਾ, ਪ੍ਰਭ ਅਬਿਨਾਸ਼ੀ ਕਿਰਪਾ ਕਰ ਪੰਚਮ ਜੇਠ ਗੁਰਸਿਖ ਸਾਚੀ ਨਾਰੀ ਆਪੇ ਆਣ ਵਰੇ । ਆਤਮ ਦਰ ਦਰ ਸਾਚਾ ਖਲੜਾ, ਗੁਰਸਿਖ ਇਕ ਵਾਰ ਪੁਕਾਰ ਆ ਜਾ ਕੰਤ ਘਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਜਾ ਆਸਣ ਲਾਏ ਗੁਰਸਿਖ ਤੇਰੀ ਆਤਮ ਸੇਜਾ ਨਰ ਹਰਿ ਨਰ ਹਰੇ । ਆਤਮ ਸੇਜਾ ਕਰੇ ਵਸੇਰਾ । ਆਪ ਚੁਕਾਏ ਹੇਰਾ ਫੇਰਾ ਮੇਰਾ ਤੇਰਾ । ਗੁਰਸਿਖ ਆਪੇ ਤਾਰੇ ਕਰ ਕੇ ਆਪਣੀ ਮਿਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਅੰਤਮ ਜੋਤ ਪ੍ਰਗਟਾਏ, ਤਿੰਨ ਜੁਗ ਨਾ ਮਾਰੇ ਫੇਰਾ । ਤਿੰਨ ਜੁਗ ਜਾਣ ਬੀਤ । ਤ੍ਰੈਲੋਕੀ ਕਰੇ ਭੈ ਭੀਤ । ਨਿਹਕਲੰਕ ਜਾਮਾ ਧਾਰ, ਫੇਰ ਚਲਾਏ ਉਲਟੀ ਰੀਤ । ਚਾਰੋਂ ਕੁੰਟ ਢਾਹੁੰਦਾ ਫਿਰੇ ਗੁਰਦਵਾਰੇ ਮੰਦਰ ਨਾਲ ਮਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਲੱਖ ਚੁਰਾਸੀ ਜਾਣੀ ਜੀਤ । ਲੱਖ ਚੁਰਾਸੀ ਲੈਣੀ ਜਿੱਤ । ਨਿਹਕਲੰਕ ਜਗ ਵੇਖ ਏਕਾ ਕਰਨਾ ਸਾਚਾ ਹਿੱਤ । ਮਾਤਲੋਕ ਹਰਿ ਜੋਤ ਪ੍ਰਗਟਾਏ, ਜਨ ਭਗਤਾਂ ਵਿਚ ਮਾਤ ਕੁਰਲਾਏ, ਆਉਂਦਾ ਰਹੇ ਨਿਤ ਨਵਿਤ । ਜੋਤ ਸਰੂਪੀ ਜਾਮਾ ਧਾਰੇ, ਕਲਜੁਗ ਜੀਵ ਅੰਧ ਕਾਣੇ ਨਾ ਕੋਈ ਜਾਣੇ ਵਾਰ ਥਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਗਏ ਬੀਤ ਜੁਗ ਕਿਤ । ਕੇਤੇ ਜੁਗ ਗਏ ਬੀਤ । ਨਾ ਕੋਈ ਜਾਣੇ ਪ੍ਰਭ ਸਾਚਾ ਕਿਹੜੀ ਚਲਾਏ ਆਪਣੀ ਰੀਤ । ਵੇਦ ਪੁਰਾਨ ਅੰਜ਼ੀਲ ਕੁਰਾਨ ਖਾਣੀ ਬਾਣੀ ਬ੍ਰਹਮ ਗਿਆਨੀ ਨਾ ਕੋਈ ਜਾਣੇ ਨਾ ਕੋਈ ਪਰਖੇ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤਮ ਲਿਆਇਆ, ਗੁਰ ਸੰਗਤ ਸਾਚਾ ਸੰਗ ਬਣਾਇਆ, ਏਕਾ ਨਾਮ ਰੰਗ ਚੜ੍ਹਾਇਆ, ਸ਼ਬਦ ਘੋੜਾ ਚਿੱਟਾ ਅਸਵ ਤੰਗ ਕਸਾਇਆ, ਸੋਹੰ ਸ਼ਬਦ ਸੁਣਾਏ ਸਾਚਾ ਗੀਤ । ਤੰਗ ਕਸ ਕਰੇ ਤਿਆਰੀ । ਜੋਤ ਸਰੂਪੀ ਹਰਿ ਨਿਰੰਕਾਰੀ । ਤਿੰਨ ਲੋਕ ਨੇਤਰ ਵੇਖੇ ਗੁਰਸਿਖ ਸਾਚੇ ਸੰਤ ਜਨੋ ਆਏ ਚਲ ਤੁਹਾਡੇ ਆਤਮ ਦਰ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਣਾ ਸਾਚਾ ਬਾਣਾ ਪਹਿਨ ਕਰ ਸੱਚੀ ਅਸਵਾਰੀ । ਹੋਏ ਸਚ ਅਸਵਾਰ, ਹਰਿ ਨਿਰੰਕਾਰ । ਸ਼ਬਦ ਘੋੜਾ ਲਿਆ ਸ਼ਿੰਗਾਰ । ਦਰ ਸਾਚੇ ਫੜ ਕੀਨਾ ਬਾਹਰ । ਸਿੱਧਾ ਰਾਹ ਇਕ ਵਖਾਇਆ, ਸੰਤ ਮਨੀ ਸਿੰਘ ਤੇਰਾ ਇਕ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰਾਏ ਆਪਣੀ ਅਪਰ ਅਪਾਰ । ਸਾਚਾ ਹਰਿ ਹੁਕਮ ਸੁਣਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਫੜ ਬਾਹੋਂ ਰਾਹੇ ਪਾਇੰਦਾ । ਆਪ ਕਢਾਏ ਮਨ ਤਨ ਜਨਾਂ, ਏਕਾ ਧਾਰ ਬੰਨ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਸੇਵਾ ਸੰਤ ਮਨੀ ਸਿੰਘ ਆਪੇ ਆਪ ਲਗਾਇੰਦਾ । ਸੰਤ ਮਨੀ ਸਿੰਘ ਹੁਕਮ ਸੁਣਾਇਆ । ਹਰਿ ਜੀ ਸਾਚੇ ਸਾਚਾ ਮਾਰਗ ਜਗਤ ਚਲਾਇਆ । ਪੰਚਮ ਜੇਠ ਤਿਲਕ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਗ ਸੋਹੰ ਸ਼ਬਦ ਨਾਥ ਤ੍ਰੈਲੋਕੀ ਰਸਨਾ ਗਾਇਆ । ਸੰਤ ਮਨੀ ਸਿੰਘ ਏਕਾ ਬਾਣਾ ਲਏ ਬਣਾ । ਚਿੱਟਾ ਰੰਗ ਸਾਧ ਸੰਗਤ ਸਾਚਾ ਸੰਗ, ਪ੍ਰਭ ਗਲ ਆਪਣੇ ਲਏ ਪਹਿਨਾ । ਪ੍ਰਭ ਅਬਿਨਾਸ਼ੀ ਚਾੜ੍ਹੇ ਰੰਗ ਕੱਟੇ ਭੁੱਖ ਨੰਗ, ਸਾਚਾ ਦੇਵੇ ਰੰਗ ਨਾਮ ਚੜ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਤਨ ਲਗਾਏ, ਚਿੱਟੇ ਬਾਣੇ ਤੇਰੀ ਦੇਵੇ ਲਿਖਤ ਲਿਖਾ । ਦੂਜਾ ਬਾਣਾ ਹੋਰ ਬਣਾਉਣਾ । ਲਾਲ ਰੰਗ ਇਕ ਰੰਗਾਉਣਾ । ਦੂਜਾ ਨਾ ਕੋਈ ਸੰਗ ਰਲਾਉਣਾ । ਪ੍ਰਭ ਅਬਿਨਾਸ਼ੀ ਗਲ ਵਿਚ ਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਿੰਘ ਪ੍ਰੀਤਮ ਸਾਧ ਸੰਗਤ ਜੇਠੂਵਾਲ ਰਲ ਮਿਲ

ਬਣਾਉਣਾ । ਤੀਜਾ ਬਾਣਾ ਕਰਨਾ ਤਿਆਰ । ਸੂਹਾ ਰੰਗ ਲੈਣਾ ਵਿਚਾਰ । ਗੁਰਮੁਖ ਸਾਚੇ ਸੰਤ ਜਨਾਂ ਦੁਰਮਤ ਮੈਲ ਪ੍ਰਭ ਸਚੇ ਦਏ ਉਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ ਏਕਾ ਦੇਵੇ ਸ਼ਬਦ ਨਾਮ ਅਧਾਰ । ਚੌਥਾ ਕਰਨਾ ਕਾਲਾ ਵੇਸ । ਖੇਲ ਵਖਾਉਣਾ ਮਾਝੇ ਦੇਸ । ਨਾਲ ਰਖਣੇ ਖੁਲ੍ਹੜੇ ਕੇਸ । ਸਤਿਜੁਗ ਤੇਰਾ ਵਟਾਉਣਾ ਭੇਸ । ਕਲਜੁਗ ਵਟਾਉਣਾ ਸਾਚਾ ਨਰ ਨਰੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਗੋਤ ਸਾਚੀ ਧਰੇ ਹਰਿ ਹਮੇਸ਼ । ਕਾਲਾ ਬਾਣਾ ਆਏ ਕਾਲ । ਸ੍ਰਿਸ਼ਟ ਸਬਾਈ ਵੱਜੇ ਤਾਲ । ਨਾ ਕੋਈ ਸਕੇ ਸੁਰਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਮਾਇਆ ਰੂਪੀ ਸਤਿ ਸਰੂਪੀ, ਵਜਾਉਂਦਾ ਜਾਏ ਤਾਲ । ਕਾਲਾ ਬਾਣਾ ਲੈਣਾ ਰੰਗ । ਸਿੰਘ ਗੁਰਮੁਖ ਪਾਲ ਸਿੰਘ ਮਿਲ ਕੇ ਸਾਰੇ ਸੰਗ । ਆਪਣੀ ਹੱਥੀਂ ਹਰਿ ਜੀ ਸਾਚਾ ਖਿਚ ਖਿਚ ਬੰਨ੍ਹੇ ਤੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਗੁਰ ਭਾਈ ਦੇਵੇ ਵਡਿਆਈ ਸਾਚੀ ਮੰਗੀ ਇਕੋ ਮੰਗ । ਚਾਰੇ ਬਾਣੇ ਦਰ ਦਰਬਾਰ । ਸਾਚਾ ਕਰੇ ਹਰਿ ਵਿਹਾਰ । ਨਾ ਕੋਈ ਜਾਣੇ ਜੀਵ ਗਵਾਰ । ਗੁਰਮੁਖਾਂ ਸਾਚੇ ਲੇਖ ਲਿਖਾਏ, ਹਰਿ ਹਰਿ ਨਰ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਤਾਣ ਬਿਰਧ ਬਾਲ ਜਵਾਨ ਏਕਾ ਵਾਰ ਕਰਾਏ ਏਕਾ ਵਾਰ ਦਏ ਵਖਾਲ । ਗੁਰ ਸੰਗਤ ਤੇਰੀ ਸੁਰਤ ਸੰਭਾਲ । ਅਕਾਲ ਮੂਰਤ ਦੇਵੇ ਨਾਮ ਨਾ ਹੋਏ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਦੇਵੇ ਬਾਲ । ਚਾਰੇ ਵੇਸ ਕਰੇ ਰਘੁਰਾਤਾ । ਗੁਰਮੁਖਾਂ ਬੰਨ੍ਹੇ ਚਰਨ ਸਾਚਾ ਨਾਤਾ । ਏਕਾ ਏਕ ਮਿਲੇ ਕਾਇਆ ਕੋਟ ਅੰਦਰ ਕਿਲ੍ਹੇ ਦੇਵੇ ਨਾਮ ਡੂੰਘੀ ਕੰਦਰ ਸਾਚੀ ਇਕ ਸੁਗਾਤਾ । ਆਪ ਸੁਹਾਏ ਗੁਰਸਿਖ ਸਾਚੇ ਤੇਰਾ ਸਾਚਾ ਤਨ ਮੰਦਰ, ਪੰਚਮ ਸ਼ਬਦ ਤੇਰੀ ਆਤਮ ਬੈਠੇ ਰਹਿਣ ਬਣ ਬਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਾਹਨ ਹਿਰਦੇ ਵਸੇ ਜੋਤ ਸਰੂਪੀ ਇਕ ਇਕਾਂਤਾ । ਇਕ ਇਕਾਂਤਾ ਵਸੇ ਹਰਿ । ਚਾਰੋਂ ਤਰਫ ਕਰੇ ਬੰਦ ਦਰ । ਬੇਮੁਖਾਂ ਘਰ ਆਵੇ ਸਾਚਾ ਡਰ । ਗੁਰਸਿਖਾਂ ਦੇਵੇ ਦਰਸ ਮਿਟਾਏ ਹਰਸ ਆਪਣੀ ਕਿਰਪਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਏ ਦੇਵੇ ਸਾਚਾ ਵਰ । ਦੇਵੇ ਵਰ ਹਰਿ ਵਰਿਆਮ । ਤਾਰੇ ਆਏ ਦਰ ਘਰ ਜਿਉਂ ਅਰਜਨ ਘਨਈਆ ਸ਼ਾਮ । ਆਤਮ ਨੁਹਾਏ ਠਾਂਡੇ ਸਾਚੇ ਸਰ, ਜਿਉਂ ਤ੍ਰੇਤਾ ਭੀਲਨੀ ਰਾਮ । ਭੰਡਾਰੇ ਸਾਚੇ ਦੇਵੇ ਭਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਬਣ ਹੰਸ ਜਗਤ ਸਮਝਾਇੰਦਾ । ਹੰਸਾ ਬੰਸਾ ਹਰਿ ਅਵਤਾਰ ਸ੍ਰਿਸ਼ਟ ਸਬਾਈ ਹੰਕਾਰ ਵਿਕਾਰ ਸਰਬ ਮਿਟਾਇੰਦਾ । ਕਰ ਅਵਲੜਾ ਭੇਸ ਖੇਲ ਵਰਤਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਕੀਆ ਭੇਖ, ਨਾ ਕੋਈ ਰੂਪ ਨਾ ਕੋਈ ਰੇਖ, ਗੁਰਸਿਖ ਸਾਚੇ ਵਿਚ ਸਮਾਇੰਦਾ । ਤ੍ਰਿਸ਼ਨਾ ਆਸ ਸਰਬ ਰਖਾਈਆ । ਦਰ ਦਰ ਆਇਣ ਕਰ ਕਰ ਧਾਈਆ । ਘਰ ਸਾਚੇ ਬਣਤ ਬਣਾਈਆ । ਗੁਰਮੁਖ ਗੁਰਸਿਖ ਨਾਉਂ ਰਖਾਈਆ । ਪ੍ਰਭ ਦਰ ਆਏ ਸਾਚੇ ਮੰਗਤ, ਹਰਿ ਆਤਮ ਝੋਲੀ ਆਪ ਭਰਾਈਆ । ਆਪੇ ਕੱਟੇ ਭੁੱਖ ਨੰਗਤ, ਦਰ ਸਾਚੇ ਗੁਰਮੁਖ ਗੋਲੀ ਆਪ ਬਣਾਈਆ । ਆਪੇ ਅੰਗ ਲਗਾਏ ਗੁਰਸਿਖ ਸਾਚੇ ਜਿਉਂ ਨਾਨਕ ਅੰਗਦ, ਸ਼ਬਦ ਹੋਲੀ ਇਕ ਖਿਡਾਈਆ । ਮਾਨਸ ਜਨਮ ਨਾ ਹੋਵੇ ਭੰਗਤ, ਗੁਰਸਿਖ ਸਾਚੀ ਸਖੀ ਨਾਮ ਗੁਲਾਲ ਆਪ ਚੜ੍ਹਾਏ ਹਰਿ ਜਿਉਂ ਰਾਧਾ ਕ੍ਰਿਸ਼ਨ ਖ਼ੁਸ਼ੀ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾਂ ਜੁਗਾਂ ਦੇ ਵਿਛੜੇ ਗੁਰ ਸੰਗਤ ਮੇਲ ਮਿਲਾਈਆ । ਬਣਾਏ ਭੈਣਾਂ ਭਾਈਆ ।

੪੮੮
੦੩

ਗੁਰਸਿਖ ਗੋਲੀ ਹਰਿ ਬਣਾਏ । ਸਾਚੀ ਲਿਆਏ ਸ਼ਬਦ ਡੋਲੀ, ਪੰਚਮ ਜੇਠ ਵਿਚ ਬਹਾਏ । ਮਾਝੇ ਦੇਸ ਚਾਰੋਂ ਕੁੰਟ ਵੱਜੇ ਬੋਲੀ, ਗੁਰਸਿਖ ਤੇਰੇ ਮਸਤਕ ਲੱਗਾ ਕਲੰਕ ਪ੍ਰਭ ਸਾਚਾ ਸਾਰਾ ਲਾਹੇ । ਸ੍ਰਿਸ਼ਟ ਸਬਾਈ ਭਾਲੀ ਭੋਲੀ, ਨਾ ਭੇਵ ਕੋਈ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲੇ ਹਰਿ ਆਪਣੀ ਰਜਾਏ । ਆਤਮ ਹੋਲੀ ਰੰਗ ਮਜੀਠ । ਸਾਚਾ ਹਰਿ ਜੀ ਲੈਣਾ ਡੀਠ । ਸ੍ਰਿਸ਼ਟ ਸਬਾਈ ਰਿਹਾ ਪੀਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਉਂ ਝੋਲੀ ਪਾਏ, ਬੇਮੁੱਖ ਕੋਈ ਦਰ ਸਾਚੇ ਰਹਿਣ ਨਾ ਪਾਏ ਕੌੜਾ ਰੀਠ । ਕੌੜਾ ਰੀਠਾ ਕੂੜ ਕੁੜਿਆਰਾ । ਮਦਿਰਾ ਮਾਸੀ ਪੰਚਮ ਜੇਠ ਨਾ ਬੈਠੇ ਦਰ ਦਵਾਰਾ । ਕਲਜੁਗ ਅੰਤਮ ਜੋ ਕਰਨ ਹਾਸੀ, ਪ੍ਰਭ ਸੁੱਟੇ ਮੂੰਹ ਦੇ ਭਾਰਾ । ਜੋਤ ਪ੍ਰਕਾਸ਼ੀ ਘਨਕਪੁਰ ਵਾਸੀ, ਫੜੇ ਸ਼ਬਦ ਕਟਾਰਾ । ਜਨ ਭਗਤਾਂ ਹੋਇਆ ਦਾਸਨ ਦਾਸੀ, ਹਿਰਦੇ ਵਸਿਆ ਹਰਿ ਨਿਰੰਕਾਰਾ । ਜੂਠੇ ਝੂਠੇ ਪੰਡਤ ਲੱਭਦੇ ਕਾਂਸ਼ੀ, ਪ੍ਰਗਟ ਹੋਇਆ ਮਾਝੇ ਦੇਸ ਕਰੇ ਸਚ ਵਿਹਾਰਾ । ਲੱਖ ਚੁਰਾਸੀ ਆਪਣੀ ਹੱਥੀਂ ਪਾਉਂਦਾ ਜਾਏ ਫਾਂਸੀ, ਘੱਲੇ ਧਰਮ ਰਾਏ ਦੇ ਦਰ ਦਵਾਰ । ਗੁਰਸਿਖਾਂ ਲਾਹੇ ਜੂਠੀ ਝੂਠੀ ਸਰਬ ਉਦਾਸੀ, ਦੇਵੇ ਸ਼ਬਦ ਨਾਮ ਅਧਾਰਾ । ਰਸਨਾ ਗਾਇਣ ਸਵਾਸ ਸਵਾਸੀ, ਪ੍ਰਗਟ ਹੋਏ ਦਰਸ ਦਿਖਾਏ ਖੋਲ੍ਹੇ ਦਸਮ ਦਵਾਰਾ । ਗੁਰ ਪੂਰੇ ਸਦ ਬਲ ਬਲ ਜਾਸੀ, ਗੁਰਸਿਖ ਸਾਚਾ ਪਾਰ ਉਤਾਰਾ । ਹਰਿ ਸੱਚਾ ਸ਼ਾਹੋ ਭੂਪ ਸ਼ਾਹੋ ਸ਼ਾਬਾਸ਼ੀ, ਜੋਤ ਸਰੂਪੀ ਇਕ ਨਿਰੰਕਾਰਾ । ਏਕਾ ਜੋਤ ਜਗਾਏ ਮਾਤ ਪਤਾਲ ਵਿਚ ਅਕਾਸ਼ੀ, ਆਪੇ ਵਸੇ ਸਭ ਤੋਂ ਬਾਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਘਰ ਸਾਚਾ ਹਰਿ ਖੜ ਰਹੇ ਦਰ ਦਵਾਰਾ । ਸਾਚੀ ਹੋਲੀ ਇਕ ਖਲਾਏ । ਅੰਮ੍ਰਿਤ ਜਾਮ ਇਕ ਪਿਲਾਏ । ਕਲਜੁਗ ਦਾਮ ਨਾ ਕੋਈ ਲਗਾਏ । ਹਰਿਆ ਸੁੱਕਾ ਚਾਮ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਘਰ ਸਾਚੇ ਹਰਿ ਖੜਾ ਰਹੇ ਦਰ ਦਵਾਰਾ, ਮਾਝੇ ਦੇਸ ਜੋਤ ਜਗਾਈ ਵੱਜੀ ਵਧਾਈ ਪੂਰਨ ਕਾਮ ਆਪਣਾ ਆਪ ਕਰਾਏ । ਸਾਚਾ ਹਰਿ ਜਗਤ ਮਲਾਹ । ਦੂਜੇ ਨਾਲ ਨਾ ਕਰੇ ਸਲਾਹ । ਤੀਜੇ ਕੋਲੋਂ ਲਏ ਪੱਲਾ ਛੁਡਾ । ਚੌਥੇ ਘਰ ਗੁਰਸਿਖ ਤੇਰਾ ਦੇਵੇ ਦਾਸ ਕਰਾ । ਪੰਜਾਂ ਚੋਰਾਂ ਯਾਰਾਂ ਠੱਗਾਂ ਤੇਰੇ ਦਰ ਨਾ ਦੇਵੇ ਕੋਈ ਥਾਂ । ਛੇਵਾਂ ਛੇਵੇਂ ਘਰ ਹਰਿ ਦੇਵੇ ਜੋਤ ਜਗਾ । ਸੱਤਾਂ ਸਤਿ ਸਰੂਪ ਨਿਜ ਘਰ ਵਾਸੀ ਨਿਜ ਆਤਮ ਹਰਿ ਸਾਚਾ ਦਏ ਵਖਾ । ਅੱਠਵਾਂ ਉਠ ਉਠ ਵੇਖ ਹਰਿ ਜੀ ਧਰਿਆ ਵੇਸ, ਵੇਲਾ ਜਾਏ ਸਰਬ ਰਹਿਣ ਪਛਤਾ । ਨਾਵੇਂ ਨਿਜ ਘਰ ਨਰ ਹਰਿ ਆਏ, ਦੂਰ ਦੁਰਾਡਾ ਲੰਮਾ ਪੰਧ ਛਿੰਨ ਭੰਗਰ ਆਪ ਮੁਕਾਏ । ਬੇਮੁੱਖ ਜੀਵ ਚਾਰੋਂ ਕੁੰਟ ਭੌਂਦੇ ਬੰਦਰ, ਹਰਿ ਜੀ ਹਿਰਦੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਦੇਵੀ ਦੇਵ ਕੋਈ ਨਾ ਪਾਏ ।



### ❊ ੫ ਚੇਤ ੨੦੧੧ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਿਹ ਮੇਰਠ ਛਾਉਣੀ ❊

ਸ਼ਬਦ ਗੁਰ ਜਗਤ ਉਪਦੇਸ਼ । ਦੇਵੇ ਹਰਿ ਕਿਰਪਾ ਕਰ, ਧਰ ਅਵਲੜਾ ਭੇਸ । ਆਤਮ ਨੁਹਾਏ ਸਾਚੇ ਸਰ, ਆਪ ਰਖਾਏ ਖੁਲ੍ਹੜੇ ਕੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਜੋਤ ਜਗਾਏ ਬੇਮੁੱਖ ਜੀਵ ਲੱਭਦੇ ਫਿਰਨ ਸ੍ਰੀ ਦਸਮੇਸ਼ । ਗੁਰ ਸ਼ਬਦ ਪਵਣ ਅਸਵਾਰ । ਪਵਣ

ਮਸਾਣੀ ਜੀਆਂ ਜੰਤਾਂ ਅਧਾਰ । ਸਾਚਾ ਨਾਮ ਸੋਹੰ ਸ਼ਬਦ ਸਤਿਜੁਗ ਤੇਰੀ ਸੱਚੀ ਬਾਣੀ, ਉਪਜਾਏ ਆਪ ਨਿਰੰਕਾਰ । ਚਹੁੰ ਜੁਗਾਂ ਬਣਾਏ ਸਾਚੀ ਰਾਣੀ, ਬੰਨ੍ਹੇ ਸਾਚੀ ਧਾਰ । ਦਿਨੋ ਦਿਨ ਹੁੰਦੀ ਜਾਏ ਜਵਾਨੀ, ਕਲਜੁਗ ਚੜ੍ਹਦਾ ਜਾਏ ਬੁਖਾਰ । ਬੇਮੁਖ ਜੀਵ ਬੇਮੁਹਾਣੇ ਝੂਠੀ ਕਾਇਆ ਅੰਧੀ ਕਾਣੀ, ਨਾ ਜਾਨਣ ਹਰਿ ਸੱਚਾ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸੰਤ ਜਨਾਂ ਆਪੇ ਮੇਲ ਮਿਲਾਏ ਕਰ ਕਰ ਆਤਮ ਡੂੰਘੀ ਸੱਚੀ ਕਾਰ । ਗੁਰ ਸ਼ਬਦ ਗੁਰਸਿਖ ਵਿਚਾਰ । ਪ੍ਰਭ ਅਬਿਨਾਸ਼ੀ ਦੇਵੇ ਆਏ ਦਰ ਘਰ ਕਿਰਪਾ ਕਰ, ਨਾ ਕਰੇ ਕੋਈ ਅਧਾਰ । ਅੰਤਮ ਵੇਲਾ ਆਇਆ ਕਲਜੁਗ, ਨਾ ਪਾਈ ਕਿਸੇ ਕੋਈ ਸਾਰ । ਗੁਰਮੁਖਾਂ ਹਰਿ ਜੀ ਆਇਆ ਹਿੱਸੇ, ਸ੍ਰਿਸ਼ਟ ਸਬਾਈ ਹੋਈ ਅੰਧ ਅੰਧਿਆਰ । ਆਤਮ ਲਾਹੇ ਨਾ ਕੋਈ ਝੂਠੀ ਵਿਸੇ, ਅੰਮ੍ਰਿਤ ਦੇਵੇ ਨਾ ਕੋਈ ਗੁਰਸਿਖ ਸਾਚੇ ਸਾਚੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਈ, ਦਿਉ ਵਧਾਈ, ਤਿੰਨਾਂ ਲੋਕਾਂ ਗੁਰਮੁਖਾਂ ਪਾਵੇ ਸਾਰ । ਗੁਰ ਸ਼ਬਦ ਗੁਰ ਗਿਆਨ । ਗੁਰ ਸ਼ਬਦ ਜਨ ਭਗਤਾਂ ਦੇਵੇ ਦਰਗਹਿ ਸਾਚੀ ਸਾਚਾ ਮਾਣ । ਏਕਾ ਏਕ ਆਪ ਹਰਿ ਰਾਏ, ਦੂਜਾ ਕੋਈ ਦਿਸੇ ਨਾਹੇ, ਓਥੇ ਜਾਏ ਏਕਾ ਜੋਤ ਜਗਾਏ ਸਰਬ ਭਗਵਾਨ । ਸ੍ਰੀ ਭਗਵਾਨ ਹਰਿ ਗੁਣਵੰਤ । ਸਾਚਾ ਸ਼ਬਦ ਕੰਨ ਸੁਣਾਏ, ਗੁਰਮੁਖ ਸਾਚੇ ਸੰਤ । ਏਥੇ ਓਥੇ ਬਣਤ ਬਣਾਏ, ਮੇਲ ਮਿਲਾਵਾ ਸਾਚੇ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਛਾਣ ਪੁਣ, ਗੁਰਮੁਖ ਸਾਚੇ ਲਾਲ ਅਨਮੁਲੜੇ ਲੇਵੇ ਚੁਣ, ਕਲਜੁਗ ਬਣਾਏ ਸਾਚੀ ਬਣਤ । ਲੱਖ ਚੁਰਾਸੀ ਵੇਖ ਵਿਚਾਰੀ । ਚਾਰੋਂ ਤਰਫ ਦਿਸਣ ਠੱਗ ਚੋਰ ਯਾਰੀ । ਲੱਖਾਂ ਵਿਚੋਂ ਗੁਰਮੁਖ ਵਿਰਲਾ ਕੋਈ ਹੱਥ ਆਏ, ਵੇਲੇ ਅੰਤ ਹੋਏ ਖੁਆਰੀ । ਆਤਮ ਭਾਂਡੇ ਹੋਏ ਸ਼ਬਦ ਸਖਣੇ, ਅੰਮ੍ਰਿਤ ਦਿਸੇ ਨਾ ਕਿਸੇ ਧਾਰੀ । ਫੜ ਫੜ ਬਾਹੋਂ ਹਰਿ ਜੀ ਗੁਰਮੁਖਾਂ ਦੇਵੇ ਸ਼ਬਦ ਉਡਾਰੀ । ਵੇਲੇ ਅੰਤ ਹਰਿ ਜੀ ਸਾਚਾ ਲਏ ਰੱਖ, ਆਪ ਬਹਾਏ ਚਰਨ ਦਵਾਰੀ । ਕਲਜੁਗ ਚਾਰੋਂ ਤਰਫ ਸ੍ਰਿਸ਼ਟ ਸਬਾਈ ਲਾਉਂਦੇ ਭੱਖ, ਨਿਹਕਲੰਕ ਲਾੜੀ ਮੌਤ ਮਗਰ ਲਗਾਈ, ਚਾਰੋਂ ਤਰਫ ਦਏ ਬਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਖਪਾਏ ਵੇਖ ਚਾਰੇ ਤਰਫ ਚਾਰ ਯਾਰੀ । ਗੁਰ ਸੰਗਤ ਗੁਰ ਏਕ ਥਾਉਂ, ਮਾਣ ਦਵਾਏ ਥਾਏਂ ਥਾਉਂ । ਸਾਚੀ ਸੇਵਾ ਲੇਖੇ ਲਾਏ, ਪ੍ਰਭ ਅਬਿਨਾਸ਼ੀ ਅਗੰਮ ਅਥਾਹੋ । ਸਾਚੇ ਮਾਰਗ ਗੁਰਮੁਖਾਂ ਲਾਏ, ਦੇਵੇ ਸਾਚਾ ਨਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਏ, ਕਲਜੁਗ ਅੰਤਮ ਪਾਰ ਕਰਾਏ ਫੜ ਫੜ ਗੁਰਮੁਖ ਸਾਚੇ ਬਾਂਹੋ । ਗੁਰ ਸੰਗਤ ਮਨ ਵੱਜੀ ਵਧਾਈ । ਮਿਲਿਆ ਹਰਿ ਜੀ ਜੋਤ ਸਰੂਪੀ ਚਾਈਂ ਚਾਈਂ । ਫੂਲਣਹਾਰ ਤਨ ਸ਼ਿੰਗਾਰ, ਆਤਮ ਤਨ ਪਹਿਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕੰਤ ਕੰਤੂਹਲ ਦੇਵੇ ਸਾਚਾ ਨਾਉਂ, ਆਤਮ ਸਾਚੀ ਜੋਤ ਜਗਾਈ । ਆਤਮ ਸੇਜਾ ਤਨ ਸ਼ਿੰਗਾਰ । ਜਗਾਏ ਜੋਤ ਅਗੰਮ ਅਪਾਰ । ਦੁਰਮਤ ਮੈਲ ਧੋਤ ਕਰੇ ਰੁਸ਼ਨਾਈ, ਆਪੇ ਆਪ ਕਰਨਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਿਲਾਏ ਸਾਚਾ ਗੁਰ, ਦਰਗਹਿ ਸਾਚੀ ਦਰ ਬਹਾਏ ਕਰਤਾਰ । ਗੁਰ ਦਰ ਸ਼ਬਦ ਸਚ ਪ੍ਰਕਾਸ਼ਿਆ । ਆਵੇ ਦਰ ਮਿਲੇ ਹਰਿ, ਦੁੱਖੜਾ ਜਾਏ ਨਾਸਿਆ । ਸੁਖ ਵਖਾਏ ਸਾਚੇ ਘਰ, ਪ੍ਰਭ ਅਬਿਨਾਸ਼ੀ ਪੁਰਖ ਅਬਿਨਾਸ਼ਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ, ਰੱਖੇ ਘਟ ਘਟ ਵਾਸਿਆ । ਘਟ ਘਟ ਵਸੇ ਹਰਿ ਨਿਰੰਕਾਰੀ । ਵੇਖੇ ਵਿਗਸੇ ਜੀਆਂ ਜੰਤਾਂ ਸਾਧਾਂ ਸੰਤਾਂ ਪਾਵੇ ਸਾਰੀ । ਆਤਮ ਸੁਖ ਉਪਜਾਵੇ ਮੇਲ ਮਿਲਾਵਾ ਸਾਚੇ ਕੰਤਾ ਸਚ

ਦੇਵੇ ਸ਼ਬਦ ਉਡਾਰੀ । ਸਾਚਾ ਮੇਲ ਹਰਿ ਮਿਲਾਇਆ, ਮਾਨਸ ਜਨਮ ਲੇਖੇ ਲਾਇਆ, ਗੁਰਸਿਖ ਸਾਚੇ ਮਾਣ ਦਵਾਇਆ ਨਾ ਆਏ ਦੂਜੀ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘੀ ਤੰਗ ਕਸਾਇਆ, ਪੰਚਮ ਜੇਠ ਕਰਨ ਵਾਲਾ ਅਸਵਾਰੀ । ਪੰਚਮ ਜੇਠ ਸਾਚੀ ਕਰਨੀ ਕਾਰ । ਸਚਖੰਡ ਨਿਵਾਸੀ ਕਰੇ ਤਿਆਰੀ, ਆਪਣਾ ਚਰਨ ਕੱਢੇ ਬਾਹਰ । ਚਿੱਟਾ ਅਸਵ ਪਾਵੇ ਸ਼ੋਰ । ਕਲਜੁਗ ਵਿਚ ਹੋਇਆ ਅੰਧ ਘੋਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਗੁਰਮੁਖਾਂ ਮਾਰੇ ਪੰਜੇ ਚੋਰ । ਗੁਰਸਿਖ ਤੇਰੀ ਆਤਮ ਜੋਤ ਜਗੀ, ਜਗਾਏ ਹਰਿ ਨਿਰੰਕਾਰ । ਓਅੰ ਗੁਰਮੁਖ ਆਤਮ ਵੇਖ, ਜੋਤ ਸਰੂਪੀ ਹਰਿ ਜੋਤ ਜਗਾਏ ਤੇਰੀ ਆਤਮ ਕਾਇਆ ਸਚ ਸਮਗਰੀ ਵੇਖ । ਅੱਠੇ ਪਹਿਰ ਆਪਣਾ ਆਪ ਕਰਮ ਕਮਾਏ, ਲਿਖਾਏ ਤੇਰੇ ਸਾਚੇ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਲੇਖ ਚੁਕਾਏ ਦਿਸ ਨਾ ਆਏ ਕਿਸੇ ਔਲੀਏ ਪੀਰ ਸ਼ੇਖ਼ । ਸੋਹੰ ਨਾਦ ਸਦਾ ਵੱਜੇ ਵੇਦ ਸ਼ਾਮ । ਰਿਗ ਵੇਦ ਰਾਮ ਹਰਿ ਕਾ ਨਾਮ । ਯੁਜਰ ਹੋਇਆ ਦਵਾਪਰ ਪੂਰਾ ਕਾਮ । ਅਥਰਬਣ ਅੱਲ੍ਹਾ ਆਈ ਹਿੱਸੇ, ਅੰਤਮ ਕਲਜੁਗ ਪੱਲੇ ਰਹੇ ਕੋਈ ਨਾ ਦਾਮ । ਨਿਹਕਲੰਕ ਕਲ ਜਾਮਾ ਪਾਇਆ, ਗੁਰਮੁਖਾਂ ਪਿਆਏ ਏਕਾ ਏਕ ਸੋਹੰ ਸੱਚਾ ਜਾਮ । ਆਪਣਾ ਆਪ ਹਰਿ ਉਪਾਇਆ, ਜੋਤ ਸਰੂਪੀ ਕਿਸੇ ਦਿਸ ਨਾ ਆਇਆ, ਲੱਭਦੇ ਫਿਰਦੇ ਮੰਦਰ ਘਨਈਆ ਸ਼ਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਗ ਇਕ ਸੁਣਾਏ, ਬੁਝਾਏ ਆਗ, ਪੂਰ ਕਰਾਏ ਗੁਰਸਿਖਾਂ ਕਾਮ । ਗੁਰਮੁਖ ਸਾਚਾ ਰਾਗ ਗਾਉਂਦੇ । ਪ੍ਰਭ ਅਬਿਨਾਸ਼ੀ ਰਿਦੇ ਧਿਆਉਂਦੇ । ਛੱਤੀ ਰਾਗ ਸਰਬ ਸ਼ਰਮਾਉਂਦੇ । ਨਾਰਦ ਮੁਨ ਬੁਝੀ ਧੁਨ ਮਾਤ ਸੁਰਸਤੀ ਜੋ ਉਪਜਾਉਂਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਵੇਲਾ ਹੋਇਆ ਪੂਰਾ ਮਤਾ ਸਰਬ ਪਕਾਉਂਦੇ । ਰਾਗ ਰਾਗਣੀ ਗੁਰਸਿਖ ਵਿਚਾਰ । ਏਕਾ ਰੱਖ ਗੁਰ ਚਰਨ ਪਿਆਰ । ਸਾਚੀ ਧੁਨ ਟੁੱਟੇ ਮੁਨ ਖੁਲ੍ਹੇ ਸੁਨ, ਉਪਜੇ ਸ਼ਬਦ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਭੇਵ ਨਾ ਪਾਏ ਰਿਖ ਮੁਨ, ਰਾਗ ਰੰਗ ਅੰਮ੍ਰਿਤ ਰਸ । ਪ੍ਰਭ ਅਬਿਨਾਸ਼ੀ ਗੁਰਸਿਖ ਤੇਰੇ ਹੋਇਆ ਵਸ । ਪੰਜੇ ਚੋਰ ਹਰਾਮਖੋਰ ਤਨ ਕਾਇਆ ਵਿਚੋਂ ਜਾਣ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਏਕਾ ਸ਼ਬਦ ਤੀਰ ਚਲਾਏ ਸੋਹੰ ਬਾਣ ਰਸਨਾ ਕਸ । ਰਾਗ ਰਾਗਨੀ ਮਨ ਸਰਬ ਵਿਚਾਰਦੇ । ਸਾਚੀ ਧਾਰ ਕਿਸੇ ਹੱਥ ਨਾ ਆਈ ਮਾਨਸ ਜਨਮ ਲੱਖ ਚੁਰਾਸੀ ਸੱਚੋ ਸਚ ਆਪਣਾ ਆਪੇ ਵੇਖੇ ਖੇਲ ਕਰਤਾਰ ਦੇ । ਗੁਰਮੁਖ ਸਾਚੇ ਸਾਚਾ ਰਾਗ, ਕਲਜੁਗ ਵੇਲਾ ਅੰਤਮ ਜਾਣਾ ਜਾਗ, ਪੂਰਨ ਹੋਏ ਭਾਗ, ਗੁਰਚਰਨ ਸਰਨ ਨਿਮਸਕਾਰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਪਾਇਆ, ਬਾਹੋਂ ਪਕੜ ਪਾਰ ਉਤਾਰ ਦੇ । ਸ਼ਬਦ ਰਾਗ ਵਸੇ ਸਾਚੇ ਘਰ । ਬੇਮੁੱਖ ਫਿਰਨ ਦਰ ਦਰ । ਆਤਮ ਨਾ ਖੁਲ੍ਹਾਇਆ ਕਿਸੇ ਸਾਚੇ ਘਰ । ਜੋਤ ਸਰੂਪੀ ਹਰਿ ਡਗਮਗਾਇਆ, ਏਕਾ ਰੂਪ ਏਕਾ ਵਸੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਨਾਮ ਇਕੋ ਇਕ ਰਖਾਇਆ, ਸਤਿਜੁਗ ਸਾਚਾ ਨਾਮ ਧਰਾਇਆ, ਸ੍ਰਿਸ਼ਟ ਸਬਾਈ ਵਿਚੋਂ ਵੱਖ ਕਰਾਇਆ, ਏਕਾ ਕੰਮ ਹਰਿ ਨਿਰੰਕਾਰ ਦਾ । ਦੂਜਾ ਨਾਹੀਂ ਕੋਇ ਥਾਉਂ । ਕਲਜੁਗ ਜੀਵ ਦਰ ਦਰ ਭੌਂਦੇ ਜਿਉਂ ਸੁੰਞੇ ਘਰ ਕਾਉਂ । ਤੀਜਾ ਖੋਲ੍ਹੇ ਤੀਜਾ ਨੈਣ, ਬੇਮੁੱਖ ਵਹਾਏ ਵਹਿੰਦੇ ਵਹਿਣ । ਚੌਥੇ ਚਾਰੇ ਜੁਗ ਵੇਖ, ਪ੍ਰਭ ਅਬਿਨਾਸ਼ੀ ਧਾਰੇ ਮਾਤ ਭੇਖ । ਪੰਚਮ ਹੋਏ ਸਾਚਾ ਮੇਲ, ਜੋਤ ਜਗਾਏ ਬਿਨ ਬਾਤੀ ਬਿਨ ਤੇਲ । ਦੂਈ ਦਵੈਤੀ ਪਰਦਾ ਗੁਰਸਿਖਾਂ ਆਪੇ ਪਾੜਦਾ । ਗੁਰ

੪੯੨ ੦੩

ਦਰ ਮੰਦਰ ਹਰਿ ਕਾ ਦਵਾਰ ਹੈ । ਲਹਿੰਦਾ ਏਥੇ ਤ੍ਰਿਸ਼ਨਾ ਅਗਨ ਬੁਖਾਰ ਹੈ । ਦੇਵੇ ਸੱਚਾ ਮਾਣ ਤਾਣ ਨਾ ਕਰੇ ਕੋਈ ਉਧਾਰ ਹੈ । ਨਾਮ ਸ਼ਬਦ ਸੱਚੀ ਖਾਟੀ ਕਰਾਏ ਸੱਚੋ ਸੱਚਾ ਪਿਆਰ ਹੈ । ਧੁਰਦਰਗਾਹੀ ਨਾਮ ਨਿਧਾਨ ਹਰਿ ਸਾਚਾ ਦੇਵੇ, ਗੁਰਸਿਖ ਬਾਲ ਨਿਧਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਕਟਾਏ ਜਮ ਕੀ ਕਾਨ ਹੈ । ਘਰ ਮੰਦਰ ਹਰਿ ਘਰ ਵੇਖ । ਘਰ ਮੰਦਰ ਕਾਇਆ ਅੰਦਰ ਚਿਤਰ ਗੁਪਤ ਲਿਖੇ ਸਾਚਾ ਲੇਖ । ਖੁਲ੍ਹਾ ਮੰਦਰ ਡੂੰਘੀ ਕੰਦਰ, ਨਾ ਜਾਣੇ ਕੋਈ ਸ਼ੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੇਲ ਮਿਲਾਵਾ ਜਿਨ੍ਹਾਂ ਲਿਖਿਆ ਧੁਰੋਂ ਲੇਖ । ਮਿਲਿਆ ਮੇਲ ਮਸਤਕ ਲਾਲੀ । ਦੇਵੇ ਸਾਚਾ ਨਾਮ ਰੰਗ, ਕਰੇ ਲਾਲ ਗੁਲਾਲੀ । ਆਪੇ ਵਸੇ ਅੰਗ ਸੰਗ, ਸਾਚਾ ਦਾਤਾ ਦੇਵੇ ਸੱਚੀ ਨਾਮ ਦਲਾਲੀ । ਸ਼ਬਦ ਸਰੂਪੀ ਹਰਿ ਹਰਿ ਰੰਗ, ਨਾ ਦਿਸੇ ਕੋਈ ਪਾਸਾ ਖਾਲੀ । ਕਲਜੁਗ ਮਾਇਆ ਝੂਠੀ ਕਾਇਆ ਵੱਜੇ ਮਰਦੰਗ, ਫਲ ਰਹੇ ਨਾ ਕਿਸੇ ਡਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣਿਆ ਰਹੇ ਆਪ ਸੱਚਾ ਪਾਲੀ । ਘਰ ਮੰਦਰ ਸ਼ਬਦ ਘਨਘੋਰਾ । ਬਾਹਰ ਕੱਢੇ ਸਾਚਾ ਹਰਿ ਫੜ ਕੇ ਪੰਜਾਂ ਚੋਰਾਂ । ਆਪ ਫੜਾਏ ਆਪਣਾ ਲੜ, ਖਿਚੀ ਰੱਖੇ ਵਿਚ ਅਕਾਸ਼ੀ ਸ਼ਬਦ ਸਰੂਪੀ ਡੋਰਾ । ਸਾਚੇ ਅੰਦਰ ਗੁਰਸਿਖ ਸਾਚਾ ਜਾਏ ਵੜ । ਰਹਿਣ ਨਾ ਦੇਵੇ ਬੇਮੁਖ ਜੀਵਾਂ, ਨਾ ਕੋਈ ਦੀਸੇ ਕਿਲ੍ਹਾ ਗੜ੍ਹ । ਨਾ ਕੋਈ ਅਟਕਾਏ । ਗੁਰਸਿਖ ਨਾ ਜਾਏ ਰਾਹ ਵਿਚ ਅੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੱਟੇ ਅਸਵ ਹੋਏ ਅਸਵਾਰ, ਪਹਿਲਾਂ ਮਾਰੇ ਬੇਮੁਖਾਂ ਸਿਰ ਵਿਚ ਪੌੜ । ਬੇਮੁਖਾਂ ਮਾਰੇ ਸਿਰ ਵਿਚ ਪੌੜ੍ਹ । ਅੰਤਮ ਕਲਜੁਗ ਹੋਏ ਚੌੜ । ਗੁਰਮੁਖ ਸਾਚੇ ਸੰਤ ਜਨਾਂ ਹਰਿ ਸਾਚਾ ਘਰ ਆਏ ਦੌੜ । ਬੇਮੁਖ ਵੇਦ ਵਖਾਨਣ ਸਾਰ ਨਾ ਜਾਨਣ, ਰਸਨਾ ਕਹਿਣ ਪ੍ਰਗਟ ਹੋਣਾ ਘਰ ਬ੍ਰਹਿਮਣ ਗੌੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਗੁਰਮੁਖਾਂ ਆਤਮ ਤ੍ਰਿਖਾ ਬੁਝਾਈ, ਮਾਨਸ ਦੇਹੀ ਲੱਗੀ ਔੜ । ਵੇਦ ਵਿਆਸ ਲੇਖ ਲਿਖਾਰਾ । ਕਲਜੁਗ ਅੰਤਮ ਜਿਸ ਵਿਚਾਰਾ । ਸਾਚਾ ਹਰਿ ਦਰ ਘਰ ਦੀਆ ਜੋਤ ਅਧਾਰਾ । ਜੋਤ ਸਰੂਪੀ ਜੋਤ ਹਰਿ, ਆਪੇ ਬਣੇ ਜੁਗੋ ਜੁਗ ਭਗਤ ਜਗਤ ਲਿਖਾਰਾ । ਸਾਚਾ ਲੇਖ ਆਪ ਲਿਖਾਇਆ । ਪੁਰਾਨ ਅਠਾਰਾਂ ਦੇ ਮੱਤ ਸਮਝਾਇਆ । ਅੰਤਮ ਅੰਤ ਕਲਜੁਗ ਨਿਹਕਲੰਕ ਸ੍ਰਿਸ਼ਟ ਸਬਾਈ ਹੋਏ ਤੇਰੀ ਸਰਨਾਇਆ । ਕਲਜੁਗ ਜੀਵ ਭੁੱਲੇ ਰੁੱਲੇ ਮਾਇਆ ਡੁੱਲੇ, ਭੇਵ ਕਿਸੇ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਸਾਚਾ ਦੀਪਕ ਜੋਤੀ ਦਏ ਜਗਾਇਆ । ਗੁਰਮੁਖ ਗੁਰਸਿਖ ਜਨ ਭਗਤ ਸੋਏ ਲਏ ਜਗਾ । ਆਤਮ ਸਾਚੀ ਰੰਗਤ ਬਣ ਕੇ ਸਾਚੇ ਮੰਗਤ ਦਰ ਘਰ ਸਾਚੇ ਲਏ ਚੜ੍ਹਾ । ਦੂਜੇ ਦਰ ਨਾ ਹੋਏ ਮੰਗਤ, ਨਾ ਲੱਭੇ ਕੋਈ ਦੂਜਾ ਥਾਂ । ਬੇਮੁੱਖ ਕਲਜੁਗ ਜੀਵ ਹੋਏ ਬੈਠੇ ਨੰਗਤ, ਸਿਰ ਛਾਹੀ ਲਈ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਨਿਸ਼ਾਨ, ਜਿਸ ਦਾ ਦਾਗ ਕਦੇ ਲੱਥੇ ਨਾ । ਸ਼ਬਦ ਵਾਗੀ ਹਰਿ ਦੇਵੇ ਲਾ । ਜਗਤ ਜੰਜਾਲੇ ਤੋੜੇ ਗਲੋਂ ਕੱਟੀ ਜਾਂਦਾ ਫਾਹ । ਏਕਾ ਰੰਗ ਮਿਲੇ ਗੁਰ ਦਰ ਸਾਚੇ ਹੱਟੇ, ਨਾ ਮਿਲੇ ਕਿਸੇ ਹੋਰ ਥਾਂ । ਦੁਰਮਤ ਮੈਲ ਸਾਰੀ ਕੱਟੇ, ਸਦਾ ਰੱਖੇ ਠੰਡੀ ਛਾਂ । ਲਾਲ ਗੁਲਾਲ ਗੁਰਸਿਖ ਸਾਚਾ ਰਸਨਾ ਚੱਟੇ, ਪ੍ਰਭ ਦੇਵੇ ਮਾਣ ਤਾਣ ਜਿਉਂ ਸੀਰ ਪਿਲਾਏ ਪੁੱਤਾਂ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਪਾਰ ਕਰਾਏ ਗੁਰਸਿਖਾਂ ਫੜ ਕੇ ਬਾਂਹ । ਮਨ ਤਨ ਰੱਤਾ ਰੰਗ ਚਲੂਲ । ਪ੍ਰਭ ਅਬਿਨਾਸ਼ੀ ਦੇਵੇ ਸਾਚੀ ਮੱਤਾ, ਨਾ ਜਾਣਾ ਭੂਲ । ਸੋਹੰ ਬੀਜ ਤਨ ਸਾਚੇ ਵਤਾ, ਹਰਿ

੪੯੨ ੦੩

ਬਿਜਾਏ ਕੰਤ ਕੰਤੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਵਸੇ ਧਾਮ ਅਸਬੂਲ । ਸ਼ਬਦ ਡੋਰ ਹੱਥ ਰਖਾਈਆ । ਗੁਰਸਿਖਾਂ ਆਤਮ ਤਨ ਨਾਲ ਬੰਧਾਈਆ । ਖਿਚੀ ਆਏ ਵਾਰੋ ਵਾਰ, ਪ੍ਰਭ ਅਬਿਨਾਸ਼ੀ ਸਾਚੀ ਰੀਤ ਆਪਣੀ ਆਪ ਚਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਗਲ ਪਾਉਂਦਾ ਜਾਏ ਆਪਣੀ ਹੱਥੀਂ ਫਾਹੀਆ । ਗੁਰਮੁਖ ਗੁਰਸਿਖ ਹਰਿ ਆਪ ਉਪਜਾਵੇ । ਆਪ ਬਹਾਵੇ ਫੜ ਫੜ ਚਰਨ ਦਵਾਰੇ । ਕਲਜੁਗ ਅੰਤਮ ਨੇੜੇ ਆਏ ਸਾਚਾ ਨਾਮ ਹਰਿ ਸੁਣਾਏ ਕੰਨ, ਏਕਾ ਮਾਰੇ ਜੋਤ ਸਰੂਪੀ ਸ਼ਬਦ ਫੁੰਕਾਰੇ । ਗੁਰਸਿਖ ਹਰਿ ਘਰ ਘਰ ਵਖਾਣਿਆਂ । ਕਲਜੁਗ ਅੰਧ ਅੰਧੇਰ ਨਾ ਸੰਞ ਨਾ ਸਵੇਰ, ਹਰਿ ਸਾਚੇ ਆਪ ਪਛਾਣਿਆਂ । ਚੁਕਾਏ ਮੇਰ ਤੇਰ, ਨਾ ਹੋਏ ਜਨਮ ਫੇਰ, ਦੇਵੇ ਮਾਣ ਨਿਮਾਣ ਨਿਮਾਣਿਆਂ । ਚਰਨ ਲਿਆਏ ਘੇਰ ਘੇਰ, ਪੰਚਮ ਜੇਠ ਸਿੰਘ ਸ਼ੇਰ ਸ਼ੇਰ ਦਲੇਰ ਜੋਤ ਸਰੂਪੀ ਪਹਿਰੇ ਬਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚੀ ਜੋਤ ਜਗਾਏ, ਸੋਏ ਉਠਾਏ ਰਾਜੇ ਰਾਣਿਆਂ । ਸਾਚੀ ਜੋਤ ਲਈ ਜਗਾ । ਰਾਜੇ ਰਾਣੇ ਲਏ ਉਠਾ । ਰਾਣੇ ਸੰਗਰੂਰ ਦਰਸ ਦਿਖਾਏ, ਤਰਸ ਕਮਾਏ ਸਵੱਛ ਸਰੂਪੀ ਦਰਸ ਦਿਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਹੋਂ ਫੜ ਲਾਏ ਗਲੇ, ਰੱਖੇ ਠੰਡੀ ਛਾਂ । ਰਾਣਾ ਸੰਗਰੂਰ ਉਠ ਉਠ ਪਿਆ ਜਾਗ । ਸਾਚਾ ਸ਼ਬਦ ਹਰਿ ਕੰਨ ਸੁਣਾਏ ਸੋਹੰ ਰਾਗ । ਆਤਮ ਤ੍ਰਿਸ਼ਨਾ ਅਗਨ ਬੁਝਾਏ, ਤਨ ਲੱਗੀ ਰਹੀ ਜੋ ਆਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸਾਬਣ ਲਾਏ, ਕਾਇਆ ਧੋਏ ਝੂਠੇ ਦਾਗ । ਰਾਣੇ ਸੰਗਰੂਰ ਸੁਰਤ ਸੰਭਾਲ । ਕਲਜੁਗ ਅੰਤਮ ਅੰਤ ਨਾ ਬਣ ਕੰਗਾਲ । ਸੰਤ ਮਨੀ ਸਿੰਘ ਸਾਚਾ ਲੇਖ ਲਿਖਾਇਆ, ਤੇਰੇ ਮਸਤਕ ਜੋਤੀ ਦੇਵੇ ਬਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਭਾਗ ਲਗਾਇਆ, ਜੋਤ ਜਗਾਈ ਵੱਜੀ ਵਧਾਈ, ਆਓ ਸਰਨਾਈ ਮਾਰ ਇਕੋ ਲੰਮੀ ਛਾਲ । ਆਇਆ ਹਰਿ ਇਕ ਇਕੱਲੜਾ । ਜੋਤ ਸਰੂਪੀ ਜਾਮਾ ਪਾਏ, ਦੱਸੇ ਰਾਹ ਇਕ ਅਵੱਲੜਾ । ਗੁਰਮੁਖਾਂ ਉਤੇ ਦਇਆ ਕਮਾਏ, ਆਪ ਫੜਾਏ ਆਪਣਾ ਪਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਗੁਰਮੁਖ ਵਿਰਲੇ ਵਿਚ ਮਾਤ ਦੇ ਮਲੜਾ । ਕਲਜੁਗ ਆਏ ਹਰਿ ਦਵਾਰ । ਦੋਏ ਜੋੜ ਕਰੇ ਨਿਮਸਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਅੰਤਮ ਵੇਲਾ ਬੇੜਾ ਕਰ ਪਾਰ । ਮਾਤਲੋਕ ਵਿਚੋਂ ਕੱਢੀ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਈ ਫੜ ਬਾਹੋਂ ਦੇਵੇ ਤਾਰ । ਕਲਜੁਗ ਰੋਵੇ ਰੋ ਰੋ ਪੁਕਾਰੇ । ਦਰ ਘਰ ਸਾਚੇ ਧਾਹਾਂ ਮਾਰੇ । ਫੜ ਕੇ ਬਾਹੋਂ ਕੱਢਿਆ ਬਾਹਰੇ । ਕਲਜੁਗ ਜੂਠਾ ਝੂਠਾ ਭਰਿਆ ਪੂਰ, ਨਾ ਕੋਈ ਦਿਸੇ ਵੰਞ ਮੁਹਾਣੇ । ਨਾ ਜਾਨਣ ਹਰਿ ਬੈਠੇ ਦੂਰ, ਭੁਲਾਏ ਵਡ ਵਡ ਸੁਘੜ ਸਿਆਣੇ । ਫੜ ਫੜ ਕੀਨੇ ਚੂਰੋ ਚੂਰ, ਬਣਾਏ ਕਲ ਨਿਧਾਨੇ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਦੀ ਆਪੇ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਤੁਟਾ ਜੱਤ ਅੰਤਮ ਮਿਲੇ ਸਾਢੇ ਤਿੰਨ ਹੱਥ ਸੀਆਂ ਵੱਡੇ ਵਡ ਰਾਜੇ ਰਾਣੇ । ਕਲਜੁਗ ਸਾਚੀ ਕਰੇ ਵਿਚਾਰ । ਵੇਲੇ ਅੰਤਮ ਆਈ ਹਾਰ । ਗਿਆ ਹਰਿ ਦੁਆਰੇ ਵਿਚ ਅੰਧ ਅੰਧਿਆਰ । ਮੈਂ ਹਾਂ ਛੋਟਾ ਬਾਲਾ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮੈਂ ਹਾਂ ਕਾਲ ਕਾਲ ਲੱਖ ਚੁਰਾਸੀ ਜਿਸ ਪਾਈ ਉਲਟੇ ਰਾਹ, ਬਣਿਆ ਰਿਹਾ ਪਾਲੀ ਪਾਲਾ, ਧਰਮ ਰਾਏ ਦੇ ਘਲਾਂ ਇਕ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਈ, ਗੁਰਸਿਖਾਂ ਪਾਏ ਸਾਰ । ਕਲਜੁਗ ਕਾਲ ਰੂਪ ਕੁਲਵੰਤ, ਦਰ ਘਰ ਸਾਚੇ ਆਇਆ ਹੋਏ ਨਿਮਾਣਾ ਮੈਂ ਭੁਲਾਇਆ ਜੀਵ ਜੰਤ ।

ਨਾ ਕੋਈ ਛੱਡਿਆ ਸੁਘੜ ਸਿਆਣਾ, ਨਾ ਮੇਲ ਮਿਲਾਇਆ ਕਿਸੇ ਸਾਚੇ ਕੰਤ । ਫੜ ਬਾਹੋਂ ਦਏ ਹਿਲਾਇਆ, ਰਾਜੇ ਰਾਣਿਆਂ ਕਲਜੁਗ ਮਾਇਆ ਪਾਈ ਬੇਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਇਆ, ਸ਼ਬਦ ਲਿਖਾਏ ਸਿੰਘ ਮਨੀ ਸਿੰਘ ਸਾਚੇ ਸੰਤ । ਕਲਜੁਗ ਅੰਤਮ ਹੋ ਤਿਆਰ । ਆਵੇ ਦਰ ਸੱਚੇ ਦਰਬਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦੇ ਦੇ ਵਰ, ਮਾਤਲੋਕ ਆਇਆ ਜਾਮਾ ਧਾਰ । ਗੁਰਮੁਖਾਂ ਨੁਹਾ ਸਾਚੇ ਸਰ, ਅੰਮ੍ਰਿਤ ਭੰਡਾਰੇ ਦੇ ਭਰ, ਬਾਹੋਂ ਫੜ ਦੇਣਾ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਤਾਣ ਚਰਨ ਧਿਆਨ ਭਗਤ ਭਗਵਾਨ ਦੇ ਮੈਂ ਕਰਾਂ ਪੁਕਾਰ । ਸਤਿਜੁਗ ਦੇਵੇ ਹਰਿ ਵਧਾਈ । ਮਾਤਲੋਕ ਜਾਣਾ ਚਾਈਂ ਚਾਈਂ । ਗੁਰਸਿਖਾਂ ਮਿਲਣਾ ਹਰਿ ਮਿਲਾਉਣਾ ਫੜ ਕੇ ਬਾਹੀਂ । ਬੇਮੁੱਖ ਦਰ ਦੁਰਕਾਰੀਂ ਦੂਜੇ ਕਰਨ ਧਿਆਨ ਸੁੱਟੀ ਡੂੰਘੀ ਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਿਤਾ ਮਾਣ ਤਾਣ ਸੋਹੰ ਦਾਤ ਚਾਈਂ ਚਾਈਂ । ਸੋਹੰ ਦਾਤ ਹਰਿ ਦਰ ਪਾ । ਸਤਿਜੁਗ ਸਾਚੇ ਚੜ੍ਹਿਆ ਚਾਅ । ਦੇਵਾਂ ਮਾਣ ਸਾਰੇ ਥਾਂ । ਨਿਹਕਲੰਕ ਕਲ ਜੋਤ ਜਗਾਈ ਸਾਚੇ ਹਰਿ, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੋਹਾਂ ਧਿਰਾਂ ਪਹਿਲੀ ਮਾਘੀ ਦਿਤਾ ਮੇਲ ਮਿਲਾ । ਸਤਿਜੁਗ ਸਾਚਾ ਕਰੇ ਸਚ ਸਲਾਹ । ਹਰਿ ਜੀ ਸਾਚੇ ਗੁਰਸਿਖਾਂ ਦਈਂ ਮਿਲਾ । ਤੇਰਾ ਮੇਰਾ ਇਕੋ ਰਾਹ ਗੁਰਸਿਖਾਂ ਦਈਂ ਵਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਮੇਰੇ ਤੇ ਰੱਖੀਂ ਹੱਥ ਕਰ ਕੇ ਲੰਮੀ ਬਾਂਹ । ਅਠ ਸਠ ਰੋਵੇ ਦਰ ਦਵਾਰ । ਮੈਂ ਜਾਵਾਂ ਗੁਰਸਿਖਾਂ ਦੇ ਆਤਮ ਘਰ । ਬੇਮੁੱਖ ਪੰਜੇ ਚੋਰ ਅੰਦਰੋਂ ਕੱਢਾਂ ਬਾਹਰ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਤੇਰਾ ਸੋਹੰ ਸ਼ਬਦ ਗੁਰਮੁਖਾਂ ਆਤਮ ਝੋਲੀ ਦੇਵਾਂ ਭਰ । ਸਾਚੀ ਦਾਤ ਭਿਛਿਆ ਮੰਗ । ਸਤਿਜੁਗ ਸਾਚੇ ਚਾੜ੍ਹੇ ਰੰਗ । ਮਾਤਲੋਕ ਨਾ ਹੋਏ ਭੰਗ । ਗੁਰਮੁਖ ਸਾਚੇ ਸੰਤ ਜਨ ਆਪ ਰਲਾਏ ਆਪਣੇ ਸੰਗ । ਬੇਮੁਖ ਕਲਜੁਗ ਜੀਵ ਧਰਮ ਰਾਏ ਦਰ ਦੇਵੇ ਟੰਗ । ਨਾ ਕੋਈ ਓਥੇ ਹੋਏ ਸਹਾਏ, ਅੱਡੋ ਅੱਡ ਕਰਨ ਅੰਗ ਅੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਲੇਖ ਆਪ ਲਿਖਾਇਆ, ਪਹਿਲੀ ਮਾਘੀ ਮੰਗੀ ਇਕੋ ਮੰਗ । ਗੁਰ ਪੂਰਾ ਭਾਗ ਲਗਾਇੰਦਾ । ਆਤਮ ਭੁੱਖਾਂ ਸਰਬ ਗਵਾਇੰਦਾ । ਸਾਚਾ ਸੁੱਖਾ ਇਕ ਦਵਾਇੰਦਾ । ਉਜਲ ਮੁੱਖਾ ਜਗਤ ਕਰਾਇੰਦਾ । ਗੁਰਮੁਖ ਸਾਚੀ ਸੇਵਾ ਲਾਇੰਦਾ । ਮਾਨਸ ਜਨਮ ਲੇਖੇ ਪਾਇੰਦਾ । ਲੱਖ ਚੁਰਾਸੀ ਕੱਟ ਵਖਾਇੰਦਾ । ਘਨਕਪੁਰ ਵਾਸੀ ਪ੍ਰਗਟ ਜੋਤ ਦਰਸ ਦਿਖਾਇੰਦਾ । ਕਰੇ ਬੰਦ ਖਲਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਚਲਾਇੰਦਾ । ਭੋਗ ਲਗਾਏ ਹਰਿ ਦਾਤਾਰ । ਚਿੰਤਾ ਰੋਗ ਸੋਗ ਮਿਟਾਏ, ਮਿਟਾਏ ਅੰਧ ਅਧਿਆਰ । ਸਾਚੀ ਜੋਤ ਇਕ ਜਗਾਏ, ਗੁਰਮੁਖਾਂ ਆਤਮ ਕਰੇ ਉਜਿਆਰ । ਊਚ ਨੀਚ ਨਾ ਕੋਈ ਪਛਾਣੇ, ਵਿਚ ਮਾਤ ਕਿਰਪਾ ਕਰ ਹਰਿ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਿੰਚ ਗੁਰਸਿਖਾਂ ਕਰੇ ਠੰਡਾ ਠਾਰ । ਲੱਗੇ ਭੋਗ ਦਰ ਪ੍ਰਵਾਨ । ਗੁਰਸਿਖ ਸਾਚੇ ਸੰਤ ਜਨ ਹੋਏ ਚਤੁਰ ਸੁਜਾਨ । ਬੁਝਾਏ ਅਗਨ ਲੱਗੀ ਤਨ ਦੇਵੇ ਨਾਮ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਆਪ ਚੁਕਾਏ ਜਮ ਕੀ ਕਾਨ । ਭੋਗ ਭਗਵਾਨ ਭਗਤ ਵਡਿਆਈ । ਸਾਚੀ ਸੇਵਾ ਲੇਖੇ ਲਾਈ । ਆਉਣਾ ਜਾਣਾ ਜਮ ਕਾ ਫਾਹ, ਵਿਚ ਮਾਤ ਰਿਹਾ ਫੰਦ ਕਟਾਈ । ਏਕਾ ਸ਼ਬਦ ਧਰੇ ਸੋਹੰ ਵਡ ਕਰਾਮਾਤ, ਭਰਮ ਭੁਲੇਖਾ ਦਿਸੇ ਨਾਹੀ । ਗੁਰ ਸੰਗਤ ਬਣਾਏ

ਇਕ ਜਮਾਤ, ਗੁਰਸਿਖ ਭੈਣ ਭਰਾਤ ਵਿਚ ਵਿਚੋਲਾ ਨਾ ਕੋਈ ਰਖਾਈ । ਨਾ ਕੋਈ ਜਾਣੇ ਹਰਿ ਜਾਤ ਪਾਤ, ਏਕਾ ਰੰਗ ਲੱਖ ਚੁਰਾਸੀ ਰਿਹਾ ਚੜ੍ਹਾਈ । ਗੁਰਸਿਖ ਸਾਚੇ ਅੰਦਰ ਵੇਖ ਮਾਰ ਝਾਤ, ਜੋਤ ਸਰੂਪੀ ਡਗਮਗਾਈ । ਵਿਚ ਬੈਠਾ ਰਹੇ ਇਕ ਇਕਾਂਤ, ਬੇਮੁਖਾਂ ਹਰਿ ਦੀਸੇ ਨਾਹੀ । ਗੁਰਮੁਖਾਂ ਦੇਵੇ ਅੰਮ੍ਰਿਤ ਬੂੰਦ ਸਵਾਂਤ, ਜੋ ਆਏ ਚਲ ਹਰਿ ਸਰਨ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਹਰਿ ਰਘੁਰਾਈ । ਲਾਏ ਭੋਗ ਭਗਤ ਭਗਵਾਨਿਆਂ । ਵੇਲਾ ਗਿਆ ਹੱਥ ਨਾ ਆਵੇ, ਕਿਸੇ ਰਾਜੇ ਰਾਣਿਆਂ । ਵਡ ਵਡ ਭੁੱਲੇ ਸ਼ਾਹ ਸੁਲਤਾਨ ਬੇਈਮਾਨ ਪ੍ਰਭ ਡੰਨੇ ਹੰਕਾਰੀ ਸ਼ੈਤਾਨਿਆਂ । ਗੁਰਮੁਖ ਸਾਚਾ ਚਤੁਰ ਸੁਜਾਨ ਹੋਵੇ ਦਰ ਪ੍ਰਵਾਨ, ਦੇਵੇ ਨਾਮ ਕਰ ਕਰ ਵਡ ਮਿਹਰਬਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰੇ, ਗੁਰਮੁਖ ਵਿਰਲੇ ਕਲ ਪਛਾਣਿਆਂ । ਕਲਜੁਗ ਕੀ ਕਰੇ ਵਿਚਾਰਾ । ਕਲਜੁਗ ਅੰਤਮ ਆਈ ਹਾਰਾ । ਸਤਿਜੁਗ ਸਾਚਾ ਲੱਗਾ ਪਿਆਰਾ । ਕਲਜੁਗ ਜੂਠਾ ਝੂਠਾ ਮਾਤ ਵਿਚੋਂ ਹੋਇਆ ਬਾਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪ੍ਰਗਟਾਈ, ਨਰ ਹਰਿ ਸੱਚਾ ਅਵਤਾਰਾ । ਨਰ ਹਰਿ ਸੱਚਾ ਅਵਤਾਰਾ । ਭੋਗ ਲਗਾਏ ਪਾਏ ਸਾਰ । ਚਿੰਤਾ ਸੋਗ ਹਉਮੇ ਰੋਗ ਗਵਾਏ, ਮਿਲਿਆ ਸਚ ਭਤਾਰ । ਦਰਸ ਅਮੋਘ ਆਪ ਦਿਖਾਏ, ਦੀਪਕ ਜੋਤੀ ਸਤਿ ਜਗਾਏ, ਸੋਹੰ ਸਾਚਾ ਜਾਪ ਜਪਾਏ ਆਤਮ ਤਨ ਦੇਵੇ ਸ਼ੰਗਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਦਿ ਅੰਤ ਪਾਉਂਦਾ ਰਹੇ ਸਾਰ ।



* * * * *